# ਪੰਜਾਬੀ ਅਖਾਣ-ਕੋਸ਼

ਸੰਗ੍ਰਹਿਕਾਰ

ਹੈਡ ਮਾਸਟਰ ਮਹਿਤਾਬ ਸਿੰਘ

ਸੰਪਾਦਕ

ਸੁਰਿੰਦਰ ਸਿੰਘ ਕੋਹਲੀ
ਐਮ.ਏ.ਪੀਐਚ.ਡੀ.

ਬਚਨ ਸਿੰਘ ਮੁੰਦਰਾ
ਐਮ.ਏ.ਐਲਐਲ.ਬੀ.

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ
ਚੰਡੀਗੜ੍ਹ

www.PunjabiLibrary.com

# ਪੰਜਾਬੀ ਅਖਾਣ-ਕੋਸ਼

ਸੰਗ੍ਰਹਿਕਾਰ
ਹੇਡ ਮਾਸਟਰ ਮਹਿਤਾਬ ਸਿੰਘ

ਸੰਪਾਦਕ
ਸੁਰਿੰਦਰ ਸਿੰਘ ਕੋਹਲੀ
ਐਮ.ਏ.ਪੀਐਚ.ਡੀ.

ਬਚਨ ਸਿੰਘ ਮੁੰਦਰਾ
ਐਮ.ਏ.ਐਲਐਲ.ਬੀ.

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ
ਚੰਡੀਗੜ੍ਹ

www.PunjabiLibrary.com

ਪ੍ਰਕਾਸ਼ਕ

ਬਾਲ ਕ੍ਰਿਸ਼ਨ ਐਮ.ਏ., ਸਕੱਤਰ

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ

ਮੂਲ

ਰੁ: ੧੬-੦੦

Rs. 16·00

ਸਭ ਹਕ ਰਾਖਵੇਂ ਹਨ

ਛਾਪਕ

ਮਹਿੰਦਰ ਸਿੰਘ

ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ

# ਧੰਨਵਾਦ।

ਪੰਜਾਬ ਯੂਨੀਵਰਸਿਟੀ ਉਨ੍ਹਾਂ ਸਾਰੇ ਲਿਖਾਰੀਆਂ ਤੇ ਪ੍ਰਕਾਸ਼ਕਾਂ ਦੀ ਰਿਣੀ ਹੈ ਜਿਨ੍ਹਾਂ ਦੀਆਂ ਲਿਖਤਾਂ ਵਿੱਚੋਂ ਅਖਾਣ ਤੇ ਉਨ੍ਹਾਂ ਦੀ ਵਰਤੋਂ ਲਈ ਗਈ ਹੈ। ਯੂਨੀਵਰਸਿਟੀ ਉਨ੍ਹਾਂ ਲਿਖਾਰੀਆਂ ਦੀ ਵੀ ਰਿਣੀ ਹੈ ਜਿਨ੍ਹਾਂ ਦੀਆਂ ਇਸ ਵਿਸ਼ੇ ਉੱਤੇ ਲਿਖੀਆਂ ਅਮੁਲ ਰਚਨਾਵਾਂ ਵਿਚੋਂ ਸਹਾਇਤਾ ਲੈ ਕੇ ਇਹ ਕੋਸ਼ ਤਿਆਰ ਹੋਇਆ ਹੈ। ਬਹੁਤ ਸਾਰੇ ਦੈਨਿਕ, ਸਪਤਾਹਕ, ਅਰਧ-ਮਾਸਕ ਤੇ ਮਾਸਕ ਪਤਰਾਂ ਵਿੱਚੋਂ ਵੀ ਅਖਾਣ ਤੇ ਉਨ੍ਹਾਂ ਦੀ ਵਰਤੋਂ ਲਈ ਗਈ ਹੈ, ਯੂਨੀਵਰਸਿਟੀ ਇਨ੍ਹਾਂ ਦੀ ਵੀ ਆਭਾਰੀ ਹੈ।

# ਅਖਾਣ ਲੱਭਣ ਦੀ ਜੁਗਤੀ

੧. ਕਰਮ ਅੱਖਰਾਂ ਤੇ ਲਗਾਂ ਮਾਤਰਾਂ ਦਾ ਵਰਤਿਆ ਗਿਆ ਹੈ ।

੨. ਅਖਾਣ ਦੇ ਪਹਿਲੇ ਅੱਖਰ ਦੀ ਅਗਵਾਈ ਲੈ ਕੇ ਅਖਾਣ ਲਭਣਾ ਹੈ । ਜਿਵੇਂ 'ਐਸੇ ਕੋ ਤੈਸਾ ਮਿਲੇ ਜੈਸੇ ਬ੍ਰਾਹਮਣ ਕੋ ਨਾਈ' ਅਖਾਣ ਲਭਣਾ ਹੈ ; ਸਭ ਤੋਂ ਪਹਿਲਾਂ 'ਅ' ਦੀ ਪੱਟੀ ਲੱਭੀ ਜਾਇਗੀ, ਫਿਰ ਉਸ ਪਟੀ ਵਿਚ 'ਐ' ਦੀ ਮਾਤਰਾ ਵਾਲੀ ਧਾਰਨਾ ਲਭੀ ਜਾਇਗੀ । ਫਿਰ 'ਐਸ' ਦੀ ਧਾਰਨਾ ਲਭੀ ਜਾਇਗੀ ਤੇ ਫਿਰ 'ਐਸੇ' ਦੀ ਮਾਤਰਾ ਵਾਲੀ ਧਾਰਨਾ ਲਭੀ ਜਾਇਗੀ ।

੩. ਅਗਲੇ ਸ਼ਬਦ ਤੇ ਮਾਤਰਾਂ ਦਾ ਕਰਮ ਵੀ ਇਵੇਂ ਹੀ ਚਲੇਗਾ ਅਥਵਾ ਪਹਿਲਾਂ ਅਖਰ, ਫੇਰ ਅਖਰ ਨਾਲ 'ਮੁਕਤਾ' ਫੇਰ 'ਕੰਨਾ' ਅਤੇ ਫੇਰ 'ਸਿਆਰੀ' ਆਦਿ ਆਦਿ ।

# ਹਵਾਲੇ

ਜੋ ਅਖਾਣ ਤੇ ਉਨ੍ਹਾਂ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਲਏ ਗਏ ਹਨ, ਉਨ੍ਹਾਂ ਥਲੇ (ਨਿਕਾਸ ਤੇ ਸੋਮਾ ਦਸਣ ਲਈ) ਕਮਾਨੀਆਂ ਵਿਚ 'ਗੁਰੂ ਗ੍ਰੰਥ' ਤੇ ਅਗੇ ਰਾਗ ਦਾ ਨਾਂ ਦਸਿਆ ਗਿਆ ਹੈ। ਜਿਵੇਂ :— ('ਗੁਰੂ ਗ੍ਰੰਥ—ਰਾਗੁ ਆਸਾ') ।

।ਇਸੇ ਤਰ੍ਹਾਂ ਜੋ ਅਖਾਣ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਲਏ ਹਨ, ਉਨ੍ਹਾਂ ਥਲੇ "ਵਾਰਾਂ—ਭਾਈ ਗੁਰਦਾਸ" ਕਰਕੇ ਦਿੱਤਾ ਹੈ । ਹਰ ਵਾਰ ਤੇ ਪਉੜੀ ਦਾ ਨੰਬਰ ਨਹੀਂ ਦਿਤਾ ਗਿਆ ।

ਇਵੇਂ ਹੀ ਹੋਰ ਪੁਸਤਕਾਂ ਵਿਚੋਂ ਲਏ ਅਖਾਣ ਤੇ ਉਨ੍ਹਾਂ ਦੀ ਵਰਤੋਂ ਦਸਣ ਲਈ ਪੁਸਤਕ ਦਾ ਨਾਂ ਤੇ ਕਰਤਾ ਦਾ ਨਾਂ ਦਿੱਤਾ ਗਿਆ ਹੈ ਜਿਵੇਂ 'ਬਾਦਸ਼ਾਹੀਆਂ... ...ਸ: ਸ: ਚਰਨ ਸਿੰਘ' ।

ਕੁਝ ਅਖਾਣ ਜਾਂ ਤਾਂ ਕਿਸੇ ਵਡੇਰੀ ਉਮਰ ਦੇ ਬੰਦੇ, ਜ਼ਨਾਨੀ ਕੋਲੋਂ ਸੁਣੇ ਗਏ ਜਾਂ ਕਿਸੇ ਪੁਸਤਕ-ਰਸਾਲੇ ਵਿਚੋਂ ਮਿਲੇ ਪਰ ਉਨ੍ਹਾਂ ਦੀ ਵਰਤੋਂ ਮਾਸਟਰ ਜੀ ਨੇ ਆਪ ਕਰਕੇ ਦਰਸਾਈ ਹੈ । ਇਨ੍ਹਾਂ ਦੇ ਥਲੇ ਕਮਾਨੀਆਂ ਵਿਚ ਸ਼ਬਦ 'ਸੰਗ੍ਰ' ਲਿਖਿਆ ਹੈ । ਭਾਵ ਇਹ ਵਰਤੋਂ ਮਾਸਟਰ ਜੀ (ਸੰਗ੍ਰਹਿਕਾਰ) ਦੀਆਂ ਆਪਣੀਆਂ ਹਨ ।

ਕੁਝ ਵਰਤੋਂ ਸੰਪਾਦਕਾਂ ਵਲੋਂ ਆਪ ਕਰ ਕੇ ਦਸੀਆਂ ਗਈਆਂ ਹਨ । ਪਹਿਲਾਂ ਵਰਤੋਂ ਜਾਂ ਤਾਂ ਬਹੁਤੀਆਂ ਢੁਕਵੀਆਂ ਨਹੀਂ ਸਨ ਜਾਂ ਬਹੁਤੀਆਂ ਲੰਮੀਆਂ ਸਨ ਇਨ੍ਹਾਂ ਥਲੇ ਕਮਾਨੀਆਂ ਵਿਚ 'ਸੰ' ਲਿਖਿਆ ਗਿਆ ਹੈ, ਜਿਸ ਦਾ ਭਾਵ ਇਹ ਹੈ ਕਿ ਇਹ ਵਰਤੋਂ ਸੰਪਾਦਕਾਂ ਵਲੋਂ ਹੈ ।

# ਸੰਪਾਦਕਾਂ ਵਲੋਂ

ਅਖਾਣ ਜਾਂ ਅਖਾਉਤ ਲੋਕ-ਸੂਝ ਦਾ ਤੱਤ ਹੈ। ਅਖਾਣ ਜਾਂ ਅਖਾਉਤ ਸ਼ਬਦ ਦਾ ਭਾਵ ਆਮ ਆਖੇ ਜਾਣ ਵਾਲੀ ਗੱਲ ਹੈ। ਕਿਸੇ ਬਹੁਤ ਸੂਝ ਵਾਲੇ ਤੇ ਤਜਰਬੇਕਾਰ ਬੰਦੇ ਨੇ ਆਖੀ ਤੇ ਦੂਜਿਆਂ ਨੇ ਦੁਹਰਾ ਦਿੱਤੀ, ਪਰ ਉਸ ਸਿਆਣੇ ਬੰਦੇ ਦੇ ਮੁਖੋਂ ਇਹ ਅਲਾਪ ਇਕ ਸਾਂਝੇ ਤਜਰਬੇ ਦੇ ਅਧਾਰ ਤੇ ਨਿਕਲਿਆ। ਇਹੋ ਕਾਰਨ ਹੈ ਕਿ ਇਸ ਅਲਾਪ ਨੂੰ ਜਨ-ਉਕਤੀ ਦੀ ਥਾਂ ਲੋਕ-ਉਕਤੀ ਦਾ ਨਾਂ ਦਿੱਤਾ ਗਿਆ। ਸੰਸਕ੍ਰਿਤ ਵਿੱਚ ਅਖਾਉਤ ਨੂੰ ਲੋਕੋ-ਕਤੀ ਤੇ ਹਿੰਦੀ ਉਰਦੂ ਵਿਚ ਕਹਾਵਤ ਕਿਹਾ ਜਾਂਦਾ ਹੈ।

ਅਰਸਤੂ ਦੇ ਸਮੇਂ ਤੋਂ ਲੈਕੇ ਅਜ ਤਕ ਦੇ ਵਿਦਵਾਨ ਅਖਾਣ ਦੇ ਲੱਛਣ ਨੂੰ ਸਫ਼ਲਤਾ ਨਾਲ ਨਹੀਂ ਪ੍ਰਗਟਾ ਸਕੇ। ਕਈਆਂ ਨੇ ਤਾਂ ਆਮ ਲੋਕ-ਉਚਾਰਨ ਨੂੰ ਹੀ ਅਖਾਣ ਕਹਿ ਦਿੱਤਾ ਤੇ ਕਈਆ ਨੇ ਕੇਵਲ ਅਜਿਹੇ ਵਾਕ ਨੂੰ ਹੀ ਅਖਾਣ ਮੰਨਿਆ, ਜਿਸ ਵਿਚ ਜੀਵਨ ਤਜਰਬੇ ਦਾ ਤਤ ਭਰਿਆ ਪਿਆ ਹੋਵੇ। ਅਜਿਹੀ ਦਸ਼ਾ ਵਿਚ ਅਸੀਂ ਅਖਾਣ ਸੰਬੰਧੀ ਕੁਝ ਕੁ ਸਿਆਣੇ ਬੰਦਿਆਂ ਦੀਆਂ ਕਥਨੀਆਂ ਦੀ ਹੀ ਟੇਕ ਲੈਂਦੇ ਹਾਂ ਜਿਵੇਂ:—

੧. ਇਕ ਦੀ ਕਾਟ (Wit) ਤੇ ਕਈਆਂ ਦੀ ਸਿਆਣਪ .. ...Russel

੨. ਲੰਮੇ ਤਜਰਬੇ ਤੋਂ ਨਿਕਲੇ ਹੋਏ ਵਾਕ ...... .. Cervantes

੩. ਆਮ ਰਜ਼ਾਮੰਦੀ ਨਾਲ ਚਿਰਾਂ ਤੋਂ ਮੰਨੇ ਹੋਇ ਛੋਟੇ ਛੋਟੇ ਵਾਕਾਂ ਵਿਚ ਸਚ-ਭਰੇ ਬਚਨ .............. De Valera

ਇਕ ਅਖਾਣ ਲਈ ਲੋੜੀਂਦੇ ਗੁਣ ਸੰਖੇਪਤਾ ਤੇ ਭਾਵ-ਪੂਰਨਤਾ ਹੋਣਾ ਹਨ। ਅਖਾਣ ਦਾ ਲੋਕਾਂ ਦੀ ਜੀਭ ਤੇ ਚੜ੍ਹਿਆ ਹੋਣਾ ਭੀ ਜ਼ਰੂਰੀ ਹੈ, ਇਸ ਲਈ ਛੇਤੀ ਯਾਦ ਹੋ ਜਾਣ ਲਈ, ਇਸ ਦਾ ਛੋਟਾ ਹੋਣਾ ਵੀ ਜ਼ਰੂਰੀ ਹੈ। ਜਿਥੇ ਇਸ ਵਿਚ ਭਾਵੁਕਤਾ ਦਾ ਗੁਣ ਪ੍ਰਧਾਨ ਹੋਣਾ ਚਾਹੀਦਾ ਹੈ, ਜੋ ਲੋਕਾਂ ਨੂੰ ਸਵਾਦ ਦੇ ਸਕੇ, ਉਥੇ ਆਮ ਵਰਤੋਂ ਵਿਚ ਆ ਸਕਣਾ ਭੀ ਇਸ ਦਾ ਜ਼ਰੂਰੀ ਗੁਣ ਹੈ। ਜਦ ਤੀਕ ਇਕ ਸਿਆਣੇ ਬਚਨ ਵਿਚ ਵਖ ਵਖ ਹਾਲਤਾਂ ਵਿਚ ਵਰਤੇ ਜਾਣ ਦੀ ਸਮਰਥਾ ਨਹੀਂ, ਉਹ ਅਖਾਣ ਨਹੀਂ ਹੋ ਸਕਦਾ। ਜਿਸ ਤਰ੍ਹਾਂ ਜੇ ਕੋਈ ਆਖੇ "ਕਲਮ ਵੀ ਇਕ ਕਰਾਮਾਤ ਹੈ" ਇਹਦੇ ਵਿਚ ਭਾਵ ਵੀ ਹੈ, ਮਿਰਚ-ਮਸਾਲਾ ਵੀ ਤੇ ਸੰਖੇਪਤਾ ਵੀ, ਪਰ ਇਹ ਕਥਨੀ ਕਦੇ ਵੀ ਅਖਾਣ ਨਹੀਂ ਬਣ ਸਕਦੀ। ਜਦੋਂ ਕਦੇ ਅਸੀਂ ਲਿਖਤ ਜਾਂ ਕਲਮ ਬਾਰੇ ਵਿਚਾਰ ਕਰੀਏ, ਤਦੋਂ ਹੀ ਇਹਦੀ

ਮਹੱਤਾ ਹੋ ਸਕਦੀ ਹੈ। ਅਖਾਣ ਇਕ ਸਿੱਕਾ ਹੈ ਜੋ ਸਾਰੀਆਂ ਮੰਡੀਆਂ ਵਿਚ ਚਲ ਸਕਦਾ ਹੈ। ਕਸਾਈ ਕੋਲ ਵੀ ਤੇ ਨਾਨਬਾਈ ਕੋਲ ਵੀ।

ਕਿਸੇ ਸਿਆਣੇ ਬੰਦੇ ਦੇ ਬਚਨ ਭਾਵੇਂ ਕਿੰਨੇ ਹੀ ਸਿਆਣਪ-ਭਰਪੂਰ, ਤਿੱਖੇ ਤੇ ਸੰਖੇਪ ਹੋਣ, ਪਰ ਉਹ ਬਚਨ ਤਾਂ ਉਹਦੇ ਆਪਣੇ ਹਨ, ਆਮ ਲੋਕਾਂ ਦੇ ਨਹੀਂ। ਅਖਾਣ ਤਾਂ ਲੋਕ-ਰਾਏ ਦੇ ਮੰਨੇ ਹੋਇ ਬੋਲ ਹੁੰਦੇ ਹਨ। ਅਖਾਣਾ ਦਾ ਸੰਬੰਧ ਲੋਕਾਂ ਨਾਲ ਹੈ, ਕਿਸੇ ਇਕ ਵਿਅਕਤੀ ਨਾਲ ਨਹੀਂ। ਇਸ ਗੱਲ ਨੂੰ ਮੁਖ ਰਖਦਿਆਂ ਅਖਾਣ ਤੇ ਬਿਰਹਾ ਦੇ ਲੋਕ-ਗੀਤ ਇਕੋ ਪੱਧਰ ਤੇ ਆ ਜਾਂਦੇ ਹਨ, ਪਰ ਉਨ੍ਹਾਂ ਵਿਚ ਇਕ ਫਰਕ ਰਹਿ ਜਾਂਦਾ ਹੈ। ਉਹ ਇਹ ਕਿ ਬਿਰਹਾ ਦੇ ਲੋਕ-ਗੀਤਾਂ ਦਾ ਤਾਂ ਕੋਈ ਰਚਨ-ਹਾਰ ਸੀ, ਭਾਵੇਂ ਉਹ ਕੋਈ ਵੀ ਹੋਵੇ, ਪਰ ਕਿਸੇ ਆਦਮੀ ਨੇ ਅਜੇ ਤਕ ਅਖਾਣ ਨਹੀਂ ਬਣਾਇਆ। ਸ਼ੁਰੂ ਦਾ ਬਚਨ ਭਾਵੇਂ ਉਨ੍ਹੇ ਉਚਾਰਿਆ ਹੋਵੇ, ਪਰ ਉਹ ਸ਼ਕਤੀਆਂ ਜਿਨ੍ਹਾਂ ਨੇ ਉਸ ਬਚਨ ਨੂੰ ਅਖਾਣ ਦੇ ਰੂਪ ਵਿਚ ਲਿਆਂਦਾ, ਉਹਦੇ ਵਸੋਂ ਬਾਹਰ ਸਨ। ਜਾਣ ਬੁਝ ਕੇ ਕੋਈ ਵੀ ਆਦਮੀ ਕਿਸੇ ਬੋਲੀ ਵਿਚ ਇਕ ਅਖਾਣ ਦਾ ਵੀ ਵਾਧਾ ਨਹੀਂ ਕਰ ਸਕਦਾ। ਇਹ ਮੰਨ ਲੈਣਾ ਵੀ ਇਕ ਗ਼ਲਤੀ ਹੈ ਕਿ ਹਰ ਅਖਾਣ ਦਾ ਪਿੱਛਾ ਕਿਸੇ ਸਿਆਣੇ ਜਾਂ ਤਿੱਖੇ ਬਚਨ ਵਿੱਚ ਹੈ। ਕੁਝ ਅਖਾਣ ਤਾਂ ਆਪਣੇ ਆਪ ਵਿਚ ਹੀ ਵਧ ਤੋਂ ਵਧ ਸੰਖੇਪ ਪਸ਼ੂ-ਕਹਾਣੀਆਂ (Fables) ਹਨ ਜਿਵੇਂ :—

੧. ਜਦੋਂ ਕੀੜੀ ਦੀ ਮੌਤ ਆਉਂਦੀ ਹੈ ਤਾਂ ਉਹਨੂੰ ਖੰਭ ਲਗ ਜਾਂਦੇ ਹਨ।

੨. ਚੂਹਾ ਖੁਡੀ ਮਿਟੇ ਨਾ, ਤੇ ਸਪੋ ਘਰੂੰ ਵੀ ਨਾਲੇ।

੩. ਊਠਾ ਲਹਾਈ ਭਲੀ ਕਿ ਚੜ੍ਹਾਈ, ਆਖੇ ਹਰ ਦੂ ਲਾਹਨਤ।

ਇਹ ਮੰਨ ਲੈਣਾ ਵੀ ਠੀਕ ਨਹੀਂ, ਕਿ ਅਖਾਣ ਕਿਸੇ ਇਕ ਵਿਅਕਤੀ ਦੀ ਕਾਢ ਹੁੰਦਾ ਹੈ। ਕਈ ਵਾਰੀ ਸਹਿਜ ਸੁਭਾ ਹੀ ਪੂਰਨ ਸਾਦਗੀ ਵਿਚ ਕਈ ਬਚਨ ਉਚਾਰੇ ਜਾਂਦੇ ਹਨ, ਪਰ ਉਨ੍ਹਾਂ ਦੀ ਕਾਟ ਉਨ੍ਹਾਂ ਦੀ ਆਮ ਵਰਤੋਂ ਵਿਚ ਹੁੰਦੀ ਹੈ। ਜਿਸ ਤਰ੍ਹਾਂ ਪੁਰਾਤਨ ਸਮੇਂ ਦੀ ਕਿਸੇ ਸਾਧਾਰਨ ਤੀਵੀਂ ਨੇ ਜੋ ਅਪਣੇ ਪਤੀ ਦਾ ਨਾਂ ਨਹੀਂ ਲੈਣਾ ਚਾਹੁੰਦੀ ਸੀ, ਅਤੇ ਜਿਸ ਦਾ ਪਤੀ ਪ੍ਰਦੇਸ ਗਿਆ ਹੋਇਆ ਸੀ ਅਪਣੀ ਗਵਾਂਢਣ ਦੇ ਸਾਹਮਣੇ ਇਨ੍ਹਾਂ ਸ਼ਬਦਾਂ ਵਿਚ ਅਪਣਾ ਦੁਖ ਪ੍ਰਗਟਾਇਆ :—

'ਆਵੇ ਮੇਰਾ ਕੋਈ, ਜਿਸ ਆਇਆਂ ਵਸਨੀ ਹੋਈ।'

ਪਰ ਲੋਕਾਂ ਇਸ ਗੱਲ ਨੂੰ ਚੁਕ ਲਿਆ ਅਤੇ ਆਮ ਵਰਤੋਂ ਵਿਚ ਲਿਆਉਣ ਲਗ ਪਏ, ਇਸ ਲਈ ਇਹ ਅਖਾਣ ਬਣ ਗਿਆ।

ਅਖਾਣਾਂ ਵਿਚ ਵੀ ਜਾਨ ਹੁੰਦੀ ਹੈ। ਅਖਾਣਾਂ ਨੂੰ ਅਪਨਾਉਣਾ ਅਪਣੇ ਵਡਿਆਂ ਦੀ ਸਿਆਣਪ ਨੂੰ ਮੰਨਣਾਂ ਹੈ, ਅਖਾਣ ਦਾ ਕੰਮ ਹੈ, ਸਮੇਂ ਸਿਰ ਮੂੰਹ ਤੇ ਚਪੇੜ ਮਾਰਨਾ, ਭਾਵ ਨੂੰ ਸੰਖੇਪ ਕਰਕੇ ਦਸਣਾ, ਵਾਰਤਾਲਾਪ ਨੂੰ ਅਸਲੀ ਗੱਲ ਵਲ ਮੋੜਨਾ ਤੇ ਉਸ

ਵਿਚ ਚੁਸਤੀ ਭਰਨੀ ਅਤੇ ਵਾਧੂ ਦਲੀਲ-ਬਾਜ਼ੀ ਨੂੰ ਖ਼ਤਮ ਕਰਨਾ । ਸਾਰੀਆਂ ਬੋਲੀਆਂ ਵਿਚ ਹੀ ਅਖਾਣ ਬਹੁਤ ਬੋਲਣ ਨੂੰ ਨਿੰਦਦਾ ਹੈ ਤੇ ਚੁਪ ਦੀ ਪ੍ਰਸੰਸਾ ਕਰਦਾ ਹੈ। ਇਹ ਅਸਲ ਵਿਚ 'ਬੰਦ ਕਰਨੇ' ਦਾ ਪੁਰਾਤਨ ਰੂਪ ਹੈ, ਜਿਵੇਂ ਕੋਈ ਬਹੁਤ ਸਿਆਣਾ ਲੈਕਚਰ ਦੇਣ ਵਾਲਾ "ਸਮਤਾ ਅਥਵਾ ਬਰਾਬਰੀ" ਤੇ ਭਾਸ਼ਨ ਦਵਾਰਾ ਅਪਣੀ ਸਿਆਣਪ ਤੇ ਵਿਦਵਤਾ ਦਾ ਵਿਖਾਲਾ ਕਰ ਰਿਹਾ ਹੋਵੇ ਤਾਂ ਇਕ ਚਿੱਟੀ ਦਾਹੜੀ ਵਾਲਾ ਮਹਾਂ ਪੁਰਸ਼ ਉਹਨੂੰ ਇਹ ਆਖ ਕੇ ਚੁਪ ਕਰਾ ਦੇਵੇ। "ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ" ।

ਹਰ ਅਖਾਣ ਵਿਚ ਇਕ ਖਾਸ ਕਿਸਮ ਦੀ ਕਰੜੀ ਵਿਰੋਧਤਾਈ ਹੁੰਦੀ ਹੈ, ਜੋ ਹੈਰਾਨ ਜਾਂ ਚਕਾਚੂੰਦ ਕਰ ਕੇ ਸਾਨੂੰ ਉਸ ਮਸਲੇ ਉਤੇ ਸੋਚਣ ਲਈ ਟੁੰਬਦੀ ਹੈ, ਪਰ ਉਸ ਦੇ ਅਰਥ ਉਹ ਨਹੀਂ ਹੁੰਦੇ ਜੋ ਉਪਰੋਂ ਦਿਸਦੇ ਹਨ। ਜਿਵੇਂ 'ਡੇਢ ਪਾ ਖਿਚੜੀ ਚੁਬਾਰੇ ਰਸੋਈ' ਵਿਚ ਇਕ ਬਹੁਤ ਛੋਟੀ ਗਲ ਨੂੰ ਵਡੀ ਦੇ ਟਾਕਰੇ ਤੇ ਰਖ ਕੇ ਤਰਕ ਕੀਤੀ ਹੈ। ਇਹੀ ਅਖਾਣ ਦਾ ਮਿਰਚ ਮਸਾਲਾ ਹੈ। ਜਿਹੜੇ ਅਖਾਣਾਂ ਵਿਚ ਇਹ ਅਣਮੇਲ ਨਹੀਂ ਹੁੰਦਾ, ਉਹ ਲੋਕਾਂ ਵਿਚ ਪ੍ਰਚਲਤ ਨਹੀਂ ਹੁੰਦੇ ਤੇ ਛੇਤੀ ਹੀ ਮਰ ਜਾਂਦੇ ਹਨ ਜਾਂ ਵਿਦਵਾਨਾਂ ਲਈ ਹੀ ਰਹਿ ਜਾਂਦੇ ਹਨ।

ਅਖਾਣ ਬੋਲ-ਚਾਲ ਵਿਚ ਬਹੁਤ ਵਰਤੇ ਜਾਂਦੇ ਹਨ। ਇਨ੍ਹਾਂ ਦਾ ਉਚਾਰਨ ਸਹਿਜ ਸੁਭਾ ਹੀ ਹੋ ਜਾਂਦਾ ਹੈ। ਕੋਈ ਟੱਬਰ ਅਜਿਹਾ ਨਹੀਂ ਹੋਵੇਗਾ ਜਿਸ ਦੇ ਅਪਣੇ ਪਾਸ ਅਖਾਣ ਨਾ ਹੋਣ, ਜਿਹੜੇ ਕਿਸੇ ਇਕ ਬੰਦੇ ਨਾਲ ਕਿਸੇ ਵਾਪਰੀ ਘਟਨਾ ਜਾਂ ਅਣਗਹਿਲੀ ਜਾਂ ਗ਼ਲਤੀ ਕਰਕੇ ਹੋਂਦ ਵਿਚ ਆਉਂਦੇ ਹਨ ਅਤੇ ਬਾਕੀ ਸਾਰਿਆਂ ਵਲੋਂ ਵਰਤੇ ਜਾਂਦੇ ਹਨ। ਕਈ ਵਾਰ ਬਾਹਰੋਂ ਆਇਆ ਬੰਦਾ ਉਨ੍ਹਾਂ ਨੂੰ ਨਹੀਂ ਸਮਝਦਾ, ਜਦ ਤਕ ਉਹਨੂੰ ਸਾਰੀ ਗੱਲ ਤੋਂ ਜਾਣੂ ਨਾ ਕਰਾਇਆ ਜਾਵੇ। ਇਹ ਜੋ ਕੁਝ ਇਕ ਟੱਬਰ ਲਈ ਸੱਚ ਹੈ, ਉਹ ਇਕ ਕਬੀਲੇ ਲਈ ਵੀ ਠੀਕ ਹੈ। ਹਰ ਕਬੀਲੇ ਦੇ ਅਪਣੇ ਚਾਲੂ ਅਖਾਣ, ਹਵਾਲੇ ਆਦਿ ਹੁੰਦੇ ਹਨ ਅਤੇ ਉਸ ਕਬੀਲੇ ਦੇ ਬੰਦਿਆਂ ਲਈ ਉਹ ਭਾਵ-ਪੂਰਤ ਹਨ। ਇਨ੍ਹਾਂ ਵਿਚੋਂ ਕਦੇ ਕਦੇ ਕੋਈ ਅਖਾਣ ਜਾਂ ਹਵਾਲਾ ਜੋ ਵਧੇਰੇ ਵਰਤੋਂ ਵਿਚ ਆਉਂਦਾ ਹੈ ਅਤੇ ਜਿਸ ਵਿਚ ਠੀਕ ਅਖਾਣ ਦੇ ਗੁਣ ਹਨ, ਉਹ ਕਬੀਲੇ ਦੀਆਂ ਹੱਦਾਂ ਨੂੰ ਟਪ ਕੇ ਕੌਮ ਦੀ ਜਾਇਦਾਦ ਬਣ ਜਾਂਦਾ ਹੈ।

ਮਨੁਖੀ ਤਜਰਬਾ ਅਖਾਣ ਘੜਨ ਵਿਚ ਵਿਸ਼ੇਸ਼ ਹਿੱਸਾ ਪਾਂਦਾ ਹੈ ਅਤੇ ਫੇਰ ਜਿਵੇਂ ਜਿਵੇਂ ਕੌਮ ਦਾ ਤਜਰਬਾ ਵਿਸ਼ਾਲ ਹੁੰਦਾ ਜਾਂਦਾ ਹੈ, ਉਸ ਕੌਮ ਦੀ ਬੋਲੀ ਵਿਚ ਅਖਾਣ ਵੀ ਵਧਦੇ ਜਾਂਦੇ ਹਨ। ਮਨੁਖ ਸਮਾਜ ਵਿਚ ਵਿਚਰਦਾ ਹੋਇਆ ਜਦੋਂ ਕਿਸੇ ਦੂਜੇ ਮਨੁਖ ਨੂੰ ਨੀਝ ਨਾਲ ਪੜ੍ਹਦਾ ਹੈ, ਉਸ ਦੀਆਂ ਆਦਤਾਂ, ਕਾਰ-ਵਿਹਾਰ, ਵਰਤਾਓ ਆਦਿ ਨੂੰ ਗਹੁ

ਨਾਲ ਜਾਂਚਦਾ ਤੇ ਵਿਚਾਰਦਾ ਹੈ ਤਾਂ ਉਸ ਤੋਂ ਕਝ ਸਿਟੇ ਕਢਦਾ ਹੈ। ਮਨੁਖੀ ਆਦਤਾਂ ਤੇ ਸੁਭਾਵਾਂ ਦੇ ਵਿਗਿਆਨਕ ਅਧਿਐਨ ਨਾਲ ਭੀ ਇਸ ਤਰ੍ਹਾਂ ਕਈ ਅਟਲ ਸਚਾਈਆਂ ਨਿਕਲਦੀਆਂ ਹਨ। ਇਹ ਸਿਟੇ ਮਨੁਖੀ ਸਮਝ ਦੇ ਤੱਤ ਹਨ। ਇਨ੍ਹਾਂ ਸਿਟਿਆਂ ਨੂੰ ਲੱਛੇਦਾਰ ਬੋਲੀ ਵਿਚ ਉਲੀਕਣ ਦਾ ਨਾਂ ਹੀ ਅਖਾਣ ਹੈ।

ਜਿਵੇਂ ਅਖਾਣ ਇਕ ਟੱਬਰ ਤੋਂ ਕਬੀਲੇ ਵਿਚ ਤੇ ਕਬੀਲੇ ਤੋਂ ਕੌਮ ਨੂੰ ਪੁਜਦੇ ਹਨ, ਇਵੇਂ ਹੀ ਉਹ ਕੌਮ ਵਿਚੋਂ ਦੂਜੀ ਕੌਮ ਕੋਲ ਵੀ ਚਲੇ ਜਾਂਦੇ ਹਨ।

ਨਿਰੋਲ ਕੌਮੀ ਅਖਾਣ ਕਿਸੇ ਬੋਲੀ ਵਿਚ ਅਖਾਣਾਂ ਦਾ ਹਿੱਸਾ ਹੁੰਦੇ ਹਨ। ਕਈ ਵਾਰੀ ਵੱਖੋ-ਵਖਰੀਆਂ ਕੌਮਾਂ ਵਿਚ ਇਕੋ ਜਿਹੇ ਅਖਾਣ ਮਿਲਦੇ ਹਨ। ਇਹ ਨਿਰਨਾ ਨਹੀਂ ਕੀਤਾ ਜਾ ਸਕਦਾ ਕਿ ਕਿਹੜੀ ਕੌਮ ਕਿਸ ਤੋਂ ਪਰਭਾਵਤ ਹੋਈ ਹੈ। ਇਹ ਵੀ ਹੋ ਸਕਦਾ ਹੈ ਕਿ ਦੋਹਾਂ ਕੌਮਾਂ ਨੂੰ ਇਕੋ ਜਿਹਾ ਹੀ ਖਿਆਲ ਸੁਝਿਆ ਹੋਵੇ। ਪਰ ਇਹ ਖਿਆਲ ਕੀਤਾ ਜਾਂਦਾ ਹੈ ਕਿ ਬਹੁਤ ਸਾਰੇ ਅਖਾਣ ਜਿਹੜੇ ਕਿ ਕੌਮਾਂ ਦੀ ਸਾਂਝੀ ਜਾਇਦਾਦ ਬਣ ਗਏ ਹਨ, ਪੂਰਬ ਵਿਚ ਜੰਮੇ ਹਨ।

ਕੌਮੀ ਅਖਾਣਾਂ ਨੂੰ ਮੁਖ ਰਖਦਿਆਂ ਸਪੇਨ ਦੀ ਬੋਲੀ ਵਿਚ ਸਭ ਤੋਂ ਵਧ ਅਖਾਣ ਹਨ। ਕਿਸੇ ਹੋਰ ਬੋਲੀ ਵਿਚ ੫੦੦੦ ਜਾਂ ੬੦੦੦ ਵੀ ਇਕ ਵੱਡਾ ਸੰਗ੍ਰਹਿ ਹੋਵੇਗਾ, ਪਰ ਸਪੇਨ ਦੀ ਇਕ ਲਾਇਬਰੇਰੀ ਦੇ ਇਕ ਹਥ ਲਿਖਤੀ ਨੁਸਖੇ ਵਿਚ ਅਖਾਣਾਂ ਦੀ ਗਿਣਤੀ ੨੫੦੦੦ ਤੋਂ ੩੦੦੦੦ ਦੇ ਵਿਚਾਲੇ ਹੈ।

ਅਖਾਣਾਂ ਦੀ ਬਣਤਰ ਵਿਚ ਬੋਲੀ ਦਾ ਵੀ ਇਕ ਵੱਡਾ ਹਿੱਸਾ ਹੁੰਦਾ ਹੈ। ਪੂਰਬੀ ਬੋਲੀਆਂ ਵਿਚ ਅਰਬੀ ਵਿਚ ਸਭ ਤੋਂ ਵਧ ਤੇ ਚੰਗੇ ਅਖਾਣ ਹਨ, ਪਰ ਫ਼ਾਰਸੀ ਤੇ ਉਰਦੂ ਵਿਚ ਵੀ ਘੱਟ ਚੰਗੇ ਅਖਾਣ ਨਹੀਂ।

ਹਿੰਦੁਸਤਾਨ ਦੀਆਂ ਵਖੋ-ਵਖ ਭਾਸ਼ਾਵਾਂ ਵਿਚ ਉਨ੍ਹਾਂ ਦੇ ਸਾਹਿਤ ਦੇ ਅਧਾਰ ਤੇ ਅਖਾਣ ਹਨ। ਪੰਜਾਬੀ ਬੋਲੀ ਵਿਚ ਬੜੇ ਅਖਾਣ ਹਨ। ਪੰਜਾਬੀ ਦੇ ਅਖਾਣ ਆਮ ਤੌਰ ਤੇ ਤੋਲ ਵਿਚ ਹਨ। ਇਹ ਲੱਛਣ ਇਨ੍ਹਾਂ ਦੇ ਛੇਤੀ ਮੂੰਹ ਚੜ੍ਹ ਜਾਣ ਵਿਚ ਸਹਾਇਕ ਹੁੰਦੇ ਹਨ।

ਪਬਲੀਕੇਸ਼ਨ ਬਿਓਰੋ ਦੀ ਹੱਲਾ-ਸ਼ੇਰੀ ਨਾਲ ਤੇ ਸਰਪਰਸਤੀ ਥੱਲੇ ਇਹ 'ਪੰਜਾਬੀ ਅਖਾਣਾਂ ਦੀ ਡਿਕਸ਼ਨਰੀ' ਤਿਆਰ ਕਰਨ ਦਾ ਉਦਮ ਅਰੰਭਿਆ ਗਿਆ ਤੇ ਹੁਣ ਇਹ ਕੋਸ਼ ਤਿਆਰ ਹੋ ਕੇ ਪਾਠਕਾਂ ਦੀ ਸੇਵਾ ਵਿਚ ਭੇਂਟ ਕੀਤਾ ਜਾ ਰਿਹਾ ਹੈ।

ਇਸ ਪੁਸਤਕ ਨੂੰ ਤਿਆਰ ਕਰਨ ਦਾ ਕੰਮ ਅਜ ਤੋਂ ਕਾਫੀ ਸਮਾਂ ਪਹਿਲਾਂ ਸਵਰਗਵਾਸੀ ਮਾਸਟਰ ਮਹਿਤਾਬ ਸਿੰਘ ਜੀ ਨੇ ਪੰਜਾਬ ਯੂਨੀਵਰਸਿਟੀ ਦੀ ਬੇਨਤੀ ਨੂੰ

ਪਰਵਾਨ ਕਰਦਿਆਂ ਅਰੰਭਿਆ। ਮੁਢ ਵਿੱਚ ਢੇਰ ਔਕੜਾਂ ਪੇਸ਼ ਆਈਆਂ। ਉਨ੍ਹਾਂ ਨੇ ਆਪ ਇਨ੍ਹਾਂ ਔਕੜਾਂ ਬਾਰੇ ਲਿਖਿਆ ਹੈ :—

"ਅਖਾਣਾਂ ਦੇ ਇਕਠਾ ਕਰਨ ਅਤੇ ਇਨ੍ਹਾਂ ਦੀ ਵਰਤੋਂ ਢੂੰਡਣ ਵਿੱਚ ਢੇਰ ਔਕੜਾਂ ਦਾ ਟਾਕਰਾ ਕਰਨਾ ਪਿਆ। ਪੰਜਾਬੀ ਦੀਆਂ ਪੁਸਤਕਾਂ ਦੀ ਦੇਖ ਭਾਲ ਸ਼ੁਰੂ ਕੀਤੀ। ਜਿਨ੍ਹਾਂ ਪੁਸਤਕਾਂ ਵਿੱਚੋਂ ਮਸਾਲਾ ਮਿਲਣ ਦੀ ਆਸ ਸੀ, ਉਨ੍ਹਾਂ ਨਿਰਾਸਤਾ ਦਿੱਤੀ ਜਿਹਾ ਕਿ "ਮਹਾਨ-ਕੋਸ਼" ਭਾਈ ਕਾਨ੍ਹ ਸਿੰਘ ਜੀ ਨਾਭਾ, 'ਪੰਜਾਬੀ ਸ਼ਬਦ-ਭੰਡਾਰ' ਭਾਈ ਬਿਸ਼ਨ ਦਾਸ ਜੀ ਪੁਰੀ। 'ਵਾਰਾਂ ਭਾਈ ਗੁਰਦਾਸ' ਨੇ ਕਾਫ਼ੀ ਹੌਸਲਾ ਦਿੱਤਾ। ਇਨ੍ਹਾਂ ਦੇ ਮਗਰੋਂ ਸ਼ਬਦਾਰਥ (ਸ੍ਰੀ ਗੁਰੂ ਗਰੰਥ ਸਾਹਿਬ) ਦਾ ਪਾਠ ਜਦ ਅਖਾਣਾਂ ਦੀ ਢੂੰਡ-ਭਾਲ ਨਾਲ ਕੀਤਾ ਤਦ ਗੁਰਬਾਣੀ ਵਿੱਚੋਂ ਬਹੁਤ ਸਾਰੇ ਅਖਾਣ ਲੱਭ ਪਏ। ਇਸੇ ਸਬੰਧ ਵਿੱਚ 'ਗੁਰਮਤ ਅਖਾਣ' ਇਕ ਛੋਟੀ ਜਿਹੀ ਪੁਸਤਕ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਦੀ ਲਿਖੀ ਮਿਲੀ। ਇਸ ਵਿੱਚ ਵੀ ਕਾਫੀ ਅਖਾਣ ਦਿਤੇ ਗਏ ਹਨ, ਪਰ ਵਰਤੋਂ ਉਕੀ ਨਹੀਂ। ਗੁਰਬਾਣੀ ਵਿੱਚੋਂ ਬਹੁਤ ਸਾਰੇ ਅਖਾਣ ਤੇ ਉਨ੍ਹਾਂ ਦੀ ਵਰਤੋਂ ਲਿਤੇ ਗਏ* ਢੇਰ ਅਖਾਣਾਂ ਨੂੰ ਦਾਸ ਨੇ ਵਡੇਰੀ ਉਮਰ ਦੀਆਂ ਮਾਤਾਵਾਂ ਜਾਂ ਮਰਦਾਂ ਪਾਸੋਂ ਇਕੱਠਾ ਕੀਤਾ ਹੈ ਪਰ ਜਿਹੜੇ ਅਖਾਣ ਪੰਜਾਬੀ ਲਿਖਾਰੀਆਂ ਦੀਆਂ ਪੁਸਤਕਾਂ ਵਿੱਚੋਂ ਲਏ ਹਨ, ਉਨ੍ਹਾਂ ਦੀ ਵਰਤੋਂ ਵੀ ਉਵੇਂ ਹੀ ਉਥੋਂ ਲਈ ਗਈ ਹੈ ਤੇ ਇਥੇ ਨਾਲ ਹੀ ਲਿਖਾਰੀ ਦਾ ਤੇ ਉਸ ਦੀ ਰਚਨਾ ਦਾ ਹਵਾਲਾ ਦੇ ਦਿੱਤਾ ਗਿਆ ਹੈ ਜਿਹੜੇ ਅਖਾਣ ਗੁਰਬਾਣੀ ਵਿਚੋਂ ਲਏ ਗਏ ਹਨ, ਉਨ੍ਹਾਂ ਦੀ ਵਰਤੋਂ ਵੀ ਗੁਰਬਾਣੀ ਵਿੱਚੋਂ ਹੀ ਲਈ ਹੈ। ਰਾਗ ਦਾ ਨਾਂ ਇਥੇ ਦੇ ਦਿੱਤਾ ਗਿਆ ਹੈ। ਕੁਝ ਅਖਾਣਾਂ ਦੀ ਵਰਤੋਂ ਆਪ ਕਰਕੇ ਦਸੀ ਹੈ**। ਜਿਹੜੇ ਅਖਾਣ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਲਏ ਹਨ ਉਨ੍ਹਾਂ ਦੀ ਵਰਤੋਂ ਵਾਰਾਂ ਵਿਚੋਂ ਹੀ ਲਈ ਹੈ"।

ਅਖਾਣਾ ਦੇ ਆਲੋਚਨਾਤਮਿਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਵਿੱਚ ਅ ਿ ਹੇ ਅਖਾਣ ਹਹ ਜਿਨ੍ਹਾਂ ਦਾ ਲੋਕਾਂ ਦੀ ਰਹਿਣੀ ਬਹਿਣੀ, ਜਾਤਾਂ, ਇਲਾਕਿਆਂ, ਪਸ਼ੂਆਂ ਅਤੇ ਇਤਿਹਾਸ ਆਦਿ ਨਾਲ ਸੰਬੰਧ ਹੈ. ਇਨ੍ਹਾਂ ਦੀਆਂ ਕੁਝ ਕੁਝ ਵੰਨਗੀਆਂ ਇਹ ਹਨ :

---

* ਗੁਰਬਾਣੀ ਦੇ ਕਾਫ਼ੀ ਅਖਾਣ ਜੋ ਮਾਸਟਰ ਜੀ ਨੇ ਇਕੱਠੇ ਕੀਤੇ ਸਨ, ਛਡ ਦਿਤੇ ਗਏ ਹਨ। ਕੇਵਲ ਉਹੋ ਅਖਾਣ ਜੋ ਲੋਕਾਂ ਦੀ ਜ਼ਬਾਨ ਤੇ ਚੜ੍ਹੇ ਹੋਇ ਹਨ ਦਿਤੇ ਗਏ ਹਨ। (ਸੰ:)

** ਕੁਝ ਅਖਾਣਾਂ ਦੀ ਵਰਤੋਂ ਸਾਨੂੰ ਠੀਕ ਨਹੀਂ ਜੱਚੀ ਤੇ ਕੁਝ ਅਖਾਣਾ ਦੀ ਵਰਤੋਂ ਛੁਟ ਗਈ ਜਾਪਦੀ ਸੀ, ਸੋ ਇਨ੍ਹਾਂ ਅਖਾਣਾਂ ਦੀ ਵਰਤੋਂ ਅਸੀਂ ਆਪ ਕਰਕੇ ਦਸੀ ਹੈ। ਅਧਾਰ-ਸੋਮਾ (Source-book) ਦੇ ਨਾਂ ਦੀ ਜਗ੍ਹਾ ਲਫ਼ਜ਼ 'ਸੰ' ਦੇ ਦਿਤਾ ਗਿਆ ਹੈ ਤਾਂਜੋ ਪਤਾ ਲਗ ਜਾਏ ਕਿ ਇਹ ਵਰਤੋਂ ਸਾਡੇ ਵਲੋਂ ਹੈ। (ਸੰ:)

**ਜੱਟਾਂ ਦੇ ਸਬੰਧ ਵਿੱਚ :—**

੧. ਜਟ, ਫਟ ਤੇ ਪਟ ਬੱਧੇ ਹੀ ਚੰਗੇ ।

੨. ਜਟ ਬੋਲੇ ਮੁਰਸ਼ਦ ਨਾਲ, ਕਢੇ ਗਾਲ੍ਹ ।

੩. ਜਟ, ਜਟਾਂ ਦੇ, ਭੋਲੂ ਨਰੈਣ ਦਾ ।

੪. ਜਟ ਮੋਇਆ ਤਾਂ ਜਾਣੀਏ ਜਾਂ ਕਿਰਿਆ ਹੋਵੇ ।

੫. ਆਈ ਪੋਹ ਮਾਘ ਦੀ ਸੰਨ੍ਹ ।
ਜੱਟਾਂ ਲਏ ਮੜਾਸੇ ਬੰਨ੍ਹ ।

੬. ਜਟ ਭੇਲੀ ਦੇਇ, ਗੰਨਾ ਨਾ ਦੇਇ ।

੭. ਚਿੱਟਾ ਕਪੜਾ, ਕੁਕੜ ਖਾਣਾ, ਉਸ ਜੱਟ ਦਾ ਨਹੀਂ ਠਿਕਾਣਾ ।

**ਪਸ਼ੂਆਂ ਤੇ ਪੰਛੀਆਂ ਸੰਬੰਧੀ :—**

੧. ਸਪ ਕੁੰਜ ਛੋਡੇ, ਬਿਖ ਨਹੀਂ ਛਾਡੇ ।

੨. ਜੇ ਬੰਦਾ ਹੈ ਮਾਈ ਦਾ ਵਿਸਾਹ ਨਾ ਖਾਏ ਅਰਾਈਂ ਦਾ ।

੩. ਅਠ ਠਗ ਤੇ ਅਠ ਠਠਿਆਰ, ਅਠ ਸੁਨਿਆਰ ਤੇ ਅਠ ਲੋਹਾਰ,
ਆਠੂ ਚੋਕਾ ਬਤਰੀ, ਇਕ ਝਲਾ ਜਿਹਾ ਖਤਰੀ ।

੪. ਕੁਕੜ, ਕਾਂ, ਕੰਬੋ ਕਬੀਲਾ ਪਾਲਦੇ
ਜੱਟ, ਮੈਹਾਂ, ਸੰਸਾਰ ਕਬੀਲਾ ਗਾਲਦੇ ।

੫. ਪੋਲੀ ਚੜ੍ਹੇ ਸ਼ਿਕਾਰ, ਮੌਲਾ ਖ਼ੈਰ ਕਰੇ ।

੬. ਐਤਵਾਰ ਤਾਂ ਜਾਣੀਏ ਜਾਂ ਹੱਟਾਂ ਲਿਪਣ ਬਾਣੀਏ ।

**ਤੀਵੀਆਂ ਸੰਬੰਧੀ :—**

੧, ਜੱਟ, ਬੈਲ ਤੇ ਬਕਰਾ, ਚੌਥੀ ਭੈੜੀ ਨਾਰ,
ਚਾਰੇ ਹੀ ਭੁਖੇ ਭਲੇ, ਰੱਜੇ ਕਰਨ ਵਿਗਾੜ ।

੨. ਰੰਨ ਜੱਟੀ ਹੋਰ ਸਭ ਚੱਟੀ ।

**ਇਲਾਕਿਆਂ ਸੰਬੰਧੀ :—**

੧. ਜਿਹਾ ਵੇਖਿਆ ਚਾਟੀਵਿੰਡ, ਤਿਹਾ ਹੋਊ ਅਗਲਾ ਪਿੰਡ ।

੨. ਢੱਲਾ ਪਟਿਆ ਗਾਜਰਾਂ, ਬੋਦਿਆਲ ਅਧਵਾਟੇ ।
ਮੈਰਾ ਪਟਿਆ ਰੰਨਾਂ, ਕਸਾਲਾਂ ਜਵਾਨੇ ।

੩. ਕਿਸ਼ਤਵਾਰ ਕੁਸ਼ਤ ਦਾ ਘੰਦਾ ਟੁਕ ਨੂੰ ਭੁਖਾ, ਰਾਤ ਨੂੰ ਠੰਢਾ,
ਜੋ ਕੋਈ ਆਇ ਫਿਰ ਕੇ ਜਾਇ ਓਹੀ ਗੁਸਾਈਂ ਦਾ ਝੰਡਾ।
੪. ਚੰਬਾ ਅਚੰਭਾ।
੫. ਲਾਹੌਰ ਦਾ ਗਰਦਾ, ਪਿਸ਼ੌਰ ਦਾ ਸਰਦਾ।
੬. ਸਾਲ, ਸ਼ਾਲੀ, ਸ਼ਲਗਮ, ਬਾਦ ਬਾਦੀ, ਟਟੂ, ਪਟੂ, ਚਟੂ (ਕਸ਼ਮੀਰ ਦੀਆਂ ਸੁਗਾਤਾਂ ਹਨ)

## ਸ਼ਹਿਰੀਆਂ ਤੇ ਪੇਂਡੂਆਂ ਦੇ ਮਿਹਣੇ ਤੇ ਠੱਠੇ :—

੧. ਸ਼ਹਿਰੀਂ ਵਸਦੇ ਦੇਵਤੇ ਪਿੰਡੀਂ ਵਸਣ ਜਿੰਨ।
੨. ਸ਼ਹਿਰ ਦੀ ਚਿੜੀ ਤੇ ਪਿੰਡ ਦੀ ਕੁੜੀ।
੩. ਵਸੀਏ ਸ਼ਹਿਰ, ਭਾਵੇਂ ਹੋਵੇ ਕਹਿਰ।

## ਇਤਿਹਾਸ ਸਬੰਧੀ :—

੧. ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ।
੨. ਲਾਹੌਰ ਕਹਿਰ, ਅੰਮ੍ਰਿਤਸਰ ਸਿਫਤੀ ਦਾ ਘਰ।
੩. ਭੂਰਿਆਂ ਵਾਲੇ ਰਾਜ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ।
੪. ਹੁਕਮ ਨਾਦਰੀ ਤਕਦੀਰ ਕਾਦਰੀ।
੫. ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।
੬. ਸੋਭੇ ਦੀ ਸੋਭਾ ਗਈ, ਗੁੱਜਰ ਦਾ ਗਿਆ ਮਾਲ।
ਲਹਿਣੇ ਦਾ ਦੇਣਾ ਪਿਆ, ਤਿੰਨੇ ਹੋਏ ਕੰਗਾਲ।

ਪੰਜਾਬੀ ਬੋਲੀ ਇਕ ਜੀਉਂਦੀ ਬੋਲੀ ਹੈ। ਜੀਉਂਦੀ ਬੋਲੀ ਦਾ ਇਕ ਵੱਡਾ ਗੁਣ ਇਹ ਵੀ ਹੈ ਕਿ ਅਪਣੇ ਵਿੱਚ ਹੋਰ ਬੋਲੀਆਂ ਦੇ ਸ਼ਬਦ, ਮੁਹਾਵਰੇ, ਅਖਾਣ ਆਦਿ ਨੂੰ ਅਪਣਾ ਲੈਂਦੀ ਹੈ। ਪੰਜਾਬੀ ਬੋਲੀ ਨੇ ਵੀ ਉਰਦੂ-ਫ਼ਾਰਸੀ ਤੇ ਹਿੰਦੀ-ਸੰਸਕ੍ਰਿਤ ਦੇ ਕਈ ਅਖਾਣ ਅਪਣਾਏ ਹਨ। ਇਨ੍ਹਾਂ ਦੀਆਂ ਕੁਝ ਵੰਨਗੀਆਂ ਹੇਠ ਦਿਤੀਆਂ ਜਾਂਦੀਆਂ ਹਨ :

## ਉਰਦੂ-ਫ਼ਾਰਸੀ :—

੧. ਕੁਨੱਦ ਹਮ ਜਿਨਸ ਬਾ ਹਮ ਜਿਨਸ ਪਰਵਾਜ਼,
ਕਬੂਤਰ ਬਾ ਕਬੂਤਰ, ਬਾਜ਼ ਬਾ ਬਾਜ਼।

੨. ਅਮਾਨਤ ਵਿੱਚ ਖ਼ਿਆਨਤ ।
੩. ਬਾਬਰ ਬ-ਐਸ਼ ਕੋਸ਼ ਕਿ ਆਲਮ ਦੌਬਾਰਾ ਨੇਸਤ ।
੪. ਹਮਾਂ ਯਾਰਾਂ ਦੋਜ਼ਖ, ਹਮਾਂ ਯਾਰਾਂ ਬਹਿਸ਼ਤ ।
੫. ਈ ਖਿਆਲ ਅਸਤੋ, ਮਹਾਲ ਅਸਤੋ ਜਨੂੰ ।
੬. ਸੁਬਹਾਨ ਤੇਰੀ ਕੁਦਰਤ ।
੭. ਚਾਰੇ ਐਬ, ਸ਼ਰਈ ।
੮. ਯਕ ਨਾ ਸ਼ੁਦ, ਦੋ ਸ਼ੁਦ ।

## ਹਿੰਦੀ ਤੇ ਸੰਸਕ੍ਰਿਤ :—

੧. ਐਸੇ ਕੋ ਤੈਸਾ ਮਿਲੇ ਜੈਸੇ ਬ੍ਰਾਹਮਣ ਕੋ ਨਾਈ ।
੨. ਆਗ ਲਗਾਏ ਮੰਦਰ ਮੈਂ ਸੋਵੇ ।
੩. ਸ਼ਾਨ ਮਾਰੇ ਔਰ ਕੋ ਅਰ ਬੇਸ਼ਾਨ ਮਾਰੇ ਆਪ ਕੋ ।
੪. ਨਹ ਬਿਲੰਬ ਧਰਮੰ, ਬਿਲੰਬ ਪਾਪੰ ।

ਅਖਾਣ ਮਨੁਖੀ ਤਜਰਬੇ ਦਾ ਤੱਤ ਹਨ । ਬਹੁਤ ਸਾਰੇ ਅਖਾਣ ਮਨੁਖੀ ਸੁਭਾ ਬਾਰੇ ਹਨ । ਇਨ੍ਹਾਂ ਦੀਆਂ ਕੁਝ ਵੰਨਗੀਆਂ ਹੇਠ ਦਿੱਤੀਆਂ ਜਾਂਦੀਆਂ ਹਨ :—

## ਮਨੁੱਖੀ ਸੁਭਾ ਦੇ ਅਖਾਣ :—

੧. ਅਨ੍ਹਾਂ ਵੰਡੇ ਸ਼ੀਰਨੀਆਂ ਮੁੜ ਮੁੜ ਆਪਣਿਆਂ ਨੂੰ ।
੨. ਉੱਠ ਨਾ ਸਕਾਂ ਫਿਟੇ ਮੂੰਹ ਗੋਡਿਆਂ ਦੇ ।
੩. ਉਲਟਾ ਚੋਰ ਕੋਤਵਾਲ ਨੂੰ ਡਾਂਟੇ ।
੪. ਰੱਬ ਗੰਜੇ ਨੂੰ ਨਹੁੰ ਨਾ ਦੇਵੇ ।
੫. ਕਾਣੇ ਦੀ ਇਕ ਰਗ ਵਾਧੂ ਹੁੰਦੀ ਹੈ ।
੬. ਰਜ ਨੂੰ ਚੱਜ ਆ ਜ਼ਾਂਦਾ ਹੈ ।
੭. ਸੌ ਚੁਪ, ਇਕ ਸੁਖ ।

ਆਸ ਹੈ ਜੋ ਇਹ ਅਖਾਣ-ਕੋਸ਼ ਪੰਜਾਬੀ ਸਾਹਿਤ ਦੀ ਇਕ ਜ਼ਰੂਰੀ ਘਾਟ ਨੂੰ ਪੂਰਾ ਕਰੇਗਾ ।

ਸੁਰਿੰਦਰ ਸਿੰਘ ਕੋਹਲੀ
ਬਚਨ ਸਿੰਘ ਮੁੰਦਰਾ

# ਪੰਜਾਬੀ ਅਖਾਣ-ਕੋਸ਼

## ੳ

**ਉਸਤਾਕਾਰ (ਉਸਤਾਦ) ਉਚੱਕਾ, ਚੇਲੇ ਚੋੜ ਚਪੱਟ।** ਵੇਖੋ : ਗੁਰੂ (ਪੀਰ) ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।

**ਭਾਵ—:** ਜਿਸ ਦਾ ਸਿਖਿਆ ਦੇਣ ਵਾਲਾ ਉਸਤਾਦ ਜਾਂ ਗੁਰੂ ਮਾੜਾ ਹੋਵੇ, ਉਹ ਆਪ ਵਧੇਰੇ ਭੈੜਾ ਹੁੰਦਾ ਹੈ।

**ਵਰਤੋਂ:—** ਕਾਲਾ ਸਿੰਘ ! ਹੁਣ ਹਰੀ ਸਿੰਘ ਦੇ ਹਥੋਂ ਔਖੇ ਕਿਉਂ ਹੁੰਦੇ ਹੋ ? ਉਸ ਦੇ ਪਿਉ ਨੂੰ ਨਹੀਂ ਜਾਣਦੇ ਤੁਸੀਂ ? ਸਾਰੇ ਪਿੰਡ ਦਾ ਛਟਿਆ ਹੋਇਆ ਹੈ। ਜਿਸ ਦਾ ਉਸਤਾਦ ਹੀ ਉਚੱਕਾ ਹੋਵੇ, ਉਸ ਦੇ ਚੇਲੇ ਚੋੜ ਚਪੱਟ ਕਿਉਂ ਨਾ ਹੋਣ ? (ਸੰਗ੍ਰ)

**ਉਸ਼ਨਾਕ ਬਾਹਮਣੀ, ਸੀਂਢ ਦਾ ਤੜਕਾ।**

**ਭਾਵ:—** ਬਾਹਰਲੀ ਭੜਕ ਬਹੁਤ, ਪਰ ਵਿਚੋਂ ਖ਼ਾਲੀ। ਜਦ ਕੋਈ ਘਰ ਵਿਚ ਤਾਂ ਗੰਦ-ਮੰਦ ਜਾਂ ਜੂਠ ਦੀ ਪਰਵਾਹ ਨਾ ਕਰੇ ਪਰ ਬਾਹਰ ਕਿਸੇ ਦੇ ਛੋਹ ਜਾਣ ਨਾਲ ਵੀ ਨਕ ਮੂੰਹ ਚੜ੍ਹਾਏ ਜਾਂ ਉਤੋਂ ਉਤੋਂ ਤਾਂ ਕੋਈ ਬੜਾ ਸੁਹਣਾ ਬਣ ਠਣ ਕੇ ਰਹੇ, ਪਰ ਵਿਚੋਂ ਬੜਾ ਗੰਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:—** ਕਰਮੋਂ ਨੂੰ ਵੇਖੋ ਨਾ, ਘਰ ਵਿਚ ਤਾਂ ਬਿਲੀਆਂ ਕੁਤਿਆਂ ਦੀ ਜੂਠ ਤੋੜੀ ਖਾ ਜਾਂਦੀ ਏ, ਪਰ ਅਜ ਮੈਂ ਕਿਹਾ ਲੈ ਨੀ, ਦਾਣੇ ਰਬ ਲੈ ਤਾਂ ਆਂਹਦੀ ਏ ਤੇਰੇ ਨਾਲ ਤਾਂ ਰਹਿਮਤੋ ਲਗ ਗਈ ਸੀ। ਉਸਨੇ ਤਾਂ 'ਉਸ਼ਨਾਕ ਬਾਹਮਣੀ, ਸੀਂਢ ਦਾ ਤੜਕਾ' ਵਾਲੀ ਗੱਲ ਕੀਤੀ ਹੈ। (ਸੰਗ੍ਰ)

**ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ।** ਵੇਖੋ : ਹਰ ਮਸਾਲੇ ਪਿਪਲਾ ਮੂਲ।

**ਭਾਵ:—** ਜਦ ਕਿਸੇ ਨੂੰ ਹਰ ਥਾਂ ਅਗੇ ਹੀ ਅਗੇ ਜਾਂ ਹਰ ਕੰਮ ਵਿਚ ਲੱਤ ਅੜਾਉਂਦਾ ਵੇਖੀਏ ਤਾਂ ਇਹ ਅਖਾਣ ਵਰਤੀਦਾ ਹੈ।

**ਵਰਤੋਂ :—** ਆਹੋ ਜੀ, ਤੁਸੀਂ ਕਿਉਂ ਨਾ ਆਉਂਦੇ। ਅਖੇ ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖਲੀ। ਤੁਹਾਡੇ ਬਿਨਾ ਕਿਸੇ ਦਾ ਕੰਮ ਭਲਾ ਤੁਰਦਾ ਹੈ ? (ਸੰਗ੍ਰ)

**ਉਹ ਕਿਹੜੇ ਬਾਗ਼ (ਖੇਤ) ਦੀ ਮੂਲੀ ਹੈ।**

**ਭਾਵ: —** ਜਦ ਕੋਈ ਸਾਧਾਰਣ ਵਿਤ ਵਾਲਾ ਕੋਈ ਤਕੜਾ ਕੰਮ ਕਰਨ ਦੀ ਫੜ ਮਾਰੇ, ਤਦ ਉਸ ਦੀ ਹੇਠੀ ਕਰਨ ਲਈ ਜਾਂ ਔਖਾ ਸਮਾਂ ਆਉਣ ਤੇ ਹਰ ਹੈਸੀਅਤ ਦਾ ਪੁਰਸ਼ ਮਾੜੇ ਤੋਂ ਮਾੜਾ ਕੰਮ ਕਰਨ ਲਈ ਤਿਆਰ ਹੋ ਪਵੇ, ਤਦ ਇਹ ਅਖਾਣ ਵਰਤਦੇ ਹਨ।

ਵਰਤੋਂ:— ਉਹ ਕਿਹੜੇ ਬਾਗ਼ ਦੀ ਮੂਲੀ ਹੈ, ਇਹੋ ਜਿਹੇ ਸਮੇਂ ਤੇ ਚੰਗਿਆਂ ਚੰਗਿਆਂ ਦੀ ਹੋਸ਼ ਭੁਲ ਜਾਂਦੀ ਹੈ। (ਸੰਗ੍ਰ)

**ਉਹ ਘਿਉ ਦੀਆਂ ਕੁਰਲੀਆਂ ਕਰਦਾ ਹੈ।**

**ਭਾਵ:** - ਜਦ ਕੋਈ ਅਤਿ ਦਰਜੇ ਦੀ ਗ਼ਰੀਬੀ ਵਿਚੋਂ ਨਿਕਲ ਕੇ ਅਮੀਰ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਜੋ ਅਜ ਕਲ ਤਾਂ ਉਹ ਬੜਾ ਸੁਖੀ ਹੈ। ਹੁਣ ਤਾਂ ਘਿਉ ਦੀਆਂ ਕੁਰਲੀਆਂ ਕਰਦਾ ਹੈ। ਕਲ ਤਕ ਤਾਂ ਖਾਣ ਨੂੰ ਵੀ ਨਹੀਂ ਸੀ ਮਿਲਦਾ। (ਸੰਗ੍ਰ)

**"ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨਾ ਹੇਰਿ।"**

**ਭਾਵ**:— ਕਬੀਰ ਜੀ ਫ਼ਰਮਾਂਦੇ ਹਨ, ਜਿਵੇਂ ਕੇਲਾ ਬਰੀ ਦੇ ਨੇੜੇ ਹੋਣ ਕਰ ਕੇ ਦੁਖ ਪਾਂਦਾ ਹੈ; (ਕਿਉਂਕਿ ਜਦ ਬੇਰੀ ਝੂਲਦੀ ਹੈ, ਉਹਦੇ ਕੰਡਿਆਂ ਨਾਲ ਕੇਲੇ ਦੇ ਪੱਤਰ ਚੀਰੇ ਜਾਂਦੇ ਹਨ) ਤਿਵੇਂ ਹੀ ਮਾੜੀ ਸੰਗਤ ਕੀਤਿਆਂ ਮਨੁੱਖ ਦਾ ਜੀਵਨ ਮਾੜਾ ਹੋ ਜਾਂਦਾ ਹੈ।

**ਵਰਤੋਂ**:— "ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨਾ ਹੇਰਿ ॥"

(ਗੁਰੂ ਗ੍ਰੰਥ : ਸ਼ਲੋਕ ਕਬੀਰ)

**ਉਹ ਤਾਂ ਪਰਾਂ ਤੇ ਪਾਣੀ ਨਹੀਂ ਪੈਣ ਦਿੰਦਾ।**

**ਭਾਵ**:— ਜਦ ਕੋਈ ਦੋਸ਼ੀ ਹੁੰਦਿਆਂ ਵੀ ਆਪਣਾ ਦੋਸ਼ ਨਾ ਮੰਨੇ।

**ਵਰਤੋਂ**:— ਜਸਵੰਤ ਸਿੰਘ ਨੂੰ ਬੜਾ ਪੁਛਿਆ ਹੈ, ਪਰ ਉਹ ਤਾਂ ਪਰਾਂ ਤੇ ਪਾਣੀ ਨਹੀਂ ਪੈਣ ਦਿੰਦਾ। ਰਤਾ ਜਿੰਨਾ ਭੀ ਭੇਤ ਨਹੀਂ ਦਸਦਾ। (ਸੰਗ੍ਰ)

**ਉਹ ਦਿਨ ਡੁੱਬਾ ਜਦੋਂ ਕੰਮ ਸਵਾਰੇ ਕੁੱਬਾ।** ਜਾਂ

**ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ।**

**ਭਾਵ**:— ਜਿਸ ਦੇ ਅੰਦਰ ਯੋਗਤਾ ਨਾ ਹੋਵੇ, ਪਰ ਫੜ੍ਹਾਂ ਬੜੀਆਂ ਮਾਰੇ।

**ਵਰਤੋਂ**:— ਬਲਬੀਰ ਨੇ ਚਾਰ ਮਿਤਰਾਂ ਵਿਚ ਬੈਠਿਆਂ ਰਣਬੀਰ ਬਾਰੇ ਬੜੇ ਜੋਸ਼ ਵਿਚ ਇਹ ਸ਼ਬਦ ਕਹੇ: ਚਾਰ ਵਾਰੀ ਤਾਂ ਉਹ ਪ੍ਰੀਖਿਆ ਵਿਚੋਂ ਫ਼ੇਲ੍ਹ ਹੋ ਚੁਕਾ ਹੈ, ਪਰ ਸੁਫਨੇ ਲੈਂਦਾ ਹੈ ਮੈਜਿਸਟਰੇਟ ਬਣਨ ਦੇ। ਉਹ ਸਮਝਦਾ ਹੈ ਕਿ ਪਿਓ ਦੀ ਗੱਦੀ ਉਸ ਨੂੰ ਮਿਲ ਜਾਏਗੀ। ਪਰ ਉਹ ਦਿਹਾੜਾ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ। (ਸੰ)

**ਉਹ ਨਾ ਭੁੱਲਾ ਜਾਣੀਏ, ਜੋ ਸ਼ਾਮੀਂ ਮੁੜ ਘਰ ਆਵੇ।** ਜਾਂ

**ਉਹ ਭੀ ਨਾਹੀਂ ਭੁਲਾ, ਜਿਹੜਾ ਰਾਹ ਪੈ ਜਾਵੇ।** ਜਾਂ

**ਉਹ ਭੀ ਭੁਲਾ ਨਾ ਜਾਣੀਏ, ਜੋ ਮੁੜ ਘਰ ਆਵੇ।**

**ਭਾਵ**:— ਜਦ ਕੋਈ ਭੁਲ ਕਰ ਕੇ ਪਛਤਾਵਾ ਕਰੇ ਤੇ ਮੁੜ ਸਿਧੇ ਰਾਹ ਪੈ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— (੧) ਦੁਨੀ ਚੰਦ—ਬਚੀਏ! ਅਜੇ ਵੀ ਸਮਝ, ਭੁਲਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਹ ਭੁਲਾ ਨਾ ਜਾਣੀਏ, ਜੋ ਮੁੜ ਘਰ ਆਵੇ। ਤੂੰ ਛੋਟੀ ਨਹੀਂ। ਹੋਸ਼ ਕਰ।

(ਰਜਨੀ ਨਾਟਕ)

(੨) ਭਾਈ—ਇਹੋ ਤਾਂ ਸਾਰੀ ਗੱਲ ਹੈ, ਜੋ ਤੇਰਾ ਪਿਆਰ, ਤੇਰੀ ਮਿਹਨਤ ਨੂੰ ਖਵਾਰ ਕਰ ਰਿਹਾ ਹੈ, ਪਰ ਹੱਛਾ! ਉਹ ਭੀ ਭੁਲਾ ਨਾ ਜਾਣੀਏ ਜੋ ਮੁੜ ਘਰ ਆਵੇ। (ਸ੍ਰੀ ਹਰਿਚਰਣ ਵਿਸਥਾਰ ਡਾ: ਬਲਬੀਰ ਸਿੰਘ)

**ਉਹ ਫਿਰੇ ਨਥ ਘੜਾਨ ਨੂੰ, ਉਹ ਫਿਰੇ ਨੱਕ ਵਢਾਨ ਨੂੰ।** ਜਾਂ

**ਉਹ ਨੱਥ ਘੜਾਂਦੀ ਫਿਰੇ, ਉਹ ਨੱਕ ਵਢਾਂਦੀ ਫਿਰੇ।**

**ਭਾਵ**:— ਜਦ ਇਕ ਧਿਰ ਦੂਜੀ ਪਾਸੋਂ ਲਾਭ ਉਠਾਉਣ ਦੀ ਆਸ ਕਰੇ, ਪਰ ਅਗੋਂ ਉਹ ਉਸਦਾ ਨਾਸ ਕਰਨਾ ਚਾਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਆਤਮਾ ਰਾਮ ਕਹਿੰਦਾ ਹੈ ਮੇਰੀ ਤਰੱਕੀ ਹੋਵੇ, ਪਰ ਉਸਨੂੰ ਪਤਾ ਨਹੀਂ, ਉਸਦਾ ਅਫ਼ਸਰ ਤਾਂ ਉਸਨੂੰ ਨੌਕਰੀਓਂ ਹਟਾਉਣ ਤੇ ਤੁਲਿਆ ਹੋਇਆ ਹੈ। ਅਖੇ ਉਹ ਫਿਰੇ ਨਥ ਘੜਾਉਣ ਨੂੰ ਤੇ ਉਹ ਫਿਰੇ ਨੱਕ ਵਢਾਉਣ ਨੂੰ (ਮਿੱਧੇ ਹੋਏ ਫੁਲ–ਨਾਨਕ ਸਿੰਘ)

**ਉਹ ਭਲਾ ਮਾਨਸ ਕੇਹਾ, ਜਿਸਦੇ ਪਲੇ ਨਹੀਂ ਰੁਪਇਆ।**

**ਭਾਵ**:— ਜਦ ਕਿਸੇ ਪੈਸੇ ਵਾਲੇ ਦੇ ਪਾਪ ਢਕੇ ਰਹਿਣ, ਪਰ ਇਕ ਗ਼ਰੀਬ ਮਨੁਖ ਦੀ ਕੋਈ ਪੁਛ ਪ੍ਰਤੀਤ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਨਾਨਕ ਸਿੰਘ : ਸ਼ਾਹ ! ਜੀ ਤੁਹਾਡੇ ਲਈ ਤਾਂ ਉਹ ਭਲਾਮਾਣਸ ਕੇਹਾ ਜਿਸ ਦੇ ਪਲੇ ਨਹੀਂ ਰੁਪਿਆ, ਪਰ ਭਾਵੇਂ ਅਸੀਂ ਗ਼ਰੀਬ ਹਾਂ, ਸਾਡੇ ਵਿਚੋਂ ਨਾ ਅਣਖ ਮਰੀ ਹੈ ਨਾ ਭਲਮਣਸਊ । (ਸੰਗ੍ਰ)

## ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁੱਕ ਦਿੰਦੀ ਸੀ ।

**ਭਾਵ**:— ਜਦ ਕੋਈ ਔਖੇ ਸਮੇਂ ਵਿਚ ਬੀਤ ਚੁਕੇ ਸੁੱਖਾਂ ਦੀ ਆਸ ਰਖੇ ਜਾਂ ਕਿਸੇ ਭੈੜੇ ਮਨੁਖ ਪਾਸੋਂ ਆਦਰ ਜਾਂ ਸੁਖ ਦੀ ਆਸ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ**:— ਅਫ਼ਸਰ ਬੜਾ ਦਿਆਲੂ ਸੀ, ਜਿਸ ਦੇ ਹੁੰਦਿਆਂ ਰਾਮੂ ਚਪੜਾਸੀ ਨੇ ਬੜੀਆਂ ਮੌਜਾਂ ਕੀਤੀਆਂ । ਉਸ ਨੂੰ ਕੋਈ ਪੁਛਣ ਵਾਲਾ ਨਹੀਂ ਸੀ, ਪਰ ਜਦ ਦਾ ਨਵਾਂ ਅਫ਼ਸਰ ਆਇਆ ਹੈ, ਵਿਚਾਰਾ ਬੜਾ ਔਖਾ ਹੈ । ਇਕ ਦਿਨ ਮੈਂ ਉਹਨੂੰ ਪੁਛ ਬੈਠਾ, "ਸੁਣਾ ਯਾਰ ! ਕੀ ਹਾਲ ਹੈ ?" ਤਾਂ ਝਟ ਅਗੋਂ ਕਹਿਣ ਲਗਾ, "ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁਕ ਦਿੰਦੀ ਸੀ ।" (ਸੰ)

## ਉਹੀ ਰਾਣੀ ਜੋ ਖਸਮੇ ਭਾਣੀ ।

**ਭਾਵ**:— ਜਦ ਕਿਸੇ ਦਾ ਕੋਈ ਕੋਝਾ ਕੰਮ ਕੀਤਾ ਹੋਇਆ ਭੀ ਮਾਲਕ ਨੂੰ ਪਸੰਦ ਆ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ**:— ਦੂਸਰੇ ਕਵੀ ਹਾਸ਼ਮ ਦੀ ਚੜ੍ਹ ਮਚੀ ਵੇਖ, ਜੀ ਵਿੱਚ ਖਿਝਦੇ, ਪਰ ਕੀ ਕਰ ਸਕਦੇ ਸਨ । 'ਉਹੀ ਰਾਣੀ ਜੋ ਖਸਮੇ ਭਾਣੀ ।' ਜਦ ਰਣਜੀਤ ਸਿੰਘ ਨੂੰ ਉਹ ਪਰਵਾਨ ਸੀ, ਤਾਂ ਹੋਰ ਕੋਈ ਕੀ ਕਰ ਸਕਦਾ ਸੀ ? (ਬੰਬੀਹਾ ਬੋਲ– ਬਾਵਾ ਬੁਧ ਸਿਘ)

## ਉਹੀਓ ਬੁਲ੍ਹਾ ਮਿੱਠਾ ਜੋ ਅੱਖੀਂ ਨਹੀਂ ਡਿਠਾ । ਜਾਂ ਓਹੀਓ ਮਿੱਠਾ ਜਿਹੜਾ ਬੂਲ੍ਹਾਂ ਨਾਹੀਂ ਡਿੱਠਾ ।

**ਭਾਵ** :— ਜਦ ਬਹੁਤਾ ਮੇਲ ਜੋਲ ਹੋਣ ਨਾਲ ਫਿਕ ਪਵੇ ਪਰ ਦੂਰ ਰਹਿਣ ਨਾਲ ਪਿਆਰ ਦੋਵੱਲੀ ਠੀਕ ਰਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ**:— ਸਾਡੀਆਂ ਕੁੜੀਆਂ ਸੁਸ਼ੀਲਾ ਦੇ ਬੜੇ ਗੁਣ ਗਾਉਂਦੀਆਂ ਸਨ, ਪਰ ਉਸਦੀ ਗਵਾਂਢਣ ਕਰਤਾਰੋ ਬੋਲੀ, "ਛੱਡੋ ਨੀ ਇਨ੍ਹਾਂ ਗਲਾਂ ਨੂੰ 'ਉਹੀਓ ਬੁਲ੍ਹਾ ਮਿੱਠਾ ਜੋ ਅੱਖੀਂ ਨਹੀਂ ਡਿੱਠਾ" ਵਾਲੀ ਗਲ ਹੈ । ਉਹ ਘਰ ਵਾਲਿਆਂ ਲਈ ਬੜੀ ਕੁਲਖਣੀ ਏ । (ਸੰਗ੍ਰ)

## ਉਹੋ ਕੁੜੀ ਸੁਚੱਜੀ ਜਿਸ ਦੀਆਂ ਕੱਛਾਂ ਹੇਠਾਂ ਸੋਟਾ ।

**ਭਾਵ**:— ਜ਼ੋਰਾਵਰ ਹੀ ਚੰਗਾ ਸਮਝਿਆ ਜਾਂਦਾ ਹੈ ।

**ਵਰਤੋਂ**:— ਰਹਿਮਤੇ ਭਜੀ ਭਜੀ ਆਈ ਅਤੇ ਮਾਸੀ ਨੂੰ ਆਖਣ ਲਗੀ ਕਿ ਤੁਸਾਂ ਕਰਮੋਂ ਜੱਟੀ ਨੂੰ ਜਾਣਦੇ ਹੀ ਹੋ, ਕੱਖ ਭੰਨ ਕੇ ਦੂਹਰਾ ਨਹੀਂ ਕਰ ਸਕਦੀ, ਪਰ ਅਜ ਵੱਡੀ ਸੁਚੱਜੀ ਬਣ ਬੈਠੀ ਹੈ । ਮਾਸੀ ਬੋਲੀ— ਅੜੀਏ ਤੂੰ ਸੁਣਿਆ ਨਹੀਂ ਕਿ 'ਉਹੋ ਕੁੜੀ ਸੁਚੱਜੀ ਜਿਸ ਦੀਆਂ ਕੱਛਾਂ ਹੇਠਾਂ ਸੋਟਾ' । ਉਹ ਹੁਣ ਰਿਸਾਲਦਾਰ ਦੀ ਵਹੁਟੀ ਜੂ ਹੋਈ । (ਸੰ)

## ਉਹੋ ਬੂੜੀ ਖੋਤੀ, ਉਹੋ ਰਾਮ ਦਿਆਲ :

**ਭਾਵ**:— ਜਦ ਕਿਸੇ ਦੇ ਸੁਭਾ ਵਿੱਚ ਕੋਈ ਤਬਦੀਲੀ ਨਾ ਜਾਪੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ**:— ਉਸ ਦੇ ਪੁੱਤਰ ਤਾਂ ਪੜ੍ਹ ਕੇ ਬੜੇ ਅਹੁਦਿਆਂ ਤੇ ਪੁਜ ਗਏ ਹਨ, ਪਰ ਉਹ ਆਪ ਉਵੇਂ ਹੀ ਪਿੰਡ ਵਿੱਚ ਰਹਿੰਦਾ ਹੈ, ਨਿੱਕੇ ਨਿੱਕੇ ਕੰਮ ਕਰਦਾ ਹੈ । ਕਲ੍ਹ ਇਕ ਮਿਤ੍ਰ ਨੇ ਉਸ ਨੂੰ ਟਿਚਕਰ ਕਰ ਕੇ ਕਿਹਾ, "ਭਾਈ ਸ਼ਿਵਨਾਥ ! ਜ਼ਮਾਨਾ ਬਦਲ ਗਿਆ, ਪਰ ਤੂੰ ਨਾ ਬਦਲਿਓਂ । ਉਹੋ ਬੂੜੀ ਖੋਤੀ, ਉਹੋ ਰਾਮਦਿਆਲ ।" (ਸੰ)

## ਉੱਕੀ ਜੀਭ ਨਾ ਰਖੇ ਤੇ ਆਖਣ ਹਕਲਾਏ ।

**ਭਾਵ**:— ਜਿਸ ਵਿਚ ਕਿਸੇ ਕੰਮ ਲਈ ਉਕੀ ਯੋਗਤਾ ਨਾ ਹੋਵੇ, ਪਰ ਦੂਜੇ ਉਹਦੇ ਬਾਰੇ ਗ਼ਲਤ ਅਨੁਮਾਨ ਲਗਾਣ ।

**ਵਰਤੋਂ**:— ਉਹ ਵਿਚਾਰਾ ਤਾਂ ਨਿਰਾ ਘੁਗੂ ਵੱਟਾ ਹੈ, ਇਲ੍ਹ ਦਾ ਨਾਂ ਕੋਕੋ ਨਹੀਂ ਜਾਣਦਾ, ਪਰ ਜਦੋਂ ਕਿਸੇ ਨੇ ਇਹ ਝੂਠੀ ਅਫ਼ਵਾਹ ਫ਼ੈਲਾਈ ਕਿ ਸ਼ਹਿਰ ਦੇ ਜਲਸੇ ਵਿਚ ਉਸ ਨੇ ਬੜੀ ਵਧੀਆ ਤਕਰੀਰ ਕੀਤੀ ਹੈ, ਤਾਂ ਮੇਰੇ ਮਿਤਰ ਨੇ ਕਿਹਾ, "ਉਹ ਜੀਭ ਨਾ ਰਖੇ ਤੇ ਆਖਣ ਹਲਕਾਏ" । (ਸੰ)

**ਉਖਲੀ ਵਿਚ ਸਿਰ ਦਿੱਤਾ, ਦੋ ਵਧ ਕੀ, ਦੋ ਘਟ ਕੀ ?** ਜਾਂ

**ਉਖਲੀ ਵਿਚ ਸਿਰ ਦਿੱਤਾ ਤੇ ਫਿਰ ਮੋਹਲਿਆਂ ਤੋਂ ਕੀ ਡਰ ?**

**ਭਾਵ:**— ਜਦ ਕੋਈ ਪੁਰਸ਼ ਔਖਾ ਕੰਮ ਅਰੰਭ ਕੇ ਫਿਰ ਉਸ ਦੀਆਂ ਕਠਨਾਈਆਂ ਤੋਂ ਡਰੇ ਤਾਂ ਕਹਿੰਦੇ ਹਨ ।

**ਵਰਤੋਂ:**— ਹੁਣ ਜਦ ਸਰਕਾਰ ਨਾਲ ਸਿੰਙ ਲਾ ਹੀ ਦਿਤਾ ਹੈ ਤਾਂ ਜੇਹਲ ਤੋਂ ਕੀ ਡਰਨਾ । ਜੇ ਉਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਤੋਂ ਕੀ ਡਰਨਾ ਹੈ । (ਸੰਗ੍ਰ)

**ਉਗਲੇ ਤਾਂ ਅੰਨ੍ਹਾ, ਨਿਗਲੇ ਤਾਂ ਕੋਹੜੀ ।**

**ਭਾਵ:**— ਜਦ ਕੋਈ ਪੁਰਸ਼ ਕਿਸੇ ਕੰਮ ਨੂੰ ਆਰੰਭ ਕੇ ਅਜੇਹੀ ਔਕੜ ਵਿਚ ਫਸ ਜਾਵੇ, ਕਿ ਨਾ ਤਾਂ ਉਸ ਨੂੰ ਛਡ ਸਕੇ ਤੇ ਨਾ ਹੀ ਉਸ ਦੀ ਸਿਰੇ ਚੜ੍ਹਨ ਦੀ ਆਸ ਹੋਵੇ, ਤਦ ਇਹ ਅਖਾਣ ਵਰਤਦੇ ਹਨ। ਜਾਂ ਜੇ ਇਕ ਪਾਸੇ ਹੋਵੇ ਤਦ ਵੀ ਦੁਖ ਤੇ ਦੂਜੇ ਪਾਸੇ ਹੋਵੇ ਤਦ ਵੀ ਦੁਖ ।

**ਵਰਤੋਂ:**— ਯਾਰਾ, ਕੁਝ ਨਾ ਪੁਛ ! ਸ਼ਾਮ ਸਿੰਘ ਵਿਚਾਰੇ ਨੇ ਠੇਕਾ ਕਾਹਦਾ ਲਿਆ ਏ ਮੁਸੀਬਤ ਸਹੇੜ ਲਈ ਸੂ, ਉਸ ਨੂੰ 'ਉਗਲੇ ਤਾਂ ਅੰਨ੍ਹਾ, ਨਿਗਲੇ ਤਾਂ ਕੋਹੜੀ' । ਛੱਡ ਵੀ ਨਹੀਂ ਹੁੰਦਾ, ਸਰਕਾਰ ਰਕਮ ਜ਼ਬਤ ਕਰ ਲੈਂਦੀ ਹੈ । ਨਿਭਾਇਆ ਵੀ ਨਹੀਂ ਜਾਂਦਾ, ਮੁਸ਼ਕਲਾਂ ਬੜੀਆਂ ਹਨ । (ਸੰ)

**ਉਗਵੈ ਸੂਰ ਨਾ ਜਾਪੈ ਚੰਦ ।**

**ਭਾਵ:**— ਸੂਰਜ ਦੇ ਚੜ੍ਹਨ ਨਾਲ ਜਿਵੇਂ ਚੰਦਰਮਾ ਮਾਤ ਪੈ ਜਾਂਦਾ ਹੈ, ਤਿਵੇਂ ਜਿਥੇ ਗਿਆਨ ਹੋਵੇ ਉੱਥੇ ਅਗਿਆਨਤਾ ਮਿਟ ਜਾਂਦੀ ਹੈ। ਜਾਂ ਜਦ ਵਡੇਰਾ ਜਾਂ ਵਧੇਰੀ ਮਾਨਤਾ ਵਾਲਾ ਆਦਮੀ ਆ ਜਾਵੇ, ਤਾਂ ਛੋਟੇ ਆਦਮੀ ਦੀ ਨਹੀਂ ਵਟੀਂਦੀ ।

**ਵਰਤੋਂ:**— ਹੁਣ ਪਿਤਾ ਜੀ ਆ ਗਏ ਹਨ । ਅਸੀਂ ਜਾਂਦੇ ਹਾਂ । ਸਾਡੀ ਕੀ ਲੋੜ ਹੈ ? 'ਉਗਵੈ ਸੂਰ ਨਾ ਜਾਪੈ ਚੰਦ' । (ਸੰਗ੍ਰ)

**ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ।**

(ਗੁਰੂ ਗ੍ਰੰਥ : ਆਸਾ ਮ: ੫)

**ਭਾਵ:**— ਜਿਵੇਂ ਸਰਾਫ-ਪਾਰਖੂ ਦੀ ਨਜ਼ਰ ਵਿਚ ਖੋਟਾ ਸਿੱਕਾ ਚੜ੍ਹ ਜਾਵੇ, ਤਾਂ ਉਸਦਾ ਪਤਾ ਲਗ ਜਾਂਦਾ ਹੈ, ਤਿਵੇਂ ਮਨੁਖ ਆਪਣੇ ਔਗੁਣ ਸੱਚੇ ਸਰਾਫ—ਰੱਬ ਪਾਸੋਂ ਨਹੀਂ ਲੁਕਾ ਸਕਦਾ ।

**ਵਰਤੋਂ:**— ਇਕ ਕਲਰਕ ਐਡੀਟਰ ਬਣਿਆ ਬੈਠਾ ਸੀ, ਪਰ ਜਦ ਅਸਲੀ ਐਡੀਟਰ ਆ ਪਹੁੰਚਿਆ, ਤਾਂ ਦੋਹਾਂ ਦਿਨਾਂ ਵਿਚ ਨਕਲੀ ਐਡੀਟਰ ਦਾ ਪਾਜ ਖੁਲ ਗਿਆ । "ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ।" (ਸੰਗ੍ਰ)

**ਉਘਰੀ ਸੋ ਪਈ, ਪਈ ਸੋ ਸਹੀ ।**

**ਭਾਵ:**— ਜਿਹੜਾ ਹੋਣਾ ਹੁੰਦਾ ਹੈ, ਉਹ ਸਹਾਰਨਾ ਹੀ ਪੈਂਦਾ ਹੈ ।

**ਵਰਤੋਂ:**— ਧੰਨੋ—ਭੈਣੇ ! ਹੁਣ ਹੌਂਸਲਾ ਕਰੋ । 'ਉਘਰੀ ਸੋ ਪਈ, ਪਈ ਸੋ ਸਹੀ' । ਹੁਣ ਤਾਂ ਜੋ ਕੁਝ ਹੋ ਗਿਆ ਹੈ, ਉਸ ਦੇ ਸਹਾਰਨ ਵਿਚ ਹੀ ਸੁਖ ਹੈ । (ਸੰਗ੍ਰ)

**ਉੱਚਾ ਲੰਮਾ ਗਭਰੂ,ਪਲੇ ਠੀਕਰੀਆਂ।**

**ਭਾਵ:**— ਜਦ ਕੋਈ ਵੇਖਣ ਨੂੰ ਤਾਂ ਸੁਹਣਾ ਅਤੇ ਵਿਦਵਾਨ ਜਾਪੇ ਪਰ ਵਰਤੋਂ ਵੇਲੇ ਕਰਤੂਤ ਗਵਾਰਾਂ ਵਾਲੀ ਕਰੇ, ਜਾਂ ਆਪਣੇ ਆਪ ਨੂੰ ਬਹੁਤ ਕੁਝ ਦਿਖਾਵੇ ਪਰ ਪਲੇ ਕੁਝ ਵੀ ਨਾ ਹੋਵੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਪੰਡਤ ਜੀ ਦਾ ਬਾਹਰਮੁਖੀ ਭੇਖ ਤੇ ਉਪਦੇਸ਼ ਤਾਂ ਸਚਮੁਚ ਸ਼ਲਾਘਾ ਯੋਗ ਹਨ, ਪਰ ਘਰ ਜਾ ਕੇ ਇਸਤਰੀ ਬਚਿਆਂ ਨਾਲ ਵਰਤਾ ਅਜਿਹਾ ਹੈ ਕਿ ਗਵਾਰਾਂ ਨੂੰ ਭੀ ਪਿਛੇ ਛਡ ਜਾਂਦੇ ਹਨ । "ਉਚਾ ਲੰਮਾ ਗਭਰੂ ਪਲੇ ਠੀਕਰੀਆਂ" ਵਾਲੀ ਗਲ ਹੈ । (ਸੰ)

**ਉਚੀ ਦੁਕਾਨ ਤੇ ਫਿੱਕਾ ਪਕਵਾਨ ।**

**ਭਾਵ:**— ਜਦ ਕਿਸੇ ਦਾ ਨਾਂ ਤਾਂ ਬੜਾ ਵੱਡਾ ਹੋਵੇ ਪਰ ਹੱਥ ਪਲੇ ਕੁਝ ਵੀ ਨਾ ਹੋਵੇ ਜਾਂ ਗੁਣ ਕੋਈ ਨਾ ਹੋਵੇ, ਤਾਂ ਇਹ ਅਖਾਣ ਵਰਤਦੇ ਹਨ ।

**ਵਰਤੋਂ**:— ਕਰਤਾਰ ਸਿੰਘਾ ! ਇਹ ਟੀਪ ਟਾਪ ਤੇ ਠੂੰਠਾਂ ਵਲ ਹੀ ਨਾ ਵੇਖ । ਜ਼ਰਾ ਅੰਦਰ ਝਾਤੀ ਮਾਰੇਂਗਾ ਫੇਰ ਪਤਾ ਲਗੂਗਾ ਅਸਲੀਅਤ ਦਾ । "ਉਚੀ ਦੁਕਾਨ ਤੇ ਫਿੱਕਾ ਪਕਵਾਨ" ਹੈ ਇਨਾਂ ਲੋਕਾਂ ਦੀ ਹਾਲਤ । (ਸੈ)

**ਉਚੀ ਮਾੜੀ ਤੇ ਇਟ ਨਾ ਧਰੀਏ, ਧੀ ਨਾ ਦਈਏ ਦੂਰ। ਇਟ ਡਿਗੂਗੀ, ਸੱਟ ਲਗੂਗੀ, ਧੀ ਮਰੂਗੀ ਝੂਰ।**

**ਭਾਵ**:— ਧੀ ਦੂਰ ਨਾ ਦੇਣ ਸੰਬੰਧੀ ਕਵੀ ਨੇ ਖਿਆਲ ਦਸੇ ਹਨ।

(ਵਰਤੋਂ ਬੰਦ ਵਿਚ ਹੀ ਆ ਗਈ ਹੈ)

**ਉਜੜ ਖੇੜਾ, ਨਾਉਂ ਨਾ ਬੇੜੀ** ਜਾਂ **ਉਜੜ ਖੇੜਾ, ਚੌੜ ਮਸੀਤ।**

**ਭਾਵ**:— ਉਜਾੜ ਹੀ ਉਜਾੜ ਹੋਵੇ।

**ਵਰਤੋਂ**:— ਕਮਾਲਦੀਨ—ਇਥੇ ਤਾਂ ਰੇਤ ਦੇ ਟਿੱਬੇ ਹੀ ਦਿਸਦੇ ਹਨ, 'ਉਜੜ ਖੇੜਾ, ਨਾਉਂ ਨਾ ਬੇੜੀ।' ਇਥੇ ਵਸੋਂ ਕਾਹਦੀ ਹੋਣੀ ਹੋਈ। (ਸੰਗ੍ਰ)

**ਉਜੜੀਆਂ ਭਰਜਾਈਆਂ, ਵਲੀ ਜਿਨ੍ਹਾਂ ਦੇ ਜੇਠ (ਦੇਰ)।**

**ਭਾਵ**:— ਜਿਨ੍ਹਾਂ ਦੇ ਸੰਬੰਧੀ, ਨਿੱਕੇ ਜਾਂ ਵੱਡੇ, ਭੈੜੇ ਹੋਣ, ਉਨ੍ਹਾਂ ਦੇ ਆਸਰੇ ਰਹਿਣ ਵਾਲਿਆਂ ਦਾ ਹਾਲ ਮਾੜਾ ਹੁੰਦਾ ਹੈ।

**ਵਰਤੋਂ**:— ਭਾਗ ਭਰੀ—(ਗੁਸੇ ਵਿਚ) ਨੀ ਬਹੁਤੀਆਂ ਟਾਹਰਾਂ ਨਾ ਮਾਰੋ। 'ਉਜੜੀਆਂ ਭਰਜਾਈਆਂ ਵਲੀ ਜਿਨ੍ਹਾਂ ਦੇ ਜੇਠ'। ਕਿਰਪੀ ਦੇ ਨੇੜੇ ਦੇ ਸਾਕਾਂ ਦਾ ਹਾਲ ਤਾਂ ਪੁਛ ਕੇ ਵੇਖੋ, ਸੁਣ ਕੇ ਠੰਡੀਆਂ ਹੋ ਜਾਵੋਗੀਆਂ। (ਸੰਗ੍ਰ)

**ਉਜੜੇ ਪਿੰਡ ਭੜੋਲਾ ਮਹਿਲ।** ਜਾਂ **ਉਜੜੇ ਬਾਗਾਂ ਦੇ ਗਾਲੜ ਪਟਵਾਰੀ।**

**ਭਾਵ**:— ਜਿੱਥੇ ਕੋਈ ਚੰਗੀ ਵਸਤੂ ਨਾ ਮਲੇ ਤੇ ਨਿਕੰਮੀ ਵਸਤੂ ਦੀ ਕਦਰ ਹੋਵੇ।

**ਵਰਤੋਂ**:— ਸ਼ਾਹ—(ਜੋਸ਼ ਵਿਚ) ਉਜੜੇ ਪਿੰਡ ਭੜੋਲਾ ਮਹਿਲ। ਜਿੱਤ ਲਏ ਹੋਣਗੇ ਸ਼ਹਿਰ ਉਸ ਨੇ ਜਿੱਥੇ ਕੋਈ ਸਾਹਮਣੇ ਨਾ ਹੋਵੇਗਾ।

(ਰਾਜਾ ਪੋਰਸ, ਹਰਚਰਨ ਸਿੰਘ)

**ਉਠ ਨਾ ਸਕੇ, ਫਿਟੇ ਮੂੰਹ ਗੋਡਿਆਂ ਦਾ।**

**ਭਾਵ**:— ਜਦ ਕਿਸੇ ਦਾ ਆਪਣਾ ਚਿਤ ਕੰਮ ਕਰਨ ਤੇ ਨਾ ਕਰੇ ਤੇ ਹੋਰ ਦੇ ਹੋਰ ਬਹਾਨੇ ਪਿਆ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— 'ਉਠ ਨਾ ਸਕੇ ਫਿਟੇ ਮੂੰਹ ਗੋਡਿਆਂ ਦਾ'। ਖੇਡਣ ਤੇ ਆਪਣਾ ਦਿਲ ਨਹੀਂ, ਤੇ ਆਖਦੇ ਹਨ ਕਿ ਮੈਦਾਨ ਸਾਫ਼ ਨਹੀਂ। (ਸੰਗ੍ਰ)

**ਉਠ ਨੀ ਨੂੰਹੇਂ ਨਿਸਲ ਹੋ, ਚਰਖਾ ਛੱਡ ਤੇ ਚੱਕੀ ਝੋ।**

**ਭਾਵ**:—ਜਦ ਕਿਸੇ ਨੂੰ ਦੁਖੀ ਕਰਨ ਦੇ ਖ਼ਿਆਲ ਨਾਲ, ਉਸ ਪਾਸੋਂ ਸੌਖਾ ਕੰਮ ਛਡਵਾ ਕੇ ਔਖਾ ਕੰਮ ਕਰਨ ਉਤੇ ਲਾ ਦਿੱਤਾ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਹੇ ਰੱਬਾ, ਮੈਂ ਕਿਉਂ ਜੰਮਿਆ ਸਾਂ। ਰਤੀ ਪਲ ਦਾ ਅਰਾਮ ਨਹੀਂ ਮਿਲਦਾ। 'ਉਠ ਨੀ ਨੂੰਹੇਂ ਨਿਸਲ ਹੋ, ਚਰਖਾ ਛਡ ਤੇ ਚੱਕੀ ਝੋ'। ਹਰ ਵੇਲੇ ਮਿਹਨਤ ਕਰਦਿਆਂ ਹੀ ਮਰੀਦਾ ਹੈ। (ਸੰਗ੍ਰ)

**ਉਠ ਨੀ ਲੇਹੀਏ ਬਕਰੀਏ, ਤੇਰਾ ਸਾਥ ਗਿਆ।**

**ਭਾਵ**:— ਕਿਸੇ ਆਲਸੀ ਨੂੰ ਉਦਮ ਦਿਵਾਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਜਵਾਹਰ ਸਿੰਘ ! ਤਕੜੇ ਹੋਵੋ, ਹੌਸਲਾ ਰਖੋ। ਸਾਰੇ ਕੰਮ ਠੀਕ ਹੋ ਜਾਣਗੇ 'ਉਠ ਨੀ ਲੋਹੀਏ ਬਕਰੀਏ, ਤੇਰਾ ਸਾਥ ਗਿਆ'। ਤੁਸੀਂ ਕਰਮ ਸਿੰਘ ਵਲ ਵੇਖੋ, ਉਸ ਨੇ ਹਿੰਮਤ ਨਾਲ ਕਿਤਨਾ ਰਸੂਖ ਵਧਾ ਲਿਆ ਹੈ। (ਸੰਗ੍ਰ)

**ਉਠ ਮੇਰੀ ਚਪਣੀ, ਉਠ ਮੇਰੀ ਡੋਈ, ਚਾਰ ਦਿਨ ਚਹਿਲ ਪਹਿਲ, ਫੇਰ ਦਿਨ ਓਹੀ।**

**ਭਾਵ**:— ਜਦ ਕਿਸੇ ਦੀ ਹਾਲਤ ਵਿਚ ਕੋਈ ਖਾਸ ਤਬਦੀਲੀ ਹਿੰਮਤ ਕੀਤਿਆਂ ਵੀ ਨਾ ਹੋਵੇ, ਤਦ ਇਹ ਅਖਾਣ ਵਰਤਦੇ

ਹਨ ।

**ਵਰਤੋਂ:**— ਕਿਸਮਤ ਦੀ ਗਲ ਹੈ, ਨਿਰੀ ਮਿਹਨਤ ਦੀ ਨਹੀਂ । ਜੇ ਮਿਹਨਤ ਤੇ ਹੀ ਹੁੰਦਾ ਤਾਂ ਉਹ ਧਨਾਢ ਹੋ ਗਿਆ ਹੁੰਦਾ । ਪਰ ਉਸ ਦੀ ਹਾਲਤ ਤੇ ਇਹੋ ਹੈ 'ਉਠ ਮੇਰੀ ਚਪਣੀ, ਉਠ ਮੇਰੀ ਡੋਈ, ਚਾਰ ਦਿਨ ਚਹਿਲ ਪਹਿਲ ਫੇਰ ਦਿਨ ਓਹੀ' । (ਸੰਗ੍ਰ)

### ਉਠ ਵੇ ਮਨਾ, ਪਰਾਇਆ ਧਨਾ ।

**ਭਾਵ:**— ਜਦ ਕਿਸੇ ਨੂੰ ਪਰਾਧੀਨ ਹੋਕੇ ਕੰਮ ਕਰਨਾ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਜਸੋ—'ਉਠ ਵੇ ਮਨਾ ਪਰਾਇਆ ਧਨਾ', ਜਿਨ੍ਹਾਂ ਪਰਾਇਆਂ ਪੁਤਰਾਂ ਸਾਥੋਂ ਕੰਮ ਲੈਣਾ ਹੈ, ਉਹ ਕਿਵੇਂ ਅਰਾਮ ਨਾਲ ਬਹਿਣ ਦਿੰਦੇ ਹਨ ? (ਸੰਗ੍ਰ)

### ਉੱਠੋ ਮੁਰਦਿਓ ਖੀਰ ਖਾਉ ।

**ਭਾਵ:**— ਕਿਸੇ ਆਲਸੀ ਨੂੰ ਆਪਣਾ ਆਪ ਸੁਆਰਨ ਲਈ ਆਖਣਾ ।

**ਵਰਤੋਂ:**— ਮਿਤਰ—ਉਠੋ ਮੁਰਦਿਓ ਖੀਰ ਖਾਓ ! ਹੁਣ ਤਾਂ ਦੁਪਹਿਰ ਆ ਚਲੀ ਜੇ । ਨਹਾਓ ਧੋਓ, ਕਿਸੇ ਆਹਰ ਲਗੋ । (ਸੰਗ੍ਰ)

### ਉੱਠਾਂ ਲਈ ਕਿਨ ਛਪਰ ਛਾਏ ?

**ਭਾਵ:**— ਜਦ ਕਿਸੇ ਸਾਧਾਰਨ ਹੈਸੀਅਤ ਦੇ ਮਨੁੱਖ ਨੂੰ ਬਹੁਤ ਵਡੇ ਆਦਮੀਆਂ ਦੇ ਕਿਸੇ ਇਕੱਠ ਲਈ ਬੜਾ ਕੁਝ ਖਰਚ ਕਰਨ ਕਰ ਕੇ ਔਖਾ ਹੋਣਾ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਧਨੀ ਰਾਮ—ਸ਼ਾਹ ਜੀ ! ਹੁਣ ਖ਼ਰਚ ਦੇ ਹਥੋਂ ਚੀਕਦੇ ਕਾਹਨੂੰ ਹੋ, ਮੱਥਾ ਵਡਿਆਂ ਨਾਲ ਲਾ ਕੇ । ਪਹਿਲਾਂ ਹੋਸ਼ ਤੋਂ ਕੰਮ ਲੈਣਾ ਸੀ 'ਊਠਾਂ ਲਈ ਕਿਨ ਛਪਰ ਛਾਏ' । ਵਡਿਆਂ ਲੋਕਾਂ ਦਾ ਆਦਰ ਭਾ ਵੀ ਸਸਤੇ ਮੁਲੋਂ ਨਹੀਂ ਹੋ ਸਕਦਾ । (ਸੰਗ੍ਰ)

### ਉਡ ਕਾਵਾਂ ਤੈਨੂੰ ਚੂਰੀ ਪਾਵਾਂ ।

**ਭਾਵ:**— ਜਦ ਕਿਸੇ ਦੀ ਉਡੀਕ ਹੋਵੇ ਤਾਂ ਕਾਂ ਉਡਾਇਆ ਜਾਂਦਾ ਹੈ ।

**ਵਰਤੋਂ:**— ਸੁਭੱਦਰਾ—ਆ ਵੀਰ ! ਛੇਤੀ ਆ ! ਰਾਹ ਤਕ ਤਕ ਕੇ ਭੈਣ ਦੀਆਂ ਅੱਖਾਂ ਵੀ ਪਕ ਗਈਆਂ ਨੀ । ਕਾਂ ! ਕਾਂ ! ਸੁਖ ਦਾ ਲਉਂ । ਸੁਲਖਣਾ ਲਉਂ । ਉੱਡ ਉੱਡ ਕਾਵਾਂ, ਤੈਨੂੰ ਘਿਉ ਦੀ ਚੂਰੀ ਪਾਵਾਂ । ਦਸ ਮੇਰਾ ਵੀਰ ਕਦ ਆਉਂਦਾ ਹੈ ?

(ਸੁਭੱਦਰਾ : ਈਸ਼ੁਰ ਚੰਦਰ ਨੰਦਾ)

### ਉਡ ਭੰਬੀਰੀ, ਸਾਵਣ ਆਇਆ ।

**ਭਾਵ:**— ਜਦ ਕੰਮ ਕਰਨ ਦਾ ਸਮਾਂ ਹੋ ਜਾਣ ਤੇ ਵੀ ਕੋਈ ਕੰਮ ਕਰਨ ਤੋਂ ਆਲਸ ਕਰੇ, ਤਦ ਉਸਨੂੰ ਕੰਮ ਕਰਨ ਲਈ ਪ੍ਰੇਰਨਾ ਕਰਨ ਸਮੇਂ ਇਹ ਅਖਾਣ ਵਰਤਦੇ ਹਨ । ਯੋਗ ਸਮੇਂ ਨੂੰ ਮਾਣਨ ਲਈ ਪ੍ਰੇਰਨਾ ਦੇਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਬਹਾਦਰ ਸਿੰਘ—'ਉਡ ਭੰਬੀਰੀ ਸਾਵਣ ਆਇਆ' ਹੁਣ ਤਾਂ ਠੀਕ ਸਮਾਂ ਹੈ, ਬਸ ਹਿੰਮਤ ਦੀ ਲੋੜ ਹੈ । (ਸੰਗ੍ਰ)

### ਉਡੀਕ ਨਾਲੋਂ ਕਾਲ ਚੰਗਾ ।

**ਭਾਵ:**— ਕਿਸੇ ਦੀ ਉਡੀਕ ਨਾਲੋਂ ਜਦ ਮੌਤ ਨੂੰ ਚੰਗਾ ਸਮਝਿਆ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਸੁਲੱਖਣੀ – ਭੈਣ ਜੀ ! ਉਡੀਕ ਨਾਲੋਂ ਕਾਲ ਚੰਗਾ । ਰਾਹ ਤਕ ਤਕ ਕੇ ਅਖਾਂ ਵੀ ਪਕ ਗਈਆਂ ਹਨ । ਜੇ ਤੁਸਾਂ ਨਹੀਂ ਸੀ ਆਉਣਾ, ਤਾਂ ਮੈਂ ਏਨਾ ਹੇਰਵਾ ਨਾ ਕਰਦੀ । (ਸੰਗ੍ਰ)

### ਉਡੇ ਪੰਖੀ, ਕੌਣ ਲੂਣ ਲਦੇ ?

**ਭਾਵ:**— ਜਦ ਕੋਈ ਨਸਦਿਆਂ ਭਜਦਿਆਂ ਪਾਸੋਂ ਕੰਮ ਲੈਣਾ ਚਾਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਵੀਰਾਂ ਵਾਲੀ—ਮਾਂ ਜੀ ! ਤੁਸੀਂ ਤਾਂ ਉਡਦੇ ਪੰਖੀਆਂ ਉਤੇ ਲੂਣ ਲਦਦੇ ਹੋ । ਨਠੜਾਂ ਭਜੜਾਂ ਤੋਂ ਕਦੀ ਕੰਮ ਸਰੇ ਨੇ ? (ਸੰਗ੍ਰ)

### ਉਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ, ਭੀਖ ਦਵਾਰ (ਨਦਾਰ ਜਾਂ ਗੰਵਾਰ)

**ਭਾਵ:**— ਜਦ ਕਿਸੇ ਕਾਰ ਵਿਹਾਰ ਬਾਬਤ ਪੜਚੋਲ ਹੋ ਰਹੀ ਹੋਵੇ, ਤਦ ਇਹ ਅਖਾਣ ਵਰਤਿਆ ਜਾਂਦਾ ਹੈ । ਵਾਹੀ ਸਭ

ਤੁੋਂ ਚੰਗੀ, ਉਸ ਤੋਂ ਘਟ ਹੱਟੀ ਅਤੇ ਸਭ ਤੋਂ ਘਟ ਨੌਕਰੀ।

**ਵਰਤੋਂ:**— ਮਨ—(ਬੜੇ ਠਰ੍ਹੰਮੇ ਨਾਲ) ਇਹ ਤਾਂ ਸਭ ਮੰਨਦੇ ਨੇ। ਤੁਸੀਂ ਭਾਵੇਂ ਹੁਣ ਨਾ ਮੰਨੋ, ਵਾਹੀ ਵਰਗਾ ਹੋਰ ਕੋਈ ਉਤਮ ਕੰਮ ਨਹੀਂ। ਦਸਾਂ ਨੌਹਾਂ ਦੀ ਸੁੱਚੀ ਕਿਰਤ ਜ਼ਿਮੀਦਾਰਾਂ ਦੀ ਏ।

'ਉਤਮ ਖੇਤੀ, ਮਧਮ ਵਪਾਰ, ਨਖਿਧ ਚਾਕਰੀ ਭੀਖ ਦਵਾਰ'। ਫਿਰ ਕਿਸੇ ਦੀ ਨੌਕਰੀ ਨਹੀਂ ਗੁਲਾਮੀ ਨਹੀਂ, ਮੁਥਾਜੀ ਨਹੀਂ।

(ਦੂਰ ਦੁਰਾਡੇ ਸ਼ਹਿਰੋਂ— ਹਰਚਰਨ ਸਿੰਘ)

**ਉਤਾਵਲਾ ਸੋ ਬਾਵਲਾ।** ਵੇਖੋ : 'ਸਹਿਜ ਪਕੇ ਸੋ ਮੀਠਾ'।

**ਭਾਵ:**— ਜਦ ਕੋਈ ਆਦਮੀ ਕਾਹਲੀ ਵਿਚ ਕੋਈ ਕੰਮ ਵਿਗਾੜ ਲਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— 'ਉਤਾਵਲਾ ਸੋ ਬਾਵਲਾ' ਹਰਚੰਦ ਸਿੰਘ ਕਾਹਲੀ ਨਾਲ ਆਪਣਾ ਬਿਸਤਰਾ ਵੀ ਗਡੀ ਵਿੱਚੋਂ ਨਹੀਂ ਲਾਹ ਸਕਿਆ। (ਸੰਗ੍ਰ)

**ਉਤੋਂ ਆਲੇ ਭੋਲੇ ਤੇ ਵਿਚੋਂ ਬੰਬ ਦੇ ਗੋਲੇ।** ਵੇਖੋ : 'ਉਤੋਂ ਬੀਬੀਆਂ ਦਾੜ੍ਹੀਆਂ ਵਿਚੋਂ ਕਾਲੇ ਕਾਂ'।

**ਭਾਵ:**— ਜਦ ਕੋਈ ਬਾਹਰੋਂ ਬੜਾ ਭਲਾਮਾਣਸ ਦਿਸੇ, ਪਰ ਮਨ ਦਾ ਬੜਾ ਭੈੜਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਬਈ ਮੈਨੂੰ ਨਹੀਂ ਸੀ ਪਤਾ ਗੁਪਾਲ ਉਤੋਂ ਆਲਾ ਭੋਲਾ ਤੇ ਵਿਚੋਂ ਬੰਬ ਦਾ ਗੋਲਾ ਨਿਕਲੇਗਾ। ਉਸਨੇ ਤਾਂ ਇਹ ਕੁਪਤ ਕਰਕੇ ਮੈਨੂੰ ਹੈਰਾਨ ਹੀ ਕਰ ਦਿਤਾ। (ਸੰਗ੍ਰ)

**ਉਤੋਂ ਹੋਇਆ ਸੋਤਾ, ਕੁਚੱਜੀ ਕੁੰਨਾ ਧੋਤਾ।**

**ਭਾਵ:**— ਸਮੇਂ ਸਿਰ ਕੰਮ ਨਾ ਕਰਨਾ ਪਰ ਸਮਾਂ ਆ ਬਣਨ ਤੇ ਜ਼ੋਰ ਲਾਉਣਾ।

**ਵਰਤੋਂ:**— ਮਾਸਟਰਿਆਣੀ—ਰਾਧਾ ਵੀ ਅਨੋਖੀ ਕੁੜੀ ਹੈ। ਕਦੀਂ ਸਮੇਂ ਸਿਰ ਕੰਮ ਨਹੀਂ ਕਰਦੀ। ਪਰ ਸਮਾਂ ਪੁਗਣ ਤੇ ਜਦ ਆਉਂਦਾ ਹੈ, ਹੱਥਾਂ ਪੈਰਾਂ ਦੀ ਪਾ ਦੇਂਦੀ ਹੈ। ਉਸ ਦੀ ਤਾਂ ਇਹ ਗਲ ਹੈ 'ਉਤੋਂ ਹੋਇਆ ਸੋਤਾ, ਕੁਚੱਜੀ ਕੁੰਨਾ ਧੋਤਾ'। (ਸੰਗ੍ਰ)

**ਉਤੋਂ ਤਲੇ ਨੰਗੇ ਹਾਂ, ਜਹਾਨ ਕੋਲੋਂ ਚੰਗੇ ਹਾਂ। ਸਿਰ ਗੁੰਦਾਇਆ ਰੰਗੇ ਦਾ ਤੇ ਆਟਾ ਨਹੀਂ ਡੰਗੇ ਦਾ।**

**ਭਾਵ:**— ਜਦ ਕਿਸੇ ਦੇ ਹਥ ਪਲੇ ਤਾਂ ਕੁਝ ਨਾ ਹੋਵੇ ਤੇ ਫੂੰ ਫਾਂ ਬਣਾਈ ਰਖਣ ਲਈ ਭਾਵੇਂ ਕਰਜ਼ਾ ਹੀ ਚੁਕਣਾ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਵੇਖਿਆ ਓਇ ਅਸਾਂ ਤੇਰਾ ਸ਼ਾਹੂਕਾਰ ਕਰਮ ਚੰਦ ਵੀ, ਅਖੇ, "ਉਤੋਂ ਤਲੋਂ ਨੰਗੇ ਹਾਂ ਜਹਾਨ ਕੋਲੋਂ ਚੰਗੇ ਹਾਂ, ਸਿਰ ਗੁੰਦਾਇਆ ਰੰਗੇ ਦਾ ਤੇ ਆਟਾ ਨਹੀਂ ਡੰਗੇ ਦਾ।" ਪਲੇ ਦੰਮੜੀ ਨਹੀਂ ਤੇ ਵੱਡਾ ਰਾਈਂਕੀਨ ਬਣਿਆ ਫਿਰਦਾ ਹੈ। (ਸੰਗ੍ਰ)

**ਉਤੋਂ ਬੀਬੀਆਂ ਦਾੜ੍ਹੀਆਂ, ਵਿੱਚੋਂ ਕਾਲੇ ਕਾਂ।**

**ਭਾਵ:**— ਜਿਹੜਾ ਬਾਹਰੋਂ ਤਾਂ ਬੜਾ ਚੰਗਾ ਲਗੇ, ਪਰ ਕੰਮ ਮਾੜੇ ਕਰੇ।

**ਵਰਤੋਂ:**— ਅੱਜ ਲੋਕਾਂ ਦੇ ਜੀਵਨ ਵਿਚ ਕੋਈ ਚਮਕ, ਗਰਮਾਇਸ਼ ਤੇ ਚਿਣਗ ਨਹੀਂ, ਐਵੇਂ ਜ਼ਬਾਨੀ ਜਮਾ ਖ਼ਰਚ ਹੀ ਸਭ ਕੁਝ ਹੈ। 'ਉਤੋਂ ਬੀਬੀਆਂ ਦਾੜ੍ਹੀਆਂ, ਵਿਚੋਂ ਕਾਲੇ ਕਾਂ'। (ਸੰਗ੍ਰ)

**(ੳ) ਉੱਥੇ ਜਾਈਂ ਭਲਿਆ ਜਿੱਥੇ ਪਿਉ ਤੇ ਦਾਦਾ ਚਲਿਆ। (ਅ) ਉੱਥੇ ਜਾਈਂ ਭਲਿਆ ਜਿੱਥੇ ਪਿਉ ਤੇ ਦਾਦਾ ਕਦੇ ਨਾ ਚਲਿਆ।**

**ਭਾਵ:**— (ੳ) ਆਪਣੇ ਵਡਿਆਂ ਦੀ ਰਹੁ-ਰੀਤੀ ਤੇ ਪਹਿਰਾ ਦੇਣਾ। (ਅ) ਆਪਣੇ ਵਡਿਆਂ ਦੀ ਰਹੁ-ਰੀਤੀ ਅਨੁਸਾਰ ਨ ਚਲਣਾ।

**ਵਰਤੋਂ:**— ਮਨ—(ਹਸਦਾ ਹੋਇਆ) ਮਾਤਾ ਜੀ! ਵਡਿਆਂ ਵਡੇਰਿਆਂ ਦੀ ਲੀਹ ਤੇ ਤੁਰਨਾ ਅਜ ਕਲ ਗੁਣ ਨਹੀਂ ਰਿਹਾ। ਤੁਸੀਂ ਸ਼ਾਇਦ ਸੁਣੇ ਨਹੀਂ ਹੋਣੇ। ਹੁਣ ਤਾਂ ਅਖਾਣ ਵੀ ਬਦਲ ਗਏ ਨੇ ਅਖੇ 'ਉਥੇ ਨਾ ਜਾਈਂ ਭਲਿਆ ਜਿਥੇ ਪਿਉ ਤੇ ਦਾਦਾ ਚਲਿਆ' ਹੁਣ ਲੋਕੀ ਬੜੇ ਸਿਆਣੇ ਹੋ ਗਏ ਨੇ। ਪਿਛੇ ਨਹੀਂ ਲਗਦੇ ਕਿਸੇ ਦੇ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਉੱਦਮ ਅੱਗੇ ਲਛਮੀ, ਪੱਖੇ ਅੱਗੇ ਪੌਣ ।**

**ਭਾਵ:**— ਜਦ ਕੋਈ ਕਿਸੇ ਕੰਮ ਵਿੱਚ ਨਿਰਾਸ਼ਾ ਪ੍ਰਗਟ ਕਰੇ ਤਦ ਉਸ ਨੂੰ ਉਦਮ ਦਿਵਾਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਭਗਤ ਜੀ—ਮਹਾਰਾਜ, ਸਾਰੇ ਧਨ ਲੈਕੇ ਨਹੀਂ ਜੰਮਦੇ, ਧਨ ਮਰਦਾਂ ਦੇ ਬਾਜ਼ੂਆਂ ਵਿਚ ਏ । ਕਹਿੰਦੇ ਨੇ ਨਾ ਭਾਈ ਉੱਦਮ ਅੱਗੇ ਲਛਮੀ, ਪੱਖੇ ਅੱਗੇ ਪੌਣ ।

(ਵਰ ਘਰ । ਈਸ਼ਵਰ ਚੰਦਰ ਨੰਦਾ)

**ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ।**

**ਭਾਵ :**— ਆਪਣਾ ਪੇਟ ਭਰਨ ਦੀ ਖਾਤਰ ਕਈ ਪਰਕਾਰ ਦੇ ਭੇਖ ਕਰਦੇ ਹਨ ।

**ਵਰਤੋਂ:**— ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥ ਉਦਰੈ ਕਾਰਣਿ ਆਪਣੇ ਬਹਲੇ ਭੇਖਿ ਕਰੇਨਿ ॥ ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥ ਭਾਲਿ ਲਹਨਿ ਸਹੁ ਆਪਣਾ ਨਿੱਜ ਘਰਿ ਰਹਣੁ ਕਰੇਨਿ ।

(ਗੁਰੂ ਗ੍ਰੰਥ : ਰਾਮ ਕਲੀ ਕੀ ਵਾਰ)

**ਉਧਰੋਂ ਤੀਵੀਂ ਵਿੱਗੜੀ, ਉਧਰੋਂ ਕਾਂ, ਕੁੱਤਾ, ਇਲ ਪੈ ਗਈ ।**

**ਭਾਵ:**— ਤੀਵੀਂ ਵਿਗੜੀ, ਜਾਂ ਬੇਸ਼ਰਮ ਹੋਈ ਨਹੀਂ ਕਿ ਕਿਸੇ ਹੋਰ ਨੇ ਸਾਂਭੀ ਨਹੀਂ ।

**ਵਰਤੋਂ:**— ਇਹ ਸਹੁਰੀ ਚੀਜ਼ ਹੀ ਐਹੋ ਜਿਹੀ ਹੈ । ਗਲ ਉਘੜੀ ਉਧਰੋਂ ਤੀਵੀਂ ਵਿਗੜੀ, ਉਧਰੋਂ ਕਾਂ, ਕੁੱਤਾ, ਇਲ ਪੈ ਗਈ ।

(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ)

**ਉਧਲ ਗਈਆਂ ਨੂੰ ਦਾਜ ਕੌਣ ਦਿੰਦਾ ਹੈ ?**

**ਭਾਵ:**— ਜਦ ਕੋਈ ਸਮੇਂ ਸਿਰ ਚੀਜ਼ ਲੈਣ ਤੋਂ ਘੁਸ ਜਾਏ ਤਾਂ ਉਸ ਨੂੰ ਫੇਰ ਕੌਣ ਚੀਜ਼ ਦਿੰਦਾ ਹੈ । ਜਿਹੜੀਆਂ ਆਪਣੇ ਯਾਰਾਂ ਨਾਲ ਚੋਰੀ ਨਿਕਲ ਜਾਣ, ਉਨ੍ਹਾਂ ਨੂੰ ਦਾਜ ਕੌਣ ਦਿੰਦਾ ਹੈ ।

**ਵਰਤੋਂ:**— ਹਿੰਮਤ ਸਿੰਘ : ਸਦਾ ਹਾਜ਼ਰ ਨੂੰ ਹੀ ਮਿਹਰ ਹੁੰਦੀ ਹੈ । ਉਧਲ ਗਈਆਂ ਨੂੰ ਦਾਜ ਕੌਣ ਦਿੰਦਾ ਹੈ ? (ਸੰਗ੍ਰ)

**ਉਧਾਰ ਦੀ ਮਾਂ ਮਰ ਗਈ !**

**ਭਾਵ:**— ਜਦ ਕੋਈ ਸ਼ਾਹੂਕਾਰ ਕਰਜ਼ਾਂ ਦੇਣ ਤੋਂ ਨਾਂਹ ਕਰੇ, ਤਦ ਉਸ ਨੂੰ ਪ੍ਰੇਰਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਇਕ ਜਟ—ਸ਼ਾਹ ਜੀ ! ਬੜੀਆਂ ਡੂੰਘੀਆਂ ਸੋਚਾਂ ਵਿਚ ਗੋਤੇ ਲਾਉਣ ਲਗ ਪਏ ਹੋ । ਕੀ ਉਧਾਰ ਦੀ ਕਿਤੇ ਮਾਂ ਤਾਂ ਨਹੀਂ ਮਰ ਗਈ ? ਤਕੜੇ ਹੋਵੋ, ਮੈਂ ਮੁਕਰ ਨਹੀਂ ਚਲਿਆ । (ਸੰਗ੍ਰ)

**ਉਧਾਰ (ਹੁਦਾਰ) ਦੇਇ, ਦੋਨੋਂ ਗਏ ।**

**ਭਾਵ:**— ਜਦ ਪਿਆਰ ਵਾਲੀ ਥਾਂ ਹੁਦਾਰ ਦੇਣ ਨਾਲ ਕੋਈ ਰੁਪਏ ਤੇ ਯਾਰੀ ਦੋਵੇਂ ਗਵਾ ਬੈਠੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਮਾਨ ਸਿੰਘ—ਵੇਖੋ ਜੀ, 'ਹੁਦਾਰ ਦੇਇ ਦੋਨੋਂ ਗਏ' । ਪਾਪੀ ਨੂੰ ਮਿਤਰ ਸਮਝ ਕੇ ਉਸ ਦੀ ਸਹਾਇਤਾ ਕੀਤੀ । ਹੁਣ ਸਾਨੂੰ ਮੂੰਹ ਨਹੀਂ ਲਾਉਂਦਾ । ਪੈਸੇ ਦੇਣੇ ਤਾਂ ਕਿਤੇ ਰਹੇ । (ਸੰਗ੍ਰ)

**ਉਧਾਰ ਦੇਣਾ, ਲੜਾਈ ਮੁਲ ਲੈਣੀ ।**

**ਭਾਵ:**— ਉਧਾਰ ਦੇਣਾ ਮਾੜਾ ਕੰਮ ਹੈ ।

**ਵਰਤੋਂ:**— ਭਾਈ—ਸ਼ਾਹ ਨੇ ਜਦੋਂ ਕਰਮ ਸਿੰਘ ਪਾਸੋਂ ਉਧਾਰ ਦੀ ਰਕਮ ਮੰਗੀ, ਉਹ ਅਗੋਂ ਲੜਨ ਨੂੰ ਪਿਆ । ਪਿਤਾ ਜੀ ਮੈਨੂੰ ਠੀਕ ਹੀ ਵਰਜਦੇ ਸਨ । ਭਈ ਉਧਾਰ ਦੇਣਾ ਲੜਾਈ ਮੁਲ ਲੈਣੀ ਹੈ । ਇਕ ਪਲਿਓਂ ਦਿਓ, ਦੂਜੇ ਝਿੜਕਾਂ ਸਹੋ । (ਸੰਗ੍ਰ)

**ਉਧਾਰ (ਹੁਦਾਰ) ਨਾ ਲਉ ਤੇ ਕਾਹਦਾ ਭਉ ? ਜਾਂ ਉਧਾਰ ਬੁਰੀ ਬਲਾ ਹੈ ।**

**ਭਾਵ:**— ਉਧਾਰ ਨਾ ਲੈਣ ਨਾਲ ਬੰਦਾ ਸੁਖਾਲਾ ਰਹਿੰਦਾ ਹੈ ।

**ਵਰਤੋਂ:**— ਰਘਬੀਰ ਸਿੰਘ—ਸੰਪੂਰਨ ਸਿੰਘ ਕਰਜ਼ਾ ਚੁੱਕ ਕੇ ਆਪਣੀ ਅਣਖ ਹੀ ਗੁਆ ਬੈਠਾ ਹੈ ।

ਸਿਆਣਿਆਂ ਨੇ ਸਚ ਕਿਹਾ ਹੈ 'ਉਧਾਰ ਨਾ ਲਉ ਤੇ ਕਾਹਦਾ ਭਉ' ਜੇ ਕਰਜ਼ਾ ਨਾ ਚੁਕਦਾ, ਤਦ ਨਾ ਕਿਸੇ ਦਾ ਭਉ ਹੁੰਦਾ ਤੇ ਨਾ ਅਣਖ ਹੀ ਗੁਆਉਂਦਾ। (ਸੰਗ੍ਰ)

**ਉਪਕਾਰੀ, ਧਰਮ-ਧਾਰੀ।**

**ਭਾਵ:**— ਉਪਕਾਰ ਕਰਨ ਵਾਲਾ ਧਰਮੀ ਹੁੰਦਾ ਹੈ।

**ਵਰਤੋਂ:**— ਗੰਡਾ ਸਿੰਘ—"ਪਈ ਉਪਕਾਰੀ, ਧਰਮ-ਧਾਰੀ"। ਜੋ ਕਿਸੇ ਦੀ ਵੇਲੇ ਸਿਰ ਮਦਦ ਨਹੀਂ ਕਰਦਾ, ਉਹ ਕਾਹਦਾ ਧਰਮੀ ਹੋਇਆ। (ਸੰਗ੍ਰ)

**ਉੱਪਰ ਕਾਨੇ, ਥੱਲੇ ਟੋਏ।**

**ਭਾਵ:**— ਜਿਹੜਾ ਬਾਹਰੋਂ ਸਾਫ਼ ਦਿਸੇ ਤੇ ਦਿਲੋਂ ਖੋਟਾ ਹੋਵੇ।

**ਵਰਤੋਂ:**— ਉੱਪਰ ਕਾਨੇ, ਥੱਲੇ ਟੋਏ,
ਝੂਠੇ ਸਾਕ ਬਣਾਏ ਹੋਏ।
(ਕੇਸਰ ਕਿਆਰੀ : ਧਨੀ ਰਾਮ ਚਾਤ੍ਰਿਕ)

**ਉਰਾਰ ਨਾ ਪਾਰ, ਵਿਚ ਮੰਝਦਾਰ।**

**ਭਾਵ:**— ਜਦ ਕੋਈ ਬ੍ਰਿਹੋਂ ਵਿਛੋੜੇ ਵਿਚ ਡਾਵਾਂ ਡੋਲ ਹੋਵੇ, ਕੰਢਾ ਦੂਰ ਜਾਪੇ ਤੇ ਹੌਲ ਉਠਦੇ ਹੋਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਇਸ ਗਲ ਬਾਰੇ ਤੁਹਾਡੀਆਂ ਬੜੀਆਂ ਦਲੀਲਾਂ ਸੁਣੀਆਂ ਹਨ, ਪਰ ਮੇਰੀ ਨਿਸ਼ਾ ਨਹੀਂ ਹੋਈ। ਮੇਰਾ ਤਾਂ ਹਾਲੀ ਤਕ ਉਹੀ ਹਾਲ ਹੈ, "ਉਰਾਰ ਨਾ ਪਾਰ, ਵਿਚ ਮੰਝਦਾਰ।" (ਸੰਗ੍ਰ)

**ਉਲਟਾ ਚੋਰ ਕੋਤਵਾਲ ਨੂੰ ਡੰਨੇ (ਡਾਂਟੇ)।** ਵੇਖੋ : 'ਅੰਧੇਰ ਪਿਆ ਸਰਕਾਰ ਕੂੰ, ਜੋ ਚੋਰ ਬਧੇ ਕੁਤਵਾਲ ਕੂੰ'।

**ਭਾਵ:**— ਜਦ ਝੂਠਾ ਆਦਮੀ ਸੱਚੇ ਨੂੰ ਮਾਰੇ ਤੇ ਆਪ ਸੱਚਾ ਜਾਂ ਚੰਗਾ ਬਣ ਬੈਠੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਗਿਆਨ ਸਿੰਘ—ਸਮੇਂ ਦਾ ਚਕਰ ਵੇਖੋ, 'ਸਾਧ ਬਝਦੇ ਤੇ ਚੋਰ ਛੁਟਦੇ ਹਨ।' ਉਲਟਾ ਚੋਰ ਕੁਤਵਾਲ ਨੂੰ ਡੰਨੇ (ਡਾਂਟੇ)। ਝੂਠੇ ਸਚੇ ਬਣ ਬਣ ਪਏ ਬਹਿੰਦੇ ਹਨ। (ਸੰਗ੍ਰ)

**ਉਲਟੀ ਗੰਗਾ ਪਹੋਏ ਨੂੰ।** ਜਾਂ **ਉਲਟੀ ਗੰਗਾ ਪਹਾੜਾਂ ਨੂੰ।**

**ਭਾਵ:**— ਜਦ ਕੋਈ ਕਰਨ ਕੁਝ ਲਗੇ ਤੇ ਰਸਤੇ ਕਿਸੇ ਉਲਟੇ ਪੈ ਜਾਵੇ।

**ਵਰਤੋਂ:**— ਰਾਮ : ਉਸ ਨੇ ਇਕਰਾਰ ਤਾਂ ਇਹ ਕੀਤਾ ਸੀ ਕਿ ਜਦ ਤਕ ਮੇਰੀ ਜਾਨ ਹੈ, ਮੈਂ ਉਹਦੀ ਰਖਿਆ ਕਰਾਂਗਾ, ਪਰ ਹੁਣ ਤਾਂ ਉਲਟੀ ਗੰਗਾ ਪਹੋਏ ਨੂੰ। ਉਹ ਤਾਂ ਉਸ ਦੇ ਵੈਰੀਆਂ ਨਾਲ ਰਲ ਕੇ ਉਸ ਨੂੰ ਤੰਗ ਕਰ ਰਿਹਾ ਹੈ। (ਸੰ)

**ਉਲਟੀ ਗੰਗ ਵਹਾਈਉਨ।**

**ਭਾਵ:**— ਉਹ ਕੰਮ ਕੀਤਾ ਜਿਹੜਾ ਕਿਸੇ ਨਹੀਂ ਸੀ ਅਗੇ ਕੀਤਾ।

**ਵਰਤੋਂ:**— 'ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ। ਉਲਟੀ ਗੰਗ ਵਹਾਈਉਨ ਗੁਰੂ ਅੰਗਦ ਸਿਰ ਉਪਰ ਧਾਰਾ॥
(ਵਾਰਾਂ : ਭਾਈ ਗੁਰਦਾਸ ਜੀ)

**ਉਲਟੀ ਗੰਗਾ ਜੇ ਵਗੇ, ਕੋਹਲੀ ਬੰਸ ਨਾ ਹਾਰੇ।**

**ਭਾਵ:**— ਕੋਹਲੀ, ਖੁਖਰਾਣਾ ਦੀ ਇਕ ਜ਼ਾਤ ਹੈ। ਕੋਹਲੀ ਜ਼ਾਤ ਦਾ ਹੱਠੀ ਸੁਭਾ ਦਸਿਆ ਹੈ।

**ਵਰਤੋਂ:**— ਰਾਮ ਰਖੀ—ਭਾਈ ਜੀ! ਭਸੀਣਾਂ ਨੂੰ ਕਿਉਂ ਨਿਰਾ ਨਿੰਦਦੇ ਹੋ? ਤੁਸੀਂ ਕੋਹਲੀ ਕੋਈ ਘਟ ਜ਼ਿੱਦੀ ਹੋ। 'ਉਲਟੀ ਗੰਗਾ ਜੇ ਵਗੇ, ਕੋਹਲੀ ਬੰਸ ਨਾ ਹਾਰੇ। (ਸੰਗ੍ਰ)

**ਉਲਟੀ ਵਾੜ ਖੇਤ ਕਉ ਖਾਈ।**

**ਭਾਵ:**— ਜਦ ਹਾਕਮ ਪਰਜਾ ਦੇ ਰਾਖੇ ਹੋਣ ਦੀ ਥਾਂ ਉਲਟਾ ਪਰਜਾ ਉਪਰ ਜ਼ੁਲਮ ਕਰਨ ਉਤੇ ਲੱਕ ਬੰਨ੍ਹ ਲੈਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— 'ਕਲ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ। ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ।'
(ਵਾਰਾਂ : ਭਾਈ ਗੁਰਦਾਸ ਜੀ, ਵਾਰ ੧)

**ਉਲਟੇ ਬਾਂਸ ਬਰੇਲੀ ਨੂੰ ।** ਜਾਂ
**ਉਲਟਾ ਲੂਣ ਮਖੱਡੀਂ (ਮਿਆਣੀ)**

**ਭਾਵ:—** ਜਿੱਥੇ ਅਗੇ ਹੀ ਕੋਈ ਚੀਜ਼ ਬੜੀ ਵਾਧੂ ਹੋਵੇ ਤੇ ਕੋਈ ਉਸੇ ਥਾਂ ਉਹ ਵਸਤੂ ਹੋਰ ਘਲੇ ਜਾਂ ਲੈ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਮੇਰੇ ਮਿੱਤਰ ਨੇ ਸਹਾਰਨਪੁਰ ਜਾਣਾ ਸੀ। ਕਹਿਣ ਲਗਾ, "ਆਪਣੇ ਮਿੱਤਰਾਂ ਵਾਸਤੇ ਅੰਬਾਂ ਦਾ ਇਕ ਟੋਕਰਾ ਲਈ ਜਾਵਾਂ ।" ਮੈਨੂੰ ਹਾਸਾ ਆ ਗਿਆ ਤੇ ਕਿਹਾ, 'ਉਲਟੇ ਬਾਂਸ ਬਰੇਲੀ ਨੂੰ' । 'ਸਹਾਰਨਪੁਰ ਤਾਂ ਅਗੇ ਹੀ ਅੰਬਾਂ ਦਾ ਘਰ ਹੈ ।' (ਸੰ)

**ਉਲਰ ਬਾਂਹ ਸੁਲਖਣੀ, ਵਿਚੋਂ ਪੱਛੀ ਸਖਣੀ ।**

**ਭਾਵ:—** ਉਤੋਂ ਉਤੋਂ ਕੁਝ ਦਸਣਾ ਤੇ ਵਿਚੋਂ ਕੁਝ ਵੀ ਨਾ ਹੋਣਾ ।

**ਵਰਤੋਂ:—** ਚਾਚੀ—ਰਹਿਮਤੋ ਨੇ ਤਾਂ ਹੱਦ ਹੀ ਕਰ ਦਿਤੀ ਹੈ । ਅਖੇ 'ਉਲਰ ਬਾਂਹ ਸੁਲਖਣੀ, ਵਿੱਚੋਂ ਪੱਛੀ ਸਖਣੀ ।' ਨਿਰਾ ਟਰਾਂ ਹੀ ਮਾਰਦੀ ਹੈ । ਹੱਥ ਪਲੇ ਤਾਂ ਸੁਣਿਆ ਹੈ, ਕੁਝ ਵੀ ਨਹੀਂ । (ਸੰਗ੍ਰ)

**ਊਈ ਦੀ ਤੂਈ ਬਨਾਉਣੀ ।** ਵੇਖੋ : ਗਲ ਦਾ ਗਲੈਣ ਬਣਾਉਣਾ ।

**ਭਾਵ:—** ਜਦ ਕੋਈ ਕਿਸੇ ਗਲ ਨੂੰ ਐਵੇਂ ਹੀ ਵਧਾਈ ਜਾਵੇ, ਤਦ ਉਸ ਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ:—** 'ਐਵੇਂ ਊਈ ਦੀ ਤੂਈ ਨਹੀਂ ਬਣਾਈ ਦੀ', ਗਲ ਸਮੇਟਣੀ ਚਾਹੀਦੀ ਹੈ । (ਸੰਗ੍ਰ)

**ਉਹੋ ਬਾਹੀ, ਜਿਹੜੀ ਘੋਲ ਘਾਲ ਲਾਹੀ ।** ਜਾਂ

**ਉਹੋ ਬਾਹੀ, ਜਿਹੜੀ ਪਹਿਨ ਕੇ ਲਾਹੀ ।**

**ਭਾਵ:—** ਜਦ ਕੋਈ ਮਨੁੱਖ ਕਿਸੇ ਨੂੰ ਕੋਈ ਚੀਜ਼ ਚੰਗੀ ਤੇ ਵਧੀਆ ਸਮਝ ਕੇ ਭੇਟ ਕਰੇ, ਪਰ ਉਹ ਅਗੋਂ ਉਸ ਤੋਂ ਅੱਕਿਆ ਬੈਠਾ ਹੋਵੇ, ਤਦ ਇਹ ਅਖਾਣ ਵਰਤਿਆ ਜਾਂਦਾ ਹੈ ।

**ਵਰਤੋਂ:—** ਕਰਮੋ ਨੇ ਸ਼ੀਲੋ ਨੂੰ ਮਿਹਣਾ ਮਾਰਿਆ, "ਭੈਣੇ ! ਤੂੰ ਕੀ ਕੀਤਾ ! ਦੇਣੀ ਸੀ ਤਾਂ ਨਵੀਂ ਛਤਰੀ ਦਿੰਦੀ, ਮੇਰੀ ਧੀ ਇਸ ਪੁਰਾਣੀ ਛਤਰੀ ਦੇ ਲਾਇਕ ਸੀ । ਉਹੋ ਬਾਹੀ ਜਿਹੜੀ ਪਹਿਨ ਕੇ ਲਾਹੀ ।" (ਸੰ)

**ਊਚਾ ਚੜੈ, ਸੁ ਪਵੈ ਪਇਆਲਾ ।**
(ਗੁਰੂ ਗਰੰਥ ਆਸਾ ਮ: ੫)

**ਭਾਵ:—** ਹੰਕਾਰਿਆ ਸੋ ਮਾਰਿਆ। ਘਮੰਡੀ ਦਾ ਸਿਰ ਨੀਵਾਂ ।

**ਵਰਤੋਂ:—** ਹਿਟਲਰ ਨੇ ਵੀ ਹੰਕਾਰ ਦੀ ਅੱਤ ਚੁਕੀ ਹੋਈ ਸੀ । ਅਖੇ ਸਾਰੇ ਯੂਰਪ ਨੂੰ ਨਿਵਾ ਕੇ ਛਡਣਾ ਹੈ ਪਰ 'ਊਚਾ ਚੜੈ ਸੁ ਪਵੈ ਪਇਆਲਾ' ਅੰਤ ਉਸ ਨੂੰ ਮੂੰਹ ਦੀ ਖਾਣੀ ਪਈ । (ਸੰਗ੍ਰ)

**ਊਠ ਅੜਾਉਂਦੇ ਹੀ ਲਦੀਂਦੇ ਹਨ ।**

**ਭਾਵ:—** ਜਦ ਕੰਮ ਵੇਲੇ ਕੋਈ ਆਦਮੀ ਚੀਕਦਾ ਹੀ ਰਹੇ ਅਤੇ ਕੰਮ ਲੈਣ ਵਾਲਾ ਚੀਕ ਚਿਹਾੜੇ ਦੀ ਪ੍ਰਵਾਹ ਨਾ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਇਹ ਤਾਂ ਮੰਨਿਆ, ਸੁੰਦਰ ਕੰਮ ਦਿਲ ਲਾ ਕੇ ਨਹੀਂ ਕਰਦਾ, ਪਰ ਊਠ ਅੜਾਉਂਦੇ ਹੀ ਲਦੀਂਦੇ ਹਨ । ਤੁਸੀਂ ਉਸ ਦੀ ਬੇ-ਦਿਲੀ ਦੀ ਪ੍ਰਵਾਹ ਨਾ ਕਰਕੇ ਕੰਮ ਲਈ ਜਾਉ । (ਸੰਗ੍ਰ)

**ਊਠ ਕਣਕੀ ਛੇੜੀਏ, ਚੁਣ ਜਵਾਰੀ ਖਾਏ ।** ਜਾਂ

**ਊਠ ਕਣਕਾ ਛੇੜੇ, ਵਤ ਜਵਾਂ ਨੂੰ ਖਾਹ ।**

**ਭਾਵ:—** ਜਦ ਕਿਸੇ ਨੂੰ ਉਸ ਦੀ ਆਦਤ ਤੋਂ ਰੋਕੀਏ ਤੇ ਮੁੜ ਮੁੜ ਉਹ ਉਹੀ ਕੰਮ ਕਰੇ (ਜਿਵੇਂ ਊਠ ਨੂੰ ਕਣਕ ਦੇ ਖੇਤ ਵਿਚੋਂ ਕਢੋ, ਪਰ ਉਹ ਮੁੜ ਤਾਰੇ ਮੀਰੇ ਤੇ ਹੀ ਆ ਪਵੇਗਾ), ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ**:— ਜਿਉਂ ਊਠੇ ਦਾ ਖਾਵਣਾ, ਪਰ ਹਰ ਕਣਕ ਜਵਾਹਾਂ ਖਾਵੇ।

(ਵਾਰਾਂ : ਭਾਈ ਗੁਰਦਾਸ ਜੀ)

## ਊਠ ਕਿਸ ਘੜੀ (ਪਾਸੇ) ਬਹੂ ?

**ਭਾਵ**:— ਜਦ ਕਿਸੇ ਗਲ ਦਾ ਠੀਕ ਬਹੁ ਪਤਾ ਨਾ ਲਗੇ ਕਿ ਕਿਹੜੇ ਵੇਲੇ ਹੋਵੇਗੀ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਕੀ ਜਾਣੀਏ ਊਠ ਕਿਸ ਘੜੀ ਬਹੂ, ਅਜੇ ਵਿਆਹ ਦੀ ਵਾਟ ਤਾਂ ਲੰਮੜੀ ਏ। ਵਾਰਸ-ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ ਕਿਸੇ ਪਲੇ ਨਾ ਬਧੜੀ ਦਮੜੀ ਏ। (ਹੀਰ ਵਾਰਸ ਸ਼ਾਹ)

## ਊਠ ਖਾਲੀ ਭੀ ਅੜਾਵੇ ਤੇ ਲਦਿਆ ਭੀ।

**ਭਾਵ**:— ਜਦ ਕੋਈ ਹਰ ਹਾਲਤ ਵਿਚ ਚੀਕਦਾ ਹੀ ਰਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਕਰਤਾਰ ਸਿੰਘ ਦਾ ਕੀ ਹਾਲ ਦਸੀਏ। 'ਊਠ ਖਾਲੀ ਭੀ ਅੜਾਏ ਤੇ ਲਦਿਆ ਭੀ' ਧਨ ਆਵੇ ਤਾਂ ਭੀ, ਨਾ ਆਵੇ ਤਾਂ ਭੀ ਰੋਂਦਾ ਹੀ ਰਹਿੰਦਾ ਹੈ। (ਸੰਗ੍ਰ)

## ਊਠ ਚਾਲੀ ਤੇ ਬੋਤਾ ਬਤਾਲੀ (ਜਾਂ ਪੰਜਤਾਲੀ)

**ਭਾਵ**:— ਜਦ ਪਿਉ ਨਾਲੋਂ ਪੁੱਤਰ ਵਧ ਜਾਵੇ ਜਾਂ ਚੰਗੀ ਚੀਜ਼ ਨਾਲੋਂ ਮਾੜੀ ਚੀਜ਼ ਦਾ ਮੁੱਲ ਵਧ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਖੇਮ ਚੰਦ ਤਾਂ ਜੂਏ ਬਾਜ਼ ਹੀ ਸੀ, ਪੁਤਰ ਉਸ ਦਾ ਸ਼ਰਾਬੀ ਵੀ ਹੈ ਤੇ ਰੰਡੀਆ ਦੇ ਵੀ ਜਾਂਦਾ ਹੈ। 'ਊਠ ਚਾਲੀ ਤੇ ਬੋਤਾ ਬਤਾਲੀ'। (ਸੰ)

## ਊਠ ਚੰਗਾ ਮਾਲ, ਖਟੇ ਸੋਨਾ ਤੇ ਖਾਏ ਜਾਲ।

**ਭਾਵ**:— ਊਠ ਬੜਾ ਚੰਗਾ ਜਨੌਰ ਹੈ। ਧਨ ਬੜਾ ਕਮਾ ਦੇਂਦਾ ਹੈ, ਤੇ ਖਾਂਦਾ ਝਾੜੀਆਂ ਤੇ ਕੰਡੇ ਹੈ।

**ਵਰਤੋਂ**:— ਸਰਦਾਰ ਜੀ—ਤੁਹਾਡਾ ਮੋਹਣਾ ਤਾਂ ਊਠ ਵਰਗਾ ਮਾਲ ਹੈ, ਖਟਦਾ ਸੋਨਾ ਤੇ ਖਾਂਦਾ ਜਾਲ ਹੈ। ਢੇਰ ਕੰਮ ਕਰਦਾ ਹੈ, ਕਮਾਊ ਵੀ ਬੜਾ ਹੈ, ਪਰ ਖਰਚ ਬੜਾ ਹੀ ਘਟ ਕਰਦਾ ਹੈ। (ਸੰਗ੍ਰ)

## ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲਾ ਹੋ ਜਾਊ ?

**ਭਾਵ**:— ਜਦ ਕਿਸੇ ਦੇ ਬਹੁਤ ਸਾਰੇ ਧੰਦਿਆਂ ਜਾਂ ਕੰਮਾਂ ਵਿਚੋਂ ਥੋੜਾ ਜਿਨਾ ਕੰਮ ਘਟਾ ਦੇਣ ਨਾਲ ਕੁਝ ਨਾ ਸੌਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਬੂਟਾ ਸਿੰਘ—"ਸਰਦਾਰ ਜੀ, ਹੁਣ ਤਾਂ ਕਾਕਾ ਹੱਥ ਵਟਾਉਣ ਜੋਗਾ ਹੋ ਗਿਆ ਹੈ। ਹੁਣ ਤਾਂ ਅਰਾਮ ਕੀਤਾ ਕਰੋ" ਸਰਦਾਰ ਜੀ ਨੇ ਉੱਤਰ ਵਿਚ ਕਿਹਾ, "ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲਾ ਹੋ ਜਾਊ ? ਕਾਕਾ ਕਿੰਨਾ ਕੁ ਸਾਡਾ ਹਥ ਵਟਾਏਗਾ ? (ਸੰ)

## ਊਠ ਤੇ ਚੜ੍ਹੀ ਨੂੰ ਕੁੱਤਾ ਲੜ ਜਾਊ ?

**ਭਾਵ** :— ਜਦ ਕਿਸੇ ਨੂੰ ਪੂਰਾ ਪੂਰਾ ਸੁੱਖ ਹੁੰਦਿਆ ਵੀ ਦੁਖ ਪੁਜਣ ਦਾ ਸ਼ਕ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਸ਼ਾਂਤੀ : ਸੁਭਦ੍ਰਾ ! 'ਊਠ ਤੇ ਚੜ੍ਹੀ ਨੂੰ ਕੁੱਤਾ ਕਿਵੇਂ ਲੜ ਜਾਊ ?' ਤੇਰਾ ਐਨਾ ਪ੍ਰਤਾਪ ਹੈ, ਤੈਨੂੰ ਕੌਣ ਦੁਖੀ ਕਰਨ ਦਾ ਹੀਆ ਕਰ ਸਕਦਾ ਹੈ ? (ਸੰਗ੍ਰ)

## ਊਠ ਤੇ ਚੜ੍ਹੇ ਨੂੰ ਦੋ ਦੋ ਦਿਸਦੇ ਹਨ।

**ਭਾਵ**:— ਜਦ ਕਿਸੇ ਅਮੀਰ ਨੂੰ ਸਾਰੇ ਹੀ ਸੁਖੀ ਜਾਪਣ ਤੇ ਗਰੀਬਾਂ ਦੀ ਉਹ ਸਾਰ ਨਾ ਲਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਮਾਸੀ—ਬੀਬੀ ਜੀ, ਸੱਚ ਹੈ, ਊਠ ਤੇ ਚੜ੍ਹੇ ਨੂੰ ਦੋ ਦੋ ਦਿਸਦੇ ਹਨ। ਉਸ ਨੂੰ ਸੁੱਖ ਨਾਲ ਸਾਰੇ ਸੁਖ ਪ੍ਰਾਪਤ ਜੋ ਹੋਏ। ਉਹ ਗਰੀਬਣੀ ਦੀ ਕਿਉਂ ਵਾਤ ਪੁੱਛੇ ? (ਸੰਗ੍ਰ)

**ਊਠ ਦਾ ਮੂੰਹ ਕੀ ਜਾਣੀਏ, ਕਿਧਰ ਉਠੇ ?** ਵੇਖੋ : 'ਊਠ ਕਿਸ ਘੜੀ ਬਹੇਗਾ ?'

**ਭਾਵ:**— ਵੇਖੀਏ ਸਮਾਂ ਕਿਹੜਾ ਪਾਸਾ ਪਲਟਦਾ ਹੈ ? ਜਾਂ ਕੀ ਵਾਪਰਦਾ ਹੈ ?

**ਵਰਤੋਂ:**— ਧਰਮ ਸਿੰਘ ਅਜ ਸੰਸਾਰ ਦੀਆਂ ਅਖਾਂ ਬਰਲਨ ਵਲ ਲਗੀਆਂ ਹੋਈਆਂ ਹਨ । 'ਊਠ ਦਾ ਮੂੰਹ ਕੀ ਜਾਣੀਏ ਕਿਧਰ ਉਠੇ' ਰਬ ਦੀ ਕੁਦਰਤ ਬੇਅੰਤ ਹੈ । (ਸੰਗ੍ਰ)

**ਊਠ ਦੇ ਗਲ ਟੱਲੀ ।**

**ਭਾਵ:**— ੧) ਜਦ ਵਿਹਾਂਦੜ ਕੁੜੀ ਛੋਟੀ ਹੋਵੇ ਤੇ ਮੁੰਡਾ ਚੰਗੇ ਕਦ-ਬੁਤ ਦਾ ਹੋਵੇ । ੨) ਜਦ ਜੁਆਨ ਕੁੜੀ ਨੂੰ ਲਾਲਚ ਦੇ ਵਸ ਆਕੇ ਮਾਪੇ ਕਿਸੇ ਬੁਢੇ ਧਨਾਢ ਨਾਲ ਵਿਆਹ ਦੇਣ ।

**ਵਰਤੋਂ:**— ਮੇਰੇ ਪਤੀ ਦੀ ਉਮਰ ਮੇਰੇ ਬਾਪੂ ਨਾਲੋਂ ਬਹੁਤ ਵੱਡੀ ਸੀ । ਉਨ੍ਹਾਂ ਦੇ ਭਰਵਟੇ ਤਕ ਚਿੱਟੇ ਸਨ ।—ਪਰ ਕੀ ਤੁਹਾਡੀ ਜ਼ਾਤ ਬਰਾਦਰੀ ਨੇ ਵੀ ਇਹ ਨਾ ਪੁਛਿਆ ਕਿ ਉਹ ਕਿਉਂ 'ਊਠ ਦੇ ਗਲ ਟਲੀ' ਬਨ੍ਹ ਰਿਹਾ ਹੈ ?

(ਚਿੱਟਾ ਲਹੂ : ਨਾਨਕ ਸਿੰਘ)

**ਊਠ ਦੇ ਮੂੰਹ ਜੀਰਾ । ਜਾਂ ਊਠ ਦੇ ਮੂੰਹ ਗੁੜਤੀ ।**

**ਭਾਵ:**— ਜਦ ਕਿਸੇ ਪੇਟੂ ਦੇ ਅਗੇ ਬੜੀ ਹੀ ਥੋੜੀ ਚੀਜ਼ ਰਖੀ ਜਾਵੇ ਜਾਂ ਅਜੇਹੀ ਥਾਂ ਕੋਈ ਚੀਜ਼ ਘਲੀ ਜਾਵੇ ਜਿੱਥੇ ਉਸ ਦੀ ਕਦਰ ਬੜੀ ਘਟ ਹੋਵੇ ।

**ਵਰਤੋਂ:**— ਨਗਾਂ ਉਤੇ ਵੀ ਬਹੁਤ ਲਾਗਤ ਲਗੀ ਸੀ, ਪਰ ਵੇਚਣ ਲਗਿਆਂ ਤਾਂ ਸਰਾਫਾਂ ਨੇ ਇਨ੍ਹਾਂ ਕਚਕਿਜਿਆਂ ਦਾ ਧੇਲਾ ਡਬਲ ਨਹੀਂ ਦੇਣਾ । ਸਗੋਂ ਉਲਟਾ ਜਿਸ ਗਹਿਣੇ ਵਿਚ ਇਕ ਤੋਲਾ ਨਗ ਹੋਣਗੇ, ਉਸ ਦੀ ਥਾਂ ਉਨ੍ਹਾਂ ਨੇ ਢਾਈ ਤੋਲੇ ਕਾਟ ਕਟ ਲੈਣੀ ਹੈ । ਸੋ ਇਸ ਲੇਖੇ ਤਾਂ ਊਠ ਦੇ ਮੂੰਹ ਜੀਰੇ ਵਾਲੀ ਗਲ ਬਣੇਗੀ ।

(ਕਾਗਤਾਂ ਦੀ ਬੇੜੀ : ਨਾਨਕ ਸਿੰਘ)

**ਊਠ ਦੇ ਨਕ ਨਕੀਰੀਆਂ (ਨਕੇਲ)**

**ਭਾਵ:**— ਜਦ ਕੋਈ ਅੜਬ ਪੁਰਸ਼ ਕਿਸੇ ਵਿਉਂਤ ਨਾਲ ਕਾਬੂ ਆ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਜੋਗੀ ਨਾਲ ਨਸੀਹਤਾਂ ਹੋ ਜਾਵੇ, ਜਿਵੇਂ ਊਠ ਦੇ ਨਕ ਨਕੀਰੀਆਂ ਜੀ ।

(ਹੀਰ ਵਾਰਸ ਸ਼ਾਹ)

**ਊਠ ਨਾ ਰੰਨੇ, ਬੋਰੇ ਰੁੰਨੇ । ਜਾਂ ਊਠ ਨਾ ਕੁੱਦੇ, ਬੋਰੇ ਕੁੱਦੇ ।**

**ਭਾਵ:**— ਜਦ ਚੰਗਾ ਪੁਰਸ਼ ਕਿਸੇ ਗਲੋਂ ਚੁਪ ਰਹੇ ਤੇ ਮੰਦਾ ਬਹੁਤ ਰੌਲਾ ਪਾਵੇ ਜਾਂ ਜਿਸਦਾ ਗਲ ਬਾਤ ਕਰਨ ਦਾ ਬਹੁਤਾ ਹੱਕ ਹੋਵੇ ਉਹ ਤਾਂ ਚੁਪ ਰਹੇ ਤੇ ਦੂਜੇ ਖਾਹ ਮਖ਼ਾਹ ਦਖ਼ਲ ਦੇਣ ਲਗ ਪੈਣ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਜਿਸ ਦੇ ਬੋਲਣ ਦਾ ਹਕ ਹੈ ਉਹ ਤਾਂ ਚੁਪ ਹੈ ਪਰ ਰਾਮਿਆਂ ਤੇਰੀ ਜ਼ਬਾਨ ਐਵੇਂ ਚਲੀ ਜਾਂਦੀ ਹੈ । ਇਹ ਤਾਂ ਉਹ ਗਲ ਹੋਈ ਅਖੇ ਊਠ ਨਾ ਕੁੱਦੇ ਬੋਰੇ ਕੁੱਦੇ । (ਸੰ)

**ਊਠਾ ! ਲਹਾਈ ਭਲੀ ਕਿ ਚੜ੍ਹਾਈ ? ਆਖੇ ਹਰ ਦੂ ਲਾਅਨਤ ।**

**ਭਾਵ:**— ਜਦ ਆਪਣੇ ਨਿਤ ਦੇ ਕਰਤਵ ਤੋਂ ਉਲਟ ਦੋਹਾਂ ਹਾਲਤਾਂ ਵਿਚ ਦੁਖ ਮਹਿਸੂਸ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— (੧) ਇਹ ਤਾਂ ਊਠ ਵਾਲਾ ਹਿਸਾਬ ਹੈ । ਕਿਸੇ ਉਸ ਤੋਂ ਪੁਛਿਆ ਸੀ ਕਿ ਤੈਨੂੰ ਲਹਾਈ ਭਲੀ ਕਿ ਚੜ੍ਹਾਈ ? ਉਸ ਕਿਹਾ ਕਿ ਹਰਦੂ ਲਾਅਨਤ । ਅੜੀ ਖੋੜੇ ਤਾਂ ਦੋਹਾਂ ਹਾਲਤਾਂ ਵਿਚ ਹਨ । ਪਰ ਓੜਕ ਓਹੋ ਚੰਗਾ ਸਮਝੋ ਜਿਸ ਵਿਚ ਆਪਣੇ ਰਾਜ ਦਾ ਹਿਤ ਵੀ ਹੋਵੇ ।

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

(੨) ਸੋ ਇਹ ਤਾਂ ਊਠ ਵਾਲੀ ਗਲ ਹੈ ਜਿਸ ਲਈ ਚੜ੍ਹਾਈ ਨੂੰ ਵੀ ਲਾਅਨਤ ਤੇ ਲਹਾਈ ਨੂੰ ਵੀ

ਲਾਅਨਤ। ਖੂਨ ਨਾਲ ਖੂਨ ਨਾ ਕਦੀ ਧੋਤਾ ਜਾ ਸਕਿਆ ਹੈ, ਨਾ ਧੋਤਾ ਜਾਵੇਗਾ।

(ਲੋਕ ਸਹਿਤ, ਅਪ੍ਰੈਲ ੧੯੫੦-ਨਾਨਕ ਸਿੰਘ)

**ਊਠਾਂ ਵਾਲਿਆਂ ਨਾਲ ਦੋਸਤੀ ਤੇ ਦਰਵਾਜ਼ੇ ਨੀਵੇਂ।**

**ਭਾਵ:**— ਜਦ ਕੋਈ ਯਰਾਨਾ ਤਾਂ ਬੜੇ ਵਡਿਆਂ ਨਾਲ ਗੰਢੇ, ਪਰ ਖਰਚ ਕਰਨ ਸਮੇਂ ਚੀਕੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਸਰਾਫ਼: ਸਰਦਾਰ ਜੀ! ਵਿਆਹ ਕਰਨਾ ਸਰਦਾਰ ਸੋਭਾ ਸਿੰਘ ਦੇ ਘਰ ਤੇ ਕੰਜੂਸੀ ਏਨੀ, ਅਖੇ ਕੜੇ ਨਹੀਂ ਘੜਾਨੇ। ਦੋਸਤੀ ਊਠਾਂ ਵਾਲਿਆਂ ਨਾਲ ਲਾਕੇ ਦਰਵਾਜ਼ੇ ਨੀਵੇਂ ਨਹੀਂ ਰਖਣੇ ਚਾਹੀਦੇ। (ਸੰਗ੍ਰ)

**ਊਠਾਂ ਵਾਲੇ ਸਦਾ ਦਵਾਲੇ, ਮਹੀਆਂ ਵਾਲੇ ਅੱਧੇ। ਭੇਡਾਂ ਵਾਲੇ ਸਦਾ ਸੁਖਾਲੇ, ਜਿਨਾ ਗਏ ਰੁਪਈਏ ਲਧੇ।**

**ਭਾਵ:**— ਜਦ ਛੋਟੇ ਤੇ ਨੀਵੇਂ ਬਣਕੇ ਸੁਖ ਜਾਪੇ ਅਤੇ ਵਡੇ ਬਣੇ ਰਹਿਣ ਵਿਚ ਦੁਖ, ਤਦ ਇਹ ਅਖਾਣ ਵਰਤਦੇ ਹਨ। ਅਰਥਾਤ ਮੋਏ ਊਠ ਦਾ ਕੁਝ ਨਹੀਂ ਵਟੀਂਦਾ। ਮੱਝ ਦਾ ਊਠ ਨਾਲੋਂ ਕੁਝ ਵਧੇਰੇ ਪਰ ਭੇਡਾਂ ਦਾ ਮਾਸ, ਉਨ ਅਤੇ ਖਲ ਵੇਚ ਕੇ ਚੋਖੇ ਪੈਸੇ ਵਟੇ ਜਾਂਦੇ ਹਨ।

**ਵਰਤੋਂ:**— ਬੁੱਧਾਂ—ਮਾਈ ਸੁੱਧੀ ਗ਼ਰੀਬੀ ਵਿਚ ਬੜੀ ਸੁਖੀ ਜਾਪਦੀ ਸੀ; ਪਰ ਜਦ ਤੋਂ ਇਹਦਾ ਪੁਤ ਧਨ ਕਮਾਉਣ ਲਗਾ ਹੈ, ਇਹ ਬੜੀ ਔਖੀ ਤੇ ਚਿੰਤਾਤੁਰ ਜਾਪਦੀ ਹੈ। ਭਾਗ ਭਰੀ ਨੇ ਕਿਹਾ ਭੈਣ ਗਲ ਹੈ ਭੀ ਠੀਕ। "ਊਠਾਂ ਵਾਲੇ ਸਦਾ ਦਵਾਲੇ, ਮਹੀਆਂ ਵਾਲੇ ਅਧੇ। ਭੇਡਾਂ ਵਾਲੇ ਸਦਾ ਸੁਖਾਲੇ ਜਿਨ੍ਹਾਂ ਗਏ ਰੁਪਈਏ ਲਧੇ" ਵਡਪਣੇ ਵਿਚ ਦੁਖ ਤੇ ਚਿੰਤਾ ਵਧਦੀ ਹੈ। (ਸੰਗ੍ਰ)

**ਊਠਾਂ ਵਿਚੋਂ ਭੇਡ ਸਿਵਾਣਨ ਵਾਲਾ**

**ਭਾਵ:**— ਜਦ ਕਿਸੇ ਨੂੰ ਕਿਸੇ ਕੰਮ ਦੀ ਸਮਝ ਤਾਂ ਉਕੀ ਨਾ ਹੋਵੇ, ਪਰ ਸਿਆਣਾ ਬਣ ਬਣ ਦਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਉਸਤਾਦ—ਜਾਹ ਓਇ ਪਰ੍ਹੇ, ਅਰਾਮ ਨਾਲ ਬੈਠ, ਆ ਗਿਆ ਸਿਆਣਾ ਵਡਾ 'ਊਠਾਂ ਵਿਚੋਂ ਭੇਡਾਂ ਸਿਵਾਣਨ ਵਾਲਾ'। (ਸੰਗ੍ਰ)

**ਊਣਾ ਹੋਇਆ ਖੜ ਖੜ ਬੋਲੇ, ਭਰਿਆ ਹੋਏ ਤਾਂ ਕਦੀ ਨਾ ਡੋਲੇ।**

**ਭਾਵ:**— ਜਦ ਕੋਈ ਘਟੀਆ ਹੋ ਕੇ ਵੀ ਵਡਾ ਬਣ ਬਣ ਬਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:** – ਰਾਮ ਸਿੰਘ—'ਊਣਾ ਖੜ ਖੜ ਬੋਲੇ। ਭਰਿਆ ਕਦੀ ਨਾ ਡੋਲੇ'। ਉਸਦੇ ਹਥ ਪਲੇ ਤਾਂ ਜੋ ਹੈ, ਉਹ ਤੁਹਾਨੂੰ ਪਤਾ ਹੀ ਹੈ, ਪਰ ਹੈਂਕੜ ਝਲੀ ਨਹੀਂ ਜਾਂਦੀ। (ਸੰਗ੍ਰ)

**ਊਣੇ ਭਾਂਡੇ ਹੀ ਛਲਕਦੇ ਹਨ।**

**ਭਾਵ:**— ਜਦ ਕਿਸੇ ਦੇ ਹੱਥ ਪਲੇ ਤਾਂ ਕੁਝ ਨਾ ਹੋਵੇ, ਪਰ ਵਡਾ ਬਣ ਬਣ ਦਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:** ਸੁਭਦਰਾ ਵਿਚਾਰੀ ਚੁਪ ਸੀ। ਉਹ ਗਿਆਨਵਾਨ ਸੀ, ਇਸ ਲਈ ਉਸ ਨੇ ਨਾ ਬੋਲਣਾ ਹੀ ਚੰਗਾ ਸਮਝਿਆ। ਪਰ ਉਸ ਦੀ ਸੱਸ ਕੌੜੀ ਨੇ ਬੜਾ ਰੌਲਾ ਪਾਇਆ, ਬਿਨਾਂ ਕਿਸੇ ਖ਼ਾਸ ਕਾਰਨ ਦੇ ਉਸ ਨੂੰ ਅਤੇ ਉਸ ਦੇ ਮਾਪਿਆਂ ਨੂੰ ਗਾਹਲਾਂ ਕਢੀਆਂ। ਸੁਭਦਰਾ ਦਾ ਸਹੁਰਾ ਬਹੁਤ ਚੰਗਾ ਆਦਮੀ ਸੀ। ਕਹਿਣ ਲਗਾ, "ਸੁਭਦਰਾ ਪੁੱਤਰ! ਤੂੰ ਹੀ ਸਬਰ ਕਰ। ਇਹ ਤਾਂ ਕੁੱਤੀ ਕੁਪੱਤੀ ਹੈ, ਊਣੇ ਭਾਂਡੇ ਹੀ ਛਲਕਦ ਹਨ।" (ਸੰ:)

**'ਊਂਧੈ ਭਾਂਡੈ ਟਿਕੈ ਨਾ ਕੋਇ ॥'**

(ਗੁਰੂ ਗਰੰਥ-ਗਉੜੀ ਗੁਆਰੇਰੀ)

**ਭਾਵ:**— ਅਮੋੜ ਨੂੰ ਕੋਈ ਸਿਖਿਆ ਨਹੀਂ ਪੋਂਹਦੀ।

**ਵਰਤੋਂ:**— ਜਦ ਤੋੜੀ ਇਹ ਸਿਧਾ ਨਹੀਂ ਹੁੰਦਾ, ਇਸ ਨੇ ਕੋਈ ਗਲ ਨਹੀਂ ਸਿਖਣੀ। 'ਊਂਧੈ ਭਾਂਡੈ ਟਿਕੈ ਨਾ ਕੋਇ।' (ਸੰਗ੍ਰ)

**ਓ ਤੂੰ ਆਪਣੀ ਨਿਬੇੜ ਤੈਨੂੰ ਹੋਰ ਨਾਲ ਕੀ, ਓ ਤੂੰ ਗਠੜੀ ਸੰਭਾਲ ਤੈਨੂੰ ਚੋਰ ਨਾਲ ਕੀ?**

**ਭਾਵ:**— ਤੂੰ ਆਪਣੇ ਕੰਮ ਨਾਲ ਮਤਲਬ ਰਖ। ਦੂਜਿਆਂ ਦਾ ਫ਼ਿਕਰ ਨਾ ਕਰ।

**ਵਰਤੋਂ:**— ਕੈਦੋ—ਅਸਾਂ ਆਪਣੇ ਨਸ਼ੇ ਪਾਣੀ ਨਾਲ ਮਤਲਬ ਰਖਿਆ ਹੋਇਆ ਏ। ਅਖੇ

ਆਪਣੀ ਨਿਬੇੜੇ ਤੈਨੂੰ ਹੋਰ ਨਾਲ ਕੀ ਕਿ ਤੂੰ ਗਠੜੀ ਸੰਭਾਲ ਤੈਨੂੰ ਚੋਰ ਨਾਲ ਕੀ ?

(ਹੀਰ ਸਿਆਲ : ਸ਼ਰਫ਼)

**ਓਹ ਇਕੋ ਆਵੇ ਦੇ ਭਾਂਡੇ ਹਨ।** ਜਾਂ **ਓਹ ਇਕੋ ਸੰਨ ਦੇ ਚੋਰ ਹਨ।** ਜਾਂ **ਓਹ ਇਕੋ ਥੈਲੀ ਦੇ ਚੱਟੇ ਵੱਟੇ ਹਨ।**

**ਭਾਵ:**— ਜਦ ਕਿਸੇ ਟੋਲੇ ਜਾਂ ਜੱਥੇ ਦੇ ਮੈਂਬਰ ਵਿਚੋਂ ਆਪਸ ਵਿਚ ਮਿਲੇ ਹੋਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਸਰਦਾਰ ਜੀ ! ਕੀ ਚਰਨ ਸਿੰਘ ਤੇ ਕੀ ਉਸਦੇ ਮਿੱਤਰ ਸਭੇ ਇਕੋ ਆਵੇ ਦੇ ਭਾਂਡੇ ਹਨ। ਕਿਸ ਕਿਸ ਨੂੰ ਆਖੋਗੇ ? (ਸੰਗ੍ਰ)

**ਓਹ ਕੀ ਦੇਊ ਮਾਧੋ, ਜਿਨ ਪਿੰਨ ਗਲੋਲਾ ਖਾਧੋ।**

**ਭਾਵ:**— ਜਦ ਕੋਈ ਕਿਸੇ ਅਜੇਹੇ ਮਨੁਖ ਪਾਸੋਂ ਕਿਸੇ ਕਿਸਮ ਦੀ ਉੱਚੀ ਆਸ ਰਖੇ ਜਿਹੜਾ ਦੂਜਿਆਂ ਪਾਸੋਂ ਮੰਗ ਪਿੰਨ ਕੇ ਆਪਣਾ ਝਟ ਟਪਾਉਂਦਾ ਹੈ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਰਜੋ – ਉਹ ਕੀ ਕਰੇਗਾ ਸਹਾਇਤਾ ਕਿਸੇ ਦੀ, ਸਰਦਾਰ ਜੀ ! ਉਹ ਤਾਂ ਮਰ ਮਰ ਕੇ ਝਟ ਲੰਘਾਉਂਦਾ ਹੈ। 'ਉਹ ਕੀ ਦੇਊ ਮਾਧੋ, ਜਿਨ ਪਿੰਨ ਗਲੋਲਾ ਖਾਧੋ'। (ਸੰਗ੍ਰ)

**ਓਹਦਾ ਸਿਰ, ਉਸੇ ਦੀਆਂ ਜੁੱਤੀਆਂ।**

**ਭਾਵ:**— ਜਦ ਕਿਸੇ ਦਾ ਕੰਮ ਉਸਦੇ ਆਪਣੀ ਹੱਥੀਂ ਵਿਗੜ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਤੁਹਾਥੋਂ ਹੀ ਰੁਪਇਆ ਲੈ ਕੇ ਤੁਹਾਡੇ ਨਾਂ ਤੇ ਠੇਕਾ ਲਿਆ ਸੀ। ਜੇ ਇਸ ਵਿਚ ਘਾਟਾ ਪੈ ਗਿਆ ਹੈ, ਤਾਂ ਸਾਨੂੰ ਕੀ ? ਤੁਹਾਡੀਆਂ ਹੀ ਜੁੱਤੀਆਂ ਤੇ ਤੁਹਾਡਾ ਹੀ ਸਿਰ। (ਸੰਗ੍ਰ)

**ਓਹਨਾਂ ਨਾਲ ਸ਼ਰੀਕਾ ਕਾਹਦਾ, ਰੱਬ ਜਿਨ੍ਹਾਂ ਦੀਆਂ ਮੰਨੇ।**

**ਭਾਵ:**— ਜਦ ਕੋਈ ਆਪਣੇ ਨਾਲੋਂ ਤਕੜੇ ਨਾਲ ਟਾਕਰਾ ਕਰਨ ਕਰਕੇ ਹਾਰ ਜਾਵੇ ਅਤੇ ਆਪਣੀ ਦੁਖ-ਰੋਣੀ ਕਿਸੇ ਪਾਸ ਕਰੇ, ਤਦ ਤਸਲੀ ਦੇਣ ਲਈ ਦੂਜਾ ਇਹ ਅਖਾਣ ਵਰਤਦਾ ਹੈ।

**ਵਰਤੋਂ:**— ਮਾਲਵਿੰਦਰ—ਅਜ ਕਲ ਉਸਦੀ ਗੁੱਡੀ ਅਸਮਾਨ ਤੇ ਚੜ੍ਹੀ ਹੋਈ ਏ, ਜੋ ਚਾਹੇ ਕਰ ਸਕਦਾ ਹੈ। ਉਸ ਨਾਲ ਮੱਥਾ ਲਾਉਣ ਦਾ ਕੀ ਲਾਭ ? ਓਹਨਾਂ ਨਾਲ ਸ਼ਰੀਕਾ ਕਾਹਦਾ, ਰਬ ਜਿਨ੍ਹਾਂ ਦੀਆਂ ਮੰਨੇ। (ਸੰਗ੍ਰ)

**(ਓਹੀ) ਮੁੰਨੀ ਦੇ ਦੋ ਕਪੜੇ, ਸੁੱਥਣ ਨਾੜਾ ਹੱਥ।**

**ਭਾਵ:**— ਜਦ ਕਿਸੇ ਦੀ ਹਾਲਤ ਵਿਚ, ਖੁਸ਼ੀ ਹੋਵੇ ਜਾਂ ਗ਼ਮੀ, ਕੋਈ ਫ਼ਰਕ ਨਾ ਜਾਪੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਉਹ ਜਦ ਕਲਰਕ ਸੀ, ਤਾਂ ਭੀ ਉਹਦਾ ਇਹੋ ਖੁਥੜ ਜਿਹਾ ਹਾਲ ਸੀ ਅਤੇ ਹੁਣ ਜੇ ਅਫ਼ਸਰੀ ਮਿਲ ਗਈ ਸੂ ਤਾਂ ਭੀ ਓਹੋ 'ਮੁਨੀ ਦੇ ਦੋ ਕਪੜੇ, ਸੁੱਥਣ ਨਾਲਾ ਹੱਥ।' (ਸੰਗ੍ਰ)

**ਓਹੀ ਲਾਹ, ਜਿਹੜਾ ਪੇਟ ਗਰਾਹ।**

**ਭਾਵ:**— ਜੋ ਢਿੱਡ ਵਿਚ ਪੈ ਜਾਵੇ, ਉਹ ਹੀ ਚੰਗਾ ਹੈ। ਜਾਂ ਜੋ ਚੀਜ਼ ਕਾਬੂ ਵਿਚ ਆ ਜਾਵੇ, ਓਹੀ ਠੀਕ ਹੈ।

**ਵਰਤੋਂ:**— ਸ਼ਾਹ ਜੀ, ਸਾਡੇ ਲਈ ਤਾਂ 'ਉਹੀ ਲਾਹ, ਜਿਹੜਾ ਪੇਟ ਗਰਾਹ'। ਸਾਨੂੰ ਕੀ, ਦੂਜਿਆਂ ਕੋਲ ਕਿੰਨਾ ਹੀ ਧਨ ਹੋਵੇ। (ਸੰ)

**ਓਹੀਓ ਮਿੱਠਾ ਜਿਹੜਾ ਬੁਲਾ ਨਾ ਡਿੱਠਾ।** ਵੇਖੋ : ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ।

**ਭਾਵ**— ਜਦ ਕੋਈ ਪੁਰਸ਼ ਇਕ ਮਾੜੇ ਆਦਮੀ ਦੀ ਉਸਤਤੀ ਉਸ ਦੇ ਵਾਕਫ਼ਕਾਰ ਅਗੇ ਕਰੇ, ਤਦ ਉਹ ਅਗੋਂ ਇਹ ਅਖਾਣ ਵਰਤਦਾ ਹੈ।

**ਵਰਤੋਂ:**— ਕਈ ਸਜਣ ਜੀਤ ਸਿੰਘ ਦੀ ਉਸਤਤੀ ਪਏ ਕਰਦੇ ਸਨ ਪਰ ਇਕ ਵਾਕਫ਼ਕਾਰ ਨੇ ਕਿਹਾ : ਭਾਈ ਛਡੋ ਇਨ੍ਹਾਂ ਗੱਲਾਂ ਨੂੰ 'ਓਹੀਓ ਮਿੱਠਾ ਜਿਹੜਾ ਬੁਲਾ ਨਾ ਡਿੱਠਾ।' (ਸੰਗ੍ਰ)

**ਓਹੋ ਤੁਣਤੁਣੀ, ਓਹੀਓ ਰਾਗ।**

**ਭਾਵ:**— ਜਦ ਕੋਈ ਘੜੀ ਮੁੜੀ ਓਹੀ ਗਲ ਕਰੇ, ਜਿਸ ਤੋਂ ਉਸਨੂੰ ਵਰਜਿਆ ਜਾਵੇ,

ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਬਥੇਰਾ ਵਰਜਿਆ ਮੁੰਡੇ ਨੂੰ, ਪਰ ਉਸ ਦੀ 'ਓਹੀ ਤੂਣਤੂਣੀ ਤੇ ਓਹੀ ਰਾਗ' ਹੈ। ਉਨਾਂ ਹੀ ਕੁਲਖਣਿਆਂ ਦੀ ਸੰਗਤ ਕਰਦਾ ਹੈ, ਉਵੇਂ ਹੀ ਅੱਧੀ ਅੱਧੀ ਰਾਤ ਤਕ ਘਰ ਨਹੀਂ ਆਉਂਦਾ। (ਸੰਗ੍ਰ)

**ਓਛੀ ਪੂੰਜੀ ਖਸਮਾਂ ਖਾਈ।**

**ਭਾਵ**:— ਜਦ ਥੋੜੇ ਪੈਸਿਆਂ ਦੇ ਕਾਰਨ ਵਪਾਰੀ ਤਬਾਹ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਦੁਕਾਨ ਤਾਂ ਮੈਂ ਪਾ ਬੈਠਾ, ਪਰ 'ਓਛੀ ਪੂੰਜੀ ਖਸਮਾਂ ਖਾਈ' ਵਾਲੀ ਗਲ ਹੋਈ। ਨਫ਼ਾ ਤਾਂ ਕੀ ਹੋਣਾ ਸੀ, ਮੂਲ ਤੋਂ ਵੀ ਹਥ ਧੋਣੇ ਪਏ। (ਸੰਗ੍ਰ)

**ਓੜਕ ਬੱਚਾ ਮੂਲਿਆ! ਤੂੰ ਹੱਟੀ ਬਹਿਣਾ।**

**ਭਾਵ**:— ਜਦ ਕੋਈ ਪੁਰਸ਼ ਨਵੇਂ ਅਰੰਭੇ ਕੰਮਾਂ ਵਿਚ ਅਸਫਲ ਹੋ, ਮੁੜ ਆਪਣੇ ਪਿਉ ਦਾਦੇ ਵਾਲਾ ਜਾਂ ਪੁਰਾਣਾ ਕੰਮ ਕਰਨ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਜਦ ਚੌਧਰੀ ਕਰਮ ਸਿੰਘ ਵਾਹੀ ਦਾ ਕੰਮ ਛਡ ਕੇ ਨੌਕਰੀ ਨੂੰ ਚਲਿਆ ਸੀ ਤਾਂ ਮੈਂ ਉਦੋਂ ਹੀ ਕਹਿ ਦਿੱਤਾ ਸੀ ਕਿ 'ਓੜਕ ਬੱਚਾ ਮੂਲਿਆ ਤੂੰ ਹੱਟੀ ਬਹਿਣਾ', ਸੋ ਉਹੀ ਗਲ ਹੋਈ ਹੈ, ਭੌਂ ਚੌਂ ਕੇ ਮੁੜ ਘਰ ਆ ਵੜਿਆ ਹੈ। (ਸੰ)

**ਉਂਗਲ ਉਂਗਲ ਨੇੜੇ, ਚੱਪਾ ਚੱਪਾ ਦੂਰ।** ਜਾਂ

**ਉਂਗਲ ਉਂਗਲ ਵੇਰਵਾ, ਚੱਪੇ ਚੱਪੇ ਵਿੱਥ।**

**ਭਾਵ**:— ਨਿੱਕੇ ਨਿੱਕੇ ਥਾਂ ਰਤੀ ਵੀ ਦੂਰ ਹੋਣ, ਉਥੇ ਵੀ ਕੁਝ ਨਾ ਕੁਝ ਫ਼ਰਕ ਪੈ ਜਾਂਦਾ ਹੈ।

**ਵਰਤੋਂ**:— ਕਾਕਾ ਸਿੰਘ—ਗਲ ਤਾਂ ਕੁਝ ਵੀ ਨਹੀਂ। ਨਾਂ ਮਾਤਰ ਹੀ ਫ਼ਰਕ ਹੈ, ਪਰ ਤਾਇਆ ਜੀ ਸਚੇ ਹਨ, 'ਉਂਗਲ ਉਂਗਲ ਵੇਰਵਾ, ਚਪੇ ਚਪੇ ਵਿੱਥ' ਭਾਵੇਂ ਮਾਮੂਲੀ ਹੀ ਸਹੀ, ਪਰ ਫ਼ਰਕ ਪੈਣ ਦਾ ਡਰ ਤਾਂ ਹੈ ਨਾ। (ਸੰਗ੍ਰ)

**ਉਂਗਲੀ ਫੜ, ਪੋਂਚਾ ਫੜਨਾ।**

**ਭਾਵ**:— ਜਦ ਕੋਈ ਕਿਸੇ ਦੀ ਥੋੜੀ ਜਿਹੀ ਮਦਦ ਕਰਨ ਤੇ ਦੂਣੀ ਮਦਦ ਹਾਸਲ ਕਰ ਲਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਮੈਂ ਤੁਹਾਡੀ ਉਂਗਲੀ ਫੜੀ, ਤੁਸਾਂ ਪੋਂਚਾ ਫੜ ਲਿਆ। ਸਜਣ ਜੇ ਬਾਂਹ ਦਏ, ਤਾਂ ਸਾਰੀ ਨਹੀਂ ਨਿਗਲ ਲਈਦੀ। (ਸੰਗ੍ਰ)

**ਉਂਗਲ ਵੱਢੀ, ਚੀਚੀ ਵੱਢੀ, ਸਾਡੇ ਸਾਥੀ ਹੋਰ ਰਲੇ।**

**ਭਾਵ**:— ਜਦ ਕਿਸੇ ਐਬੀ ਨੂੰ ਆਪਣੇ ਵਰਗੇ ਹੋਰ ਸਾਥੀ ਮਿਲ ਜਾਣ, ਤਦ ਉਹ ਇਹ ਅਖਾਣ ਵਰਤਦਾ ਹੈ।

**ਵਰਤੋਂ**:— ਚਰਸੀ ਨੂੰ ਚਰਸੀ ਮਿਲੇ, ਭੰਗੀ ਨੂੰ ਭੰਗੀ। ਮਿਲਦੀ ਏ ਚੋਜ਼ ਸਾਨੂੰ ਵੀ ਓਹੀ ਜਿਹੜੀ ਦਿਲ ਨੇ ਸੀ ਮੰਗੀ। ਉਂਗਲ ਵੱਢੀ, ਚੀਚੀ ਵੱਢੀ, ਸਾਡੇ ਸਾਥੀ ਹੋਰ ਰਲੇ। ਸਾਨੂੰ ਹੁਣ ਕਾਹਦਾ ਗ਼ਮ ਏ? (ਸੰਗ੍ਰ)

## ਅ

**ਅਉਸਰ ਚੁਕਾ ਹੱਥ ਨਾ ਆਵੇ।**

**ਭਾਵ**:— ਬੀਤ ਚੁਕਾ ਸਮਾਂ ਹੱਥ ਨਹੀਂ ਆਉਂਦਾ।

**ਵਰਤੋਂ**:— ਤ੍ਰਿਹੁ ਜੁਗਾਂ ਕੇ ਕਰਮ ਕਰ ਜਨਮ ਮਰਨ ਸੰਸਾ ਨਾ ਚੁਕਾਵੈ। ਫਿਰ ਕਲਿਜੁਗ ਅੰਦਰ ਦੇਹ ਧਰ ਕਰਮਾਂ ਅੰਦਰ ਫੇਰ ਫਸਾਵੈ। ਅਉਸਰ ਚੁੱਕਾ ਹੱਥ ਨਾ ਆਵੈ।

(ਵਾਰਾਂ: ਭਾਈ ਗੁਰਦਾਸ ਜੀ, ਵਾਰ ੧)

**'ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰ ਨ ਰਹਾਇ॥'**

**ਭਾਵ**:— ਹੋਰ ਕਿਸੇ ਦੇ ਮਰਨ ਤੇ ਮੈਨੂੰ ਰੋਣ ਦੀ ਲੋੜ ਨਹੀਂ, ਜਦ ਆਪ ਵੀ ਥਿਰ ਨਹੀਂ ਰਹਿਣਾ।

**ਵਰਤੋਂ**:— 'ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰ ਨਾ ਰਹਾਇ॥ ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ॥'

(ਗੁਰੂ ਗ੍ਰੰਥ: ਗਉੜੀ ਕਬੀਰ ਜੀ)

**ਅਸਮਾਨ ਕਤੂਰੇ ਭੌਂਕਦੇ ਨੇ।** ਜਾਂ **ਅਸਮਾਨ ਕਤੂਰੇ ਭੌਂਦੇ ਨੇ।**

**ਭਾਵ:—** ਜਿਸ ਦੀ ਨਿਗਾਹ ਹੈਂਕੜ ਨਾਲ ਅਸਮਾਨ ਤੇ ਚੜ੍ਹੀ ਰਹੇ, ਉਸ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ:—** ਨੰਬਰਦਾਰ: ਓਏ ਕਰਮੂੰ! ਹਰ ਵੇਲੇ ਹੈਂਕੜ ਵਿਚ ਨਾ ਰਿਹਾ ਕਰ। ਹਰ ਗੱਲ ਦੀ ਅੱਤ ਮਾੜੀ ਹੁੰਦੀ ਹੈ। ਧਰਤੀ ਨੂੰ ਨਾ ਛਡੀ ਜਾ। ਅਸਮਾਨ ਤੇ ਕਤੂਰੇ ਭੌਂਕਦੇ ਨਹੀਂ ਸੋਭਦੇ। (ਸੰ)

**ਅਸਮਾਨ ਦਾ ਥੁੱਕਿਆ ਮੂੰਹ ਤੇ।** ਜਾਂ **ਅਸਮਾਨ ਦਾ ਥੁੱਕਿਆ ਆਪਣੇ ਤੇ ਪੈਂਦਾ ਏ।** ਵੇਖੋ: ਚੰਨ ਦਾ ਥੁੱਕਿਆ ਮੂੰਹ ਤੇ

**ਭਾਵ:—** ਜਦ ਕੋਈ ਕਿਸੇ ਵਿਦਵਾਨ ਜਾਂ ਗੁਣਵਾਨ ਨੂੰ ਐਵੇਂ ਹੀ ਊਜਾਂ ਪਿਆ ਲਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:—** ਰਾਧਾ ਰਾਮ ਜੀ! ਭਲੇ ਪੁਰਸ਼ਾਂ ਦੀ ਨਿੰਦਿਆ ਦਾ ਕੋਈ ਲਾਭ ਨਹੀਂ। ਅਸਮਾਨ ਤੇ ਥੁੱਕਿਆ ਮੂੰਹ ਤੇ ਹੀ ਪੈਂਦਾ ਹੈ। ਉਨ੍ਹਾਂ ਦੀ ਕੁਝ ਹਾਨੀ ਨਹੀਂ ਹੁੰਦੀ। ਆਪਣਾ ਹੀ ਹੋਛਾ-ਪਨ ਦਿਸਦਾ ਹੈ। (ਸੰਗ੍ਰ)

**ਅਸਮਾਨੋਂ ਡਿੱਗਾ, ਖਜੂਰ ਤੇ ਅਟਕਿਆ (ਅੜਿਆ)**

**ਭਾਵ:—** ਜਦ ਕੋਈ ਇਕ ਬਿਪਤਾ ਵਿਚੋਂ ਨਿਕਲ ਕੇ ਦੂਜੀ ਵਿਚ ਫਸ ਜਾਵੇ।

**ਵਰਤੋਂ:—** ਅਜੇ ਮੋਹਨ ਸਿੰਘ ਕਤਲ ਦੇ ਮੁਕਦਮੇ ਵਿਚੋਂ ਬਰੀ ਹੋਇਆ ਹੀ ਸੀ ਕਿ ਉਹਦੇ ਵਡੇ ਭਰਾ ਦੀ ਚਾਣਚਕ ਮੌਤ ਨਾਲ ਸਾਰੇ ਘਰ ਦੀ ਜ਼ਿਮੇਵਾਰੀ ਉਹਦੇ ਉਤੇ ਆ ਪਈ। ਵਿਚਾਰਾ ਇਕ ਬਿਪਤਾ ਚੋਂ ਨਿਕਲਿਆ ਸੀ ਕਿ ਦੂਜੀ ਬਿਪਤਾ ਸਿਰ ਤੇ ਆ ਪਈ। ਅਸਮਾਨੋਂ ਡਿਗਾ ਖਜੂਰ ਤੇ ਅੜਿਆ। (ਸੰ:)

**ਅਸਮਾਨੋਂ ਡਿੱਗੀ, ਭੁੰ ਭੜਿੱਚੀ।**

**ਭਾਵ:—** ਜਦ ਕੋਈ ਪੁਰਸ਼ ਕਿਸੇ ਉੱਚੀ ਪਦਵੀ ਤੋਂ ਹਟ ਕੇ ਕਿਸੇ ਨੀਵੀਂ ਥਾਂ ਉਤੇ ਲਗ ਜਾਏ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:—** ਹਰੀ ਚੰਦ ਸਾਰੇ ਇਲਾਕੇ ਦਾ ਅਫ਼ਸਰ ਸੀ। ਵੇਖੋ ਕਿਸਮਤ ਦੇ ਗੇੜ, ਇਕ ਮੁਕੱਦਮਾ ਬਣਨ ਨਾਲ ਨੌਕਰੀ ਭੀ ਗਈ ਤੇ ਧਨ ਭੀ। ਅਜ ਤਾਂ ਉਸ ਨਾਲ 'ਅਸਮਾਨੋਂ ਡਿੱਗੀ, ਭੂੰ ਭੜਿੱਚੀ' ਵਾਲੀ ਗਲ ਬਣੀ ਹੈ।

**ਅਸਮਾਨੋ ਟਾਕੀ ਲਾਵੇ ਤੇ ਲਾਹਵੇ।**

**ਭਾਵ:—** ਜਦ ਕੋਈ ਬੜਾ ਹੀ ਚਲਾਕ ਹੋਵੇ, ਤਦ ਵਰਤਦੇ ਹਨ।

**ਵਰਤੋਂ:—** ਬੰਤੇ ਦੀ ਧੀ ਚਲਾਕੜੀ ਜਿਹੀ ਸੀ 'ਅਸਮਾਨੋਂ ਟਾਕੀ ਲਾਵੇ ਤੇ ਲਾਹਵੇ' ਤੇ ਕਿਸੇ ਨੂੰ ਪਤਾ ਵੀ ਨਾ ਲਗੇ।

(ਅਦਬੀ ਅਫ਼ਸਾਨੇ—ਜੋ: ਫ਼ਜ਼ਲ-ਦੀਨ)

**ਅਸਾਂ ਪਾੜਿਆ, ਤੁਸੀਂ ਸੀਓ।**

**ਭਾਵ:—** ਜਦ ਕੋਈ ਕਿਸੇ ਕੰਮ ਨੂੰ ਵਿਗਾੜੇ ਤਾਂ ਆਪ, ਪਰ ਉਸ ਦੇ ਸੰਵਾਰਨ ਲਈ ਹੋਰ ਕਿਸੇ ਨੂੰ ਆਖੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:—** ਪਿਉ ਮਾਂ ਤੂੰ ਸਾਡੀ ਸਹਿਤੀ, ਲਜਾ ਤੋਂ ਗਲ ਹੋਈ। ਪਾੜਿਆ ਅਸਾਂ, ਸੀਆ ਜਿਉ ਜਾਣੈ, ਸਾਡਾ ਹੋਰ ਨਾ ਕੋਈ॥ (ਹੀਰ ਦਮੋਦਰ)

**ਅਸੀਂ ਤਾਂ ਚੀਮੇ ਚੱਠੇ, ਖਾਉਣ ਨੂੰ ਵਖ ਵਖ, ਲੜਨ ਨੂੰ ਇਕਠੇ।**

**ਭਾਵ:—** ਚੀਮਿਆਂ ਤੇ ਚੱਠਿਆਂ ਦੀਆਂ ਜ਼ਾਤਾਂ ਦਾ ਸੁਭਾਓ ਦਸਿਆ ਹੈ ਜਾਂ ਜਦ ਕੋਈ ਪੁਰਸ਼ ਵਖੋ ਵਖ ਹੁੰਦੇ ਹੋਏ ਵੀ ਔਕੜ ਵਿਚ ਮਿਲ ਜਾਣ।

**ਵਰਤੋਂ:—** ਚੌਧਰੀ—ਇਹ ਚਾਰ ਭਰਾ ਵੀ ਅਨੋਖੇ ਸੁਭਾ ਦੇ ਹਨ। ਜਦ ਕੋਈ ਉਨ੍ਹਾਂ ਵਿਚੋਂ ਕਿਸੇ ਵਲ ਵੀ ਉਂਗਲ ਕਰੇ ਤਾਂ ਸਾਰੇ ਇਕੱਠੇ ਹੋ ਜਾਂਦੇ ਹਨ। ਭਾਵੇਂ ਉਂਞ ਇਕ ਦੂਜੇ ਨੂੰ ਪੁੱਛਣ ਤਕ ਵੀ ਨਾ, ਅਖੇ 'ਅਸੀਂ ਤਾਂ ਚੀਮੇ ਚੱਠੇ, ਖਾਣ ਨੂੰ ਵਖ ਵਖ, ਲੜਨ ਨੂੰ ਇਕੱਠੇ। (ਸੰਗ੍ਰ)

**ਅਸੀ ਖਤੇ ਬਹੁਤੁ ਕਮਾਵਦੇ।**

**ਭਾਵ:—** ਅਸੀਂ ਬੇਅੰਤ ਭੁੱਲਾਂ ਕਰਦੇ ਹਾਂ।

**ਵਰਤੋਂ**:— 'ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥'

(ਗੁਰੂ ਗ੍ਰੰਥ : ਸਲੋਕ ਮ: ੩)

### ਅਸੀਂ ਚਲਦੇ ਭਲੇ ਤੇ ਤੁਸੀਂ ਵਸਦੇ ਭਲੇ।

**ਭਾਵ**:— ਜਦ ਕਿਸੇ ਪਾਸੋਂ ਵੱਡੀ ਸਾਰੀ ਆਸ ਰਖਕੇ ਕੋਈ ਚੀਜ਼ ਮੰਗੀ ਜਾਵੇ ਤੇ ਉਹ ਅਗੋਂ ਔਕੜਾਂ ਦਸੇ ਤਾਂ ਮੰਗਣ ਵਾਲਾ ਅੱਕ ਕੇ ਟੁਰਨ ਸਮੇਂ ਇਹ ਅਖਾਣ ਵਰਤਦਾ ਹੈ।

**ਵਰਤੋਂ**:— ਰਾਂਝਾ—ਨਾਥ ਜੀ ! ਪਿਆਰੀ ਹੀਰ ਤੇ ਮੇਰੀਆਂ ਅਖਾਂ ਦਾ ਸੁਰਮਾਂ ਜੇ; ਉਹਨੂੰ ਵੇਖਣ ਤੋਂ ਬਿਨਾ ਅੱਖੀਆਂ ਨੇ ਕਦੀਤ ਨਹੀਂ ਜੇ ਰਹਿਣਾ। ਜੇਕਰ ਮੇਰੀ ਇਹ ਬੇਨਤੀ ਪ੍ਰਵਾਨ ਕਰ ਲਉ, ਤਾਂ ਤੇ ਤੁਸਾਡਾ ਜੋਗ ਮੈਨੂੰ ਮਨਜ਼ੂਰ, ਨਹੀਂ ਤਾਂ ਆਹ ਆਪਣੀਆਂ ਮੁੰਦਰਾਂ ਲਾਹ ਲਓ ਤੇ ਮੇਰੇ ਕੰਨ ਉਸੇ ਤਰ੍ਹਾਂ ਸਾਬਤ ਸਬੂਤ ਕਰ ਦਿਉ। ਅਸੀਂ ਚਲਦੇ ਭਲੇ ਤੇ ਤੁਸੀਂ ਵਸਦੇ ਭਲੇ।

(ਹੀਰ ਸਿਆਲ—ਸ਼ਰਫ਼)

### ਅਸੂ ਮਾਹ ਨਿਰਾਲੇ, ਦਿਨੇ ਧੁੱਪ ਤੇ ਰਾਤੀ ਪਾਲੇ।

**ਭਾਵ**:— ਅਸੂ ਦੇ ਮਹੀਨੇ ਰਾਤ ਦਿਨ ਦੀ ਗਰਮੀ ਵਿਚ ਬੜਾ ਫਰਕ ਹੋ ਜਾਂਦਾ ਹੈ। ਦਿਨ ਨੂੰ ਧੁੱਪ ਚੰਗੀ ਕੜਕਵੀਂ ਲਗਦੀ ਹੈ ਤੇ ਰਾਤ ਨੂੰ ਚੰਗੀ ਠੰਡ ਹੋ ਜਾਂਦੀ ਹੈ। ਜਾਂ ਕਿਸੇ ਦੇ ਨਿਤ ਬਦਲਦੇ ਸੁਭਾ ਨੂੰ ਵੇਖਕੇ ਵੀ ਵਰਤਦੇ ਹਨ।

**ਵਰਤੋਂ**:— ਬਾਦਸ਼ਾਹੀ ਸੁਭਾ ਹੈ ਚੰਦਰਕਾਂਤਾ ਦਾ ਵੀ। ਅਖੇ ਅਸੂ ਮਾਹ ਨਿਰਾਲੇ, ਦਿਨੇ ਧੁੱਪਾਂ ਤੇ ਰਾਤੀ ਪਾਲੇ। ਕਦੀ ਹੱਸੂ ਹੱਸੂ ਕਰਦੀ ਮਿਲਦੀ ਹੈ, ਤੇ ਕਦੀ ਅੱਖਾਂ ਵੀ ਨਹੀਂ ਮਿਲਾਂਦੀ। (ਸੰ)

### ਅਸ਼ਰਫ਼ੀਆਂ ਦੀ ਲੁੱਟ, ਕੋਲਿਆਂ ਤੇ ਮੁਹਰ।

**ਭਾਵ**:— ਜਦ ਕੋਈ ਭੈੜੀਆਂ ਤੇ ਨਿਕਾਰੀਆਂ ਚੀਜ਼ਾਂ ਦੀ ਤਾਂ ਸੰਭਾਲ ਕਰੇ, ਪਰ ਚੰਗੀਆਂ ਨੂੰ ਲੁਟਾਈ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਰਾਮ ਦਿੱਤੀ—ਰਾਮ ਸਿੰਘ ਦਾ ਕੀ ਕਹਿਣਾ ? "ਅਸ਼ਰਫ਼ੀਆਂ ਦੀ ਲੁੱਟ, ਕੋਲਿਆਂ ਤੇ ਮੁਹਰ" ਵਾਲਾ ਹਾਲ ਹੈ। ਕਪੜੇ ਪਾਟੇ ਹੋਇ ਰਖਣੇ ਤੇ ਰਾਤੀਂ ਸ਼ਰਾਬ ਕਬਾਬ ਉਡਾਣੇ। (ਸੰਗ੍ਰ)

### ਅਹਿਮਕ ਭੋਲਾ ਆਖੀਐ, ਸਭ ਗੱਲ ਅਪੁੱਠੀ।

**ਭਾਵ**:— ਮੂਰਖ ਦੀ ਹਰ ਗੱਲ ਪੁੱਠੀ ਹੀ ਹੁੰਦੀ ਹੈ।

**ਵਰਤੋਂ**:—

ਜਲਿਆ, ਠੰਡੇ ਗਈ ਨੋਂ ਆਈ ਤੇ ਉਠੀ।
ਅਹਿਮਕ ਭੋਲਾ ਆਖੀਐ ਸਭ ਗਲ ਉਪਠੀ।

(ਵਾਰਾਂ ਭਾਈ ਗੁਰਦਾਸ ਜੀ)

### ਅਹਿਮਕ ਕਪੇ ਆਪਣਾ ਪੈਰ।

**ਭਾਵ**:— ਮੂਰਖ ਆਪਣਾ ਕੰਮ ਆਪ ਹੀ ਬੇਸਮਝੀ ਨਾਲ ਵਿਗਾੜ ਲੈਂਦਾ ਹੈ।

**ਵਰਤੋਂ**:— ਨੂਰਾਂ— ਮੀਆਂ ਜੀ ! ਤੂੰ ਤਾਂ ਅਹਿਮਕਾਂ ਵਾਂਗ ਆਪਣਾ ਪੈਰ ਹੀ ਕਪ ਰਿਹਾ ਹੈਂ। ਮੇਰੇ ਉਤੇ ਵਾਰ ਕਰੋਗੇ ਤਾਂ ਕਲ ਤੁਹਾਡੀ ਕੌਣ ਬਾਂਹ ਫੜੇਗਾ ? (ਸੰ)

### ਅਹਾਰੋਂ ਘਟਿਆ ਉਹ ਭੀ ਗਿਆ। ਵਿਹਾਰੋਂ ਘਟਿਆ ਉਹ ਭੀ ਗਿਆ।

**ਭਾਵ**:— ਜੇ ਕਿਸੇ ਦੀ ਖੁਰਾਕ ਘਟ ਜਾਵੇ, ਤਦ ਵੀ ਮਾੜੀ ਗਲ ਹੈ ਜੇ ਕਿਸੇ ਦਾ ਵਪਾਰ ਘਟ ਜਾਵੇ, ਤਦ ਵੀ ਮਾੜੀ ਗਲ ਹੈ।

**ਵਰਤੋਂ**:— ਬਾਊ ਜੀ ! 'ਅਹਾਰੋਂ ਘਟਿਆ ਉਹ ਭੀ ਗਿਆ, ਵਿਹਾਰੋਂ ਘਟਿਆ ਉਹ ਭੀ ਗਿਆ।' ਜੀਵਨ ਜੀਣਾ ਕੋਈ ਸੌਖੀ ਖੇਡ ਨਹੀਂ। ਖੰਡੇ ਦੀ ਧਾਰ ਉਤੇ ਤੁਰਨਾ ਪੈਂਦਾ ਹੈ। (ਸੰ)

### ਅਹਿਕਰੁ ਕਰੇ ਸੁ ਅਹਿਕਰੁ ਪਾਏ।

**ਭਾਵ**:— ਕਰਨੀ ਦਾ ਫੱਲ ਜ਼ਰੂਰ ਮਿਲਦਾ ਹੈ। ਹਰ ਕੋਈ ਆਪਣਾ ਕੀਤਾ ਪਾਉਂਦਾ ਹੈ।

**ਵਰਤੋਂ:**— ਇਹ ਕਲਜੁਗ ਹੈ 'ਅਹਿਕਰੁ ਕਰੇ ਸੁ ਅਹਿਕਰੁ ਪਾਏ', ਇਥੇ ਤਾਂ ਹਥੋਂ ਹਥ ਨਬੇੜਾ ਹੁੰਦਾ ਹੈ। (ਸੰਗ੍ਰ)

### ਅੱਕ ਬੀਜੇ ਤੇ ਅੰਬ ਖਾਵੇ (ਲੋਤੇ)

**ਭਾਵ:**— ਇਹ ਨਹੀਂ ਹੋ ਸਕਦਾ ਕਿ ਕੋਈ ਕੰਮ ਤੇ ਮਾੜਾ ਕਰੇ ਪਰ ਫੱਲ ਚੰਗਾ ਮੰਗੇ।

**ਵਰਤੋਂ:**— ਸੁਰਸਤੀ—ਨਿਹਾਲੀ ਸੱਚੀ ਹੈ। ਇਹ ਕਿਵੇਂ ਹੋਵੇ ਕਿ ਕੋਈ ਬੀਜੇ ਤਾਂ ਅੱਕ ਪਰ ਆਸ ਕਰੇ ਅੰਬ ਖਾਉਣ ਦੀ। ਉਹਦੀਆਂ ਕਰਤੂਤਾਂ ਤਾਂ ਵੇਖੋ। ਹਾਲਤ ਓਹਦੀ ਕਿਵੇਂ ਚੰਗੀ ਹੋਵੇ ? (ਸੰਗ੍ਰ)

### ਅਕਸਰ ਤਾਰੂ ਹੀ ਡੁਬਦਾ ਹੈ।

**ਭਾਵ:**— ਜੋ ਵਡੇ ਖਤਰੇ ਸਹੇੜਦੇ ਹਨ, ਓਹੀਓ ਹੀ ਦੁੱਖ ਪਾਂਦੇ ਹਨ।

**ਵਰਤੋਂ:**— ਭਰਾ ਜੀ, ਅਕਸਰ ਤਾਰੂ ਹੀ ਡੁੱਬਦਾ ਹੈ। ਜਿਨ੍ਹੇ ਕਰਕੇ ਹੀ ਕੁਝ ਨਹੀਂ ਵੇਖਿਆ ਤੇ ਘਰ ਬੈਠਾ ਉਬਾਸੀਆਂ ਲੈਂਦਾ ਹੈ, ਓਹਨੂੰ ਕਾਹਦਾ ਖ਼ਤਰਾ ਹੈ ? (ਸੰਗ੍ਰ)

### ਅਕਲ ਦਾ ਅੰਨ੍ਹਾ ਤੇ ਗੰਢ ਦਾ ਪੂਰਾ।

**ਭਾਵ:**— ਜਦ ਕੋਈ ਹੋਵੇ ਮੂਰਖ, ਪਰ ਹੋਵੇ ਧਨ ਪਾਤਰ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਰਾਮ ਸਰਨ ਤੇ ਰੋਸ਼ਨ ਲਾਲ ਦੀ ਜੋੜੀ ਉਨ੍ਹਾਂ ਲੋਕਾਂ ਵਿਚੋਂ ਹੈ ਜਿਹੜੇ ਸਦਾ ਹੀ ਕਿਸੇ ਅਕਲ ਦੇ ਅੰਨ੍ਹੇ ਤੇ ਗੰਢ ਦੇ ਪੂਰੇ ਦੀ ਭਾਲ ਵਿਚ ਰਹਿੰਦੇ ਹਨ। (ਪਿਆਰ ਦੀ ਦੁਨੀਆਂ—ਨਾਨਕ ਸਿੰਘ)

### ਅਕਲ ਦਾ ਦੀਵਾ ਕਿਚਰਕ ਬਲੇ, ਬਿਰਹੋਂ ਹਨੇਰੀ ਝੁੱਲੀ।

**ਭਾਵ:**— ਜਦ ਪਿਆਰੇ ਦੇ ਵਿਛੋੜੇ ਵਿਚ ਸੋਚ ਵਿਚਾਰ ਕੋਈ ਪੇਸ਼ ਨਾ ਜਾਣ ਦੇਵੇ ਜਾਂ ਦੁਖ ਸਮੇਂ ਅਕਲ ਦੀ ਕੋਈ ਪੇਸ਼ ਨਾ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਰੂਪੋ—ਭੈਣ ਕੀ ਦਸਾਂ ? ਸਤਵੰਤ ਦੇ ਮਰਨ ਮਗਰੋਂ ਉਸ ਦਾ ਪਤੀ ਬਲਵੰਤ ਸਿੰਘ ਬਾਵਲਾ ਜਿਹਾ ਹੋ ਗਿਆ ਹੈ ਤੇ ਅਸਤ ਵਿਅਸਤ ਗੱਲਾਂ ਕਰਦਾ ਹੈ। 'ਅਕਲ ਦਾ ਦੀਵਾ ਕਿਚਰਕ ਬਲੇ, ਬਿਰਹੋਂ ਹਨੇਰੀ ਝੁੱਲੀ' ਵਾਲੀ ਗੱਲ ਹੈ ਉਸ ਦੀ ਤਾਂ। (ਸੰਗ੍ਰ)

### ਅਕਲ ਦੇਂਦਾ ਚੰਗਾ ਤੇ ਟੁਕ ਦੇਂਦਾ ਮੰਦਾ।

**ਭਾਵ:**— ਜਦ ਕੋਈ ਆਪਣੇ ਉਸਤਾਦ ਜਾਂ ਵਡੇਰੇ ਨੂੰ ਬੁਰਾ ਭਲਾ ਕਹੇ, ਤਦ ਉਸ ਨੂੰ ਮਤ ਦੇਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਕਰਮ ਦੇਈ—ਪੁਤ, ਆਪਣੇ ਚਾਚੇ ਅਗੇ ਮੁੜ ਨਾ ਬੋਲੀਂ। 'ਅਕਲ ਦੇਂਦਾ ਚੰਗਾ ਤੇ ਟੁਕ ਦੇਂਦਾ ਮੰਦਾ'। ਉਹ ਜੇ ਗੁਸੇ ਵੀ ਹੋਏ ਹਨ ਤਾਂ ਤੈਨੂੰ ਮਤ ਦੇਣ ਲਈ ਜਾਂ ਮਾੜੇ ਕੰਮਾਂ ਤੋਂ ਰੋਕਣ ਲਈ। (ਸੰਗ੍ਰ)

### ਅਕਲ ਵੱਡੀ (ਬੜੀ) ਕਿ ਭੈਂਸ (ਮਹਿੰ)

**ਭਾਵ:**— ਜਦ ਕਦ ਬੁਤ ਅਤੇ ਸਿਆਣਪ ਦਾ ਆਪਸ ਵਿਚ ਟਾਕਰਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਉਸ ਦੀ ਸ਼ਰੀਰਕ ਬਣਤਰ ਤਾਂ ਦੁਬਲੀ ਪਤਲੀ ਜਿਹੀ ਹੈ, ਪਰ ਹੈ ਉਹ ਨਿਰਾ ਗੁਣਾਂ ਦਾ ਗੁਥਲਾ, ਰਾਮ ਚੰਦ ਦਾ ਉਸ ਨਾਲ ਕੀ ਮੁਕਾਬਲਾ ਸਰੀਰ ਦਾ ਭਾਰਾ ਹੈ, ਅਕਲ ਮੋਟੀ ਹੈ ਅਤੇ ਲੜਨਾ ਭਿੜਨਾ ਐਵੇਂ ਮੁਲ ਲੈਂਦਾ ਹੈ। ਸਿਆਣਿਆਂ ਨੇ ਕਿਹਾ ਹੈ, 'ਅਕਲ ਬੜੀ ਕਿ ਭੈਂਸ'। (ਸੰ)

### ਅਕਲ ਵਾਲੇ ਨਾਲ ਭਿਖ ਮੰਗ ਲਈ ਚੰਗੀ, ਤੇ ਮੂਰਖ ਨਾਲ ਰਾਜ ਮਾਣਿਆ ਮੰਦਾ।

**ਭਾਵ:**— ਜਦ ਕਿਸੇ ਮੂਰਖ ਨਾਲ ਵਾਹ ਪੈਣ ਤੇ ਦੁਖ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਸਦਾ ਕੌਰ—ਭਰਾ ਜੀ, ਮੈਂ ਤੁਹਾਨੂੰ ਵਰਜਦੀ ਰਹੀ, ਬਸੰਤੇ ਨਾਲ ਭਿਆਲੀ ਨਾ ਪਾਉ। ਤੁਸੀਂ ਆਖਦੇ ਸੋ, ਬੜਾ ਨਫ਼ਾ ਹੋਵੇਗਾ। ਪਰ 'ਅਕਲ ਵਾਲੇ ਨਾਲ ਭਿਖ ਮੰਗ ਲਈ ਚੰਗੀ ਤੇ ਮੂਰਖਾਂ

ਨਾਲ ਰਾਜ ਮਾਣਿਆ ਮੰਦਾ' ਹੁਣ ਤੁਸਾਂ ਵੇਖਿਆ ਹੈ ਕੀ ਕਰਤੂਤ ਕੀਤੀ ਹੈ ਉਸ ਨੇ ਤੁਹਾਡੇ ਨਾਲ ? (ਸੰਗ੍ਰ)

**ਅਕਲਾਂ ਬਾਝੋਂ ਖੂਹ ਖਾਲੀ। ਜਾਂ ਅਕਲ ਕਿਸ ਖਾਤੇ ਸੁਟੀ ?**

**ਭਾਵ:**— ਅਕਲ ਬਿਨਾ ਧਨ ਦਾ ਕੋਈ ਲਾਭ ਨਹੀਂ, ਕਿਉਂਕਿ ਅਕਲ ਬਿਨਾ ਧਨ ਉਡ ਜਾਂਦਾ ਹੈ ਜਾਂ ਜਦ ਕਿਸੇ ਸਿਆਣੇ ਦੀ ਸਹਾਇਤਾ ਬਿਨਾ ਕੋਈ ਕੰਮ ਵਿਗੜਦਾ ਜਾਪੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਹੇ ਮੇਰੇ ਰੱਬਾ! ਸਿਆਣਿਆਂ ਠੀਕ ਆਖਿਆ ਏ 'ਅਕਲਾਂ ਬਾਝੋਂ ਖੂਹ ਖਾਲੀ'। ਸ਼ਾਹ ਨੂੰ ਛਡਕੇ ਜੱਟਾਂ ਦੀ ਨੌਕਰੀ। ਅਕਲ ਕਿਹੜੇ ਖਾਤੇ ਪਾਈ ਸੂ।

(ਸ਼ਾਮੂ ਸ਼ਾਹ—ਈਸ਼ਵਰ ਚੰਦਰ ਨੰਦਾ)

**'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨ ॥'**

**ਭਾਵ:**— ਸਿਆਣਪ ਤੇ ਸਮਝ ਨਾਲ ਮਾਲਕ ਦੀ ਸੇਵਾ ਕਰੀਦੀ ਹੈ ਤੇ ਅਕਲ ਨਾਲ ਹੀ ਵਡਿਆਈ ਮਿਲਦੀ ਹੈ।

**ਵਰਤੋਂ:**— "ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥" (ਗੁਰੂ ਗਰੰਥ ਸਾਰੰਗ ਵਾਰ ਮਹਲਾ ੧)

**ਅੱਕੇ ਕੇਰੀ ਖੱਖੜੀ ਕੋਈ ਅੰਬ ਨਾ ਆਖੇ।**

**ਭਾਵ:**— ਅੱਕ ਦੀ ਖੱਖੜੀ ਨੂੰ ਕੋਈ ਅੰਬ ਨਹੀਂ ਆਖ ਸਕਦਾ। ਅਰਥਾਤ ਅਸਲੀ ਚੀਜ਼ ਨਕਲੀ ਨਾਲ ਨਹੀਂ ਰਲ ਸਕਦੀ।

**ਵਰਤੋਂ:**— ਗੁਛਾ ਹੋਇ ਧ੍ਰਿਕੋਨਿਆ ਕਿਉਂ ਵੁੜੀਐ ਦਾਖੈ। ਅੱਕੈ ਕੇਰੀ ਖੱਖੜੀ ਕੋਈ ਅੰਬ ਨਾ ਆਖੈ। (ਵਾਰਾਂ : ਭਾਈ ਗੁਰਦਾਸ ਜੀ)

**ਅੱਖ ਤੋਂ ਅੰਨ੍ਹੀ, ਮਮੀਰੇ ਦਾ ਸੁਰਮਾ।**

**ਭਾਵ:**— ਜਦ ਕੋਈ ਕਿਸੇ ਅਜੇਹੀ ਚੀਜ਼ ਦੀ ਚਾਹ ਕਰੇ, ਜਿਸ ਦੀ ਉਸ ਨੂੰ ਲੋੜ ਹੀ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਬੰਸੋ—ਨੀ ਕੋਈ ਚੱਜ ਦੀ ਗੱਲ ਕਰ, ਤੇਰੀ ਤਾਂ ਉਹੀ ਗੱਲ ਹੈ ਅਖੇ 'ਅੱਖੋਂ ਅੰਨ੍ਹੀ, ਮਮੀਰੇ ਦਾ ਸੁਰਮਾ'। ਤੈਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੀ ਕੀ ਹੈ? ਉਂਜੇ ਵਿਚਾਰੇ ਗਭਰੂ ਦਾ ਸਿਰ ਖਾਂਦੀ ਰਹਿੰਦੀ ਹੈਂ। (ਸੰਗ੍ਰ)

**ਅੱਖ ਹੈ ਤਾਂ ਲਖ ਹੈ।**

**ਭਾਵ:**— ਅੱਖ ਦੀ ਬਰਕਤ ਜਾਂ ਵਡਿਆਈ ਦਸੀ ਹੈ।

**ਵਰਤੋਂ:**— ਜੈ ਸਿੰਘ—ਬਲਵੰਤ ਸਿੰਘ ਜੀ! ਇਹ ਸਚ ਜੇ ਕਿ ਅੱਖ ਹੈ ਤਾਂ ਲਖ ਹੈ। ਅੱਖ ਦੀ ਕੀਮਤ ਦਾ ਪਤਾ ਅੱਖ ਵਿਗੜਨ ਨਾਲ ਹੀ ਲਗਦਾ ਹੈ। (ਸੰਗ੍ਰ)

**ਅੱਖ ਟੱਡੀ ਰਹੀ, ਕੱਜਲ ਲੈ ਗਿਆ ਕਾਂ।**

**ਭਾਵ:**— ਜਦ ਕਿਸੇ ਕੰਮ ਨੂੰ ਹੱਥ ਵਿਚ ਲੈਣ ਦਾ ਉਪਰਾਲਾ ਤਾਂ ਕੋਈ ਕਰੇ ਤੇ ਉਹ ਕੰਮ ਬੇਖਬਰੀ ਵਿਚ ਕਿਸੇ ਹੋਰ ਦੇ ਹੱਥ ਆ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਅਖੇ 'ਅੱਖ ਟੱਡੀ ਰਹੀ ਤੇ ਕੱਜਲ ਲੈ ਗਿਆ ਕਾਂ'। ਰਾਮ ਸਿੰਘ ਨੇ ਬਿਜਲੀ ਦਾ ਠੇਕਾ ਲੈਣ ਲਈ ਦਿਨ ਰਾਤ ਇਕ ਕਰ ਦਿੱਤਾ, ਪਰ ਸਿਫ਼ਾਰਸ਼ ਪੁਆ ਕੇ ਠੇਕਾ ਹਰਕਿਸ਼ਨ ਲਾਲ ਨੇ ਲੈ ਲਿਆ। (ਸੰਗ੍ਰ)

**ਅੱਖ ਨਾ ਪੁਛ, ਵਹੁਟੀ ਨਗੀਨੇ ਵਰਗੀ।**

**ਭਾਵ:**— ਜਦ ਕਿਸੇ ਨੂੰ ਕਰੂਪ ਦਸਣਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਗੁਲਾਬ ਸਿੰਘ—ਸਾਡੀ ਲਾਜੋ ਤਾਂ ਐਨੀ ਸੁਹਣੀ ਹੈ ਕਿ ਸ਼ਕਲ ਦੇਖਦੇ ਹੀ ਬੰਦਾ ਕਹਿ ਉਠਦਾ ਹੈ ਅਖੇ ਅੱਖ ਨਾ ਪੁਛ, ਵਹੁਟੀ ਨਗੀਨੇ ਵਰਗੀ। ਅਸੀਂ ਕਦੀ ਢੇਰ ਉਪਰ ਵੀ ਉਸ ਨੂੰ ਬਿਠਾ ਦੇਈਏ ਤਾਂ ਕਾਂ ਚੁੰਜ ਨਹੀਂ ਮਾਰੇਗਾ। (ਸੰਗ੍ਰ)

**ਅੱਖਰ ਇਕ ਨਾ ਜਾਣਦਾ, ਨਾਉਂ ਇਲਮਦੀਨ ।**

**ਭਾਵ:**— ਜਦ ਕਿਸੇ ਨੂੰ ਅਲਫ਼ ਬੇ ਨਾ ਆਉਂਦੀ ਹੋਵੇ ਤੇ ਦੱਸੇ ਕਿ ਮੈਂ ਬੜਾ ਵਿਦਵਾਨ ਹਾਂ ਜਾਂ ਕਿਸੇ ਦੇ ਹੱਥ ਪਲੇ ਤਾਂ ਕੁਝ ਨਾ ਹੋਵੇ ਪਰ ਦੱਸੇ ਕਿ ਮੇਰੇ ਪਾਸ ਬਹੁਤ ਕੁਝ ਹੈ ।

**ਵਰਤੋਂ:**— ਉਹ ਨਿਰਾ ਮਾਧੋ ਏ ਮਾਧੋ । ਨਾ ਤਾਂ ਕੋਈ ਕੰਮ ਕਰ ਸਕਦਾ ਹੈ ਅਤੇ ਨਾ ਕਰਨ ਦੀ ਸਮਰਥਾ ਹੈ। ਚੌਧਰਪੁਣਾ ਵੇਖੋ ਤਾਂ ਸਭ ਤੋਂ ਵੱਧ । ਉਸ ਦੀ ਹਾਲਤ ਤਾਂ ਉਹ ਹੈ ਅਖੇ 'ਅੱਖਰ ਇਕ ਨਾ ਜਾਣਦਾ ਨਾਉਂ ਇਲਮਦੀਨ' । (ਸੰ:)

**ਅੱਖਰ ਲੇਖ ਦੇ ਲਿਖੇ ਨਾ ਮੁੜਨ ਹਰਗਿਜ਼ ।**

**ਭਾਵ:**— ਜੋ ਕਰਮਾਂ ਵਿਚ ਲਿਖਿਆ ਹੈ, ਉਹ ਜ਼ਰੂਰ ਵਰਤੇਗਾ ।

**ਵਰਤੋਂ:**— ਅੱਖਰ ਲੇਖ ਦੇ ਲਿਖੇ ਨਾ ਮੁੜਨ ਹਰਗਿਜ਼, ਕਿਉਂ ਹੋਨਾ ਏ ਸਮਝ ਗੁਮਰਾਹ ਕਾਜ਼ੀ ।

(ਹੀਰ ਵਾਰਸਸ਼ਾਹ)

**ਅੱਖਾਂ ਤੋਂ ਅੰਨ੍ਹੀ, ਤੇ ਨਾਂ ਨੈਣ ਸੁਖ।**

ਜਾਂ

**ਅੱਖਾਂ ਤੋਂ ਅੰਨ੍ਹੀ ਤੇ ਨਾਂ ਨੂਰ ਭਰੀ ।**

**ਭਾਵ:**— ਜਦ ਕਿਸੇ ਦੇ ਹੱਥ ਪਲੇ ਕੁਝ ਨਾ ਹੋਵੇ ਤੇ ਗਪਾਂ ਬਾਹਲੀਆਂ ਮਾਰੀ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਜ਼ੈਨਾ—ਵਾਹ ਵਾਹ ! ਬਰਕਤ ਦੀਆਂ ਕੀ ਗੱਲਾਂ ਨੇ ? ਪੇਕਿਆਂ ਦਾ ਘਰ ਤਾਂ ਅਜ ਕਲ ਇਸ ਦੀ ਬਰਕਤ ਨਾਲ ਭਰਿਆ ਪਿਆ ਏ ਤੇ ਅਗਲਿਆਂ ਨੂੰ ਜਾ ਕੇ ਰੰਗ ਲਾਏਗੀ । ਅੱਖੀਓਂ ਅੰਨ੍ਹੀ ਤੇ ਨਾਂ ਨੂਰ ਭਰੀ । (ਸੰਗੂ)

(ਨਵਾਬ ਖ਼ਾਨ—ਭਾਈ ਜੋਧ ਸਿੰਘ)

**ਅੱਖੀਂ ਸੁਖ, ਕਲੇਜੇ ਠੰਡ ।**

**ਭਾਵ:**— ਜਦ ਕਿਸੇ ਅਤਿ ਪਿਆਰੇ ਦੇ ਦਰਸ਼ਨ ਹੋਣ ਤੇ ਖੁਸ਼ੀ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਲਾਹੌਰ ਦੇ ਧਨਾਢ ਖਤਰੀ ਹਰਜਸ ਜੀ ਤੇ ਉਨ੍ਹਾਂ ਦੀ ਸੁਪੱਤਨੀ ਮਾਈ ਸਭਰਾਈ, ਪਰਮਾਰਥ ਦੇ ਖੋਜੀ ਨੂੰ ਦਸ਼ਮੇਸ਼ ਜੀ ਦੇ ਦੈਵੀ ਦਰਸ਼ਨਾਂ ਨਾਲ 'ਅੱਖੀਂ ਸੁਖ, ਕਲੇਜੇ ਠੰਡ' ਪੈ ਗਈ ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**'ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ।' (ਗੁਰਬਾਣੀ)**

**ਭਾਵ:**— ਪਰਾਈ ਇਸਤ੍ਰੀ ਦੇ ਰੂਪ ਤੇ ਪਰਾਏ ਧਨ ਨੂੰ ਭੈੜੀ ਦ੍ਰਿਸ਼ਟੀ ਨਾਲ ਵੇਖਣਾ ਅੱਖੀਆਂ ਦਾ ਸੂਤਕ ਹੈ ।

**ਵਰਤੋਂ:**—

"ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰਧਨ ਰੂਪੁ ॥"

(ਗੁਰੂ ਗ੍ਰੰਥ—ਆਸਾ ਦੀ ਵਾਰ)

**ਅੱਖੀਂ ਕੱਜਲਾ ਤੇ ਸੋਹਰੇ ਦਾ ਸੋਗ ।**

**ਭਾਵ:**— ਜਦ ਕਿਸੇ ਨੂੰ ਅੰਦਰੋਂ ਕਿਸੇ ਦਾ ਦੁਖ ਨਾ ਹੋਵੇ ਤੇ ਬਾਹਰੋਂ ਸੋਗ ਦਸੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਸੁਰਸਤੀ—ਸ਼ੀਲਾ ਨੂੰ ਕਾਹਦਾ ਸੋਗ ਹੈ, ਉਸ ਨੇ ਤਾਂ ਸ਼ੁਕਰ ਕੀਤਾ ਕਿ ਉਹਦਾ ਪਤੀ ਮਰ ਗਿਆ 'ਅੱਖੀਂ ਕੱਜਲਾ ਤੇ ਸੋਹਰੇ ਦਾ ਸੋਗ' । ਜਿਸ ਵੇਲੇ ਵੇਖੋ, ਲਟਾਕੋ ਬਣੀ ਫਿਰਦੀ ਹੈ । ਜੇ ਪੁੱਛੋ ਤਾਂ ਆਖਦੀ ਹੈ, ਪਤੀ ਦੇ ਹਾਵੇ ਨੇ ਮਾਰ ਛਡਿਆ ਹੈ ।

(ਸੰਗੂ)

**ਅੱਖੀਂ ਘੱਟਾ ਤੇ ਮੂੰਹ ਗੱਟਾ (ਡੱਟਾ, ਵੱਟਾ)**

**ਭਾਵ:**— ਜਦ ਕਿਸੇ ਪਾਸੋਂ ਕੋਈ ਦੁਖੀ ਹੋ ਬਦਅਸੀਸ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਉਸ ਦਾ ਵਾਲ ਵਿੰਗਾ ਨਾ ਹੋਵੇ, ਮੇਰੇ ਨਾਂ ਨੂੰ ਕਲੰਕ ਨਾ ਲਗੇ । ਇਸ ਚੰਦਰੇ ਵੈਰੀ ਦੀ 'ਅੱਖੀਂ ਘੱਟਾ ਤੇ ਮੂੰਹ ਗੱਟਾ' ਹੀ ਰਹੇ ।

(ਕੌਮੀ ਪਰਵਾਨਾ—ਕਰਤਾਰ ਸਿੰਘ)

**ਅੱਖੀਂ ਡਿੱਠਾ ਭਾਵੇਂ ਨਾ ਤੇ ਕੁੱਛੜ ਬਹੇ ਨਿਲੱਜ ।**

**ਭਾਵ:**— ਜਦ ਕੋਈ ਪੁਰਸ਼ ਕਿਸੇ ਨੂੰ ਉੱਕਾ ਹੀ ਚੰਗਾ ਨਾ ਲਗੇ ਤੇ ਉਹ ਸ਼ੇਖੀ ਮਾਰੇ ਕਿ ਮੇਰਾ ਉਸ ਨਾਲ ਬੜਾ ਸੰਬੰਧ ਹੈ ਤੇ ਜੋ ਜੀ ਆਵੇ ਉਸ ਪਾਸੋਂ ਕਰਵਾ ਸਕਦਾ ਹਾਂ।

**ਵਰਤੋਂ:**— ਗੁਰਮੁਖ ਸਿੰਘ ਕਰਤਾਰ ਕੌਰ ਨੂੰ ਤਾਂ ਵੇਖਣਾ ਹੀ ਨਹੀਂ ਚਾਹੁੰਦਾ ਤੇ ਓਹ ਟਾਹਰਾਂ ਮਾਰਦੀ ਹੈ ਕਿ ਜੋ ਜੀ ਆਵੇ ਉਹ ਉਸ ਪਾਸੋਂ ਕਰਵਾ ਸਕਦੀ ਹਾਂ। ਅਖੇ 'ਅੱਖੀਂ ਡਿੱਠਾ ਭਾਵੇਂ ਨਾ ਤੇ ਕੁਛੜ ਬਹੇ ਨਿਲੱਜ'। (ਸੰਗ੍ਰ)

**ਅੱਖੀਂ ਦਿਸੇ ਨਾ, ਨਾਉਂ ਚਿਰਾਗੋ।**
**ਭਾਵ ਤੇ ਵਰਤੋਂ :—**

(ਵੇਖੋ : ਅੱਖਾਂ ਤੋਂ ਅੰਨ੍ਹੀ ਤੇ ਨਾਂ ਨੂਰ ਭਰੀ)

**ਅੱਖੀਂ ਦੇਖ ਮੱਖੀ ਨਿਗਲੀ ਨਹੀਂ ਜਾਂਦੀ।** ਜਾਂ
**ਅੱਖੀਂ ਦੇਖ ਮੋਹਰਾ ਖਾਧਾ ਨਹੀਂ ਜਾਂਦਾ।**

**ਭਾਵ:**— ਜਦ ਕੋਈ ਆਪਣੇ ਸਾਹਮਣੇ ਕੋਈ ਮਾੜਾ ਕੰਮ ਵੇਖ ਕੇ ਸਹਾਰ ਨਾ ਸਕੇ ਤੇ ਕੋਈ ਉਸ ਨੂੰ ਸਮਝਾਵੇ ਤਦ ਅਗੋਂ ਉਹ ਇਹ ਅਖਾਣ ਵਰਤਦਾ ਹੈ।

**ਵਰਤੋਂ:**— ਕਾਕਾ ਜੀ! ਪਿੱਠ ਪਿਛੇ ਜੋ ਜੀ ਆਵੇ ਕਰੋ। ਪਰ 'ਅੱਖੀਂ ਵੇਖ ਕੇ ਸਾਥੋਂ ਮੱਖੀ ਨਹੀਂ ਨਿਗਲੀ ਜਾਂਦੀ'। ਮੈਂ ਆਪਣੇ ਜੀਉਂਦੇ ਜੀ ਤੁਹਾਨੂੰ ਕਦੀ ਜੁਆਰੀਆਂ ਦੀ ਸੰਗਤ ਨਹੀਂ ਕਰਨ ਦਿਆਂਗਾ। (ਸੰਗ੍ਰ)

**'ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥'**

**ਭਾਵ:**— ਪਖੰਡੀ ਲੋਕ ਅੱਖਾਂ ਮੀਟ ਕੇ ਨਕ ਪਕੜੀ ਕੇ ਸਮਾਧੀ ਦਾ ਬਹਾਨਾ ਕਰਦੇ ਹਨ, ਲੋਕਾਂ ਨੂੰ ਧੋਖਾ ਦੇਣ ਲਈ।

**ਵਰਤੋਂ:**— "ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕੁ ਪਕੜਹਿ ਠਗਣ ਕਉ ਸੰਸਾਰੁ ॥" (ਗੁਰੂ ਗ੍ਰੰਥ—ਧਨਾਸਰੀ ਮਹਲਾ ੧)

**ਅੱਖੀਓਂ ਦੂਰ ਸੋ ਦਿਲੋਂ ਦੂਰ।**

**ਭਾਵ:**— ਜਦ ਦੂਰ ਰਿਹਾਂ ਪਿਆਰ ਘਟ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਗੁਰਨਾਮ ਨੂੰ ਘਰੋਂ ਨਿਕਲਿਆਂ ਅਜ ਪੂਰੇ ਛੀ ਸਾਲ ਹੋ ਗਏ ਹਨ, ਕੋਈ ਖਤ ਪਤਰ ਨਹੀਂ ਤੇ ਕੋਈ ਸੁਖ ਸੁਨੇਹਾ ਨਹੀਂ। ਮਾਂ ਉਸ ਦੀ ਪਹਿਲੇ ਦੋ ਸਾਲ ਤਾਂ ਬੜੀ ਤੜਫੀ, ਪਰ ਹੁਣ 'ਅੱਖੀਓਂ ਦੂਰ ਤੇ ਦਿਲੋਂ ਦੂਰ' ਵਾਲਾ ਦਿਲ ਬਣਾ ਕੇ ਸਬਰ ਕਰ ਕੇ ਬੈਠ ਗਈ ਹੈ। (ਸੰ)

**ਅੱਖੀਆਂ ਨਾਲ ਫੁਲ ਨਾ ਡਿੱਠਾ ਤੇ ਨਾਂ 'ਗੁਲ-ਬੀਬੀ'**

**ਭਾਵ:**— ਜਦ ਕੋਈ ਹੋਵੇ ਤਾਂ ਕੁਝ ਹੋਰ ਤੇ ਦਸੇ ਕੁਝ ਹੋਰ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਕਰਤਾਰੋ—ਜਸੋ ਰਾਣੀ ਦੀ ਕੀ ਗਲ ਕਰਨੀ ਹੋਈ। 'ਅੱਖੀਆਂ ਨਾਲ ਫੁਲ ਨਾ ਡਿੱਠਾ ਤੇ ਨਾਂ ਗੁਲਾਬ-ਬੀਬੀ', ਜੋ ਉਹ ਹੈ ਉਹ ਤੁਹਾਥੋਂ ਗੁਝੀ ਨਹੀਂ। ਉਪਰੋਂ ਜੋ ਮਰਜ਼ੀ ਹੈ, ਬਣ ਬਣ ਬਹੇ। (ਸੰਗ੍ਰ)

**ਅੱਖੋਂ ਉਹਲੇ, ਪਹਾੜ ਉਹਲੇ।** ਜਾਂ
**ਅੱਖੋਂ ਉਹਲੇ, ਪਈ ਭੜੋਲੇ।**

**ਭਾਵ:**— ਜਦ ਕੋਈ ਮਿਲੇ ਗਿਲੇ ਨਾ, ਤਦ ਵਿਸਰ ਜਾਂਦਾ ਹੈ।

**ਵਰਤੋਂ:**— ਤੇਜਵੰਤ ਕੌਰ—ਸਰਦਾਰ ਜੀ, ਉਸ ਨੂੰ ਮਿਲਿਆਂ ਢੇਰ ਚਿਰ ਹੋ ਗਿਆ ਹੈ। ਉਸ ਦੀ ਯਾਦ ਭੁਲ ਜਾਣੀ ਕੋਈ ਵਡੀ ਗਲ ਨਹੀਂ 'ਅੱਖੋਂ ਉਹਲੇ, ਪਈ ਭੜੋਲੇ'। ਗਿਆਂ ਮੋਇਆਂ ਨੂੰ ਕੌਣ ਯਾਦ ਕਰਦਾ ਹੈ। (ਸੰਗ੍ਰ)

**ਅੱਗ ਅੱਗ ਕਿਹਾਂ ਮੂੰਹ ਨਹੀਂ ਸੜਦਾ।**

**ਭਾਵ:**— ਜਦ ਇਹ ਦਸਣਾ ਹੋਵੇ, ਕਿ ਕਿਸੇ ਚੀਜ਼ ਦੇ ਨਾਂ ਲੈਣ ਨਾਲ ਉਸ ਦਾ ਅਸਰ ਨਹੀਂ ਹੁੰਦਾ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਮੋਹਣੀ—ਨੀ ਸ਼ੀਲਾ! ਹਰ ਵੇਲੇ ਮੁਰਕੀਆਂ, ਮੁਰਕੀਆਂ ਮੂੰਹ ਤੇ ਬੋਲਣ ਨਾਲ ਮੁਰਕੀਆਂ ਤੇਰੇ ਕੰਨਾਂ ਵਿਚ ਤਾਂ ਪੈ ਨਹੀਂ ਜਾਣੀਆਂ। 'ਅੱਗ ਅੱਗ ਕਿਹਾਂ ਮੂੰਹ ਨਹੀਂ ਸੜਦਾ', ਨਾ ਖੰਡ ਖੰਡ ਕਿਹਾਂ ਮੂੰਹ ਮਿੱਠਾ ਹੁੰਦਾ ਹੈ। ਜਦ ਤਕ ਮਾਂ ਨੂੰ ਹੱਥ ਤੇ

ਨਾ ਲਿਆਏਂਗੀ, ਕੰਮ ਨਹੀਂ ਬਣਨਾ। (ਸੰ)

**ਅੱਗ ਖਾਊਂ, ਅੰਗਿਆਰ ਹਗੂੰ।**

**ਭਾਵ:**— ਜਿਹੋ ਜਿਹਾ ਕੋਈ ਕੰਮ ਕਰੇਗਾ, ਤਿਹੋ ਜਿਹਾ ਉਸ ਨੂੰ ਫੱਲ ਮਿਲੇਗਾ।

**ਵਰਤੋਂ:**— ਕਰਮ ਸਿੰਘ—ਜਿਹੜਾ 'ਅੱਗ ਖਾਂਦਾ ਹੈ, ਉਹ ਅੰਗਿਆਰ ਹਗਦਾ ਹੈ' ਨਿਤ ਕੋਈ ਨਾ ਕੋਈ ਮਾੜਾ ਕੰਮ ਕਰ ਬਹਿਣਾ, ਅੰਤ ਨੂੰ ਪੁਲਸ ਨੇ ਫੜਨਾ ਹੀ ਸੀ। (ਸੰ)

**ਅੱਗ ਤੇ ਲੜਾਈ ਨੂੰ ਵਧਾਇਆਂ ਕੀ ਚਿਰ ਲਗਦਾ ਹੈ।**

**ਭਾਵ:**— ਅੱਗ ਤੇ ਲੜਾਈ ਛੇਤੀ ਹੀ ਭਖ ਪੈਂਦੀ ਹੈ।

**ਵਰਤੋਂ:**— ਹਰਬੰਸ ਕੌਰ—ਚਾਚੀ ! ਤੂੰ ਹੀ ਧੀਰਜ ਕਰਿਆ ਕਰ। 'ਅੱਗ ਤੇ ਲੜਾਈ ਨੂੰ ਵਧਾਇਆਂ ਕੀ ਚਿਰ ਲਗਦਾ ਏ'। ਜੇ ਤੂੰ ਧੀਰਜ ਕਰਿਆ ਕਰੇਂ, ਤਾਂ ਚਾਚਾ ਆਪੇ ਬੋਲ ਕੇ ਚੁਪ ਹੋ ਜਾਊ। (ਸੰਗ੍ਰ)

**ਅੱਗ ਦੀ ਸੜੀ, ਟਿਟਾਣੇ ਕੋਲੋਂ ਡਰਦੀ ਹੈ।** ਜਾਂ
**ਅੱਗ ਦਾ ਡਰਿਆ (ਦੱਧਾ), ਟਟਹਿਣਿਆਂ ਤੋਂ ਡਰਦਾ ਹੈ।**

**ਭਾਵ:**— ਜਦ ਕੋਈ ਅੱਗੇ ਕਿਸੇ ਗਲੋਂ ਔਖਾ ਹੋਵੇ ਤੇ ਮੁੜ ਮਾਮੂਲੀ ਜਿਹੀ ਗਲ ਤੋਂ ਡਰਦਾ ਹੋਵੇ।

**ਵਰਤੋਂ:**— ਕਰਤਾਰ ਸਿੰਘ—ਮਹਾਂ ਸਿੰਘ ਜੀ ! ਉਸ ਦਾ ਕੀ ਕਸੂਰ ਏ ? 'ਅੱਗ ਦੀ ਸੜੀ ਟਿਟਾਣੇ ਕੋਲੋਂ ਡਰਦੀ ਹੈ'। ਉਸ ਨੇ ਅੱਗੇ ਇਹਦੇ ਹਥੋਂ ਦੁਖ ਜੂ ਪਾਇਆ ਹੋਇਆ ਹੈ। ਇਸ ਦੀ ਹਰ ਗਲ ਤੋਂ ਡਰੇ ਕਿਉਂ ਨਾ। (ਸੰਗ੍ਰ)

**ਅੱਗ ਦੇਣ ਨੂੰ ਵੀ ਨਹੀਂ।**

**ਭਾਵ:**— ਜਦ ਕਿਸੇ ਦਾ ਕੋਈ ਸਰਬੰਧੀ ਲੰਬੂ ਲਾਣ (ਮੁਰਦਾ ਫੂਕਣ) ਜੋਗਾ ਵੀ ਨਾ ਰਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਰੂਪ ਲਾਲ—ਪਰ ਫੇਰ ਬਣੀ ਹੋਇਆ ਤੇ ਕੀ ਹੋਇਆ, ਹੁਣ ਤਾਂ 'ਅੱਗ ਦੇਣ ਨੂੰ ਵੀ ਕੋਈ ਨਹੀਂ'।

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲਦੀਨ)

**ਅੱਗ ਨੂੰ ਤਾਂ ਬੁਝਾਇਆ ਜਾਂਦਾ ਹੈ, ਪਰ ਬਸੰਤਰ ਦੇਵਤੇ ਦੀ ਪੂਜਾ ਕੀਤੀ ਜਾਂਦੀ ਹੈ।**

**ਭਾਵ:**— ਆਪਣੇ ਨੂੰ ਤਾਂ ਜਿਸ ਗਲੋਂ ਸੰਭਾਲਿਆ ਜਾਵੇ, ਉਹ ਗਲ ਪਰਾਏ ਘਰ ਲਈ ਚੰਗੀ ਲਗੇ।

**ਵਰਤੋਂ:**— ਸਾਡੇ ਘਰ ਲਗੇ ਤਾਂ ਬਸੰਤਰ, ਤੁਹਾਡੇ ਘਰ ਲਗੇ ਤਾਂ ਅੱਗ। 'ਅੱਗ ਨੂੰ ਤਾਂ ਬੁਝਾਉ ਤੇ ਬਸੰਤਰ ਦੇਵਤੇ ਦੀ ਪੂਜਾ ਕਰੋ'। ਵਾਹ ਬਈ ਵਾਹ ਹਮਦਰਦੀ ਏ ਸਾਡੇ ਨਾਲ। (ਸੰਗ੍ਰ)

**ਅੱਗ ਬਿਨਾ ਧੂੰਆਂ ਨਾ ਹੋਇ।**

**ਭਾਵ:**— ਕਾਰਨ ਬਿਨਾ ਕਾਜ ਨਹੀਂ ਹੁੰਦਾ।

**ਵਰਤੋਂ:**— ਸੁਰਸਤੀ—ਬੇਬੇ ਜੀ ! ਇਹ ਗਲ ਸਚੀ ਹੈ ਕਿ ਹੁਕਮਣੀ ਨੇ ਆਖਿਆ ਹੈ ਜਿਸ ਕਰ ਕੇ ਜੀਜਾ ਜੀ ਗੁਸੇ ਹੋ ਗਏ ਨੇ, ਵੇਖੋ ਨਾ 'ਅਗ ਬਿਨਾ ਧੂੰਆਂ ਨਹੀਂ ਹੁੰਦਾ'। (ਸੰਗ੍ਰ)

**ਅਗ ਲਗਿਆਂ, ਖੂਹ ਪੁਟੇ।** ਜਾਂ
**ਅੱਗ ਲਗਿਆਂ, ਮੀਂਹ ਕਿਥੇ ?**

**ਭਾਵ:**— ਜਦ ਕੋਈ ਕੰਮ ਤਬਾਹ ਹੋਣ ਲਗੇ ਤਦ ਉਸ ਨੂੰ ਬਚਾਉਣ ਦੇ ਸਾਧਨ ਉਸ ਵੇਲੇ ਸੋਚੇ ਜਾਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਮਾਂ ਜੀ ! 'ਅੱਗ ਲਗਿਆਂ ਵੀ ਕਦੀਂ ਖੂਹ ਪੁਟੇ' ਕੰਮ ਦੇਂਦੇ ਹਨ ? ਪਹਿਲਾਂ ਸੁਤੇ ਰਹੇ ਸੀ ? ਹੁਣ ਆ ਬਣੀ ਤੇ ਚੀਕਦੇ ਹੋ ? (ਸੰਗ੍ਰ)

**ਅੱਗ ਲੱਗੇ ਤਾਂ ਮਸ਼ਕਾਂ ਦਾ ਭਾ ਕੌਣ ਪੁਛਦਾ ਏ ?**

**ਭਾਵ:**— ਔਖੇ ਵੇਲੇ ਤਾਂ ਗੜ ਬੜ ਪੈ ਜਾਂਦੀ ਏ, ਵਿਚਾਰ ਕੌਣ ਕਰ ਸਕਦਾ ਹੈ ? ਜਿਵੇਂ ਕਿਵੇਂ ਵੇਲਾ ਟਪਾਣ ਦੀ ਕੀਤੀ ਜਾਂਦੀ ਏ।

**ਵਰਤੋਂ:**— ਜਸ—ਮਹਾਰਾਜ, ਪੁਛਣਾ ਸੁਖ ਵੇਲੇ, ਦੁਖ ਸਮੇਂ ਤਾਂ ਹਫੜਾ ਤਫੜੀ ਹੁੰਦੀ ਏ। 'ਅੱਗ ਲੱਗੇ ਤਾਂ ਮਸ਼ਕਾਂ ਦਾ ਭਾ ਕੌਣ ਪੁਛਦਾ ਏ ?'

(ਖੇਡਣ ਦੇ ਦਿਨ ਚਾਰ—ਹਰਚਰਨ ਸਿੰਘ)

**ਅੱਗ ਲਗੀ, ਕੁਤੇ ਨਿਆਈਂ ।**

**ਭਾਵ:**— ਦੁਖ ਵਿਚ ਹੋਰ ਦੁਖ ਆ ਪੈਣੇ ।

**ਵਰਤੋਂ:**— ਮਾਸੀ—ਚਾਚੀ ਜੀ ! ਮੈਂ ਅੱਗੇ ਹੀ ਦੁਖੀ ਹਾਂ, ਉਤੋਂ ਉਨ੍ਹਾਂ ਦੇ ਬੀਮਾਰ ਹੋ ਜਾਣ ਦੀ ਚਿੱਠੀ ਆ ਗਈ, ਮੇਰੇ ਨਾਲ ਤਾਂ 'ਅੱਗ ਲਗੀ, ਕੁਤੇ ਨਿਆਈਂ' ਵਾਲੀ ਗਲ ਬਣ ਰਹੀ ਹੈ, ਦਸੋ ਮੈਂ ਕੀ ਕਰਾਂ ? (ਸੰਗ੍ਰ)

**ਅੱਗ ਲਾ ਤਮਾਸ਼ਾ ਵੇਖ ।**

**ਭਾਵ:**— ਘਰ ਵਿਚ ਫੁਟ ਪਵਾ ਘਰ ਨੂੰ ਬਰਬਾਦ ਕਰਨਾ ।

**ਵਰਤੋਂ:**— ਤੁਹਾਡਾ ਮਤਲਬ ਸਿਵਾਏ ਇਸ ਤੋਂ ਹੋਰ ਕੁਝ ਨਹੀਂ ਸੀ, ਕਿ ਇਸ ਘਰ ਨੂੰ ਅੱਗ ਲਾ ਤਮਾਸ਼ਾ ਵੇਖੋ ।

(ਜੀਵਨ ਸੰਗਰਾਮ—ਨਾਨਕ ਸਿੰਘ)

**ਅੱਗ ਲੈਣ ਆਈ ਤੇ ਘਰ ਵਾਲੀ (ਘਰ ਦੀ ਮਾਲਕ) ਬਣ ਬੈਠੀ ।**

**ਭਾਵ:**— ਜਦ ਕੋਈ ਕਿਸੇ ਥੋੜੀ ਚੀਜ਼ ਜਾਂ ਥਾਂ ਦੀ ਮੰਗ ਕਰੇ ਤੇ ਮੰਗ ਪੂਰੀ ਹੁੰਦੀ ਵੇਖ ਸਾਰੀ ਨੂੰ ਜੱਫਾ ਮਾਰਨ ਦੀ ਕਰੇ ।

(੨) ਜਦ ਕੋਈ ਕਿਸੇ ਸਾਧਾਰਨ ਕੰਮ ਲਈ ਜਾਵੇ ਤੇ ਬਹੁਤ ਭਾਰੀ ਕੰਮ ਕਢ ਲੈ ਆਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**—

ਅੱਗ ਲੈਣ ਆਈ ਘਰ ਸਾਂਭਿਓ ਈ,
ਏਹ ਤੇਰਾ ਸੀ, ਵੀਰ ਨਾ ਭਾਈਆਂ ਦਾ ।
ਵਾਰਸਸ਼ਾਹ ਦੀ ਮਾਰ ਹੀ ਵਗੇ ਹੋਰੇ,
ਜਿਹਾ ਖੋਹਿਆ ਈ ਦੇਵਰ ਭਰਜਾਈਆਂ ਦਾ ।

(ਹੀਰ ਵਾਰਸਸ਼ਾਹ)

**ਅਗਲੀ ਲੈਣ ਗਿਆ, ਪਿਛਲੀ ਕੁੱਤਾ ਲੈ ਗਿਆ ।**

**ਭਾਵ:**— ਜਦ ਕੋਈ ਹਥ ਆਇਆ ਕੰਮ ਛੱਡ ਕੇ ਹੋਰ ਦੇ ਮਗਰ ਨੱਸੇ ਤੇ ਪਹਿਲਾ ਵੀ ਗਵਾ ਬੈਠੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਵਜ਼ੀਰ ਸਿੰਘ—ਤਾਰਾ ਸਿੰਘ, ਤੂੰ ਅਨੋਖਾ ਜਿਹਾ ਪੁਰਸ਼ ਏਂ, ਤੂੰ ਹੱਥ ਆਏ ਕੰਮ ਨੂੰ ਸਿਰੇ ਚੜ੍ਹਨ ਨਹੀਂ ਦੇਂਦਾ ਤੇ ਹੋਰ ਦੇ ਮਗਰ ਪੈ ਜਾਂਦਾ ਏਂ । ਵੇਖੀਂ ! ਕਿਤੇ ਉਹੋ ਹਾਲ ਨਾ ਕਰਾ ਬੈਠੀਂ ਅਖੇ 'ਅਗਲੀ ਲੈਣ ਗਿਆ, ਪਿਛਲੀ ਕੁੱਤਾ ਲੈ ਗਿਆ ।' (ਸੰਗ੍ਰ)

**ਅਗਲੇ ਨਹੀਂ ਸਨ ਭਾਂਵਦੇ, ਹੋਰ ਢਿੱਡ ਕਢੀ ਆਉਂਦੇ ।**

**ਭਾਵ:**— ਜਦ ਕਿਸੇ ਪ੍ਰਾਹੁਣੇ ਤੋਂ ਕੋਈ ਅਗੇ ਹੀ ਅਕਿਆ ਹੋਵੇ ਤੇ ਹੋਰ ਪ੍ਰਾਹੁਣੇ ਆ ਜਾਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਕੀ ਕਰਾਂ ਪਰਸੋਂ ਦੇ ਚਾਰ ਪ੍ਰਾਹੁਣੇ ਆਏ ਬੈਠੇ ਹਨ, ਨੱਕ ਜਿੰਦ ਕਰ ਛਡੀ ਨੇ, ਅਜ ਤਿੰਨ ਹੋਰ ਆ ਰਹੇ ਹਨ । 'ਅਗਲੇ ਨਹੀਂ ਸਨ ਭਾਂਵਦੇ, ਹੋਰ ਢਿੱਡ ਕਢੀ ਆਉਂਦੇ' ਵਾਲੀ ਗਲ ਹੈ ਸਾਡੇ ਨਾਲ ਤੇ । (ਸੰਗ੍ਰ)

**ਅੱਗਾ ਤੇਰਾ, ਪਿੱਛਾ ਮੇਰਾ ।**

**ਭਾਵ:**— ਮੈਂ ਤੇਰੇ ਹੁਕਮ ਦਾ ਬੱਧਾ ਤੁਰਾਂਗਾ ।

**ਵਰਤੋਂ:**— ਉਸ ਨੇ ਰਾਮ ਰਤਨ ਨੂੰ ਜੱਫੀ ਵਿਚ ਘੁਟ ਲਿਆ ਤੇ ਪੂਰੇ ਪਿਆਰ ਵਿਚ ਰੰਗੀਜ ਕੇ ਕਿਹਾ 'ਜਿਵੇਂ ਤੈਨੂੰ ਚੰਗਾ ਲਗੇ ਉਵੇਂ ਕਰ 'ਅੱਗਾ ਤੇਰਾ ਤੇ ਪਿੱਛਾ ਮੇਰਾ ।''

(ਟੁੱਟੀ ਵੀਣਾ—ਨਾਨਕ ਸਿੰਘ)

**ਅੱਗਾ ਦੌੜ, ਪਿੱਛਾ ਚੌੜ ।** ਜਾਂ
**ਅਗੋਂ ਵੱਟਾਂ ਜੇਵੜੀ, ਪਿਛੋਂ ਵੱਛਾ ਖਾਏ ।**

**ਭਾਵ:**— ਜਦ ਕੋਈ ਅਗਾਂਹ ਵਧਣ ਦਾ ਜਤਨ ਤਾਂ ਕਰੇ, ਪਰ ਪਿਛਲੇ ਵਿਗੜਦੇ ਕੰਮਾਂ ਵਲ ਧਿਆਨ ਨਾ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:**— ਧਰਮ ਕੌਰ-ਮੁੰਡਾ ਤਾਂ ਹੈ ਲਾਇਕ ਪਰ ਉਹ ਪਿਛਲੇ ਕੀਤੇ ਕੰਮ ਤੇ ਪੂਰਾ ਧਿਆਨ ਨਹੀਂ ਦਿੰਦਾ, 'ਅੱਗਾ ਦੌੜ, ਪਿੱਛਾ ਚੌੜ' ਇਹੋ ਕਾਰਨ ਹੈ ਕਿ ਉਸ ਦੇ ਨੰਬਰ ਘਟ ਆਏ ਹਨ । (ਸੰ)

**ਅੱਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ (ਗੁਰੂ ਗ੍ਰੰਥ—ਵਾਰ ਮਾਝ ਕੀ)**

**ਭਾਵ:**— ਅੱਗ ਨੂੰ ਪਾਲਾ ਕੀ ਕਰ ਸਕਦਾ ਹੈ, ਸੂਰਜ ਦੇ ਚੜ੍ਹਨ ਤੇ ਰਾਤ ਕਿਵੇਂ ਰਹਿ ਸਕਦੀ ਹੈ ?

**ਵਰਤੋਂ:**— "ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥"

**ਅੱਗੇ ਅੱਗੇ ਜਾਹ, ਕਰਮਾਂ ਦਾ ਖਟਿਆ ਖਾਹ।**

**ਭਾਵ:**— ਜਦ ਕੋਈ ਧਨ ਕਮਾਉਣ ਲਈ ਪਰਦੇਸ ਭਾਗੇ ਪਰ ਪੱਲੇ ਘਰ ਵਾਲੀ ਮਜੂਰੀ ਵੀ ਨਾ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਮੀਆਂ ਜੀ ! ਕਿਹੜਾ ਪਾਪੜ ਨਹੀਂ ਵੇਲਿਆ ਹੋਣਾ ਮੈਂ। ਦੇਸੋਂ ਪਰਦੇਸ ਗਿਆ। ਪਰ 'ਅੱਗੇ ਅੱਗੇ ਜਾਹ ਤੇ ਕਰਮਾਂ ਦਾ ਖਟਿਆ ਖਾਹ' ਉਥੇ ਵੀ ਉਹੀਉ ਤ੍ਰਹਾੜੀ ਤੇ ਉਹੀਉ ਵੇਂਵਾ। ਭੈੜਾ ਹਾਲ ਹੀ ਰਿਹਾ। (ਸੰਗ੍ਰ)

**ਅੱਗੇ ਕਮਲੀ, ਮੁੜ ਪੈ ਗਈ ਮੜ੍ਹੀਆਂ ਦੇ ਰਾਹ।**

**ਭਾਵ:**— ਜਦ ਜਿਹੜਾ ਅਗੇ ਹੀ ਮਾੜਾ ਹੋਵੇ ਤੇ ਮੁੜ ਮਾੜੀ ਸੰਗਤ ਵਿਚ ਜਾ ਰਲੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਜਿਸ ਮਨ ਨੇ ਢੂੰਡ ਕਰਨੀ ਸੀ, ਉਹੋ ਤਾਂ ਗੁਆਚਾ। 'ਅੱਗੇ ਕਮਲੀ ਸੀ, ਉਤੋਂ ਪਈ ਮੜ੍ਹੀਆਂ ਦੇ ਰਾਹ'। ਨਾਲ ਹੀ ਸੁਧ ਸਰੀਰ ਦੀ ਅਤੇ ਬੁਧ ਮਨ ਦੀ ਇਹ ਵੀ ਦੋਵੇਂ ਕਟੀਆਂ ਗਈਆਂ।

(ਸ੍ਰੀ ਹਰਿਚਰਣ ਵਿਸਥਾਰ—ਡਾ: ਬਲਬੀਰ ਸਿੰਘ)

**ਅੱਗੇ ਖੂਹ ਤੇ ਪਿੱਛੇ ਖਾਈ।**

**ਭਾਵ:**— ਜਦ ਕਿਸੇ ਨੂੰ ਹਰ ਪਾਸਿਓਂ ਦੁਖ ਹੀ ਦੁਖ ਪੁਜੇ।

**ਵਰਤੋਂ:**— ਪੁਸ਼ਪਾ—ਮਾਂ ਜੀ ! ਉਸ ਦੇ ਦੁਖ ਦਾ ਹਾਲ ਕੀ ਦਸਾਂ ? 'ਅੱਗੇ ਖੂਹ ਤੇ ਪਿੱਛੇ ਖਾਈ' ਵਾਲੀ ਵਿਚਾਰੀ ਦੀ ਹਾਲਤ ਹੈ। (ਸੰਗ੍ਰ)

**ਅੱਗੇ ਨਹੀਂ ਸੀ ਮਾਨ, ਮਗਰੋਂ ਟੱਪ ਚੜ੍ਹੀ ਅਸਮਾਨ।**

**ਭਾਵ:**— ਜਦ ਕੋਈ ਅੱਗੇ ਹੀ ਵਿਗੜਿਆ ਹੋਵੇ ਤੇ ਉਸ ਨਾਲ ਹੋਰ ਲਾਡ ਪਿਆਰ ਕਰ ਕੇ ਉਸ ਨੂੰ ਅਣ-ਮੋੜ ਬਣਾ ਦਿਤਾ ਜਾਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਤੀਜੀ— ਨੀ ਬੀਬੀਏ ! ਚੋਧਰੀ ਨੇ ਈ ਤਾਂ ਬਹੁਤੇ ਲਾਡ ਲਡਾ ਕੇ ਕੌੜੀ ਵੇਲ ਵਾਂਗੂ ਸਿਰ ਚੜ੍ਹਾ ਲਿਆ ਏ, ਤੇ ਰਹਿੰਦੀ ਬਾਕੀ ਹੁਣ ਇਹਦੇ ਭਰਾਵਾਂ ਦੀਆਂ ਬੇਪਰਵਾਹੀਆਂ ਤੇ ਖੁਲ੍ਹਾਂ ਨੇ ਇਹਦੀਆਂ ਜੜ੍ਹਾਂ ਵੱਢਣ ਵਿਚ ਕੋਈ ਕਸਰ ਨਹੀਂ ਛੱਡੀ, ਅਖੇ 'ਅੱਗੇ ਈ ਨਹੀਂ ਸੀ ਮਾਨ, ਮਗਰੋਂ ਟੱਪ ਚੜ੍ਹੀ ਅਸਮਾਨ।' (ਹੀਰ ਸਿਆਲ ਨਾਟਕ—ਫੀਰੋਜ਼ਦੀਨ)

**ਅੱਗੇ ਪਏ ਨੂੰ ਤਾਂ ਸ਼ੇਰ ਭੀ ਨਹੀਂ ਖਾਂਦਾ।**

**ਭਾਵ:**— ਨਿੰਮਰਤਾ ਸਭ ਤੋਂ ਵੱਡੀ ਓਟ ਹੁੰਦੀ ਹੈ।

**ਵਰਤੋਂ:**— ਬੇਬੇ—ਬੱਚੀ ! ਹੌਸਲਾ ਕਰ ਤੇ ਨਿੰਮਰਤਾ ਧਾਰਨ ਕਰ। 'ਅੱਗੇ ਪਏ ਨੂੰ ਤਾਂ ਸ਼ੇਰ ਭੀ ਨਹੀਂ ਖਾਂਦਾ।' ਦਰ ਢਹਿ ਪਏਂਗੀ ਤਾਂ ਕੋਈ ਨਹੀਂ ਉਠਾਏਗਾ। (ਸੰਗ੍ਰ)

**ਅੱਗੇ ਪਿਛੇ ਚੰਗੀ, ਦਿਨ ਦਿਹਾਰ ਮੰਦੀ।**

**ਭਾਵ:**— ਜਦ ਕੋਈ ਆਮ ਤੌਰ ਤੇ ਚੰਗੀ ਭਲੀ ਵਰਤੋਂ ਕਰਦਾ ਹੋਵੇ, ਪਰ ਕਿਸੇ ਦਿਨ ਦਿਹਾੜੇ ਵਿਗੜ ਬੈਠੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ:**— ਓਦੋਂ ਮੇਰਾ ਜਨਮ-ਦਿਨ ਸੀ, ਮੈਨੂੰ ਯਾਦ ਹੈ ਕਿ ਮੇਰੀ ਮਾਸੀ ਜਿਹੜੀ ਰੋਜ਼ ਸਾਡੇ ਘਰ ਆਉਂਦੀ ਸੀ, ਉਸ ਦਿਨ ਨਾ ਆਈ। ਮੇਰੇ ਮਾਤਾ ਜੀ ਉਚੇਚਾ ਉਹਦੇ ਘਰ ਗਏ। ਬੜਾ ਮਨਾਇਆ, ਪਰ ਮਾਸੀ ਜੀ ਤੇ ਕੋਈ ਅਸਰ ਨਾ ਹੋਇਆ। ਮਾਤਾ ਜੀ ਨੇ ਗੁਸੇ ਵਿਚ ਕਈ ਗਲਾਂ ਕਹਿੰਦਿਆਂ ਹੋਇਆਂ ਕਿਹਾ, 'ਅੱਗੇ ਪਿਛੇ ਚੰਗੀ, ਦਿਨ ਦਿਹਾਰ ਮੰਦੀ।' (ਸੰ)

**ਅੱਗੇ ਭੱਸ ਤੇ ਹੁਣ ਛਾਈ ।**

**ਭਾਵ:—** ਜਦ ਕਿਸੇ ਦੀ ਹਾਲਤ ਵਿਚ ਕੋਈ ਫ਼ਰਕ ਨਾ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਫਿਰ ਮੇਰੇ ਪਿਤਾ ਜੀ ਦੀ ਨੌਕਰੀ ਲਗ ਗਈ, ਪਰ ਤਨਖਾਹ ਅਗੇ ਪੰਜਾਹਵਾਂ ਤੋਂ ਹੁਣ ਭੁਗੇ ਵਿਚ ਤ੍ਰੀਹ ਰੁਪਏ ਕਰ ਦਿੱਤੀ ਗਈ । ਚਾਰ ਅਸੀਂ ਵਡੀਆਂ ਭੈਣਾਂ ਤੇ ਪੰਜ ਮੇਰੇ ਨਿਕੇ ਨਿਕੇ, ਮਿਠੇ ਮਿਠੇ ਵੀਰ ਸਨ । 'ਅੱਗੇ ਭੱਸ ਤੇ ਹੁਣ ਛਾਈ' ਹਾਲਤ ਤਾਂ ਵੀ ਹੱਥੋਂ ਮੂੰਹ ਤਕ ਸੀ ।

(ਸਵੇਰ ਸਾਰ—ਕਰਤਾਰ ਸਿੰਘ ਦੁਗਲ)

**ਅੱਗੇ ਭਾਬੋ (ਜਾਂ ਨਾਨੀ) ਨੱਚਣੀ, ਨਾਲ ਢੋਲਾਂ ਦੀ ਕੁੜਕੁੱਟ ।** ਜਾਂ

**ਅੱਗੇ ਬੀਬੀ ਟੱਪਣੀ, ਮਗਰੋਂ ਢੋਲਾਂ ਦੀ ਗੜਗੱਜ ।**

**ਭਾਵ:—** ਜਦ ਕਿਸੇ ਮਾੜੇ ਪੁਰਸ਼ ਦੇ ਔਗਣਾਂ ਨੂੰ ਹੋਰ ਘਟਨਾਵਾਂ ਰਲ ਕੇ ਵਧੀਕ ਕਰ ਦੇਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** 'ਅੱਗੇ ਨਾਨੀ ਨੱਚਣੀ, ਉਤੇ ਢੋਲਾਂ ਦੀ ਕੁੜਕੁੱਟ' ਵਾਲੀ ਗਲ ਆ ਬਣੀ । ਇਸ ਵੇਲੇ ਤਾਂ ਚਿੜੀ ਜਨਾਵਰ ਭੀ ਆਪੋ ਆਪਣੇ ਆਹਲਣੇ ਢੂੰਡਦੇ ਥਕ ਰਹੇ ਹਨ ।

(ਸ੍ਰੀ ਹਰਿਚਰਨ ਵਿਸਥਾਰ—ਡਾ: ਬਲਬੀਰ ਸਿੰਘ)

**ਅੱਗੇ ਵਹੁਟੀ ਸੁਹਣੀ, ਉਤੋਂ ਸੁਤੀ ਉੱਠੀ ।**

**ਭਾਵ:—** ਜਦ ਇਕ ਤਾਂ ਕੋਈ ਪੁਰਸ਼ ਬਦਸ਼ਕਲ ਹੋਵੇ ਤੇ ਦੂਜੇ ਸੁਭਾ ਦਾ ਵੀ ਭੈੜਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਉਹ ਹਰ ਵੇਲੇ ਭੈੜਾ ਮੂੰਹ ਬਣਾਈ ਰਖਦਾ ਹੈ । ਇਕ ਦਿਨ ਭੁਲ ਭੁਲੇਖੇ ਮੈਂ ਉਹਨੂੰ ਛੇੜ ਬੈਠਾ । ਆ ਬਲਾਈਏ ਪਿੰਡੇ ਲਗ—ਮੈਨੂੰ ਤਾਂ ਉਹ ਚਮੁਟ ਹੀ ਗਿਆ । ਮੇਰੇ ਮਿਤਰ ਨੇ ਕਿਹਾ, 'ਅੱਗੇ ਵਹੁਟੀ ਸੁਹਣੀ, ਉਤੋਂ ਸੁਤੀ ਉੱਠੀ ।' (ਸੰ)

**ਅਗੋਂ ਅਗੋਣ ਤੇ ਗਲੋਂ ਗਲੈਣ ।**

**ਭਾਵ:—** ਜਦ ਕਿਸੇ ਨਿੱਕੀ ਜਿਹੀ ਗਲ ਤੋਂ ਬਹੁਤ ਕੁਝ ਵਧਾ ਕੇ ਦਸਿਆ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਕਰਮ ਦੇਈ—ਭੈਣ, ਹਰ ਵੇਲੇ ਰਾਈ ਦਾ ਪਹਾੜ ਨਹੀਂ ਬਣਾਈਦਾ । 'ਅਗੋਂ ਅਗੈਣ ਤੇ ਗਲੋਂ ਗਲੈਣ'; ਬਹੁਤੀ ਗਲ ਵਧਾ ਕੇ ਆਖਣੀ ਚੰਗੀ ਨਹੀਂ ਹੁੰਦੀ । (ਸੰਗ੍ਰ)

**ਅਗੋਂ ਸਿੰਗ ਤੇ ਪਿਛੋਂ ਦੁਲੱਤੇ ।**

**ਭਾਵ:—** ਜਦੋਂ ਕਿਸੇ ਨੂੰ ਦੁਪਾਸੀਂ ਦੁਖ ਪੇਸ਼ ਆਵੇ, ਤਾਂ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਰਤਨ ਕੌਰ ਨੂੰ ਦਲੀਪ ਸਿੰਘ ਨੇ ਤਾਂ ਘਰੋਂ ਕਢ ਦਿਤਾ ਪਰ ਵਿਚਾਰੀ ਨੂੰ ਮਾਪੇ ਵੀ ਵਢ ਵਢ ਖਾਣ । 'ਅਗੋਂ ਸਿੰਗ ਤੇ ਪਿਛੋਂ ਦੁਲੱਤੇ ।' (ਸੰ)

**ਅਛਾ ਨਾਮ ਖੁਦਾ ਦਾ (ਪਰਮੇਸ਼ਰ ਦਾ)**

**ਭਾਵ:—** ਜਦ ਕਿਸੇ ਗੁਣਵਾਨ ਨੂੰ ਵੀ ਔਗਣਹਾਰਾ ਦਸਣਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਭੈਣ ! ਤੂੰ ਤਾਂ ਪਰਕਾਸ਼ ਕੌਰ ਦੇ ਗੁਣ ਗਾਉਂਦੀ ਨਹੀਂ ਰਜਦੀ, ਪਰ ਵੇਖੀਂ ਖਾਂ ਕਲ੍ਹ ਉਸ ਨੇ ਕਿਤਨਾ ਕੁਫ਼ਰ ਤੋਲਿਆ । ਅਗੋਂ ਜੋਗਿੰਦਰ ਬੋਲੀ, ਭੈਣ ! 'ਅਛਾ ਨਾਮ ਇਕ ਪਰਮੇਸ਼ਰ ਦਾ ਹੀ ਹੈ ।' ਬੰਦਾ ਭਾਵੇਂ ਕਿੰਨਾ ਚੰਗਾ ਹੋਵੇ, ਉਸ ਪਾਸੋਂ ਭੁਲ ਹੋਣੀ ਸੰਭਵ ਹੈ । (ਸੰਗ੍ਰ)

**ਅੱਜ ਏਥੇ ਕਲ੍ਹ ਉਥੇ, ਹੇਰਾ ਫੇਰੀ ਕਿਸੇ ਨਾ ਲੇਖੇ** ਜਾਂ

**ਅੱਜ ਹੋਰ ਤੇ ਕਲ ਹੋਰ ।**

**ਭਾਵ:—** ਜਦ ਕੋਈ ਛੇਤੀ ਹੀ ਆਪਣਾ ਸੁਭਾ ਬਦਲਦਾ ਰਹੇ ਤੇ ਲਾਭ ਨਾ ਉਠਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ:—** ਰਜਿੰਦਰ—ਮੀਆਂ ! ਦੁਨੀਆਂ ਵਿਚ ਇਸੇ ਤਰ੍ਹਾਂ ਹੁੰਦਾ ਏ । 'ਅੱਜ ਹੋਰ ਤੇ ਕਲ੍ਹ ਹੋਰ ।' ਕੌਣ ਕਿਸੇ ਨਾਲ ਜੁੜ ਕੇ ਬੈਠਾ ਰਵ੍ਹੇ ? (ਸੰਗ੍ਰ)

**ਅੱਜ ਕਿਧਰੇ ਮੀਂਹ ਪਿਆ ।** ਜਾਂ

**ਅੱਜ ਕਿਧਰੇ ਰੱਬ ਤੁੱਠਾ ।**

**ਭਾਵ:—** ਜਦ ਕੋਈ ਮਿੱਤਰ ਚਿਰਾਂ

ਪਿਛੋਂ ਮਿਲੇ ਜਾਂ ਕੋਈ ਅਣਹੋਣੀ ਗਲ ਹੋਈ ਦਿਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਆਓ, ਵੀਰ ਜੀ, ਜੀ ਆਇਆਂ ਨੂੰ ! ਇਨੇ ਖਤ ਪਾਏ ਤਾਂ ਤੁਸੀਂ ਆਏ ਨਹੀਂ ! ਇਉਂ ਜਾਪਦਾ ਹੈ ਕਿ ਅਜ ਕਿਧਰੇ ਰੱਬ ਤੁਠਾ ਹੈ। (ਸੰਗ੍ਰ)

**ਅੱਜ ਦਾ ਕੰਮ ਕਲ੍ਹ ਉਤੇ ਨਾ ਛਡੋ।**

**ਭਾਵ**:— ਜਿਹੜਾ ਕੰਮ ਕਰਨਾ ਹੈ, ਝਟਾ ਪਟ ਕਰੋ।

**ਵਰਤੋਂ**:— ਮਾਸਟਰ—ਬਚਿਉ ! ਇਹ ਗਲ ਪੱਲੇ ਬੰਨ੍ਹ ਲਵੋ ਕਿ 'ਅਜ ਦਾ ਕੰਮ ਕਲ੍ਹ ਉਤੇ ਨਹੀਂ ਛਡਣਾ।' (ਸੰਗ੍ਰ)

**ਅੱਜ ਦਾ ਦਿਨ ਮਿੱਠਾ ਤੇ ਕਲ੍ਹ ਕਿਨੇ ਡਿੱਠਾ।**

**ਭਾਵ**:— ਜੋ ਕੁਝ ਕਰਨਾ ਹੈ ਹੁਣੇ ਹੀ ਕਰੋ ਤੇ ਕਲ੍ਹ ਤੇ ਨਾ ਸੁੱਟੋ।

**ਵਰਤੋਂ**:— ਰੱਬ ਜਾਣੇ ਫੇਰ ਇਹ ਦਿਨ ਵੇਖਣਾ ਏ ਕਿ ਨਹੀਂ। 'ਅੱਜ ਦਾ ਦਿਨ ਮਿੱਠਾ ਤੇ ਕਲ੍ਹ ਕਿਨੇ ਡਿੱਠਾ।' ਇਕ ਵਾਰੀ ਤਾਂ ਤੇਰੀ ਖੁਸ਼ੀ ਰਜ ਕੇ ਵੇਖ ਲਈਏ। (ਪਿੰਡ ਦੇ ਵੈਰੀ—ਜੋਸ਼ਵਾ ਫ਼ਜ਼ਲ ਦੀਨ)

**ਅੱਜ ਮੇਰੀ, ਕਲ੍ਹ ਤੇਰੀ, ਵੇਖੋ ਲੋਕੋ ਹੇਰਾ ਫੇਰੀ।**

**ਭਾਵ**:— ਕਿਸੇ ਨਾਲ ਧੋਖਾ ਹੋਣ ਤੇ ਵਰਤਦੇ ਹਨ।

**ਵਰਤੋਂ**:— ਪੰਚ—ਸ਼ਾਹ ਜੀ, ਸਾਫ ਸਾਫ ਉਤਰ ਦਿਉ। 'ਅੱਜ ਮੇਰੀ, ਕਲ੍ਹ ਤੇਰੀ, ਵੇਖੋ ਲੋਕੋ ਹੇਰਾ ਫੇਰੀ।' ਮੈਂ ਤਾਂ ਸਿੱਧੀ ਗਲ ਦਾ ਗਾਹਕ ਹਾਂ, ਵਿੰਗ ਵਲੇਵੇਂ ਦਾ ਨਹੀਂ। (ਸੰਗ੍ਰ)

**ਅੱਜ ਮੇਰੀ ਮੰਗਣੀ ਤੇ ਕਲ੍ਹ ਮੇਰਾ ਵਿਆਹ।**

**ਭਾਵ**:— ਜਦ ਕਿਸੇ ਦਾ ਕੋਈ ਕੰਮ ਝਟਾਪਟ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਸਾਡੇ ਨਾਲ ਤਾਂ 'ਅੱਜ ਮੇਰੀ ਮੰਗਣੀ ਤੇ ਕਲ੍ਹ ਮੇਰਾ ਵਿਆਹ' ਵਾਲਾ ਹਾਲ ਹੋਇਆ। ਜਾਂਦਿਆਂ ਹੀ ਕੰਮ ਹੋ ਗਿਆ ਤੇ ਝਟਪਟ ਪਰਤ ਆਏ। (ਸੰਗ੍ਰ)

**ਅਜ ਮੋਏ, ਕਲ੍ਹ ਚੌਥਾ।**

**ਭਾਵ** :— ਇਹ ਰਿਵਾਜ ਹੈ ਕਿ ਜਦ ਕੋਈ ਮਰ ਜਾਵੇ, ਤਦ ਚੌਥੇ ਦਿਨ ਉਸ ਦੀਆਂ ਹਡੀਆਂ ਚੁਣ ਲਈਆਂ ਜਾਂਦੀਆਂ ਹਨ, ਤੇ ਸਵਾਹ ਸੁਟ ਦਿਤੀ ਜਾਂਦੀ ਹੈ। ਪਰ ਜਦ ਕੋਈ ਮਰ ਗਏ ਨੂੰ ਛੇਤੀ ਹੀ ਭੁਲਾ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹਜ਼ਾਰਾ ਸਿੰਘ—ਕੁਲਦੀਪ ਸਿੰਘ ਨਾਲ ਤਾਂ 'ਅਜ ਮੋਏ, ਕਲ ਚੌਥਾ' ਵਾਲੀ ਗਲ ਬਣੀ ਹੈ। ਹਾਲੀ ਸਵਾਹ ਠੰਡੀ ਵੀ ਨਹੀਂ ਹੋਈ ਕਿ ਘਰ ਵਿਚ ਸੋਗ ਦਾ ਨਾਂ ਨਿਸ਼ਾਨ ਨਹੀਂ ਦਿਸਦਾ। (ਸੰਗ੍ਰ)

**ਅਜ ਮੋਏ ਤੇ ਕਲ੍ਹ ਦੂਆ ਦਿਹਾੜਾ (ਦਿਨ)**

**ਭਾਵ** :— ਜਦ ਕਿਸੇ ਨੂੰ ਮਰਨ ਪਿਛੋਂ ਕੋਈ ਯਾਦ ਨਾ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬਸੰਤ ਨੂੰ ਮੋਇਆਂ ਅਜੇ ਮਹੀਨਾ ਕੁ ਹੀ ਹੋਇਆ ਹੈ ਕਿ ਉਸ ਦੇ ਪਤੀ ਨੇ ਨਵੀਂ ਵਹੁਟੀ ਦੀ ਗਲਬਾਤ ਵਿਚ ਹਾਂ ਮਿਲਾਣੀ ਸ਼ੁਰੂ ਕਰ ਦਿਤੀ। ਬਸੰਤ ਨਾਲ 'ਅਜ ਮੋਏ ਤੇ ਕਲ੍ਹ ਦੂਆ ਦਿਹਾੜਾ (ਦਿਨ)' ਵਾਲੀ ਗਲ ਹੋਈ। (ਸੰ)

**ਅਜਹੁ ਸੁ ਨਾਉ ਸਮੁਦ੍ਰ ਮਹਿ ਕਿਆ ਜਾਨਉ ਕਿਆ ਹੋਇ॥**

**ਭਾਵ** :— ਜਦ ਤਕ ਕੋਈ ਕੰਮ ਸਿਰੇ ਨਾ ਚੜ੍ਹ ਜਾਵੇ, ਜਤਨ ਢਿਲਾ ਨਹੀਂ ਕਰਨਾ ਚਾਹੀਦਾ। ਜਾਂ ਆਪਣੇ ਭਵਿਖਤ ਬਾਰੇ ਨਿਸਚਾ ਨਾ ਹੋਣਾ।

**ਵਰਤੋਂ** :—

ਕਬੀਰ ਗਰਬੁ ਨਾ ਕੀਜੀਐ ਰੰਕ ਨਾ ਹਸੀਐ ਕੋਇ॥
ਅਜਹੁ ਸੁ ਨਾਉ ਸਮੁਦ੍ਰ ਮਹਿ ਕਿਆ ਜਾਨਉ ਕਿਆ ਹੋਇ॥
(ਗੁਰੂ ਗ੍ਰੰਥ ; ਸਲੋਕ ਕਬੀਰ)

**ਅਜੇ ਤਾਂ ਗੋਹੜੇ ਵਿਚੋਂ ਰੂੰ ਭੀ ਨਹੀਂ ਕੱਤੀ। ਜਾਂ ਅਜੇ ਤਾਂ ਗੋਹੜੇ ਵਿਚੋਂ ਪੂਣੀ ਭੀ ਨਹੀਂ ਛੁਹੀ।**

**ਭਾਵ** :— ਜਦ ਕਿਸੇ ਕੰਮ ਨੂੰ ਮਸੀਂ ਹੱਥ

ਹੀ ਲਾਇਆ ਹੋਵੇ ਜਾਂ ਹਾਲੀ ਕੰਮ ਬਹੁਤ ਥੋੜਾ ਹੋਇਆ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਤੁਸਾਂ ਪਹਿਲੀ ਵੇਰ ਵੇਖਿਆ ਵੇ, ਮੈਂ ਤਾਂ ਇਸ ਤੋਂ ਪਹਿਲਾਂ ਦੋ ਵਾਰੀ ਕਸ਼ਮੀਰ ਵੇਖ ਚੁਕੀ ਹਾਂ । 'ਅਜੇ ਤਾਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਛੁਹੀ ।' ਕਸ਼ਮੀਰ ਦਾ ਅਸਲੀ ਰੂਪ ਅਜੇ ਤੀਹ ਮੀਲ ਅਗੇ ਜਾਕੇ ਤੁਹਾਨੂੰ ਦਿਸੇਗਾ ।

(ਜੀਵਨ ਸੰਗਰਾਮ—ਨਾਨਕ ਸਿੰਘ)

**ਅਜੇ ਦਿਲੀ ਦੂਰ ਏ ।**

**ਭਾਵ** :— ਜਦ ਕੰਮ ਅਧੂਰਾ ਹੋਵੇ ਤੇ ਕੋਈ ਹਿਸਾਬ ਕਰਨ ਲਗ ਪਵੇ, ਜਾਂ ਪੈਂਡਾ ਦੂਰ ਹੋਵੇ ਤੇ ਅਰਾਮ ਕਰਨ ਦੀ ਆਸ ਕਰੇ ਜਾਂ ਕਿਸੇ ਚੀਜ਼ ਦਾ ਹਾਸਲ ਕਰਨਾ ਬਹੁਤ ਦੂਰ ਦਸਣਾ ਹੋਵੇ ।

**ਵਰਤੋਂ** :— ਸਰਦਾਰ ਜੀ ! ਕਾਹਲੇ ਨਾ ਪਵੋ ! 'ਅਜੇ ਦਿਲੀ ਦੂਰ ਏ' ਏਨੀ ਛੇਤੀ ਫੱਲ ਨਹੀਂ ਮਿਲਣਾ ਤੁਹਾਨੂੰ ਮਿਹਨਤ ਦਾ । (ਸੰਗ੍ਰ)

**ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ।**

**ਭਾਵ** :— ਜਦ ਕੋਈ ਵਿਗੜਿਆ ਕੰਮ ਥੋੜੇ ਜਤਨ ਨਾਲ ਹੀ ਸੌਰ ਸਕਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਤੀਜਾ—''ਬਈ ਭਰਾਓ, ਮੈਂ ਤਾਂ ਸੱਚੀ ਗਲ ਮੂੰਹ ਤੋਂ ਕਹਿੰਦਾ ਜੇ । 'ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ' ਜੇ ਇਸ ਗਿਆਨੀ ਨੂੰ ਕਿਸੇ ਮਨ੍ਹਾਂ ਨਾ ਕੀਤਾ ਤੇ ਖੋਰੇ ਰਵਾਣੀ ਵਾਲਾ ਕੁਪੱਤ ਇੱਥੇ ਵੀ ਹੋਕੇ ਹੀ ਰਹੂ''

(ਚਿਟਾ ਲਹੂ—ਨਾਨਕ ਸਿੰਘ)

**ਅਜੇਹੇ ਸੁਹਾਗ ਨਾਲੋਂ ਰੰਡੇਪਾ ਚੰਗਾ ।**

**ਭਾਵ** :— ਜਦ ਕੋਈ ਚੀਜ਼ ਸਹੇੜੀ ਤਾਂ ਹੋਵੇ ਸੁਖ ਲਈ, ਪਰ ਉਲਟੀ ਦੁਖਦਾਈ ਸਾਬਤ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮੈਂ ਰੇਡੀਓ ਘਰ ਕੀ ਆਂਦਾ, ਮੁਸ਼ਕਲ 'ਚ ਫਸ ਗਿਆ ਹਾਂ । ਬੱਚੇ ਰੋਜ਼ ਖ਼ਰਾਬ ਕਰ ਦਿੰਦੇ ਹਨ ਤੇ ਮੈਨੂੰ ਦੁਕਾਨਾਂ ਤੇ ਖਜਲ-ਖੁਆਰ ਹੋਣਾ ਪੈਂਦਾ ਹੈ । 'ਅਜੇਹੇ ਸੁਹਾਗ ਨਾਲੋਂ ਰੰਡੇਪਾ ਚੰਗਾ' ਸਾਡੀ ਹਾਲਤ ਤਾਂ ਇਹ ਹੈ । (ਸੰ)

**ਅਜੋ ਗਈ, ਧਜੋ ਗਈ, ਗਲਾਂ ਤੋਂ ਨਾ ਗਈ ।**

**ਭਾਵ** :— ਸਭ ਕੁਝ ਗਵਾ ਕੇ ਵੀ ਆਪਣੀ ਹੈਂਕੜ ਨਾ ਛਡਣੀ ।

**ਵਰਤੋਂ** :— ਰਾਣੀ—ਮਹਾਰਾਜ, ਕਮਲਾ ਨੂੰ ਸਮਝਾਓ । 'ਅਜੋ ਗਈ, ਧਜੋ ਗਈ, ਗਲਾਂ ਤੋਂ ਨਾ ਗਈ ।' ਸਭ ਖਹਿ ਖੁਹਾ ਕੇ ਵੀ ਉਹ ਆਪਣੀ ਐਂਠ ਨਹੀਂ ਛਡਦੀ । (ਸੰਗ੍ਰ)

**ਅਵਾਣ ਵੈਦ, ਪ੍ਰਾਣਾ ਦਾ ਖੌ ।**

**ਭਾਵ** :— ਜਦ ਹਕੀਮ ਜਾਂ ਵੈਦ ਸਿਆਣਾ ਨਾ ਹੋਵੇ ਜਾਂ ਕੋਈ ਅਗਿਆਨੀ ਪੁਰਸ਼ ਕਿਸੇ ਵਡੇ ਕੰਮ ਨੂੰ ਹੱਥ ਪਾਵੇ, ਤਾਂ ਵਰਤਦੇ ਹਨ ।

**ਵਰਤੋਂ**:— ਸਰਦਾਰ ਜੀ—ਤੁਸੀਂ ਵੀ ਵਕੀਲ ਕੀਤਾ ਤਾਂ ਅਜਿਹਾ ਕਿ ਪੂਰੀਆਂ ਹੀ ਪਾ ਗਿਆ 'ਅਵਾਣ ਵੈਦ, ਪ੍ਰਾਣਾ ਦਾ ਖੌ' । ਲੈਣੇ ਦੇ ਦੇਣੇ ਪੈ ਗਏ । (ਸੰਗ੍ਰ)

**ਅਜ਼ਮਾਏ ਦਾ ਕੀ ਅਜ਼ਮਾਣਾ ?**

**ਭਾਵ** :— ਜਦ ਕਿਸੇ ਨੂੰ ਕਿਸੇ ਕੰਮ ਵਿਚ ਕਈ ਵੇਰ ਪਰਤਾ ਵੇਖਿਆ ਹੋਵੇ ਤੇ ਉਹ ਠੀਕ ਨਾ ਉਤਰੇ, ਤੇ ਜਦ ਫਿਰ ਕੋਈ ਉਸ ਨੂੰ ਅਜ਼ਮਾਣ ਲਗੇ ਤਾਂ ਵਰਤਦੇ ਹਨ ।

**ਵਰਤੋਂ** :— 'ਬਈ ਅਜ਼ਮਾਏ ਦਾ ਕੀ ਅਜ਼ਮਾਣਾ ?' ਅੱਗੇ ਥੋੜੀ ਵੇਰ ਓਹਨੇ ਸਾਨੂੰ ਵੇਲੇ ਸਿਰ ਹਾਰ ਦਿਤੀ ਏ ? (ਸੰਗ੍ਰ)

**ਅਟਕਲ ਪੱਚੂ, ਚੌੜ ਚਪੱਟੂ ।**

**ਭਾਵ** :— ਜਦ ਕੋਈ ਕੰਮ ਸੋਚ ਵਿਚਾਰ ਖੁਣੋਂ ਵਿਗੜ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਤੁਸਾਨੂੰ ਸਮਝਾ ਰਿਹਾ ਸਾਂ, ਸੋਚਕੇ ਕਦਮ ਰਖੋ, ਉਸ ਵੇਲੇ ਤਾਂ ਤੁਸਾਂ ਇੱਕ ਨਾ ਸੁਣੀ । ਹੁਣ ਕਿਉਂ ਰੋਂਦੇ ਹੋ ?' 'ਅਟਕਲ ਪੱਚੂ, ਚੌੜ ਚਪੱਟੂ' ਹੋਣਾ ਹੀ ਸੀ । (ਸੰਗ੍ਰ)

**ਅਟਕੇ ਸੋ ਭਟਕੇ।** ਜਾਂ

**ਅਟਕਿਆ ਸੋ ਫਟਕਿਆ।**

**ਭਾਵ** :— ਜੋ ਆਪਣੇ ਜੀਵਨ ਪੰਧ ਵਿਚ ਟੁਰਦਾ ਰੁਕ ਗਿਆ, ਉਹ ਖ਼ਤਮ ਹੋ ਗਿਆ।

**ਵਰਤੋਂ** :— ਦੋਸਤ ! ਹੱਥ ਤੇ ਹੱਥ ਧਰ ਕੇ ਬੈਠਣ ਨਾਲ ਤਾਂ ਕੰਮ ਨਹੀਂ ਸਿਰੇ ਚੜ੍ਹੇਗਾ। ਹਿੰਮਤ ਨਾਲ ਹੀ ਕੰਮ ਪੂਰਾ ਸਿਰੇ ਚੜ੍ਹੇਗਾ। 'ਅਟਕਿਆ ਸੋ ਫਟਕਿਆ', ਸਿਆਣਿਆਂ ਨੇ ਠੀਕ ਆਖਿਆ ਹੈ। (ਸੰ)

**ਅਟਕੋਂ ਪਾਰ ਗਿਆ ਸੋ ਹਿੰਦੂ ਨਾ ਰਿਹਾ।**

**ਭਾਵ** :— ਦਰਿਆ ਅਟਕ ਤੋਂ ਪਾਰ ਮੁਸਲਮਾਨਾਂ ਦਾ ਬੜਾ ਜ਼ੋਰ ਸੀ, ਹਿੰਦੂ ਇਹ ਸਮਝ ਬੈਠੇ ਸਨ ਕਿ ਜਿਹੜਾ ਹਿੰਦੂ ਅਟਕ ਤੋਂ ਪਾਰ ਜਾਵੇਗਾ ਉਹ ਹਿੰਦੂ ਰਹਿ ਹੀ ਨਹੀਂ ਸਕਦਾ।

**ਵਰਤੋਂ** :— ਜਿੱਥੇ ਸਾਰੇ ਹਿੰਦ ਦੇ ਲੋਕ ਤੀਰਥ ਯਾਤਰਾ ਨੂੰ ਜਾਇਆ ਕਰਦੇ ਸਨ, ਉਥੇ ਜਾਣਾ ਹਿੰਦੂਆਂ ਨੇ ਕਹਿ ਦਿੱਤਾ ਕਿ ਮੁਸਲਮਾਣ ਹੋਣ ਤੁਲ ਹੈ, 'ਅਟਕੋਂ ਪਾਰ ਗਿਆ ਸੋ ਹਿੰਦੂ ਨਾ ਰਿਹਾ'।

(ਸਤਵੰਤ ਕੌਰ—ਭਾਈ ਵੀਰ ਸਿੰਘ)

**ਅੱਠ ਠਗ ਤੇ ਅੱਠ ਠਠਿਆਰ, ਅੱਠ ਸੁਨਿਆਰੇ ਤੇ ਅੱਠ ਲੁਹਾਰ। ਅੱਠ ਚੋਕਾ ਬਤਰੀ, ਇਕ ਭੌਲਾ ਜਿਹਾ ਖਤਰੀ।**

**ਭਾਵ** :— ਭੋੜਾ ਜਿਹਾ ਖਤਰੀ (ਦੁਕਾਨ-ਦਾਰ ਜਾਤ) ਵੀ ਬਹੁਤੇ ਕੰਮੀਆਂ ਉਤੇ ਭਾਰੂ ਹੁੰਦਾ ਹੈ, ਅਰਥਾਤ ਉਨ੍ਹਾਂ ਨੂੰ ਵਣਜ ਵਿਚ ਠਗ ਲੈਂਦਾ ਹੈ।

**ਵਰਤੋਂ** :— ਓਇ, ਤੁਸੀਂ ਖਤਰੀਆਂ ਨਾਲ ਮੱਥਾ ਨਾ ਲਾਉ। ਇਹ ਉਤੋਂ ਪੋਲੇ ਤੇ ਵਿਚੋਂ ਪੀਢੇ ਜੇ। ਇਵੇਂ ਤੁਹਾਨੂੰ ਮੁੰਨਣਗੇ, ਕਿ ਪਤਾ ਵੀ ਨਹੀਂ ਲਗਣ ਲਗਾ। ਸੁਣਿਆ ਨਹੀਂ ਤੁਸਾਂ : 'ਅੱਠ ਠੱਗ ਤੇ ਅੱਠ ਠਠਿਆਰ। ਅੱਠ ਸੁਨਿਆਰੇ ਤੇ ਅੱਠ ਲੁਹਾਰ ਅੱਠ ਚੋਕਾ ਬਤਰੀ, ਇਕ ਭੌਲਾ ਜਿਹਾ ਖਤਰੀ'। (ਸੰਗ੍ਰ)

**ਅਡ ਖਾਏ ਸੋ ਡਡ ਖਾਏ, ਵੰਡ ਖਾਏ ਸੋ ਖੰਡ ਖਾਏ।**

**ਭਾਵ** :— ਜਦ ਵੰਡ ਖਾਣ ਵਾਲੇ ਦੀ ਉਪਮਾ ਤੇ ਅੱਡ ਖਾਣ ਵਾਲੇ ਦੀ ਨਿਖੇਧੀ ਕਰਨੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬਈ, ਸਾਰਾ ਕੁਝ ਆਪ ਹੀ ਨਾ ਵਲੇਟੀ ਜਾਉ। ਦੂਜਿਆਂ ਦਾ ਵੀ ਖ਼ਿਆਲ ਰਖੋ। 'ਅਡ ਖਾਏ ਸੋ ਡਡ ਖਾਏ, ਵੰਡ ਖਾਏ ਸੋ ਖੰਡ ਖਾਏ'। (ਸੰਗ੍ਰ)

**ਅਣਹੋਂਦਾ ਆਪ ਗਣਾਇੰਦਾ, ਉਹੁ ਵਡਾ ਅਜਾਣਾ।**

**ਭਾਵ** :— ਜਿਸਦੇ ਹਥ ਪਲੇ ਕੁਝ ਨਾ ਹੋਵੇ ਤੇ ਆਪਣੇ ਆਪ ਨੂੰ ਵਡਾ ਦਸੇ ਓਹ ਬੜਾ ਮੂਰਖ ਹੈ।

**ਵਰਤੋਂ** :—

ਪਰ ਘਰ ਜਾਣੈ ਆਪਣਾ ਮੂਰਖ ਮਿਹਮਾਣਾ ॥
ਅਣਹੋਂਦਾ ਆਪ ਗਣਾਇੰਦਾ ਉਹੁ ਵਡਾ ਅਜਾਣਾ ॥

(ਵਾਰਾਂ ਭਾਈ ਗੁਰਦਾਸ ਜੀ)

**ਅਣਹੋਂਦਾ ਆਪ ਵੰਡਾਏ। (ਠਗਾਏ)**

**ਭਾਵ** :— ਜਦ ਕੋਈ ਭਲਾ ਲੋਕ ਕਿਸੇ ਦੁਖੀਏ ਦੀ ਸਹਾਇਤਾ ਆਪਣੀ ਵਿਤ ਤੋਂ ਵਧ ਕੇ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਉਹ ਇਹ ਨਹੀਂ ਸਨ ਸਹਾਰ ਸਕਦੇ ਕਿ ਉਨ੍ਹਾਂ ਦੇ ਸਾਹਮਣੇ ਕੋਈ ਦੁਖੀ ਰਹੇ ਤੇ ਉਹ ਉਸ ਦੀ ਸਹਾਇਤਾ ਨਾ ਕਰਨ। ਉਹ ਤਾਂ 'ਆਪ ਠਗਾਏ ਲੋਕਾਂ ਭਾਣੇ' ਦੀ ਹੱਦ ਤੋਂ ਵੀ ਲੰਘ ਕੇ ਕਈ ਵਾਰੀ 'ਅਣਹੋਂਦਾ ਆਪ ਠਗਾਏ' ਦੀ ਹੱਦ ਤੀਕ ਜਾ ਪੁਜਦੇ ਸਨ।

(ਪੰਜਾਬੀ ਸਾਹਿਤ—ਸ: ਸ: ਅਮੋਲ)

**ਅਵਗੁਣਿਆਰਾ ਗੁਣ ਨ ਸੱਰਸੈ।**

**ਭਾਵ** : ਔਗਣਿਆਰੇ ਨੂੰ ਗੁਣ ਨਹੀਂ ਚੰਗੇ ਲਗਦੇ।

**ਵਰਤੋਂ** :—

ਕੁਤਾ ਚਉਕੇ ਚੜ੍ਹਾਈਐ ਚੱਕੀ ਚੱਟਣ ਕਾਰਨ ਨਸੈ ॥
ਅਵਗੁਣਿਆਰਾ ਗੁਣ ਨਾ ਸਰਸੈ ॥

(ਵਾਰਾਂ ਭਾਈ ਗੁਰਦਾਸ ਜੀ)

**ਅਣਜਾਣ ਵਿਦਿਆ, ਪ੍ਰਾਣਾ ਦਾ ਖੋ।**

**ਭਾਵ**:— :— ਜਦ ਕਿਸੇ ਪਾਸੋਂ ਮੂਰਖ-

ਤਾਈ ਨਾਲ ਕਿਸੇ ਨੂੰ ਆਪਣੀ ਜਾਨ ਦਾ ਖ਼ਤਰਾ ਦਿਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭੈਣ! ਉਸ ਮੂਰਖ ਦਾਈ ਪਾਸੋਂ ਇਲਾਜ ਕਰਾਉਣ ਨਾਲ ਤਾਂ 'ਅਣਜਾਣ ਵਿਦਿਆ, ਪ੍ਰਾਣਾ ਦਾ ਖੋ' ਵਾਲੀ ਹੀ ਗਲ ਬਣਨ ਲਗੀ ਸੀ। ਬਸ ਮਰਦੀ ਮਰਦੀ ਬਚੀ। (ਸੰਗ੍ਰ)

**ਅਣ-ਮੰਗੇ ਮੋਤੀ ਮਿਲਣ, ਮੰਗਿਆਂ ਮਿਲੇ ਨਾ ਭੀਖ।**

**ਭਾਵ** :— ਮੰਗਣ ਗਿਆਂ ਹੌਲੇ ਹੀ ਹੋਈਦਾ ਹੈ।

**ਵਰਤੋਂ** :— ਮਾਈ ਭਾਗ ਭਰੀ—ਬੀਬੋ ਜੀ! ਸੱਚੀ ਗਲ ਜੇ 'ਅਣ-ਮੰਗੇ ਮੋਤੀ ਮਿਲਣ, ਮੰਗਿਆਂ ਮਿਲੇ ਨਾ ਭੀਖ'। ਕੁਲਵੰਤ ਆਪੇ ਰੋਜ਼ ਝੋਲੀਆਂ ਭਰ ਭਰ ਚੀਜ਼ਾਂ ਘਲਦੀ ਰਹਿੰਦੀ ਸੀ ਪਰ ਕਲ ਕੁੜੀ ਨੂੰ ਕਿਸੇ ਚੀਜ਼ ਦੀ ਲੋੜ ਪੈਣ ਤੇ ਘਲਿਆ ਤਾਂ ਉਸਨੇ ਬੜਾ ਰੁੱਖਾ ਜਿਹਾ ਉਤਰ ਦਿੱਤਾ। (ਸੰਗ੍ਰ)

**ਅਣੀਆਂ ਮਣੀਆਂ ਤੇ ਵਾਈ ਜਣੀਆਂ।**

**ਭਾਵ** :— ਜਦ ਕਿਸੇ ਦੀ ਤਾਕਤ ਕੁਝ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬੁੱਢੀ—ਨੀ ਕੁੜੀਏ ਅਸੀਂ ਕਰ ਹੀ ਕੀ ਸਕਦੀਆਂ ਹਾਂ। ਅੱਖੇ 'ਅਣੀਆਂ ਮਣੀਆਂ ਤੇ ਵਾਈ ਜਣੀਆਂ'। ਰੂੜ ਵਟ ਕੇ ਸਮਾਂ ਕਟੋ। (ਸੰਗ੍ਰ)

**ਅੱਤ ਦਾ ਤੇ ਪ੍ਰਮਾਤਮਾ ਦਾ ਵੈਰ ਹੁੰਦਾ ਏ। ਜਾਂ ਅਤਿ ਖ਼ੁਦਾਈ ਵੈਰ।**

**ਭਾਵ** :— ਜਦ ਕੋਈ ਕਿਸੇ ਕੰਮ ਦੀ ਅੱਤ ਚੁਕ ਲਏ, ਤਦ ਰਬ ਉਸਦੀ ਮਦਦ ਨਹੀਂ ਕਰਦਾ।

**ਵਰਤੋਂ** :— ਅੰਭੀ—'ਅੱਤ ਦਾ ਤੇ ਪ੍ਰਮਾਤਮਾ ਦਾ ਵੈਰ ਹੁੰਦਾ ਏ'। ਮੈਂ ਤਾਂ ਕਹਿਨਾਂ ਸਗੋਂ ਪ੍ਰਮਾਤਮਾ ਨੇ ਸਾਡਾ ਬਦਲਾ ਲੈਣ ਲਈ ਸਿਕੰਦਰ ਨੂੰ ਭੇਜਿਆ ਏ।

(ਰਾਜਾ ਪੋਰਸ – ਹਰਚਰਨ ਸਿੰਘ)

**ਅਤਿ ਸਿਆਣਪ ਜ਼ਮ ਕਾ ਭੋ ਵਿਆਪੇ।**

**ਭਾਵ** :— ਜਦ ਬਹੁਤੀ ਸੋਚ ਵਿਚਾਰ ਕਰਦਿਆਂ ਵੀ ਕੁਝ ਨਾ ਬਣ ਆਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭਾਈ ਜੀ! ਬਹੁਤੀਆਂ ਦਲੀਲਾਂ ਵਿਚ/ਨਾ ਪਿਆ ਕਰੋ। ਜੋ ਕੁਝ ਕਰਨਾ ਹੋਵੇ ਸੁਤੇ ਸਿਧ ਕੀਤਾ ਕਰੋ। ਬਾਹਲੀ ਛਾਣ ਬੀਣ ਦਾ ਕੋਈ ਲਾਭ ਨਹੀਂ। ਸਿਆਣਿਆਂ ਨੇ ਸੱਚ ਆਖਿਆ ਹੈ 'ਅਤਿ ਸਿਆਣਪ ਜਮ ਕਾ ਭੋ ਵਿਆਪੇ'। (ਸੰਗ੍ਰ)

**ਅਤਿ ਭਗਤੀ, ਚੋਰ ਦੇ ਲਛਣ।**

**ਭਾਵ** :— ਹਰ ਇਕ ਚੀਜ਼ ਦੀ ਅੱਤ ਚੰਗੀ ਨਹੀਂ ਹੁੰਦੀ। ਬਹੁਤੀ ਭਗਤੀ ਦਾ ਵਿਖਾਵਾ ਕਰਨਾ ਵੀ ਠੱਗੀ ਹੈ।

**ਵਰਤੋਂ** :— ਹਰਨਾਮ ਦਾਸ ਬੜਾ ਮਿਠੀਆਂ, ਨਰਮ, ਗਲਾਂ ਕਰਦਾ ਸੀ। ਪਰ ਅਸੀਂ ਜਾਣਦੇ ਸਾਂ ਜੁ 'ਅਤਿ ਭਗਤੀ, ਚੋਰ ਦੇ ਲਛਣ'। ਕਲ ਨਿਹਾਲੇ ਨਾਲ ਉਹ ਲੜਿਆ, ਜੁ ਉਸ ਦੇ ਸਿਰ ਦਾ ਘੱਗਰ ਹੀ ਖੋਲ੍ਹ ਦਿੱਤਾ। (ਸੰਗ੍ਰ)

**ਅਦਲੇ ਦਾ ਬਦਲਾ।**

**ਭਾਵ** :— ਜਿਹੀ ਕਰਨੀ ਤਿਹੀ ਭਰਨੀ।

**ਵਰਤੋਂ** :— ਚੌਧਰੀ—ਮਾਹਣੇ ਨੂੰ ਸਤ ਸਾਲ ਦੀ ਕੈਦ ਬੋਲ ਗਈ। ਇਸ ਨੂੰ ਤਾਂ 'ਅਦਲੇ ਦਾ ਬਦਲਾ' ਮਿਲ ਹੀ ਗਿਆ। ਹੁਣ ਬਾਕੀਆਂ ਦੀ ਵਾਰੀ ਹੈ। (ਸੰਗ੍ਰ)

**ਅੱਧ ਗਭਰੇ ਤੇ ਅੱਧ ਟਬਰੇ।**

**ਭਾਵ** :— ਜਦ ਘਰ ਦੇ ਕਮਾਊ ਬੰਦੇ ਨੂੰ ਵਧੀਕ ਚੀਜ਼ ਦਿਤੀ ਜਾਏ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਮੋ ਭੈਣ! ਇਹ ਕੀ ਰੌਲਾ ਹੋਇਆ। ਕਮਾਈ ਵਾਲੇ ਬੰਦੇ ਨੂੰ ਸਦਾ ਵਧੀਕ ਹਿਸਾ ਮਿਲਦਾ ਹੈ। ਤਾਹੀਉਂ ਤਾਂ ਵਡਿਆਂ ਨੇ ਕਿਹਾ ਹੈ: 'ਅੱਧ ਗਭਰੇ ਤੇ ਅੱਧ ਟਬਰੇ'। (ਸੰਪ:)

**ਅੱਧ ਪਾ ਖਿਚੜੀ, ਚੁਬਾਰੇ ਤੇ ਰਸੋਈ।**

**ਭਾਵ** :— ਜਦ ਕਿਸੇ ਦੇ ਹੱਥ ਪਲੇ ਥੋੜਾ ਹੋਵੇ, ਪਰ ਦੱਸੇ ਬਹੁਤ ਕੁਝ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸੁੰਦਰੀ ਦੀ ਕੀ ਗਲ ਕਰਨੀ ਹੋਈ। ਪੇਟ ਭਰਨ ਤੇ ਸਰੀਰ ਢਕਣ ਜੋਗਾ ਤਾਂ ਹਥ ਪਲੇ ਨਹੀਂ; ਪਰ ਹਰ ਵੇਲੇ ਵਡੀ ਚੌਧਰਿਆਣੀ ਬਣ ਬਣ ਦਸਦੀ ਹੈ। 'ਅੱਧ ਪਾ ਖਿਚੜੀ ਤੇ ਚੁਬਾਰੇ ਤੇ ਰਸੋਈ'। ਪਤਾ ਨਹੀਂ ਲੋਕਾਂ ਨੂੰ ਵਿਖਾਵੇ ਵਿਚੋਂ ਕੀ ਲਭਦਾ ਹੈ। (ਸੰਗ੍ਰ)

**ਅੱਧਾ ਤਿੱਤਰ, ਅੱਧਾ ਬਟੇਰ।**

**ਭਾਵ** :— ਜਦ ਕੋਈ ਕਿਸੇ ਕੰਮ ਵਿਚ ਪਰਪੱਕ ਨਾ ਹੋਵੇ, ਡੋਲਦਾ ਰਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤੋਲਾ ਰਾਮ ਜੇ ਅਜ ਡਾਕਟਰੀ ਦੀਆਂ ਕਿਤਾਬਾਂ ਫਰੋਲਦਾ ਹੈ ਤਾਂ ਕਲ ਖੇਤੀ ਬਾੜੀ ਦੀਆਂ। ਕਿਸੇ ਕੰਮ ਵਿਚ ਉਹਦਾ ਚਿਤ ਨਹੀਂ ਖੁਭਦਾ। ਉਸ ਦਾ ਹਾਲ ਤਾਂ 'ਅੱਧਾ ਤਿੱਤਰ, ਅੱਧਾ ਬਟੇਰ' ਵਾਲਾ ਹੈ। (ਸੰਗ੍ਰ)

**ਅੱਧੀ ਖਾਂਦਾ ਸਾਰੀ ਨੂੰ ਧਾਵੇ, ਨਾ ਅੱਧੀ ਰਹੇ ਨਾ ਸਾਰੀ ਆਵੇ।** ਜਾਂ

**ਅਧੀ ਛਡ ਸਾਰੀ ਨੂੰ ਧਾਵੇ, ਨਾ ਅੱਧੀ ਰਹੇ, ਸਾਰੀ ਭੀ ਜਾਵੇ।**

**ਭਾਵ** :— ਜਦ ਕੋਈ ਥੋੜੀ ਚੀਜ਼ ਪਲੇ ਹੁੰਦਿਆਂ ਬਹੁਤ ਲੈਣ ਦਾ ਲਾਲਚ ਕਰੇ ਤੇ ਜਿਹੜੀ ਪਲੇ ਹੋਵੇ ਉਹ ਵੀ ਗਵਾ ਬੈਠੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕੇਹਰ ਸਿੰਘ ਨੂੰ ਵੀਹ ਰੁਪਏ ਮਹੀਨਾ ਘਰ ਵਿਚ ਮਿਲਦੇ ਸੀ। ਉਹ ਲਾਹੌਰ ਪੰਜਾਹ, ਸੌ ਰੁਪਏ ਮਹੀਨਾ ਕਮਾਣ ਦੇ ਖ਼ਿਆਲ ਤੇ ਤੁਰ ਗਿਆ, ਪਰ ਉਥੋਂ ਬਿਮਾਰ ਹੋ ਕੇ ਮੁੜਿਆ। ਘਰ ਚੁੱਲਾ ਵੀ ਪਿਛੋ ਉਜੜ ਚੁਕਾ ਸੀ। ਜੇ ਬੰਦਾ ਅੱਧੀ ਖਾਂਦਾ ਸਾਰੀ ਨੂੰ ਧਾਵੇ ਤਾਂ ਨਾ ਰਹਿੰਦੀ ਹੈ ਅੱਧੀ, ਸਾਰੀ ਵੀ ਜਾਵੇ। (ਸੰਗ੍ਰ)

**ਅੱਧੀ ਦੀ ਬੁੱਢੀ, ਟਕਾ ਸਿਰ ਮੁਨਾਈ।**

ਜਾਂ **ਧੇਲੇ ਦੀ ਬੁਢੀ ਟਕਾ ਸਿਰ ਮੁਨਾਈ।**

**ਭਾਵ** :— ਜਦ ਕੋਈ ਚੀਜ਼ ਬੜੀ ਘਟ ਕੀਮਤ ਦੀ ਹੋਵੇ, ਪਰ ਉਸ ਉਪਰ ਖ਼ਰਚ ਬੜਾ ਜ਼ਿਆਦਾ ਆ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤਿੰਨ ਰੁਪਏ ਦੀ ਮੇਜ਼, ਪਰ ਰੋਗਨ ਉਪਰ ਪੰਜ ਰੁਪਏ ਦਾ। 'ਅੱਧੀ ਦੀ ਬੁੱਢੀ, ਟਕਾ ਸਿਰ ਮੁਨਾਈ'। ਮੈਂ ਨਹੀਂ ਦੇਣੇ ਏਨੇ ਪੈਸੇ। (ਸੰਗ੍ਰ)

**ਅੱਧੀ ਮੌਤ ਮੁਸਾਫ਼ਰੀ, ਸਾਰੀ ਮੌਤ ਸੋ ਭੁਖ।**

**ਭਾਵ** :— ਭੁੱਖ ਸਭ ਤੋਂ ਔਖਾ ਕਰਦੀ ਹੈ ਜਾਂ ਦੁਖਦਾਈ ਹੈ।

**ਵਰਤੋਂ** :— ਬਈ ਮੌਤੋਂ ਭੁਖ ਬੁਰੀ। ਰੋਟੀ ਦੀ ਭਾਲ ਹੀ ਥਕੇਵੇਂ ਨਾਲ ਚੂਰ ਕਰ ਦੇਂਦੀ ਹੈ। ਪਰ ਜੇ ਅਗੋਂ ਮਿਲੇ ਨਾ, ਤਾਂ ਰਹਿੰਦਾ ਖੂੰਹਦਾ ਸਾਹ ਵੀ ਸੁਕ ਜਾਂਦਾ ਹੈ। 'ਅੱਧੀ ਮੌਤ ਮੁਸਾਫ਼ਰੀ, ਸਾਰੀ ਮੌਤ ਸੋ ਭੁਖ'। (ਸੰਗ੍ਰ)

**ਅਨਤ ਕਉ ਚਾਹਨ ਜੋ ਗਏ ਸੋ ਆਏ ਅਨਤ ਗਵਾਇ ॥**

**ਭਾਵ** :— ਜੋ ਮਾਇਆ ਦੀ ਇੱਛਾ ਧਾਰ ਕੇ ਗਏ ਹਨ, ਉਹ ਉਸ ਹਰੀ ਨੂੰ ਗਵਾ ਕੇ ਆਏ ਹਨ।

**ਵਰਤੋਂ** :— "ਅਨਤਾ ਧਨੁ ਧਰਣੀ ਧਰੇ ਅਨਤ ਨਾ ਚਾਹਿਆ ਜਾਇ ॥ ਅਨਤ ਕੌ ਚਾਹਨ ਜੋ ਗਏ ਸੋ ਆਏ ਅਨਤ ਗਵਾਇ ॥"

(ਗੁਰੂ ਗ੍ਰੰਥ—ਗਾਉੜੀ ਬੈਰਾਗਣ)

**ਅਨਾੜੀ ਦੇ ਸੌਦੇ ਵਿਚ ਖਤਾ ਹੀ ਖਤਾ।**

**ਭਾਵ** :— ਜਦ ਕਿਸੇ ਬੇਸਮਝ ਨਾਲ ਵਾਹ ਪੈ ਜਾਵੇ, ਤੇ ਨੁਕਸਾਨ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਿੰਘ ਜੀ! ਜਦ ਮੈਂ ਪ੍ਰੇਮ ਨਾਥ ਨਾਲ ਵਣਜ ਕਰਨ ਤੋਂ ਰੋਕਿਆ, ਤਦ ਤੁਸੀਂ ਗੁੱਸੇ ਹੋ ਗਏ। ਹੁਣ ਕਿਉਂ ਚੀਕਦੇ ਹੋ? 'ਅਨਾੜੀ ਦੇ ਸੌਦੇ ਵਿਚ ਸਦਾ ਖਤਾ ਹੀ ਖਤਾ' ਹੁੰਦੀ ਹੈ। (ਸੰਗ੍ਰ)

**ਅਪਤ ਕਰੀਰ ਨਾ ਮਉਲੀਐ ਦੇ ਦੋਸ਼ ਬਸੰਤੇ।**

**ਭਾਵ** :— ਬੇਰੁੱਤਾ ਜਦ ਕਰੀਰ ਨਾ ਮਉਲੇ

ਤਦ ਬਸੰਤ ਰੁੱਤ ਦੇ ਸਿਰ ਕੀ ਦੋਸ਼ ? ਭਾਵ ਮਾੜਾ ਜੇ ਗੁਣ ਨਾ ਦਸੇ, ਤਾਂ ਚੰਗੇ ਨੂੰ ਕੀ ਦੋਸ਼ ?

**ਵਰਤੋਂ :—**

ਅਪਤ ਕਰੀਰ ਨਾ ਮਉਲੀਐ ਦੋਸ਼ ਬਸੰਤੇ ॥
ਸੰਢ ਸਪੁਤੀ ਨ ਥੀਐ ਕਵਣਤਾਵੇ ਕੰਤੇ ॥
(ਵਾਰਾਂ ਭਾਈ ਗੁਰਦਾਸ ਜੀ)

**ਅਪਨਾ ਘਰੁ ਮੂਸਤ ਰਾਖਿ ਨਾ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥**

**ਭਾਵ :—** ਤੂੰ ਆਪਣਾ ਘਰ ਲੁਟੀਂਦਾ ਬਚਾ ਨਹੀਂ ਸਕਦਾ, ਤਾਂ ਕਿਉਂ ਪਰਾਏ ਘਰ ਨੂੰ ਲੁੱਟਣ ਦੀ ਨਜ਼ਰ ਨਾਲ ਤਕਣ ਲਗ ਪਿਆ ਹੈਂ ?

**ਵਰਤੋਂ :—** 'ਅਪਨਾ ਘਰੁ ਮੂਸਤ ਰਾਖਿ ਨਾ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥ ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥'
(ਗੁਰੂ ਗ੍ਰੰਥ—ਸੋਰਠਿ ਰਾਗ)

**ਅਪਣੀ ਖਾਹ, ਨਾ ਤਕ ਪਰਾਈ ।**

**ਭਾਵ :—** ਆਪਣੀ ਚੀਜ਼ ਨਾਲ ਹੀ ਵਾਸਤਾ ਰਖ, ਪਰਾਈ ਨੂੰ ਨਾ ਛੇੜ।

**ਵਰਤੋਂ :—** ਸਬਰ ਤੇ ਸੰਤੋਖ ਇਨ੍ਹਾਂ ਚੀਜ਼ਾਂ ਵਿਚ ਨਹੀਂ। 'ਅਪਣੀ ਖਾਹ, ਨਾ ਤਕ ਪਰਾਈ' ਦੇ ਅਸੂਲ ਤੇ ਚਲ ਤੇ ਬਸ ਫੇਰ ਅਨੰਦ ਹੀ ਅਨੰਦ ਹੈ।
(ਸੰ)

**ਅਪਰਾਧ ਦਾ ਮੰਨਣ, ਕਰ ਦੇਵੇ ਚੰਨਣ ।**
ਜਾਂ
**ਆਪ ਸੂਝੇ ਤਾਂ ਬਤੀ ਸੁਲਖਣਾ ।**

**ਭਾਵ :—**ਜਦ ਕੋਈ ਭੁਲ ਕਰਕੇ ਪਛਤਾਵੇ ਜਾਂ ਸਮਝਾਉਣ ਤੇ ਸਿੱਧੇ ਰਾਹ ਪੈ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਕਰਮ ਸਿੰਘ—ਕਾਕੇ ਨੂੰ ਹੁਣ ਮੁਆਫ਼ ਕਰ ਦਿਓ, ਉਹ ਬੜਾ ਪਛਤਾਉਂਦਾ ਹੈ। 'ਅਪਰਾਧ ਦਾ ਮੰਨਣ, ਕਰ ਦੇਵੇ ਚੰਨਣ'। ਜਦ ਓਹਨੇ ਤੁਹਾਡੀ ਮੱਤ ਮੰਨ ਲਈ ਹੈ ਤਾਂ ਤੁਸੀਂ ਹੋਰ ਅੜੀ ਨਾ ਕਰੋ। (ਸੰਗ੍ਰ)

**ਅਪਰਾਧੀ ਦੂਣਾ ਨਿਵੈ**

**ਭਾਵ :—** ਜੋ ਬਹੁਤ ਨਿਮਰਤਾ ਦਾ ਪਖੰਡ ਕਰੇ ਉਸ ਤੋਂ ਬਚਣਾ ਚਾਹੀਦਾ ਹੈ।

**ਵਰਤੋਂ :—**

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਵਾਇਐ ਕਿਆ ਥੀਐ ਜਾਂ ਰਿਦੈ ਕੁਸੁਧੇ ਜਾਹਿ ॥
(ਗੁਰੂ ਗ੍ਰੰਥ—ਆਸਾ ਦੀ ਵਾਰ, ਮਹਲਾ ੧)

**ਅਫ਼ੀਮ ਚਬਾਏ ਰੇਵੜੀਆਂ ਤੇ ਪੋਸਤ ਚਬਾਏ ਗੰਨੇ । ਭੰਗ ਵਿਚਾਰੀ ਆਲੀ ਭੋਲੀ, ਜੋ ਆਵੇ ਸੋ ਬੰਨੇ ।**

**ਭਾਵ :—** ਅਫ਼ੀਮ, ਪੋਸਤ ਅਤੇ ਭੰਗ ਦੇ ਸੁਆਦਾਂ ਦਾ ਜ਼ਿਕਰ ਕੀਤਾ ਹੈ।

**ਵਰਤੋਂ :—** ਜੇ ਕਿਤੇ ਰੋਣ ਬੈਠੇ ਤਾਂ ਚੁੱਪ ਨਹੀਂ, ਜੇ ਹੱਸਣ ਬੈਠੇ ਤਾਂ ਬਸ ਨਹੀਂ, ਭੰਗੀ ਦੇ ਭੋਜਨ ਦਾ ਅਚਰਜ ਹਾਲ ਹੈ। 'ਅਫ਼ੀਮ ਚਬਾਏ ਰੇਵੜੀਆਂ ਤੇ ਪੋਸਤ ਚਬਾਏ ਗੰਨੇ । ਭੰਗ ਵਿਚਾਰੀ ਆਲੀ ਭੋਲੀ ਜੋ ਆਵੇ ਸੋ ਬੰਨੇ'।
(ਡਾਕਟਰ ਚਰਨ ਸਿੰਘ)

**ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ ॥ (ਗਉੜੀ ਕਬੀਰ)**

**ਭਾਵ :—** ਹੁਣ ਤਾਂ ਮੌਤ ਦਾ ਮੁਕਾਬਲਾ ਕਰਨ ਵਿਚ ਹੀ ਸਫ਼ਲਤਾ ਹੈ।

**ਵਰਤੋਂ :—** ਇਸ ਅਗ ਵਿਚੋਂ ਨਿਕਲਣਾ ਆਪ ਨੂੰ ਭਾਰੀ ਤੋਂ ਭਾਰੀ ਕਠਨ ਜਾਪਿਆ, ਕੰਢੇ ਤੇ ਖੜੇ ਹੋ ਕੇ ਅਰਦਾਸਾ ਸੋਧਿਆ ਅਤੇ ਆਪਣੇ ਸਾਥੀ ਸੂਰਮਿਆਂ ਨੂੰ ਆਖਿਆ ਕਿ 'ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ'।
(ਸ੍ਰੀ ਹਰਿਚਰਣ ਵਿਸਥਾਰ—ਬਲਬੀਰ ਸਿੰਘ)

**ਅਭਿਮਾਨੀ ਕੀ ਜੜ ਸਰਪਰ ਜਾਇ ॥**

**ਭਾਵ :—** ਹੰਕਾਰੀ ਦੀ ਜੜ੍ਹ ਜ਼ਰੂਰ ਪੁੱਟੀ ਜਾਂਦੀ ਹੈ।

**ਵਰਤੋਂ :—**

ਸੁਣਿ ਸਾਜਨ ਮੇਰੇ ਮੀਤ ਪਿਆਰੇ ॥
ਸਤਿ ਬਚਨ ਵਰਤਹਿ ਹਰਿ ਦੁਆਰੇ ॥
ਜੈਸਾ ਕਰੇ ਸੁ ਤੈਸਾ ਪਾਏ ॥

ਅਭਿਮਾਨੀ ਕੀ ਜੜ ਸਰਪਰ ਜਾਇ ॥
(ਗੁਰੂ ਗ੍ਰੰਥ—ਰਾਗੁ ਗੋਂਡ)

**ਅਮਲਾਂ ਬਾਝ ਖ਼ੁਆਰੀ ।**

**ਭਾਵ** :— ਚੰਗੇ ਕੰਮ ਕੀਤੇ ਬਿਨਾ ਜੀਵਨ ਦਾ ਕੋਈ ਹੱਜ ਨਹੀਂ । ਇਹ ਖ਼ੁਆਰੀ ਹੀ ਸਮਝੋ ।

**ਵਰਤੋਂ** :—
ਸ਼ਹੁ ਨੂੰ ਤੂੰ ਕਿਹੜੇ ਗੁਣ ਲਗੇਂਗੀ ਪਿਆਰੀ ।
ਕਹੈ ਹੁਸੈਨ ਫਕੀਰ ਅਲਾ ਦਾ, ਅਮਲਾਂ ਬਾਝ ਖ਼ੁਆਰੀ ।
(ਕਾਫੀਆਂ—ਸ਼ਾਹ ਹੁਸੈਨ)

**ਅਮਲਾਂ ਬਾਝੋਂ ਢੋਈ ਨਾਹੀਂ ।**

**ਭਾਵ** :— ਚੰਗੇ ਕੰਮ ਕੀਤੇ ਬਿਨਾ ਮਾਣ ਨਹੀਂ ਹੁੰਦਾ ।

**ਵਰਤੋਂ** :—
ਕੂੜੀ ਗੱਲੀਂ ਕੁਝ ਨਾ ਵੱਧੇ,ਬਖਸ਼ ਕਦਾਈਂ ਭੇਰਾ ॥
ਅਮਲਾਂ ਬਾਝੋਂ ਢੋਈ ਨਾਹੀ,ਨਾ ਕਰ ਵੰਧੀਂ ਜ਼ੋਰਾ ॥
(ਹਾਫ਼ਜ਼ ਬਰਖੁਰਦਾਰ)

**ਅਮਾਨਤ ਵਿਚ ਖ਼ਿਆਨਤ ।**

**ਭਾਵ** :— ਜਦ ਕੋਈ ਚੀਜ਼ ਕਿਸੇ ਪਾਸ ਅਮਾਨਤ ਦੇ ਤੌਰ ਤੇ ਸੰਭਾਲ ਕੇ ਰਖਣ ਲਈ ਰਖੀ ਜਾਵੇ ਤੇ ਜਦ ਜੀ ਆਵੇ ਉਹ ਚੀਜ਼ ਮੋੜ ਲਈ ਜਾਵੇ, ਪਰ ਅਮਾਨਤ ਰਖਣ ਵਾਲਾ ਜੇ ਆਪ ਉਹ ਚੀਜ਼ ਹੜੱਪ ਕਰਨ ਲਈ ਤੁਲ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨਹੀਂ, ਹਾਲੇ ਸੰਤ ਨਾਲ ਮਿਲੇ ਰਹਿਣ ਵਿਚ ਹੀ ਸੁਖ ਹੈ । ਪਰ ਮਨੋਰਮਾਂ ! 'ਅਮਾਨਤ ਵਿਚ ਖ਼ਿਆਨਤ' ! ਕੀ ਸੰਤ ਇਸ ਨੂੰ ਸਹਾਰ ਸਕੇਗਾ ? ਕੋਈ ਹਰਜ ਨਹੀਂ, ਮੈਂ ਸੰਤ ਦੇ ਆਉਣ ਤੋਂ ਪਹਿਲਾਂ ਹੀ ਇਸਦਾ ਕੋਈ ਨਾ ਕੋਈ ਬਾਨ੍ਹਣੂੰ ਬੰਨ ਲਵਾਂਗਾ ।
(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਅਮੀਰਾਂ ਦੇ ਘਰ ਵਲ ਅਗਾੜੀ,**
**ਗਰੀਬਾਂ ਦੇ ਘਰ ਵਲ ਪਿਛਾੜੀ ।**

**ਭਾਵ** :— ਅਮੀਰਾਂ ਦੀ ਤਾਂ ਚਾਹ ਕਰੇ, ਪਰ ਗ਼ਰੀਬਾਂ ਨੂੰ ਪਿੱਠ ਵਿਖਾਵੇ ।

**ਵਰਤੋਂ** :— 'ਅਮੀਰਾਂ ਦੇ ਘਰ ਵਲ ਅਗਾੜੀ, ਗ਼ਰੀਬਾਂ ਦੇ ਘਰ ਵਲ ਪਿਛਾੜੀ' ਇਹ ਅਸੂਲ ਗੁਰ-ਆਸ਼ੇ ਦੇ ਵਿਰੁਧ ਹੈ ਅਤੇ ਗੁਰ-ਸਿਖ ਨੂੰ ਇਸ ਅਸੂਲ ਦਾ ਖੰਡਨ ਕਰਨਾ ਚਾਹੀਦਾ ਹੈ । (ਸੰ)

**ਅਰਾਕੀ ਨੂੰ ਸੈਨਤ, ਗੱਧੇ ਨੂੰ ਡੰਡਾ ।**

**ਭਾਵ** :— ਸਿਆਣੇ ਬੰਦੇ ਨੂੰ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ, ਪਰ ਮੂਰਖ ਡੰਡੇ ਬਿਨਾ ਨਹੀਂ ਸੁਧਰਦਾ ।

**ਵਰਤੋਂ** :— ਉਤਮ ਚੰਦ ਨੂੰ ਦੁਖ ਦੇਣ ਵਿਚ ਅਸਾਨੂੰ ਕੋਈ ਲਾਭ ਨਹੀਂ । ਪਰ ਕੀ ਕਰੀਏ 'ਅਰਾਕੀ ਨੂੰ ਸੈਨਤ, ਗੱਧੇ ਨੂੰ ਡੰਡਾ' ਸਖ਼ਤੀ ਕੀਤੇ ਬਿਨਾ ਉਹ ਸਮਝਦਾ ਹੀ ਨਹੀਂ । (ਸੰਗ੍ਰ)

**ਅਰਾਮ ਦੇਹ, ਅਰਾਮ ਲੈ ।**

**ਭਾਵ** :— ਜਿਹੋ ਜਿਹਾ ਕੋਈ ਕਰੇਗਾ, ਓਹਾ ਜਿਹਾ ਫੱਲ ਮਿਲੇਗਾ ।

**ਵਰਤੋਂ** :— ਅਸੀਂ ਤਾਂ ਏਸੇ ਗਲ ਉਤੇ ਅਮਲ ਕਰਦੇ ਹਾਂ ਬਈ 'ਅਰਾਮ ਦੇਹ ਤੇ ਅਰਾਮ ਲੈ' । ਤੌੜੀ ਦੋਹੀਂ ਹੱਥੀਂ ਵਜਦੀ ਏ । ਆਪ ਨਾ ਕਿਸੇ ਨਾਲ ਕਰੀਏ, ਤਾਂ ਦੂਜਾ ਕੌਣ ਕਰਦਾ ਹੈ ? (ਸੰਗ੍ਰ)

**ਅਲ ਖ਼ਾਮੋਸ਼ੀ, ਨੀਮ ਰਜ਼ਾ ।**

**ਭਾਵ** :— ਜਦ ਕੋਈ ਕਿਸੇ ਪੁਛ ਦਾ ਉਤਰ ਨਾ ਦੇਵੇ ਤੇ ਚੁਪ ਰਹੇ ਤੇ ਉਸਦੀ ਚੁਪ ਨੂੰ ਉਸਦੀ ਰਜ਼ਾਮੰਦੀ ਸਮਝਿਆ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮਾਸਟਰ ਕੋਲੋਂ ਛੁਟੀ ਲੈਣ ਲਈ ਵਿਦਿਆਰਥੀ ਆਇਆ । ਮਾਸਟਰ ਉਸ ਦੀ ਬੇਨਤੀ ਸੁਣਕੇ ਚੁਪ ਕਰ ਰਹਿਆ । 'ਅਲ ਖ਼ਾਮੋਸ਼ੀ ਨੀਮ ਰਜ਼ਾ' ਸਮਝ ਵਿਦਿਆਰਥੀ ਚਲਾ ਗਿਆ । (ਸੰ)

**ਅਲਫ਼ ਬੇ ਸੁਲਖਣਾ, ਮੀਆਂ ਜੀ ਦੀ ਦਾੜ੍ਹੀ ਵਿਚ ਕਖ ਨਹੀਂ ਰਖਣਾ ।**

**ਭਾਵ** :— ਜਦ ਕੋਈ ਅਤੀ ਮੂਰਖ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਹਾਂ ਪੜ੍ਹ ਗਿਆ ਹੈ ਸਾਡਾ ਮੁੰਡਾ ਵੀ । ਅਖੇ 'ਅਲਫ਼ ਬੇ ਸੁਲਖਣਾ, ਮੀਆਂ ਜੀ ਦੀ ਦਾੜ੍ਹੀ ਵਿਚ ਕਖ ਨਹੀਂ ਰਖਣਾ' । ਤੇ ਬਸ ! (ਸੰਗ੍ਰ)

**ਅੱਲਾ ਅੱਲਾ ਤੇ ਖ਼ੈਰ ਸੱਲਾ ।**

**ਭਾਵ** :— ਜਦ ਕੋਈ ਭੇਦ ਦਸਣ ਵੇਲੇ ਟਾਲ ਮਟੋਲਾ ਕਰੇ ਤੇ ਪੁਛਣ ਵਾਲਾ ਸਾਫ਼ ਸਾਫ਼ ਉੱਤਰ ਚਾਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮਿੱਠੂ ਰਾਮ — ਬਹਾਵਲਾ ! ਉਰਲੀਆਂ ਪਰਲੀਆਂ ਤਾਂ ਹੁਣ ਜਾਣ ਦੇ ਖਾਂ, ਜ਼ਮੀਨ ਤਾਂ ਤੂੰ ਲੈਣੀ ਏ ਨਵਾਬ ਖਾਨ ਕੋਲੋਂ ਤੇ ਲੈਣ ਲਗਾ ਏਂ, ਫਿਰ ਸਿੱਧੀ ਨੀਅਤ ਨਾਲ ਲੈ । ਮੈਥੋਂ ਚੋਰੀ ਕਿਉਂ ਲੈਂਦਾ ਏਂ ? 'ਅੱਲਾ ਅੱਲਾ ਤੇ ਖ਼ੈਰ ਸੱਲਾ' ।

(ਨਵਾਬ ਖ਼ਾਨ—ਭਾਈ ਜੋਧ ਸਿੰਘ)

**ਅੱਲਾ ਦਏ ਤੇ ਬੰਦਾ ਸਹੇ ।**

ਜਾਂ

**ਅੱਲਾ ਦਏ ਤੇ ਬੰਦਾ ਲਏ ।**

**ਭਾਵ** :— ਜਦ ਬਹੁਤ ਦੁਖ ਸਿਰ ਤੇ ਆ ਪੈਣ ਜਾਂ ਰਬ ਰਹਿਮ ਕਰੇ ਤੇ ਬੰਦਾ ਉਸਦੀ ਬਖਸ਼ਸ਼ ਤੋਂ ਲਾਭ ਪਾਵੇ ।

**ਵਰਤੋਂ** :— ਕੀ ਹਾਲ ਪੁੱਛਦੇ ਹੋ 'ਅੱਲਾ ਦਏ ਤੇ ਬੰਦਾ ਸਹੇ' ਬਸ ਹਰ ਪਾਸਿਉਂ ਦੁਖ ਹੀ ਦੁਖ ਹਨ । (ਸੰਗ੍ਰ)

**ਅਲੂ ਕਰੇ ਵਲੱਲੀਆਂ, ਰੱਬ ਸਿਧੀਆਂ ਪਾਵੇ ।**

**ਭਾਵ** :— ਜਦ ਕਿਸੇ ਮੂਰਖ ਦੇ ਵਿਗੜੇ ਕੰਮ ਵੀ ਅਚਣਚੇਤ ਸਵਰਨ ਲਗ ਪੈਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਪ੍ਰੀਤਮ ਸਿੰਘ—ਵੇਖੋ, ਰੱਬ ਦੇ ਰੰਗ ਕਲ੍ਹ ਤੀਕ ਕੀ ਸੀ ਝੱਲੂ । ਅਜ ਜਿਹੜੇ ਕੰਮ ਨੂੰ ਵੀ ਹੱਥ ਪਾਉਂਦਾ ਹੈ, ਸੋਨਾ ਪਿਆ ਪੈਦਾ ਹੁੰਦਾ ਹੈ । ਕੋਈ ਰੱਬ ਦੀ ਹੀ ਮਿਹਰ ਹੈ । 'ਅਲੂ ਕਰੇ ਵਲੱਲੀਆਂ, ਰੱਬ ਸਿਧੀਆਂ ਪਾਵੇ' । (ਸੰਗ੍ਰ)

**ਅਵਰ ਉਪਦੇਸੈ, ਆਪਿ ਨਾ ਕਰੈ ॥**

**ਭਾਵ** :— ਹੋਰਨਾਂ ਨੂੰ ਉਪਦੇਸ਼ ਕਰਦਾ ਹੈ, ਪਰ ਆਪ ਉਸ ਉਤੇ ਅਮਲ ਨਹੀਂ ਕਰਦਾ ।

**ਵਰਤੋਂ** :—

"ਅਵਰ ਉਪਦੇਸੈ ਆਪਿ ਨਾ ਕਰੈ,
ਆਵਤ ਜਾਵਤ ਜਨਮੈ ਮਰੈ ॥"

(ਗੁਰੂ ਗ੍ਰੰਥ—ਸੁਖਮਨੀ ਗਉੜੀ)

**ਅਵਲ ਖੇਸ਼ਾਂ ਬਾਦ ਦਰਵੇਸ਼ਾਂ ।**

**ਭਾਵ** :— ਪਹਿਲਾਂ ਆਪਣਿਆਂ ਦੇ ਕੰਮ ਰਾਸ ਕਰੋ ਤੇ ਮਗਰੋਂ ਦੂਜਿਆਂ ਦੇ ।

**ਵਰਤੋਂ** :— ਪਰ ਇਮਤਿਹਾਨ ਦਾ ਕੀ ਬਣੇਗਾ ? ਕੁਲ ਦੋ ਢਾਈ ਹਫਤੇ ਤਾਂ ਰਹਿ ਗਏ ਨੇ । ਢਠੇ ਖੂਹ ਵਿਚ ਪਿਆ ਇਮਤਿਹਾਨ, "ਅਵਲ ਖੇਸ਼ਾਂ ਬਾਦ ਦਰਵੇਸ਼ਾਂ ।" ਚੰਗਾ ਚੰਗਾ, ਚਲਾ ਜਾਵਾਂਗਾ ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਅਵਲ ਮਰਨਾ ਆਖ਼ਰ ਮਰਨਾ, ਫਿਰ ਮਰਨੇ ਤੋਂ ਕੀ ਡਰਨਾ ।**

**ਭਾਵ** :— ਜਦ ਕਿਸੇ ਨੇਕ ਜਾਂ ਚੰਗੇ ਕੰਮ ਲਈ ਕੁਰਬਾਨ ਹੋਣ ਲਗੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਰਾਣੀ ਸਾਹਿਬ ਕੌਰ ਸਿਪਾਹੀਆਂ ਦੇ ਡਿਗਦੇ ਹੌਸਲੇ ਵੇਖਕੇ ਬੋਲੀ "ਹੇ ਮੇਰੇ ਬਹਾਦਰੋ ! ਮਰਨਾ ਆਖ਼ਰ ਮਰਨਾ, ਫਿਰ ਮਰਨੇ ਤੋਂ ਕੀ ਡਰਨਾ ?' ਉਠੋ, ਕਮਰ ਕਸੇ ਕਰੋ ਤੇ ਝਪਟਾ ਮਾਰੋ । (ਸੰਗ੍ਰ)

**ਅੜਾਹੇ ਦੀ ਕੁੜੀ, ਪੜਾਹੇ ਨੂੰ ਡੰਨ ।**

**ਭਾਵ** :— ਜਦ ਭੁਲ ਤਾਂ ਕੋਈ ਕਰੇ, ਤੇ ਡੰਨ ਕਿਸੇ ਹੋਰ ਨੂੰ ਦਿੱਤਾ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਚੋਧਰੀ ਜੀ ! ਚੋਰੀ ਤਾਂ ਫੱਤੂ ਨੇ ਕੀਤੀ ਤੇ ਫੜ ਲੈ ਗਈ ਪੁਲਸ ਰਾਮੇ ਨੂੰ । 'ਅੜਾਹੇ ਦੀ ਕੁੜੀ, ਪੜਾਹੇ ਦਾ ਡੰਨਾ' । ਇਹ ਚੰਗਾ ਇਨਸਾਫ ਏ ? (ਸੰਗ੍ਰ)

**ਅੜੀ ਮੜੀ ਤੇ ਭੇਡਾਂ ਦੇ ਗਲ ਮੜ੍ਹੀ ।**

**ਭਾਵ** :— ਜਦ ਕੋਈ ਕਿਸੇ ਵਿਆਹੁਣ ਜੋਗ ਕੁੜੀ ਨੂੰ ਮਾੜੀ ਥਾਂ ਵਿਆਹ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਚੰਗੇ ਸਾਕੇਦਾਰ ਨੇ । ਵਿਚਾਰੀ ਨੂੰ ਕਿਥੇ ਆਣ ਫਾਹਿਆ ਨੇ ? ਇਹ ਤਾਂ ਓਹੀ ਗਲ

ਹੋਈ ਅਖੇ 'ਅੜੀ ਮੜੀ ਤੇ ਭੇਡਾਂ ਦੇ ਗਲ ਮੜ੍ਹੀ' । (ਸੰਗ੍ਰ)

**ਅੜੇ ਸੋ ਝੜੇ ।**

ਭਾਵ :— ਇਹ ਸਿਖਾਂ ਦਾ ਬੋਲਾ ਹੈ, ਜਿਹੜਾ ਰਾਹ ਵਿਚ ਰੋਕ ਪਾਵੇ, ਉਹ ਹਾਰ ਖਾਂਦਾ ਹੈ ।

ਵਰਤੋਂ :— 'ਅੜੇ ਸੋ ਝੜੇ' ਇਹ ਬੋਲੇ ਬੋਲਾ, ਤੇ ਜੈਕਾਰ ਅਕਾਲਾ ।।।

(ਸ੍ਰੀ ਹਰਚਰਣ ਵਿਸਥਾਰ—ਡਾ: ਬਲਬੀਰ ਸਿੰਘ)

**ਆ ਨੀ ਅਹੀਏ ਤਹੀਏ, ਕਰ ਛਡੂੰ ਆਪਣੇ ਜਿਹੀਏ ।**

ਭਾਵ :— ਜਦ ਕੋਈ ਆਪਣੇ ਨਾਲੋਂ ਧਨਪਾਤਰ ਜਾਂ ਤਕੜੇ ਨਾਲ ਰਲ ਕੇ ਉਸਨੂੰ ਮਾੜਾ ਕਰ ਦੇਣ ਦੀ ਗੋਂਦ ਗੁੰਦੇ ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਅਖੇ 'ਅਹੀਏ ਤਹੀਏ, ਕਰ ਛਡੂੰ ਆਪਣੇ ਜਿਹਾਏ' ਜਿਹੜਾ ਓਹਦੇ ਨਾਲ ਰਲਿਆ ਉਸੇ ਦਾ ਬੁਰਾ ਗਲਿਆ । (ਸੰਗ੍ਰ)

**ਆ ਬਣੀ ਦਾ ਕੀ ਦਾਰੂ ?**

ਭਾਵ :— ਜਦ ਦੁਖਾਂ ਵਿਚ ਫਸੇ ਦੀ ਕੋਈ ਮਦਦ ਨਾ ਕਰ ਸਕੇ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਇਹ ਦਰਦਨਾਕ ਸਮਾਚਾਰ ਸੁਣ ਕੇ ਸਭ ਦੇ ਕਲੇਜੇ ਕੰਬ ਗਏ, ਅੱਖਾਂ ਵਿਚ ਜਲ ਤੇ ਦਿਲਾਂ ਵਿਚ ਰੰਜ ਭਰ ਗਿਆ । ਪਰ ਕੀ ਕਰ ਸਕਦੇ ਸਨ ? 'ਆ ਬਣੀ ਦਾ ਕੀ ਦਾਰੂ ?'

(ਬਿਜੈ ਸਿੰਘ—ਭਾਈ ਵੀਰ ਸਿੰਘ)

**ਆ ਬਲਾਈਏ ਗਲ ਲਗ ।**

ਜਾਂ

**ਆ ਬਲਾਈਏ ਪਿੰਡੇ ਲਗ ।**

ਭਾਵ :— ਜਦ ਕੋਈ ਬਦੋ ਬਦੀ ਮੁਸੀਬਤਾਂ ਨੂੰ ਸਹੇੜੇ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਤੁਹਾਡੀ ਤਾਂ ਉਹ ਗਲ ਹੈ ਅਖੇ 'ਆ ਬਲਾਈਏ ਗਲ ਲਗ ।' ਰਤਾ ਵਿਚਾਰ ਤੋਂ ਕੰਮ ਲਵੋ । ਖ਼ਾਹ-ਮੁ-ਖ਼ਾਹ ਕਿਉਂ ਅੱਗ ਵਿਚ ਹੱਥ ਪਾਂਦੇ ਹੋ ?

(ਸੰਗ੍ਰ)

**ਆ ਭੈਣੇ ਪਿਆਰ ਕਰੂੰ, ਪੈਰਾਂ ਹੇਠਾਂ ਅੰਗਿਆਰ ਧਰੂੰ ।** ਜਾਂ

**ਅੰਦਰੋਂ ਹੋਰ ਤੇ ਬਾਹਰੋਂ ਹੋਰ ।**

ਭਾਵ :— ਜਦ ਕੋਈ ਬਾਹਰ ਮੁਖੀ ਤਾਂ ਪਿਆਰ ਕਰੇ, ਪਰ ਅੰਦਰੋਂ ਵੈਰ ਕਰੇ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਮਾਸੀ ਜੀ ! ਤੁਸੀਂ ਤਾਂ ਉਹ ਗਲ ਕੀਤੀ ਅਖੇ 'ਆ ਭੈਣੇ ਪਿਆਰ ਕਰੂੰ, ਪੈਰਾਂ ਹੇਠਾਂ ਅੰਗਿਆਰ ਧਰੂੰ ।' ਏਨੀ ਸੌਂਧਰ ਨਾਲ ਮੈਨੂੰ ਆਂਗਾਇਆ ਤੇ ਆਉਂਦੇ ਹੀ ਲੜਾਈ ਗਲ ਪੁਆ ਦਿੱਤੀ ! (ਸੰ)

**ਆ ਲੜਾਈਏ ਮੇਰੇ ਵਿਹੜੇ ।**

ਜਾਂ

**ਆ ਲੜਾਈਏ ਗਲ ਲੱਗ ।**

ਭਾਵ :— ਜਦ ਕੋਈ ਬਦੋ ਬਦੀ ਲੜਨ ਨੂੰ ਫਿਰੇ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਅਖੇ 'ਆ ਲੜਾਈਏ ਗਲ ਲੱਗ' ਮੈਂ ਬੋਲਿਆ ਵੀ ਨਹੀਂ ਤੇ ਉਹ ਹੂਰੇ ਮਾਰਨ ਲਗ ਪਿਆ ਹੈ । (ਸੰਗ੍ਰ)

**ਆਉਣ ਪਰਾਈਆਂ ਜਾਈਆਂ, ਵਿਛੋੜਨ (ਨਿਖੇੜਨ) ਸਕਿਆਂ ਭਾਈਆਂ ।**

ਭਾਵ :— ਜਦ ਸਕਿਆਂ ਭਰਾਵਾਂ ਵਿਚ ਉਨ੍ਹਾਂ ਦੀਆਂ ਵਹੁਟੀਆਂ ਦੀ ਕਿਰਪਾ ਨਾਲ ਵੈਰ ਪੈ ਜਾਣ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਨਵੀਆਂ ਵਿਆਂਹਦੜਾਂ ਆ ਕੇ ਖ਼ਾਂਵਦਾਂ ਨੂੰ ਪਤਾ ਨਹੀਂ ਕੀ ਪਟੀਆਂ ਪੜ੍ਹਾ ਦਿੰਦੀਆਂ ਹਨ ਕਿ ਸਕੇ ਭਾਈਆਂ ਦਿਆਂ ਦਿਲਾਂ ਵਿਚ ਵੀ ਤਰੇੜਾਂ ਪੈ ਜਾਂਦੀਆਂ ਹਨ । 'ਆਉਣ ਪਰਾਈਆਂ ਜਾਈਆਂ ਵਿਛੋੜਨ ਸਕਿਆਂ ਭਾਈਆਂ ।' (ਸੰਗ੍ਰ)

**ਆਉਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਮਗਰੋਂ ਸੁਆਦ ਦਿੰਦਾ ਹੈ ।**

ਭਾਵ :— ਜਦ ਕੋਈ ਸਿਆਣਾ ਆਦਮੀ ਮਤ ਦੇ ਰਿਹਾ ਹੋਵੇ ਤੇ ਮਤ ਲੈਣ ਵਾਲੇ ਨੂੰ ਕੌੜੀ ਲਗਦੀ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜਿਸ ਤਰ੍ਹਾਂ ਤੈਨੂੰ ਮੇਰੀ ਸਿਖਿਆ ਐਸ ਵੇਲੇ ਬੁਰੀ ਲਗਦੀ ਹੈ। ਤਿਵੇਂ ਉਨ੍ਹਾਂ ਨੂੰ ਭਲੇ ਉਪਦੇਸ਼ ਕੌੜੇ ਲਗੇ ਹਨ। ਪਰ ਸਿਆਣੇ ਦੇ ਕਹੇ ਤੇ ਆਉਲੇ ਦੇ ਖਾਧੇ ਦਾ ਸੁਆਦ ਪਿਛੋਂ ਹੀ ਮਲੂਮ ਹੁੰਦਾ ਹੈ।

(ਬਿਜੈ ਸਿੰਘ—ਭਾਈ ਵੀਰ ਸਿੰਘ)

**ਆਇਆ ਸਾਵਣ ਮਾਹ ਕਿ ਰੀਂਡੇ ਗਲ ਗਏ, ਕੋਈ ਨਾ ਬਣਿਆ ਮਿਤ ਕਿ ਵੇਲੇ ਛਲ ਗਏ।**

**ਭਾਵ** :— ਸਾਵਣ ਦੇ ਮਹੀਨੇ ਵਿਚ ਸਾਰੀਆਂ ਚੀਜ਼ਾਂ ਫੁਲਦੀਆਂ ਫਲਦੀਆਂ ਹਨ, ਪਰ ਰੀਂਡੇ (ਖਰਬੂਜ਼ੇ) ਗਲ ਜਾਂਦੇ ਹਨ। ਅਰਥਾਤ ਜੇ ਸਮਾਂ ਠੀਕ ਨਾ ਰਹੇ ਤਾਂ ਚੰਗੀਆਂ ਚੀਜ਼ਾਂ ਵੀ ਮਾੜੀਆਂ ਹੋ ਜਾਂਦੀਆਂ ਹਨ।

**ਵਰਤੋਂ** :— ਮਾਲਣ—ਮਾਈ ! ਕਲਪਣਾ ਛਡ ਦੇਹ, ਇਹ ਤੇਰੇ ਵਸ ਦੀ ਗਲ ਨਹੀਂ। ਸਮਾਂ ਜਦ ਸਾਥ ਨਾ ਦੇਵੇ, ਤਦ ਚੰਗੀਆਂ ਚੀਜ਼ਾਂ ਵੀ ਮਾੜੀਆਂ ਜਾਪਣ ਲਗ ਪੈਂਦੀਆਂ ਹਨ। 'ਆਇਆ ਸਾਵਣ ਮਾਂਹ ਕਿ ਰੀਂਡੇ ਗਲ ਗਏ, ਕੋਈ ਨਾ ਬਣਿਆ ਮਿਤ ਕਿ ਵੇਲੇ ਛਲ ਗਏ।' (ਸੰਗ੍ਰ)

**ਆਇਆ ਕੰਮ ਥੁੜੇ ਨਾ, ਪਿੱਛੇ ਜੋਗਾ ਜੁੜੇ ਨਾ।**

**ਭਾਵ** :— ਜਦ ਕਿਸੇ ਦੀ ਆਮਦਨੀ ਮਸਾਂ ਗੁਜ਼ਾਰੇ ਜੋਗੀ ਹੀ ਹੋਵੇ, ਤਦ ਉਸ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਾਨੂੰ ਤਾਂ ਜੀ ਬਹੁਤੇ ਧਨ ਦਾ ਲੋਭ ਨਹੀਂ। ਕਿਰਸ ਅਸੀਂ ਨਹੀਂ ਕਰਦੇ। ਪਿਛੇ ਲਈ ਜੋੜਦੇ ਨਹੀਂ। 'ਆਇਆ ਕੰਮ ਥੁੜੇ ਨਾ, ਪਿਛੇ ਜੋਗਾ ਜੁੜੇ ਨਾ।' ਬਸ ਏਨਾ ਹੀ ਰੱਬ ਤੋਂ ਮੰਗੀਦਾ ਹੈ, ਜੁ ਹਥਲੀ ਕਾਰ ਨਾ ਬੰਦ ਕਰੇ। (ਸੰਗ੍ਰ)

**ਆਇਆ ਨਾ ਘਾਓ, ਤੇ ਵੈਦ ਬੁਲਾਓ।**

**ਭਾਵ** :— ਜਦ ਕੋਈ ਡਰਾਕਲ ਆਦਮੀ ਖ਼ਤਰਾ ਆਉਣ ਤੋਂ ਪਹਿਲਾਂ ਹੀ ਘਬਰਾਂਦਾ ਦਿੱਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬੁੱਧਾਂ—ਨੀ ਪਾਰੋ, ਤੈਨੂੰ ਕੀ ਹੋ ਗਿਆ ਹੈ ? ਇਤਨੀ ਘਬਰਾਹਟ ਕਾਹਦੀ ? ਅਜੇਹੀਆਂ ਗਲਾਂ ਤਾਂ ਪਿੰਡਾਂ ਵਿਚ ਨਿਤ ਵਾਪਰਦੀਆਂ ਹਨ। ਅਖੇ 'ਆਇਆ ਨਾ ਘਾਓ, ਤੇ ਵੈਦ ਬੁਲਾਓ' ਮਾਮੂਲੀ ਰੌਲਾ ਸੁਣ ਕੇ ਹੀ ਵਿਆਕੁਲ ਹੋ ਗਈ ਏਂ। (ਸੰਗ੍ਰ)

**ਆਈ ਸ਼ਿਵਰਾਤ, ਜਿਡਾ ਦਿਨ ਓਡੀ ਰਾਤ।**

**ਭਾਵ** :— ਸ਼ਿਵਰਾਤਰੀ ਨੂੰ ਦਿਨ ਤੇ ਰਾਤ੍ਰ ਬਰਾਬਰ ਹੁੰਦੇ ਹਨ। ਕਿਸੇ ਦੇ ਸਭ ਨਾਲ ਇਕੋ ਜਿਹਾ ਸਲੂਕ ਕਰਨ ਉਤੇ ਵੀ ਵਰਤਦੇ ਹਨ।

**ਵਰਤੋਂ** :— ਬਈ ਰਣਜੀਤ ਸਿੰਘ ਦਾ ਰਾਜ ਕਾਹਦਾ ਸੀ—'ਆਈ ਸ਼ਿਵਰਾਤ, ਜਿੱਡਾ ਦਿਨ ਓਡੀ ਰਾਤ।' ਸਭ ਨਾਲ ਇਕੋ ਜਿਹਾ ਵਰਤਾਉ ਸੀ।

(ਸੰਗ੍ਰ)

**ਆਈ ਤੇ ਆਏ ਨੂੰ ਸੌ ਰਾਹ ਸੁਝ ਪੈਂਦੇ ਨੇ।**

**ਭਾਵ** :— ਜਦ ਕੋਈ ਕਿਸੇ ਕੰਮ ਦੇ ਕਰਨ ਲਈ ਤੁਲ ਪਵੇ, ਤਦ ਉਸ ਨੂੰ ਕਈ ਰਾਹ ਦਿਸ ਪੈਂਦੇ ਹਨ।

**ਵਰਤੋਂ** :— ਪੋਰਸ—ਰਾਣੀ ਜੀ ... ਆਪਣੀ 'ਆਈ ਤੇ ਆਏ ਨੂੰ ਸੌ ਰਾਹ ਸੁਝ ਪੈਂਦੇ ਹਨ।' ਅੰਭੀ ਉਂਞ ਨਾ ਮੰਨੂ ਤਾਂ ਅਸੀਂ ਕੀ ਹੀਣੇ ਹੋ ਜਾਂਗੇ ? ਸਾਡਾ ਕੀ ਵਿਗੜ ਚਲਿਆ ਏ ?

(ਰਾਜਾ ਪੋਰਸ—ਹਰਚਰਨ ਸਿੰਘ)

**ਆਈ ਪੋਹ ਮਾਘ ਦੀ ਸੰਨ, ਜੱਟੀਂ ਲਏ ਮੜ੍ਹਾਸੇ ਬੰਨ੍ਹ।**

**ਭਾਵ** :— ਸਰਦੀ ਦੇ ਸਮੇਂ ਜੱਟਾਂ ਦੀ ਰਹਿਣੀ ਬਹਿਣੀ ਦਸੀ ਹੈ।

**ਵਰਤੋਂ** :— ਬੇਬੇ, ਮੜਾਸੇ ਨਾ ਬੰਨ੍ਹੀਏ ਤਾਂ ਕੀ ਕਰੀਏ। 'ਆਈ ਪੋਹ ਮਾਘ ਦੀ ਸੰਨ, ਜੱਟੀਂ ਲਏ ਮੜ੍ਹਾਸੇ ਬੰਨ੍ਹ।' ਏਨੀ ਠੰਡ ਵਿਚ ਖੇਤਾਂ ਵਿਚ ਕਮ ਹੋਰ ਕਿਵੇਂ ਹੋਵੇ ? (ਸੰਗ੍ਰ)

**ਆਈ ਬਸੰਤ ਤੇ ਪਾਲਾ ਉਡੰਤ ।**

**ਭਾਵ** :— ਬਸੰਤ ਦੀ ਬਹਾਰ ਆਉਣ ਉਤੇ ਸਰਦੀ (ਠੰਡ) ਘਟਣ ਲਗ ਪੈਂਦੀ ਹੈ ।

**ਵਰਤੋਂ** :— ਕਾਕਾ, ਦਸ ਦਿਨ ਹੋਰ ਹਨ ਸਰਦੀ ਦੇ; 'ਆਈ ਬਸੰਤ ਤੇ ਪਾਲਾ ਉਡੰਤ ।' ਹੁਣ ਤਾਂ ਅਗਲੇ ਸਾਲ ਹੀ ਗਰਮ ਕੋਟ ਸੁਆਵਾਂਗੇ । (ਸੰ)

**ਆਈ ਮਾਈ ਮਸਿਆ ਜਿਨ ਖਾਣਾ ਪੀਣਾ ਦਸਿਆ ।**

**ਭਾਵ** :— ਜਦ ਕੋਈ ਕੰਜੂਸ ਕਦੀ ਪੈਸੇ ਨਾ ਖਰਚਦਾ ਹੋਵੇ ਪਰ ਕਿਸੇ ਦਿਨ ਦਿਹਾਰ ਤੇ ਖਰਚ ਕਰਨ ਲਈ ਮਜਬੂਰ ਹੋਵੇ ।

**ਵਰਤੋਂ** :— ਕਰਨੈਲ ਸਿੰਘ, ਬੋਲਿਆ,"ਮਿਤ੍ਰ ! ਧੰਨਾ ਸਿੰਘ ਨੇ ਐਤਕੀ ਦੀ ਮਸਿਆ ਤੇ ਅਲਾਂਭਾ ਲਾਹ ਦਿੱਤਾ । ਅਸਾਂ ਸਾਰਿਆਂ ਨੂੰ ਅੱਜ ਪਲਿਓਂ ਰੋਟੀ ਖੁਆ ਦਿਤੀ, ਜਲੇਬੀਆਂ ਵੀ ਖੁਆਈਆਂ, ਕੜਾਹ ਵੀ ਖੁਆਇਆ ।" ਸਾਰੇ ਬੋਲੇ 'ਸ਼ਾਵਾ ਆਈ ਮਾਈ ਮਸਿਆ, ਜਿਨ ਖਾਣਾ ਪੀਣਾ ਦਸਿਆ ।' (ਸੰਗ੍ਰ)

**ਆਈ ਰੰਨ ਤੇ ਹੋਏ ਕੰਨ ।**

**ਭਾਵ** :— ਇਸਤ੍ਰੀ ਘਰ ਆ ਜਾਣ ਨਾਲ ਜਦ ਕੋਈ ਰੋਕ ਪੈ ਜਾਵੇ ਜਾਂ ਖਰਾਬੀ ਹੋਣ ਦਾ ਡਰ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜਿਉਂ ਜਿਉਂ ਬੁਗਾ ਲੁਟਿਓ ਤਿਉਂ ਤਿਉਂ ਕਹੀਏ ਧੰਨ । 'ਆਈ ਰੰਨ ਤੇ ਹੋਏ ਕੰਨ ।

(ਸੁਥਰਾ ਸ਼ਾਹ)

**ਆਏ ਜੋ ਕਬਰ ਵਿਚ, ਜਾ ਭਾਵੇਂ ਸੌੜੀ ਤੇ ਭਾਵੇਂ ਮੋਕਲੀ ।**

**ਭਾਵ** :— ਜਦ ਮੁਰਦੇ ਨੂੰ ਕਬਰ ਵਿਚ ਦੱਬਣ ਲਈ ਕਬਰ ਠੀਕ ਤਰ੍ਹਾਂ ਪੁਟੀ ਹੋਈ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ । ਕਿ ਮੁਰਦੇ ਨੂੰ ਥੋੜੀ ਜਾਂ ਬਹੁਤੀ ਥਾਂ ਨਾਲ ਕੀ ਵਾਸਤਾ । ਆਪਣੀ ਨਿਰਬਲਤਾ, ਹੀਣਤਾ ਜਾਂ ਗ਼ਰੀਬੀ ਨੂੰ ਦਸਣ ਲਈ ਵੀ ਵਰਤਦੇ ਹਨ ।

**ਵਰਤੋਂ** :— ਪਈ ਝਟ ਟਪਾਣਾ ਹੈ । ਕਬਰ ਵਿਚ ਥਾਂ ਸੌੜੀ ਕੀ ਤੇ ਮੋਕਲੀ ਕੀ ? ਦਿਲੀ ਜੇਹੇ ਸ਼ਹਿਰ ਵਿਚ ਗਰੀਬਾਂ ਨੂੰ ਟੋਰ ਕਿੰਨੀ ਕੁ ਥਾਂ ਮਿਲੇ ?

(ਸੰਗ੍ਰ)

**ਆਏ ਦਾ ਨਾਂ ਸਹਿਜਾ, ਗਏ ਦਾ ਨਾਂ ਮੁਕਤਾ ।**

**ਭਾਵ** :— ਜਦ ਕਿਸੇ ਨੂੰ ਆਉਂਦਿਆਂ ਆਦਰ ਨਾ ਮਿਲੇ ਤੇ ਜਾਣ ਲਗਿਆਂ ਵੀ ਕੋਈ ਨਾ ਰੋਕੇ, ਤਦ ਉਹ ਆਪਣਾ ਨਿਮਾਣਾਪਨ ਦਸਣ ਲਈ ਇਹ **ਅਖਾਣ ਵਰਤਦਾ ਹੈ ।**

**ਵਰਤੋਂ** :— ਕੀ ਕਰੇ ਗ਼ਰੀਬ ਵਿਚਾਰਾ ਸਹੁਰਿਆਂ ਦੇ ਜਾਕੇ ! 'ਆਏ ਦਾ ਨਾਂ ਸਹਿਜਾ, ਗਏ ਦਾ ਨਾਂ ਮੁਕਤਾ ।' ਆਏ ਤਾਂ ਆਦਰ ਨਹੀਂ, ਗਏ ਤਾਂ ਪੁੱਛ ਨਹੀਂ (ਸੰਗ੍ਰ)

**ਆਏ ਨੀ ਨਿਹੰਗ, ਬੂਹਾ ਖੋਲ੍ਹ ਦੇ ਨਿਸ਼ੰਗ ।**

**ਭਾਵ** :— ਨਿਹੰਗ ਸਿੰਘ ਨੂੰ ਉਨ੍ਹਾਂ ਦੇ ਤਿਆਗੀ ਤੇ ਸ੍ਰੇਸ਼ਟ ਜੀਵਨ ਕਰਕੇ ਇਤਨਾ ਸਤਿਕਾਰ ਮਿਲਦਾ ਸੀ ਕਿ ਜਿਸ ਘਰ ਚਲੇ ਜਾਣ ਉਹ ਆਪਣੇ ਧੰਨ ਭਾਗ ਸਮਝ ਕੇ ਇਨ੍ਹਾਂ ਨੂੰ 'ਜੀ ਆਇਆਂ ਨੂੰ' ਆਖਦਾ ਸੀ । ਕਈ ਅਜ ਕਲ ਹਾਸ-ਰਸ ਵਿਚ ਵੀ ਵਰਤਦੇ ਹਨ ।

**ਵਰਤੋਂ** :— ਜਿਸ ਘਰ ਨਿਹੰਗ ਵੜ ਜਾਣ ਉਹ ਆਪਣੇ ਧੰਨ ਭਾਗ ਸਮਝਦਾ ਸੀ, ਤਦੋਂ ਹੀ ਇਹ ਕਹਾਵਤ ਅਜੇ ਤਕ ਮੂੰਹ ਤੇ ਚੜ੍ਹੀ ਹੋਈ ਹੈ—'ਆਏ ਨੀ ਨਿਹੰਗ, ਬੂਹਾ ਖੋਲ੍ਹ ਦੇ ਨਿਸ਼ੰਗ ।'

(ਸਤਵੰਤ ਕੌਰ— ਭਾਈ ਵੀਰ ਸਿੰਘ)

**ਆਸਕੁ ਏਹੁ ਨਾ ਆਖੀਐ ਜਿ ਲੇਖੈ ਵਰਤੈ ਸੋਇ ।**

**ਭਾਵ** :— ਉਹ ਰੱਬ ਦਾ ਪ੍ਰੇਮੀ ਨਹੀਂ ਅਖਵਾ ਸਕਦਾ, ਜਿਹੜਾ ਰੱਬ ਨਾਲ ਚੰਗੇ ਮੰਦੇ ਦਾ ਲੇਖਾ ਕਰਕੇ ਵਰਤਦਾ ਹੈ ।

**ਵਰਤੋਂ** :—

"ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥
ਆਸਕੁ ਏਹੁ ਨਾ ਆਖੀਐ ਜਿ ਲੇਖੈ ਵਰਤੈ ਸੋਇ ॥"

(ਗੁਰੂ ਗ੍ਰੰਥ—ਆਸਾ ਦੀ ਵਾਰ)

**ਆਸਾ ਜੀਵੇ, ਨਿਰਾਸਾ ਮਰੇ ।**

**ਭਾਵ** :— ਜੀਵਨ ਦੀ ਆਸ ਰਖਣ ਵਾਲਾ ਬਚ ਜਾਂਦਾ ਹੈ, ਪਰ ਨਿਰਾਸਾ ਮਰ ਜਾਂਦਾ ਹੈ ।

**ਵਰਤੋਂ** :— ਕਰਤਾਰ ਸਿੰਘ—ਚਿੰਤਾ ਨਾ ਕਰੋ 'ਆਸਾ ਜੀਵੇ, ਨਿਰਾਸਾ ਮਰੇ ।' ਭਰੋਸਾ ਰਖੋ । ਸਭ ਔਕੜਾਂ ਹੌਲੀ ਹੌਲੀ ਮੁਕ ਜਾਣਗੀਆਂ । (ਸੰਗ੍ਰ)

**ਆਸਾਂ ਪਰਬਤ ਜੇਡੀਆਂ, ਮੌਤ ਤਣਾਵਾਂ ਹੇਠ ।**

**ਭਾਵ** :— ਕਿਸੇ ਆਦਮੀ ਨੂੰ ਬਹੁਤ ਸਾਰੇ ਕੰਮ ਅਧੂਰੇ ਛਡ, ਮਰਦਾ ਵੇਖ; ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕਿਸੇ ਨੂੰ ਕੀ ਪਤਾ ਸੀ ਕੀ ਕੁਝ ਬਣਨਾ ਉਹ ਚਾਹੁੰਦਾ ਸੀ । ਪਰ ਜਵਾਨ ਮੌਤ ਨੇ ਇੱਕ ਨਾ ਚਲਣ ਦਿੱਤੀ । 'ਆਸਾਂ ਪਰਬਤ ਜੇਡੀਆਂ, ਮੌਤ ਤਣਾਵਾਂ ਹੇਠ ।' (ਸੰਗ੍ਰ)

**ਆਹ ਮੂੰਹ ਤੇ ਮਸਰਾਂ ਦੀ ਦਾਲ ।**

**ਭਾਵ** :— ਜਦ ਕੋਈ ਅਜੇਹੀ ਚੀਜ਼ ਦੀ ਮੰਗ ਕਰੇ, ਜਿਸਦਾ ਉਹ ਹੱਕਦਾਰ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਭਾਈ ਜੀ, ਨਿੱਠ ਕੇ ਬਹੁ । 'ਆਹ ਮੂੰਹ ਤੇ ਮਸਰਾਂ ਦੀ ਦਾਲ' । ਆਪਣੀ ਹੈਸੀਅਤ ਤਾਂ ਵੇਖ । (ਸੰਗ੍ਰ)

**ਆਕੜ ਚੂੜ੍ਹੇ ਦੀ, ਲੇਸ ਲਸੂੜੇ ਦੀ ।**

**ਭਾਵ** :— ਜਿਵੇਂ ਲਸੂੜਾ ਆਪਣੀ ਲੇਸ ਨਹੀਂ ਛਡਦਾ ਤਿਵੇਂ ਚੂੜ੍ਹਾ ਆਪਣੀ ਆਕੜ ਨਹੀਂ ਛਡਦਾ । ਜਦ ਕਿਸੇ ਨੀਵੇਂ ਪੁਰਸ਼ ਨੂੰ ਹੈਂਕੜ ਵਿਚ ਡਿੱਠਾ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਰਦਾਰ ਜੀ--ਉਏ ਸੁੰਦਰਿਆ ! ਤੂੰ ਹਰ ਵੇਲੇ ਹੈਂਕੜ ਵਿਚ ਹੀ ਏਂ ਅਖੇ 'ਆਕੜ ਚੂੜ੍ਹੇ ਦੀ ਤੇ ਲੇਸ ਲਸੂੜੇ ਦੀ' । ਪਰ ਭਾਈ ਆਪਣੀ ਹੈਸੀਅਤ ਨੂੰ ਵੀ ਵੇਖ ਲਿਆ ਕਰ । (ਸੰਗ੍ਰ)

**ਆਖਰ (ਓੜਕ) ਬਚਾ ਮੂਲਿਆ ਤੂੰ ਹੱਟੀ ਬਹਿਣਾ ।**

**ਭਾਵ** :— ਜਦ ਕੋਈ ਪਿਉ ਦਾਦੇ ਦਾ ਕੰਮ ਛਡ ਕੋਈ ਹੋਰ ਕੰਮ ਕਰ ਬਹੇ ਪਰ ਉਸ ਵਿਚ ਉਸਨੂੰ ਸਫਲਤਾ ਨਾ ਹੋਵੇ ਤੇ ਮੁੜ ਪਿਉ ਦਾਦੇ ਦਾ ਕੰਮ ਹੀ ਕਰਨ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬੇਲਾ ਸਿੰਘ – ਫਤਹ ਚੰਦ ਨੇ ਪਿਉ ਦਾਦੇ ਦਾ ਕੰਮ ਛਡ ਬੜੇ ਬੜੇ ਪਾਪੜ ਵੇਲੇ, ਪ੍ਰਦੇਸ ਵੀ ਗਿਆ ਪਰ 'ਆਖਰ ਬਚਾ ਮੂਲਿਆ ਤੂੰ ਹੱਟੀ ਬਹਿਣਾ' ਮੁੜ ਓਹੀਉ ਤੱਕੜੀ ਵੱਟੇ ਫੜਨੇ ਪਏ । (ਸੰਗ੍ਰ)

**ਆਗ ਲਗਾਏ ਮੰਦਰ ਮੈ ਸੋਵੈ ।**

**ਭਾਵ** :— ਦਿਲ ਵਿਚ ਜਦ ਬ੍ਰਿਹੋਂ ਦੀ ਅਗ ਧੁਖ ਰਹੀ ਹੋਵੇ ਤਾਂ ਅਰਾਮ ਤੇ ਸ਼ਾਂਤੀ ਕਿਥੇ ?

**ਵਰਤੋਂ** :— ਪਰ 'ਆਗ ਲਗਾਏ ਮੰਦਰ ਮੈ ਸੋਵੈ', ਇਹ ਕਿਥੋਂ ਤਕ ਨਿਭਣੀ ਸੀ ? ਉਸ ਦਾ ਜੀਵਣ ਇਤਨਾ ਭਾਰ ਹੋ ਗਿਆ ਕਿ ਮੌਤ ਦੀ ਉਡੀਕ ਕਰਨ ਲਗ ਪਿਆ ।

(ਪ੍ਰੇਮ ਸੰਗੀਤ—ਨਾਨਕ ਸਿੰਘ)

**ਆਗਿਆ ਕਾਰੀ ਪੁਤਰ ਹੋਏ, ਘਰ ਮਿਠ ਬੋਲੀ ਨਾਰ, ਧਨ ਪਲੇ, ਸੰਤੋਖ ਮਨ, ਚਾਰ ਸੁਰਗ ਸੰਸਾਰ ।**

**ਭਾਵ** :—ਜਿਸ ਪੁਰਸ਼ ਨੂੰ ਆਗਿਆਕਾਰੀ ਪੁਤਰ, ਮਿਠ ਬੋਲੀ ਇਸਤ੍ਰੀ, ਧੰਨ ਅਤੇ ਸੰਤੋਖ ਚਾਰ ਪਦਾਰਥ ਮਿਲ ਜਾਣ ਉਸ ਲਈ ਸੰਸਾਰ ਹੀ ਸਵਰਗ ਹੈ ।

**ਵਰਤੋਂ** :— ਵਰਿਆਮ—ਇਹ ਗਲ ਤਾਂ ਤੁਹਾਡੀ ਸੋਲਾਂ ਆਨੇ ਠੀਕ ਜੇ । ਆਖਦੇ ਨਹੀਂ ਹੁੰਦੇ 'ਆਗਿਆਕਾਰੀ ਪੁਤਰ ਹੋਇ, ਘਰ ਮਿਠ ਬੋਲੀ ਨਾਰ, ਧਨ ਪਲੇ, ਸੰਤੋਖ ਮਨ, ਚਾਰ ਸੁਰਗ ਸੰਸਾਰ ।' ਬੰਦਾ ਭਾਵੇਂ ਭਾਦਰੋਂ ਦੀ ਤਿੱਖੀ ਧੁਪ ਵਿਚ ਛੱਬ ਦਾ ਜੋਤਰਾ ਲਾ ਸੜ ਬਲ ਕੇ ਆਇਆ ਹੋਵੇ, ਪਰ ਜਾਂਦਿਆਂ ਨੂੰ ਘਰ ਵਾਲੀ ਜੇ ਅਗੋ ਹਸ ਕੇ ਮਿਲ ਪਏ ਤਾਂ ਸਾਰਾ ਥਕੇਵਾਂ ਲਥ ਜਾਂਦਾ ਏ ।

(ਦੂਰ ਦੁਰਾਡੇ ਸ਼ਹਿਰੋਂ—ਪ੍ਰੋ: ਹਰਚਰਨ ਸਿੰਘ)

**ਆਗੂ ਲੈ ਉਝੜ ਪਵੈ, ਕਿਸ ਕਰੇ ਪੁਕਾਰਾ।**

**ਭਾਵ** :— ਜੇ ਆਗੂ (ਲੀਡਰ) ਕੁਰਾਹੇ ਪੈ ਜਾਵੇ ਤਾਂ ਨਿਹੋਰਾ ਕਿਸ ਨੂੰ ਦਈਏ।

**ਵਰਤੋਂ** :—

ਜੇ ਘਰ ਭੰਨੈ ਪਾਹਰੂ ਕਉਣ ਰਖਣ ਹਾਰਾ।
ਬੇੜੀ ਡੋਬੈ ਪਾਤਣੀ ਕੌਣ ਪਾਰ ਉਤਾਰਾ।
ਆਗੂ ਲੈ ਉਝੜ ਪਵੈ, ਕਿਸ ਕੈਰੈ ਪੁਕਾਰਾ।
(ਵਾਰਾਂ ਭਾਈ ਗੁਰਦਾਸ)

**ਆਟਾ ਪੀਠਾ ਨਹੀਂ ਤੇ ਕਹਿੰਦੀ ਅਗੇ ਵਧੀ ਫਿਰਾਂ।**

**ਭਾਵ** :— ਜਦ ਕੋਈ ਤਿਆਰੀ ਕੀਤੇ ਬਿਨਾ ਕਿਸੇ ਨੂੰ ਰੋਟੀ ਖਾਣ ਲਈ ਸਦਾ ਪਤਰ ਘਲ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਾਸੀ—ਬੀਬੀ ! ਕਿਤੇ 'ਆਟਾ ਪੀਠਾ ਨਹੀਂ ਤੇ ਕਹਿੰਦੀ ਅਗੇ ਵਧੀਂ ਫਿਰਾਂ' ਵਾਲਾ ਲੇਖਾ ਨਾ ਬਣੇ। ਤੁਸੀਂ ਤਿਆਰੀ ਤਾਂ ਕੋਈ ਕੀਤੀ ਨਹੀਂ, ਪਰ ਨਿਉਂਦਾ ਸਭ ਨੂੰ ਘਲ ਦਿਤਾ ਹੈ। (ਸੰਗ੍ਰ)

**ਆਟੇ ਦੀ ਤੌਣ।**

**ਭਾਵ** :— ਜਿਸਨੂੰ ਹਰ ਕੋਈ ਅਪਣਾਵੇ ਤੇ ਦੁਖੀ ਕਰੇ।

**ਵਰਤੋਂ** :— ਭਲਾ ਤੀਵੀਂ ਕੀ ਤੇ ਰਾਜ ਕੀ ? ਤੀਵੀਂ ਤਾਂ ਆਟੇ ਦੀ ਤੌਣ ਹੈ। ਘਰ ਬੈਠੀ ਨੂੰ ਚੂਹੇ ਤੇ ਬਾਹਰ ਨਿਕਲੀ ਨੂੰ ਕਾਂ ਖਾਂਦੇ ਹਨ।
(ਬਿਜੈ ਸਿੰਘ—ਭਾਈ ਵੀਰ ਸਿੰਘ)

**ਆਟੇ ਨਾਲ ਘੁਣ ਵੀ ਪਿਸ ਜਾਂਦਾ ਏ।**

**ਭਾਵ** :— ਜਦ ਕੋਈ ਕਿਸੇ ਤਕੜੇ ਨਾਲ ਰਲਣ ਕਰਕੇ ਬਿਨਾ ਦੋਸ਼ ਬਰਬਾਦ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਸੂਰ ਪਿਉ ਦਾ ਤੇ ਕੈਦ ਬਚਿਆਂ ਨੂੰ ਵੀ ਕਰ ਲਿਆ ਗਿਆ। ਹੋਰ ਤਾਂ ਹੋਰ ਆਟੇ ਨਾਲ ਵਿਚਾਰੇ ਘੁਣ ਵੀ ਪੀਠੇ ਗਏ। (ਸੰਗ੍ਰ)

**ਆਟੇ ਨਾਲ ਪਲੇਥਣ।**

**ਭਾਵ** :— ਜਦ ਕਿਸੇ ਤਕੜੇ ਦੀ ਹਮਦਰਦੀ ਕਰਦਿਆਂ ਛੋਟੀ ਹੈਸੀਅਤ ਵਾਲਾ ਬੰਦਾ ਬਰਬਾਦ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤਾਰੋ—ਫਾਹੇ ਜਾਣਾ, ਮਸਾਂ ਮਸਾ ਕੈਦ ਹੋਣੋਂ ਬਚਿਆ, ਨਹੀਂ ਤਾਂ ਲਗ ਜਾਣਾ ਸੀ 'ਆਟੇ ਨਾਲ ਪਲੇਥਣ ਉਹਨੂੰ ਵੀ।
(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਆਟੇ ਵਿਚ ਲੂਣ :**

**ਭਾਵ** :— ਕਿਸੇ ਕੌਮ ਜਾਂ ਸੋਸਾਇਟੀ ਦੀ ਘਟ ਗਿਣਤੀ ਦਸਣ ਲਈ ਵਰਤਿਆ ਜਾਂਦਾ ਹੈ।

**ਵਰਤੋਂ** :— ਭਾਰਤ ਵਿਚ ਪਾਰਸੀਆਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੈ।

**ਆਤਮ ਘਾਤੀ ਮਹਾਂ ਅਪਰਾਧੀ।**
**ਜਾਂ**
**ਆਤਮ ਘਾਤੀ ਜਗਤ ਕਸਾਈ।**

**ਭਾਵ** :— ਆਤਮ ਘਾਤ ਕਰਨਾ ਸਭ ਤੋਂ ਵਡਾ ਪਾਪ ਹੈ।

**ਵਰਤੋਂ** :— ਆਤਮ ਘਾਤ ? ਨਹੀਂ ਨਹੀਂ ਇਹ ਡਰਪੋਕਾਂ, ਨੌਠੜਾਂ, ਬੁਜ਼ਦਿਲਾਂ ਦਾ ਕੰਮ ਹੈ। 'ਆਤਮ ਘਾਤੀ ਜਗਤ ਕਸਾਈ।' ਇਕ ਅਸੀਂ ਆਪਣੇ ਜੀਅ ਦਾ ਹੀ ਘਾਤ ਨਹੀਂ ਕਰਦੇ, ਪਿਛੇ ਸਾਰੇ ਸੰਸਾਰ ਵਿਚ ਇਕ ਸੋਗ ਦੀ ਲੀਹ ਪਾ ਜਾਂਦੇ ਹਾਂ।

**ਆਤਮਾ ਰਜੇ, ਪਰਮਾਤਮਾ ਰਜੇ।**

**ਭਾਵ** :— ਭਗਤੀ ਵੀ ਤਦ ਹੀ ਹੋ ਸਕਦੀ ਹੈ ਜੇ ਪੇਟ ਭਰ ਕੇ ਰੋਟੀ ਮਿਲੇ ਤੇ ਸਰੀਰ ਠੀਕ ਰਹੇ।

**ਵਰਤੋਂ** :— ਸੰਤ ਜੀ ! ਜੇ ਆਤਮਾ ਹੀ ਨਾ ਰਜੀ, ਤਾਂ ਪਰਮਾਤਮਾ ਕਿਵੇਂ ਰਜੇਗਾ ? ਪਹਿਲਾਂ ਸਾਨੂੰ ਰੋਟੀ ਟੁਕ ਦਾ ਆਹਰ ਬਣਾ ਲੈਣ ਦਿਉ। ਫੇਰ ਭਗਤੀ ਵੀ ਕਰ ਲਵਾਂਗੇ। (ਸੰਗ੍ਰ)

**ਆਥਿ ਹੋਇ ਤਾਂ ਮੁਗਧੁ ਸਿਆਣਾ।**

**ਭਾਵ** :— ਧਨ ਪਲੇ ਹੋਵੇ ਤਾਂ ਮੂਰਖ ਵੀ ਸਿਆਣਾ ਜਾਪਦਾ ਹੈ।

**ਵਰਤੋਂ** :—

"ਆਥਿ ਸੈਲ ਨੀਚ ਘਰ ਹੋਇ॥
ਆਥਿ ਦੇਖਿ ਨਿਵੈ ਜਿਸੁ ਦੋਇ॥

ਆਥਿ ਹੋਏ ਤਾਂ ਮੁਗਧੁ ਥਿਆਣਾ ॥
ਭਗਤਿ ਬਿਹੂਨਾ ਜਗੁ ਬਉਰਾਨਾ ॥"
(ਗੁਰੂ ਗ੍ਰੰਥ—ਰਾਮਕਲੀ)

**ਆਦ ਬੁਰਾ ਤਾਂ ਅੰਤ ਬੁਰਾ, ਆਦ ਭਲਾ ਤਾਂ ਅੰਤ ਭਲਾ ।**

**ਭਾਵ** :— ਜਿਸ ਗਲ ਦਾ ਮੁਢ ਚੰਗਾ ਜਾਂ ਮੰਦਾ ਹੋਵੇ, ਸਿੱਟਾ ਵੀ ਚੰਗਾ ਜਾਂ ਮੰਦਾ ਨਿਕਲਦਾ ਹੈ ।

**ਵਰਤੋਂ** :— ਮਹਾਤਮਾ—ਮਿਤਰੋ ! ਹਰ ਕੰਮ ਦਾ ਮੁੱਢ ਚੰਗਾ ਬੰਨ੍ਹੋ । ਫਿਰ ਫਲ ਵੀ ਚੰਗਾ ਨਿਕਲੇਗਾ 'ਆਦ ਬੁਰਾ ਤਾਂ ਅੰਤ ਬੁਰਾ, ਆਦ ਭਲਾ ਤਾਂ ਅੰਤ ਭਲਾ ।' (ਸੰਗ੍ਰ)

**ਆਦ ਮਰਨਾ ਅੰਤ ਮਰਨਾ ਫਿਰ ਮਰਨੇ ਤੋਂ ਕੀ ਡਰਨਾ ।**

**ਭਾਵ** :— ਜਦ ਜ਼ਿੰਦਗੀ ਦਾ ਅੰਤ ਮੌਤ ਹੀ ਹੈ, ਤਾਂ ਮੌਤ ਤੋਂ ਡਰ ਕਿਉਂ ?

**ਵਰਤੋਂ** :— ਡਰੋ ਨਾ । ਸੂਰਿਆਂ ਵਾਂਗ ਤਲਵਾਰਾਂ ਸੂਤ ਕੇ ਮੈਦਾਨ ਵਿਚ ਕੁਦ ਪਉ । 'ਆਦ ਮਰਨਾ ਅੰਤ ਮਰਨਾ, ਫਿਰ ਮਰਨੇ ਤੋਂ ਕੀ ਡਰਨਾ ।' ਜਿਹੜਾ ਡਰੇਗਾ ਉਹੀ ਮਰੇਗਾ । (ਸੰਗ੍ਰ)

**ਆਦਮੀ ਆਦਮੀ ਅੰਤਰ, ਕੋਈ ਹੀਰਾ ਤੇ ਕੋਈ ਕੰਕਰ ।**

**ਭਾਵ** :— ਸਾਰੇ ਆਦਮੀ ਇਕੋ ਸੁਭਾਉ ਦੇ ਨਹੀਂ । ਪੰਜੇ ਉਂਗਲੀਆਂ ਬਰਾਬਰ ਨਹੀਂ ਹੁੰਦੀਆਂ ।

**ਵਰਤੋਂ** :— ਭਾਈ ਸਭ ਨੂੰ ਇਕੋ ਰੱਸੀ ਨਾਲ ਨਾ ਬੰਨ੍ਹੋ, ਸਾਰੇ ਮਨੁੱਖ ਦੋਸ਼ੀ ਨਹੀਂ ਹੋ ਸਕਦੇ । 'ਆਦਮੀ ਆਦਮੀ ਅੰਤਰ, ਕੋਈ ਹੀਰਾ ਤੇ ਕੋਈ ਕੰਕਰ ।' (ਸੰਗ੍ਰ)

**ਆਦਮੀ ਅੰਨ ਦਾ ਕੀੜਾ ਹੈ ।**

**ਭਾਵ** :— ਮਨੁਖ ਅੰਨ ਬਿਨਾ ਰਹਿ ਨਹੀਂ ਸਕਦਾ ।

**ਵਰਤੋਂ** :— ਨੰਬਰਦਾਰ—ਭੁਖੇ ਰਹਿਣ ਦਾ ਕੀ ਭਾਵ ? 'ਆਦਮੀ ਤਾਂ ਅੰਨ ਦਾ ਕੀੜਾ ਹੈ ।' ਅੰਨ ਬਿਨਾ ਕਿਵੇਂ ਰਿਹਾ ਜਾਵੇ, ਸੋਚੋ ਤਾਂ ਸਹੀ । (ਸੰਗ੍ਰ)

**ਆਦਮੀ ਚਿਹਰਿਉਂ ਮੋਹਰਿਉਂ ਹੀ ਪਛਾਣਿਆ ਜਾਂਦਾ ਹੈ ।**

**ਭਾਵ** :— ਜਦ ਕਿਸੇ ਦਾ ਆਚਰਨ ਉਸਦੀ ਸ਼ਕਲ ਵੇਖ ਕੇ ਹੀ ਦਿਸ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕਰਮ ਸਿੰਘ—ਭਾਈ ਜੀ ! 'ਆਦਮੀ ਚਿਹਰਿਉਂ ਮੋਹਰਿਉਂ ਹੀ ਪਛਾਣਿਆ ਜਾਂਦਾ ਹੈ ।' ਅਸੀਂ ਤਾਂ ਸਿੰਘ ਹੁਰਾਂ ਦੇ ਦਰਸ਼ਨ ਕਰ ਕੇ ਹੀ ਜਾਣ ਲਿਆ ਸੀ ਕਿ ਇਹ ਕੋਈ ਗੁਰਮੁਖ ਸਜਣ ਹਨ । (ਸੰਗ੍ਰ)

**ਆਦਮੀ ਨਹੀਂ ਰਹਿੰਦਾ, ਪਰ ਆਦਮੀ ਦੀ ਗਲ ਰਹਿ ਜਾਂਦੀ ਹੈ ।**

**ਭਾਵ** :— ਆਦਮੀ ਮਰ ਜਾਂਦਾ ਹੈ, ਪਰ ਉਸਦੇ ਕੀਤੇ ਕੰਮ ਯਾਦ ਰਹਿੰਦੇ ਹਨ ।

**ਵਰਤੋਂ** :— ਸਰਦਾਰ ਜੀ—ਪਈ ਮੰਦਾ ਨਾ ਬੋਲੋ । 'ਆਦਮੀ ਨਹੀਂ ਰਹਿੰਦਾ ਪਰ ਆਦਮੀ ਦੀਆਂ ਗਲਾਂ ਰਹਿ ਜਾਂਦੀਆਂ ਹਨ ।' ਕਿਸੇ ਦਾ ਦਿਲ ਦੁਖਾਣਾ ਚੰਗਾ ਨਹੀਂ । (ਸੰਗ੍ਰ)

**ਆਦਮੀ ਨੂੰ ਆਦਮੀ ਮਿਲਦੇ ਨੇ, ਪਰ ਖੂਹਾਂ ਨੂੰ ਖੂਹ ਨਹੀਂ ਮਿਲਦੇ ।**

**ਭਾਵ** :— ਜਦ ਇਹ ਦਸਣਾ ਹੋਵੇ ਕਿ ਸਿਆਣੇ ਆਦਮੀ ਤਾਂ ਆਪਸ ਵਿਚ ਰਲ ਮਿਲ ਬੈਠ ਕੇ ਦੁਖ ਸੁਖ ਵੰਡ ਸਕਦੇ ਹਨ । ਪਰ ਜੜ੍ਹ ਵਸਤੂਆਂ (ਜਾਂ ਮੂਰਖ) ਇਉਂ ਨਹੀਂ ਕਰ ਸਕਦੀਆਂ । ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬੁੱਧ ਸਿੰਘ—ਇਹ ਠੀਕ ਹੈ, ਕਿ ਵਿਚਾਰਵਾਨ ਸੁਖ ਦੁਖ ਵਿਚ ਸਦਾ ਜੁੜ ਬਹਿੰਦੇ ਹਨ । ਪਰ ਮੂਰਖ ਆਪੋ ਆਪਣਾ ਮਾਰਦੇ ਹਨ । ਠੀਕ ਹੀ ਤਾਂ ਹੈ 'ਆਦਮੀ ਨੂੰ ਹੀ ਆਦਮੀ ਮਿਲਦੇ ਨੇ ਕਦੀ ਖੂਹਾਂ ਨੂੰ ਵੀ ਖੂਹ ਮਿਲੇ ਨੇ ? (ਸੰਗ੍ਰ)

**ਆਦਰ ਤੇਰੀ ਚਾਦਰ ਨੂੰ ਤੇ ਬਹਿਣਾ ਤੇਰੇ ਗਹਿਣੇ ਨੂੰ ।**

**ਭਾਵ** :— ਜਦ ਇਹ ਸਮਝਾਉਣਾ

ਹੋਵੇ ਕਿ ਚੰਗੀ ਫਬਣੀ (ਜਾਂ ਅਮੀਰੀ) ਨੂੰ ਚੰਗਾ ਆਦਰ ਮਿਲਦਾ ਹੈ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਆਹੋ ! ਅਖੇ ਕਿ 'ਆਦਰ ਤੇਰੀ ਚਾਦਰ ਨੂੰ ਤੇ ਬਹਿਣਾ ਤੇਰੇ ਗਹਿਣੇ ਨੂੰ ।' ਗ਼ਰੀਬਾਂ ਨੂੰ ਕੌਣ ਪੁਛਦਾ ਏ ? (ਸੰਗ੍ਰ)

**ਆਪ ਹੋਵੇ ਤਕੜੀ, ਤਾਂ ਕੌਣ ਲਾਏ ਫਕੜੀ ।**

**ਭਾਵ** :— ਜਦ ਕਿਸੇ ਤਕੜੇ ਪਾਸੋਂ ਭੁਲ, ਹੋ ਜਾਣ ਤੇ ਵੀ ਉਸ ਨੂੰ ਕੋਈ ਕੁਝ ਨਾ ਆਖੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਚੌਧਰੀ—ਸਰਦਾਰ ਜੀ ! ਵਡਿਆਂ ਨੂੰ ਕੋਈ ਨਹੀਂ ਪੁਛਦਾ, ਭਾਵੇਂ ਕੁਝ ਕਰਨ । 'ਆਪ ਹੋਵੇ ਤਕੜੀ ਤਾਂ ਕੌਣ ਲਾਏ ਫਕੜੀ' । ਅਸੀਂ ਗ਼ਰੀਬ ਕੁਝ ਵੀ ਨਾ ਕਰੀਏ ਤਾਂ ਵੀ ਫੜੇ ਜਾਂਦੇ ਹਾਂ । (ਸੰਗ੍ਰ)

**ਆਪ ਕਰੀਏ ਸੋ ਕੰਮ, ਪਲੇ ਹੋਵੇ ਦੰਮ ।**

**ਭਾਵ** :— ਧਨ ਨਾਲ ਦੁਨੀਆਂ ਦੇ ਸਾਰੇ ਕੰਮ ਚਲ ਸਕਦੇ ਹਨ ।

**ਵਰਤੋਂ** :— ਰਾਮ ਸਿੰਘ—ਸੁਣਾਓ ਕੰਮ ਕਾਜ ਦਾ ਕੀ ਹਾਲ ਹੈ ?

ਮਾਨ ਸਿੰਘ—ਚੰਗਾ ਹੈ 'ਆਪ ਕਰੀਏ ਕੰਮ, ਪਲੇ ਹੋਵੇ ਦੰਮ' । ਖੇਡ ਤਾਂ ਧਨ ਦੀ ਹੈ, ਸੋ ਉਹ ਤੁਹਾਡੀ ਅਸੀਸ ਨਾਲ ਕੰਮ ਕਾਜ ਤੋਰਨ ਜੋਗਾ ਬੜਾ ਹੈ । (ਸੰਗ੍ਰ)

**ਆਪ ਕਾਜ, ਮਹਾਂ ਕਾਜ ।** ਜਾਂ

**ਆਪਣੇ ਹਥੀਂ ਆਪਣਾ ਆਪੇ ਹੀ ਕਾਜ ਸਵਾਰੀਐ ।**

**ਭਾਵ** :— ਸਭ ਤੋਂ ਅੱਛੀ ਗਲ ਇਹ ਹੈ ਕਿ ਆਪਣਾ ਕੰਮ ਆਪ ਹੀ ਕਰੀਏ ।

**ਵਰਤੋਂ** :— ਸੁੰਦਰ ਸਿੰਘ ਯਾਰ ! ਠੀਕ ਗਲ ਤਾਂ ਇਹ ਹੈ ਕਿ ਆਪ ਹੀ ਹਿੰਮਤ ਕਰੀਏ ।'ਆਪ ਕਾਜ ਮਹਾਂ ਕਾਜ ।' ਦੂਜੇ ਨੂੰ ਕੰਮ ਦਿਤਾ ਨਹੀਂ, ਕਿ ਚੋੜ ਹੋਇਆ ਨਹੀਂ । (ਸੰਗ੍ਰ)

**ਆਪ ਕਿਸੇ ਜਹੀ ਨਾ, ਟਕੋਰ ਕਰਨੋ (ਨਕਲ ਲਾਣੋ) ਰਹੀ ਨਾ ।**

ਜਾਂ

**ਆਪ ਕਿਸੇ ਜਹੀ ਨਾ ਤੇ ਨੱਕ ਚੜ੍ਹਾਣੋ ਰਹੀ ਨਾ ।**

**ਭਾਵ** :— ਜਦ ਕੋਈ ਆਪ ਤਾਂ ਕੁਝ ਨਾ ਕਰ ਸਕੇ, ਪਰ ਦੂਜਿਆਂ ਦੇ ਦੂਸ਼ਨ ਕਢੀ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬਸ ਨੀ ਬਸ । 'ਆਪ ਕਿਸੇ ਜਹੀ ਨਾ ਤੇ ਨਕਲ ਲਾਣੋ ਰਹੀ ਨਾ ।' ਜਾਣਦੀ ਆਂ ਤੇਰੇ ਪਿਉ ਦੇ ਕਿਨੇ ਕੁ ਹੱਲ ਵਗਦੇ ਸਨ ? ਮੈਨੂੰ ਮੰਦਾ ਆਖਿਆ ਤਾਂ ਅਗਲਾ ਪਿਛਲਾ ਖੋਲ੍ਹ ਸੁਣਾਊਂਗਾ । (ਸੰਗ੍ਰ)

**ਆਪ ਕੁਚੱਜੀ, ਧੀਆਂ ਪੁਤਰਾਂ ਕੱਜੀ ।**

**ਭਾਵ** :— ਜਦ ਕਿਸੇ ਭੈੜੇ ਬੰਦੇ ਦੀ ਪਤ ਉਸਦੇ ਧੀਆਂ ਪੁਤਾਂ (ਮਿਤਰਾਂ ਜਾਂ ਸੰਬੰਧੀਆਂ) ਦੇ ਚੰਗਿਆਂ ਹੋਣ ਕਰਕੇ ਢੱਕੀ ਰਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮੈਂ ਪਾਪ ਕੀਤਾ ਤਾਂ ਤੁਸੀਂ ਢਕ ਲਉ । 'ਮਾਂ ਕੁਚੱਜੀ ਧੀਆਂ ਪੁਤਾਂ ਕੱਜੀ ।' ਤੁਸੀਂ ਮੇਰੇ ਬੱਚਿਆਂ ਬਰਾਬਰ ਹੋ । ਮੈਨੂੰ ਕਚਹਿਰੀਆਂ ਵਿਚ ਨਾ ਰੁਲਾਉ । (ਸੰਗ੍ਰ)

**ਆਪ ਕੁਚੱਜੀ, ਵਿਹੜੇ ਨੂੰ ਦੋਸ਼ ।**

ਜਾਂ

**ਆਪ ਕੁਚੱਜੀ, ਗੋਹੜਿਆਂ ਨੂੰ ਦੋਸ਼ ।**

**ਭਾਵ** :— ਜਦ ਕਿਸੇ ਦਾ ਕੰਮ ਕਰਨ ਨੂੰ ਜੀ ਨਾ ਕਰੇ, ਅਤੇ ਐਵੇਂ ਬਹਾਨੇ ਪਿਆ ਢੂੰਡੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨੀ ਅੜੀਏ 'ਆਪ ਚੱਜੀ, ਵਿਹੜੇ ਨੂੰ ਦੋਸ਼ ।' ਇਹ ਤਾਂ ਐਵੇਂ ਬਹਾਨੇ ਘੜਦਾ ਹੈ । ਤੈਨੂੰ ਚੱਜ ਵੀ ਹੈ ਕੰਮ ਕਰਨ ਦਾ ? (ਸੰਗ੍ਰ)

**ਆਪ ਗਏ ਵਿਸਾਖੀ, ਮੈਂ ਰਹੀ ਜਵਾਂ ਦੀ ਰਾਖੀ ।**

**ਭਾਵ** :— ਜਦ ਕੋਈ ਆਪ ਤਾਂ ਮੌਜ ਮੇਲਾ ਮਾਣੇ ਤੇ ਕਿਸੇ ਮਾੜੇ ਨੂੰ ਬਹਾਨੇ ਨਾਲ ਪਿੱਛੇ ਛਡ ਜਾਵੇ ।

**ਵਰਤੋਂ** :— ਤੁਸੀਂ ਵਹੁਟੀ ਗਭਰੂ ਬਾਹਰ ਹੋਟਲਾਂ ਵਿਚ ਖਾਣੇ ਖਾਉ, ਤੇ ਮੈਂ ਬੁੱਢੀ ਮਾਂ ਘਰ ਬੈਠ ਤੁਹਾਡਾ ਰਾਹ ਵੇਖਾਂ ? 'ਆਪ ਗਏ ਵਿਸਾਖੀ ਤੇ ਮੈਂ ਰਹੀ ਜਵਾਂ ਦੀ ਰਾਖੀ ।' ਮੈਥੋਂ ਨਹੀਂ ਇਹ ਸਹਾਰਿਆ ਜਾਂਦਾ । (ਸੰਗ੍ਰ)

**ਆਪ ਗਵਾਈਐ ਤਾ ਸਹੁ ਪਾਈਐ ।**

**ਭਾਵ** :— ਜਦ ਆਪਾ ਭਾਵ ਹਉਮੈ, ਮਾਰ ਦੇਈਏ, ਤਦ ਹੀ ਪਤੀ-ਪ੍ਰਮੇਸ਼ਰ ਮਿਲਦਾ ਹੈ ।

**ਵਰਤੋਂ** :—

"ਆਪ ਗਵਾਈਐ ਤਾਂ ਸਹੁ ਪਾਈਐ, ਅਉਰ ਕੈਸੀ ਚਤੁਰਾਈ । ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ।"

(ਗੁਰੂ ਗ੍ਰੰਥ—ਤਿਲੰਗ ਰਾਗ)

੨ ਵਾਰਸ ਯਾਰ ਦਾ ਤਦੋਂ ਦੀਦਾਰ ਪਾਈਏ, ਜਦੋਂ ਆਪਣਾ ਆਪ ਗਵਾਈਏ ਜੀ ।

(ਹੀਰ ਵਾਰਸਸ਼ਾਹ)

**ਆਪ ਤਾਂ ਗਲਿਉਂ ਬਾਹਮਣਾ, ਨਾਲ ਜਜਮਾਨ ਵੀ ਗਾਲੇ ।** ਜਾਂ

**ਆਪ ਤਾਂ ਡੁਬੋਂ (ਮੋਇਉਂ) ਬਾਹਮਣਾ, ਜਜਮਾਨ ਵੀ ਗਾਲੇ ।**

**ਭਾਵ** :— ਜਦ ਕੋਈ ਮਾੜਾ ਪੁਰਸ਼ ਕਿਸੇ ਚੰਗੇ ਨੂੰ ਵੀ ਆਪਣੇ ਮਗਰ ਲਾ ਕੇ ਕਿਸੇ ਮਾੜੇ ਕੰਮ ਵਿਚ ਫਸਾ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਤਾਰੋ—ਅੜੀਏ, ਮਾੜੀ ਸੰਗਤ ਵਿਗਾੜ ਦੇਂਦੀ ਏ ਬੰਦੇ ਨੂੰ । ਉਹ ਭੈੜਾ ਚੋਧਰੀ ਲੈ ਲਥਾ ਨਾਲ ਹੀ ਸਾਨੂੰ ਵੀ ਅਖੇ 'ਆਪ ਤਾਂ ਗਲਿਉਂ ਬਾਹਮਣਾ, ਜਜਮਾਨ ਵੀ ਗਾਲੇ ।'

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਆਪ ਦਿੱਤਾ ਤਾਂ ਦੁੱਧ ਬਰਾਬਰ, ਮੰਗ ਲਿਆ ਤਾਂ ਪਾਣੀ ।**

**ਭਾਵ** :— ਦਾਨ ਓਹੀ ਚੰਗਾ ਹੈ ਜਿਹੜਾ ਬਿਨਾ ਮੰਗੇ ਕੋਈ ਦੇਵੇ ।

**ਵਰਤੋਂ** :— ਦਾਨ ਪੁੰਨ ਦਾ ਫਲ ਤਦੇ ਮਿਲਦਾ ਹੈ, ਜੇ ਦਿਲ ਵਿਚ ਦੁਖੀਆਂ ਅਤੇ ਲੋੜਵੰਦਾਂ ਲਈ ਦਰਦ ਹੋਵੇ । ਜੇ ਦਿਲੋਂ ਦਾਨ ਕਰਨ ਦੀ ਉਮੰਗ ਉਠੇ, ਤਾਂ ਹੀ ਦਾਨ ਹੈ । ਜੇ ਕਿਸੇ ਨੇ ਚੀਜ਼ ਮੰਗੀ ਅਤੇ ਤੁਸਾਂ ਦਾਨ ਕਰ ਦਿਤੀ, ਇਹ ਅਸਲੀ ਦਾਨ ਨਹੀਂ । 'ਆਪ ਦਿਤਾ ਤਾਂ ਦੁੱਧ ਬਰਾਬਰ, ਮੰਗ ਲਿਆ ਤਾਂ ਪਾਣੀ ।'

**ਆਪ ਨਾ ਵੰਞੇ ਸਾਹੁਰੇ, ਲੋਕਾਂ ਮੱਤੀਂ ਦੇ ।**

**ਭਾਵ** :— ਜਦ ਕੋਈ ਆਪ ਤਾਂ ਜਿਹੜਾ ਕੰਮ ਜਾਂ ਗਲ ਨਾ ਕਰੇ ਪਰ ਦੂਜਿਆਂ ਨੂੰ ਓਹੋ ਕੁਝ ਕਰਨ ਲਈ ਸਮਝਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

ਆਪ ਨਾ ਵੰਞੈ ਸਾਹੁਰੇ ਲੋਕਾਂ ਮਤੀ ਦੇ ਸਮਝਾਏ ।
ਚਾਨਣ ਘਰ ਵਿਚ ਦੀਵਿਅਹੁੰ,ਹੇਠ ਹਨੇਰ ਨਾ ਸਕੈ ਮਿਟਾਏ

(ਵਾਰਾਂ ਭਾਈ ਗੁਰਦਾਸ ਜੀ)

**ਆਪ ਨਾ ਜੋਗੀ ਗਵਾਂਢ ਵਲਾਵੇ (ਬੁਲਾਵੇ)**

**ਭਾਵ** :— ਜਦ ਕੋਈ ਆਪਣਾ ਕੰਮ ਤਾਂ ਸਵਾਰ ਨਾ ਸਕੇ, ਪਰ ਦੂਜਿਆਂ ਦੇ ਕੰਮ ਸਵਾਰਨ ਦੀਆਂ ਫੜ੍ਹਾਂ ਮਾਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਚੋਧਰੀ—ਵੇਖਿਆ ਹੋਇਆ ਏ ਰੁਲਦੂ ਨੂੰ, ਨਿਰੀਆਂ ਗੱਪਾਂ ਹੀ ਮਾਰਨ ਜਾਣਦਾ ਹੈ । ਉਸ ਦਾ ਤਾਂ ਇਹ ਹਾਲ ਹੈ, ਅਖੇ "ਆਪ ਨਾ ਜੋਗੀ ਗਵਾਂਢ ਵਲਾਵੇ' । ਆਪਣਾ ਕੰਮ ਉਸ ਤੋਂ ਤਾਂ ਕਦੀ ਸੰਵਾਰਿਆ ਨਹੀਂ ਗਿਆ । ਤੁਸਾਡਾ ਕੀ ਸੰਵਾਰੇ ਗਾ ।

(ਸੰਗ੍ਰ)

**ਆਪ ਨਾ ਮਰੀਏ ਸੁਰਗ ਨਾ ਜਾਈਐ ।**

**ਭਾਵ** :— ਜਦ ਤਕ ਆਪ ਕਸ਼ਟ ਨਾ ਸਹਾਰੀਏ, ਜਾਂ ਮਿਹਨਤ ਨਾ ਕਰੀਏ, ਤਦ ਤੀਕ ਸੁਖ ਨਹੀਂ ਮਿਲਦਾ ।

**ਵਰਤੋਂ** :— ਵਿਗਾਰ ਟਾਲਣੀ ਹੈ ਤਾਂ ਟਾਲ ਛਡਾਂ । ਤਦੇ ਤਾਂ ਭਾਂਡੇ ਕੁਤਿਆਂ ਦੇ ਚੱਟੇ ਹੋਏ ਮਲੂਮ ਹੁੰਦੇ ਸਨ 'ਆਪ ਨਾ ਮਰੀਏ ਸੁਰਗ ਨਾ ਜਾਈਏ' ।

ਸਵੇਰੇ ਜ਼ਰੂਰ ਉਠਿਆ ਕਰ। ਚਾਰ ਘੜੀ ਦਿਨ ਚੜ੍ਹੇ ਤਕ ਘੁਰਾੜੇ ਨਾ ਮਾਰਿਆ ਕਰ।

(ਸੁਸ਼ੀਲਾ ਨੂੰਹ—ਭਾਈ ਮੋਹਨ ਸਿੰਘ)

**ਆਪ ਪੋਲੀ ਤੇ ਸਯੱਦ ਨੌਕਰ।**

**ਭਾਵ** :— ਜਦ ਜੁਲਾਹੇ ਦਾ ਨੌਕਰ ਸਯੱਦ ਹੋਵੇ ਜਾਂ ਕੋਈ ਛੋਟਾ ਆਦਮੀ ਵੱਡੇ ਉਤੇ ਹਾਕਮੀ ਕਰਨੀ ਚਾਹੇ, ਜਾਂ ਲੋੜ ਨਾਲੋਂ ਵਧ ਵਡਿਆਈ ਦੀ ਆਸ ਰਖੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬੜੀ ਅਨੋਖੀ ਖੇਡ ਏ। 'ਆਪ ਪੋਲੀ ਤੇ ਸਯੱਦ ਨੌਕਰ।' ਵਿਚਾਰੇ ਦੇ ਹੱਥ ਪਲੇ ਕੁਝ ਵੀ ਨਹੀਂ, ਪਰ ਵਹੁਟੀ ਵਡੇ ਸਰਦਾਰਾਂ ਦੇ ਘਰੋਂ ਵਿਆਹ ਲਿਆਇਆ ਏ। (ਸਿੰਗ੍ਰ)

**ਆਪ ਫਿਰਾਂ ਨੰਗੀ, ਚੋਲੀ ਕਿਨੂੰ ਦਿਆਂ ਮੰਗੀ।**

**ਭਾਵ** :— ਜਦ ਆਪਣੇ ਪਾਸ ਤਾਂ ਕੁਝ ਨਾ ਹੋਵੇ, ਤੇ ਦਸੇ ਕਿ ਮੈਂ ਦੂਜਿਆਂ ਦੀ ਮਦਦ ਕਰਨ ਨੂੰ ਤਿਆਰ ਹਾਂ, ਤਦ ਉਸਨੂੰ ਜਾਣਨ ਵਾਲੇ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸੱਚੀ ਗਲ ਤਾਂ ਇਹ ਹੈ ਕਿ 'ਆਪ ਫਿਰਾਂ ਨੰਗੀ, ਚੋਲੀ ਕਿਨੂੰ ਦਿਆਂ ਮੰਗੀ।' ਆਪ ਤਾਂ ਝਟ ਮੁਸ਼ਕਲ ਨਾਲ ਲੰਘਦਾ ਹੈ। ਤੁਸਾਡੀ ਸੇਵਾ ਕਿਵੇਂ ਕਰੇ? (ਸਿੰਗ੍ਰ)

**"ਆਪ ਬੀਚਾਰੇ ਸੁ ਗਿਆਨੀ ਹੋਈ।"**
**(ਗੁਰਬਾਣੀ)**

**ਭਾਵ** :— ਜਿਹੜਾ ਆਪਣੇ ਮਨ ਨੂੰ ਘੋਖੇ, ਉਸ ਨੂੰ ਹੀ ਗਿਆਨ ਹੁੰਦਾ ਹੈ।

**ਵਰਤੋਂ** :— "ਕਥਤਾ ਬਕਤਾ ਸੁਨਤਾ ਸੋਈ ॥
ਆਪ ਬੀਚਾਰੇ ਸੁ ਗਿਆਨੀ ਹੋਈ ॥"

(ਗੁਰੂ ਗ੍ਰੰਥ : ਗਉੜੀ ਰਾਗ)

**ਆਪ ਬੁਰੇ ਤਾਂ ਜਗ ਬੁਰਾ।**

**ਭਾਵ** :— ਭੈੜੇ ਨੂੰ ਸਭ ਭੈੜੇ ਜਾਪਦੇ ਹਨ।

**ਵਰਤੋਂ** :— ਮੈਂ ਤੈਨੂੰ ਕਿੰਨੀ ਵਾਰ ਸਮਝਾਇਆ ਵੇ ਕਿ ਪਹਿਲਾਂ ਆਪਣੇ ਆਪ ਨੂੰ ਸਿਧੇ ਰਾਹ ਪਾ ਤੇ ਫੇਰ ਸਾਰੇ ਸਿੱਧਾ ਵਰਤਣਗੇ। 'ਆਪ ਬੁਰੇ ਤਾਂ ਜਗ ਬੁਰਾ' ਵਾਲਾ ਅਖਾਣ ਸਦਾ ਯਾਦ ਰਖੋ। (ਸੰ:)

**ਆਪ ਭਲੇ ਸਭ ਜਗ ਭਲਾ।**

**ਭਾਵ** :— ਆਪ ਚੰਗਾ ਹੋਣ ਨਾਲ ਸਾਰੇ ਹੀ ਚੰਗੇ ਲਗਦੇ ਹਨ।

**ਵਰਤੋਂ** :—

ਆਪ ਭਲਾ ਸਭ ਜਗ ਭਲਾ
ਭਲਾ ਭੁਲਾ ਸਭ ਜਗ ਕਰ ਦੇਖੈ ॥
ਆਪ ਬੁਰਾ ਸਭ ਜਗ ਬੁਰਾ
ਸਭ ਕੋ ਬੁਰਾ ਬੁਰੇ ਦੇ ਲੇਖੇ ॥

(ਵਾਰਾਂ ਭਾਈ ਗੁਰਦਾਸ ਜੀ)

**ਆਪ ਮੋਏ ਜਗ ਪਰਲੋ।**
ਜਾਂ
**ਆਪ ਮਰੇ, ਜਗ ਪਰਲੋ।**

**ਭਾਵ** :— ਜਦ ਆਪਣੀ ਖੁਸ਼ੀ ਦੀ ਆਸ ਘਟ ਹੋਵੇ ਤੇ ਦੂਜਿਆਂ ਦੇ ਦੁਖਾਂ ਵਲੋਂ ਬੰਦਾ ਲਾਪ੍ਰਵਾਹੀ ਦਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇੰਦਰ—ਕਾਕਾ ਤੂੰ ਇਹ ਨਹੀਂ ਸੋਚਦਾ, ਪਈ ਉਹ ਤਾਂ ਆਪਣੀ ਉਮਰ ਪੁਗਾ ਬੈਠੇ ਨੇ। ਉਨ੍ਹਾਂ ਨੂੰ ਤੇਰੀ ਖੁਸ਼ੀ ਦੀ ਕੀ ਲੋੜ ਏ? 'ਆਪ ਮਰੇ ਜਗ ਪਰਲੋ।''

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਆਪ ਲੰਘੇਦੀ ਲੰਘਣ ਤੇ ਯਾਰ ਪਰਾਠੇ ਮੰਗਣ।**

**ਭਾਵ** :— ਜਦ ਕਿਸੇ ਪਾਸ ਆਪਣਾ ਝਟ ਟਪਾਣ ਜੋਗਾ ਵੀ ਨਾ ਹੋਵੇ ਤੇ ਮਿਤਰ ਜਾਂ ਸੰਬੰਧੀ ਚੰਗਾ ਚੋਖਾ ਖਾਣ ਨੂੰ ਮੰਗਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਾਡੇ ਪਾਸ ਨਹੀਂ ਜੀ ਧਨ ਸ਼ਰਾਬਾਂ ਕਬਾਬਾਂ ਤੇ ਉਜਾੜਨ ਲਈ। ਅਖੇ 'ਆਪ ਲੰਘੇਦੀ ਲੰਘਣ ਤੇ ਯਾਰ ਪਰਾਠੇ ਮੰਗਣ'। ਮਰਜ਼ੀ ਹੈ ਜੇ ਤਾਂ ਜੰਞ ਲੈ ਆਉ ਨਹੀਂ ਤਾਂ ਸਾਡੀ ਕੁੜੀ ਅਣ

ਨਹੀਂ। ਕਿਸੇ ਸਾਦੇ, ਗਰੀਬ ਘਰ ਵਿਚ ਵਿਆਹ ਦਿਆਂਗੇ। (ਸੰਗ੍ਰ)

**ਆਪ ਵਡਾ ਮੰਗਤਾ ਤੇ ਬੂਹੇ ਤੇ ਦਰਵੇਸ਼।**

**ਜਾਂ**

**ਆਪ ਮੀਆਂ ਮੰਗਤੇ ਬਾਹਰ ਖੜੇ ਦਰਵੇਸ਼।**

**ਭਾਵ** :— ਜਦ ਕੋਈ ਆਪਣੇ ਲਈ ਤਾਂ ਕੁਝ ਕਰ ਨਾ ਸਕੇ, ਆਪ ਗ਼ਰੀਬ ਤੇ ਮੰਗਤਾ ਹੋਵੇ, ਪਰ ਦੂਜਿਆਂ ਦੀ ਮਦਦ ਦੀਆਂ ਫੜ੍ਹਾਂ ਮਾਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਛਡ ਨੀਂ, ਬਹੁਤੀਆਂ ਗੱਲਾਂ ਨਾ ਮਾਰ, ਤੇਰੀ ਮਾਸੀ ਦਾ ਤਾਂ ਇਹ ਹਾਲ ਹੈ ਅਖੇ 'ਆਪ ਵਡੇ ਮੰਗਤੇ ਤੇ ਬੂਹੇ ਤੇ ਦਰਵੇਸ਼।' ਉਸਨੂੰ ਵਿਤ ਵਿਚ ਰਹਿਣ ਦੀ ਮਤ ਦੇਹ। (ਸੰਗ੍ਰ)

**"ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ ॥"** ਵੇਖੋ **ਆਪ ਕਾਜ ਮਹਾਂ ਕਾਜ।**

**ਭਾਵ** :— ਆਪ ਹੀ ਉਦਮ ਕਰਕੇ ਆਪਣੇ ਕਾਜ ਰਾਸ ਕਰੀਏ।

**ਵਰਤੋਂ** :—

ਜਿਸ ਕੇ ਜੀਅ ਪਰਾਣ ਹਹਿ
ਕਿਉਂ ਸਾਹਿਬ ਮਨਹੁ ਵਿਸਾਰੀਐ।
ਆਪਣ ਹਥੀਂ ਆਪਣਾ
ਆਪੇ ਹੀ ਕਾਜੁ ਸਵਾਰੀਐ ॥
(ਗੁਰੂ ਗ੍ਰੰਥ : ਆਸਾ ਦੀ ਵਾਰ)

**ਆਪਣ ਹਥੀਂ ਆਪਣੀ ਜੜ੍ਹ ਆਪ ਉਪੱਟੇ।**

**ਭਾਵ** :— ਜਦ ਕੋਈ ਆਪਣੇ ਆਪ ਨੂੰ ਆਪ ਦੁਖੀ ਕਰੇ।

**ਵਰਤੋਂ** :—

ਚੋਆ ਚੰਦਨ ਪਰਹਰੈ ਖਰ ਖੇਹ ਪਲੱਟੈ
ਤਿਉ ਨਿੰਦਕ ਪਰ ਨਿੰਦਿਆ ਹਠ ਮੂਲ ਨਾ ਹੱਟੈ
ਆਪਣ ਹਥੀਂ ਆਪਣੀ ਜੜ ਆਪ ਉਪੱਟੈ।
(ਵਾਰਾਂ ਭਾਈ ਗੁਰਦਾਸ ਜੀ)

**ਆਪਣਾ ਆਪਣਾ ਤੇ ਪਰਾਇਆ ਪਰਾਇਆ।**

**ਭਾਵ** :— ਜਦ ਕੋਈ ਆਪਣੇ ਸਾਕਾਂ ਦਾ ਦੂਜਿਆਂ ਨਾਲੋਂ ਵਧੇਰੇ ਪਖ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸੱਚ ਹੈ, 'ਆਪਣਾ ਆਪਣਾ, ਪਰਾਇਆ ਪਰਾਇਆ'। ਮੇਰੀ ਲਿਆਕਤ ਨੂੰ ਤੁਸੀਂ ਕਿਵੇਂ ਵੇਖਦੇ, ਜਦ ਤੁਹਾਡਾ ਪੁੱਤਰ ਮੇਰੇ ਮੁਕਾਬਲੇ ਤੇ ਸੀ। (ਸੰਗ੍ਰ)

**ਆਪਣਾ ਕੰਮ ਕੀਤਾ, ਖਸਮਾਂ ਨੂੰ ਖਾਏ ਜਮੀਤਾ।** ਵੇਖੋ **ਕੋਠਾ ਉਸਰਿਆ, ਤਰਖਾਣ ਵਿਸਰਿਆ।**

**ਭਾਵ** :— ਜਦ ਕੋਈ ਆਪਣਾ ਮਤਲਬ ਕਢ ਕੇ ਸਹਾਇਤਾ ਦੇਣ ਵਾਲੇ ਨੂੰ ਭੁਲ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਮ ਸਿੰਘ—ਭਲਿਆ ਲੋਕਾ! ਹੁਣ ਕੌਣ ਸਾਨੂੰ ਯਾਦ ਕਰਦਾ ਹੈ। 'ਆਪਣਾ ਕੰਮ ਕੀਤਾ ਖਸਮਾਂ ਨੂੰ ਖਾਏ ਜਮੀਤਾ'। ਹੋਰਨਾ ਵਾਂਗ ਤੂੰ ਵੀ ਆਪਣਾ ਮਤਲਬ ਕਢ ਕੇ ਪਰੇ ਹੋਇਆ। (ਸੰ:)

**ਆਪਣਾ ਖਾਏ ਬਿਗਾਨਾ ਤੱਕੇ, ਉਸ ਨੂੰ ਮਿਲਣ ਦਰਗਾਹੋਂ ਧੱਕੇ।**

**ਭਾਵ** :— ਜਦ ਕੋਈ ਆਪਣੇ ਘਰ ਖਾ ਕੇ ਵੀ, ਹੁੰਦੇ ਸੰਦੇ ਦੂਜਿਆਂ ਦੇ ਧਨ ਨੂੰ ਵੇਖ ਕੇ ਈਰਖਾ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨਿਧਾਨ ਸਿੰਘ ਜੀ! ਇਹ ਗਲ ਠੀਕ ਨਹੀਂ। 'ਆਪਣਾ ਖਾਏ ਬਿਗਾਨਾ ਤੱਕੇ, ਉਸਨੂੰ ਮਿਲਣ ਦਰਗਾਹੋਂ ਧੱਕੇ।' ਤੁਹਾਡੇ ਘਰ ਰੱਬ ਦਾ ਦਿੱਤਾ ਸਭ ਕੁਝ ਹੈ। ਫਿਰ ਦੂਜਿਆਂ ਦੀ ਈਰਖਾ ਕਿਉਂ? (ਸੰਗ੍ਰ)

**ਆਪਣਾ ਗੁੜ ਖਾਈਏ, ਪਰ ਛੁਪਾ ਕੇ।**

**ਭਾਵ** :— ਚੀਜ਼ ਆਪਣੀ ਵੀ ਹੋਵੇ, ਤਾਂ ਵੀ ਵਿਖਾਵਾ ਕਰਕੇ ਨਹੀਂ ਵਰਤਣੀ ਚਾਹੀਦੀ।

ਨਹੀਂ ਤਾਂ ਸਾੜਾ ਪੈਦਾ ਹੁੰਦਾ ਹੈ ਤੇ ਚੀਜ਼ ਖੁਸ ਜਾਂਦੀ ਹੈ।

**ਵਰਤੋਂ** :— ਠੀਕ ਹੀ ਸਿਆਣਿਆਂ ਨੇ ਕਿਹਾ ਹੈ, 'ਆਪਣਾ ਗੁੜ ਖਾਈਏ, ਪਰ ਛੁਪਾ ਕੇ।' ਬਹੁਤੀ ਉਛਲ ਉਛਲੀ ਨਾਲ ਲੋਕੀਂ ਆਖਦੇ ਹਨ, ਹੋਛਾ ਹੈ ਤੇ ਸਾੜਾ ਕਰਦੇ ਤੇ ਦੁਖ ਪੁਚਾਉਂਦੇ ਹਨ। (ਸੰਗ੍ਰ)

**ਆਪਣਾ ਘਰ ਸਾਂਭ ਕੇ ਰਖੀਏ ਤੇ ਚੋਰ ਕਿਸੇ ਨੂੰ ਨਾ ਆਖੀਏ।**

**ਭਾਵ** :— ਜੇ ਆਪਣੀਆਂ ਚੀਜ਼ਾਂ ਦਾ ਆਪ ਧਿਆਨ ਰਖੀਏ, ਤਦ ਕਿਸੇ ਨੂੰ ਮਾੜਾ ਨਹੀਂ ਕਹਿਣਾ ਪੈਂਦਾ।

**ਵਰਤੋਂ** :— ਪਤਾ ਨਹੀਂ ਤੈਨੂੰ ਕਿਉਂ ਹਰ ਵੇਲੇ ਚੰਡ ਚੜ੍ਹਿਆ ਰਹਿੰਦਾ ਏ? ਜਦੋਂ ਵੇਖੋ ਸੜੂ ਸੜੂ ਕਰਦੀ ਰਹਿਨੀ ਏਂ। ਖਿਆਲ ਰਖੀਂ, ਸੌਂ ਨਾ ਜਾਈਂ ਮੇਰੇ ਆਉਂਦਿਆਂ ਨੂੰ। 'ਆਪਣਾ ਘਰ ਸਾਂਭ ਕੇ ਰਖੀਏ ਤੇ ਚੋਰ ਕਿਸੇ ਨੂੰ ਨਾ ਆਖੀਏ।" ਤੈਨੂੰ ਕਿਹੜੀ ਕਿਹੜੀ ਮਤ ਦੇਵਾਂ।

(ਸ਼ਾਮੂ ਸ਼ਾਹ—ਈਸ਼ਵਰ ਚੰਦਰ ਨੰਦਾ)

**ਆਪਣਾ ਘਰ ਸੌ ਕੋਹਾਂ ਤੋਂ ਦਿਸਦਾ ਹੈ।**

**ਭਾਵ** :—ਆਪਣੀ ਚੀਜ਼ ਬੜੀ ਪਿਆਰੀ ਹੁੰਦੀ ਹੈ।

**ਵਰਤੋਂ** :— ਆਹੋ ਜੀ, ਆਪਣਾ ਘਰ ਸਭ ਨੂੰ ਸੌ ਕੋਹਾਂ ਤੋਂ ਦਿਸਦਾ ਹੈ। ਪਰ ਦੂਜੇ ਦਾ ਚੁਬਾਰਾ ਅੱਖਾਂ ਸਾਹਮਣੇ ਵੇਖ ਵੀ ਅੱਖਾਂ ਮੀਟ ਲਈਦੀਆਂ ਹਨ। (ਸੰਗ੍ਰ)

**ਆਪਣਾ ਘਰ ਜੋ ਚਾਹੇ ਸੋ ਕਰ।**

**ਜਾਂ**

**ਆਪਣਾ ਘਰ ਤੇ ਹਗ ਹਗ ਭਰ।**

(ਵੇਖੋ: 'ਆਪਣੇ ਘਰ ਕੋਈ ਸੁਖੀ ਰਹੇ, ਕੋਈ ਦੁਖੀ')

**ਭਾਵ** :— ਆਪਣੀ ਥਾਂ ਉਤੇ ਜੋ ਜੀ ਆਵੇ ਕਰੋ ਜਾਂ ਆਪਣੀ ਚੀਜ਼ ਦਾ ਬੜਾ ਸੁਖ ਹੈ, ਜਿਵੇਂ ਜੀ ਆਵੇ ਵਰਤੋ।

**ਵਰਤੋਂ** :—ਭਾਈ ਜੀ ਕਿਸੇ ਦੇ ਕੰਮ ਵਿਚ ਦਖ਼ਲ ਨਾ ਦਿਆ ਕਰੋ। 'ਆਪਣਾ ਘਰ ਤੇ ਹਗ ਹਗ ਭਰ।' ਕੋਈ ਜਿਵੇਂ ਚਾਹੇ ਕਰੇ, ਤੁਹਾਨੂੰ ਕੀ? (ਸੰਗ੍ਰ)

**ਆਪਣਾ ਜਾਇਆ, ਬਿਗਾਨਾ ਢੀਂਗਰ।**

**ਜਾਂ**

**ਆਪਣਾ ਨੀਂਗਰ, ਪਰਾਇਆ ਢੀਂਗਰ।**

**ਭਾਵ** :— ਜਦ ਕੋਈ ਆਪਣਿਆਂ ਦੀ ਤਾਂ ਬੜੀ ਪਰਵਾਹ ਕਰੇ ਪਰ ਦੂਜਿਆਂ ਨੂੰ ਦੁਖੀ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਕਿਉਂ ਨੀ ਆਪਣਾ ਨੀਂਗਰ ਤੇ ਬਿਗਾਨਾ ਢੀਂਗਰ ਏ? ਮੇਰੇ ਪੁੱਤ ਨੂੰ ਤੇਰੇ ਮੁੰਡੇ ਨੇ ਮਾਰਿਆ ਤੇ ਉਲਟਾ ਤੂੰ ਵੀ ਮੇਰੇ ਹੀ ਪੁੱਤ ਨੂੰ ਗਾਲ੍ਹਾਂ ਕਢੀ ਜਾਨੀ ਏਂ? (ਸੰਗ੍ਰ)

**ਆਪਣਾ ਤੋਸਾ, ਆਪ ਭਰੋਸਾ।**

**ਭਾਵ** :— ਜਦ ਜਿਸ ਪਾਸ ਆਪਣੀ ਪੂੰਜੀ ਹੋਵੇ, ਉਹ ਝਟ ਕੰਮ ਸੰਵਾਰ ਲਏ ਪਰ ਪਰਾਈ ਪੂੰਜੀ ਵਲ, ਤਕਣ ਵਾਲੇ ਦਾ ਕੰਮ ਸਿਰੇ ਨਾ ਚੜ੍ਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕੰਮ ਕਿਉਂ ਨਾ ਰਾਸ ਹੋਵੇ ਉਹਦਾ। 'ਆਪਣਾ ਤੋਸਾ, ਆਪ ਭਰੋਸਾ।' ਕੰਮ ਤਾਂ ਆਪੇ ਰਾਸ ਹੋਣਾ ਹੋਇਆ। ਕਿਸੇ ਦੀ ਮੁਥਾਜੀ ਜੋ ਨਹੀਂ। (ਸੰਗ੍ਰ)

**ਆਪਣਾ ਨਾ ਭਰੇ ਤੇ ਦੂਜੇ ਅੱਗੇ ਕੀ ਧਰੇ?**

**ਜਾਂ**

**ਆਪਣਾ ਨਾ ਭਰਿਆ ਤਾਂ ਕੁੜਮਾਂ ਅੱਗੇ ਕੀ ਧਰਿਆ?**

**ਭਾਵ** :— ਜਦ ਕਿਸੇ ਨੂੰ ਕੋਈ ਚੰਗਾ ਕੰਮ ਕਰਨ ਲਈ ਵੰਗਾਰਿਆ ਜਾਵੇ, ਪਰ ਉਸਨੂੰ ਆਪਣੇ ਆਪ ਲਈ ਉਹੀ ਕੰਮ ਕਰਨਾ ਲੋੜੀਂਦਾ ਹੋਵੇ ਤੇ ਦੂਜੇ ਦਾ ਕੰਮ ਕਰਨ ਤੋਂ ਜੀ ਚੁਰਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵੇਖੋ ਜੀ, ਘਿਲ ਨਾ ਮਾਰਾਂ ਤਾਂ ਕੀ ਕਰਾਂ। 'ਆਪਣਾ ਨਾ ਭਰਿਆ ਤਾਂ ਕੁੜਮਾਂ ਅਗੇ ਕੀ ਧਰਿਆ।' ਜਦ ਤੀਕ ਆਪਣਾ ਕੰਮ ਪੂਰਾ ਨਾ ਕਰਾਂ, ਦੂਜੇ ਦਾ ਕਿਵੇਂ ਕਰਾਂ? (ਸੰਗ੍ਰ)

**ਆਪਣਾ ਮਕਾਨ, ਕੋਟ ਸਮਾਨ।**

**ਭਾਵ** :— ਆਪਣਾ ਘਰ ਸਭ ਤੋਂ ਚੰਗਾ ਹੈ। ਆਪਣੇ ਘਰ ਕੋਈ ਗ਼ਰੀਬ ਹੁੰਦਾ ਵੀ ਬਾਦਸ਼ਾਹ ਹੈ।

**ਵਰਤੋਂ** :— ਸ਼ਾਹ ਜੀ, 'ਆਪਣਾ ਮਕਾਨ, ਕੋਟ ਸਮਾਨ'। ਛੋਟਾ ਹੈ, ਵੱਡਾ ਹੈ, ਆਖਰ ਹੈ ਤਾਂ ਆਪਣਾ। (ਸੰਗ੍ਰ)

**ਆਪਣਾ ਮਾਰੇਗਾ ਤਦ ਵੀ ਛਾਵੇਂ ਸੁੱਟੇਗਾ।** ਵੇਖੋ 'ਮਾਂ ਡੈਣ ਹੋ ਜਾਵੇ, ਤਾਂ ਕੀ ਬਚਿਆਂ ਨੂੰ ਹੀ ਖਾਵੇ।'

**ਭਾਵ** :— ਜੇ ਆਪਣਾ ਸਨੇਹੀ ਦੁਖ ਦੇਕੇ ਵੀ ਪੁਛ ਗਿਛ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਉਸਤਾਦ—ਕਾਕਾ! ਚੇਤੇ ਰਖੋ ਕਿ 'ਆਪਣਾ ਮਾਰੇਗਾ ਤਦ ਵੀ ਛਾਵੇਂ ਸੁੱਟੇਗਾ'। ਮਾਪੇ ਗੁਸੇ ਵੀ ਹੋਣ, ਤਦ ਵੀ ਉਹ ਤੁਹਾਡਾ ਭਲਾ ਹੀ ਸੋਚਦੇ ਹਨ। (ਸੰਗ੍ਰ)

**ਆਪਣਾ ਮੂੰਹ ਦਿਸੀਵੇ ਨਾ ਤੇ ਲੋਕ ਪਸੰਦੀ ਆਵੇ ਨਾ।** ਵੇਖੋ 'ਆਪ ਕਿਸੇ ਜਹੀ ਨਾ ਤੇ ਨਕਲ ਲਾਣੋ ਰਹੀ ਨਾ।'

**ਭਾਵ** :— ਜਦ ਕੋਈ ਆਪ ਤਾਂ ਕੁਝ ਸੰਵਾਰ ਨਾ ਸਕੇ ਪਰ ਦੂਜਿਆਂ ਦੇ ਔਗੁਣ ਛਾਂਟਦਾ ਰਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇਉਂ ਨਾ ਕੀਤਾ ਕਰ, ਆਪਣੀ ਬੁਕਲ ਵਿਚ ਝਾਤੀ ਮਾਰ। ਤੇਰਾ ਤਾਂ ਇਹ ਹਾਲ ਹੈ ਕਿ 'ਆਪਣਾ ਮੂੰਹ ਦਿਸੀਵੇ ਨਾ ਤੇ ਲੋਕ ਪਸੰਦੀ ਆਵੇ ਨਾ'। ਤੇਰੀਆਂ ਸਹੇਲੀਆਂ ਤੇਰੀ ਟੀਕਾ ਟਿਪਣੀ ਨੂੰ ਚੰਗਾ ਨਹੀਂ ਸਮਝਦੀਆਂ। (ਸੰਗ੍ਰ)

**ਆਪਣਾ ਲਹੂ ਪੰਘਰਨੋਂ ਨਹੀਂ ਰਹਿੰਦਾ।** ਵੇਖੋ 'ਆਪਣਾ ਮਾਰੇਗਾ ਤਾਂ ਵੀ ਛਾਵੇਂ ਸੁਟੇਗਾ।'

**ਭਾਵ** — ਆਪਣਿਆਂ ਨੂੰ ਦੁਖੀ ਵੇਖ ਸਹਾਇਤਾ ਕਰਨ ਤੇ ਜੀ ਆ ਹੀ ਜਾਂਦਾ ਹੈ।

**ਵਰਤੋਂ** :— ਆਪਣਾ ਭਤੀਜਾ ਜੂ ਹੋਇਆ ਉਸ ਦੀ ਮਦਦ ਲਈ ਤਾਂ ਭਾਈ ਹੁਰੀਂ ਉਤਾਵਲੇ ਹੋ ਗਏ, ਪਰ ਸਾਡੇ ਵੇਲੇ ਦੜ੍ਹ ਵਟ ਲਈ। ਸੱਚ ਹੈ 'ਆਪਣਾ ਲਹੂ ਪੰਘਰਨੋਂ ਨਹੀਂ ਰਹਿੰਦਾ। (ਸੰਗ੍ਰ)

**ਆਪਣਾ ਲਾਇਆ ਪਿਰਮੁ ਨਾ ਲਗਈ ਜੇ ਲੋਚੇ ਸਭ ਕੋਇ।**

**ਭਾਵ** :— ਸਭ ਰਬ ਨਾਲ ਪਿਆਰ ਪਾਣਾ ਚਾਹੁੰਦੇ ਹਨ, ਪਰ ਇਹ ਪਿਆਰ ਨਿਰਾ ਆਪਣੇ ਲਾਇਆਂ ਨਹੀਂ ਲਗਦਾ।

**ਵਰਤੋਂ** :—

ਫਰੀਦਾ ਕਾਲੀ ਧਉਲੀ ਸਾਹਿਬ
ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨਾ
ਲਗਈ ਜੇ ਲੋਚੈ ਸਭੁ ਕੋਇ॥

(ਗੁਰੂ ਗ੍ਰੰਥ—ਸਲੋਕ ਸ਼ੇਖ ਫਰੀਦ)

**ਆਪਣਾ ਵਖਰ ਆਪ ਤੋਂ ਗੁੱਝਾ ਨਹੀਂ ਹੁੰਦਾ।**

**ਭਾਵ** :— ਆਪਣੀ ਹਾਲਤ ਜਾਂ ਧਨ ਦਾ ਆਪਣੇ ਆਪ ਨੂੰ ਹੀ ਪਤਾ ਹੁੰਦਾ ਹੈ।

**ਵਰਤੋਂ** :— ਤੁਸੀਂ ਮੈਨੂੰ ਭਾਵੇਂ ਕੁਝ ਪਏ ਸਮਝੋ, ਪਰ 'ਆਪਣਾ ਵਖਰ ਆਪ ਤੋਂ ਗੁੱਝਾ ਨਹੀਂ ਹੁੰਦਾ।' ਮਸਾਂ ਗੁਜ਼ਾਰਾ ਤੁਰਦਾ ਹੈ। (ਸੰਗ੍ਰ)

**ਆਪਣਿਆਂ ਖਰੀਂਢਾਂ ਨੂੰ ਤਾਂ ਆਪ ਬਾਂਦਰ ਵੀ ਨਹੀਂ ਖੁਰਚਦਾ।**

**ਭਾਵ** :— ਆਪਣੇ ਆਪ ਨੂੰ ਕੋਈ ਵੀ ਦੁਖੀ ਨਹੀਂ ਕਰਨਾ ਚਾਹੁੰਦਾ।

**ਵਰਤੋਂ** :— ਪਰ ਫ਼ੈਰਾ ਕੀ, 'ਆਪਣਿਆਂ ਖਰੀਂਢਾਂ ਨੂੰ ਤਾਂ ਆਪ ਬਾਂਦਰ ਵੀ ਨਹੀਂ ਖੁਰਚਦਾ', ਪਰ ਦੂਜੇ ਬਾਂਦਰ ਜ਼ਰੂਰ ਖੁਰਚਦੇ ਨੇ ਭਾਵੇਂ।

(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ)

**ਆਪਣਿਆਂ ਦੇ ਗਿੱਟੇ ਭੰਨਾ, ਚੁੰਮਾਂ ਪੈਰ ਪਰਾਇਆਂ ਦੇ।**

**ਭਾਵ** :— ਜਦ ਕੋਈ ਆਪਣਿਆਂ ਨੂੰ ਤਾਂ ਦੁਖ ਦੇਵੇ ਤੇ ਪਰਾਇਆਂ ਦਾ ਫ਼ਾਇਦਾ

ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਓਏ ਹਰਨਾਮਿਆ ! ਤੂੰ ਇਹ ਕੀ ਕਰਤੂਤ ਫੜੀ ਹੋਈ ਏ, ਅਖੇ 'ਆਪਣਿਆਂ ਦੇ ਗਿਟੇ ਭੰਨਾ, ਚੁੰਮਾਂ ਪੈਰ ਪਰਾਇਆਂ ਦੇ ।' ਦੂਜਿਆਂ ਨਾਲ ਮਿਤ੍ਰਤਾ ਗੰਢਦਾ ਫਿਰਨਾ ਏਂ ਤੇ ਆਪਣਿਆਂ ਨੂੰ ਵੇਖ ਕੇ ਨੱਕ ਚਾੜ੍ਹਦਾ ਏਂ ? (ਸੰਗ੍ਰ)

**ਆਪਣੀ ਆਪਣੀ ਵੰਝਲੀ, ਆਪਣਾ ਆਪਣਾ ਰਾਗ ।**

**ਭਾਵ** :— ਜਦ ਕੋਈ ਆਪੋ ਆਪਣੇ ਵਿਚ ਰੁੱਝਾ ਰਹੇ ਤੇ ਇਕ ਦੂਜੇ ਦੀ ਸੁਰਤ ਸਾਰ ਨਾ ਲਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅਜ ਕਲ ਤਾਂ ਹਰ ਕਿਸੇ ਦੀ 'ਆਪਣੀ ਆਪਣੀ ਵੰਝਲੀ, ਆਪਣਾ ਆਪਣਾ ਰਾਗ' ਹੈ । ਹਰ ਕੋਈ ਆਪਣੀ ਹੀ ਧੁਨ ਵਿਚ ਮਸਤ ਹੈ । ਕੋਈ ਕਿਸੇ ਦੀ ਵਾਤ ਨਹੀਂ ਪੁਛਦਾ । (ਸੰਗ੍ਰ)

**ਆਪਣੀ ਅਕਲ ਤੇ ਪਰਾਇਆ ਧਨ ਬਹੁਤ ਜਾਪਦਾ ਹੈ ।**

**ਭਾਵ** :— ਜਦ ਕੋਈ ਆਪਣੀ ਅਕਲ ਤੇ ਦੂਜੇ ਦੇ ਧਨ ਨੂੰ ਵਡਿਆਵੇ, ਤਦ ਇਸਨੂੰ ਠੀਕ ਨਾ ਸਮਝਣ ਵਾਲਾ ਇਹ ਅਖਾਣ ਵਰਤਦਾ ਹੈ ।

**ਵਰਤੋਂ** :— ਮਨ—ਵਰਿਆਮਾ ! ਦੂਰ ਦੇ ਢੋਲ ਸੁਹਾਵਣੇ । 'ਆਪਣੀ ਅਕਲ ਤੇ ਪਰਾਇਆ ਧਨ ਕਈ ਗੁਣਾ ਵਧੀਕ ਵਿਖਾਈ ਦੇਂਦੇ ਨੇ ।' ਭਲਿਆ ਲੋਕਾ ! ਪਰਾਈ ਚਾਕਰੀ ਬੁਰੀ ਹੁੰਦੀ ਏ ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਆਪਣੀ ਕੱਖੀਂ, ਆਪੇ ਸੜਨਾ ।** ਵੇਖੋ **'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ?'**

**ਭਾਵ** :— ਜਦ ਕੋਈ ਕਿਸੇ ਆਪਣੇ ਕੀਤੇ ਕੰਮ ਕਰਕੇ ਦੁਖੀ ਹੋਵੇ ।

**ਵਰਤੋਂ** :— ਸ਼ਾਹ—ਹੁਣ ਕਿਉਂ ਬੁੜ੍ਹਕਦਾ ਏਂ ? ਤੇਰੇ ਨਾਲ ਤਾਂ 'ਆਪਣੀ ਕੱਖੀਂ ਆਪੇ ਸੜਨ' ਵਾਲਾ ਲੇਖਾ ਹੋਇਆ ਹੈ । ਕਿਸੇ ਤੈਨੂੰ ਕੀ ਆਖਿਆ ਏ ? (ਸੰਗ੍ਰ)

**ਆਪਣੀ ਕਰਨੀ ਆਪੇ ਭਰਨੀ ।** ਵੇਖੋ **'ਆਪੇ ਬੀਜਿ ਆਪੇ ਹੀ ਖਾਹੁ ।'**

**ਭਾਵ** :— ਜਿਹਾ ਕੋਈ ਕਰੇਗਾ, ਉਹੋ ਜਿਹਾ ਭਰੇਗਾ ।

**ਵਰਤੋਂ** :— ਜੇ ਚੰਗਾ ਕੰਮ ਕਰਦੇ, ਤਾਂ ਅੱਜ ਸਾਡਾ ਇਹ ਹਾਲ ਕਿਉਂ ਹੁੰਦਾ ? 'ਆਪਣੀ ਕਰਨੀ ਆਪੇ ਭਰਨੀ ।' ਸਾਡਾ ਕੀਤਾ ਸਾਡੇ ਅਗੇ ਆਇਆ ਹੈ । (ਸੰਗ੍ਰ)

**ਆਪਣੀ ਕੀਤੀ, ਆਪਣੇ ਅਗੇ ।** ਵੇਖੋ **'ਆਪੇ ਬੀਜਿ ਆਪੇ ਹੀ ਖਾਹੁ ।'**

**ਭਾਵ** :— ਜੋ ਬੰਦਾ ਕਰਦਾ ਹੈ ਉਸਦਾ ਫਲ ਉਸਨੂੰ ਭੁਗਤਣਾ ਪੈਂਦਾ ਹੈ ।

**ਵਰਤੋਂ** :— ਪ੍ਰੇਗ 'ਆਪਣਾ ਕੀਤਾ ਹੀ ਆਪਣੇ ਅਗੇ ਆਇਆ ਹੈ', ਕਿਸੇ ਨੂੰ ਕੀ ਦੋਸ਼ ਦਿਆਂ ? (ਸੰਗ੍ਰ)

**ਆਪਣੀ ਗਲੀ ਵਿਚ ਕੁੱਤਾ ਭੀ ਸ਼ੇਰ ਹੁੰਦਾ ਹੈ ।**

**ਭਾਵ** :— ਆਪਣੀ ਥਾਂ ਜਾਂ ਟਿਕਾਣੇ ਤੇ ਹਰ ਕੋਈ ਆਕੜ ਅਤੇ ਜ਼ੋਰ ਵਿਖਾਂਦਾ ਹੈ ।

**ਵਰਤੋਂ** :— ਤੂੰ ਬਾਹਰ ਨਿਕਲ, ਤੈਨੂੰ ਮਜ਼ਾ ਚਖਾਵਾਂ । 'ਆਪਣੀ ਗਲੀ ਵਿਚ ਤਾਂ ਕੁੱਤਾ ਵੀ ਸ਼ੇਰ ਹੁੰਦਾ ਹੈ' । ਘਰ ਬਹਿ ਕੇ ਟਾਹਰਾਂ ਤਾਂ ਹਰ ਕੋਈ ਮਾਰ ਲੈਂਦਾ ਹੈ । (ਸੰਗ੍ਰ)

**ਆਪਣੀ ਛਾਹ ਨੂੰ ਕੋਈ ਖੱਟੀ ਨਹੀਂ ਕਹਿੰਦਾ ।** ਵੇਖੋ **'ਘੁਮਿਆਰੀ ਆਪਣਾ ਭਾਂਡਾ ਹੀ ਸਲਾਹੁੰਦੀ ਹੈ ।'**

**ਵਰਤੋਂ** :— ਅਮਰੋ ਆਪਣੀ ਧੀ ਦੀਆਂ ਸਿਫ਼ਤਾਂ ਨਾ ਸਾੜੇ, ਤਾਂ ਕੀ ਕਰੇ । 'ਆਪਣੀ ਛਾਹ ਨੂੰ ਕੌਣ ਖੱਟੀ ਆਖਦਾ ਹੈ ?' (ਸੰਗ੍ਰ)

**ਆਪਣੀ ਨੀਂਦੇ ਸਉਣਾ ਤੇ ਆਪਣੀ ਨੀਂਦੇ ਜਾਗਣਾ (ਉਠਣਾ)**

**ਭਾਵ** :— ਜਦ ਕੋਈ ਹਰ ਕੰਮ ਆਪਣੀ ਮਨ-ਮਰਜ਼ੀ ਅਨੁਸਾਰ ਕਰ ਸਕੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—**

ਬਹੁਤੀ ਦੇ ਲਾਲਚ ਨੇ ਪਿੰਡੋਂ
ਝਟ ਸ਼ਹਿਰ ਵਲ ਧਕਿਆ।
ਸਹੁੰ ਤੇਰੀ ਹੈ ਮਿਤਰਾ ਕਿਕਰਾ,
ਦਿਲ ਹੈ ਡਾਹਢਾ ਅਕਿਆ।
ਆਪਣੀ ਨੀਂਦਰ ਸੌਂ ਨਹੀਂ ਸਕਦਾ,
ਜਾਗ ਨਾ ਆਪਣੀ ਜਾਗੇ।
ਮੈਂ ਉਹ ਮੈਂ ਨਹੀਂ ਰਹਿਆ,
ਕਿੱਦਾਂ ਹੁਣ ਢੁੱਕਾਂ ਤੇਰੇ ਲਾਗੇ।

(ਡਾ: ਮੋਹਨ ਸਿੰਘ)

**ਆਪਣੀ ਪਈ, ਪਰਾਈ ਵਿਸਰੀ।**

**ਭਾਵ :—** ਜਦ ਕੋਈ ਆਪ ਦੁਖੀ ਹੋ ਕੇ ਦੂਜਿਆਂ ਨੂੰ ਦੁਖੀ ਕਰਨ ਤੋਂ ਹਟ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਲੀਲਾ—ਭਾਈ ਜੀ! ਸ਼ੀਲਾ ਦੇ ਵੀਰ ਦੇ ਕੈਦ ਹੋਣ ਨਾਲ ਤਾਂ 'ਆਪਣੀ ਪਈ, ਪਰਾਈ ਵਿਸਰੀ' ਵਾਲੀ ਗਲ ਹੋ ਗਈ ਹੈ। ਹੁਣ ਉਹ ਕਿਸੇ ਨੂੰ ਘਟ ਵਧ ਹੀ ਔਖਾ ਕਰਦੀ ਹੈ। (ਸੰਗ੍ਰ)

**ਆਪਣੀ ਪਗ ਆਪਣੇ ਹੱਥ। ਜਾਂ ਆਪਣੀ ਪਤ ਆਪਣੇ ਹੱਥ।**

**ਭਾਵ :—** ਜਦ ਕੋਈ ਜਾਣ ਬੁਝ ਕੇ ਆਪਣੀ ਪਤ ਵਿਗਾੜੇ, ਤਦ ਉਸਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਸਰਦਾਰ ਜੀ! ਸੱਚੀਂ 'ਆਪਣੀ ਪਗ ਆਪਣੇ ਹਥ' ਹੁੰਦੀ ਹੈ। ਦੂਜੇ ਦੀ ਪਤ ਲਾਹੋਗੇ ਤਾਂ ਉਹ ਤੁਹਾਡੇ ਨਾਲ ਘਟ ਨਹੀਂ ਕਰੇਗਾ। (ਸੰਗ੍ਰ)

**ਆਪਣੀ ਭਾਹ ਬਲੋਸੇਂ, ਬਿਆ ਪਟਾਖੀ ਚੜ੍ਹੋਸੇਂ। ਵੇਖੋ ਆਪਣੀ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ॥**

**ਭਾਵ :—** ਆਪਣੀ ਅੱਗ ਆਪ ਹੀ ਬਾਲੋਂ ਤਾਂ ਬਲੇਗੀ। ਆਪਣਾ ਕਾਰਜ ਆਪ ਹੀ ਕਰਨਾ ਪੈਂਦਾ ਹੈ।

**ਵਰਤੋਂ :—** ਨੀ ਕਰਮ ਦੇਈਏ! 'ਆਪਣੀ ਭਾਹ ਬਲੋਸੇਂ, ਬਿਆ ਪਟਾਖੀ ਚੜ੍ਹੋਸੇਂ' ਆਪਣਾ ਕੰਮ ਆਪ ਕਰੇਂਗੀ ਤਦੇ ਸਿਰੇ ਚੜ੍ਹੇਗਾ। (ਸੰਗ੍ਰ)

**ਆਪਣੀ ਭਾਵੇਂ ਮੱਝ ਚਲੀ ਜਾਏ, ਸ਼ਰੀਕ ਦਾ ਘਲਿਆਰਾ ਜ਼ਰੂਰ ਚੁਰਾਉਣਾ ਏ ਜਾਂ ਕਢਾਉਣਾ ਏ।**

**ਭਾਵ :—** ਜਦ ਕੋਈ ਆਪਣਾ ਕਾਫ਼ੀ ਨੁਕਸਾਨ ਹੋ ਜਾਣ ਤੇ ਵੀ ਦੂਜੇ ਦਾ ਨੁਕਸਾਨ ਕਰਨ ਉਤੇ ਤੁਲਿਆ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਤੁਹਾਡਾ ਤਾਂ ਇਹ ਹਾਲ ਹੈ ਪਈ 'ਆਪਣੀ ਭਾਵੇਂ ਮੱਝ ਚਲੀ ਜਾਏ, ਸ਼ਰੀਕ ਦਾ ਘਲਿਆਰਾ ਜ਼ਰੂਰ ਚੁਰਾਉਣਾ ਏ।' ਆਪਣੇ ਨਾਲ ਜੋ ਹੁੰਦੀ ਏ, ਹੋ ਜਾਏ, ਦੂਜੇ ਨੂੰ ਸੱਟ ਜ਼ਰੂਰ ਮਾਰਨੀ ਏ। (ਸੰਗ੍ਰ)

**ਆਪਣੀ ਮੱਝ ਦਾ ਦੁਧ ਸੌ ਕੋਹ ਤੇ ਜਾ ਪੀਵੀਦਾ ਏ।** ਜਾਂ
**ਆਪਣੀ ਲਸੀ ਚਾਹੇ ਸੌ ਕੋਹਾਂ ਤੋਂ ਪੀ ਲਵੇ।**

**ਭਾਵ :—** ਜਦ ਇਹ ਸਮਝਾਉਣਾ ਹੋਵੇ ਕਿ ਜੇ ਤੁਸੀਂ ਪ੍ਰਾਹੁਣੇ ਦੀ ਖ਼ਾਤਰ ਕਰੋਗੇ, ਤਦ ਜਦ ਤੁਸੀਂ ਉਸ ਪਾਸ ਜਾਉਗੇ ਤਦ ਉਹ ਭੀ ਤੁਹਾਡੀ ਖ਼ਾਤਰ ਕਰੇਗਾ। ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਕਾਕਾ ਜੀ! 'ਆਪਣੀ ਮੱਝ ਦਾ ਦੁਧ ਸੌ ਕੋਹ ਤੇ ਜਾ ਪੀਵੀਦਾ ਹੈ।' ਆਏ ਗਏ ਦੀ ਖ਼ਾਤਰ ਕੀਤਾ ਕਰੋ। ਜਦ ਤੁਸੀਂ ਉਹਨਾਂ ਪਾਸ ਜਾਉਗੇ ਉਹ ਵੀ ਤੁਹਾਡੀ ਪੁੱਜ ਕੇ ਪੁਛ ਪਰਤੀਤ ਕਰਣਗੇ! (ਸੰਗ੍ਰ)

**ਆਪਣੀਆਂ ਜੁਤੀਆਂ ਆਪਣੇ ਸਿਰ।**

**ਭਾਵ :—** ਜਦ ਆਪਣੇ ਹਥੋਂ ਹੀ ਆਪਣੇ ਆਪ ਨੂੰ ਦੁਖ ਪੁਜੇ, ਜਾਂ ਜਿਸ ਦੀ ਚੀਜ਼ ਹੋਵੇ, ਉਹ ਉਸੇ ਉਤੇ ਖ਼ਰਚ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਓੜਕ ਮੀਆਂ ਨਿਜ਼ਾਮਦੀਨ ਨੇ

ਪੁਛਿਆ—ਤੁਸੀਂ ਬਰਕਤ ਵਿਚ ਕੀ ਐਬ ਵੇਖ ਕੇ ਉਹਨੂੰ ਧੱਕਾ ਦਿੱਤਾ ਸੀ। ਉਹਨੂੰ ਨਸ਼ਰ ਕਰਨ ਵਿਚ ਤੁਹਾਨੂੰ ਇਹ ਨਹੀਂ ਸੀ ਸੁੱਝਿਆ ਕਿ 'ਆਪਣੀਆਂ ਜੁਤੀਆਂ ਤੇ ਆਪਣਾ ਹੀ ਸਿਰ ਏ।'

(ਨਵਾਬ ਖਾਨ—ਭਾਈ ਜੋਧ ਸਿੰਘ)

**ਆਪਣੀਆਂ ਨਾ ਦੱਸਾਂ, ਪਰਾਈਆਂ ਕਰ ਕਰ ਹੱਸਾਂ।**

**ਭਾਵ** :— ਜਦ ਕੋਈ ਆਪਣੇ ਔਗੁਣ ਤਾਂ ਛੁਪਾਵੇ, ਪਰ ਦੂਜਿਆਂ ਦੇ ਫੋਲਦਾ ਫਿਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭਾਈ—ਮਰਲੀਏ ਰਨੇ! ਹਰ ਵੇਲੇ ਦੂਜਿਆਂ ਦੇ ਔਗੁਣ ਹੀ ਚਿਤਾਰਦੀ ਰਹਿਨੀ ਏਂ, ਆਪਣੇ ਅੰਦਰ ਵੀ ਤਾਂ ਝਾਤੀ ਮਾਰਿਆ ਕਰ। ਇਹ ਨਹੀਂ ਚੰਗਾ ਹੁੰਦਾ ਜੁ 'ਆਪਣੀਆਂ ਨਾ ਦਸਾਂ ਤੇ ਪਰਾਈਆਂ ਕਰ ਕਰ ਹੱਸਾਂ। (ਸੰਗ੍ਰ)

**ਆਪਣੀਆਂ ਮੈਂ ਕੱਛੇ ਮਾਰਾਂ, ਬਹਿ ਪਰਾਈਆਂ ਫੋਲਾਂ।**

**ਭਾਵ** :— ਜਦ ਕੋਈ ਆਪਣੇ ਮਾੜੇ ਕੰਮ ਤਾਂ ਲੁਕਾਵੇ, ਪਰ ਦੂਜਿਆਂ ਦੇ ਐਬਾਂ ਦੀ ਪੜਚੋਲ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਣੋ ਬੜੀ ਚਾਲਾਕ ਹੈ। ਉਹਦਾ ਤਾਂ ਇਹ ਹਾਲ ਹੈ ਅਖੇ 'ਆਪਣੀਆਂ ਮੈਂ ਕੱਛੇ ਮਾਰਾਂ, ਬਹਿ ਪਰਾਈਆਂ ਫੋਲਾਂ'। ਘਰ ਘਰ ਹਰ ਕਿਸੇ ਦੀ ਨਿੰਦਿਆ ਕਰਦੀ ਫਿਰਦੀ ਏ, ਪਰ ਆਪਣੇ ਵਲ ਕਦੀ ਨਹੀਂ ਵੇਖਦੀ। (ਸੰਗ੍ਰ)

**ਆਪਣੇ ਔਗੁਣ ਭੀ ਗੁਣ ਜਾਪਦੇ ਨੇ।**

**ਭਾਵ** :— ਜਦ ਕੋਈ ਆਪਣੀ ਸਿਫ਼ਤ ਆਪ ਹੀ ਕਰੀ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਜਿਹੜਾ ਵੀ ਆਪਣੇ ਮੂੰਹੋਂ ਮੀਆਂ ਮਿੱਠੂ ਬਣੇ, ਉਸਨੂੰ ਆਪਣੇ ਔਗੁਣ ਭੀ ਗੁਣ ਜਾਪਦੇ ਹਨ।

**ਅਪਣੇ ਹਾਥ, ਜਗਨ ਨਾਥ।**

**ਭਾਵ** :— ਜਦ ਹਰ ਕੰਮ ਆਪਣੀ ਮਰਜ਼ੀ ਅਨੁਸਾਰ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਪ੍ਰੀਤਮ ਸਿੰਘ ਦੀ ਕੀ ਰੀਸ ਕਰਨੀ ਹੋਈ? ਕੋਈ ਸਿਆਣਾ ਰੋਕਣ ਵਾਲਾ ਸਿਰ ਤੇ ਹੈ ਨਹੀਂ। ਸੋ 'ਆਪਣੇ ਹਾਥ ਜਗਨ ਨਾਥ' ਵਾਲਾ ਲੇਖਾ ਬਣਿਆ ਹੋਇਆ ਹੈ। (ਸੰਗ੍ਰ)

**ਆਪਣੇ ਹੱਥਾਂ ਦਾ ਬੀਜਿਆ ਆਪੇ ਵੱਢੋ।**

**ਭਾਵ** :— ਆਪਣੇ ਕੀਤੇ ਦਾ ਫੱਲ ਆਪ ਹੀ ਪਾਵੇ।

**ਵਰਤੋਂ** :— ਪਰ ਰਬ ਨੂੰ ਇਹ ਮਨਜ਼ੂਰ ਸੀ ਕਿ ਗੁਨਾਹ ਦੀ ਮਜ਼ਦੂਰੀ ਇਹਨੂੰ ਸਾਰੀ ਮਿਲੇ ਤੇ 'ਆਪਣੇ ਹੱਥਾਂ ਦਾ ਬੀਜਿਆ ਓਹ ਆਪ ਵੱਢੇ'। ਆਪਣੇ ਗੁਨਾਹ ਦੀ ਫ਼ਸਲ ਓਹ ਬਹੁਤ ਸਾਰੀ ਵੱਢ ਚੁਕੀ ਸੀ। ਹੁਣ ਨਿਰਾ ਬੋਹਲ ਸਾਂਭਣਾ ਸੀ।

(ਅਦਬੀ ਅਫ਼ਸਾਨੇ—ਜੋਸ਼ੂਆ ਫ਼ਜ਼ਲ ਦੀਨ)

**ਆਪਣੇ ਗੌਂ ਨੂੰ ਗਧੇ ਨੂੰ ਭੀ ਪਿਉ ਆਖੀਦਾ ਹੈ।**

**ਭਾਵ** :— ਜਦ ਕਿਸੇ ਨੂੰ ਇਹ ਸਮਝਾਉਣਾ ਪਵੇ ਕਿ ਮਤਲਬ ਲਈ ਆਪਣੇ ਤੋਂ ਨੀਵੇਂ ਅਗੇ ਭੀ ਝੁਕਣਾ ਪੈਂਦਾ ਹੈ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਾਕਾ ਕੀ ਹਰਜ ਹੈ? 'ਆਪਣੀ ਗੌਂ ਨੂੰ ਗਧੇ ਨੂੰ ਭੀ ਬਾਪ ਆਖੀਦਾ ਹੈ।' ਮਤਲਬ ਜੋ ਉਸ ਪਾਸੋਂ ਕਢਣਾ ਹੋਇਆ; ਸੋ ਜਾਹ, ਜਾ ਕੇ ਮਿਲ ਆ। (ਸੰਗ੍ਰ)

**ਆਪਣੇ ਘਰ, ਕੋਈ ਸੁਖੀ ਰਹੇ ਕੋਈ ਦੁਖੀ।**

**ਭਾਵ** :— ਆਪਣੇ ਘਰ ਭਾਵੇਂ ਕੋਈ ਕਿਸੇ ਤਰ੍ਹਾਂ ਰਵ੍ਹੇ।

**ਵਰਤੋਂ** :— ਤੇਜੋ—ਚੰਗਾ ਏ ਰੋਜ਼ ਦੇ ਪਿਟਣੇ ਨਾਲੋਂ। 'ਆਪਣੇ ਘਰ ਕੋਈ ਸੁਖੀ ਰਹੇ ਕੋਈ ਦੁਖੀ'। ਬਿਗਾਨੇ ਦੇ ਬੂਹੇ ਤੇ ਬਹਿ ਕੇ ਕੀ ਖਟਿਆ? (ਸੰਗ੍ਰ)

**ਆਪਣੇ ਘਰ ਕੋਈ ਛੱਜ ਵਜਾਏ, ਕੋਈ ਛਾਨਣੀ, ਕਿਸੇ ਨੂੰ ਕੀ ?**

**ਭਾਵ :—** ਜਦ ਕੋਈ ਦੂਜੇ ਦੀ ਆਜ਼ਾਦੀ ਵਿਚ ਦਖ਼ਲ ਦੇਣ ਲਗੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਭੋਲਾ ਰਾਮ ਜੀ ! ਕਿਸੇ ਦੇ ਨਿੱਜੀ ਮਾਮਲਿਆਂ ਵਿਚ ਦਖ਼ਲ ਦੇਣਾ ਠੀਕ ਨਹੀਂ । 'ਆਪਣੇ ਘਰ ਕੋਈ ਛੱਜ ਵਜਾਏ ਕੋਈ ਛਾਨਣੀ, ਤੁਹਾਨੂੰ ਕੀ ?' (ਸੰਗ੍ਰ)

**ਆਪਣੇ ਘਰ ਪਕਾਈਂ ਨਾ ਤੇ ਸਾਡੇ ਘਰ ਆਈਂ ਨਾ ।**

**ਭਾਵ :—** ਜਦ ਕੋਈ ਕਿਸੇ ਨੂੰ ਹਰ ਵੇਲੇ ਲਾਰੇ ਲਾਈ ਰਖੇ ਤੇ ਅੱਗੇ ਪਿੱਛੇ ਜੋਗਾ ਨਾ ਰਹਿਣ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਮਜ਼ੂਰੀ ਮੈਨੂੰ ਤੁਸੀਂ ਕਰਨ ਨਹੀਂ ਦੇਂਦੇ, ਆਪ ਮਦਦ ਕੋਈ ਕਰਦੇ ਨਹੀਂ । ਮੈਂ ਕੀ ਕਰਾਂ ? ਤੁਸਾਡਾ ਇਹ ਹਾਲ ਹੈ ਅਖੇ 'ਆਪਣੇ ਘਰ ਪਕਾਈਂ ਨਾ ਤੇ ਸਾਡੇ ਘਰ ਆਈਂ ਨਾ' । ਇਹ ਖ਼ੂਬ ਤਮਾਸ਼ਾ ਹੈ । (ਸੰਗ੍ਰ)

**ਆਪਣੇ ਘਰ ਲਗੇ ਤਾਂ ਅੱਗ, ਦੂਏ ਦੇ ਘਰ ਬਸੰਤਰ ।**

**ਭਾਵ :—** ਜਦ ਕੋਈ ਆਪਣੇ ਲਈ ਤਾਂ ਕਿਸੇ ਗਲ ਨੂੰ ਮਾੜਾ ਸਮਝੇ ਪਰ ਦੂਜੇ ਲਈ ਉਸੇ ਗੱਲ ਨੂੰ ਚੰਗਾ ਸਮਝੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :** ਨੁਕਸਾਨ ਮੇਰਾ ਹੋਇਆ ਹੈ । ਤਦੇ ਤੁਸੀਂ ਮਸ਼ਕਰੀਆਂ ਕਰਦੇ ਹੋ । 'ਆਪਣੇ ਘਰ ਲਗੇ ਤਾਂ ਅੱਗ ਦੂਏ ਦੇ ਘਰ ਬਸੰਤਰ' । ਇਹੀ ਨੁਕਸਾਨ ਤੁਹਾਡਾ ਹੁੰਦਾ, ਤਾਂ ਹੁਣ ਤਾਈਂ ਤੁਸੀਂ ਚਿੱਤ ਪਏ ਹੋਏ ਹੁੰਦੇ । (ਸੰਗ੍ਰ)

**ਆਪਣੇ ਦੇਸ ਦਾ ਕੰਡਾ ਤੇ ਪਰਾਏ ਮੁਲਕ ਦਾ ਫੁਲ ਇਕ ਬਰਾਬਰ ਹੁੰਦੇ ਹਨ ।**

**ਭਾਵ :—** ਦੇਸ ਪਿਆਰ ਲਈ ਇਹ ਅਖਾਣ ਵਰਤਿਆ ਜਾਂਦਾ ਹੈ ।

**ਵਰਤੋਂ :—** ਘਰ ਦੀ ਅੱਧੀ, ਬਾਹਰ ਦੀ ਸਾਰੀ । ਅਸੀਂ ਨਹੀਂ ਨੌਕਰੀ ਕਰਨੀ, ਪਰਦੇਸ ਜਾ ਕੇ ਭਾਵੇਂ ਲਖ ਰੁਪਈਆ ਦੇਣ । 'ਆਪਣੇ ਦੇਸ ਦਾ ਕੰਡਾ ਤੇ ਪਰਾਏ ਮੁਲਕ ਦਾ ਫੁੱਲ ਇਕ ਬਰਾਬਰ ਹੁੰਦੇ ਹਨ ।' ਘਰ ਰੁਖੀ ਸੁਖੀ ਖਾ ਕੇ ਵੀ ਸੁਖੀ ਰਹਾਂਗੇ । (ਸੰਗ੍ਰ)

**ਆਪਣੇ ਦੇਸ ਦਾ ਪਾਣੀ ਤੇ ਪਰਾਏ ਦੇਸ ਦਾ ਦੁੱਧ ਬਰਾਬਰ ਹੁੰਦਾ ਹੈ ।**

**ਭਾਵ :—** ਆਪਣੇ ਘਰ ਜਾਂ ਵਤਨ ਦੀ ਵਡਿਆਈ ਲਈ ਵਰਤਿਆ ਜਾਂਦਾ ਹੈ ।

**ਵਰਤੋਂ :—** ਆਪਣੇ ਵਤਨ ਦੀਆਂ ਕੀ ਗਲਾਂ ਪੁਛਦੇ ਹੋ ? 'ਆਪਣੇ ਦੇਸ ਦਾ ਪਾਣੀ ਤੇ ਪਰਾਏ ਦੇਸ ਦਾ ਦੁੱਧ ਬਰਾਬਰ ਹੁੰਦਾ ਹੈ ।' ਸੱਚ ਹੈ ਕਿਥੇ ਸਾਡਾ ਪੋਠੋਹਾਰ ਤੇ ਕਿਥੇ ਏਹ ਰੇਤਲੀ ਤੇ ਸੁਕੀ ਧਰਤੀ । ਉਹ ਤਾਂ ਨਿਰੀ ਸਵਰਗ ਸੀ ਸਾਡੇ ਲਈ । (ਸੰਗ੍ਰ)

**ਆਪਣੇ ਨੈਣ ਮੈਨੂੰ ਦੇਹ, ਤੂੰ ਟਮਕੋਂਦੀ ਫਿਰ ।**

**ਭਾਵ :—** ਜਦ ਕੋਈ ਕਿਸੇ ਪਾਸੋਂ ਅਜੇਹੀ ਚੀਜ਼ ਦੀ ਮੰਗ ਕਰੇ, ਜਿਸ ਦੀ ਉਸਨੂੰ ਆਪ ਅਤਿ ਲੋੜ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਵਾਹ ਨੀ ਚਲਾਕੋ ਬੜੀ ਸਿਆਣੀ ਏਂ ਤੂੰ ਤਾਂ ਅਖੇ 'ਆਪਣੇ ਨੈਣ ਮੈਨੂੰ ਦੇਹ, ਤੂੰ ਟਮਕੋਂਦੀ ਫਿਰ', ਆਪਣਾ ਚਰਖਾ ਤੈਨੂੰ ਦੇ ਦਿਆਂ ਤੇ ਘਰ ਦਿਆਂ ਨੂੰ ਨੰਗਾ ਫੇਰਾਂ ? (ਸੰਗ੍ਰ)

**ਆਪਣੇ ਮਨ ਤੋਂ ਜਾਣੀਐ ਅਗਲੇ ਮਨ ਦੀ ਬਾਤ ।** ਵੇਖੋ : ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਹੈ ।

**ਭਾਵ :—** ਜੋ ਤੁਸੀਂ ਦੂਜਿਆਂ ਲਈ ਆਪਣੇ ਮਨ ਵਿਚ ਚਿਤਵੋਗੇ, ਉਹੀ ਕੁਝ ਉਹ ਤੁਸਾਡੇ ਲਈ ਚਿਤਵਣਗੇ ।

**ਵਰਤੋਂ** :— ਹਰੀ ਸਿੰਘ—ਤੁਸੀਂ ਤਾਂ ਵਡੀ ਉਮਰਾਂ ਵਾਲੇ ਹੋ। ਤੁਸਾਡੀਆਂ ਗੱਲਾਂ ਪਏ ਕਰਦੇ ਸਾਂ।

ਸਰਦਾਰ ਜੀ—ਪਛੀ 'ਆਪਣੇ ਮਨ ਤੋਂ ਜਾਣੀਏ ਅਗਲੇ ਮਨ ਦੀ ਬਾਤ'। ਅਸੀਂ ਵੀ ਤੁਸਾਡੇ ਗੁਣ ਪਏ ਗਾਉਂਦੇ ਸਾਂ। (ਸੰਗ੍ਰ)

**ਆਪਣੇ ਮਨ ਭਾਵੇ ਤਾਂ ਡੇਹਲਾ ਵੀ ਸਪਾਰੀ।**

**ਭਾਵ** :— ਮਨ ਭਾਉਂਦੀ ਚੀਜ਼ ਦੀ ਸ਼ਲਾਘਾ ਸਾਰੇ ਕਰਦੇ ਹਨ।

**ਵਰਤੋਂ** :— ਅਹੋ ਚੀਜ਼ ਚੰਗੀ ਐ। "ਆਪਣੇ ਮਨ ਭਾਵੇ ਤਾਂ ਡੇਹਲਾ ਵੀ ਸਪਾਰੀ", ਤੈਨੂੰ ਜੇ ਚੰਗੀ ਲਗੀ। ਸਾਨੂੰ ਤਾਂ ਇਸ ਵਿਚ ਕੁਝ ਵੀ ਚੰਗਾ ਨਹੀਂ ਲਗਾ। (ਸੰਗ੍ਰ)

**ਆਪਣੇ ਮੂੰਹ ਮੀਆਂ ਮਿੱਠੂ** । ਦੇਖੋ : ਘੁਮਿਆਰੀ ਆਪਣਾ ਭਾਂਡਾ ਹੀ ਸਲਾਹੁੰਦੀ ਹੈ

**ਭਾਵ** :— ਜਦ ਕੋਈ ਅਪਣੀ ਉਪਮਾ ਆਪ ਹੀ ਕਰਦਾ ਰਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹਰਨਾਮੋ ਦੀ ਸਸ ਤਾਂ ਅਠੇ ਪਹਿਰ 'ਆਪਣੇ ਮੂੰਹੋਂ ਮੀਆਂ ਮਿੱਠੂ' ਬਣਾਂਦੀ ਰਹਿੰਦੀ ਹੈ, ਜਦ ਵੇਖੋ ਆਪਣੇ ਸੋਹਲੇ ਹੀ ਗਾਂਦੀ ਹੈ। (ਸੰਗ੍ਰ)

**ਆਪਣੇ ਵੱਛੇ ਦੇ ਦੰਦ ਆਪ ਤੋਂ ਗੁਝੇ ਨਹੀਂ ਹੁੰਦੇ।**

**ਭਾਵ** :— ਪਸ਼ੂਆਂ ਦੀ ਉਮਰ ਦਾ ਪਤਾ ਦੰਦ ਵੇਖ ਕੇ ਲਾਉਂਦੇ ਹਨ, ਪਰ ਘਰ ਵਾਲਿਆਂ ਨੂੰ ਇਉਂ ਕਰਨ ਦੀ ਲੋੜ ਨਹੀਂ ਪੈਂਦੀ। ਭਾਵ ਆਪਣੇ ਘਰ ਦਾ ਹਾਲ ਆਪਣੇ ਆਪ ਨੂੰ ਠੀਕ ਮਲੂਮ ਹੁੰਦਾ ਹੈ।

**ਵਰਤੋਂ** :— ਸ਼ਾਹ ਜੀ, "ਆਪਣੇ ਵੱਛੇ ਦੇ ਦੰਦ ਆਪ ਤੋਂ ਗੁਝੇ ਨਹੀਂ ਹੁੰਦੇ।" ਮੈਂ ਨਹੀਂ ਜਾਣਦਾ, ਮੇਰਾ ਭਤੀਜਾ ਕਿੰਨਾ ਬਦ ਏ? (ਸੰਗ੍ਰ)

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**

**ਭਾਵ** :— ਜੋ ਆਪਣੀ ਮਰਜ਼ੀ ਅਨੁਸਾਰ ਚਲਦਾ ਹੈ, ਉਹ ਹਰੀ ਤੋਂ ਵਿਛੜ ਕੇ ਦੁਖ ਪਾਉਂਦਾ ਹੈ।

**ਵਰਤੋਂ** :— "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥" (ਗੁਰੂ ਗ੍ਰੰਥ : ਸੋਰਠਿ ਰਾਗ)

**ਆਪਿ ਨਾ ਦੇਹਿ ਚੁਰੂ ਭਰਿ ਪਾਨੀ, ਤਿਹ ਨਿੰਦਹਿ ਜਿਹ ਗੰਗਾ ਆਨੀ ॥**

**ਭਾਵ** :— ਆਪ ਤਾਂ ਕੁਝ ਨਾ ਕਰਨਾ ਪਰ ਕਰਨ ਵਾਲਿਆਂ ਦੀ ਨਿੰਦਿਆ ਕਰਨੀ।

**ਵਰਤੋਂ** :— "ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭਿ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥ ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ" ॥੨॥ (ਗੁਰੂ ਗ੍ਰੰਥ–ਗਉੜੀ ਕਬੀਰ)

**ਆਪਿ ਡੁਬੇ ਕਿਉ ਪਿਤਰਾਂ ਤਾਰੇ ॥**

**ਭਾਵ** :— ਜਿਹੜਾ ਪੰਡਤ (ਜਾਂ ਮੂਰਖ) ਆਪ ਤਾਂ ਡੁਬਾ ਪਿਆ ਹੈ, ਉਹ ਪਿੱਤਰਾਂ (ਹੋਰਨਾਂ ਨੂੰ) ਕਿਵੇਂ ਤਾਰੇਗਾ?

**ਵਰਤੋਂ** :— 'ਵਾਚੈ ਵਾਦੁ ਨਾ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥ ਘਟਿ ਘਟਿ ਬ੍ਰਹਮ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤਾ ਸੋਝੀ ਹੋਇ ॥' (ਗੁਰੂ ਗ੍ਰੰਥ—ਰਾਮਕਲੀ ਰਾਗ)

**ਆਪੇ ਹੀ ਮਰ ਜਾਣਗੇ ਜੋ ਜੇਠ ਪੈਣਗੇ ਰਾਹ।**

**ਭਾਵ** :—ਜਦ ਕੋਈ ਜਾਣ ਬੁਝਕੇ ਉਲਟੇ ਰਾਹ ਪਵੇ ਤੇ ਬੜਾ ਦੁਖੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਰਦਾਰ ਜੀ। ਤੁਸੀਂ ਚਿੰਤਾ ਨਾ ਕਰੋ, "ਆਪੇ ਹੀ ਮਰ ਜਾਣਗੇ; ਜੋ ਜੇਠ ਪੈਣਗੇ ਰਾਹ"। ਤੁਹਾਡੇ ਨਾਲ ਮੱਥਾ ਲਾਕੇ ਕਿਸੇ ਬੱਚ ਨਹੀਂ ਨਿਕਲਣਾ। (ਸੰਗ੍ਰ)

### ਆਖੇ ਚੋਰ ਤੇ ਆਪੇ ਸਾਧ ।

**ਭਾਵ** :— ਦੋਗ਼ਾਜਰਾ ਪੁਰਸ਼ ਜਦ ਕੋਈ ਕਦੇ ਚੰਗਾ ਬਣ ਬਹੇ, ਤੇ ਕਦੇ ਮਾੜਾ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

ਤੇਰੇ ਵਸਬ ਮਾਲੂਮ ਨੇ ਸਭ ਸਾਨੂੰ,
ਲਾਹੜੀ ਵੱਡਾ ਹੈਂ ਲੰਗ ਲਵੇੜਿਆਂ ਦਾ ।
ਆਪ ਚੋਰ ਤੇ ਆਪ ਹੀ ਸਾਧ ਹੋਵੇਂ,
ਖੋਜ ਤਾੜ ਕੇ ਦੂਰ ਤੇ ਨੇੜਿਆਂ ਦਾ ।

(ਹੀਰ ਵਾਰਸ ਸ਼ਾਹ)

### ਆਪੇ ਜਾਂਞੀ ਆਪੇ ਮਾਂਞੀ ।

**ਭਾਵ** :— ਜਦ ਇਕ ਚੀਜ਼ ਹਰ ਥਾਂ ਪਰਧਾਨ ਹੋਵੇ ।

**ਵਰਤੋਂ** :— ਆਪੇ ਜਾਂਞੀ ਆਪੇ ਮਾਂਞੀ ਆਪਿ ਸੁਆਮੀ ਆਪਿ ਦੇਵਾ ॥ ਆਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥ ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ।

(ਗੁਰੂ ਗ੍ਰੰਥ—ਆਸਾ ਰਾਗ)

### ਆਪੇ ਝਸ ਸਿਖਾਏ, ਆਪਣੇ ਅੱਗੇ ਆਏ ।

ਵੇਖੋ : ਆਪੇ ਵਿਹਾਜੇ ਮਾਮਲੇ ਆਪਣੇ ਗਲ ਪਾਏ ।

**ਭਾਵ** :— ਜਦ ਆਪਣਾ ਸਿਖਾਇਆ ਕੰਮ ਆਪਣੇ ਆਪ ਨੂੰ ਦੁਖੀ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਭਈ ਇਹ 'ਤਾਂ ਆਪਣੇ ਝਸ ਸਿਖਾਏ ਆਪਣ ਅੱਗੇ ਆਏ' ਵਾਲਾ ਲੇਖਾ ਹੈ, ਆਪਣੀਆਂ ਪਾਈਆਂ ਗੰਢਾ ਆਪੇ ਖੋਲ੍ਹੋ । (ਸੰਗ੍ਰ)

### ਆਪੇ ਫਾਥੜੀਏ ਤੈਨੂੰ ਕੌਣ ਛਡਾਏ ।

**ਭਾਵ** :— ਜਦ ਕੋਈ ਜਾਣ ਬੁਝ ਕੇ ਉਲਟੇ ਰਾਹ ਪਵੇ ਤੇ ਬੜਾ ਦੁਖੀ ਹੋਵੇ ਤਦ ਇਹੀ ਅਖਾਣ ਵਰਤਦੇ ਹਨ ।

**ਵਰਤੋਂ** :— ਭਈ ਤੈਨੂੰ ਕਿਹਨੇ ਕਿਹਾ ਸੀ ਕਿ ਇਸ ਜਿਲ੍ਹਣ ਵਿਚ ਫਸ । ਆਪੇ ਫਾਥੜੀਏ ਤੈਨੂੰ ਕੌਣ ਛਡਾਏ । (ਸੰ)

### ਆਪੇ ਬੀਜਿ ਆਪੇ ਹੀ ਖਾਹੁ ।

**ਭਾਵ** :— ਜਿਹਾ ਕੋਈ ਕਰੇਗਾ, ਉਹੋ ਜਿਹਾ ਪਾਇਗਾ ।

**ਵਰਤੋਂ** :— ਸਜਨਾ ਇਥੇ ਤਾਂ ਉਹ ਗਲ ਹੈ ਭਈ 'ਆਪੇ ਬੀਜਿ ਆਪੇ ਹੀ ਖਾਹੁ', 'ਜੈਸੀ ਕਰਨੀ ਵੈਸੀ ਭਰਨੀ' । (ਸੰ)

### ਆਪੇ ਮਾਰੇ ਤੇ ਆਪ ਜਿਵਾਏ ।

**ਭਾਵ** :— ਮਾਰਨਾ ਤੇ ਜਿਵਾਣਾ ਰੱਬ ਦੇ ਹੱਥ ਹੈ । ਜਾਂ ਜਦ ਜੋ ਦੁਖ ਦੇਵੇ, ਓਹੀ ਸੁਖ ਵੀ ਦੇਵੇ ।

**ਵਰਤੋਂ** :—

ਆਪੇ ਮਾਰੇ ਤੇ ਆਪ ਜੀਵਾਇ,
ਅਤੇ ਅਜਰਾਈਲ ਬਹਾਨੜਾ ਈ ।
ਮੈਂ ਕੀ ਜਾਣਾ ਰਮਜ਼ ਯਾਰ ਦੀ ਹੈਦਰ,
ਤੂੰ ਫਿਰਦਾ ਲੋਕ ਦੀਵਾਨੜਾ ਈ ।

(ਅਲੀ ਹੈਦਰ)

### ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਵਣ ।

ਵੇਖੋ : 'ਘੁਮਿਆਰੀ ਆਪਣਾ ਭਾਂਡਾ ਹੀ ਸਲਾਹੁੰਦੀ ਹੈ ।'

**ਭਾਵ** :— ਜਦ ਕੋਈ ਆਪਣੀ ਵਡਿਆਈ ਆਪ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅਖੇ 'ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬਚੜੇ ਜੀਵਣ' । ਗੁਣ ਸੋਈ ਜੁ ਲੋਕੀ ਸਲਾਹੁਣ । ਆਪਣੇ ਮੂੰਹ ਤਾਂ ਹਰ ਕੋਈ ਮੀਆਂ ਮਿੱਠੂ ਬਣਦਾ ਹੈ । (ਸੰਗ੍ਰ)

### ਆਪੇ ਰੰਨਾਂ ਮੋਹਰਾ ਦੇਵਨ, ਆਪੇ ਕਰਨ ਸਿਆਪੇ ।

**ਭਾਵ** :— ਜਦ ਕੋਈ ਕਿਸੇ ਦੀ ਮੌਤ ਜਾਂ ਦੁਖ ਦਾ ਆਪ ਹੀ ਕਾਰਨ ਹੋਵੇ ਤੇ ਫਿਰ ਉਸਦੇ ਵਿਜੋਗ ਵਿਚ ਦਿਖਲਾਵੇ ਲਈ ਕੀਰਨੇ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਛੱਡ ਤੂੰ ਰੰਨਾਂ ਦੀਆਂ ਗਲਾਂ ਨੂੰ । ਆਪੇ ਰੰਨਾਂ ਮੋਹਰਾ ਦੇਵਨ, ਆਪੇ ਕਰਨ ਸਿਆਪੇ ।

ਆਪ ਹੀ ਮੈਨੂੰ ਵਹੁਟੀ ਨੇ ਪਰਦੇਸ ਘਲਿਆ, ਅਖੇ ਖੱਟ ਕੇ ਲਿਆ । ਆਪ ਹੀ ਪਿਛੋਂ ਰੋਣ ਲਗੀ, ਅਖੇ ਇਕੱਲੀ ਹਾਂ । (ਸੰਗ੍ਰ)

**ਆਪੇ (ਆਪ) ਵਿਹਾਜੇ ਮਾਮਲੇ, ਆਪੇ ਹੱਡ ਪਏ ।**

**ਭਾਵ** :— ਜਦ ਆਪਣੇ ਕੀਤੇ ਕੰਮ ਹੀ ਦੁਖਾਂ ਦਾ ਕਾਰਨ ਬਣਨ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮੈਂ ਕਿਨ੍ਹਾਂ ਦੁਖਾਂ ਨੂੰ ਫਸੀ ਗਈ ? 'ਆਪ ਵਿਹਾਜੇ ਮਾਮਲੇ ਆਪੇ ਹਡ ਪਏ' । ਹੇ ਦਿਆ ! ਤੂੰ ਕਸਾਇਣ ਹੋ ਚੁਕੀ । ਮੈਂ ਦਿਆ ਹੀ ਕੀਤੀ ਤਾਂ ਮੈਂ ਫਸੀ ।

(ਸਤਵੰਤ ਕੌਰ—ਡਾ: ਭਾਈ ਵੀਰ ਸਿੰਘ)

**ਆਬ ਆਬ ਕਰ ਮੋਇਓਂ ਬੱਚਾ, ਫਾਰਸੀਆਂ ਘਰ ਗਾਲੇ ।**

**ਭਾਵ** :— ਜਦ ਕੋਈ ਆਪਣੀ ਮਾਤ-ਭਾਸ਼ਾ (ਦੇਸੀ ਪਹਿਰਾਵਾ ਜਾਂ ਦੇਸੀ ਆਦਤਾਂ) ਛੱਡ ਹੈਂਕੜ ਨਾਲ ਦੂਜਿਆਂ ਦੀਆਂ ਆਦਤਾਂ ਧਾਰਨ ਕਰਨ ਨਾਲ ਦੁਖ ਪਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮੂਰਖ ਆਪਣੇ ਪਿਉ ਦਾਦੇ ਦਾ ਕਿੱਤਾ ਛੱਡ ਕੇ ਮੁਨਸ਼ੀਗੀਰੀ ਕਰਨ ਲਗਾ; ਕੀ ਲਭਣਾ ਸੀ ਉਸਨੂੰ ਮੁਨਸ਼ੀ ਬਣ ਕੇ ? ਬਸ 'ਆਬ ਆਬ ਕਰ ਮੋਇਓਂ ਬੱਚਾ; ਫ਼ਾਰਸੀਆਂ ਘਰ ਗਾਲੇ' ਵਾਲੀ ਗਾਲ ਹੋਈ । ਨੰਗ ਹੋ ਕੇ ਮੁੜ ਕਿਰਸਾਨੀ ਕਰਨ ਲਗਾ ।

(ਸੰਗ੍ਰ) ।

**ਆਰੀ ਨੂੰ ਇਕ ਪਾਸੇ ਦੰਦੇ ਨੇ, ਜਹਾਨ ਨੂੰ ਦੋਹੀਂ ਪਾਸੀਂ ।**

**ਭਾਵ** :— ਸਮਾਜ ਕਿਸੇ ਦਾ ਪਿੱਛਾ ਨਹੀਂ ਛਡਦਾ ।

**ਵਰਤੋਂ** :— ਭੈਣ ਜੀ, 'ਆਰੀ ਨੂੰ ਇਕ ਪਾਸੇ ਦੰਦੇ ਨੇ, ਜਹਾਨ ਨੂੰ ਦੋਹੀਂ ਪਾਸੀਂ ।' ਲੋਕੀਂ ਕਿਸੇ ਦੀਆਂ ਗਲਾਂ ਕਰਨੋਂ ਨਹੀਂ ਟੱਲਦੇ । (ਸੰਗ੍ਰ)

**ਆਵਤੁ ਕਿਨੈ ਨਾ ਰਾਖਿਆ ਜਾਵਤੁ ਕਿਉਂ ਰਾਖਿਆ ਜਾਇ ।**

**ਭਾਵ** :— ਜੰਮਣ ਵੇਲੇ ਕਿਸੇ ਅਟਕਾਇਆ ਨਹੀਂ ਤੇ ਮਰਣ ਤੋਂ ਕੌਣ ਬਚਾ ਸਕਦਾ ਹੈ ?

**ਵਰਤੋਂ** :— "ਆਵਤੁ ਕਿਨੈ ਨਾ ਰਾਖਿਆ ਜਾਵਤੁ ਕਿਉਂ ਰਾਖਿਆ ਜਾਇ" । ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸਹੀ ਮਾਹਿ ਸਮਾਇ ॥

(ਗੁਰੂ ਗ੍ਰੰਥ—ਪ੍ਰਭਾਤੀ ਰਾਗ)

**ਆਵਾ ਗਉਣ ਹੈ ਸੰਸਾਰਾ ।**

**ਭਾਵ** :— ਸੰਸਾਰ ਜਮਣ ਮਰਨ ਵਾਲਾ ਹੈ ।

**ਵਰਤੋਂ** :— "ਆਵਾਗਉਣ ਹੈ ਸੰਸਾਰਾ । ਮਾਇਆ ਮੋਹੁ ਬਹੁ ਚਿਤੈ ਬਿਕਾਰਾ । ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦ ਪਛਾਤਾ ਹੇ ।" (ਗੁਰੂ ਗ੍ਰੰਥ—ਮਾਰੂ ਰਾਗ)

**ਆਵੇ ਮੇਰਾ ਕੋਈ, ਜਿਸ ਆਇਆਂ ਵਸਨੀ ਹੋਈ ।**

**ਭਾਵ** :— ਦੋ ਦਿਲਾਂ ਦਾ ਡੂੰਘਾ ਪਿਆਰ ਦਰਸਾਇਆ ਹੈ ।

**ਵਰਤੋਂ** :— ਪਿਆਰ ਭਰੇ ਦਿਲਾਂ ਨੂੰ ਸਾਡੇ ਸਮਾਜ ਵਿੱਚ ਠੁਕਰਾਇਆ ਜਾਂਦਾ ਹੈ । ਪਰ ਤਲਵਾਰ ਦਾ ਡਰ, ਖਲੜੀ ਲਾਹੁਣ ਦਾ ਭੈ, ਜ਼ਹਿਰ ਪਿਲਾਏ ਜਾਣ ਦਾ ਸਹਿਮ, ਆਦਿ ਪ੍ਰੀਤ ਵਿਚ ਜਕੜੇ ਹੋਇ ਮਨੁੱਖਾਂ ਨੂੰ ਨਹੀਂ ਪੋਹ ਸਕਦੇ । ਕਿਸੇ ਬੀਬੇ ਦਿਲ ਵਿਚੋਂ ਜ਼ਰੂਰ ਅਵਾਜ਼ ਨਿਕਲ ਜਾਂਦੀ ਹੈ : ਆਵੇ ਮੇਰਾ ਕੋਈ, ਜਿਸ ਆਇਆਂ ਵਸਨੀ ਹੋਈ ।

(ਪੰਜਾਬੀ ਲੋਕ-ਗੀਤਾਂ ਤੇ ਅਖਾਉਤਾਂ ਵਿਚ ਹਾਸ-ਰਸ—
ਸੁਰਿੰਦਰ ਸਿੰਘ ਕੋਹਲੀ)

**ਆਵੇ ਨਿੱਛ ਤੇ ਡਕਾਰ, ਵੈਦ ਦੇ ਸਿਰ ਤੇ ਪੋਲਾ ਮਾਰ ।**

**ਭਾਵ** :— ਨਿੱਛ ਤੇ ਡਕਾਰ ਸਿਹਤ ਦੀ ਨਿਸ਼ਾਨੀ ਹੈ। ਸਿਹਤ ਹੋਵੇ ਤੇ ਡਾਕਟਰ ਵੈਦ ਦੀ ਲੋੜ ਨਹੀਂ।

**ਵਰਤੋਂ** :— ਅਖੇ ! ਆਵੇ ਨਿੱਛ ਤੇ ਡਕਾਰ, ਵੈਦ ਦੇ ਸਿਰ ਤੇ ਪੋਲਾ ਮਾਰ। ਤੈਨੂੰ ਡਾਕਟਰਾਂ ਦੀ ਮੁਥਾਜੀ ਦੀ ਕੀ ਲੋੜ ? (ਸੰ:)

**ਐਸ ਕੰਨ ਪਾਈ ਤੇ ਓਸ ਕੰਨ ਕਢੀ।**

**ਭਾਵ** :— ਜਦ ਕੋਈ ਕਿਸੇ ਦੀ ਗਲ ਵਲ ਧਿਆਨ ਨਾ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨੈਣ- ਸ਼ਕੁੰਤਲਾ ! ਤੂੰ ਤਾਂ ਅਜੀਬ ਸੁਭਾ ਦੀ ਕੁੜੀ ਏਂ। ਕਿਸੇ ਦੀ ਸਿੱਖ ਮਤ ਸੁਣਦੀ ਹੀ ਨਹੀਂ। 'ਅਖੇ ਐਸ ਕੰਨ ਪਾਈ ਤੇ ਓਸ ਕੰਨ ਕਢੀ।' (ਸੰ)

**ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ ॥**

**ਭਾਵ** :— ਅਜਿਹਾ ਕੰਮ ਉੱਕਾ ਹੀ ਨਾ ਕਰੋ, ਜਿਸ ਦੇ ਕਰਨ ਨਾਲ ਅੰਤ ਨੂੰ ਪਛਤਾਉਣਾ ਪਏ।

**ਵਰਤੋਂ** :— ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥ ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤ ਪਛੋਤਾਈਐ ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥

(ਗੁਰੂ ਗ੍ਰੰਥ—ਰਾਮਕਲੀ)

**ਐਸੇ ਕੋ ਤੈਸਾ ਮਿਲੇ, ਜਿਉ ਬਾਹਮਣ ਕੋ ਨਾਈ।**

**ਭਾਵ** :— ਜਦ ਕਿਸੇ ਜਾਬਰ ਪੁਰਸ਼ ਦਾ ਕਿਸੇ ਆਪਣੇ ਤੋਂ ਤਕੜੇ ਨਾਲ ਵਾਹ ਪੈ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਵੈਲਿਸ: "ਸਰਦਾਰ ! ਸਕਾਟਲੈਂਡ ਦੀ ਸ਼ਾਨ ਤੋਂ ਹੇਠਾਂ ਹੋਵੇਗਾ ਕਿ ਅਗੋਂ ਅਸੀਂ ਵੀ ਇਸ ਮਾਮਲੇ ਵਿਚ 'ਐਸੇ ਨੂੰ ਤੈਸਾ ਹੋਕੇ ਟਕਰੀਏ, ਜਿਉਂ ਬਾਹਮਣ ਨੂੰ ਨਾਈ' ਤੇ ਤਾਜੇ ਡੁਗਲੇ ਦੇ ਬ੍ਰਾਬਰ ਦਾ ਅੰਗ੍ਰੇਜ਼ ਕੈਦ ਰਖ ਲਈਏ।"

(ਕੌਮੀ ਪਰਵਾਨਾ—ਪ੍ਰੋ: ਕਰਤਾਰ ਸਿੰਘ)

**ਐਸੇ ਕੋ ਤੈਸਾ ਮਿਲੇ ਸੁਣ ਲੈ ਰਾਜਾ ਭੀਲ, ਲੋਹੇ ਨੂੰ ਘੁਣ ਖਾ ਗਿਆ, ਲੜਕਾ ਲੈ ਗਈ ਚੀਲ।**

**ਭਾਵ** :— ਜਦ ਕੋਈ ਕਿਸੇ ਨੂੰ ਬਹਾਨੇ ਨਾਲ ਠਗਣਾ ਚਾਹੇ ਤੇ ਅਗੋਂ ਦੂਜਾ ਵੀ ਉਸਨੂੰ ਉਵੇਂ ਹੀ ਹੋ ਕੇ ਟਕਰੇ।

**ਵਰਤੋਂ** :— ਤੁਸੀਂ ਫ਼ਿਕਰ ਨਾ ਕਰੋ। ਮੈਂ ਵੀ ਐਸੇ ਨੂੰ ਤੈਸਾ ਹੋ ਕੇ ਮਿਲਾਂਗਾ। ਇਨ੍ਹੇ ਸਾਨੂੰ ਉਧਾਰ ਨਹੀਂ ਦਿੱਤਾ, ਆਖੇ ਪੈਸੇ ਹੈ ਨਹੀਂ। ਅਸੀਂ ਇਦ੍ਹਾ ਖੇਤ ਨਹੀਂ ਵਾਹਵਾਂਗੇ, ਪਈ ਤਨ ਦਾ ਜ਼ੋਰ ਘਟ ਗਿਆ ਹੈ, ਜੇ ਲੋਹੇ ਨੂੰ ਘੁਣ ਖਾ ਸਕਦਾ ਹੈ, ਤਾਂ ਮੁੰਡੇ ਨੂੰ ਚੀਲ ਕਿਉਂ ਨਹੀਂ ਚੁੱਕ ਸਕਦੀ ? (ਸੰਗ੍ਰ)

**ਐਸੇ ਮਰਹੁ ਜਿ ਬਹੁਰਿ ਨਾ ਮਰਨਾ।**

**ਭਾਵ** :— ਅਜੇਹੀ ਮਰਨੀ ਮਰੋ, ਜਿਸ ਨਾਲ ਜਨਮ ਮਰਨ ਖ਼ਤਮ ਹੋ ਜਾਵੇ।

**ਵਰਤੋ** :— "ਸੋ ਗੁਰੁ ਕਰਹੁ ਜਿ ਬਹੁਰਿ ਨਾ ਕਰਨਾ ॥ ਸੋ ਪਦੁ ਰਵਹੁ ਜਿ ਬਹੁਰਿ ਨਾ ਰਵਨਾ ॥ ਸੋ ਧਿਆਨੁ ਧਰਹੁ ਜਿ ਬਹੁਰਿ ਨਾ ਧਰਨਾ ॥ ਐਸੇ ਮਰਹੁ ਜਿ ਬਹੁਰਿ ਨ ਮਰਨਾ ॥"

(ਗੁਰੂ ਗ੍ਰੰਥ—ਗਉੜੀ ਕਬੀਰ)

**ਐਸੋ ਰਾਜੁ ਨਾ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।**

**ਭਾਵ** :— ਅਜੇਹਾ ਰਾਜ ਕਿਸੇ ਕੰਮ ਦਾ ਨਹੀਂ, ਜਿਸ ਨਾਲ ਰਜ ਨਹੀਂ ਹੁੰਦਾ।

**ਵਰਤੋਂ** :— ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥ ਐਸੋ ਰਾਜੁ ਨਾ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥

(ਗੁਰੂ ਗ੍ਰੰਥ—ਰਾਗ ਸੂਹੀ)

**ਐਤਵਾਰ ਤਾਂ ਜਾਣੀਏ ਜਾ ਹੱਟਾਂ (ਚੌਕਾ) ਲਿੰਬਣ ਬਾਣੀਏ। ਜਾਂ ਐਤਵਾਰ ਤਾਂ ਜਾਣੀਏ, ਜੇ ਪੋਚਾ ਫੇਰਨ ਬਾਣੀਏ।**

**ਭਾਵ** :— ਬਾਣੀਆਂ ਦੀਆਂ ਤੀਮੀਆਂ ਐਤਵਾਰ ਨੂੰ ਚੌਕੇ ਚੁਲ੍ਹੇ ਨੂੰ ਪੋਚਾ ਦੇਂਦੀਆਂ ਹਨ। ਬਾਣੀਆਂ ਦੀ ਰਸਮ ਦਸੀ ਹੈ। ਹਾਸੇ ਲਈ ਵਰਤਦੇ ਹਨ, ਜਦ ਕਹਿਣਾ ਹੋਵੇ ਕਿ ਅਮਕੀ ਗਲ ਤਦ ਮੰਨਾਂਗੇ, ਜਦ ਅਮਕੀ (ਫਜ਼ੂਲ ਜਿਹੀ ਕੋਈ ਰੀਤੀ) ਹੋਵੇਗੀ।

**ਵਰਤੋਂ** :— ਅਸੀਂ ਨਹੀਂ ਮੰਨਦੇ, ਪਈ ਤੂੰ ਪਾਸ ਹੋਇਆ ਹੈਂ। ਐਤਵਾਰ ਤਾਂ ਜਾਣੀਏ ਜਾਂ ਹੱਟਾਂ ਲਿੰਬਣ ਬਾਣੀਏ—ਲੱਡੂ ਤਾਂ ਅਸਾਂ ਖਾਧੇ ਹੀ ਨਹੀਂ। (ਸੰਗ੍ਰ)

**ਐਤਵਾਰ ਦੀ ਝੜੀ, ਨਾ ਕੋਠਾ ਨਾ ਕੜੀ।**

**ਭਾਵ** :— ਜਦ ਅਤ ਦਰਜੇ ਦਾ ਮੀਂਹ ਐਤਵਾਰ ਨੂੰ ਲਗ ਕੇ ਕਈ ਦਿਨ ਪਵੇ ਤੇ ਕੋਠੇ ਡਿਗਣ ਲਗ ਪੈਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਪਹਿਲੋਂ ਵਡੇ ਵੇਲੇ ਬੋਤਲ ਆਈ, ਦਿਹਾੜੀ ਵਤ ਇਕ ਹੋਰ ਆਈ, ਅੱਜ ਤੇ ਮਾਸਟਰ ਜੀ, 'ਐਤਵਾਰ ਦੀ ਝੜੀ, ਨਾ ਕੋਠਾ ਨਾ ਕੜੀ' ਕਹਿੰਦਾ ਹੋਇਆ ਜਗਾ ਖਿੜ ਖਿੜਾਕੇ ਹਸ ਪਿਆ।

(ਗੰਗਾ-ਜਲੀ ਵਿਚ ਸ਼ਰਾਬ—ਨਾਨਕ ਸਿੰਘ)

**ਐਥੇ ਸਾਚੇ ਸੁ ਆਗੈ ਸਾਚੇ।**

**ਭਾਵ** :— ਜਿਹੜੇ ਇਸ ਸੰਸਾਰ ਵਿਚ ਸਤਵਾਦੀ ਹਨ, ਓਹ ਪਰਮਾਤਮਾਂ ਦੇ ਦਰਬਾਰ ਵਿਚ ਵੀ ਸਤਵਾਦੀ ਹਨ।

**ਵਰਤੋਂ** — "ਐਥੇ ਸਾਚੇ ਸੁ ਆਗੈ ਸਾਚੇ। ਮਨੁ ਸਚਾ ਸਚੈ ਸਬਦਿ ਰਾਚੈ। ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥"

(ਗੁਰੂ ਗ੍ਰੰਥ—ਮਾਝ ਰਾਗ)

**ਐਥੇ ਪਾਈ ਫੁੱਟੀ, ਕਾਂ ਮਾਰੀ ਝੁੱਟੀ।**

**ਭਾਵ** : — ਬਚਿਆਂ ਨੂੰ ਹਸਾਣ ਖਿਡਾਣ ਵੇਲੇ ਲੋਰੀਆਂ ਦੇ ਤੌਰ ਤੇ ਇਹ ਅਖਾਣ ਵਰਤਦੇ ਹਨ। ਜਦ ਕਿਸੇ ਦਾ ਹਥੋ ਹਥ ਨੁਕਸਾਨ ਹੋ ਜਾਵੇ, ਤਾਂ ਵੀ ਵਰਤਦੇ ਹਨ।

**ਵਰਤੋਂ** :— (੧) ਓਹ ਉਸਦੇ ਨਿੱਕੇ ਜਿਹੇ ਹੱਥ ਨੂੰ ਹੱਥ ਵਿਚ ਫੜਕੇ "ਐਥੇ ਪਾਈ ਫੁੱਟੀ, ਕਾਂ ਮਾਰੀ ਝੁੱਟੀ" ਕਹਿੰਦਾ ਉਸਨੂੰ ਕੁਤ ਕੁਤਾੜੀਆਂ ਕਢਦਾ ਸੀ ਤਾਂ ਸੁੰਦਰੀ ਹਸਦੀ ਹਸਦੀ ਦੋਹਰੀ ਹੋ ਜਾਂਦੀ ਸੀ।

(ਚਿੱਟਾ ਲਹੂ—ਨਾਨਕ ਸਿੰਘ)

(੨) ਕੁਝ ਨਾ ਪੁਛੋ, ਸਾਡਾ ਤਾਂ ਉਹ ਹਾਲ ਹੋਇਆ ਬਈ 'ਐਥੇ ਪਾਈ ਫੁੱਟੀ ਕਾਂ ਮਾਰੀ ਝੁੱਟੀ।' ਉਧਰੋਂ ਫਲੀ ਪਈ, ਉਧਰੋਂ ਚੁਗੀ ਗਈ। (ਸੰਗ੍ਰ)

**ਔਖੇ ਵੇਲੇ ਸਾਥ ਜੋ ਦੇਵੇ, ਸੋਈ ਮੀਤ ਪਛਾਣੀਏ।**

**ਭਾਵ** :— ਮਿਤਰ ਉਹ ਹੀ ਹੈ, ਜਿਹੜਾ ਔਖੇ ਵੇਲੇ ਸਹਾਇਤਾ ਕਰੇ।

**ਵਰਤੋ** :— ਸਰਦਾਰ ਜੀ—ਹੁਕਮ ਸਿੰਘ ਜੀ! ਸੱਚੀ ਗਲ ਤਾਂ ਇਹ ਹੈ ਕਿ ਔਖੇ ਸਮੇਂ ਸਾਥ ਜੋ ਦੇਵੇ, ਸੋਈ ਮੀਤ ਪਛਾਣੀਏ। ਸੁੱਖ ਵਿਚ ਤਾਂ ਸਾਰੇ ਆਣ ਯਾਰ ਬਣਦੇ ਹਨ। (ਸੰਗ੍ਰ)

**ਅੰਗੂਠੇ ਵੱਢੀ, ਆਰਸੀ ਮੰਗੇ।**

**ਭਾਵ** :— ਜਦ ਜਿਸ ਚੀਜ਼ ਦੀ ਲੋੜ ਨਾ ਹੋਵੇ, ਉਸ ਦੀ ਮੰਗ ਕੀਤੀ ਜਾਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋ**: — ਧਰਮ ਕੌਰ—ਬਚਨੀ ! ਤੇਰੀ ਤਾਂ ਉਹ ਗਲ ਹੈ : "ਅੰਗੂਠੇ ਵਢੀ, ਆਰਸੀ ਮੰਗੇ" ਸਿਰ ਤੇ ਦੋ ਵਾਲ ਨਹੀਂ, ਤੇ ਮੰਗ ਕੰਘੀ ਦੀ ਕਰਦੀ ਏਂ। (ਸੰ:)

**ਅੰਤ ਬੁਰਾ ਸੋ ਬੁਰਾ। ਜਾਂ ਅੰਤ ਭਲਾ ਸੋ ਭਲਾ।**

**ਭਾਵ** :— ਜਿਹੜੇ ਕੰਮ ਦਾ ਸਿੱਟਾ ਚੰਗਾ ਨਿਕਲੇ, ਉਹ ਚੰਗਾ ਪਰ ਜਿਸ ਦਾ ਨਤੀਜਾ ਮਾੜਾ ਨਿਕਲੇ, ਉਹ ਮਾੜਾ ਹੈ।

**ਵਰਤੋਂ** :— ਜਸਵੰਤ—ਮੈਂ ਭੈੜਾ ਨਹੀਂ ਮਹਾਰਾਜ ! ਤਾਂ ਚੰਗਾ ਵੀ ਨਹੀਂ। ਹਰੇਕ ਕੰਮ ਨਤੀਜੇ ਤੋਂ ਪਛਾਣਿਆ ਜਾਂਦਾ ਏ। 'ਅੰਤ ਭਲਾ ਸੋ ਭਲਾ। ਅੰਤ ਬੁਰਾ ਸੋ ਬੁਰਾ।'

(ਕਮਲਾ ਕੁਮਾਰੀ—ਪ੍ਰੋ: ਹਰਚਰਨ ਸਿੰਘ)

**ਅੰਤ ਭਲੇ ਦਾ ਭਲਾ।**

**ਭਾਵ** :— ਜਦ ਕਿਸੇ ਨੂੰ ਕਿਸੇ ਭਲੇ ਕੰਮ ਵਿਚ ਕਈ ਔਕੜਾਂ ਪੈਣ ਤੇ ਵੀ ਅੰਤ ਚੰਗਾ ਨਿਕਲੇ, ਤਦ ਇਹਿ ਅਖਾਣ ਵਰਤਦੇ ਹਨ।

**ਵਰਤੋਂ** :— ਪੂਰਬੀ ਵਿਚਾਰਾਂ ਅਨੁਸਾਰ ਨਾਇਕ ਜਾਂ ਨਾਇਕਾ ਦੇ ਦੁਖਾਂ ਦਾ ਛੇਕੜ ਅੰਤ ਹੋ ਜਾਂਦਾ ਏ। ਇਸ ਤੋਂ ਸਭ ਲੋਕ "ਅੰਤ ਭਲੇ ਦਾ ਭਲਾ" ਕਹਿਕੇ ਸੁਖੀ ਹੋ ਘਰਾਂ ਨੂੰ ਜਾਂਦੇ ਹਨ।

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

**ਅੰਤ ਮਤਾ, ਸੋ ਮਤਾ।**

**ਭਾਵ** :— ਆਖ਼ਰੀ ਵਿਚਾਰ ਹੀ ਫ਼ੈਸਲਾ ਕਰਦੀ ਹੈ।

**ਵਰਤੋਂ** :— ਸ਼ਾਹ ਜੀ, ਅੰਤ ਮਤਾ ਸੋ ਮਤਾ। ਚਲੋ, ਫੈਸਲਾ ਤਾਂ ਹੋ ਗਿਆ ਏਨੇ ਰੇੜਕੇ ਪਿਛੋਂ।

(ਸੰਗ੍ਰ)

**ਅੰਤਰਿ ਜੂਠਾ, ਕਿਉਂ ਸੁਚਿ ਹੋਇ।**

**ਭਾਵ** :— ਜਿਸਦੇ ਅੰਦਰ ਪਾਪਾਂ ਕੀ ਮੈਲ ਹੈ, ਉੱਥੇ ਪਵਿਤਰਤਾ ਕਿਵੇਂ ਆ ਸਕਦੀ ਹੈ ?

**ਵਰਤੋਂ** :—

ਅੰਤਰਿ ਜੂਠਾ ਕਿਉਂ ਸੁਚਿ ਹੋਇ ॥
ਸਬਦੀ ਧੋਵੈ ਵਿਰਲਾ ਕੋਇ ॥

(ਗੁਰੂ ਗ੍ਰੰਥ—ਪ੍ਰਭਾਤੀ ਰਾਗ)

**ਅੰਤਰਿ ਬਹਿਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ।**

**ਭਾਵ** :— ਅੰਦਰ ਵੜਕੇ ਜੋ ਕੋਈ ਮਾੜੇ ਕੰਮ ਕਰੇ, ਉਨ੍ਹਾਂ ਦੀ ਸੋ ਸਾਰੇ ਪਾਸੇ ਪਸਰ ਜਾਂਦੀ ਹੈ।

**ਵਰਤੋਂ** :— ਸੁਰਤਿ ਮਤਿ ਚਤੁਰਾਈ ਤਾਂ ਕੀ ਕਿਆ ਕਰਿ ਆਖ ਵਖਾਣੀਐ ॥ ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪ ਕਮਾਣੈ ਪਾਪੀ ਜਾਣੀਐ।

(ਗੁਰੂ ਗ੍ਰੰਥ—ਵਾਰ ਮਾਝ)

**ਅੰਦਰ ਆਇਆ ਭਾਵੇ ਨਾ ਤੇ ਕੁੱਛੜ ਬਹੇ ਨਿਲੱਜ।**

**ਭਾਵ** :— ਜਦ ਕੋਈ ਉੱਕਾ ਹੀ ਚੰਗਾ ਨਾ ਲਗੇ ਤੇ ਅੱਗੇ ਹੋ ਹੋ ਪਿਆਰ ਦੱਸੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** — ਮਾਈ—ਸੱਚੀ ਗਲ ਤਾਂ ਇਹ ਹੈ ਕਿ ਸਾਨੂੰ ਉਸਦੀ ਇਕ ਵੀ ਗਲ ਚੰਗੀ ਨਹੀਂ ਜੇ ਲਗਦੀ, ਓਹ ਜੋ ਜੀ ਆਵੇ ਦੱਸੀ ਜਾਵੇ। ਉਹਦੀ ਤਾਂ ਇਹ ਗਲ ਹੈ ਕਿ 'ਅੰਦਰ ਆਇਆ ਭਾਵੇ ਨਾ ਤੇ ਕੁੱਛੜ ਬਹੇ ਨਿਲੱਜ।'

(ਸੰਗ੍ਰ)

**ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨਚ। ਜਾਂ ਅੰਦਰ ਹੋਵੇ ਸਚ ਤਾਂ ਨੰਗਾ ਹੋਕੇ ਨਚ।**

**ਭਾਵ** :— ਸਤਵਾਦੀ ਨੂੰ ਸਚ ਆਖਣ ਤੋਂ ਕੀ ਡਰ।

**ਵਰਤੋਂ** :— ਸੁੱਚਾ ਸਿੰਘ–ਮਿਤ੍ਰ ! ਡਰਨ ਅਤੇ ਝਕਣ ਦੀ ਕੀ ਲੋੜ ਹੈ, ਅੰਦਰ ਹੋਵੇ ਸਚ ਤਾਂ ਨੰਗਾ ਹੋਕੇ ਨੱਚ। ਸੱਚੇ ਨੂੰ ਡਰ ਕਾਹਦਾ ?

(ਸੰਗ੍ਰ)

**ਅੰਦਰ ਪਈ ਨੂੰ ਚੂਹੇ, ਬਾਹਰ ਨਿਕਲੀ ਨੂੰ ਕਾਂ।**

**ਭਾਵ** :— ਜਦ ਕਿਸੇ ਨੂੰ ਕਿਸੇ ਤਰ੍ਹਾਂ ਵੀ ਸੁਖੀ ਨਾ ਰਹਿਣ ਦਿਤਾ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੈਂ ਇਸਤ੍ਰੀ ਜ਼ਾਤ ਹਾਂ। ਇਸਤ੍ਰੀ ਆਟੇ ਦੀ ਤੌਣ ਹੈ। ਅੰਦਰ ਪਈ ਨੂੰ ਚੂਹੇ ਖਾਂਦੇ ਹਨ, ਬਾਹਰ ਪਈ ਨੂੰ ਕਾਂ। ਮੈਂ ਭਲਾ ਕੀ ਕਰਾਂ। (ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਅੰਦਰ ਪਕੀਆਂ ਬਾਹਰ ਹੀ ਆਉਂਦੀਆਂ ਨੇ।** ਵੇਖੋ : ਅੰਦਰਿ ਹੋਇ ਸੁ ਨਿਕਲੈ, ਨਾ ਛਪੈ ਛਪਾਇਆ।

**ਭਾਵ** :— ਜੋ ਅੰਦਰ ਹੋਵੇ, ਉਹ ਬਾਹਰ ਆ ਜਾਂਦਾ ਹੈ, ਛੁਪਦਾ ਨਹੀਂ।

**ਵਰਤੋਂ** :— ਅੰਤ ਨੂੰ ਅੰਦਰ ਪਕੀਆਂ ਬਾਹਰ ਆ ਹੀ ਗਈਆਂ। ਚਿਰਾਂ ਤੋਂ ਉਹ ਮੈਨੂੰ ਮਾਰਨ ਦੀ ਗੋਂਦ ਗੁੰਦ ਰਿਹਾ ਸੀ। ਅੰਤ ਕਲ੍ਹ ਮੈਨੂੰ ਰਾਹ ਵਿਚ ਫੜਕੇ ਘਸੀਟਣ ਲਗਾ। (ਸੰਗ੍ਰ)

**ਅੰਦਰ ਪਿਆ ਕੋਈ ਦੁੱਧ ਦੇਂਦਾ ਏ ?**

**ਭਾਵ** :— ਬੇਕਾਰ ਪਈ ਚੀਜ਼ ਦਾ ਕੀ ਲਾਭ, ਵਰਤਣ ਨਾਲ ਘਸਦੀ ਨਹੀਂ।

**ਵਰਤੋਂ** :— ਤੁਸੀਂ ਬੇਸ਼ਕ ਇਹ ਸੰਦ ਲੈ ਜਾਉ ਜੀ, ਤੁਹਾਨੂੰ ਲੋੜ ਹੈ ਫਿਰ ਵਾਪਸ ਕਰ ਦੇਣਾ। ਸਾਡੇ ਅੰਦਰ ਪਿਆ ਕੋਈ ਦੁਧ ਦੇਂਦਾ ਹੈ! (ਸੰ:)

**ਅੰਦਰ ਪੈਣ ਕੁੜੱਲਾਂ, ਬਾਹਰ ਬੰਸੀ ਵਾਲੇ ਨਾਲ ਗੱਲਾਂ।**

**ਭਾਵ** :— ਜਦ ਕੋਈ ਮਾਮੂਲੀ ਹੈਸੀਅਤ ਵਾਲਾ ਹੋਵੇ, ਪਰ ਜਫੇ ਵੱਡੇ ਵੱਡੇ ਕੰਮਾਂ ਨੂੰ ਮਾਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋ** :— ਗੁਲਾਬ ਸਿੰਘ–ਔਖਾ ਤਾਂ ਉਸਨੇ ਹੋਣਾ ਹੀ ਸੀ। ਹੱਥ ਪਲ੍ਹੇ ਤਾਂ ਕੁਝ ਹੋਇਆ ਨਾ, ਪਰ ਸ਼ੂੰ ਸ਼ਾਂ ਓਹਾ ਜਿਹੀ ਅਖੇ 'ਅੰਦਰ ਪੈਣ ਕੁੜੱਲਾਂ, ਬਾਹਰ ਬੰਸੀ ਵਾਲੇ ਨਾਲ ਗੱਲਾਂ।' (ਸੰਗ੍ਰ)

**ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛੁਪਾਇਆ।**

**ਭਾਵ** :— ਜੋ ਮੰਦਾ ਚੰਗਾ ਅੰਦਰ ਹੋਵੇ, ਉਹ ਬਾਹਰ ਆ ਜਾਂਦਾ ਹੈ, ਛੁਪਾਇਆ ਛੁਪਦਾ ਨਹੀਂ।

**ਵਰਤੋਂ** :— ਜਿਨ ਕੈ ਹਿਰਦੈ ਮੈਲ ਕਪਟੁ ਹੈ ਬਾਹਰੁ ਧੋਵਾਇਆ॥ ਕੂੜ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ। ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛੁਪਾਇਆ॥

(ਗੁਰੂ ਗ੍ਰੰਥ—ਸਾਰੰਗ ਕੀ ਵਾਰ)

**ਅੰਦਰੋਂ ਬਾਹਰੋਂ ਇਕ।**

**ਭਾਵ** :— ਸਾਫ਼ ਤੇ ਸਿੱਧਾ ਬੰਦਾ!

**ਵਰਤੋਂ** :— ਚੌਧਰੀ–ਮੈਂ ਵੀ ਵਰਿਆਮਿਆ, ਲਗਦੀ ਵਾਹ, ਜਦ ਕਦ ਕੀਤਾ ਹੋਵੇਗਾ, ਤੇਰਾ ਭਲਾ ਹੀ ਕੀਤਾ ਹੋਵੇਗਾ। ਵੇਖੀਂ! ਕਿਤੇ ਉਹਦੀਆ ਗੱਲਾਂ ਵਿਚ ਨਾ ਆ ਜਾਵੀਂ, ਬੜਾ ਚਲਾਕ ਏ। ਤੂੰ ਏਂ ਸਿੱਧਾ ਬੰਦਾ "ਅੰਦਰੋਂ ਬਾਹਿਰੋਂ ਇਕ", ਉਹਨੂੰ ਲਗੀ ਹੋਈ ਏ ਸ਼ਹਿਰ ਦੀ ਹਵਾ।"

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਅੰਧ ਨਗਰੀ, ਬੇਦਾਦ ਰਾਜਾ।** ਜਾਂ **ਅੰਧਾ ਰਾਜਾ ਤੇ ਬੇਦਾਦ ਨਗਰੀ।**

**ਭਾਵ** :— ਜਦ ਪਰਜਾ ਕਿਸੇ ਜਬਰ ਤੇ ਅਨਿਆਈਂ ਹਾਕਮ ਦੇ ਹੱਥੋਂ ਬੜੀ ਦੁਖੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—

ਕੈਦੋ ਆਖਦਾ ਧੀਆਂ ਦੇ ਵਲ ਹੋ ਕੇ,
ਦੇਖੋ ਦੀਨ ਈਮਾਨ ਨਿਘਾਰਿਆ ਨੇ।
ਵਾਰਸ ਅੰਧ ਰਾਜਾ ਤੇ ਬੇਦਾਦ ਨਗਰੀ,
ਝੂਠਾ ਦੇ ਦਿਲਾਸੜਾ ਮਾਰਿਆ ਨੇ।

(ਹੀਰ ਵਾਰਸ ਸ਼ਾਹ)

**ਅੰਧਾ (ਅੰਨ੍ਹਾ) ਆਗੂ ਜੇ ਥੀਐ ਸਭ ਸਾਥ ਮੁਹਾਵੈ।**

**ਭਾਵ** :— ਜੇ ਆਗੂ (ਜਥੇਦਾਰ) ਅੰਨ੍ਹਾ ਜਾਂ ਮੂਰਖ ਹੋਵੇ, ਤਦ ਸਾਰਾ ਸਾਥ ਹੀ ਦੁਖਾਂ ਦਾ ਸ਼ਿਕਾਰ ਹੋ ਜਾਂਦਾ ਹੈ।

**ਵਰਤੋਂ** :— ਸਿੰਮਲ ਰੁਖ ਸਟੇਵੀਐ ਫਲ ਹੱਥ ਨਾ ਆਵੈ॥ ਨਿੰਦਕ ਨਾਮ ਵਿਹੂਣਿਆ ਸਤਿਸੰਗ ਨਾ ਭਾਵੈ॥ ਅੰਨਾ ਆਗੂ ਜੇ ਥੀਐ ਸਭ ਸਾਥ ਮੁਹਾਵੈ॥

(ਵਾਰਾਂ ਭਾਈ ਗੁਰਦਾਸ ਜੀ)

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥**

**ਭਾਵ** :— ਜੇ ਆਗੂ ਅੰਨ੍ਹਾਂ ਹੋਵੇ, ਤਦ ਸਾਫ਼ ਰਸਤੇ ਦਾ ਪਤਾ ਕਿਵੇਂ ਲਗੇ ?

**ਵਰਤੋਂ** :— 'ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ (ਗੁਰੂ ਗ੍ਰੰਥ—ਸੂਹੀ ਰਾਗ)

**ਅੰਧਾ ਸੋਇ ਜਿ ਅੰਧੁ ਕਮਾਵੈ ॥**

**ਭਾਵ** :— ਅੰਨ੍ਹਾ ਉਹ, ਜੋ ਭੈੜਾ ਕੰਮ ਕਰੇ ।

**ਵਰਤੋਂ** :— ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨਾ ਕਹਿਆ ਬੂਝੈ ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥

(ਗੁਰੂ ਗ੍ਰੰਥ—ਵਾਰ ਮਲ੍ਹਾਰ)

**ਅੰਧੀ ਚੂਹੀ ਥੋਥੇ ਧਾਨ ।**

**ਭਾਵ** :— ਜਦ ਜਿਹੜਾ ਬਿਨਾ ਸੋਚ ਵਿਚਾਰ ਦੇਖਾ ਦੇਖੀ ਕੋਈ ਕੰਮ ਕਰਕੇ ਨੁਕਸਾਨ ਉਠਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਦੇਖਾ ਦੇਖੀ ਕਰਤਬ ਕਰੈ । ਬਿਨ ਕਹਿਨੇ ਕਿਛ ਧਿਆਨ ਨਾ ਧਰੈ । ਇਸ ਕਹਨੀ ਕਾ ਮਤ ਕਰ ਧਿਆਨ । ਅੰਧੀ ਚੂਹੀ ਥੋਥੇ ਧਾਨ ।

(ਗੁਲਾਮ ਜੇਲਾਨੀ ਰੋਹਤਕੀ)

**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥**

**ਭਾਵ** :— ਅੰਨ੍ਹੇ ਉਹ ਹਨ ਜੋ ਮਾਲਕ–ਵਾਹਿਗੁਰੂ ਤੋਂ ਕੁਰਾਹੇ ਜਾਂਦੇ ਹਨ ।

**ਵਰਤੋਂ** :— 'ਅੰਧੇ ਏਹਿ ਨਾ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ।'

(ਗੁਰੂ ਗ੍ਰੰਥ—ਰਾਮਕਲੀ ਕੀ ਵਾਰ)

**ਅੰਧੇ ਕਾ ਨਾਉ ਪਾਰਖੂ ॥**

**ਭਾਵ** :— (ਕਲਜੁਗ ਦੇ ਸਮੇਂ ਦੀ ਇਹ ਅਸਚਰਜਤਾ ਹੈ) ਕਿ ਅੰਧੇ (ਅਗਿਆਨੀ) ਨੂੰ ਲੋਕੀ ਪਾਰਖੂ (ਸਿਆਣਾ) ਸਮਝਦੇ ਹਨ ।

**ਵਰਤੋਂ** :— ਖੋਟੇ ਕਉ ਖਰਾ ਕਹੈ ਖਰੇ ਸਾਰ ਨਾ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ (ਗੁਰੂ ਗ੍ਰੰਥ—ਗਉੜੀ ਬੈਰਾਗਣ)

**ਅੰਧੇਰ ਪਿਆ ਸਰਕਾਰ ਕੂੰ ਜੋ ਚੋਰ ਬਧੇ ਕੁਤਵਾਲ ਕੂੰ ।** ਵੇਖੋ : ਉਲਟਾ ਚੋਰ ਕੋਤਵਾਲ ਨੂੰ ਡਾਂਟੇ ।

**ਭਾਵ** :— ਉਸ ਰਾਜ ਵਿਚ ਕੀ ਇਨਸਾਫ਼ ਹੋਣਾ ਹੈ, ਜਿਸ ਵਿਚ ਚੋਰ ਕੁਤਵਾਲ ਨੂੰ ਡਾਂਟੇ ।

**ਵਰਤੋਂ** :— ਅੰਨ੍ਹੀ ਮਚੀ ਹੋਈ ਏ । ਚੋਰ ਸਾਧ ਦੀ ਪਛਾਣ ਨਹੀਂ ਰਹੀ । 'ਅੰਧੇਰ ਪਿਆ ਸਰਕਾਰ ਕੂੰ, ਜੋ ਚੋਰ ਬਧੇ ਕੁਤਵਾਲ ਕੂੰ ।' ਚੰਗੇ ਫੜੀਂਦੇ ਨੇ ਤੇ ਚੋਰ ਛੁਟਦੇ ਨੇ । (ਸੰਗ੍ਰ)

**ਅੰਨ ਵਾਲੇ ਹੱਥ ਨਾਲ ਕੁੱਤਾ ਨਹੀਂ ਮਾਰੀਦਾ ।**

**ਭਾਵ** :— ਜਦ ਕਿਸੇ ਨੂੰ ਅਤ ਦਰਜੇ ਦਾ ਕੰਜੂਸ ਦਸਣਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਭਾਨ ਸਿੰਘ–ਸ਼ਾਹ ! ਹੋਸ਼ ਕਰ ! ਲੋਕਾਂ ਵਿਚ ਤੇਰੀ ਕੀ ਪੱਤ ਆਬਰੂ ਰਹਿ ਗਈ ਹੈ । ਆਖਦੇ ਹਨ "ਅੰਨ ਵਾਲੇ ਹੱਥ ਨਾਲ ਕੁੱਤੇ ਨੂੰ ਵੀ ਨਹੀਂ ਮਾਰੀਦਾ ।" (ਸੰਗ੍ਰ)

**ਅੰਨ ਵਿਚ ਹੀ ਪ੍ਰਾਣ ਹਨ ।**

**ਭਾਵ** :— ਜਦ ਕੋਈ ਭੁਖਾ ਖਾ ਪੀ ਕੇ ਤਕੜਾ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਹਰੀ ਸਿੰਘ–ਸਰਦਾਰ ਜੀ, ਸੱਚ ਹੈ, 'ਅੰਨ ਵਿਚ ਹੀ ਪ੍ਰਾਣ ਹਨ' । ਮਾਨ ਸਿੰਘ ਕਿਤਨਾ ਲਿੱਸਾ ਹੋ ਗਿਆ ਸੀ । ਚਾਰ ਪੈਸੇ ਆਮਦਨੀ ਹੋਣ ਨਾਲ ਤੇ ਰਜਵੀਂ ਰੋਟੀ ਮਿਲਣ ਨਾਲ ਕੇਹਾ ਸੋਹਣਾ ਗਭਰੂ ਨਿਸਰਿਆ ਹੈ । (ਸੰਗ੍ਰ)

**ਅੰਨ੍ਹਾ ਕੀ ਭਾਲੇ ਦੋ ਅਖੀਆਂ ?** ਜਾਂ **ਅੰਨੇ ਨੂੰ ਕੀ ਲੋੜੀਦਾ ਹੈ (ਚਾਹੀਦਾ ਹੈ), ਦੋ ਅਖੀਆਂ ।**

**ਭਾਵ** :— ਜਦ ਕਿਸੇ ਨੂੰ ਕਿਸੇ ਚੀਜ਼ ਦੀ ਥੁੜ ਹੋਵੇ ਤੇ ਉਹ ਆਪਣੇ ਆਪ ਬਿਨਾਂ ਖ਼ਾਸ ਜਤਨ ਕੀਤੇ ਉਸਦੇ ਹੱਥ ਆ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਪਾਲਾ ਸਿੰਘ—'ਬਸ ਅੰਨ੍ਹਾ ਕੀ ਭਾਲੇ ਦੋ ਅੱਖਾਂ ?' ਯਾਰ ਤਾਂ ਅਗੇ ਹੀ ਮੌਕਾ ਲਭਦੇ ਸੀ। ਮੈਂ ਆਖਿਆ ਸੁੰਦਰੀਏ। ਮੈਂ ਵੀ ਮਾਪਿਆਂ ਦਾ ਇਕੋ ਇਕ ਪੁਤ ਹਾਂ ਜੋ ਥੜੀਆਂ ਦੰਦਾਂ ਵਿਚੋਂ ਕਢੇਂਗੀ, ਪੂਰੀ ਕਰਾਂਗਾ। (ਚਿੱਟਾ ਲਹੂ—ਸ: ਨਾਨਕ ਸਿੰਘ)

**ਅੰਨ੍ਹਾ ਕੁੱਤਾ ਵਾ ਨੂੰ ਭੌਂਕੇ।**

**ਭਾਵ** :— ਜਦ ਕੋਈ ਬਿਨਾ ਕਾਰਨ ਝਗੜੀ ਜਾਵੇ ਜਾਂ ਬਿਨਾ ਬੁਲਾਏ ਬੋਲੀ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹਰੀ ਚੰਦ ਨੂੰ ਕੋਣ ਸਿਆਣਾ ਆਖੇ। ਉਸਦੀ ਤਾਂ 'ਅੰਨ੍ਹਾ ਕੁੱਤਾ ਵਾ ਨੂੰ ਭੌਂਕੇ' ਵਾਲੀ ਗਲ ਹੈ। ਵਿਅਰਥ ਰੌਲਾ ਪਾਈ ਜਾਂਦਾ ਹੈ। (ਸੰਗ੍ਰ)

**ਅੰਨ੍ਹਾ ਸ਼ੌਕੀਨ ਤੇ ਮਾਂ ਨਾਲ ਮਸ਼ਕਰੀਆਂ।**

ਜਾਂ

**ਅੰਨ੍ਹਾ ਜੁਲਾਹਿਆ ਤੇ ਮਾਂ ਨਾਲ ਮਸ਼ਕਰੀਆਂ।**

**ਭਾਵ** :— ਜਦ ਕੋਈ ਆਪਣੇ ਤੋਂ ਵਡੇ ਸਨੇਹੀ ਦੀ ਮਖ਼ੌਲ ਕਰਕੇ, ਬੇ-ਪਤੀ ਕਰੇ।

**ਵਰਤੋਂ** :— ਰਾਜੋ—ਵਾਹ ਵੇ ਚੌੜ ਚਾਨਣਾ ! 'ਅੰਨ੍ਹਾ ਜੁਲਾਹਿਆ ਤੇ ਮਾਂ ਨਾਲ ਮਸ਼ਕਰੀਆਂ' ਹੁਣ, ਤੂੰ ਸਾਡੇ ਨਾਲ ਠੱਠੇ ਹੀ ਕਰਨੇ ਸਨ। (ਸੰ)

**ਅੰਨ੍ਹਾ ਦੋਜ਼ਖੀ ਤੇ ਡੋਰਾ ਬਹਿਸ਼ਤੀ !**

**ਭਾਵ** :— ਇਕੋ ਜਿਹੇ ਦੋ ਮਾੜੇ ਪੁਰਸ਼ਾਂ ਵਿਚੋਂ ਇਕ ਨੂੰ ਚੰਗਾ ਤੇ ਦੂਜੇ ਨੂੰ ਮਾੜਾ ਕਿਹਾ ਜਾਵੇ।

**ਵਰਤੋਂ** :— ਏਥੇ ਤਾਂ ਅੰਨ੍ਹਾ ਦੋਜ਼ਖੀ ਤੇ ਡੋਰਾ ਬਹਿਸ਼ਤੀ ਵਾਲੀ ਗਲ ਠੀਕ ਨਿਕਲੀ ਹੈ। ਕਰਮੇ ਨੇ ਧਰਮੇ ਨੂੰ ਸੋਟੇ ਮਾਰੇ ਤੇ ਸ਼ਾਮ ਨੇ ਉਸ ਤੋਂ ਪੈਸੇ ਖੋਹੇ। ਹੁਣ ਧਰਮਾ ਕਰਮੇ ਉਤੇ ਮੁਕੱਦਮਾ ਕਰੀ ਬੈਠਾ ਹੈ, ਪਰ ਸ਼ਾਮੂ ਨਾਲ ਜਫੀਆਂ ਪਾਂਦਾ ਹੈ। (ਸੰਗ੍ਰ)

**ਅੰਨ੍ਹਾ ਨਾਈ ਤੇ ਕਾਠ ਦਾ ਉਸਤਰਾ।**

**ਭਾਵ** :— ਜਦ ਕੋਈ ਅਜਾਣ ਜਾਂ ਮੂਰਖ ਉਲਟੇ ਕੰਮ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਮ ਕੌਰ—ਕਾਕਾ ! ਤੈਨੂੰ ਪਤਾ ਹੀ ਸੀ, ਕਿ ਇਸ ਮੂਰਖ ਨੇ ਕੋਈ ਉਲਟਾ ਕੰਮ ਹੀ ਕਰਨਾ ਹੈ। ਅੰਨ੍ਹੇ ਨਾਈ ਪਾਸ ਕਾਠ ਦਾ ਹੀ ਉਸਤਰਾ ਹੋਣਾ ਸੀ। (ਸੰਗ੍ਰ)

**ਅੰਨ੍ਹਾ ਮਾਰੇ ਅੰਨ੍ਹੀ ਨੂੰ, ਘਸੁੰਨ ਵਜੇ ਥੰਮ੍ਹੀ ਨੂੰ।**

**ਭਾਵ** :— ਜਦ ਕੋਈ ਆਦਮੀ ਮੂਰਖਾਂ ਵਾਲੀਆਂ ਗੱਲਾਂ ਕਰੇ ਤੇ ਆਪ ਹੀ ਦੁਖੀ ਹੋਏ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਓਇ ਮੂਰਖੋ ! ਕੀ ਹੋ ਗਿਆ ਤੁਹਾਨੂੰ ? ਅਖੇ 'ਅੰਨ੍ਹਾ ਮਾਰੇ ਅੰਨ੍ਹੀ ਨੂੰ, ਘਸੁੰਨ ਮਾਰੇ ਥੰਮ੍ਹੀ ਨੂੰ'। ਕੋਈ ਗਲ ਵੀ ਹੋਵੇ, ਜਿਸ ਪਿਛੇ ਲੜੋ। ਹਵਾ ਵਿਚ ਕਿਉਂ ਡਾਂਗਾਂ ਮਾਰਦੇ ਹੋ ? (ਸੰ)

**ਅੰਨ੍ਹਾ ਵੱਟੇ ਰੱਸੀ ਤੇ ਪਿਛੋਂ ਵੱਛਾ ਖਾ ਗਿਆ।**

**ਭਾਵ** :— ਜਦ ਕੋਈ ਹੋਰ ਕੰਮ ਨੂੰ ਹੱਥ ਪਾਵੇ ਤੇ ਪਿਛਲਾ ਜਾਂ ਅਗਲਾ ਵੀ ਉਲਟਾ ਨਾਸ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਰਦਾਰ ਜੀ : ਮੇਰਾ ਤਾਂ ਇਹ ਹਾਲ ਹੈ ਕਿ 'ਅੰਨ੍ਹਾ ਵੱਟੇ ਰਸੀ ਤੇ ਪਿਛੋਂ ਵੱਛਾ ਖਾ ਗਿਆ'। ਸਦਾ 'ਅੱਗਾ ਦੌੜ ਤੇ ਪਿੱਛਾ ਚੌੜ' ਵਾਲਾ ਹਾਲ ਹੀ ਰਿਹਾ ਹੈ। (ਸੰਗ੍ਰ)

**ਅੰਨ੍ਹਾ ਵੰਡੇ ਰੇਵੜੀਆਂ, ਮੁੜ ਮੁੜ (ਭੌਂ ਭੌਂ) ਆਪਣਿਆਂ ਨੂੰ। ਜਾਂ ਅੰਨ੍ਹਾ ਵੰਡੇ ਸ਼ੀਰਨੀਆਂ, ਮੁੜ ਘਿੜ ਆਪਣਿਆਂ ਨੂੰ।**

**ਭਾਵ** :— ਜਦ ਕੋਈ ਪੁਰਸ਼ ਕੋਲੋਂ ਚੀਜ਼ ਵੰਡਣ ਸਮੇ ਮੁੜ ਘਿੜ ਕੇ ਲਿਹਾਜ਼ ਮੁਲਾਹਜ਼ੇ ਵਾਲੀ ਥਾਂ ਦਾ ਹੀ ਧਿਆਨ ਰਖੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— "ਅੰਨ੍ਹਾ ਵੰਡੇ ਰੇਵੜੀਆਂ, ਮੁੜ ਘਿੜ ਆਪਣਿਆਂ ਨੂੰ" । ਵਜ਼ੀਰ ਫ਼ਜ਼ਲ ਹੱਕ ਕਹਿੰਦਾ ਸੀ, "ਜੇ ਮੇਰੇ ਸਾਰੇ ਭਤੀਜੇ ਹੀ ਲਾਇਕ ਹੋਣ, ਤਾਂ ਸਭਨਾਂ ਨੂੰ ਉਚੇ ਅਹੁਦੇ ਕਿਉਂ ਨਾ ਮਿਲਣ" ? (ਸੰਗ੍ਰ)

**ਅੰਨ੍ਹਿਆਂ ਵਿਚ ਕਾਣਾ ਰਾਜਾ ।**

**ਭਾਵ** :— ਜਦ ਸਾਰੇ ਹੀ ਮਾੜੇ ਹੋਣ ਤੇ ਇਕ ਅੱਧ ਉਨ੍ਹਾਂ ਵਿਚੋਂ ਰਤੀ ਚੰਗਾ ਹੋਵੇ ਤੇ ਉਹ ਸਾਰਿਆਂ ਦਾ ਆਗੂ ਬਣ ਬਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਵਾਸੂ—ਅੰਨ੍ਹਿਆਂ ਵਿਚ ਕਾਣਾ ਰਾਜਾ । ਸੁਆਦ ਤਾਂ ਏ ਜੇ ਸਾਡੇ ਰਾਜੇ ਨਾਲ ਲੜੇ ।
(ਰਾਜਾ ਪੋਰਸ—ਪ੍ਰੋ. ਹਰਚਰਨ ਸਿੰਘ)

**ਅੰਨ੍ਹੀ ਅੰਨ੍ਹਾ ਰਲਿਆ ਤੇ ਸਾਰਾ ਝੁੱਗਾ ਗਲਿਆ ।**

**ਭਾਵ** :— ਜਦ ਇਸਤ੍ਰੀ ਪੁਰਸ਼ ਦੋਵੇਂ ਇਕੋ ਜਿਹੇ ਮੂਰਖ ਹੋਣ ਤੇ ਘਰ ਬਰਬਾਦ ਹੋ ਰਿਹਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬਰਨ ਸਿੰਘ ਤਾਂ ਵਿਚਾਰਾ ਸਧਾਰਨ ਹੈ ਹੀ ਸੀ । ਹੁਣ ਉਸਦੀ ਵਹੁਟੀ ਵੀ ਉਹੋ ਜਿਹੀ ਕਮਲੀ ਆ ਗਈ ਹੈ । "ਅੰਨ੍ਹੀ ਅੰਨ੍ਹਾ ਰਲਿਆ ਤੇ ਸਾਰਾ ਝੁੱਗਾ ਗਲਿਆ ।" ਹੁਣ ਤਾਂ ਬਸ ਜੈ ਸੀਤਾ ਰਾਮ ਹੀ ਹੈ । (ਸੰਗ੍ਰ)

**ਅੰਨ੍ਹੀ ਸ਼ੁਕੀਨ ਤੇ ਗਾਰੇ ਵਿਚ ਲੱਤਾਂ ।**

**ਭਾਵ** :— ਹੱਥ ਪਲੇ ਕੁਝ ਨਾ ਹੋਵੇ, ਪਰ ਸ਼ਾਨ ਬੜੀ ਦਸੇ ।

**ਵਰਤੋਂ** :— ਇਤਨੇ ਚਿਰ ਵਿਚ ਸਾਈਕਲ ਵਾਲੇ ਨੇ ਸਾਈਕਲ ਦਾ ਪੰਚਰ ਲਾ ਦਿਤਾ । ਮੈਂ ਜੱਕੋ ਤਕੇ ਵਿਚ ਪੈ ਗਿਆ । ਇਹ ਸਾਈਕਲ ਵਾਲਾ ਕੀ ਆਖੇਗਾ, "ਅੰਨ੍ਹਾ ਸ਼ੁਕੀਨ ਤੇ ਗਾਰੇ ਵਿਚ ਲੱਤਾਂ" । ਪੈਸਾ ਇਕ ਵੀ ਪੱਲੇ ਨਹੀਂ ਸੀ । (ਮਣਕੇ—ਸਾਹਿਬ ਸਿੰਘ)

**ਅੰਨ੍ਹੀ ਕੁਕੜੀ, ਖਸ ਖਸ ਦਾ ਚੋਗਾ ।**

**ਭਾਵ** :— ਜਦ ਕਿਸੇ ਮੂਰਖ ਪਾਸੋਂ ਅਜੇਹੇ ਕੰਮ ਦੀ ਆਸ ਕੀਤੀ ਜਾਵੇ, ਜਿਹੜਾ ਉਹ ਕਰ ਨਾ ਸਕਦਾ ਹੋਵੇ । ਜਾਂ ਮੰਦੇ ਨੂੰ ਚੰਗੇ ਦੀ ਆਸ ਹੋਵੇ ।

**ਵਰਤੋਂ** :— ਓਇ ਏਸ 'ਅੰਨ੍ਹੀ ਕੁਕੜੀ ਤੇ ਕਿਉਂ ਖਸ ਖਸ ਦਾ ਚੋਗਾ' ਪਾਉਂਦੇ ਹੋ ! ਫਿੱਟ ਜਾਏਗੀ ਬਹੁਤੀ । ਰਹਿਣ ਦਿਉ, ਜਿਵੇਂ ਹੈ । (ਸੰਗ੍ਰ)

**ਅੰਨ੍ਹੀ ਕੁੱਤੀ ਜਲੇਬੀਆਂ ਦੀ ਰਾਖੀ ।**

**ਭਾਵ** :— ਜਦ ਕਿਸੇ ਅਯੋਗ ਪੁਰਸ਼ ਨੂੰ ਜ਼ਿਮੇਵਾਰੀ ਦੇ ਕੰਮ ਉੱਤੇ ਲਾਇਆ ਜਾਵੇ, ਤੇ ਉਹ ਬੇਈਮਾਨ ਸਾਬਤ ਹੋਵੇ ਤੇ ਕੰਮ ਖ਼ਰਾਬ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਹੁਣ ਕਲਪਣ ਦਾ ਕੀ ਫ਼ਾਇਦਾ, ਤੁਸੀਂ ਤਾਂ ਜਾਣ ਬੁਝ ਕੇ 'ਅੰਨ੍ਹੀ ਕੁੱਤੀ ਜਲੇਬੀਆਂ ਦੀ ਰਾਖੀ' ਬਹਾ ਛਡੀ ਸੀ । ਤੁਸਾਡਾ ਮੁਨੀਮ ਤੁਸਾਥੋਂ ਕੋਈ ਗੁੱਝਾ ਛਿੱਪਾ ਸੀ ? ਬੱਸ, ਵੇਲਾ ਮਿਲਦਿਆਂ ਹੀ ਮਾਇਆ ਲੈ ਕੇ ਹਰਨ ਹੋ ਗਿਆ । (ਸੰਗ੍ਰ)

**ਅੰਨ੍ਹੀ ਪੀਹੇ, ਕੁੱਤੀ ਚੱਟੇ । ਜਾਂ ਅੰਨ੍ਹੀ ਪੀਂਹਦੀ ਗਈ ਤੇ ਕੁੱਤੀ ਲਕੋਂਦੀ ਗਈ ।**

**ਭਾਵ** :— ਜਦ ਬੇਓੜਕ ਕਮਾਈ ਐਵੇਂ ਹੀ ਉਜੜਦੀ ਦਿਸੇ ਜਾਂ ਨਾ ਕੰਮ ਕਰਨ ਵਾਲੇ ਨੂੰ ਹੋਸ਼ ਤੇ ਨਾ ਲਾਭ ਉਠਾਣ ਵਾਲੇ ਨੂੰ ਧਿਆਨ ਹੋਵੇ ਤੇ ਬਦਇੰਤਜ਼ਾਮੀ ਨਾਲ ਨੁਕਸਾਨ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਰਦਾਰ ਕਰਤਾਰ ਸਿੰਘ ਦੇ ਘਰ ਦੇ ਖ਼ਰਚਾਂ ਦਾ ਕੋਈ ਹਿਸਾਬ ਕਿਤਾਬ ਨਹੀਂ । ਨੌਕਰ ਜੋ ਜੀ ਚਾਹੇ ਕਰਨ । 'ਅੰਨ੍ਹੀ ਪੀਹੇ ਤੇ ਕੁੱਤੀ ਚੱਟੇ', ਉਹਨਾਂ ਦੀ ਕਿਹੜੀ ਆਪਣੀ ਕਮਾਈ ਹੈ ? (ਸੰਗ੍ਰ)

**ਅੰਨ੍ਹੀ ਦੇਵੀ, ਨਕ ਵਢੇ ਪੁਜਾਰੀ।**

**ਭਾਵ** :— ਜਦ ਕਿਸੇ ਭੈੜੇ ਪੁਰਸ਼ ਦੇ ਸਾਥੀ ਵੀ ਭੈੜੇ ਹੀ ਨਿਕਲ ਪੈਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇਹ ਕੋਈ ਨਵੀਂ ਗਲ ਨਹੀਂ 'ਅੰਨ੍ਹੀ ਦੇਵੀ, ਨਕ ਵਢੇ ਪੁਜਾਰੀ।' ਭੈੜਿਆਂ ਨੂੰ ਭੈੜੇ ਸੋ ਕੋਹ ਪੈਂਡਾ ਮਾਰ ਕੇ ਆ ਮਿਲਦੇ ਹਨ। (ਸੰਗ੍ਰ)

**ਅੰਨ੍ਹੀ ਨੈਣ, ਵੰਝ ਦਾ ਨਹੇਰਨਾ।**

**ਭਾਵ** :— ਜਦ ਕਿਸੇ ਕਠਿਨ ਕੰਮ ਨੂੰ ਹੱਥ ਪਾਉਣ ਵਾਲਾ ਅਣਜਾਣ ਹੋਵੇ, ਤੇ ਉਸ ਦੇ ਸੰਦ ਵੀ ਮਾੜੇ ਹੋਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਚੌਧਰੀ—ਕੰਮ ਤਾਂ ਵਿਗੜਨਾ ਹੀ ਸੀ। ਤੁਸਾਡਾ ਮੁਨਸ਼ੀ ਜੋ ਬੜਾ ਸਿਆਣਾ ਸੀ। ਅਸੀਂ ਤਾਂ ਜਾਣਦੇ ਸਾਂ ਕਿ ਇੱਥੇ ਤਾਂ 'ਅੰਨ੍ਹੀ ਨੈਣ ਵੰਝ ਦਾ ਨਹੇਰਨਾ' ਵਾਲਾ ਲੇਖਾ ਹੀ ਹੋਣਾ ਹੈ। (ਸਗ੍ਰ)

**ਅੰਨ੍ਹੀ ਨੂੰ ਬੋਲਾ ਧੁਸਦਾ ਹੈ।**

**ਭਾਵ** :— ਜਦ ਦੋਵੇਂ ਇਕੋ ਜੇਹੇ ਮੰਦੇ ਹੋਣ, ਪਰ ਇਕ ਦੂਜੇ ਉਤੇ ਵਧੀਕੀ ਕਰੇ।

**ਵਰਤੋਂ** :— ਅਜ ਕਲ ਤਾਂ ਅੰਨ੍ਹੀ ਨੂੰ ਬੋਲਾ ਧੁਸਦਾ ਹੈ। ਆਪਣੇ ਔਗੁਣ ਕੋਈ ਨਹੀਂ ਵੇਖਦਾ। ਹਰ ਕੋਈ ਦੂਜੇ ਨੂੰ ਹੀ ਨਿੰਦਦਾ ਹੈ। (ਸੰਗ੍ਰ)

**ਅੰਨ੍ਹੀ ਮਾਂ ਪੁਤ ਦਾ ਮੂੰਹ ਨਾ ਧੋਵੇ।**

**ਭਾਵ** :— ਜਦ ਕੋਈ ਮਾਂ ਆਪਣੀ ਸੰਤਾਨ ਦੀਆਂ ਭੈੜੀਆਂ ਕਰਤੂਤਾਂ ਉਪਰ ਪੜਦਾ ਪਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** — ਰਾਮ ਰਖੀ—ਹੁਣ ਮਾਮੀ ਜੀ। ਕਿਉਂ ਕਲਪਦੇ ਹੋ? ਜਦ ਵੀ ਤੁਸਾਨੂੰ ਕਿਸੇ ਬਚਿਆਂ ਦੇ ਮੂੰਹ ਲਈ ਸਿਖ ਮਤ ਦਿਤੀ, ਤੁਸੀਂ ਸਦਾ 'ਅੰਨ੍ਹੀ ਮਾਂ, ਪੁਤ ਦਾ ਮੂੰਹ ਨਾ ਧੋਵੇ' ਅਖਾਣ ਤੇ ਅਮਲ ਕਰਦੇ ਹੋਏ ਉਨ੍ਹਾਂ ਨੂੰ ਕਦੀ ਕੁਸੰਗਤ ਤੋਂ ਵਰਜਿਆ ਨਾਂਹ। ਸਿੱਟਾ ਇਹ ਨਿਕਲਨਾ ਹੀ ਸੀ। (ਸੰਗ੍ਰ)

**ਅੰਨ੍ਹੀ ਰੂਹ ਤੇ ਗੰਦੇ ਫਰਿਸ਼ਤੇ।**

**ਭਾਵ** :— ਜਦ ਕਿਸੇ ਮਾੜੇ ਦੇ ਸਾਥੀ ਵੀ ਮਾੜੇ ਹੀ ਨਿਕਲ ਪੈਣ।

**ਵਰਤੋਂ** :— ਇਹ ਤਾਂ ਹੋਣਾ ਹੀ ਸੀ। ਜੇਹੀ ਰੂਹ, ਤੇਹੇ ਫ਼ਰਿਸ਼ਤੇ। ਜੇਹੇ ਲਫੰਡੀ ਨੰਬਰਦਾਰ ਹੁਰੀ, ਓਹੋ ਜੇਹੀ ਉਨ੍ਹਾਂ ਦੀ ਵਹੁਟੀ। 'ਅੰਨ੍ਹੀ ਰੂਹ ਨੂੰ ਗੰਦੇ ਫ਼ਰਿਸ਼ਤੇ' ਹੀ ਟਕਰਨੇ ਸਨ। (ਸੰਗ੍ਰ)

**ਅੰਨ੍ਹੇ ਅਗੇ ਅੰਧੇਰਾ ਤੇ ਉਜਾਲਾ ਇਕੋ।**

**ਭਾਵ** :— ਮੂਰਖ ਲਈ ਚੰਗਾ ਮੰਦਾ ਸਭ ਬਰਾਬਰ ਹੈ।

**ਵਰਤੋਂ** :— ਸਰਦਾਰ ਸਿੰਘ—ਚੰਚਲ ਸਿੰਘ ਲਈ 'ਅੰਨ੍ਹੇ ਅਗੇ ਅੰਧੇਰਾ ਤੇ ਉਜਾਲਾ ਇਕੋ' ਵਾਲਾ ਹਿਸਾਬ ਹੈ। ਜੇਹੇ ਉਸ ਲਈ ਭਾਂਡੇ ਮਾਂਜਣੇ ਤੇਹਾ ਵਣਜ ਕਰਨਾ। (ਸੰਗ੍ਰ)

**ਅੰਨ੍ਹੇ ਅਗੇ ਰੋ, ਆਪਣੇ ਦੀਦੇ ਖੋਹ।**
**ਜਾਂ ਅੰਨ੍ਹੇ ਅਗੇ ਰੋਣਾ, ਅਖੀਆਂ ਦਾ ਖੋ।**

**ਭਾਵ** :— ਜਦ ਕੋਈ ਅਜਿਹੀ ਥਾਂ ਆਪਣੇ ਦੁਖ ਫੋਲੇ ਜਿੱਥੇ ਉਲਟਾ ਧੀਰਜ ਦੀ ਥਾਂ ਹੋਰ ਦੁਖ ਪੁੱਜੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਮ ਸਿੰਘ—ਮਾਮੀ ਜੀ! ਤੁਸਾਨੂੰ ਰਾਣੋ ਅਗੇ ਕੀਰਨੇ ਪਾਣ ਦਾ ਕੀ ਲਾਭ, ਇਥੇ ਤਾਂ "ਅੰਨ੍ਹੇ ਅਗੇ ਰੋ, ਆਪਣੇ ਦੀਦੇ ਖੋਹ" ਵਾਲਾ ਲੇਖਾ ਹੈ। ਰਾਣੋ ਨੇ ਕੋਈ ਸੁਣਨਾ ਹੈ? (ਸੰ)

**ਅੰਨ੍ਹੇ ਅੰਨ੍ਹਾ ਖੂਹੇ ਠੇਲੇ।**

**ਭਾਵ** : ਜੇ ਰਸਤਾ ਦਸਣ ਵਾਲਾ ਅੰਨ੍ਹਾ ਹੋਵੇ, ਤਦ ਸਾਥੀ ਨੂੰ ਧੱਕੇ ਠੇਲੇ ਹੀ ਮਿਲਣੇ ਹਨ।

**ਵਰਤੋਂ** :— ਬਾਹਰ ਪੰਥ ਚਲਾਇੰਦੇ ਬਾਰਾਂ ਵਾਟੀ ਖਰੇ ਦੁਹੇਲੇ। ਵਿਣ ਗੁਰ ਸ਼ਬਦ ਨਾ ਸਿਝਨੀ ਬਾਜੀਗਰ ਕਰ ਬਾਜ਼ੀ ਖੇਲੇ। ਅੰਨ੍ਹੇ ਅੰਨ੍ਹਾ ਖੂਹੇ ਠੇਲੇ।

(ਵਾਰਾਂ—ਭਾਈ ਗੁਰਦਾਸ)

**ਅੰਨ੍ਹੇ ਕੁੱਤੇ ਹਿਰਨਾ ਮਗਰ (ਜਾਂ ਹਿਰਨਾ ਦੇ ਸ਼ਿਕਾਰੀ)**

**ਭਾਵ** :— ਜਦ ਕਿਸੇ ਕੰਮ ਨੂੰ ਅਯੋਗ ਬੰਦੇ ਦੇ ਹਵਾਲੇ ਕੀਤਾ ਜਾਵੇ ਤੇ ਕੰਮ ਵਿਗੜ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨਾਇਣ—'ਅੰਨ੍ਹੇ ਕੁੱਤੇ ਹਿਰਨਾ ਮਗਰ।' ਕਿਤੇ ਸੈਰ ਸ਼ਿਕਾਰ ਚੜ੍ਹੇ ਹੋਏ ਹੋਣਗੇ। ਹੋਰ ਕਿੱਥੇ ਜਾਣਾ ਨੇ? (ਹੀਰ ਸਿਆਲ)

**ਅੰਨ੍ਹੇ ਖੂਹ ਵਿਚ ਇੱਟਾਂ ਨਹੀਂ ਮਾਰੀਦੀਆਂ।**

**ਭਾਵ** :— ਬੇਸਮਝੀ ਨਾਲ ਕੰਮ ਕਰਨ ਵਾਲੇ ਨੂੰ ਸਮਝਾਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਾਂ—ਪੁੱਤ! ਹਰ ਗਲ ਪੂਰੀ ਵਿਚਾਰ ਨਾਲ ਹੀ ਕਰਨੀ ਚਾਹੀਦੀ ਹੈ। ਅੰਨ੍ਹੇ ਖੂਹ ਵਿਚ ਇੱਟਾਂ ਨਹੀਂ ਮਾਰੀਦੀਆਂ, ਇਉਂ ਕੰਮ ਵਿਗੜ ਜਾਂਦਾ ਹੈ। (ਸੰਗ੍ਰ)

**ਅੰਨ੍ਹੇ ਦਾ ਜੱਫਾ, ਰੋਹੀ ਦਾ ਖੜੱਪਾ।**

**ਭਾਵ** :— ਜਦ ਮੂਰਖ ਨਾਲ ਵਾਹ ਪੈ ਜਾਵੇ ਤੇ ਛੁਟਕਾਰਾ ਔਖਾ ਜਾਪੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹਰਨਾਮ ਸਿੰਘ ਹੁਣ ਤਾਂ ਖਹਿੜਾ ਛਡਣੋਂ ਹੀ ਰਿਹਾ। ਹੁਣ ਤਾਂ 'ਅੰਨ੍ਹੇ ਦਾ ਜੱਫਾ, ਰੋਹੀ ਦਾ ਖੜੱਪਾ' ਵਾਲਾ ਲੇਖਾ ਬਣਿਆ ਪਿਆ ਹੈ। (ਸੰਗ੍ਰ)

**ਅੰਨ੍ਹੇ ਦੀ ਜੋਰੂ, ਰੱਬ ਰਖਵਾਲਾ।**

**ਭਾਵ** :— ਜਦ ਕਿਸੇ ਅਜਿਹੇ ਪੁਰਸ਼ ਪਾਸ ਕੋਈ ਚੀਜ਼ ਹੋਵੇ, ਜਿਸ ਦੀ ਉਹ ਸੰਭਾਲ ਨਾ ਕਰ ਸਕੇ।

**ਵਰਤੋਂ** :— 'ਅੰਨ੍ਹੇ ਦੀ ਜੋਰੂ, ਰੱਬ ਰਖਵਾਲਾ' ਵਾਲੀ ਗਲ ਹੈ। ਇਥੇ ਤਾਂ ਮਨ-ਪਸੰਦ ਦੀਆਂ ਵਸਤਾਂ ਤਾਂ ਮਿਲ ਗਈਆਂ ਉਸ ਨੂੰ, ਪਰ ਹੁਣ ਸਾਂਭੇ ਕਿਸ ਦੀ ਸਮਝ ਨਾਲ।

**ਅੰਨ੍ਹੇ ਦੀ ਜੋਰੂ, ਸਾਰਿਆਂ ਦੀ ਭਾਬੀ।**

**ਭਾਵ** :— ਜਦ ਕੋਈ ਮਾੜਾ ਆਦਮੀ ਆਪਣੀ ਚੀਜ਼ ਦੀ ਸੰਭਾਲ ਨਾ ਕਰ ਸਕੇ ਤੇ ਜਣਾ ਖਣਾ ਉਸਨੂੰ ਵਰਤ ਕੇ ਖ਼ਰਾਬ ਕਰਨ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨਵਾਬ ਸਿੰਘ—ਮਸਤਾਨ ਸਿੰਘ ਦੀ ਖੇਤੀ ਕੇਹੀ ਚੰਗੀ ਉਗੀ ਸੀ, ਪਰ ਉਸ ਦੀ ਬੇਪਰਵਾਹੀ ਕਰਕੇ 'ਅੰਨ੍ਹੇ ਦੀ ਜੋਰੂ, ਸਾਰਿਆਂ ਦੀ ਭਾਬੀ' ਵਾਲੀ ਗਲ ਬਣ ਗਈ ਜਾਪਦੀ ਹੈ। ਲੋਕਾਂ ਦੇ ਡੰਗਰਾਂ ਨੇ ਸਾਰੀ ਫ਼ਸਲ ਉਜਾੜ ਦਿੱਤੀ ਹੈ। (ਸੰਗ੍ਰ)

**ਅੰਨ੍ਹੇ ਦੀ ਰੀਝ, ਗੁਲੇਲ ਉਤੇ।**

**ਭਾਵ** :— ਜਦ ਕੋਈ ਮੂਰਖ ਕਿਸੇ ਔਖੇ ਕੰਮ ਨੂੰ ਹੱਥ ਪਾਵੇ, ਤਦ ਇਹ ਅਖਾਣ ਹਾਸ-ਰਸ ਵਿਚ ਵਰਤਦੇ ਹਨ।

**ਵਰਤੋਂ** :— ਸ਼ਾਹ—ਓਏ ਕਿਰਪਿਆ! 'ਅੰਨ੍ਹੇ ਦੀ ਰੀਝ ਗੁਲੇਲ ਉਤੇ' ਵਾਲੀ ਗਲ ਨਾ ਕਰ। ਆਪਣੀ ਮਤ ਅਨੁਸਾਰ ਹੀ ਕੰਮਾਂ ਨੂੰ ਹੱਥ ਪਾ, ਨਹੀਂ ਤਾਂ ਦੁਖੀ ਹੋਵੇਂਗਾ। (ਸੰਗ੍ਰ)

**ਅੰਨ੍ਹੇ ਨੂੰ ਅੰਨ੍ਹੇ ਖੂਹ ਤੇ ਦੇਖਕੇ ਨਾ ਹੋੜੀਏ ਭਾਵੇਂ ਡਿਗਦਾ ਹੋਵੇ।**

**ਭਾਵ** :— ਜਦ ਕੋਈ ਜਾਣ ਬੁਝ ਕੇ ਗਲਤੀ ਜਾਂ ਖ਼ਰਾਬੀ ਦਾ ਸ਼ਿਕਾਰ ਬਣੇ।

**ਵਰਤੋਂ** :— ਸਾਡਾ ਜੀ ਇਸ ਵੇਲੇ ਰਹਿ ਨਹੀਂ ਸਕਦਾ ਕਿ ਅੰਨ੍ਹੇ ਨੂੰ ਅੰਨ੍ਹੇ ਖੂਹ ਤੇ ਦੇਖਕੇ ਨਾ ਹੋੜੀਏ, ਭਾਵੇਂ ਅੰਨ੍ਹਾ ਜਾਣ ਬੁਝਕੇ ਹੀ ਡਿਗਦਾ ਹੋਵੇ, ਪਰ ਦੇਖ ਕੇ ਨਾ ਰੋਕਣ ਵਾਲੇ ਨੂੰ ਪਾਪ ਹੈ। (ਸ੍ਰੀ ਹਰਿਚਰਣ ਵਿਸਥਾਰ—ਬਲਬੀਰ ਸਿੰਘ)

**ਅੰਨ੍ਹੇ ਨੂੰ ਹੀਰਾ ਤੇ ਕੰਕਰ ਇਕੋ ਜਿਹਾ ਹੈ।**

**ਭਾਵ** :— ਜਦ ਕਿਸੇ ਮੂਰਖ ਨੂੰ ਚੰਗੀ ਜਾਂ ਮੰਦੀ ਚੀਜ਼ ਦੀ ਉੱਕੀ ਹੀ ਪਰਖ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਰਦਾਰ ਜੀ! ਕਰਮ ਸਿੰਘ ਦੀ ਕੀ ਗਲ ਕਰਨੀ ਹੋਈ, ਉਸ ਅੰਨ੍ਹੇ ਲਈ ਤਾਂ ਹੀਰਾ ਕੰਕਰ ਇਕੋ ਜੇਹੇ ਹਨ। (ਸੰਗ੍ਰ)

**ਅੰਨ੍ਹੇ ਨੂੰ ਕਾਣਾ ਸੌ ਵਲ ਪਾ ਕੇ ਮਿਲਦਾ ਹੈ।**

**ਭਾਵ** :— ਜਦ ਇਕੋ ਜੇਹੇ ਭੈੜੇ ਆਦਮੀਆਂ ਦਾ ਆਪਸ ਵਿਚ ਮੇਲ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਚਾਚੇ ਦੀ ਨੀਤ ਖੋਟੀ ਸੀ ਉਸਨੂੰ ਭਿਆਲ ਆਕੇ ਮਿਲਿਆ ਤਾਂ ਉਸ ਤੋਂ ਵੀ ਚਾਰ ਚੁੱਕੇ ਵਧੀਕ। ਅੰਨ੍ਹੇ ਨੂੰ ਕਾਣਾ ਸੌ ਵਲ ਪਾ ਕੇ ਮਿਲਦਾ ਹੈ। (ਸੰਗ)

**ਅੰਨ੍ਹੇ ਨੂੰ ਬੋਲਾ ਧੁੱਸੇ (ਧੂਹੇ), ਨਾ ਉਸਨੂੰ ਸੁਣੇ ਤੇ ਨਾ ਉਸ ਨੂੰ ਦਿੱਸੇ।**

**ਭਾਵ** :— ਜਦ ਮੂਰਖ ਬੇਸਮਝੀ ਨਾਲ ਆਪਸ ਵਿਚ ਝਗੜਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹਵਾ ਤਾਂ ਤੰਬਾਕੂ ਦੇ ਧੂੰਏਂ ਨਾਲ ਅਗੇ ਹੀ ਗੰਦੀ ਹੋਈ ਹੁੰਦੀ ਏ, ਦਿਮਾਗ ਹੁੱਕੇ ਅਤੇ ਨਸਵਾਰ ਦੇ ਚੁਟਕਿਆਂ ਨੇ ਗੰਦਾ ਕਰ ਛਡਿਆ ਹੁੰਦਾ ਹੈ। ਬਸ ਫੇਰ ਕੀ 'ਅੰਨ੍ਹੇ ਨੂੰ ਬੋਲਾ ਧੁੱਸੇ, ਨਾ ਉਸਨੂੰ ਸੁਣੇ ਤੇ ਨਾ ਉਸਨੂੰ ਦਿਸੇ' ਦੀ ਕਹਾਵਤ ਅਨੁਸਾਰ ਚੰਗੀ ਡਾਂਗ ਚਲਦੀ ਹੈ।

(ਗੁਰਦੁਆਰਾ ਗਜ਼ਟ—ਗਿਆਨੀ ਲਾਲ ਸਿੰਘ)

**ਅੰਨ੍ਹੇ ਨੂੰ ਮਾਂ ਮਸੀਤੀਂ ਛਡ ਗਈ** ਜਾਂ **ਅੰਨ੍ਹੇ ਨੂੰ ਮਾਂ ਮਸੀਤੀ ਸੁਟਦੀ ਹੈ।**

**ਭਾਵ** :— ਜਦ ਕੋਈ ਕਿਸੇ ਲੋੜਵੰਦ ਨੂੰ ਸਹਾਇਤਾ ਦਾ ਭਰੋਸਾ ਦੇ ਕੇ ਉਸ ਦੀ ਵਾਤ ਤਕ ਨਾ ਪੁੱਛੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਰਤਾਰ ਸਿੰਘ—ਮੈਨੂੰ ਰਾਮ ਚੰਦ ਵਲੋਂ ਮਦਦ ਪੁੱਜਣ ਦਾ ਭਰੋਸਾ ਸੀ, ਪਰ ਉਸ ਨੇ ਤਾਂ ਮੈਨੂੰ ਅੰਨ੍ਹੇ ਦੀ ਮਾਂ ਵਾਂਗ ਮਸੀਤੀ ਸੁੱਟਣ ਵਾਲੀ ਗਲ ਕੀਤੀ ਹੈ। ਮੁੜ ਕੇ ਵਾਤ ਹੀ ਨਹੀਂ ਪੁੱਛੀ। (ਸੰਗ)

**ਅੰਨ੍ਹੇ ਚੰਦ ਨਾ ਦਿਸਈ ਜਗ ਜੋਤ ਸਬਾਈ।**

**ਭਾਵ** :— ਸਾਰਾ ਸੰਸਾਰ ਚੰਨ ਵੇਖਦਾ ਹੈ ਪਰ ਅੰਨ੍ਹੇ ਨੂੰ ਨਹੀਂ ਦਿਸਦਾ, ਅਰਥਾਤ ਜਿਸ ਨੂੰ ਚੀਜ਼ ਦੀ ਪਛਾਣ ਨਾ ਹੋਵੇ, ਉਸ ਲਈ ਉਸ ਦੇ ਹੋਂਦ ਜਾਂ ਅਣਹੋਂਦ ਇਕੋ ਜਿਹੀ ਹੈ।

**ਵਰਤੋਂ** :— ਅੰਨ੍ਹੇ ਚੰਦ ਨਾ ਦਿਸਈ, ਜਗ ਜੋਤ ਸਬਾਈ। ਬੋਲਾ ਰਾਗ ਨਾ ਸਮਝਈ ਕਿਹੁ ਘਟ ਘਟ ਨਾ ਜਾਈ॥ ਵਾਸ ਨਾ ਆਵੇ ਗੁਣਗੁਣੈ ਪਰਮਲ ਮਹਕਾਈ॥ (ਵਾਰਾਂ—ਭਾਈ ਗੁਰਦਾਸ ਜੀ)

**ਅੰਨੈ ਬਿਨਾ ਨਾ ਹੋਇ ਸੁਕਾਲ॥**

**ਭਾਵ** :— ਅੰਨ ਘਟ ਪੈਦਾ ਹੋਣ ਨਾਲ ਸੁਕਾਲ ਨਹੀਂ ਹੁੰਦਾ।

**ਵਰਤੋਂ** :— 'ਅੰਨੈ ਬਿਨਾ ਨਾ ਹੋਇ ਸੁਕਾਲ। ਤਜਿਐ ਅੰਨਿ ਨਾ ਮਿਲੈ ਗੁਪਾਲ॥

(ਗੁਰੂ ਗ੍ਰੰਥ—ਗੋਂਡ ਕਬੀਰ)

**ਅੰਬ ਖਾਣੇ ਨੇ ਕਿ ਪੇੜ ਗਿਣਨੇ ਨੇ।**

**ਭਾਵ** :— ਜਦ ਕੋਈ ਆਪਣਾ ਅਸਲੀ ਮਨੋਰਥ ਛੱਡ ਕੇ ਹੁਜਤਾਂ ਕਰਨ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨੀ ਸ਼ੀਲੋ! ਤੂੰ ਅੰਬ ਖਾਣੇ ਨੇ ਕਿ ਪੇੜ ਗਿਣਨੇ ਨੇ? ਤੂੰ ਆਪਣੇ ਕੰਮ ਵਲ ਧਿਆਨ ਕਰ। ਹੁਜਤਾਂ ਕਰਨ ਵਿਚ ਤੈਨੂੰ ਕੀ ਲਭਣਾ ਏ? (ਸੰਗ)

**ਅੰਬ ਵੱਢ ਅੱਕਾਂ ਨੂੰ ਵਾੜ ਦੇਣੀ।**

**ਭਾਵ** :— ਜਦ ਚੰਗੀ ਚੀਜ਼ ਨੂੰ ਛਡ ਕੋਈ ਮਾਮੂਲੀ ਚੀਜ਼ ਲਈ ਕਸ਼ਟ ਝਲੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—

ਸੀਨ ਸਮਝ ਰਾਜਾ ਤੇਰੀ ਬੁਧ ਮਾਰੀ,
ਕਹਿੰਦੀ ਇਛਰਾਂ ਵਾਸਤਾ ਪਾਇਕੇ ਜੀ।
ਅੰਬ ਵੱਢ ਕੇ ਅੱਕਾਂ ਨੂੰ ਵਾੜ ਦੇਣੀ,
ਪਛੋਤਾਇੰਗਾ ਵਖਤ ਵਿਹਾਇਕੇ ਜੀ।

(ਕਾਦਰਯਾਰ)

**ਅੰਬਾਂ ਸਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਏ। ਜਾਂ ਅੰਬਾਂ ਦੀ ਭੁੱਖ ਅੰਬਾਕੜੀਆਂ ਤੋਂ (ਨਾਲ) ਨਹੀਂ ਲਹਿੰਦੀ (ਮਿਟਦੀ)**

**ਭਾਵ** :— ਜਦ ਕੋਈ ਭਲੇ ਲੋਕਾਂ ਦੀ ਸੰਗਤ ਛਡ, ਭੈੜੀ ਸੰਗਤ ਵਿਚੋਂ ਨੇਕੀ ਦੀ ਭਾਲ ਕਰੇ, ਜਾਂ ਆਸ ਤਾਂ ਹੋਵੇ ਕਿਸੇ ਸਨੇਹੀ ਦੇ ਆਉਣ ਦੀ ਤੇ ਆ ਜਾਵੇ ਕੋਈ ਹੋਰ; ਤਦ ਇਹ ਆਖਣ ਵਰਤਦੇ ਹਨ।

**ਵਰਤੋਂ** :—

ਮਾਊ ਹੋਤੁ ਨਾ ਪੁਜਨੀ ਹੇਤ ਨਾ ਮਾਮੇ ਮਾਸੀ ਜਾਏ ॥
ਅੰਬਾਂ ਸਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਏ ॥
(ਵਾਰਾਂ—ਭਾਈ ਗੁਰਦਾਸ)

**ਅੰਬਾਂ ਨੂੰ ਵੱਢ ਕੇ ਅੱਕਾਂ ਨਾਲ-ਜੀ-ਪਰਚਾਵਾ।**

**ਭਾਵ** :— ਜਦ ਕੋਈ ਕਿਸੇ ਅਤਿ ਚੰਗੀ ਵਸਤੂ ਜਾਂ ਬੰਦੇ ਨੂੰ ਛਡ ਮਾੜਿਆਂ ਨਾਲ ਜੀ ਪਰਚਾਵਾ ਕਰਨ ਲਈ ਜਤਨ ਕਰੇ, ਤਦ ਉਹ ਅਗੋਂ ਇਹ ਅਖਾਣ ਵਰਤਦਾ ਹੈ।

**ਵਰਤੋਂ** :— ਪੁਤ੍ਰ—(ਮਾਂ ਦੇ ਪੈਰ ਫੜਕੇ) ਪਿਆਰੀ ਮਾਂ! ਮੇਰੇ ਪਿੱਛੇ ਆਪਣੀ ਪਤ ਨਾ ਗੁਆ ਮੈਨੂੰ ਸਮਝ ਕਿ ਮਰ ਗਿਆ, ਮਾਂ! ਜਿਨ੍ਹਾਂ ਦੇ ਪੁੱਤਰ ਮਰ ਜਾਂਦੇ ਹਨ। ਉਹ ਕੀ ਕਰਦੀਆਂ ਹਨ? ਧੀਰਜ ਕਰ।

ਮਾਂ—ਬਚਾ! ਅੰਬਾਂ ਨੂੰ ਵੱਢ ਕੇ ਅੱਕਾਂ ਨਾਲ ਜੀ-ਪਰਚਾਵਾ ਮੇਰੇ ਵਸ ਨਹੀਂ।

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਅੰਬਾਂ ਵਿਚੋਂ ਅੱਕ**

**ਭਾਵ** :— ਜਦ ਕਿਸੇ ਚੰਗੇ ਘਰਾਣੇ ਵਿਚੋਂ ਕੋਈ ਮਾੜਾ ਪੁਰਸ਼ ਨਿਕਲ ਆਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਰਦਾਰ ਮਿਲਖਾ ਸਿੰਘ ਦਾ ਘਰਾਣਾ ਬੜਾ ਹੀ ਸਾਊ ਤੇ ਭਲਾਮਾਣਸ ਸੀ, ਪਰ ਰੱਬ ਦੀ ਨੇਤ ਉਹਦਾ ਮੁੰਡਾ ਨਿਹਾਲ ਸਿੰਘ "ਅੰਬਾਂ ਵਿਚੋਂ ਅੱਕ" ਨਿਕਲ ਆਇਆ ਹੈ। ਨਲੈਕ ਨੇ ਸਾਰੀ ਪਾਣ ਪਤ ਰੋਲ ਘਤੀ ਹੈ। (ਸੰਗ੍ਰ)

**ਅੰਬਰੋਂ ਡਿੱਗੀ, ਧਰਤ ਪੜੁੱਛੀ।**

**ਵਰਤੋਂ** :— ਜਦ ਕੋਈ ਉੱਚੀ ਪਦਵੀ ਤੋਂ ਡਿੱਗ, ਨੀਵੀਂ ਥਾਂ ਉਤੇ ਆ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਆਹ! ਵਿਚਾਰੀ ਦੇ ਭਾਗ! ਪਤੀ ਦੇ ਚਲਾਣਾ ਕਰ ਜਾਣ ਨਾਲ ਉਸ ਦਾ ਤਾਂ ਇਹ ਹਾਲ ਹੈ ਕਿ 'ਅੰਬਰੋਂ ਡਿੱਗੀ ਧਰਤ ਪੜੁੱਛੀ'। ਕਿਥੇ ਨਗਰ ਵਾਲੇ ਉਸਦੀਆਂ ਵਾਰਾਂ ਗਾਉਂਦੇ ਰਜਦੇ ਨਹੀਂ ਸਨ ਤੇ ਕਿਥੇ ਹੁਣ ਕੋਈ ਵਾਤ ਵੀ ਨਹੀਂ ਪੁਛਦਾ।
(ਸੰਗ੍ਰ)

**ਅੰਮਾਂ ਜਾਏ ਪੰਜ ਪੁਤ, ਕਰਮ ਨਾ ਦੇਂਦੀ ਵੰਡ।**

**ਭਾਵ** :— ਜਦ ਇਕੋ ਮਾਂ ਦੇ ਜਾਏ ਪੁੱਤਾਂ ਦੀ ਮਾਲੀ ਹਾਲਤ ਅਡੋ ਅਡਰੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇਹ ਪੰਜ ਭਰਾ ਜੇ। ਇਕ ਕਰਨੈਲ ਜੇ, ਦੂਜਾ ਰੇਲ ਦਾ ਵੱਡਾ ਅਫਸਰ, ਤੀਜਾ ਸਕੂਲ ਮਾਸਟਰ, ਚੌਥਾ ਪਟਵਾਰੀ ਤੇ ਪੰਜਵਾਂ ਕਰਮਾਂ ਦਾ ਮਾਰਿਆ ਪਕੌੜੇ ਤਲਦਾ ਹੈ। ਅੰਮਾਂ ਜਾਏ ਪੰਜ ਪੁਤ, ਕਰਮ ਨਾ ਦੇਂਦੀ ਵੰਡ। (ਸੰਗ੍ਰ)

**ਅੰਮਾਂ ਨਾਲੋਂ ਧੀ ਸਿਆਣੀ, ਰਿੱਧੇ ਪੱਕੇ ਵਿਚ ਪਾਵੇ ਪਾਣੀ।**

**ਭਾਵ** :— ਜਦ ਨੌਕਰ ਮਾਲਕ ਨਾਲੋਂ ਵਧੀਕ ਚਤਰਾਈ ਦਸਦਿਆਂ ਕੰਮ ਵਿਗਾੜ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਿਹਰ ਸਿੰਘ ਆਪਣੇ ਆਪ ਨੂੰ ਸਰਦਾਰ ਜੀ ਦਾ ਬੜਾ ਚਾਤਰ ਨੌਕਰ ਦਸਦਾ ਹੈ, ਪਰ ਉਸ ਪਾਸੋਂ ਹੁਣ ਤਾਈਂ ਕੋਈ ਕੰਮ ਤਾਂ ਰਾਸ ਨਹੀਂ ਹੋਇਆ। ਉਸਦਾ ਤਾਂ 'ਅੰਮਾਂ ਨਾਲੋਂ ਧੀ ਸਿਆਣੀ, ਰਿੱਧੇ ਪੱਕੇ ਵਿਚ ਪਾਵੇ ਪਾਣੀ' ਵਾਲਾ ਹਾਲ ਹੈ।

**ਅੰਮਾਂ ਨੀ ਅਮਾਂ, ਮੈਂ ਕਿਹੜੇ ਵੇਲੇ ਨਿਕੰਮਾ ।**

**ਭਾਵ** :— ਜਦ ਕੋਈ ਵਿਹਲਾ ਆਦਮੀ ਆਖੇ ਕਿ ਮੈਨੂੰ ਵਿਹਲ ਹੀ ਨਹੀਂ ਮਿਲਦੀ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਵਰਿਆਮ—ਅਖੇ 'ਅੰਮਾਂ ਨੀ ਅੰਮਾਂ ਮੈਂ ਕਿਹੜੇ ਵੇਲੇ ਨਿਕੰਮਾ' । ਭਾਬੀ ! ਸੋ ਸਾਡਾ ਹਾਲ ਏ । ਜੇ ਵਿਹਲ ਹੋਈ ਤਾਂ ਸਗੋਂ ਬਹੁਤਾ ਕੰਮ ਹੁੰਦਾ ਏ ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਅੰਮਾਂ ਨਾਲੋਂ ਹੇਜਲੀ, ਸੋ ਫੱਫੇਕੁੱਟਣ ।**

**ਭਾਵ** :— ਜਦ ਕੋਈ ਕਿਸੇ ਨਾਲ ਮਨ ਵਿਚ ਤਾਂ ਵੈਰ ਰਖੇ ਪਰ ਬਾਹਰਮੁਖੀ ਬੜਾ ਪਿਆਰ ਦਸੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** : — ਕੁਲਦੀਪ ਨੂੰ ਹੋਰ ਖੁਲ੍ਹਣ ਦਾ ਮੌਕਾ ਮਿਲਿਆ ਮੇਰੇ ਘਰੋਗੀ ਕੰਮਾਂ ਵਿਚ ਕਿਸੇ ਨੂੰ ਦਲਾਲ ਪੈਣ ਦੀ ਲੋੜ ਨਹੀਂ । 'ਅੰਮਾਂ ਨਾਲੋਂ ਹੇਜਲੀ, ਸੋ ਫੱਫੇ ਕੁੱਟਣ ।'

(ਅੱਧ-ਖਿੜਿਆ ਫੁਲ—ਨਾਨਕ ਸਿੰਘ)

**ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥**

**ਭਾਵ** :— ਅੰਮ੍ਰਿਤ ਦੀ ਕਦਰ ਉਸੇ ਨੂੰ ਹੈ, ਜਿਹੜਾ ਇਸ ਵਸਤੂ, ਅੰਮ੍ਰਿਤ ਦਾ ਗਾਹਕ ਹੈ ।

**ਵਰਤੋਂ** :—

"ਜਿਸ ਨੋ ਸਾਚਾ ਸਿਫਤੀ ਲਾਏ ॥
ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ॥
ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥"

(ਗੁਰੂ ਗ੍ਰੰਥ—ਰਾਗ ਮਾਰੂ)

**ਅੰਮ੍ਰਿਤ ਛਾਡਿ ਬਿਖੈ ਬਿਖੁ ਖਾਈ ॥**

**ਭਾਵ** :— ਅੰਮ੍ਰਿਤ ਨੂੰ ਛੋੜ ਜ਼ਹਿਰ ਹੀ ਜ਼ਹਿਰ ਖਾਧੀ । ਭਾਵ, ਚੰਗੇ ਕੰਮਾਂ ਨੂੰ ਛਡ ਮਾੜੇ ਕੀਤੇ ।

**ਵਰਤੋਂ** :—

"ਹਮ ਅਵਗੁਣਿ ਭਰੇ ਏਕੁ 'ਗੁਣ ਨਾਹੀ ॥
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥"

(ਗੁਰੂ ਗ੍ਰੰਥ—ਸਵਈਏ ਮਹਲੇ ਚੌਥੇ )

**ਅੰਮੂ ਭਾਲੇ ਮੇਘਲਾ, ਭੂਲੀ ਫਿਰੇ ਗਵਾਰ ।**

**ਭਾਵ** :— ਕਿਸੇ ਅਜਿਹੇ ਸਮੇਂ ਕਿਸੇ ਚੀਜ਼ ਦੀ ਮੰਗ ਕਰਨੀ, ਜਿਸ ਵੇਲੇ ਉਸ ਦਾ ਮਿਲਣਾ ਕਠਿਨ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਲਛਮੀ ਭਜਦੀ ਭਜਦੀ ਆਈ ਤੇ ਆਪਣੀ ਭੈਣ ਪਾਸੋਂ ਥੋੜੀ ਜਿਹੀ ਬਰਾਂਡੀ ਮੰਗੀ । ਬਰਾਂਡੀ ਘਰ ਖਤਮ ਸੀ ਤੇ ਪਿੰਡ ਵਿਚੋਂ ਕਿਸੇ ਹੋਰ ਪਾਸੋਂ ਵੀ ਨਾ ਮਿਲੀ । ਮੇਰੇ ਨਾਲ ਵੀ ਅੱਜ 'ਅੰਮੂ ਭਾਲੇ ਮੇਘਲਾ, ਭੂਲੀ ਫਿਰੇ ਗਵਾਰ' ਵਾਲੀ ਗਲ ਹੋਈ । ਰਾਤੀਂ ਬਰਾਂਡੀ ਦੀ ਲੋੜ ਪੈ ਗਈ, ਜਿਸਦੇ ਘਰ ਜਾਵਾਂ, ਸਾਰੇ ਆਖਣ ਮੁਕੀ ਹੋਈ ਏ ।

(ਸੰਗ੍ਰ)

**ਆਂਗਲਾ ਤੜਾਂਗਲਾ, ਪਰਾਈ ਭਿੱਟ ਕੋਈ ਨਾਂ ।**

**ਭਾਵ** :— ਜਦ ਮੁੰਡੇ ਕੁੜੀਆਂ ਕਿਸੇ ਨੀਵੇਂ ਜਾਂ ਮਾੜੇ ਸਾਥੀ ਨੂੰ ਤੰਗ ਕਰਨ ਜਾਂ ਮਖੌਲ ਕਰਨ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕੁੜੀਆਂ ਮੁੰਡੇ ਅੰਦਰ ਬਾਹਰ ਆਂਦੇ ਜਾਂਦੇ ਉਸ ਨਾਲ ਕੋਈ ਨਾ ਕੋਈ ਛੇੜ ਛਾੜ ਕਰ ਹੀ ਜਾਂਦੇ ਸਨ । ਕਿਸੇ ਕੁੜੀ ਨੇ ਦੂਜੀ ਨੂੰ ਧੱਕਾ ਦੇ ਕੇ ਉਸ ਉਤੇ ਸੁੱਟ ਦੇਣਾ ਤੇ ਮਗਰੋਂ ਉਂਗਲਾਂ ਦਾ ਅੜਾਂਗੜਾ ਪਾ ਕੇ ਕਹਿਣ ਲਗ ਪੈਣਾ 'ਆਂਗਲਾ ਤੜਾਂਗਲਾ ਪਰਾਈ ਭਿੱਟ ਕੋਈ ਨਾ' ਤੇ ਭਿੱਟਣ ਵਾਲੀ ਕੁੜੀ ਨੇ ਜ਼ਿਦ ਨਾਲ ਦੂਸਰਿਆਂ ਨੂੰ ਛੋਹਣ ਲਈ ਦੌੜਨਾ ।

(ਚਿੱਟਾ ਲਹੂ—ਨਾਨਕ ਸਿੰਘ)

**ਆਂਡੇ ਕਿਤੇ ਤੇ ਕੁੜ ਕੁੜ ਕਿਤੇ ।**

**ਭਾਵ** :— ਜਦ ਕੋਈ ਸੁਖ ਤਾਂ ਕਿਸੇ ਹੋਰ ਨੂੰ ਦੇਵੇ ਅਤੇ ਦੁਖ ਬਣੇ ਤੇ ਕਿਸੇ ਹੋਰ ਦੀ ਸਹਾਇਤਾ ਢੂੰਡੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਾਈਂ ਲੋਕ—ਗੁਰਮੁਖ ਸਿੰਘ ਜੀ ! ਤੁਸਾਡੀ ਤਾਂ ਇਹ ਆਦਤ ਹੋ ਗਈ ਹੈ ਕਿ 'ਆਂਡੇ ਕਿਤੇ ਤੇ ਕੁੜ ਕੁੜ ਕਿਤੇ' ਸੁਖ ਵੇਲੇ ਤਾਂ ਨਾਨਕੇ ਜਾ ਵਸਦੇ ਹੋ, ਪਰ ਔਕੜ ਆ ਬਣਨ ਵੇਲੇ ਸਾਹੁਰੇ ਘਰ ਆ ਜਾਂਦੇ ਹੋ । ਇਹ ਠੀਕ ਨਹੀਂ । (ਸੰਗ੍ਰ)

**ਆਂਦਰਾਂ ਭੁਖੀਆਂ ਤੇ ਮੁੱਛਾਂ ਤੇ ਚੋਲ ।**

**ਭਾਵ** :—ਅੰਦਰੋਂ ਤਾਂ ਕੋਈ ਦੁਖੀ ਹੋਵੇ, ਪਰ ਬਾਹਰ ਸੁਖੀ ਬਣ ਬਹੇ, ਜਾਂ ਅੰਦਰ ਕੁਝ ਤੇ ਬਾਹਰੋਂ ਕੁਝ ।

**ਵਰਤੋਂ** :— ਦਿਖਾਵੇ ਨਾਲ ਕੀ ਬਣਦਾ ਹੈ, ਜੇ ਅੰਦਰ ਕੁਝ ਵੀ ਨਾ ਹੋਵੇ । 'ਆਂਦਰਾਂ ਭੁਖੀਆਂ ਤੇ ਮੁੱਛਾਂ ਤੇ ਚੋਲ' । ਕਦ ਤੀਕ ਕਿਸੇ ਨੂੰ ਧੋਖਾ ਦੇ ਸਕਦੇ ਹਨ । (ਸੰਗ੍ਰ)

## ੲ

**ਇਆਣਾ ਬਾਤ ਕਰੇ ਸਿਆਣਾ ਕਿਆਸ ਕਰੇ ।**

**ਭਾਵ** :— ਜਦ ਕੋਈ ਅਜੇਹੀ ਗਲ ਕਰੇ, ਜਿਹੜੀ ਢੁਕਦੀ ਫਬਦੀ ਨਾ ਹੋਵੇ ਤਦ ਇਹ ਅਖਾਣ ਵਰਤਦੇ ਹਨ । ਜਾਂ ਮੂਰਖ ਤਾਂ ਗੱਪ ਹੀ ਮਾਰਦੇ ਹਨ ਪਰ ਸਿਆਣੇ ਸੋਚ ਕੇ ਗਲ ਕਰਦੇ ਹਨ ।

**ਵਰਤੋਂ** :—"ਇਆਣਾ ਬਾਤ ਕਰੇ, ਸਿਆਣਾ ਕਿਆਸ ਕਰੇ ।" ਬਸ ਜੇ ਅੰਦਰ ਦੀ ਗੱਲ ਜਾਣਦੇ ਹੋ ਤਾਂ ਦਸ ਵੱਟ ਜਾਉ । ਝੋਲ ਕੇ ਬਖ ਮਾਰਨੀ ਚੰਗੀ ਨਹੀਂ । (ਸੰਗ੍ਰ)

**ਇਆਣੇ ਦੀ ਯਾਰੀ, ਸਦਾ ਖੁਆਰੀ ।**

**ਭਾਵ** : —ਜਦ ਕਿਸੇ ਨੂੰ ਇਆਣੇ ਨਾਲ ਦੋਸਤੀ ਹੋਣ ਕਰ ਕੇ ਨੁਕਸਾਨ ਪੁੱਜੇ, ਜਾਂ ਬਿਪਤੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭਰਾ ਜੀ ! "ਇਆਣੇ ਦੀ ਯਾਰੀ, ਸਦਾ ਖੁਆਰੀ ।" ਸ਼ੇਰ ਦੀਨ ਨੇ ਮੇਰੀ ਕੀ ਮਦਦ ਕਰਨੀ ਸੀ ? ਅਣਜਾਣਪੁਣੇ ਕਰਕੇ ਆਪਣੇ ਆਪ ਨੂੰ ਵੀ ਲੈ ਡੁੱਬਾ । (ਸੰਗ੍ਰ)

**ਇਸ ਸੁਹਾਗ ਨਾਲੋਂ ਰੰਡੇਪਾ ਚੰਗਾ ।**

**ਭਾਵ** :— ਜਦ ਕੋਈ ਕਿਸੇ ਦੀ ਮਿਤ੍ਰਤਾ ਜਾਂ ਸੰਬੰਧ ਤੋਂ ਬਹੁਤ ਹੀ ਅਕਿਆ ਹੋਵੇ, ਤਾਂ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਦਾਸ—ਰੱਬ ਹੀ ਦਇਆ ਕਰੇ ! ਦਇਆ ਹੁੰਦੀ ਦਿਸਦੀ ਨਹੀਂ ! ਕ੍ਰੋਧ ਦੀ ਅੱਗ ਵਿਚ ਪਿਆ ਸੜਦਾ ਏ । ਕੜ੍ਹੀ ਦੇ ਉਬਾਲ ਵਾਂਗੂੰ ਉਬਲ ਉਬਲ ਕੰਢੇ ਪਿਆ ਲੂੰਹਦਾ ਏ । ਭਈ ਮਨਾ, ਇਹੋ ਜਿਹੇ ਮਾਲਕ ਕੋਲੋਂ ਤਾਂ ਰੱਬ ਦੀ ਪਨਾਹ । ਇਸ ਸੁਹਾਗ ਨਾਲੋਂ ਰੰਡੇਪਾ ਚਗਾ ।

(ਰਜਨੀ ਨਾਟਕ—ਬਲਵੰਤ ਸਿੰਘ)

**ਇਸ ਹੱਥ ਦੇਹ, ਉਸ ਹੱਥ ਲੈ ।** ਵੇਖੋ: ਇਹ ਕਲਜੁਗ ਨਹੀਂ, ਇਹ ਕਰ ਜੁਗ ਏ ।

**ਭਾਵ** :— ਜਦ ਕੀਤੇ ਦਾ ਫਲ ਛੇਤੀ ਹੀ ਮਿਲੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਹੇਮ ਰਾਜ ਦਾ ਖ਼ਿਆਲ ਸੀ ਕਿ ਮੇਰੀ ਬੇਈਮਾਨੀ ਇਸੇ ਤਰ੍ਹਾਂ ਛੁਪੀ ਰਹੇਗੀ, ਪਰ ਉਹ ਛੇਤੀ ਹੀ ਵੱਢੀ ਲੈਂਦਾ ਫੜਿਆ ਗਿਆ । ਕੀਤੇ ਦਾ ਫਲ ਤਾਂ ਭੁਗਤਣਾ ਹੀ ਪੈਂਦਾ ਹੈ । "ਇਸ ਹੱਥ ਦੇਹ ਤੇ ਉਸ ਹੱਥ ਲੈ ।" (ਸੰਗ੍ਰ)

**ਇਸ ਬਾਬਲ ਦਾ ਕੀ ਭਰਵਾਸਾ, ਡੋਲੀ ਪਿਆਂ ਵੀ ਕੱਢੇ ।**

**ਭਾਵ** : ਜਦ ਅਖੀਰ ਵੇਲੇ ਤੀਕ ਕਿਸੇ ਉਤੇ ਭਰੋਸਾ ਨਾ ਰਖਿਆ ਜਾ ਸਕੇ ।

**ਵਰਤੋਂ** :— ਹਾਂ ਜੀ, ਹੈ ਤਾਂ ਚੰਗਾ, ਬੜਾ ਚੰਗਾ, ਪਰ "ਇਸ ਬਾਬਲ ਦਾ ਕੀ ਭਰਵਾਸਾ, ਇਹ ਡੋਲੀ ਪਿਆਂ ਵੀ ਕਵੇ।" ਸਮਾਂ ਲੰਘ ਗਿਆ, ਤਦ ਵੇਖਾਂਗੇ। (ਸੰਗ੍ਰ)

**ਇਸਤ੍ਰੀ ਰੂਪ ਚੇਰੀ ਕੀ ਨਿਆਈ।**

**ਭਾਵ** :— ਇਸਤ੍ਰੀ ਕਮਜ਼ੋਰ ਹੈ, ਇਹ ਪਤੀ ਬਿਨਾ ਸੋਭਾ ਨਹੀਂ ਪਾਉਂਦੀ।

**ਵਰਤੋਂ** :—

"ਹਮ ਤੇਰੀ ਧਰ ਸੁਆਮੀਆ ਮੇਰੇ
ਤੂ ਕਿਉ ਮਨਹੁ ਬਿਸਾਰੇ ॥
ਇਸਤ੍ਰੀ ਰੂਪ ਚੇਰੀ ਕੀ ਨਿਆਈ
ਸੋਭ ਨਹੀ ਬਿਨ ਭਰਤਾਰੇ ॥

(ਗੁਰੂ ਗ੍ਰੰਥ—ਮਲਾਰ ਰਾਗ)

**ਇਹ ਕਲਜੁਗ ਨਹੀਂ, ਕਰ ਜੁਗ ਹੈ।** ਵੇਖੋ : **'ਅਹਿ ਕਰੁ ਕਰੇ ਸੁ ਅਹਿ ਕਰੁ ਪਾਏ।'**

**ਭਾਵ** :— ਇਸ ਜੁਗ ਵਿੱਚੋਂ ਜੋ ਕੋਈ ਕਰੇਗਾ, ਓਹੀ ਉਸ ਨੂੰ ਮਿਲੇਗਾ। ਇਹ ਕਰਨੀ ਦਾ ਜੁਗ ਹੈ। ਜਿਹਾ ਕਰੋਗੇ, ਤਿਹਾ ਫਲ ਮਿਲੇਗਾ।

**ਵਰਤੋਂ** :— ਰਮਲੀਆ—ਮਹਾਰਾਜ! 'ਇਹ ਕਲਜੁਗ ਨਹੀਂ, ਇਹ ਕਰ ਜੁਗ ਏ', ਇਹ ਖੂਬ ਸੌਦਾ ਨਕਦ ਏ। ਇਸ ਹੱਥ ਦੇ, ਇਸ ਹੱਥ ਲੈ, ਦੁਖ ਦਰਦ ਦੇ, ਦੁਖ ਦਰਦ ਲੈ। ਆਰਾਮ ਦੇ, ਆਰਾਮ ਲੈ।

(ਰਜਨੀ ਨਾਟਕ—ਬਲਵੰਤ ਸਿੰਘ)

**ਇਹ ਜਗੁ ਧੂਏ ਕਾ ਪਹਾਰ ॥**

**ਭਾਵ** :—ਇਹ ਸੰਸਾਰ ਧੂਏਂ ਦੇ ਪਹਾੜ ਵਾਂਗੂ ਅਸਥਿਰ ਤੇ ਨਾਸ਼ਮਾਨ ਹੈ।

**ਵਰਤੋਂ** :—

"ਇਹੁ ਜਗੁ ਧੂਏ ਕਾ ਪਹਾਰ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥

(ਗੁਰੂ ਗ੍ਰੰਥ—ਰਾਗ ਬਸੰਤ)

**ਇਹ ਨਵੀਂ ਚਿੜੀ ਹੈ, ਆਪੇ ਗਿਝ ਜਾਊਗੀ।**

**ਭਾਵ** :— ਜਦ ਕੋਈ ਕੈਦ ਵਿਚ ਜਾਂ ਦੁਖ ਵਿਚ ਤੜ ਨਾ ਬੋਲੇ ਤੇ ਨਾ ਹੀ ਖਾਵੇ ਪੀਵੇ, ਤਦ ਇਹ ਅਖਾਣ ਵਰਤਦੇ ਹਨ ਕਿ ਆਪੇ ਹੌਲੀ ਹੌਲੀ ਸਭ ਕੁਝ ਕਰਨ ਲਗ ਪਵੇਗਾ।

**ਵਰਤੋਂ** :— ਕਿਸੇ ਕਿਸੇ ਵੇਲੇ ਠੰਡਾ ਸਾਹ ਭਰਦੀ ਹੈ। ਕਦੀ ਅੱਖਾਂ ਵਿਚੋਂ ਹੰਝੂ ਕਿਰ ਪੈਂਦੇ ਹਨ। ਨਾਲ ਦੀਆਂ ਬਲਾਉਂਦੀਆਂ ਹਨ, ਪਰ ਇਹ ਸਿਰ ਹੀ ਨਹੀਂ ਚੁਕਦੀ। ਇਕ ਜਣੀ ਨੇ ਫ਼ਾਰਸੀ ਬੋਲੀ ਵਿਚ ਕਿਹਾ : 'ਇਹ ਨਵੀਂ ਚਿੜੀ ਹੈ, ਆਪੇ ਗਿਝ ਜਾਵੇਗੀ।' (ਸੰਗ੍ਰ)

**ਇਹ ਮੂੰਹ ਤੇ ਮਸਰਾਂ ਦੀ ਦਾਲ।**

**ਭਾਵ** :— ਜਦ ਕੋਈ ਆਪਣੀ ਵਿੱਤ ਤੋਂ ਵਧੀਕ ਦੀ ਆਸ ਰਖੇ।

**ਵਰਤੋਂ** :— ਅਨੰਦ ਜਨਕ ਸਗਮਾ ਬ੍ਰਹਮਾਨੰਦ ਨੂੰ ਵੀ ਦੋ ਹੱਥ ਪਿਛੇ ਛੱਡ ਕੇ ਆਪਣਾ ਸਰੂਪ ਪਰਮ ਬ੍ਰਹਮਾਨੰਦ ਦਿਖਾਉਂਦਾ ਹੈ। ਪਰ ਇਹ ਗੱਲ ਕਿਥੇ? ਕਿਹੜਿਆਂ ਭਾਗਾਂ ਦਾ ਫਲ ਮਿਲਣਾ ਹੋਇਆ? ਕੋਈ ਨਾ! 'ਇਹ ਮੂੰਹ ਤੇ ਮਸਰਾਂ ਦੀ ਦਾਲ' ਵਾਲੀ ਗੱਲ ਹੈ।

(ਸ੍ਰੀ ਹਰਚਰਣ ਵਿਸਥਾਰ—ਡਾ: ਬਲਬੀਰ ਸਿੰਘ)

**ਇਹੋ ਮੁੰਡੇ ਹੱਥੇ ਤੇ ਇਹੋ ਨੈਣ ਪਰੈਣ।**

**ਭਾਵ** :— ਜਿਥੇ ਹਰ ਵੇਲੇ ਲੜਾਈ ਭਿੜਾਈ ਹੀ ਪਈ ਰਹੇ, ਉਥੇ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭੈਣ ਕੀ ਆਖਾਂ? ਕਲ ਕਲ ਕਿਸੇ ਨੂੰ ਵੀ ਚੰਗੀ ਨਹੀਂ ਲਗਦੀ ਪਰ 'ਇਹੋ ਮੁੰਡੇ ਹੱਥੇ ਤੇ ਇਹੋ ਨੈਣ ਪਰੈਣ' ਵਾਲਾ ਹਾਲ ਹੈ ਮੇਰੇ ਨਾਲ। ਆਪਣੇ ਮੁੰਡੇ ਕੁੜੀਆਂ ਹੀ ਮੇਰੇ ਨਾਲ ਲੜਦੇ ਹਨ, ਕਿਨੂੰ ਰੋਕਾਂ? (ਸੰਗ੍ਰ)

**ਇਕ ਅੱਖ ਰੋਂਦੀ ਹੈ ਇਕ ਹਸਦੀ ਹੈ।**

**ਭਾਵ** :— ਸੁਖ ਦੁਖ ਦੋਵੇਂ ਹੀ ਸਹਿਣੇ ਪੈਂਦੇ ਹਨ।

**ਵਰਤੋਂ** :—ਇਸੇ ਰਸਤੇ ਚਲੀਦਾ ਹੈ ਭਾਵੇਂ

ਕੁਝ ਹੋਵੇ, ਗ੍ਰਿਹਸਤੀਆਂ ਦੀ ਇਕ ਅੱਖ ਰੋਂਦੀ ਹੈ ਇਕ ਹਸਦੀ ਹੈ, ਜੇ ਨਾ ਵੀ ਹਸਦੀ ਹੋਵੇ ਤਾਂ ਹਸਦੀ ਦਿਖਾਉਣੀ ਪੈਂਦੀ ਹੈ।

(ਸ੍ਰੀ ਹਰਿਚਰਣ ਵਿਸਥਾਰ—ਡਾ: ਬਲਬੀਰ ਸਿੰਘ)

**ਇਕ ਅਨਾਰ ਤੇ ਸੋ ਬੀਮਾਰ।** ਵੇਖੋ: 'ਇਕ ਨਿੰਬੂ, ਪਿੰਡ ਤ੍ਰੁੱਸਿਆਂ ਦਾ।'

**ਭਾਵ** :— ਜਦ ਚੀਜ਼ ਥੋੜੀ ਹੋਵੇ ਤੇ ਵਰਤਨ ਵਾਲੇ ਬਹੁਤੇ ਹੋਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵੀਹ ਰੁਪਏ ਵਿਚ ਕਿਨੂੰ ਕਿਨੂੰ ਰਜਾਵਾਂ ? ਅਠ ਤੇ ਧੀਆਂ ਪੁਤਰ ਹਨ ਤੇ ਦੋ ਜੀ ਆਪ ਵੀ ਹਾਂ। ਅਖੇ 'ਇਕ ਅਨਾਰ ਤੇ ਸੌ ਬੀਮਾਰ।' (ਸਿ:)

**ਇਕ ਅੰਨ੍ਹਾ ਤੇ ਇਕ ਕਾਣਾ।**

**ਭਾਵ** :— ਜਦ ਸਾਰੇ ਸਾਥੀ ਇਕ ਤੋਂ ਇਕ ਵਧ ਮਾੜੇ ਹੋਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** — ਬਾਬੂ ਵੀ ਓਹੋ ਜਿਹਾ ਹੀ ਸੂਰਮਾ ਹੈ, ਜਿਹੋ ਜਿਹਾ ਟਾਂਗੇ ਵਾਲਾ। 'ਇਕ ਅੰਨ੍ਹਾਂ, ਇਕ ਕਾਣਾ।' ਭੈੜੇ ਨੂੰ ਭੈੜਾ ਸੌ ਕੋਹ ਵਲਾ ਮਾਰ ਕੇ ਮਿਲ ਗਿਆ।

(ਉਤਮ ਕਹਾਣੀਆਂ—ਡਾ: ਮੋਹਨ ਸਿੰਘ)

**ਇਕ ਆੜੀ, ਸੌ ਕੰਮੀ।**

**ਭਾਵ** :— ਸੌ ਦਿਹਾੜੀਦਾਰਾਂ ਨਾਲੋਂ ਇਕ ਪੱਕਾ ਆਦਮੀ (ਸਾਥੀ) ਚੰਗਾ ਹੁੰਦਾ ਹੈ।

**ਵਰਤੋਂ** :— ਤੁਸੀਂ ਵੀ ਤਾਂ ਹੱਦ ਕਰਦੇ ਹੋ। ਜਿਸ ਲਾਈ ਗਲੀ, ਉਹਦੇ ਨਾਲ ਉੱਠ ਚਲੀ। ਭਾਈ 'ਇਕ ਆੜੀ ਤੇ ਸੌ ਕੰਮੀ।' ਇਕੋ ਸੱਚਾ ਸਾਥੀ ਹਜ਼ਾਰ ਵਾਕਫ਼ਕਾਰਾਂ ਨਾਲੋਂ ਚੰਗਾ ਹੁੰਦਾ ਹੈ। (ਸੰਗ੍ਰ)

**ਇਕ ਇਕਲਾ ਤੇ ਦੋ ਯਾਰਾਂ** ਜਾਂ **ਇਕ ਇਕ ਤੇ ਦੋ ਯਾਰਾਂ।** ਜਾਂ **ਇਕ ਦਾ ਦਾਰੂ ਦੋ।** ਜਾਂ **ਇਕ ਨਾਲੋਂ ਦੋ ਭਲੇ।**

**ਭਾਵ** :— ਇਕੱਲੇ ਪੁਰਸ਼ ਦੀ ਥਾਂ ਦੋ ਜਾਂ ਵਧੀਕ ਮਿਲ ਕੇ ਬਹੁਤ ਕੁਝ ਕਰ ਸਕਦੇ ਹਨ।

**ਵਰਤੋਂ** :—ਸੋ ਤੂੰ ਪ੍ਰਸੰਨ ਹੋਵੇਂਗੀ ਕਿ ਇਸ ਕੰਮ ਲਈ ਮੈਂ ਹਰ ਤਰ੍ਹਾਂ ਕਮਰ-ਕਸੇ ਕਰ ਲਏ ਹਨ ਤੇ ਅਸੀਂ ਹੁਣ ਇਸ ਕੰਮ ਵਿਚ ਇਕ ਇਕ ਤੇ ਦੋ ਯਾਰਾਂ ਹੋਵਾਂਗੇ। (ਵਿੱਟਾ ਲਹੂ—ਨਾਨਕ ਸਿੰਘ)

**ਇਕ ਇਕੱਲਾ ਦੂਜਾ ਭੱਲਾ, ਤੀਜਾ ਰਲਿਆ ਝੁਗਾ ਗਲਿਆ।**

**ਭਾਵ** :— ਜਦ ਕਿਸੇ ਭੇਦ ਨੂੰ ਤੀਜੇ (ਜਾਂ ਬਹੁਤਿਆਂ) ਦੇ ਕੰਨ ਤਕ ਪੁਚਾਣ ਤੋਂ ਰੋਕਣਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਿਤਰੋ ! ਦੁਖ ਤਾਂ ਇਸ ਗੱਲ ਦਾ ਹੈ ਕਿ ਮੈਂ ਗੱਲ ਕਈ ਮਿਤਰਾਂ ਪਾਸ ਕਰ ਬੈਠਾ। 'ਇਕ ਇਕੱਲਾ, ਦੂਜਾ ਭਲਾ, ਤੀਜਾ ਰਲਿਆ ਝੁੱਗਾ ਗਲਿਆ।' ਸੋਈ ਮੇਰੇ ਨਾਲ ਹੋਈ। ਇਕ ਨੇ ਵਿਚੋਂ ਜਾ ਕੇ ਪੁਲਸ ਨੂੰ ਦਸ ਦਿਤਾ ਤੇ ਥਾਣਾ ਮੇਰੇ ਬੂਹੇ ਤੇ ਆ ਬੈਠਾ। (ਸੰਗ੍ਰ)

**ਇਕ ਇਕੱਲੀ ਕੋਠੜੀ, ਦੂਜਾ ਮਿੱਤਰ ਵਿਛੁੰਨੇ।**

**ਭਾਵ** :— ਦੁਖ ਤੇ ਦੁਖ ਪੈਂਦਾ ਜਾਏ, ਤਦ ਵਰਤਦੇ ਹਨ।

**ਵਰਤੋਂ** :— ਨਾ ਕੇਵਲ ਸਫ਼ਰ ਵਿਚ ਉਹ ਬਿਮਾਰ ਹੀ ਹੋ ਗਿਆ, ਸਗੋਂ ਉਸ ਦਾ ਖੀਸਾ ਵੀ ਕਟਿਆ ਗਿਆ ਤੇ ਉਸ ਦੀ ਹਾਲਤ ਇਹ ਹੋਈ ਕਿ ਇਕ ਇਕੱਲੀ ਕੋਠੜੀ, ਦੂਜਾ ਮਿੱਤਰ ਵਿਛੁੰਨੇ।

(ਸੰਗ੍ਰ)

**ਇੱਕ ਸਪ ਤੇ ਦੂਜਾ ਉਡਣਾ।** ਵੇਖੋ: ਇਕ ਕਰੇਲਾ ਤੇ ਦੂਜਾ ਨਿਮ ਤੇ ਚੜ੍ਹਿਆ।

**ਭਾਵ**:— ਜਦ ਅਗੇ ਹੀ ਕੋਈ ਮਾੜੇ ਸੁਭਾ ਦਾ ਹੋਵੇ ਤੇ ਉਸਨੂੰ ਹੋਰ ਤਾਕਤ ਮਿਲ ਜਾਵੇ।

**ਵਰਤੋਂ** :— ਉਹ ਤਾ ਅਗੇ ਹੀ ਮਾਣ ਨਹੀਂ ਸੀ ਲੋਕਾਂ ਨੂੰ ਤੰਗ ਕਰਨ ਵਿਚ। ਹੁਣ ਆਨਰੇਰੀ ਮੈਜਿਸਟ੍ਰੇਟ ਬਣ ਗਿਆ ਹੈ। 'ਇਕ ਸਪ ਤੇ ਦੂਜਾ ਉਡਣਾ' ਹੋ ਕੇ ਲਗੇਗਾ ਲੋਕਾਂ ਨੂੰ। (ਸੰਗ੍ਰ)

**ਇੱਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ।**

**ਭਾਵ** :— ਇਕ ਇਕੱਲਾ ਸਿਖ ਹੈ, ਦੋ ਹੋਣ ਨਾਲ ਸਤਸੰਗ ਬਣ ਜਾਂਦੀ ਹੈ ਤੇ ਪੰਜਾਂ ਦੇ ਇਕੱਠ ਵਿਚ ਆਪ ਵਾਹਿਗੁਰੂ-ਹਰੀ-ਹੁੰਦਾ ਹੈ। ਭਾਵ ਏਕੇ ਦੀ ਵਡਿਆਈ ਦੱਸੀ ਹੈ।

**ਵਰਤੋਂ** :–

'ਇਕ ਸਿਖ, ਦੁਇ ਸਾਧ ਸੰਗ, ਪੰਜੀਂ ਪਰਮੇਸੁਰ।
ਨਉਂ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸ਼ਰ।
(ਵਾਰਾਂ ਭਾਈ ਗੁਰਦਾਸ ਜੀ)

**ਇਕ ਹੱਥ ਆਟੇ ਤੇ ਇਕ ਹੱਥ ਝਾਟੇ।**

**ਭਾਵ** :— ਜਦ ਕੋਈ ਕੁਚੱਜੀ ਤੀਵੀਂ (ਜਾਂ ਪੁਰਸ਼) ਕੋਈ ਕੰਮ ਵੀ ਸੁਚੱਜਾ ਨਾ ਕਰੇ, ਜਾਂ ਗੰਦਾ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਤਾਲਿਆ—ਹਾਇ ਨੀ ! ਇਹ ਤਾਂ ਕੋਈ ਚਾਰੇ ਮੁੱਠੀ ਖੇਹ। ਨੀ ਇਸਦਾ ਤਾਂ 'ਇਕ ਹੱਥ ਆਟੇ ਤੇ ਇਕ ਹੱਥ ਝਾਟੇ' ਹੁੰਦਾ ਏ ਤੇ ਫੇਰ ਉਨੀਂ ਹੱਥੀਂ ਆਟਾ ਗੁੰਨ੍ਹਦੀ ਰਹਿੰਦੀ ਏ।

(ਨਵਾਬ ਖਾਨ—ਭਾਈ ਜੋਧ ਸਿੰਘ)

**ਇਕ ਹੱਥ ਤਾੜੀ ਨਹੀਂ ਵਜਦੀ।** ਜਾਂ
**ਇਕ ਹੱਥ ਨਾਲ ਗਿੱਧਾ ਨਹੀਂ ਪੈਂਦਾ।**

**ਭਾਵ** :— (੧) ਦੋਵਲੀ ਖ਼ਰਾਬੀ ਹੋਣ ਨਾਲ ਝਗੜਾ ਵਧਦਾ ਹੈ। (੨) ਲੜਾਈ ਜਾਂ ਝਗੜਾ ਮਿਟਾਉਣ ਲਈ ਇਕ ਧਿਰ ਨੂੰ ਠੰਡਾ ਕਰਨ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਜ—ਬਸ ਕਰ ਨੀ ਮਾਇਆ ! ਬਹੁਤੀਆਂ ਗਲਾਂ ਨਾ ਕਰ। 'ਇਕ ਹੱਥ ਨਾਲ ਤਾੜੀ ਨਹੀਂ ਵਜਦੀ।' ਤੂੰ ਵੀ ਜ਼ਰੂਰ ਕੁਝ ਨਾ ਕੁਝ ਕੀਤਾ ਹੋਣਾ ਹੈ, ਤਦੇ ਹੀ ਭਾਂਬੜ ਮਚਿਆ ਹੈ। (ਸੰਗ੍ਰ)

**ਇਕ ਹਨੇਰੀ ਕੋਠੜੀ, ਦੂਜਾ ਮਿਤਰ ਵਿਹੂੰਣੇ।**

**ਭਾਵ** :— ਇਕ ਅੱਗੇ ਹੀ ਦੁਖੀ ਹਾਂ ਤੇ ਦੂਜਾ ਮਿੱਤਰ (ਸਹਾਰਾ) ਵੀ ਪਾਸ ਨਹੀਂ।

**ਵਰਤੋਂ** :—

'ਇਕ ਹਨੇਰੀ ਕੋਠੜੀ, ਦੂਜਾ ਮਿਤਰ ਵਿਹੂੰਣੇ।
ਕਾਲੇ ਹਰਨਾ ਚਰ ਗਿਉਂ ਸ਼ਾਹ ਹੁਸੈਨ ਦੇ ਬੰਨੇ।
(ਸ਼ਾਹ ਹੁਸੈਨ—ਕਾਫੀਆਂ)

**ਇਕ ਕਮਲੀ ਦੂਜੇ ਪੈ ਗਈ ਮੜ੍ਹੀਆਂ ਦੇ ਰਾਹ।**

**ਭਾਵ** :— ਜਦ ਕਿਸੇ ਦੇ ਔਗੁਣਾਂ ਨੂੰ ਹੋਰ ਔਗੁਣ ਰਲ ਕੇ ਡੂੰਘਾ ਕਰ ਦੇਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— 'ਇਕ ਕਮਲੀ ਦੂਜੇ ਪੈ ਗਈ ਮੜ੍ਹੀਆਂ ਦੇ ਰਾਹ।' ਅੱਗੇ ਹੀ ਓਹਦੇ ਉਤੇ ਅਕਲ ਵਲੋਂ ਰਬ ਦਾ ਰਹਿਮ ਸੀ। ਉਤੋਂ ਵਾਹ ਪੈ ਗਿਆ ਚਲਾਕਾਂ ਨਾਲ। ਕੀ ਕਰਦੀ ? (ਸੰਗ੍ਰ)

**ਇਕ ਕਰੇਲਾ, ਦੂਜਾ ਨਿੰਮ ਤੇ ਚੜ੍ਹਿਆ।**

**ਭਾਵ** :— ਜਦ ਕਿਸੇ ਦਾ ਸੁਭਾ ਅਗੇ ਹੀ ਮਾੜਾ ਹੋਵੇ ਤੇ ਉਸਦੀ ਹੋਰ ਪਿਠ ਠੋਕੀ ਜਾਏ, ਤਦ ਇਹ ਅਖਾਣ ਵਰਤਦੇ ਹਨ। ਜਾਂ, ਜਦ ਬਹੁਤੇ ਔਗੁਣ ਜਾਂ ਦੁਖ ਇਕੱਠੇ ਹੋ ਜਾਣ।

**ਵਰਤੋਂ** :— ਇਕ ਤਾਂ ਪੰਜਾਬਣ ਜੱਟੀਆਂ, ਦੂਜਾ ਸਸ ਨਿਨਾਣਾ, ਤੀਜਾ ਨੂੰਹ ਦੀ ਕੰਡ ਹੌਲੀ, ਚੌਥਾ ਘਰ ਦੇ ਮਾਲਕ ਦਾ ਜੋ ਖੱਟਾ ਵੇਖਿਆ। ਬਸ ਫਿਰ ਤਾਂ ਉਹੋ ਗਲ ਆ ਵਾਪਰੀ 'ਇਕ ਕਰੇਲਾ, ਦੂਜਾ ਨਿੰਮ ਚੜ੍ਹਿਆ'।

(ਨਵਾਬ ਖਾਂ—ਭਾਈ ਜੋਧ ਸਿੰਘ)

**ਇਕ ਗੰਗਾ ਦਾ ਰਾਹੀ, ਇਕ ਮਕੇ ਮਦੀਨੇ ਦਾ।**

**ਭਾਵ** :— ਜਦ ਦ੍ਰਿਸ਼ਟੀਕੋਣ ਅਡੋ ਅਡ ਹੋਣ।

**ਵਰਤੋਂ** :— ਮਹੰਤ—ਇਹ ਆਪਦੀ ਅਚਰਜ ਜੋੜੀ ਹੈ। 'ਇਕ ਗੰਗਾ ਦਾ ਰਾਹੀ, ਇਕ ਮਦੀਨੇ ਦਾ', ਇਕ ਝੂਠੇ ਪਦਾਰਥ ਲਭਦਾ ਹੈ, ਇਕ ਸਚੇ

ਪਦਾਰਥ ਲਭਦਾ ਹੈ..... ਇਕ ਜ਼ਬਾਨ ਹੋ ਕੇ ਰਹੋਗੇ ਤਾਂ ਨਿਭੇਗੀ ।

(ਸ੍ਰੀ ਹਰਚਰਣ ਵਿਸਥਾਰ—ਡਾ: ਬਲਬੀਰ ਸਿੰਘ)

**ਇਕ (ਸੱਤ) ਘਰ ਤਾਂ ਡੈਣ ਵੀ ਛਡ ਦੇਂਦੀ ਹੈ ।**

**ਭਾਵ** :— ਜਦ ਕੋਈ ਅਜੇਹੀ ਗਲ ਕਿਸੇ ਅੰਗ ਸਾਕ ਦੇ ਬੁਰੇ ਦੀ ਕਰੇ ਜਿਸ ਨਾਲ ਉਹ ਬਿਪਤਾ ਦਾ ਸ਼ਿਕਾਰ ਹੋ ਜਾਵੇ, ਤਦ ਇਹ ਅਖਾਣ ਪਾਪ ਕਰਨ ਵਾਲੇ ਲਈ ਵਰਤਦੇ ਹਨ ।

**ਵਰਤੋਂ** :— ਓਏ ਗਾਮਿਆ ! 'ਇਕ ਘਰ ਤਾਂ ਡੈਣ ਵੀ ਛਡ ਦੇਂਦੀ ਏ', ਤੂੰ ਤਾਂ ਇਹ ਭੀ ਨਾ ਵੇਖਿਆ ਕਿ ਇਹ ਤੇਰੀ ਆਪਣੀ ਮਾਂ-ਜਾਈ ਭੈਣ ਦਾ ਘਰ-ਪਰਿਵਾਰ ਹੈ । ਬਸ ਅਪਣਾ ਉੱਲੂ ਸਿੱਧਾ ਕਰਨ ਦੀ ਹੀ ਕੀਤੀ ਤੂੰ ਤਾਂ । (ਸੰ:)

**ਇਕ ਚਣਾ, ਹੇੜ ਕਬੂਤਰਾਂ ਦੀ ।** ਵੇਖੋ : 'ਇਕ ਨਿੰਬੂ ਪਿੰਡ ਭੁਸਿਆਂ ਦਾ ।'

**ਭਾਵ** :— ਜਦ ਚੀਜ਼ ਥੋੜੀ ਹੋਵੇ, ਤੇ ਉਸਨੂੰ ਵਰਤਣ ਵਾਲੇ ਬਹੁਤੇ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਚੋਧਰੀ—ਕਿਸ ਕਿਸ ਨੂੰ ਕੁਨੀਨ ਵੰਡਾਂ ! ਝੁਗੇ ਵਿਚੋਂ ਗੋਲੀਆਂ ਤਾਂ ਪੰਝੀ ਹਨ । ਪਿੰਡ ਸਾਰਾ ਮੰਗਦਾ ਹੋਇਆ । ਇਥੇ ਤਾਂ 'ਇਕ ਚਣਾ, ਹੇੜ ਕਬੂਤਰਾਂ ਦੀ' ਵਾਲਾ ਹਿਸਾਬ ਹੈ । ਮੈਂ ਕੀ ਕਰਾਂ ? (ਸੰਗ੍ਰ)

**ਇਕ ਚੁੱਪ ਸੌ ਨੂੰ ਹਰਾਵੇ । ਜਾਂ ਇਕ ਚੁੱਪ ਤੇ ਸੌ ਸੁੱਖ ।**

**ਭਾਵ** :— ਜਦ ਕੋਈ ਵਧ ਘਟ ਬੋਲੀ ਜਾਏ ਤੇ ਅਗਲਾ ਚੁਪ ਰਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਿਰਫ਼ ਲੋੜ ਪਏ ਤੇ ਮੂੰਹ ਖੋਲਣਾ ਚਾਹੀਦਾ ਹੈ । ਜਦ ਮਤਲਬ ਦੀ ਗਲ ਪੂਰੀ ਹੋ ਗਈ ਤਦ ਚੁਪ ਹੋ ਜਾਣਾ ਚਾਹੀਦਾ ਹੈ । ਚੁਪ ਜਿਹੀ ਕੋਈ ਚੀਜ਼ ਨਹੀਂ 'ਇਕ ਚੁੱਪ ਤੇ ਸੌ ਸੁਖ ।' (ਸੰ)

**ਇਕ ਚੋਰੀ ਤੇ ਦੂਜਾ ਮਕਾਰੀ । ਜਾਂ ਇਕ ਚੋਰੀ ਤੇ ਦੂਜੇ ਸੀਨਾ ਜ਼ੋਰੀ ।** ਵੇਖੋ : ਨਾਲੇ ਚੋਰ ਨਾਲੇ ਚਤਰ ।

**ਭਾਵ** :— ਜਦ ਕੋਈ ਇਕ ਤਾਂ ਪਾਪ ਕਰੇ ਤੇ ਨਾਲ ਹੀ ਚਲਾਕੀ ਨਾਲ ਦੋਸ਼ ਕਿਸੇ ਹੋਰ ਦੇ ਸਿਰ ਤੇ ਮੜ੍ਹੇ ਜਾਂ ਆਕੜ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਇਕ ਤੁਸਾਂ ਮੇਰਾ ਮੁੰਡਾ ਫੈਨ੍ਹਾਇਆ । ਉਤੋਂ ਹੁਣ ਮੇਰੇ ਸਿਰ ਅਲਜ਼ਾਮ ਥਪਦੇ ਹੋ ਕਿ ਲੜਾਈ ਮੈਂ ਪੁਆਈ ! 'ਇਕ ਚੋਰੀ ਤੇ ਦੂਜੇ ਸੀਨਾ ਜ਼ੋਰੀ ।' (ਸੰਗ੍ਰ)

**ਇਕ ਛਾਲ ਮਾਰ ਕੇ ਕੋਠੇ ਤੇ ਨਹੀਂ ਚੜ੍ਹੀਦਾ ।**

**ਭਾਵ** :— ਨਿਰਾ ਪੁਰਾ ਗਲਾਂ ਨਾਲ ਕੁਝ ਨਹੀਂ ਬਣਦਾ । ਜਾਂ ਜਦ ਇਹ ਦਸਣਾ ਹੋਵੇ ਕਿ ਸੁਖ ਲੈਣ ਲਈ ਬਹੁਤੀ ਮਿਹਨਤ ਦੀ ਲੋੜ ਹੁੰਦੀ ਹੈ ।

**ਵਰਤੋਂ** :— ਦਾਦੀ—ਬੱਚੀ ! 'ਇਕ ਛਾਲ ਮਾਰ ਕੇ ਕੋਠੇ ਤੇ ਨਹੀਂ ਚੜ੍ਹੀਦਾ ।' ਹਾਲੇ ਤਾਂ ਤੂੰ ਕੰਮ ਸ਼ੁਰੂ ਕੀਤਾ ਹੈ । ਸਫ਼ਲਤਾ ਲਈ ਬੜੀ ਕਰੜੀ ਘਾਲ ਦੀ ਲੋੜ ਹੈ । (ਸੰਗ੍ਰ)

**ਇਕ ਜੋੜੀਆਂ ਜੁੱਟ, ਇਕ ਨਰੜ ਹੁੰਦੇ ।**

**ਭਾਵ** :— ਜਦ ਵਿਆਹੀ ਜੋੜੀ ਵਿਚ ਦਿਲੋਂ ਪਿਆਰ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

'ਇਕ ਜੋੜੀਆਂ ਜੁੱਟ, ਇਕ ਨਰੜ ਹੁੰਦੇ',
ਵੇ ਢੁਕਦੇ ਲਿਖਿਆਂ ਅਖਰਾਂ ਦੇ ।
ਖੇੜੇ ਸਿਆਲ ਕਰਤੂਤ ਦੇ ਧਨੀ ਦੋਵੇਂ,
ਵਾਰਸ ਜੁੜੇ ਸਿਰ ਸਾਊਆਂ ਟਕਰਾਂ ਦੇ ।
(ਹੀਰ ਵਾਰਸਸ਼ਾਹ)

**ਇਕ ਡਗੇ, ਪਿੰਡ ਮੰਗਿਆ ।**

**ਭਾਵ** :— ਇਕੋ ਵਾਰੀ ਬਾਹਲੇ ਕੰਮ

ਨੇਪਰੇ ਨਹੀਂ ਚੜ੍ਹਦੇ ।

**ਵਰਤੋਂ** :— ਤੁਸੀਂ ਤਾਂ 'ਇਕ ਡਗੇ ਪਿੰਡ ਮੰਗਦੇ ਹੋ', ਬਾਹਲੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਸਮੇਂ ਅਤੇ ਧਨ ਦੀ ਲੋੜ ਹੈ, ਜੇਰਾ ਰਖੋ, ਹੌਲੀ ਹੌਲੀ ਸਭ ਠੀਕ ਹੋ ਜਾਏਗਾ। (ਸੰਗ੍ਰ)

**ਇਕ ਢੁਕਦੀ ਨਹੀਂ, ਮੀਆਂ ਦੋ ਪਰਨਾਏ ।**

**ਭਾਵ** ;— ਜਦੋਂ ਕੋਈ ਚੀਜ਼ ਕਿਸੇ ਨੂੰ ਮਿਲ ਨਾ ਸਕਦੀ ਹੋਵੇ, ਪਰ ਉਹ ਉਸ ਦੇ ਮਲਣ ਦੀ ਬਹੁਤੀ ਆਸ ਰਖੇ ।

**ਵਰਤੋ** :— ਮੈਨੂੰ ਸਮਝ ਨਹੀਂ ਆਉਂਦੀ ਕਿ ਤੂੰ ਕਿਉਂ ਇਸ ਗਲ ਦੀ ਜ਼ਿੱਦ ਕਰਦਾ ਹੈਂ। ਜਿਤਨੀ ਸਮਰਥਾ ਹੋਵੇ, ਉਤਨੇ ਹੀ ਪੈਰ ਪਸਾਰੀਦੇ ਹਨ। ਤੁਹਾਡੀ ਤੇ ਇਹ ਗਲ ਹੈ 'ਇਕ ਢੁਕਦੀ ਨਹੀਂ, ਮੀਆਂ ਦੋ ਪਰਨਾਏ।' (ਸੰਗ੍ਰ)

**ਇਕ ਤੀਰ ਤੇ ਦੋ ਨਿਸ਼ਾਨੇ । ਜਾਂ ਇਕ ਨਿਸ਼ਾਨੇ ਨਾਲ ਦੋ ਢਾਹੇ ।**

**ਭਾਵ** :— ਜਦ ਇਕੋ ਵਿਉਂਤ ਨਾਲ ਕਿਸੇ ਦੇ ਦੋ ਅਡੋ ਅਡ ਕਾਰਜ ਰਾਸ ਹੋ ਜਾਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅਖੀਰ ਘੋਰਦਿਆਂ ਸੋਚਦਿਆਂ ਉਸਨੂੰ ਇਕ ਢੰਗ ਲਭ ਹੀ ਪਿਆ। 'ਇਕ ਤੀਰ ਨਾਲ ਦੂਹਰਾ ਨਿਸ਼ਾਨਾ' ਫੁੰਡਣ ਵਾਲਾ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਇਕ ਤੰਦ ਖੋਲੇ, ਦੂਜੀ ਉਲਝ ਜਾਂਦੀ ਹੈ ।**

**ਭਾਵ** :— ਇਕ ਔਕੜ ਵਿਚੋਂ ਨਿਕਲੋ, ਦੂਜੀ ਹੋਰ ਆ ਪੈਂਦੀ ਹੈ ।

**ਵਰਤੋਂ** :— ਜ਼ਿੰਦਗੀ ਵੀ ਖ਼ੂਬ ਹੈ। 'ਇਕ ਤੰਦ ਖੋਲੋ, ਦੂਜੀ ਉਲਝ ਜਾਂਦੀ ਹੈ'। (ਸੰਗ੍ਰ)

**ਇਕ ਦਰ ਬੰਦ, ਸਹੰਸਰ ਦਰ ਖੁਲ੍ਹਾ ।**

**ਭਾਵ** :— ਜਦ ਕਿਸੇ ਦੀ ਕੋਈ ਇਕ ਅੱਧ ਤਾ ਵਿਰੋਧਤਾ ਕਰੇ, ਪਰ ਮਦਦ ਬਾਹਲੇ ਕਰਨ ਵਾਲੇ ਹੋਣ, ਤਦ ਇਹ ਅਖਾਣ ਵਰਤਦੇ ਹਨ। ਜਾਂ ਜਦ ਕਿਸੇ ਨੂੰ ਇਕ ਥਾਂ ਤੋਂ ਚੀਜ਼ ਪ੍ਰਾਪਤ ਨਾ ਹੋਵੇ ਪਰ ਉਸ ਦਾ ਦਿਲ ਆਸ ਨਾਲ ਭਰਪੂਰ ਹੋਵੇ ।

**ਵਰਤੋਂ** :— ਤੁਹਾਨੂੰ ਧੀਰਜ ਨਹੀਂ ਛਡਣਾ ਚਾਹੀਦਾ। ਤੁਹਾਡੇ ਵਰਗੇ ਯੂਸਫ਼ ਸਾਨੀ ਨੌਜਵਾਨ ਲਈ ਹੋਰ ਤੀਵੀਆਂ ਦਾ ਘਾਟਾ ਹੈ? "ਇਕ ਦਰ ਬੰਦ ਸਹੰਸਰ ਦਰ ਖੁਲ੍ਹਾ।"

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਇਕ ਦਾ ਮੂੰਹ ਤਾਂ ਖੰਡ ਨਾਲ ਭਰ ਸਕੀਦਾ ਹੈ, ਬਹੁਤਿਆਂ ਦਾ ਸਵਾਹ ਨਾਲ ਭੀ ਨਹੀਂ ਭਰਦਾ ।**

**ਭਾਵ** :— ਜਦ ਆਸ ਤੋਂ ਬਹੁਤ ਵਧੀਕ ਇਕੱਠ ਹੋ ਜਾਵੇ ਜਾਂ ਪ੍ਰਾਹੁਣੇ ਆ ਜਾਣ ਤੇ ਉਨ੍ਹਾਂ ਦੀ ਚੰਗੀ ਖ਼ਾਤਰ ਨਾ ਹੋ ਸਕੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਪ੍ਰਾਹੁਣੇ ਖ਼ੁਸ਼ ਕਿਵੇਂ ਜਾਂਦੇ। ਜੰਞ ਦੀ ਜੰਞ ਆ ਵੜੀ, ਅਖੇ 'ਇਕ ਦਾ ਮੂੰਹ ਤੇ ਖੰਡ ਨਾਲ ਭਰ ਸਕੀਦਾ ਹੈ, ਪਰ ਬਹੁਤਿਆਂ ਦਾ ਤਾਂ ਸਵਾਹ ਨਾਲ ਭੀ ਨਹੀਂ ਭਰ ਸਕੀਦਾ। (ਸੰਗ੍ਰ)

**ਇਕ ਦਿਨ ਸਾਧ ਦਾ, ਸੌ ਦਿਨ ਚੋਰ ਦਾ ।**

**ਭਾਵ** :— ਜਦ ਕੋਈ ਬਹੁਤੀ ਵਾਰ ਮਾੜਾ ਕੰਮ ਕਰੇ ਤੇ ਇਕ ਦਿਨ ਪਕੜਿਆ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਫੱਜਾ ਅੰਤ ਨੂੰ ਫੜਿਆ ਹੀ ਗਿਆ। 'ਇਕ ਦਿਨ ਸਾਧ ਦਾ ਤੇ ਸੌ ਦਿਨ ਚੋਰ ਦਾ।' ਕਿੰਨਾ ਕੁ ਚਿਰ ਪਾਪ ਲੁਕਿਆ ਰਹਿਣਾ ਸੀ। (ਸੰਗ੍ਰ)

**ਇਕ ਦਿਨ ਪ੍ਰਾਹੁਣਾ, ਦੂਜੇ ਦਿਨ ਡਰਾਉਣਾ, ਤੀਜੇ ਦਿਨ ਦਾਦੇ ਮੰਗਾਉਣਾ । ਜਾਂ ਇਕ ਦਿਨ ਪ੍ਰਾਹੁਣਾ, ਦੂਜੇ ਦਿਨ ਪ੍ਰਾਹੁਣਾ, ਤੀਜੇ ਦਿਨ ਦਾਦੇ ਮੰਗਾਉਣਾ ।**

**ਭਾਵ** :— ਜਦ ਕੋਈ ਪ੍ਰਾਹੁਣਾ ਕਿਸੇ ਦੇ ਘਰ ਬਹੁਤਾ ਚਿਰ ਟਿਕ ਪਵੇ, ਤਦ ਅਕ ਕੇ

ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਭੈਣ ਜੀ ! ਕਲਪਣਾ ਤਾਂ ਹੋਇਆ, ਅਖੇ 'ਇਕ ਦਿਨ ਪ੍ਰਾਹੁਣਾ, ਦੂਜੇ ਦਿਨ ਡਰਾਉਣਾ, ਤੀਜੇ ਦਿਨ ਦਾਦੇ ਮੰਗਾਉਣਾ' । ਇਥੇ ਤਾਂ ਅਜ ਪੰਜਵਾਂ ਦਿਨ ਇਨ੍ਹਾਂ ਪ੍ਰਾਹੁਣਿਆਂ ਨੂੰ ਧਰਨਾ ਮਾਰਿਆਂ ਹੋ ਗਿਆ ਹੈ, ਕਲਪਾਂ ਨਾ ਤਾਂ ਕੀ ਕਰਾਂ ? (ਸੰਗ੍ਰ)

**ਇਕ ਨਾਨੀ ਨੱਚਣੀ, ਉਤੋਂ ਢੋਲਾਂ ਦੀ ਕੁੜਕੁਟ ।**

**ਭਾਵ** :— ਜਦ ਇਕ ਤਾਂ ਹਾਕਮ ਅਗੇ ਹੀ ਜ਼ਾਲਮ ਹੋਵੇ ਤੇ ਉਤੋਂ ਉਸਨੂੰ ਵਧੀਕ ਜ਼ੁਲਮ ਕਰਨ ਦਾ ਬਹਾਨਾ ਮਿਲ ਜਾਏ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਉਧਰ ਮੀਰ ਮੰਨੂ ਦੇ ਜ਼ੁਲਮ ਪੰਜਾਬ ਵਿਚ ਹੁਣ ਹਾੜ੍ਹ ਦੀ ਦੁਪਹਿਰ ਦੇ ਸੂਰਜ ਵਾਂਗੂ ਸਿਖਰ ਨੂੰ ਪਹੁੰਚ ਪਏ ਸਨ । ਕੋਈ ਐਸਾ ਸ਼ਹਿਰ ਪਿੰਡ ਨਹੀਂ ਸੀ, ਜਿਥੇ ਕਿਸੇ ਸਿੰਘ ਨੂੰ ਟਿਕਾਣਾ ਮਿਲਦਾ । 'ਇਕ ਨਾਨੀ ਨੱਚਣੀ, ਉਤੋਂ ਢੋਲਾਂ ਦੀ ਕੁੜਕੁਟ', ਇਕ ਤਾਂ ਜ਼ਾਲਮ ਪਾਤਸ਼ਾਹ, ਦੂਜੇ ਹੁਣ ਬਕਰੀਦ ਆ ਗਈ ।

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਇਕ ਨੂਰ ਆਦਮੀ, ਸੌ ਨੂਰ ਕਪੜਾ, ਹਜ਼ਾਰ ਨੂਰ ਗਹਿਣਾ, ਤੇ ਲਖ ਨੂਰ ਨਖਰਾ ।**

**ਭਾਵ** :— ਚੰਗੀ ਫਬਣੀ ਨਾਲ ਮਨੁਖ ਸੌ ਗੁਣਾ ਚੰਗਾ ਲਗਦਾ ਹੈ ।

**ਵਰਤੋਂ** :— ਮਨੋਰਮਾ ਦੀ ਸ਼ਕਲ ਸੂਰਤ ਤਾਂ ਸਾਦੀ ਜਿਹੀ ਹੈ, ਪਰ ਬਣ-ਠਣ ਕੇ ਰੂਪਵਤੀ ਬਣ ਬਣ ਨਿਕਲਦੀ ਹੈ । ਠੀਕ ਹੀ ਹੈ 'ਇਕ ਨੂਰ ਆਦਮੀ, ਸੌ ਨੂਰ ਕਪੜਾ, ਹਜ਼ਾਰ ਨੂਰ ਗਹਿਣਾ, ਲਖ ਨੂਰ ਨਖਰਾ ।' (ਸੰਗ੍ਰ)

**ਇਕ ਨਾਂਹ ਤੇ ਸੌ ਸੁਖ ।**

**ਭਾਵ** ;— ਜੇ ਹੁਦਾਰ ਨਾ ਦਿਤਾ ਜਾਏ ਤਾਂ ਸੁਖੀ ਰਹੀਦਾ ਹੈ । ਜਾਂ ਕੋਈ ਕੁਝ ਮੰਗੇ ਤੇ ਇਨਕਾਰ ਕਰ ਦਈਏ ਤਾਂ ਸੁਖੀ ਰਹੀਦਾ ਹੈ ।

**ਵਰਤੋਂ** :— ਜਦੋਂ ਉਸ ਨੇ ਰੁਪਏ ਮੰਗੇ, ਮੈਂ ਕਹਿ ਦਿਤਾ ਮੇਰੇ ਪਾਸ ਹਨ ਹੀ ਨਹੀਂ । ਹਾਂ, ਕੌਣ ਦੇ ਕੇ ਮਗਰ ਮਗਰ ਫਿਰੇ । 'ਇਕ ਨਾਂਹ ਤੇ ਸੌ ਸੁਖ ।' (ਮੈਂ:)

**ਇਕ ਨਿੰਬੂ ਪਿੰਡ ਭੁਸਿਆਂ ਦਾ ।**

**ਭਾਵ** :— ਜਦ ਚੀਜ਼ ਥੋੜੀ ਹੋਵੇ, ਪਰ ਗਾਹਕ ਬਹੁਤੇ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਵਡੇ ਲੇਖਕਾਂ ਦੀਆਂ ਚੀਜ਼ਾਂ ਕਈ ਵਾਰੀ ਜ਼ਰੂਰ ਸਾਡੀ ਉਮੀਦ ਤੋਂ ਨੀਵੀਆਂ ਹੁੰਦੀਆਂ ਨੇ, ਪਰ ਇਸ ਵਿਚ ਉਨ੍ਹਾਂ ਦਾ ਵੀ ਕੀ ਦੋਸ਼ ? ਜਦ ਕਿ 'ਇਕ ਨਿੰਬੂ ਤੇ ਸਾਰਾ ਪਿੰਡ ਭੁਸਿਆਂ ਦਾ' ਵਾਲੀ ਵਰਤੋਂ ਹੋ ਰਹੀ ਹੈ । ਸਾਰੇ ਜੋ ਉਨ੍ਹਾਂ ਦੀ ਲੇਖਣੀ ਦੇ ਗਾਹਕ ਨੇ । (ਲੋਕ ਸਾਹਿਤ—ਨਾਨਕ ਸਿੰਘ)

**ਇਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ ।**

**ਭਾਵ** :— ਜਦ ਘਰ ਦੇ ਜਾਂ ਟੋਲੀ ਦੇ ਸਾਰੇ ਬੰਦੇ ਹੀ ਮਾੜੇ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਦੀਵਾਨ (ਮੱਥੇ ਤੇ ਹੱਥ ਮਾਰ ਕੇ)– 'ਇਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ ।' ਮੈਂ ਤਾਂ ਸਮਝਿਆ ਮੁੰਡਿਆਂ ਦਾ ਪਿਉ ਹੀ ਮਾੜਾ ਏ, ਪਰ ਮੁੰਡੇ ਉਸ ਤੋਂ ਚਾਰ ਚੁਕੇ ਵਧ ਨਿਕਲੇ । (ਸੰਗ੍ਰ)

**ਇਕ ਪਰਹੇਜ਼ ਨੇ ਸੌ ਹਕੀਮ ।**

**ਭਾਵ** :— ਪਰਹੇਜ਼ ਸਭ ਤੋਂ ਵੱਡਾ ਦਾਰੂ ਹੈ ।

**ਵਰਤੋਂ** :— ਇਹ ਗਲ ਪਰਖੀ ਹੋਈ ਏ ਕਿ 'ਇਕ ਪਰਹੇਜ਼ ਨੇ ਸੌ ਹਕੀਮ' । ਪਰਹੇਜ਼ ਸਾਰੀਆਂ ਦਵਾਈਆਂ ਨਾਲੋਂ ਵਡਾ ਦਾਰੂ ਜੇ । (ਸੰਗ੍ਰ)

**ਇਕ ਪਲ ਦੀ ਸ਼ਰਮਿੰਦਗੀ, ਸਾਰੇ ਦਿਨ ਦਾ ਅਧਾਰ ।**

**ਭਾਵ** :— ਕਿਸੇ ਬੇਸ਼ਰਮ ਨੂੰ ਸ਼ਰਮ ਦਿਵਾਉਣ ਲਈ ਚੋਟ ਲਾਕੇ ਵਰਤਦੇ ਹਨ ।

**ਵਰਤੋਂ** :— ਵੇਖੋ ਜੀ ਸਿਆਣੇ ਲਈ 'ਇਕ ਪਲ ਦੀ ਸ਼ਰਮਿੰਦਗੀ ਸਾਰੇ ਦਿਨ ਦਾ ਅਧਾਰ' ਹੁੰਦੀ ਹੈ, ਪਰ ਤੁਹਾਨੂੰ ਕੋਈ ਜਿੰਨਾ ਚਾਹੇ ਕੋਸ ਲਏ, ਤੁਸੀਂ ਪਰਾਂ ਤੇ ਪਾਣੀ ਨਹੀਂ ਪੈਣ ਦਿੰਦੇ। (ਸੰਗ੍ਰ)

**ਇਕ ਪਾਸੇ ਖੂਹ ਤੇ ਦੂਜੇ ਪਾਸੇ ਖਾਤਾ।**

**ਭਾਵ** :— ਜਦ ਕਿਸੇ ਨੂੰ ਦੋਹਾਂ ਹਾਲਤਾਂ ਵਿਚ ਔਕੜ ਹੀ ਔਕੜ ਦਿਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੈਂ ਕੀ ਕਰਾਂ? 'ਇਕ ਪਾਸੇ ਖੂਹ ਤੇ ਦੂਜੇ ਪਾਸੇ ਖਾਤਾ'। ਜਿਧਰ ਜਾਵਾਂ, ਦੁਖ ਹੀ ਦੁਖ ਹਨ। (ਸੰਗ੍ਰ)

**ਇਕ ਪਾਸੇ ਲਾਣੀ, ਦੂਜੇ ਪਾਸੇ ਬੁਝਾਣੀ।**

**ਭਾਵ** :— ਜਦ ਕੋਈ ਮੂੰਹ ਰਖਣੀਆਂ ਗੱਲਾਂ ਕਰੀ ਜਾਵੇ, ਨਾਲੇ ਲੂਤੀਆਂ ਵੀ ਲਾਈ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— "ਹੈਂ! ਕੁਲਦੀਪ ਨੂੰ ਮੁੜ੍ਹਕਾ ਆਉਣ ਲੱਗਾ। ਉਹ ਬੂਠਾ ਬਦਮਾਸ਼...ਨਾਰਦ ਮੁਨੀ ਦਾ ਅਵਤਾਰ ਇਕ ਪਾਸੇ ਲਾਣੀ, ਦੂਜੇ ਪਾਸੇ ਬੁਝਾਣੀ, ਮੈਂ ਅਗੇ ਉਸ ਪਾਸੋਂ ਕਾਫ਼ੀ ਸਤਿਆ ਹੋਇਆ ਹਾਂ, ਮਾਂ ਜੀ।" (ਅੱਧ ਖਿੜਿਆ ਫੁਲ – ਨਾਨਕ ਸਿੰਘ)

**ਇਕ ਨਿਸ਼ਾਨੇ ਨਾਲ ਦੋ ਸ਼ਿਕਾਰ।** ਜਾਂ **ਇਕ ਪੰਥ ਦੋ ਕਾਜ।**

**ਭਾਵ** :— ਜਦ ਇਕ ਕੰਮ ਕਰਦਿਆਂ ਦੋ ਕੰਮ ਹੋ ਜਾਣ ਜਾਂ ਦੂਹਰਾ ਜਾਂ ਵਧੀਕ ਫਲ ਮਿਲਣ ਦੀ ਆਸ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਖੇਡਾਂ ਬੜੀਆਂ ਚੰਗੀਆਂ ਹਨ। ਇਹ ਤਾਂ 'ਇਕ ਪੰਥ ਦੋ ਕਾਜ' ਵਾਲਾ ਕੰਮ ਹੋਇਆ। ਨਾਲੇ ਜੀ ਪਰਚਾਵਾ ਕਰ ਲਿਆ, ਨਾਲੇ ਸੇਵਾ ਕਰਨ ਦੇ ਢੰਗ ਸਿਖ ਲਏ। (ਸੰ)

**ਇਕ ਬੇਲੇ ਵਿਚ ਦੋ ਸ਼ੇਰ ਨਹੀਂ ਰਹਿੰਦੇ।**

**ਭਾਵ** :— ਜਦ ਇਕ ਪਿੰਡ ਵਿਚ ਦੋ ਪੈਂਚ ਬਣ ਬਹਿਣ, ਤਦ ਝਗੜਾ ਮਿਟਾਉਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਜਣੋ! ਇਕ ਬੇਲੇ ਵਿਚ ਦੋ ਸ਼ੇਰ ਨਹੀਂ ਰਹਿੰਦੇ। ਇਕ ਪਿੰਡ ਵਿਚ ਇਕ ਹੀ ਚੌਧਰੀ ਹੋ ਸਕਦਾ ਹੈ, ਦੋ ਹੋਏ ਨਹੀਂ ਕਿ ਝਗੜਾ ਪਿਆ ਨਹੀਂ। (ਸੰਗ੍ਰ)

**ਇੱਕ ਬੂਹਾ ਭੰਨ, ਬੂਹੇ ਦਸ ਕਰ, ਨਹੀਂ ਆਂ ਨੀਤ ਸਾਨੂੰ ਵਖ ਕਰ।**

**ਭਾਵ** :— ਜਦ ਕਿਸੇ ਨੂੰਹ ਦੀ ਸੱਸ ਨਾਲ (ਜਾਂ ਭਾਈ ਭਿਆਲ ਜਾਂ ਸਾਥੀ ਦੀ ਦੂਜੇ ਨਾਲ) ਅਣਬਣ ਹੋ ਜਾਵੇ ਤੇ ਵੱਖ ਹੋਣ ਉਤੇ ਜ਼ੋਰ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਉਹਨੂੰ ਕੀ? ਸਾਡੇ ਨਾਲ ਦਰਦ ਉਹਨੂੰ ਥੋੜਾ ਏ? ਇਕ ਬੂਹਾ ਭੰਨ, ਬੂਹੇ ਦਸ ਕਰ। ਨਹੀਂ ਆਂ ਨੀਤ, ਸਾਨੂੰ ਵੱਖ ਕਰ। ਉਹ ਤਾਂ ਸਾਡੇ ਘਰ ਦੀ ਇੱਟ ਇੱਟ ਕਰਨ ਤੇ ਤੁਲੀ ਹੋਈ ਹੈ। (ਸੰਗ੍ਰ)

**ਇਕ ਬੋਟੀ, ਸੌ ਕੁਤੇ।** ਵੇਖੋ : ਇਕ ਨਿੰਬੂ, ਪਿੰਡ ਭੁਸਿਆਂ ਦਾ।

**ਭਾਵ** :— ਜਦ ਚੀਜ਼ ਥੋੜੀ ਹੋਵੇ ਤੇ ਗਾਹਕ ਬਹੁਤੇ ਹੋਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਜੀ ਰੌਲਾ ਤਾਂ ਪੈਣਾ ਹੀ ਹੋਇਆ। ਇਕ ਸੇਰ ਮਿਠਾਈ ਤੇ ਲੈਣ ਵਾਲਾ ਸਾਰਾ ਸਕੂਲ। 'ਇਕ ਬੋਟੀ ਸੌ ਕੁਤੇ'; ਸਾਰਿਆਂ ਵਿਚ ਕਿਵੇਂ ਵੰਡੀਏ? (ਸੰਗ੍ਰ)

**ਇਕ ਮੱਛੀ ਸਾਰਾ ਜਲ (ਪਾਣੀ) ਗੰਦਾ ਕਰਦੀ ਹੈ।**

**ਭਾਵ** :— ਜਦ ਕਿਸੇ ਇਕ ਦੇ ਭੈੜਾ ਕੰਮ ਕੀਤਿਆਂ ਬਹੁਤਿਆਂ ਦੀ ਬਦਨਾਮੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਪਰ ਵੇਖ ਨਾ ਬੀਬੀ, ਅਸੀਂ ਲੋਕ ਵੀ ਧੀਆਂ ਭੈਣਾਂ ਵਾਲੇ ਹੋਏ। ਤੂੰ ਜਾਣਦੀ ਏਂ, ਇਜ਼ਤ ਆਦਮੀ ਦੀ ਨਾ ਲੱਖੀਂ ਨਾ ਕਰੋੜੀਂ। ਇਕ

ਮੱਛੀ ਸਾਰਾ ਪਾਣੀ ਗੰਦਾ ਕਰ ਦੇਂਦੀ ਏ । ਤੂੰ ਆਪ ਸਿਆਣੀ ਏਂ । (ਟੁਟੀ ਵੀਣਾ—ਨਾਨਕ ਸਿੰਘ)

**ਇਕ ਮਝ ਲਿਬੜੀ, ਸੱਤ ਸੌ ਨੂੰ ਲਬੇੜ ਦਿੰਦੀ ਹੈ ।**

**ਭਾਵ** :— ਜਦ ਕਿਸੇ ਇਕ ਦੀ ਖ਼ਰਾਬੀ ਕਰਨ ਨਾਲ ਸਾਰੀ ਜਮਾਤ ਜਾਂ ਸ਼੍ਰੇਣੀ ਦੇ ਬਦਨਾਮ ਹੋਣ ਦਾ ਡਰ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਰਦਾਰ—ਵੇਖ ਓਏ ਨਥੂ ! ਤੇਰੀ ਇਕ ਮਾੜੀ ਕਰਤੂਤ ਨੇ ਸਾਰੀ ਕੁਲ ਨੂੰ ਸ਼ਰਮਿੰਦਾ ਕਰ ਦਿਤਾ ਹੈ । ਮੂਰਖਾ 'ਇਕ ਮਝ ਲਿਬੜੀ, ਸਤ ਸੌ ਨੂੰ ਲਬੇੜ ਦਿੰਦੀ ਹੈ ।' ਆਪਣਾ ਨਹੀਂ ਤਾਂ ਸਾਡਾ ਹੀ ਲਿਹਾਜ਼ ਕਰਨਾ ਸੀ । (ਸੰ:)

**ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾਉਂਦੀਆਂ ।**

**ਭਾਵ** :— ਜਦ ਇਕ ਥਾਂ ਜਾਂ ਇਲਾਕੇ ਵਿਚ ਦੋ ਹਾਕਮ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜਹਾਂਗੀਰ ਨੇ ਆਪਣੇ ਸ਼ਹਿਜ਼ਾਦੇ ਨੂੰ ਸਦ ਕੇ ਆਖਿਆ ਕਿ ਇਉਂ ਬਣ ਨਹੀਂ ਲੰਘੇਗਾ, 'ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ' ਜਾਂ ਤੂੰ ਰਾਜ ਕਰੇਂਗਾ, ਜਾਂ ਮੈਂ । (ਸੰਗ੍ਰ)

**ਇਕ ਮੁੱਕੀ ਚੁਕ ਲੈ, ਦੂਜੀ ਨੂੰ ਤਿਆਰ ।**

**ਭਾਵ** :— ਜਦ ਇਕ ਔਕੜ ਵਿਚੋਂ ਨਿਕਲੋ ਤੇ ਦੂਜੀ ਹੋਰ ਤਿਆਰ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮੈਂ ਉਸ ਵਲ ਤਕਿਆ ਤੇ ਕਿਹਾ, 'ਜ਼ਿੰਦਗੀ ਵਿਚ ਕਈ ਖੁਭਣਾ ਹੁੰਦੀਆਂ ਹਨ । ਇਹ ਤਾਂ ਮੁੰਡਿਆਂ ਦੀ ਖੇਡ ਵਾਲੀ ਗਲ ਹੈ । 'ਇਕ ਮੁੱਕੀ ਚੁਕ ਲੈ, ਦੂਜੀ ਨੂੰ ਤਿਆਰ ।' ਇਕ ਖੁਭਣ ਵਿਚੋਂ ਨਿਕਲੇ ਤੇ ਦੂਜੀ ਵਿਚ ਪੈ ਗਏ ।

(ਪੰਜਾਬੀ ਸਾਹਿਤ—ਨਰਿੰਦ੍ਰ ਸਿੰਘ ਸੋਚ)

**ਇਕ ਲਤ ਲਾਹੌਰ ਤੇ ਇਕ ਪਿਸ਼ੌਰ (ਲਖਨਊ)**

**ਭਾਵ** :— ਜਦ ਕੋਈ ਕਿਸੇ ਕੰਮ ਦੀ ਸਫਲਤਾ ਲਈ ਹਰ ਪਾਸੇ ਬੜੀ ਨਠ ਭਜ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ...ਮੇਰੀ ਮਾਂ ਵਿਚਾਰੀ ਨੇ ਮੇਰੇ ਲਈ ਬੜੀਆਂ ਬੜੀਆਂ ਕੁਰਬਾਨੀਆਂ ਕੀਤੀਆਂ ਨੇ । ਪੁਸ਼ਪਾ ਦਾ ਸਾਕ ਕਰਾਉਣ ਲਈ ਵਿਚਾਰੀ ਦੀ ਮਹੀਨਿਆਂ ਬਧੀ 'ਇਕ ਲਤ ਲਾਹੌਰ ਤੇ ਇਕ ਲਖਨਊ' ਰਹੀ । ਨਾ ਉਹਨੇ ਦਿਨ ਵੇਖਿਆ ਨਾ ਰਾਤ ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਇਕ ਵੇ ਜੱਟਾ, ਦੋ ਵੇ ਜੱਟਾ, ਤੀਜੀ ਵਾਰੀ ਪਿਆ ਘੱਟਾ ।**

**ਭਾਵ** :— ਜਦ ਸਮਝਾਉਣ ਤੇ ਕੋਈ ਝਗੜਾ ਕਰਨ ਤੋਂ ਨਾ ਹਟੇ ਤੇ ਫਿਰ ਡੰਡਾ ਕੂੰਡਾ ਹੀ ਫੜਨਾ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨੰਬਰਦਾਰਾ ! ਉਸਨੂੰ ਇਕ ਵਾਰੀ ਹੋਰ ਸਮਝਾ ਲੈ, ਅਸੀਂ ਉਸ ਦੀਆਂ ਬੜੀਆਂ ਸਹੀਆਂ ਹਨ । ਜੇ ਹੁਣ ਵੀ ਉਹ ਬਾਜ਼ ਨਾ ਆਇਆ ਤਾਂ ਫਿਰ ਇਹੀ ਕਰਨਾ ਪਵੇਗਾ । 'ਇਕ ਵੇ ਜੱਟਾ, ਦੋ ਵੇ ਜੱਟਾ, ਤੀਜੀ ਵਾਰੀ ਪਿਆ ਘੱਟਾ ।' ਤੁਸੀਂ ਫਿਰ ਸਾਨੂੰ ਉਲਾਂਭਾ ਨਾ ਦੇਣਾ । (ਸੰਗ੍ਰ)

**ਇਕ ਸ਼ਿਕਾਰ ਤੇ ਦੋ ਸ਼ਿਕਾਰੀ ।**

**ਭਾਵ** :— ਜਦ ਇਕ ਚੀਜ਼ ਨੂੰ ਦੋ ਆਦਮੀ ਆਪੋ ਆਪਣੇ ਥਾਂ ਕਾਬੂ ਕਰਨ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ......ਇਕੋ ਸ਼ਿਕਾਰ ਉਤੇ ਦੋਹਾਂ ਸ਼ਿਕਾਰੀਆਂ ਦੀ ਅੱਖ ਸੀ ਤੇ ਅੰਤ ਇਹੋ ਕੁਝ ਹੋਇਆ । ਸੰਤ ਤੇ ਲਾਲਾ ਜੀ ਵਿਚਾਲੇ ਇਸ ਸੰਬੰਧੀ ਸਮਝੌਤਾ ਹੋਇਆ । ਅਰਥਾਤ ਇਸ ਨਵੇਂ ਸ਼ਿਕਾਰ (ਮਨੋਰਮਾ) ਉਤੇ ਸੰਤ ਤੇ ਲਾਲਾ ਪ੍ਰਭੂ ਦਿਆਲ ਦੋਹਾਂ ਦਾ ਪੂਰਾ ਅਧਿਕਾਰ ਹੋਵੇਗਾ । (ਸੰਗ੍ਰ)

**ਇਕਨੀ ਦੁਧੁ ਸਮਾਈਐ ਇਕ ਚੁਲ੍ਹੈ ਰਹਿਨ ਚੜ੍ਹੇ ।** ਜਾਂ

**ਇਕਿ ਨਿਹਾਲੀ ਪੈ ਸਵਨਿ ਇਕਿ ਉਪਰ ਰਹਿਨ ਖੜੇ ।**

**ਭਾਵ** :— ਕਈ ਤੁਲਾਈਆਂ ਤੇ ਪੈ ਕੇ ਸੌਂਦੇ ਹਨ ਤੇ ਕਈ ਉਨ੍ਹਾਂ ਉਤੇ ਪਹਿਰਾ ਦਿੰਦੇ ਹਨ । ਜਦ ਗ਼ਰੀਬ ਤੇ ਅਮੀਰ ਦਾ ਭੇਦ ਕਰਮਾਂ ਕਰਕੇ ਦਸਣਾ ਹੋਵੇ ।

**ਵਰਤੋਂ** :—

"ਆਪੇ ਭਾਂਡੇ ਸਾਜਿਅਨੁ ਆਪੇ ਪੂਰਣ ਦੇਇ ।
ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਨਿ ਚੜੇ ।
ਇਕਿ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ ।
ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ।

(ਗੁਰੂ ਗ੍ਰੰਥ—ਆਸਾ ਦੀ ਵਾਰ)

**ਇਕੇ ਮਾਰ ਜਾਸੀ, ਇਕੇ ਤਾਰ ਜਾਸੀ ।**

**ਭਾਵ** :— ਜਦ ਕੋਈ ਆਪਣੇ ਰੰਗ ਵਿਚ ਆ ਕੇ ਕਿਸੇ ਨੂੰ ਵਸਾ ਦੇਵੇ ਤੇ ਕਿਸੇ ਨੂੰ ਬਰਬਾਦ ਕਰ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਇਕੇ ਮਾਰ ਜਾਸੀ, ਇਕੇ ਤਾਰ ਜਾਸੀ, ਇਹ ਮੀਂਹ ਨਿਆਉਂ ਦਾ ਆਇਆ ਈ ।

(ਹੀਰ ਵਾਰਸ ਸ਼ਾਹ)

**ਇਕੁ ਸਜਣੁ ਸਭਿ ਸਜਣਾ, ਇਕੁ ਵੈਰੀ ਸਭਿ ਵਾਦਿ ।**

**ਭਾਵ** :— ਇਕ ਰਬ ਮਿਤਰ ਹੈ, ਤਦ ਸਾਰੇ ਮਿਤਰ ਹਨ, ਨਹੀਂ ਤਾਂ ਸਾਰੇ ਵੈਰੀ ਹਨ । ਕਿਸੇ ਇਕ ਮਿੱਤਰ ਉਤੇ ਬਹੁਤਾ ਭਰੋਸਾ ਦਸਣ ਲਈ ਵੀ ਵਰਤਦੇ ਹਨ ।

**ਵਰਤੋਂ** :—

"ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥
ਗੁਰਿ ਪੂਰੈ ਦੇਖਾਲਿਆ ਵਿਣੁ ਨਾਵੈ ਸਭ ਬਾਦਿ ॥"

(ਗੁਰੂ ਗ੍ਰੰਥ—ਰਾਮਕਲੀ ਕੀ ਵਾਰ)

**ਇਕੋ ਅੰਡਾ, ਉਹ ਭੀ ਗੰਦਾ ।**

**ਭਾਵ** :— ਜਦ ਕਿਸੇ ਦਾ ਇਕੋ ਇਕਾ ਸਹਾਰਾ ਹੋਵੇ, ਉਹ ਭੀ ਹਥੋਂ ਜਾਂਦਾ ਦਿਸਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਵਿਚਾਰੀ ਰੋਵੇ ਨਾ ਤਾਂ ਕੀ ਕਰੇ । ਅਖੇ 'ਇਕੋ ਅੰਡਾ, ਉਹ ਭੀ ਗੰਦਾ' । ਇਸ ਦਾ ਵੀਰ ਹੀ ਸਹਾਰਾ ਸੀ, ਉਹ ਵੀ ਆਖੇ ਅਖਾਏ ਵਿਗੜ ਬੈਠਾ ਹੈ । (ਸੰਗ੍ਰ)

**ਇਕੋ ਹੀ ਚੂੰਢੀ ਵੱਢਾਂ, ਨੌਂ ਮਣ ਲਹੂ ਕੱਢਾਂ ।**

**ਭਾਵ** :— ਜਦ ਕੋਈ ਆਦਮੀ ਕਿਸੇ ਦਾ ਘੜੀ ਮੁੜੀ ਥੋੜਾ ਥੋੜਾ ਨੁਕਸਾਨ ਕਰਦਾ ਰਹੇ, ਪਰ ਦੂਜਾ ਇਕੋ ਵਾਰ ਵਿਚ ਸਾਰੀ ਕਸਰ ਕਢ ਛਡੇ, ਤਦ ਇਹ ਅਖਾਣ ਵਰਤਦੇ ਹਨ ਜਾਂ ਜਦ ਇਕੋ ਵੇਰ ਕਸੂਰ ਕਰਨ ਜਾਂ ਦੁਖ ਦੇਣ ਨਾਲ ਬੰਦੇ ਦਾ ਕੱਖ ਨਾ ਰਹੇ ।

**ਵਰਤੋਂ** :— ਆਹੋ ਜੀ, ਤੁਸੀਂ ਤਾਂ ਬਸ ਇਕੋ ਵੇਰ ਜ਼ਿੰਦਗੀ ਵਿਚ ਮੇਰੀ ਵਿਰੋਧਤਾ ਕੀਤੀ ਹੈ । 'ਅਖੇ ਇਕੋ ਹੀ ਚੂੰਢੀ ਵੱਢਾਂ, ਨੌਂ ਮਣ ਲਹੂ ਕੱਢਾਂ' । ਪਰ ਹੁਣ ਮੇਰਾ ਪਿਛੇ ਕੀ ਰਹਿ ਗਿਆ ਹੈ । ਹੋਰ ਵੀ ਜੋ ਕਰ ਸਕਦੇ ਹੋ, ਕਰ ਲਉ । (ਸੰਗ੍ਰ)

**ਇਕੋ ਤਵੇ ਦੀ ਰੋਟੀ, ਕੀ ਵਡੀ ਕੀ ਛੋਟੀ ।**

**ਭਾਵ** :— ਜਦ ਦੋਵੇਂ ਆਦਮੀ ਇਕੋ ਜਿਹੇ ਹਾਨੀਕਾਰਕ ਹੋਣ, ਭਾਵੇਂ ਇਕ ਤਕੜਾ ਹੋਵੇ ਤੇ ਇਕ ਮਾੜਾ, ਪਰ ਸੁਭਾ ਇਕੋ ਜਿਹਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਾਡੇ ਲਈ ਦੋਵੇਂ ਟੇਢੇ ਹਨ । 'ਇਕ ਤਵੇ ਦੀ ਰੋਟੀ, ਕੀ ਵਡੀ ਕੀ ਛੋਟੀ' । ਅਸੀਂ ਕਿਉਂ ਲਿਹਾਜ ਕਰੀਏ ਕਿਸੇ ਦਾ ? (ਸੰਗ੍ਰ)

**ਇਕੋ ਦਾਦੂ ਬਾਹਰੇ, ਖੇਹ ਉੱਡੀ ਮੁਲਾਂਵਲੇ ।**

**ਭਾਵ** :— ਦਾਦੂ ਭਗਤ ਜੀ ਮਿਰਾਸੀਆਂ ਦੇ ਚੰਗੇ ਕਦਰਦਾਨ ਸਨ । ਜਦ ਇਹ ਗੁਜ਼ਰ

ਗਏ ਤਦ ਕੋਈ ਮਿਰਾਸੀ ਦਾਦੂ ਜੀ ਦੇ ਪਿੰਡ (ਮੁਲਾਵਲੇ) ਗਿਆ। ਪਰ ਉਸ ਦੀ ਕਿਸੇ ਨੇ ਕਦਰ ਨਾ ਕੀਤੀ। ਉਸੇ ਸਬੰਧ ਵਿਚ ਇਹ ਅਖਾਣ ਬਣ ਗਿਆ। ਜਦ ਕਿਸੇ ਇਕ ਦੇ ਨਾ ਹੋਣ ਨਾਲ ਕਿਸੇ ਥਾਂ ਦੀ ਕਦਰ ਘਟ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਰਮ ਸਿੰਘ—ਸਰਦਾਰ ਜੀ ਚਲਾਣਾ ਕਰ ਗਏ, ਹੁਣ ਕਿਸੇ ਦੀ ਪੁਛ ਕਿਸ ਕਰਨੀ ਹੋਈ। ਅਖੇ 'ਇਕ ਦਾਦੂ ਬਾਹਰੇ, ਖੇਹ ਉਡੀ ਮੁਲਾਵਾਲੇ' ਵਾਲਾ ਹੀ ਹਾਲ ਹੁਣ ਇਥੇ ਵੀ ਹੋ ਰਿਹਾ ਹੈ। (ਸੰਗ੍ਰ)

**ਇਕੋ ਪੁਤ, ਸੋ ਬਲੀਂ ਵਿਆਹਿਆ।**

**ਭਾਵ** :— ਬਲੀਂ ਜੱਟਾਂ ਦੀ ਇਕ ਜ਼ਾਤ ਹੈ। ਇਹ ਨੀਵੀਂ ਦਸੀ ਜਾਂਦੀ ਹੈ। ਜਦ ਕਿਸੇ ਦਾ ਇਕੋ ਪੁਤ ਹੋਵੇ ਤੇ ਉਹ ਵੀ ਚੰਗੀ ਥਾਂ ਨਾ ਵਿਆਹਿਆ ਜਾਏ, ਜਾਂ ਔਕੜ ਵਿਚ ਹੋਵੇ, ਜਾਂ ਵਿਟਰ ਬੈਠੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— 'ਇਕੋ ਪੁੱਤ ਸੀ। ਉਹ ਵੀ ਬਲੀਂ ਵਿਆਹਿਆ।' ਮੇਰੀ ਵਾਤ ਕਿਨ੍ਹੇ ਪੁਛਣੀ ਸੀ। (ਸੰਗ੍ਰ)

**ਇਕਾਂਤ ਵਾਸਾ, ਨਾ ਝਗੜਾ ਨਾ ਹਾਸਾ।**

**ਭਾਵ** :— ਜਦ ਕੋਈ ਕਿਸੇ ਦੀ ਗੱਲ ਵਿਚ ਦਖਲ ਨਾ ਦੇਵੇ ਤੇ ਸਦਾ ਅਪਣੀ ਮੌਜ ਵਿਚ ਦਿਨ ਬਤੀਤ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸੁਖੀ ਹਾਂ ਅਸੀਂ, 'ਇਕਾਂਤ ਵਾਸਾ, ਨਾ ਝਗੜਾ ਨਾ ਹਾਸਾ'। ਕਿਸੇ ਦੀ ਗਲ ਵਿਚ ਆਉਂਦੇ ਨਹੀਂ। ਅਪਣੀ ਨਬੇੜੀ ਤੇ ਦੂਜੇ ਦੀ ਨਾ ਸਹੇੜੀ। ਬਸ ਫਿਰ ਮੌਜ ਹੀ ਮੌਜ ਹੈ। (ਸੰਗ੍ਰ)

**ਇਚਰ ਪੁਤਰ ਪਿਊ ਦਾ, ਜਿਚਰ ਮੂੰਹ ਨਹੀਂ ਡਿਠਾ ਪ੍ਰਾਈ ਧੀਊ ਦਾ।**

**ਭਾਵ** :— ਜਦ ਵਿਆਹ ਮਗਰੋਂ ਪੁੱਤਰ ਦੇ ਦਿਲ ਵਿਚ ਮਾਪਿਆਂ ਲਈ ਪਿਆਰ ਨਾ ਰਹੇ ਜਾਂ ਘਟ ਜਾਵੇ ਤਾਂ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹੁਣ ਉਹਦਾ ਸਾਡੇ ਨਾਲ ਕੀ? ਹੁਣ ਤਾਂ ਉਹ ਵਿਆਹਿਆ ਗਿਆ ਹੈ। 'ਇਚਰ ਪੁੱਤਰ ਪਿਊ ਦਾ, ਜਿਚਰ ਮੂੰਹ ਨਹੀਂ ਡਿੱਠਾ ਪ੍ਰਾਈ ਧਿਊ ਦਾ।' (ਸੰਗ੍ਰ)

**ਇੱਟ ਘੜੇ ਦਾ ਵੈਰ।**

**ਭਾਵ** :— ਆਦਿ ਤੋਂ ਤੁਰਿਆ ਆਂਦਾ ਸਿਰ-ਵੱਢ ਵੈਰ।

**ਵਰਤੋਂ** :— ਰਾਮ ਸ਼ਾਮ ਕਦੇ ਰਲ ਕੇ ਬੈਠ ਸਕਦੇ ਹਨ। ਉਨ੍ਹਾਂ ਦਾ ਤੇ ਪੁਸ਼ਤਾਂ ਤੋਂ ਇੱਟ ਘੜੇ ਦਾ ਵੈਰ ਤੁਰਿਆ ਆਉਂਦਾ ਹੈ। (ਸੰ)

**ਇੱਟ ਚੁਕਦੇ ਨੂੰ ਪਥੱਰ ਤਿਆਰ ਜਾਂ ਇੱਟ ਦੀ ਦੇਣੀ ਪਥੱਰ ਦੀ ਲੈਣੀ।**

**ਭਾਵ** :— ਜੇ ਤੁਸੀਂ ਕਿਸੇ ਨਾਲ ਮੰਦਾ ਕਰੋਗੇ ਤੇ ਅਗੋਂ ਕਿਸੇ ਲਿਹਾਜ਼ ਨਹੀਂ ਕਰਨਾ।

**ਵਰਤੋਂ** :— ਤੁਸੀਂ ਇਹ ਨਾ ਸਮਝਣਾ ਕਿ ਤੁਹਾਨੂੰ ਕੋਈ ਚੁੰਮ ਚਟਕੇ ਰਖੇਗਾ। ਜਿਹੋ ਜਿਹਾ ਤੁਸੀਂ ਵਰਤੋਗੇ ਉਹਾ ਜਿਹਾ ਹੀ ਦੂਜੇ ਵਰਤਣਗੇ। ਕਿਉਂਕਿ 'ਇੱਟ ਚੁਕਦੇ ਨੂੰ ਪੱਥਰ ਤਿਆਰ ਹੁੰਦਾ ਹੈ। (ਸੰਗ੍ਰ)

**ਇੱਟ ਪਿੱਛੇ ਪਰਦੇਸ।**

**ਭਾਵ** :— ਜਦ ਕੋਈ ਨੇੜੇ ਹੁੰਦਾ ਹੋਇਆ ਵੀ ਮਿਲੇ ਗਿਲੇ ਨਾ ਤੇ ਉਸ ਨੂੰ ਭੁਲ ਜਾਈਏ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਰਮੋ—ਨੀ ਊਸ਼ਾ! ਤੂੰ ਤਾਂ ਸਾਨੂੰ ਉਕਾ ਹੀ ਵਿਸਾਰ ਬੈਠੀ ਏਂ।

ਊਸ਼ਾ—ਭੈਣ! ਕੀ ਕਰਾਂ, 'ਇੱਟ ਪਿਛੇ ਪਰਦੇਸ' ਤੁਸੀਂ ਵੀ ਤਾਂ ਗੁਆਂਢ ਤੇ ਹੁੰਦੇ ਸੁੰਦੇ ਕਦੀ ਨਜ਼ਰ ਨਹੀਂ ਆਏ। (ਸੰਗ੍ਰ)

**ਇੱਟਾਂ ਨਾਲ ਪਕੌੜੇ ਨਹੀਂ ਖਾਈਦੇ।**

**ਭਾਵ** :— ਜਦ ਕੋਈ ਅਜੋੜ ਗੱਲ

ਕਰੇ, ਅਰਥਾਤ ਅੱਗ ਪਾਣੀ ਦੇ ਮੇਲ ਦੀ ਗੱਲ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨੀ ਅੜੀਏ ! 'ਇੱਟਾਂ ਨਾਲ ਪਕੌੜੇ ਨਹੀਂ ਖਾਈਦੇ'। ਤੁਸੀਂ ਤਾਂ ਅੱਗ ਪਾਣੀ ਦੇ ਮੇਲ ਦੀਆਂ ਗੱਲਾਂ ਕਰਦੇ ਹੋ। (ਸੰਗ੍ਰ)

**ਇਤ ਕੇ ਨਾ ਉਤ ਕੇ, ਵਿਚਕਾਰ ਖਾਂਦੇ ਕੁਤਕੇ।**

**ਭਾਵ** :— (ਨਾ ਘਰ ਕੇ ਨਾ ਘਾਟ ਕੇ) ਆਦਮੀ ਕਿਸੇ ਪਾਸੇ ਜੋਗਾ ਨਾ ਰਹੇ।

**ਵਰਤੋਂ** :— ਨਾ ਤੇ ਅਸੀਂ ਪਿੰਡ ਵਾਲਿਆਂ ਦੀ ਮੰਨੀ ਤੇ ਨਾ ਨੰਬਰਦਾਰ ਦੀ। ਹੁਣ ਔਕੜ ਵੇਲੇ ਸਾਡਾ ਹੱਥ ਕੌਣ ਫੜੇ। ਇਤ ਕੇ ਨਾ ਉਤ ਕੇ, ਵਿਚਕਾਰ ਖਾਂਦੇ ਕੁਤਕੇ। (ਸੰਗ੍ਰ)

**ਇਥੇ ਕੀਤਾ, ਉੱਥੇ ਪਾਈਐ।**

**ਭਾਵ** :— ਜੇਹੋ ਜਿਹੇ ਕਰਮ ਮਨੁਖ ਇਥੇ ਕਰੇਗਾ, ਉਹੋ ਜਿਹਾ ਫਲ ਅਗੇ ਪਾਵੇਗਾ।

**ਵਰਤੋਂ** :— ਮਨੁਖ ਕਈ ਤਰ੍ਹਾਂ ਦੇ ਕੁਕਰਮ ਇਥੇ ਕਰਦਾ ਹੈ। ਠੱਗੀ ਤੇ ਧੋਖਾ ਆਪਣੇ ਅਸੂਲ ਬਣਾਏ ਹੋਏ ਹਨ, ਪਰ ਉਹ ਇਹ ਭੁਲਿਆ ਹੋਇਆ ਹੈ ਕਿ 'ਇਥੇ ਕੀਤਾ ਉੱਥੇ ਪਾਈਐ' ਦੇ ਕਥਨ ਅਨੁਸਾਰ ਉਸਦੇ ਚੰਗੇ ਮੰਦੇ ਕਰਮ ਸਾਰੇ ਅਗੇ ਪਰਖੇ ਜਾਣੇ ਹਨ। (ਸੰਗ੍ਰ)

**ਇਥੇ ਘਾੜ ਘੜੀਂਦੇ ਹੋਰ, ਫੜੀਅਨ ਸਾਧ ਛੁਡੀਂਦੇ ਚੋਰ।**

**ਭਾਵ** :— ਇਥੇ ਅਨੋਖੀ ਖੇਡ ਹੋ ਰਹੀ ਹੈ। ਸਾਧ, ਚੰਗੇ ਆਦਮੀ ਦੁਖੀ ਕੀਤੇ ਜਾਂਦੇ ਹਨ ਤੇ ਚੋਰ, ਮਾੜੇ ਬੰਦੇ ਮੌਜਾਂ ਮਾਣਦੇ ਹਨ।

**ਵਰਤੋਂ** :— ਰਾਓ – ਠੀਕ ਏ, ਅਜਬ ਸਮਾਂ ਹੈ ਕਿ ਹਾਲਾਤ ਅਗੇ ਨਾਲੋਂ ਵੀ ਮਾੜੇ ਹੋ ਗਏ ਹਨ। ਹੁਣ ਤਾਂ 'ਇਥੇ ਘਾੜ ਘੜੀਂਦੇ ਹੋਰ, ਫੜੀਅਨ ਸਾਧ, ਛੁਡੀਂਦੇ ਚੋਰ'।

**ਇਧਰ ਇੱਲ ਝੁਟਾ ਲਈ ਰੋਟੀ ਕੁੱਤੇ ਵਢ ਲਈ ਪਿੰਨੀ।**

**ਭਾਵ** :— ਜਦ ਕਿਸੇ ਦੇ ਸਿਰ ਬਿਪਤਾ ਤੇ ਬਿਪਤਾ ਪੈਂਦੀ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—

ਕਿਸੇ ਮੁਸਾਫ਼ਰ ਭੱਸੇ ਤਾਪਲ,
ਡਿਗ ਢਹਿ ਰੋਟੀ ਪਿੰਨੀ।
ਇਧਰ ਇਲ ਝੁਟਾ ਲਈ ਰੋਟੀ,
ਕੁੱਤੇ ਵੱਢ ਲਈ ਪਿੰਨੀ।

(ਨਵਾਬ ਖਾਂ—ਜੋਧ ਸਿੰਘ)

**ਇਨ੍ਹਾਂ ਤਿਲਾਂ ਵਿਚ ਤੇਲ ਨਹੀਂ।**

**ਭਾਵ** :— ਜਿਸ ਕੰਮ ਵਿਚੋਂ ਕਿਸੇ ਸਫ਼ਲਤਾ ਦੀ ਆਸ ਨਾ ਹੋਵੇ।

**ਵਰਤੋਂ** :— ਵੀਰ ਜੀ ! ਤੁਸੀਂ ਐਵੇਂ ਖਪਦੇ ਹੋ। ਇਥੋਂ ਤੁਹਾਨੂੰ ਕੀ ਲਭਣਾ ਹੈ। ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। (ਸੰ:)

**ਇੰਨਾ ਨਾ ਪੱਕਾ, ਜੋ ਬੇਹਾ ਤਰੱਕਾ।**

**ਭਾਵ** :— ਜਦ ਕਿਸੇ ਦੇ ਥੁੜ੍ਹ-ਪੂੰਜੀਆ ਹੋਣ ਉਤੇ ਤਰਕ ਕੀਤੀ ਜਾਵੇ। ਉਸ ਨੂੰ ਆਪ ਬੜੀ ਲੋੜ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤੂੰ ਮੇਰੇ ਪਾਸੋਂ ਮੰਗਦਾ ਹੈਂ। ਮੇਰੇ ਪਲੇ ਤੇ ਇਹ ਹਾਲ ਹੈ, 'ਇੰਨਾ ਨਾ ਪੱਕਾ, ਜੋ ਬੇਹਾ ਤਰੱਕਾ'। (ਸੰਗ੍ਰ)

**ਇਨ੍ਹੀਂ ਘਰਾਟੀਂ ਇਹੋ ਜਿਹਾ ਪੀਸਦਾ ਹੈ।**

**ਭਾਵ** :— ਜਦ ਕਿਸੇ ਪਾਸੇ ਚੰਗਾ ਕੰਮ ਹੋਣ ਦੀ ਆਸ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕੋਈ ਗੱਲ ਨਹੀਂ, ਮਦਨ ਕੁਝ ਸ਼ਿਕਵੇ ਭਰੇ ਰੰਗ ਵਿਚ ਬੋਲਿਆ, "ਇਨ੍ਹਾਂ ਘਰਾਟਾਂ ਵਿਚ ਰੋਜ਼ ਹੀ ਇਸੇ ਤਰ੍ਹਾਂ ਪੀਸਦਾ ਏ। ਅਜ ਕੋਈ ਨਵੀਂ ਗੱਲ ਥੋੜ੍ਹੀ ਏ।"

(ਗੰਗਾਜਲੀ ਵਿਚ ਸ਼ਰਾਬ—ਨਾਨਕ ਸਿੰਘ)

**ਇਲ ਚੁਰਾਈ ਸਾੜ੍ਹੀ, ਜਠੇਰਿਆਂ ਦੇ ਸਿਰ ਚਾੜ੍ਹੀ'। ਜਾਂ ਇੱਲ ਮੁੰਡਾ ਲੈ ਗਈ, ਜਠੇਰਿਆਂ ਦੇ ਨਾਂ।** ਵੇਖੋ : ਕੁੱਤਾ ਰੋਟੀ ਲੈ ਗਿਆ, ਗੰਗਾ ਮਾਈ (ਵਿਸ਼ਨੂੰ ਭਗਵਾਨ) ਤੇਰੇ ਨਾਂ।

**ਭਾਵ** :— ਜਦ ਕੋਈ ਨੁਕਸਾਨ ਆਪਣੇ ਤੋਂ ਹੋ ਜਾਵੇ ਤੇ ਕਿਸੇ ਨੂੰ ਕਹੀਏ ਕਿ ਤੇਰੇ ਕਰਕੇ ਇਹ ਨੁਕਸਾਨ 'ਅਸਾਂ ਜਾਣ ਬੁਝ ਕੇ ਕੀਤਾ ਹੈ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੈਂ ਤਾਂ ਨਹੀਂ ਨਾ ਖਾਧਾ। ਖਾ ਗਈ ਲੁਕਾਈ ਤੇ ਸਿਰ ਬੰਦੀ ਦੇ ਆਈ। ਪੈਸਾ ਉਜਾੜਿਆ ਤੇਰੇ ਮੁੰਡਿਆਂ ਨੇ। 'ਇਲ ਮੁੰਡਾ ਲੈ ਗਈ, ਜਠੇਰਿਆਂ ਦੇ ਨਾਂ'। ਵਿਚੋਂ ਮੈਨੂੰ ਕੀ ਲੱਭਾ ? (ਸੰਗ੍ਰ)

**ਇੱਲ ਦਾ ਨਨਾਣਵਦੀਆ ਕਾਂ।** ਵੇਖੋ : ਖਵਾਜੇ ਦਾ ਗਵਾਹ ਡਡੂ।

**ਭਾਵ** :— ਜਦ ਕਿਸੇ ਮਾੜੇ ਬੰਦੇ ਦੀ ਮਦਦ ਲਈ ਮਾੜਾ ਹੀ ਅਗਾਂਹ ਵਧੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**:— ਬੈਠ ਉਇ ਟਿੱਕ ਕੇ। ਆਇਆ ਕਿਤੋਂ ਵੱਡਾ ਇੱਲ ਦਾ ਨਨਾਣਵਦੀਆ ਕਾਂ। (ਸੰਗ੍ਰ)

**ਇੱਲ ਦਾ ਨਾਂ ਕੋਕੋ ਨਹੀਂ ਜਾਣਦਾ ਜਾਂ ਇੱਲ ਦੇ ਥਾਂ ਕੁਕੜ ਨਹੀਂ ਜਾਣਦਾ।**

**ਭਾਵ** :— ਜਦ ਕੋਈ ਬੜਾ ਹੀ ਮੂਰਖ ਤੇ ਅਨਪੜ੍ਹ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** — ਰਾਜਿੰਦਰ ਬਿਲਕੁਲ ਬੁਧੂ ਹੈ ਇੱਲ ਦਾ ਨਾਂ ਕੋਕੋ ਨਹੀਂ ਜਾਣਦੀ। (ਸੰਗ੍ਰ)

**ਇਲਤਿ ਕਾ ਨਾਉਂ ਚੌਧਰੀ।**

**ਭਾਵ** :— ਕਲਜੁਗ ਵਿਚ ਸ਼ਰਾਰਤ ਕਰਨ ਵਾਲਾ ਚੌਧਰੀ ਅਖਵਾਂਦਾ ਹੈ।

**ਵਰਤੋਂ** :—

'ਇਲਤਿ ਕਾ ਨਾਉਂ ਚਉਧਰੀ' ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥
(ਗੁਰੂ ਗ੍ਰੰਥ—ਵਾਰ ਮਲ੍ਹਾਰ)

**ਇੱਲ ਦੇ ਆਲ੍ਹਣੇ ਤੋਂ ਮਾਸ ਦੀ ਮੁਰਾਦ।**

**ਭਾਵ** :— ਕਿਸੇ ਅਜੇਹੀ ਥਾਂ ਤੋਂ ਕਿਸੇ ਚੀਜ਼ ਦੀ ਆਸ ਰਖਣੀ, ਜਿਥੇ ਉਸ ਚੀਜ਼ ਦੀ ਥੁੜ ਹੋਵੇ।

**ਵਰਤੋਂ** :— ਘੁਮੰਡਾ ਸਿੰਘ ਪਾਸੋਂ ਦਾਣਿਆਂ ਦੀ ਮੰਗ ਕਰਨੀ ਇਲਾਂ ਦੇ ਆਲਣੇ ਤੋਂ ਮਾਸ ਦੀ ਮੁਰਾਦ ਰਖਣ ਵਾਲੀ ਗੱਲ ਹੈ। ਉਸ ਪਾਸ ਦਾਣੇ ਕਿਥੋਂ ? ਉਹ ਆਪ ਲੋਕਾਂ ਪਾਸੋਂ ਮੰਗਦਾ ਰਹਿੰਦਾ ਹੈ। (ਸੰਗ੍ਰ)

**ਇੱਲਾਂ ਕਿਸ ਪਰਣਾਈਆਂ, ਕਿਸ ਪਿੰਜਰੇ ਘਤੇ ਕਾਂਉਂ।**

**ਭਾਵ** :— ਅਨਹੋਣੀਆਂ ਗੱਲਾਂ ਕਦੇ ਨਹੀਂ ਹੋ ਸਕਦੀਆਂ।

**ਵਰਤੋਂ** :— ਤੂੰ ਭਾਵੇਂ ਜੋ ਮਰਜ਼ੀ ਕਹੁ ਪਰ ਮੈਨੂੰ ਤਾਂ ਵਿਸ਼ਵਾਸ ਹੈ ਕਿ ਇਹ ਕੰਮ ਉਹ ਨਹੀਂ ਕਰ ਸਕੇਗਾ। ਭਲਾ ਸਿਆਣਿਆਂ ਦਾ ਕਿਹਾ ਗਲਤ ਹੋ ਸਕਦਾ ਹੈ : 'ਇੱਲਾਂ ਕਿਸ ਪਰਣਾਇਆਂ ਕਿਸ ਪਿੰਜਰੇ ਘਤੇ ਕਾਉਂ।' (ਸੰਗ੍ਰ)

**ਇੱਲਾਂ (ਚੀਲਾਂ) ਦੇ ਮੂੰਹ ਵਿਚੋਂ ਮਾਸ ਖੋਹਿਆ।**

**ਭਾਵ** :— ਕਿਸੇ ਪਾਸੋਂ ਅਨਹੋਣੀ ਗੱਲ ਦੀ ਆਸ ਰਖਣੀ।

**ਵਰਤੋਂ** : — ਜਮਨਾ ਦਿਲ ਵਿਚ ਕਹਿ ਰਹੀ ਸੀ, ਮੂਰਖਾ ! ਤੂੰ ਜਿਹੜਿਆਂ ਵਿਚ ਹੈਂ ? ਇੱਲਾਂ (ਚੀਲਾਂ) ਦੇ ਮੂੰਹ ਵਿਚੋਂ ਮਾਸ ਖੋਹਣਾ ਚਾਹੁੰਦਾ ਹੈਂ ?
(ਕਾਗਤਾਂ ਦੀ ਬੇੜੀ :— ਨਾਨਕ ਸਿੰਘ)

**ਇਸ਼ਕ ਹੁਰਾਂ ਦੇ ਬੜੇ ਅਡੰਬਰ।**
**ਬਹਿਣ ਨਾ ਦਿੰਦੇ ਬਾਹਰ ਅੰਦਰ।**

**ਭਾਵ** :— ਜਦ ਕਿਸੇ ਨਾਲ ਲਗਾ ਇਸ਼ਕ ਬੜੀਆਂ ਔਕੜਾਂ ਵਿਚ ਪਾ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤਾਇਆ (ਹੱਸ ਕੇ)—

ਇਸ਼ਕ ਹੁਰਾਂ ਦੇ ਬੜੇ ਅਡੰਬਰ।
ਬਹਿਣ ਨਾ ਦਿੰਦੇ ਬਾਹਰ ਅੰਦਰ।

ਦਿਤਿਆ ! ਤੂੰ ਘਾਬਰਦਾ ਕਾਹਨੂੰ ਏਂ ? ਅਸੀਂ ਇਹਨਾਂ ਪਾਣੀਆਂ ਵਿਚੋਂ ਆਪ ਲੰਘੇ ਹੋਏ ਹਾਂ । ਜੇ ਕੁੜੀ ਰਾਜ਼ੀ ਆ ਤਾਂ ਸਭ ਖੈਰਾਂ ਮਿਹਰਾਂ ਨੇ ।

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲ ਦੀਨ)

**ਇਸ਼ਕ ਛੁਪਾਇਆਂ ਛੁਪਦਾ ਨਹੀਂ, ਸ਼ਹਿਰੀਂ ਵਜ ਗਏ ਢੋਲ ।**

**ਭਾਵ** :— ਇਸ਼ਕ ਲੁਕਾਇਆਂ ਨਹੀਂ ਲੁਕਦਾ ।

**ਵਰਤੋਂ** :— ਇਸ਼ਕ ਛੁਪਾਇਆਂ ਛੁਪਦਾ ਨਹੀਂ ਸ਼ਹਿਰੀਂ ਵੱਜ ਗਏ ਢੋਲ । (ਬੁਲ੍ਹਾ ਸ਼ਾਹ)

**ਇਸ਼ਕ ਤੇ ਮੁਸ਼ਕ ਲੁਕਾਇਆਂ ਨਹੀਂ ਲੁਕਦੇ (ਛੁਪਾਇਆਂ ਨਹੀਂ ਛੁਪਦੇ) ਜਾਂ ਇਸ਼ਕ ਤੇ ਖੰਘ ਲੁਕਾਇਆਂ ਲੁਕਦੇ ਨਹੀਂ । ਜਾਂ ਇਸ਼ਕ ਮੁਸ਼ਕ ਕਿਉਂ ਲੁਕੈ ਲੁਕਾਯਾ ।**

**ਭਾਵ** :— ਇਸ਼ਕ ਦੇ ਦਰਜੇ ਪੁਜ ਚੁਕੀ ਪ੍ਰੀਤ ਲੁਕਾਇਆ ਨਹੀਂ ਲੁਕ ਸਕਦੀ, ਜਾਂ ਜਦ ਕੋਈ ਉੱਘਾ ਕੰਮ ਲੁਕਾਇਆ ਨਾ ਜਾ ਸਕੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

ਮਿਹਰ ਮੁਹਬੁਤ ਆਸ਼ਕੀ
ਇਸ਼ਕ ਮੁਸ਼ਕ ਕਿਉ ਲੁਕੈ ਲੁਕਾਇਆ ।
ਚੰਦਨ ਵਾਸ ਵਣਾਸਪਤਿ
ਹੋਇ ਸੁਗੰਧਿ ਨਾ ਆਪ ਗਣਾਇਆ ।

(ਵਾਰਾਂ—ਭਾਈ ਗੁਰਦਾਸ)

**ਇਸ਼ਕ ਦਾ ਰਾਹ ਸੌਖਾ ਨਹੀਂ, ਲਾਵਣ ਸੌਖਾ ਤੇ ਪਾਲਣ ਔਖਾ ਹੈ ।**

**ਭਾਵ** :— ਇਸ਼ਕ ਦਾ ਰਾਹ ਔਖਾ ਹੈ । ਇਸ ਰਾਹ ਵਿਚ ਬੜੀਆਂ ਔਕੜਾਂ ਹਨ ।

**ਵਰਤੋਂ** :— ਰਣਬੀਰ—ਸਜਨੀ ! ਇਸ਼ਕ ਦਾ ਰਾਹ ਬੜਾ ਕਠਨ ਹੈ । ਇਸ਼ਕ ਲਾਵਣਾ ਸੌਖਾ ਤੇ ਪਾਲਣ ਔਖਾ ਹੈ । (ਸੰਗ੍ਰ)

**ਇਸ਼ਕੋਂ ਫਿੱਟਾ ਜੋਗੀ ਜਾ ਬਣਦਾ ਹੈ ।**

**ਭਾਵ** :— ਇਸ਼ਕ ਦਾ ਪਟਿਆ ਜੋਗੀ ਬਣਨਾ ।

**ਵਰਤੋਂ** :— ਬਿਨਾ ਹੀਰ ਮੁੜਨਾ, ਰਾਂਝੇ ਨੇ ਇਕ ਦਾਗ਼ ਜਾਤਾ । ਕੁਝ ਇਸ਼ਕ ਦਾ ਸਤਾਇਆ, ਕੁਝ ਖੇੜਿਆਂ ਦੇ ਹੀਰ ਲੈ ਜਾਣ ਤੋਂ ਭੁਨਿਆ ਤੇ ਨਿਰਾਸ ਹੋਇਆ ਹੋਇਆ ਟਿਲੇ ਜਾ ਕੰਨ ਪੜਵਾਏ, ਅਰ 'ਇਸ਼ਕੋਂ ਫਿੱਟਾ ਜੋਗੀ ਜਾ ਬਣਦਾ ਹੈ' ਨੂੰ ਸੱਚ ਕਰ ਵਿਖਾਇਆ । (ਕੋਇਲ ਕੂ—ਬਾਵਾ ਬੁਧ ਸਿੰਘ)

**ਈਸਬਗੋਲ, ਕੁਝ ਨਾ ਫੋਲ ।**

**ਭਾਵ** :— ਜਦ ਕਿਸੇ ਦਾ ਭੇਦ ਖੋਲ੍ਹਿਆਂ ਖ਼ਰਾਬੀ ਵਧ ਜਾਣ ਦਾ ਡਰ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਭੈਣ ਗੱਲ ਛੁਪੀ ਹੀ ਚੰਗੀ ਹੈ । 'ਈਸਬ ਗੋਲ ਤੇ ਕੁਝ ਨਾ ਫੋਲ' ਵਾਲਾ ਹਾਲ ਹੈ । (ਮੈ)

**ਈਸਰ ਤੁੱਸੇ ਹੋਰਨਾ ਘਰ ਖਪਰ ਛਾਰਾ ।**

**ਭਾਵ** :— ਸ਼ਿਵਜੀ ਹੋਰਨਾਂ ਉਤੇ ਤਾਂ ਬੜਾ ਮਿਹਰਬਾਨ ਹੈ, ਪਰ ਉਸ ਦੇ ਆਪਣੇ ਘਰ ਸੁਆਹ ਹੀ ਉਡਦੀ ਹੈ । ਜਿਹੜਾ ਦੂਜਿਆਂ ਲਈ ਤਾਂ ਬਹੁਤ ਕੁਝ ਕਹੇ ਪਰ ਆਪਣਾ ਹਾਲ ਮਾੜਾ ਹੋਵੇ ।

**ਵਰਤੋਂ** :— ਉਹ ਆਪ ਲੱਖ-ਪਤੀ ਹੈ, ਪਰ ਹੈ ਬੜਾ ਸਾਦਾ । ਨਾ ਜਾਨਣ ਵਾਲੇ ਲਈ ਤਾਂ ਉਹ ਇਕ ਗ਼ਰੀਬੜਾ ਜਿਹਾ ਹੈ, ਪਰ ਅਸਲੋਂ ਉਹ ਹੈ ਸ਼ਿਵਜੀ ਵਾਂਗ ਪਰਉਪਕਾਰੀ । ਉਸ ਬਾਰੇ ਤਾਂ ਇਹ ਕਹਿਣਾ ਠੀਕ ਹੈ : 'ਈਸਰ ਤੁੱਸੇ ਹੋਰਨਾ, ਘਰ ਖਪਰ ਛਾਰਾ' । (ਸੰ)

**ਈਸੇ ਦਾ ਗਵਾਹ ਮੂਸਾ ।**

**ਭਾਵ** :— ਜਦ ਕੋਈ ਆਪਣੇ ਮਿਤਰ ਦੀ ਹਾਂ ਵਿਚ ਹਾਂ ਮਿਲਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜੀ ਹਾਂ 'ਈਸੇ ਦਾ ਗਵਾਹ ਮੂਸਾ ।' ਤੁਸੀਂ ਤਾਂ ਆਪਣੇ ਮਿੱਤਰ ਦੀ ਹਾਮੀ ਭਰਨੀ ਹੀ ਹੋਈ । ਸਾਡਾ ਕੀ ਧਿਆਨ ਹੈ ਤੁਹਾਨੂੰ ? (ਸੰਗ੍ਰ)

**ਈਦ ਪਿੱਛੋਂ ਤੰਬਾ ਫੂਕਣਾ । ਜਾਂ ਈਦ ਪਿਛੋਂ ਟੂਣਾ ਕਰਨਾ । ਜਾਂ ਈਦ ਪਿਛੋਂ ਟਰੂ, ਮੁੜ ਕੀ ਕਰੂ ।**

**ਭਾਵ** :— ਜਦ ਵੇਲੇ ਸਿਰ ਕੋਈ ਚੀਜ਼ ਕੰਮ ਨਾ ਆਵੇ ਤੇ ਸਮਾਂ ਬੀਤ ਜਾਣ ਪਿਛੋਂ ਉਹ ਮਿਲੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰੂੜ ਸਿੰਘ—ਲੈ ਸ਼ਾਹ, ਈਦ ਲੰਘ ਗਈ ਤਾਂ ਤੰਬੇ ਨੂੰ ਫੂਕਣਾ? ਸਾਨੂੰ ਲੋੜ ਹੋਈ ਅੱਜ। ਅਸੀਂ ਹੋਰ ਸ਼ਾਹ ਦੇ ਜਾਈਏ? ਵਡਿਆਂ ਘਰਾਂ ਦੀ ਘਰੋੜੀ ਨਹੀਂ ਮਾਣ। ਮੇਰੇ ਜੋਗਾ ਬਥੇਰਾ। ਕਿਸੇ ਸੰਦੂਕ ਦੀ ਨੁਕਰੋਂ ਨਿਕਲ ਆਊ।

(ਸੁਭੱਦਰਾ—ਆਈ. ਸੀ. ਨੰਦਾ)

**ਏਸ ਹਨੇਰਿਉਂ ਛੁਟੇਗਾ ਘੀਕਾ, ਤਾਂ ਫੇਰ ਵੇਖੇਗਾ ਘਰ ਕਾ ਠੀਕਾ।**

**ਭਾਵ** :— ਘਰ ਤੋਂ ਦੂਰ ਬਿਪਤਾ ਦੇ ਸਮੇਂ ਜਦ ਘਰ ਦਾ ਵਿਛੋੜਾ ਚੇਤੇ ਆਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇਕ ਇਕ ਪੈਰ ਤੇ ਦਮ ਫੁਲਦਾ ਸੀ ਅਤੇ ਘਰ ਦਾ ਨਰਮ ਵਿਛੌਣਾ ਚੇਤੇ ਆਉਂਦਾ ਸੀ। ਦਿਲ ਵਿਚ ਘੜੀ ਮੁੜੀ ਆਉਂਦਾ ਸੀ, 'ਏਸ ਹਨੇਰਿਉਂ ਛੁਟੇਗਾ ਘੀਕਾ, ਤਾਂ ਫੇਰ ਵੇਖੇਗਾ ਘਰ ਕਾ ਠੀਕਾ'। ਅਰਦਾਸ ਕਰਦੇ ਸਾਂ, 'ਹੇ ਪਰਮਾਤਮਾ! ਕਦੋਂ ਏਸ ਮੁਸ਼ਕਲ ਵਿਚੋਂ ਨਿਕਲਾਂਗੇ'।

(ਐਲ ਪੱਥਰ ਦੀ ਚੜ੍ਹਾਈ—ਸੂਰਤ ਸਿੰਘ ਜੋਗੀ)

**ਏਹ ਹਾਲ ਮਾਹੀ ਦਾ, ਤਾਂ ਅਲਾ ਬੇਲੀ ਮਾਲ ਦਾ।**

**ਭਾਵ** :— ਜੇ ਮਾਲਕ ਨੇ ਬੇਪਰਵਾਹ ਤੇ ਸੁਸਤ ਹੀ ਰਹਿਣਾ ਹੈ, ਤਾਂ ਇਸ ਖਲਿਆਰ ਦਾ ਰੱਬ ਹੀ ਰਾਖਾ ਹੈ।

**ਵਰਤੋਂ** :— ਸਰਦਾਰ ਜੀ, ਜੇ ਇਹੋ ਹਾਲ ਰਹਿਣਾ ਹੈ ਮਾਹੀ ਦਾ, ਤਾਂ ਅੱਲਾ ਬੇਲੀ ਮਾਲ ਦਾ। ਜੇ ਤੁਸੀਂ ਇਵੇਂ ਹੀ ਬੇਪਰਵਾਹ ਰਹਿਣਾ ਹੈ, ਤਦ ਇਹ ਅਡੰਬਰ ਔਖਾ ਹੀ ਸੰਭਾਲਿਆ ਜਾਣਾ ਹੈ। (ਸੰਗ੍ਰ)

**ਏਹ ਜੱਗ ਮਿੱਠਾ, ਅਗਲਾ ਕਿਨੇ ਡਿੱਠਾ।**

**ਭਾਵ** :— ਜਦ ਕੋਈ ਹੁਣ ਦੇ ਸਮੇਂ ਤੋਂ ਅਯੋਗ ਲਾਭ ਉਠਾ ਕੇ ਭਵਿਖਤ ਦੀ ਪਰਵਾਹ ਨਾ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤੂੰ ਹੀ ਸਵਾਰੀ ਜਾਹ ਪ੍ਰਲੋਕ। ਸਾਨੂੰ ਇਹੀ ਜਹਾਨ ਚੰਗੀ। 'ਇਹ ਜੱਗ ਮਿੱਠਾ, ਅਗਲਾ ਕਿਨੇ ਡਿੱਠਾ। (ਛੇ ਘਰ—ਸੰਤ ਸਿੰਘ ਸੇਖੋਂ)

**ਏਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲ।**

**ਭਾਵ** :— ਜਦ ਕਿਸੇ ਨਿਰਦੋਸ਼ ਨੂੰ ਮਾਰ ਪੈਂਦੀ ਹੋਵੇ, ਤਾਂ ਮਨੁੱਖ ਆਪਣੇ ਦੋਸ਼ਾਂ ਦਾ ਚੇਤਾ ਕਰਕੇ ਇਹ ਅਖਾਣ ਵਰਤਦੇ ਹਨ।

**ਵਰਤੋਂ** :—

ਫਰੀਦਾ ਦਰਿ ਦਰਵਾਜੈ ਜਾਇ ਕੀ ਡਿਠੋ ਘੜਿਆਲ ॥
'ਇਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲ ॥'

(ਗੁਰੂ ਗ੍ਰੰਥ—ਸਲੋਕ ਸ਼ੇਖ ਫਰੀਦ ਜੀ)

**ਏਕ ਜੋਤਿ ਦੁਇ ਮੂਰਤੀ।**

**ਭਾਵ** :— ਜਦ ਦੋ ਜੀਵ ਦਿਸਣ ਵਿਚ ਤਾਂ ਦੋ ਜਾਪਣ, ਪਰ ਜੋਤ ਇਕ ਹੋਵੇ।

**ਵਰਤੋਂ** :—

ਧਨ ਪਿਰੁ ਏਹਿ ਨਾ ਆਖੀਅਨਿ ਬਹਨਿ ਇਕਠੇ ਹੋਇ।
'ਏਕ ਜੋਤਿ ਦੁਇ ਮੂਰਤੀ' ਧਨ ਪਿਰ ਕਹੀਐ ਸੋਇ।

(ਗ੍ਰੰਥ—ਵਾਰ ਸੂਹੀ)

**ਏਕਾ ਨਾਰੀ ਸਦਾ ਜਤੀ।**

**ਭਾਵ** :— ਜਿਹੜਾ ਪਰਾਈ ਨਾਰ ਨੂੰ ਧੀ ਜਾਂ ਭੈਣ ਸਮਝੇ ਤੇ ਕੇਵਲ ਆਪਣੀ ਇਸਤ੍ਰੀ ਨਾਲ ਹੀ ਪਿਆਰ ਕਰੇ, ਉਸ ਸਬੰਧੀ ਇਹ ਅਖਾਣ ਵਰਤਦੇ ਹਨ।

**ਵਰਤੋਂ** :—

'ਏਕਾ ਨਾਰੀ ਜਤੀ ਹੋਇ,
ਪਰ ਨਾਰੀ ਧੀ ਭੈਣ ਵਖਾਣੈ।
ਪਰ ਧਨ ਸੂਅਰ ਗਾਇ ਜਿਉ
ਮਕਰਹੂ ਹਿੰਦੂ ਮੁਸਲਮਾਣੈ।

(ਵਾਰਾਂ ਭਾਈ ਗੁਰਦਾਸ ਜੀ)

**ਏਧਰ ਸਾਈਆਂ ਤੇ ਓਧਰ ਵਧਾਈਆਂ ।**

**ਭਾਵ** :— ਜਦ ਕੋਈ ਦੋ-ਰੁੱਖੀ ਜਾਂ ਦੋ ਪੱਖੀ ਗਲ ਕਰੇ, ਇਕ ਪਾਸੇ ਕੁਝ ਲਾਰਾ ਲਾਵੇ ਤੇ ਦੂਜੇ ਪਾਸੇ ਕੁਝ ਹੋਰ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅਮਰ ਸਿੰਘ—ਵਾਹ ! 'ਏਧਰ ਸਾਈਆਂ ਤੇ ਓਧਰ ਵਧਾਈਆਂ' । ਸੰਸਾਰ ਚੰਦ ਦੋ ਪਾਸੇ ਤੇ ਬੈਠਾ ਏ । ਨਾ ਸਾਨੂੰ ਕਿਲਾ ਦੇਣਾ ਚਾਹੁੰਦਾ ਏ ਤੇ ਨਾ ਰਣਜੀਤ ਸਿੰਘ ਨੂੰ । ਲੜਾ ਕੇ ਆਪਣਾ ਦਾਅ ਕਢਣਾ ਉਹਦੀ ਹਿਕਮਤ ਦੀ ਚਾਲ ਏ ।

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

**ਏਵੇਂ ਜਾਵੇ, ਪਰ ਜੇਠ ਨਾ ਖਾਵੇ ।**

**ਭਾਵ** :— ਚੀਜ਼ ਅਜਾਈਂ ਚਲੀ ਜਾਵੇ, ਪਰ ਸ਼ਰੀਕਾਂ ਦੇ ਕੰਮ ਨਾ ਆ ਸਕੇ ।

**ਵਰਤੋਂ** :— ਉਸ ਵੋਟ ਖੂਹ ਵਿਚ ਸੁਟ ਦੇਣੀ ਹੈ, ਪਰ ਤੁਹਾਨੂੰ ਨਹੀਂ ਦੇਣੀ । ਉਹ ਤੇ ਇਸ ਗੱਲ ਤੇ ਡਟਿਆ ਹੋਇਆ ਹੈ ਕਿ 'ਏਵੇਂ ਜਾਵੇ, ਪਰ ਜੇਠ ਨਾ ਖਾਵੇ' । (ਸੰਗ੍ਰ)

# ਸ

**ਸਈਆਂ ਭਏ ਕੁਤਵਾਲ ਅਬ ਡਰ ਕਾਹੇ ਕਾ ।**

**ਭਾਵ** :— ਜਦ ਕਿਸੇ ਦਾ ਮਿੱਤਰ ਜਾਂ ਸੰਬੰਧੀ ਵੱਡਾ ਬਣ ਜਾਵੇ; ਤੇ ਉਹ ਉਸ ਦੇ ਸਹਾਰੇ ਕਿਸੇ ਨੂੰ ਲੁੱਟਣ ਦਾ ਮਨਸੂਬਾ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮਾਰੋ, ਮੈਨੂੰ ਜ਼ਰੂਰ ਮਾਰੋ । ਕਿਉਂ ਨਾ ਮਾਰੋ, ਸਈਆਂ ਭਏ ਕੁਤਵਾਲ, ਅਬ ਡਰ ਕਾਹੇ ਕਾ ।' ਤੁਹਾਡਾ ਮੁੰਡਾ ਜੁ ਥਾਣੇਦਾਰ ਲਗ ਗਿਆ । (ਸੰਗ੍ਰ)

**ਸੱਸ ਡਿਓਢੀਉਂ ਲੰਘੀ ਤੇ ਨੂੰਹ ਨੈਣ ਮਟਕਾਏ ।**

**ਭਾਵ** :— ਜਦ ਕਿਸੇ ਦੇ ਰਤਾ ਜਿੰਨਾ ਦਾਬਾ ਹਟਣ ਤੇ ਬੰਦਾ ਆਕੜ ਬੈਠੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਉਸ ਦੇ ਪੇਕਿਆਂ ਨੇ ਦਿਲ ਵਿਚ ਪੱਕਾ ਫੈਸਲਾ ਕਰ ਲਿਆ ਕਿ ਕੁੜੀ ਨੂੰ ਮੁੜ ਜੀਊਂਦੇ ਜੀ ਸਹੁਰੇ ਨਹੀਂ ਤੋਰਨਾ ਤੇ ਅਗੇ ਵੀ ਕਿਹੜਾ ਸ਼ਕੁੰਤਲਾ ਲਈ ਕੋਈ ਔਂਸੀਆਂ ਪਾ ਰਿਹਾ ਸੀ । ਓਧਰ ਤਾ ਆਖੇ 'ਸੱਸ ਡਿਉਢੀਉਂ ਲੰਘੀ ਤੇ ਨੂੰਹ ਨੈਣ ਮਟਕਾਏ' । ਦੋਹਾਂ ਦੇ ਰਾਹ ਦਾ ਸਗੋਂ ਰੋੜਾ ਹਟ ਗਿਆ ।

(ਮਿਠਾ ਮਹੁਰਾ—ਨਾਨਕ ਸਿੰਘ)

**ਸੱਸ ਤੋਂ ਚੋਰੀ ਆਈ ਹਾਂ, ਜਵਾਂ ਤੋਂ ਕਣਕ ਵਟਾ ਦੇ ।**

**ਭਾਵ** :— ਜਦ ਕੋਈ ਬਾਹਰੋਂ ਤਾਂ ਇਹ ਦਸੇ ਕਿ ਘਾਟਾ ਪਾਉਣ ਨੂੰ ਤਿਆਰ ਹਾਂ ਪਰ ਅੰਦਰੋਂ ਦੂਜੇ ਦੇ ਕਪੜੇ ਲਾਹੁਣੇ ਦੀ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬੱਸ ਨੀ ਬੱਸ, ਛਡ ਚਲਾਕੀਆਂ 'ਸੱਸ ਤੋਂ ਚੋਰੀ ਆਈ ਹਾਂ, ਜਵਾਂ ਤੋਂ ਕਣਕ ਵਟਾ ਦੇ ।' ਮੈਂ ਨਹੀਂ ਜਾਣਦੀ, ਤੇਰੇ ਅੰਦਰ ਕੀ ਪਿਆ ਦੁਖਦਾ ਏ ? (ਸੰਗ੍ਰ)

**ਸੱਸ ਦੀਆਂ ਮੇਲਣਾ, ਜੁਲਾਹੀਆਂ ਤੇ ਤੇਲਣਾ ।**

**ਭਾਵ** :— ਕਿਸੇ ਦੀ ਮਾੜੀ ਸੰਗਤ ਵੇਖਕੇ ਇਹ ਅਖਾਣ ਵਰਤਿਆ ਜਾਂਦਾ ਹੈ ।

**ਵਰਤੋਂ** :— ਕਿਨ੍ਹੂੰ ਆਖੀਏ ਇਸ ਅਪੁੱਠੀ ਨੂੰ ਸਿੱਧੇ ਰਾਹ ਪਾਵੇ । 'ਸੱਸ ਦੀਆਂ ਮੇਲਣਾ, ਜੁਲਾਹੀਆਂ ਤੇ ਤੇਲਣਾ' ਵਾਲਾ ਹਿਸਾਬ ਹੈ । ਇਸ ਦੀਆਂ ਸਾਥਣਾਂ ਇਸ ਤੋਂ ਵੀ ਨਿਘਰੀਆਂ ਹੋਈਆਂ ਹਨ । (ਸੰਗ੍ਰ)

**ਸੱਸ ਨਹੀਂ ਸੰਗ ਚਲਾਂ, ਸਹੁਰਾ ਨਹੀਂ ਘੁੰਡ ਕਢਾਂ।**

**ਭਾਵ** :— ਜਿਸ ਤੀਵੀਂ ਦੇ ਸਿਰ ਉਤੇ ਕੋਈ ਡਰ ਜਾਂ ਕੁੰਡਾ ਨਾ ਹੋਵੇ, ਉਸ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਾਜ ਬੜੀ ਸਿਰ-ਲੱਥ ਹੋ ਗਈ ਹੈ। ਕੁੰਡਾ ਜੋ ਸਿਰ ਉਤੇ ਕੋਈ ਨਾ ਹੋਇਆ। 'ਸੱਸ ਨਹੀਂ ਸੰਗ ਚਲਾਂ, ਸਹੁਰਾ ਨਹੀਂ ਘੁੰਡ ਕੱਢਾਂ'। (ਸੰਗ੍ਰ)

**ਸੱਸ ਨਾ ਨਨਾਣ, ਵਹੁਟੀ (ਨੂੰਹ) ਆਪ ਫਿਰੇ ਪ੍ਰਧਾਨ।**

**ਭਾਵ** :— ਜਦ ਨੂੰਹ (ਜਾਂ ਕੋਈ ਹੋਰ ਸਬੰਧੀ) ਘਰ ਵਿਚ ਕਿਸੇ ਵਡੇਰੇ ਦੀ ਪ੍ਰਵਾਹ ਨਾ ਕਰੇ ਤੇ ਜੋ ਜੀ ਆਵੇ ਆਪੇ ਕਰੀ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਰ ਲੈ ਜੋ ਜੀ ਆਏ ਤੇਰੇ। 'ਸੱਸ ਨਾ ਨਨਾਣ, ਵਹੁਟੀ ਆਪ ਫਿਰੇ ਪ੍ਰਧਾਨ।' ਇਹ ਖੁਲ੍ਹ ਤੈਨੂੰ ਰੋਜ਼ ਰੋਜ਼ ਨਹੀਂ ਮਿਲਣੀ। (ਸੰਗ੍ਰ)

**ਸਸਤਾ ਰੋਵੇ ਵਾਰ ਵਾਰ, ਮਹਿੰਗਾ ਰੋਵੇ ਇਕ ਵਾਰ।**

**ਭਾਵ** :— ਜਦ ਸਸਤੀ ਖ਼ਰੀਦ ਕੀਤੀ ਚੀਜ਼ ਛੇਤੀ ਹੀ ਖ਼ਰਾਬ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇਸ ਚਪਲ ਨੇ ਦਸ ਦਿਨ ਵੀ ਨਹੀਂ ਕਢੇ। ਮੈਂ ਸਸਤੀ ਵੇਖ ਮੁਲ ਲੈ ਲਈ। ਇਹ ਨਾ ਸੋਚਿਆ ਕਿ 'ਸਸਤਾ ਰੋਵੇ ਵਾਰ ਵਾਰ, ਮਹਿੰਗਾ ਰੋਵੇ ਇਕ ਵਾਰ'। (ਸੰਗ੍ਰ)

**ਸੱਸੇ ਨੀ ਮੈਂ ਥੱਕੀ, ਛਡ ਚਰਖਾ ਤੇ ਝੋ ਚੱਕੀ।**

**ਭਾਵ** :— ਜਦ ਕਿਸੇ ਨੂੰ ਦੁਖੀ ਕਰਨ ਲਈ ਉਸ ਪਾਸੋਂ ਸੌਖਾ ਕੰਮ ਛੁਡਵਾ ਕੇ ਔਖਾ ਕੰਮ ਕਰਨ ਨੂੰ ਆਖਿਆ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੈਂ ਆਖਿਆ, ਹੁਣ ਬਸ ਕਰੋ। ਹੋਰ ਨਾ ਸਤਾਉ। ਉਨ੍ਹਾਂ ਅਗੋਂ ਉਹ ਹਾਲ ਕੀਤਾ, ਅਖੇ 'ਸਸੇ ਨੀ ਮੈਂ ਥੱਕੀ, ਛੱਡ ਚਰਖਾ ਤੇ ਝੋ ਚੱਕੀ' ਸਗੋਂ ਹੋਰ ਵੀ ਔਖਾ ਕਰਨਾ ਅਰੰਭ ਦਿੱਤਾ। (ਸੰਗ੍ਰ)

**ਸਹਸ ਸਿਆਣਪਾ ਲਖ ਹੋਹਿ ਤਾ ਇਕ ਨਾ ਚਲੈ ਨਾਲਿ।**

**ਭਾਵ** :— ਚਤਰਾਈ ਕੁਝ ਕੰਮ ਨਹੀਂ ਸੁਆਰਦੀ। ਜਦ ਸਿਆਣਪ ਦੀ ਥਾਂ ਨਿਸਚੇ ਤੇ ਵਿਸ਼ਵਾਸ ਨੂੰ ਦ੍ਰਿੜ੍ਹ ਕਰਾਣਾ ਹੋਵੇ, ਤਦ ਵਰਤਦੇ ਹਨ।

**ਵਰਤੋਂ** :—

"ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ।
ਚੁਪੈ ਚੁਪ ਨਾ ਹੋਵਈ ਜੇ ਲਾਇ ਰਹਾ ਲਿਵਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤਾ ਇਕ ਨ ਚਲੈ ਨਾਲਿ।"

(ਜਪੁਜੀ ਸਾਹਿਬ)

**ਸਹਸ ਖਟੇ ਲਖ ਕਉ ਉਠਿ ਧਾਵੇ।**

**ਭਾਵ** :— ਜਦ ਮਨੁਖ ਦੀ ਤ੍ਰਿਪਤੀ ਕਿਸੇ ਤਰ੍ਹਾਂ ਵੀ ਨਾ ਹੁੰਦੀ ਹੋਵੇ।

**ਵਰਤੋਂ** :—

"ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤ ਨ ਆਵੈ ਮਾਇਆ ਪਾਛੈ ਪਾਵੈ।"

(ਗੁਰੂ ਗ੍ਰੰਥ—ਸੁਖਮਨੀ)

**ਸਹਸ੍ਰ ਮਣਾ ਰੂਈ ਜਲੇ, ਚਿਨਗਾਰੀ ਧੁਖੇ।**

**ਭਾਵ** :— ਨਿਕੀ ਜੇਹੀ, ਮਾਮੂਲੀ ਚੀਜ਼ ਵੀ ਬੜਾ ਵਡਾ ਨੁਕਸਾਨ ਕਰ ਦੇਂਦੀ ਹੈ।

**ਵਰਤੋਂ** :—

ਵਿਗੜੇ ਚਾਟਾ ਦੁੱਧ ਦਾ ਕਾਂਜੀ ਦੀ ਚੁਖੈ।
ਸਹਸ੍ਰ ਮਣਾ ਰੂਈਂ ਜਲੈ ਚਿਨਗਾਰੀ ਧੁਖੈ।

(ਵਾਰਾਂ ਭਾਈ ਗੁਰਦਾਸ ਜੀ)

**ਸਹਿਕ ਸਹਿਕ ਕੇ ਚੰਨ ਚੜ੍ਹਿਆ ਤੇ ਉਹ ਵੀ ਡਿੰਗ ਫੜਿੰਗਾ ।**

**ਭਾਵ** :— ਜਦੋਂ ਬਹੁਤ ਦੇਰ ਮਗਰੋਂ ਕੋਈ ਮਨ ਦੀ ਮੁਰਾਦ ਪੂਰੀ ਹੋਵੇ ਪਰ ਫਿਰ ਵੀ ਉਸ ਵਿਚ ਕੋਈ ਨੁਕਸ ਰਹਿ ਜਾਵੇ ।

**ਵਰਤੋਂ** :— ਬੜੀ ਉਡੀਕ ਮਗਰੋਂ ਉਨ੍ਹਾਂ ਦੇ ਕਾਕਾ ਹੋਇਆ ਹੈ ਪਰ ਵਿਚਾਰੇ ਦੀਆਂ ਟੰਗਾਂ ਖ਼ਰਾਬ ਹਨ । 'ਸਹਿਕ ਸਹਿਕ ਕੇ ਚੰਨ ਚੜ੍ਹਿਆ ਤੇ ਉਹ ਵੀ ਡਿੰਗ ਫੜਿੰਗਾ' ।

**ਸਹਿਕਦੀ ਸੁੱਤੀ ਤੇ ਭੌਂਕਦੀ ਉੱਠੀ ।**

**ਭਾਵ** :— ਜਦ ਕੋਈ ਗ਼ਰੀਬ ਤੋਂ ਅਮੀਰ ਹੋ ਜਾਵੇ ਤੇ ਆਕੜ ਕਰੇ ।

**ਵਰਤੋਂ** :— ਅਸੀਂ ਜਾਣਦੇ ਹਾਂ, ਤੁਹਾਡਾ ਹੋਜ ਪਿਆਜ਼ । ਜੋ ਮਰਜ਼ੀ ਜੇ, ਵਡਿਆਰ ਸਾੜ ਲਉ । ਅਖੇ 'ਸਹਿਕਦੀ ਸੁੱਤੀ ਤੇ ਭੌਂਕਦੀ ਉੱਠੀ' । ਕਲ ਤਾਂ ਤੁਹਾਨੂੰ ਚੂਹੜਿਆਂ ਚਮਿਆਰਾਂ ਵਿਚ ਵੀ ਕੋਈ ਬਹਿਣ ਨਹੀਂ ਸੀ ਦੇਂਦਾ । (ਸੰਗ੍ਰ)

**ਸਹਿਜ ਪਕੇ ਸੋ ਮੀਠਾ ।** ਵੇਖੋ : ਉਤਾਵਲਾ ਸੋ ਬਾਵਲਾ ।

**ਭਾਵ** :— ਜਦ ਕੋਈ ਕੰਮ ਹੌਲੀ ਹੌਲੀ ਸਵਾਰ ਕੇ ਕੀਤਾ ਜਾਵੇ ਤੇ ਉਸ ਵਿਚ ਸਫਲਤਾ ਪ੍ਰਾਪਤ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਇਤਨੀਆਂ ਖੁਸ਼ੀਆਂ ਨੂੰ ਇਕ-ਵਾਹਗੀ ਹੀ, ਨਾ ਅਸੀਂ ਤੇ ਨਾ ਕੋਈ ਹੋਰ ਪਚਾ ਸਕਦਾ ਹੈ । ਤਾਂ ਤੇ 'ਸਹਿਜ ਪਕੇ ਸੋ ਮੀਠਾ' ਦੇ ਧਾਰਨੀ ਬਣੋ । (ਚਿੱਟਾ ਲਹੂ—ਨਾਨਕ ਸਿੰਘ)

**ਸ਼ਹਿਰ ਦੀ ਚਿੜੀ, ਪਿੰਡ ਦੀ ਕੁੜੀ ।**

**ਭਾਵ** :— ਸ਼ਹਿਰ ਦੀ ਚਿੜੀ ਉਤਨੀ ਹੀ ਸਿਆਣੀ ਹੁੰਦੀ ਹੈ, ਜਿਤਨੀ ਕਿ ਪਿੰਡ ਦੀ ਮੁਟਿਆਰ । ਸ਼ਹਿਰਨ ਕੁੜੀਆਂ ਦੀ ਸ਼ੋਭਾ ਕੀਤੀ ਹੈ ।

**ਵਰਤੋਂ** :— ਠੀਕ ਏ ਜੀ, ਠੀਕ ਏ । 'ਸ਼ਹਿਰ ਦੀ ਚਿੜੀ ਤੇ ਪਿੰਡ ਦੀ ਕੁੜੀ' । ਤੁਸਾਂ ਸ਼ਹਿਰੀਆਂ ਨਾਲ ਸਾਡਾ ਮੇਲ ਕਿਥੇ ? (ਸੰਗ੍ਰ)

**ਸ਼ਹਿਰੀਂ ਵੱਸਣ ਦੇਵਤੇ, ਪਿੰਡੀਂ ਵੱਸਣ ਜਿੰਨ । ਜਾਂ ਸ਼ਹਿਰੀਂ ਵਸਦੇ ਦੇਵਤੇ ਤੇ ਬਾਹਰ ਭੂਤ ਪ੍ਰੇਤ ।**

**ਭਾਵ** :— ਸ਼ਹਿਰੀਆਂ ਨੇ ਆਪਣੀ ਚਿਕਨੀ ਚੋਪੜੀ ਜ਼ਿੰਦਗੀ ਨੂੰ ਪਿੰਡਾਂ ਵਾਲਿਆਂ ਦੀ ਖਰ੍ਹਵੀ ਜ਼ਿੰਦਗੀ ਤੋਂ ਚੰਗਾ ਦਰਸਾਇਆ ਹੈ ।

**ਵਰਤੋਂ** :— ਨੀ ਅੜੀਓ ! ਸ਼ਹਿਰਾਂ ਵਿਚ ਵਡਿਅਤ ਤਾਂ ਕੁਝ ਨਹੀਂ ਵੇਖਿਆ, ਤੁਸੀਂ ਆਪਣੀ ਸੋਭਾ ਲਈ ਐਵੇਂ ਡੀਂਗਾਂ ਮਾਰਦੇ ਹੋ, ਅਖੇ 'ਸ਼ਹਿਰੀਂ ਵਸਦੇ ਦੇਵਤੇ, ਪਿੰਡੀਂ ਵਸਣ ਜਿੰਨ' । ਸਾਡੀ ਸਾਦਗੀ ਤੇ ਪ੍ਰੇਮ-ਭਾਵ ਅਗੇ ਤੁਹਾਡੀ ਰੁਖੀ ਟੀਪ ਟਾਪ ਕਿਸ ਕੰਮ ? (ਸੰਗ੍ਰ)

**ਸਹੁ ਵੇ ਜੀਆ, ਅਪਣਾ ਕੀਆ ।**

**ਭਾਵ** :— ਜਦ ਆਪਣੇ ਮਾੜੇ ਕਰਮਾਂ ਦਾ ਮੰਦਾ ਫਲ ਮਿਲੇ ।

**ਵਰਤੋਂ** :—

"ਲਿਖਿ ਲਿਖਿ ਪੜ੍ਹਿਆ ਤੇਤਾ ਕੜਿਆ ॥
ਬਹੁ ਤੀਰਥ ਭਵਿਆ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ।"

(ਗੁਰੂ ਗ੍ਰੰਥ—ਆਸਾ ਦੀ ਵਾਰ)

**ਸਹੁਰਾ ਹੋਵੇ ਤਾਂ ਝੂੰਡ ਕਢੇ, ਸੱਸ ਹੋਵੇ ਤਾਂ ਸੰਗ ਕਰੇ ।**

**ਭਾਵ** :— ਕੋਈ ਹੋਵੇ ਤਾਂ ਕਿਸੇ ਦਾ ਡਰ ਹੋਵੇ ।

**ਵਰਤੋਂ** :— ਸੁਲੱਖਣੀ ਡਰੇ ਕਿਸ ਤੋਂ ? ਅਖੇ 'ਸਹੁਰਾ ਹੋਵੇ, ਤਾਂ ਝੂੰਡ ਕਢੇ, ਸੱਸ ਹੋਵੇ ਤਾਂ ਸੰਗ ਕਰੇ' । ਕੋਈ ਪੁਛਣ ਵਾਲਾ ਤਾਂ ਹੈ ਨਹੀਂ । (ਸੰਗ੍ਰ)

**ਸਹੁਰਾ ਨਾ ਸਾਲਾ, ਮੈਂ ਆਪੇ ਹੀ ਘਰ ਵਾਲਾ ।**

**ਭਾਵ** ;— ਜਦ ਘਰ ਵਿਚ ਕੋਈ ਵੱਡਾ ਨਾ ਹੋਵੇ ਤੇ ਬੰਦਾ ਆਪਣੀ ਮਨ ਮਰਜ਼ੀ ਦੀਆਂ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਭਰਾ ਜੀ, ਸੁਸ਼ੀਲ ਮਨ ਮਰਜ਼ੀ ਦੀਆਂ ਨਾ ਕਰੇ, ਤਾਂ ਕੀ ਕਰੇ ? 'ਨਾ ਸਹੁਰਾ ਹੈ, ਨਾ ਸਾਲਾ, ਮੈਂ ਆਪੇ ਹੀ ਘਰ ਵਾਲਾ' । ਵਾਲਾ ਲੇਖਾ ਹੈ ਉਥੇ, ਸਿਰ ਤੇ ਵੱਡਾ ਕੋਈ ਹੋਇਆ ਜੋ ਨਾ (ਸੰਗ੍ਰ)

**ਸਹੁਰਾ ਨੂੰਹ ਨਾਲ ਗਲ ਨਾ ਕਰੇ, ਨੂੰਹ ਰੋਨ ਭੋਂਕ ਭੋਂਕ ਮਰੇ ।**

**ਭਾਵ** :— ਜਦ ਕੋਈ ਵੱਡਾ ਨਿੱਕੇ ਨੂੰ ਕੁਝ ਨਾ ਆਖੇ, ਪਰ ਨਿੱਕਾ ਉਸ ਦੇ ਹਥੋਂ ਤੰਗ ਹੋਣ ਤੇ ਕੀਰਨੇ ਪਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨੀ ਹੈਨੋ ! ਇਹ ਖੇਖਣ ਸਾਡੇ ਅਗੇ ਨਾ ਕਰਿਆ ਕਰ । ਮੁੰਡਾ ਸਾਡਾ ਤੈਨੂੰ ਕੀ ਆਖਦਾ ਹੈ, ਜੋ ਤੂੰ ਉਸ ਦੇ ਹਥੋਂ ਤੰਗ ਆਉਣ ਦੇ ਕੀਰਨੇ ਪਾਂਦੀ ਰਹਿੰਦੀ ਏਂ । ਤੇਰਾ ਤਾਂ ਉਹ ਹਿਸਾਬ ਹੈ ਅਖੇ : 'ਸਹੁਰਾ ਨੂੰਹ ਨਾਲ ਗਲ ਨਾ ਕਰੇ, ਨੂੰਹ ਰੋਨ ਭੋਂਕ ਭੋਂਕ ਮਰੇ' । (ਸੰਗ੍ਰ)

**ਸਹੁਰਾ ਬੱਧਾ, ਨੂੰਹ ਨੂੰ ਦਾਉ ਲੱਧਾ ।**

**ਭਾਵ** :— ਜਦ ਕੋਈ ਕਿਸੇ ਵਡੇਰੇ ਦੀ ਔਖਿਆਈ ਤੋਂ ਲਾਭ ਉਠਾਵੇ ।

**ਵਰਤੋਂ** :— ਕਿਉਂ ਨਾ ਮੌਜਾਂ ਉਡਾਣ ਪੁੱਤਰ ਧੀਆਂ । 'ਸਹੁਰਾ ਬੱਧਾ, ਨੂੰਹ ਨੂੰ ਦਾਉ ਲੱਧਾ' । ਸਜਰਾ ਸਜਰਾ ਹੀ ਪਿਉ ਮਰਿਆ ਹੈ ਇਨ੍ਹਾਂ ਦਾ । (ਸੰਗ੍ਰ)

**ਸਹੁਰਾ ਮੂੰਹ ਨਾ ਧਰੇ, ਤੇ ਨੂੰਹ ਹਗ ਹਗ ਭਰੇ ।**

**ਭਾਵ** :— ਜਦ ਕੋਈ ਕਿਸੇ ਨੂੰ ਉੱਕਾ ਹੀ ਪਸੰਦ ਨਾ ਕਰੇ, ਪਰ ਉਹ ਇਹ ਦਸੇ ਕਿ ਮੇਰਾ ਬੜਾ ਸਤਿਕਾਰ ਹੈ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅਖੇ 'ਸਹੁਰਾ ਮੂੰਹ ਨਾ ਧਰੇ, ਤੇ ਨੂੰਹ ਹਗ ਹਗ ਭਰੇ' ਤੁਸੀਂ ਤਾਂ ਸਿਫ਼ਾਰਸ਼ੀ ਚਿੱਠੀ ਲਿਖ ਦਿੱਤੀ ਕਮਿਸ਼ਨਰ ਵਲ, ਉਹ ਆਖੇ, ਮੈਂ ਸਰਦਾਰ ਹੁਰਾਂ ਨੂੰ ਜਾਣਦਾ ਹੀ ਨਹੀਂ । (ਸੰਗ੍ਰ)

**ਸਹੁਰੇ ਘਰ ਜਵਾਈ ਕੁੱਤਾ, ਭੈਣ ਘਰ ਭਾਈ ਕੁੱਤਾ ।**

**ਭਾਵ** :— ਜਦ ਕੋਈ ਕਿਸੇ ਸਨੇਹੀ ਪਾਸ ਬੜੀ ਨਿਰਾਦਰੀ ਦਾ ਜੀਵਨ ਬਤੀਤ ਕਰਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਲੋਕੋ ! ਮੇਰੀ ਤੋਬਾ । ਕੰਨ ਫੜਾਂ ਤੇ ਦੁਹਾਈ ਦੇਵਾਂ, 'ਸਹੁਰੇ ਘਰ ਜਵਾਈ ਰਹਿਣਾ' ਮੌਤ ਦੀ ਨਿਸ਼ਾਨੀ ਹੈ । (ਬਾਦਸ਼ਾਹੀਆਂ—ਚਰਨ ਸਿੰਘ)

**ਸਹੇ ਦੀ ਨਹੀਂ, ਪਹੇ ਦੀ ਪਈ ਏ । ਜਾਂ ਸਹੇ ਨੂੰ ਨਹੀਂ ਰੋਂਦੀ, ਪਹੇ ਨੂੰ ਰੋਨੀਆਂ ।**

**ਭਾਵ** :— ਜਦ ਕਿਸੇ ਭੈੜੇ ਕੰਮ ਦੀ ਲੀਹ ਪੈ ਜਾਣ ਦਾ ਡਰ ਜਾਪੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਦੂਜੇ ਦਿਨ ਸਾਰੇ ਪਿੰਡ ਵਿਚ ਹਲਚਲੀ ਮਚ ਗਈ, ਪੜਦਾ ਕਜਿਆ ਗਿਆ, ਪਰ ਗੰਡਾ ਸਿੰਘ ਦੇ ਘਰ ਵਿਚ ਤਾਂ ਸਾਰਿਆਂ ਨੂੰ 'ਸਹੇ ਦੀ ਛਡ ਪਹੇ ਦੀ ਪੈ ਗਈ' ।

(ਚਿੱਟਾ ਲਹੂ—ਨਾਨਕ ਸਿੰਘ)

**ਸਹੇ ਦੇ ਸ਼ਿਕਾਰ ਲਈ ਸ਼ੇਰ ਦੀ ਤਿਆਰੀ ਕਰਨੀ ਚਾਹੀਦੀ ਹੈ ।**

**ਭਾਵ** :— ਦੁਸ਼ਮਣ ਨੂੰ ਕਦੀ ਵੀ ਕਮਜ਼ੋਰ ਨਹੀਂ ਸਮਝਣਾ ਚਾਹੀਦਾ । ਪੂਰੀ ਤਿਆਰੀ ਕਰਨੀ ਚਾਹੀਦੀ ਹੈ ।

**ਵਰਤੋਂ** :— ਪੋਰਸ—'ਸਹੇ ਦੇ ਸ਼ਿਕਾਰ ਲਈ ਸ਼ੇਰ ਦੀ ਤਿਆਰੀ ਕਰਨੀ ਚਾਹੀਦੀ ਏ ।' ਸਿਕੰਦਰ ਵਡਾ ਭਾਰਾ ਜੋਧਾ ਏ । ਉਸ ਦੇ ਦੰਦ ਖੱਟੇ ਕਰਨ ਲਈ ਜਿਤਨਾ ਜ਼ੋਰ ਲਗੇ ਉਨਾਂ ਥੋੜਾ ਏ ।

(ਰਾਜਾ ਪੋਰਸ—ਹਰਚਰਨ ਸਿੰਘ)

**ਸਹੇਲੀ ਦਾ ਸੱਪ**

**ਭਾਵ** :— ਜਦ ਕੋਈ ਸੇਵਾ ਭਾਵ ਦਸ ਕੇ ਜਾਂ ਚੰਗਿਆਈ ਨੂੰ ਮੁਖ ਰਖ ਕੋਈ ਕੰਮ

ਕਰੇ, ਪਰ ਉਹ ਦੁਖਦਾਈ ਭਾਸਣ ਲਗੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬਚਨ ਸਿੰਘ ਨੇ ਸੁੰਦਰੀ ਨੂੰ ਲੈ ਆਂਦਾ, ਪਰ ਇਹ ਕੰਮ ਉਸ ਲਈ 'ਸਹੇਲੀ ਦਾ ਸੱਪ' ਬਣ ਗਿਆ ।

(ਚਿੱਟਾ ਲਹੂ—ਨਾਨਕ ਸਿੰਘ)

**ਸਕਤੇ ਦਾ ਸੱਤੀਂ ਵੀਹੀਂ ਸੌ**

**ਭਾਵ** :— ਜਦੋਂ ਜ਼ੋਰਾਵਰ ਜ਼ੁਲਮ ਕਰੇ ।

**ਵਰਤੋਂ** :— ਕਿਰਸਾਨ — ਸਰਦਾਰ ਜੀ ! 'ਸਕਤੇ ਦਾ ਸਦਾ ਹੀ ਸਤੀਂ ਵੀਹੀਂ ਸੌ' ਹੁੰਦਾ ਹੈ । ਤੁਸਾਂ ਕਿਹੜੀ ਅਨੋਖੀ ਗਲ ਕੀਤੀ ਹੈ । ਵੱਡੇ ਸਦਾ ਜ਼ੋਰਾਵਰੀ ਕਰਦੇ ਆਏ ਹਨ । (ਸੰਗ੍ਰ)

**ਸਕਿਆਂ ਦੇ ਸੱਕ ਲਾਹੁਣੇ ਹਨ ।**

**ਭਾਵ** :— ਜਦ ਕੋਈ ਸਕਾ ਸਾਕੇਦਾਰ ਔਖੇ ਵੇਲੇ ਕੰਮ ਨਾ ਆਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** — ਭੈਣ ! ਮੈਂ ਕੋਈ 'ਸਕਿਆਂ ਦੇ ਸੱਕ ਲਾਹੁਣੇ ਹਨ' । ਕੋਈ ਪੁੱਛ ਨਹੀਂ ਪਰਤੀਤ ਨਹੀਂ । ਮੈਂ ਕੀ ਕਰਾਂ ਸੰਬੰਧੀਆ ਨੂੰ । (ਸੰਗ੍ਰ)

**ਸ਼ਕ ਪਿਆ ਨਹੀਂ, ਤੀਵੀਂ ਦਾ ਜਸ ਗਿਆ ਨਹੀਂ ।**

**ਭਾਵ** :— ਕਿਸੇ ਤੀਵੀਂ ਦੇ ਆਚਰਨ ਬਾਬਤ ਸ਼ਕ ਪੈ ਜਾਣ ਤੇ ਉਸਦੀ ਸੋਭਾ ਵਿਚ ਫ਼ਰਕ ਆ ਜਾਂਦਾ ਹੈ ।

**ਵਰਤੋਂ** :— ਭਾਵੇਂ ਸੋ ਰਾਜ ਗੱਦੀ ਪਰ ਬੈਠੇ ਫੇਰ ਤੀਵੀਂ, 'ਰਤਾ ਸ਼ਕ ਪਿਆ ਨਹੀਂ, ਤੀਵੀਂ ਦਾ ਜਸ ਗਿਆ ਨਹੀ" । ਰਜ਼ੀਆ ਬੇਗਮ ਦਾ ਹਾਲ ਤੈਨੂੰ ਮਲੂਮ ਹੈ ।

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਸ਼ਕਰ ਹੋਇ ਤਾਂ ਵੰਡੀਏ, ਰੂਪ ਨਾ ਵੰਡਿਆ ਜਾਏ ।**

**ਭਾਵ** :— ਮਿਠੇ ਸ਼ਬਦ ਤੇ ਵਰਤੇ ਜਾ ਸਕਦੇ ਹਨ ; ਰੂਪ ਕਰੂਪ ਤੇ ਨਹੀਂ ਕਿਸੇ ਨੂੰ ਦਿਤਾ ਜਾ ਸਕਦਾ ।

**ਵਰਤੋਂ** :— ਉਹ ਸੋਹਣਾ ਵੀ ਰਜ ਕੇ ਹੈ ਤੇ ਮਿਠਬੋਲਾ ਵੀ ਹੈ । ਸੋਹਣਪ ਤੇ ਕਿਸ ਨੂੰ ਦੇ ਨਹੀਂ ਸਕਦਾ ਪਰ ਉਸਦੇ ਬਚਨ ਸੁਣ ਕੇ ਸੁਆਦ ਆ ਜਾਂਦਾ ਹੈ । ਆਖਦੇ ਹਨ, 'ਸ਼ਕਰ ਹੋਇ ਤਾਂ ਵੰਡੀਏ, ਰੂਪ ਨਾ ਵੰਡਿਆ ਜਾਵੇ । (ਸੰਗ੍ਰ)

**ਸ਼ਕਰ ਹੋਈ ਵਿਸੁ**

**ਭਾਵ** :— ਚੰਗੀਆਂ ਚੀਜ਼ਾਂ ਵੀ ਦੁਖਦਾਈ ਹੋਣ ਲਗ ਪਈਆਂ ।

**ਵਰਤੋਂ** :—

ਦੇਖੁ ਫਰੀਦਾ ਜਿ ਥੀਆ ਸ਼ਕਰ ਹੋਈ ਵਿਸੁ ।।
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ।।

(ਗੁਰੂ ਗ੍ਰੰਥ—ਸ਼ਲੋਕ ਫਰੀਦ ਜੀ ਕੇ)

**ਸ਼ਕਰ ਖੋਰੇ ਨੂੰ ਸ਼ਕਰ ਤੇ ਮੁਫ਼ਤ ਖੋਰੇ ਨੂੰ ਟੱਕਰ ।**

**ਭਾਵ** :— ਜਦ ਕਿਸੇ ਨੂੰ ਮਨ-ਮਰਜ਼ੀ ਦੀ ਚੀਜ਼ ਮਿਲਦੀ ਰਹੇ ਜਾਂ ਕੋਈ ਕਿਸੇ ਪਾਸੋਂ ਮੁਫ਼ਤ ਕੰਮ ਕਰਾਉਂਦਾ ਘਾਟਾ ਪਾ ਲਏ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਰੱਬ 'ਸ਼ਕਰ ਖੋਰੇ ਨੂੰ ਸ਼ਕਰ ਤੇ ਮੁਫ਼ਤ ਖੋਰੇ ਨੂੰ ਟੱਕਰ' ਜ਼ਰੂਰ ਦੇਂਦਾ ਹੈ । ਜਿਨ੍ਹੇ ਕੁਝ ਆਸ ਹੀ ਨਹੀਂ ਰਖੀ ਤੇ ਕੰਮ ਲਈ ਲੱਕ ਹੀ ਨਹੀਂ ਬੰਨ੍ਹਿਆ, ਓਹਨੂੰ ਕਿਉਂ ਨਾ ਦਰ ਦਰ ਦੇ ਧੱਕੇ ਪੈਣ ?

(ਸੰਗ੍ਰ)

**ਸ਼ਕਲ ਚੁੜੇਲਾਂ ਤੇ ਦਿਮਾਗ ਪਰੀਆਂ ।**

ਵੇਖੋ : ਅੱਖਾਂ ਤੋਂ ਅੰਨ੍ਹੀ ਤੇ ਨਾਂ ਨੂਰਭਰੀ ।

**ਭਾਵ** :— ਜਦ ਕਿਸੇ ਦਾ ਰੰਗ ਰੂਪ ਤਾਂ ਕੋਝਾ ਹੋਵੇ, ਪਰ ਨਖਰਾ ਪਰੀਆਂ ਵਰਗਾ ਕਰੇ, ਤਦ ਇਹ ਅਖਾਣ ਵਰਤਦੇ ਹਨ । ਜਾਂ ਜਦ ਛੋਟਾ ਵਡਾ ਬਣ ਬਣ ਬਹੇ ।

**ਵਰਤੋਂ** :— ਵੇਖੋ ਨਾ, 'ਸ਼ਕਲ ਚੁੜੇਲਾਂ ਤੇ ਦਿਮਾਗ ਪਰੀਆਂ' । ਘਰ ਖਾਣ ਨੂੰ ਨਹੀਂ ਤੇ ਨਖ਼ਰਾ ਵੇਖੋ ਬੀਬੀ ਦਾ । (ਸੰਗ੍ਰ)

**ਸ਼ਕਲ ਮੋਮਨਾ ਕਰਤੂਤ ਕਾਫ਼ਰਾਂ**

**ਭਾਵ** :— ਜਦ ਕੋਈ ਬਾਹਰੋਂ ਦਿਸਣ ਵਿਚ ਬੜਾ ਚੰਗਾ ਜਾਪੇ, ਪਰ ਵਿਚੋਂ ਬੜਾ ਖੋਟਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵਾਹ ! ਭਾਈ ਜੀ ਵਾਹ ! ਮੈਂ ਤਾਂ ਤੁਹਾਨੂੰ ਭਲਾਮਾਣਸ ਸਮਝਕੇ ਆਪਣੇ ਘਰ ਦੀ ਰਾਖੀ ਸੌਂਪ ਗਿਆ ਸਾਂ, ਪਰ ਤੁਸਾਂ ਤਾਂ 'ਸ਼ਕਲ ਮੋਮਨਾ ਕਰਤੂਤ ਕਾਫ਼ਰਾਂ' ਵਾਲਾ ਲੇਖਾ ਕੀਤਾ। ਆਪ ਹੀ ਨਾਲ ਹੋ ਕੇ ਚੋਰੀ ਕਰਵਾ ਦਿਤੀ ਮੇਰੀ। (ਸੰਗ੍ਰ)

**ਸਖਣਾ ਭਾਂਡਾ ਤੇ ਖੜਕਾ ਵਧੇਰੇ** ਜਾਂ
**ਸਖਣਾ ਤੇ ਹੋਲਾ ਭਾਂਡਾ ਹੀ ਖੜਕਦਾ ਹੈ।**

**ਭਾਵ** :— ਹੋਛਾ ਆਦਮੀ ਹੀ ਬਹੁਤਾ ਰੌਲਾ ਪਾਂਦਾ ਹੈ।

**ਵਰਤੋਂ** :— "ਸਖਣਾ ਭਾਂਡਾ ਤੇ ਖੜਕਾ ਵਧੇਰੇ।" ਬੱਸ, ਬਾਹਰ ਦੀ ਹੀ ਫੂੰ ਫਾਂ ਹੈ। ਅੰਦਰੋਂ ਤਾਂ ਢੋਲ ਦੇ ਪੋਲ ਵਾਂਗ ਸਖਣਾ ਹੈ। (ਸੰਗ੍ਰ)

**ਸਖੀ ਸੂਮ ਦਾ ਲੇਖਾ ਬਰਾਬਰ।**

**ਭਾਵ** :— ਕੰਜੂਸ ਹੌਲੀ ਹੌਲੀ ਕਰਕੇ ਕੋਈ ਚੀਜ਼ ਦੇਵੇ ਤੇ ਸਖੀ ਇਕੋ ਵਾਰ, ਜਾਂ ਇਕ ਸਖੀ ਹੋਵੇ ਤੇ ਦੂਜਾ ਸੂਮ ਤੇ ਸੂਮ ਨੂੰ ਵੀ ਕੋਈ ਘਾਟਾ ਪੈ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨਿਹਾਲ ਸਿੰਘ ਬੜਾ ਸੂਮ ਸੀ। ਭੰਨੀ ਕੌਡੀ ਵੀ ਦਾਨ ਨਹੀਂ ਸੀ ਕਰਦਾ। ਬੈਂਕ ਟੁੱਟਣ ਨਾਲ ਬਰਬਾਦ ਹੋ ਗਿਆ। ਅਸੀਂ ਰੱਜ ਕੇ ਖਾਧਾ, ਲੁਟਾਇਆ, ਦਾਨ ਕੀਤਾ, ਫਿਰ ਸਖੀ ਸੂਮ ਦਾ ਲੇਖਾ ਰੱਬ ਨੇ ਬਰਾਬਰ ਕਰ ਦਿੱਤਾ। (ਸੰਗ੍ਰ)

**ਸਖੀ ਦਾ ਬੇੜਾ ਪਾਰ।**

**ਭਾਵ** :— ਸਖੀ ਨੂੰ ਸਖਾਵਤ ਦਾ ਫੱਲ ਮਿਲਦਾ ਹੈ।

**ਵਰਤੋਂ** :— ਦਾਤਾ, ਹੱਥ ਨਾ ਖਿਚੋ 'ਸਖੀ ਦਾ ਬੇੜਾ ਸਦਾ ਹੀ ਪਾਰ ਹੁੰਦਾ ਹੈ।' ਦਿੱਤਿਆਂ ਕਿਸੇ ਦਾ ਕੁਝ ਨਹੀਂ ਘਟਦਾ। (ਸੰਗ੍ਰ)

**ਸਖੀ ਨਾਲੋਂ ਸੂਮ ਭਲਾ, ਜੋ ਦੇਵੇ ਤੁਰਤ ਜਵਾਬ।**

**ਭਾਵ** :— ਜਦ ਕੋਈ ਸਿੱਧੀ ਨਾਂਹ ਕਰਨ ਦੀ ਥਾਂ ਲਾਰੇ ਦੇਵੇ ਤੇ ਉਹ ਪਿਛੋਂ ਪੂਰੇ ਨਾ ਕਰ ਸਕੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਿੱਠੂ ਰਾਮ—ਨਹੀਂ ਚੋਧਰੀ ! ਐਵੇਂ ਝੂਠਾ ਲਾਰਾ ਲਾਕੇ ਤੈਨੂੰ ਖ਼ਰਾਬ ਪਿਆ ਕਰਾਂ। ਮੇਰੇ ਕੋਲ ਕੋਈ ਰੁਪਈਆ ਨਹੀਂ। ਜਿਥੋਂ ਆਪਣਾ ਕੰਮ ਨਿਕਲਦਾ ਏ, ਕੱਢ ਲੈ 'ਸਖ਼ੀ ਨਾਲੋਂ ਸੂਮ ਭਲਾ ਜਿਹੜਾ ਤੁਰਤ ਦੇ ਜਵਾਬ।'

(ਨਵਾਬ ਖ਼ਾਨ--ਭਾਈ ਜੋਧ ਸਿੰਘ)

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ।**

**ਭਾਵ** :— ਸਾਰੀ ਧਰਤੀ ਦਾ ਰਾਜ ਪ੍ਰਾਪਤ ਕਰਕੇ ਵੀ ਮਨੁੱਖ ਦੁਖੀ ਹੁੰਦਾ ਹੈ।

**ਵਰਤੋਂ** :—

'ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥'

(ਗੁਰੂ ਗ੍ਰੰਥ—ਰਾਗ ਗੜ੍ਹੀ)

**ਸੱਚ ਆਖਣਾ ਅਧੀ ਲੜਾਈ।** ਜਾਂ
**ਸੱਚ ਆਖਿਆਂ ਭਾਂਬੜ ਮੱਚਦਾ ਹੈ।** ਜਾਂ
**ਸੱਚ ਆਖਣ ਨਾਲ ਮਿਰਚਾਂ ਲਗਦੀਆਂ ਹਨ।**

**ਭਾਵ** :— ਸਚ ਬੋਲਣਾ ਜਾਂ ਕਿਸੇ ਨੂੰ ਆਖਣਾ ਝਗੜਾ ਸਹੇੜਨਾ ਹੈ।

**ਵਰਤੋਂ** :— ਹੁਣ ਸੱਚ ਲੋਕਾਂ ਨੂੰ ਮਾੜਾ ਲਗਦਾ ਹੈ। 'ਸਚ ਆਖਣਾ ਅਧੀ ਲੜਾਈ ਸਹੇੜਨ ਵਾਲੀ ਗਲ ਹੈ'। ਪਰ ਝੂਠ ਅਸਾਂ ਵੀ ਨਹੀਂ ਬੋਲਣਾ। ਖਰੀ ਖਰੀ ਮੂੰਹ ਤੇ ਸੁਣਾਵਾਂਗੇ। (ਸੰਗ੍ਰ)

**ਸੱਚ ਸਚਾਵਾ ਕਾਢੀਐ ਕੂੜ ਕੂੜਾ ਪਾਜ।**

**ਭਾਵ** :— ਸੱਚਾ ਪੁਰਸ਼ ਸਚਾ ਹੀ ਨਿਕਲੇਗਾ ਤੇ ਕੂੜੇ ਦਾ ਝੂਠਾ ਪੜਦਾ ਫਟ ਜਾਏਗਾ।

**ਵਰਤੋਂ** :—

ਜੇ ਮੱਖੀ ਮੁਹਿ ਮਕੜੀ ਕਿਉ ਹੋਵੈ ਬਾਜ।
ਸੱਚ ਸਚਾਵਾ ਕਾਢੀਐ ਕੂੜ ਕੂੜਾ ਪਾਜ।
(ਵਾਰਾਂ ਭਾਈ ਗੁਰਦਾਸ)

**ਸੱਚ ਸਾਬਤ ਕੂੜ ਫਿਰਦਾ ਫਾਵਾ।** ਜਾਂ **ਸੱਚ ਦਾਤਾ, ਕੂੜ ਮੰਗਤਾ।**

**ਭਾਵ** :— ਸੱਚਾ ਸਦਾ ਜਿੱਤਦਾ, ਰਜਿਆ ਪੁਜਿਆ ਤੇ ਸਹਿਜ ਵਿਚ ਰਹਿੰਦਾ ਹੈ, ਪਰ ਕੂੜਾ ਗਿਰਦਾ, ਡਿਗ ਪੈਂਦਾ ਤੇ ਥੁੜ ਵਿਚ ਰਹਿੰਦਾ ਹੈ।

**ਵਰਤੋਂ** :—

ਸੱਚ ਹੀਰਾ ਕੂੜਾ ਫਟਕ ਹੈ,
ਜੜੈ ਜੜਾਵ ਨ ਜੁੜ ਜੁੜਾਵਾ।
ਸੱਚ ਦਾਤਾ ਕੂੜ ਮੰਗਤਾ,
ਦਿਹੁੰ ਰਾਤੀ ਚੋਰ ਸ਼ਾਹ ਮਿਲਾਵਾ।
ਸੱਚ ਸਾਬਤ ਕੂੜ ਫਿਰਦਾ ਫਾਵਾ।
(ਵਾਰਾਂ ਭਾਈ ਗੁਰਦਾਸ)

**ਸੱਚ ਚੰਦ੍ਰਮਾ, ਕੂੜ ਅੰਧਾਰਾ।**

**ਭਾਵ** :— ਸਚ ਚੰਨ ਵਾਂਗ ਚਮਕਦਾ ਹੈ ਤੇ ਝੂਠ ਹਨੇਰੇ ਵਾਂਗ ਛੁਪਦਾ ਹੈ।

**ਵਰਤੋਂ** :—

ਬਾਬੇ ਕਹਿਆ ਨਾਥ ਜੀ ਸਚ ਚੰਦ੍ਰਮਾ ਕੂੜ ਅੰਧਾਰਾ।
ਕੂੜ ਅਮਾਵਸ ਵਰਤਿਆ ਹਉ ਭਾਲਣ ਚੜ੍ਹਿਆ ਸੰਸਾਰਾ।
(ਵਾਰਾਂ ਭਾਈ ਗੁਰਦਾਸ)

**ਸੱਚ ਨਹੀਂ ਕਹਿਣਾ, ਤੇ ਵਹੀਆਂ ਲੈ ਕੇ ਡਹਿਣਾ।**

**ਭਾਵ** :— ਜਦ ਸੱਚ ਨੂੰ ਲੁਕਾਣ ਲਈ ਕੋਈ ਬਹਾਨੇ ਕਰੇ ਜਾਂ ਲੜਨ ਨੂੰ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਰਤਨ ਚੰਦ—ਸ਼ਾਹ ਜੀ ! ਵਹੀਆਂ ਕਿਉਂ ਫੋਲਦੇ ਹੋ। ਜਾਣਦੇ ਤੁਸੀਂ ਵੀ ਹੋ ਤੇ ਮੈਂ ਵੀ, ਕਿ ਵਿਆਜ ਕਿੰਨਾ ਹੈ ਤੇ ਮੂਲ ਕਿੰਨਾ। 'ਜੇ ਸੱਚ ਨਹੀਂ ਜੇ ਕਹਿਣਾ ਤੇ ਵਹੀਆਂ ਲੈ ਕੇ ਡਹਿਣਾ' ਤਾਂ ਮੇਰੀ ਤੋਬਾ ! ਮੇਰਾ ਤਾਂ ਹੱਕੀ ਨਬੇੜਾ ਕਰ ਦਿਉ। (ਸੰਗ੍ਰ)

**ਸੱਚ ਨੂੰ ਆਂਚ ਕੀ ?** ਜਾਂ **ਸਚ ਨੂੰ ਕੀ ਅੱਗ ਦਾ ਡਰ ?**

**ਭਾਵ** :— ਜਦ ਸੱਚਾ ਆਦਮੀ ਕਿਸੇ ਔਕੜ ਤੋਂ ਨਾ ਘਾਬਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵਰਿਆਮ ਸਿੰਘ ਝਟ ਉਸ ਦੇ ਮਨੋਭਾਵਾਂ ਨੂੰ ਸਮਝ ਕੇ ਬੋਲਿਆ, 'ਸਚ ਨੂੰ ਆਂਚ ਨਹੀਂ, ਸਰੋਜ'। ਕੋਈ ਪਰਵਾਹ ਨਹੀਂ, ਜੇ ਸਾਰੀ ਦੁਨੀਆਂ ਵੀ ਸੱਚ ਦੀ ਵਿਰੋਧੀ ਹੋ ਜਾਵੇ।

(ਅਧ-ਖਿੜਿਆ ਫੁਲ—ਨਾਨਕ ਸਿੰਘ)

**ਸੱਚ ਬਿਨੁ ਸਾਖੀ, ਮੂਲੋਂ ਨ ਬਾਕੀ।**

**ਭਾਵ** :— ਸਚ ਤੋਂ ਸਖਣੀ ਸਿਖਿਆ ਦੇਣ ਦਾ ਕੋਈ ਅਸਰ ਨਹੀਂ ਹੁੰਦਾ।

**ਵਰਤੋਂ** :—

"ਗੁਰ ਬਿਨੁ ਗਿਆਨ ਧਰਮ ਬਿਨੁ ਧਿਆਨੁ ॥
ਸਚ ਬਿਨੁ ਸਾਖੀ ਮੂਲੋਂ ਨ ਬਾਕੀ ॥"
(ਗੁਰੂ ਗ੍ਰੰਥ—ਸਲੋਕ)

**ਸੱਚ ਦੀ ਸਦਾ ਹੀ ਜੈ ਹੈ, ਝੂਠ ਦੀ ਖੈ ਹੈ।**

**ਭਾਵ** :— ਸੱਚ ਸਦਾ ਹੀ ਸੱਚ ਹੈ। ਇਹ ਸੌ ਪੜਦੇ ਪਾੜ ਕੇ ਵੀ ਪ੍ਰਗਟ ਹੋ ਜਾਂਦਾ ਹੈ।

**ਵਰਤੋਂ** :— ਸੱਚ ਦੀ ਸਦਾ ਹੀ ਜੈ ਹੈ। ਦਲੀਪ ਕੌਰ ਨੇ ਭਾਵੇਂ ਸ਼ਕੁੰਤਲਾ ਵਲੋਂ ਪਤੀ ਦਾ ਕਿੰਨਾ ਹੀ ਜੀ ਖੱਟਾ ਕਰ ਦਿੱਤਾ ਸੀ, ਪਰ ਸਚਾਈ ਸੌ ਪੜਦਿਆਂ ਨੂੰ ਪਾੜ ਕੇ ਜ਼ਾਹਰ ਹੋ ਹੀ ਗਈ। ਜੋ ਆਦਮੀ ਕਿਸੇ ਲਈ ਖੂਹ ਪੁਟਦਾ ਹੈ, ਉਸ ਨਾਲੋਂ ਡੂੰਘਾ ਖੂਹ ਕੁਦਰਤ ਉਸ ਪਾਪੀ ਵਾਸਤੇ ਬਣਾ ਦਿੰਦੀ ਹੈ। ਪਾਪ ਕਦੇ ਤਰਿਆ ਨਹੀਂ ਤੇ ਸਚ ਕਦੇ ਡੁਬਿਆ ਨਹੀਂ।

(ਮਿੱਠਾ ਮਹੁਰਾ—ਨਾਨਕ ਸਿੰਘ)

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ**

**ਭਾਵ** :— ਸੱਚ ਤੋਂ ਸਭ ਕੁਝ ਨੀਵਾਂ ਹੈ, ਪਰ ਸੱਚ ਤੋਂ ਵੀ ਉੱਤੇ ਸੱਚ ਦੀ ਰਹਿਣੀ ਹੈ।

**ਵਰਤੋਂ** :—

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਆ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ ॥
(ਗੁਰੂ ਗ੍ਰੰਥ—ਸਿਰੀ ਰਾਗੁ)

**ਸੱਚਾ ਨਾਉਂ ਸਾਈਂ ਦਾ ਹੈ।**

**ਭਾਵ** :— ਜਦ ਦੁਨੀਆਂ ਨੂੰ ਨਾਸ਼ਮਾਨ ਦਸਣਾ ਹੋਵੇ ਤੇ ਰੱਬ ਨੂੰ ਅਟੱਲ।

**ਵਰਤੋਂ** :— ਆਖਿਰ ਕੁਝ ਭੀ ਹੋਇ, ਸੱਚਾ ਨਾਉਂ ਸਾਈਂ ਦਾ ਹੀ ਹੈ। ਮੈਂ ਤਾਂ ਸਚ ਹੀ ਬੋਲਣਾ ਹੈ। (ਸੰ)

**ਸਚਾਈ ਸੌ ਪੜਦੇ ਪਾੜ ਕੇ ਵੀ ਜ਼ਾਹਰ ਹੋ ਜਾਂਦੀ ਹੈ।** ਵੇਖੋ : ਸੱਚ ਦੀ ਸਦਾ ਹੀ ਜੈ ਏ, ਝੂਠ ਦੀ ਖੈ ਏ।

**ਭਾਵ** :— ਸੱਚ ਛੁਪਾਇਆਂ ਕਦੀ ਨਹੀਂ ਛੁਪਦਾ।

**ਵਰਤੋਂ** :— ਨਗੀਨਾ ਸਿੰਘ—ਸਚ ਹੈ, 'ਸਚਾਈ ਸੌ ਪੜਦੇ ਪਾੜ ਕੇ ਵੀ ਜ਼ਾਹਰ ਹੋ ਜਾਂਦੀ ਹੈ। ਹੁਣ ਸਾਰਾ ਪਿੰਡ ਹਾਮੀ ਭਰਦਾ ਹੈ, ਕਿ ਤੁਸਾਡਾ ਪੁਤ ਸੱਚਾ ਸੀ। ਕਲ ਇਹੋ ਹੀ ਸੌ ਸੌ ਗਲਾਂ ਬਣਾਉਂਦੇ ਸਨ।' (ਸੰਗੂ)

**ਸਚੀ ਕਹੇ, ਖ਼ੁਸ਼ ਰਹੇ।**

**ਭਾਵ** :— ਸੱਚ ਬੋਲਣ ਵਾਲੇ ਨੂੰ ਡਰ ਜਾਂ ਚਿੰਤਾ ਨਹੀਂ ਹੁੰਦੀ।

**ਵਰਤੋਂ** :— ਵੇਖੋ : 'ਸੱਚ ਨੂੰ ਕੀ ਆਂਚ'।

**ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ।**

**ਭਾਵ** :— ਸਚ ਬੋਲਣ ਨਾਲ ਪਾਪ ਧੋਤੇ ਜਾਂਦੇ ਹਨ ਤੇ ਮਨ ਨਿਰਮਲ ਹੋ ਜਾਂਦਾ ਹੈ।

**ਵਰਤੋਂ** :—

'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ' ॥
(ਗੁਰੂ ਗ੍ਰੰਥ—ਆਸਾ ਦੀ ਵਾਰ)

**ਸਚੁ ਕਮਾਵੈ ਸੋਈ ਕਾਜੀ।**

**ਭਾਵ** :— ਮਹਾਨ ਪੁਰਸ਼ ਉਹ ਹੀ ਹੈ, ਜੋ ਜੀਵਨ ਵਿਚ ਸਚ ਵਰਤਦਾ ਹੈ।

**ਵਰਤੋਂ** :—

'ਸਚੁ ਕਮਾਵੈ ਸੋਈ ਕਾਜੀ ॥
ਜੋ ਦਿਲੁ ਸੋਧੈ ਸੋਈ ਹਾਜੀ' ॥
(ਗੁਰੂ ਗ੍ਰੰਥ—ਮਾਰੂ ਰਾਗ)

**ਸਚੁ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ ॥**

**ਭਾਵ** :— ਹਿਰਦੇ ਵਿਚ ਪ੍ਰਭੂ ਹੋਣ ਨਾਲ ਹੀ ਪ੍ਰਭੂ ਦੀ ਸਮਝ ਪੈ ਸਕਦੀ ਹੈ।

**ਵਰਤੋਂ** :—

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥'
(ਗੁਰੂ ਗ੍ਰੰਥ—ਆਸਾ ਦੀ ਵਾਰ)

**ਸੱਚੇ ਸੱਚੀ ਸੋਇ ॥**

**ਭਾਵ** :— ਸੱਚੇ ਪੁਰਖ ਦੀ ਸਾਖ ਵੀ ਸੱਚੀ ਹੈ।

**ਵਰਤੋਂ** :—

ਅੰਤਰਿ ਜਿਸਕੈ ਸਚੁ ਵਸੈ
ਸਚੇ ਸਚੀ ਸੋਇ ॥
ਸਚਿ ਮਿਲੇ ਸੇ ਨ ਵਿਛੁੜਹਿ
ਤਿਨ ਨਿਜ ਘਰਿ ਵਾਸਾ ਹੋਇ ॥
(ਗੁਰੂ ਗ੍ਰੰਥ—ਸਿਰੀ ਰਾਗ)

**ਸਚੇ ਹੀ ਸਚਿ ਨਿਬੜੇ ਚੁਣਿ ਵਖਿ ਕਢੇ ਜਜਮਾਲਿਆ।**

**ਭਾਵ** :— ਅੰਤ ਸੱਚ ਦੀ ਜਿੱਤ ਹੁੰਦੀ

ਹੈ ਤੇ ਕੂੜਿਆਰ ਬਾਹਰ ਧੱਕ ਦਿਤੇ ਜਾਂਦੇ ਹਨ।

**ਭਾਵ** :—

ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ
ਮੂਹ ਕਾਲੈ ਦੋਜਕਿ ਚਾਲਿਆ ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਸੱਚੇ ਦਾ ਰੰਗ ਰੁਖਾ।** ਵੇਖੋ :— ਸੱਚ ਮਿਰਚਾਂ ਤੇ ਝੂਠ ਗੁੜ।

**ਭਾਵ** :—ਸੱਚ ਆਖਣ ਨਾਲ ਜਦ ਕਿਸੇ ਨੂੰ ਦੁੱਖ ਪੁਜੇ, ਤਾਂ ਇਹ ਦਸਣ ਲਈ ਵਰਤਦੇ ਹਨ ਕਿ ਸੱਚਾ ਉਪਰੋਂ ਭਾਵੇਂ ਰੁਖਾ ਹੈ ਪਰ ਵਿਚੋਂ ਮਿਠਾ ਹੁੰਦਾ ਹੈ।

**ਵਰਤੋਂ** :— ਦੋਸਤ ! ਸੱਚੀ ਗਲ ਕੌੜੀ ਲਗਦੀ ਹੈ, ਪਰ ਆਖਰ ਸੱਚ ਸੱਚ ਹੀ ਹੁੰਦਾ ਹੈ ਇਸ ਦਾ ਰੰਗ ਰੁੱਖਾ ਜ਼ਰੂਰ ਹੈ ਪਰ ਇਸ ਦਾ ਅਸਰ ਮਾਰੂ ਨਹੀਂ।

**ਸਚੇ ਮੈਲੁ ਨ ਲਗਈ।**

**ਭਾਵ** :— ਸੱਚਾ ਜੀਵਨ ਮੈਲਾ ਨਹੀਂ ਹੋ ਸਕਦਾ ਜਾਂ ਸੱਚ ਮੈਲਾ ਨਹੀਂ ਹੋ ਸਕਦਾ। ਨਿੰਦਾ ਨਾਲ ਸੱਚੇ ਦਾ ਕੁਝ ਨਹੀਂ ਵਿਗੜਦਾ।

**ਵਰਤੋਂ** :—

ਸਚੇ ਮੈਲੁ ਨ ਲਗਈ
ਮਲੁ ਲਾਗੈ ਦੂਜੈ ਭਾਇ॥
ਧੋਤੀ ਮੂਲਿ ਨ ਉਤਰੈ
ਜੇ ਅਠਸਠਿ ਤੀਰਥ ਨਾਇ॥

(ਗੁਰੂ ਗ੍ਰੰਥ—ਸ੍ਰੀ ਰਾਗ)

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।**

**ਭਾਵ** :— ਸਚੇ ਰਸਤੇ ਤੁਰਦਿਆਂ, ਸਚਾ ਜੀਵਨ ਬਤੀਤ ਕਰਦਿਆਂ ਸੰਸਾਰ ਉਸਤਤੀ ਕਰਦਾ ਹੈ।

**ਵਰਤੋਂ** :—

'ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ' ॥

(ਗੁਰੂ ਗ੍ਰੰਥ - ਬਾਰਾਂ ਮਾਂਹ ਮਾਝ)

**ਸੱਜਣ ਆਏ ਅੱਧੀ ਰਾਤ, ਦਿਲ ਸਰੂੰਦੀ ਵਾਟੋ ਵਾਟ।**

**ਭਾਵ** :— ਜਦ ਕੋਈ ਪਰਾਹੁਣਾ ਕੁਵੇਲੇ ਆ ਜਾਵੇ ਤੇ ਉਹਦੀ ਪੁਛ ਗਿਛ ਨਾ ਹੋ ਸਕੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬੜੇ ਕੁਵੇਲੇ ਸ਼ਹਿਰ ਪੁਜੇ। ਆਉ ਭਗਤ ਕੀ ਹੋਣੀ ਸੀ। 'ਸੱਜਣ ਆਏ ਅੱਧੀ ਰਾਤ, ਦਿਲ ਸਰੂੰਦੀ ਵਾਟੋ ਵਾਟ'। ਬੱਸ, ਕੰਨ ਵਲ੍ਹੇਟ ਕੇ ਪੈ ਰਹੇ। ਕਿਸੇ ਰੋਟੀ ਵੀ ਨਾ ਪੁੱਛੀ। (ਸੰਗ੍ਰ)

**ਸੱਜਣ ਛਡੀਏ ਰੰਗ ਸਿਉਂ, ਜੇ ਫਿਰ (ਬਹੁੜ) ਵੀ ਆਵੇ ਕੰਮ।**

**ਭਾਵ** :— ਸੱਜਣ ਨਾਲ ਗੁਸੇ ਸਮੇਂ ਵਿਗਾੜ ਨੂੰ ਦੂਰ ਕਰਨ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਪਰ ਵੇਖੋ ਨਾ, ਤੁਸੀਂ ਸਿਆਣੇ ਹੋ, 'ਸੱਜਣ ਛੋੜੀਏ ਰੰਗ ਸਿਉਂ, ਫਿਰ ਵੀ ਆਵੇ ਕੰਮ'। ਅਜੇ ਹੀ ਸਾਰੇ ਲੇਖੇ ਨਾ ਨਿਬੇੜ ਜਾਉ। ਫਿਰ ਵੀ ਕਦੀ ਮੂੰਹ ਲਾਣਾ ਜੇ ਕਿ ਨਹੀਂ। (ਸੰਗ੍ਰ)

**ਸੱਜਣ ਤਾਂ ਅੱਖਾਂ ਵਿਚ ਸਮਾ ਜਾਂਦੇ ਹਨ, ਪਰ ਵੈਰੀ ਵਿਹੜੇ ਵਿਚ ਨਹੀਂ ਸਮਾਉਂਦੇ।**

**ਭਾਵ** :— ਜਦ ਕੋਈ ਮਿਤਰ, ਮਿਤਰ ਨੂੰ ਆਖੇ, ਕਿ ਮੇਰੇ ਆਇਆਂ ਤੁਹਾਨੂੰ ਖੇਚਲ ਹੋਈ ਹੈ ਤਾਂ ਅਗੋਂ ਮਿਤਰ ਉਤਰ ਵਿਚ ਇਹ ਅਖਾਣ ਵਰਤਦਾ ਹੈ।

**ਵਰਤੋਂ** :— ਵਾਹ ਜੀ ਵਾਹ, ਤੁਸਾਂ ਸਾਨੂੰ ਕਮੀਨਾ ਸਮਝਿਆ ਏ ? ਤੁਸਾਡੇ ਆਇਆਂ ਸਾਨੂੰ ਖੇਚਲ ਹੋਵੇ ? ਸਾਡੇ ਧੰਨ ਭਾਗ, ਜੁ ਤੁਸਾਂ ਚਰਨ ਪਾਏ। 'ਸੱਜਣ ਤਾਂ ਅੱਖਾਂ ਵਿਚ ਆ ਜਾਂਦੇ ਹਨ, ਪਰ ਵੈਰੀ ਵਿਹੜੇ ਵਿਚ ਵੀ ਨਹੀਂ ਸਮਾਉਂਦੇ'। ਤੁਸੀਂ ਕੋਈ ਸਾਡੇ ਅੱਜ ਦੇ ਮੇਲੀ ਗੇਲੀ ਹੋ ? (ਸੰਗ੍ਰ)

**ਸਜਣ ਬਾਂਹ ਦੇਵੇ ਤਾਂ ਸਾਰੀ ਨਹੀਂ ਨਿਗਲ ਲੈਣੀ ਚਾਹੀਦੀ ।**

**ਭਾਵ** :— ਜਦ ਕੋਈ ਕਿਸੇ ਦੀ ਸਹਾਇਤਾ ਪੁੱਜਤ ਤੋਂ ਵਧੀਕ ਕਰਨ ਦੀ ਆਸ ਬੰਨ੍ਹਾਵੇ, ਤੇ ਦੂਜਾ ਉਸਦਾ ਅਯੋਗ ਲਾਭ ਉਠਾਣ ਦੀ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਪ੍ਰੇਮ ਦਾ ਵਾਲ ਵਾਲ ਉਸਦੇ ਅਹਿਸਾਨ ਨਾਲ ਲਦਿਆ ਗਿਆ। ਦੋਸਤ ਲਈ ਇਤਨੀ ਕੁਰਬਾਨੀ ? ਪਰ ਸਜਨ ਨੇ ਬਾਂਹ ਦਿਤੀ ਹੈ ਤਾਂ ਕੀ ਮੈਨੂੰ ਮੂੰਹ ਵਿਚ ਪਾ ਲੈਣੀ ਚਾਹੀਦੀ ਹੈ ? ਕਦਾਚਿਤ ਨਹੀਂ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਸਜਣ ਭਲੇ ਸਵੇਲੜੇ ਆਇ ।**

**ਭਾਵ** :— ਜੰਞ ਦਾ ਢੁਕਾ ਢੁਕਣ ਸਮੇਂ ਖੁਸ਼ੀ ਵਿਚ ਇਹ ਗੀਤ ਗਾਇਆ ਜਾਂਦਾ ਹੈ। ਹਾਸੇ ਲਈ ਵੀ ਵਰਤਦੇ ਹਨ, ਜਦ ਕੋਈ ਆਦਮੀ ਪੱਛੜ ਕੇ ਆਵੇ ।

**ਵਰਤੋਂ** —: ਅਗਲੇ ਦਿਨ ਭੱਤੇ ਵੇਲੇ ਤੋਂ ਲੈ ਕੇ ਸ਼ਾਮ ਤਕ ਬਰਾਦਰੀ ਇਕੱਠੀ ਹੁੰਦੀ ਰਹੀ, ਕਦੀ ਕਿਸੇ ਪਾਸਿਓ ਜ਼ਨਾਨੀਆਂ ਦਾ ਝੁੰਡ 'ਸਜਣ ਭਲੇ ਸਵੇਲੜੇ ਆਇ' ਗਾਉਂਦਾ ਆ ਜਾਂਦਾ ਸੀ, ਤੇ ਕਦੀ ਕਿਸੇ ਪਾਸਿਉਂ ।

(ਨਵਾਬ ਖਾਂ—ਭਾਈ ਜੋਧ ਸਿੰਘ)

**ਸਜਰੀ ਨ ਬਹੀ, ਹਮੇਸ਼ ਇੱਕੋ ਜਿਹੀ ।**

**ਭਾਵ** :— ਜਦ ਕਿਸੇ ਦੀ ਸਦਾ ਇਕੋ ਜਿਹੀ ਭੈੜੀ ਹਾਲਤ ਰਹੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜਦ ਵੇਖੋ, ਤੇਰਾ ਇਹੀ ਹਾਲ ਰਹਿੰਦਾ ਹੈ। 'ਸਜਰੀ ਨਾ ਬਹੀ, ਹਮੇਸ਼ਾ ਇਕੋ ਜਿਹੀ।' ਪਤਾ ਨਹੀਂ ਰੱਬ ਤੈਨੂੰ ਕਿਹੜਿਆਂ ਪਾਪਾਂ ਦਾ ਡੰਡ ਦੇ ਰਿਹਾ ਹੈ। (ਸੰਗ੍ਰ)

**ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ ।**

**ਭਾਵ** :— ਪ੍ਰਸਪਰ ਸਹਾਇਤਾ (ਖ਼ਾਸ ਕਰ ਮਾੜੇ ਕੰਮ ਵਿਚ) ਦੇਣ ਸਮੇਂ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਓਥੇ ਤਾਂ ਅੰਨ੍ਹੀ ਲੋਟੀ ਮਚੀ ਹੋਈ ਹੈ, ਵੱਢੀ ਚਲਦੀ ਹੈ ਜਾਂ ਲਿਹਾਜ਼ਦਾਰੀ । 'ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ' । ਕੋਈ ਨਹੀਂ ਪੁਛਦਾ, ਸੱਚ ਝੂਠ ਨੂੰ । (ਸੰਗ੍ਰ)

**ਸਠੀਂ ਸੇਵੀਂ ਗਾਜਰਾਂ ਸੌ ਸੇਵੀਂ ਕਮਾਦ, ਬਾਰਾਂ ਸੇਵਾਂ ਪਾਇਕੇ ਦੇਖ ਕਣਕ ਦਾ ਝਾੜ ।**

**ਭਾਵ** :— ਗਾਜਰਾਂ, ਕਮਾਦ ਤੇ ਕਣਕ ਦੀਆਂ ਫਸਲਾਂ ਸਬੰਧੀ ਦਰਸਾਇਆ ਹੈ ।

**ਵਰਤੋਂ** :— ਵਰਤੋਂ ਵਿਚ ਹੀ ਆ ਗਈ ਹੈ ।

**ਸਠੀ ਪਕੇ ਸੱਠੀਂ ਦਿਨੀ, ਜੇ ਪਾਣੀ ਮਿਲੇ ਅੱਠੀਂ ਦਿਨੀ ।**

**ਭਾਵ** :— ਝੋਨੇ ਦੀ ਫ਼ਸਲ ਜਲਦੀ ਹੀ ਤਿਆਰ ਹੋ ਜਾਂਦੀ ਹੈ, ਜੇ ਇਸ ਨੂੰ ਪਾਣੀ ਛੇਤੀ ਛੇਤੀ ਮਿਲੇ ।

**ਵਰਤੋਂ** :— ਝੋਨੇ ਦੀ ਫਸਲ ਡਾਢੀ ਪਕਦੀ, ਪਰ ਕੀ ਕਰੀਏ, 'ਸੱਠੀ ਪਕੇ ਸੱਠੀ ਦਿਨੀਂ', ਜੇ ਪਾਣੀ ਮਿਲੇ ਅੱਠੀਂ ਦਿਨੀ", ਪਾਣੀ ਖੁਣੋਂ ਸਾਰੀ ਸੜ ਗਈ । (ਸੰਗ੍ਰ)

**ਸਤ ਡਿਗਾ ਤੇ ਜਹਾਨ ਡਿਗਾ ।**

**ਭਾਵ** :— ਜੇ ਧਰਮ ਗਿਆ ਤਾਂ ਸਭੋ ਕੁਝ ਗਿਆ। ਧਰਮੋਂ ਹੀਨ ਤੇ ਸਭ ਕੁਝ ਹੀਨ ।

**ਵਰਤੋਂ** :— ਬੇਬੇ ਜੀ 'ਸਤੋਂ ਡਿੱਗਾ ਤੇ ਜਹਾਨ ਡਿੱਗਾ' । ਧਰਮ ਵਰਗੀ ਕੋਈ ਚੀਜ਼ ਨਹੀਂ । ਮੈਂ ਧਰਮ ਵੇਚ ਕੇ ਕੋਈ ਪਦਾਰਥ ਨਹੀਂ ਲੈਣਾ ਚਾਹੁੰਦੀ । (ਸੰਗ੍ਰ)

**ਸਤਿ ਰਾਮੁ, ਝੂਠਾ ਸਭ ਧੰਧਾ ।**

**ਭਾਵ** :— ਜਦ ਦਸਣਾ ਹੋਵੇ ਕਿ ਦੁਨਿਆਵੀ ਧੰਧੇ ਸਭ ਝੂਠੇ ਹਨ ਤਦ ਵਰਤਦੇ ਹਨ ।

**ਵਰਤੋਂ :—**

"ਕਹਤ ਕਬੀਰ ਚੇਤਿ ਰੇ ਅੰਧਾ ॥
ਸਤਿ ਰਾਮੁ ਝੂਠਾ ਸਭੁ ਧੰਧਾ ॥"
(ਗੁਰੂ ਗ੍ਰੰਥ—ਗਉੜੀ ਕਬੀਰ ਜੀ)

**ਸਤਾਂ ਪੀਹੜੀਆਂ, ਦੋਹਤਾ ਵੈਰੀ ।**

**ਭਾਵ :—** ਧੀ ਦੇ ਪੁਤ (ਦੋਹਤਰੇ) ਦਾ ਸੁਭਾ ਦਸਿਆ ਗਿਆ ਹੈ ।

**ਵਰਤੋਂ :—** ਸਰਦਾਰ ਜੀ ! ਜਿੰਨਾ ਜੀ ਆਵੇ, ਦੋਹਤਰੇ ਨਾਲ ਹਿਤ ਕਰੋ, ਪਰ 'ਸੱਤਾਂ ਪੀਹੜੀਆਂ ਦੋਹਤਾ ਵੈਰੀ' । ਅੰਤ ਨੂੰ ਇਕ ਦਿਨ ਉਹ ਤੁਹਾਨੂੰ ਲਾਗੂ ਹੋ ਕੇ ਟਕਰੇਗਾ । (ਸੰਗ੍ਰ)

**ਸ਼ਤਾਬੀ ਕਰੇ ਖ਼ਰਾਬੀ ।**

**ਭਾਵ :—** ਕਾਹਲੀ ਕੀਤਿਆਂ ਕੰਮ ਵਿਗੜ ਜਾਂਦਾ ਹੈ ।

**ਵਰਤੋਂ :—** ਰਾਜ ! ਕਾਹਲੀ ਨਾ ਕਰਿਆ ਕਰ, 'ਸ਼ਤਾਬੀ ਕਰੇ ਖਰਾਬੀ' । ਕੰਮ ਦੇਰ ਨਾਲ ਹੋ ਜਾਵੇ, ਪਰ ਹੋਵੇ ਠੀਕ । (ਸੰਗ੍ਰ)

**ਸੱਤਾਂ ਪਤਣਾਂ ਦਾ ਪਾਣੀ ਪੀਤਾ ਏ ।** ਜਾਂ **ਸੱਤਾਂ ਪਤਣਾਂ ਦਾ ਤਾਰੂ ਏ ।**

**ਭਾਵ :—** ਜਦ ਕੋਈ ਬੜਾ ਹੀ ਚਾਲਾਕ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਧੀ ਕਿਸ ਦੀ ਏ । ਮਾਂ ਨੇ ਸੱਤਾਂ ਪਤਣਾਂ ਦਾ ਪਾਣੀ ਪੀਤਾ ਏ, ਤਾਂ ਧੀ ਕਿਉਂ ਨਾ ਚੋਦਾਂ ਪਤਣਾਂ ਦਾ ਪੀਵੇਗੀ ।
(ਟੁੱਟੀ ਵੀਣਾ—ਨਾਨਕ ਸਿੰਘ)

**ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਬਾਗ ਬਹਾਰਾਂ ।**

**ਭਾਵ :—** ਸਦਾ ਖੁਸ਼ੀ ਨਹੀਂ ਰਹਿੰਦੀ ।

**ਵਰਤੋਂ :—** ਕਲ੍ਹ ਕੀ ਸੀ ? ਅਜ ਕੀ ਹੋ ਗਿਆ । ਕਲ੍ਹ ਖੁਸ਼ੀ ਦੇ ਵਾਜੇ ਵਜਦੇ ਸਨ, ਅਜ ਉਥੇ ਮੌਤ ਦੇ ਵੈਣ ਪੈਂਦੇ ਹਨ । ਹਾਏ 'ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਬਾਗ ਬਹਾਰਾਂ' । (ਸੰਗ੍ਰ)

**ਸਦਾ ਨੀਤ ਨੂੰ ਮੁਰਾਦਾਂ ਹੁੰਦੀਆਂ ਨੇ ।**

ਵੇਖੋ : ਨੀਤ ਨੂੰ ਮੁਰਾਦ ।

**ਭਾਵ :—** ਜਿਹੋ ਜਿਹੀ ਕਿਸੇ ਦੀ ਨੀਤ ਹੋਵੇ, ਓਹੋ ਜਿਹਾ ਉਸ ਨੂੰ ਸਾਕ ਸੰਬੰਧੀ (ਜਾਂ ਫਲ) ਮਿਲ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਸਦਾ ਨੀਤ ਨੂੰ ਮੁਰਾਦਾਂ ਹੁੰਦੀਆਂ ਨੇ । ਦਿਲ ਦੇ ਖੋਟੇ ਨੂੰ ਕੰਮ ਵਿਚ ਕਿਵੇਂ ਘਾਟਾ ਨਾ ਪੈਂਦਾ ? (ਸੰਗ੍ਰ)

**ਸਦਾ ਭਵਾਨੀ, ਚੱਪੇ ਜਿੰਨੀ ।**

**ਭਾਵ :—** ਜਦ ਬੜੇ ਜਤਨ ਕਰਨ ਨਾਲ ਭੀ ਕਿਸੇ ਦੀ ਹਾਲਤ ਨਾ ਸੌਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਬੜਾ ਖੁਆਇਆ ਪਿਆਇਆ ਹੈ, ਪਰ ਇਸ ਦੀ ਹਾਲਤ ਓਹੋ ਜਿਹੀ ਹੈ, 'ਸਦਾ ਭਵਾਨੀ, ਚੱਪੇ ਜਿਨੀ', ਪਤਾ ਨਹੀਂ ਕਿਹੜੇ ਕੀੜੇ ਇਸ ਦੇ ਪੇਟ ਵਿਚ ਹਨ, ਜੋ ਖਾਧਾ ਲਗਣ ਨਹੀਂ ਦੇਂਦੇ । (ਸੰਗ੍ਰ)

**ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ ।** ਜਾਂ **ਸਦੀ ਨਾ ਕਵਾਈ, ਮੁੰਡੇ (ਨੀਂਗਰ) ਦੀ ਭੂਆ ਆਈ ।**

**ਭਾਵ :—** ਜਦ ਕੋਈ ਬਿਨਾ ਸਦੇ ਜਾਂ ਬੁਲਾਏ ਕਿਸੇ ਦੇ ਕੰਮ ਵਿਚ ਅਗਾਂਹ ਹੋ ਹੋ ਦਖ਼ਲ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਨਥੋ—'ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ', ਵੱਡੀ ਆਈ ਆ ਸਾਨੂੰ ਪਤਾ ਦੇਣ । ਅਜੇ ਜੰਮ ਤਾਂ ਲੈ । ਖ਼ਬਰਦਾਰ, ਜੇ ਇਹਨੂੰ ਮੂੰਹ ਲਾਇਆ । (ਸਪਤ ਰਿਸ਼ੀ—ਹਰਚਰਨ ਸਿੰਘ)

**ਸਪ, ਸੁਨਿਆਰਾ, ਸਾਹਣੀ, ਨਾਲੇ ਸਭਰਵਾਲ, ਭਾਵੇਂ ਕੁਠਾਲੀਉਂ ਕਢ ਧਰੋ, ਕਦੀ ਨਾ ਹੋਵਨ ਸਾਲੁ ।**

**ਭਾਵ :—** ਸਪ, ਸੁਨਿਆਰੇ, ਸਾਹਣੀ ਤੇ ਸਭਰਵਾਲ ਦਾ ਸੁਭਾ ਦਸਿਆ ਹੈ ।

**ਵਰਤੋਂ** :— ਸੁਧੀ—ਬੁਧਾਂ ! ਥੱਵੀ ਛਡ ਪਰੇ ਖਹਿੜਾ, ਸਾਹਣੀ ਤੇ ਕੀ ਸਭਰਵਾਲੀਏ ਇਹ ਕਦੇ ਵੀ ਦਿਲੋਂ ਸਾਫ਼ ਨਹੀਂ ਹੁੰਦੇ । ਸਿਆਣਿਆਂ ਦਾ ਅਖਾਣ ਹੈ, 'ਸੱਪ, ਸੁਨਿਆਰ, ਸਾਹਣੀ, ਨਾਲੇ ਸਭਰਵਾਲ, ਭਾਵੇਂ ਕੁਠਾਲੀਉਂ ਕਢ ਧਰੋ, ਕਦੀ ਨਾ ਹੋਵਨ ਸਾਲੁ' । (ਸੰਗ੍ਰ)

**ਸਪ ਦਾ ਅਧਾ ਨਿਗਲਿਆ, ਡੱਡੂ ਮੱਛਰ ਖਾਣ ਲਈ ਮੂੰਹ ਖੋਲ੍ਹੇ ।**

**ਭਾਵ** :— ਜਦ ਤਕੜਾ ਜ਼ਹਿਰ ਚੜ੍ਹ ਜਾਵੇ, ਤਦ ਬਚਣ ਦੀ ਆਸ ਕਰਨੀ ਔਖਾ ਕੰਮ ਹੈ ।

**ਵਰਤੋਂ** :— ਪਰ ਮੇਰੇ ਭਿਆਨਕ ਕਲਜੁਗੀ ਕਰਮ ਹੌਲੀ ਜਿਹੀ ਮੇਰੇ ਕੰਨ ਲਗ ਕੇ ਕਹਿੰਦੇ ਹਨ ਕਿ ਸਾਡੇ ਹੁੰਦਿਆਂ ਤੂੰ ਆਪਣੇ ਬਖਸ਼ੇ ਜਾਣ ਦੀ ਆਸ ਕਰਦਾ ਹੈਂ, ਜੀਕਰ 'ਸੱਪ ਦਾ ਅੱਧਾ ਨਿਗਲਿਆ ਡਡੂ ਮਛਰ ਖਾਣ ਲਈ ਮੂੰਹ ਖੋਲ੍ਹੇ' ।

(ਸ੍ਰੀ ਹਰਚਰਣ ਵਿਸਥਾਰ—ਡਾ: ਬਲਬੀਰ ਸਿੰਘ)

**ਸੱਪ ਦਾ ਖਾਧਾ ਬਚੇ, ਨਜ਼ਰ ਦਾ ਖਾਧਾ ਨਾ ਬਚੇ ।**

**ਭਾਵ** :— ਭੈੜੀ ਨਜ਼ਰ ਪੱਥਰਾਂ ਨੂੰ ਪਾੜ ਦੇਂਦੀ ਹੈ ।

**ਵਰਤੋਂ** :— ਰਾਮ ਦੇਈ—ਕਰਤਾਰ ਸਿੰਘ ਦੀ ਮਾਂ ਦੀ ਨਜ਼ਰ ਤੋਂ ਕੋਈ ਵਿਰਲਾ ਹੀ ਬਚ ਸਕਿਆ ਹੈ । ਸਾਰੇ ਪਿੰਡ ਵਿਚ ਭੈ ਪਿਆ ਹੋਇਆ ਹੈ । ਕਈ ਤਾਂ ਡਰਦੇ ਇਸ ਦੇ ਘਰ ਵਲ ਮੂੰਹ ਨਹੀਂ ਦੇਂਦੇ । ਸਿਆਣਿਆਂ ਨੇ ਸੱਚ ਆਖਿਆ ਹੈ ਕਿ 'ਸਪ ਦਾ ਖਾਧਾ ਬਚੇ, ਨਜ਼ਰ ਦਾ ਖਾਧਾ ਨਾ ਬਚੇ' । (ਸੰਗ੍ਰ)

**ਸਪ ਦਾ ਡਸਿਆ ਰੱਸੀ ਤੋਂ ਡਰਦਾ ਹੈ ।** ਜਾਂ **ਸਪ ਦਾ ਖਾਧਾ ਸੇਲੀ ਤੋਂ ਡਰਦਾ ਹੈ ।**

**ਭਾਵ** :— ਜਦ ਕਿਸੇ ਨੂੰ ਕਿਸੇ ਚੀਜ਼ ਵਲੋਂ ਦੁੱਖ ਪੁਜੇ ਤੇ ਅਗੇ ਨੂੰ ਉਹ ਉਸ ਦੇ ਪਰਛਾਵੇਂ ਤੋਂ ਵੀ ਡਰਨ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸਤਵੰਤ ਵਿਚਾਰੀ ਕੀ ਕਰੇ ? ਅਗੇ ਉਸ ਨਾਲ ਰਾਮੋ ਨੇ ਥੋੜੀ ਕੀਤੀ ਹੈ, ਜੁ ਹੁਣ ਵੀ ਉਸ ਤੋਂ ਆਪਣਾ ਬਚਾ ਨਾ ਕਰੇ । 'ਸੱਪ ਦਾ ਡਸਿਆ ਰੱਸੀ ਤੋਂ ਵੀ ਡਰਦਾ ਹੈ । (ਸੰਗ੍ਰ)

**ਸਪ ਦਾਂ ਬੱਚਾ ਸਪੇਲਾ । ਜਾਂ ਸਪ ਦੀ ਓਲਾਦ ਸਪ ਹੀ ਹੁੰਦੀ ਏ ।** ਵੇਖੋ : ਸੱਪਾਂ ਦੇ ਪੁੱਤਰ, ਕਦੀ ਨਾ ਹੁੰਦੇ ਮਿੱਤਰ ।

**ਭਾਵ** :— ਜਦ ਭੈੜੇ ਮਾਪਿਆਂ ਦੀ ਸੰਤਾਨ ਭੈੜੀ ਨਿਕਲੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕਰੀਮ ਬਖਸ਼ ਨੂੰ ਕੀ ਨਿੰਦਣਾ ਹੈ ? ਤੁਸੀਂ ਜਾਣਦੇ ਹੀ ਹੋ ਕਿ ਕਿਸ ਪਿਉ ਦਾ ਪੁੱਤਰ ਹੈ । 'ਸੱਪ ਦਾ ਬੱਚਾ ਸਪੇਲਾ' ਹੀ ਹੋਣਾ ਸੀ । (ਸੰ)

**ਸਪ ਦੇ ਸਾਹਮਣੇ ਦੀਵਾ ਨਹੀਂ ਬਲਦਾ ।**

**ਭਾਵ** :— ਜਦ ਕਿਸੇ ਤਕੜੇ ਆਦਮੀ ਦੇ ਸਾਹਮਣੇ ਕਿਸੇ ਮਾੜੇ ਦੀ ਪੇਸ਼ ਨਾ ਜਾਵੇ ਜਾਂ ਜਦ ਕੋਈ ਜਿੱਤਣ ਦਾ ਔਖਾ ਢੰਗ ਵਰਤੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕੁਲਵੰਤ—ਬੇ ਜੀ, ਉਸ ਪੰਡਤ ਨੇ ਸਿੰਘ ਸਾਹਿਬ ਨਾਲ ਬੜਾ ਮੱਥਾ ਡਾਹਿਆ, ਪਰ ਪੇਸ਼ ਕੁਝ ਨਾ ਗਈ । ਸੱਚ ਹੈ, 'ਸਪ ਦੇ ਸਾਹਮਣੇ ਦੀਵਾ ਨਹੀਂ ਬਲਦਾ' । ਪੰਡਤ ਹੋਰੀ ਹੱਥ ਕੇ ਖਿਮਾਂ ਮੰਗਣ ਲਗ ਪਏ' । (ਸੰਗ੍ਰ)

**ਸੱਪ ਦੇ ਮੂੰਹ ਕੋੜ੍ਹ ਕਿਰਲੀ, ਖਾਵੇ ਤਾਂ ਕੋਹੜੀ, ਛੱਡੇ ਤਾਂ ਅੰਨ੍ਹਾ ।**

**ਭਾਵ** :— ਜਦ ਕਿਸੇ ਕੰਮ ਦੇ ਕਰਨ ਜਾਂ ਨਾ ਕਰਨ ਦੋਹਾਂ ਹਾਲਤਾਂ ਵਿਚ ਹਾਨੀ ਹੀ ਹੋਵੇ ।

**ਵਰਤੋਂ** :— ਕੀ ਕਰਾਂ ? ਨਾ ਇਹ ਤੀਵੀਂ ਛਡਣ ਹੁੰਦੀ ਏ, ਪਈ ਸ਼ਰੀਕਾ ਕੀ ਆਖੇਗਾ, ਨਾ ਰਖਣ ਹੀ ਹੁੰਦੀ ਏ, ਰੰਡੀ ਏ ਨਿਰੀ । 'ਸੱਪ ਦੇ ਮੂੰਹ ਕੋੜ੍ਹ ਕਿਰਲੀ, ਖਾਵੇ ਤਾਂ ਕੋਹੜੀ, ਛਡੇ ਤਾਂ ਅੰਨ੍ਹਾ' । (ਸੰਗ੍ਰ)

**ਸਪ ਨੂੰ ਸਪ ਲੜੇ, ਤੇ ਵਿਸ ਕਿਸਨੂੰ ਚੜ੍ਹੇ ।**

**ਭਾਵ** :— ਜਦ ਦੋ, ਇਕ ਤੋਂ ਇਕ ਵਧ ਚਲਾਕ ਮਨੁੱਖ ਕਿਸੇ ਗਲੋਂ ਆਪੋ ਵਿਚ ਝਗੜ ਪੈਣ, ਇਹ ਦੱਸਣ ਲਈ, ਕਿ ਨੁਕਸਾਨ ਕਿਸੇ ਨੂੰ ਵੀ ਨਹੀਂ ਹੋਣਾ ।

**ਵਰਤੋਂ** :— ਰਾਮ ਤੇ ਸ਼ਾਮ ਦੋਵੇਂ ਇਕ ਤੋਂ ਇਕ ਵਧ ਕੇ ਹਨ । 'ਸੱਪ ਨੂੰ ਸੱਪ ਲੜੇ ਤੇ ਵਿਸ ਕਿਸਨੂੰ ਚੜ੍ਹੇ' ਵਾਲੀ ਗੱਲ ਨਿਕਲੇਗੀ, ਉਨ੍ਹਾਂ ਦੀ ਖਹਿਬੜ ਵਿਚੋਂ । (ਸੰ)

**ਸਪ ਭੀ ਮਰ ਜਾਏ ਤੇ ਲਾਠੀ (ਸੋਟਾ) ਭੀ ਬਚ ਜਾਏ ।**

**ਭਾਵ** :— ਜਦ ਕਿਸੇ ਔਕੜ ਵਿੱਚੋਂ ਨਿਕਲਣ ਲਈ ਕੋਈ ਅਜੇਹੀ ਮਤ ਦੇਵੇ ਕਿ ਜਿਸ ਨਾਲ ਔਕੜ ਜਾਂ ਦੁਖ ਭੀ ਹਟ ਜਾਏ ਤੇ ਕੁਝ ਨੁਕਸਾਨ ਭੀ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮਾਂ—(ਹਾਉਕਾ ਲੈ ਕੇ) ਬੱਚਾ ! ਸੱਚ ਹੈ, ਜਿਨ੍ਹਾਂ ਪ੍ਰੇਮ ਪਿਆਲੇ ਪੀਤੇ, ਸੋ ਘਰ ਦੇ ਕੰਮੋਂ ਗਈਆਂ, ਪਰ ਫੇਰ ਭੀ ਐਸਾ ਕੰਮ ਕਰੀਏ ਕਿ 'ਸੱਪ ਭੀ ਮਰ ਜਾਏ ਤੇ ਲਾਠੀ ਭੀ ਬਚ ਜਾਏ' ।

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਸੱਪਾਂ ਦੇ ਪੁਤਰ, ਕਦੀ ਨਾ ਹੁੰਦੇ ਮਿੱਤਰ । ਜਾਂ ਸੱਪਾਂ ਦੇ ਪੁੱਤਰ ਕਦੀ ਮਿੱਤਰ ਨਾ ਬਣਦੇ, ਭਾਵੇਂ ਚੁਲੀਆਂ ਦੁੱਧ ਪਿਆਈਏ ।**

**ਭਾਵ** :— ਸੱਪ ਦਾ ਬੱਚਾ ਕਦੀ ਭਲਾਈ ਨਹੀਂ ਕਰਦਾ, ਭਾਵ ਖੋਟਾ ਕਦੀ ਕਿਸੇ ਨਾਲ ਭਲਿਆਈ ਨਹੀਂ ਕਰਦਾ ।

**ਵਰਤੋਂ** :— ਮਹਾਰਾਜ ! ਸੱਪਾਂ ਦੇ ਪੁਤਰ ਦੁਧ ਪਿਆਉਣ ਨਾਲ ਮਿੱਤਰ ਨਹੀਂ ਬਣਦੇ । ਸਦਾ ਡੰਗ ਹੀ ਮਾਰਦੇ ਹਨ । (ਸੰਗ੍ਰ)

**ਸਪੈ ਦੁਧ ਪਲਾਈਐ, ਵਿਹੁ ਮੁਖ ਥੀਂ ਸੁਟੇ ।**

**ਭਾਵ** :— ਭੈੜੇ ਪੁਰਸ਼ ਨਾਲ ਕਿਤਨਾ ਵੀ ਪਿਆਰ ਕਰੋ, ਉਹ ਬੁਰਾਈ ਕਰਨ ਤੋਂ ਨਹੀਂ ਟਲਦਾ ।

**ਵਰਤੋਂ** :—

੧. ਕੁੱਤਾ ਰਾਜ ਬਹਾਲੀਐ, ਫਿਰ ਚੱਕੀ ਚਟੈ ।
ਸਪੈ ਦੁਧ ਪਲਾਈਐ ਵਿਹੁ ਮੁਖ ਥੀਂ ਸੱਟੈ ।

(ਵਾਰਾਂ ਭਾਈ ਗੁਰਦਾਸ)

੨. ਰਾਂਝਾ ਆਖਦਾ ਰੰਨਾਂ ਥੀਂ ਨਫ਼ਾ ਨਾਹੀਂ,
ਰੰਨਾਂ ਨਾਲ ਨਾ ਦੋਸਤੀ ਪਾਈਏ ਜੀ ।
ਰੰਨਾਂ ਸਚਿਆਂ ਨੂੰ ਚਾ ਕਰਨ ਝੂਠਾ,
ਵਾਰੇ ਰੰਨਾਂ ਦੇ ਮੂਲ ਨਾ ਜਾਈਏ ਜੀ ।
ਸਪ ਮਾਰਨ ਡੰਗ ਨਾ ਰਹੇ ਮੂਲੋਂ,
ਸਾਰੀ ਉਮਰ ਜੇ ਦੁਧ ਪਿਲਾਈਏ ਜੀ ।
'ਮੁਕਬਲ' ਕੂਚ ਕਰਕੇ ਇਸ ਪਿੰਡ ਵਿਚੋਂ,
ਹੁਣ ਤਖ਼ਤ ਹਜ਼ਾਰੇ ਨੂੰ ਜਾਈਏ ਜੀ ।

(ਹੀਰ ਮੁਕਬਲ)

**ਸਬਰ ਦੇ ਬੇੜੇ ਪਾਰ ।**

**ਭਾਵ** :— ਸੰਤੋਖੀ ਸਦਾ ਸੁਖੀ ਰਹਿੰਦਾ ਹੈ ।

**ਵਰਤੋਂ** :— ਮੇਰੇ ਉਤੇ ਉਹਨੇ ਸੌ ਵਧੀਕੀ ਕੀਤੀ । ਮੈਂ ਉੱਕਾ ਨਹੀਂ ਬੋਲੀ । ਅੰਤ 'ਸਬਰ ਦੇ ਬੇੜੇ ਪਾਰ' ਹੋਏ । ਮੇਰਾ ਕੁਝ ਨਹੀਂ ਵਿਗੜਿਆ । ਪਾਪੀਆਂ ਨੂੰ ਪਾਪ ਲੈ ਲੱਥਾ । (ਸੰਗ੍ਰ)

**ਸਬਜ਼ ਭਾਜੀ ਤੇ ਸੁੱਕੀ ਮੜ, ਵਾਹ ਸ਼ਾਦ ਦਾ ਖਾਣਾ ।**

**ਭਾਵ**: — ਜਦ ਵਿਆਹ ਦੇ ਸਮੇਂ ਵੀ ਮਾਮੂਲੀ ਖਾਣਾ ਮਿਲੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਖ਼ਾਤਰ ਹੋਈ ਸਾਡੀ ਕੁੜੀ ਵਾਲੇ ਘਰ, ਬੜੀ ਰੰਗੀ । 'ਸਬਜ਼ ਭਾਜੀ ਤੇ ਸੁਕੀ ਮੜ, ਵਾਹ ਸ਼ਾਦੀ ਦਾ ਖਾਣਾ' ਵਾਲਾ ਹੀ ਲੇਖਾ ਸੀ ।

(ਸੰਗ੍ਰ)

**ਸਬਰ ਸਬੂਰੀ ਨਾਨਕਾ ਲੇਖਾ ਕਰਤੇ ਪਾਸ । ਜਾਂ ਸਬਰ ਸਬੂਰੀ ਨਾਨਕਾ ਦਰਗਾਹੇ ਲੇਖ ।**

**ਭਾਵ** :— ਜਦ ਕੋਈ ਨੁਕਸਾਨ ਉਠਾ ਕੇ ਵੀ ਸਬਰ ਕਰੇ, ਤਦ ਇਹ ਅਖਾਣ

ਵਰਤਦੇ ਹਨ ।

**ਵਰਤੋਂ** :— ਨਥੂ ਸ਼ਾਹ ਦਾ ਕਾਫ਼ੀ ਨੁਕਸਾਨ ਹੋਇਆ ਹੈ, ਪਰ ਸੱਟ ਖਾ ਕੇ ਵੀ ਸਬਰ ਦਾ ਕਰੜਾ ਘੁਟ ਪੀ ਗਿਆ ਹੈ । ਬੜਾ ਜਿਗਰਾ ਵਿਖਾਇਆ ਸੂ । ਸਾਬਰਾਂ ਦਾ ਵਾਲੀ ਰੱਬ ਆਪ ਹੈ । 'ਸਬਰ ਸਬੂਰੀ ਨ ਨਕਾ ਲੇਖਾ ਕਟਤੇ ਪਾਸ' । (ਸੰਗ੍ਰ)

**ਸਭ ਕਿਛੁ ਜੀਵਤ ਕੋ ਬਿਵਹਾਰ ।**

**ਭਾਵ** :— ਸਾਰਾ ਕਾਰ ਵਿਹਾਰ ਜੀਂਵਦਿਆਂ ਤਕ ਹੀ ਹੈ ।

**ਵਰਤੋਂ** :—

ਸਭ ਕਿਛੁ ਜੀਵਤ ਕੋ ਬਿਵਹਾਰ ॥
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥

(ਗੁਰੂ ਗ੍ਰੰਥ—ਰਾਗ ਦੇਵਗੰਧਾਰੀ)

**ਸਭ ਕੋ ਨਿਵੈ ਆਪ ਕਉ, ਪਰ ਕਉ ਨਿਵੈ ਨ ਕੋਇ ।**

**ਭਾਵ** :— ਹਰ ਕੋਈ ਆਪਣੇ ਸਵਾਰਥ ਲਈ ਨਿੰਵਦਾ ਹੈ, ਪਰ ਦੂਜਿਆਂ ਲਈ ਨਹੀਂ ।

**ਵਰਤੋਂ** :—

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਸਭ ਚਲਦਿਆਂ ਦੇ ਯਾਰ ਨੇ ।**

**ਭਾਵ** :— ਸਾਰੇ ਜ਼ੋਰ ਵਾਲਿਆਂ ਤੇ ਤਕੜਿਆਂ ਦੇ ਸਾਥੀ ਹਨ ।

**ਵਰਤੋਂ** :— ਅੰਭੀ—ਓ ਅੰਭੀ, ਤੇਰਾ ਅਜ ਕੌਣ ਹੈ ? ਸਭ ਚਲਦਿਆਂ ਦੇ ਯਾਰ ਨੇ ।

(ਰਾਜਾ ਪੋਰਸ—ਹਰਚਰਨ ਸਿੰਘ)

**ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥**

**ਭਾਵ** :— ਜਿਹੜਾ ਮਨੁਖ ਆਪਣੇ ਆਪ ਨੂੰ ਬੜਾ ਬਲੀ ਸਮਝਦਾ ਹੈ, ਅੰਤ ਨੂੰ ਝਟ ਪਟ ਸੁਆਹ ਹੋ ਜਾਂਦਾ ਹੈ ।

**ਵਰਤੋਂ** :—

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ।
ਪਲ ਭੀਤਰਿ ਤਾਂ ਕਾ ਹੋਇ ਬਿਨਾਸ ।
ਸਭ ਤੇ ਆਪ ਜਾਨੈ ਬਲਵੰਤੁ ।
ਖਿਨ ਮਹਿ ਹੋਇ ਜਾਇ ਭਸਮੰਤੁ ।

(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਸਭ ਦੁਨੀਆਂ ਆਵਣ ਜਾਣੀਆ ।**

**ਭਾਵ** :— ਸਾਰਾ ਸੰਸਾਰ ਜੰਮਨ ਮਰਨ ਦੇ ਗੇੜ ਵਿਚ ਲਗਾ ਪਿਆ ਹੈ ।

**ਵਰਤੋਂ** :—

ਇਤੁ ਤਨਿ ਲਾਗੈ ਬਾਣੀਆ ।
ਸੁਖੁ ਹੋਵੈ ਸੇਵ ਕਮਾਣੀਆ ।
ਸਭ ਦੁਨੀਆ ਆਵਣ ਜਾਣੀਆ ।

(ਗੁਰੂ ਗ੍ਰੰਥ—ਸ੍ਰੀ ਰਾਗ)

**ਸਭ ਮਦ ਮਾਤੇ ਕੋਊ ਨ ਜਾਗ ।**

**ਭਾਵ** :— ਸਾਰੇ ਮਾਇਆ ਦੇ ਨਸ਼ੇ ਵਿਚ ਮਸਤ ਹਨ, ਕੋਈ ਜਾਗਦਾ ਨਹੀਂ ।

**ਵਰਤੋਂ** :—

ਸਭ ਮਦ ਮਾਤੇ ਕੋਊ ਨ ਜਾਗ ॥
ਸੰਗ ਹੀ ਚੋਰ ਘਰੁ ਮੁਸਨ ਲਾਗ ॥

(ਗੁਰੂ ਗ੍ਰੰਥ—ਬਸੰਤ ਕਬੀਰ ਜੀ)

**ਸਭਨਾ ਸਹੁਰੈ ਵੰਞਣਾ ਸਭਿ ਮੁਕਲਾਵਣਹਾਰ ।**

**ਭਾਵ** :— ਸਾਰਿਆਂ ਨੇ ਹਰੀ ਦੇ ਦੇਸ ਜਾਣਾ ਹੈ ਤੇ ਸਭ ਦਾ ਮੁਕਲਾਵਾ ਹੋਣਾ ਹੈ, ਭਾਵ ਸਭ ਨੇ ਮਰਨਾ ਹੈ ।

**ਵਰਤੋਂ** :—

'ਸਭਨਾ ਸਹੁਰੈ ਵੰਞਣਾ ਸਭਿ ਮੁਕਲਾਵਣਹਾਰ' ॥
ਨਾਨਕ ਧਨੁ ਸੋਹਾਗਣੀ ਜਿਨ ਸਹ ਨਾਲ ਪਿਆਰ॥

(ਗੁਰੂ ਗ੍ਰੰਥ—ਸ੍ਰੀ ਰਾਗ)

**ਸਭਨਾ ਘਟੀਂ ਸਹੁ ਵਸੈ ॥**

ਹਰੀ ਸਾਰਿਆਂ ਵਿਚ ਵਸਦਾ ਹੈ ।

**ਵਰਤੋਂ :—**

'ਸਭਨਾ ਘਟੀਂ ਸਹੁ ਵਸੈ ਸਹੁ ਬਿਨੁ ਘਟੁ ਨ ਕੋਇ' ॥
ਨਾਨਕ ਤੇ ਸੁਹਾਗਣੀ ਜਿਨਾ ਗੁਰਮੁਖਿ ਪ੍ਰਗਟ ਹੋਇ ॥
(ਗੁਰੂ ਗ੍ਰੰਥ— ਸ਼ਲੋਕ ਵਾਰਾਂ ਤੋਂ ਵਧੀਕ)

**ਸਭਨਾ ਚਾਲ ਸੁਹਾਵਣੀ, ਲੰਗੜੀ ਲੰਗੜਾਵੈ ।**

**ਭਾਵ :—** ਮਾੜੇ ਮਾੜੇ ਹੀ ਰਹਿੰਦੇ ਹਨ।

**ਵਰਤੋਂ :—**

ਸਭਨਾ ਚਾਲ ਸੁਹਾਵਣੀ, ਲੰਗੜੀ ਲੰਗੜਾਵੈ ॥
ਗਣਤ ਗਣੈ ਗੁਰਦੇਵ ਦੀ ਤਿਸ ਦੁੱਖ ਵਿਹਾਵੈ ॥
(ਵਾਰਾਂ ਭਾਈ ਗੁਰਦਾਸ ਜੀ)

**ਸਭਨਾ ਦੇ ਸਿਰ ਗੁੰਦੀਅਨ ਗੰਜੀ ਗੁਰੜਾਵੈ ।**

**ਭਾਵ :—** ਮਾੜੇ ਸੁਭਾ ਵਾਲੇ ਚੀਕਦੇ ਹੀ ਰਹਿੰਦੇ ਹਨ ।

**ਵਰਤੋਂ :—**

ਸਭਨਾਂ ਦੇ ਸਿਰ ਗੁੰਦੀਅਨ ਗੰਜੀ ਗੁਰੜਾਵੈ ॥
ਕੰਨ ਤਨਉੜੇ ਕਾਮਣੀ ਬੂੜੀ ਬਰੜਾਵੈ ॥
(ਵਾਰਾਂ ਭਾਈ ਗੁਰਦਾਸ ਜੀ)

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ।**

**ਭਾਵ :—** ਸਾਰਿਆਂ ਦਾ ਮਨ ਮੋਤੀ ਹੈ, ਕਿਸੇ ਦਾ ਦਿਲ ਦੁਖਾਣਾ ਚੰਗਾ ਨਹੀਂ ।

**ਵਰਤੋਂ :—**

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥
(ਗੁਰੂ ਗ੍ਰੰਥ— ਸ਼ਲੋਕ ਫ਼ਰੀਦ)

**ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ।**

**ਭਾਵ —:** ਸਾਰਿਆਂ ਨੇ ਮਰਨਾ ਹੈ ਤੇ ਵਿਛੜਨਾ ਹੈ ।

**ਵਰਤੋਂ :—**

ਸਭਨਾ ਮਰਨਾ ਆਇਆ ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿ ਨਾਹ ॥
ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥
(ਗੁਰੂ ਗ੍ਰੰਥ—ਰਾਗ ਸੋਰਠ)

**ਸਭਨਾ ਰਿਜਕ ਸੰਬਹਿਦਾ ।**

**ਭਾਵ :—** ਹਰੀ ਸਭ ਨੂੰ ਰੋਜ਼ੀ ਦੇਂਦਾ ਹੈ ।

**ਵਰਤੋਂ :—**

'ਸਭਨਾ ਰਿਜਕੁ ਸੰਬਹਿਦਾ' ਤੇਰਾ ਹੁਕਮੁ ਨਿਰਾਲਾ ॥
ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥
(ਗੁਰੂ ਗ੍ਰੰਥ—ਵਾਰ ਸੂਹੀ)

**ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ।**

**ਭਾਵ :—** ਸਾਰੀਆਂ ਚੀਜ਼ਾਂ ਨਾਲ ਤਾਂ ਜੀਵ ਪਿਆਰ ਕਰੇ, ਪਰ ਹਰੀ ਨਾਲ ਨਾਂਹ ਕਰੇ । ਜਦ ਕੋਈ ਦੁਨਿਆਵੀ ਪਦਾਰਥਾਂ ਨਾਲ ਬਹੁਤਾ ਮੋਹ ਕਰੇ, ਤਦ ਵਰਤਦੇ ਹਨ ।

**ਵਰਤੋਂ :—**

'ਸੁਤ ਕੰਚਨ ਸਿਉ ਹੇਤੁ ਵਧਾਇਆ ।
ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ' ।
(ਗੁਰੂ ਗ੍ਰੰਥ—ਰਾਗ ਪ੍ਰਭਾਤੀ)

**ਸਭੁ ਕੋ ਪੂਰਾ ਆਪੇ ਹੋਵੈ ਘਟਿ ਨਾ ਕੋਈ ਆਖੈ ।**

**ਭਾਵ :—** ਸਾਰੇ ਹੀ ਆਪਣੇ ਆਪ ਨੂੰ ਮੁਕੰਮਲ ਸਮਝਦੇ ਹਨ ਤੇ ਘਟ ਕੋਈ ਨਹੀਂ ਅਖਵਾਂਦਾ ।

**ਵਰਤੋਂ :—**

'ਸਭੁ ਕੋ ਪੂਰਾ ਆਪੇ ਹੋਵੈ
ਘਟਿ ਨ ਕੋਈ ਆਖੈ ।
ਪਤਿ ਪਰਵਾਣਾ ਪਿਛੈ ਪਾਈਐ
ਤਾ ਨਾਨਕ ਤੋਲਿਆ ਜਾਪੈ' ।
(ਗੁਰੂ ਗ੍ਰੰਥ—ਆਸਾ ਦੀ ਵਾਰ)

**ਸਭ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ।**

**ਭਾਵ** :— ਅਸੀਂ ਸਾਰਿਆਂ ਨੂੰ ਆਪਣਾ ਮਿੱਤਰ ਬਣਾਇਆ ਹੈ ਤੇ ਅਸੀਂ ਸਾਰਿਆਂ ਦੇ ਸਜਨ ਹਾਂ ।

**ਵਰਤੋਂ** :—

'ਸਭੁ ਕੋ ਮੀਤੁ ਹਮ ਆਪਨ ਕੀਨਾ,
ਹਮ ਸਭਨਾ ਕੇ ਸਾਜਨ ॥
ਦੂਰ ਪਰਾਇਓ ਮਨ ਕਾ ਬਿਰਹਾ,
ਤਾ ਮੇਲੁ ਕੀਓ ਮੇਰੈ ਰਾਜਨ' ॥

(ਗੁਰੂ ਗ੍ਰੰਥ—ਰਾਗ ਧਨਾਸਰੀ)

**ਸਭੇ (ਪੰਜੇ) ਐਬ ਸ਼ਰਈ ।**

**ਭਾਵ** :— ਜਿਸ ਵਿਚ ਕਈ ਤਰ੍ਹਾਂ ਦੇ ਔਗੁਣ ਹੋਣ । ਹਾਸ-ਰਸ ਲਈ ਵਰਤਦੇ ਹਨ ।

**ਵਰਤੋਂ** :— 'ਕੀ ਮਾੜਾ ਕਰ ਦਿੱਤਾ ? ਵਿਆਹ ਨਹੀਂ ਸੀ ਹੁੰਦਾ । ਏਧਰ ਉਹ ਭਾਵੇਂ ਹਜ਼ਾਰ ਲਾ ਦਿੰਦਾ । ਬੋਤੇ ਅਟਗੀ ਐ, ਜਿਹੜੀ ਛੇ ਸੌ ਨੂੰ ਲੈ ਦਿਤੀ ਐ' । 'ਸਭੇ ਐਬ ਸ਼ਰਈ ਐ' ਬਾਬਾ ਪੋਤੇ ਨੇ ਜਾਣੋ ਹਾਰ ਮੰਨ ਕੇ ਕਿਹਾ ।

(ਸਮਾਚਾਰ (ਬਾਬਾ ਜੈਮਲ)—ਸੰਤ ਸਿੰਘ ਸੇਖੋਂ)

**ਸਭੇ ਸਾਂਝੀਵਾਲ ਸਦਾਇਨਿ ।**

**ਭਾਵ** :— ਸਾਰੇ ਹੀ ਹਿੱਸੇਦਾਰ ਹਨ, ਦਕੋ ਜਿਹੇ ਹਨ ।

**ਵਰਤੋਂ** :—

ਘਟ ਘਟ ਅੰਤਰਿ ਤੂੰ ਹੈ ਵੁਠਾ ।
'ਸਭੇ ਸਾਂਝੀਵਾਲ ਸਦਾਇਨਿ' ।
ਤੂੰ ਕਿਸੇ ਨ ਦਿਸਹਿ ਬਾਹਰਾ ਜੀਉ ।

(ਗੁਰੂ ਗ੍ਰੰਥ—ਰਾਗ ਮਾਝ)

**ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ।**

**ਭਾਵ** :— ਸਾਰੀਆਂ ਗਲਾਂ ਧੰਦੇ ਵਿਸਰ ਜਾਣ, ਪਰ ਇਕ ਰਬ ਦਾ ਨਾਮ ਨ ਵਿਸਰੇ ।

**ਵਰਤੋਂ** :—

'ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ' ॥
ਧੰਧਾ ਸਭੁ ਜਲਾਇਕੈ ਗੁਰਿ ਨਾਮੁ ਦੀਆ ਸਚੁ ਸੁਆਉ ॥

(ਗੁਰੂ ਗ੍ਰੰਥ—ਸ੍ਰੀ ਰਾਗ)

**ਸਭੇ ਭੇਡਾਂ ਮੁਕਾਲੀਆਂ ।**

**ਭਾਵ** :— ਜਦ ਕਿਸੇ ਪਾਰਟੀ ਜਾਂ ਜੱਥੇ ਦੇ ਸਾਰੇ ਮੈਂਬਰ ਭੈੜੇ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਇਕ ਮੱਛੀ ਕਹਿੰਦੇ ਹਨ ਸਾਰਾ ਪਾਣੀ ਗੰਦਾ ਕਰ ਦੇਂਦੀ ਹੈ, ਪਰ ਜਿਥੇ 'ਸਭੇ ਭੇਡਾਂ ਮੁਕਾਲੀਆਂ' ਹੋ ਜਾਣ, ਉਥੇ ਚਿੱਟੇ ਮੂੰਹ ਵਾਲੀ ਕਿਸੇ ਇਕ ਅਧ ਭੇਡ ਨੂੰ ਵੇਖਕੇ ਕੌਣ ਪਸੀਜਦਾ ਹੈ ।

(ਲੋਕ ਸਾਹਿਤ—ਨਾਨਕ ਸਿੰਘ)

**ਸਭੇ ਰੁਤੀ ਚੰਗੀਆਂ ਜਿਤੁ ਸਚੇ ਸਿਉਂ ਨੇਹੁ ।**

**ਭਾਵ** :— ਸਾਰੀਆਂ ਰੁਤਾਂ ਚੰਗੀਆਂ ਹਨ, ਜਿਨ੍ਹਾਂ ਵਿਚ ਸਚੇ ਹਰੀ ਨਾਲ ਪਿਆਰ ਰਹੇ । ਰੁੱਤਾਂ ਨਾਲ ਸ਼ਗਨ ਅਪ-ਸ਼ਗਨ ਜੋੜਨ ਦੀ ਨਿਖੇਧੀ ਕਰਨ ਵੇਲੇ ਵਰਤਦੇ ਹਨ ।

**ਵਰਤੋਂ** :—

ਸਭੇ ਰੁਤੀ ਚੰਗੀਆਂ ਜਿਤੁ ਸਚੇ ਸਿਉਂ ਨੇਹੁ' ।
ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ॥

(ਗੁਰੂ ਗ੍ਰੰਥ—ਰਾਗ ਮਾਰੂ)

**ਸਭੇ ਵਸਤੂ ਕਉੜੀਆਂ ਸਚੇ ਨਾਉ ਮਿਠਾ ।**

**ਭਾਵ** :— ਸਾਰੀਆਂ ਚੀਜ਼ਾਂ ਕੌੜੀਆਂ ਹਨ, ਕੇਵਲ ਹਰੀ ਦਾ ਨਾਂ ਹੀ ਮਿੱਠਾ ਹੈ ।

**ਵਰਤੋਂ** :—

'ਸਭੇ ਵਸਤੂ ਕਉੜੀਆਂ ਸਚੇ ਨਾਉ ਮਿਠਾ ।
ਸਾਦੁ ਆਇਆ ਤਿਨ ਹਰਿ ਜਨਾ ਚਖਿ ਸਾਦੀ ਡਿਠਾ ।

(ਗੁਰੂ ਗ੍ਰੰਥ—ਵਾਰ ਗਉੜੀ)

**ਸਭੋ ਭਜੈ ਆਸਰਾ ਚੁਕੈ ਸਭ ਅਸਰਾਉ । ਚਿਤਿ ਆਵੈ ਉਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ।**

**ਭਾਵ** :— ਜਿਸ ਦੇ ਸਾਰੇ ਆਸਰੇ ਟੁਟ ਜਾਣ, ਪਰ ਜੇ ਉਸ ਨੂੰ ਹਰੀ ਚੇਤੇ ਆ ਜਾਵੇ, ਤਦ ਉਸ ਨੂੰ ਕੋਈ ਖੇਦ ਨਹੀਂ ਹੋ ਸਕਦਾ ।

**ਵਰਤੋਂ** :—

'ਜਾਕਉ ਮੁਸਕਲੁ ਅਤਿ ਬਣੈ
ਢੋਈ ਕੋਇ ਨ ਦੇਇ ।
ਲਾਗੂ ਹੋਇ ਦੁਸਮਨਾ
ਸਾਕ ਭਿ ਭਜਿ ਖਲੇ ।
ਸਭੋ ਭਜੈ ਆਸਰਾ ਚੁਕੈ ਸਭ ਅਸਰਾਉ ।
ਚਿਤਿ ਆਵੈ ਉਸ ਪਾਰਬ੍ਰਹਮ
ਲਗੈ ਨ ਤਤੀ ਵਾਉ' ।

(ਗੁਰੂ ਗ੍ਰੰਥ—ਸ੍ਰੀ ਰਾਗ)

**ਸਮਝ ਦੀ ਗਲ, ਸਦਾ ਸੁਖੱਲ ।**

**ਭਾਵ** :— ਹਰ ਗਲ ਵਿਚਾਰ ਕੇ ਕਰਨੀ ਚੰਗੀ ਹੈ ।

**ਵਰਤੋਂ** :— 'ਸਮਝ ਦੀ ਗਲ, ਸਦਾ ਸੁਖੱਲ' । ਇਕ ਵੇਰ ਸੋਚ ਕੇ ਤੁਰੋ, ਬਸ ਅਗੇ ਸੜਕ ਸਿੱਧੀ ਹੈ । (ਸੰਗ੍ਰ)

**ਸਮੁੰਦਰ ਵੀ ਪੀ ਜਾਏ ਤਾਂ ਵੀ ਹੋਠ ਸੁੱਕੇ ਰਹਿਣ ।**

**ਭਾਵ** :— ਜਦ ਕੋਈ ਕਿਸੇ ਨੂੰ ਭੇਦ ਵਾਲੀ ਗਲ ਲੁਕਾ ਰਖਣ ਲਈ ਤਾਕੀਦ ਕਰੇ, ਤਦ ਉਹ ਅਗੋਂ ਭਰੋਸਾ ਦਿਵਾਣ ਲਈ ਇਹ ਅਖਾਣ ਵਰਤਦਾ ਹੈ ।

**ਵਰਤੋਂ** :— ਅਯਾਲੀ—ਮਹਾਰਾਜ ! ਅਸੀਂ ਆਜੜੀ 'ਸਮੁੰਦਰ ਵੀ ਪੀ ਜਾਈਏ, ਤਾਂ ਵੀ ਸਾਡੇ ਹੋਠ ਸੁੱਕੇ ਹੀ ਰਹਿਣ' । ਤੁਹਾਡੀ ਗਲ ਮੇਰੀ ਜਿੰਦ ਜਾਨ ਨਾਲ ਨਿਭੇਗੀ । (ਹੀਰ ਸਿਆਲ—ਸ਼ਰਫ਼)

**ਸਮਾਂ ਕਿਸੇ ਦਾ ਰਾਹ ਨਹੀਂ ਉਡੀਕਦਾ ।**

**ਭਾਵ** :— ਸਮਾਂ ਜਲਦੀ ਹੀ ਲੰਘ ਜਾਂਦਾ ਹੈ, ਉਡੀਕ ਨਹੀਂ ਕਰਦਾ ।

**ਵਰਤੋਂ** :— 'ਸਮਾਂ ਕਿਸੇ ਦਾ ਰਾਹ ਨਹੀਂ ਉਡੀਕਦਾ' । ਲੋਕਾਂ ਲਈ ਦਿਨ ਚੜ੍ਹਿਆ, ਪਰ ਸੁਭਦਰਾ ਲਈ ਸ਼ਾਇਦ ਇਹ ਕਦੇ ਨਾ ਖਤਮ ਹੋਣ ਵਾਲੀ ਮਸਿਆ ਦੀ ਰਾਤ ਸੀ ।

(ਧੁੰਦਲੇ ਪਰਛਾਵੇਂ—ਨਾਨਕ ਸਿੰਘ)

**ਸਰਹਾਂਦੀ ਸੌਂ, ਪਵਾਂਦੀ ਸੌਂ, ਲਕ ਵਿਚਕਾਰੇ ਹੀ ਆਊ ।**

**ਭਾਵ** :— ਜਦ ਕੋਈ ਭਾਵੇਂ ਕੋਈ ਤਰੀਕਾ ਵਰਤੇ, ਨਤੀਜਾ ਓਹੀ ਨਿਕਲੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨੰਬਰਦਾਰ—ਸਰਦਾਰ ਜੀ ! ਜੋ ਜੀ ਆਉਂਦਾ ਜੇ ਜਤਨ ਕਰ ਵੇਖੋ, ਲੇਖਾ ਉਥੇ ਹੀ ਆਉਣਾ ਹੈ, 'ਸਰਹਾਂਦੀ ਸੌਂ, ਪਵਾਂਦੀ ਸੌਂ ਲਕ ਵਿਚਕਾਰੇ ਹੀ ਆਊ' । ਅੰਤ ਦੇਣਾ ਤੁਹਾਨੂੰ ਹੀ ਪਵੇਗਾ । (ਸੰਗ੍ਰ)

**ਸਰਕਾਰ ਵਿਚ ਅੰਧਾਰ, ਸਾਧੂ ਕੂੜਾ, ਚੋਰ ਸਚਿਆਰ ।**

**ਭਾਵ** :— ਜਦ ਅਦਾਲਤਾਂ ਵਿਚ ਅਨਿਆਂ ਹੋਵੇ, ਸਾਧ ਬਝਦੇ ਹੋਣ ਤੇ ਚੋਰ ਛੁਟਦੇ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਉਦੋਂ ਦੀਆਂ ਕੀ ਗੱਲਾਂ ਕਰਦੇ ਹੋ, 'ਸਰਕਾਰ ਵਿਚ ਅੰਧਾਰ, ਸਾਧੂ ਕੂੜਾ, ਚੋਰ ਸਚਿਆਰ' ਵਾਲੀ ਅਵਸਥਾ ਸੀ, ਪਰ ਰਣਜੀਤ ਸਿੰਘ ਨੇ ਆ ਕੇ ਇਨਸਾਫ਼ ਦਾ ਉਹ ਮਿਆਰ ਕਾਇਮ ਕੀਤਾ ਕਿ ਦੁਨੀਆਂ ਹਮੇਸ਼ਾਂ ਯਾਦ ਕਰੇਗੀ । (ਸੰ)

**ਸਰਫ਼ਾ ਕਰ ਕਰ ਸੁੱਤੀ ਤੇ ਆਟਾ ਖਾ ਗਈ ਕੁੱਤੀ ।**

**ਭਾਵ** :— ਜਦ ਕੋਈ ਸੂਮਾਂ ਵਾਂਗ ਧਨ ਇਕੱਠਾ ਕਰੀ ਜਾਏ, ਪਰ ਉਹ ਧਨ ਕਿਸੇ ਨਾ ਕਿਸੇ ਤਰ੍ਹਾਂ ਨਸ਼ਟ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਪੰਚ—ਗੋਕਲ ਚੰਦ ਨੇ ਧਨ ਤਾਂ ਬੜਾ ਇਕੱਠਾ ਕੀਤਾ, ਪਰ ਐਤਕੀਂ ਅਜਿਹਾ ਵਪਾਰ ਕੀਤਾ ਕਿ ਸਾਰਾ ਧਨ ਚਲਾ ਗਿਆ। ਉਸ ਵਿਚਾਰੇ ਨਾਲ ਤਾਂ ਇਹ ਗਲ ਆ ਬਣੀ ਹੈ ਕਿ 'ਸਰਫ਼ਾ ਕਰ ਕੇ ਸੁੱਤੀ ਤੇ ਆਟਾ ਖਾ ਗਈ ਕੁੱਤੀ'। (ਸੰ)

**ਸਰਬ ਦੂਖ ਜਬ ਬਿਸਰਹਿ ਸੁਆਮੀ।**

**ਭਾਵ** :— ਹੇ ਮਾਲਕ! ਜਦ ਤੂੰ ਵਿਸਰੇਂ ਤਦ ਸਾਰੇ ਹੀ ਦੂਖ ਆ ਚੰਬੜਦੇ ਹਨ।

**ਵਰਤੋਂ** :—

'ਸਰਬ ਦੂਖ ਜਬ ਬਿਸਰਹਿ ਸੁਆਮੀ'।
ਈਹਾ ਊਹਾ ਕਾਮਿ ਨ ਪ੍ਰਾਨੀ॥
(ਗੁਰੂ ਗ੍ਰੰਥ -ਆਸਾ ਰਾਗ)

**ਸਰਬ ਰੋਗ ਕਾ ਅਉਖਦੁ ਨਾਮੁ।**

**ਭਾਵ** :— ਸਾਰਿਆਂ ਦੁਖਾਂ ਦਾ ਇਲਾਜ ਹਰੀ ਸਿਮਰਨ ਹੈ।

**ਵਰਤੋਂ** :—

'ਸਰਬ ਰੋਗ ਕਾ ਅਉਖਦੁ ਨਾਮੁ'।
ਕਲਿਆਣ ਰੂਪ ਮੰਗਲ ਗੁਣ ਗਾਮ।
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਸਰ੍ਹੋਂ ਜਿਡੇ ਪੱਠੇ ਨਹੀਂ ਹੁੰਦੇ।**

**ਭਾਵ** :— ਗੱਪਾਂ ਮਾਰ ਅਣਹੋਣੀ ਗਲ ਦਸਣੀ ਜਾਂ ਜਦ ਦਸਣਾ ਹੋਵੇ ਕਿ ਲਹੂ ਪਾਣੀ ਨਾਲੋਂ ਗਾੜ੍ਹਾ ਹੁੰਦਾ ਹੈ।

**ਵਰਤੋਂ** :— ਗੁਲੋ—ਅੜੀਓ! 'ਸਰ੍ਹੋਂ ਜਿਡੇ ਪੱਠੇ ਨਹੀਂ ਹੁੰਦੇ'। ਆਪਣਾ ਆਪਣਾ ਤੇ ਬਿਗਾਨਾ ਬਿਗਾਨਾ। (ਸੰਗ੍ਰ)

**ਸ਼ਰ੍ਹਾ ਵਿਚ ਸ਼ਰਮ ਕਾਹਦੀ? ਜਾਂ ਸ਼ਰ੍ਹਾ ਵਿਚ ਸ਼ਰਮ ਨਹੀਂ ਕਰਨੀ ਚਾਹੀਦੀ।**

**ਭਾਵ** :— ਜਦ ਵਿਹਾਰ ਵਿਚ ਸ਼ਰਮ ਕੀਤਿਆਂ ਨੁਕਸਾਨ ਹੁੰਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਦਸੋ ਜੀ, ਮੁਝ ਦੇ ਕਿੰਨੇ ਰੁਪਏ ਲਵੋਗੇ? ਸਾਫ਼ ਸਾਫ਼ ਗਲ ਕਹਿ ਦਿਉ। 'ਸ਼ਰ੍ਹਾ ਵਿਚ ਸ਼ਰਮ ਕਾਹਦੀ'? (ਸੰਗ੍ਰ)

**ਸ਼ਰ੍ਹਾ ਕਰਦੇ ਸ਼ਰਮਾਉਣ ਪਰ ਝਗੜਾ ਕਰਦੇ ਨਹੀਂ ਸ਼ਰਮਾਉਣਾ।**

**ਭਾਵ** :— ਸੌਦਾ ਕਰਦਿਆਂ ਤਾਂ ਕੋਈ ਚੁਪ ਰਹੇ, ਪਰ ਹਿਸਾਬ ਕਰਨ ਵੇਲੇ ਝਗੜਾ ਪਾਏ ਜਾਂ ਜਦ ਕੋਈ ਸਾਫ਼ ਗੱਲ ਕਰਨ ਤੋਂ ਤਾਂ ਡਰੇ ਪਰ ਝਗੜਨ ਲਈ ਖ਼ੁਸ਼ ਹੋਵੇ।

**ਵਰਤੋਂ** :— ਤਾਰੋ ਨੀ! ਇਹਦੇ ਵਿਚ ਬੇਹਯਾਈ ਦੀ ਕਿਹੜੀ ਗੱਲ ਏ! ਗੱਲਾਂ ਕਰਨੀਆਂ ਬੇ-ਮੁਹਾਰੇ ਬੱਚੇ ਪੈਦਾ ਕਰਨ ਨਾਲੋਂ ਬਹੁਤੀ ਬੇਸ਼ਰਮੀ ਹੋ ਗਈ? ਸੱਚੀ ਗੱਲ ਏ ਸਾਡੇ ਲੋਕੀ 'ਸ਼ਰ੍ਹਾ ਕਰਦੇ ਸ਼ਰਮਾਉਂਦੇ ਪਰ ਝਗੜਾ ਕਰਦੇ ਨਹੀਂ ਸ਼ਰਮਾਉਂਦੇ' ਮੈਂ ਆਪ ਕਹਿਨੀ ਆਂ ਨਿਆਣੇ ਹੋਣੇ ਹੀ ਉਨੇ ਚਾਹੀਦੇ ਨੇ ਜਿਨ੍ਹਾਂ ਨੂੰ ਤੀਵੀਂ ਚੰਗੀ ਤਰ੍ਹਾਂ ਸੰਭਾਲ ਸਕੇ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਸ਼ਰਾਬ ਖ਼ਾਨਾ ਖ਼ਰਾਬ।**

**ਭਾਵ** :— ਜਦ ਸ਼ਰਾਬ ਦੀ ਵਰਤੋਂ ਘਰ ਦੀ ਬਰਬਾਦੀ ਦਾ ਕਾਰਨ ਬਣੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕੀ ਇਹ ਸ਼ਰਾਬ ਖ਼ਾਨਾ ਖ਼ਰਾਬ ਤੈਨੂੰ ਵੀ ਆਪਣੀ ਘੁੰਮਰ ਘੇਰੀ ਵਿਚ ਫਸਾ ਕੇ ਕਲਾ ਪਾਏਗੀ।

(ਨਵੀਆਂ ਸੋਚਾਂ—ਪ੍ਰਿੰ. ਤੇਜਾ ਸਿੰਘ)

**ਸ਼ਰੀਕ ਉਜੜਿਆ ਵਿਹੜਾ ਮੋਕਲਾ।**

**ਭਾਵ** :— ਸ਼ਰੀਕ ਨੂੰ ਨੁਕਸਾਨ ਪੁੱਜਣ ਤੋਂ ਖੁਸ਼ੀ ਦਸਣੀ।

**ਵਰਤੋਂ** :— 'ਸ਼ਰੀਕ ਉਜੜਿਆ, ਵਿਹੜਾ ਮੋਕਲਾ।' ਉਸਦੀ ਕੀ ਹਮਦਰਦੀ ਹੈ ਮੇਰੇ ਨਾਲ ਸਗੋਂ ਉਹ ਤਾਂ ਖੁਸ਼ ਹੁੰਦਾ ਹੋਵੇਗਾ, ਬਈ ਇੱਕ ਹੋਰ ਸੰਬੰਧੀ ਬਲੇ ਲੱਥਾ ਤੇ ਉਹਦੀ ਚੜ੍ਹ ਮੱਚੀ। (ਸੰਗ੍ਰ)

**ਸ਼ਰੀਕ ਸਿਹਰਾ ਬੰਨ੍ਹ ਨਹੀਂ ਢੁਕਦਾ ਹੋਰ ਸਭ ਕੁਝ ਕਰਦਾ ਹੈ।**

**ਭਾਵ** :— ਜਦ ਆਪਣਾ ਸਾਕ ਸਨੇਹੀ ਹੀ ਬਦਨਾਮੀ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— 'ਸ਼ਰੀਕ ਹੋਰ ਸਭ ਕੁਝ ਕਰਦਾ ਹੈ, ਇਕ ਸਿਹਰਾ ਬੰਨ੍ਹ ਨਹੀਂ ਢੁਕਦਾ।" ਬਦਨਾਮੀ ਜਿੰਨੀ ਚਾਹੋ, ਉਹਦੇ ਤੋਂ ਕਰਵਾ ਲਉ। ਕੰਮ ਪਿਆ ਨਹੀਂ ਤੇ ਨੱਚੇ ਨਹੀਂ। (ਸੰਗ੍ਰ)

**ਸ਼ਰੀਕ ਦਾ ਦਾਣਾ, ਸਿਰ ਦੁਖਦਿਆਂ ਵੀ ਖਾਣਾ।**

**ਭਾਵ** :— ਜਦ ਕਿਸੇ ਦੀ ਚੀਜ਼ ਲਈ ਬਹੁਤ ਅਹਿਸਾਨ ਦਸਿਆ ਜਾਵੇ, ਤਦ ਇਹ ਅਖਾਣ ਵਰਤਦੇ ਹਨ। ਜਾਂ ਜਦ ਸਾੜੇ ਨਾਲ ਸ਼ਰੀਕ ਨੂੰ ਨੁਕਸਾਨ ਪੁਚਾਣਾ ਹੋਵੇ ਤਾਂ ਵੀ ਵਰਤਦੇ ਹਨ।

**ਵਰਤੋਂ** :— ਸਿਰ ਮੱਥੇ ਉਤੇ ਭਾਬੀ ਜੀ, ਤੁਹਾਡੀ ਦਾਤ ਸਾਨੂੰ ਕਿੱਥੋਂ ? 'ਸ਼ਰੀਕ ਦਾ ਦਾਣਾ, ਸਿਰ ਦੁਖਦਿਆਂ ਵੀ ਖਾਣਾ'। ਅਸੀਂ ਕੌਣ ਹਾਂ ਮੋੜਨ ਵਾਲੇ।

ਆਹੋ ਜੀ, ਕਰ ਲਉ ਮੌਜਾਂ, ਪਰਾਈਆਂ ਕਮਾਈਆਂ ਤੇ 'ਸ਼ਰੀਕ ਦਾ ਦਾਣਾ ਨਹੀਂ ਛਡਣਾ ਭਾਵੇਂ ਸਿਰ ਦੁਖ ਜਾਏ।' (ਸੰਗ੍ਰ)

**ਸ਼ਰੀਕ ਲਾਉਣ ਲੀਕ, ਪੁੱਜੇ ਜਿਥੋਂ ਤੀਕ।**

**ਭਾਵ** :— ਜਦ ਕੋਈ ਆਪਣਾ ਸਾਕ ਅੰਗ ਪੂਰਾ ਤ੍ਰਾਣ ਲਾ ਕੇ ਆਪਣੇ ਸਾਕ ਨੂੰ ਬਦਨਾਮ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕੀ ਕਰਾਂ ? ਕਿਥੇ ਜਾਵਾਂ ? 'ਸ਼ਰੀਕ ਲਾਉਣ ਲੀਕ, ਪੁੱਜੇ ਜਿਥੋਂ ਤੀਕ'। ਆਪਣੇ ਹੀ ਹਦੋਂ ਵਧ ਬਦਨਾਮੀ ਦਾ ਕਾਰਨ ਬਣੇ ਹੋਏ ਹਨ। (ਸੰਗ੍ਰ)

**ਸਲਾਹੀ ਹੋਈ ਖਿਚੜੀ ਦੰਦਾਂ ਨੂੰ ਲਗਦੀ ਹੈ।**

**ਭਾਵ** :— ਕਿਸੇ ਦੀ ਸਿਫ਼ਤ ਕਰੀਏ ਤਾਂ ਉਹ ਫਿਟ ਜਾਂਦਾ ਹੈ ਤੇ ਭੂਏ ਚੜ੍ਹ ਜਾਂਦਾ ਹੈ।

**ਵਰਤੋਂ** :— ਮੈਂ ਤੇ ਸਦਾ ਉਸ ਨੂੰ ਸਲਾਹੁੰਦਾ ਹੀ ਰਿਹਾ, ਪਰ ਉਸਨੇ ਫਲ ਇਹ ਦਿੱਤਾ ਹੈ। ਮੇਰੇ ਵਿਰੁਧ ਹੀ ਪਰਚਾ ਜਾ ਕੀਤਾ ਹੈ। ਸਚ ਹੀ ਆਖਦੇ ਹਨ 'ਸਲਾਹੀ ਹੋਈ ਖਿਚੜੀ ਦੰਦਾਂ ਨੂੰ ਲਗਦੀ ਹੈ।' (ਸੰਗ੍ਰ)

**ਸਲਾਹੀ ਦਾ ਗੁੜ ਦੰਦੀ ਲੱਗਾ।**

**ਭਾਵ** :— ਜਦ ਜਿਸ ਦੀ ਸਿਫ਼ਤ ਕਰੀਏ, ਉਹ ਉਲਟਾ ਦੁਖਦਾਈ ਸਾਬਤ ਹੋਵੇ, ਤਾਂ ਵਰਤਦੇ ਹਨ।

**ਵਰਤੋਂ** :— ਸਰਦਾਰ ਜੀ ! ਅਸੀਂ ਤਾਂ ਤੁਹਾਡੇ ਜਵਾਈ ਦੀਆਂ ਸਿਫ਼ਤਾਂ ਕਰਦੇ ਥਕਦੇ ਨਹੀਂ ਸਾਂ, ਪਰ ਉਹ ਬੜੇ ਰੁੱਖੇ ਵਰਤੇ। 'ਸਲਾਹੀ ਦਾ ਗੁੜ ਦੰਦੀ ਲੱਗਾ।' (ਸੰਗ੍ਰ)

**ਸਵਾਲ ਕਣਕ, ਜਵਾਬ ਛੋਲੇ।**

**ਭਾਵ** :— ਪੁਛੀਏ ਕੁਝ ਤੇ ਉਤਰ ਕੁਝ ਮਿਲੇ।

**ਵਰਤੋਂ** :— ਮੈਂ ਪੁਛਿਆ ਕੁਝ, ਤੁਸਾਂ ਉਤਰ ਕੁਝ ਦਿਤਾ। 'ਸਵਾਲ ਕਣਕ, ਜਵਾਬ ਛੋਲੇ' ਵਾਲੀ ਗਲ ਹੈ ਇਹ ਤਾਂ। (ਸੰਗ੍ਰ)

**ਸਵੇਰ ਦਾ ਭੁਲਿਆ ਜੇ ਸ਼ਾਮੀਂ (ਰਾਤੀਂ) ਘਰ ਆ ਜਾਵੇ ਤਾਂ ਭੁਲਾ ਨਹੀਂ।**

**ਭਾਵ** :— ਜਿਹੜਾ ਗਲਤ ਰਾਹ ਪੈ ਕੇ ਫਿਰ ਛੇਤੀ ਹੀ ਸਿੱਧੇ ਰਸਤੇ ਤੁਰ ਪਵੇ, ਉਸ ਲਈ ਵਰਤਦੇ ਹਨ।

**ਵਰਤੋਂ** :— ਮਾਂ ਨੇ ਪੁਤਰ ਨੂੰ ਗਲ ਲਾਉਂਦਿਆਂ ਆਖਿਆ, "ਕੋਈ ਗਲ ਨਹੀਂ ਪੁਤਰ, ਤੂੰ ਜੇ ਗਲਤੀ ਕਰ ਬੈਠਾ ਹੈਂ ਤਾਂ ਮਾਪਿਆਂ ਦਾ ਫ਼ਰਜ਼ ਇਸ ਨੂੰ ਮੁਆਫ਼ ਕਰਨਾ ਹੀ ਹੈ, ਨਾਲੇ 'ਸਵੇਰ ਦਾ ਭੁਲਿਆ ਜੇ ਸ਼ਾਮੀਂ ਘਰ ਆ ਜਾਵੇ ਤਾਂ ਉਸ ਨੂੰ ਭੁਲਿਆ ਨਹੀਂ ਕਹਿੰਦੇ'। (ਸੰ)

**ਸਵੇਰੇ ਸਵੇਂ ਅੰਨ੍ਹੇਰੇ ਹੀ ਜਾਗੇ, ਸੁਖ ਸੰਪਤ ਅਰ ਬੁਧ ਆਗੇ ।**

**ਭਾਵ** :— ਸਵੇਰੇ ਸੌਂ ਜਾਣ ਤੇ ਅੰਮ੍ਰਿਤ ਵੇਲੇ ਜਾਗ ਪੈਣ ਦੇ ਗੁਣਾਂ ਨੂੰ ਦੁਸਾਇਆ ਹੈ।

**ਵਰਤੋਂ** :— ਬੇਬੇ—ਬਚੀਓ ! ਚੰਗੀ ਨੂੰਹ ਧੀ ਦੇ ਗੁਣਾਂ ਵਿਚ ਇਕ ਇਹ ਗੁਣ ਜੇ ਕਿ 'ਸਵੇਰੇ ਸਵੇਂ ਤੇ ਅੰਨ੍ਹੇਰੇ ਜਾਗੇ, ਸੁਖ, ਸੰਪਤ, ਅਰ ਬੁਧ ਹੀ ਆਗੇ ।" ਅਕਲ, ਉਮਰ ਵਧਦੀ ਹੈ, ਧੰਨ ਵਧਦਾ ਹੈ, ਤੇ ਸਰੀਰ ਨਵਾਂ ਨਰੋਆ ਰਹਿੰਦਾ ਹੈ । (ਸੰਗ੍ਰ)

**ਸੜੇ ਘਰ ਦੇ ਕੋਲੇ ਹੀ ਸਹੀ ।**

**ਭਾਵ** :— ਸਾਰੀ ਹਥੋਂ ਜਾਂਦੇ ਵੇਲੇ ਜਾਂ ਕੰਜੂਸ ਪਾਸੋਂ ਕੁਝ ਵੀ ਮਿਲੇ ਲੈ ਲਵੋ ।

**ਵਰਤੋਂ** :— ਬੇਲਾ ਸਿੰਘ—ਭਈ ਹੀਰ ਮੈਨੂੰ ਭੁਲਦੀ ਏ, ਮਿਰਜ਼ੇ ਦੀਆਂ ਦੋ ਸਦਾਂ ਲਾ ਦੇਨਾਂ ਵਾਂ, ਕਹੋ ਤੇ ।

ਕੁਝ ਵਿਚੋਂ—ਚੰਗਾ ਚੰਗਾ, ਢੋਲ ਤੂੰ । ਸਦਾਂ ਹੀ ਸਹੀ ।

ਕ੍ਰਿਪਾ ਸਿੰਘ—'ਸੜੇ ਘਰ ਦੇ ਕੋਲੇ ਹੀ ਸਹੀ' ।
(ਸੁਭਦਰਾ—ਆਈ. ਸੀ. ਨੰਦਾ)

**ਸੜੇ ਪਿੰਡੋਂ ਰੋਲ ਵਾਂਗ ਨਚ ਆਏ ।**

**ਭਾਵ** :— ਜਿਥੋਂ ਆਸ ਕੁਝ ਨਾ ਹੋਵੇ, ਉਥੋਂ ਜੋ ਮਿਲ ਜਾਏ ਉਹੀ ਚੰਗਾ ਏ ।

**ਵਰਤੋਂ** :— ਕੀ ਲਿਆਉਣਾ ਸੀ ਭਰਾ ਹੋ ਰ ਕੋਲੋਂ । 'ਸੜੇ ਪਿੰਡੋਂ ਰੋਲ ਵਾਂਗ ਨਚ ਆਏ' ਵਾਲਾ ਲੇਖਾ ਹੀ ਹੋਇਆ । ਕੁਝ ਹੱਥ ਪਲੇ ਨਹੀਂ ਪਿਆ । (ਸੰਗ੍ਰ)

**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥**

**ਭਾਵ** :— ਜ਼ਾਤ-ਪਾਤ ਜਨਮ ਕਰਕੇ ਨਹੀਂ, ਕਰਮਾਂ ਕਰਕੇ ਹੁੰਦੀ ਹੈ ।

**ਵਰਤੋਂ** :—

ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹੁ ਬਤਾਇ ॥
'ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ ॥'

(ਗੁਰੂ ਗ੍ਰੰਥ—ਪ੍ਰਭਾਤੀ ਰਾਗ)

**ਸਾਉਣ ਦੇ ਅੰਨ੍ਹੇ ਨੂੰ ਬਾਰਾਂ ਮਹੀਨੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ ।**

**ਭਾਵ** :— ਨਸ਼ੇ ਦੇ ਲੋਰ ਵਿਚ ਜਦ ਕਿਸੇ ਗੱਲ ਦੀ ਸੂਝ ਨਾ ਹੋਵੇ । ਜਾਂ ਕਿਸੇ ਖ਼ੁਮਾਰੀ ਵਿਚ ਕ਼ੋਈ ਸਮਝ ਤੋਂ ਹੱਥ ਧੋ ਬੈਠੇ । ਜਾਂ ਦੁਖੀ ਹੁੰਦਿਆਂ ਵੀ ਕੋਈ ਸੁਖ ਦੇ ਸੁਪਨੇ ਲਈ ਜਾਵੇ ਅਤੇ ਨਤੀਜਿਆਂ ਤੋਂ ਬੇਖ਼ਬਰ ਹੋ ਜਾਏ ।

**ਵਰਤੋਂ** :— ਇਸ ਗੱਲ ਨੂੰ ਕੌਣ ਸੋਚੇ ਕਿ ਦੋ ਘੋੜਿਆਂ ਦੀ ਗੱਡੀ ਉਤੇ ਛੀ ਸਵਾਰੀਆਂ ਤੋਂ ਵਧੀਕ ਦੇ ਬੈਠਣ ਦਾ ਹੁਕਮ ਨਹੀਂ । ਇਥੇ ਸ਼ਰਾਬ ਸਰਬੇਸ਼ੂਰੀ ਦਾ ਪਰਤਾਪ, 'ਸਾਉਣ ਦੇ ਅੰਨ੍ਹੇ ਨੂੰ ਬਾਰਾਂ ਮਹੀਨੇ ਹਰਿਆਉਲ' ! ਦੱਸ ਬਾਰਾਂ, ਜਿੰਨੇ ਬੈਠੇ, ਬੈਠ ਗਏ ।
(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਸਾਊ ਸੋ ਜੋ ਚੁਪ ।** ਵੇਖੋ : ਇਕ ਚੁੱਪ ਸੌ ਸੁਖ ।

**ਭਾਵ** :— ਜਿਹੜਾ ਘੱਟ ਬੋਲੇ ਓਹੋ ਹੀ ਚੰਗਾ ਹੁੰਦਾ ਹੈ ।

**ਵਰਤੋਂ** :— ਭਰਾ ਜੀ, 'ਸਾਊ ਸੋ ਜੋ ਚੁੱਪ' ਬੜ ਬੜ ਕਰਨ ਨਾਲ ਆਪਣਾ ਹੋਛਾਪਨ ਹੀ ਪਰਗਟ ਹੁੰਦਾ ਹੈ । (ਸੰ)

**ਸਾਇਰ ਅੱਗ ਨ ਲੱਗਈ ਮੇਰ ਸੁਮੇਰ ਨ ਵਾਉ ਡੁਲਾਈ ।**

**ਭਾਵ** :— ਸਮੁੰਦਰ ਨੂੰ ਅੱਗ ਨਹੀਂ ਲੱਗ ਸਕਦੀ ਤੇ ਸੁਮੇਰ ਪਰਬਤ ਨੂੰ ਪੌਣ ਡੁਲਾ ਨਹੀਂ ਸਕਦੀ ਅਰਥਾਤ ਸੱਚ ਨੂੰ ਕੂੜ ਕੋਈ ਢਾਹ ਨਹੀਂ ਲਾ ਸਕਦਾ ।

**ਵਰਤੋਂ** :—

ਰੰਗ ਸੰਗ ਅਪਵਿਤ੍ਰ ਜਲ
ਕਰ ਨ ਸਕੈ ਅਪਵਿਤ੍ਰ ਮਿਲਾਈ ॥

ਸਾਇਰ ਅੱਗ ਨ ਲਗਈ
ਮੇਰ ਸੁਮੇਰੁ ਨ ਵਾਉ ਡੁਲਾਈ ॥
(ਵਾਰਾਂ—ਭਾਈ ਗੁਰਦਾਸ ਜੀ)

**ਸਾਇਰ ਬੂੰਦ ਬਰਾਬਰੀ, ਕਿਉਂ ਆਖ ਵਖਾਣਾ ।**

**ਭਾਵ :—** ਬੂੰਦ ਸਮੁੰਦਰ ਦੀ ਬਰਾਬਰੀ ਨਹੀਂ ਕਰ ਸਕਦਾ ਹੈ ।

**ਵਰਤੋਂ :—**

ਚਾਨਣ ਚੰਦ ਨ ਪੁਜਈ ਚਮਕੈ ਟਾਨਾਣਾ ॥
ਸਾਇਰ ਬੂੰਦ ਬਰਾਬਰੀ ਕਿਉਂ ਆਖ ਵਖਾਣਾ ॥
(ਵਾਰਾਂ – ਭਾਈ ਗੁਰਦਾਸ ਜੀ)

**ਸਾਈ ਸੁਹਾਗਣ ਜੋ ਪ੍ਰਭ ਭਾਈ ।**

**ਭਾਵ :—** ਓਹੀ ਸੁਹਾਗਣ ਹੈ ਜੋ ਹਰੀ-ਪਤੀ ਨੂੰ ਚੰਗੀ ਲਗੇ । ਜਾਂ ਓਹੀ ਚੰਗਾ ਜੋ ਮਾਲਕ ਨੂੰ ਪਸੰਦ ਆਵੇ ।

**ਵਰਤੋਂ :—**

'ਸਾਈ ਸੁਹਾਗਣਿ ਜੋ ਪ੍ਰਭ ਭਾਈ' ॥
ਤਿਸ ਕੈ ਸੰਗ ਮਿਲਉ ਮੇਰੀ ਮਾਈ ॥
(ਗੁਰੂ ਗ੍ਰੰਥ—ਆਸਾ ਰਾਗ)

**ਸਾਈਆਂ ਕਿਤੇ, ਵਧਾਈਆਂ ਕਿਤੇ** ਵੇਖੋ : ਏਧਰ ਸਾਈਆਂ ਤੇ ਓਧਰ ਵਧਾਈਆਂ ।

**ਭਾਵ :—** ਜਦ ਕੋਈ ਆਸ ਕਿਸੇ ਨੂੰ ਬਨ੍ਹਾਵੇ ਤੇ ਕੰਮ ਦੂਜੇ ਦਾ ਕਰ ਦੇਵੇ, ਤਦ ਵਰਤਦੇ ਹਨ ।

**ਵਰਤੋ :—** ਉਸ ਦੀ ਕੀ ਪੁਛਦੇ ਹੋ, ਉਸ ਦੀ ਕਥਨੀ ਤੇ ਕਰਨੀ ਵਿਚ ਬੜਾ ਫਰਕ ਹੈ, ਓਪਰੋ ਓਪਰੀ ਤਾਂ ਆਸ ਮੈਨੂੰ ਬਨ੍ਹਾਈ ਰਖੀ, ਪਰ ਮੌਕੇ ਸਿਰ ਆ ਕੇ ਕੰਮ ਦੂਜੇ ਦਾ ਕਰ ਦਿੱਤਾ । ਅਖੇ 'ਸਾਈਆਂ ਕਿਤੇ, ਵਧਾਈਆਂ ਕਿਤੇ ।' (ਸੰਗ੍ਰ)

**ਸਾਈਂ ਅੱਖਾਂ ਫੇਰੀਆਂ ਵੈਰੀ ਕੁਲ ਜਹਾਨ ।**

**ਭਾਵ :—** ਜਦ ਕਿਸੇ ਉਪਰ ਮੁਸੀਬਤਾਂ ਦੇ ਪਹਾੜ ਟੁਟ ਪੈਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਕੀ ਪੁਛਦੇ ਹੋ ਉਸ ਗ਼ਰੀਬ ਦੀ ਹਾਲਤ 'ਸਾਂਈ ਅੱਖਾਂ ਫੇਰੀਆਂ ਵੈਰੀ ਕੁਲ ਜਹਾਨ' ਹਰ ਪਾਸੇ ਮੁਸ਼ਕਲਾਂ ਤੇ ਔਕੜਾਂ ਹਨ ਉਸ ਲਈ ਤਾਂ ਹੁਣ । (ਸੰ)

**ਸਾਈਂ ਦਿੱਤੀਆਂ ਗਾਜਰਾਂ, ਵਿੱਚੇ ਰੰਬਾ ਰਖ ।**

**ਭਾਵ :—** ਬਖ਼ਸ਼ਸ਼ ਸਮੇਂ ਪੂਰਾ ਲਾਭ ਉਠਾਣਾ ਚਾਹੀਦਾ ਹੈ ।

**ਵਰਤੋਂ :—** ਕਿਰਤੀ—ਦਿਨ ਚੰਗੇ ਜੇ, ਜਿੰਨਾ ਲਾਭ ਲੈਣਾ ਜੇ, ਲੈ ਲਵੋ । 'ਸਾਈਂ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ ।' (ਸੰਗ੍ਰ)

**ਸਾਈਂ ਨਾ ਲਹਿਨ ਰੁੱਖੀ ਤੇ ਕੁੱਤਾ ਘੀ ਖਾਵੇ ।**

**ਭਾਵ :—** ਜਦ ਮਾਲਕ ਨੂੰ ਤਾਂ ਰੁੱਖੀ ਰੋਟੀ ਨਾ ਮਿਲੇ ਤੇ ਨੌਕਰ ਚਾਕਰ ਮੌਜਾਂ ਮਾਣਨ, ਤਦ ਇਹ ਅਖਾਣ ਵਰਤਦੇ ਹਨ । ਜਾਂ ਕੋਲ ਕੁਝ ਨਾ ਹੋਵੇ, ਤੇ ਗੱਪ ਬਹੁਤੀ ਮਾਰੇ ।

**ਵਰਤੋਂ :—** ਵੇਖਿਆ ਨੀਂ ਵੱਡਾ ਤੁਹਾਡਾ ਘਰ 'ਸਾਈਂ ਨਾ ਲਹਿਨ ਰੁੱਖੀ ਤੇ ਕੁੱਤਾ ਘੀ ਖਾਵੇ' । ਆਪਣੇ ਆਪ ਨੂੰ ਖਾਣ ਨੂੰ ਕੁਝ ਜੁੜਦਾ ਨਹੀਂ, ਨਖਰਾ ਵੇਖੋ । (ਸੰਗ੍ਰ)

**ਸਾਈਂ ਬਾਝੋਂ ਮਾਲ ਦੋਹੇਲਾ, ਹੱਥ ਨਾ ਫਾੜੇ ਕੋਈ ।**

**ਭਾਵ :—** ਮਾਲਕ ਬਿਨਾ ਮਾਲ ਡੰਗਰ ਦੀ ਸੇਵਾ ਨਹੀਂ ਹੁੰਦੀ ।

**ਵਰਤੋਂ :—** ਫ਼ਕੀਰ ਸਿੰਘ ਦੇ ਜਾਣ ਨਾਲ ਤਾਂ ਇਨ੍ਹਾਂ ਦਾ ਸਾਰਾ ਟੱਬਰ ਰੁਲ ਗਿਆ ਹੈ, ਸੱਚ ਹੈ 'ਸਾਈਂ ਬਾਝੋਂ ਮਾਲ ਦੋਹੇਲਾ ਹੱਥ ਨਾ ਫਾੜੇ ਕੋਈ । (ਸੰ )

**ਸਾਹ ਸਤੌੜ ਤੇ ਹਾਥੀ ਦਾ ਪੌੜ ।**

**ਭਾਵ :—** ਜਦ ਕੋਈ ਕਿਸੇ ਨਾਲ ਜਾਣ ਪਛਾਣ ਵੀ ਨਾ ਦਸੇ ਪਰ ਅਗਲਾ ਸੱਕਾ ਸਾਕ

ਅੰਗ ਬਣ ਬਣ ਦਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹੀਰ—ਹਾਂ, ਤੁਸੀਂ ਮੇਰੇ ਕੀ ਲਗਦੇ ਓ, ਸਾਹ ਸਤੇੜ ਤੇ ਹਾਥੀ ਦੇ ਪੈੜ।

(ਹੀਰ ਸਿਆਲ—ਸ਼ਰਫ)

**ਸਾਹਨ ਸਾਹਨ ਲੜਨ ਤੇ ਬੂਟਿਆਂ ਦਾ ਖਉ। ਜਾਂ ਸਾਹਨਾ ਦਾ ਭੇੜ ਤੇ ਝਾੜੀਆਂ ਦਾ ਖੌ। ਜਾਂ ਸਾਹਨਾਂ ਦੇ ਭੇੜ ਵਿਚ ਕੌਣ ਆਵੇ ?**

**ਭਾਵ** :— ਜਦ ਤਕੜਿਆਂ ਦੇ ਲੜਾਈ ਝਗੜੇ ਵਿਚ ਗ਼ਰੀਬ ਜਾਂ ਮਾੜੇ ਬੰਦੇ ਦਾ ਨੁਕਸਾਨ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਾਹਣਾ ਦੇ ਭੇੜ ਵਿਚ ਕੌਣ ਆਵੇ ! ਨਾਲੇ ਬੁਰਾ ਬਣੇ, ਨਾਲੇ ਆਪਣੀ ਪੱਤ ਲੁਹਾਵੇ। (ਸੰਗ੍ਰ)

**ਹਬ ਸਲਾਮਤ ਦੂਰ ਦੀ, ਤੇ ਗਲ ਕਰੀਏ ਸ਼ਊਰ ਦੀ।**

**ਭਾਵ** :— ਜਦ ਕੋਈ ਸਿਆਣਾ ਹੋ ਕੇ ਮਾੜੀ ਗਲ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਫਿਰ ਤੂੰ ਜੋ ਆਖ ਦਿਤਾ, ਹੌਲਦਾਰ ਦਾ ਸਾਕ ਸ਼ਰੀਕਾ ਏ, ਖੋਰੇ ਜਾਤ ਦਾ ਕੌਣ ਏ—ਚੂਹੜਾ ਏ ਕਿ ਚਮਿਆਰ ਤੇ ਝਟ ਦੇ ਕੇ ਤੂੰ ਮੇਰਾ ਸਾਕ ਚੁਕ ਬਣਾਇਆ। ਸਿਆਣੇ ਆਂਹਦੇ ਹੁੰਦੇ ਨੇ ਪਈ, 'ਸਾਹਬ ਸਲਾਮਤ ਦੂਰ ਦੀ, ਤੇ ਗਲ ਕਰੀਏ ਸ਼ਊਰ ਦੀ'।

(ਲਵ ਮੈਰਿਜ—ਨਾਨਕ ਸਿੰਘ)

**ਸ਼ਾਹ ਸੁਹੇਲੇ ਆਦਿ ਜੁਗਾਦੇ।**

**ਭਾਵ** :— ਸ਼ਾਹ (ਧਨੀ ਚੰਗੇ ਪੁਰਸ਼) ਸਦਾ ਹੀ ਸੁਖੀ ਹੁੰਦੇ ਹਨ।

**ਵਰਤੋਂ** :—

ਅਗੇ ਢੋਈ ਸੋ ਲਹਿਨ ਸੇਵਾ ਅੰਦਰ ਕਾਰ ਕੁਸ਼ਾਦੇ ॥
ਪਤਿਸ਼ਾਹਾਂ ਪਾਤਿਸ਼ਾਹ ਸੋ ਗੁਰਮੁਖ ਵਰਤੈ ਗੁਰਪ੍ਰਸਾਦੇ ॥
ਸ਼ਾਹ ਸੁਹੇਲੇ ਆਦਿ ਜੁਗਾਦੇ ॥

(ਵਾਰਾਂ—ਭਾਈ ਗੁਰਦਾਸ ਜੀ)

**ਸ਼ਾਹ ਬਿਨਾ ਪਤ ਨਹੀਂ ਤੇ ਗੁਰੂ ਬਿਨਾ ਗਤ ਨਹੀਂ।**

**ਭਾਵ** :— ਜਦ ਕਿਸੇ ਦਾ ਸ਼ਾਹੂਕਾਰ ਪਾਸੋਂ ਕਰਜ਼ਾ ਲਏ ਬਿਨਾ ਝਟ ਨਾ ਲੰਘੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤਾਇਆ—ਨਹੀਂ ਸ਼ਾਹ ! ਨਰਾਜ ਕਿਉਂ ਹੋਨਾ ਏਂ—ਸ਼ਾਹ ਬਿਨਾ ਪਤ ਨਹੀਂ ਤੇ ਗੁਰ ਬਿਨਾ ਗਤ ਨਹੀਂ। ਭਲਾ ਸ਼ਾਹ ! ਤੁਹਾਡੇ ਬਿਨਾ ਅਸਾਂ ਜ਼ਿਮੀਦਾਰਾਂ ਦੀ ਕੋਈ ਥਾਂ ਹੈ ?

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲਦੀਨ)

**ਸ਼ਾਹਾਂ ਨਾਲ ਬਰੋਬਰੀ, ਸਿਰ ਸਿਰ ਚੋਟਾਂ ਖਾਹ।**

**ਭਾਵ** :— ਜਦ ਕਿਸੇ ਗ਼ਰੀਬ ਦਾ ਸ਼ਾਹੂਕਾਰ ਨਾਲ ਟਾਕਰਾ ਹੋ ਪਵੇ ਤੇ ਗ਼ਰੀਬ ਦਾ ਨੁਕਸਾਨ ਹੋਵੇ, ਤਦ ਇਹ ਅਖਾਣ ਵਰਤਦ ਹਨ।

**ਵਰਤੋਂ** :— ਫ਼ਤਹ ਚੰਦ-ਮਿਤ੍ਰਾ ! ਸ਼ਾਹ ਨਾਲ ਟਕਰ ਲਾਉਣ ਨਾਲ ਤੂੰ ਕੀ ਖਟਣਾ ਹੈ, 'ਸ਼ਾਹਾਂ ਨਾਲ ਬਰੋਬਰੀ, ਸਿਰ ਸਿਰ ਚੋਟਾਂ ਖਾਹ'। ਐਵੇਂ ਦਖੀ ਹੋਵੇਂਗਾ। (ਸੰਗ੍ਰ)

**ਸਾਹਿਬ ਓਹੁ ਨ ਸੇਵੀਐ ਜਮ ਡੰਡ ਸਹਾਈਐ।**

**ਭਾਵ** :— ਉਸ ਮਾਲਕ ਦੀ ਸੇਵਾ ਨਾ ਕਰੀਏ, ਜਿਹੜਾ ਜਮਾਂ ਦੇ ਡੰਡ ਤੋਂ ਨਾ ਬਚਾਵੇ। ਭਾਵ, ਮਾਲਕ ਵੱਡਾ ਸਹੇੜੀਏ, ਹੋਛਾ ਜਾਂ ਕੱਚਾ ਨਾ ਹੋਵੇ।

**ਵਰਤੋਂ** :—

ਹੋਛਾ ਸ਼ਾਹ ਨ ਕੀਚੀਐ ਫਿਰ ਪਛੋਤਾਈਐ ॥
ਸਾਹਿਬ ਓਹੁ ਨ ਸੇਵੀਐ ਜਮ ਡੰਡ ਸਹਾਈਐ ॥

(ਵਾਰਾਂ—ਭਾਈ ਗੁਰਦਾਸ ਜੀ)

**ਸਾਹਿਬ ਇਕੋ, ਰਾਹ ਦੁਇ ।**

**ਭਾਵ** :— ਮਾਲਕ ਇਕ ਹੈ, ਪਰ ਹਿੰਦੂਆਂ ਤੇ ਮੁਸਲਮਾਣਾਂ ਦੇ ਉਸ ਨੂੰ ਮਿਲਣ ਦੇ ਅੱਡੋ ਅੱਡ ਤਰੀਕੇ ਹਨ ।

**ਵਰਤੋਂ** :—

ਸੂਈ ਸੀਵੇ ਜੋੜ ਕੇ ਵਿਛੜਿਆਂ ਕਰ ਮੇਲ ਮਿਲਾਣਾ ।
ਸਾਹਿਬ ਇਕੋ ਰਾਹ ਦੁਇ, ਜਗ ਵਿਚ ਹਿੰਦੂ ਮੁਸਲਮਾਣਾ'
(ਵਾਰਾਂ—ਭਾਈ ਗੁਰਦਾਸ ਜੀ)

**ਸਾਹਿਬ ਭਾਵੈ ਸੋ ਥੀਐ ।**

**ਭਾਵ** :— ਜੋ ਮਾਲਕ (ਹਰੀ) ਨੂੰ ਭਾਂਵਦਾ ਹੈ, ਓਹੀ ਹੁੰਦਾ ਹੈ ।

**ਵਰਤੋਂ** :—

"ਤ੍ਰੈਗੁਣ ਸਭਾ ਧਾਤੁ ਹੈਨ ਹਰਿ ਭਗਤਿ ਨ ਭਾਇ ।
ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ।
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ।"
(ਗੁਰੂ ਗ੍ਰੰਥ—ਰਾਗ ਮਲ੍ਹਾਰ)

**ਸਾਹਿਬੀ ਕੀ ਤੇ ਸਰਫ਼ਾ ਕੀ ?**

**ਭਾਵ** :— ਜਦ ਕੋਈ ਧਨੀ ਹੋ ਕੇ ਕੰਜੂਸੀ ਜਾਂ ਸੰਕੋਚ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸ਼ਾਹ ਜੀ ! 'ਸਾਹਿਬੀ ਕੀ ਤੇ ਸਰਫ਼ਾ ਕੀ' । ਤੁਸੀਂ ਐਡੇ ਧਨੀ ਹੋ ਕੇ ਵੀ ਐਨਾ ਸੰਕੋਚ ਕਿਉਂ ਕਰਦੇ ਹੋ ? ਮੁੰਡੇ ਦੇ ਜੰਮਣ ਤੇ ਮਿਠਾਈ ਵੀ ਨਹੀਂ ਵੰਡੀ । (ਸੰਗ੍ਰ)

**ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ।**

**ਭਾਵ** :— ਇਸ ਸੰਸਾਰ ਵਿੱਚ ਵੀ ਥਾਂ ਨਹੀਂ ਤੇ ਪਰਲੋਕ ਵਿਚ ਵੀ ਨਹੀਂ ਲਭਣੀ । ਜਾਂ ਜਦ ਕਿਸੇ ਦੀ ਕਿਤੇ ਵੀ ਥਾਂ ਨਾ ਹੋਵੇ, ਤਦ ਵਰਤਦੇ ਹਨ ।

**ਵਰਤੋਂ** :—

ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥
(ਸ਼ਲੋਕ—ਸ਼ੇਖ ਫ਼ਰੀਦ)

**ਸ਼ਾਹੂਕਾਰ ਦੀ ਦੋਸਤੀ ਸਿਰ ਲਾਨ੍ਹਤ ਦੀ ਪੱਗ, ਜੀ ਕਹਿਣਾ ਤੇ ਓਏ ਕਹਾਵਣਾ, ਘਰ ਘਰ ਦੇਣੀ ਅੱਗ ।**

**ਭਾਵ** :— ਜਦ ਕੋਈ ਗ਼ਰੀਬ ਕਿਸੇ ਸ਼ਾਹੂਕਾਰ ਨਾਲ ਮਿਤ੍ਰਤਾ ਗੰਢੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਆਪਣੇ ਤੋਂ ਵੱਡੇ ਜਾਂ ਧਨੀ ਨਾਲ ਦੋਸਤੀ ਦਾ ਕੀ ਅਰਥ ? ਓਹਨਾਂ ਦੀ ਆਕੜ ਸਾੜੇ ਗ਼ਰੀਬਾਂ ਤੋਂ ਨਹੀਂ ਸਹਿਣ ਹੁੰਦੀ । 'ਸ਼ਾਹੂਕਾਰ ਦੀ ਦੋਸਤੀ ਸਿਰ ਲਾਨ੍ਹਤ ਦੀ ਪੱਗ, ਜੀ ਕਹਿਣ ਤੇ ਓਏ ਕਹਾਵਣਾ, ਘਰ ਘਰ ਦੇਣੀ ਅੱਗ', ਦੋਸਤੀ ਕਰੀਏ, ਤਾਂ ਆਪਣੇ ਜੇਹਾਂ ਨਾਲ । (ਸੰਗ੍ਰ)

**ਸਾਹੇ ਬੱਧੀ ਤਾਂ ਹੁਣ ਲੱਧੀ ।**

**ਭਾਵ** :— ਜਦ ਕੋਈ ਕਿਸੇ ਉਚ ਪਦਵੀ ਨੂੰ ਪ੍ਰਾਪਤ ਕਰ ਅਭਿਮਾਨੀ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਹੁਣ ਵੀ ਨਾ ਆਕੜੇ ਤੇਲੀਆਂ ਦਾ ਮੁੰਡਾ । ਹੁਣ ਤਾਂ ਅਖੇ 'ਸਾਹੇ ਬੱਧੀ ਤਾਂ ਹੁਣ ਲੱਧੀ' ਵਾਲਾ ਲੇਖਾ ਹੈ । ਤਸੀਲਦਾਰ ਜੁ ਹੋ ਗਿਆ । (ਸੰਗ੍ਰ)

**ਸਾਹੇ ਲਏ ਲਿਖਾਏ ।**

**ਭਾਵ** :— ਜੀਵਣ ਦਾ ਸਮਾਂ ਨਿਯਤ ਹੈ ।

**ਵਰਤੋਂ** :—

'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
(ਸ਼ਲੋਕ—ਸ਼ੇਖ ਫ਼ਰੀਦ)

**ਸਾਕ ਸੋਨਾ ਪਰੀਤ ਪਿਤਲ ਜਾਂ ਸਾਕ ਸੁਲਾਕ ਤੇ ਪ੍ਰੀਤ ਪਲੀਤ ।**

**ਭਾਵ** :— ਆਪਣਾ ਆਪਣਾ ਹੀ ਹੁੰਦਾ ਹੈ ਤੇ ਪਰਾਇਆ ਪਰਾਇਆ ।

**ਵਰਤੋਂ** :— ਜਦੋਂ ਉਸ ਪਾਸ ਪੈਸਾ ਨਾ ਰਿਹਾ ਤਾਂ ਸਾਰੇ ਮਿੱਤਰ ਤ੍ਰਿੱਤਰ ਬਿੱਤਰ ਹੋ ਗਏ ਤੇ ਕੰਮ ਆਇਆ ਉਸ ਦਾ ਚਾਚੇ ਦਾ ਪੁਤ ਜੀਵਨ ਸਿੰਘ । ਸੱਚ ਹੈ, 'ਸਾਕ ਸੋਨਾ, ਪਰੀਤ ਪਿਤਲ ।' (ਸੰ)

**ਸਾਕ ਨਾ ਜਾਣੀਏ ਮਾੜਾ, ਮੀਂਹ ਨਾ ਜਾਣੀਏ ਗਾੜਾ ।**

ਭਾਵ :— ਸਬੰਧੀ ਤੇ ਮੀਂਹ ਭਲਾ ਹੀ ਕਰਦੇ ਨੇ ।

ਵਰਤੋਂ :— ਚਾਚੀ : ਜਠਾਣੀ ਨੂੰ ਮਾੜਾ ਨਾ ਆਖ, 'ਸਾਕ ਨ ਜਾਣੀਏ ਮਾੜਾ, ਮੀਂਹ ਨਾ ਜਾਣੀਏ ਗਾੜਾ' । ਸੰਬੰਧੀ ਸੌ ਮਾੜੇ ਹੋਣ, ਫਿਰ ਪਰਾਇਆਂ ਨਾਲੋਂ ਚੰਗੇ ਹੀ ਹੁੰਦੇ ਹਨ । (ਸਿੰਗ੍ਰ)

**ਸਾਕਤ ਕਾਰੀ ਕਾਂਬਰੀ ਧੋਇ ਹੋਇ ਨ ਸੇਤੁ ।**

ਭਾਵ :— ਭੈੜਾ ਆਦਮੀ ਕਦੀ ਚੰਗਾ ਨਹੀ ਹੋ ਸਕਦਾ, ਜਿਵੇਂ ਕਾਲੀ ਕੰਬਲੀ ਧੋਣ ਨਾਲ ਚਿੱਟੀ ਨਹੀਂ ਹੁੰਦੀ ।

ਵਰਤੋਂ :— ਪਰ ਇੱਨੀ ਗੱਲ ਜ਼ਰੂਰ ਚੇਤੇ ਰਖਣੀ, 'ਸਾਕਤ ਕਾਰੀ ਕਾਂਬਰੀ ਧੋਇ ਹੋਇ ਨਾ ਸੇਤੁ' । ਕਦੀ ਗੰਦੀਆਂ ਹੋਲੀਆਂ ਗੰਦ ਬਕਦੀਆਂ ਤੇ ਗੰਦ ਉਡਾਂਦੀਆਂ, ਪਵਿਤ੍ਰ ਨਹੀਂ ਹੋ ਸਕਦੀਆਂ ।

(ਸ੍ਰੀ ਚਰਣ ਹਰਿ ਵਿਸਥਾਰ – ਡਾ: ਬਲਬੀਰ ਸਿੰਘ)

**ਸਾਖ ਬਣਾ, ਪਰਤੀਤ ਜੰਮੀ ।**

ਭਾਵ :— ਜਿਸਦੀ ਸਾਖ ਬਣ ਜਾਵੇ, ਲੋਕੀ ਆਪ ਹੀ ਉਸਦਾ ਇਤਬਾਰ ਕਰਨ ਲਗ ਪੈਂਦੇ ਹਨ ।

ਵਰਤੋਂ :— ਧੰਨਾ ਸਿੰਘਾ ! ਪਰਤੀਤ ਜਮਾਉਣ ਲਈ ਸਾਖ ਬਣਾਉਣੀ ਜ਼ਰੂਰੀ ਹੈ । ਫਿਰ ਜਿੰਨਾ ਰੁਪਈਆ ਮਰਜ਼ੀ ਹੈ, ਲੈ ਜਾਇਆ ਕਰੀਂ । ਤੂੰ ਅਗੇ ਮੈਨੂੰ ਬੜਾ ਜਿੱਚ ਕੀਤਾ ਹੈ । ਇਕ ਵੇਰ 'ਸਾਖ ਬਣੀ ਤਾਂ ਪਰਤੀਤ ਜੰਮੀ', ਕੋਈ ਫਿਰ ਬੂਹੇ ਤੋਂ ਨਹੀਂ ਮੋੜਦਾ । (ਸਿੰਗ੍ਰ)

**ਸਾਗਰ ਗਾਗਰ ਵਿਚ ਨਹੀਂ ਸਮਾਉਂਦਾ ।**

ਭਾਵ :— ਵਡੀ ਸਾਰੀ ਚੀਜ਼ ਨਿਕੀ ਜਿਹੀ ਥਾਂ ਵਿਚ ਨਹੀਂ ਆ ਸਕਦੀ ।

ਵਰਤੋਂ :— ਵੀਰ ਜੀ ! 'ਸਾਗਰ ਗਾਗਰ ਵਿੱਚ ਨਹੀਂ ਸਮਾਉਂਦਾ' । ਮੁੰਡੇ ਸਾਡੇ ਦੀ ਨਜ਼ਰ ਦੂਰ ਲਗੀ ਹੋਈ ਹੈ । ਪਿੰਡ ਵਿਚ ਉਸਦਾ ਕੀ ਸੀ ਜੋ ਘਰ ਬਹਾ ਲੈਂਦੀ । (ਸਿੰਗ੍ਰ)

**ਸਾਚ ਬਿਨਾ ਸੂਚਾ ਕੋ ਨਾਹੀਂ ।**

ਭਾਵ :— ਸੱਚ ਕਮਾਏ ਬਿਨਾ ਕੋਈ ਪਵਿੱਤਰ ਨਹੀਂ ਹੋ ਸਕਦਾ । ਭੇਖ ਨੂੰ ਨਿੰਦਿਆ ਹੈ।

ਵਰਤੋਂ :—

"ਵਰਨੁ ਭੇਖੁ ਅਸਰੂਪੁ ਸੁ ਏਕੋ
ਏਕੋ ਸਬਦ ਵਿਡਾਣੀ ॥
ਸਾਚ ਬਿਨਾ ਸੂਚਾ ਕੋ ਨਾਹੀ
ਨਾਨਕ ਅਕਥ ਕਹਾਣੀ ॥"

(ਗੁਰੂ ਗ੍ਰੰਥ—ਰਾਗ ਰਾਮਕਲੀ)

**ਸਾਡਾ ਮੀਆਂ ਘਰ ਨਹੀਂ ਤੇ ਸਾਨੂੰ ਕਿਸੇ ਦਾ ਡਰ ਨਹੀਂ ।**

ਭਾਵ :— ਜਦ ਹਾਕਮ, ਪਤੀ ਜਾਂ ਵਡਿੱਕਾ ਨੇੜੇ ਨਾ ਹੋਣ ਕਰ ਕੇ ਬੰਦਾ ਮਨ-ਮਾਨੀਆਂ ਕਰਨ ਲਗੇ, ਤਦ ਆਖਦੇ ਹਨ ।

ਵਰਤੋਂ :—ਮਿੱਟ ਕੇ ਬਹੁ । ਕੁਝ ਸ਼ਰਮ ਕਰਿਆ ਕਰ । "ਸਾਡਾ ਮੀਆਂ ਘਰ ਨਹੀਂ, ਤੇ ਸਾਨੂੰ ਕਿਸੇ ਦਾ ਡਰ ਨਹੀਂ" । ਤੇਰੇ ਸਿਰ ਤੇ ਕੁੰਡਾ ਤਾਂ ਕੋਈ ਨਹੀਂ, ਪਰ ਜੇ ਇਵੇਂ ਹੀ ਮੰਨ-ਮੰਨੀਆਂ ਕਰਦੀ ਰਹੀ, ਤਾਂ ਖੁਆਰ ਹੋਵੇਂਗੀ । (ਸਿੰਗ੍ਰ)

**ਸਾਡੀ ਹਾਰ, ਤੁਸਾਡੀ ਜੇਤ ।**

ਭਾਵ :— ਜਦ ਕੋਈ ਕਿਸੇ ਨੂੰ ਦੁਖੀ ਕਰ ਕੇ ਖੁਸ਼ ਹੋਵੇ, ਤਦ ਇਹ ਅਖਾਣ ਵਰਤਦੇ ਹਨ

ਵਰਤੋਂ :—

ਹੁਣ ਕੀ ਕਰਾਂ ਜੋ ਆਯਾ ਚੇਤ,
ਬਨ ਤਿਨ ਫੂਲ ਰਹੇ ਸਭ ਖੇਤ ।
ਆਪਣਾ ਅੰਤ ਨਾ ਦੇਂਦੇ ਭੇਤ,
ਸਾਡੀ ਹਾਰ ਤੁਸਾਡੀ ਜੇਤ ।
ਹੁਣ ਮੈਂ ਹਾਰੀਆਂ । (ਬੁਲ੍ਹੇ ਸ਼ਾਹ)

**ਸਾਡੀ ਬਿੱਲੀ ਤੇ ਸਾਨੂੰ ਈ ਮਿਆਉਂ ।**

**ਭਾਵ** :— ਜਦ ਕੋਈ ਆਪਣਾ ਹੀ ਧੋਖਾ ਦੇਵੇ ਜਾਂ ਦੁਖੀ ਕਰੇ, ਤਦ ਇਹ ਅਖਾਣ ਵਰਤਦੇ ਸਨ ।

**ਵਰਤੋਂ** :— ਮੈਂ ਆਖਿਆ—ਓਏ 'ਸਾਡੀ ਬਿੱਲੀ ਤੇ ਸਾਨੂੰ ਈ ਮਿਆਉਂ' ? ਬੱਚਾ ਸਾਡੇ ਹੀ ਹਥਾਂ ਵਿੱਚ ਪਲ ਕੇ ਤੇ ਹੁਣ ਵਿੱਚ ਈ ਲਾਗੂ ਹੋ ਪਿਆ ਏਂ ?

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਸਾਡੀ ਮੌਤ ਉਨ੍ਹਾਂ ਦਾ ਹਾਸਾ ।**

**ਭਾਵ** :—ਜਦ ਕੋਈ ਕਿਸੇ ਨੂੰ ਦੁਖੀ ਦੇਖ ਕੇ ਖੁਸ਼ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

ਕੰਢੇ ਵੇਖੇ ਖਲਾ ਤਮਾਸ਼ਾ,
ਸਾਡੀ ਮੌਤ ਉਨ੍ਹਾਂ ਦਾ ਹਾਸਾ ।
ਮੇਰੇ ਦਿਲ ਵਿਚ ਆਜੋ ਸਾਸਾ,
ਵੇਖਾਂ ਦੇਸੀ ਕਦੋਂ ਦਿਲਾਸਾ,
ਨਾਲ ਪਿਆਰ ਦੇ । (ਬੁਲ੍ਹੇ ਸ਼ਾਹ)

**ਸਾਡੇ ਖੂਹ ਦਾ ਮੀਂਹ ਤੇ ਸਾਡੇ ਤੇ ਹੀ ਵੱਸੇ ।**

**ਭਾਵ** :— ਜਦ ਆਪਣੀ ਚੀਜ਼ ਹੀ ਦੁਖੀ ਕਰੇ, ਤਦ ਹਾਸ ਰਸ ਵਿਚ ਇਹ ਅਖਾਣ ਵਰਤਦੇ ਹਨ ।

**ਵਰਤੋਂ** :— 'ਮੇਰੇ ਉੱਤੇ ਮੀਂਹ ਵਸੀ ਜਾਂਦੇ ਤੇ ਤੂੰ ਰੋਸ਼ੋ ਓਵੇਂ ਹੀ ਓਵੇਂ ਸੁੱਕੀ ਪੁੱਕੀ ? ਦਸ ਸਾਲ ਦਾ ਬੱਚਾ ਕਮਲੇਸ਼ ਨਾ ਸਮਝ ਸਕਿਆ । 'ਸਾਡੇ ਖੂਹ ਦਾ ਮੀਂਹ ਤੇ ਸਾਡੇ ਤੇ ਹੀ ਵੱਸੇ' । ਅੱਖਾਂ ਨੂੰ ਮਟਕਾਂਦੇ ਹੋਇ ਰੋਸ਼ਮਾ ਬੋਲੀ ।

(ਸਵੇਰ ਸਾਰ—ਕਰਤਾਰ ਸਿੰਘ ਦੁੱਗਲ)

**ਸਾਡੇ ਘਰ ਆਓਗੇ ਤਾਂ ਕੀ ਲਿਆਓਗੇ ਤੇ ਅਸੀਂ ਤੁਹਾਡੇ ਆਵਾਂਗੇ ਤਾਂ ਕੀਹ ਦਿਓਗੇ ।**

**ਭਾਵ** :— ਜਦ ਕੋਈ ਹਰ ਵੇਲੇ ਤੇ ਹਰ ਪਾਸਿਓਂ ਆਪਣਾ ਲਾਭ ਹੀ ਸਾਹਮਣੇ ਰਖੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸ਼ਾਹ ਜੀ ਤੁਹਾਡਾ ਤਾਂ ਉਹ ਹਾਲ ਹੈ, 'ਅਖੇ ਸਾਡੇ ਘਰ ਆਉਗੇ ਤਾਂ ਕੀ ਲਿਆਉਗੇ ਤੇ ਅਸੀਂ ਤੁਹਾਡੇ ਆਵਾਂਗੇ ਤਾਂ ਕੀ ਦਿਓਗੇ' । ਹਰ ਵੇਲੇ ਆਪਣਾ ਹੀ ਲਾਭ ਸੋਚਦੇ ਰਹਿੰਦੇ ਹੋ ।

(ਸਿੰਗ੍ਰ)

**ਸਾਥੋਂ (ਸਾਡੇ ਕੰਮੋ) ਗਈਏਂ ਗੋਰੀਏ, ਭਾਵੇਂ ਅਗੋਂ ਖੜਨ ਨੀ ਚੋਰ । ਜਾਂ ਸਾਥੋਂ ਗਈਏਂ ਗੋਰੀਏ ਪਰੇ ਪਰੇਡੇ ਜਾਹ ।**

**ਭਾਵ** :— ਜਦ ਕਿਸੇ ਸਾਂਝ ਵਾਲੇ ਨਾਲ ਅਜੋੜ ਹੋ ਜਾਵੇ ਤੇ ਆਪਸ ਵਿਚ ਵਰਤੋਂ ਬੰਦ ਹੋ ਜਾਵੇ, ਤਦ ਆਪਣੀ ਬੇਪਰਵਾਹੀ ਦਸਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਖਸਮਾਂ ਨੂੰ ਖਾਏ, ਢੁੱਠੇ ਭਾਵੇਂ ਤਰੇ, ਸਾਨੂੰ ਕੀ ? ਅਖੇ 'ਸਾਥੋਂ ਗਈਏ ਗੋਰੀਏ, ਭਾਵੇਂ ਅਗੋਂ ਖੜਨ ਨੀ ਚੋਰ' ।

(ਲੋਕ ਸਾਹਿਤ—ਨਾਨਕ ਸਿੰਘ)

**ਸਾਧ ਭਲੇ ਅਣਨ੍ਹਾਤਿਆਂ, ਚੋਰ ਸਿ ਚੋਰਾ ਚੋਰ ।**

**ਭਾਵ** :— ਜਿਹੜੇ ਚੋਰ ਹਨ, ਉਹ ਤੀਰਥਾਂ ਉਤੇ ਨਹਾ ਕੇ ਵੀ ਚੋਰ ਹੀ ਰਹਿਣਗੇ ਤੇ ਸਾਧ ਨਹਾਏ ਬਿਨਾ ਵੀ ਚੰਗੇ ਹਨ । ਕਰਮ ਕਾਂਡ ਨੂੰ ਨਿੰਦਣ ਜਾਂ ਭਲੇ ਪੁਰਸ਼ ਦੇ ਬਾਹਰ ਦੇ ਮੈਲੇ ਵੇਸ ਦੀ ਸ਼ਲਾਘਾ ਕਰਨ ਲਈ ਵੀ ਵਰਤਦੇ ਹਨ । ਹਾਸਰਸ ਵਿਚ ਨਾ ਨਹਾਉਣ ਲਈ ਵੀ ਦਲੀਲ ਦਿਤੀ ਜਾਂਦੀ ਹੈ ।

**ਵਰਤੋਂ** :—

'ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨ੍ਹਾਤਿਆ ਚੋਰ ਸਿ ਚੋਰਾ ਚੋਰ' ॥

(ਗੁਰੂ ਗ੍ਰੰਥ—ਵਾਰ ਸੂਹੀ)

**ਸਾਧਾਂ ਦੇ ਭੇਸ ਵਿਚ ਚੋਰ ।**

**ਭਾਵ** :— ਬਾਹਰੋਂ ਹੋਰ ਤੇ ਅੰਦਰੋਂ ਹੋਰ ।

**ਵਰਤੋਂ** :— ਕੁਮਾਰ-ਮਾਸਟਰ ਜੀ ! ਤੁਸੀਂ ਸਾਰਿਆਂ ਨੂੰ ਆਪਣੇ ਵਰਗਾ ਸਮਝਦੇ ਹੋ, ਪਰ ਅਜ ਕਲ ਸਾਧਾਂ ਦੇ ਭੇਸ ਵਿਚ ਚੋਰ ਫਿਰਦੇ ਨੇ । (ਦੇਸ਼—ਹਰਚਰਨ ਸਿੰਘ)

**ਸਾਧਾਂ ਨੂੰ ਸਵਾਦਾਂ ਨਾਲ ਕੀ ?** ਜਾਂ **ਸਾਧਾਂ ਨੂੰ ਕੀ ਸਵਾਦਾਂ ਨਾਲ ਸਣੇ ਮਲਾਈ ਆਉਣ ਦਿਉ ।** ਜਾਂ **ਸਾਧ (ਸੰਤ) ਰੁਖੇ ਪਰੌਂਠੇ ਹੀ ਛਕਦੇ ਹਨ ।**

**ਭਾਵ** :— ਜਦ ਜੋ ਕੁਝ ਕਿਸੇ ਅਗੇ ਖਾਣ ਪੀਣ ਨੂੰ ਰਖੇ ਤੇ ਉਹ ਬੇਪਰਵਾਹੀ ਨਾਲ ਛਕੇ ਜਾਂ ਜਦ ਕੋਈ ਚੰਗੀ ਚੋਖੀ ਚੀਜ਼ ਖਾਣ ਵਾਲੀ ਪਹਿਲਾਂ ਹੀ ਚੁਕ ਲਵੇ ਤਾਂ ਹਾਸ ਰਸ ਵਿਚ ਇਹ ਅਖਾਣ ਵਰਤੇ ।

**ਵਰਤੋਂ** :— ਰਘਬੀਰ ਸਿੰਘ—'ਸਾਧਾਂ ਨੂੰ ਕੀ ਸਵਾਦਾਂ ਨਾਲ ? ਸਣੇ ਮਲਾਈ ਹੀ ਆਉਣ ਦਿਉ' । ਭੂਆ ਜੀ ! ਕੋਈ ਡਰ ਨਹੀਂ ਮਖਣ ਹੋਰ ਵੀ ਦਾਲ ਵਿਚ ਪਾ ਦਿਓ । ਔਖੇ ਸੌਖੇ ਖਾ ਹੀ ਲਵਾਂਗੇ । (ਸੰਗ੍ਰ)

**ਸਾਧਾਂ ਨੂੰ ਕਹਿਣਾ ਜਾਗੋ ਤੇ ਚੋਰਾਂ ਨੂੰ ਕਹਿਣਾ ਲਗੋ ।**

**ਭਾਵ** :— ਜਦ ਕਿਸੇ ਦੇ ਸੁਭਾ ਦਾ ਕੁਝ ਪਤਾ ਨਾ ਲਗੇ ਜਾਂ ਕੋਈ ਦੁਪਾਸੜ ਹਮਦਰਦੀ ਦਸੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਤੁਸੀਂ ਵੀ ਅਨੋਖੇ ਹੋ, ਸਮਝ ਨਹੀਂ ਪੈਂਦੀ ਤੁਸਾਡੇ ਅਲਬੇਲੇ ਸੁਭਾ ਦੀ, 'ਸਾਧਾਂ ਨੂੰ ਕਹਿਣਾ ਜਾਗੋ, ਤੇ ਚੋਰਾਂ ਨੂੰ ਕਹਿਣਾ ਲਗੋ' । ਕੀ ਸਮਝੀਏ, ਤੁਹਾਡਾ ਮਨ ਕਿਥੇ ਹੈ ? (ਸੰਗ੍ਰ)

**ਸਾਧੂ ਬੋਲੇ ਸਹਿਜ ਸੁਭਾ, ਸਾਧ ਕਾ ਬੋਲਿਆ ਬਿਰਥਾ ਨਾ ਜਾ ।**

**ਭਾਵ** :— ਜੋ ਬਚਨ ਸਾਧੂ ਜਨ (ਭਲੇ ਪੁਰਸ਼) ਦੇ ਮੂੰਹ ਤੋਂ ਨਿਕਲਦਾ ਹੈ, ਉਹ ਸੱਚ ਹੋ ਕੇ ਰਹਿੰਦਾ ਹੈ ।

**ਵਰਤੋਂ** :— ਦੁਨੀ ਚੰਦ—ਮਹਾਰਾਜ ! ਸੰਤ ਰੇਖ ਵਿਚ ਮੇਖ ਮਾਰਦੇ ਨੇ । 'ਸਾਧੂ ਬੋਲੇ ਸਹਿਜ ਸੁਭਾ, ਸਾਧ ਕਾ ਬੋਲਿਆ ਬਿਰਥਾ ਨਾ ਜਾ' ਅਸ਼ੀਰਵਾਦ ਦਿਓ ਜਾਂ ਬੂਟੀ ਦਿਓ, ਜਿਸ ਨਾਲ ਕਸ਼ਟ ਦੂਰ ਹੋਵੇ । (ਰਜਨੀ ਨਾਟਕ—ਨਾਨਕ ਸਿੰਘ)

**ਸਾਨੀ ਸੇਤੀ ਕੀਜੀਏ, ਨਾਤਾ ਵੈਰ ਪਰੀਤ ।**

**ਭਾਵ** :— ਵਰਤੋਂ ਵਿਹਾਰ ਆਪਣੇ ਵਰਗਿਆਂ ਨਾਲ ਹੀ ਰਖਣਾ ਠੀਕ ਹੈ ।

**ਵਰਤੋਂ** :— ਸੋਚਿਆ ਤਾਂ ਸੀ, ਪਰ ਤੈਨੂੰ ਪਤਾ ਏ, ਉਹ ਹੋਇਆ ਵਡਾ ਆਦਮੀ, ਦੋ ਢਾਈ ਸੌ ਤਨਖਾਹ ਪਾਂਦਾ ਏ ਤੇ ਸਾਡੇ ਕੋਲ ਨਾ ਰਾਤ ਦੇ ਖਾਣ ਜੋਗਾ ਵੀ । ਸਿਆਣੇ ਕਹਿੰਦੇ ਹੁੰਦੇ ਨੇ ਅਖੇ 'ਸਾਨੀ ਸੇਤੀ ਕੀਜੀਏ, ਨਾਤਾ ਵੈਰ ਪਰੀਤ' । ਉਹਨੂੰ ਸਾਕਾਂ ਦੀ ਪ੍ਰਵਾਹ ਪਈ ਏ ਜੁ ਬੁਟੀ ਬਾਂਦਰੀ ਜੋ ਜੁੜੀ ਲੈ ਲਵੇਗਾ । (ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਸਾਨੂੰ ਸੱਜਣ ਸੋ ਮਿਲੇ, ਗੱਲ ਲੱਗੀ ਬਾਹੀਂ, ਸਾਡੇ ਉਤੇ ਜੁਲੀਆਂ, ਉਨ੍ਹਾਂ ਉਤੇ ਉਹ ਭੀ ਨਾਹੀਂ ।**

**ਭਾਵ** :— ਜਦ ਕਿਸੇ ਗ਼ਰੀਬ ਘਰ ਨੂੰ ਆਪਣੇ ਤੋਂ ਵੀ ਗ਼ਰੀਬ ਅੰਗ ਸਾਕ ਜੁੜ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨੀ ਚਾਚੀ ! ਕੀ ਦਸਾਂ, ਸਾਕ ਕਿਉਂ ਕੀਤਾ ? 'ਸਾਨੂੰ ਸਜਣ ਸੋ ਮਿਲੇ ਗੱਲ ਲੱਗੀ ਬਾਹੀਂ, ਸਾਡੇ ਉਤੇ ਜੁਲੀਆਂ, ਉਨ੍ਹਾਂ ਉਤੇ ਉਹ ਭੀ ਨਾਹੀਂ' । ਬਸ, ਬੁਰਾ ਹਾਲ ਤੇ ਬਾਂਕੇ ਦਿਹਾੜੇ ਹਨ । (ਸੰਗ੍ਰ)

**ਸਾਪ ਕੁੰਚ ਛੋਡੈ, ਬਿਖੁ ਨਹੀ ਛਾਡੈ ।**

**ਭਾਵ** :— ਸੱਪ ਆਪਣੀ ਕੁੰਜ-ਖਲੜੀ ਲਾਹ ਛੱਡਦਾ ਹੈ, ਪਰ ਜ਼ਹਿਰ ਨਹੀਂ ਛਡਦਾ । ਭਾਵ ਮਾੜਾ ਬੰਦਾ ਭਾਵੇਂ ਹੋਰ ਕੁਝ ਵੀ ਕਰੇ, ਭੈੜ ਨਹੀਂ ਛਡਦਾ ।

**ਵਰਤੋਂ** :—

'ਸਾਪੁ ਕੁੰਚ ਛੋਡੈ, ਬਿਖੁ ਨਹੀ ਛਾਡੈ ॥
ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ' ॥

(ਗੁਰੂ ਗ੍ਰੰਥ—ਆਸਾ ਨਾਮ ਦੇਉ)

**ਸਾਮੀ ਕੰਜਰ ਤੇ ਭੁਇੰ ਬੰਜਰ ।**

**ਭਾਵ :—** ਜਦ ਕਿਸੇ ਕੁੰਢ ਬੰਦੇ ਨੂੰ ਦਿਤਾ ਰੁਪਿਆ ਨਾ ਮੁੜੇ ਜਾਂ ਬੰਜਰ ਜ਼ਮੀਨ ਮਿਲੇ, ਜਿਸ ਵਿਚੋਂ ਕੁਝ ਪ੍ਰਾਪਤ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਨਾਂ ਦੀ ਜ਼ਮੀਨ ਹੈ । ਫ਼ਸਲ ਤਾਂ ਉਕੀ ਨਹੀਂ ਹੋਈ, ਨਿਰਾ ਬੰਜਰ ਹੈ, 'ਸਾਮੀ ਕੰਜਰ ਤੇ ਭੁਇ ਬੰਜਰ' ਪਾਸੋਂ ਕੀ ਲਭਣਾ ਹੋਇਆ ?

(ਸੰਗ੍ਰ)

**ਸਾਮ੍ਹਣੇ ਵੇਖ ਮੱਖੀ ਨਿਗਲੀ ਨਹੀਂ ਜਾਂਦੀ ।**

**ਭਾਵ :—** ਜਦ ਕੋਈ ਕੰਮ ਕਿਸੇ ਨੂੰ ਚੰਗਾ ਜਾਪੇ ਪਰ ਦੂਜਿਆ ਨੂੰ ਚੰਗਾ ਨਾ ਲਗੇ ਤਾਂ ਜਿਨ੍ਹਾਂ ਨੂੰ ਚੰਗਾ ਨਹੀਂ ਲਗਦਾ ਉਹ ਉਸ ਵੇਲੇ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਪਰਮਾਨੰਦ—ਮਾਂ ਜੀ ! ਮੈਂ ਤੁਹਾਡੀ ਗੱਲ ਵੀ ਸਮਝਿਆ ਆਂ । ਪਰ 'ਸਾਮ੍ਹਣੇ ਵੇਖ ਕੇ ਮੱਖੀ ਨਿਗਲੀ ਨਹੀਂ ਜਾਂਦੀ ।' ਮੈਂ ਸਾਮ੍ਹਣੇ ਜ਼ੁਲਮ ਵੇਖ ਕੇ ਚੁੱਪ ਕਰ ਰਵ੍ਹਾਂ ਤਾਂ ਧ੍ਰਿਗ ਮੇਰਾ ਜੀਵਨਾ । ਮੇਰੇ ਆਖੇ ਲੱਗੋ ਤਾਂ ਆਪਣੀ ਧੀ ਦਾ ਸੁਖ ਸੋਚੋ । ਦੁਨੀਆਂ ਦੀ ਝੂਠੀ ਇਜ਼ਤ ਵਲ ਨਾ ਜਾਓ ।'

(ਸੁਭਦ੍ਰਾ—ਆਈ. ਸੀ. ਨੰਦਾ)

**ਸਾਰ ਚੂਰ ਢਹੂ ਤੇ ਪਿੰਡ ਜਿਨਾ ਰਹੂ ।**

**ਭਾਵ :—** ਸਾਰ-ਚੂਰ ਇਕ ਪਿੰਡ ਦਾ ਨਾਂ ਹੈ, ਜਦ ਕੋਈ ਤਕੜਾ ਆਦਮੀ ਮਾੜਾ ਪੈ ਜਾਵੇ ਪਰ ਫਿਰ ਵੀ ਕਈਆਂ ਪਾਸੋਂ ਸੁਖੱਲਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਇਹ ਤਾਂ ਮੰਨ ਲਿਆ ਕਿ ਵੱਡੇ ਸਰਦਾਰ ਹੋਰਾਂ ਦੇ ਚਲਾਣਾ ਕਰਨ ਨਾਲ ਉਹ ਪਹਿਲੇ ਵਾਲੀ ਹਾਲਤ ਨਹੀਂ ਰਹੀ, ਪਰ 'ਸਾਰ ਚੂਰ ਢਹੂ ਤੇ ਪਿੰਡ ਜਿਨਾ ਰਹੂ' । ਭਰਿਆਂ ਭਾਂਡਿਆਂ ਦੀ ਘਰੋੜੀ ਵੀ ਨਹੀਂ ਮਾਣ । (ਸੰਗ੍ਰ)

**ਸਾਰਾਹ ਦੀ ਰੁਤ, ਨਾ ਛਾਂ ਭਾਵੇ ਨਾ ਧੁਪ ।**

**ਭਾਵ :—** ਸਾਰਾਹ ਦੀ ਰੁੱਤ ਵਿੱਚ ਨਾ ਛਾਂ ਚੰਗੀ ਲਗਦੀ ਹੈ, ਨਾ ਧੁੱਪ (ਇਹ ਬਸੰਤ ਦੇ ਆਖਰੀ ਦਿਨ ਜਾਂ ਅਸੂ ਦੇ ਦਿਨ ਹੁੰਦੇ ਹਨ ।

**ਵਰਤੋਂ :—** ਕਹੀ ਹੈ ਇਹ 'ਸਾਰਾਹ ਦੀ ਰੁਤ, ਨਾ ਛਾਂ ਭਾਵੇ ਨਾ ਧੁੱਪ' ਬੜਾ ਹੀ ਸਾਹ ਔਖਾ ਹੋ ਗਿਆ ਹੈ ।

(ਸੰਗ੍ਰ)

**ਸਾਰੀ ਉਮਰ ਕੰਵਾਰੀ ਰਹੀ, ਮੜ੍ਹੀਆਂ ਜਾਂਦੀ ਉਧਲ ਗਈ ।**

**ਭਾਵ :—** ਬੁਢੇ ਵਾਰੇ ਕੰਵਾਰੀ ਇਸਤਰੀ ਜਦ ਵਿਆਹ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** 'ਛੇਕੜ ਤਾਂ ਲੋਕਾਂ ਇਹੋ ਕਹਿਣਾ ਏ ਨਾ ਪਈ ਸਾਰੀ ਉਮਰ ਕੰਵਾਰੀ ਰਹੀ ਤੇ ਮੜ੍ਹੀਆਂ ਜਾਂਦੀ ਉਧਲ ਗਈ ।'

(ਟੁਟੀ ਵੀਣਾ—ਨਾਨਕ ਸਿੰਘ)

**ਸਾਰੀ ਕੀਤੀ ਕਰਾਈ ਮਿੱਟੀ ਵਿਚ ਮਿਲ ਗਈ ।**

**ਭਾਵ :—** ਜਦ ਕਿਸੇ ਇੱਕ ਗੱਲ ਦੇ ਹੋ ਜਾਣ ਨਾਲ ਸਾਰਾ ਕੰਮ ਖ਼ਰਾਬ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਸਾਡੀ 'ਸਾਰੀ ਕੀਤੀ ਕਰਾਈ ਮਿੱਟੀ ਵਿਚ ਮਿਲ ਗਈ' । ਇੱਕੋ ਬਾਲ ਅਜੇਹਾ ਜੰਮਿਆ, ਜੁ ਜਣਦਿਆਂ ਦੇ ਸਿਰ ਸੁਆਹ ਪੈ ਗਈ ।

(ਸੰਗ੍ਰ)

**ਸਾਰੀ ਖਾਧੀ, ਅੱਧੀ ਖਾਏ, ਮਰੇ ਨਹੀਂ ਪਰ ਮੂਲੋਂ ਜਾਏ ।**

**ਭਾਵ :—** ਜਦ ਕਿਸੇ ਨੂੰ ਲੋੜ ਅਨੁਸਾਰ ਚੀਜ਼ ਨਾ ਮਿਲੇ ਤੇ ਦੁਖੀ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਜੀਉਂਦੇ ਹਾਂ ਅਜੇ ਤਾਂ, ਪਰ ਕਿਸ ਹਾਲ ? "ਸਾਰੀ ਖਾਧੀ, ਅੱਧੀ ਖਾਏ, ਮਰੇ ਨਹੀਂ, ਪਰ ਸੂਲੋਂ ਜਾਏ" । ਇਕ ਛਟਾਂਕ ਅੰਨ ਦਿਹਾੜੀ ਖਾਣ ਨਾਲ ਕਿੰਨਾ ਕੁ ਚਿਰ ਜੀਵਾਂਗੇ ? (ਸੰਗ੍ਰ)

**ਸਾਰੀ ਜਾਂਦੀ ਵੇਖੀਏ, ਤਾਂ ਅੱਧੀ ਦੇਈਏ ਵੰਡ ।**

ਭਾਵ :— ਰੁੜ੍ਹਦੀ ਸਾਮੀਂ ਪਾਸੋਂ ਜੋ ਮਿਲ ਜਾਵੇ, ਓਹੀ ਚੰਗਾ ਹੈ ।

ਵਰਤੋਂ :— ਹੁਣ ਉਹ ਹੈ ਨੰਗ ਤੇ ਤੈਨੂੰ ਪੰਜ ਹਜ਼ਾਰ ਵਿਚੋਂ ਪੰਜ ਸੌ ਭੀ ਨਹੀਂ ਲਭਣਾ । ਸਿਆਣੇ ਆਖਦੇ ਨੇ, 'ਸਾਰੀ ਜਾਂਦੀ ਵੇਖੀਏ ਤਾਂ ਅਧੀ ਦੇਈਏ ਵੰਡ' । (ਨਵਾਬ ਖ਼ਾਨ—ਭਾਈ ਜੋਧ ਸਿੰਘ)

**ਸਾਰੀ ਰਾਤ ਪੀਂਹਦੀ ਰਹੀ ਤੇ ਇੱਕ ਗੋਗੀ ਨਾ ਪੱਕੀ । ਜਾਂ ਸਾਰੀ ਰਾਤ ਰੋਂਦੀ ਰਹੀ ਤੇ ਮੋਇਆ ਕੋਈ ਵੀ ਨਾ ।**

ਭਾਵ :— ਜਦ ਕਾਫ਼ੀ ਚਿਰ ਸਿਰ ਖਪਾਈ ਕਰਨ ਤੇ ਵੀ ਕਿਸੇ ਨੂੰ ਗਲ ਦੀ ਸਮਝ ਨਾ ਆਵੇ, ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— 'ਸਾਰੀ ਰਾਤ ਰੋਂਦੀ ਰਹੀ ਤੇ ਮੋਇਆ ਕੋਈ ਵੀ ਨਾ ।' ਏਨਾ ਚਿਰ ਹੋ ਗਿਆ ਹੈ ਤੈਨੂੰ ਸੰਥਾ ਪੜ੍ਹਾਂਦਿਆਂ, ਪਰ ਤੂੰ ਐਸਾ ਹੈਂ ਕਿ ਇੱਕ ਅੱਖਰ ਵੀ ਯਾਦ ਨਹੀਂ ਹੋਇਆ । (ਸੰਗ੍ਰ)

**ਸਾਰੀ ਰਾਤ ਭੰਨੀ ਤੇ ਜੰਮ ਪਈ ਅੰਨ੍ਹੀ ।**

ਭਾਵ :— ਜਦ ਬਹੁਤੀ ਮਿਹਨਤ ਕਰਨ ਤੇ ਵੀ ਨਤੀਜਾ ਮਾੜਾ ਹੀ ਨਿਕਲੇ ।

ਵਰਤੋਂ :— ਸ਼ਾਹ—ਰਤਨ ਸਿੰਘ ! ਐਤਕੀਂ ਤਾਂ ਤੁਸੀਂ ਰੱਜ ਕੇ ਮਿਹਨਤ ਕੀਤੀ ਪਰ ਪਾਸ ਰਿੜ੍ਹ ਖੁੜ੍ਹ ਕੇ ਹੀ ਹੋਏ । ਅਖੇ 'ਸਾਰੀ ਰਾਤ ਭੰਨੀ ਤੇ ਜੰਮ ਪਈ ਅੰਨ੍ਹੀ' । ਗਲ ਕੀ ਬਣੀ ? (ਸੰਗ੍ਰ)

**ਸਾਰੀ ਰੰਨ ਜੁਲਾਹੇ ਦੀ, ਹੋਰਨਾ ਦੀ ਧੀ ।**

ਭਾਵ :— ਜਦ ਕੋਈ ਮੂਰਖ ਆਪਣੀ ਚੀਜ਼ ਦੀ ਬਹੁਤ ਹੀ ਸਿਫ਼ਤ ਕਰੇ, ਤਾਂ ਉਸਨੂੰ ਸਮਝਾਉਣ ਲਈ ਵਰਤਦੇ ਹਨ ।

ਵਰਤੋਂ :— ਹਾਹੋ ਕਿ, 'ਸਾਰੀ ਰੰਨ ਜੁਲਾਹੇ ਦੀ, ਹੋਰਨਾ ਦੀ ਧੀ' । ਤੇਰੀ ਘੋੜੀ ਨਾਲ ਲਾਲ ਲੱਗੇ ਹੋਏ ਹਨ ਤੇ ਸਾਡੀ ਨਾਲ ਪਿੱਤਲ ਜੁ ਨਾਲੇ ਵਟਾ ਲਈਏ, ਨਾਲੇ ਰੁਪਈਏ ਪਲਿਉਂ ਦੇਵੀਏ । (ਸੰਗ੍ਰ)

**ਸਾਰੇ ਇਕੋ ਸੱਚੇ ਦੇ ਢਲੇ ਹੋਏ ਨੇ ।**

ਭਾਵ :— ਜਦ ਸਾਰੇ ਇਕੋ ਜੇਹੇ ਹੀ ਭੈੜੇ ਖਿਆਲ ਦੇਣ ਜਾਂ ਗੱਲ ਆਖਣ ।

ਵਰਤੋਂ :— ਥਾਣੇਦਾਰ ਜੀ । ਕਿਸ ਕਿਸ ਦਾ ਨਾਂ ਦੇਵਾਂ ਤੇ ਕਿਸ ਕਿਸ ਦਾ ਛਡਾਂ ? ਇਹ ਤਾਂ "ਸਾਰੇ ਇਕੋ ਸੱਚੇ ਦੇ ਢਲੇ ਹੋਏ ਨੇ' । ਮੈਨੂੰ ਸਾਰਿਆਂ ਨੇ ਹੀ ਸਲਾਹ ਕਰਕੇ ਲੁਟਿਆ ਏ । (ਸੰਗ੍ਰ)

**ਸਾਰੇ ਗਹਿਣੇ ਭੰਨ ਕੇ, ਇਕ ਹੱਸ ਘੜਾਇਆ ।**

ਭਾਵ :— ਸਾਰਿਆਂ ਨੂੰ ਛੱਡ ਇੱਕ ਦਾ ਲੜ ਫੜਿਆ ।

ਵਰਤੋਂ :— ਸ਼ੀਲਾ—ਸਾਈਂ ਜੀ ! ਜੋ ਜੀ ਆਵੇ ਆਖੋ, ਮੈਂ ਤਾਂ 'ਸਾਰੇ ਗਹਿਣੇ ਭੰਨ ਕੇ ਇਕ ਹੱਸ ਘੜਾਇਆ' ਹੈ ਤੇ ਤੁਸਾਡਾ ਲੜ ਫੜਿਆ ਹੈ । (ਸੰਗ੍ਰ)

**ਸਾਰੇ ਚੜ੍ਹਦੇ ਸੂਰਜ ਨੂੰ ਹੀ ਪਾਣੀ ਦੇਂਦੇ ਹਨ ।**

ਭਾਵ :— ਸਾਰੇ ਤਾਕਤ ਵਾਲੇ ਅੱਗੇ ਹੀ ਨਿਵੰਦੇ ਹਨ ।

ਵਰਤੋਂ :— ਸ਼ਾਹ—ਸਰਦਾਰ ਜੀ ! ਇਹ ਕੋਈ ਨਵੀਂ ਗੱਲ ਹੈ । ਸਾਰੇ ਚੜ੍ਹਦੇ ਸੂਰਜ ਨੂੰ ਹੀ ਪਾਣੀ ਦੇਂਦੇ ਨੇ । ਐਸ ਵੇਲੇ ਉਨ੍ਹਾਂ ਦਾ ਤੇਜ ਪ੍ਰਤਾਪ ਜੁ ਹੋਇਆ । ਸਾਰੇ ਕਿਉਂ ਨਾ ਸਲਾਮਾਂ ਕਰਨ ? (ਸੰਗ੍ਰ)

**ਸ਼ਾਲ, ਸ਼ਾਲੀ, ਸ਼ਲਗਮ, ਬਾਦ, ਬਾਦੀ, ਬਲਗਮ. ਟੱਟੂ, ਪੱਟੂ. ਚੱਟੂ ।**

**ਭਾਵ** :— ਕਸ਼ਮੀਰ ਦੇ ਇਲਾਕੇ ਦੀਆਂ ਸੁਗਾਤਾਂ ਦਾ ਜ਼ਿਕਰ ਹੈ ।

**ਵਰਤੋਂ** :— ਕਸ਼ਮੀਰ ! ਦੁਨੀਆਂ ਉਤੇ ਉਤਰੀ ਸਵਰਗ ! ਹਰ ਤਰ੍ਹਾਂ ਦੀਆਂ ਸੁਗਾਤਾਂ ! ਪਰ ਬਾਦੀ ਦਾ ਘਰ । ਕੀ ਕੀ ਨਹੀਂ ਕਸ਼ਮੀਰ ਵਿਚ ? 'ਸ਼ਾਲ, ਸ਼ਾਲੀ, ਸ਼ਲਗਮ, ਬਾਦ, ਬਾਦੀ, ਬਲਗਮ, ਟੱਟੂ, ਪੱਟੂ, ਚੱਟੂ ।' (ਸੰਗ੍ਰ)

**ਸਾਲਣਾ ਘਰ ਗਾਲਣਾ ।**

**ਭਾਵ** :— ਸੁਆਦਾਂ ਦਾ ਸਿੱਟਾ ਘਰ ਦੀ ਬਰਬਾਦੀ ਹੈ ।

**ਵਰਤੋਂ** :— ਸ਼ਾਹ—ਹੁਣ ਕੀ ਬਣੇ ? ਮੁੰਡਾ ਸ਼ਰਾਬਾਂ ਕਬਾਬਾਂ ਵਿਚ ਫਸ ਗਿਆ ਹੈ । 'ਸਾਲਣਾ ਘਰ ਗਾਲਣਾ' ਹੁਣ ਤਾਂ ਉਜਾੜਾ ਪੈ ਕੇ ਹੀ ਰਹੇਗਾ । (ਸੰਗ੍ਰ)

**ਸਾਵਣ ਸੁੱਤੀ, ਸਦਾ ਵਿਗੁੱਤੀ ।**

**ਭਾਵ** :— ਜਦ ਕੋਈ ਜ਼ਿਮੀਂਦਾਰ ਸਾਵਣ ਵਿੱਚ ਆਪਣੀ ਪੈਲੀ ਬੰਨੇ ਦਾ ਧਿਆਨ ਨ ਰਖੇ ਜਾਂ ਕੋਈ ਬੰਦਾ ਵੇਲੇ ਸਿਰ ਕੰਮ ਨਾ ਕਰੇ ਤੇ ਫਿਰ ਔਖਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕਾਕਾ, 'ਸਾਵਣ ਸੁੱਤੀ, ਸਦਾ ਵਿਗੁੱਤੀ ।' ਹੁਣ ਪਛਤਾਇਆਂ ਕੀ ਬਣਦਾ ਹੈ ? ਵੇਲਾ ਲੰਘ ਗਿਆ ਹੈ ! ਹੁਣ ਕਿਸੇ ਨੂੰ ਕੋਸਿਆਂ ਕੀ ਬਣਦਾ ਹੈ ? (ਸੰਗ੍ਰ)

**ਸਾਵਣ ਖੀਰ ਨਾ ਖਾਧੀਆ, ਕਿਉਂ ਜੰਮਿਉਂ ਅਪਰਾਧੀਆ ।**

**ਭਾਵ** :— ਘਰ ਵਿਚ ਪਕਵਾਨ ਪਕਾਉਣ ਲਈ ਪ੍ਰੇਰਨਾ ਦੇਣ ਵੇਲੇ ਹਾਸ-ਰਸ ਵਿਚ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕਿਉਂ, ਸਾਡਾ ਸਾਵਣ ਦੁੱਖਾ ਹੀ ਲੰਘਣਾ ਏ । ਰੋਜ਼ ਓਹੀ ਦਾਲ ਫੁਲਕਾ । 'ਸਾਵਣ ਖੀਰ ਨਾ ਖਾਧੀਆ, ਕਿਉਂ ਜੰਮਿਉਂ ਅਪਰਾਧੀਆ ।' ਕਦੀ ਖੀਰ ਪੂੜੀ ਵੀ ਖੁਆ ਦਿਆ ਕਰੋ ! (ਸੰਗ੍ਰ)

**ਸਾਵਣ ਦੀ ਝੜੀ, ਨਾ ਕੋਠਾ ਨਾ ਕੜੀ ।**

ਵੇਖੋ : ਐਤਵਾਰ ਦੀ ਝੜੀ, ਨਾ ਕੋਠਾ ਨਾ ਕੜੀ ।

**ਭਾਵ** :— ਸਾਵਣ ਦੀ ਤਕੜੀ ਝੜੀ ਦਾ ਹਾਲ ਦਸਿਆ ਹੈ । ਜਾਂ ਜਦ ਦੁਖ ਬਹੁਤੇ ਟੁੱਟ ਕੇ ਪੈ ਜਾਣ ।

**ਵਰਤੋਂ** :— ਬੜਾ ਦੁਖੀ ਹਾਂ, 'ਸਾਵਣ ਦੀ ਝੜੀ, ਨਾ ਕੋਠਾ ਨਾ ਕੜੀ' । ਇਕੋ ਵੇਰ ਦੁਖਾਂ ਦੇ ਪਹਾੜ ਟੁੱਟ ਪਏ ਹਨ ! (ਸੰਗ੍ਰ)

**ਸਾਵਣ ਮੱਝੀ ਉਹਦੀਆਂ, ਜਿਹੜਾ ਹਾੜੋਂ ਕੱਢੇ ।**

**ਭਾਵ** :— ਜਦ ਔਖੇ ਸਮੇਂ ਕਿਸੇ ਦੀ ਮਦਦ ਕੀਤੀ ਜਾਵੇ ਤੇ ਚੰਗੇ ਦਿਨ ਆਉਣ ਤੇ ਉਹੋ ਦੁਖੀ ਉਸਦੀ ਭੀ ਮਦਦ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮੈਂ ਨਹੀਂ ਜਾਣਦਾ ਉਹ ਕੌਣ ਹੁੰਦਾ ਹੈ ? 'ਸਾਵਣ ਮੱਝੀ ਉਹਦੀਆਂ, ਜਿਹੜਾ ਹਾੜੋਂ ਕੱਢੇ' । ਔਖੇ ਵੇਲੇ ਤਾਂ ਮੇਰੇ ਨੇੜੇ ਮੇਰੇ ਮਿੱਤਰ ਹੀ ਢੁਕੇ । ਹੁਣ ਮੈਂ ਕਿਉਂ ਨਾ ਉਨ੍ਹਾਂ ਦੇ ਸੋਹਿਲੇ ਗਾਵਾਂ । (ਸੰਗ੍ਰ)

**ਸਾਵਣ ਵਸੇ ਨਿਤ ਨਿਤ ਤੇ ਭਾਦਰੋਂ ਦੇ ਦਿਨ ਚਾਰ, ਅਸੂ ਮੰਗੇ ਮੇਘਲਾ ਤੇ ਭੁਲੀ ਫਿਰੇ ਗਵਾਰ ।**

**ਭਾਵ** :— ਸਾਵਣ ਵਿਚ ਮੀਂਹ ਨਿਤ ਪੈਂਦਾ ਹੈ, ਭਾਦਰੋਂ ਵਿਚ ਦੋ ਚਾਰ ਦਿਨ, ਅਸੂ ਵਿਚ ਨਿਰੇ ਬਦਲ ਹੀ ਦਿਸਦੇ ਹਨ, ਬੇਸਮਝ ਭੁਲੇਖਾ ਖਾਂਦਾ ਹੈ ਕਿ ਮੀਂਹ ਪਵੇਗਾ । ਜਦ ਕੋਈ ਕਵੇਲੇ ਚੀਜ਼ ਮੰਗੇ, ਤਦ ਵਰਤਦੇ ਹਨ ।

**ਵਰਤੋਂ** :— ਤੁਸੀਂ ਵੀ ਜੰਗਲ ਵਿਚ ਪਕੀ ਰੋਟੀ ਦੀ ਭਾਲ ਕਰਦੇ ਹੋ, ਇਥੇ ਰੋਟੀ ਕਿਥੋਂ ?

'ਸਾਵਣ ਵਸੇ ਨਿੱਤ ਨਿੱਤ,
ਤੇ ਭਾਦਰੋਂ ਦੇ ਦਿਨ ਚਾਰ ।

ਅਸੂ ਮੰਗੇ ਮੇਘਲਾ,
ਤੇ ਭੁਲੀ ਫਿਰੇ ਗਵਾਰ ।'
ਕਦੀ ਅਸੂ ਵਿਚ ਵੀ ਮੀਂਹ ਪਿਆ ਏ ?

(ਸੰਗ੍ਰ)

**ਸਾਵਣ ਵਹਾਏ ਤੇ ਕਤਕ ਗਹਾਏ ਅਰ ਪੋਹ ਪਿਲਾਏ, ਘਾਟਾ ਮੂਲ ਨਾ ਚਾਏ ।**

**ਭਾਵ** :— ਖੇਤੀ ਨੂੰ ਚੰਗੀ ਫ਼ਸਲ ਦੇਣ ਲਈ ਤਿਆਰ ਕਰਨ ਦੀ ਵਿਉਂਤ ਦਰਸਾਈ ਹੈ ਜਾਂ ਵੇਲੇ ਸਿਰ ਹੀ ਕੰਮ ਕਰਨਾ ਲਾਭਦਾਇਕ ਹੈ ।

**ਵਰਤੋਂ** :— ਜੋ ਕੰਮ ਕਰੋ, ਵੇਲੇ ਸਿਰ ਕਰੋ । 'ਸਾਵਣ ਵਹਾਏ, ਕਤਕ ਗਹਾਏ, ਅਰ ਪੋਹ ਪਿਲਾਏ, ਘਾਟਾ ਮੂਲ ਨਾ ਚਾਏ ।' (ਸੰਗ੍ਰ)

**ਸਾਵਣ ਵਣ ਹਰੀਆਵਲੇ, ਅਕ ਜੰਮੈ ਅਉਝੀ ।**

**ਭਾਵ** :— ਸਾਵਣ ਵਿੱਚ ਰੁੱਖ ਹਰੇ ਹੁੰਦੇ ਹਨ, ਪਰ ਅਕ ਔੜ ਵਿੱਚ ਹੀ ਉਗਦਾ ਹੈ । ਭਾਵ ਭੈੜੇ ਚੰਗਿਆਂ ਨਾਲ ਰਹਿਕੇ ਵੀ ਭੈੜ ਹੀ ਕਰਦੇ ਹਨ ।

**ਵਰਤੋਂ** :—

'ਸਾਵਣ ਵਣ ਹਰੀਆਵਲੇ ਅਕ ਜੰਮੈ ਅਉਝੀ ।'
ਬੇਮੁਖ ਸੁਖ ਨ ਦੇਖਈ ਜਿਉਂ ਛੁਟੜ ਛਉੜੀ ।

(ਵਾਰਾਂ—ਭਾਈ ਗੁਰਦਾਸ ਜੀ)

**ਸਾਵਣ ਵਣ ਹਰੀਆਵਲੇ, ਸੁਕੇ ਜਾਵਾਹਾਂ ।**

**ਭਾਵ** :— ਸਾਵਣ ਦੇ ਮਹੀਨੇ ਰੁੱਖ ਹਰੇ ਹੁੰਦੇ ਹਨ, ਪਰ ਜਵਾਹਾਂ ਸੁੱਕ ਜਾਂਦੇ ਹਨ । ਅਰਥਾਤ ਮਾੜੇ ਮਾੜੇ ਹੀ ਰਹਿੰਦੇ ਹਨ ਭਾਵੇਂ ਕਿੰਨਾ ਪ੍ਰੇਮ ਕਰੇ ।

**ਵਰਤੋਂ** :—

'ਸਾਵਣ ਵਣ ਹਰੀਆਵਲੇ ਸੁਕੈ ਜਾਵਾਹਾਂ ।'
ਸਭ ਕੋ ਸਰਸਾ ਵਰਸਦੇ ਝੂਰੈ ਜੋਆਹਾਂ ।

(ਵਾਰਾਂ—ਭਾਈ ਗੁਰਦਾਸ ਜੀ)

**ਸਿਆਹੀ ਗਈ ਸੁਪੇਦੀ ਆਈ ।**

**ਭਾਵ** :— ਜਵਾਨੀ ਚਲੀ ਗਈ ਤੇ ਬੁਢੇਪਾ ਆ ਗਿਆ ।

**ਵਰਤੋਂ** :—

ਸਿਆਹੀ ਗਈ ਸੁਪੇਦੀ ਆਈ,
ਰੋਨੀ ਹਾਂ ਵਖਤ ਵਿਹਾਣੇ ਨੂੰ ।
ਕਹੈ ਹੁਸੈਨ ਫਕੀਰ ਸਾਈਂ ਦਾ,
ਕੀ ਕਰੀਏ ਰੱਬ ਦੇ ਭਾਣੇ ਨੂੰ ।

(ਕਾਫ਼ੀਆਂ—ਸ਼ਾਹ ਹੁਸੈਨ)

**ਸਿਆਣਾ ਕਾਂ ਗੰਦਗੀ ਤੇ ਡਿਗਦਾ ਹੈ ।**

**ਭਾਵ** :— ਜਦ ਕੋਈ ਸਿਆਣਾ ਬੰਦਾ ਵੱਡੀ ਭਾਰੀ ਭੁਲ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਵੇਖੋ ! ਮਹਾਂ ਸਿੰਘ ਕਿਤਨਾ ਚਤੁਰ ਬਣਿਆ ਫਿਰਦਾ ਸੀ, ਪਰ 'ਸਿਆਣਾ ਕਾਂ ਅਖ਼ੀਰ ਗੰਦਗੀ ਤੇ ਹੀ ਡਿਗਦਾ ਹੈ' । ਵਰ੍ਹਿਆਂ ਦੱਧੀ ਸੋਚ ਸੋਚ ਕੇ ਵਿਆਹ ਕੀਤਾ, ਤਾਂ ਉਹ ਵੀ ਇਕ ਲੁੱਚੇ ਘਰੋਂ । (ਸੰਗ੍ਰ)

**ਸਿਆਣਾ ਵੈਰੀ ਮੂਰਖ ਮਿੱਤਰ ਤੋਂ ਚੰਗਾ ਹੈ ।**

**ਭਾਵ** :— ਜਦ ਕਿਸੇ ਮੂਰਖ ਮਿੱਤਰ ਨਾਲ ਵਾਹ ਪੈਣ ਤੇ ਦੁਖ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਛਡੋ ਜੀ ਪਰ੍ਹਾਂ ਅਜੇਹੀ ਮਿਤ੍ਰਤਾ ਨੂੰ । 'ਸਿਆਣਾ ਵੈਰੀ ਵੀ ਮੂਰਖ ਮਿੱਤਰ ਤੋਂ ਚੰਗਾ ਹੁੰਦਾ ਹੈ ।' ਕੋਈ ਦਿਨ ਨਹੀਂ, ਜਦ ਮੈਂ ਇਸ ਭਲੇਮਾਣਸ ਤੋਂ ਪੱਗ ਨਾ ਲੁਹਾਈ ਹੋਵੇ । (ਸੰਗ੍ਰ)

**ਸਿਆਣੇ ਦੇ ਕਹੇ ਤੇ ਆਉਲੇ ਦੇ ਖਾਧੇ ਦਾ ਸੁਆਦ ਪਿਛੋਂ ਆਉਂਦਾ ਹੈ ।** ਵੇਖੋ : ਆਉਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਪਿਛੋਂ ਸੁਆਦ ਦੇਂਦਾ ਹੈ ।

**ਭਾਵ** :— ਜਦ ਕੋਈ ਸਿਆਣਾ ਚੰਗੀ ਮਤ ਦੇਵੇ ਪਰ ਉਹ ਮਤ ਉਸ ਸਮੇਂ ਕੌੜੀ ਲਗੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਇਸ ਵੇਲੇ ਤੁਹਾਨੂੰ ਮੇਰਾ ਕਿਹਾ ਕੌੜਾ ਲਗਦਾ ਹੈ, ਪਰ ਤੁਹਾਨੂੰ ਕੁਝ ਚਿਰ ਨੂੰ ਆਪੇ ਪਤਾ ਲਗ ਜਾਏਗਾ ਕਿ ਮੈਂ ਕਿੰਨਾ ਠੀਕ ਆਖਿਆ ਸੀ। 'ਸਿਆਣੇ ਦਾ ਕਿਹਾ ਤੇ ਆਉਲੇ ਦੇ ਖਾਧੇ ਦਾ ਸੁਆਦ ਪਿੱਛੋਂ ਆਉਂਦਾ ਹੈ।' (ਸੰਗ੍ਰ)

**ਸਿਆਣੇ ਨੂੰ ਇਸ਼ਾਰਾ, ਮੂਰਖ ਨੂੰ ਫਿਟਕਾਰਾ। ਜਾਂ ਸਿਆਣੇ ਨੂੰ ਸੈਨਤ, ਮੂਰਖ ਨੂੰ ਸੋਟਾ।**

**ਭਾਵ** :— ਸਿਆਣੇ ਬੰਦੇ ਇਸ਼ਾਰੇ ਨਾਲ ਹੀ ਕੰਮ ਕਰਦੇ ਹਨ, ਪਰ ਮੂਰਖ ਡੰਡੇ ਨਾਲ।

**ਵਰਤੋਂ** :— ਤੁਸੀਂ ਨੌਕਰ ਦੇ ਹਥੋਂ ਕਲਪਿਆ ਨਾ ਕਰੋ। ਜ਼ਰਾ ਅੱਖ ਵਿਖਾਇਆ ਕਰੋ, ਆਪ ਹੀ ਸੂਤ ਹੋ ਜਾਵੇਗਾ। ਤੁਸੀਂ ਜਾਣਦੇ ਹੀ ਹੋ ਕਿ 'ਸਿਆਣੇ ਨੂੰ ਇਸ਼ਾਰਾ ਕਾਫ਼ੀ ਪਰ ਮੂਰਖ ਨੂੰ ਫਿਟਕਾਰਾ ਅਤਿ ਲੋੜੀਂਦਾ ਹੈ।' (ਸੰਗ੍ਰ)

**ਸਿਆਲ ਸੋਨਾ ਹਾੜ ਰੁੱਪਾ ਸਾਉਣ ਸਾਵੇਂ ਭਾਦੋਂ ਬਾਹੀ ਗਈ ਨਿਥਾਵੇਂ।**

**ਭਾਵ** :— ਪੈਲੀਆਂ ਨੂੰ ਸਿਆਲ ਵਿਚ ਸੰਵਾਰਨਾ ਸੋਨੇ ਬਰਾਬਰ ਹੈ, ਹਾੜ ਵਿਚ ਚਾਂਦੀ ਵਰਗਾ, ਸਾਉਣ ਵਿਚ ਵੀ ਚੰਗਾ ਪਰ ਭਾਦੋਂ ਵਿਚ ਮਾੜਾ ਹੈ।

**ਵਰਤੋਂ** :— ਕਿਰਸਾਨੋ! ਧਿਆਨ ਨਾਲ ਸੁਣੋ, ਪੁਰਾਣੇ ਵਾਹਕਾਂ ਦਾ ਤਜਰਬਾ ਹੈ ਕਿ 'ਸਿਆਲ ਸੋਨਾ, ਹਾੜ ਰੁੱਪਾ, ਸਾਉਣ ਸਾਵੇਂ ਭਾਦੋਂ ਬਾਹੀ ਗਈ ਨਿਥਾਵੇਂ।' ਵੇਲੇ ਸਿਰ ਹੀ ਖੇਤੀ ਨੂੰ ਸੁਆਰਨਾ ਲਾਭ ਦੇਂਦਾ ਹੈ। (ਸੰਗ੍ਰ)

**ਸਿਆਲ ਦਾ ਕੋਰਾ ਰੂੜੀ ਦਾ ਬੋਰਾ।**

**ਭਾਵ** :— ਸਿਆਲ ਵਿਚ ਕੱਕਰ ਫਸਲਾਂ ਨੂੰ ਰੂੜੀ ਦਾ ਕੰਮ ਦੇਂਦਾ ਹੈ।

**ਵਰਤੋਂ** :— ਸਾਡੇ ਪਹਾੜੀ ਇਲਾਕੇ ਵਿਚ ਠੰਢ ਵਧੀਕ ਹੋਣ ਨਾਲ ਬੜਾ ਕੱਕਰ ਪੈਂਦਾ ਹੈ। ਜ਼ਿਮੀਂਦਾਰ ਬੜੇ ਖੁਸ਼ ਹੁੰਦੇ ਹਨ। ਉਹ ਇਹ ਜਾਣਦੇ ਹਨ 'ਸਿਆਲ ਦਾ ਕੋਰਾ, ਰੂੜੀ ਦਾ ਬੋਰਾ'। ਫਸਲਾਂ ਨੂੰ ਇਹ ਕੱਕਰ ਚੰਗੀ ਰੂੜੀ ਦਾ ਕੰਮ ਦੇਂਦੀ ਹੈ। (ਸੰਗ੍ਰ)

**ਸ਼ਿਕਾਰ ਵੇਲੇ ਕੁਤੀ ਹਗਾਈ ਜਾਂ ਸ਼ਿਕਾਰ ਵੇਲੇ ਕੁੱਤੀ ਹਲਕਾਈ।**

**ਭਾਵ** :— ਜਦ ਕੋਈ ਵੇਲੇ ਸਿਰ ਤਾਂ ਕੰਮ ਨਾ ਆਵੇ ਤੇ ਅਗੇ ਪਿਛੇ ਬੜੀ ਹਮਦਰਦੀ ਦੱਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੁਨਸ਼ਾ ਸਿੰਘ ਨੇ ਤਾਂ 'ਸ਼ਿਕਾਰ ਵੇਲੇ ਕੁੱਤੀ ਹਗਾਈ' ਵਾਲਾ ਹਿਸਾਬ ਹੀ ਕੀਤਾ। ਲੋੜ ਪੈਣ ਤੇ ਅਜੇਹਾ ਖਿਸਕਿਆ ਕਿ ਨਜ਼ਰ ਹੀ ਨਹੀਂ ਆਇਆ। (ਸੰਗ੍ਰ)

**ਸਿਦਕ ਦੇ ਬੇੜੇ ਪਾਰ।**

**ਭਾਵ** :— ਸੁੱਖ ਜਾਂ ਦੁੱਖ ਵਿਚ ਰੱਬ ਉਪਰ ਭਰੋਸਾ ਰਖਣ ਲਈ ਪ੍ਰੇਰਨਾ ਸਮੇਂ ਇਹ ਅਖਾਣ ਵਰਤਦੇ ਹਨ।

**ਵਰਤੋਂ** :—

'ਹਬਸ਼ੀ ਦੀ ਹਿਕਮਤ ਤੇ ਸੁਥਰਾ ਕੰਬਿਆ ਤੇ ਥਰਾਯਾ,
'ਬੇੜੇ ਪਾਰ ਸਿਦਕ ਦੇ ਹੁੰਦੇ,'
ਟਗ ਰਗ ਵਿਚ ਇਹ ਸਮਾਯਾ।

(ਬਾਦਸ਼ਾਹੀਆਂ—ਸ: ਚਰਨ ਸਿੰਘ)

**ਸਿਧੀਆਂ ਉਂਗਲਾਂ ਨਾਲ ਘਿਉ ਨਹੀਂ ਨਿਕਲਦਾ।**

**ਭਾਵ** :— ਜਦ ਸਾਫ਼ ਸਾਫ਼ ਗੱਲਾਂ ਕਰਨ ਨਾਲ ਕੋਈ ਝਗੜਾ ਨਿਪਟਿਆ ਨਾ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਨਰੈਣ ਸਿੰਘ—ਅਦਾਲਤ ਜੋ ਕੁਝ ਕਰੇਗੀ ਉਹ ਮੈਨੂੰ ਮਨਜ਼ੂਰ ਹੈ। ਇਥੇ ਸਿਧੀਆਂ ਉਂਗਲਾਂ ਨਾਲ ਘਿਉ ਨਹੀਂ ਨਿਕਲਦਾ। ਮੈਂ ਇਥੇ ਆ ਕੇ ਪਛਤਾਇਆ ਹਾਂ।

(ਇਕ ਸਿਖ ਘਰਾਣਾ—ਭਾਈ ਮੋਹਨ ਸਿੰਘ ਵੈਦ)

**ਸਿਰ ਉਖਲੀ ਵਿੱਚ ਦੇਣਾ ਤੇ ਧਮਕਲਾਂ (ਮੋਹਲਿਆਂ) ਤੋਂ ਡਰਨਾ!**

**ਭਾਵ** :— ਔਖੇ ਕੰਮ ਨੂੰ ਹੱਥ ਪਾ ਕੇ ਫਿਰ ਦੁਖਾਂ ਤੇ ਔਕੜਾਂ ਤੋਂ ਕੀ ਡਰਨਾ।

**ਵਰਤੋਂ** :— ਚਾਚਾ! 'ਸਿਰ ਉਖਲੀ ਵਿਚ ਦੇਣਾ ਤੇ ਧਮਕਲਾਂ ਤੋਂ ਡਰਨਾ'। ਇਹ ਗੱਲ ਤਾਂ ਹੁਣ ਅਨੋਖੀ ਲਗਦੀ ਹੈ, ਹੁਣ ਤਾਂ ਸਭ ਕੁਝ ਸਹਿਣਾ ਹੀ ਪਵੇਗਾ। (ਸੰਗ੍ਰ)

**ਸਿਰ ਕਾਇਮ ਤੇ ਜਗ ਕਾਇਮ।**

**ਭਾਵ** :— ਜਾਨ ਹੈ ਤਾਂ ਸਭੋ ਕੁਝ ਹੈ।

**ਵਰਤੋਂ** :— ਕਾਕੇ ਦੇ ਸਿਰ ਦੀ ਸੈਰ ਮਨਾਓ, ਪੈਸੇ ਲੁਟੇ ਗਏ ਤਾਂ ਹੋਰ ਆ ਜਾਣਗੇ। 'ਸਿਰ ਕਾਇਮ ਤੇ ਜਗ ਕਾਇਮ'। (ਸੰਗ੍ਰ)

**ਸਿਰ ਚੁਕੀਂਦਾ ਭੁੰਜੇ ਢਹਿੰਦਾ ਹੈ ਤਾਂ ਢਵੇ।**

**ਭਾਵ** :— ਜਦ ਕਿਸੇ ਨੂੰ ਬੜਾ ਸਮਝਾਇਆ ਜਾਵੇ ਤੇ ਉਸਦੀ ਹਰ ਗਲ ਮੰਨੀ ਜਾਵੇ ਪਰ ਉਹ ਫਿਰ ਵੀ ਰੁਸਿਆ ਰਹੇ, ਤਦ ਇਹ ਅਖਾਣ ਵਰਤਦੇ ਹਨ, ਜਾਂ ਜਦ ਕਿਸੇ ਨੂੰ ਉਚੀ ਥਾਂ ਦੇਵੀਏ ਪਰ ਉਹ ਆਪਣੀ ਪਹਿਲੀ ਥਾਂ ਉਤੇ ਹੀ ਆਵੇ।

**ਵਰਤੋਂ** :— 'ਸਿਰ ਚੁਕੀਂਦਾ ਭੁੰਜੇ ਡਿਗਦਾ ਏ ਤਾਂ ਡਿਗੇ'। ਬਥੇਰੀ ਪੁਚ ਪੁਚ ਕੀਤੀ ਏ। ਉਹ ਸਗੋਂ ਹੋਰ ਹੋਰ ਆਕੜੀ ਜਾਂਦਾ ਹੈ। (ਸੰਗ੍ਰ)

**ਸਿਰ ਜਾਏ ਪਰ ਸਿਰੜ ਨਾ ਜਾਏ।**

**ਭਾਵ** :— ਪਿਆਰ ਜਾਨ ਦੇਣ ਤੇ ਵੀ ਨਾ ਟੁੱਟੇ।

**ਵਰਤੋਂ** :— ਅਸਲ ਗੱਲ ਤਾਂ ਇਹ ਹੈ ਕਿ ਪਿਆਰ ਹੈ ਹੀ ਉਹ 'ਜਿਹੜਾ ਸਿਰ ਜਾਏ ਪਰ ਸਿਰੜ ਨਾ ਜਾਏ' ਵਾਲੇ ਅਖਾਣ ਤੇ ਪੂਰਾ ਘਟੇ। (ਸੰ)

**ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ।**

**ਭਾਵ** :— ਜਦ ਕੋਈ ਕਿਸੇ ਦਾ ਡਰ ਨਾ ਮੰਨੇ ਤੇ ਮਨ ਮਰਜ਼ੀ ਦੀਆਂ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋ** :— ਜਦੋਂ ਦਾ ਚੋਧਰੀ ਇਹਦੇ ਸਿਰ ਤੋਂ ਮਰ ਗਿਆ ਏ, ਇਹਨੂੰ ਕੋਈ ਪੁੱਛਣ ਗਿੱਛਣ ਵਾਲਾ ਨਹੀਂ ਰਿਹਾ ਅਖੇ 'ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ।' (ਹੀਰ ਸਿਆਲ ਨਾਟਕ—ਸ਼ਰਫ)

**ਸਿਰ ਦੇਣਾ ਹੈ, ਧਰਮ ਨਹੀਂ ਦੇਣਾ।**

**ਭਾਵ** :— ਮੌਤ ਸਹੇੜ ਲੈਣੀ ਹੈ, ਪਰ ਧਰਮ ਨਹੀਂ ਛਡਣਾ।

**ਵਰਤੋਂ** :— ਕਰਤਾਰ ਆਪੇ ਸਹਾਇਤਾ ਕਰੇਗਾ, 'ਉਸਨੂੰ ਬਿਰਦ ਦੀ ਲਾਜ ਹੈ। ਪਰ ਮੈਂ ਹੁਣ ਹਠ ਪੱਕਾ ਕਰ ਲਿਆ ਹੈ। 'ਸਿਰ ਦੇਣਾ ਹੈ ਧਰਮ ਨਹੀਂ ਦੇਣਾ।'

(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਸਿਰ ਨ੍ਹਾਤੀ, ਧੋਤੀ, ਕੰਘੀ ਵਾਹੀ ਤੇ ਲੈਣ ਕੋਈ ਨਾ ਆਈ।**

**ਭਾਵ** :— ਜਦ ਕੋਈ ਕਿਤੇ ਜਾਣ ਲਈ ਖੂਬ ਬਣ ਠਣ ਬੈਠੇ, ਪਰ ਜਾ ਨਾ ਸਕੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵੇਖੇ ਨੀ ਤੇਰੇ ਪੇਕੇ ਵੀ! 'ਸਿਰ ਨ੍ਹਾਤੀ ਧੋਤੀ, ਕੰਘੀ ਵਾਹੀ ਤੇ ਲੈਣ ਨਾ ਕੋਈ ਆਇਆ'। ਵਿਆਹ ਕੇ ਕਦੀ ਉਨ੍ਹਾਂ ਵਾਤ ਪੁਛੀ? (ਸੰਗ੍ਰ)

**ਸਿਰ ਪਈ ਤੇ ਆਵੇ ਕੰਮ, ਓਹੋ ਮਿਤ੍ਰ ਹੈ ਨਿਸ਼ੰਗ।**

**ਭਾਵ** :— ਮਿੱਤਰ ਓਹੀ ਹੈ, ਜੋ ਬਿਪਤਾ ਵੇਲੇ ਮਦਦ ਕਰੇ।

**ਵਰਤੋਂ** :— ਮੈਂ ਸ਼ਰੀਕਾਂ ਨੂੰ ਕੀ ਕਰਾਂ? 'ਸਿਰ ਪਈ ਤੇ ਆਵੇ ਕੰਮ, ਓਹੋ ਮਿੱਤਰ ਹੈ ਨਿਸ਼ੰਗ'। ਇਸ ਵੇਲੇ ਮੇਰੀ ਮਦਦ ਜਿਹੜੇ ਕਾਮੇ ਕਰਦੇ ਹਨ ਓਹੀ ਮੇਰੇ ਮਿੱਤਰ ਹਨ। (ਸੰਗ੍ਰ)

**ਸਿਰ ਮੁਨਾ ਕੇ ਭਦਰਾਂ ਪੁਛਣੀਆਂ।**

**ਭਾਵ** :— ਜਦ ਕੋਈ ਕਿਸੇ ਕੰਮ ਵਿਚੋਂ ਨੁਕਸਾਨ ਪਾਉਣ ਦੇ ਮਗਰੋਂ ਉਸ ਕੰਮ ਦੇ ਲਾਭ ਦੀ ਪੁੱਛ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਪੰਡਤ ਜੀ! ਧੰਨ ਹੋ ਤੁਸੀਂ, ਜਿਹੜੇ 'ਸਿਰ ਮੁਨਾ ਕੇ ਭਦਰਾਂ ਪੁਛਦੇ ਹੋ।' ਇਸ ਕੰਮ ਨੂੰ ਹੱਥ ਪਾਉਣ ਤੋਂ ਪਹਿਲਾਂ ਕਿਉਂ ਨਾ ਕਿਸੇ ਸਿਆਣੇ ਦੀ ਸਲਾਹ ਲਈ, ਦਿਵਾਲਾ ਕਢ ਕੇ ਹੁਣ ਦਲੀਲਾਂ ਕਰਦੇ ਹੋ। (ਸੰਗ੍ਰ)

**ਸਿਰ ਮੁਨਾਂਦਿਆਂ ਹੀ ਗੜੇ ਪਏ ।**

**ਭਾਵ** :— ਜਦ ਕਿਸੇ ਕੰਮ ਨੂੰ ਸ਼ੁਰੂ ਕਰਦਿਆਂ ਹੀ ਮੁਸੀਬਤ ਆ ਬਣੇ ।

**ਵਰਤੋਂ** :— ਕੀ ਪੁਛਦੇ ਹੋ ਦੋਸਤ ! ਅਜੇ ਹਫਤਾ ਕੁ ਹੀ ਹੋਈਆ ਹੈ ਇਸ ਕੰਮ ਨੂੰ ਹੱਥ ਪਾਇਆਂ, ਦੱਸ ਹਜ਼ਾਰ ਦਾ ਘਾਟਾ ਪੈ ਚੁੱਕਿਆ ਹੈ । ਅਗੋਂ ਦੇਖੀਏ ਹੁਣ ਕੀ ਬਣਦਾ ਹੈ । ਸਿਰ ਮੁਨਾਂਦਿਆਂ ਹੀ ਗੜੇ ਪਏ । (ਸੰਗ੍ਰ)

**ਸਿਰ ਵੱਡੇ ਸਰਦਾਰਾਂ ਦੇ, ਪੈਰ ਵੱਡੇ ਗਵਾਰਾਂ ਦੇ ।**

**ਭਾਵ** :— ਜਦ ਕਿਸੇ ਮੂਰਖ ਦੇ ਪੈਰ ਵੱਡੇ ਹੋਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਪਈ ਠੀਕ ਸਿਆਣਿਆਂ ਆਖਿਆ,'ਸਿਰ ਵੱਡੇ ਸਰਦਾਰਾਂ ਦੇ, ਪੈਰ ਵੱਡੇ ਗਵਾਰਾਂ ਦੇ' । ਇਸ ਮੂਰਖ ਨੂੰ ਕੋਈ ਵੀ ਜੁਤੀ ਮੇਚ ਨਹੀਂ ਆਉਂਦੀ । (ਸੰਗ੍ਰ)

**ਸਿਰਿ ਸਿਰਿ ਧੰਧੇ ਆਪੇ ਲਾਏ ।**

**ਭਾਵ** :— ਹਰ ਇਕ ਨੂੰ ਆਪੋ ਆਪਣੇ ਕੰਮ ਤੇ ਹਰੀ ਆਪ ਹੀ ਲਾਉਂਦਾ ਹੈ ।

**ਵਰਤੋਂ** :—

ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ,
ਸਿਰਿ ਸਿਰਿ ਧੰਧੈ ਆਪੇ ਲਾਏ ।
ਜਿਸੁ ਭਾਵੈ ਤਿਸੁ ਆਪੇ ਮੇਲੇ,
ਜਿਨਿ ਗੁਰਮੁਖਿ ਏਕੋ ਜਾਤਾ ਹੈ ।

(ਗੁਰੂ ਗ੍ਰੰਥ—ਮਾਰੂ ਰਾਗ)

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ।**

**ਭਾਵ** :— ਹਰੀ ਹਰ ਇਕ ਜੀਵ ਨੂੰ ਰਿਜ਼ਕ ਪੁਚਾਂਦਾ ਹੈ, ਇਸ ਲਈ ਮਨ ਵਿਚ ਡਰ ਕਿਸ ਦਾ ਕਰਨਾ ਹੈ ?

**ਵਰਤੋਂ** :—

ਜਨਨਿ ਪਿਤਾ ਲੋਕ ਸੁਤ ਬਨਿਤਾ,
ਕੋਇ ਨ ਕਿਸ ਕੀ ਧਰਿਆ ।
'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ ।'

(ਗੁਰੂ ਗ੍ਰੰਥ—ਰਾਗ ਗੂਜਰੀ)

**ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ ।**

ਵੇਖੋ : 'ਅੱਖਾਂ ਤੋਂ ਅੰਨ੍ਹੀ ਤੇ ਨਾਂ ਨੂਰ ਭਰੀ ।'

**ਭਾਵ** :— ਜਦ ਕਿਸੇ ਪਾਸ ਹੋਵੇ ਕੁਝ ਨਾ, ਤੇ ਨਖ਼ਰਾ ਮੁਫ਼ਤ ਦਾ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕੁਝ ਵੀ ਨਹੀਂ ਉਹਦੇ ਹੱਥ ਪੱਲੇ । ਫੈਂ ਫੈਂ ਬਹੁਤ ਕਰਦਾ ਹੈ । 'ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ' ਵਾਲੀ ਗੱਲ ਹੈ । (ਸੰਗ੍ਰ)

**ਸਿਰੋਂ ਪੈਰੋਂ ਨੰਗੇ ਹਾਂ, ਜਹਾਨ ਨਾਲੋਂ ਚੰਗੇ ਹਾਂ ।**

**ਭਾਵ** :— ਜਦ ਕੋਈ ਆਪਣੇ ਔਗੁਣਾਂ ਨੂੰ ਜਾਣਦਾ ਹੋਇਆ ਵੀ ਆਪਣੇ ਆਪ ਨੂੰ ਚੰਗਾ ਦਸੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਵਰਿਆਮ (ਜ਼ੋਰ ਨਾਲ ਹੱਸ ਕੇ) ਆਖੇ 'ਸਿਰੋਂ ਪੈਰੋਂ ਨੰਗੇ ਹਾਂ, ਜਹਾਨ ਨਾਲੋਂ ਚੰਗੇ ਹਾਂ' । ਬਾਊ ਜੀ ! ਡੰਗ ਦੀ ਡੰਗ ਰੋਟੀ ਤਾਂ ਨਸੀਬ ਨਹੀਂ ਹੁੰਦੀ, ਬਾਦਸ਼ਾਹ ਅਸੀਂ ਕਿਧਰੋਂ ਦੇ ਹੋ ਗਏ । ਇਹ ਸਭ ਸ਼ਾਹਾਂ ਨੇ ਜਟਾਂ ਨੂੰ ਵਡਿਆਉਣ ਲਈ ਗੱਲਾਂ ਬਣਾਈਆਂ ਹੋਈਆਂ ਨੇ ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਸਿਲੇਹਾਰ ਨੂੰ ਸਿਲੇਹਾਰ ਨਹੀਂ ਭਾਉਂਦੀ**

ਵੇਖੋ : 'ਕੁੱਤੇ ਦਾ ਕੁੱਤਾ ਵੈਰੀ ।'

**ਭਾਵ** :— (ਸਿਲੇਹਾਰ—ਵਾਢੀਆਂ ਪਿਛੋਂ ਸਿੱਟੇ ਚੁਗਣ ਵਾਲੀ) ਜਦ ਇਕੋ ਕੰਮ ਕਰਨ ਵਾਲੇ ਆਦਮੀ ਇਕ ਦੂਜੇ ਦੇ ਵਿਰੁਧ ਗੋਂਦਾ ਗੁੰਦਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਰਾਮੋਂ—ਨੀ ਗੰਗੋ, ਇਹ ਕੋਈ ਨਵੀਂ ਗੱਲ ਏ, 'ਸਿਲੇਹਾਰ ਨੂੰ ਸਿਲੇਹਾਰ ਨਹੀਂ ਭਾਉਂਦੀ' । ਕੰਮ ਜੋ ਇਕੋ ਹੋਇਆ, ਵੈਰ ਭਾਵਨਾ ਤਾਂ ਹੋਣੀ ਹੀ ਹੋਈ । (ਸੰਗ੍ਰ)

**ਸੀਸਿ ਨਿਵਾਇਐ ਕਿਆ ਥੀਐ ਜਾਂ ਰਿਦੈ ਕੁਸੁਧੇ ਜਾਹਿ ।**

**ਭਾਵ** :— ਸਿਰ ਨਿਵਾਇਆਂ ਕੀ ਬਣਦਾ ਹੈ ਜਦ ਹਿਰਦੇ ਵਿਚ ਮੈਲ ਹੋਵੇ ।

**ਵਰਤੋਂ** :—

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ।
'ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ'
(ਗੁਰੂ ਗ੍ਰੰਥ—ਆਸਾ ਦੀ ਵਾਰ)

**ਸੀਸ ਜਾਏ ਪਰ ਸਿਰੜ ਨਾ ਜਾਏ ।**

ਵੇਖੋ : ਸਿਰ ਜਾਏ ਪਰ ਸਿਰੜ ਨਾ ਜਾਏ ।

ਜਦ ਪ੍ਰੇਮ ਵਿੱਚ ਬੱਧਾ ਕੋਈ ਸਿਰ ਦੇ ਦੇਣ ਤੋਂ ਵੀ ਸੰਕੋਚ ਨਾ ਕਰੇ, ਪਰ ਆਪਣਾ ਹੱਠ ਨਾ ਛਡੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅਖੀਰ ਹਕੀਕਤ ਨੇ ਸਿਰ ਦੇ ਦਿੱਤਾ, ਪਰ ਸਿਰੜ ਨਾ ਛਡਿਆ ।
(ਬੰਬੀਹਾ ਬੋਲ—ਬਾਵਾ ਬੁਧ ਸਿੰਘ)

**ਸ਼ੀਂਹ, ਸੱਪ, ਫਕੀਰ ਦਾ ਦੇਸ ਕੇਹਾ ?**

**ਭਾਵ** :— ਜਦ ਕੋਈ ਕਿਸੇ ਰਮਤੇ (ਫ਼ਕੀਰ ਜਾਂ ਅਨਾਥ) ਪਾਸੋਂ ਉਸਦਾ ਵਤਨ ਪੁਛੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

'ਰਾਂਝੇ ਆਖਿਆ ਖਿਆਲ ਨਾ ਪਵੇਂ ਮੇਰੇ,
ਸ਼ੀਂਹ ਸੱਪ, ਫ਼ਕੀਰ ਦਾ ਦੇਸ ਕੇਹਾ ?'
(ਹੀਰ—ਵਾਰਸ ਸ਼ਾਹ)

**ਸੀਖ ਨ ਦੀਜੈ ਬਾਂਦਰਾਂ ਜੋ ਬਿਹੇ ਕਾ ਘਰ ਖਾਏ ।**

**ਭਾਵ** :— ਮੂਰਖ ਨੂੰ ਸਿਖਿਆ ਦੇਣੀ ਚੰਗੀ ਨਹੀਂ । ਉਹ ਉਲਟਾ ਤੁਹਾਨੂੰ ਦੁਖੀ ਕਰੇਗਾ । ਇਸ ਅਖਾਣ ਬਾਰੇ ਇਹ ਕਹਾਣੀ ਪ੍ਰਸਿਧ ਹੈ ਕਿ ਬਾਂਦਰ ਨੂੰ ਦੁਖੀ ਵੇਖਕੇ ਬਿਜੜੇ ਨੇ ਉਪਦੇਸ਼ ਦਿੱਤਾ ਕਿ ਹੇ ਮਨੁੱਖ ਸੂਰਤ ਜੰਤੂ, ਦੋ ਦੋ ਹੱਥਾਂ ਪੈਰਾਂ ਵਾਲੇ, ਜੇ ਤੂੰ ਪਹਿਲਾਂ ਘਰ ਬਣਾ ਛਡਦਾ ਤਾਂ ਕਿਉਂ ਦੁਖੀ ਹੁੰਦਾ । ਬਾਂਦਰ ਨੇ ਉਸਦੇ ਉਪਦੇਸ਼ ਦੀ ਕਦਰ ਨਾ ਕਰਕੇ ਉਸਦਾ ਘਰ ਹੀ ਉਜਾੜ ਦਿੱਤਾ ।

**ਵਰਤੋਂ** :— ਧੀਰੂ ਮਲ ਬੜਾ ਮਿਹਨਤੀ ਕਿਸਾਨ ਸੀ, ਉਸਦਾ ਭਰਾ ਨੀਰੂ ਬਹੁਤ ਸੁਸਤ ਸੀ । ਨੀਰੂ ਦੇ ਖੇਤ ਵਿਚ ਅਨਾਜ ਬਹੁਤ ਘਟ ਹੋਇਆ, ਉਹ ਧੀਰੂ ਮਲ ਕੋਲ ਸਹਾਇਤਾ ਲਈ ਗਿਆ । ਧੀਰੂ ਮਲ ਨੇ ਉਸਨੂੰ ਬਹੁਤ ਸਮਝਾਇਆ ਪਰ ਉਹ ਸਮਝਣ ਦੀ ਥਾਂ ਉਲਟਾ ਗੁਸੇ ਵਿਚ ਆ ਗਿਆ ਅਤੇ ਧੀਰੂ ਦੇ ਬੋਹਲ ਨੂੰ ਅਗ ਲਗਾ ਕੇ ਸਵਾਹ ਕਰ ਦਿਤਾ । ਧੀਰੂ ਨੂੰ ਝੁਰਦਾ ਵੇਖ ਕੇ ਧੀਰੂ ਨੇ ਕਿਹਾ "ਸੀਖ ਨ ਦੀਜੈ ਬਾਂਦਰਾਂ ਜੋ ਬਿਹੇ ਕਾ ਘਰ ਖਾਏ" (ਸੰ:)

**ਸੀਨੇ ਬਸੀਨੇ ਰਖਣ, ਸਵਾਦ ਚਖਣ ।**

**ਭਾਵ** :— ਭੇਦ ਨੂੰ ਦਿਲ ਵਿਚ ਰਖਣ ਦਾ ਹੀ ਸੁਆਦ ਹੈ ।

**ਵਰਤੋਂ** :—ਭਲੇ ਓਹੀ ਜਿਹੜੇ 'ਸੀਨੇ ਬਸੀਨੇ ਰਖਣ, ਸੁਆਦ ਚਖਣ,' ਬੜ ਬੜ ਕਰਨ ਨਾਲ ਕੁਝ ਨਹੀਂ ਹਥ ਆਉਂਦਾ । (ਸੰਗ੍ਰ)

**ਸੁਆਦਾਂ ਪੱਟੀ ਸਰਹਿੰਦ, ਬੱਸੀ ਦੇ ਹੋ ਗਏ ਕੋਲੇ ।**

**ਭਾਵ** :— ਜਦ ਕੋਈ ਘਰ ਦਾ ਬੰਦਾ ਜੀਭ ਦੇ ਸੁਆਦ ਦਾ ਪਟਿਆ, ਹਟਵਾਣੀਏ ਤੋਂ ਘਰ ਦੀ ਵਸਤ ਦੇਕੇ, ਚੀਜ਼ਾਂ ਖਾਣ ਲਗ ਪਵੇ ਤਦ ਘਰ ਦੇ ਵਡੇਰੇ ਉਸਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਤੇਰਾ ਕੀ ਹੈ, ਜਿਹੜੀ ਚੀਜ਼ ਘਰ ਵੇਖੀ, ਸ਼ਾਹ ਦੀ ਹੱਟੀ ਜਾ ਸੁੱਟੀ ਤੇ ਮੂੰਹ ਦਾ ਸੁਆਦ ਰਖ ਲਿਆ । ਇਉਂ ਤਾਂ ਅਸੀਂ ਅਜ ਵੀ ਉਜੜੇ ਤੇ ਕਲ ਵੀ ਉਜੜੇ, 'ਸੁਆਦਾਂ ਪੱਟੀ ਸਰਹਿੰਦ, ਬਸੀ ਦੇ ਹੋ ਗਏ ਕੋਲੇ' । ਸੋਈ ਹਾਲ ਇਕ ਦਿਨ ਸਾਡਾ ਹੋਣਾ ਹੈ । (ਸੰਗ੍ਰ)

**ਸੁਹਣਾ ਤਕ ਕੇ ਭੁੱਲੀ, ਚੋਥਾ ਲੰਘਣ ਚੁੱਲ੍ਹੀ ।**

**ਭਾਵ** :— ਜਦ ਮਖੱਟੂ ਪਤੀ ਕੁਝ ਕਮਾਈ ਨਾ ਲਿਆਵੇ ਤੇ ਘਰ ਖਾਣ ਪੀਣ

ਦੀ ਤੰਗੀ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਕੀ ਦੁਖ ਦਸਾਂ ਤੁਹਾਨੂੰ। 'ਸੁਹਣਾ ਤੱਕ ਕੇ ਭੁਲੀ। ਚੋਥਾ ਲੰਘਣ ਚੁਲੀ।' ਮੈਂ ਬਾਹਰ ਦੀ ਟੀਪ ਟਾਪ ਵੇਖ ਕੇ ਜਾਤਾ, ਕੁਝ ਅੰਦਰ ਵੀ ਹੋਣਾ ਹੈ। ਪਰ ਵਿਚੋਂ ਮੇਰੇ ਸਾਹੁਰੇ ਪੋਲੇ ਹੀ ਸਨ। (ਸੰਗ੍ਰ)

**ਸੁਕੀ ਸਿਉਂ, ਹਰੀ ਹੋ ਰਹੇਗੀ।**

**ਭਾਵ** :—ਮਿਹਨਤ ਕਰਨ ਨਾਲ ਮਾੜਾ ਵੀ ਤਕੜਾ ਹੋ ਸਕਦਾ ਹੈ।

**ਵਰਤੋਂ** :— ਨਾਨਕ ਚੰਦ—ਤਾਈ, ਜੀ! ਹਿੰਮਤ ਕਰੋ, 'ਸੁਕੀ ਸਿਉਂ ਹਰੀ ਹੋ ਰਹੇਗੀ' ਮਿਹਨਤ ਤੇ ਉਦਮ ਕਰਨ ਨਾਲ ਤੁਸੀਂ ਵੀ ਤਕੜੇ ਹੋ ਜਾਉਗੇ। (ਸੰਗ੍ਰ)

**ਸੁਕੇ ਉਤੇ ਮਿਲ ਮਾਹੀਆ।**

**ਭਾਵ** :— ਹਥ ਪਲੇ ਪੈਸਾ ਨਾ ਹੋਵੇ ਤੇ ਆਸਾਂ ਬੜੀਆਂ ਹੋਣ।

**ਵਰਤੋਂ** :— ਉਸ ਪਾਸ ਪੈਸਾ ਤੇ ਹੈ ਨਹੀਂ ਤੇ ਆਸਾਂ ਇਹ ਰਖੀ ਬੈਠਾ ਹੈ ਕਿ ਪੁਤਰ ਨੂੰ ਵਲੈਤ ਪੜ੍ਹਨ ਲਈ ਭੇਜੇਗਾ। ਇਹ ਤੇ ਉਹ ਗਲ ਹੋਈ ਕਿ 'ਸੁਕੇ ਉਤੇ ਮਿਲ ਮਾਹੀਆ।' (ਸੰਗ੍ਰ)

**ਸੁਕੇ ਢਿੰਗਰੂੰ ਆਂਡੇ ਲਹਾਵੇ।**

**ਭਾਵ** :— ਨਿਕੰਮੀ ਚੀਜ਼ ਤੋਂ ਕਦੀ ਲਾਭ ਨਹੀਂ ਹੋ ਸਕਦਾ, ਜਾਂ, ਮਾੜੀ ਚੀਜ਼ ਤੋਂ ਚੰਗੇ ਫਲ ਦੀ ਆਸ ਰਖਣੀ।

**ਵਰਤੋਂ** :— ਮੇਰਾ ਤਾਂ ਵਿਸ਼ਵਾਸ ਹੈ ਕਿ ਏਸ ਵਣਜ ਵਿਚ ਘਾਟਾ ਹੀ ਘਾਟਾ ਜੇ। ਪਰ ਤੁਸੀਂ ਤਾਂ 'ਸੁਕੇ ਢਿੰਗਰੂੰ ਆਂਡੇ ਲਹਾਵੇ' ਵਾਲੀ ਗਲ ਲੋੜਦੇ ਹੋ। ਭੋਲਿਓ, ਕਦੀ ਚਿੜੀਆਂ ਨੇ ਵੀ ਦੁੱਧ ਦਿੱਤਾ ਹੈ? (ਸੰਗ੍ਰ)

**ਸੁਖ ਮਹਿ ਆਨਿ ਬਹੁਤੁ ਮਿਲਿ ਬੈਠਤ।**

**ਭਾਵ** :— ਜਦ ਦੁਖ ਵੇਲੇ ਕੋਈ ਕਿਸੇ ਦਾ ਸਾਥ ਨਾ ਦੇਵੇ, ਤਦ ਵਰਤਦੇ ਹਨ।

**ਵਰਤੋਂ** :—

"ਸੁਖ ਮਹਿ ਆਨਿ ਬਹੁਤੁ ਮਿਲਿ ਬੈਠਤ,
ਰਹਿਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ॥"

(ਗੁਰੂ ਗ੍ਰੰਥ—ਸੋਰਠ ਰਾਗ)

**ਸੁਖ ਮਾਂਗਤ ਦੁਖੁ ਆਗੈ ਆਵੈ॥**

**ਭਾਵ** :— ਜਿਸ ਸੁਖ ਦੇ ਮੰਗਿਆਂ ਸਗੋਂ ਦੁਖ ਮਿਲੇ।

**ਵਰਤੋਂ** :— ਜਿਹੜਾ ਇਸ ਵੇਲੇ ਮਨ ਨੂੰ ਮੋੜਨਾ ਹੈ, ਸੋ ਬੜਾ ਔਖਾ ਤਾਂ ਹੈ, ਪਰ ਫਲ ਬੜਾ ਮਿੱਠਾ ਰਖਦਾ ਹੈ, ਤੇ ਜਿਹੜਾ ਸੁਆਦ ਦੇ ਮਾਰੇ ਮਨ ਦੇ ਮਗਰ ਲਗਣਾ ਹੈ, ਇਹ ਪਲ ਭਰ ਦਾ ਅਨੰਦ ਦੇ ਕੇ ਅਨੇਕਾਂ ਕਸ਼ਟਾਂ ਵਿਚ ਪਾ ਦੇਵੇਗਾ। 'ਸੁਖੁ ਮਾਂਗਤ ਦੁਖੁ ਆਗੈ ਆਵੈ। ਸੋ ਸੁਖੁ ਹਮਹੁਨ ਮਾਂਗਿਆ ਭਾਵੈ।" (ਬਿਜੈ ਸਿੰਘ—ਭਾਈ ਵੀਰ ਸਿੰਘ)

**ਸੁਖੀ ਸੌਣ ਸ਼ੇਖ, ਜਿਨ੍ਹਾਂ ਦੇ ਟਟੂ ਨਾ ਮੇਖ।**

**ਭਾਵ** :— ਜਦ ਧਨੀ ਦੁਖੀ ਹੋਵੇ ਤੇ ਗਰੀਬ ਆਦਮੀ ਸੁਖੀ ਹੋਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸਾਡੇ ਅਮੀਰਾਂ ਤੋਂ ਤਾਂ ਗ਼ਰੀਬ ਕਈ ਗੁਣਾ ਸੁਖੀ ਨੇ। ਜਿਸ ਵੇਲੇ ਵੇਖੋ ਹਸਦੇ ਹਸਦੇ, ਰਜੇ ਪੁਜੇ। ਠੀਕ ਹੈ, 'ਸੁਖੀ ਸੌਣ ਸ਼ੇਖ, ਜਿਨ੍ਹਾਂ ਦੇ ਟਟੂ ਨਾ ਮੇਖ।' ਸਾਡੇ ਲਈ ਤਾਂ ਇੱਕ ਰੌਲਾ ਮੁੱਕਾ ਤੇ ਦੂਜਾ ਢੁੱਕਾ। (ਸੰਗ੍ਰ)

**ਸੁਖੀਏ ਕਉ ਪੇਖੈ ਸਭ ਸੁਖੀਆ, ਰੋਗੀ ਕੈ ਭਾਣੈ ਸਭ ਰੋਗੀ॥**

**ਭਾਵ** :—ਸੁਖੀਏ ਨੂੰ ਸਭ ਸੁਖੀ ਜਾਪਦੇ ਹਨ ਤੇ ਰੋਗੀ ਨੂੰ ਸਭ ਰੋਗੀ ਹੀ ਦਿਸਦੇ ਹਨ। ਭਾਵ, ਚੰਗੇ ਨੂੰ ਸਭ ਚੰਗਾ ਤੇ ਮੰਦੇ ਨੂੰ ਸਭ ਮੰਦਾ ਦਿਸਦਾ ਹੈ।

ਵਰਤੋਂ :—

"ਸੁਖੀਏ ਕਉ ਪੇਖੈ ਸਭ ਸੁਖੀਆ,
ਰੋਗੀ ਕੈ ਭਾਣੈ ਸਭ ਰੋਗੀ ॥
ਕਰਣ ਕਰਾਵਨਹਾਰ ਸੁਆਮੀ,
ਆਪਨ ਹਥਿ ਸੰਜੋਗੀ ॥

(ਗੁਰੂ ਗ੍ਰੰਥ—ਸੋਰਠ ਰਾਗ)

**ਸੁਖਾਂ ਦਾ ਇਕ ਪੂਲਾ ਨਹੀਂ, ਦੁਖਾਂ ਦੇ ਖਲਵਾੜ ।**

ਭਾਵ :— ਜੀਵਨ ਜਦ ਦੁਖਾਂ ਨਾਲ ਭਰਿਆ ਪਿਆ ਹੋਵੇ ਤੈ ਸੁੱਖ ਇੱਕ ਪਲ ਦਾ ਵੀ ਨਾ ਹੋਵੇ ।

ਵਰਤੋਂ :—

ਵਾਵੇਲਾ ਕੀ ਕਰਨਾ ਏ, ਜਿੰਦ ਸਾੜੇ ਜੋ ਸਾੜੇ,
ਸੁੱਖਾਂ ਦਾ ਇਕ ਪੂਲਾ ਨਹੀਂ, ਦੁਖਾਂ ਦੇ ਖਲਵਾੜੇ ।

(ਕਾਫ਼ੀਆਂ—ਬੁਲ੍ਹੇ ਸ਼ਾਹ)

**ਸੁਘੜ ਨਾਲ ਭੀਖ ਮੰਗ ਲਈ ਚੰਗੀ ਤੇ ਮੂਰਖ ਨਾਲ ਰਾਜ ਮਾਣਿਆ ਮੰਦਾ ।**

ਭਾਵ :— ਅਕਲਮੰਦ ਨਾਲ ਮੰਗ ਖਾਣਾ ਚੰਗਾ, ਪਰ ਮੂਰਖ ਨਾਲ ਰਾਜ ਕਰਨਾ ਮਾੜਾ ਹੈ ।

ਵਰਤੋਂ :— ਵੇਖੋ ਜੀ, 'ਸੁਘੜ ਨਾਲ ਭੀਖ ਮੰਗ ਲਈ ਚੰਗੀ, ਤੇ ਮੂਰਖ ਨਾਲ ਰਾਜ ਮਾਣਿਆ ਮੰਦਾ' । ਸਿਆਣਾ ਵੈਰੀ ਮੂਰਖ ਮਿਤ੍ਰ ਨਾਲੋਂ ਚੰਗਾ ਹੁੰਦਾ ਹੈ । ਮੈਂ ਨਹੀਂ ਭਿਆਲੀ ਪਾਣੀ ਇਸ ਪਾਚੜ, ਕੁੱਢ, ਮਨੁੱਖ ਨਾਲ । (ਸੰਗ੍ਰ)

**ਸੁਚਿ ਹੋਵੈ ਤਾਂ ਸਚੁ ਪਾਈਐ ।**

ਭਾਵ :— ਸੱਚ ਤਦ ਮਿਲਦਾ ਹੈ, ਜੇਕਰ ਦਿਲ ਦੀ ਪਵਿੱਤਰਤਾ ਹੋਵੇ । ਜਦ ਇਹ ਦਸਣਾ ਹੋਵੇ ਕਿ ਨੀਅਤ ਸਾਫ ਕਰੋ, ਤਾਂ ਰੱਬ ਮਿਲੇਗਾ, ਤਾਂ ਵਰਤਦੇ ਹਨ ।

ਵਰਤੋ :—

"ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾਂ ਸਚੁ ਪਾਈਐ ॥"

(ਗੁਰੂ ਗ੍ਰੰਥ—ਆਸਾ ਦੀ ਵਾਰ)

**ਸੁਚੇ ਮੋਤੀ ਨੂੰ ਮੁਲੰਮੇ ਦੀ ਕੀ ਲੋੜ ।**

ਭਾਵ :— ਸੁੰਦਰੀ ਨੂੰ ਸੁਹਣੇ ਕਪੜਿਆਂ ਦੀ ਲੋੜ ਨਹੀਂ । ਜਾਂ ਸੱਚੇ ਆਦਮੀ ਨੂੰ ਲਾਗ ਲਪੇਟ ਦੀ ਲੋੜ ਨਹੀਂ ।

ਵਰਤੋਂ :— ਸਾੜ੍ਹੀ ਇਸ ਦੇ ਹੁਸਨ ਨੂੰ ਨਹੀਂ ਨਿਖਾਰ ਰਹੀ—ਕਿੰਨੀ ਸੋਹਣੀ ਲਗੇ, ਜੇ ਕਦੀ ਸਾਦੇ ਪਹਿਰਾਵੇ ਵਿਚ ਹੋਵੇ । 'ਸੁੱਚੇ ਮੋਤੀ ਨੂੰ ਭਲਾ ਮੁਲੰਮੇ ਦੀ ਕੀ ਲੋੜ ।'

(ਗੰਗਾ ਜਲੀ ਵਿਚ ਸ਼ਰਾਬ—ਨਾਨਕ ਸਿੰਘ)

**ਸੁਣਿ ਗਲਾ ਅਕਾਸਿ ਕੀ, ਕੀਟਾ ਆਈ ਰੀਸ ।**

ਭਾਵ :— (ਰਬ ਦੀਆਂ) ਉਚੀਆਂ ਗਲਾਂ ਸੁਣ ਕੇ ਨੀਵੇਂ ਤੋਂ ਨੀਵੇਂ ਜੀਵ ਨੂੰ ਭੀ, ਰਬ ਨੂੰ ਮਿਲਣ ਦਾ ਚਾਅ ਪੈਦਾ ਹੋ ਜਾਂਦਾ ਹੈ । ਅਖਾਣ ਦੇ ਤੌਰ ਤੇ ਤਦ ਵਰਤਦੇ ਹਨ, ਜਦ ਨੀਵਾਂ ਵਡੇ ਦੀ ਰੀਸ ਕਰੇ ।

ਵਰਤੋਂ :—

"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ" ॥

(ਗੁਰੂ ਗ੍ਰੰਥ—ਜਪੁਜੀ)

**ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ।**

ਭਾਵ :— ਬੇਅੰਤ ਜੀਵ ਝੂਠੀ ਮਾਇਆ ਦੇ ਕਾਰਨ ਅਗਿਆਨਤਾ ਦੀ ਨੀਂਦਰ ਵਿਚ ਸੁਤੇ ਪਏ ਹਨ । ਦੁਨਿਆਵੀ ਪਦਾਰਥਾਂ ਨੂੰ ਨਿੰਦਣ ਸਮੇਂ ਵਰਤਦੇ ਹਨ ।

ਵਰਤੋਂ :—

"ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨਿ, ਜਿ ਰਸਨਾ ਨਾਮ ਉਚਾਰਣੇ ॥"

(ਗੁਰੂ ਗ੍ਰੰਥ—ਸ਼ਲੋਕ ਮਹਲਾ ੫)

**ਸੁਤੜੇ ਸੁਖੀ ਸਵੰਨਿ ਜੋ ਰਤੇ ਸਹ ਆਪਣੇ ।**

ਭਾਵ :— ਜਦ ਇਹ ਦਸਣਾ ਹੋਵੇ, ਕਿ ਸੁਖੀ ਉਹੀ ਸੌਂਦੇ ਹਨ, ਜੋ ਰਬ ਨਾਲ ਪਿਆਰ ਕਰਦੇ ਹਨ, ਦੁਨਿਆਵੀ ਧੰਦਿਆਂ ਵਿਚ ਖਚਤ ਹੋਏ ਜੀਵ ਨਹੀਂ, ਤਦ ਵਰਤਦੇ ਹਨ ।

**ਵਰਤੋਂ :—**

"ਸੁਤੜੇ ਸੁਖੀ ਸਵੰਨਿ ਜੋ ਰਤੇ ਸਹ ਆਪਣੈ ॥
ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨਿ ॥"
(ਗੁਰੂ ਗ੍ਰੰਥ—ਸਲੋਕ ਮ: ੫)

**ਸੁੱਤਾ ਮੋਇਆ ਇਕ ਬਰਾਬਰ ।**

**ਭਾਵ :—** ਸੁੱਤਾ ਪਿਆ ਬੰਦਾ ਮੋਏ ਵਾਂਗ ਬੇਖ਼ਬਰ ਹੁੰਦਾ ਹੈ ।

**ਵਰਤੋਂ :—** ਕਿਹਰ ਸਿੰਘ—ਭਾਈ, ਚੋਰ ਜੇ ਆਏ ਤਾਂ ਤੂੰ ਕਿਥੇ ਸੀ ?

ਭਾਈ—ਕਾਕਾ ! 'ਸੁੱਤਾ ਮੋਇਆ ਇਕ ਬਰਾਬਰ' ਹੁੰਦਾ ਹੈ ।' ਮੈਂ ਅੰਦਰ ਸੁਤੀ ਹੋਈ ਸੀ । ਉੱਕਾ ਪਤਾ ਹੀ ਨਹੀਂ ਲਗਾ । (ਸੰਗ੍ਰ)

**ਸੁਤਿਆਂ ਦੇ ਕੱਟੇ, ਜਾਗਦਿਆਂ ਦੀਆਂ ਕਟੀਆਂ ।**

**ਭਾਵ :—** ਜਦ ਕਿਸੇ ਦੇ ਅਵੇਸਲੇ ਰਹਿਣ ਕਰ ਕੇ ਉਸ ਦੇ ਕੰਮ ਵਿਗੜ ਜਾਣ, ਤਦ ਉਸ ਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਸਿਆਣਿਆਂ ਨੇ ਸਚ ਜੁ ਆਖਿਆ ਹੈ, ਪਈ 'ਸੁਤਿਆਂ ਦੇ ਕੱਟੇ ਤੇ ਜਾਗਦਿਆਂ ਦੀਆਂ ਕਟੀਆਂ' । ਤੂੰ ਆਪ ਲਾਪਰਵਾਹ ਜੁ ਰਿਹਾ, ਤਾਂ ਤੇਰਾ ਕੰਮ ਸਿਰੇ ਕਿਸ ਤਰ੍ਹਾਂ ਚੜ੍ਹਦਾ । (ਸੰ)

**ਸੁੱਤੀ ਨੇ ਕਤਿਆ ਹੀ ਸਹੀ ।**

**ਭਾਵ :—** ਜਦ ਕੋਈ ਵਿਹਲਾ ਪੁਰਸ਼ ਕੋਈ ਮਾੜਾ ਮੋਟਾ ਕੰਮ ਅਰੰਭ ਕਰ ਲਵੇ ਤੇ ਕੋਈ ਉਸ ਨੂੰ ਪੁਛੇ ਕਿ ਇਹ ਕੀ ਧੰਧਾ ਗਲ ਪਾ ਲਿਆ ਜੇ, ਤਦ ਉਹ ਉਤਰ ਵਿਚ ਇਹ ਅਖਾਣ ਵਰਤਦਾ ਹੈ ।

**ਵਰਤੋਂ :—** ਰੱਖੀ—ਨੀ ਕਰਤਾਰੋ ! ਇਹ ਨਵਾਂ ਅਡੰਬਰ ਕੀ ਰਚ ਬੈਠੀ ਏਂ । ਤੈਨੂੰ ਕੰਮ ਨਾਲ ਕੀ ?

ਕਰਤਾਰੋ—ਵਿਹਲੀ ਰਹਿ ਰਹਿ ਕੇ ਅਕ ਗਈ ਹਾਂ । ਕੁਝ ਕਰਨ ਨੂੰ ਜੀ ਕਰ ਆਇਆ, ਮੈਂ ਆਖਿਆ ਚਲੋ, 'ਸੁਤੀ ਨੇ ਕਤਿਆ ਹੀ ਸਹੀ' । ਕੁਝ ਤਾਂ ਕਰੀਏ । (ਸੰਗ੍ਰ)

**ਸੁਤੁ ਅਪਰਾਧ ਕਰਤ ਹੈ ਜੇਤੇ । ਜਨਨੀ ਚੀਤਿ ਨਾ ਰਾਖਿਸ ਤੇਤੇ ॥**

**ਭਾਵ :—** ਪੁੱਤਰ ਜਿਤਨੇ ਵੀ ਮਾੜੇ ਕੰਮ ਕਰਦਾ ਹੈ, ਮਾਤਾ (ਜਨਨੀ) ਉਨ੍ਹਾਂ ਅਪਰਾਧਾਂ ਨੂੰ ਚੇਤੇ ਨਹੀਂ ਰਖਦੀ । ਕਿਸੇ ਵਡਿਕੇ ਤੋਂ ਮਾਫ਼ੀ ਮੰਗਣ ਵੇਲੇ ਵੀ ਵਰਤਦੇ ਹਨ ।

**ਵਰਤੋਂ :—**

"ਸੁਤੁ ਅਪਰਾਧ ਕਰਤ ਹੈ ਜੇਤੇ ॥
ਜਨਨੀ ਚੀਤਿ ਨਾ ਰਾਖਸਿ ਤੇਤੇ" ॥
ਰਾਮਈਆ ਹਉ ਬਾਰਿਕੁ ਤੇਰਾ ॥
ਕਾਹੇ ਨ ਖੰਡਸਿ ਅਵਗੁਣ ਮੇਰਾ ॥
(ਗੁਰੂ ਗ੍ਰੰਥ—ਆਸਾ ਕਬੀਰ ਜੀ)

**ਸੁੱਤੇ ਪਏ ਮੁੰਡੇ ਦਾ ਮੂੰਹ ਚੁੰਮਿਆ, ਨਾ ਮੁੰਡਾ ਰਾਜ਼ੀ, ਨਾ ਮੁੰਡੇ ਦੀ ਮਾਂ । ਜਾਂ ਸੁਤੇ ਪਏ ਮੁੰਡੇ ਦਾ ਮੂੰਹ ਚੁੰਮਿਆਂ, ਮਾਂ ਪਿਓ ਨਹੀਂ ਮੰਨਦਾ ।**

**ਭਾਵ :—** ਜਦ ਕੋਈ ਕਿਸੇ ਦੀ ਗੁਪਤ ਮਦਦ ਕਰ ਰਿਹਾ ਹੋਵੇ ਤੇ ਉਸ ਨੂੰ ਇਸ ਕੰਮ ਤੋਂ ਵਰਜਣ ਵਾਲੇ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਵੇਖੋ ਜੀ ! ਗੁਪਤੀ ਸੇਵਾ ਦਾ ਕੀ ਲਾਭ ? 'ਸੁੱਤੇ ਪਏ ਮੁੰਡੇ ਦਾ ਮੂੰਹ ਚੁੰਮਿਆ, ਨਾ ਮੁੰਡਾ ਰਾਜ਼ੀ ਨਾ ਮੁੰਡੇ ਦੀ ਮਾਂ' । ਜਦ ਕਿਸੇ ਨੂੰ ਪਤਾ ਹੀ ਨਾ ਲਗੇ, ਤਦ ਲੋਕੀ ਤੁਸਾਡਾ ਅਹਿਸਾਨ ਕਿਵੇਂ ਮੰਨਣ । (ਸੰਗ੍ਰ)

**ਸੁੱਤੇ ਬਾਲ ਦਾ ਮੂੰਹ ਚੁੰਮਣਾ ।**

**ਭਾਵ :—** ਉਹ ਕੰਮ ਕਰਨਾ ਜਿਸ ਵਿਚ ਕਿਸੇ ਤੇ ਕੋਈ ਅਹਿਸਾਨ ਨਾ ਹੋਵੇ ।

**ਵਰਤੋਂ :—** ਤੁਸੀਂ ਤੇ ਇਸ ਕੰਮ ਤੇ ਇੰਨਾ ਖਰਚ ਕਰੀ ਜਾਂਦੇ ਹੋ, ਪਰ ਇਹ ਹੈ 'ਸੁਤੇ ਬਾਲ ਦਾ ਮੂੰਹ ਚੁੰਮਣਾ' ਵਾਲੀ ਗਲ । ਕਿਉਂ ਜੋ ਪਿੰਡ ਦੇ ਲੋਕਾਂ ਨੂੰ ਤੇ ਸਫ਼ਾਈ ਦੀ ਪਰਵਾਹ ਹੀ ਨਹੀਂ । (ਸੰਗ੍ਰ)

**ਸੁੱਥਣ ਤੇ ਨਾਲਾ ਬੀਬੀ ਦੇ ਕਪੜੇ ਆਏ ।**

**ਭਾਵ :—** ਜਦ ਸਜ-ਵਿਆਹੀ ਵਹੁਟੀ ਲਈ ਸਹੁਰੇ ਘਰੋਂ ਮਾਮੂਲੀ ਜੇਹੇ ਕਪੜੇ ਆਉਣ, ਤਦ ਇਹ ਅਖਾਣ ਹਾਸ-ਰਸ ਵਿਚ ਵਰਤਦੇ ਹਨ ।

**ਵਰਤੋਂ :—** ਵੱਡੀ ਬਣੀ ਫਿਰਦੀ ਏ ਲੜਾਕੋ, 'ਸੁਥਣ ਤੇ ਨਾਲਾ ਬੀਬੀ ਦੇ ਕਪੜੇ ਆਏ ।' ਮੈਂ ਨਹੀਂ ਜਾਣਦੀ, ਵਿਚੋਂ ਤੁਸੀਂ ਕੌਣ ਓ ? (ਸੰਗ੍ਰ)

**ਸੁਨਿਆਰਾ ਸਿੱਖ ਨਹੀਂ ਤੇ ਰਿਉੜੀ ਪ੍ਰਸ਼ਾਦ ਨਹੀਂ । ਜਾਂ ਸੁਨਿਆਰ ਹੋਵੇ ਪਾਰ ਤੇ ਗੰਢ ਸੰਭਾਲੀਏ ਉਤਾਰ । ਜਾਂ ਸੁਨਿਆਰਾ ਤਾਂ ਆਪਣੀ ਮਾਂ ਦੇ ਗਹਿਣੇ ਵਿਚੋਂ ਵੀ ਸੋਨਾ ਟੁਕ ਲੈਂਦਾ ਹੈ ।**

**ਭਾਵ :—**ਜਦ ਕੋਈ ਸੁਨਿਆਰਾ ਕਿਸੇ ਨੂੰ ਧੋਖਾ ਦੇ ਜਾਵੇ ਤਦ ਅਜੇਹੇ ਅਖਾਣ ਵਰਤਦੇ ਹਨ । ਸੁਨਿਆਰੇ ਦਾ ਸੂਮਪੁਣਾ ਦਸਣ ਲਈ ਵੀ ਪਹਿਲੀ ਅਖਾਉਤ ਵਰਤਦੇ ਹਨ ।

**ਵਰਤੋਂ :—** ਸਬਰ ਕਰ ਭੈਣ । ਐਵੇਂ ਰੋ ਰੋ ਕੇ ਅੱਖਾਂ ਨਾ ਦੁਖਾ । ਸਿਆਣਿਆਂ ਨੇ ਠੀਕ ਹੀ ਆਖਿਆ ਹੈ, 'ਸੁਨਿਆਰਾ ਹੋਵੇ ਪਾਰ, ਤੇ ਗੰਢ ਸੰਭਾਲੀਏ ਉਤਾਰ' ਇਹ ਤਾਂ ਮਾਂ ਨਾਲ ਵੀ ਧੋਖਾ ਕੀਤੇ ਬਿਨਾ ਨਹੀਂ ਰਹਿੰਦੇ । ਤੈਨੂੰ ਕਿਵੇਂ ਧੋਖਾ ਨਾ ਹੁੰਦਾ । (ਸੰਗ੍ਰ)

**ਸੁਨਿਆਰੇ ਦੇ ਲਾਰੇ, ਵਿਆਹੇ ਵੀ ਕੰਵਾਰੇ ।**

**ਭਾਵ :—** ਜਦ ਕੋਈ ਲਾਰਿਆਂ ਵਿਚ ਹੀ ਰਖੇ ਤੇ ਕਦੀ ਵੇਲੇ ਸਿਰ ਚੀਜ਼ ਨਾ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਸ਼ਹਿਰਾਂ ਦੇ ਦਰਜ਼ੀ ਤੇ ਪਿੰਡਾਂ ਦੇ ਸੁਨਿਆਰੇ, ਇਹ ਦੋਵੇਂ ਗਾਹਕਾਂ ਨੂੰ ਲਾਰੇ ਲਾਣ ਵਿਚ ਬਹੁਤੇ ਬਦਨਾਮ ਹਨ । ਸੁਨਿਆਰਿਆਂ ਬਾਬਤ ਤਾਂ ਕਿਸੇ ਨੇ ਠੀਕ ਹੀ ਕਿਹਾ ਹੈ, 'ਸੁਨਿਆਰੇ ਦੇ ਲਾਰੇ, ਵਿਆਹੇ ਵੀ ਕੰਵਾਰੇ ।' (ਟੁੱਟੀ ਵੀਣਾ— ਨਾਨਕ ਸਿੰਘ)

**ਸੁਪਨੇ ਆਇਆ ਭਾਵੇ ਨਾ, ਤੇ ਕੁੱਛੜ ਬਹੇ ਨਿਲੱਜ ।**

**ਭਾਵ :—** ਜਿਸ ਨੂੰ ਵੇਖਣ ਨੂੰ ਜੀਅ ਨਾ ਕਰੇ, ਪਰ ਉਹ ਅਗੇ ਹੋ ਹੋ ਬਹੇ ।

**ਵਰਤੋਂ :—** ਰਾਮ ਸਿੰਘ—ਸ਼ਾਹ ਜੀ ! ਸੱਚੀ ਗਲ ਤਾਂ ਇਹ ਜੇ ਕਿ 'ਸੁਪਨੇ ਆਇਆ ਭਾਵੇ ਨਾ ਤੇ ਕੁਛੱੜ ਬਹੇ ਨਿਲੱਜ' । ਮੇਰਾ ਤਾਂ ਜੀ ਵੀ ਓਹਦੇ ਨਾਲ ਗਲ ਕਰਨ ਨੂੰ ਨਹੀਂ ਕਰਦਾ ਉਹ ਆਪ ਹੀ ਅਗੇ ਹੋ ਹੋ ਬਹਿੰਦਾ ਹੈ । (ਸੰਗ੍ਰ)

**ਸੁਭ ਅਮਲਾਂ ਬਾਝੋਂ ਦੋਵੇਂ ਰੋਈ ।**

**ਭਾਵ :—** ਨੇਕ ਜੀਵਨ ਬਿਨਾਂ ਦੋਵੇਂ (ਹਿੰਦੂ ਤੇ ਮੁਸਲਮਾਨ) ਦੁਖੀ ਹਨ ।

**ਵਰਤੋਂ :—**

ਪੁਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਾਨੋਈ ।
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ ।
(ਵਾਰਾਂ—ਭਾਈ ਗੁਰਦਾਸ ਜੀ)

**ਸੁਰਮਾ ਪਾਇਆ ਜੋਤ ਨੂੰ ਤੇ ਖ਼ਲਕਤ ਮਰ ਗਈ ਸੋਚ ਨੂੰ ।**

**ਭਾਵ :—** ਜਦ ਕੋਈ ਬੁੱਢੀ ਜ਼ਨਾਨੀ ਸੁਰਮਾ ਜਾਂ ਚੰਗਾ ਕਪੜਾ ਪਾਵੇ ਤਦ ਅਗੋਂ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਬਈ ਅੱਜ ਤਾਂ ਬੁਢੀ ਖੂਬ ਚਮਕੀ ਜੇ । 'ਸੁਰਮਾ ਪਾਇਆ ਜੋਤ ਨੂੰ ਤੇ ਖਲਕਤ ਮਰ ਗਈ ਸੋਚ ਨੂੰ' । ਪਤਾ ਨਹੀਂ ਕੀ ਕਰ ਵਿਖਾਏਗੀ । (ਸੰਗ੍ਰ)

**ਸੁਰਮਾ ਪਾਣਾ ਸੁਖਾਲਾ ਏ ਪਰ ਮਟਕਾਉਣਾ ਔਖਾ ।**

**ਭਾਵ :—** ਕਿਸੇ ਭੇਸ ਨੂੰ ਧਾਰਨ ਕਰਨਾ ਸੌਖਾ ਹੈ ਪਰ ਤੋੜ ਨਿਬਾਹੁਣਾ ਔਖਾ ਹੈ ।

**ਵਰਤੋਂ** :— ਵਹੁਟੀ ਬਣ ਤਾਂ ਗਈ ਏਂ, ਪਰ ਜੇ ਵਹੁਟੀ ਦਾ ਪਾਰਟ ਖੇਡਣ ਵਿਚ ਵੀ ਕਾਮਯਾਬ ਹੋਈਓਂ ਤਾਂ ਮੰਨਾਂਗਾ। ਕੀਕਣ ਕਹਿੰਦੇ ਨੇ ਅਖੇ 'ਸੁਰਮਾ ਪਾਣਾ ਸੁਖਾਲਾ ਏ, ਪਰ ਮਟਕਾਣਾ ਔਖਾ ਏ' (ਕਾਗਤਾਂ ਦੀ ਬੇੜੀ –ਨਾਨਕ ਸਿੰਘ)

**ਸੁਲਤਾਨ ਖ਼ਾਨ ਕਰੇ ਖਿਨ ਕੀਰੇ।**

**ਭਾਵ** :— ਬਾਦਸ਼ਾਹ ਤੇ ਸਰਦਾਰਾਂ ਨੂੰ ਰੱਬ ਛਿਨ ਵਿਚ ਕੰਗਾਲ ਬਣਾ ਦਿੰਦਾ ਹੈ। ਜਦ ਕੋਈ ਵਡਿਆਈ ਕਰਦਾ ਹੋਵੇ ਤੇ ਦੂਜਾ ਉਸ ਨੂੰ ਰੱਬ ਦਾ ਭੈ ਦੇ ਕੇ ਸ਼ਰਮਾਵੇ, ਤਾਂ ਵਰਤਦੇ ਹਨ।

**ਵਰਤੋਂ** :—

"ਸੁਲਤਾਨ ਖਾਨ ਕਰੇ ਖਿਨ ਕੀਰੇ ॥
ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ" ॥
(ਗੁਰੂ ਗ੍ਰੰਥ—ਮਾਰੂ ਸੋਹਲੇ)

**ਸੂਈ ਦੇ ਨੱਕੇ ਵਿਚੋਂ ਉਠਾਂ ਦੀ ਕਤਾਰ ਲੰਘ ਵੈਂਦੀ ਹੈ, ਪਰ ਅਮੀਰ ਸਵਰਗ ਵਿਚ ਨਹੀਂ ਵੜ ਸਕਦਾ। (ਬਾਈਬਲ ਵਿਚੋਂ)**

**ਭਾਵ** :— ਵਾਧੂ ਅਮੀਰੀ ਨੂੰ ਨਿੰਦਿਆ ਹੈ।

**ਵਰਤੋਂ** :— ਇਹ ਗਲ ਸੱਚੀ ਹੈ ਕਿ 'ਸੂਈ ਦੇ ਨੱਕੇ ਵਿਚੋਂ ਉਠਾਂ ਦੀ ਕਤਾਰ ਲੰਘ ਵੈਂਦੀ ਹੈ, ਪਰ ਅਮੀਰ ਬਹਿਸ਼ਤ ਵਿਚ ਨਹੀਂ ਵੜ ਸਕਦਾ'। ਧੰਨ ਦਾ ਪੁਜਾਰੀ ਕੀ ਤੇ ਰੱਬੀ ਰਾਹ ਵਲ ਤੁਰਨਾ ਕੀ? ਇਹ ਅਨਜੋੜ ਗਲ ਹੈ। (ਸੰਗ੍ਰ)

**ਸੂਏ ਖੋਤੀ ਕਿਲ੍ਹੇ ਘੁਮਿਆਰ।**

**ਭਾਵ** :— ਜਦ ਕਿਸੇ ਨੂੰ ਦੁਖੀ ਵੇਖ ਕੋਈ ਹੋਰ ਐਵੇਂ ਹੀ ਦੁਖ ਪ੍ਰਗਟ ਕਰਦਾ ਫਿਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵਾਹ ਜੀ ਵਾਹ! ਤੁਹਾਡਾ ਤਾਂ ਉਹ ਹਾਲ ਹੈ : ਪਈ 'ਸੂਏ ਖੋਤੀ ਕਿਲ੍ਹੇ ਘੁਮਿਆਰ'। ਮੁਸ਼ਕਲਾਂ ਵਿਚ ਤਾਂ ਬੰਤਾ ਫਸਿਆ ਹੋਇਆ ਹੈ ਅਤੇ ਤੁਸੀਂ ਐਵੇਂ ਰੋਂਦੇ ਫਿਰਦੇ ਹੋ। (ਸੰਗ੍ਰ)

**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।**

**ਭਾਵ** :— ਪਵਿੱਤਰ ਉਹੀ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਰੀ ਵਸ ਗਿਆ ਹੈ, ਕਰਮ ਕਾਂਡ ਵਾਲੇ ਨਹੀਂ।

**ਵਰਤੋਂ** :—

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥"
(ਗੁਰੂ ਗ੍ਰੰਥ—ਆਸਾ ਦੀ ਵਾਰ)

**ਸੂਮਹਿ ਧਨੁ ਰਾਖਨ ਕਉ ਦੀਆ, ਮੁਗਧੁ ਕਹੈ ਧਨੁ ਮੇਰਾ।**

**ਭਾਵ** :— ਸੂਮ ਨੂੰ ਧਨ ਦਿਤਾ ਸੀ ਕੇਵਲ ਅਮਾਨਤ ਰਖਣ ਲਈ, ਪਰ ਮੂਰਖ ਮਾਲਕ ਬਣ ਬੈਠਾ।

**ਵਰਤੋਂ** :—

"ਸੂਮਹਿ ਧਨੁ ਰਾਖਨ ਕਉ ਦੀਆ
ਮੁਗਧੁ ਕਹੈ ਧਨੁ ਮੇਰਾ ॥
ਜਮ ਕਾ ਡੰਡੁ ਮੂੰਡ ਮਹਿ ਲਾਗੈ
ਖਿਨ ਮਹਿ ਕਰੈ ਨਿਬੇਰਾ ॥"
(ਗੁਰੂ ਗ੍ਰੰਥ—ਆਸਾ ਕਬੀਰ)

**ਸੂਮਾਂ ਦੀ ਖਟੀ ਤੇ ਕੁੱਤੇ ਗਏ (ਜਾਣ) ਗਵਾ।**

**ਭਾਵ** :— ਜਦ ਕਿਸੇ ਕੰਜੂਸ ਦਾ ਇਕੱਠਾ ਕੀਤਾ ਧਨ ਅਚਨਚੇਤ ਬਰਬਾਦ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋ** :— ਹਰਨਾਮ ਸਿੰਘ—ਸ਼ਾਹ ਦੇ ਮਰਨ ਦੀ ਦੇਰ ਸੀ, ਸਾਰਾ ਧਨ ਪੁੱਤਾਂ ਨੇ ਉਜਾੜ ਦਿਤਾ। 'ਸੂਮਾਂ ਦੀ ਖੱਟੀ ਨੂੰ ਕੁਤਿਆਂ ਨੇ ਹੀ ਗੰਵਾਣਾ ਸੀ'। (ਸੰਗ੍ਰ)

**ਸੂਰਜ ਖੇਤੀ ਪਾਲ ਹੈ, ਚੰਨ ਬਣਾਵੇ ਰਸ, ਜੇ ਇਹ ਦੋਨੋਂ ਨਾ ਮਿਲੇ, ਖੇਤੀ ਹੋਵੇ ਭਸ।**

**ਭਾਵ** :— ਖੇਤੀ ਦੇ ਸਬੰਧ ਵਿਚ ਸੂਰਜ

ਅਤੇ ਚੰਦਰਮਾ ਦੀ ਕਿਰਤ ਸਬੰਧੀ ਚਾਨਣਾ ਪਾਇਆ ਹੈ।

**ਵਰਤੋਂ** :— ਅਖਾਉਤ ਤੋਂ ਹੀ ਸਪਸ਼ਟ ਹੈ।

**ਸੂਰਜ ਜੋਤਿ ਨ ਲੁਕੈ ਲੁਕਾਈ ।**

**ਭਾਵ** :— ਪ੍ਰਗਟ ਜਾਂ ਉੱਘੀ ਚੀਜ਼ ਨੂੰ ਕੋਈ ਛੁਪਾ ਨਹੀਂ ਸਕਦਾ।

**ਵਰਤੋਂ** :—

ਸਿੱਖ ਸਮੁੰਦਰੁ ਸਖਣਾ ਰੋਵੈ ਧਾਹਾਂ ਮਾਰ ਸੁਣਾਈ।
ਘੁਘੂ ਸੁਝ ਨ ਸੁਝਈ ਸੂਰਜ ਜੋਤਿ ਨ ਲੁਕੈ ਲੁਕਾਈ।
(ਵਾਰਾਂ—ਭਾਈ ਗੁਰਦਾਸ ਜੀ)

**ਸੂਰਜ ਦੇ ਸਾਹਮਣੇ ਟਟਿਹਣਾ (ਦੀਵਾ)**

**ਭਾਵ** :— ਜਦ ਕਿਸੇ ਦੇ ਪਲੇ ਗੁਣ ਮਾਮੂਲੀ ਹੋਵੇ ਪਰ ਕਿਸੇ ਗੁਣਵਾਨ ਦੇ ਸਾਹਮਣੇ ਉਸਦਾ ਮਾਣ ਬਹੁਤਾ ਕਰੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਨਫ਼ਰਤ ਹੋਈ ਉਸਦੇ ਕਾਰਿਆਂ ਬਾਬਤ, ਤੇ ਈਰਖਾ ਹੋਈ ਉਸਦੇ ਸੁਹਪਣ ਦਾ ਅਹਿ-ਸਾਸ ਕਰਕੇ, ਜਿਸ ਦੇ ਸਾਹਮਣੇ ਮੈਂ ਜਿਹੜੀ ਸੁੰਦਰਤਾ ਉਤੇ ਮਾਣ ਕਰਿਆ ਕਰਦੀ ਸਾਂ, ਇੰਜ ਜਾਪਦੀ ਸੀ ਜਿਵੇਂ 'ਸੂਰਜ ਦੇ ਸਾਹਮਣੇ ਟਟਹਿਣਾ'।

(ਲੋਕ ਸਾਹਿਤ—ਨਾਨਕ ਸਿੰਘ)

**ਸੂਰਤਿ ਦੇਖਿ ਨ ਭੂਲੁ ਗਵਾਰਾ।**

**ਭਾਵ** :—ਹੇ ਮੂਰਖ ! ਸੋਹਣੀਆਂ ਸ਼ਕਲਾਂ ਵੇਖ ਕੇ ਭੁਲ ਨਾ ਜਾ।

**ਵਰਤੋਂ** :—

"ਸੂਰਤਿ ਦੇਖਿ ਨ ਭੂਲੁ ਗਵਾਰਾ ॥
ਮਿਥਨ ਮੋਹਾਰਾ ਝੂਠੁ ਪਸਾਰਾ ॥"
(ਗੁਰੂ ਗ੍ਰੰਥ—ਮਾਰੂ ਰਾਗ)

**ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ।**

**ਭਾਵ** :— ਸੂਰਮੇ ਨੂੰ ਹੰਕਾਰ ਨਹੀਂ ਸੋਭਦਾ।

**ਵਰਤੋਂ** :— ਹਾਂ ਭੋਲਿਆ ! ਹੰਕਾਰ ਦੇ ਆਸਰੇ ਆਦਮੀ ਸੂਰਮਗਤੀ ਕਰ ਗੁਜ਼ਰਦਾ ਹੈ, ਕੁਰਬਾਨ ਭੀ ਹੋ ਜਾਂਦਾ ਹੈ, ਪਰ ਨਿਰੇ ਹੰਕਾਰ ਵਾਲੇ ਨੂੰ ਤ੍ਰੈ ਡਰ ਹਨ। (੧) ਆਪਣੇ ਤੋਂ ਵਡੇ ਹੰਕਾਰੀ ਨਾਲ ਟਕਰ ਸਮੇਂ ਹਾਰ ਜਾਵੇ (੨) ਇਸ ਦਾ ਫਲ ਗੁਲਾਮੀ ਹੋਵੇਗਾ (੩) ਜੇ ਜਿਤ ਜਾਏ ਤਦ ਜ਼ਾਲਮ ਹੋ ਜਾਵੇਗਾ। ਗੁਰੂ ਬਾਬੇ ਨੇ ਦਸਿਆ ਹੈ, 'ਸੂਰੇ ਏਹੁ ਨ ਆਖੀਅਹਿ ਅਹੰਕਾਰ ਮਰਹਿ ਦੁਖ ਪਾਵਹਿ।'

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਸੂਰਾਂ ਨੂੰ ਅੰਬਾਂ ਦੀਆਂ ਕੌੜੀਆਂ ਗਿਟਕਾਂ ਖਵਾਉ ਤੇ ਆਦਮੀਆਂ ਨੂੰ ਕਮਾਦ।**

**ਭਾਵ** :— ਮੂਰਖਾਂ ਤੇ ਮਾੜਿਆਂ ਨੂੰ ਡੰਡ ਦਵਾਓ ਤੇ ਭਲੇ ਲੋਕਾਂ ਨਾਲ ਪਿਆਰ ਕਰੋ।

**ਵਰਤੋਂ** :—ਬਾਬਾ ਜੀ ! ਚਲੋ ਹੁਣ ਮਿਣ ਮਿਣ ਛਡੋ। 'ਸੂਰਾਂ ਨੂੰ ਅੰਬਾਂ ਦੀਆਂ ਕੌੜੀਆਂ ਗਿਟਕਾਂ ਖਵਾਓ ਤੇ ਕਮਾਦ ਆਦਮੀਆਂ ਨੂੰ ਦਿਓ', ਸੂਰ ਖਾਂਦੇ ਫਿੱਟ ਜਾਂਦੇ ਹਨ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਸੂਰਾਂ ਨੂੰ ਖੀਰ ਤੇ ਬੰਦਰਾਂ ਨੂੰ ਬਨਾਤ ਦੀਆਂ ਟੋਪੀਆਂ। ਜਾਂ ਸੂਰਾਂ ਨੂੰ ਪੌਨੇ ਤੇ ਬੰਦਰਾਂ ਨੂੰ ਬਨਾਤਾਂ।**

**ਭਾਵ** :—ਕਿਸੇ ਨੂੰ ਅਜੇਹੀ ਚੀਜ਼ ਦੇਣੀ, ਜਿਹੜੀ ਉੱਕੀ ਹੀ ਉਸ ਦੀ ਵਰਤੋਂ ਵਿਚ ਨਾ ਆਵੇ।

**ਵਰਤੋਂ** :— ਅੰਨ੍ਹੀ ਮਚੀ ਹੋਈ ਏ ਏਥੇ ਤਾਂ, ਚੰਗੇ ਮੰਦੇ ਦੀ ਉੱਕੀ ਪਛਾਣ ਨਹੀਂ। 'ਸੂਰਾਂ ਨੂੰ ਖੀਰ ਤੇ ਬੰਦਰਾਂ ਨੂੰ ਬਨਾਤ ਦੀਆਂ ਟੋਪੀਆਂ' ਵੰਡੀਂਦੀਆਂ ਨੇ ਤੇ ਸਾਊ ਦਰ ਦਰ ਦੇ ਧੱਕੇ ਖਾਂਦੇ ਹਨ। (ਸਿੰਗ)

**ਸੂਲੀ ਚੜ੍ਹਿਆ ਚੋਰ, ਹਸਨ ਹਾਰਾ ਲੋਕ।**

**ਭਾਵ** :— ਜਦ ਕੋਈ ਮੰਦਾ ਕੰਮ ਕਰਨ ਲਗੇ, ਤਾਂ ਉਸ ਨੂੰ ਰੋਕਣ ਲਈ ਲੋਕ-ਲਾਜ ਦਾ ਭੈ ਦੇਣ ਵੇਲੇ ਵਰਤਦੇ ਹਨ।

**ਵਰਤੋਂ** :— ਮੈਂ ਤੈਨੂੰ ਆਖਦਾ ਹਾਂ, ਇਹ ਕਰਤੂਤਾਂ ਛਡ ਦੇ। ਸੂਲੀ ਚੜ੍ਹਿਆ ਚੋਰ ਤੇ ਹੱਸਨ ਹਾਰਾ ਲੋਕ।' ਪਿਛੋਂ ਕਿਸੇ ਤੇਰੀ ਵਾਤ ਨਹੀਂ ਪੁਛਣੀ। ਸਾਰੇ ਹਾਸੀ ਹੀ ਕਰਨਗੇ। (ਸੰਗ੍ਰ)

**ਸੂਲਾਂ ਜੰਮਦੀਆਂ ਦੇ ਮੂੰਹ ਤਿਖੇ।**

**ਵਰਤੋਂ** :— ਜਦ ਕੋਈ ਬੱਚਾ ਛੋਟੀ ਉਮਰ ਵਿਚ ਹੀ ਮਾੜੇ ਕੰਮ ਕਰਨ ਲਗ ਪਵੇ।

**ਵਰਤੋਂ** :— ਹਾਂ, ਨਿੱਕਾ ਜੇਹਾ ਹੈ, ਪਰ ਹਨੇਰ ਦਾ ਬੇ-ਹਯਾ ਹੈ ਤੇ ਮੂੰਹ ਲਗ। ਵਡਾ ਹੋ ਕੇ ਵੀ ਇਹੋ ਕੁਝ ਕਰੇਗਾ। 'ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ'। ਵਾਲੀ ਗਲ ਹੈ। (ਸੰਗ੍ਰ)

**ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ।**

**ਭਾਵ** :— ਉਹ ਪੂਰੇ ਤਕੜੇ ਸ਼ਾਹ ਹਨ, ਜਿਨਾ ਨੇ ਪੂਰਾ ਹਰੀ ਧਾ ਲਿਆ ਹੈ।

**ਵਰਤੋਂ** :—

"ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹ ਰਹਨਿ ਇਕ ਤੈ ਰੰਗਿ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ"॥

(ਗੁਰੂ ਗ੍ਰੰਥ—ਵਾਰ ਮਾਝ)

**ਸੇਈ ਭਲੇ, ਜਿਹੜੇ ਥਾਉਂ ਨਾ ਹਲੇ।**

**ਭਾਵ** :— ਪਹਾੜ ਤਦ ਹੀ ਭਾਰੇ ਹਨ, ਜੋ ਚਲ ਕੇ ਨਹੀਂ ਆਉਂਦੇ। ਆਪਣੀ ਥਾਂ ਤੇ ਆਦਰ ਵਧ ਹੁੰਦਾ ਹੈ।

**ਵਰਤੋਂ** :— ਉਹ ਸਿਆਣਾ ਹੈ ਜੀ, ਬਿਨਾ ਸੋ ਵਾਰੀ ਸਦੇ ਕਿਸੇ ਦੇ ਜਾਂਦਾ ਹੀ ਨਹੀਂ। ਸਚ ਹੈ, 'ਸੇਈ ਭਲੇ ਜਿਹੜੇ ਥਾਉਂ ਨਾ ਹਲੇ'। (ਸੰਗ੍ਰ)

**ਸ਼ੇਖੀ ਦਾ ਮੂੰਹ ਕਾਲਾ।**

**ਭਾਵ** :— ਜਦ ਕੋਈ ਆਪਣੀ ਬਹੁਤੀ ਸਿਫ਼ਤ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੁੰਦਰਾ! ਹਰ ਵੇਲੇ ਆਪਣੇ ਮੂੰਹ ਮੀਆਂ ਮਿਠੂ ਨਾ ਬਣਿਆ ਕਰ। 'ਸ਼ੇਖੀ ਦਾ ਮੂੰਹ ਕਾਲਾ' ਹੁੰਦਾ ਹੈ। ਨੀਵਾਂ ਜਿੱਤਦਾ ਹੈ, ਉਚੇਰਾ ਹਾਰਦਾ ਹੈ। (ਸੰਗ੍ਰ)

**ਸੇਜ ਬਿਗਾਨੀ ਸੁੱਤਾ, ਹੋਇਆ ਖਰਾ ਵਿਗੁੱਤਾ।**

**ਭਾਵ** :— ਪਰ-ਇਸਤ੍ਰੀ ਗਮਨ ਕਰਨਾ ਬੜਾ ਭੈੜਾ ਕੰਮ ਹੈ, ਜਾਂ ਜਦ ਕੋਈ ਕਿਸੇ ਦੇ ਆਖੇ ਲਗ ਕੋਈ ਆਪਣਾ ਕੰਮ ਵਿਗਾੜ ਲਵੇ।

**ਵਰਤੋਂ** :— ਹੁਣ ਅਗੋਂ ਲਈ ਤਾਂ ਹੋਸ਼ ਕਰੋ। ਤੁਹਾਨੂੰ ਘਰੋਂ ਤੁਰਨ ਸਮੇਂ ਸਮਝਾ ਰਹੇ ਸਾਂ ਕਿ 'ਸੇਜ ਬਿਗਾਨੀ ਸੁੱਤਾ, ਹੋਇਆ ਖਰਾ ਵਿਗੁੱਤਾ' ਪਰ ਤੁਸੀਂ ਇਕ ਨਾ ਮੰਨੀ। ਅਜੇ ਵੀ ਸ਼ਰੀਕਾਂ ਦੇ ਆਖੇ ਲਗਣੋਂ ਬਾਜ਼ ਆਓ ਤੇ ਜੋ ਮਨ ਆਖਦਾ ਜੇ ਕਰੋ। (ਸੰਗ੍ਰ)

**ਸੇਰ ਖਾਂਦਾ ਪਾ ਖਾਵੇ, ਮਰੇ ਨਹੀਂ, ਪਰ ਕੰਮੋਂ ਜਾਵੇ।**

**ਭਾਵ** :— ਜਦ ਕੋਈ ਝਟ ਪਟ ਆਪਣੀ ਖੁਰਾਕ ਘਟਾ ਦੇਵੇ ਤੇ ਮਾੜਾ ਹੋਣ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਹਾਂ, ਮਰਦਾ ਕੋਈ ਨਹੀਂ ਥੋੜੇ ਨਾਲ ਪਰ 'ਸੇਰ ਖਾਂਦਾ ਪਾ ਖਾਵੇ, ਮਰੇ ਨਹੀਂ ਪਰ ਕੰਮੋਂ ਜਾਵੇ।' ਬੰਦਾ ਕੰਮ ਜੋਗ ਨਹੀਂ ਰਹਿੰਦਾ। (ਸੰਗ੍ਰ)

**ਸ਼ੇਰ ਨੇ ਤਾਂ ਸਦਾ ਮਾਸ ਹੀ ਖਾਣਾ ਹੈ।**

**ਭਾਵ** :—ਜਦ ਕੋਈ ਆਪਣੀ ਆਦਤ ਤੋਂ ਨਾ ਟਲੇ ਤਦ ਇਹ ਅਖਾਣ ਵਰਤਦੇ ਹਨ

**ਵਰਤੋਂ** :— ਸ਼ਰਨਾਰਥੀ ਹੋ ਗਏ ਤਾਂ ਕੀ? ਦਿਲ ਤਾਂ ਬਾਦਸ਼ਾਹਾਂ ਵਾਲਾ ਹੈ। 'ਸ਼ੇਰ ਨੇ ਤਾਂ ਸਦਾ ਮਾਸ ਹੀ ਖਾਣਾ ਹੈ' ਤੇ ਰਬ ਖਾਂਦਿਆਂ ਨੂੰ ਦੇਂਦਾ ਵੀ ਹੈ। (ਸੰਗ੍ਰ)

**ਸ਼ੇਰ ਪੁੱਤ ਇਕੋ ਭਲਾ, ਸੌ ਗਿਦੜ ਕਿਸ ਕੰਮ।**

**ਭਾਵ** :—ਸੰਤਾਨ (ਜਾਂ ਮਿਤਰ ਸੰਬੰਧੀ) ਥੋੜੀ ਪਰ ਚੰਗੀ ਹੋਵੇ ਤਾਂ ਬਹੁਤੇ ਨਿਕੰਮੇ ਨਿਆਣਿਆਂ ਨਾਲੋਂ ਚੰਗੀ ਹੈ।

**ਵਰਤੋਂ** :— 'ਸ਼ੇਰ ਪੁਤ ਇਕੋ ਭਲਾ, ਸੋ ਗਿਦੜ ਕਿਸ ਕੰਮ' ਸਾਨੂੰ ਬਹੁਤਿਆਂ ਦਾ ਸਾਥ ਨਹੀਂ ਚਾਹੀਦਾ। ਇਕੋ ਤਕੜਾ ਸਾਥੀ ਸਭੋ ਕੰਮ ਸਾਰ ਦੇਂਦਾ ਹੈ। (ਸੰਗ੍ਰ)

**ਸ਼ੇਰਨੀ ਦਾ ਦੁਧ ਸੋਨੇ ਦੇ ਭਾਂਡੇ ਵਿਚ ਹੀ ਟਿਕਦਾ ਹੈ।**

**ਭਾਵ** :— ਉਤਮ ਪਦਵੀ ਲਈ ਪਾਤਰ ਵੀ ਚੰਗਾ ਹੀ ਚਾਹੀਦਾ ਹੈ ਜਾਂ ਜਦ ਕਿਸੇ ਨੂੰ ਉਚ ਪਦਵੀ ਮਿਲੇ ਪਰ ਉਹ ਉਸ ਨੂੰ ਸੰਭਾਲ ਨਾ ਸਕੇ। (ਪੁਰਾਣਾ ਖ਼ਿਆਲ ਹੈ ਕਿ ਸ਼ੇਰਨੀ ਦਾ ਦੁਧ ਸੋਨੇ ਦੇ ਭਾਂਡੇ ਬਿਨਾ ਫੁਟ ਜਾਂਦਾ ਹੈ)

**ਵਰਤੋਂ** :— ਪਈ ਜੇਹਾ ਆਪਣਾ ਘਰ ਸੀ ਤੇਹੇ ਹੀ ਤੁਹਾਨੂੰ ਸਹੁਰੇ ਵੀ ਮਿਲੇ। ਠੀਕ ਹੈ 'ਸ਼ੇਰਨੀ ਦਾ ਦੁੱਧ ਸੋਨੇ ਦੇ ਭਾਂਡੇ ਵਿਚ ਹੀ ਟਿਕਦਾ ਹੈ।' (ਸੰਗ੍ਰ)

**ਸ਼ੇਰਾ ਖਾਹ ਨਾ ਖਾਹ, ਮੂੰਹ ਲਾਲ।**

**ਭਾਵ** :— ਭੈੜੇ ਮਨੁਖ ਨੂੰ ਬਿਨਾਂ ਕਾਰਨ ਵੀ ਬਦਨਾਮੀ ਲਗ ਜਾਂਦੀ ਹੈ।

**ਵਰਤੋਂ** :— 'ਸ਼ੇਰਾ ਖਾਹ ਨਾ ਖਾਹ, ਮੂੰਹ ਲਾਲ।' ਇਕ ਵੇਰ ਅਸੀਂ ਬਦਨਾਮ ਹੋ ਗਏ। ਹੁਣ ਮਾੜੀ ਗਲ ਕੋਈ ਹੋਰ ਕਰੇ ਤਦ ਵੀ ਬਦਨਾਮੀ ਸਭੇ ਸਾਡੇ ਸਿਰ ਹੀ ਮੜ੍ਹਦੇ ਹਨ। (ਸੰਗ੍ਰ)

**ਸ਼ੇਰਾਂ ਦੇ ਮੂੰਹ ਕਿਨ੍ਹੇ ਧੋਤੇ ?**

**ਭਾਵ** :— ਜਦ ਮਾਂ ਨੇ ਆਪਣੇ ਪੁਤ ਦਾ ਮੂੰਹ ਨਾ ਧੋਤਾ ਹੋਵੇ ਤੇ ਕੋਈ ਪੁਛੇ ਤਦ ਹਾਸ-ਰਸ ਵਿਚ ਇਹ ਅਖਾਣ ਵਰਤਦੇ ਹਨ। ਜਾਂ **ਚਿੜੀਆਂ ਕਾਵਾਂ ਦੇ ਮੂੰਹ ਸਦਾ ਧੋਤੇ ਹੁੰਦੇ ਹਨ।**

**ਵਰਤੋਂ** :— 'ਨੀ ਸ਼ੇਰਾਂ ਦੇ ਮੂੰਹ ਕਿਨ੍ਹੇ ਧੋਤੇ' ਮੇਰਾ ਮੁੰਡਾ ਬਿਨ ਧੋਤੇ ਹੀ ਸੁਹਣਾ, ਉਜਲਾ ਪਿਆ ਲਗਦਾ ਹੈ। (ਸੰਗ੍ਰ)

**ਸ਼ੇਰਾਂ ਦੇ ਮੂੰਹ ਵਿਚੋਂ ਮਾਸ ਦੀ ਆਸ !**

**ਭਾਵ** :— ਕਿਸੇ ਪਾਸੋਂ ਅਨਹੋਣੀ ਗਲ ਦੀ ਚਾਹ ਰਖਣੀ ਜਾਂ ਲੋੜਵੰਦ ਤੋਂ ਲੋੜ ਪੂਰੀ ਕਰਨ ਦੀ ਆਸ ਰਖਣੀ।

**ਵਰਤੋਂ** :— ਦੂਨੀ ਚੰਦ ਮਨ ਵਿਚ ਹੀ ਸੋਚ ਰਿਹਾ ਸੀ ਕਿ ਉਸ ਦੀ ਵਹੁਟੀ ਨੇ ਕਿਹਾ 'ਪਤੀ ਜੀ ! ਕਿਹੜੇ ਖਿਆਲਾਂ ਵਿਚ ਗੋਤੇ ਖਾ ਰਹੇ ਹੋ। 'ਸ਼ੇਰਾਂ ਦੇ ਮੂੰਹ ਵਿਚੋਂ ਮਾਸ ਦੀ ਆਸ' ਰਖਣੀ ਭੁਲ ਹੈ। ਹੁਣ ਜੋ ਗਿਆ ਸੋ ਗਿਆ, ਉਸ ਦੀ ਚਿੰਤਾ ਛਡ ਦਿਉ। (ਸੰਗ੍ਰ)

**ਸੇਰੂ ਨਹੀਓਂ ਪਟੀ ਨਹੀਓਂ ਨਹੀਓਂ ਤਿਨ ਟਿਕਾਊ। ਵਿਚਲਾ ਝਾਮੜ ਝਿਲਾ ਨਹੀਓਂ ਮੰਜੀ ਲਓ ਵਿਕਾਊ।**

**ਭਾਵ** :— ਜਿਸ ਵਿਚ ਅਸਲੀਅਤ ਕੁਝ ਵੀ ਨਾ ਹੋਵੇ ਤੇ ਨਿਰੀਆਂ ਗੱਪਾਂ ਹੀ ਗੱਪਾਂ ਹੋਣ।

**ਵਰਤੋਂ** :— ਕਰਤਾਰ ਤੁਹਾਡੇ ਗਲ ਵਿਚ ਪੱਟਾ ਪਾਵੇ, ਜ਼ਬਾਨ ਤੁਹਾਡੀ ਨੂੰ ਲਗਾਮ ਦੇਵੇ, ਭਈ ਨਿਰੀਆਂ ਲੂਣ ਦੀਆਂ ਥਪਦੇ ਹੋ ਜੀਕੁਰ ਕਿਸੇ ਨੇ ਆਖਿਆ ਸੀ, 'ਸੇਰੂ ਨਹੀਓਂ, ਪਟੀ ਨਹੀਓਂ, ਨਹੀਓਂ ਤਿਨ ਟਿਕਾਊ। ਵਿਚਲਾ ਝਾਮੜ ਝਿਲਾਂ ਨਹੀਓਂ ਮੰਜੀ ਲਓ ਵਿਕਾਊ।'

(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਸੇਵਕ ਕੀ ਰਾਖੈ ਨਿਰੰਕਾਰਾ।**

**ਭਾਵ** :— ਆਪਣੇ ਸੇਵਕ ਦੀ ਹਰੀ ਰਖਿਆ ਕਰਦਾ ਹੈ। ਸਵੈ ਭਰੋਸੇ ਲਈ ਵਰਤਦੇ ਹਨ।

**ਵਰਤੋਂ** :—

"ਸੇਵਕ ਕਉ ਪ੍ਰਭ ਪਾਲਣਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਸੇਵਕਾਂ ਨੂੰ ਸਲਾਮਾਂ, ਗੁਰਾਂ ਨੂੰ ਦੂਰ ਦੂਰ।**

**ਭਾਵ** :— ਜਦੋਂ ਕੋਈ ਮੂਰਖਤਾ ਨਾਲ

ਉਲਟੀ ਗਲ ਕਰੇ।

**ਵਰਤੋਂ** :— ਮੂਰਖਾਂ ਦੀ ਇਹੋ ਨਿਸ਼ਾਨੀ ਹੁੰਦੀ ਹੈ ਕਿ ਉਹ ਯੋਗ ਅਯੋਗ ਦੀ ਪਛਾਣ ਨਹੀਂ ਕਰ ਸਕਦੇ। 'ਸੇਵਕਾਂ ਨੂੰ ਸਲਾਮਾਂ ਕਰਨਗੇ ਤੇ ਹੋਰਾਂ ਨੂੰ ਦੁਰ ਦੁਰ।' (ਸੰਗ੍ਰ)

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤਿ ਪਰਾਪਤ ਸੁਆਮੀ ॥**

**ਭਾਵ** :— ਜਿਹੜਾ ਸੇਵਕ ਨਿਸ਼ਕਾਮ ਸੇਵਾ ਕਰੇ, ਉਸ ਨੂੰ ਹਰੀ ਮਿਲ ਪੈਂਦਾ ਹੈ। ਸਵਾ ਕਰ ਕੇ ਹੰਕਾਰ ਕਰਨ ਵਾਲੇ ਨੂੰ ਸ਼ਰਮਾਉਣ ਲਈ ਵੀ ਵਰਤਦੇ ਹਨ।

**ਵਰਤੋਂ** :—

"ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਿਤ ਸੁਆਮੀ।
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤ ਲੇਇ" ॥

(ਗੁਰੂ ਗ੍ਰੰਥ—ਸੁਖਮਨੀ)

**ਸੇਵਾ ਥੋਰੀ, ਮਾਂਗਨੁ ਬਹੁਤਾ।**

**ਭਾਵ** :— ਸੇਵਾ ਥੋੜੀ ਹੈ, ਤੇ ਮੰਗ ਬਹੁਤ ਜ਼ਿਆਦਾ ਹੈ। ਕੰਮ ਥੋੜਾ ਕਰਨਾ, ਮਜ਼ੂਰੀ ਬਹੁਤੀ ਮੰਗਣੀ।

**ਵਰਤੋਂ** :—

"ਸੇਵਾ ਥੋਰੀ ਮਾਂਗਨੁ ਬਹੁਤਾ ॥
ਮਹਲੁ ਨ ਪਾਵੈ ਕਹਤੋ ਪਹੁਤਾ ॥

(ਗੁਰੂ ਗ੍ਰੰਥ—ਸੂਹੀ ਰਾਗ)

**ਸੇਵਾ ਬਿਨ ਮੇਵਾ ਨਹੀਂ ਜਾਂ ਸੇਵਾ ਤੋਂ ਮੇਵਾ।**

**ਭਾਵ** :— ਸੇਵਾ ਕਰਨ ਨਾਲ ਹੀ ਲਾਭ ਪੁਜਦਾ ਹੈ।

**ਵਰਤੋਂ** :— ਬਈ! ਮੌਜਾਂ ਕਿਉਂ ਨਾ ਲਵੇ, 'ਸੇਵਾ ਤੋਂ ਮੇਵਾ।' ਉਸਦੀ ਸੇਵਾ ਤੂੰ ਰਜ ਕੇ ਕੀਤੀ ਹੈ ਤੇ ਹੁਣ ਉਸ ਦੇ ਰਾਜ ਵਿਚ ਮੌਜਾਂ ਹੀ ਮੌਜਾਂ।

(ਜੋਸ਼ੂਆ ਫ਼ਜ਼ਲ ਦੀਨ)

**ਸੇਵਾ ਲਈ ਸਰੀਰ ਪੱਥਰ ਦਾ ਤੇ ਦਿਲ ਫ਼ੌਲਾਦ ਦਾ ਹੋਣਾ ਚਾਹੀਦਾ ਹੈ।**

**ਭਾਵ** :— ਸੇਵਾ ਲਈ ਅਣਥਕ ਹੋਣਾ ਪੈਂਦਾ ਹੈ।

**ਵਰਤੋਂ** :— ਕੀ ਇੰਦ੍ਰਪਾਲ ਨੇ ਠੀਕ ਨਹੀਂ ਸੀ ਕਿਹਾ ਕਿ, 'ਸੇਵਾ ਲਈ ਸਰੀਰ ਪੱਥਰ ਦਾ ਤੇ ਦਿਲ ਫ਼ੌਲਾਦ ਦਾ ਹੋਣਾ ਚਾਹੀਦਾ ਹੈ।' ਤਾਂ ਫਿਰ ਮੇਰੇ ਵਰਗੀ ਸੁਹਲ ਜਿੰਦੜੀ ਪਾਸੋਂ ਕੀ ਆਸ ਕੀਤੀ ਜਾ ਸਕਦੀ ਹੈ। (ਲਵਮੈਰਿਜ—ਨਾਨਕ ਸਿੰਘ)

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।**

**ਭਾਵ** :— ਰਬ ਸਭਨਾ ਨੂੰ ਰੋਜ਼ੀ ਪਹੁੰਚਾਂਦਾ ਹੈ।

**ਵਰਤੋਂ** :—

"ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਿਰ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ।"

(ਗੁਰੂ ਗ੍ਰੰਥ—ਰਾਗ ਗੂਜਰੀ)

**ਸੋ ਕਤ ਡਰੈ ਜਿ ਖਸਮੁ ਸਮਾਰੈ।**

**ਭਾਵ** :— ਉਹ ਮਨੁਖ ਕਿਸ ਤਰ੍ਹਾਂ ਡਰ ਸਕਦਾ ਹੈ, ਜੋ ਮਾਲਕ ਨੂੰ ਚੇਤੇ ਕਰਦਾ ਹੈ।

**ਵਰਤੋਂ** :—

"ਸੋ ਕਤ ਡਰੈ ਜਿ ਖਸਮੁ ਸਮਾਰੈ ॥
ਡਰਿ ਡਰਿ ਪਚੈ ਮਨਮੁਖ ਵੇਚਾਰੇ ॥"

(ਗੁਰੂ ਗ੍ਰੰਥ—ਧਨਾਸਰੀ ਰਾਗ)

**ਸੋ ਕਿਉਂ ਮਨਹੁ ਵਿਸਾਰੀਐ, ਜਾਕੇ ਜੀਅ ਪਰਾਣੁ।**

**ਭਾਵ** :—ਉਸ ਹਰੀ (ਜਾਂ ਮਾਲਕ ਦਾਤੇ) ਨੂੰ ਮਨ ਤੋਂ ਕਿਉਂ ਭੁਲਾਈਏ ਜਿਹੜਾ ਸਾਡੇ ਜੀਵਨ ਦਾ ਰਾਖਾ ਹੈ।

ਵਰਤੋਂ :—

"ਸੋ ਕਿਉ ਮਨਹੁ ਵਿਸਾਰੀਐ
ਜਾਕੇ ਜੀਅ ਪਰਾਣ ॥
ਤਿਸ ਵਿਣੁ ਸਭਿ ਅਪਵਿਤ੍ਰੁ ਹੈ
ਜੇਤਾ ਪਹਿਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆਂ
ਤੁਧੁ ਭਾਵੈ ਪਰਵਾਣੁ ॥

(ਗੁਰੂ ਗ੍ਰੰਥ—ਸ੍ਰੀ ਰਾਗ)

**ਸੋ ਕਿਉ ਮਦਾ ਆਖੀਐ ਜਿਤੁ ਜੰਮਹਿ ਰਾਜਾਨ।**

**ਭਾਵ** :—ਇਸਤਰੀ ਨੂੰ ਮੰਦਾ ਕਿਉਂ ਆਖੀਏ ਜਿਸ ਨੇ ਵੱਡੇ ਵੱਡੇ, ਪੀਰਾਂ ਪੈਗੰਬਰਾਂ ਰਾਜਿਆਂ ਜੋਧਿਆਂ ਆਦਿ ਨੂੰ ਜਨਮ ਦਿਤਾ ਹੈ।

ਵਰਤੋਂ :—

'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਸੋ ਕਿਛੁ ਕਰੈ ਜੁ ਚਿਤਿ ਨ ਹੋਈ।**

**ਭਾਵ** :— ਹਰੀ ਓਹ ਕੁਝ ਕਰਦਾ ਹੈ ਚਿਤ ਚੇਤੇ ਵੀ ਨਹੀਂ ਹੁੰਦਾ। ਜਦ ਅਚਾਨਕ ਕੋਈ ਹੋਣੀ ਵਰਤ ਜਾਏ, ਤਾਂ ਆਖਦੇ ਹਨ।

ਵਰਤੋਂ :—

ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥
ਤਿਸ ਦਾ ਹੁਕਮ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ॥
ਹੁਕਮੇ ਅੰਮ੍ਰਿਤੁ ਪੀਆਵਣਿਆ ॥"

(ਗੁਰੂ ਗ੍ਰੰਥ—ਰਾਗ ਮਾਝ)

**ਸੋ ਗਿਰਹੀ ਜੋ ਨਿਗ੍ਰਹੁ ਕਰੈ।**

**ਭਾਵ** :—ਗ੍ਰਹਸਤੀ ਉਹੀ ਹੈ, ਜਿਹੜਾ ਇੰਦ੍ਰੀਆਂ ਨੂੰ ਪਾਪਾਂ ਵਲੋਂ ਰੋਕਣ ਦੀ ਕ੍ਰਿਆ ਕਰੇ।

ਵਰਤੋਂ :—

"ਸੋ ਗਿਰਹੀ ਜੋ ਨਿਗ੍ਰਹੁ ਕਰੈ ॥
ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰ ॥
ਸੋ ਗਿਰਹੀ ਗੰਗਾ ਕਾ ਨੀਰ ॥

(ਗੁਰੂ ਗ੍ਰੰਥ—ਰਾਮਕਲੀ ਵਾਰ)

**ਸੋ ਜਾਣੈ ਜਿਸੁ ਵੇਦਨ ਹੋਵੈ।**

**ਭਾਵ** :— ਦੂਜੇ ਦੇ ਦੁਖ ਨੂੰ ਉਹ ਹੀ ਜਾਣਦਾ ਹੈ, ਜਿਸ ਨੂੰ ਆਪ ਪੀੜ ਹੋਵੇ, ਦੁਖੀ ਨੂੰ ਦੁਖੀ ਹੀ ਪਛਾਣਦਾ ਹੈ।

ਵਰਤੋਂ :—

"ਅਹਿਨਿਸਿ ਜਾਗੈ ਨੀਦ ਨ ਸੋਵੈ ॥
ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੈਦ ਕਿ ਜਾਣੈ ਕਾਰੀ ਜੀਉ" ॥

(ਗੁਰੂ ਗ੍ਰੰਥ—ਮਾਰੂ ਰਾਗ)

**ਸੋ ਜੋਗੀ ਜੋ ਜੁਗਤਿ ਪਛਾਣੈ।**

**ਭਾਵ** :—ਜੋਗੀ ਓਹੀ ਹੈ ਜਿਹੜਾ ਜੀਵਨ ਦੀ ਜੁਗਤ ਨੂੰ ਸਮਝ ਲਵੇ। ਭੇਖਧਾਰੀ ਜਾਂ ਪਖੰਡੀ ਜੋਗੀ ਨੂੰ ਨਿੰਦਿਆ ਹੈ।

ਵਰਤੋਂ :—

"ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪ੍ਰਸਾਦੀ ਏਕੋ ਜਾਣੈ ॥"

(ਗੁਰੂ ਗ੍ਰੰਥ—ਧਨਾਸਰੀ ਰਾਗ)

**ਸੋ ਡਰੈ ਜਿ ਪਾਪ ਕਮਾਵਦਾ।** ਵੇਖੋ: "ਪੱਲੇ ਹੋਵੀ ਸੱਚ ਤੇ ਨੰਗਾ ਹੋਕੇ ਨੱਚ।"

**ਭਾਵ** :—ਡਰੇ ਉਹ, ਜਿਹੜਾ ਮਾੜੇ ਕੰਮ ਕਰਦਾ ਹੈ। ਧਰਮੀ ਕਿਉਂ ਡਰੇ।

ਵਰਤੋਂ :—

ਸੋ ਡਰੈ ਜਿ ਪਾਪ ਕਮਾਂਵਦਾ ਧਰਮੀ ਵਿਗਸੇਤੁ ॥
ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥
ਜਿਨਾ ਨਾਨਕੁ ਸਚ ਪਛਾਣਿਆ ਸੇ ਸਚਿ ਰਲੇਤੁ।

(ਗੁਰੂ ਗ੍ਰੰਥ—ਵਾਰ ਸ੍ਰੀ ਰਾਗ)

**ਸੋ ਪੰਡਿਤ ਜੋ ਮਨ ਪਰਬੋਧੈ ।**

**ਭਾਵ :—** ਪੰਡਤ ਓਹੀ ਹੈ ਜਿਹੜਾ ਮਨ ਨੂੰ ਸਮਝਾਵੇ। ਅਖਾਣ ਵਜੋਂ ਉਦੋਂ ਵਰਤਦੇ ਹਨ, ਜਦ ਦਸਣਾ ਹੋਵੇ ਕਿ ਨਿਰਾ ਜਨਮ ਜਾਂ ਵਿਦਿਆ ਆਸਰੇ ਕੋਈ ਪੰਡਤ ਨਹੀਂ ਬਣਦਾ ਸਗੋਂ ਆਪਾ ਪਛਾਣਨ ਕਰਕੇ ਬਣਦਾ ਹੈ।

**ਵਰਤੋਂ :—**

ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮਨਾਮੁ ਆਤਮ ਮਹਿ ਸੋਧੈ ॥
(ਗੁਰੂ ਗ੍ਰੰਥ—ਸੁਖਮਨੀ)

**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ।**

**ਭਾਵ :—** ਬ੍ਰਾਹਮਣ ਉਹ ਹੈ ਜੋ ਹਰੀ ਦਾ ਵਿਚਾਰ ਕਰਦਾ ਹੈ। ਜਾਤ, ਜਨਮ, ਵਿਦਿਆ ਜਾਂ ਕਰਮ-ਕਾਂਡ ਕਰਕੇ ਨਹੀਂ।

**ਵਰਤੋਂ :**

'ਸੋ ਬ੍ਰਾਹਮਣ ਜੋ ਬ੍ਰਹਮ ਬੀਚਾਰੈ ॥'
ਆਪਿ ਤਰੈ ਸਗਲੇ ਕੁਲ ਤਾਰੈ ॥
(ਗੁਰੂ ਗ੍ਰੰਥ—ਧਨਾਸਰੀ ਰਾਗ)

**ਸੋ ਰੋਵੈ ਜਿਸੁ ਬੇਦਨ ਹੋਇ ।**

**ਭਾਵ :—** ਮੋਏ ਹੋਇ ਨੂੰ ਉਹੀ ਰੋਂਦਾ ਹੈ ਜਿਸ ਨੂੰ ਆਪਣਾ ਦੁਖ ਹੁੰਦਾ ਹੈ।

**ਵਰਤੋਂ :—**

ਮੂਏ ਕਉ ਰੋਵੈ ਦੁਖਿ ਕੋਇ ॥
'ਸੋ ਰੋਵੈ ਜਿਸੁ ਬੇਦਨ ਹੋਇ ॥'
(ਗੁਰੂ ਗ੍ਰੰਥ—ਆਸਾ ਰਾਗ)

**ਸੋਈ ਗਾਵਨ ਸੋਹਿਲੇ, ਵਿਵਾਹ ਜਿਨ੍ਹਾਂ ਦੇ ਘਰ ।**

**ਭਾਵ :—** ਓਹੀ ਖੁਸ਼ੀਆਂ ਮਾਣਦੇ ਹਨ ਜਿਨ੍ਹਾਂ ਦੇ ਕਰਮਾਂ ਵਿਚ ਹਨ। ਮੌਜਾਂ ਓਹੀ ਮਾਣਦੇ ਹਨ, ਜਿਨ੍ਹਾਂ ਦੇ ਪਲੇ ਧਨ ਹੈ।

**ਵਰਤੋਂ :—** ਸਰਦਾਰ ਜੀ ! ਹੁਣ ਤਾਂ ਫੇਰ ਖੁਸ਼ੀਆਂ ਕਰੋ। ਮੁੰਡਾ ਕਰਨੈਲ ਬਣ ਗਿਆ ਹੈ। 'ਸੋਈ ਗਾਵਣ ਸੋਹਿਲੇ, ਵਿਵਾਹ ਜਿਨਾਂ ਦੇ ਘਰ' ਅਸੀਂ ਤਾਂ ਜਿਥੇ ਸਾਂ, ਉਥੇ ਹੀ ਖੜੋਤੇ ਹਾਂ। (ਸੰਗ੍ਰ)

**ਸੋਈ ਭਲਾ, ਜੋ ਇੱਕ ਇਕਲਾ ।**

**ਭਾਵ :—** ਜਿਥੇ ਬਹੁਤ ਲੋਕ ਮਿਲ ਜਾਣ ਤੇ ਕੁਝ ਨਾ ਕੁਝ ਉਪੱਦਰ ਖੜਾ ਕਰ ਦੇਣ, ਤਦ ਵਰਤਦੇ ਹਨ।

**ਵਰਤੋਂ :—** ਜਾਂਞੀ ਵੀ ਕਦੇ ਸ਼ਰਾਰਤ ਤੋਂ ਬਿਨਾ ਰਹਿ ਸਕਦੇ ਹਨ। ਆਮ ਇਕੋ ਜਿਹੇ ਹਾਣੀ ਮਿਲੇ ਆਰਾਮ ਨਾਲ ਨਹੀਂ ਬਹਿੰਦੇ। ਮਨੁਖੀ ਸੁਭਾ ਹੀ ਇਹੋ ਜਿਹਾ ਹੈ। 'ਸੋਈ ਭਲਾ, ਜੋ ਇੱਕ ਇਕਲਾ।' (ਸੰਗ੍ਰ)

**ਸੋਈ ਮੇਰਾ ਸੱਕਾ ਜੋ ਦੇਵੇ ਰਿੱਧਾ ਪੱਕਾ ।**

ਵੇਖੋ : ਜਿਸ ਦਾ ਲੂਣ ਖਾਈਏ, ਉਸਦਾ ਗੀਤ ਗਾਈਏ।

**ਭਾਵ :—** ਜਦ ਕੋਈ ਉਸ ਨੂੰ ਹੀ ਮਿੱਤਰ ਜਾਂ ਸਬੰਧੀ ਜਾਣੇ ਜਾਂ ਉਸ ਦੀ ਹੀ ਸੋਭਾ ਕਰੇ ਜਿਹੜਾ ਉਸਨੂੰ ਖਾਣ ਖਰਚਣ ਨੂੰ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** "ਕੀ ਤੁਹਾਡੀ ਆਤਮਾ ਇਹ ਕੰਮ ਕਰਨਾ ਮੰਨਦੀ ਹੈ" ਮੈਂ ਪੁਛਿਆ। ਉਨ੍ਹਾਂ ਉਤਰ ਦਿੱਤਾ ਕਿ ਅਸੀਂ ਆਤਮਾ ਉਤਮਾ ਕੋਈ ਨਹੀਂ ਮੰਨਦੇ। ਅਸੀਂ ਤਾਂ ਸੱਚੀ ਗੱਲ ਆਖਦੇ ਹਾਂ 'ਸੋਈ ਸਾਡਾ ਸੱਕਾ ਜੋ ਦੇਵੇ ਰਿੱਧਾ ਪੱਕਾ।' (ਸੰਗ੍ਰ)

**ਸੋਈ ਰਾਣੀ ਜੋ ਖਸਮੇ ਭਾਣੀ ।** ਵੇਖੋ : ਉਹੀ ਰਾਣੀ ਜੋ ਖਸਮੇ ਭਾਣੀ।

**ਭਾਵ —** ਓਹੀ ਇਸਤ੍ਰੀ ਚੰਗੀ ਹੈ ਜਿਹੜੀ ਆਪਣੇ ਪਤੀ ਨੂੰ ਚੰਗੀ ਲਗਦੀ ਹੈ। ਜਾਂ ਓਹੀ ਬੰਦਾ ਚੰਗਾ ਹੈ, ਜੋ ਮਾਲਕ ਨੂੰ ਚੰਗਾ ਲਗੇ।

**ਵਰਤੋਂ :—** ਤੁਹਾਨੂੰ ਮੰਦੀ ਲਗਦੀ ਹੈ ਤਾਂ ਲਗੇ। ਪਰ 'ਸੋਈ ਰਾਣੀ ਜੋ ਖਸਮੇ ਭਾਣੀ।' ਉਸਦਾ ਪਤੀ ਤਾਂ ਉਸ ਪਿਛੇ ਮਰਦਾ ਹੈ। ਆਪੇ ਉਹ ਚੰਗੀ ਹੋਈ। (ਸੰਗ੍ਰ)

**ਸੋਈ ਸ਼ਾਹ, ਜਿਨ ਕੀਤਾ ਨਹੀਂ ਵਿਆਹ ।**

**ਭਾਵ** :— ਜਦ ਕੋਈ ਜ਼ਰੂਰੀ ਖਰਚ ਕਰਨ ਤੋਂ ਵੀ ਸੰਕੋਚ ਕਰੇ ਤੇ ਧਨੀ ਅਖਵਾਏ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸ਼ਾਹ ਜੀ ! ਤੁਸੀਂ ਮੁੰਡੇ ਦੀ ਕੁੜਮਾਈ ਕੀਤੀ, ਪਰ ਮੂੰਹ ਵੀ ਮਿੱਠਾ ਨਾ ਕਰਵਾਇਆ । ਤੁਸੀਂ ਤਾਂ 'ਸੋਈ ਸ਼ਾਹ ਜਿਨ ਕੀਤਾ ਨਹੀਂ ਵਿਆਹ' ਸੱਚ ਕਰ ਵਿਖਾਇਆ । ਐਡੀ ਕੰਜੂਸੀ ! (ਸੰਗ੍ਰ)

**ਸੋਈਓ ਫੱਬੇ, ਜਿਹੜੀ ਛੜਦੀ ਚੱਬੇ ।**

**ਭਾਵ** :—ਜਦ ਕੋਈ ਕੰਮ ਕਰਨ ਵਾਲਾ ਕੁਝ ਖਾ ਪੀ ਕੇ ਵੀ ਨਾ ਦੁਖੇ, ਪਰ ਵਿਹਲਾ ਖਾਣ ਵਾਲਾ ਦੁਖਦਾਈ ਭਾਸੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ**— ਤੁਲਸਾਂ ਬੜੀ ਆਗਿਆਕਾਰ ਸੇਵਾਦਾਰਨੀ ਹੈ । ਭਾਵੇਂ ਖਰਚ ਬਾਹਲਾ ਕਰਦੀ ਹੈ, ਪਰ ਕੰਮ ਵੀ ਤਕੜਾ ਕਰਦੀ ਹੈ । ਮਾਂ ਜੀ ਇਹ ਗਲ ਨਹੀਂ ਨਾ ਜਾਣਦੇ ਕਿ 'ਸੋਈਓ ਫੱਬੇ, ਜਿਹੜੀ ਛੜਦੀ ਚੱਬੇ ।' ਇਸੇ ਕਰਕੇ ਕਈ ਵਾਰੀ ਤੁਲਸਾਂ ਨੂੰ ਝਾੜ ਸੁਟਦੇ ਹਨ । (ਸੰਗ੍ਰ)

**ਸੋਗ ਦਿਲ ਦਾ ਰੋਗ** । ਵੇਖੋ : 'ਚਿੰਤਾ ਚਿਖਾ ਬਰਾਬਰੀ ।'

**ਭਾਵ** :— ਚਿੰਤਾ ਦਿਲ ਨੂੰ ਰੋਗੀ ਕਰ ਦੇਂਦੀ ਹੈ ।

**ਵਰਤੋਂ** :— ਮਾਤਾ ਜੀ ! ਹਰ ਸਮੇਂ ਚਿੰਤਾ-ਤੁਰ ਨਾ ਰਿਹਾ ਕਰੋ । 'ਸੋਗ ਦਿਲ ਦਾ ਰੋਗ' ਹੁੰਦਾ ਹੈ। ਇਹ ਅੰਦਰੋ ਅੰਦਰੀ ਖਾ ਜਾਂਦਾ ਹੈ । (ਸੰਗ੍ਰ)

**ਸੋਚ ਕਰੇ ਸੋ ਸੁਘੜ ਨਰ, ਕਰ ਸੋਚੇ ਸੋ ਮੂੜ।**

**ਭਾਵ** :— ਕੰਮ ਕਰਨ ਤੋਂ ਪਹਿਲਾਂ ਵਿਚਾਰ ਕਰਨੀ ਤਾਂ ਸਿਆਣਪ ਹੈ ਪਰ ਕੰਮ ਆਰੰਭ ਕਰਨ ਮਗਰੋਂ ਵਿਚਾਰ ਕਰਨੀ ਮੂਰਖਤਾ ਹੈ ।

**ਵਰਤੋਂ** :— ਤੁਸਾਂ ਪਹਿਲਾਂ ਸੋਚਣਾ ਸੀ ਚੰਗੇ ਮੰਦੇ ਨੂੰ । ਹੁਣ ਕੀ ਬਣਦਾ ਹੈ । 'ਸੋਚ ਕਰੇ ਸੋ ਸੁਘੜ ਨਰ, ਕਰ ਸੋਚੇ ਸ ਮੂੜ' । ਹੁਣ ਤਾਂ ਬਣੀ ਨੂੰ ਜਿਵੇਂ ਕਿਵੇਂ ਸਹੋ । (ਸੰਗ੍ਰ)

**ਸੋਟਾ ਵਡਾ ਇਲਾਜ ਕੁਪਤਿਆਂ ਦਾ** ਜਾਂ **ਸੋਟੇ ਦੇ ਡਰ ਬਾਂਦਰ ਨੱਚੇ** । ਵੇਖੋ : ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ ।

**ਭਾਵ** :— ਜਦ ਕੋਈ ਨਰਮੀ ਨਾਲ ਸੂਤ ਨਾ ਹੋਵੇ ਪਰ ਡੰਡੇ ਨਾਲ ਠੀਕ ਹੋ ਜਾਵੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—

ਸੋਟਾ ਵਡਾ ਇਲਾਜ ਕੁਪਤਿਆਂ ਦਾ,
ਤੇਰੀਆਂ ਭੈੜੀਆਂ ਦਿਸਦੀਆਂ ਤੋਰੀਆਂ ਵੇ ।
(ਹੀਰ ਵਾਰਸ ਸ਼ਾਹ)

**ਸੋਨੇ ਤੇ ਸੁਹਾਗਾ ।**

**ਭਾਵ** :— ਕਿਸੇ ਗੁਣ ਨੂੰ ਵਧੀਕ ਚਮਕਾ ਦੇਣਾ ਜਾਂ ਸੁੰਦਰਤਾ ਵਧਾ ਦੇਣੀ ।

**ਵਰਤੋਂ** :— ਜੇ ਮਜ਼ਾਜ਼ ਵਿਚ ਕਹਾਣੀ ਕਲਾ ਮੌਜੂਦ ਹੈ, ਤਾਂ ਮਿਹਨਤ ਹੀ ਇਸ ਸੋਨੇ ਨੂੰ ਨਿਖਾਰ ਕੇ 'ਸੋਨੇ ਤੇ ਸੁਹਾਗੇ' ਦਾ ਕੰਮ ਦੇ ਸਕਦੀ ਹੈ । (ਸੰਗ੍ਰ)

**ਸੋਨੇ ਦੀ ਕਟਾਰ ਢਿਡ ਵਿਚ ਕੋਈ ਨਹੀਂ ਖਭੋਂਦਾ ।**

**ਭਾਵ** :— ਸੋਹਣੀ ਕੰਧ ਵੇਖ ਕੇ ਮਥਾ ਕੋਈ ਨਹੀਂ ਮਾਰਦਾ ।

**ਵਰਤੋਂ** :— ਹਵਾਈ ਜਹਾਜ਼ ਦੀ ਨੌਕਰੀ ਵਿਚ ਤਨਖਾਹ ਤੇ ਬਹੁਤ ਹੈ, ਪਰ ਮੌਤ ਵੀ ਇੰਨੀ ਹੀ ਸਹਿਲ ਹੈ ਉਥੇ । 'ਸੋਨੇ ਦੀ ਕਟਾਰ ਢਿਡ ਵਿਚ ਕੋਈ ਨਹੀਂ ਖੋਭਦਾ ।' ਕੌਣ ਆਪਣੇ ਪੁਤਰ ਨੂੰ ਉਥੇ ਨੌਕਰੀ ਵਿਚ ਭੇਜੇ । (ਸੰਗ੍ਰ)

**ਸੋਨੇ ਦੀ ਕਟਾਰ ਵੇਖਕੇ ਢਿੱਡ ਵਿਚ ਨਹੀਂ ਦੇ ਲਈਦੀ।**

**ਭਾਵ** :— ਬਾਹਰ ਦੀ ਟੀਪ ਟਾਪ ਵੇਖ ਕੇ ਕਿਸੇ ਦੇ ਅੰਦਰ ਦੀ ਖੋਟ ਨੂੰ ਭੁਲ ਨਹੀਂ ਜਾਣਾ ਚਾਹੀਦਾ।

**ਵਰਤੋਂ** :— ਸੋਹਣੀ ਕੁੜੀ ਹੈ, ਮੰਨ ਲਿਆ। ਪਰ ਸੋਨੇ ਦੀ ਕਟਾਰ ਵੇਖਕੇ ਢਿੱਡ ਵਿਚ ਨਹੀਂ ਦੇ ਲਈਦੀ। ਉਸਦੇ ਲੱਛਣ ਵੀ ਤਾਂ ਵੇਖ। ਘਰ ਘਰ ਉਸਦੀਆਂ ਗੱਲਾਂ ਹੁੰਦੀਆਂ ਹਨ। (ਸੰਗ੍ਰ)

**ਸੋਨੇ ਦੀ ਕਟਾਰੀ, ਜਿੱਥੇ ਲਗੀ ਉਥੇ ਕਾਰੀ।**

**ਭਾਵ** :— ਧਨ ਨਾਲ (ਵੱਢੀ ਆਦਿ ਦੇ ਕੇ) ਸਭ ਕੰਮ ਕਰਾ ਲਈਦੇ ਹਨ।

**ਵਰਤੋਂ** :— 'ਸੋਨੇ ਦੀ ਕਟਾਰੀ, ਜਿੱਥੇ ਲਗੀ ਉਥੇ ਕਾਰੀ।' ਕਿਹੜਾ ਕੰਮ ਸੋਨੇ ਨਾਲ ਅਜ ਕਲ ਨਹੀਂ ਨਿਕਲਦਾ ? ਹਰ ਆਦਮੀ ਵਿਕਦਾ ਹੈ। ਮੁਲ ਦਿਉ ਤੇ ਖਰੀਦ ਲਉ। (ਸੰਗ੍ਰ)

**ਸੋਨੇ ਰੁਪੇ ਲੱਦੀ, ਮੁੜ (ਅੰਤ) ਘੁਮਿਆਰਾਂ ਸੱਦੀ।**

**ਭਾਵ** :— ਜਦ ਕੋਈ ਉਚ ਪਦਵੀ ਪਾਕੇ ਤੇ ਰਜਿਆ ਪੁਜਿਆ ਹੋ ਕੇ ਵੀ ਕਮੀਨੀਆਂ ਗਲਾਂ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਅੰਤ ਓਹੀ ਹੋਇਆ, ਜੋ ਹੋਣਾ ਸੀ, 'ਸੋਨੇ ਰੁਪੇ ਲੱਦੀ, ਮੁੜ ਘੁਮਿਆਰਾਂ ਸੱਦੀ।' ਜਿਥੋਂ ਤੁਰੀ ਸੀ ਮੁੜ ਉਥੇ ਹੀ ਆ ਖੜੋਤੀ। (ਸੰਗ੍ਰ)

**ਸੋਨੇ ਵਿਚ ਸੁਗੰਧੀ।**

**ਭਾਵ** :— ਸੋਨੇ ਵਿਚ ਅਤਿ ਦਰਜੇ ਦੀ ਸੁੰਦਰਤਾ ਏ। ਇਹ ਵੀ ਭਾਵ ਲਿਆ ਜਾਂਦਾ ਹੈ ਕਿ ਜਿਸ ਦੇ ਪਲੇ ਧਨ ਹੋਵੇ, ਉਸ ਦੀ ਸਧੀ, ਖੁਸ਼ਬੋ ਵਾਂਗ ਦੂਰ ਦੂਰ ਤਕ ਫੈਲ ਜਾਂਦੀ ਹੈ।

**ਵਰਤੋਂ** :— ਇਹ ਬਗੀਚੀ ਸਚ ਮੁਚ ਸ੍ਵਰਗ ਦਾ ਟੁਕੜਾ ਸੀ। ਇਕ ਤਾਂ ਪਹਾੜੀ ਦੀ ਇਹ ਥਾਂ ਹੀ ਕਾਫੀ ਰਮਣੀਕ ਸੀ, ਦੂਜਾ ਬਾਬੇ ਦੇ ਨਿਵਾਸ ਅਸਥਾਨ ਨੇ 'ਸੋਨੇ ਵਿਚ ਸੁਗੰਧੀ' ਭਰ ਦਿਤੀ ਹੋਈ ਸੀ। (ਅਧ-ਖਿੜਿਆ-ਫੁੱਲ—ਨਾਨਕ ਸਿੰਘ)

**ਸੋਭਾ ਨਾਲੋਂ ਕਸੋਭਾ ਛੇਤੀ ਫੈਲਦੀ ਹੈ।**

**ਭਾਵ** :— ਬਦਨਾਮੀ ਛੇਤੀ ਫੈਲਦੀ ਹੈ ਤੇ ਸ਼ੋਭਾ ਹੌਲੀ।

**ਵਰਤੋਂ** :— ਲੋਕੀ ਕਹਿੰਦੇ ਨੇ 'ਸੋਭਾ ਨਾਲੋਂ ਕਸੋਭਾ ਛੇਤੀ ਫੈਲਦੀ ਹੈ' ਪਰ ਨਿਸ਼ਕਾਮਨਾਂ ਦੀਆਂ ਨੀਹਾਂ ਤੇ ਉਸਰੀ ਹੋਈ ਸ਼ੋਭਾ ਇਤਨੀ ਜਲਦੀ ਫੈਲਦੀ ਹੈ ਕਿ ਬਿਜਲੀ ਵੀ ਉਸਦੀ ਤੇਜ਼ੀ ਦਾ ਟਾਕਰਾ ਨਹੀਂ ਕਰ ਸਕਦੀ। (ਲਵ ਮੈਰਜ—ਨਾਨਕ ਸਿੰਘ)

**ਸੌ ਉਸਤਾਦ ਤੇ ਇਕ ਮਾਂ।**

**ਭਾਵ** :— ਮਾਂ ਸਭ ਤੋਂ ਵਡੀ ਉਸਤਾਦ ਹੈ।

**ਵਰਤੋਂ** :— ਸੱਚ ਹੈ, 'ਸੌ ਉਸਤਾਦ ਤੇ ਇਕ ਮਾਂ।' ਮਾਂ ਦੀ ਗੋਦ ਵਿਚ ਜੋ ਸਿਖਿਆ ਬੱਚੇ ਨੂੰ ਮਿਲਦੀ ਹੈ, ਉਸਦਾ ਅਸਰ ਪੱਕਾ ਹੋ ਜਾਂਦਾ ਹੈ। (ਸੰਗ੍ਰ)

**ਸੌ ਸਜਨ, ਸੌ ਵੈਰੀ।**

**ਭਾਵ** :—ਜਿਥੇ ਸੱਜਨ ਹਨ, ਉਥੇ ਕਈ ਦੂਤ ਦੁਸ਼ਮਨ ਵੀ ਤਾਂ ਹਨ।

**ਵਰਤੋਂ** :— ਕੁੜਮਾਈ ਤੇ ਹੋ ਗਈ ਏ, ਪਰ ਜੀ ਨੂੰ ਧੁੜਕੀ ਈ ਲਗੀ ਹੋਈ ਏ। ਕਹਿੰਦੇ ਨੇ ਪਈ ਵਿਆਹ ਹੋ ਹੀ ਜਾਏ ਤਾਂ ਚੰਗਾ, 'ਸੌ ਸਜਨ ਸੌ ਵੈਰੀ' ਕਿਤੇ ਕੋਈ ਭਾਨੀ ਈ ਮਾਰ ਦੇਵੇ। (ਸ਼ ਸ਼ਾਹ—ਆਈ. ਸੀ. ਨੰਦਾ)

**ਸੌ ਸਾਲ ਨ· ਸੜੇਗਾ, ਦਾਲ ਜਿਹਾ ਰਹੇਗਾ।**

**ਭਾਵ** :— ਜਦ ਬਹੁਤਾ ਸਮਝਾਉਣ ਤੇ ਵੀ ਕੋਈ ਆਪਣੀ ਆਦਤ ਨਾ ਬਦਲੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਾਕੇ ਨੂੰ ਬੜਾ ਸਮਝਾਇਆ ਹੈ, ਪਰ ਕੋਈ ਅਸਰ ਨਹੀਂ ਹੋਇਆ, ਉਸ ਦੀ ਤਾਂ

ਕੁੱਤੇ ਦੀ ਪੂਛ ਵਾਲੀ ਗਲ ਹੈ 'ਸੌ ਸਾਲ ਨਾ ਸੜੇਗਾ, ਦਾਲ ਜਿਹਾ ਰਹੇਗਾ।' ਉਸ ਨੇ ਆਪਣੀ ਆਦਤ ਤੋਂ ਨਹੀਂ ਟਲਣਾ। (ਸੰਗ੍ਰ)

**ਸੌ ਸਿਆਣੇ ਇਕੋ ਮਤ, ਮੂਰਖ ਆਪੋ ਆਪਣੀ।**

**ਭਾਵ** :— ਜਦ ਸਾਰੇ ਸਿਆਣੇ ਇਕੋ ਖਿਆਲ ਦੇ ਹੋਣ, ਪਰ ਮੂਰਖ ਆਪੋ ਆਪਣੀ ਜ਼ਿਦ ਹੀ ਕਰੀ ਜਾਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸ਼ਾਹ—ਸਰਦਾਰ ਜੀ! ਇਹ ਤਾਂ ਕੋਈ ਲੁਕੀ ਛਿਪੀ ਗਲ ਨਹੀਂ,'ਸੌ ਸਿਆਣੇ ਇਕੋ ਮਤ, ਮੂਰਖ ਆਪੋ ਆਪਣੀ।' ਜੇ ਉਹ ਗੁੱਸੇ ਹੈ ਤਾਂ ਗੁੱਸੇ ਹੁੰਦਾ ਫਿਰੇ। ਬਾਕੀ ਸਭੇ ਮੰਨ ਗਏ ਹਨ। (ਸੰਗ੍ਰ)

**ਸੌ ਸੁਨਿਆਰ ਦੀ, ਇਕ ਲੁਹਾਰ (ਠਠਿਆਰ) ਦੀ।**

**ਭਾਵ** :— ਜਦ ਕੋਈ ਤਕੜਾ ਆਦਮੀ ਇਤਨਾ ਕੰਮ ਇਕੋ ਵਾਰ ਕਰ ਲਵੇ, ਜਿਹੜਾ ਮਾੜਾ ਢੇਰ ਸਮੇਂ ਵਿਚ ਵੀ ਨਾ ਕਰ ਸਕੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਵੇਖੋ ਜੀ, 'ਸੌ ਸੁਨਿਆਰ ਦੀ, ਇਕ ਲੁਹਾਰ ਦੀ।' ਤਾ ਲਵੇ ਜਿੰਨ੍ਹਾਂ ਇਨ੍ਹੇ ਮੈਨੂੰ ਤਾਣਾ ਏ! ਅੰਤ ਨੂੰ ਇਹੋ ਜੇਹੀ ਸੱਟ ਮਾਰਾਂਗਾ ਕਿ ਇਕ ਦੇ ਦੋ ਕਰ ਦਿਆਂਗਾ। (ਸੰਗ੍ਰ)

**ਸੌ ਸੇਂਵਾਂ, ਇਕ ਸੁਹਾਗਾ।**

**ਭਾਵ** :— ਪੈਲੀ ਵਾਹ ਕੇ ਸੁਹਾਗਾ ਫੇਰ ਦੇਣਾ ਸੌ ਸੇਂਵਾਂ ਤੋਂ ਚੰਗਾ ਹੈ।

**ਵਰਤੋਂ** :— 'ਸੌ ਸੇਂਵਾਂ ਇਕ ਸੁਹਾਗਾ।' ਸੁਹਾਗਾ ਵੱਤਰ ਨੂੰ ਨੱਪੀ ਰਖਦਾ ਹੈ। (ਸੰਗ੍ਰ)

**ਸੌ ਹਥ ਰਸਾ, ਸਿਰੇ ਤੇ ਗੰਢ।**

**ਭਾਵ** :— ਜਦ ਕੋਈ ਆਦਮੀ ਕਿਸੇ ਕੰਮ ਲਈ ਕਿਤਨੇ ਵੀ ਹੇਰ ਫੇਰ ਕਰੇ ਪਰ ਅਖ਼ੀਰ ਨੂੰ ਸਿੱਟਾ ਉਹੀ ਨਿਕਲੇ, ਤਦ ਇਹ ਅਖਾਣ ਵਰਤਦੇ ਹਨ। ਜਾਂ ਜਦ ਇਹ ਸਮਝਾਣਾ ਹੋਵੇ, ਕਿ ਕੁਝ ਵੀ ਕਰੋ, ਪਰ ਟੇਕ ਅੰਦਰੋਂ ਅਖ਼ਲਾਕ ਤੇ ਸੱਚ ਦੀ ਹੋਣੀ ਚਾਹੀਦੀ ਹੈ।

**ਵਰਤੋਂ** :—

"ਪੰਧ ਜੇ ਤੂੰ ਜ਼ਿੰਦਗੀ ਦਾ ਸੌਖ ਨਾਲ ਕੱਟਣਾ ਏਂ,
ਦੁਨੀਆਂ ਦੇ ਲੋਭ ਵਾਲੀ ਮੋਛਿਉਂ ਉਤਾਰ ਗੰਢ।
'ਸ਼ਰਫ਼' ਤੇਰੀ ਜ਼ਿੰਦਗੀ ਦਾ ਸਿੱਟਾ ਨੇਕ ਚਾਹੀਦਾ ਏ,
ਸੌ ਹੱਥ ਰੱਸਾ, ਉਹਦੇ ਸਿਰੇ ਉਤੇ ਮਾਰ ਗੰਢ"।
(ਸ਼ਰਫ਼)

**ਸੌ ਚਾਚਾ ਤੇ ਇਕ ਪਿਉ, ਸੌ ਦਾਰੂ ਤੇ ਇਕ ਘਿਉ।**

**ਭਾਵ** :— ਪਿਤਾ ਸਭ ਤੋਂ ਪਿਆਰਾ ਸਾਕ ਹੈ ਤੇ ਘਿਉ ਸਭ ਤੋਂ ਉਤਮ ਖ਼ੁਰਾਕ ਹੈ।

**ਵਰਤੋਂ** :— ਪਿਆਰਿਓ! ਆਪਣਾ ਆਪਣਾ, ਬਿਗਾਨਾ ਬਿਗਾਨਾ। ਚੰਗੇ ਮੰਦੇ ਇਕੋ ਰਸੀ ਵਿਚ ਨਾ ਬੰਨ੍ਹੋ। 'ਸੌ ਚਾਚਾ ਤੇ ਇਕ ਪਿਉ, ਸੌ ਦਾਰੂ ਤੇ ਇਕ ਘਿਓ'। (ਸੰਗ੍ਰ)

**ਸੌ ਚੂਹਾ ਖਾ ਕੇ ਬਿਲੀ ਹੱਜ ਨੂੰ ਚਲੀ।**

**ਭਾਵ** :— ਜਦ ਕੋਈ ਆਦਮੀ ਸਦਾ ਹੀ ਮਾੜੇ ਕੰਮ ਕਰਦਾ ਰਹੇ, ਤੇ ਕਿਸੇ ਵੇਲੇ ਦਿਖਾਵੇ ਮਾਤਰ ਕੋਈ ਚੰਗਾ ਕੰਮ ਕਰਨ ਲਗੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—

ਬਿੱਲੀ ਚੱਲੀ ਹੱਜ ਨੂੰ, ਬੀਂ ਚੂਹਿਆਂ ਦਾ ਮਾਰ।
ਵੇਖੋ ਖੋਟਾ ਜੱਗ ਏਹ ਕਰਦਾ ਨਹੀਂ ਇਤਬਾਰ।
(ਲਕਸ਼ਮੀ ਦੇਵੀ—ਕ੍ਰਿਪਾ ਸਾਗਰ)

**ਸੌ ਦਾਰੂ ਤੇ ਇਕ ਘਿਉ, ਸੌ ਚਾਚਾ ਤੇ ਇਕ ਪਿਉ।**

**ਭਾਵ** :— ਘਿਉ ਖਾਣ ਤੇ ਵਰਤਣ ਦੀ ਉਪਮਾ ਦਰਸਾਈ ਹੈ।

**ਵਰਤੋਂ** :— ਬਾਬਾ—ਕਾਕਾ ! ਅਸੀਂ ਏਸ ਉਮਰੇ ਵੀ ਤੇਰੇ ਨਾਲੋਂ ਤਕੜੇ ਹਾਂ । ਖ਼ਾਲਸ ਘਿਉ ਅਸਾ ਰੱਜ ਕੇ ਖਾਧਾ । ਓਹੀ ਹਡੀ ਸਾਡੀ ਬਣੀ ਹੋਈ ਹੁਣ ਤੀਕ ਪਈ ਹੰਢਦੀ ਹੈ । 'ਸੌ ਦਾਰੂ ਤੇ ਇਕ ਘਿਉ, ਸੌ ਚਾਚਾ ਤੇ ਇਕ ਪਿਉ ।' (ਸੰਗ੍ਰ)

**ਸੌ ਦਾਰੂ ਤੇ ਇਕ ਪਥ । ਜਾਂ ਸੌ ਦਾਰੂ ਤੇ ਇਕ ਬੰਧੇਜ ।**

**ਭਾਵ** :— ਜਦ ਕੋਈ ਬੀਮਾਰ ਦਾਰੂ ਤਾਂ ਕਰੀ ਜਾਵੇ ਪਰ ਖਾਣ ਪੀਣ ਤੋਂ ਪਰਹੇਜ਼ ਨਾ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸੱਚੀ ਗਲ ਤਾਂ ਇਹ ਵੇ, ਬਈ 'ਸੌ ਦਾਰੂ ਤੇ ਇਕ ਪੱਥ ।' ਤੁਸੀਂ ਇਲਾਜ ਤਾਂ ਬੜਾ ਕਰਵਾਇਆ ਹੈ, ਪਰ ਮੂੰਹ ਨਹੀਂ ਰਖਿਆ । ਖਾਣ ਪੀਣ ਦਾ ਪਰਹੇਜ਼ ਵੀ ਰਖੋ, ਤਦੇ ਕੋਈ ਦਵਾਈ ਕਾਟ ਕਰੇਗੀ । (ਸੰਗ੍ਰ)

**ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ ।**

**ਭਾਵ** :— ਚੋਰ ਕਦੀ ਨ ਕਦੀ ਪਕੜਿਆ ਹੀ ਜਾਂਦਾ ਹੈ ।

**ਵਰਤੋਂ** :— ਅਸੀਂ ਤਾਂ ਅਗੇ ਹੀ ਜਾਣਦੇ ਸਾਂ ਕਿ ਇਕ ਨਾ ਇਕ ਦਿਨ ਚੰਨ ਚਾੜ੍ਹ ਕੇ ਹੀ ਛਡੂ, 'ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ ।' ਭਲਾ ਪਾਪ ਲੁਕਾਇਆਂ ਕਦੀ ਲੁਕਿਆ ਏ ।

(ਚਿੱਟਾ ਲਹੂ—ਨਾਨਕ ਸਿੰਘ)

**ਸੌ ਨਿਆਮਤ, ਇਕ ਤੰਦਰੁਸਤੀ ।**

**ਭਾਵ** :— ਸ਼ਰੀਰ ਦਾ ਨਰੋਆ ਹੋਣਾ ਸਭ ਤੋਂ ਵਡੀ ਨਿਆਮਤ ਹੈ ।

**ਵਰਤੋਂ** :— ਬਾਪੂ—ਬੱਚਾ ! ਕਸਰਤ ਕੀਤਾ ਕਰ ਤੇ ਘਿਉ ਵਰਤਿਆ ਕਰ । 'ਸੌ ਨਿਆਮਤ ਇਕ ਤੰਦਰੁਸਤੀ' ਵਾਲੀ ਗਲ ਗੰਢ ਬੰਨ੍ਹ ਲੈ । (ਸੰਗ੍ਰ)

**ਸੌ (ਸੈ) ਮਣ ਸਾਬਣ ਲੱਗੇ, ਕਾਲੇ ਕਦੇ ਨਾ ਹੁੰਦੇ ਬੱਗੇ ।**

**ਭਾਵ** :— ਜਦ ਕਿਸੇ ਦਾ ਕੁਦਰਤੀ ਔਗੁਣ ਹਟਾਣ ਦਾ ਜਤਨ ਕਰੀਏ ਪਰ ਬਣੇ ਕੁਝ ਨਾ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜੱਸੋ—ਕਿਦਾਂ ਬਦਰੀ ਏ । ਜਿਦਾਂ ਵੱਟੇ ਦੀ ਘੜੇ ਨਾਲ । ਉਨ੍ਹਾਂ ਦੀ ਸਫ਼ਾਈ ਤੇ ਕਦੀ ਹੋਣੀ ਹੀ ਨਾ ਹੋਈ । 'ਸੈ ਸਬੂਣਾ ਦੇ ਲਗੇ, ਕਾਲੇ ਕਦੀ ਦਾ ਹੁੰਦੇ ਬੱਗੇ ।

(ਸ਼ਾਮੂ ਸ਼ਾਹ—ਆਈ. ਸੀ. ਨੰਦਾ)

**ਸੌ ਵਲਾਵਾਂ ਤੇ ਇਕੋ ਗੰਢ ।**

**ਭਾਵ** :— ਬਾਹਰ ਦੇ ਖਿਲਾਰੇ ਦਾ ਧਿਆਨ ਛੱਡ ਕੇ ਅੰਦਰ ਦੀ ਠੀਕ ਗਲ ਨੂੰ ਜਾਣੋ ।

**ਵਰਤੋਂ** :— ਠਹਿਰ ਜਾ ਨੰਬਰਦਾਰਾ ! ਤੂੰ ਤਾਂ ਪਾ ਬੈਠਾ ਏਂ ਲੰਮਾ ਝੇੜਾ । ਤੇ ਫਿਰ ਪ੍ਰਤਿਮਾ ਨੂੰ ਕਹਿਣ ਲਗਾ, "ਸੌ ਵਲਾਵਾਂ ਤੇ ਇਕੋ ਗੰਢ' ਵਾਲੀ ਗਲ ਕਰਨਾ ਵਾਂ ਮੈਂ । ਬੀਬੀ ਪਹਿਲਾਂ ਇਹ ਦਸ, ਪਈ ਤੂੰ ਉਸੇ ਤੀਵੀਂ ਦੀ ਧੀ ਏਂ ਜਿਹੜੀ ਮੁਨਸ਼ੀ ਨੇ ਕਿਤੋਂ ਲਿਆਂਦੀ ਸੀ ?

(ਟੁੱਟੀ ਵੀਣਾ—ਨਾਨਕ ਸਿੰਘ)

**ਸੌਂਕਣ ਸਹੇਲੀ ਨਹੀਂ, ਲੁਬਾਣਾ ਬੇਲੀ ਨਹੀਂ ।**

**ਭਾਵ** :— ਜਦ ਸੌਂਕਣ ਵੈਰ ਭਾਵਨਾ ਰਖੇ, ਜਾਂ ਜ਼ਾਤ ਦਾ ਛੋਟਾ ਮਿਤ੍ਰ ਧੋਖਾ ਦੇਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮਾਨ ਕੌਰ—ਸਤਵੰਤ ! ਇਹ ਸਚੀ ਗਲ ਜੇ ਕਿ 'ਸੌਂਕਣ ਸਹੇਲੀ ਨਹੀਂ, ਲੁਬਾਣਾ ਬੇਲੀ ਨਹੀਂ' । ਸੌਕਣ ਨੇ ਤਾਂ ਵੈਰ ਭਾਵਨਾ ਰਖਣੀ ਹੀ ਹੋਈ । (ਸੰਗ੍ਰ)

**ਸੌਂਕਣ ਤੇ ਸੋਹਾਗਣ ਕੇਹੀ, ਕਰ ਦੇ ਸਾਈਆਂ ਇਕੋ ਜੇਹੀ ।**

**ਭਾਵ** :— ਜਦ ਸੌਕਣ ਤੋਂ ਦੁਖੀ ਹੋ ਕੇ ਕੋਈ ਸੋਹਾਗਣ ਆਪਣਾ ਸੋਹਾਗ ਖੋਹ ਬਹੇ, ਤਦ ਦੁਖੀ ਹੋ ਕੇ ਉਹ ਬਦ ਅਸੀਸ ਦੇ ਤੌਰ ਤੇ ਇਹ ਅਖਾਣ ਵਰਤਦੀ ਹੈ ।

**ਵਰਤੋਂ** :— ਮੇਰਾ ਸੋਹਾਗ ਖੋਹ ਕੇ ਵੀ ਉਹ ਸੁਖ ਨਾਲ ਨਹੀਂ ਬੈਠੇਗੀ । ਮੈਂ ਵੀ ਦੋਵੇਂ ਵੇਲੇ ਇਹੀ ਆਖਾਂਗੀ, "ਸੌਕਣ ਤੇ ਸੋਹਾਗਣ ਕਹੀ, ਕਰ ਦੇ ਸਾਈਆਂ ਇਕੋ ਜੇਹੀ" । (ਸੰਗ੍ਰ)

**ਸੌਕਣ ਤਾਂ ਮੱਖਣ ਦੀ ਵੀ ਨਹੀਂ ਸੁਖਾਂਦੀ ।**

**ਭਾਵ** :— ਸੌਕਣ ਕਿੰਨੀ ਵੀ ਚੰਗੀ ਹੋਵੇ, ਚੰਗੀ ਨਹੀਂ ਲਗਦੀ ।

**ਵਰਤੋਂ** :— ਮਰ ਜਾਣਾ ਕਬੂਲ, ਪਰ ਸੌਕਣ ਦੀ ਗੋਲੀ ਬਣਨਾ ਕਦੀ ਮਨਜ਼ੂਰ ਨਹੀਂ । ਹਾਇ ਸੌਕਣ, "ਸੌਕਣ ਤਾਂ ਕਦੀ ਮੱਖਣ ਦੀ ਵੀ ਨਹੀਂ ਸੁਖਾਂਦੀ" ।

(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਸੌਣ ਸੁਕੇ ਨਾ ਹਾੜ (ਭਾਦਰੋਂ) ਹਰੇ ।**

**ਭਾਵ** :— ਜਦ ਸਦੀਵ ਕਿਸੇ ਦੀ ਇਕੋ ਜੇਹੀ ਹਾਲਤ ਰਹੇ ।

**ਵਰਤੋਂ** :— ਵੀਰ ਜੀ ! ਕੀ ਪੁਛਦੇ ਹੋ ? ਸਾਡਾ ਤਾਂ ਨਾ 'ਸੌਣ ਸੁਕੇ ਨਾ ਹਾੜ ਹਰੇ' ਵਾਲਾ ਹਾਲ ਰਹਿੰਦਾ ਹੈ । ਬਸ ਸਦਾ ਹੀ ਲੰਗਰ ਮਸਤਾਨੇ ਹਨ । (ਸੰਗ੍ਰ)

**ਸੌਣ ਸੁੱਤੇ, ਖਰੇ ਵਿਗੁਤੇ ।**

**ਭਾਵ** :— ਜਿਹੜਾ ਸਮੇਂ ਸਿਰ ਕੰਮ ਨਹੀਂ ਕਰਦਾ, ਲਾਭ ਨਹੀਂ ਉਠਾਂਦਾ ।

**ਵਰਤੋਂ** :— ਸ਼ੀਲਾ—ਕਿਸੇ ਨੂੰ ਕੀ ਆਖਣਾ ਹੋਇਆ, ਸਮੇ ਸਿਰ ਤਾਂ ਕੋਈ ਗਲ ਕੀਤੀ ਨਾ । 'ਸੌਣ ਸੁੱਤੇ, ਖਰੇ ਵਿਗੁੱਤੇ ।' ਹੁਣ ਪਛਤਾਇਆਂ ਕੀ ਬਣਦਾ ਹੈ ? (ਸੰਗ੍ਰ)

**ਸੌਣਾ ਰੂੜੀਆਂ ਤੇ, ਸੁਫਨੇ ਸ਼ੀਸ਼ ਮਹਿਲਾਂ ਦੇ ।** ਵੇਖੋ : ਖਾਣੇ ਜੌਂ ਤੇ ਡਕਾਰ ਲਾਚੀਆਂ ਦੇ ।

**ਭਾਵ** :— ਹੱਥ ਪਲੇ ਕੁਝ ਨਾ ਹੋਵੇ ਤੇ ਆਸਾ ਬਹੁਤ ਵਡੀਆਂ ਰਖੇ ।

**ਵਰਤੋਂ** :— ਚਾਚੀ ! ਤੇਰੀ ਤਾਂ ਓਹ ਗਲ ਹੈ ਅਖੇ 'ਸੌਣਾ ਰੂੜੀਆਂ ਤੇ ਸੁਫਨੇ ਸ਼ੀਸ਼ ਮਹਿਲਾਂ ਦੇ ।' ਕਮਾਈ ਤਾ ਕੋਈ ਹੈ ਨਹੀਂ ਆਖਨੀ ਏਂ ਪਈ ਪੁੱਤ ਨੂੰ ਪੜ੍ਹਨ ਲਈ ਵਲੈਤ ਭੇਜਣਾ ਏਂ । (ਸੰਗ੍ਰ)

**ਸੌਦੇ ਦਿਲਾਂ ਦੇ ਹੁੰਦੇ ਨੇ ।**

**ਭਾਵ** :— ਪਿਆਰ ਜਾਂ ਇਸ਼ਕ ਦਿਲੋਂ ਇਕ ਦੂਜੇ ਨਾਲ ਹੁੰਦਾ ਹੈ, ਜ਼ੋਰ ਨਾਲ ਨਹੀਂ ਹੁੰਦਾ ।

**ਵਰਤੋਂ** :— 'ਸੌਦੇ ਦਿਲਾਂ ਦੇ ਹੁੰਦੇ ਹਨ ।' ਨਿਹੁੰ ਨਾ ਲਗਦੇ ਜ਼ੋਰੀਂ । ਪਿਆਰ ਸਹਿਜ ਸੁਭਾ ਦਿਲਾਂ ਵਿਚ ਉਪਜਦਾ ਹੈ, ਮੌਲਦਾ ਹੈ ਅਤੇ ਪਿਆਰਿਆਂ ਨੂੰ ਇਕ ਦੂਜੇ ਦੇ ਨੇੜੇ ਲੈ ਆਉਂਦਾ ਹੈ । ਪਰ ਇਸ ਪਿਆਰ ਦੇ ਖੇਤਰ ਵਿਚ ਫੇਰ ਕੁਰਬਾਨੀ ਕਰਨੀ ਪੈਂਦੀ ਹੈ । (ਸੰ)

**ਸੌਂਹ ਦੇਈਏ ਜੀਅ ਦੀ, ਨਾ ਪੁੱਤ ਦੀ ਨਾ ਧੀ ਦੀ ।**

**ਭਾਵ** :— ਆਪਣੀ ਜ਼ਿਮੇਵਾਰੀ ਤਾਂ ਦਿਤੀ ਜਾ ਸਕਦੀ ਹੈ, ਪਰ ਹੋਰ ਕਿਸੇ ਦੀ ਨਹੀਂ ।

**ਵਰਤੋਂ** :— ਅਸੀਂ ਤਾਂ ਆਪਣੀ ਜ਼ਾਤ ਦੇ ਹੀ ਜ਼ਿਮੇਵਾਰ ਹਾਂ, ਹੋਰ ਕਿਸੇ ਦੇ ਨਹੀਂ । ਸੌਂਹ ਦੇਈਏ ਜੀਅ ਦੀ, ਨਾ ਪੁਤ ਦੀ ਨਾ ਧੀ ਦੀ । ਹੋਰ ਕਿਸੇ ਦਾ ਕੀ ਪਤਾ, ਕੋਈ ਕਿਵੇਂ ਕਰੇ ? (ਸੰਗ੍ਰ)

**ਸੰਗ ਤਾਰੇ, ਕੁਸੰਗ ਡੋਬੇ । ਜਾਂ ਸੰਗ ਡੋਬੇ, ਸੰਗ ਤਾਰੇ ।**

**ਭਾਵ** :— ਚੰਗੀ ਸੰਗਤ ਸੋਭਾ ਦੇਂਦੀ ਹੈ । ਮਾੜੀ ਸੰਗਤ ਬਦਨਾਮੀ ਕਰਾਂਦੀ ਹੈ, ਸੰਗਤ ਦਾ ਫੱਲ ਜ਼ਰੂਰ ਮਿਲਦਾ ਹੈ ।

**ਵਰਤੋਂ** :— ਜੇਹਾ ਸੰਗ, ਤੇਹਾ ਰੰਗ । ਸੰਗ ਤਾਰੇ, ਕੁਸੰਗ ਡੋਬੇ । ਜੇਹੇ ਭਾਂਡੇ ਵਿਚ ਪਾਣੀ ਪਾਉਗੇ, ਓਹੋ ਜੇਹਾ ਉਹ ਹੋ ਜਾਏਗਾ । (ਸੰਗ੍ਰ)

**ਸੰਗਲਾਂ ਦੇ ਜਿੰਨ ਵੀ ਕਦੇ ਜਫੀਆਂ ਨਾਲ ਕਾਬੂ ਆਏ ਹਨ ।** ਵੇਖੋ : — ਸੋਟਾ ਵੱਡਾ ਇਲਾਜ ਕੁਪਤਿਆਂ ਦਾ ।

**ਭਾਵ** :— ਡੰਡੇ ਨਾਲ ਠੀਕ ਹੋਣ ਵਾਲੇ ਕਦੀ ਪਿਆਰ ਨਾਲ ਨਹੀਂ ਸੌਰੇ ।

**ਵਰਤੋਂ** : — ਬਾਬਾ ਜੀ, ਵਿਗੜਿਆਂ ਤਿਗੜਿਆਂ ਨੂੰ ਸਦਾ ਡੰਡੇ ਦੇ ਜ਼ੋਰ ਨਾਲ ਹੀ ਸਿੱਧਾ ਕਰੀਦਾ ਹੈ । ਤੁਸੀਂ ਪੁੱਚ ਪੁੱਚ ਕਰਨ ਲਗੇ ਹੋਏ ਹੋ । ਕਦੀ ਸੰਗਲਾਂ ਦੇ ਜਿੰਨ ਵੀ ਜਫੀਆਂ ਨਾਲ ਕਾਬੂ ਆਏ ਹਨ ?

(ਸੰਗ੍ਰ)

**ਸੰਗਿ ਨ ਕੋਈ ਭਈਆ ਬੇਬਾ ।**

**ਭਾਵ** :— ਮਰਨ ਮਗਰੋਂ ਕਿਸੇ ਸਾਕ ਜਾਂ ਸਨੇਹੀ ਨੇ ਸਾਥ ਨਹੀਂ ਦੇਣਾ । ਜਾਂ, ਜਦ ਦੁੱਖ ਸਮੇਂ ਕੋਈ ਸਾਥ ਨਾ ਦੇਵੇ, ਤਾਂ ਵਰਤਦੇ ਹਨ ।

**ਵਰਤੋਂ** :—

"ਸੰਗਿ ਨ ਕੋਈ ਭਈਆ ਬੇਬਾ ॥
ਮਾਲੁ ਜੋਬਨੁ ਧਨੁ ਛੋਡਿ ਵਞੇਸਾ ।"

(ਗੁਰੂ ਗ੍ਰੰਥ— ਮਾਰੂ ਰਾਗ)

**ਸੰਗੇ ਦੀ ਬਕਰੀ, ਕੁਸੰਗੇ ਦੀ ਮੱਝ ।**

**ਭਾਵ** :— ਹੱਥ ਵਿਚ ਆਈ (ਜਾਂ ਚੰਗਾ ਸਾਥ ਪਾਲਣ ਵਾਲੀ) ਮਾਮੂਲੀ ਚੀਜ਼ ਉਸ ਨਾਲੋਂ ਚੰਗੀ ਹੈ ਜਿਹੜੀ ਵਡਮੁੱਲੀ ਤਾਂ ਹੋਵੇ ਪਰ ਹੱਥ ਵਿਚ ਨਾ ਹੋਵੇ ਜਾਂ ਸਾਥ ਨਾ ਪਾਲੇ ।

**ਵਰਤੋਂ** :— ਇਹ ਕਿਹੜੇ ਪਾਸੇ ਦੀ ਸਿਆਣਪ ਹੈ ਕਿ ਹੱਥ ਆਈ ਚੀਜ਼ ਦੀ ਤਾਂ ਪ੍ਰਵਾਹ ਨਾ ਕਰੀਏ ਪਰ ਉਡਦੀਆਂ ਪਿੱਛੇ ਭਜੀਏ । ਸਿਆਣਿਆਂ ਨੇ ਸਚ ਕਿਹਾ ਹੈ । 'ਸੰਗੇ ਦੀ ਬਕਰੀ, ਕੁਸੰਗੇ ਦੀ ਮੱਝ ।'

(ਸੰਗ੍ਰ)

**ਸੰਘੋਂ ਲੱਥਾ, ਜਿਹਾ ਲੱਡੂ ਤਿਹਾ ਮੱਠਾ**

**ਭਾਵ** :— ਜੀਭ ਦੇ ਸੁਆਦਾਂ ਤੋਂ ਹਟਾਉਣ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕੀ ਪੁਛਦੇ ਹੋ, ਬਹੁਤੀਆਂ ਬਰੀਕੀਆਂ ਵਿਚ ਨਾ ਪਵੋ ! ਜੋ ਬਣਿਆ ਹੈ, ਅੰਮ੍ਰਿਤ ਕਰਕੇ ਛੱਕ ਲਉ । ਗਲ ਕੀ ਹੋਈ । 'ਸੰਘੋਂ ਲੱਥਾ, ਜਿਹਾ ਲੱਡੂ ਤਿਹਾ ਮੱਠਾ ।'

(ਸੰਗ੍ਰ)

**ਸੰਜਮ ਕਰਕੇ ਖਾਹ ਤੇ ਨਕ ਦੀ ਸੇਧੇ ਜਾਹ ।**

**ਭਾਵ** :— ਆਪਣੀ ਵਿਤ ਦੇ ਅੰਦਰ ਆਪਣਾ ਗੁਜ਼ਾਰਾ ਕਰੋ ਤੇ ਸਿਧੇ ਰਾਹ ਤੁਰੋ ਤਾਂ ਸੁਖ ਹੀ ਸੁਖ ਹੈ ।

**ਵਰਤੋਂ** :— ਮਾਂ-ਬੱਚੀ ! ਸਹੁਰੇ ਘਰ ਜਾ ਕੇ ਸਦਾ ਆਪਣੀ ਵਿਤ ਵਿਚ ਰਹੀਂ ਤੇ ਸੱਚ ਤੇ ਤੁਰੀਂ । 'ਸੰਜਮ ਕਰਕੇ ਖਾਹ ਤੇ ਨਕ ਦੀ ਸੇਧੇ ਜਾਹ ।' ਫਿਰ ਕਦੀ ਦੁੱਖ ਨਹੀਂ ਹੁੰਦਾ ।

(ਸੰਗ੍ਰ)

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ।**

**ਭਾਵ** :— 'ਮੇਲ' ਤੇ 'ਵਿਛੋੜਾ' ਦੋਵੇਂ ਅਸੂਲ ਸੰਸਾਰ ਦਾ ਕੰਮ ਚਲਾ ਰਹੇ ਹਨ ਦੁਖ ਸਮੇਂ ਧੀਰਜ ਬੰਨ੍ਹਾਣ ਲਈ ਵਰਤਦੇ ਹਨ ।

**ਵਰਤੋਂ**:—

"ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ ॥"

(ਗੁਰੂ ਗ੍ਰੰਥ —ਜਪੁਜੀ)

**ਸੰਢ ਸਪੁੱਤੀ ਨ ਥੀਐ ਕਣਤਾਵੇ ਕੰਤੈ ।**

**ਭਾਵ** :– ਬਾਂਝ ਇਸਤ੍ਰੀ ਨੂੰ ਪੁਤ ਨ ਜੰਮੇ ਤਾਂ ਉਹ ਪਤੀ ਨੂੰ ਊਜ ਲਾਉਂਦੀ ਹੈ । ਜਦ ਔਗੁਣਿਆਰੇ ਗੁਣੀ ਨੂੰ ਦੋਸ਼ ਦੇਣ, ਤਦ ਵਰਤਦੇ ਹਨ ।

**ਵਰਤੋਂ** :—

"ਅਪਤ ਕਰੀਰ ਨ ਮਉਲੀਐ ਦੇ ਦੋਸ਼ ਬਸੰਤੈ !
ਸੰਢ ਸਪੁੱਤੀ ਨ ਥੀਐ ਕਣਤਾਵੇ ਕੰਤੈ ।"
(ਵਾਰਾਂ—ਭਾਈ ਗੁਰਦਾਸ)

**ਸੰਢਿਆਂ ਦਾ ਭੇੜ, ਜਾਨਾਂ ਦਾ ਖਉ ।**

**ਭਾਵ** :— ਜਦ ਤਕੜਿਆਂ ਦੇ ਲੜਾਈ ਝਗੜੇ ਵਿਚ ਮਾੜਾ ਨੁਕਸਾਨ ਉਠਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— "ਸੰਢਿਆਂ ਦਾ ਭੇੜ ਤੇ ਜਾਨਾਂ ਦਾ ਖੋ ।" ਲੜਨ ਦਿਓ ਇਹਨਾਂ ਮੁਸ਼ਟੰਡਿਆਂ ਨੂੰ ਆਪੇ ਵਿਚ, ਮੈਂ ਕਿਉਂ ਵਿਚ ਪੈ ਕੇ ਆਪਣੀ ਪੱਤ ਲੁਹਾਵਾਂ । (ਸੰਗ੍ਰ)

**ਸੰਢੇ ਅਗੇ ਬੀਨ ਬਜਾਏ ।**

**ਭਾਵ** :— ਜਦ ਕੋਈ ਉਲਟੀ ਜਾਂ ਅਜੇਹੀ ਗਲ ਕਰੇ ਜਿਸ ਦੀ ਪ੍ਰਸੰਸਾ ਨਾ ਮਿਲਦੀ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਨੰਬਰਦਾਰ— ਸ਼ਾਹ ਜੀ ! ਤੁਹਾਡੇ ਪੁੱਤ ਨੂੰ ਖ਼ੁਸ਼ ਕਰਨਾ ਤਾਂ 'ਸੰਢੇ ਅਗੇ ਬੀਨ ਵਜਾਣ' ਵਾਲਾ ਹੀ ਲੇਖਾ ਹੈ । ਉਹ ਕਿਸੇ ਦੀ ਨਹੀਂ ਸੁਣਦਾ । ਹਰਦਮ ਆਪਣੀ ਹੀ ਮਾਰਦਾ ਹੈ । (ਸੰਗ੍ਰ)

**ਸੰਤੋਖੀ ਸਦਾ ਸੁਖੀ ।**

**ਭਾਵ** :– ਸੰਤੋਖੀ ਨੂੰ ਕੋਈ ਦੁਖ ਨਹੀਂ ।

**ਵਰਤੋਂ** :— ਥੋੜਾ ਖੱਟਦੇ ਹਾਂ, ਥੋੜਾ ਖਾਂਦੇ ਹਾਂ, ਪਰ ਖ਼ੁਸ਼ ਰਹਿੰਦੇ ਹਾਂ ਤੇ ਦੁੜੰਗੇ ਮਾਰਦੇ ਹਾਂ । 'ਸੰਤੋਖੀ ਸਦਾ ਸੁਖੀ' । ਨਾ ਬਹੁਤੀ ਦੀ ਹਿਰਸ ਹੈ, ਨਾ ਥੋੜੀ ਦੀ ਚਿੰਤਾ । (ਸੰਗ੍ਰ)

**ਸਾਂਈਂ ਬਾਝੋਂ ਸੌਣ ਤ੍ਰਿਹਾਈਆਂ ।**

**ਭਾਵ** :— ਜਿਨ੍ਹਾਂ ਦੀ ਕੋਈ ਮਦਦ ਕਰਨ ਵਾਲਾ ਨਾ ਹੋਵੇ, ਉਨ੍ਹਾਂ ਬਾਬਤ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕੁੰਤੀ—ਇਹ ਗਲ ਸੋਲਾਂ ਆਨੇ ਸੱਚੀ ਹੈ ਕਿ 'ਸਾਈਂ ਬਾਝੋਂ ਸੌਣ ਤ੍ਰਿਹਾਈਆਂ ।' ਜਦ ਦੇ ਤੁਸਾਡੇ ਸੁਆਮੀ ਜੀ ਪ੍ਰਦੇਸ ਗਏ ਹਨ, ਕਿਸੇ ਨੇ ਤੁਸਾਡੇ ਵਲ ਵੱਟੀ ਨਹੀਂ ਵਾਹੀ । (ਸੰਗ੍ਰ)

**ਸਾਂਝ ਜੱਟ ਦੀ ਜੋ ਭਵੇਂ ਨਾ, ਤੋੜਾ ਭੂਤ ਦਾ ਜੋ ਧਵੇਂ ਨਾ ।**

**ਭਾਵ** :— ਜਦ ਜੱਟ ਕਿਸੇ ਦੀ ਡੱਟ ਕੇ ਮਦਦ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸ਼ਾਹ— ਜੱਟ ਬਾਦਸ਼ਾਹ ਹੈ । ਜਿਸ ਦੀ ਮਦਦ ਕਰੇ, ਡੱਟ ਕੇ ਕਰਦਾ ਹੈ । 'ਸਾਂਝ ਜੱਟ ਦੀ ਜੋ ਭਵੇਂ ਨਾ, ਤੋੜਾ ਭੂਤ ਦਾ ਜੋ ਧਵੇਂ ਨਾ' । ਤੁਸੀਂ ਜੱਟਾਂ ਨੂੰ ਕੀ ਸਮਝ ਰਖਿਆ ਹੈ ? (ਸੰਗ੍ਰ)

**ਸਾਂਝਾ ਅੱਬਾ, ਤੇ ਕੋਈ ਨਾ ਦੱਬਾ ਜਾਂ ਸਾਂਝਾ ਬਬ ਨਾ ਪਿਟੇ ਕੋ ਜਾਂ ਸਾਂਝੀ ਹਾਂਡ ਚੁਰਾਹੇ ਫੁੱਟੇ ।**

**ਭਾਵ** :— ਜਦ ਕੋਈ ਬਹੁਤਿਆਂ ਦੀ ਆਸ ਰਖੇ, ਤੇ ਉਸਦੀ ਕੋਈ ਇੱਕ ਵੀ ਪੁੱਛ ਨਾ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— 'ਸਾਂਝੇ ਅੱਬੇ ਕਿਸ ਨੇ ਦੱਬੇ' ਹਨ ? ਸਾਂਝੀ ਚੀਜ਼ ਦੀ ਕੋਈ ਸੰਭਾਲ ਨਹੀਂ ਕਰਦਾ । ਆਪਣੀ ਹੋਵੇ ਤਾਂ ਵੇਖੀਏ । ਸੁੰਢ ਜਵੈਣ ਵੀ ਲੋਕੀ ਡੱਬੀਆਂ ਵਿਚ ਪਾਕੇ ਰਖਦੇ ਹਨ । (ਸੰਗ੍ਰ)

**ਸਾਂਵਲਿਆਂ ਦੇ ਨੈਣ ਸਾਂਵਲੇ ।**

**ਭਾਵ** :— ਸੋਹਣਿਆਂ ਦੀਆਂ ਅਖਾਂ ਵੀ ਸੋਹਣੀਆਂ ਹੁੰਦੀਆਂ ਹਨ । ਚੰਗੇ ਹਰ ਤਰ੍ਹਾਂ ਚੰਗੇ ਹੁੰਦੇ ਹਨ ।

**ਵਰਤੋਂ** :— 'ਸਾਂਵਲਿਆਂ ਦੇ ਨੈਣ ਸਾਂਵਲੇ'
ਸੂਹਾ ਦੁਪੱਟਾ ਗੋਰੀ ਦਾ, ਇਕ ਰਾਂਝਾ ਮੈਨੂੰ ਲੋੜੀਦਾ ।
(ਕਾਫ਼ੀਆਂ ਬੁਲ੍ਹੇ ਸ਼ਾਹ)

**ਸਿੰਗਾਂ ਨਾਲ ਦੋਸਤੀ ਤੇ ਦੁੰਮ ਨਾਲ ਵੈਰ**

**ਭਾਵ** :— ਜਦ ਕੋਈ ਕਿਸੇ ਨਾਲ ਦੋਸਤੀ ਰਖੇ, ਪਰ ਉਸਦੇ ਸਨੇਹੀ ਜਾਂ ਸਾਕ ਨਾਲ ਵੈਰ ਕਰੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਸ਼ੰਕਰ ਦਾਸ—ਗੋਕਲ ਚੰਦ ਜੀ ! ਤੁਸਾਡੀ ਦੋਸਤੀ ਦੀ ਵੀ ਸਮਝ ਨਹੀਂ ਆਉਂਦੀ । ਅਸਾਡੇ ਨਾਲ ਤਾਂ ਤੁਹਾਡੀ ਮਿਤ੍ਰਤਾਈ ਹੈ ਪਰ ਸਾਡੇ ਮੁੰਡੇ ਨਾਲ ਵੈਰ । ਸਿੰਗਾਂ ਨਾਲ ਦੋਸਤੀ ਤੇ ਦੁੰਮ ਨਾਲ ਵੈਰ' ਵਾਲੀ ਗਲ ਹੋਈ ਇਹ ਤਾਂ । (ਸੰਗ੍ਰ)

**ਸਿੰਘ ਦੀ ਸਿੰਘਣੀ, ਪੁੱਤ ਦੀ ਮਾਂ, ਅੰਮ੍ਰਿਤਸਰ ਦੇ ਮੇਲੇ ਤੁਰਦੀ ਕਾਹਨੂੰ ਜਾਂ ।**

**ਭਾਵ** :— ਇਕ ਮਾਣ-ਮਤੀ ਤੀਵੀਂ ਦਾ ਸੁਭਾ ਦਰਸਾਇਆ ਹੈ ।

**ਵਰਤੋਂ** :— ਮੈਨੂੰ ਕਿਹੜੀ ਘਾਟ ਏ, ਜੁ ਨਿਤ ਦਿਹਾੜੇ ਤੁਰ ਤੁਰ ਕੇ ਠੰਗਾਂ ਭੰਨਾਂ । 'ਸਿੰਘ ਦੀ ਸਿੰਘਣੀ, ਪੁੱਤ ਦੀ ਮਾਂ । ਰੁੱਖਾ ਕਿਉਂ ਖਾਂ, ਤੁਰਦੀ ਕਾਹਨੂੰ ਜਾਂ ?' (ਸੰਗ੍ਰ)

**ਸ਼ੀਂਹ ਬੱਕਰੀ ਇਕੋ ਘਾਟ ਪਾਣੀ ਪੀਂਦੇ ਨੇ ।**

**ਭਾਵ** :— ਜਦ ਤਕੜੇ ਅਤੇ ਕਮਜ਼ੋਰ ਨਾਲ ਇਕੋ ਜੇਹਾ ਸਲੂਕ ਹੋਵੇ ।

**ਵਰਤੋਂ** :— ਬੱਲੇ ਬੱਲੇ, ਰਾਜ ਤਾਂ ਕਰ ਗਏ ਇਕ ਬਾਰੀ, ਸ਼ੀਂਹ ਬੱਕਰੀ ਇਕੋ ਘਾਟ ਪਾਣੀ ਪਲਾ ਦਿਤੇ', ਬਈ ਨਹੀਂ ਰੀਸਾਂ ਗੋਰ੍ਹਾਂ ਦੀਆਂ ।'
(ਪੰਜ ਦਰਿਆ, ਚਾਰ ਯਾਰ—ਗੁਰਬਚਨ ਸਿੰਘ)

**ਸੁੰਞੇ ਘਰ ਦਾ ਪਾਹੁਣਾ ਜਿਉ ਆਇਆ ਤਿਉ ਜਾਇ ।**

**ਭਾਵ** :— ਜੀਵ ਸੁੰਞੇ ਘਰ ਦੇ ਪ੍ਰਾਹੁਣੇ ਵਾਂਗ ਜਿਸ ਤਰ੍ਹਾਂ ਸਖਣਾ ਆਇਆ ਸੀ, ਉਸੇ ਤਰ੍ਹਾਂ ਸਖਣਾ ਜਾ ਰਿਹਾ ਹੈ । ਕਿਸੇ ਗ਼ਰੀਬ ਜਾਂ ਸੂਮ ਦੇ ਘਰੋਂ ਕੁਝ ਨਾ ਮਿਲਣ ਤੇ ਵੀ ਵਰਤਦੇ ਹਨ ।

**ਵਰਤੋਂ** :—

"ਸੁੰਞੇ ਘਰ ਕਾ ਪਾਹੁਣਾ
ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ
ਕਿਆ ਮੁਹੁ ਦੇਸੀ ਜਾਇ ॥"
(ਗੁਰੂ ਗ੍ਰੰਥ—ਸ੍ਰੀ ਰਾਗ)

**ਸੁੰਞੇ ਘਰ, ਚੋਰਾਂ ਦਾ ਰਾਜ ।**

**ਭਾਵ** :— ਬਹੁਤੀ ਇਕੱਲ ਨੂੰ ਨਿੰਦਿਆ ਹੈ ।

**ਵਰਤੋਂ** :— ਇਕਾਂਤ ਵਿਚ ਵੀ ਕੀ ਸੁਖ ਹੈ ? 'ਸੁੰਞੇ ਘਰ, ਚੋਰਾਂ ਦਾ ਰਾਜ ।' ਸਾਰਾ ਦਿਨ ਲੰਮੇ ਪਏ ਰਹੀਦਾ ਹੈ । ਕੋਈ ਪੁਛਦਾ ਬੁਲਾਂਦਾ ਨਹੀਂ ।
(ਸੰਗ੍ਰ)

**ਸੁੰਞੇ ਪਿੰਡ ਭੜੋਲਾ ਮਹਿਲ** । ਵੇਖੋ—'ਉਜੜੇ ਪਿੰਡ ਭੜੋਲਾ ਮਹਿਲ ।'

**ਭਾਵ** :— ਉਜੜੀ ਪਈ ਥਾਂ ਜਾਂ ਪਿੰਡ ਵਿਚ ਮਾਮੂਲੀ ਚੀਜ਼-ਭੜੋਲਾ-ਵੀ ਵੱਡੀ ਲਗਦੀ ਹੈ ।

**ਵਰਤੋਂ** :— 'ਸੁੰਞੇ ਪਿੰਡ ਭੜੋਲਾ ਹੀ ਮਹਿਲ ਹੁੰਦਾ ਹੈ।' ਇਸ ਉਜਾੜ ਵਿਚ ਇਹ ਬਉਲੀ ਵੀ ਕਿੰਨੀ ਖਿਚ ਪਾਂਦੀ ਹੈ ? (ਸੰਗ੍ਰ)

**ਸੁੰਞੇ ਮਹਿਲ ਡਰਾਉਣੇ, ਬਰਕਤ ਮਰਦਾਂ ਨਾਲ ।**

**ਭਾਵ** :— ਜਦ ਕਿਸੇ ਉਘੇ ਪੁਰਸ਼ ਦੇ ਨਾਹ ਹੋਣ ਨਾਲ ਬੇਰੌਣਕੀ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਅੱਜ, ਇਹ ਮਹਿਲ ਅਤੇ ਮਾੜੀਆਂ ਵੱਡੇ ਸਰਦਾਰ ਹੁਰਾਂ ਦੇ ਨਾ ਹੋਣ ਨਾਲ ਸੁੰਞੀਆਂ ਲਗਦੀਆਂ ਹਨ । ਤੁਸੀਂ ਵੀ ਨੌਕਰੀ ਕਰਕੇ ਬਾਹਿਰ ਹੀ ਹੋਏ, 'ਸੁੰਞੇ ਮਹਿਲ ਡਰਾਉਣੇ, ਬਰਕਤ ਮਰਦਾਂ ਨਾਲ ।' (ਸੰਗ੍ਰ)

**ਸੁੰਢੀ ਦੀ ਗੰਢੀ ਲੱਭੀ, ਪਨਸਾਰੀ ਬਣ ਬੈਠਾ ।**

**ਭਾਵ** :— ਜਦ ਕੋਈ ਥੋੜੀ ਚੀਜ਼ ਪ੍ਰਾਪਤ ਕਰਕੇ ਵਡਿਆਂ ਦੀ ਰੀਸ ਕਰਨ ਲਗ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕਰਮ ਚੰਦ ਦੀ ਕੀ ਗਲ ਕਰਦੇ ਹੋ । 'ਸੁੰਢ ਦੀ ਗੰਢੀ ਲੱਭੀ, ਵਡਾ ਪਨਸਾਰੀ ਬਣ ਬੈਠਾ ।' ਚਾਰ ਪੈਸੇ ਸਹੁਰੇ ਨੇ ਦਿਤੇ ਹਨ ਤੇ ਹੁਣ ਆਕੜ ਆਕੜ ਕੇ ਤੁਰਦਾ ਹੈ ।

(ਸੰਗ੍ਰ)

## ਹ

**ਹਉਮੈ ਜਾਈ ਤਾਂ ਕੰਤ ਸਮਾਈ ।**

**ਭਾਵ** :— ਹੰਕਾਰ ਮਿਟਣ ਨਾਲ ਮੰਨ ਦੇ ਅੰਦਰ ਪ੍ਰਭੂ ਦਾ ਵਾਸਾ ਹੁੰਦਾ ਹੈ ।

**ਵਰਤੋਂ** :—

"ਹਉਮੈ ਜਾਈ ਤਾਂ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥"

(ਗੁਰੂ ਗ੍ਰੰਥ – ਸੂਹੀ ਅਸਟਪਦੀਆਂ)

**ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ ॥**

**ਭਾਵ** :— ਹੰਕਾਰ ਬੜਾ ਚੰਦਰਾ ਰੋਗ ਹੈ ਅਤੇ ਇਸ ਦੀ ਦਵਾ ਵੀ ਇਸ ਵਿਚ ਹੀ ਹੈ ।

**ਵਰਤੋਂ** :—

ਹਉਮੈ ਦੀਰਘ ਰੋਗੁ ਹੈ,
ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ,
ਤਾਂ ਗੁਰ ਕਾ ਸਬਦੁ ਕਮਾਹਿ ॥
ਨਾਨਕ ਕਹੈ ਸੁਣਹੁ ਜਨਹੁ,
ਇਤੁ ਸੰਜਮਿ ਦੁਖ ਜਾਹਿ ॥"

(ਗੁਰੂ ਗ੍ਰੰਥ— ਆਸਾ ਦੀ ਵਾਰ)

**ਹਉਮੈ ਨਾਵੈ ਨਾਲਿ ਵਿਰੋਧ ਹੈ ਦੁਇ ਨਾ ਵਸਹਿ ਇਕ ਠਾਇ ।**

**ਭਾਵ** :— ਹੰਕਾਰ ਦਾ ਨਾਮ ਸਿਮਰਨ ਨਾਲ ਵੈਰ ਹੈ । ਦੋਵੇਂ-ਇਕ ਥਾਂ-ਹਿਰਦੇ ਵਿਚ ਵਸ ਨਹੀਂ ਸਕਦੇ ।

**ਵਰਤੋਂ** :—

ਹਉਮੈ ਨਾਵੈਂ ਨਾਲਿ ਵਿਰੋਧ ਹੈ,
ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚ ਸੇਵਾ ਨਾ ਹੋਵਈ,
ਤਾ ਮਨੁ ਬਿਰਥਾ ਜਾਇ ॥"

(ਗੁਰੂ ਗ੍ਰੰਥ —ਵਡਹੰਸ ਰਾਗ)

**ਹੱਸਣੇ ਘਰ ਵਸਣੇ । ਜਾਂ ਹਸਦਿਆਂ ਦੇ ਘਰ ਵਸਦੇ, ਰੋਂਦਿਆਂ ਦੇ ਖ਼ਾਨੇ ਖ਼ਰਾਬ ।**

**ਭਾਵ** :— ਹੱਸਣ ਵਾਲੇ ਜਾਂ ਖੁਸ਼ ਰਹਿਣ ਵਾਲੇ ਦੀ ਸਿਫ਼ਤ ਕੀਤੀ ਹੈ ।

**ਵਰਤੋਂ** :— ਕੁੰਤੀ-ਮਾਂ ਜੀ ! ਹੱਸਣੇ ਘਰ ਵੱਸਣੇ । ਸਾਡੇ ਮਾਸੀ ਜੀ ਜਦੋਂ ਵੇਖੋ ਹਸੂੰ ਹਸੂੰ ਹੀ ਕਰਦੇ ਰਹਿੰਦੇ ਹਨ । ਸ਼ਾਇਦ ਇਸੇ ਕਰਕੇ ਉਨ੍ਹਾਂ ਦਾ ਘਰ ਦਿਨੋ ਦਿਨ ਉਨਤੀ ਕਰਦਾ ਜਾਂਦਾ ਹੈ ।

(ਸੰਗ੍ਰ)

**ਹਸਾਏ ਦਾ ਨਾਂ ਨਹੀਂ ਹੁੰਦਾ, ਰੁਆਏ ਦਾ ਹੋ ਜਾਂਦਾ ਹੈ ।**

**ਭਾਵ** :— ਕਿਸੇ ਦੀ ਕਿੰਨੀ ਵੀ ਸੇਵਾ ਕਰੋ ਤੇ ਖ਼ੁਸ਼ ਰਖੋ ਪਰ ਜੇ ਰਤੀ ਕੁ ਵੀ ਕੋਈ ਗਲ ਉਸਦੀ ਮਨ ਮਰਜ਼ੀ ਦੀ ਨਾ ਹੋਵੇ ਤਾਂ ਉਹ ਨਾਰਾਜ਼ ਹੋ ਜਾਂਦਾ ਹੈ ।

**ਵਰਤੋਂ** :— ਉਹ ਕਹਿੰਦਾ ਏ, ਛੇਤੀ ਹੀ ਇਸ ਦਾ ਪਤਾ ਟਿਕਾਣਾ ਮਾਲੂਮ ਹੋ ਜਾਵੇ, ਤਾਂ ਇਸ ਨੂੰ ਜਾਕੇ ਪਹੁੰਚਾ ਆਵੀਏ । ਬੱਚੀ ! ਜ਼ਮਾਨਾ ਜੋ ਚੰਦਰਾ ਹੋਇਆ । 'ਹਸਾਏ ਦਾ ਨਾ ਨਹੀਂ ਹੁੰਦਾ ਤੇ ਰੁਆਏ ਦਾ ਝਟ ਹੋ ਜਾਂਦਾ ਏ ।'

(ਵਿੱਟਾ ਲਹੂ— ਨਾਨਕ ਸਿੰਘ)

**ਹੱਸੀ ਤੇ ਫੱਸੀ ।**

**ਭਾਵ :—** ਜਦ ਕੋਈ ਤੀਵੀਂ ਹੱਸ ਪਵੇ ਤੇ ਫੇਰ ਫੰਦੇ ਵਿਚ ਫਸ ਜਾਵੇ ।

**ਵਰਤੋਂ—** ਸਾਡੇ ਵਿਚ ਤਾਂ ਹਰ ਪੁਰਸ਼ ਤੀਵੀਂ ਬਾਰੇ ਇਹੀ ਸਮਝਦਾ ਹੈ, ਕਿ 'ਹੱਸੀ ਤੇ ਫੱਸੀ ।' ਪਰਦੇਸਾਂ ਵਿਚ ਤੁਸੀਂ ਕਿਸੇ ਤੀਵੀਂ ਨਾਲ ਹਸੋ ਖੇਡੋ, ਬੋਲੋ ਚਾਲੋ, ਮਿਲੋ ਗਿਲੋ, ਫਿਰ ਵੀ ਉਥੇ ਉਸ ਸੰਬੰਧੀ ਇਵੇਂ ਸਮਝਣਾ ਵਡੀ ਭੁਲ ਹੋਵੇਗੀ । (ਸੰਗ੍ਰ)

**ਹਸੋਂ ਕੜੀ ਤੇ ਕੜੀਉਂ ਛਾਪ, ਹੁਣ ਛਾਪੋਂ ਵੀ ਜਵਾਬ ।**

**ਭਾਵ :—** ਕਿਸੇ ਨਾਲੋਂ ਕੀਤੇ ਇਕਰਾਰ ਨੂੰ ਬਚਾਉਂਦਿਆਂ ਬਚਾਉਂਦਿਆਂ ਉੱਕਾ ਹੀ ਮੁਕਰ ਜਾਣਾ ।

**ਵਰਤੋਂ :—** ਧੰਨਾ ਸਿੰਘ— ਵਾਹ ਸ਼ਾਹ ! ਖ਼ੂਬ ਧਰਮ ਪਾਲਿਓ ਈ, ਅਖੇ 'ਹਸੋਂ ਕੜੀ ਤੇ ਕੜੀਉਂ ਛਾਪ, ਤੇ ਛਾਪੋਂ ਵੀ ਜਵਾਬ' ਹਜ਼ਾਰ ਰੁਪਈਏ ਦਾ ਇਕਰਾਰ ਕਰਕੇ ਹੁਣ ਸੌ ਰੁਪਈਏ ਵੀ ਦੇਣ ਤੋਂ ਮੁਕਰ ਬੈਠਾ ਏਂ ! (ਸੰਗ੍ਰ)

**ਹਕੀਮ ਦਾ ਯਾਰ ਰੋਗੀ ਤੇ ਪੰਡਤ ਦਾ ਯਾਰ ਸੋਗੀ ।**

**ਭਾਵ :—** ਬਿਨਾ ਕੰਮ ਕਿਸੇ ਪਾਸ ਕੋਈ ਨਹੀਂ ਜਾਂਦਾ ।

**ਵਰਤੋਂ :—** ਫ਼ਕੀਰ ਸਿੰਘ ਜੀ ! 'ਹਕੀਮ ਦਾ ਯਾਰ ਰੋਗੀ ਤੇ ਪੰਡਤ ਦਾ ਯਾਰ ਸੋਗੀ ।' ਨਹੀਂ ਤਾਂ ਅਜ ਕਲ ਲੋੜ ਬਿਨਾ ਕੋਈ ਕਿਸੇ ਪਾਸ ਜਾਂਦਾ ਹੈ ? (ਸੰਗ੍ਰ)

**'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ ।**

**ਭਾਵ :—** ਕਿਸੇ ਦਾ ਹਕ ਮਾਰਨਾ ਮੁਸਲਮਾਨ ਲਈ ਸੂਰ ਤੇ ਹਿੰਦੂ ਲਈ ਗਾਂ ਖਾਣ ਦੀ ਸੁਗੰਧ ਬਰਾਬਰ ਹੈ ।

**ਵਰਤੋਂ :—**

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।।
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ ।।
(ਗੁਰੂ ਗ੍ਰੰਥ—ਸ਼ਲੋਕ)

**ਹਗਦਿਆਂ ਦੇ ਹੇਠਾਂ ਹੱਥ ਨਾ ਧਰ ।**

**ਭਾਵ :—** ਭੈੜੀ ਸੰਗਤ ਤੋਂ ਦੂਰ ਰਹੋ ।

**ਵਰਤੋਂ :—** ਮਾਂ-ਕਾਕਾ ! 'ਹਗਦਿਆਂ ਦੇ ਹੇਠਾਂ ਹੱਥ ਨਹੀਂ ਧਰੀਦਾ । ਜਿਹੜੇ ਕੁਸੰਗ ਕਰਦੇ ਹਨ' ਸਦਾ ਦੁਖੀ ਹੁੰਦੇ ਹਨ । (ਸੰਗ੍ਰ)

**ਹੱਛਾ ਸਭ ਦਾ ਵੱਛਾ ।**

**ਭਾਵ :—** ਭਲੇਮਾਣਸ ਉਪਰ ਹਰ ਕੋਈ ਦਬਾ ਪਾ ਲੈਂਦਾ ਹੈ ।

**ਵਰਤੋਂ :—** ਸ਼ਾਹ-ਧੰਨਾ ਸਿੰਘ ਜੀ, ਤੁਹਾਡਾ ਵੀਰ ਤਾਂ 'ਹੱਛਾ, ਸਭ ਦਾ ਵੱਛਾ' ਬਣਿਆ ਹੈ ਹਰ ਕੋਈ ਉਸੇ ਨੂੰ ਕੰਮ ਆਕੇ ਪਾਂਦਾ ਹੈ । (ਸੰਗ੍ਰ)

**ਹੱਟ ਕਰਾਏ ਕੰਮ ਬਿਆਜੀ, ਉਸ ਭੈੜੇ ਦੀ ਪੂਰੀ ਬਾਜੀ ।**

**ਭਾਵ :—** ਵਪਾਰ ਵਿਚ ਜਦ ਵਿਆਜ ਅਤੇ ਕਰਾਇਆ ਦੁਖਦਾਈ ਜਾਪਣ, ਤਦ ਇਹ ਆਖਣ ਵਰਤਦੇ ਹਨ ।

**ਵਰਤੋਂ :—** ਈਸ਼ਰ ਦਾਸ-ਮਨੀ ਰਾਮ ਜੀ । ਵਪਾਰ ਕੀਕਰ ਚਲੇ ? ਤੁਸਾਡੀ ਮੁੜੀ ਥੋੜੀ ਹੈ, ਵਿਆਜ ਤੇ ਕਰਾਇਆ ਸਿਰ ਪੁੱਟਣ ਨਹੀਂ ਦੇਂਦੇ, ਸਿਆਣਿਆਂ ਨੇ ਇਸੇ ਕਰਕੇ ਆਖਿਆ ਹੈ ਕਿ 'ਹੱਟ ਕਰਾਏ ਕੰਮ ਬਿਆਜੀ, ਉਸ ਭੈੜੇ ਦੀ ਪੂਰੀ ਬਾਜੀ ।' (ਸੰਗ੍ਰ)

**ਹੱਟੀ ਕਿਰਾੜ ਤੇ ਜੰਗਲ ਬਘਿਆੜ ।**

**ਭਾਵ :—** ਕਿਰਾੜ (ਬਾਣੀਆਂ) ਹੱਟੀ ਉਪਰ ਤੇ ਬਘਿਆੜ ਜੰਗਲ ਵਿਚ ਤਕੜੇ ਹੁੰਦੇ ਹਨ ।

**ਵਰਤੋਂ** :— ਧੰਨਾ ਸਿੰਘ-ਮੈਂ ਉਹਦੇ ਘਰ ਗਿਆ ਤਾਂ ਉਹ ਅਗੋਂ ਭੂਏ ਚੜ੍ਹ ਪਿਆ।

ਕਰਮ ਸਿੰਘ— 'ਪਈ ਹੱਟੀ ਕਿਰਾੜ ਤੇ ਜੰਗਲ ਬਘਿਆੜ' ਨਹੀਂ ਛੇੜੀਦੇ। ਤੈਨੂੰ ਕੀ ਲੋੜ ਸੀ, ਉਹਦੇ ਘਰ ਜਾਣ ਦੀ ? ਬਾਹਰ ਹੁੰਦਾ ਤੇ ਵੇਖਦੇ। (ਸੰਗ੍ਰ)

**ਹੱਟੀ ਤੇ ਬਹਿਣ ਨਾ ਦੇਵੇ ਤੇ ਮੇਰਾ ਸੌਦਾ ਤੋਲੀਂ ! ਜਾਂ ਹੱਟੀ ਵੜਨਾ ਮਿਲੇ ਨਾ, ਮਹਿਤਿਆ ਪੂਰਾ ਤੋਲ।**

**ਭਾਵ** :— ਜਦ ਕਿਸੇ ਦੀ ਪੁੱਛ ਗਿੱਛ ਨ ਹੋਵੇ ਤੇ ਵਡਿਆਈ ਕੀਤੀ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸ਼ਾਹ-ਮੀਆਂ ! ਤੂੰ ਤਾਂ ਐਵੇਂ ਹੀ ਵਡਾ ਬਣੀ ਫਿਰਦਾ ਏਂ ? ਤੇਰਾ ਤਾਂ ਇਹ ਹਾਲ ਹੈ ਕਿ 'ਹੱਟੀ ਵੜਨਾ ਮਿਲੇ ਨਾ, ਮਹਿਤਿਆ ਪੂਰਾ ਤੋਲ।' (ਸੰਗ੍ਰ)

**ਹੱਟੀ ਵਿਚ ਕਪਾਹ ਤੇ ਮੇਰੀ ਤਾਣੀ ਤੇ ਲਾਹ।**

**ਭਾਵ** :— ਚੀਜ਼ ਤਾਂ ਪਾਸ ਨਾ ਹੋਵੇ, ਪਰ ਉਸ ਦਾ ਫੱਲ ਮੰਗੇ।

**ਵਰਤੋਂ** :— ਜੁਲਾਹਿਆ-ਮਿਟਜ਼ਿਆ ਤੂੰ ਤਾਂ ਓਹੋ ਗਲ ਕੀਤੀ ਅਖੇ 'ਹੱਟੀ ਵਿਚ ਕਪਾਹ ਤੇ ਮੇਰੀ ਤਾਣੀ ਦੇ ਲਾਹ।' ਸੂਤ ਤਾਂ ਤੇਰੀ ਸੁਆਣੀ ਨੇ ਹਾਲੀ ਮੈਨੂੰ ਪੁਚਾਇਆ ਨਹੀਂ ਤੇ ਤੂੰ ਖਦਰ ਲੈਣ ਆ ਗਿਆ ਏਂ ? (ਸੰਗ੍ਰ)

**ਹੱਡ ਹਰਾਮੀ ਤੇ ਹੁਜਤਾਂ ਢੇਰ।**

**ਭਾਵ** :— ਕੰਮ ਕਰਨ ਨੂੰ ਜੀ ਨਾ ਹੋਵੇ ਤੇ ਬਹਾਨੇ ਢੂੰਡੇ।

**ਵਰਤੋਂ** :— ਚੌਧਰੀ—ਕਰੰਮੂ ਗਿਆ ਹੋਇਆ ਸੀ ਤੇ ਹੋਰ ਤਰਖਾਣ ਵੀ ਮਰ ਗਏ ਸਨ। ਪਰ 'ਹਡ ਹਰਾਮੀ ਤੇ ਹੁਜਤਾ ਢੇਰ'। ਹੱਛਾ ਜਾ, ਹੁਣ ਸ਼ੇਰ ਖਾਂ ਵਲੋਂ ਆਪਣਾ ਦੂਜਾ ਸੁਹਾਗਾ ਜਾਕੇ, ਚੁਕਵਾ ਲਿਆ। (ਹੀਰ ਸਿਆਲ—ਸ਼ਟਫ)

**ਹੱਡ ਸ਼ਰੀਕਾ ਹੁੰਦਾ ਏ, ਕਰਮ ਸ਼ਰੀਕਾ ਨਹੀਂ ਹੁੰਦਾ।**

**ਭਾਵ** :— ਜਦ ਕਿਸੇ ਦਾ ਵੈਰ ਕਿਸੇ ਦੀ ਕਿਸਮਤ ਵਿਚ ਫ਼ਰਕ ਨਾ ਪਾ ਸਕੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਡਾਕਟਰ—ਹਰੀ ਸਿੰਘ ਜੀ ! 'ਹੱਡ ਸ਼ਰੀਕਾ ਹੁੰਦਾ ਏ, ਕਰਮ ਸ਼ਰੀਕਾ, ਨਹੀਂ ਹੁੰਦਾ' ਤੁਲਸੀ ਦਾਸ ਦੀ ਭਾਵਨਾ ਉਸਦੀ ਕਿਸਮਤ ਵਿਚ ਕੀ ਫਰਕ ਪਾ ਸਕਦੀ ਏ ? (ਸੰਗ੍ਰ)

**ਹੱਡੀਂ ਢੇਰ ਜਾਂ ਦੰਮੀ ਢੇਰ।**

ਵੇਖੋ :—'ਹੰਨੇ ਜਾਂ ਬੰਨੇ'

**ਭਾਵ** :— ਜਦ ਇਹ ਦਸਣਾ ਹੋਵੇ, ਕਿ ਕਿਸੇ ਕੰਮ ਨੂੰ ਹੰਨੇ ਬੰਨੇ ਕਰ ਕੇ ਛਡਣਾ ਹੈ ਭਾਵੇਂ ਘਾਟਾ ਹੀ ਪਵੇ।

**ਵਰਤੋਂ** :— ਬਜ਼ਾਰ ਵਿਚ ਤਾਂ ਮੰਦਾ ਸੀ, ਪਰ ਮੈਂ ਪੰਜ ਹਜ਼ਾਰ ਦਾ ਹੋਰ ਮਾਲ ਮੰਗਵਾ ਲਿਆ ਹੈ। ਅਛਾ ਹੁਣ ਤਾਂ 'ਹੱਡੀਂ ਢੇਰ ਜਾਂ ਦੰਮੀ ਢੇਰ' ਵਾਲੀ ਗੱਲ ਹੀ ਕਰਨੀ ਹੈ। ਜੋ ਹੋਊ ਸੋ ਦੇਖੀ ਜਾਊ। (ਸੰਗ੍ਰ)

**ਹੱਥ ਕਾਰ ਵਲ, ਦਿਲ ਯਾਰ ਵਲ।** ਜਾਂ **ਹੱਥ ਕਾਰ ਵਲ, ਦਿਲ ਕਰਤਾਰ ਵਲ।**

**ਭਾਵ** :— ਹੱਥਾਂ ਨਾਲ ਸਾਰੇ ਕਾਰ ਵਿਹਾਰ ਕਰੇ, ਪਰ ਚਿਤ ਦੀ ਡੋਰੀ ਕਰਤਾਰ ਜਾਂ ਮਿੱਤਰ ਨਾਲ ਜੋੜੀ ਰਖੇ।

**ਵਰਤੋਂ** :— ਨੰਦ ਕੌਰ ਸੂਤ ਕਤਣਾ, ਮਖਣ ਕੱਢਣਾ, ਘਿਉ ਬਨਾਉਣਾ ਸਿੱਖ ਗਈ ਸੀ। ਸੋ 'ਹੱਥ ਕਾਰ ਵਲ ਤੇ ਦਿਲ ਕਰਤਾਰ ਵਲ' ਲਗਾ ਰਹਿੰਦਾ। (ਸੰਗ੍ਰ)

**ਹੱਥ ਕੰਙਨ ਨੂੰ ਆਰਸੀ ਕੀ।**

**ਭਾਵ** :— ਜਦ ਕੋਈ ਗਲ ਸਾਹਮਣੇ ਪਈ ਦਿਸੇ ਪਰ ਦੂਜਾ ਉਸਨੂੰ ਛੁਪਾ ਕੇ ਰਖੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭਰਾਵਾ ! ਇਸ ਗਲ ਤੇ ਪਰਦੇ ਕਿਉਂ ਪਾਂਦਾ ਹੈਂ ! 'ਹੱਥ ਕੰਙਨ ਨੂੰ ਆਰਸੀ ਕੀ !' (ਸੰਗ੍ਰ)

**ਹੱਥ ਠੂਠਾ ਤੇ ਦੇਸ ਮੋਕਲਾ ।**

**ਭਾਵ** :— ਮੰਗਣ ਵਾਲੇ ਵਾਸਤੇ ਬਥੇਰੀਆਂ ਥਾਵਾਂ ਹਨ ।

**ਵਰਤੋਂ** :— ਮੈਂ ਕੀ ਆਖਾਂ ਜੇ ਜੱਟ ਅਕਲ ਨਾਲ ਆਪਣੀ ਕਮਾਈ ਵਰਤੇ ਤਾਂ ਸਾਰੀਆਂ ਤੋਫ਼ੀਕਾਂ ਉਹਨੂੰ ਹਨ, ਪਰ ਜੇ ਅਕਲ ਕੋਲੋਂ ਕੰਮ ਨਾ ਲਏ ਤਾਂ ਫਿਰ 'ਹੱਥ ਠੂਠਾ ਤੇ ਦੇਸ ਮੋਕਲਾ' ਹੀ ਰਹਿੰਦਾ ਏ।

(ਨਵਾਬ ਖ਼ਾਨ—ਜੋਧ ਸਿੰਘ)

**ਹਥ ਦੀ ਹਥ ਵਿਚ ਰਹਿ ਗਈ, ਮੂੰਹ ਵਿਚ ਰਿਹਾ ਗ੍ਰਾਹ, ਲਖ ਲਾਨਤ ਉਸ ਨੂੰ ਸੁਥਰਿਆ ਜੋ ਦਮ ਦਾ ਕਰੇ ਵਿਸਾਹ ।**

**ਭਾਵ** :—ਜਦ ਕੋਈ ਅਰੋਗੀ ਪੁਰਸ਼ ਅਚਨਚੇਤ ਹੀ ਮਰ ਜਾਏ ।

**ਵਰਤੋਂ** :— ਨੰਦ ਸਿੰਘ— ਲਹਿਣਾ ਸਿੰਘ ਜੀ ! ਭਾਈ ਹੋਰੀਂ ਬੜੇ ਰਿਸ਼ਟ ਪੁਸ਼ਟ ਸਨ, ਸ਼ਾਮ ਨੂੰ ਚੰਗੇ ਭਲੇ ਬਾਹਰ ਫਿਰਨ ਗਏ, ਅਜ ਸਵੇਰ ਨੂੰ ਪਤਾ ਲਗਾ ਕਿ ਰਾਤ ਨੂੰ ਚਲ ਬਸੇ । ਕਿਹੇ ਭਾਗਾਂ ਵਾਲੇ ਸਨ । ਇਕ ਦਮ ਦਾ ਵਿਸਾਹ ਨਹੀਂ ਸਨ ਕਰਦੇ, ਹਰ ਵੇਲੇ ਭਜਨ ਕਰਦੇ ਰਹਿੰਦੇ ਸਨ । ਕਿਸੇ ਨੇ ਸਚ ਹੀ ਕਿਹਾ ਹੈ ਕਿ 'ਹਥ ਦੀ ਹਥ ਵਿਚ ਰਹਿ ਗਈ ਮੂੰਹ ਵਿਚ ਰਿਹਾ ਗ੍ਰਾਹ, ਲਖ ਲਾਨਤ ਉਸ ਨੂੰ ਸੁਥਰਿਆ ਜੋ ਦਮ ਦਾ ਕਰੇ ਵਿਸਾਹ ।' (ਸੰਗ੍ਰ)

**ਹੱਥ ਨ ਪੱਲੇ, ਬਜ਼ਾਰ ਖੜੀ ਹਲੇ ।**

**ਭਾਵ** :— ਹਥ ਪਲੇ ਤੇ ਕੁਝ ਹੋਵੇ ਨਾ, ਪਰ ਜ਼ਬਾਨੀ ਬੜਾ ਜਮ੍ਹਾਂ ਖ਼ਰਚ ਕਰੇ ।

**ਵਰਤੋਂ** :— ਕਰਮਦੇਈ—ਨੀ ਰਾਣੋਂ ! ਛਡ ਪਰ੍ਹੇ ਧਨੋ ਦੀਆਂ ਗਲਾਂ ਨੂੰ, ਉਹ ਗਪੌੜੀ ਹੈ ਨਿਰੀ ਪੂਰੀ ਉਸ ਦੀ ਤਾਂ ਇਹ ਗਲ ਹੈ ਪਈ 'ਹੱਥ ਨਾ ਪਲੇ, ਬਜ਼ਾਰ ਖੜੀ ਹਲੇ ।' (ਸੰਗ੍ਰ)

**ਹੱਥ ਨੂੰ ਹੱਥ ਪਛਾਣਦਾ ਹੈ ।**

**ਭਾਵ** :— ਜਦ ਇਕ ਧਿਰ ਦੂਜੀ ਧਿਰ ਨੂੰ ਹਰ ਸਮੇਂ ਬਹੁਤ ਕੁਝ ਦਿੰਦੀ ਰਹੇ, ਪਰ ਦੂਜੀ ਧਿਰ ਵਲੋਂ ਕੁਝ ਨਾ ਵੇਖ ਪਹਿਲੀ ਧਿਰ ਵੀ ਪਿਛਾਂਹ ਹਟ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਹਰਨਾਮੋ ! ਕੀ ਗੱਲ ਹੈ ? ਐਤਕੀ ਤੁਸੀਂ ਆਪਣੇ ਚਾਚੇ ਦੀ ਧੀ ਨੂੰ ਮੇਲ ਵਿਚ ਨਹੀਂ ਸਦਿਆ ?

ਸ਼ਾਮੋ ਭੈਣ ! ਹਰ ਵਾਰੀ ਸਦਦੇ ਹੀ ਰਹੇ ਹਾਂ ਨਾ, ਪਰ ਕੀ ਕਰੀਏ, ਅੰਤ ਨੂੰ ਤਾਂ 'ਹੱਥ ਨੂੰ ਹੱਥ ਪਛਾਣਦਾ ਹੈ' ਨਾ । (ਸੰਗ੍ਰ)

**ਹੱਥ ਪਾਇਆ ਸੀ ਫੁਲਾਂ ਕਾਰਣ, ਕੰਡਾ ਹੱਥੀਂ ਆਇਆ ।**

**ਭਾਵ** :— ਕੰਮ ਤਾਂ ਇਸ ਨੀਅਤ ਨਾਲ ਕੀਤਾ ਜਾਵੇ ਕੇ ਸੁਖ ਮਿਲੇਗਾ ਪਰ ਸਿੱਟਾ ਉਲਟਾ ਨਿਕਲੇ ।

**ਵਰਤੋਂ** :— ਉਹ ਵਿਚਾਰਾ ਕਾਗਜ਼ ਦਾ ਪੁਰਜ਼ਾ ਹਥ ਫੜਕੇ ਭਰਿਆ ਪੀਤਾ ਬਾਹਰ ਨਿਕਲ ਆਇਆ ਤੇ ਬਾਹਰ ਨਿਕਲਦਿਆਂ ਹੀ ਫਿਸ ਪਿਆ ਤੇ ਫਿਰ ਧਾਹੀਂ ਮਾਰ ਕੇ ਰੋਣ ਲਗ ਪਿਆ । 'ਹੱਥ ਪਾਇਆ ਸੀ ਫੁੱਲਾਂ ਕਾਰਨ, ਕੰਡਾ ਹੱਥੀਂ ਆਇਆ ।'

(ਨਵਾਬ ਖਾਂ—ਪ੍ਰਿੰ: ਜੋਧ ਸਿੰਘ)

**ਹੱਥ-ਪੁਰਾਣੇ ਖੋਸੜੇ ਬਸੰਤਾ ਹੋਰੀ ਆਏ**

**ਭਾਵ** :— ਜਿਸ ਦੇ ਹੱਥ ਪਲੇ ਕੁਝ ਨਾ ਹੋਵੇ, ਪਰ ਆਕੜ ਆਕੜ ਤੁਰੇ ।

**ਵਰਤੋਂ** :— ਇਸ ਉਤੇ ਵਾਧਾ ਇਹ ਹੈ ਕਿ ਹੈ ਉਹ ਪੁਜਕੇ ਮਖੱਟੂ । ਜੇ ਕਿਤੇ ਚਾਰ ਦਿਨ ਕੰਮ ਤੇ ਲਗਦਾ ਵੀ ਹੈ ਤਾਂ ਪੀ ਕੇ ਮਾਲਕ ਨਾਲ ਗਾਲੋ ਗਾਲੀ ਹੋ ਪੈਂਦਾ ਹੈ ਤੇ ਦੂਜੇ ਹੀ ਦਿਨ ਮੁੜ 'ਹੱਥ ਪੁਰਾਣੇ ਖੋਸੜੇ ਬਸੰਤਾ ਹੋਰੀ ਆਏ' ਵਾਲਾ ਹਾਲ ਹੁੰਦਾ ਹੈ ।

(ਅਧ-ਖਿੜਿਆ ਫੁਲ—ਨਾਨਕ ਸਿੰਘ)

**ਹੱਥ ਪੈਰ ਨਰੋਏ ਤੇ ਸੱਭੇ ਸੌਦੇ ਹੋਏ ।**

**ਭਾਵ** :— ਸਰੀਰ ਠੀਕ ਹੈ ਤਾਂ ਸਭੋ ਕੁਝ ਠੀਕ ਹੈ ।

**ਵਰਤੋਂ** :— ਚੌਧਰੀ, ਤਕੜਾ ਹੋ । ਮਾਮੂਲੀ ਨੁਕਸਾਨ ਤੋਂ ਘਬਰਾ ਨਾ । 'ਹੱਥ ਪੈਰ ਨਰੋਏ ਤਾਂ ਸੱਭੇ ਸੌਦੇ ਹੋਏ ।' ਰੱਬ ਨੇ ਨਰੋਈ ਜਾਨ ਦਿੱਤੀ ਹੋਈ ਹੈ, ਫਿਰ ਕਮਾ ਲਵੇਂਗਾ । (ਸੰਗ੍ਰ)

**ਹੱਥ ਵਿਚ ਗੁੱਤ ਤੇ ਠੇਂਹ ਸੋਟਾ ।**

**ਭਾਵ** :— ਜਦ ਘਰ ਵਿਚ ਨਿਤ ਮੀਆਂ ਬੀਬੀ ਦੀ ਲੜਾਈ ਹੁੰਦੀ ਰਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਓਹ ਪਰਲੇ ਦਰਜੇ ਦਾ ਐਬੀ, ਅਮੋੜ ਤੇ ਕਲਾ ਦਾ ਅਵਤਾਰ ਸੀ, ਕਿਹੜਾ ਦਿਨ ਹੁੰਦਾ ਜਦ ਇਨ੍ਹਾਂ ਦੇ ਘਰ 'ਹੱਥ ਵਿਚ ਗੁੱਤ ਤੇ ਠੇਂਹ ਸੋਟਾ' ਵਾਲਾ ਨਾਟਕ ਨਹੀਂ ਸੀ ਖੇਡਿਆ ਜਾਂਦਾ ।

(ਚਿੱਟਾ ਲਹੂ— ਨਾਨਕ ਸਿੰਘ)

**ਹਥੜਿਉਂ ਨਾ ਕਿਰਾਂ ਤੇ ਮੁਖੜਿਉਂ ਪਈ ਤਿੜਾਂ ।**

**ਭਾਵ** :— ਜ਼ਬਾਨੀ ਜਮਾਂ ਖਰਚ ਕਰੀ ਜਾਣਾ, ਪਰ ਹਥੋਂ ਦੇਣਾ ਕੁਝ ਵੀ ਨਾ ।

**ਵਰਤੋਂ** :— 'ਹਥੜਿਉਂ ਨਾ ਕਿਰੀਏ ਤੇ ਮੁਖੜਿਉਂ ਵੀ ਨਾ ਤਿੜੀਏ ।' ਜੇ ਕਿਸੇ ਨੂੰ ਦੇਈਏ ਨਾ, ਤਾਂ ਫੋਕੀ ਜਮ੍ਹਾ ਖਰਚ ਕਿਉਂ ਕਰੀਏ ?

(ਸੰਗ੍ਰ)

**ਹੱਥਾਂ ਦੀਆਂ ਦਿਤੀਆਂ ਦੰਦਾਂ ਨਾਲ ਖੋਹਲਣੀਆਂ ਪੈਂਦੀਆਂ ਹਨ । ਜਾਂ ਹੱਥਾਂ ਦੀਆਂ ਗੰਢਾ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ ।**

**ਭਾਵ** :— ਜਦ ਕੋਈ ਆਪ ਹੀ ਆਪਣਾ ਕੰਮ ਵਿਗਾੜ ਲਵੇ ਤੇ ਉਸ ਨੂੰ ਠੀਕ ਕਰਨ ਲਈ ਔਕੜਾਂ ਉਸ ਦੇ ਪੇਸ਼ ਆਉਣ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਮਹੁੰਮਦਾ-ਉਹ ਤੇ ਠੀਕ ਏ ! ਪਰ ਤੂੰ ਉਥੋਂ ਤੀਕ ਗਲ ਨ ਆਉਣ ਦੇਈਂ, ਕਿਤੇ 'ਹੱਥੀਂ ਦਿਤੀਆਂ ਦੰਦਾ ਨਾਲ ਨਾ ਖੋਹਲੁਣੀਆਂ ਪੈਣ ।'

(ਪਿੰਡ ਦੇ ਵੈਰੀ-ਜੋਸ਼ੂਆ ਫਜ਼ਲਦੀਨ)

**ਹੱਥਾਂ ਬਾਝ ਕਰਾਰਿਆਂ, ਵੈਰੀ ਮਿਤ ਨ ਹੋਣ ।**

**ਭਾਵ** :— ਵੈਰੀ ਨਰਮੀਂ ਨਾਲ ਕਾਬੂ ਨਹੀਂ ਆਉਂਦੇ ।

**ਵਰਤੋਂ** :— ਕਿਰਪੇ ਵਾਲੀ ਸੱਟ ਵੀ ਤਾਂ ਵਾਹ ਵਾਹ ਲਗੀ ਸੂ । ਪਰ ਹੁਣ ਸੁਆਦ ਲਏਗਾ ਨਾ ਜ਼ਰਾ ਬਣਾ ਕੇ । 'ਹੱਥਾਂ ਬਾਝ ਕਰਾਰਿਆਂ ਵੈਰੀ ਮਿਤ ਨਾ ਹੋਣ ।' ਇਹ ਵੀ ਨਿਤ ਮੇਰੇ ਰਾਹ ਵਿਚ ਕੰਡੇ ਪਿਆ ਬੀਜਦਾ ਸੀ !

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲਦੀਨ)

**ਹਥਿਆਰ ਉਹ ਜੋ ਵੇਲੇ ਸਿਰ ਕੰਮ ਆਵੇ ।**

**ਭਾਵ** :— ਜਦ ਮਾੜੀ ਚੀਜ਼ ਵੀ ਵੇਲੇ ਸਿਰ' ਕੰਮ ਦੇ ਦੇਵੇ ।

**ਵਰਤੋਂ**— ਪੋਰਸ— ਵੇਖੋ, 'ਹਥਿਆਰ ਉਹ ਜੋ ਵੇਲੇ ਸਿਰ ਕੰਮ ਆਵੇ, ਸੂਰਾ ਉਹ ਜੋ ਮੈਦਾਨ ਜੰਗ ਵਿਚ ਲੜੇ । (ਰਾਜਾ ਪੋਰਸ—ਹਰਚਰਨ ਸਿੰਘ)

**ਹੱਥੀਂ ਦੇਈਏ, ਹੱਥੀਂ ਲਈਏ,**
**ਹੱਥੀਂ ਬੰਨ੍ਹੀਏ ਪੱਲੇ ।**
**ਐਸਾ ਕੋਈ ਨਾ ਵੇਖਿਆ,**
**ਜੋ ਪਿੱਛੋਂ ਵੀ ਘੱਲੇ ।**

**ਭਾਵ** :— ਜੋ ਭਲਾ ਕਰਨਾ ਹੈ, ਹੁਣੇ ਕਰੋ ਫਿਰ ਤੇ ਨਾ ਛਡੋ ।

**ਵਰਤੋਂ** :—

ਭੁਖੇ ਦੇ ਮੂੰਹ ਪਾਵਨਾ ਏਂ ਧੰਨ ਹੈ ਤੇਰੀ ਖੱਟੀ ।
ਧੀਆਂ ਪੁਤਾਂ ਤੇ ਲਾਵਨਾ ਏਂ ਭਰੇਂ ਸੰਸਾਰ ਦੀ ਚੱਟੀ ।
ਰੱਜੇ ਦੇ ਮੂੰਹ ਪਾਵਨਾ ਏਂ ਜਲ੍ਹਣਾ ਕਿਉ ਮਝ ਮਲੀਦੇ ਤੁਠੀ ।
'ਹੱਥੀਂ ਦੇਈਦੇ ਹੱਥੀਂ ਲਈਦੇ ਹੱਥੀਂ ਬੰਨ੍ਹੀਏ ਪਲੇ !
ਐਸਾ ਕੋਈ ਨਾ ਜਲ੍ਹਣਾ ਜੋ ਮੋਇਆ ਨੂੰ ਘਲੇ ।'

(ਜਲ੍ਹਣ ਜੀ)

**ਹੱਥੀਂ ਲਾਉਂਦਾ ਪੈਰੀ ਬੁਝਾਉਂਦਾ ਏ ।**

**ਭਾਵ** :— ਬੜੇ ਚਲਾਕ ਮਨੁਖ ਲਈ ਵਰਤਦੇ ਹਨ।

**ਵਰਤੋਂ** :—

ਹੀਰ ਆਖਦੀ ਮੇਰਾ ਚੰਡਾਲ ਚਾਚਾ,
'ਹੱਥੀਂ ਲਾਉਂਦਾ ਪੈਰੀਂ ਬੁਝਾਉਂਦਾ ਏ।'
ਤੀਵੀਂ ਮਰਦ ਵਿਚ ਰੰਝਿਆ ਪਾਏ ਪਾੜੇ,
ਮਾਵਾਂ ਧੀਆਂ ਨੂੰ ਪਾੜ ਵਿਖਾਉਂਦਾ ਏ।

(ਹੀਰ—ਵਾਰਸ)

**ਹੱਥੋ ਹੱਥ ਨਿਬੇੜਾ।**

**ਭਾਵ** :— ਜਦ ਝਟਾ ਪਟ ਕਿਸੇ ਗਲ ਦਾ ਫ਼ੈਸਲਾ ਹੋ ਜਾਵੇ।

**ਵਰਤੋਂ** :— ਭਾਨ—ਰੱਬ ਬੜਾ ਬੇਅੰਤ ਏ, 'ਹੱਥੋ ਹੱਥ ਨਿਵੇੜਾ' ਕਰਾਂਦਾ ਏ।

(ਰਾਜਾ ਪੋਰਸ—ਹਰਚਰਨ ਸਿੰਘ)

**ਹੱਥੋਂ ਹੱਥ ਨਿਬੇੜਾ, ਨਾ ਝਗੜਾ ਨਾ ਝੇੜਾ।**

**ਭਾਵ** :— ਕਿਸੇ ਗਲ ਦਾ ਉਤਰ ਉਸੇ ਵੇਲੇ ਦੇ ਦੇਣਾ ਜਾਂ ਕਿਸੇ ਗਲ ਦਾ ਝਟ ਪਟ ਬਦਲਾ ਦੇ ਦੇਣਾ।

**ਵਰਤੋਂ** :—ਅਜੇਹੇ ਮਾਮਲਿਆਂ ਵਿਚ ਰੜਖੇੜ ਪਾ ਛਡਣੀ ਚੰਗੀ ਨਹੀਂ। ਅਸੀਂ ਤਾਂ ਵੀਰ ਜੀ, ਇਕੋ ਗਲ ਜਾਣਦੇ ਹਾਂ 'ਹੱਥੋਂ ਹੱਥ ਨਿਬੇੜਾ, ਨਾ ਝਗੜਾ ਨਾ ਝੇੜਾ।' (ਸੰਗ)

**ਹਮ ਆਦਮੀ ਹਾਂ ਇਕ ਦਮੀ।**

**ਭਾਵ** :— ਅਸੀਂ ਇਕ ਦਮ ਦੇ ਪਰਾਹੁਣੇ ਹਾਂ।

**ਵਰਤੋਂ** :—

੧ "ਹਮ ਆਦਮੀ ਹਾਂ ਇਕ ਦਮੀ
ਮੁਹਲਤਿ ਮੁਹਤੁ ਨ ਜਾਣਾ ॥
ਨਾਨਕੁ ਬਿਨਵੈ ਤਿਸੈ ਸਰੇਵਹੁ
ਜਾਕੇ ਜੀਅ ਪਰਾਣਾ ॥

(ਗੁਰੂ ਗ੍ਰੰਥ—ਧਨਾਸਰੀ ਰਾਗ)

**ਹਮ ਨ ਵਿਆਹੇ ਕੈਸੇ ਸਾਹੇ ?**

**ਹਮ ਨ ਵਿਆਹੇ ਤਾਂ ਕਾਹਦੇ ਸਾਹੇ ?**

**ਭਾਵ** :— ਜਦ ਕਿਸੇ ਕੁਆਰੇ ਨਾਲ ਕਿਸੇ ਵਿਆਹੇ ਦੀਆਂ ਗਲਾਂ ਛੇੜੀਏ, ਤਦ ਉਤੱਰ ਵਿਚ ਇਹ ਅਖਾਣ ਵਰਤਦੇ ਹਨ। ਜਾਂ ਜੇ ਕਿਸੇ ਅਸਫ਼ਲ ਮਨੁਖ ਨਾਲ ਕਿਸੇ ਦੀ ਸਫ਼ਲਤਾ ਦੀ ਗਲ ਕਰੀਏ।

**ਵਰਤੋਂ** :— ਛੱਡ ਯਾਰ, 'ਹਮ ਨਾ ਵਿਆਹੇ ਤਾਂ ਕਾਹਦੇ ਸਾਹੇ।' ਪੰਡਤ ਹੁਰੀ ਵਜ਼ੀਰ ਬਣ ਗਏ ਤਾਂ ਸਾਨੂੰ ਕੀ? ਸਾਡੇ ਤਾਂ ਹੱਥ ਪੁਰਾਣੇ ਖੋਸੜੇ ਹੀ ਹਨ। (ਸੰਗ)

**ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।**

**ਭਾਵ** :—ਅਸੀਂ ਚੰਗੇ ਨਹੀਂ, ਪਰ ਬੁਰਾ-ਭੈੜਾ ਵੀ ਕੋਈ ਨਹੀਂ।

**ਵਰਤੋਂ** :—

"ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥"

(ਗੁਰੂ ਗ੍ਰੰਥ—ਸੂਹੀ ਰਾਗ)

**ਹਮਸਾਏ ਮਾਂ ਪਿਉ ਜਾਏ।**

**ਭਾਵ** :— ਗਵਾਂਢੀ ਤਾਂ ਸੱਕੇ ਭਰਾਵਾਂ ਵਾਂਗ ਹੁੰਦੇ ਹਨ।

**ਵਰਤੋਂ** :—

ਤੂੰ ਹੈ ਮੇਰਾ ਹਕ ਹਮਸਾਇਆ,
ਹਕ ਹਮਸਾਇਆ ਮਾਂ-ਪਿਉ ਜਾਇਆ,

(ਸ਼ਰਫ਼-ਸੁਨੇਹੇ—ਫ਼ੀਰੋਜ਼ ਦੀਨ 'ਸ਼ਰਫ਼')

**ਹਮਦਰਦੀ ਪਿਆਰ ਦੀ ਪਹਿਲੀ ਪੌੜੀ ਹੈ।**

**ਭਾਵ** :— ਪਿਆਰ ਪਾਉਣ ਲਈ ਪਹਿਲਾਂ ਹਮਦਰਦੀ ਜ਼ਰੂਰੀ ਹੈ।

**ਵਰਤੋਂ** :— ਉਸਦਾ ਚਿਹਰਾ ਕਦੇ ਲਾਲ ਤੇ ਕਦੇ ਪੀਲਾ ਹੁੰਦਾ ਸੀ ਤੇ ਉਹ ਸਿਰ ਨੀਵਾਂ ਪਾਈ ਆਪਣੀ ਪਿਛਲੀ ਮਸਤੀ ਦੀ ਭੁਲ ਤੇ ਲੀਕ ਫੇਰ ਕੇ ਉਸਨੂੰ ਮੁਆਫ਼ ਕਰਾਈ ਜਾ ਰਹੀ ਸੀ। ਠੀਕ ਹੈ :— 'ਹਮਦਰਦੀ ਪਿਆਰ ਦੀ ਪਹਿਲੀ ਪੌੜੀ ਹੈ।

(ਪੰਜਾਬੀ ਭੌਰੇ—ਸ: ਸ: ਅਮੋਲ)

**ਹਮਾਂ ਯਾਰਾਂ ਦੋਜ਼ਖ ਹਮਾਂ ਯਾਰਾਂ ਬਹਿਸ਼ਤ**

**ਭਾਵ** :— ਮਿੱਤਰ ਨਾਲ ਦੁਖ ਸੁਖ ਵੰਡਾਣਾ ਹੀ ਠੀਕ ਹੈ।

**ਵਰਤੋਂ** :— ਬੜੇ ਡਾਢੇ ਹੋ, ਪਰ ਸੁਣ ਕੇ ਤੁਹਾਡਾ ਦਿਲ ਦੁਖੀ ਹੋਵੇਗਾ। ਕੋਈ ਗੱਲ ਨਹੀਂ। 'ਹਮਾਂ ਯਾਰਾਂ ਦੋਜ਼ਖ ਹਮਾਂ ਯਾਰਾਂ ਬਹਿਸ਼ਤ' ਸਗੋਂ ਦੋਵੇਂ ਰਲ ਕੇ ਦੁਖੀ ਹੋਵਾਂਗੇ ਤਾਂ ਦੁਖ ਦਾ ਵੀ ਸੁਆਦ ਆਵੇਗਾ ਤੇ ਇਹ ਵੰਡਿਆ ਵੀ ਜਾਵੇਗਾ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਹਮੇਸ਼ਾ ਤਾਰੂ ਹੀ ਡੁਬਦੇ ਨੇ।**

**ਭਾਵ** :— ਜਦ ਕੋਈ ਆਪਣੇ ਕੰਮ ਦਾ ਚੰਗਾ ਜਾਣੂ ਹੋਵੇ ਪਰ ਗ਼ਲਤੀ ਕਰ ਬੈਠੇ ਤੇ ਨੁਕਸਾਨ ਕਰੇ।

**ਵਰਤੋਂ** :— "ਠੀਕ ਏ", ਇਕ ਹੋਰ ਬੋਲ ਉਠਿਆ "ਪਰ ਹਮੇਸ਼ਾ ਤਾਰੂ ਹੀ ਡੁਬਦੇ ਨੇ ਤੇ ਸ਼ਾਹ ਹੀ ਵਹਿੰਦੇ ਨੇ।" ਜਿਸ ਕਿਸੇ ਨੇ ਕੁਝ ਕੀਤਾ ਹੀ ਨਹੀਂ, ਉਸ ਨੂੰ ਜੀਵਨ ਵਿਚ ਘਾਟਾ ਕੀ ਪੈਣਾ ਹੈ?

(ਸੰਗ੍ਰ)

**ਹਰ ਇਕ ਆਪਣੇ ਘਰ ਵਿਚ ਸਰਦਾਰ**
**ਜਾਂ**
**ਹਰ ਕੋਈ ਆਪਣੀ ਥਾਂ ਸਰਦਾਰ।**

**ਭਾਵ** :— ਹਰ ਮਨੁਖ ਆਪਣੇ ਟਿਕਾਣੇ ਵਡਾ ਹੁੰਦਾ ਹੈ।

**ਵਰਤੋਂ** :— ਚੋਧਰੀ-ਭਾਈ! ਜ਼ਰੀ ਸੰਭਲ ਕੇ ਬੋਲੋ 'ਹਰ ਕੋਈ ਆਪਣੀ ਥਾਂ ਸਰਦਾਰ' ਹੁੰਦਾ ਹੈ। ਐਨੀ ਹੈਂਕੜ ਨਾ ਵਿਖਾ।

(ਸੰਗ੍ਰ)

**ਹਰ ਹਰ ਪੋਸਤ ਦੇ ਵਿਚ ਦੋਸਤ।**

**ਭਾਵ** :—ਹਰ ਚੀਜ਼ ਵਿਚ ਆਪਣਾ ਪਿਆਰਾ ਹੀ ਦਿੱਸੇ।

**ਵਰਤੋਂ** :—

ਹਰ ਹਰ ਪੋਸਤ ਦੇ ਵਿਚ ਦੋਸਤ,
ਉਹ ਦੋਸਤ ਰੂਪ ਵਟਾਵੇ।
ਦੋਸਤ ਤੀਕ ਨਾ ਪਹੁੰਚੇ ਕੋਈ,
ਇਹ ਪੋਸਤ ਰਾਹ ਭੁਲਾਵੇ।

(ਹਾਸ਼ਮ)

**ਹਰ ਕਿਸੇ ਨੂੰ ਉਸਦੇ ਅਮਲ ਮਾਰਦੇ ਨੇ।**

**ਭਾਵ** :— ਹਰ ਕੋਈ ਆਦਮੀ ਆਪਣੇ ਕੀਤੇ ਕੰਮਾਂ ਕਰਕੇ ਦੁਖੀ ਹੁੰਦਾ ਹੈ।

**ਵਰਤੋਂ** :— ਅੰਭੀ—ਮੈਂ ਆਪਣਾ ਆਪ ਕਾਤਲ ਹਾਂ। ਕਿਸੇ ਨੂੰ ਕੋਈ ਨਹੀਂ ਮਾਰਦਾ। 'ਹਰ ਕਿਸੇ ਨੂੰ ਉਸਦੇ ਅਮਲ ਮਾਰਦੇ ਹਨ।'

(ਰਾਜਾ ਪੋਰਸ—ਹਰਚਰਨ ਸਿੰਘ)

**ਹਰ ਕੋਈ ਆਪਣੀ ਹੱਟੀ ਦਾ ਹੀ ਹੋਕਾ ਦਿੰਦਾ ਹੈ।**

**ਭਾਵ** :— ਹਰ ਕੋਈ ਆਪਣੀ ਚੀਜ਼ ਹੀ ਸਲਾਹੁੰਦਾ ਹੈ।

**ਵਰਤੋਂ** :— ਕਮਲੀ—ਇਹ ਕੋਈ ਨਵੀਂ ਗੱਲ ਨਹੀਂ। ਹਰ ਕੋਈ ਆਪਣੀ ਹੱਟੀ ਦਾ ਹੀ ਹੋਕਾ ਦਿੰਦਾ ਹੈ।' ਜੇ ਕਰਤਾਰੋ ਆਪਣੇ ਕੰਮ ਦੀ ਵਡਿਆਈ ਕਰਦੀ ਹੈ, ਤਾਂ ਪਈ ਕਰੇ।

(ਸੰਗ੍ਰ)

**ਹਰ ਕੋਈ ਚੜ੍ਹਦੇ ਸੂਰਜ ਵਲ ਤਕਦਾ ਹੈ।**

**ਭਾਵ** :— ਹਰ ਕੋਈ ਸੁਖ ਦੇਣ ਵਾਲੇ ਨੂੰ ਹੀ ਸਲਾਮ ਕਰਦਾ ਹੈ।

**ਵਰਤੋਂ** :— ਯਾਰਾ! ਏਥੋਂ ਬਦਲ ਜਾਣ ਪਿਛੋਂ ਕਿਨ੍ਹੇ ਸਾਨੂੰ ਯਾਦ ਕਰਨਾ ਏ। ਨਵਾਂ ਅਫ਼ਸਰ ਆਏਗਾ, ਤਾਂ ਲੋਕੀ ਉਸ ਨੂੰ ਪੁਚ ਪੁਚ ਕਰਨ ਲਗ ਪੈਣਗੇ। 'ਹਰ ਕੋਈ ਚੜ੍ਹਦੇ ਸੂਰਜ ਨੂੰ ਹੀ ਤਕਦਾ ਹੈ।

(ਸੰਗ੍ਰ)

**ਹਰ ਦਰਖਤ ਆਪਣੇ ਫਲੋਂ ਪਛਾਤਾ ਜਾਂਦਾ ਹੈ।**

**ਭਾਵ** :— ਕਿਸੇ ਦੀ ਵਰਤੋਂ ਤੋਂ ਉਸ ਦਾ ਚੰਗਾ ਜਾਂ ਮੰਦਾ ਹੋਣਾ ਪਰਖਿਆ ਜਾਂਦਾ ਹੈ।

**ਵਰਤੋਂ** :— ਮਾਮੀ-ਧੰਨ ਕੌਰੇ ! 'ਹਰ ਦਰਖਤ ਆਪਣੇ ਫਲੋਂ ਪਛਾਤਾ ਜਾਂਦਾ ਹੈ'। ਰਾਧੋ ਦੀ ਵਰਤੋਂ ਆਪੇ ਉਸਦੀ ਸੋਭਾ ਪਈ ਵਧਾਏਗੀ। (ਸੰਗ੍ਰ)

**ਹਰ ਦਿਨ ਈਦ ਤੇ ਹਰ ਰਾਤ ਸ਼ਬਰਾਤ।**

**ਭਾਵ** :—ਜਿਥੇ ਦਿਨ ਰਾਤ ਖੁਸ਼ੀ ਹੀ ਖ਼ੁਸ਼ੀ ਹੋਵੇ।

**ਵਰਤੋਂ** :— ਗਲ ਕੀ ਪੰਜਾਬ ਉਸ ਜ਼ਮਾਨੇ ਵਿਚ ਅਸਲ ਪੰਜਾਬ ਸੀ। ਉਸਦਾ ਹਰ ਦਿਨ ਈਦ ਤੇ ਹਰ ਰਾਤ ਸ਼ਬਰਾਤ ਵਾਂਗ ਬੀਤਦੇ ਸਨ।
(ਕੇਸਰ ਕਿਆਰੀ— ਧਨੀ ਰਾਮ ਚਾਤਰਿਕ)

**ਹਰ ਮਸਾਲੇ ਪਿਪਲਾ ਮੂਲ ਜਾਂ ਹਰ ਮਸਾਲੇ ਧਨੀਆ।**

ਵੇਖੋ :— ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖਲੀ।

**ਭਾਵ** :— ਹਰ ਗਲ ਜਾਂ ਕੰਮ ਵਿਚ ਅੱਗੇ ਹੋ ਕੇ ਦਖ਼ਲ ਦੇਣਾ।

**ਵਰਤੋਂ** :— ਮਾਤਾ ਜੀ-ਧੰਨ ਦੇਈ ਤਾਂ 'ਹਰ ਮਸਾਲੇ ਪਿਪਲਾ' ਮੂਲ ਜੇ। ਕੋਈ ਗਲੀ ਮਹੱਲੇ ਵਿਚ ਹੋਵੇ, ਉਹ ਝਟ ਵਿਚ ਆ ਖੜੋਂਦੀ ਹੈ। (ਸੰਗ੍ਰ)

**ਹਰਖ ਦਾ ਮਾਰਿਆ ਨਰਕ ਨੂੰ ਜਾਏ।**

**ਭਾਵ** :— ਹੰਕਾਰ ਹੀ ਮਨੁੱਖ ਦੀ ਖੁਆਰੀ ਦਾ ਕਾਰਨ ਬਣਦਾ ਹੈ।

**ਵਰਤੋਂ** :— ਜੇ ਉਹ ਸਮਝ ਕੇ ਗੁਜ਼ਾਰਾ ਕਰਦਾ ਤੇ ਕਿਉਂ ਔਖਾ ਹੁੰਦਾ, ਪਰ ਉਹ ਹੰਕਾਰ ਨਾਲ ਪਾਟਣ ਲੱਗਾ ਸੀ। 'ਹਰਖ ਦਾ ਮਾਰਿਆ ਸਦਾ ਨਰਕ ਨੂੰ ਜਾਂਦਾ ਹੈ।' (ਸੰਗ੍ਰ)

**ਹਰਾਮ ਦਾ ਮਾਲ ਹਰਾਮ ਹੀ ਜਾਂਦਾ ਹੈ।**
ਜਾਂ **ਹਰਾਮ ਦਾ ਪੈਸਾ ਨਹੀਂ ਪੱਚਦਾ।**
ਜਾਂ **ਹਰਾਮ ਦੀ ਕਮਾਈ ਹਰਾਮ ਹੀ ਜਾਂਦੀ ਹੈ।**

**ਭਾਵ** :— ਭੈੜੇ ਢੰਗ ਨਾਲ ਆਈ ਖੱਟੀ ਭੈੜੇ ਪਾਸੇ ਹੀ ਲਗਦੀ ਹੈ।

**ਵਰਤੋਂ** :— ਪੰਚ—ਸੂਬੇਦਾਰ ਜੀ ! ਇਹ ਠੀਕ ਹੈ ਕਿ ਡੋਡੇ ਸ਼ਾਹ ਨੇ ਗ਼ਰੀਬਾਂ ਨੂੰ ਲੁੱਟ ਲੁਟ ਕੇ ਬੜਾ ਧਨ ਇਕੱਠਾ ਕੀਤਾ, ਪਰ 'ਹਰਾਮ ਦੀ ਕਮਾਈ ਹਰਾਮ ਹੀ ਜਾਂਦੀ ਹੈ'। ਥੋੜੇ ਦਿਨਾਂ ਵਿਚ ਇਹ ਧਨ ਕੰਜਰਾਂ ਦੇ ਘਰ ਵੜਨ ਲਗ ਗਿਆ। (ਸੰਗ੍ਰ)

**ਹਰਿ ਸਿਮਰਨਿ ਨੀਚ ਚਹੁਕੁੰਟ ਜਾਤੇ।**

ਭਾਵ :— ਹਰੀ ਦਾ ਸਿਮਰਨ ਕਰਨ ਨਾਲ ਨੀਵੇਂ ਮਨੁਖ ਵੀ ਸੰਸਾਰ ਵਿਚ ਉੱਘੇ ਹੋ ਗਏ।

**ਵਰਤੋਂ** :—

"ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਹਰਿ ਹਰਿ ਨਾਮੁ ਜਪਤਿਆ ਕਛੁ ਨਾ ਕਹੈ ਜਮਕਾਲ।**

**ਭਾਵ** :— ਹਰੀ ਸਿਮਰਨ ਕਰਦਿਆਂ ਮੌਤ ਕੁਝ ਨਹੀਂ ਵਿਗਾੜ ਸਕਦੀ।

**ਵਰਤੋਂ** :—

"ਹਰਿ ਹਰਿ ਨਾਮ ਜਪੰਤਿਆ ਕਛੁ ਨਾ ਕਹੈ ਜਮਕਾਲੁ ।
ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥"
(ਗੁਰੂ ਗ੍ਰੰਥ—ਆਸਾ ਰਾਗ)

**ਹਰਿ ਜੀਉ ਅਹੰਕਾਰ ਨ ਭਾਵਈ ॥**

**ਭਾਵ** :— ਹਰੀ ਨੂੰ ਹੰਕਾਰੀ ਚੰਗਾ ਨਹੀਂ ਲਗਦਾ।

**ਵਰਤੋਂ** :—

'ਹਰਿ ਜੀਉ ਅਹੰਕਾਰ ਨ ਭਾਵਈ,
ਵੇਦ ਕੂਕਿ ਸੁਣਾਵਹਿ ॥

ਅਹੰਕਾਰ ਮੁਏ ਵਿਗਤੀ ਗਈ,
ਮਰਿ ਜਨਮਹਿ ਫਿਰਿ ਆਵਹਿ ।।"
(ਗੁਰੂ ਗ੍ਰੰਥ—ਮਾਰੂ ਵਾਰ)

**ਹਰਿ ਬਿਸਰਤ ਸਦਾ ਖੁਆਰੀ ।**

**ਭਾਵ :—** ਹਰੀ ਨੂੰ ਭੁਲ ਜਾਣਾ ਸਦਾ ਬੇਪਤੀ ਹੈ ।

**ਵਰਤੋਂ :—**
"ਹਰਿ ਬਿਸਰਤ ਸਦਾ ਖੁਆਰੀ ।।
ਤਾਂ ਕਉ ਧੋਖਾ ਕਹਾ ਬਿਆਪੈ,
ਜਾ ਕਉ ਓਟ ਤੁਹਾਰੀ ।।"
(ਗੁਰੂ ਗ੍ਰੰਥ— ਟੋਡੀ ਰਾਗ)

**ਹਲ ਚਲਾਓ ਹੱਲ, ਜਿਨਾ ਵਾਹੋ ਉਨ੍ਹਾਂ ਫਲ । ਜਾਂ ਹੱਲ ਦੇਵੋ ਚਾਰ, ਫਸਲ ਹੋਵੇ ਮਾਰੋ ਮਾਰ ।**

ਵੇਖੋ :— ਜਿੰਨੀਂ ਗੋਡੀ, ਓਨੀ ਡੋਡੀ ।

**ਭਾਵ :—** ਜਿਤਨੀ ਵਾਰੀ ਜ਼ਿਮੀ ਨੂੰ ਵਾਹ ਕੇ ਸਵਾਰੀਏ, ਉਤਨੀ ਹੀ ਵਧੀਕ ਫਸਲ ਦੇਂਦੀ ਹੈ ।

**ਵਰਤੋਂ :—** ਕਾਹਨ ਚੰਦ—ਨੱਥੂ ! ਜਿੰਨਾ 'ਹੱਲ ਚਲਾਉਗੇ, ਓਨਾ ਫੱਲ ਮਿਲੇਗਾ' । ਜਿੰਨਾ ਗੁੜ ਪਾਉਗੇ, ਓਨਾ ਮਿੱਠਾ । ਬਿਨਾਂ ਮਿਹਨਤ ਕੁਝ ਨਹੀਂ ਜੇ ਲੱਭਣਾ । (ਸੰਗ੍ਰ)

**ਹੱਲ ਦਾ ਕੀ ਵਾਹੁਣਾ, ਫੜ ਕੰਘੀ ਢੱਗਾ ਢਾਹੁਣਾ ।**

**ਭਾਵ :—** ਜਦ ਦੂਜੇ ਦੇ ਕੰਮ ਨੂੰ ਕੋਈ ਸੁਖਾਲਾ ਕਰਕੇ ਦਸੇ ।

**ਵਰਤੋਂ :—** ਕਾਮਾ-ਛਡ ਓਏ, ਪਰ੍ਹਾਂ ਹੋ, ਹਲ ਦਾ ਕੀ ਵਾਹੁਣਾ ਫੜ ਕੰਘੀ ਢੱਗਾ ਢਾਹੁਣਾ । ਅਸੀਂ ਦੁਕਾਨਦਾਰ ਤਾਂ ਹੱਟੀ ਬੈਠੇ ਬੈਠੇ ਹੀ ਮਰ ਜਾਂਦੇ ਹਾਂ । (ਸੰਗ੍ਰ)

**ਹਲ ਨਾ ਪੰਜਾਲੀ, ਆਇਆ ਮੇਰੀ ਭਿਆਲੀ ।**

**ਭਾਵ :—** ਪਲੇ ਕੁਝ ਨਾ ਹੋਵੇ ਤੇ ਐਵੇਂ ਹੀ ਪਿਆ ਗੱਪਾਂ ਮਾਰੇ ।

**ਵਰਤੋਂ :—** ਬੁਢੀ-ਝੱਟ ਕੀ ਲਿਆਣਾ ਸੀ ਉਸ ਨੇ ? ਉਸ ਦਾ ਤਾਂ ਉਹ ਹਾਲ ਹੈ ਕਿ 'ਹੱਲ ਨਾ ਪੰਜਾਲੀ ਆਇਆ ਮੇਰੀ ਭਿਆਲੀ । (ਸੰਗ੍ਰ)

**ਹੱਲ ਵਾਂਹਦੇ ਚੰਗੇ ਤੇ ਨੌਕਰ ਮੰਦੇ ।**

**ਭਾਵ :—** ਨੌਕਰੀ ਨੂੰ ਨਿੰਦਿਆ ਹੈ ਤੇ ਖੇਤੀ ਬਾੜੀ ਦੇ ਕੰਮ ਨੂੰ ਸਲਾਹਿਆ ਹੈ ।

**ਵਰਤੋਂ :—** ਹੱਲ ਵਾਂਹਦੇ ਚੰਗੇ ਤੇ ਨੌਕਰ ਮੰਦੇ । ਪਰਾਈ ਗ਼ੁਲਾਮੀ ਨਾਲੋਂ ਹੱਥਾਂ ਦੀ ਕਾਰ ਸੌ ਗੁਣਾ ਚੰਗੀ ਹੈ, ਭਾਵੇਂ ਕਿੰਨੀ ਵੀ ਕਰੜੀ ਹੋਵੇ ।

**ਹਲਦੀ ਦੀ ਗੰਢੀ ਲੈ ਕੇ ਚੂਹਾ ਪਸਾਰੀ ਬਣ ਬੈਠਾ ।**

**ਭਾਵ :—** ਥੋੜੀ ਜਿੰਨੀ ਚੀਜ਼ ਹੱਥ ਆ ਜਾਣ ਤੇ ਆਪਣੇ ਆਪ ਨੂੰ ਵੱਡਾ ਦਸਣਾ ।

**ਵਰਤੋਂ :—** ਤ੍ਰਿਲੋਕ ਸਿੰਘ-ਕਲ ਹਰੀ ਸਿੰਘ ਸਾਡੀ ਦੁਕਾਨ ਤੇ ਦਵਾਈਆਂ ਕੁਟਦਾ ਹੁੰਦਾ ਸੀ, ਇਕ ਦੋ ਨੁਸਖੇ ਹੱਥ ਆ ਜਾਣ ਨਾਲ ਹਕੀਮ ਬਣ ਬੈਠਾ । ਅਖੇ 'ਹਲਦੀ ਦੀ ਗੰਢੀ ਲੈ ਕੇ ਚੂਹਾ ਪਸਾਰੀ ਬਣ ਬੈਠਾ' ਹੈ । (ਸੰਗ੍ਰ)

**ਹਵੇਲੀ ਮੀਏਂ ਬਾਕਰ ਦੀ, ਵਿਚ ਸਲੇਮੋਂ ਆਕੜਦੀ ।**

**ਭਾਵ :—** ਚੀਜ਼ ਕਿਸੇ ਦੀ ਹੋਵੇ ਤੇ ਆਕੜ ਕੋਈ ਪਿਆ ਕਰੇ ।

**ਵਰਤੋਂ :—** ਰਲਾ ਸਿੰਘ—ਮੁਨਸ਼ਾ ਸਿੰਘ ਜੀ ! ਫਤਹ ਚੰਦ ਦੀ ਤਾਂ ਉਹ ਗਲ ਹੈ ਕਿ 'ਹਵੇਲੀ ਮੀਏਂ ਬਾਕਰ ਦੀ, ਵਿੱਚ ਸਲੇਮੋਂ ਆਕੜਦੀ' । ਕੈਂਠਾ ਤਾਂ ਤੁਸਾਥੋਂ ਮੰਗਵਾ ਆਂਦਾ ਹੈ, ਪਰ ਆਕੜ ਆਕੜ ਬਹਿੰਦਾ ਹੈ । (ਸੰਗ੍ਰ)

**ਹਾਸੇ ਦਾ ਤਮਾਸ਼ਾ । ਜਾਂ ਹਾਸੇ ਦਾ ਮੜਾਸਾ । ਜਾਂ ਹਾਸੇ ਦਾ ਵਿਣਾਸਾ ।**

**ਭਾਵ :—** ਜਦ ਆਪਸ ਵਿਚ ਮਖ਼ੌਲ ਕਰਦਿਆਂ ਲੜਾਈ ਹੋ ਪਏ ।

**ਵਰਤੋਂ** :— ਬੱਚੀ, ਜ਼ਮਾਨਾ ਜੋ ਰੰਦਦਾ ਹੋਇਆ। ਹਸਾਏ ਦਾ ਨਹੀਂ ਹੁੰਦਾ ਤੇ ਰਵਾਏ ਦਾ ਝਟ ਪਟ ਹੋ ਜਾਂਦਾ ਹੈ। ਵੇਖੀਂ! ਬੱਚ ਕੇ ਰਹੀਂ ਕਿਤੇ ਹਾਸੇ ਦਾ ਵਿਣਾਸ ਨਾ ਹੋ ਜਾਇ।

(ਚਿੱਟਾ ਲਹੂ— ਨਾਨਕ ਸਿੰਘ)

**ਹਾਕਮ ਦੇ ਅਗੇ ਦੀ ਤੇ ਘੋੜੇ ਦੇ ਪਿਛੇ ਦੀ ਨਹੀਂ ਲੰਘੀਦਾ।**

**ਭਾਵ** :— ਅਫ਼ਸਰ ਦੇ ਅਗੋਂ ਲੰਘਣ ਨਾਲ ਇਹ ਗੁਸੇ ਹੁੰਦਾ ਹੈ ਤੇ ਘੋੜੇ ਦੇ ਪਿਛੋਂ ਲੰਘਣ ਨਾਲ ਦੁਲੱਤੇ ਦਾ ਡਰ ਹੁੰਦਾ ਹੈ।

**ਵਰਤੋਂ** :— ਬਾਬਾ, ਜੇ ਥਾਣੇਦਾਰ ਨੇ ਝਿੜਕਿਆ ਹੈ, ਤਾਂ ਗੁੱਸਾ ਨ ਕਰ! ਤੂੰ ਵੀ ਉਹਦੇ ਨਾਲ ਕਿਹੜੀ ਘਟ ਕੀਤੀ ਏ? ਹਾਕਮ ਦੇ ਅਗੋਂ ਦੀ ਤੇ ਘੋੜੇ ਦੇ ਪਿਛੋਂ ਦੀ ਨਹੀਂ ਲੰਘੀਦਾ। ਹੁਣ ਜੇ ਉਹ ਆ ਲੜੇ, ਤਾਂ ਕੀ ਅਜੋਗ ਹੈ? (ਸੰਗ੍ਰ)

**ਹਾਕਮ ਦੇ ਝਿੜਕੇ ਤੇ ਚਿਕੱੜ ਦੇ ਤਿਲਕੇ ਦਾ ਕਾਹਦਾ ਗੁੱਸਾ।**

**ਭਾਵ** :— ਅਫ਼ਸਰ ਦੀ ਝਿੜਕ ਅਤੇ ਚਿਕੱੜ ਨਾਲ ਤਿਲਕਣ ਤੇ ਗੁੱਸੇ ਨਹੀਂ ਹੋਈਦਾ।

**ਵਰਤੋਂ** :— ਚੌਧਰੀ— ਚੌਕੀਦਾਰ ! ਜੇ ਅਫ਼ਸਰ ਮਾਲ ਨੇ ਝਿੜਕਿਆ ਹੈ ਤਾਂ ਰੰਜ ਨਾ ਹੋ। 'ਹਾਕਮ ਦੇ ਝਿੜਕੇ ਤੇ ਚਿਕੱੜ ਦੇ ਤਿਲਕੇ ਦਾ ਕਾਹਦਾ ਗੁੱਸਾ?' (ਸੰਗ੍ਰ)

**ਹਾਣ ਨੂੰ ਹਾਣ ਪਿਆਰਾ।**

**ਭਾਵ** :— ਹਰ ਕੋਈ ਆਪਣੇ ਵਰਗੇ ਨੂੰ ਪਿਆਰ ਕਰਦਾ ਹੈ। ਇਕੋ ਜਿਹਾਂ ਵਿਚ ਪਿਆਰ ਪੈ ਜਾਂਦਾ ਹੈ।

**ਵਰਤੋਂ** :— ਉਹ ਇਹ ਵੀ ਦਸਣਾ ਚਾਹੁੰਦਾ ਸੀ ਕਿ ਜਵਾਨੀ ਨੂੰ ਤਾਂ ਸਿਰਫ਼ ਇਕੋ ਟਕੋਰ ਦੀ ਲੋੜ ਹੈ, ਫਿਰ ਆਪੇ ਚਾਲੇ ਪੈ ਜਾਂਦੀ ਹੈ। 'ਹਾਣ ਨੂੰ ਹਾਣ ਪਿਆਰਾ' ਹੁੰਦਾ ਹੈ। ਇਸ ਅਗੇ ਸੋਹਣਪ ਜਾਂ ਕੋਝ ਦੀ ਕੋਈ ਤਮੀਜ਼ ਨਹੀਂ।

(ਪ੍ਰੀਤਮ ਫ਼ਰਵਰੀ, ੧੯੫੦-ਬਲਬੀਰ ਸਿੰਘ ਗਰੇਵਾਲ)

**ਹਾਥੀ ਜੀਉਂਦਾ ਲੱਖ ਦਾ, ਮੋਇਆ ਸਵਾ ਲੱਖ ਦਾ।**

**ਭਾਵ** :— ਜਦ ਹਰ ਹਾਲਤ ਵਿਚ ਲਾਭ ਹੀ ਲਾਭ ਹੋਵੇ।

**ਵਰਤੋਂ** :— ਨੌਕਰੀ ਛੁਟੀ ਤਾਂ ਲੋਕਾਂ ਸਮਝਿਆ, ਗੋਪੀ ਚੰਦ ਦਾ ਹੁਣ ਕੁਝ ਨਹੀਂ ਬਣਨਾ। ਪਰ ਉਸ ਵਿਚ ਗੁਣ ਏਨੇ ਸਨ, ਕਿ 'ਹਾਥੀ ਜੀਉਂਦਾ ਲੱਖ ਦਾ, ਮੋਇਆ ਸਵਾ ਲੱਖ ਦਾ'।

(ਸੰਗ੍ਰ)

**ਹਾਥੀ ਦੇ ਦੰਦ ਖਾਣ ਦੇ ਹੋਰ, ਵਿਖਾਣ ਦੇ ਹੋਰ।**

**ਭਾਵ** :— ਜਦ ਕੋਈ ਬਾਹਰੋਂ ਚੰਗੀਆਂ ਗਲਾਂ ਕਰੇ, ਪਰ ਅੰਦਰੋਂ ਖੋਟਾ ਹੋਵੇ।

**ਵਰਤੋਂ** :— ਇਨ੍ਹਾਂ ਲੋਕਾਂ ਦੀਆਂ ਚਿਕਨੀਆਂ ਚੋਪੜੀਆਂ ਗਲਾਂ ਦਾ ਬਹੁਤਾ ਇਤਬਾਰ ਕਰਨਾ ਹੀ ਨਹੀਂ ਚਾਹੀਦਾ। ਤੂੰ ਅਜੇ ਬਾਲੜੀ ਏਂ। ਤੂੰ ਨਹੀਂ ਜਾਣਦੀ ਕਿ ਇਹ ਸਭ ਹਾਥੀ ਦੇ ਦੰਦ ਨੇ ਖਾਣ ਨੂੰ ਹੋਰ ਤੇ ਵਿਖਾਣ ਨੂੰ ਹੋਰ।

(ਟੁੱਟੀ ਵੀਣਾ— ਨਾਨਕ ਸਿੰਘ)

**ਹਾਥੀ ਦੇ ਪੈਰ ਵਿਚ ਸਾਰਿਆਂ ਦਾ ਪੈਰ ਏ।**

**ਭਾਵ** :— ਕਿਸੇ ਤਕੜੇ ਦੇ ਕਾਬੂ ਆ ਜਾਣ ਨਾਲ ਸਾਰੇ ਕਾਬੂ ਆ ਜਾਂਦੇ ਹਨ।

**ਵਰਤੋਂ** :— ਤਾਬਾਂ-ਖ਼ੈਰ ਇਹ ਤਾਂ ਗਲਾਂ ਹੋਈਆਂ, ਹੁਣ ਤੁਸੀਂ ਇਹ ਕਰੋ, ਰਬ ਖ਼ੈਰ ਰਖੇ, ਸਾਰਿਆਂ ਦਾ ਕੰਮ ਬਣ ਜਾਏ, ਠੀਕ ਕਹਿੰਦੇ ਨੇ, 'ਹਾਥੀ ਦੇ ਪੈਰ ਵਿਚ ਸਾਰਿਆਂ ਦੇ ਪੈਰ ਆ ਜਾਂਦੇ ਨੇ।'

(ਪਿੰਡ ਦੇ ਵੈਟੀ— ਜੋਸ਼ੂਆ ਫ਼ਜ਼ਲਦੀਨ)

**ਹਾਥੀ ਨੀਰ ਨਵਾਲੀਐ, ਸਿਰ ਛਾਰ ਉਡਾਵੇ।**

**ਭਾਵ** :— ਮਾੜੇ ਨੂੰ ਕਿੰਨਾ ਵੀ ਚੰਗੇ ਪਾਸੇ ਪਾਓ, ਉਹ ਫਿਰ ਮਾੜੇ ਪਾਸੇ ਹੀ ਜਾਵੇਗਾ।

**ਵਰਤੋਂ** :—

'ਕਾਂਵ ਕਪੂਰ ਨ ਰੱਖਈ ਦੁਰਗੰਧ ਸੁਖਾਵੈ ॥
ਹਾਥੀ ਨੀਰ ਨਵਾਲੀਐ ਸਿਰ ਛਾਰ ਉਡਾਵੈ ॥'

(ਵਾਰਾਂ—ਭਾਈ ਗੁਰਦਾਸ ਜੀ)

**ਹਾਥੀ ਫਿਰੇ ਗਿਰਾਂ ਗਿਰਾਂ, ਜਿਸਦਾ ਹਾਥੀ ਉਸ ਦਾ ਨਾਂ।**

**ਭਾਵ** :— ਤਕੜੇ ਦਾ ਹੀ ਨਾਮਣਾ ਹੁੰਦਾ ਹੈ।

**ਵਰਤੋਂ** :— ਚੌਧਰੀ-ਘੁਮੰਡਾ ਸਿੰਘ ਜੋ ਜੀ ਆਵੇ ਪਿਆ ਕਰੇ। ਨਾਂ ਤਾਂ ਵਡੇ ਸਰਦਾਰ ਦਾ ਹੀ ਹੋਣਾ ਹੋਇਆ ਨਾ। ਘਰ ਵਿਚ ਤਕੜੇ ਜੋ ਹੋਇ। ਸਿਆਣਿਆ ਨੇ ਸੱਚ ਕਿਹਾ ਹੈ ਕਿ "ਹਾਥੀ ਫਿਰੇ ਗਿਰਾਂ ਗਿਰਾਂ, ਜਿਸਦਾ ਹਾਥੀ ਉਸਦਾ ਨਾਂ।'

(ਸੰਗ੍ਰ)

**ਹਾਥੀ ਲੰਘ ਗਿਆ, ਪੂਛ (ਰਹਿ) ਅੜ ਗਈ ਏ।**

**ਭਾਵ** :— ਕੰਮ ਦਾ ਤਕੜਾ ਹਿੱਸਾ ਹੋ ਜਾਵੇ, ਪਰ ਕਿਸੇ ਨਿੱਕੀ ਜਿਹੀ ਗਲ ਕਰਕੇ ਕੰਮ ਵਿਚ ਰੋੜਾ ਅਟਕ ਜਾਵੇ।

**ਵਰਤੋਂ** :— ਉਸ ਨੇ ਬੜੇ ਤਰਲਿਆਂ ਨਾਲ ਪਤੀ ਨੂੰ ਕਿਹਾ 'ਹਾਥੀ ਲੰਘ ਗਿਆ ਏ, ਪੂਛ ਰਹਿ ਗਈ ਏ'। ਜਿਥੇ ਅਗੇ ਸਾਢੇ ਚਾਰ ਵਰ੍ਹੇ ਲੰਘਾਏ ਜੇ, ਛੇ ਮਹੀਨੇ ਹੋਰ ਦੜ ਵਟ ਛਡੋ।

(ਲਵ ਮੈਰਜ— ਨਾਨਕ ਸਿੰਘ)

**ਹਾਰ ਮੰਨੀ, ਝਗੜਾ ਚੁੱਕਾ।**

ਵੇਖੋ :— 'ਸਾਡੀ ਹਾਰ ਤੁਹਾਡੀ ਜੀਤ।'

**ਭਾਵ** :— ਹਾਰ ਮੰਨ ਲਈ ਤੇ ਝਗੜਾ ਖ਼ਤਮ ਹੋਇਆ।

**ਵਰਤੋਂ** :— ਚੌਧਰੀ ਜੀ! ਹੁਣ ਝਗੜਾ ਕਾਹਦਾ ਅਖੇ 'ਹਾਰ ਮੰਨੀ, ਝਗੜਾ ਚੁੱਕਾ'। ਪੰਚਾਂ ਦਾ ਆਖਾ ਮੰਨ ਕੇ ਅਸਾਂ ਮੁਕਦਮਾ ਛੱਡ ਦਿੱਤਾ ਹੈ।

(ਸੰਗ੍ਰ)

**ਹਾਰੀ ਦਾ ਨਿਆਂ ਰੱਬ ਦੀ ਕਚਿਹਰੀ ਵਿੱਚ।**

**ਭਾਵ** :— ਕਮਜ਼ੋਰ ਅਤੇ ਗ਼ਰੀਬਾਂ ਨਾਲ ਇਨਸਾਫ਼ ਰਬ ਦੀ ਕਚਿਹਰੀ ਵਿਚ ਹੀ ਹੋ ਸਕਦਾ ਹੈ।

**ਵਰਤੋਂ** ;— ਜਵਾਨ ਪੁਤਰ ਓਹਦਾ। ਪਿੰਡ ਵਿੱਚ ਦੋ ਵੈਰੀਆਂ ਨੇ ਉਸ ਨੂੰ ਮਾਰ ਦਿੱਤਾ। ਮਾਈ ਨੇ ਸੋਚਿਆ, 'ਹਾਰੀ ਦਾ ਨਿਆਂ ਰੱਬ ਦੀ ਕਚਿਹਰੀ ਵਿੱਚ ਨਹੀਂ"। ਕਿਉਂ ਅਗੇ ਜਾ ਕੇ ਰੋਵਾਂ।

(ਦੇਵਿੰਦਰ ਬਤੀਸੀ— ਡਾ: ਮੋਹਨ ਸਿੰਘ)

**ਹਾਰੀਏ ਨ ਹਿੰਮਤ, ਵਿਸਾਰੀਏ ਨਾ ਰਾਮ**

**ਭਾਵ** :— ਹਰੀ ਨੂੰ ਚੇਤੇ ਰਖੋ ਤੇ ਹਿੰਮਤ ਕਰੀ ਜਾਓ।

**ਵਰਤੋਂ** :— ਹਰੀ ਸਿੰਘ ਚਾਰੀ ਜੀ! ਜੇ 'ਹਾਰੀਏ ਨਾ ਹਿੰਮਤ, ਵਿਸਾਰੀਏ ਨਾ ਰਾਮ', ਤਾਂ ਹਰ ਮੈਦਾਨ ਫਤਹ ਹੀ ਫਤਹ ਹੁੰਦੀ ਹੈ।

(ਸੰਗ੍ਰ)

**ਹਾਲੀਆਂ ਤਾਂ ਛੱਡੇ, ਪਾਲੀਆਂ ਤਾਂ ਨਹੀਂ ਛੱਡ ਦੇਣੇ। ਜਾਂ ਹਾਲੀਆਂ ਤ੍ਰਾਹ ਦਿਤੀਆਂ, ਪਾਲੀਆਂ ਤਾਂ ਨਹੀਂ ਤ੍ਰਾਹ ਦਿਤੀਆਂ।**

**ਭਾਵ**:— ਕਿਸੇ ਵਿਆਂਹਦੜ ਇਸਤਰੀ ਨੂੰ ਕੋਈ ਛੱਡ ਦੇਵੇ ਤੇ ਮਾਪੇ ਉਸ ਦੀ ਸੰਭਾਲ ਕਰਨ ਜਾਂ ਇੱਕ ਛੱਡ ਬਹੇ, ਤਾਂ ਦੂਜਾ ਨਾ ਛੱਡੇ।

**ਵਰਤੋਂ** :— ਚੌਧਰੀ-- ਵਰਯਾਮ ਤਾਂ ਮੇਰਾ ਲੰਗੋਟੀਆ ਯਾਰ ਏ। ਮਾਮੂਲੀ ਗਲ ਏ ਜੇ ਰੁਸੇ ਰਾਜ਼ੀ ਹੋ ਗਿਆ, 'ਹਾਲੀਆਂ ਤਾਂ ਛੱਡੇ, ਪਾਲੀਆਂ ਤਾਂ ਨਹੀਂ ਛਡ ਦੇਣੇ।'

(ਦੂਰ ਦੁਰਾਡੇ ਸ਼ਹਿਰੋਂ— ਹਰਚਰਨ ਸਿੰਘ)

**ਹਾੜ ਹਰੇ ਨਾ ਸੌਣ ਸੁੱਕੇ ।**

**ਭਾਵ** :— ਸਦਾ ਕੋਈ ਇਕੋ ਹਾਲਤ ਵਿਚ ਹੀ ਰਹੇ ।

**ਵਰਤੋਂ** :— ਉਮਰ—ਕਾਹਦਾ ਹਾਲ ਏ ਸੂਬੇਦਾਰਾ । 'ਹਾੜ ਹਰੇ ਨਾ ਸਾਵਣ ਸੁੱਕੇ' । ਰੋਣੀ ਰੋਣਾ ਹੀ ਰਹਿੰਦਾ ਏ ਬਾਰਾਂ ਮਹੀਨੇ ।

(ਦੂਰ ਦੁਰਾਡੇ ਸ਼ਹਿਰੋਂ— ਹਰਚਰਨ ਸਿੰਘ)

**ਹਾਜ਼ਰ ਕੋ ਮਿਹਰ ।**

**ਭਾਵ** :— ਜਦ ਕਿਸੇ ਚੀਜ਼ ਦੀ ਵੰਡ ਸਮੇਂ ਹਾਜ਼ਰਾਂ ਨੂੰ ਤਾਂ ਮਿਲ ਜਾਵੇ ਪਰ ਪਿੱਛੋਂ ਦੂਜਿਆਂ ਨੂੰ ਕੁਝ ਨਾ ਮਿਲੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਪਈ ਦਸੋ, ਅਸਾਡਾ ਮਿਠਾਈ ਦਾ ਹਿੱਸਾ ਕਿੱਥੇ ਜੇ ? ਇਹ ਤਾਂ 'ਹਾਜ਼ਰ ਕੋ ਮਿਹਰ' ਵਾਲੀ ਗਲ ਹੋਈ ਹੈ । ਰਤਾ ਪਛੜ ਕੇ ਪੁਜੇ, ਤਾਂ ਸਭ ਕਾਸੇ ਤੋਂ ਨਾਂਹ ਹੋ ਗਈ । (ਸੰਗ੍ਰ)

**ਹਾਂਡੀ ਉਬਲੂ ਤੇ ਆਪਣੇ ਕੰਢੇ ਹੀ ਸਾੜੂ ।**

**ਭਾਵ** :— ਜਿਹੜਾ ਆਪਣੇ ਆਪ ਵਿਚ ਕੁੜ੍ਹਦਾ ਰਹੇ, ਜਾਂ ਜਦ ਕੋਈ ਦੂਜੇ ਦੇ ਗੁਸੇ ਹੋਣ ਤੇ ਆਪਣੀ ਬੇਪਰਵਾਹੀ ਦਸੇ ਕਿ ਉਸ ਦਾ ਗੁਸਾ ਮੇਰਾ ਕੀ ਵਿਗਾੜੇ ਗਾ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਕੈਲਾਸ਼ ਲਾਲ ਬਿੰਬ ਹੋ ਗਿਆ । ਪਰ ਕੀ ਕਰਦਾ ? 'ਹਾਂਡੀ ਉਬਲੂ ਤੇ ਆਪਣੇ ਕੰਢੇ ਹੀ ਸਾੜੂ' । ਵਿਚਾਰਾ ਮੱਥੇ ਤੇ ਹੱਥ ਰੱਖ ਕੁਰਸੀ ਤੇ ਬੈਠ ਗਿਆ ।

(ਸਵੇਰ ਸਾਰ— ਕਰਤਾਰ ਸਿੰਘ ਦੁੱਗਲ)

**ਹਿਸਾ ਚੋਥਾ ਤੇ ਜੁਤੀਆਂ ਵਿਚ ਅੱਧ ।**

**ਭਾਵ**— ਕਿਸੇ ਕੰਮ ਵਿਚ ਹਿੱਸਾ ਥੋੜਾ ਹੋਣਾ ਪਰ ਖ਼ੁਆਰੀ ਵਧੀਕ ।

**ਵਰਤੋਂ** :— ਭਿਆਲੀ ਕਾਹਦੀ ਪਾਈ ਏ, ਨਿਰੀ ਖ਼ੁਆਰੀ ਹੀ ਖ਼ੁਆਰੀ ਏ । 'ਹਿੱਸਾ ਚੌਥਾ ਤੇ ਜੁੱਤੀਆਂ ਵਿਚ ਅੱਧ, ਪੈਂਡਾ ਬਹੁਤਾ ਤੇ ਨਫ਼ਾ ਥੋੜਾ ।

(ਸੰਗ੍ਰ)

**ਹਿਕ ਦਮੜੀ ਬੀਬੀ ਦੇ ਪੱਲੇ, ਬੀਬੀ ਹਾਰ ਘਿਨਣ ਚਲੀ ।**

**ਭਾਵ** :— ਪੱਲੇ ਕੁਝ ਨਾ ਹੋਵੇ, ਪਰ ਬਾਹਰੋਂ ਸੂਕਾ ਸ਼ਾਕੀ ਕਰੇ ।

**ਵਰਤੋਂ** :— ਰਾਣੋ—ਮੈਂ ਨਹੀਂ ਆਪਣੀ ਕੁੜੀ ਦੀ ਸਗਾਈ ਕਰਨੀ ਉਨ੍ਹਾਂ ਦੇ । 'ਹਿਕ ਦਮੜੀ ਬੀਬੀ ਦੇ ਪੱਲੇ, ਬੀਬੀ ਹਾਰ ਘਿਨਣ ਚਲੀ ।'

(ਸੰਗ੍ਰ)

**ਹਿਕਮਤਿ ਹੁਕਮਿ ਨ ਪਾਇਆ ਜਾਏ ।**

**ਭਾਵ** :— ਚਲਾਕੀਆਂ ਕਰਨ ਜਾਂ ਹੁਕਮ ਕਰਨ ਨਾਲ ਰੱਬ ਨਹੀਂ ਪਾਇਆ ਜਾਂਦਾ ।

**ਵਰਤੋਂ** :—

'ਹਿਕਮਤਿ ਹੁਕਮਿ ਨ ਪਾਇਆ ਜਾਇ ॥
ਕਿਉਕਰਿ ਸਾਚਿ ਮਿਲਉ ਮੇਰੀ ਮਾਇ ॥'

(ਗੁਰੂ ਗ੍ਰੰਥ— ਧਨਾਸਰੀ ਰਾਗ)

**ਹਿਨੀ ਧਾੜ ਕਿਰਾੜਾਂ ਵੱਗੇ ।**

**ਭਾਵ** :— ਚੋਰਾਂ ਦੇ ਨਿੱਕੇ ਜਿਹੇ ਟੋਲੇ ਤੋਂ ਸ਼ਾਹੂਕਾਰ ਡਰਦੇ ਮਾਰੇ ਨੱਠ ਪੈਂਦੇ ਹਨ ।

**ਵਰਤੋਂ** :— ਕਿਕਰ ਸਿੰਘ—ਸ਼ਾਮ ਸਿੰਘ ! ਸ਼ਾਹੂਕਾਰ ਦਾ ਤਾਂ ਉਹ ਹਾਲ ਹੈ ਪਈ 'ਹਿਨੀ ਧਾੜ ਕਿਰਾੜਾਂ ਵਗੇ । ਕਿਰਪੋ ਸ਼ਾਹ ਦਾ ਕਿਤਨਾ ਟੱਬਰ ਸੀ, ਪਰਸੋਂ ਕਿਧਰੇ ਇਕ ਦੋ ਚੋਰ ਹਵੇਲੀ ਵਿਚ ਜਾ ਵੜੇ, ਸਾਰਾ ਟੱਬਰ ਹੀ ਨੱਠ ਤੁਰਿਆ ।

(ਸੰਗ੍ਰ)

**ਹਿਰਦੈ ਜਿਸਦੈ ਸਚੁ ਹੈ ਤਨੁ ਮਨੁ ਭੀ ਸਚਾ ਹੋਇ।**

**ਭਾਵ** :— ਜਿਸ ਹਿਰਦੇ ਵਿਚ ਸੱਚ ਦਾ ਵਾਸ ਹੈ, ਉਸਦੀ ਰਹਿਣੀ ਬਹਿਣੀ ਵੀ ਸੱਚੀ ਹੋ ਜਾਂਦੀ ਹੈ।

**ਵਰਤੋਂ** —

"ਹਿਰਦੈ ਜਿਸਦੈ ਸਚੁ ਹੈ,
ਤਨੁ ਮਨੁ ਭੀ ਸਚਾ ਹੋਇ ॥
ਨਾਨਕ ਸਚੈ ਹੁਕਮਿ ਮੰਨਿਐ,
ਸਚੀ ਵਡਿਆਈ ਦੇਇ ॥"
(ਗੁਰੂ ਗ੍ਰੰਥ-ਰਾਗ ਮਾਰੂ)

**ਹਿਲਿਆ ਨਹੀਂ ਤੇ ਸਲਿਆ ਨਹੀਂ।**

**ਭਾਵ** :— ਜੋ ਡਾਢੇ ਅਗੇ ਆਕੜੇ, ਉਹ ਮਾਰਿਆ ਜਾਂਦਾ ਹੈ। ਜਾਂ ਜਦੋਂ ਬੇਇਨਸਾਫੀ ਦਾ ਦੌਰ ਹੋਵੇ।

**ਵਰਤੋਂ** :— ਨਵਾਂ ਅਫ਼ਸਰ ਤੇ ਬੜਾ ਹੀ ਸਖ਼ਤ ਆਇਆ ਹੈ। ਬਸ ਕੋਈ ਹਿਲਿਆ ਨਹੀਂ ਤੇ ਸਲਿਆ ਨਹੀਂ। ਕਿਨੇ ਹੀ ਨੌਕਰ ਉਸ ਨੇ ਕਢ ਦਿਤੇ ਹਨ। (ਸੰਗ੍ਰ)

**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।**

**ਭਾਵ** :— ਇਹ ਹੀਰੇ ਵਰਗਾ ਅਮੋਲਕ ਜਨਮ ਭੋਹ ਦੇ ਭਾ ਜਾ ਰਿਹਾ ਹੈ।

**ਵਰਤੋਂ** :—

"ਰੈਣਿ ਗਵਾਈ ਸੋਇਕੈ,
ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ,
ਕਉਡੀ ਬਦਲੇ ਜਾਇ ॥"
(ਗੁਰੂ ਗ੍ਰੰਥ-ਗਉੜੀ ਬੈਰਾਗਣ)

**ਹੀਲ ਨਾ ਦਲੀਲ।**

**ਭਾਵ** :— ਕਿਸੇ ਨੂੰ ਬਿਪਤਾ ਵਿਚ ਵੇਖ, ਬਿਨਾ ਸੋਚੇ ਸਮਝੇ, ਜਦੋਂ ਕੋਈ ਸਹਾਇਤਾ, ਲਈ ਤਿਆਰ ਹੋ ਜਾਵੇ।

**ਵਰਤੋਂ** :— ਰੋੜ੍ਹ ਪਾਸੋਂ ਮਾਸੂਮ ਬੱਚੇ ਦੀ ਦੁਰਦਸ਼ਾ ਵੇਖੀ ਨਾ ਗਈ। ਉਸ ਨੇ ਹੀਲ ਕੀਤੀ ਨਾ ਦਲੀਲ ਉਵੇਂ ਹੀ ਕਪੜੇ ਸਮੇਤ ਬਾਲ ਨੂੰ ਚੁਕ ਲੈ ਆਇਆ ਤੇ ਮੁੜ ਆਪਣੀ ਥਾਂ ਤੇ ਹੀ ਆ ਗਿਆ।
(ਚਿੱਟਾ ਲਹੂ— ਨਾਨਕ ਸਿੰਘ)

**ਹੀਲੇ ਰਿਜ਼ਕ, ਬਹਾਨੇ ਮੌਤ।**

**ਭਾਵ** :— ਕੋਈ ਕੰਮ ਨਾ ਕਰੇ ਤੇ ਵਿਹਲਾ ਬੈਠਾ ਆਪਣੀ ਜਾਨ ਗਾਲੀ ਜਾਵੇ, ਤਦ ਉਸਨੂੰ ਮਤ ਦੇਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਕਾਕਾ ਜੀ! ਹੀਲੇ ਰਿਜ਼ਕ ਮਿਲਦਾ ਹੈ ਤੇ ਬਹਾਨੇ ਮੌਤ। ਕੰਮ ਕਰੋਗੇ ਤਾਂ ਖਾਓਗੇ। ਬਹਾਨੇ ਬਣਾਉਗੇ, ਤਾਂ ਪਛੋਤਾਉਗੇ। (ਸੰਗ੍ਰ)

**ਹੁੱਸੜ ਨਾਲੋਂ ਭੁੱਸੜ ਚੰਗਾ।**

**ਭਾਵ** :— ਗਰਮੀ ਭਾਵੇਂ ਕਿੰਨੀ ਹੋਵੇ, ਪਰ ਜੇ ਹਵਾ ਚਲਦੀ ਹੋਵੇ ਤਾਂ ਬਹੁਤਾ ਔਖਾ ਨਹੀਂ ਹੋਈਦਾ।

**ਵਰਤੋਂ** : — ਸਾਵਣ ਭਾਦੋਂ ਦੇ ਹੁੱਸੜ ਤੋਂ ਘਬਰਾ ਕੇ ਹੀ ਜਟ ਫ਼ਕੀਰ ਬਣਦਾ ਹੈ। ਉਹ ਜੇਠ ਹਾੜ ਦੀਆਂ ਦੁਪਹਿਰਾਂ ਤੋਂ ਨਹੀਂ ਡਰਦਾ। 'ਹੁੱਸੜ ਨਾਲੋਂ ਭੁੱਸੜ ਚੰਗਾ ਹੁੰਦਾ ਹੈ। (ਸੰਗ੍ਰ)

**ਹੁਸ਼ ਹੁਸ਼ ਕਰੇ, ਪਰ ਊਠ ਨ ਬਹੇ।**

**ਭਾਵ** :— ਜਦ ਜਤਨ ਕਰਨ ਤੇ ਵੀ ਕੰਮ ਸਿਰ ਨਾ ਚੜ੍ਹੇ।

**ਵਰਤੋਂ** :— ਨੰਬਰਦਾਰ :— ਸਰਦਾਰ ਜੀ! ਨਿਸਚੇ ਜਾਣੋ ਕਿ ਬੜੇ ਜਤਨ ਕੀਤੇ ਹਨ, ਪਰ ਕੰਮ ਦੇ ਸਿਰੇ ਚੜ੍ਹਨ ਦਾ ਕੋਈ ਰੰਗ ਨਹੀਂ ਦਿਸਦਾ। 'ਹੁਸ਼ ਹੁਸ਼ ਕਰੇ, ਪਰ ਊਠ ਨ ਬਹੇ' ਵਾਲਾ ਹੀ ਲੇਖਾ ਜਾਪਦਾ ਹੈ। (ਸੰਗ੍ਰ)

**ਹੁਕਮ ਨਾਦਰੀ, ਤਕਦੀਰ ਕਾਦਰੀ।**

**ਭਾਵ** :— ਨਾਦਰ-ਸ਼ਾਹੀ ਹੁਕਮ ਰੱਬ ਦੇ ਲਿਖੇ ਲੇਖ ਵਾਂਗ ਅਟੱਲ ਹੈ।

**ਵਰਤੋਂ** :— ਅਜ ਕਲ ਲੋਕ-ਰਾਜ ਦੇ ਸਮੇਂ ਵਿਚ 'ਹੁਕਮ ਨਾਦਰੀ, ਤਕਦੀਰ ਕਾਦਰੀ।' ਵਾਲੀ ਗਲ ਨਹੀਂ ਚਲਦੀ। ਹੁਣ ਤਾਂ ਹਰ ਕਿਸੇ ਦੀ ਰਾਏ ਨਾਲ ਤੁਰਨਾ ਪੈਂਦਾ ਹੈ। (ਸੰਗ੍ਰ)

**ਹੁਕਮੁ ਬੁਝੈ ਸੋਈ ਪਰਵਾਨੁ।**

**ਭਾਵ** :— ਜਿਹੜਾ ਰੱਬੀ ਰਜਾ ਨੂੰ ਬੁਝ ਲਵੇ, ਓਹੀ ਪ੍ਰਵਾਨ ਹੁੰਦਾ ਹੈ।

**ਵਰਤੋਂ** :—

'ਹੁਕਮੁ ਬੁਝੈ ਸੋਈ ਪਰਵਾਨੁ ॥
ਸਾਚੁ ਸ਼ਬਦੁ ਜਾ ਕਾ ਨੀਸਾਨੁ ॥'

(ਗੁਰੂ ਗ੍ਰੰਥ—ਆਸਾ ਰਾਗ)

**ਹੁਣ ਤਾਂ ਟਿਡੀਆਂ ਨੂੰ ਵੀ ਥਣ ਲਗ ਪਏ ਨੇ।**

**ਭਾਵ** :— ਜਦ ਕਮਜ਼ੋਰ ਆਦਮੀ ਵੀ ਤਕੜੇ ਕੰਮਾਂ ਵਿਚ ਹਿੱਸਾ ਲੈਣ ਲਗ ਪਵੇ।

**ਵਰਤੋਂ** :— ਕਰਮ ਦੇਈ—ਨੀ ਤਾਰੋ! 'ਹੁਣ ਤਾਂ ਟਿਡੀਆਂ ਨੂੰ ਵੀ ਥਣ ਲਗ ਪਏ ਨੇ।' ਰਾਮ ਸਿੰਘ ਨੂੰ ਵੀ ਪੁਲ ਦਾ ਕੰਮ ਮਿਲ ਗਿਆ ਏ। (ਸੰਗ੍ਰ)

**ਹੁਣ ਤਾਂ ਤੁਹਾਡਾ ਘਿਉ ਵਿਚ ਰੰਬਾ ਹੈ।**

**ਭਾਵ** —ਕਿਸੇ ਮਾੜੇ ਬੰਦੇ ਦੇ ਚੰਗ ਦਿਨ ਫਿਰ ਪੈਣ।

**ਵਰਤੋਂ** :— ਨਥੂ ਮਲ- ਕਿਹਰ ਸਿੰਘ! 'ਹੁਣ ਤਾਂ ਤੁਹਾਡਾ ਘਿਉ ਵਿਚ ਰੰਬਾ ਹੈ'! ਹੁਣ ਤਾਂ ਕੋਈ ਰੋਕਣ ਵਾਲਾ ਨਹੀਂ। ਚਾਚਾ ਵੀ ਤੁਰ ਗਿਆ। ਹੁਣ ਜੋ ਮਨ ਆਵੇ, ਕਰੋ। (ਸੰਗ੍ਰ)

**ਹੁਣ ਤਾਂ ਭੇਡਾਂ ਵੀ ਮੱਕੇ ਚਲੀਆਂ ਨੇ।**

**ਭਾਵ** :— ਜਦ ਮਾੜੇ ਤੇ ਨਿਕੰਮੇ ਆਦਮੀ ਵੀ ਤਕੜਾ ਕੰਮ ਕਰਨ ਲਈ ਕਮਰ ਕਸ ਲੈਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਰਤਾਰੋ—ਨੀ ਬਸ! ਤੂੰ ਵੀ ਹਿੰਮਤ ਕਰ, 'ਹੁਣ ਤਾਂ ਭੇਡਾਂ ਵੀ ਮੱਕੇ ਚਲੀਆਂ ਨੇ' ਵੇਖਦੀ ਨਹੀਂ, ਬੱਲੀ ਤਾਬੋ ਵੀ ਹੁਣ ਤਾਂ ਚੌਧਰਾਣੀ ਬਣੀ ਫਿਰਦੀ ਏ। (ਸੰਗ੍ਰ)

**ਹੁਣ ਦਾ ਹੁਣ, ਫੇਰ ਦਾ ਫੇਰ।**

ਵੇਖੋ :— 'ਅਜ ਦਾ ਦਿਨ ਮਿੱਠਾ ਤੇ ਕਲ੍ਹ ਕਿਨੇ ਡਿਠਾ।

**ਭਾਵ** :—ਅਜ ਦਾ ਕੰਮ ਅਜ ਹੀ ਕਰੋ।

**ਵਰਤੋਂ** :— ਮੁਨਸ਼ੀ—ਕਾਕਾ ਜੀ! 'ਹੁਣ ਦਾ ਹੁਣ, ਫੇਰ ਦਾ ਫੇਰ' ਕਹਨ ਵਿਚ ਲਾਹਾ ਜੇ। ਅਜ ਦਾ ਕੰਮ ਅਜ ਹੀ ਕਰਨਾ ਚਾਹੀਦਾ ਹੈ। (ਸੰਗ੍ਰ)

**ਹੁਣ ਪਛਤਾਇਆਂ ਕੀ ਬਣੇ, ਜਦ ਚਿੜੀਆਂ ਚੁਗਿਆ ਖੇਤ।**

**ਭਾਵ** :— ਜਦ ਕੋਈ ਘਾਟਾ ਜਾਂ ਨੁਕਸਾਨ ਕਰਾਕੇ ਪਿਛੋਂ ਸੋਚਾਂ ਜਾ ਵਿਚਾਰਾ ਕਰਨ ਲਗੇ ਜਾਂ ਪਛਤਾਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਚੌਧਰੀ— ਕਰਮਦੀਨਾ! ਜੋ ਹੋਣਾ ਸੀ ਸੋ ਹੋ ਗਿਆ। 'ਹੁਣ ਪਛਤਾਏ ਕੀ ਬਣੇ, ਜਦ ਚਿੜੀਆਂ ਚੁਗਿਆ ਖੇਤ।' (ਸੰਗ੍ਰ)

**ਹੁਦਾਰ ਦਿਤਾ, ਗਾਹਕ ਪਸਿੱਤਾ।**

**ਭਾਵ** : ਜਦ ਗਲ ਦੇ ਲਮਕ ਜਾਣ ਤੇ ਫ਼ਾਇਦੇ ਦੀ ਆਸ ਨਾ ਰਹੇ ਜਾਂ ਹੁਦਾਰ ਦੇਣ ਨਾਲ ਸਗੋਂ ਆਪੋ ਵਿਚ ਵੈਰ ਭਾਵ ਵਧ ਜਾਵੇ।

**ਵਰਤੋਂ** :— ਸ਼ਾਹ— 'ਹੁਦਾਰ ਦਿਤਾ ਨਹੀਂ, ਕਿ ਗਾਹਕ ਪਸਿੱਤਾ ਨਹੀਂ ਹੋਇਆ!' ਇਕ ਪਲਿਉਂ ਦਿਉ, ਫਿਰ ਜਦ ਮੰਗਣ ਜਾਓ ਤਾਂ ਕਹਿਣਗੇ, "ਲਾਲਾ ਹੁਰੀਂ ਘਰ ਨਹੀਂ।" (ਸੰਗ੍ਰ)

**ਹੁਨਾਲੇ ਦੀ ਝੜੀ ਤੇ ਕਿਹਾ ਪਤਾ ਮੈਂਹ ਦਾ ਇਕ ਸਿੰਗ ਸਿੰਨਾ ਤੇ ਇਕ ਸੁੱਕਾ।**

**ਭਾਵ** :— ਜਦ ਕਿਸੇ ਗਲ ਦਾ ਠੀਕ ਬਹੁ ਪਤਾ ਨਾ ਲਗੇ (ਸਾਵਣ ਦੇ ਮੀਂਹ ਦਾ ਕੀ ਪਤਾ ਕਿਧਰੇ ਵੱਸੇ ਤੇ ਕਿਧਰੇ ਨਾ ਵੱਸੇ।

**ਵਰਤੋਂ** :—

"ਹੁਨਾਲੇ ਦੀ ਝੜੀ ਤੇ ਕਿਹਾ ਪਤਾ,
ਮੈਂਹ ਦਾ ਇਕ ਸਿੰਗ ਸਿੰਨਾ ਤੇ ਇਕ ਸੁੱਕਾ।"

ਸਰਦਾਰ ਹੁਰਾਂ ਦੀ ਤਬੀਅਤ ਵੀ ਕੋਈ ਇਹੋ ਜਿਹੀ ਹੀ ਹੈ। ਕੁਝ ਪਤਾ ਨਹੀਂ ਹੁੰਦਾ, ਕਦੋਂ ਕਿਸ ਗਲ ਤੇ ਵਰ ਪੈਣ।

(ਕੋਇਲ ਕੂ— ਬਾਵਾ ਬੁਧ ਸਿੰਘ)

**ਹੂਰ ਦੀ ਗੋਦੀ ਵਿਚ ਲੰਗੂਰ।** ਵੇਖੋ:— ਕਾਂ ਦੀ ਚੁੰਜ ਵਿਚ ਅੰਗੂਰ।

**ਭਾਵ** :— ਕਿਸੇ ਅਤੀ ਸੁੰਦਰੀ ਦਾ ਕਿਸੇ ਨਾਲ ਵਿਆਹੇ ਜਾਣਾ ਜਾਂ ਕਿਸੇ ਸੁਹਣੀ ਚੀਜ਼ ਦਾ ਕਿਸੇ ਕੋਹਝੇ ਦੇ ਪੱਲੇ ਪੈ ਜਾਣਾ।

**ਵਰਤੋਂ** :— ਇਹ ਸੁਹਾਗ ਜੋੜੀ ਜਦ ਸ਼ਾਮ ਨੂੰ ਸੈਰ ਨੂੰ ਨਿਕਲਦੀ ਤਾਂ ਲਖਨਊ ਦੇ ਮਨਚਲੇ ਨੌ-ਜਵਾਨ ਇਨ੍ਹਾਂ ਵਲ ਵੇਖ ਵੇਖ ਕੇ ਇਕ ਦੂਜੇ ਨੂੰ ਸੁਣਾਂਦੇ:

'ਹੂਰ ਕੀ ਗੋਦੀ ਮੇਂ ਲੰਗੂਰ, ਖੁਦਾ ਕੀ ਕੁਦਰਤ।
ਕਊਏ ਕੀ ਚੋਂਚ ਮੇਂ ਅੰਗੂਰ, ਖੁਦਾ ਕੀ ਕੁਦਰਤ।'

(ਪਿਆਰ ਦੀ ਦੁਨੀਆਂ —ਨਾਨਕ ਸਿੰਘ

**ਹੂਰਾ (ਮੁੱਕਾ) ਨੇੜੇ ਕਿ ਖ਼ੁਦਾ।**

**ਭਾਵ** :— ਜਦੋਂ ਸੋਟੇ ਜਾਂ ਡੰਡੇ ਤੋਂ ਹੀ ਕੋਈ ਡਰੇ।

**ਵਰਤੋਂ** — ਅਜ ਕਲ ਤਾਂ ਜ਼ੋਰਾਵਰ ਦਾ ਹੀ ਰਾਜ ਹੈ। ਕੋਈ ਧਰਮ ਅਧਰਮ ਨੂੰ ਨਹੀਂ ਪਛਾਣਦਾ। ਹਰ ਕੋਈ ਆਖਦਾ ਹੈ, 'ਹੂਰਾ ਨੇੜੇ ਕਿ ਖ਼ੁਦਾ?'

(ਸੰਗ੍ਰ)

**ਹੇਠਾਂ ਜਲ੍ਹਾ, ਉਤੇ ਅੱਲਾ।**

**ਭਾਵ** :— ਪੰਡਤ ਜਲ੍ਹੇ ਦੇ ਰਸੂਖ਼ ਨੂੰ ਦਸਿਆ ਹੈ।

**ਵਰਤੋਂ** :— ਪੰਡਤ ਜਲ੍ਹੇ ਦਾ ਸਿੱਖ ਦਰਬਾਰ ਵਿਚ ਏਨਾ ਰਸੂਖ਼ ਸੀ ਕਿ ਰਹੇ ਨਾਮ ਰੱਬ ਦਾ। ਬਸ, 'ਹੇਠਾਂ ਜਲ੍ਹਾ ਤੇ ਉਤੇ ਅੱਲਾ' ਹੀ ਵਜਦਾ ਸੀ।

(ਸੰਗ੍ਰ)

**ਹੇਠਾਂ ਦੀਵੇ ਦਾ ਤੌਣ (ਥਾਂ), ਉਤੇ ਮੋਚੀ ਦੀ ਹੱਟੀ।**

**ਭਾਵ** :— ਪਲੇ ਕੁਝ ਨਾ ਹੋਵੇ ਤੇ ਦਸੇ ਕਿ ਮੈਂ ਬੜਾ ਵੱਡਾ ਹਾਂ।

**ਵਰਤੋਂ** :— ਨੰਬਰਦਾਰ : ਮੁਨਸ਼ੀ ਜੀ। ਕਾਲੇ ਦਾ ਕੀ ਕਹਿਣਾ ਹੈ? ਉਸਦੀ ਤਾਂ ਇਹ ਗਲ ਹੈ ਕਿ 'ਹੇਠਾਂ ਦੀਵੇ ਦਾ ਤੌਣ, ਉਤੇ ਮੋਚੀ ਦੀ ਹੱਟੀ।' ਪੱਲੇ ਤਾਂ ਰੋਟੀ ਖਾਣ ਲਈ ਨਹੀਂ ਤੇ ਬੜਾ ਵਡਾ ਬਣ ਬਣ ਬਹਿੰਦਾ ਹੈ। (ਸੰਗ੍ਰ)

**ਹੇਠਾਂ ਨਾ ਉੱਤੇ, ਮੈਂ ਅੱਧ ਵਿਚ ਸੌਂਦੀ ਹਾਂ।** ਵੇਖੋ:— 'ਸਦੀ ਨ ਬੁਲਾਈ, ਮੈਂ ਲਾੜੇ ਦੀ ਤਾਈ।

**ਵਰਤੋਂ**: — ਜਦ ਕਿਸੇ ਦੀ ਪੁਛ ਗਿਛ ਨਾ ਹੋਵੇ, ਪਰ ਉਹ ਬਦੋ ਬਦੀ ਵੱਡਾ ਬਣੀ ਫਿਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਭੋਲੀ ਭਾਬੀ। ਤੇਰੀ ਤਾਂ ਕੋਈ ਵਾਤ ਨਹੀਂ ਪੁਛਦਾ, ਪਰ ਤੂੰ ਆਪੇ ਹੀ ਪ੍ਰਧਾਨ ਬਣੀ ਫਿਰਦੀ ਹੈਂ, ਤੇਰਾ ਤਾਂ ਇਹ ਹਾਲ ਹੈ, ਅਖੇ 'ਹੇਠਾਂ ਨਾ ਉਤੇ, ਮੈਂ ਅਧ ਵਿਚ ਸੌਂਦੀ ਹਾਂ।' (ਸੰਗ੍ਰ)

**ਹੇਠਾਂ ਮਸੀਤ, ਉਤੇ ਚੁਬਾਰਾ।**

**ਭਾਵ** :— ਅਣਜੋੜ ਚੀਜ਼ਾਂ ਦਾ ਮੇਲ। ਅਗ ਪਾਣੀ ਦਾ ਮੇਲ।

**ਵਰਤੋਂ** :— ਧੰਨ ਦਈ— ਮਾਂ ਜੀ! ਇਹ ਗਲ ਹੋਣੀ ਨਹੀਂ। ਵੇਖੋ ਨਾ, ਚਾਚੀ ਤਾਂ ਇਹ ਗਲ ਚਾਹੁੰਦੀ ਹੈ ਕਿ 'ਹੇਠਾਂ ਮਸੀਤ ਤੇ ਉਤੇ ਚੁਬਾਰਾ'। ਇਹ ਅਗ ਪਾਣੀ ਦੀ ਖੇਡ ਕਿਵੇਂ ਹੋਵੇ। (ਸੰਗ੍ਰ)

**ਹੇਠਾਂ ਵਿਛਾਈਏ ਕਿ ਉੱਤੇ ਲਈਏ?**

**ਭਾਵ** :— ਜਿਹੜੀ ਚੀਜ਼ ਇਤਨੀ ਥੋੜੀ ਹੋਵੇ ਕਿ ਕੋਈ ਕੰਮ ਸੁਆਰ ਨ ਸਕੇ।

**ਵਰਤੋਂ** :— ਈਸ਼ਵਰ ਨਾ ਕਰੇ, ਪਰ ਜੇ ਅਸੀਂ ਰੁਪਈਏ ਕਿਸੇ ਭਲੇ ਕੰਮ ਤੇ ਲਾਣ ਲਈ ਲੈ ਵੀ ਲਈਏ, ਤਾਂ ਤੂੰ ਹੀ ਦਸ, ਪੰਜਾਹ ਰੁਪਿਆਂ ਨਾਲ ਕੀ ਬਣਾਈਏ? 'ਹੇਠਾਂ ਵਿਛਾਈਏ ਕਿ ਉਤੇ ਲਈਏ?' ਵਾਹ ਬਈ ਵਾਹ ਤੂੰ ਬੜਾ ਦਾਨੀ ਆ ਗਿਆ ਏਂ।

(ਨਿਰਾਲੀ ਵਹੁਟੀ—ਮੋਹਨ ਸਿੰਘ)

**ਹੇੜੇ ਦੇ ਪੂਰੇ, ਸਿੜੇ ਦੇ ਸੂਰੇ ।**

**ਭਾਵ** :– ਕਿਸੇ ਬੜੇ ਜ਼ਿੱਦੀ ਦਾ ਸੁਭਾ ਦਰਸਾਇਆ ਹੈ।

**ਵਰਤੋਂ** :— 'ਹੇੜੇ ਦੇ ਪੂਰੇ, ਸਿੜੇ ਦੇ ਸੂਰੇ' ਭਾਵੇਂ ਲਖਾਂ ਰੁਪਏ ਰੁੜ੍ਹ ਜਾਣ, ਪਰ ਉਨ੍ਹਾਂ ਦੀ ਜ਼ਿੱਦ ਪੂਰੀ ਹੋਣੋ ਨਾ ਰਹੇ ।

(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

**ਭਾਵ** :— ਅਕਾਲ ਪੁਰਖ ਸਚ ਹੈ ਤੇ ਸਦਾ ਹੀ ਸਚ ਹੀ ਰਵ੍ਹੇਗਾ ।

**ਵਰਤੋਂ** :—

"ਆਦਿ ਸਚੁ ਜੁਗਾਦਿ ਸਚ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।"

(ਗੁਰੂ ਗ੍ਰੰਥ—ਜਪੁਜੀ)

**ਹੈਨਿ ਵਿਰਲੇ ਨਾਹੀ ਘਣੇ ।**

**ਭਾਵ** :— ਸ੍ਰੇਸ਼ਟ ਪੁਰਸ਼ ਥੋੜੇ ਹੀ ਹਨ। ਬਾਕੀ ਸਭ ਦਿਖਲਾਵੇ ਖ਼ਾਤਰ ਬਕਬਾਦ ਹੀ ਹੈ।

**ਵਰਤੋਂ** :—

"ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰ ॥"

(ਗੁਰੂ ਗ੍ਰੰਥ—ਸਲੋਕ ਵਾਰਾਂ ਤੋਂ ਵਧੀਕ)

**ਹੋਇ ਇਆਣਾ ਕਰੇ ਕੰਮ ਆਣ ਨਾ ਸਕੈ ਰਾਸਿ ।**

**ਭਾਵ** :— ਇਆਣਾ (ਮੂਰਖ) ਜਦ ਕੋਈ ਕੰਮ ਕਰਦਾ ਹੈ, ਤਦ ਵਿਗਾੜ ਦੇਂਦਾ ਹੈ ।

**ਵਰਤੋਂ** :—

"ਹੋਇ ਇਆਣਾ ਕਰੇ ਕੰਮੁ ਆਣ ਨਾ ਸਕੈ ਰਾਸਿ ॥"
ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥

(ਗੁਰੂ ਗ੍ਰੰਥ—ਵਾਰ ਆਸਾ)

**ਹੋਇਗਾ ਖਸਮੁ ਤਾਂ ਲਇਗਾ ਰਾਖਿ ॥**

**ਭਾਵ** :— ਜੇਰਬ ਸਾਡਾ ਮਾਲਕ ਹੈ ਤਾਂ ਆਪ ਸਾਨੂੰ ਰਖ ਲਵੇਗਾ ।

**ਵਰਤੋਂ** :—

"ਕਹੁ ਕਬੀਰ ਅਖਰ ਦੁਇ ਭਾਖਿ ॥
ਹੋਇਗਾ ਖਸਮੁ ਤਾਂ ਲਇਗਾ ਰਾਖਿ ॥"

(ਗੁਰੂ ਗ੍ਰੰਥ—ਗਾਉੜੀ ਕਬੀਰ ਜੀ)

**ਹੋਛਾ ਕੀ ਸੰਵਾਰੇ, ਇਕ ਵਾਰੀ ਕਰੇ ਦਸ ਵਾਰੀ ਪਤਾਰੇ ।**

**ਭਾਵ** :— ਹੋਛਾ ਆਦਮੀ ਜੇ ਕੋਈ ਕੰਮ ਕਿਸੇ ਦਾ ਸੁਆਰ ਵੀ ਦੇਵੇ, ਤਦ ਬਹੁਤੀ ਵਾਰੀ ਆਪਣਾ ਅਹਿਸਾਨ ਦਸਦਾ ਰਹਿੰਦਾ ਹੈ ।

**ਵਰਤੋਂ** :— ਨਹੀਂ ਜੀ ਨਹੀਂ, ਸਾਨੂੰ ਨਹੀਂ ਲੋੜ ਤੁਹਾਡੀ ਸੇਵਾ ਦੀ ! ਸਾਡਾ ਕੀ ਸੁਆਰੋਗੇ ? ਇਕ ਵਾਰੀ ਕਰਕੇ ਪਿੱਛੋਂ ਦਸ ਵਾਰੀ ਪਤਾਰੋਗੇ ।

(ਸੰਗ੍ਰ)

**ਹੋਛੀ ਮਤਿ ਭਇਆ ਮਨੁ ਹੋਛਾ ।**

**ਭਾਵ** :— ਹੌਲੀ ਅਕਲ ਕਰ ਕੇ ਮਨ ਮੂਰਖਾਂ ਵਾਲੀਆਂ ਗਲਾਂ ਕਰਨ ਲੱਗ ਪਿਆ ਹੈ ।

**ਵਰਤੋਂ** :—

'ਹੈ ਹੋਛੀ ਮਤਿ ਭਇਆ ਮਨੁ ਹੋਛਾ
ਗੁੜ ਸਾ ਮਖੀ ਖਾਇਆ ।'
ਨਾਮਰਜਾਦੁ ਆਇਆ ਕਲਿ, ਭੀਤਰਿ
ਨਾਗੋ ਬੰਧਿ ਚਲਾਇਆ ॥'

(ਗੁਰੂ ਗ੍ਰੰਥ-ਵਡਹੰਸ ਰਾਗ)

**ਹੋਛੀ ਰੰਨ ਦੀ ਨੱਥ, ਕਦੀਂ ਨੱਕ ਤੇ ਕਦੀ ਹੱਥ ।**

**ਭਾਵ** :—ਹੋਛਾ ਆਦਮੀ ਬਹੁਤ ਦਿਖਾਵਾ ਕਰਦਾ ਹੈ ।

**ਵਰਤੋਂ** :— ਹੋਛੀ ਰੰਨ ਵਾਂਗ ਓਹਦੀ ਨੱਥ ਕਦੀ ਨਕ ਹੁੰਦੀ ਹੈ, ਕਦੀ ਹੱਥ । ਜਦੋਂ ਵੇਖੋ, ਆਪਣੇ ਘਰ ਦੀਆਂ ਤਾਰੀਫ਼ਾਂ ਹੀ ਸਾੜਦੀ ਰਹਿੰਦੀ ਹੈ ।

(ਸੰਗ੍ਰ)

**ਹੋਛੇ ਜੱਟ ਕਟੋਰਾ ਲੱਧਾ ਪਾਣੀ ਪੀ ਪੀ ਆਫਰਿਆ ।**

**ਭਾਵ** :— ਜਦ ਕਿਸੇ ਹੋਛੇ ਆਦਮੀ ਦੇ ਹੱਥ ਕੋਈ ਚੰਗੀ ਚੀਜ਼ ਆ ਜਾਵੇ ਤੇ ਓਹ ਉਸਦੀ ਵਰਤੋਂ ਹਦੋਂ ਵੱਧ ਕਰੇ, ਜਿਹੜੀ ਦੁਖਦਾਈ ਸਾਬਤ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਜੋਗਿੰਦਰ ਭੈਣ ਜੀ ! ਸ਼ੀਲਾ, ਦਾ ਤਾਂ ਇਹ ਹਾਲ ਜੇ ਅਖੇ 'ਹੋਛੇ ਜੱਟ ਕਟੋਰਾ ਲੱਧਾ, ਪਾਣੀ ਪੀ ਪੀ ਆਫਰਿਆ ।' ਚਾਰ ਕੌਡੀਆਂ ਕੀ ਉਸਨੂੰ ਲਭ ਗਈਆਂ, ਕਿਸੇ ਨੂੰ ਗਲ ਨਹੀਂ ਕਰਨ ਦੇ'ਦੀ । (ਸੰਗ੍ਰ)

**ਹੋਛੇ ਦੀ ਯਾਰੀ, ਸਦਾ ਖ਼ੁਆਰੀ ।**

**ਭਾਵ** :— ਮੂਰਖ ਨਾਲ ਦੋਸਤੀ ਸਦਾ ਖੇਦ ਦਾ ਕਾਰਨ ਹੁੰਦੀ ਹੈ ।

**ਵਰਤੋਂ** :— ਸ਼ਾਹ ਜੀ ! ਤੁਸਾਂ ਮੈਨੂੰ ਪੈਸੇ ਵੀ ਦਿਤੇ, ਤਾਂ ਕੀ ਦਿਤੇ ? ਗਲੀ ਗਲੀ ਚਰਚਾ ਹੁੰਦੀ ਪਈ ਏ । 'ਹੋਛੇ ਦੀ ਯਾਰੀ, ਸਦਾ ਖ਼ੁਆਰੀ ।' ਮੈਨੂੰ ਪਤਾ ਹੁੰਦਾ ਤਾਂ ਤੁਹਾਥੋਂ ਉਧਾਰ ਮੰਗਣ ਦੀ ਥਾਂ ਕਿਤੋਂ ਭਿਖਿਆ ਮੰਗ ਕੇ ਖਾ ਲੈਂਦਾ । (ਸੰਗ੍ਰ)

**ਹੋਣੀ ਅਮਿਟ ਹੈ । ਜਾਂ ਹੋਣੀ ਨਾਲ ਕਿਸੇ ਦਾ ਜ਼ੋਰ ਨਹੀਂ ਜਾਂ ਹੋਣੀ ਬਲਵਾਨ ਹੈ । ਜਾਂ ਹੋਣਹਾਰ ਬੜੀ ਡਾਢੀ ਚੀਜ਼ ਹੈ ।**

**ਭਾਵ** :— ਜੋ ਕਿਸਮਤ ਵਿਚ ਲਿਖਿਆ ਹੈ, ਹੋ ਕੇ ਰਹਿਣਾ ਹੈ ।

**ਵਰਤੋਂ** :— ਮੁੰਡਿਆਂ ਨੇ ਰਾਜ-ਕੁਮਾਰੀ ਨੂੰ ਇਸਦੇ ਮਰਨ ਦੀ ਖ਼ਬਰ ਦਿਤੀ । ਇਹ ਸੁਣਦਿਆਂ ਹੀ ਰਾਜ ਕੁਮਾਰੀ ਗ਼ਸ਼ ਖਾ ਕੇ ਡਿਗ ਪਈ । ਇਹ ਅਜੇਹੀ ਡਿੱਗੀ ਕਿ ਮੁੜ ਨਾ ਉੱਠੀ । 'ਹੋਣੀ ਬਲਵਾਨ ਹੈ' । (ਸੰਗ੍ਰ)

**ਹੋਣੀ ਨੂੰ ਕੌਣ ਮੇਟੇ ।**

**ਭਾਵ** :— ਜੋ ਰੱਬ ਨੇ ਕਰਨਾ ਹੈ, ਉਹ ਹੋ ਕੇ ਹੀ ਰਹਿਣਾ ਹੈ ।

**ਵਰਤੋਂ** :— ਮੋਟਾ—ਓ ਬਾਬਾ ਜੀ, 'ਹੋਣੀ ਨੂੰ ਕੌਣ ਮੇਟ ਸਕਦੈ ।' ਨਹਿ ਨਹਿ ਮਿਟਤ ਭਾਵਨੀ, ਲਿਖੀ ਜੋ ਦੇਵ ਨਿਰੰਜਨ ।

(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ)

**ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ ।**

**ਭਾਵ** :— ਜੋ ਹੁਕਮ ਹੈ ਸੋਈ ਹੋਣਾ ਹੈ; ਮਾੜੇ ਦੀ ਸੰਗਤ ਨਾ ਕਰੋ ।

**ਵਰਤੋਂ** :—

"ਕਬੀਰ ਸਾਧੂ ਕੀ ਸੰਗਿਤ ਰਹਉ
ਜਉਕੀ ਭੂਸੀ ਖਾਉ ॥
ਹੋਨਹਾਰੁ ਸੋ ਹੋਇ ਹੈ,
ਸਾਕਤ ਸੰਗਿ ਨਾ ਜਾਉ ॥"

(ਗੁਰੂ ਗ੍ਰੰਥ—ਸਲੋਕ ਕਬੀਰ ਜੀ)

**ਹੋਨਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ ।**

**ਭਾਵ** :— ਬਚਪਨ ਵਿਚ ਹੀ ਜਦ ਕਿਸੇ ਦੇ ਗੁਣ ਪ੍ਰਗਟ ਹੋਣ ਲਗ ਪੈਣ ।

**ਵਰਤੋਂ** :— ਮਾਸਟਰ— ਸਰਦਾਰ ਜੀ, ਤੁਹਾਡਾ ਮੁੰਡਾ ਵਡਾ ਹੋ ਕੇ ਬੜਾ ਵਿਦਵਾਨ ਬਣੇਗਾ । 'ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ ।' ਹੁਣੇ ਹੀ ਉਹਦੇ ਵਡਿਆਈ ਦੇ ਲੱਛਣ ਦਿੱਸਣ ਲਗੇ ਪਏ ਹਨ । (ਸੰਗ੍ਰ)

**ਹੋਰ ਸੁਣ ਲੋ, ਨਵੇਂ ਚੰਦ ਦੀ ਰਾਮ ਰਾਮ ।**

**ਭਾਵ** :— ਜਦ ਅਚਾਨਕ ਕਿਸੇ ਗਲ ਦੇ ਕਹਿਣ ਨਾਲ ਹੈਰਾਨਗੀ ਪੈਦਾ ਹੋਵੇ !

**ਵਰਤੋਂ** :— ਪੰਡਤ—ਲਉ ਜੀ, ਨਵੇਂ ਚੰਦ ਦੀ ਸੁਣ ਲਓ ਰਾਮ ਰਾਮ । ਮੁੰਡਾ ਤੁਹਾਡਾ ਨਵੀਆਂ ਪੜ੍ਹਾਈਆਂ ਕਰ ਗਿਆ ਏ । ਕਹਿੰਦਾ ਏ, ਅਖੇ ਰਬ ਨੂੰ ਨਾ ਯਾਦ ਕਰੀਏ, ਕੀ ਫ਼ਰਕ ਪੈਂਦਾ ਏ । (ਸੰਗ੍ਰ)

**ਹੋਰੀ ਨੂੰ ਹੋਰੀ ਦੀ, ਅੰਨ੍ਹੇ ਨੂੰ ਡੰਗੋਰੀ ਦੀ ।**

**ਭਾਵ :—** ਜਦ ਕੋਈ ਕਿਸੇ ਹੋਰ ਦੀ ਗਲ ਵਲ ਧਿਆਨ ਨਾ ਦੇਵੇ ਤੇ ਆਪਣੇ ਮਤਲਬ ਦਾ ਹੀ ਖ਼ਾਸ ਖ਼ਿਆਲ ਰਖੇ।

**ਵਰਤੋਂ :—** ਸ਼ਾਹ ਜੀ ! ਅਸੀਂ ਤਾਂ ਗਲਾਂ ਕਰਦਿਆਂ ਥਕ ਗਏ ਹਾਂ ਤੇ ਤੁਸੀਂ ਧਿਆਨ ਹੀ ਨਹੀਂ ਦੇਂਦੇ ? ਸਚ ਹੈ 'ਹੋਰੀ ਨੂੰ ਹੋਰੀ ਦੀ, ਅੰਨ੍ਹੇ ਨੂੰ ਡੰਗੋਰੀ ਦੀ'। ਤੁਸੀਂ ਤਾਂ ਆਪਣੀਆਂ ਸਾਮੀਆਂ ਲਈ ਹੀ ਸੋਚੀਂ ਪਏ ਜਾਪਦੇ ਹੋ। (ਸੰਗ੍ਰ)

**ਹੋਵਣਹਾਰ ਸੋ ਹੋਗ।**

**ਭਾਵ :—** ਜੋ ਹੋਣਾ ਹੈ, ਉਹ ਹੋ ਕੇ ਹੀ ਰਹੇਗਾ।

**ਵਰਤੋਂ :—**

ਘਰ ਹੀ ਅੰਦਰ ਜੋਗ ਗੁਰਮੁਖ ਪਾਇਆ।
ਹੋਵਣਹਾਰ ਸੋ ਹੋਗ ਗੁਰ ਸਮਝਾਇਆ॥
(ਵਾਰਾਂ—ਭਾਈ ਗੁਰਦਾਸ ਜੀ)

**ਹੋਵੇਗਾ ਰਲਿਆ, ਆਵੇਗਾ ਚਲਿਆ।**

**ਭਾਵ :—** ਜੋ ਕਿਸਮਤ ਵਿਚ ਹੈ, ਉਹ ਜ਼ਰੂਰ ਮਿਲੇਗਾ।

**ਵਰਤੋਂ :—** ਸ਼ਾਹ ਜੀ—ਫ਼ਿਕਰ ਕਾਹਦਾ ਹੈ। 'ਹੋਵੇਗਾ ਰਲਿਆ, ਆਵੇਗਾ ਚਲਿਆ' ਜੋ ਕਿਸਮਤ ਵਿਚ ਹੈ, ਉਹ ਅਵੱਸ਼ ਮਿਲੇਗਾ। (ਸੰਗ੍ਰ)

**ਹੋਵੈ ਸਰਵਣ ਵਿਰਲਾ ਕੋਈ।**

**ਭਾਵ :—** ਸਰਵਣ ਵਰਗਾ ਪੁਤ ਕੋਈ ਵਿਰਲਾ ਹੀ ਹੁੰਦਾ ਹੈ।

**ਵਰਤੋਂ :—**

ਲਖ ਉਪਕਾਰ ਵਿਸਾਰ ਕੇ ਪੁੱਤ ਕੁਪੁੱਤ ਚੱਕੀ ਉਠ ਝੋਈ।
ਹੋਵੈ ਸਰਣ ਵਿਰਲਾ ਕੋਈ।
(ਵਾਰਾਂ— ਭਾਈ ਗੁਰਦਾਸ ਜੀ)

**ਹੋਲੇ ਭਾਰ ਤੇ ਸਾਥ ਦੇ ਮੋਹਰੇ।**

**ਭਾਵ :—** ਸੌਖਾ ਕੰਮ ਹੋਣ ਕਰਕੇ ਕਿਸੇ ਦਾ ਸਾਥੀਆਂ ਨਾਲੋਂ ਅਗੇ ਲੰਘ ਜਾਣਾ।

**ਵਰਤੋਂ :—** ਆਹੋ ਜੀ, ਸ਼ਾਹ ਜੀ ! ਤੁਸਾਂ ਕਿਉਂ ਨਾ ਵਧ ਵਧ ਕੇ ਗਲਾਂ ਕਰੋ। ਹੋਲੇ ਭਾਰ ਤੇ ਸਾਥ ਦੇ ਮੋਹਰੇ। ਪੁਛੋ ਸਾਥੋਂ, ਜਿਨ੍ਹਾਂ ਨੂੰ ਸਾਹ ਲੈਣਾ ਵੀ ਨਸੀਬ ਨਹੀਂ ਹੁੰਦਾ। ਅਸੀਂ ਕਿਵੇਂ ਅਰਾਮ ਕਰੀਏ ? (ਸੰਗ੍ਰ)

**ਹੋਲਾ ਭਾਂਡਾ ਬਹੁਤ ਖੜਕਦਾ ਹੈ।**

**ਭਾਵ :—** ਗੁਣਹੀਨ ਬਹੁਤਾ ਰੌਲਾ ਪਾਂਦੇ ਹਨ।

**ਵਰਤੋਂ :—** ਠਾਕਰ ਸਿੰਘ—ਮਿਤਰੋ ! 'ਹੋਲਾ ਭਾਂਡਾ ਬਹੁਤਾ ਖੜਕਦਾ ਹੈ'। ਅੰਦਰੋਂ ਉਹ ਪੋਲਾ ਹੈ ਤੇ ਪੈਸਾ ਟੱਕਾ ਪੱਲੇ ਇਕ ਨਹੀਂ ਸੂ। ਬਾਹਰੋਂ ਜੋ ਮਰਜ਼ੀ ਹੈ, ਗੱਪਾਂ ਮਾਰੇ। (ਸੰਗ੍ਰ)

**ਹੰਸਾ ਹੰਸਾ ਚਲ ਗਿਆ ਕਾਗ ਭਇਆ ਦੀਵਾਨ।**

**ਭਾਵ :—** ਜਦ ਕਿਸੇ ਚੰਗੇ ਦੇ ਮਰ ਜਾਣ ਮਗਰੋਂ ਉਸਦੀ ਥਾਂ ਮਾੜੇ ਨੂੰ ਮਿਲੇ।

**ਵਰਤੋਂ :—** ਸਕੱਤਰ-ਚੌਧਰੀ ਜੀ। ਪ੍ਰਧਾਨ ਜੀ ਚਲ ਵਸੇ, ਉਨ੍ਹਾਂ ਦੀ ਥਾਂ ਜੋ ਆਏ ਹਨ, ਉਹ ਤੁਸਾਥੋਂ ਭੁਲੇ ਨਹੀਂ, ਕੰਮ ਸੂਤ ਕਿਵੇਂ ਪਵੇ 'ਹੰਸਾ ਹੰਸਾ ਚਲ ਗਿਆ, ਕਾਗ ਭਇਆ ਦੀਵਾਨ' ਵਾਲਾ ਹਿਸਾਬ ਹੋ ਗਿਆ ਹੈ। (ਸੰਗ੍ਰ)

**ਹੰਸ ਹੰਸਾ ਬਗ ਬਗਾ।**

**ਭਾਵ :—** ਭਲੇ ਪੁਰਸ਼ਾਂ ਦਾ ਮੇਲ ਭਲੇ ਪੁਰਸ਼ਾਂ ਨਾਲ ਹੁੰਦਾ ਹੈ ਤੇ ਮਾੜਿਆਂ ਦਾ ਮਾੜਿਆਂ ਨਾਲ।

**ਵਰਤੋਂ :—** 'ਹੰਸ ਹੰਸਾ ਬਗ ਬਗਾ ਲਹੈ ਮਨ ਕੀ ਚਾਲ।' (ਗੁਰੂ ਗ੍ਰੰਥ—ਰਾਗ ਵਡਹੰਸ)

**ਹੰਸਾਂ ਹੀਰਾ ਮੋਤੀ ਚੁਗਣਾ ਬਗੁ ਡੱਡਾਂ ਭਾਲਣ ਜਾਵੈ।**

**ਭਾਵ :—** ਹੰਸਾ ਤੇ ਬਗਲਿਆਂ ਦਾ ਮੇਲ ਅਸੰਭਵ ਹੈ। ਹੰਸਾਂ ਨੇ ਮੋਤੀ ਚੁਗਣੇ ਹਨ ਤੇ ਬਗਲ ਨੇ ਡਡਾ ਢੂੰਡਣ ਜਾਣਾ ਹੈ।

**ਵਰਤੋਂ :—**

'ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥
ਹੰਸਾ ਹੀਰਾ ਮੋਤੀ ਚੁਗਣਾ, ਬਗੁ ਡਡਾ ਭਾਲਣ ਜਾਵੈ॥
(ਗੁਰੂ ਗ੍ਰੰਥ—ਰਾਮਕਲੀ ਕੀ ਵਾਰ)

**ਹੰਸਾਂ ਦੇ ਚਾਲੇ ਵੇਖ ਕਾਗਾਂ ਦੀ ਟੋਰ ਭੁਲ ਗਏ ।**

ਭਾਵ :— ਕਿਸ ਵਡੇ ਦੀ ਨਕਲ ਜਾਂ ਰੀਸ ਕਰਦਿਆਂ ਆਪਣਾ ਆਪ ਭੁਲਾ ਬਹਿਣਾ ।

ਵਰਤੋਂ :—

ਪਿਆਰਾ ਆਪ ਜਮਾਲ ਵਿਖਾਲੇ,
ਮਸਤ ਕਲੰਦਰ ਹੋਣ ਮਤਵਾਲੇ ।
ਹੰਸਾਂ ਦੇ ਹੁਣ ਵੇਖ ਕੇ ਚਾਲੇ,
ਬੁਲ੍ਹਾ ਭੁਲ ਗਈ ਕਾਗਾਂ ਦੀ ਟੋਰ ।

(ਕਾਫੀਆਂ ਬੁਲ੍ਹੇ ਸ਼ਾਹ)

**ਹੰਸਾਂ ਦੇਖ ਤਰੰਦਿਆ ਬੱਗਾਂ ਆਇਆ ਚਾਉ ।**

ਭਾਵ :— ਭੇਖਾਂ ਨਾਲ ਕੁਝ ਨਹੀਂ ਬਣਦਾ । ਅਸਲੀਅਤ ਅਸਲੀਅਤ ਹੀ ਹੈ ।

ਵਰਤੋਂ :—

ਹੰਸਾਂ ਦੇਖਿ ਤਰੰਦਿਆ,
ਬਗਾ ਆਇਆ ਚਾਉ ॥
ਡੁਬਿ ਮੁਏ ਬਗੁ ਬਪੁੜੇ,
ਸਿਰੁ ਤਲਿ ਉਪਰਿ ਪਾਉ ॥

(ਗੁਰੂ ਗ੍ਰੰਥ—ਸਲੋਕ ਫਰੀਦ)

**ਹੰਸਾ ਨਾਲ ਟਟੀਹਰੀ ਕਿਉਂ ਪਹੁੰਚੇ ਦਉੜੀ ।**

ਭਾਵ :— ਚੰਗੇ ਪੁਰਸ਼ ਦੀ ਮਾੜਾ ਰੀਸ ਨਹੀਂ ਕਰ ਸਕਦਾ ।

ਵਰਤੋਂ :—

ਬੋਲੈ ਅਗੋ ਗਾਵੀਐ, ਭੈਰਉ ਸੋ ਗਉੜੀ ।
ਹੰਸਾਂ ਨਾਲ ਟਟੀਹਰੀ, ਕਿਉਂ ਪਹੁੰਚੇ ਦਉੜੀ ।

(ਵਾਰਾਂ—ਭਾਈ ਗੁਰਦਾਸ)

**ਹੰਕਾਰਿਆ ਸੋ ਮਾਰਿਆ ਜਾਂ ਹੰਕਾਰ ਦਾ ਸਿਰ ਨੀਵਾਂ ।**

ਭਾਵ :— ਹੰਕਾਰ ਕਰਨ ਵਾਲਾ ਦੁਖ ਪਾਉਂਦਾ ਹੈ ।

ਵਰਤੋਂ :— ਵੇਖੋ ਭਾਈ, ਸਾਊਆਂ ਦੇ ਪੁਤਰਾਂ ਨੂੰ ਸਦਾ ਨਿੰਮਰਤਾ ਨਾਲ ਤੁਰਨਾ ਚਾਹੀਦਾ ਹੈ । 'ਹੰਕਾਰਿਆਂ ਸੋ ਮਾਰਿਆ ।' ਰੱਬ ਹੰਕਾਰ ਦਾ ਸਿਰ ਸਦਾ ਨੀਵਾਂ ਕਰਦਾ ਹੈ । (ਸੰਗ੍ਰ)

**ਹੰਢੇ ਉਨ ਕਤਾਇਦਾ, ਪੈਧਾ ਲੋੜੇ ਪੱਟ ।**

ਭਾਵ :— ਉੱਨ ਕਤਾਂਦਾ ਫਿਰਦਾ ਹੈ ਤੇ ਪਟ ਪਹਿਨਣਾ ਚਾਹੁੰਦਾ ਹੈ ।

ਵਰਤੋਂ :—

'ਫਰੀਦਾ ਲੋੜੈ ਦਾਖ ਬਿਜਉਰੀਆ
ਕਿਕਰਿ ਬੀਜੈ ਜੱਟੁ ॥
ਹੰਢੈ ਉੱਨ ਕਤਾਇਦਾ,
ਪੈਧਾ ਲੋੜੈ ਪੱਟ ॥

(ਗੁਰੂ ਗ੍ਰੰਥ—ਸਲੋਕ ਫਰੀਦ)

**ਹੰਨੇ ਹੰਨੇ ਮੀਰੀ ।**

ਭਾਵ :— ਜਿਥੇ ਹਰ ਕੋਈ ਧਨੀ ਜਾਂ ਸਰਦਾਰ ਬਣਨ ਨੂੰ ਕਾਹਲਾ ਹੋਵੇ ।

ਵਰਤੋਂ :— ਹਿੰਦੁਸਤਾਨੀ—ਅੱਲਾ ਰਖਿਆ ! ਪੰਜਾਬ ਦਾ ਕੀ ਕਹਿਣਾ ਹੈ ਉਥੇ ਤਾਂ 'ਹੰਨੇ ਹੰਨੇ ਮੀਰੀ' ਹੈ । ਕੋਈ ਕਿਸੇ ਦੀ ਧਰਾਂਦਾ ਨਹੀਂ ।

(ਸੰਗ)

**ਹੰਨੇ ਜਾਂ ਬੰਨੇ ।**

ਭਾਵ :— ਜਦ ਕਿਸੇ ਵੈਰੀ ਨੂੰ ਮਾਰਨ ਦੀ ਗੋਂਦ ਗੁੰਦੀ ਜਾਵੇ ।

ਵਰਤੋਂ :— ਪਰ ਭਾਊ ਪਾਲਾ ਸਿੰਘ ! ਇਸ ਵਿਚ ਸਾਡੇ ਸਿਰ ਕਾਹਦਾ ਦੋਸ਼ । ਤੂੰ ਤਾਂ ਆਪ ਹੀ ਆਲੇ ਟਾਲੇ ਕਰੀ ਜਾਨਾ ਏਂ । ਤੈਨੂੰ ਤਾਂ ਕਿਹਾ ਸੀ ਪਈ 'ਹੰਨੇ ਜਾਂ ਬੰਨੇ' ਵਾਲੀ ਗਲ ਹੋਵੇ ਤਾਂ ਈ ਸੂਤ ਆਊ ਕੰਮ । (ਚਿੱਟਾ ਲਹੂ—ਨਾਨਕ ਸਿੰਘ)

**ਹਾਂ ਜੀ, ਹਾਂ ਜੀ ਕਹਿਣਾ, ਸਦਾ ਸੁਖ ਰਹਿਣਾ ।**

ਭਾਵ :— ਜਦ ਕੋਈ ਕਿਸੇ ਦੀ ਬਰਾਬਰੀ ਨਾ ਕਰ ਸਕੇ ਤੇ ਸਦਾ ਉਸ ਦੀ ਹਾਂ ਵਿਚ ਹਾਂ ਮਿਲਾਂਦਾ ਰਵ੍ਹੇ, ਤਦ ਇਹ ਅਖਾਣ ਵਰਤਦੇ ਹਨ।

ਵਰਤੋਂ :— ਗੁਰਮੁਖੋ ! 'ਹਾਂ ਜੀ ! ਹਾਂ ਜੀ ! ਕਹਿਣਾ ਤੇ ਸਦਾ ਸੁਖੀ ਰਹਿਣਾ'। ਤੁਹਾਨੂੰ ਕੀ ਲੋੜ ਹੈ ਵਡਿਆਂ ਨਾਲ ਬਰਾਬਰੀ ਕਰਨ ਦੀ। ਈਨ ਮੰਨੀ ਤੇ ਬਗੜਾ ਚੁਕਿਆ। (ਸੰਗ੍ਰ)

**ਹਿੰਗ ਲਗੇ ਨਾ ਫਟਕੜੀ।**

ਭਾਵ :— ਖਰਚ ਕੁਝ ਨਾ ਆਵੇ ਤੇ ਲਾਭ ਬੇਅੰਤ ਪੁਜੇ।

ਵਰਤੋਂ :— ਗੁਪਾਲ ਸਿੰਘ ਦੀ ਉਸ ਨਵੀਂ ਸਾਜ਼ਸ਼ ਵਿਚ ਉਸ ਨੂੰ ਵੀ ਸ਼ਾਮਲ ਹੋਣਾ ਪਿਆ ਤੇ ਹੁੰਦੀ ਵੀ ਕਿਉਂ ਨਾ ਜਦ ਕਿ ਉਸ ਨੂੰ ਲਾਭ ਹੀ ਲਾਭ ਸੀ। ਹਿੰਗ ਫਟਕੜੀ ਤਾਂ ਉਸ ਦੀ ਲਗਦੀ ਹੀ ਨਹੀਂ ਸੀ, ਪਰ ਐਤਕੀ ਉਹ ਗੁਪਾਲ ਸਿੰਘ ਵਲੋਂ ਚੁਕੰਨੀ ਜ਼ਰੂਰ ਰਹਿਣਾ ਚਾਹੁੰਦੀ ਸੀ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਹਿੰਮਤ ਅਗੇ ਫ਼ਤਹ ਨਜ਼ਦੀਕ।**

ਭਾਵ :— ਹਿੰਮਤ ਕੀਤਿਆ ਕੰਮ ਵਿਚ ਸਫ਼ਲਤਾ ਹੋ ਜਾਂਦੀ ਹੈ।

ਵਰਤੋਂ :— ਰਾਮ ਸਿੰਘ ਭਾਵੇਂ ਤਿੰਨ ਮਹੀਨੇ ਬੀਮਾਰ ਰਿਹਾ, ਤਦ ਵੀ ਪਾਸ ਹੋ ਗਿਆ। 'ਹਿੰਮਤ ਅਗੇ ਫ਼ਤਹ ਸਦਾ ਨਜ਼ਦੀਕ' ਹੁੰਦੀ ਹੈ। (ਸੰਗ੍ਰ)

**ਹੁੰਦੇ ਦਾ ਨਾਮ ਹਿੰਦੂ।**

ਭਾਵ :— ਧਨੀ ਆਦਮੀ ਦੀ ਹੀ ਕਦਰ ਕੀਤੀ ਜਾਂਦੀ ਹੈ।

ਵਰਤੋਂ :— ਸ਼ਾਮੂ ਸ਼ਾਹ ਨੇ ਆਪਣੀ ਧੀ ਨੂੰ ਬੜਾ ਦਿੱਤ ਦਾਨ ਦਿਤਾ ਹੈ। ਸਚ ਹੈ 'ਹੁੰਦੇ ਦਾ ਨਾਮ ਹੀ ਹਿੰਦੂ' ਹੈ, ਸਾਡੇ ਜਿਹੇ ਗ਼ਰੀਬਾਂ ਵਿਚ ਏਨੀ ਸਮਰਥਾ ਕਿਥੇ ? (ਸੰਗ੍ਰ)

**ਹੁੰਦੇ ਮਾਣ ਨਿਮਾਣਾ।**

ਭਾਵ :— ਮਾਣ- ਤਾਕਤ- ਧਨ- ਹੁੰਦੇ ਹੋਇ ਨਿਮਾਣਾ ਰਵ੍ਹੇ।

ਵਰਤੋਂ :—

ਜੋ 'ਹੁੰਦੇ ਮਾਣ ਨਿਮਾਣਾ' ਹੈ,
ਉਹ ਸੁਥਰਾ ਲੁਤਫ਼ ਉਠਾਂਦਾ ਹੈ।

(ਬਾਦਸ਼ਾਹੀਆਂ—ਸ. ਸ. ਚਰਨ ਸਿੰਘ)

## ਕ

**ਕਉਣੁ ਜਾਣੈ ਪੀਰ ਪਰਾਈ।**

ਭਾਵ :— ਦੂਜੇ ਦੇ ਦੁਖ ਦਾ ਕਿਸੇ ਨੂੰ ਪਤਾ ਨਹੀਂ ਲਗਦਾ।

ਵਰਤੋਂ :—

"ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥
ਕਉਣੁ ਜਾਣੈ ਪੀਰ ਪਰਾਈ ॥"

(ਗੁਰੂ ਗ੍ਰੰਥ—ਰਾਗ ਬਿਲਾਵਲ)

**ਕਉਨ ਬਸਤ ਆਈ ਤੇਰੇ ਸੰਗਿ ॥**

ਭਾਵ :— ਕਿਹੜੀ ਚੀਜ਼ ਤੂੰ ਨਾਲ ਲੈ ਕੇ ਆਇਆ ?

ਵਰਤੋਂ :—

"ਕਉਨ ਬਸਤੁ ਆਈ ਤੇਰੇ ਸੰਗਿ ॥
ਲਪਟਿ ਰਹਿਓ ਰਸਿ ਲੋਭੀ ਪਤੰਗ ॥

(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਕਉਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥**

ਭਾਵ :— ਮਾਇਆ ਦੀ ਵਡਿਆਈ ਕਰਕੇ ਕੋਈ ਵਡਾ ਨਹੀਂ, ਵੱਡਾ ਉਹ ਹੀ ਹੈ, ਜਿਸ ਨੇ ਹਰੀ ਨਾਲ ਪ੍ਰੀਤ ਪਾਈ ਹੈ।

ਵਰਤੋਂ : —

"ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥
ਕਉਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥"

(ਗੁਰੂ ਗ੍ਰੰਥ—ਰਾਗ ਗਉੜੀ)

**ਕਉੜਾ ਕੋਇ ਨਾ ਮਾਂਗੈ ਮੀਠਾ ਸਭ ਮਾਂਗੈ ।**

ਭਾਵ :— ਦੁੱਖ ਕੋਈ ਨਹੀਂ ਮੰਗਦਾ, ਸਭ ਕੋਈ ਸੁਖ ਹੀ ਮੰਗਦਾ ਹੈ ।

ਵਰਤੋਂ :—

"ਕਉੜਾ ਕੋਇ ਨਾ ਮਾਂਗੈ ਮੀਠਾ ਸਭ ਮਾਂਗੈ ॥
ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥
ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨਾ ਸਮਸਰੇ ॥"

(ਗੁਰੂ ਗ੍ਰੰਥ— ਵਡਹੰਸ ਰਾਗ)

**ਕਊਆ ਕਹਾ ਕਪੂਰ ਚਰਾਏ ।**

ਭਾਵ :— ਕਾਂ ਨੂੰ ਕਪੂਰ ਖੁਆਣ ਦਾ ਕੀ ਲਾਭ ?

ਵਰਤੋਂ :—

"ਕਊਆ ਕਹਾ ਕਪੂਰ ਚਰਾਏ ॥
ਕਹ ਬਿਸੀਅਰ ਕਉ ਦੂਧੁ ਪੀਆਏ ॥

(ਗੁਰੂ ਗ੍ਰੰਥ— ਆਸਾ ਕਬੀਰ)

**ਕਸਬੀਂ ਰਹਿਣ ਮਨੁੱਖ, ਪਿੰਡੀਂ ਵਸਣ ਭੂਤਨੇ, ਢਾਹ ਢਾਹ ਸੁਟਦੇ ਰੁੱਖ ।** ਵੇਖੋ— ਸ਼ਹਿਰ ਵਸੰਦੇ ਦੇਵਤੇ ਤੇ ਬਾਹਰ ਭੂਤ ਪ੍ਰੇਤ ।

ਭਾਵ :— ਸ਼ਹਿਰਾਂ ਤੇ ਪਿੰਡਾਂ ਦੇ ਸੁਭਾ ਦਾ ਫ਼ਰਕ ਦਸਿਆ ਹੈ । ਹਾਸੇ ਵਿਚ ਸ਼ਹਿਰੀ ਪੇਂਡੂਆਂ ਦੇ ਲੜਾਕੇ ਸੁਭਾ ਨੂੰ ਇਵੇਂ ਦਰਸਾਉਂਦੇ ਹਨ ।

ਵਰਤੋਂ :— ਓਇ, ਤੁਹਾਨੂੰ ਪੇਂਡੂਆਂ ਭੂਤਨਿਆਂ ਨੂੰ ਕੀ ਪਤਾ, 'ਸ਼ਹਿਰ ਦੇ ਕੀ ਕੀ ਗੁਣ ਨੇ ।' ਤੁਸਾਂ ਸੁਣਿਆ ਨਹੀਂ ਜੇ ! 'ਕਸਬੀਂ ਰਹਿਣ ਮਨੁੱਖ, ਪਿੰਡੀਂ ਵਸਣ ਭੂਤਨੇ, ਢਾਹ ਢਾਹ ਸੁਟਦੇ ਰੁੱਖ ।' (ਸੰਗ੍ਰ)

**ਕਸਾਈ ਕੋਲ ਬਕਰੀਆਂ ।**

ਭਾਵ:— ਜਦ ਕੋਈ ਮੌਤ ਦੇ ਮੂੰਹ ਵਿਚ ਹੋਵੇ, ਜਾਂ ਮਾੜੇ ਕੋਲ ਚੰਗੀ ਚੀਜ਼ ਹੋਵੇ, ਜਿਸ ਦੀ ਉਸ ਨੇ ਅਯੋਗ ਵਰਤੋਂ ਕਰਨੀ ਹੋਵੇ ।

ਵਰਤੋਂ :— ੧੯੪੭ ਦੇ ਉਹ ਦਿਨ ਸਾਨੂੰ ਨਹੀਂ ਭੁਲਦੇ, ਜਿਹੜੇ ਅਸਾਂ ਸ਼ੇਖੂਪੁਰੇ ਦੇ ਕੈਂਪ ਵਿਚ ਕਟੇ । ਸਾਰੇ ਹਿੰਦੂ ਸਿੱਖ ਇਉਂ ਦਿਨ ਕਟਦੇ ਸਨ, ਜਿਵੇਂ 'ਕਸਾਈ ਕੋਲ ਬਕਰੀਆਂ ।' (ਸੰਗ੍ਰ)

**ਕਸੂਰ ਸ਼ਹਿਰ ਢਹੇਗਾ, ਪਿੰਡ ਜੋੜਾ ਰਹੇਗਾ ।**

ਭਾਵ :— ਤਕੜਾ ਆਦਮੀ ਮਾੜਾ ਵੀ ਹੋ ਜਾਵੇ, ਤਦ ਵੀ ਕਈਆਂ ਨਾਲੋਂ ਤਕੜਾ ਰਹਿੰਦਾ ਹੈ ।

ਵਰਤੋਂ :— ਸੁੱਖਾ ਸਿੰਘ—ਯਾਰੋ, ਅਨਰਥ ਕੀ ਹੋ ਗਿਆ, ਜੇ ਸੁਰੈਣ ਸਿੰਘ ਮਾਂਦਾ ਪੈ ਗਿਆ ਤਾਂ, ਅਖੇ 'ਕਸੂਰ ਸ਼ਹਿਰ ਢਹੇਗਾ, ਪਿੰਡ ਜੋੜਾ ਰਹੇਗਾ ।' ਉਹ ਕਈਆਂ ਪਾਸੋਂ ਹਾਲੀਂ ਵੀ ਤਕੜਾ ਹੈ ।

(ਸੰਗ੍ਰ)

**ਕਹ ਬਿਸੀਅਰ ਕਉ ਦੂਧੁ ਪੀਆਏ ।**

ਭਾਵ :— ਜ਼ਹਿਰੀ ਸਪ ਨੂੰ ਦੁੱਧ ਪਿਆਉਣ ਦਾ ਕੀ ਲਾਭ ?

ਵਰਤੋਂ :—

"ਕਊਆ ਕਹਾ ਕਪੂਰ ਚਰਾਏ ॥
ਕਹ ਬਿਸੀਅਰ ਕਉ ਦੂਧ ਪੀਆਏ ॥"

(ਗੁਰੂ ਗ੍ਰੰਥ – ਆਸਾ ਕਬੀਰ)

**ਕਹਿਣ ਕਮਲੇ, ਸੁਣਤ ਬੌਰੇ (ਬਾਉਰੇ)**

ਭਾਵ :— ਜਿਹੜੀ ਗੱਲ ਸੁਣਨ ਜਾਂ ਮੰਨਣ ਵਿਚ ਨਾ ਆਵੇ ।

ਵਰਤੋਂ :— ਨਹੀਂ ਤਾਂ ਇਹ ਕੋਈ ਮੰਨਣ ਵਾਲੀ ਗੱਲ ਏ ? 'ਕਹਿਤ ਕਮਲੇ ਸੁਣਤ ਬੌਰੇ ।' ਕੋਈ ਸੁਦਾਈ ਵੀ ਨਹੀਂ ਮੰਨ ਸਕਦਾ । ਇਹੋ ਜਿਹੀ ਬੇ-ਥਵੀ ਬੇ-ਪੈਰੀ ਗੱਲ ।

(ਸ਼ਾਮੂ ਸ਼ਾਹ—ਆਈ. ਸੀ. ਨੰਦਾ)

**ਕਹਿਣਾ ਸੁਣਨਾ ਵੀ ਰਾਹ ਰਾਹ ਦਾ ਹੁੰਦਾ ਏ ।**

ਭਾਵ :— ਕਿਸੇ ਨੂੰ ਅਕਲ ਜਾਂ ਮੱਤ

ਵੀ ਮਿੱਠੇ ਸ਼ਬਦਾਂ ਵਿਚ ਦੇਣੀ ਚਾਹੀਦੀ ਹੈ।

**ਵਰਤੋਂ** :— ਹਰ ਕੌਰ—ਬੀਬੀ, ਤੈਨੂੰ ਮੈਂ ਕੀ ਆਖਾਂ ? ਜਿਉਂ ਜਿਉਂ ਤੂੰ ਸਿਆਣੀ ਹੁੰਦੀ ਜਾਂਦੀ ਏਂ, ਖੌਰੇ ਤੇਰੀ ਮੱਤ ਨੂੰ ਕੀ ਹੁੰਦਾ ਜਾਂਦਾ ਏ। 'ਕਹਿਣਾ ਸੁਣਨਾ ਵੀ ਰਾਹ ਰਾਹ ਦਾ ਹੁੰਦਾ ਏ।' ਜਿੰਦਾਂ ਤੂੰ ਕਰਨੀ ਏਂ, ਇੰਦਾਂ ਕੋਈ ਨਹੀਂ ਕਰਦਾ ਬਰੋਬਰ ਦੇ ਧੀਆਂ ਪੁੱਤਾਂ ਨਾਲ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਕਹਿਣਾ ਸੌਖਾ, ਕਰਨਾ ਔਖਾ। ਜਾਂ ਕਹਿਣਾ ਸਹਿਲ ਤੇ ਕਰਨਾ ਔਖਾ।**

**ਭਾਵ** :— ਜ਼ਬਾਨੀ ਤਾਂ ਕੋਈ ਬੜਾ ਜਮ੍ਹਾਂ ਖਰਚ ਕਰੇ, ਪਰ ਉਂਜ ਕੁਝ ਨਾ ਕਰੇ।

**ਵਰਤੋਂ** :— ਬਚਨ ਦੇਣਾ ਸੌਖਾ ਹੈ, ਪਰ ਪਾਲਣਾ ਔਖਾ ਹੁੰਦਾ ਹੈ। ਕੁਝ ਸੋਚ ਕੇ ਬਚਨ ਦਿੱਤਾ ਕਰੋ। (ਸੰਗ੍ਰ)

**ਕਹਿਣਆਂ ਵੀ ਘਰ ਬੱਧੇ।**

**ਭਾਵ** :— ਜਦ ਮਾੜਾ ਆਦਮੀ ਵੀ ਤਕੜਾ ਕੰਮ ਕਰਨ ਦਾ ਹੌਂਸਲਾ ਕਰ ਲਏ।

**ਵਰਤੋਂ** :— ਮਹਾਰਾਜ ! ਹੁਣ ਤਾਂ ਮੌਜਾਂ ਹੋ ਚਲੀਆਂ ਨੇ। ਅਖੇ 'ਕਹਿਣਿਆਂ ਵੀ ਘਰ ਬੱਧੇ।' ਅੱਜ ਕਲ ਚੂਹੜੇ ਚਮਿਆਰ ਵੀ ਹਾਕਮ ਬਣ ਰਹੇ ਜੇ। (ਸੰਗ੍ਰ)

**ਕਹਿਬੇ ਕਉ ਸੋਭਾ ਨਹੀਂ, ਦੇਖਾ ਹੀ ਪਰਵਾਨੁ।**

**ਭਾਵ** :— ਕਹਿਣ ਨਾਲ ਵਡਿਆਈ ਦਾ ਪੂਰਾ ਪਤਾ ਨਹੀਂ ਲਗਦਾ, ਦੇਖਣ ਨਾਲ ਹੀ ਤਸੱਲੀ ਹੁੰਦੀ ਹੈ।

**ਵਰਤੋਂ** :—

"ਰਟਨ ਕਮਲ ਕੀ ਮਉਜ ਕੋ, ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀਂ, ਦੇਖਾ ਹੀ ਪਰਵਾਨੁ ॥"

(ਗੁਰੂ ਗ੍ਰੰਥ— ਸਲੋਕ ਕਬੀਰ)

**ਕਹਿਰੇ ਦਰਵੇਸ਼ ਬਰ ਜਾਨੇ ਦਰਵੇਸ਼।**

**ਭਾਵ** :— ਗ਼ਰੀਬ ਦਾ ਗ਼ੁੱਸਾ ਗ਼ਰੀਬ ਦੀ ਜਾਨ ਤੇ ਹੀ ਹੁੰਦਾ ਹੈ।

**ਵਰਤੋਂ** :— "ਮਾਰਿਆ ਸਾਡੀ ਜੁੱਤੀ ਤੋਂ।" ਕਹਿਣ ਨੂੰ ਤਾਂ ਮਾਇਆ ਕਹਿ ਗਈ, ਪਰ ਉਸ ਦੇ ਦਿਲ ਨੂੰ ਬਰਾਬਰ ਡੋਬ ਪੈ ਰਹੇ ਸਨ। 'ਕਹਿਰੇ ਦਰਵੇਸ਼ ਬਰ ਜਾਨੇ ਦਰਵੇਸ਼' ਵਾਂਗ ਉਹ ਇਸ ਵੇਲੇ ਚਾਹੁੰਦੀ ਸੀ ਕਿ ਮੁੜ ਕੇ ਕੋਈ ਅਜਿਹਾ ਵਾਕ ਨਾ ਕਹੇ।

(ਪਵਿੱਤਰ ਪਾਪੀ— ਨਾਨਕ ਸਿੰਘ)

**ਕਹੀਂ ਕੀ ਈਟ, ਕਹੀਂ ਕਾ ਰੋੜਾ, ਭਾਨਮਤੀ ਨੇ ਕੁੰਬਾ ਜੋੜਾ।**

**ਭਾਵ** :— ਅੱਡੋ ਅੱਡ ਚੀਜ਼ਾਂ ਨੂੰ ਇਕੱਠਿਆਂ ਕਰਕੇ ਜਦ ਇਕ ਬੇ-ਡੌਲ ਜੇਹੀ ਚੀਜ਼ ਬਣਾਈ ਜਾਵੇ।

**ਵਰਤੋਂ** :— ਪਿਛਲੇ ਹਫ਼ਤੇ ਜਿਹੜਾ ਕੀਰਤਨੀ ਜੱਥਾ ਆਇਆ ਸੀ, ਅਜਿਹਾ ਬੇਮੇਲ ਸੀ ਕਿ ਨਾ ਸੁਰ ਰਲਦੀ ਸੀ ਤੇ ਨਾ ਰਾਗ। ਵਾਜੇ ਦਾ ਅਲਾਪ ਕੁਝ, ਤਬਲੇ ਦਾ ਕੁਝ। 'ਕਹੀਂ ਕੀ ਈਟ ਕਹੀਂ ਕਾ ਰੋੜਾ, ਭਾਨਮਤੀ ਨੇ ਕੁੰਬਾ ਜੋੜਾ' ਵਾਲੀ ਗੱਲ ਸੀ। (ਸੰਗ੍ਰ)

**ਕਹੁ ਕਬੀਰ ਛੂਛਾ ਘਟੁ ਬੋਲੈ। ਭਰਿਆ ਹੋਇ ਸੁ ਕਬਹੁ ਨਾ ਡੋਲੈ।**

**ਭਾਵ** :— ਕਬੀਰ ਜੀ ਫਰਮਾਂਦੇ ਹਨ ਕਿ ਖ਼ਾਲੀ ਘੜਾ ਹੀ ਆਵਾਜ਼ ਦੇਂਦਾ ਹੈ, ਭਰਿਆ ਹੋਇਆ ਨਹੀਂ। ਜਾਂ ਜਦ ਗਿਆਨਵਾਨ ਤਾਂ ਚੁਪ ਰਹੇ, ਪਰ ਅਗਿਆਨੀ ਰੌਲਾ ਪਾਵੇ।

**ਵਰਤੋਂ** :—

'ਬੋਲਤ ਬੋਲਤ ਬਢਹਿ ਬਿਕਾਰਾ ॥
ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥
ਕਹੁ ਕਬੀਰ ਛੂਛਾ ਘਟੁ ਬੋਲੈ।
ਭਰਿਆ ਹੋਇ ਸੁ ਕਬਹੁ ਨ ਡੋਲੈ ॥'

(ਗੁਰੂ ਗ੍ਰੰਥ—ਰਾਗ ਗੋਂਡ)

**ਕਹੂ ਕੁਹਾੜਾ ਟੁੱਕੀਏ, ਟੁੱਕੀ ਗਈ ਚੀੜ। ਛੱਜ ਹਜ਼ਾਰਾ ਹਿੱਲਿਆ, ਹਿਲ ਗਈ ਕਸ਼ਮੀਰ।**

**ਭਾਵ** :— ਕਿਸੇ ਮਾਮੂਲੀ ਗੱਲ ਨਾਲ ਬੜਾ ਰੌਲਾ ਪੈ ਜਾਣਾ।

**ਵਰਤੋਂ** :— ਸਰਦਾਰ ਜੀ, ਝਗੜੇ ਵਾਲੀ ਗੱਲ ਤਾਂ ਕੁਝ ਨਹੀਂ ਸੀ, ਐਵੇਂ ਹੀ ਰੌਲਾ ਸਾਰੇ ਪੈ ਗਿਆ। ਅਖੇ 'ਕਹੂ ਕੁਹਾੜਾ ਟੁੱਕੀਏ, ਟੁੱਕੀ ਗਈ ਚੀੜ ਛੱਜ ਹਜ਼ਾਰਾ ਹਿੱਲਿਆ, ਹਿਲ ਗਈ ਕਸ਼ਮੀਰ।' (ਸੰਗ੍ਰ)

**ਕਹੇ ਤੇ ਘੁਮਿਆਰੀ ਗੱਧੀ ਉਤੇ ਨਹੀਂ ਚੜ੍ਹਦੀ।**

**ਭਾਵ** :— ਜਦੋਂ ਆਪਣੀ ਮਰਜ਼ੀ ਨਾਲ ਤਾਂ ਕੋਈ ਨਿਤ ਓਹੀ ਕੰਮ ਕਰੇ, ਪਰ ਆਖਣ ਉਤੇ ਭਾਰਾ ਪੈ ਜਾਵੇ।

**ਵਰਤੋਂ** :— ਮਾਸੀ ਜੀ! ਭਾਵੇਂ ਜੋ ਜੀ ਆਵੇ ਕਰ ਲਵੇ, ਸ਼ੀਲਾ ਨੇ ਤਾਂ ਤੁਸਾਡੀ ਇਕ ਨਹੀਂ ਜੇ ਮੰਨਣੀ। 'ਘੁਮਿਆਰੀ ਕਿਸੇ ਦੇ ਕਹੇ ਤੇ ਗੱਧੀ ਉਤੇ ਨਹੀਂ ਚੜ੍ਹਦੀ' ਵਾਲੀ ਗੱਲ ਹੈ ਉਸ ਦੀ ਤਾਂ। (ਸੰਗ੍ਰ)

**ਕੱਕਾ, ਕੈਰਾ, ਨੰਹੁ ਬੁਰਾ, ਛਾਤੀ ਤੇ ਨਾਂਹ ਵਾਲ। ਚਾਰੇ ਖੋਟੇ ਜੇ ਮਿਲਣ, ਦੂਰੋਂ ਗੰਢ ਸੰਭਾਲ।**

**ਭਾਵ** :— ਕੱਕੇ ਰੰਗ ਵਾਲਾ, ਬਿੱਲੀਆਂ ਅੱਖਾਂ ਵਾਲਾ, ਬੁਰੇ ਨੰਹੁ ਵਾਲਾ, ਛਾਤੀ ਉਤੇ ਵਾਲ ਨ ਹੋਣ ਵਾਲਾ, ਇਹ ਆਦਮੀ ਪੰਜਾਬ ਦੇ ਕੁਦਰਤੀ ਸੁਭਾ ਦੇ ਉਲਟ ਮਾੜੇ ਸਮਝੇ ਜਾਂਦੇ ਹਨ। ਜੇ ਅਜੇਹੇ ਕਿਸੇ ਪਾਸੋਂ ਨੁਕਸਾਨ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** : — ਤੁਸੀਂ ਕਿਵੇਂ ਵੱਸ ਪੈ ਗਏ ਇਸ ਬਿੱਲੇ ਮੱਕਾਰ ਦੇ? ਸੁਣਿਆਂ ਨਹੀਂ ਤੁਸਾਂ? 'ਕੱਕਾ ਕੈਰਾ ਨੰਹੁ ਬੁਰਾ, ਛਾਤੀ ਤੇ ਨਾਂਹ ਵਾਲ। ਚਾਰੇ ਖੋਟੇ ਜੇ ਮਿਲਣ, ਦੂਰੋਂ ਗੰਢ ਸੰਭਾਲ।' (ਸੰਗ੍ਰ)

**ਕੱਖ ਤੋਂ ਲੱਖ** ਵੇਖੋ:—ਕੱਖਾਂ ਦੇ ਲੱਖ।

**ਭਾਵ**:— ਥੋੜੀ ਮਿਹਨਤ ਨਾਲ ਜਾਂ ਥੋੜੇ ਧੰਨ ਨਾਲ ਜਦੋਂ ਪ੍ਰਾਪਤੀ ਬਹੁਤ ਹੋ ਜਾਵੇ।

**ਵਰਤੋਂ** :— ਮਿਹਨਤ ਦਾ ਫਲ ਮਿੱਠਾ ਹੁੰਦਾ ਹੈ। ਜੇ ਰਬ ਬਰਕਤ ਪਾਵੇ ਤਾਂ ਕੱਖ ਤੋਂ ਲਖ ਹੋ ਜਾਂਦੇ ਹਨ। (ਸੰਗ੍ਰ)

**ਕਖ ਦੇ ਓਹਲੇ ਲੱਖ।**

**ਭਾਵ** :— ਜਦੋਂ ਥੋੜਾ ਭੇਦ ਪਤਾ ਲਗ ਜਾਣ ਨਾਲ ਕਿਸੇ ਕੰਮ ਵਿਚ ਬੜਾ ਲਾਭ ਪੁੱਜੇ, ਜਾਂ ਥੋੜੇ ਜੇਹੇ ਜਤਨ ਨਾਲ ਔਖਾ ਜਾਂ ਵੱਡਾ ਕੰਮ ਰਾਸ ਹੋ ਜਾਵੇ।

**ਵਰਤੋਂ** :— ਰੱਬ ਦੀਆਂ ਬੇਪਰਵਾਹੀਆਂ ਅਨੇਕ ਵਾਰ ਪ੍ਰਤਖ ਹੋ ਚੁਕੀਆਂ ਸਨ, ਪਰ ਉਸ ਦੀ ਵਡਿਆਈ ਉਤੇ ਭਰੋਸਾ ਥੋੜਾ ਚਿਰ ਹੀ ਰਹਿੰਦਾ ਸੀ। ਅਨੇਕ ਵਾਰ ਉਸ ਨੇ, 'ਕਖ ਦੇ ਓਹਲੇ ਲਖ' ਪਿਆ ਵਿਖਾਇਆ, ਪਰ ਇਹ ਸਿਦਕ-ਹਨ, ਅਣ-ਭਿਜ ਇਹੋ ਸਮਝਦਾ ਰਿਹਾ ਕਿ ਜੋ ਕੁਝ ਹੈ, ਮਨੁੱਖ ਹੀ ਹੈ।
(ਮੇਰਾ ਵਲਾਇਤੀ ਸਫ਼ਰਨਾਮਾ— ਕਮਲਾ ਅਕਾਲੀ)

**ਕੱਖ ਨਾਲ ਭੀ ਰੱਖ।**

**ਭਾਵ** :— ਮਾੜੇ ਤੋਂ ਮਾੜੇ ਨਾਲ ਵੀ ਬਣਾਈ ਰੱਖ।

**ਵਰਤੋਂ** :— ਜੀਤ ਸਿੰਘ ਦਾ ਹਰ ਇਕ ਨਾਲ ਚੰਗਾ ਸਲੂਕ ਹੈ। ਉਹ ਜਾਣਦਾ ਹੈ, ਕਿ ਦੁਨੀਆਂਦਾਰੀ ਵਿਚ ਨਿੱਕੀ ਤੋਂ ਨਿੱਕੀ ਚੀਜ਼ ਦੀ ਵੀ ਕਦੇ ਲੋੜ ਪੈ ਜਾਂਦੀ ਹੈ। ਇਸ ਲਈ ਉਹ 'ਕੱਖ ਨਾਲ ਵੀ ਰੱਖ' ਵਾਲੇ ਅਸੂਲ ਤੇ ਚਲਦਾ ਹੈ। (ਸੰਗ੍ਰ)

**ਕੱਖਾਂ ਦੱਬੀ ਅੱਗ ਜਿਉਂ, ਉਹ ਰਹੇ ਨਾ ਰੱਖੀ।**

**ਭਾਵ** :— ਕੱਖਾਂ ਦੀ ਅੱਗ ਮੁਸ਼ਕਲ ਨਾਲ ਹੀ ਦੱਬੀ ਰਹਿ ਸਕਦੀ ਹੈ ਭਾਵ ਸ਼ਰਾਰਤ ਜ਼ਰੂਰ ਆਪਣਾ ਫੱਲ ਦੇ ਕੇ ਰਹਿੰਦੀ ਹੈ।

**ਵਰਤੋਂ :—**

ਰਾਤ ਸੁਖਾਲਾ ਕਿਉਂ ਸਵੈਂ,
ਤਿਣ ਅੰਦਰ ਅੱਖੀ ।
ਕੱਖਾਂ ਦੱਬੀ ਅੱਗ ਜਿਉਂ,
ਉਹ ਰਹੇ ਨਾ ਰੱਖੀ ।
(ਵਾਰਾਂ—ਭਾਈ ਗੁਰਦਾਸ ਜੀ)

**ਕੱਖਾਂ ਦੀ ਕੁੱਲੀ, ਦੰਦ ਖੰਡ ਦਾ ਦਰਵਾਜ਼ਾ । ਜਾਂ ਕੱਖਾਂ ਦੀ ਕੁੱਲੀ, ਦੰਦ ਖੰਡ ਦਾ ਪਰਨਾਲਾ (ਪਾੜਛਾ) ਜਾਂ ਕੱਖਾਂ ਦੀ ਝੁੱਗੀ, ਦੰਦ ਖੰਡ ਦਾ ਪਰਨਾਲਾ ।**

**ਭਾਵ:—** ਬਾਹਰਲੀ ਟੀਪ ਟਾਪ ਤਾਂ ਬੜੀ ਹੋਵੇ ਪਰ ਵਿਚੋਂ ਕੁਝ ਨਾ ਹੋਵੇ ।

**ਵਰਤੋਂ :—** ਓਪਰੀ ਫੂੰ ਫਾਂ ਹੀ ਹੈ, ਉਂਜ ਵਿਚੋਂ ਭਾਈ ਹੋਰਾਂ ਦਾ ਦਿਵਾਲਾ ਨਿਕਲਣ ਵਾਲਾ ਹੈ । ਅਖੇ 'ਕੱਖਾਂ ਦੀ ਕੁੱਲੀ, ਦੰਦ ਖੰਡ ਦਾ ਦਰਵਾਜ਼ਾ ।' (ਸੰਗ੍ਰ)

**ਕੱਖਾਂ ਦੇ ਲੱਖ । ਜਾਂ ਕੱਖ ਤੋਂ ਲੱਖ ।**

**ਭਾਵ :—** ਥੋੜੀ ਮਿਹਨਤ ਜਾਂ ਧਨ ਨਾਲ ਬਹੁਤੀ ਪ੍ਰਾਪਤੀ ਹੋ ਜਾਣੀ ।

**ਵਰਤੋਂ —** ਮਿਹਨਤ ਉਸ ਨੇ ਸਾਡੇ ਨਾਲੋਂ ਕੋਈ ਜ਼ਿਆਦਾ ਤਾਂ ਨਹੀਂ ਕੀਤੀ, ਪਰ 'ਕੱਖਾਂ ਦੇ ਲੱਖ' ਵਾਲਾ ਲੇਖਾ ਹੋ ਗਿਆ, ਉਸ ਨਾਲ । ਦਿਨਾਂ ਚੰਗਿਆਂ ਦੀ ਗੱਲ ਹੈ । (ਸੰਗ੍ਰ)

**ਕੱਖਾਂ ਭਾਅ, ਗ਼ੁਲਾਮਾਂ ਦੋਸਤੀ ।**

**ਭਾਵ :—** ਜਿਵੇਂ ਕੱਖਾਂ ਦੀ ਅੱਗ ਕਿਸੇ ਕੰਮ ਦੀ ਨਹੀਂ ਹੁੰਦੀ, ਤਿਵੇਂ ਹੀ ਗ਼ੁਲਾਮਾਂ ਦੀ ਦੋਸਤੀ ਕਿਸੇ ਕੰਮ ਦੀ ਨਹੀਂ ਹੁੰਦੀ । ਗ਼ੁਲਾਮੀ ਨੂੰ ਨਿੰਦਿਆ ਹੈ ।

**ਵਰਤੋਂ :—** ਮਹਾਰਾਣੀ-ਮਹਾਰਾਜ ! 'ਕੱਖਾਂ ਭਾਅ, ਗ਼ੁਲਾਮਾਂ ਦੋਸਤੀ ।' ਗ਼ੁਲਾਮਾਂ ਦੀ ਯਾਰੀ ਦਾ ਮੁਲ ਕੁਝ ਨਹੀਂ ਹੁੰਦਾ । ਜਿਧਰ ਤਾਕਤ ਵੇਖੀ, ਓਧਰ ਦੇ ਹੀ ਜੀ-ਹਜ਼ੂਰੀਏ ਬਣ ਗਏ । (ਸੰਗ੍ਰ)

**ਕਖੋਂ ਹੌਲੇ, ਪਾਣੀਓਂ ਪਤਲੇ ।**

**ਭਾਵ:—** ਲੋਕਾਂ ਦੀਆਂ ਅੱਖਾਂ ਵਿਚ ਹੌਲਾ ਜਾਂ ਬੇਇਜ਼ਤ ਹੋਣਾ ।

**ਵਰਤੋਂ :—** ਪ੍ਰੇਮੀ— ਪੁੱਤਰਾ ! ਜ਼ਿੱਦੋਂ ਹਟ ਜਾ । ਅਸੀਂ ਤੇਰਾ ਕੀ ਵਗਾੜਿਆ, ਜੋ ਤੂੰ ਸਾਨੂੰ ਜੀਉਂਦਿਆਂ ਈ ਮਾਰਨ ਲਗੋਂ । ਥੋੜੀ ਮਿੱਟੀ ਬਾਲੀ ਅਗੇ ਸਾਡੀ । ਕਖੋਂ ਹੌਲੇ, ਪਾਣੀਉਂ ਪਤਲੇ ਕਰ ਛੱਡਿਆ ਈ !
(ਸੁਭਦ੍ਰਾ— ਆਈ. ਸੀ. ਨੰਦਾ)

**ਕਚ ਘਰੜ ਹਕੀਮ, ਜਾਨ ਦਾ ਖੋ ।**

ਵੇਖੋ :— ਨੀਮ ਹਕੀਮ, ਖ਼ਤਰਾ ਜਾਨ । ਨੀਮ ਮੁੱਲਾਂ, ਖ਼ਤਰਾ ਈਮਾਨ ।

**ਭਾਵ :—** ਮਾੜੇ ਹਕੀਮ (ਜਾਂ ਅਨਾੜੀ ਮਿੱਤਰ) ਪਾਸੋਂ ਜਾਨ ਦਾ ਖ਼ਤਰਾ ਹੁੰਦਾ ਹੈ ।

**ਵਰਤੋਂ —:** ਪੈਸੇ ਭਾਵੇਂ ਵਧ ਲਗ ਜਾਣ, ਇਲਾਜ ਸਿਆਣੇ ਡਾਕਟਰ ਦਾ ਕਰਾਣਾ, ਕਿਸੇ ਅੰਜਾਣ ਦੇ ਵਸ ਨਾ ਪੈ ਜਾਣਾ, ਨਹੀਂ ਤੇ ਕਿਤੇ 'ਕਚ ਘਰੜ ਹਕੀਮ, ਜਾਨ ਦਾ ਖੋ' ਵਾਲਾ ਲੇਖਾ ਨਾ ਬਣ ਜਾਏ ।
(ਸੰਗ੍ਰ)

**ਕੱਚ ਵਾਂਗ ਕੱਚਾ ।**

**ਭਾਵ :—** ਨਾਜ਼ਕ—ਡਰਪੋਕ, ਜਾਂ ਥੋੜ੍ਹ-ਦਿਲਾ ਹੋਣਾ ।

**ਵਰਤੋਂ :—** ਮੈਨੂੰ ਉਹ ਹੁਣ ਕੱਚ ਵਰਗੀ ਕੱਚੀ ਲਗਦੀ ਸੀ । ਜੇ ਹੁਣ ਹਵਾ ਦਾ ਇਕ ਤਕੜਾ ਬੁਲ੍ਹਾ ਆਵੇ, ਤਾਂ ਇਸਦਾ ਲਕ ਤੋੜ ਦੇਵੇ, ਮੈਂ ਪਿਆਰ ਨਾਲ ਦਿਲ ਵਿਚ ਆਖਿਆ ।
(ਸਮਾਚਾਰ—ਸੰਤ ਸਿੰਘ ਸੇਖੋਂ)

**ਕੱਚੀ ਤੰਦ ਦਾ ਧਾਗਾ । ਨਾ ਟੁਟਦਿਆਂ ਚਿਰ ਲਗੇ, ਨਾ ਗੰਢਦਿਆਂ ।**

**ਭਾਵ :—** ਮਾੜੇ ਪੁਰਸ਼ ਦਾ ਕਦੀ ਭਰੋਸਾ ਨਹੀਂ ਹੁੰਦਾ, ਉਹ ਜਲਦੀ ਹੀ ਫਿਰ ਜਾਂਦਾ ਹੈ ।

ਵਰਤੋਂ:— ਲੰਪਟ ਆਦਮੀ ਦਾ ਈਮਾਨ ਕੀ ਹੁੰਦਾ ਹੈ? 'ਕੱਚੀ ਤੰਦ ਦਾ ਧਾਗਾ, ਜਿਸਨੂੰ ਨਾ ਟੁਟਦਿਆਂ ਚਿਰ ਲਗਦਾ ਹੈ, ਨਾ ਗੰਢਦਿਆਂ।'

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਕੱਚੇ ਸੂਤ ਦਾ ਧਾਗਾ ਕਦੀ ਪੱਕਾ ਨਹੀਂ ਹੁੰਦਾ।**

ਭਾਵ :— ਜਿਸ ਕੰਮ ਦੀ ਨੀਂਹ ਮਾੜੀ ਹੋਵੇ, ਉਸਦਾ ਖ਼ਤਰਾ ਹੀ ਰਹਿੰਦਾ ਹੈ।

ਵਰਤੋਂ :— ਮਿਸਤ੍ਰੀ ਜੀ! ਸਭ ਤੋਂ ਵਧੀਕ ਧਿਆਨ ਨੀਂਹ ਵਲ ਦੇਣਾ, ਭਾਵੇਂ ਮੇਰਾ ਕੁਝ ਲਗ ਜਾਏ, ਤਦੇ ਉਪਰਲੀ ਇਮਾਰਤ ਕੁਝ ਸਮਾਂ ਚਲੇਗੀ। 'ਕਚੇ ਸੂਤ ਦਾ ਧਾਗਾ ਕਦੀ ਪੱਕਾ ਨਹੀਂ ਹੁੰਦਾ।'

(ਸੰਗ੍ਰ)

**ਕੱਚੇ ਦੀ ਗੱਲ ਕੱਚੀ। ਕਦੀ ਨਾ ਹੁੰਦੀ ਸੱਚੀ।**

ਭਾਵ :— ਕਿਸੇ ਝੂਠੇ ਉਪਰ ਭਰੋਸਾ ਨਹੀਂ ਕਰਨਾ ਚਾਹੀਦਾ।

ਵਰਤੋਂ:— ਤੁਸਾਂ ਰਾਮ ਲਾਲ ਬਾਬਤ ਗਿੱਲਾ ਹੀ ਕਿਉਂ ਕਰਦੇ ਹੋ? ਉਸ ਨਾਲ ਮੇਰੀ ਵਰਤੋਂ ਤਾਂ ਇਹੋ ਹੀ ਦਸਦੀ ਹੈ 'ਕੱਚੇ ਦੀ ਗਲ ਕੱਚੀ, ਕਦੀ ਨਾ ਹੁੰਦੀ ਸੱਚੀ।' (ਸੰਗ੍ਰ)

**ਕੱਚੋਂ ਕੰਚਨ।**

ਭਾਵ :— ਮਾਮੂਲੀ ਬੰਦੇ ਤੋਂ ਬੜਾ ਗੁਣਵਾਨ ਜਾਂ ਸ੍ਰੇਸ਼ਟ ਪੁਰਸ਼ ਹੋ ਜਾਣਾ।

ਵਰਤੋਂ :— ਇਹ ਗਲ ਵਖਰੀ ਹੈ ਕਿ ਤੁਸੀਂ ਆਪਣੇ ਪਾਸੋਂ ਕੋਈ ਸ਼ਕਤੀ ਪ੍ਰਦਾਨ ਕਰਕੇ ਮੈਨੂੰ 'ਕੱਚ ਤੋਂ ਕੰਚਨ' ਬਣਾ ਸਕੋ।

(ਗੰਗਾ-ਜਲੀ ਵਿਚ ਸ਼ਰਾਬ—ਨਾਨਕ ਸਿੰਘ)

**ਕਛ ਤਲੇ ਕੁਰਾਨ, ਨਜ਼ਰ ਬਲਦ ਤੇ**

ਵੇਖੋ:— "ਸ਼ਕਲ ਮੋਮਨਾ ਕਰਤੂਤ ਕਾਫਰਾਂ"

ਭਾਵ :— ਬਾਹਰੋਂ ਬੜਾ ਚੰਗਾ, ਪਰ ਵਿੱਚੋਂ ਖੋਟਾ।

ਵਰਤੋਂ :— ਮੀਆਂ ਜੀ! ਅਜ ਕਲ ਕੀ ਈਮਾਨ ਰਹਿ ਗਿਆ ਹੈ, ਲੋਕਾਂ ਦਾ। ਹਰ ਕੋਈ ਆਪਣੇ ਲਾਭ ਨੂੰ ਹੀ ਸੋਚਦਾ ਹੈ, ਬਾਹਰੋਂ ਭਾਵੇਂ ਕਿੰਨਾ ਵੀ ਧਰਮੀ ਬਣੇ। 'ਕਛ ਤਲੇ ਕੁਰਾਨ, ਨਜ਼ਰ ਬਲਦ ਤੇ' ਵਾਲਾ ਲੇਖਾ ਹੋਇਆ ਪਿਆ ਹੈ ਹੁਣ ਤਾਂ।

(ਸੰਗ੍ਰ)

**ਕੱਛੇ ਸੋਟਾ, ਨਾਉਂ ਗ਼ਰੀਬ ਦਾਸ।** ਜਾਂ **ਕੱਛੇ ਛੁਰੀ, ਮੂੰਹੋਂ ਰਾਮ ਰਾਮ।** ਵੇਖੋ : ਸਾਧਾਂ ਦੇ ਭੇਸ ਵਿਚ ਚੋਰ।

ਭਾਵ :— ਅੰਦਰੋਂ ਕੁਝ ਹੋਰ ਤੇ ਬਾਹਰੋਂ ਕੁਝ ਹੋਰ।

ਵਰਤੋਂ :— ਪ੍ਰੇਮ ਚੰਦ ਬੜਾ ਪਾਖੰਡੀ ਹੈ। ਉਸ ਦੇ ਬਾਹਰਲੇ ਭੋਲੇਪਨ ਤੇ ਨਾ ਜਾਣਾ। ਉਸਦਾ ਹਾਲ ਤਾਂ 'ਕੱਛੇ ਸੋਟਾ, ਨਾਉਂ ਗ਼ਰੀਬ ਦਾਸ' ਵਾਲਾ ਹੈ। (ਸੰਗ੍ਰ)

**ਕੱਛੇ ਤੋਸਾ, ਕਿਸਦਾ ਭਰੋਸਾ।**

ਭਾਵ :— ਆਪਣੇ ਪਾਸ ਪੂੰਜੀ ਹੋਵੇ, ਤਦ ਕਿਸੇ ਦੀ ਮੁਥਾਜੀ ਨਹੀਂ ਹੁੰਦੀ।

ਵਰਤੋਂ :— ਸ਼ਾਹ ਜੀ! 'ਕੱਛੇ ਤੋਸਾ, ਕਿਸ ਦਾ ਭਰੋਸਾ'। ਜੇ ਧਨ ਪਾਸ ਹੋਵੇ ਤਾਂ ਤੁਹਾਡੀ ਮੁਥਾਜੀ ਕਿਉਂ ਕਰੀਏ? (ਸੰਗ੍ਰ)

**ਕਜਲ ਦੀ ਕੋਠੀ, ਸਦਾ ਖੋਟੀ।**

ਭਾਵ :— ਭੈੜੀ ਸੰਗਤ ਦਾ ਸਦਾ ਭੈੜਾ ਫਲ ਹੁੰਦਾ ਹੈ।

ਵਰਤੋਂ :— ਨੀ ਗੁਲਜ਼ਾਰੋ! ਤੈਨੂੰ ਕਿਤਨੀ ਵਾਰੀ ਆਖਿਆ ਹੈ ਕਿ ਮਾੜੀ ਸੰਗਤ ਤੋਂ ਦੂਰ ਰਿਹਾ ਕਰ। 'ਕਜਲ ਦੀ ਕੋਠੀ, ਸਦਾ ਹੀ ਖੋਟੀ'। ਕੀ ਤੈਨੂੰ ਤਦ ਹੀ ਹੋਸ਼ ਆਵੇਗੀ, ਜਦ ਕੋਈ ਚੰਨ ਚਾੜ੍ਹ ਵਿਖਾਏਂਗੀ?

(ਸੰਗ੍ਰ)

**ਕਜਲਾਖੇ ਹਰਨਾਖੀਆਂ, ਕਾਣੀ ਕੁਰਲਾਵੇ।**

ਭਾਵ :- ਹਿਰਨ ਵਰਗੀਆਂ ਸੁਹਣੀਆਂ ਅੱਖਾਂ ਵਿਚ ਕਜਲ ਪਿਆ ਵੇਖ ਕਾਣੀ ਦੁਖੀ ਹੁੰਦੀ ਹੈ। ਭਾਵ : ਮਾੜਾ ਚੰਗੇ ਨੂੰ ਵੇਖ ਕੇ ਸੜਦਾ ਹੈ।

**ਵਰਤੋਂ :—**
ਨੱਥਾਂ ਨੱਕ ਨਵੇਲੀਆਂ, ਨਕਟੀ ਨ ਸੁਖਾਵੈ ।
'ਕਜਲਾਖੇ ਹਰਨਾਖੀਆਂ, ਕਾਣੀ ਕੁਰਲਾਵੈ ।'
(ਵਾਰਾਂ—ਭਾਈ ਗੁਰਦਾਸ)

**ਕੱਟੇ ਕਦੀ ਨਾ ਚੁੰਘਣ ਵੱਟੇ ।**

**ਭਾਵ :—** ਕਿਸੇ ਪਾਸੋਂ ਕੋਈ ਅਨਹੋਣੀ ਆਸ ਰਖਣੀ। ਚੰਗਾ, ਮੰਦੀ ਚੀਜ਼ ਤੇ ਨਹੀਂ ਡਿਗਦਾ ।

**ਵਰਤੋਂ :—** ਜੋਗਿੰਦਰ ਸਿੰਘ ਸਾਰੇ ਜਤਨ ਕਰਕੇ ਹਾਰ ਗਿਆ। ਪਰ ਦਲੀਪ ਕੌਰ ਆਪਣੀ ਆਦਤ ਤੋਂ ਬਾਜ਼ ਨਾ ਆਈ। ਨਾਲੇ ਉਸ ਨੇ ਆਪ ਹੀ ਪਹਿਲਾਂ ਖੁਲ੍ਹਾ ਖਾਣ ਦੀ ਆਦਤ ਪਾਈ ਸੀ, ਤੇ ਹੁਣ ਇਕ ਦੰਮ ਹੱਥ ਸੰਕੋਚ ਲਿਆ। ਆਖਣ ਕੱਟਿਆਂ ਨੇ ਵਟੇ ਤਾਂ ਨਹੀਂ ਸਨ ਚੁੰਘਣੇ। ਜੋਗਿੰਦਰ ਸਿੰਘ ਨੇ ਹਾਰ ਕੇ ਪੈਸੇ ਜੇਬ ਵਿਚ ਰਖਣੇ ਛੱਡ ਦਿੱਤੇ।
(ਮਿੱਠਾ ਮੋਹਰਾ—ਨਾਨਕ ਸਿੰਘ)

**ਕੱਢ ਕਮਾਦੋਂ ਮਾਰੀਊ, ਗਈਊ ਗੋਹੇ ਗਿਲ ।**

**ਭਾਵ :—** ਵੈਰੀ ਆਪਣੇ ਵੈਰੀ ਦਾ ਇੰਝ ਨੁਕਸਾਨ ਕਰੇ ਕਿ ਅੱਗੋ ਨੂੰ ਨੁਕਸਾਨ ਹੁੰਦਾ ਹੀ ਜਾਵੇ ।

**ਵਰਤੋਂ :—** ਉਸ ਸਾਡੇ ਨਾਲ ਬੇਈਮਾਨੀ ਕੀਤੀ। ਅਸਾਂ ਵੀ ਉਸ ਨਾਲ ਅਜੇਹਾ 'ਕਢ ਕਮਾਦੋਂ ਮਾਰੀਊ ਗਈਊ ਗੋਹੇ ਗਿਲ" ਵਾਲਾ ਹਿਸਾਬ ਕੀਤਾ ਹੈ, ਕਿ ਉਸਦਾ ਧੁੱਖਣ ਵੀ ਸਦਾ ਧੁੱਖਦਾ ਹੀ ਰਹੇਗਾ।
(ਸੰਗ੍ਰ)

**ਕਣਕ, ਕਮਾਦੀ ਸੰਘਣੀ,**
**ਵਿਥੇ ਵਿਥ ਕਪਾਹ ।**
**ਕੰਬਲ ਦੀ ਝੰਬ ਮਾਰਕੇ,**
**ਛੋਲਿਆਂ ਬਿਟੀ (ਵਿਚ ਹੀ) ਜਾਹ ।**

**ਭਾਵ :—** ਕਣਕ, ਕਮਾਦ, ਕਪਾਹ ਤੇ ਛੋਲਿਆ ਦੀ ਬੀਜਾਈ ਸਬੰਧੀ ਦਸਿਆ ਹੈ ਭਾਵ ਹਰ ਇਕ ਨਾਲ ਇਕੋ ਜੇਹਾ ਵਰਤਾਓ ਕਰਨਾ ਠੀਕ ਨਹੀਂ। ਕਿਸੇ ਨੂੰ ਕੋਈ ਸੂਤ ਬੈਠਦਾ ਹੈ, ਕਿਸੇ ਨੂੰ ਕੋਈ।

**ਵਰਤੋਂ :—** ਅਡੋ ਅਡ ਫ਼ਸਲਾਂ ਦੀ ਬੀਜਾਈ ਵੀ ਇੱਕੋ ਤਰ੍ਹਾਂ ਨਹੀਂ ਹੁੰਦੀ। ਨਾ ਹਰ ਬੰਦੇ ਨਾਲ ਇਕੋ ਜਿਹਾ ਸਲੂਕ ਕੀਤਾ ਜਾਂਦਾ ਹੈ। "ਕਣਕ, ਕਮਾਦੀ, ਸੰਘਣੀ, ਵਿਥੇ ਵਿਥ ਕਪਾਹ। ਕੰਬਲ ਦੀ ਝੰਬ ਮਾਰਕੇ, ਛੋਲਿਆਂ ਬਿਟੀ ਜਾਹ"
(ਸੰਗ੍ਰ)

**ਕਣਕ ਕਮਾਦੀ ਮਿਹਣਾ, ਜੇ ਰਹਿਣ ਵਿਸਾਖ ।**

**ਭਾਵ :—** ਜੇ ਵਿਸਾਖ ਦੇ ਮਹੀਨੇ ਵਿਚ ਕਣਕ ਤੇ ਕਮਾਦ ਦਾ ਫ਼ਸਲ ਪੱਕੇ ਨਾ, ਤਦ ਮਾੜੀ ਮਿਥੀ ਜਾਂਦੀ ਹੈ। ਕਰੁੱਤੀ ਜਾਂ ਬੇ-ਮੌਕਾ ਗਲ ਮਾੜੀ ਹੁੰਦੀ ਹੈ।

**ਵਰਤੋਂ :—** ਭਾਈ! 'ਕਣਕ ਕਮਾਦ ਮਿਹਣਾ, ਜੇ ਰਹਿਣ ਵਿਸਾਖ'। ਵੇਲੇ ਸਿਰ ਚੀਜ਼ ਨਾ ਪੱਕੀ ਤਾਂ ਕੀ ਪੱਕੀ। (ਸੰਗ੍ਰ)

**ਕਣਕ ਖੇਤ, ਕੁੜੀ ਪੇਟ, ਆ ਜਵਾਈਆ ਮੰਡੇ ਖਾਹ।**

**ਭਾਵ :—** ਕਰਨ ਤੋਂ ਪਹਿਲਾਂ ਹੀ ਕਿਸੇ ਕੰਮ ਦੀ ਸਫਲਤਾ ਦੀ ਇਛਿਆ ਕਰਨੀ।

**ਵਰਤੋਂ :—** ਅਜੇ ਕੀ ਪਤਾ ਹੈ ਜੀ, ਕੀ ਕੀ ਹੋਣਾ ਹੈ? 'ਕਣਕ ਖੇਤ, ਕੁੜੀ ਪੇਟ ਆ ਜਵਾਈਆ ਮੰਡੇ ਖਾਹ'। ਅਜੇ ਤਾਂ ਮੇਰਾ ਆਪਣਾ ਮੁੱਢ ਵੀ ਨਹੀਂ ਬੱਝਾ। ਮੈਂ ਕਿਸੇ ਹੋਰ ਨੂੰ ਕੀ ਧੀਰਜ ਬਨ੍ਹਾਵਾਂ?
(ਸੰਗ੍ਰ)

**ਕਣਕ ਘਟੇਂਦਿਆਂ ਗੁੜ ਘਟੇ ਤੇ ਮੰਦੀ ਪਏ ਕਪਾਹ ।**

**ਭਾਵ :—** ਕਣਕ ਦੇ ਸਸਤੇ ਹੋਣ ਨਾਲ ਸਾਰੀਆਂ ਜਿਨਸਾਂ ਸਸਤੀਆਂ ਹੋ ਜਾਂਦੀਆਂ ਹਨ।

**ਵਰਤੋਂ :—** ਮੰਦਾ ਕਿਵੇਂ ਨਾ ਹੋਵੇ, ਕਣਕ ਜੁ ਛੋਲਿਆਂ ਦੇ ਭਾ ਪਈ ਵਿਕਦੀ ਹੋਈ। 'ਕਣਕ ਘਟੇਂਦਿਆਂ ਗੁੜ ਘਟੇ ਤੇ ਮੰਦੀ ਪਏ ਕਪਾਹ।'

ਸਾਰੀਆਂ ਚੀਜ਼ਾਂ ਦੇ ਭਾ ਤਾਂ ਕਣਕ ਬੰਨ੍ਹਦੀ ਹੈ। (ਸੰਗ੍ਰ)

**ਕਣਕ ਡਿਗੇ ਕਮਬਖ਼ਤ ਦੀ, ਝੋਨਾ ਡਿਗੇ ਬਖ਼ਤਾਵਰ ਦਾ।**

ਭਾਵ :— ਕਣਕ ਡਿਗੇ ਤਾਂ ਨੁਕਸਾਨ ਹੁੰਦਾ ਹੈ। ਪਰ ਝੋਨਾ ਡਿਗਣ ਨਾਲ ਲਾਭ ਹੁੰਦਾ ਹੈ।

ਵਰਤੋਂ :— ਕਿਸਮਤ ਦੀ ਗਲ ਹੈ। ਦੋਹਾਂ ਇਕੋ ਦਿਨ ਇਕੋ ਕੰਮ ਆਰੰਭ ਕੀਤਾ। ਪਰ ਉਹ ਖਟ ਗਿਆ ਤੇ ਮੈਂ ਕੰਗਾਲ ਹੋ ਝੁਠਿਆ। 'ਕਣਕ ਡਿਗੇ ਕਮਬਖ਼ਤ ਦੀ, ਝੋਨਾ ਡਿਗੇ ਬਖ਼ਤਾਵਰ ਦਾ।' (ਸੰਗ੍ਰ)

**ਕਣਕ ਨਾਲ ਘੁਣ ਵੀ ਪੀਠਾ ਜਾਂਦਾ ਹੈ**

ਭਾਵ :— ਜਦ ਗੁਨਹਗਾਰ ਨਾਲ ਬੇ-ਗੁਨਾਹ ਮਾਰਿਆ ਜਾਏ।

ਵਰਤੋਂ :— ਪਿੰਡ ਵਿਚ ਸ਼ਰਾਰਤੀ ਲੋਕ ਤਾਂ ਥੋੜੇ ਹੀ ਸਨ, ਪਰ ਪੁਲਸ-ਚੌਕੀ ਸਾਰੇ ਪਿੰਡ ਤੇ ਲਾ ਦਿੱਤੀ ਗਈ। 'ਆਟੇ ਨਾਲ ਘੁਣ ਪਿਸਣਾ' ਵਾਲੀ ਹੀ ਗੱਲ ਹੋਈ। (ਸੰਗ੍ਰ)

**ਕਣਕ ਪੁਰਾਣੀ, ਘਿਉ ਨਵਾਂ, ਘਰ ਕੁਲਵੰਤੀ ਨਾਰ, ਤੁਰਿਆਂ ਉਤੇ ਚਲਣਾ, ਚਾਰੇ ਸੁਰਗ ਸੰਸਾਰ।**

ਭਾਵ :— ਪੁਰਾਣੀ ਕਣਕ, ਨਵਾਂ ਘਿਉ, ਚੰਗੀ ਤੀਵੀਂ, ਪਰਵਾਨ ਸਮਾਜੀ ਰਿਵਾਜਾਂ ਦੀ ਵਰਤੋਂ ਇਹ ਚਾਰੇ ਸੁਖਦਾਇਕ ਹਨ।

ਵਰਤੋਂ :— ਗਲ ਉਹ ਕਰੀਏ, ਜੋ ਵਡੇ ਵਡੇਰੇ ਕਰ ਗਏ ਹਨ। ਹਰ ਥਾਂ ਨਵੀਂ ਗਲ ਨਹੀਂ ਸੋਭਦੀ। 'ਕਣਕ ਪੁਰਾਣੀ, ਘਿਉ ਨਵਾਂ, ਘਰ ਕੁਲਵੰਤੀ ਨਾਰ, ਤੁਰਿਆਂ ਉਤੇ ਚਲਣਾ ਚਾਰੇ ਸੁਰਗ ਸੰਸਾਰ।' (ਸੰਗ੍ਰ)

**ਕਣਕ ਫਿੱਟੇ ਤੇ ਗੰਦੋਲ, ਆਦਮੀ ਫਿੱਟੇ ਤਾਂ ਜਾਂਝੀ।**

ਭਾਵ :— ਗੰਦੋਲ—ਕਣਕ ਵਰਗਾ ਹੀ ਇਕ ਪੱਠਾ ਹੁੰਦਾ ਹੈ, ਜੋ ਪਸ਼ੂਆਂ ਦੇ ਕੰਮ ਆਉਂਦਾ ਹੈ। ਭਾਵ, ਕਣਕ ਫਿੱਟੀ ਹੋਈ ਵੀ ਕੰਮ ਆਉਂਦੀ ਹੈ। ਬੰਦਾ ਫਿੱਟ ਕੇ ਵਾਧੂ ਦੀ ਆਕੜ ਕਰਦਾ ਹੈ।

ਵਰਤੋਂ :— ਪਈ ਬੰਦੇ ਦੀ ਗਲ ਨ ਕਰੋ। ਆਕੜ ਬਹੇ, ਤਾਂ ਰੱਬ ਹੀ ਰਾਖਾ ਹੈ। 'ਕਣਕ ਫਿਟੇ ਤੇ ਗੰਦੋਲ, ਆਦਮੀ ਫਿੱਟੇ ਤਾਂ ਜਾਂਝੀ।' ਬਸ ਜ਼ਿਮੀ ਤੇ ਪੈਰ ਨਹੀਂ ਰਖਦਾ। (ਸੰਗ੍ਰ)

**ਕਤਦਿਆਂ ਵੀ ਖਾਣਾ ਤੇ ਵਤਦਿਆਂ ਵੀ ਖਾਣਾ।**

ਭਾਵ :— ਬੰਦਾ ਹਰ ਵੇਲੇ ਕੁਝ ਨਾ ਕੁਝ ਕੰਮ ਕਰਦਾ ਰਹੇ ਤੇ ਵਿਹਲਾ ਨਾ ਬਹੇ, ਕਿਉਂਕਿ ਉਸ ਪੇਟ ਪਾਲਣਾ ਹੈ।

ਵਰਤੋਂ : — 'ਕਤਦਿਆਂ ਵੀ ਖਾਣਾ ਤੇ ਵਤ-ਦਿਆਂ ਵੀ ਖਾਣਾ'। ਪੇਟ ਜੂ ਰੱਬ ਨੇ ਨਾਲ ਲਾ ਦਿਤਾ। ਫਿਰ ਵਿਹਲੇ ਕਿਵੇਂ ਬੈਠੀਏ ? (ਸੰਗ੍ਰ)

**ਕਥਨਾ ਕਥੀ ਨਾ ਆਵੈ ਤੋਟਿ ॥**

ਭਾਵ :— ਕੋਈ ਗਲ ਕਥਨ ਤੋਂ ਪਰ੍ਹੇ ਹੋਵੇ ਤੇ ਉਸਦਾ ਭਾਵ ਦਸਣ ਲਈ ਦਲੀਲਾਂ ਵਿਚ ਵਾਧਾ ਹੀ ਹੋਈ ਜਾਵੇ। ਦਲੀਲ-ਬਾਜ਼ੀ ਤੋਂ ਚੁੱਪ ਕਰਾਣ ਲਈ ਵਰਤਦੇ ਹਨ।

ਵਰਤੋਂ :—

"ਕਥਨਾ ਕਥੀ ਨਾ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥'
(ਗੁਰੂ ਗ੍ਰੰਥ — ਜਪੁਜੀ)

**ਕੱਦੇ ਉਪਰ ਲੱਦ ਹੁੰਦਾ ਹੈ।**

ਭਾਵ :— ਵਿਤ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

ਵਰਤੋਂ :— ਵੇਖੋ ਜੀ, 'ਕੱਦ ਉਪਰ ਲੱਦ ਹੁੰਦਾ ਹੈ', ਗ਼ਰੀਬਾਂ ਕੋਲੋਂ ਵੀ ਉਨੀ ਹੀ ਉਗਰਾਹੀ ਤੇ ਸ਼ਾਹਾਂ ਪਾਸੋਂ ਵੀ ਓਨੀ ਹੀ। ਥਾਂ ਥਾਂ ਵੇਖ ਕੇ ਲਵੋ। (ਸੰਗ੍ਰ)

**ਕਦ ਬਾਬਾ ਮਰੇ ਤੇ ਕਦ ਬੈਲ ਵੰਡੀਏ।**

ਭਾਵ: — ਬਹੁਤ ਦੂਰ ਦੀ ਆਸ ਨਹੀਂ ਕਰਨੀ ਚਾਹੀਦੀ।

ਵਰਤੋਂ :— ਮੈਂ ਕਿੰਨਾ ਕੁ ਚਿਰ ਉਡੀਕਦਾ ਰਹਾਂ ਤੁਹਾਡਾ ਰੁਪਿਆ ਬਾਹਰੋਂ ਆਉਣ ਨੂੰ। 'ਕਦ ਬਾਬਾ ਮਰੇ ਤੇ ਕਦ ਬੈਲ ਵੰਡੀਏ' ਮੈਂ ਤਾਂ ਹੁਣ ਨਕਦੋ ਨਕਦ ਲੈਣਾ ਏ। ਮਨਜ਼ੂਰ ਹੈ ਤਾਂ ਗਲ ਕਰੋ (ਸੰਗ੍ਰ)

**ਕਦੀ ਅੱਗ ਕਦੀ ਪਾਣੀ। ਜਾਂ ਕਦੀ ਤੱਤਾ ਓਦੀ ਠੰਡਾ। ਜਾਂ ਕਦੀ ਤੋਲਾ ਕਦੀ ਮਾਸਾ, ਉਹਦੀ ਗੱਲ ਦਾ ਕੀ ਭਰਵਾਸਾ।**

ਭਾਵ :— ਜਿਸਦਾ ਸੁਭਾ ਕਦੀ ਨਰਮ ਕਦੀ ਗਰਮ ਹੋ ਜਾਵੇ, ਜਾਂ ਜਿਹੜਾ ਇਕ ਗੱਲ ਤੇ ਕਾਇਮ ਨਾ ਰਹੇ।

ਵਰਤੋਂ :— ਛਡੋ ਜੀ, ਮੇਲਾ ਰਾਮ ਦੀ ਗਲ ਦਾ ਕੀ ਇਤਬਾਰ ਹੈ ? ਉਹ ਤਾਂ 'ਕਦੀ ਤੋਲਾ ਕਦੀ ਮਾਸਾ' ਵਾਲਾ ਸੁਭਾ ਰਖਦਾ ਹੈ। ਉਸ ਨਾਲ ਕੀ ਵਣਜ ਕਰਨਾ ਹੋਇਆ ? (ਸੰਗ੍ਰ)

**ਕਦੀ ਥੁੱਕਾਂ ਨਾਲ ਵੀ ਵੜੇ ਪਕੇ ਨੇ।**

ਭਾਵ :— ਗੱਪਾਂ ਮਾਰਨ ਨਾਲ ਕੁਝ ਨਹੀਂ ਬਣਦਾ।

ਵਰਤੋਂ :— ਮੈਂ ਵੀ ਜਿੰਨੇ ਜੋਗਾ ਹਾਂ, ਆਪਣੀ ਵਲੋਂ ਤੁਹਾਡੀ ਇੱਛਾ ਪੂਰੀ ਕਰਨ ਵਿਚ ਅੱਡੀ ਚੋਟੀ ਦਾ ਜ਼ੋਰ ਲਾਈ ਚਲਾ ਜਾ ਰਿਹਾ ਹਾਂ। ਪਰ ਇਹ ਗਲ ਦਸੋ,'ਕਦੀ ਥੁੱਕਾਂ ਨਾਲ ਵੀ ਵੜੇ ਪਕਦੇ ਹੁੰਦੇ ਨੇ ?'
(ਲੋਕ ਸਾਹਿੱਤ—ਨਾਨਕ ਸਿੰਘ)

**ਕਦੀ ਦਾਦੇ ਦੀਆਂ, ਕਦੀ ਪੋਤੇ ਦੀਆਂ।**

ਭਾਵ :— ਕਿਸੇ ਸਮੇਂ ਹੋ ਚੁਕੀ ਵਧੀਕੀ ਦਾ ਬਦਲਾ ਲੈਣਾ।

ਵਰਤੋਂ :— ਸ਼ਾਹ ਜੀ ! ਮੈਂ ਤਾਵ ਕੀਤਾ, ਤਾਂ ਕਿਉਂ ਚੀਕਦੇ ਹੋ ? ਤੁਸੀਂ ਵਿਆਜ ਲੈਣ ਵੇਲੇ ਕੀ ਕਸਰ ਛੱਡੀ ਸੀ ? 'ਕਦੀ ਦਾਦੇ ਦੀਆਂ, ਕਦੀ ਪੋਤੇ ਦੀਆਂ।' (ਸੰਗ੍ਰ)

**ਕਦੀ ਧੁੱਪ, ਕਦੀ ਛਾਂ।**

ਭਾਵ :— ਸੁਖ ਸਦਾ ਨਹੀਂ ਰਹਿੰਦਾ।

ਵਰਤੋ :— ਜ਼ਿੰਦਗੀ ਵਿਚ ਦਿਨ ਸਦਾ ਇਕੋ ਜਿਹੇ ਨਹੀਂ ਰਹਿੰਦੇ, 'ਕਦੀ ਧੁਪ, ਕਦੀ ਛਾਂ।' ਇਸ ਲਈ ਨਿੱਕੀ ਮੋਟੀ ਗਲ ਦਿਲ ਨੂੰ ਨਹੀਂ ਲਾਣੀ ਚਾਹੀਦੀ। (ਸੰ)

**ਕਦੀ ਪਾਟੀਆਂ ਕੰਧਾਂ ਉਪਰ ਵੀ ਛੱਤ ਟਿਕੀ ਹੈ ?**

ਭਾਵ:— ਜਿੱਥੇ ਫੁੱਟ ਹੋਵੇ, ਉੱਥੇ ਕੋਈ ਕੰਮ ਸਿਰੇ ਨਹੀਂ ਚੜ੍ਹਦਾ।

ਵਰਤੋਂ :— ਸੁਆਣੀ— ਇਹ ਸਾਰਾ ਮੇਤ੍ਰੀ ਦਾ ਹੀ ਫਲ ਹੈ। 'ਕਦੀ ਪਾਟੀਆਂ ਕੰਧਾਂ ਉਪਰ ਵੀ ਛੱਤ ਟਿੱਕੀ ਹੈ ?' ਮਿਲੀਆਂ ਕੰਧਾਂ ਤੇ ਹੀ ਮਹਿਲ ਬਣਦੇ ਹਨ।
(ਖਿੜੇ ਸਿੰਘ —ਭਾਈ ਵੀਰ ਸਿੰਘ)

**ਕਦੀ ਮੁਰਦਿਆਂ ਵੀ ਖੀਰ ਖਾਧੀ ਹੈ ?**

ਭਾਵ :— ਕਿਸੇ ਮਾੜੇ ਜਾਂ ਕਮਜ਼ੋਰ ਬੰਦੇ ਪਾਸੋਂ ਕਿਸੇ ਕਰੜ ਕੰਮ ਦੀ ਆਸ ਰਖਣੀ।

ਵਰਤੋਂ :— ਦੀਨਾ ਨਾਥ ਪਾਸੋਂ ਜੇ ਤੂੰ ਇਹ ਕੰਮ ਛੁੜਾ ਕੇ ਹੋਰ ਕੰਮ ਤੇ ਵੀ ਲਾ ਲਿਆ, ਤਦ ਉਹ ਕੀ ਪੂਰੀਆਂ ਪਾਵੇਗਾ ? ਤੂੰ ਇਹ ਤਾਂ ਸੋਚ ਬਈ 'ਕਦੀ ਮੁਰਦਿਆਂ ਵੀ ਖੀਰ ਖਾਧੀ ਹੈ ?' (ਸੰਗ੍ਰ)

**ਕਦੇ ਹਰਖ ਕਦੇ ਸੋਗ।**

ਭਾਵ :— ਸੁਖ ਸਦਾ ਨਹੀਂ ਰਹਿੰਦਾ।

ਵੇਖੋ :— "ਕਦੀ ਧੁਪ, ਕਦੀ ਛਾਂ।"

ਵਰਤੋਂ :—

ਸੁਹਣੇ ਅੰਦਰਿ ਭੋਗ ਰਾਜ ਕਮਾਇਆ।
ਕਦੇ ਹਰਖ ਕਦੇ ਸੋਗ ਤਰੁਵਰ ਛਾਇਆ।
(ਵਾਰਾਂ —ਭਾਈ ਗੁਰਦਾਸ ਜੀ)

**ਕਦੇ ਖ਼ੂਨ ਵੀ ਪਚਿਆ ਏ ?**

ਭਾਵ :— ਖ਼ੂਨੀ ਜ਼ਰੂਰ ਫੜਿਆ ਜਾਂਦਾ ਹੈ। ਪਾਪੀ ਦਾ ਪਾਜ ਉਘੜ ਆਉਂਦਾ ਹੈ।

ਵਰਤੋਂ :— ਥਾਣੇਦਾਰ — ਨਹੀਂ ਜੀ, ਕੋਈ ਮੁਸ਼ਕਲ ਨਹੀਂ। 'ਕਦੀ ਖ਼ੂਨ ਵੀ ਪਚਿਆ ਏ।' ਅਜ ਨਹੀਂ ਤੇ ਕਲ੍ਹ ਫੜੇ ਜਾਣੇ ਨੇ ਜ਼ਰੂਰ।
(ਪਿੰਡ ਦੇ ਵੈਰੀ —ਜੋਸ਼ੂਆ ਫ਼ਜ਼ਲਦੀਨ)

**ਕਦੇ ਡੋਬਾ, ਕਦੇ ਸੋਕਾ ।**

**ਭਾਵ :—** ਕਦੇ ਖਾਣ ਪੀਣ ਨੂੰ ਚੰਗਾ ਚੋਖਾ ਮਿਲੇ ਤੇ ਕਦੇ ਕੁਝ ਵੀ ਨਾ ਜਾਂ ਕਦੀ ਬਹੁਤਾ ਆਦਰ ਮਿਲੇ, ਕਦੀ ਉੱਕੀ ਨਿਰਾ-ਦਰੀ ।

**ਵਰਤੋਂ :—** ਰੱਬ ਦੀਆਂ ਬੇ-ਪਰਵਾਹੀਆਂ ਨੇ । 'ਕਦੀ ਡੋਬਾ, ਕਦੀ ਸੋਕਾ ।' ਕਦੀ ਉਪਰ, ਕਦੀ ਹੇਠਾਂ । ਕੋਈ ਕੀ ਕਰੇ ? (ਸੰਗ੍ਰ)

**ਕਪਟ ਸਨੇਹੀ ਫਲ ਨਾ ਲਹੰਦੇ ।**

**ਭਾਵ:—** ਪਾਖੰਡੀ ਪ੍ਰੀਤੀਵਾਨ ਨੂੰ ਫਲ ਨਹੀਂ ਮਿਲਦਾ ।

**ਵਰਤੋਂ :—**

ਸਾਧ ਸੰਗਤ ਗੁਰੁ ਸ਼ਬਦ ਸੁਣ ਗੁਰਮੁਖ ਪੰਥ
ਨਾ ਚਾਲ ਚਲੰਦੇ ॥
ਪਟ ਸਨੇਹੀ ਫਲ ਨ ਲਹੰਦੇ ॥
(ਵਾਰਾਂ —ਭਾਈ ਗੁਰਦਾਸ ਜੀ)

**ਕਪਟੀ ਦਾ ਬੋਲਿਆ, ਕੁਸਤੀ ਦਾ ਤੋਲਿਆ, ਕਦੀ ਨਾ ਹੋਵੇ ਪੂਰਾ ।**

**ਭਾਵ :—** ਕਪਟੀ ਤੇ ਕੁਸੱਤੀ ਸਦਾ ਘਾਟੇਵੰਦੀ ਗਲ ਹੀ ਕਰਦਾ ਹੈ ।

**ਵਰਤੋਂ :—** ਨਾ ਮੰਨੋ ਕਦੀ ਏਸ ਕਪਟੀ ਦੇ ਲਾਰਿਆਂ ਨੂੰ । "ਕਪਟੀ ਦਾ ਬੋਲਿਆ, ਕੁਸੱਤੀ ਦਾ ਤੋਲਿਆ, ਕਦੇ ਨਾ ਹੋਵੇ ਪੂਰਾ" (ਸੰਗ੍ਰ)

**ਕਪੜਾ ਆਥੇ (ਆਖੇ) ਤੂੰ ਮੈਨੂੰ ਰਖ ਤਾਹ ਕਰ । ਮੈਂ ਤੇਨੂੰ ਕਢਾਂ ਪਾਤਸ਼ਾਹ ਕਰ ।**

**ਭਾਵ :—** ਕਪੜੇ ਦੀ ਸੰਭਾਲ ਕਰੋ, ਤਾਂ ਬੰਦਾ ਨਿਤ ਨਵਾਂ ਬਣ ਠਣ ਕੇ ਨਿਕਲਦਾ ਹੈ

**ਵਰਤੋਂ :—** ਸੰਭਾਲ ਕੇ ਵਰਤੋ, ਤਾਂ ਇਨ੍ਹਾਂ ਕਪੜਿਆਂ ਵਿਚ ਹੀ ਨਿਤ ਹੋਰ ਦੇ ਹੋਰ ਪਏ ਲਗੋ । 'ਕਪੜਾ ਆਥੇ (ਆਖੇ) ਤੂੰ ਮੈਨੂੰ ਰਖ ਤਾਹ ਕਰ । ਮੈਂ ਤੈਨੂੰ ਕਢਾਂ ਪਾਤਸ਼ਾਹ ਕਰ ।' ਵਾਲੀ ਗਲ ਸਿਆਣਿਆਂ ਐਵੇਂ ਨਹੀਂ ਜੇ ਆਖੀ । (ਸੰਗ੍ਰ)

**ਕਪੜਾ ਚੁਕੀਏ ਤਾਂ ਢਿਡ ਆਪਣਾ ਹੀ ਨੰਗਾ ਹੁੰਦਾ ਹੈ ।**

**ਭਾਵ :—** ਜਦ ਕੋਈ ਗਲ ਕੀਤਿਆਂ ਆਪਣੀ ਜਾਂ ਆਪਣੇ ਸੰਬੰਧੀਆਂ ਦੀ ਹੀ ਬੇਪਤੀ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ : —** ਅਵਤਾਰੋ—ਭੈਣ ਜੀ ! ਜਦ ਤੇਰੀਆਂ ਦੂਜੀਆਂ ਭੈਣਾਂ ਨੂੰ ਕਹਿ ਦਿੱਤਾ ਹੈ, ਅਸੀਂ ਤੁਹਾਡਾ ਦਿਤਾ ਖਾਨੀਆਂ ਹਾਂ, ਤੂੰ ਵੀ ਕਹਿ ਕੇ ਆਪਣਾ ਵੇਲਾ ਲੰਘਾ ਲੈ । ਸਿਆਣਾ ਉਹ ਹੁੰਦਾ ਹੈ, ਜੋ ਵੇਲਾ ਜਾਣੇ । ਕਾਹਨੂੰ ਘਰ ਵਿਚ ਭੜਥੂ ਪਾਨੀ ਏ ? ਜਿਨ੍ਹਾਂ ਨਹੀਂ ਸੁਣਿਆ. ਉਨ੍ਹਾਂ ਨੂੰ ਸੁਣਾਉਨੀ ਹੈ ? 'ਕਪੜਾ ਚੁਕੀਏ ਤਾਂ ਢਿਡ ਆਪਣਾ ਹੀ ਨੰਗਾ ਹੁੰਦਾ ਹੈ ।'
(ਰਜਨੀ ਨਾਟਕ —ਬਲਵੰਤ ਸਿੰਘ)

**ਕਪੜੇ ਸਬੂਣੀ ਤੇ ਦਾਲ ਅਲੂਣੀ ।**

**ਭਾਵ :—** ਪਲੇ ਕੁਝ ਨਾ ਹੋਵੇ ਤੇ ਬਾਹਰ ਦਾ ਦਿਖਾਵਾ ਬਹੁਤਾ ਹੋਵੇ ।

**ਵਰਤੋਂ :—** ਰੁਕਮਣੀ-ਭੈਣ, ਗੁਲੋ ਦੀ ਤਾਂ ਉਹ ਗਲ ਹੈ, ਅਖੇ ਕਪੜੇ ਸਬੂਣੀ ਤੇ ਦਾਲ ਅਲੂਣੀ । ਪੱਲੇ ਤਾਂ ਖਾਣ ਪੀਣ ਨੂੰ ਕੁਝ ਹੈ ਨਹੀਂ, ਪਰ ਸ਼ੂੰਕਾ ਸ਼ਾਂਕੀ ਬੜੀ ਕਰਦੀ ਹੈ । (ਸੰਗ੍ਰ)

**ਕਪਾਹ ਦੀ ਫੁੱਟੀ, ਜਿਥੇ ਧਰੀ, ਉੱਥੇ ਲੁੱਟੀ ।**

**ਭਾਵ :—** ਚੰਗੀ ਚੀਜ਼ ਦਾ ਹਰ ਕੋਈ ਗਾਹਕ ਬਣ ਜਾਂਦਾ ਹੈ, ਭਾਵੇਂ ਕਿਥੇ ਰਖੋ ।

**ਵਰਤੋਂ :—** ਸੁੰਦਰ ਤੀਵੀਂ ਵੀ ਇਕ ਬਿਮਾਰੀ ਏ, 'ਕਪਾਹ ਦੀ ਫੁੱਟੀ, ਜਿਥੇ ਧਰੀ, ਉਥੇ ਲੁੱਟੀ' । ਹਰਦਮ ਉਸ ਦੀ ਰਾਖੀ ਕਰਦੇ ਫਿਰੋ ।
(ਸੰਗ੍ਰ)

**ਕਬਰ ਕੁੱਤੇ ਦੀ, ਛਾੜ ਮੁਸਹਿਰੇ ਦਾ ।**

**ਭਾਵ :—** ਕਿਸੇ ਚੰਗੀ ਚੀਜ਼ ਦੀ ਕੁਥਾਂ ਵਰਤੋਂ ਕਰਨੀ ।

**ਵਰਤੋਂ** :— ਬਈ, ਸੂਰਾਂ ਨੂੰ ਪੋਨੇ ਨਾ ਪਾਓ, ਅਖੇ 'ਕਬਰ ਕੁੱਤੇ ਦੀ ਛਾੜ ਮਸਹਿਰੇ ਦਾ'। ਜੋ ਕਿਸੇ ਚੀਜ਼ ਦੇ ਯੋਗ ਹੈ, ਓਹੀ ਉਸ ਨੂੰ ਦਿਉ। (ਸੰਗ੍ਰ)

**ਕਬਰ ਚੂਨੇ ਗਚ ਤੇ ਮੁਰਦਾ ਬੇਈਮਾਨ।**

**ਭਾਵ** :— ਉੱਤੋਂ ਬੀਬੀਆਂ ਦਾੜ੍ਹੀਆਂ ਵਿਚੋਂ ਕਾਲੇ ਕਾਂ।

**ਵਰਤੋਂ** :– ਕੀ ਪੁਛਦੇ ਹੋ, 'ਕਬਰ ਚੂਨੇ ਗਚ ਤੇ ਮੁਰਦਾ ਬੇਈਮਾਨ' ਵਾਲਾ ਹਿਸਾਬ ਹੈ। ਅੰਦਰੋਂ ਨਿਰੇ ਚੋਰ, ਪਰ ਬਾਹਰੋਂ ਵੇਖੋ, ਤਾਂ ਕਹੋ ਜਿਵੇਂ ਹੁਣੇ ਹੀ ਪੂਜਾ ਕਰਕੇ ਆਏ ਹਨ। (ਸੰਗ੍ਰ)

**ਕਬਰ ਵਿਚ ਸਭ ਬਰਾਬਰ।**

**ਭਾਵ** :— ਮਰਨ ਮਗਰੋਂ ਸਭੋ ਇਕੋ ਜਿਹੇ ਹੋ ਜਾਂਦੇ ਹਨ। ਵੱਡੇ ਤੇ ਨਿੱਕੇ ਦਾ ਫ਼ਰਕ ਨਹੀਂ ਰਹਿੰਦਾ।

**ਵਰਤੋਂ** :— ਚੋਧਰੀ ਛਡੋ, ਮਰਨ ਪਿਛੋਂ ਕੀ ਕਿਸੇ ਨੂੰ ਨਿੰਦਨਾ ਹੋਇਆ। 'ਕਬਰ ਵਿਚ ਸਭ ਬਰਾ-ਬਰ ਹੁੰਦੇ ਨੇ।' (ਸੰਗ੍ਰ)

**"ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥"**

**ਭਾਵ** :— ਕਬੀਰ ਜੀ ਫ਼ੁਰਮਾਂਦੇ ਹਨ, ਅਸੀਂ ਸਭ ਤੋਂ ਮਾੜੇ ਹਾਂ, ਸਾਨੂੰ ਛਡ ਬਾਕੀ ਸਾਰੇ ਹੀ ਚੰਗੇ ਹਨ।

**ਵਰਤੋਂ** :—

"ਕਬੀਰ ਸਭ ਤੇ ਹਮ ਬੁਰੇ
ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ
ਮੀਤੁ ਹਮਾਰਾ ਸੋਇ ॥

(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥**

**ਭਾਵ** :— ਕਬੀਰ ਜੀ ਫ਼ੁਰਮਾਂਦੇ ਹਨ, ਸਾਕਤ ਪੁਰਖ ਨਾਲੋਂ ਸੂਰ ਚੰਗਾ ਹੈ, ਉਹ ਵਿਸ਼ਟਾ ਖਾਂਦਾ ਹੈ ਤੇ ਪਿੰਡ ਦੀ ਸਫ਼ਾਈ ਕਰਦਾ ਹੈ।

**ਵਰਤੋਂ** :—

"ਕਬੀਰ ਸਾਕਤ ਤੇ ਸੂਕਰ
ਭਲਾ ਰਾਖੈ ਆਛਾ ਗਾਉ ॥
ਉਹੁ ਸਾਕਤੁ ਬਪੁਰਾ ਮਰਿ ਗਇਆ
ਕੋਇ ਨਾ ਲੈਹੈ ਨਾਉ ॥"

(ਗੁਰੂ ਗ੍ਰੰਥ—ਸ਼ਲੋਕ ਕਬੀਰ)

**"ਕਬੀਰ ਸਾਧੂ ਕਉ ਮਿਲਨੇ ਜਾਈਏ ਸਾਥ ਨਾ ਲੀਜੈ ਕੋਇ ॥"**

**ਭਾਵ** :— ਕਬੀਰ ਜੀ ਫ਼ਰਮਾਂਦੇ ਹਨ: ਜਦ ਸ੍ਰੇਸ਼ਟ ਪੁਰਸ਼ ਦੇ ਦਰਸ਼ਨਾਂ ਲਈ ਜਾਈਏ ਤਾਂ ਆਪਣੇ ਹੌਂਸਲੇ ਤੇ ਬਲ ਦੇ ਆਧਾਰ ਤੇ ਹੀ ਜਾਈਏ, ਕਿਸੇ ਦੇ ਆਸਰੇ ਦੀ ਲੋੜ ਨਹੀਂ।

**ਵਰਤੋਂ** :—

"ਕਬੀਰ ਸਾਧੂ ਕਉ ਮਿਲਨੈ ਜਾਈਐ
ਸਾਥ ਨਾ ਲੀਜੈ ਕੋਇ ॥
ਪਾਛੈ ਪਾਉ ਨਾ ਦੀਜੀਐ
ਆਗੈ ਹੋਇ ਸੋ ਹੋਇ ॥"

(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥**

**ਭਾਵ** :— ਕਬੀਰ ਜੀ ਫ਼ੁਰਮਾਂਦੇ ਹਨ ਕਿ ਉਹੀ ਕੁਲ ਚੰਗੀ ਹੈ, ਜਿਸ ਵਿਚ ਹਰੀ ਦੇ ਸੇਵਕ ਦਾ ਜਨਮ ਹੈ।

**ਵਰਤੋਂ** :—

"ਕਬੀਰ ਸੋਈ ਕੁਲ ਭਲੀ
ਜਾਂ ਕੁਲ ਹਰਿ ਕੋ ਦਾਸੁ ॥
ਜਿਹ ਕੁਲ ਦਾਸ ਨਾ ਉਪਜੈ
ਸੋ ਕੁਲ ਢਾਕੁ ਪਲਾਸੁ ॥"

(ਗੁਰੂ ਗ੍ਰੰਥ—ਸ਼ਲੋਕ ਕਬੀਰ ਜੀ)

**"ਕਬੀਰ ਸੋਈ ਮੁਖੁ ਧੰਨਿ ਹੈ ਜਾਂ ਮੁਖ ਕਹੀਐ ਰਾਮ ॥"**

**ਭਾਵ** :— ਕਬੀਰ ਜੀ ਫ਼ੁਰਮਾਂਦੇ ਹਨ ਉਹ ਮੁਖ ਧੰਨ ਹੈ ਜਿਹੜਾ ਰਾਮ ਦਾ ਨਾਂ ਉਗਰਦਾ ਹੈ :

**ਵਰਤੋਂ** :—

"ਕਬੀਰ ਸੋਈ ਮੁਖ ਧਨਿ ਹੈ
ਜਾਂ ਮੁਖ ਕਹੀਐ ਰਾਮ ॥
ਦੇਹੀ ਕਿਸ ਕੀ ਬਾਪੁਰੀ
ਪਵਿਤ੍ਰ ਹੋਇਗੋ ਗ੍ਰਾਮ ॥"

(ਗੁਰੂ ਗ੍ਰੰਥ—ਸ਼ਲੋਕ ਕਬੀਰ)

**"ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥**
**ਚਲਤੀ ਬਾਰ ਨਾ ਕਛੂ ਮਿਲਿਓ ਲਈ ਲੰਗੋਟੀ ਤੋਰਿ ॥"**

**ਭਾਵ** :— ਕਬੀਰ ਜੀ ਮਾਇਆ ਧਾਰੀਆਂ ਨੂੰ ਫ਼ੁਰਮਾਂਦੇ ਹਨ, ਕਿ ਕਉਡੀ ਕਉਡੀ ਜੋੜ ਕੇ ਕਰੋੜਾਂ ਰੁਪਈਏ ਜਮਾਂ ਕੀਤੇ, ਪਰ ਮਰਨ ਮਗਰੋਂ ਕੁਝ ਵੀ ਨਾ ਮਿਲਿਆ, ਉਲਟਾ ਨਾਂਗਾ ਤੋਰ ਦਿੱਤਾ।

**ਵਰਤੋਂ** :—

"ਕਬੀਰ ਕਉਡੀ ਕਉਡੀ ਜੋਰਿ ਕੈ
ਜੋਰੇ ਲਾਖ ਕਰੋਰਿ ॥
ਚਲਤੀ ਬਾਰ ਨਾ ਕਛੁ ਮਿਲਿਓ
ਲਈ ਲੰਗੋਟੀ ਤੋਰਿ ॥'

(ਗੁਰੂ ਗ੍ਰੰਥ—ਸ਼ਲੋਕ ਕਬੀਰ ਜੀ

**ਕਬੀਰ ਗਰਬੁ ਨਾ ਕੀਜੀਐ ਰੰਕੁ ਨਾ ਹਸੀਐ ਕੋਇ ॥**

**ਭਾਵ** :— ਕਬੀਰ ਜੀ ਫ਼ੁਰਮਾਂਦੇ ਹਨ, ਹੰਕਾਰ ਨਾ ਕਰੋ। ਗ਼ਰੀਬਾਂ ਵੱਲ ਵੇਖ, ਹਸੋ ਨਾ।

**ਵਰਤੋਂ** :—

"ਕਬੀਰ ਗਰਬੁ ਨਾ ਕੀਜੀਐ
ਰੰਕੁ ਨਾ ਹਸੀਐ ਕੋਇ ॥

"ਅਜਹੁ ਸੁ ਨਾਉ ਸਮੁਦ੍ਰ ਮਹਿ
ਕਿਆ ਜਾਨਉ ਕਿਆ ਹੋਇ ॥"

(ਗੁਰੂ ਗ੍ਰੰਥ—ਸਲੋਕ ਕਬੀਰ ਜੀ)

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥**

**ਭਾਵ** :— ਕਬੀਰ ਜੀ ਫ਼ੁਰਮਾਂਦੇ ਹਨ : ਹੇ ਪੁਰਸ਼ਾ ! ਤੂੰ ਦੁਨਿਆਵੀ ਸੁਆਦਾਂ ਦੀ ਖ਼ਾਤਰ ਸਚਾਈ ਨੂੰ ਛਡਿਆ ਹੈ। ਪਰ ਇਸ ਦੁਨੀਆਂ ਨੇ ਤੇਰਾ ਸਾਥ ਨਹੀਂ ਦੇਣਾ।

**ਵਰਤੋਂ** :—

'ਕਬੀਰ ਦੀਨੁ ਗਵਾਇਆ ਦੁਨੀ ਸਿਉ,
ਦੁਨੀ ਨਾ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ;
ਗਾਫ਼ਲ ਅਪੁਨੈ ਹਾਥ ॥

(ਗੁਰੂ ਗ੍ਰੰਥ— ਸਲੋਕ ਕਬੀਰ ਜੀ)

**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।**

**ਭਾਵ** :—ਕਬੀਰ ਜੀ ਫ਼ੁਰਮਾਂਦੇ ਹਨ, ਜਿਵੇਂ ਕੇਲੇ ਦੇ ਨੇੜੇ ਬੇਰੀ ਹੁੰਦੀ ਹੈ, ਬੇਰੀ ਝੂਮਦੀ ਹੈ ਤੇ ਓਹਦੇ ਕੰਡਿਆ ਨਾਲ ਕੇਲਾ ਚਿਰਦਾ ਰਹਿੰਦਾ ਹੈ, ਇਵੇਂ ਹੀ ਮਾੜੀ ਸੰਗਤ ਬੰਦੇ ਨੂੰ ਤਬਾਹ ਕਰ ਦਿੰਦੀ ਹੈ।

**ਵਰਤੋਂ** :—

'ਕਬੀਰ ਮਾਰੀ ਮਰਉ ਕੁਸੰਗ ਕੀ,
ਕੇਲੇ ਨਿਕਟ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ,
ਸਾਕਤ ਸੰਗੁ ਨ ਹੇਰਿ ॥'

(ਗੁਰੂ ਗ੍ਰੰਥ— ਸ਼ਲੋਕ ਕਬੀਰ ਜੀ)

**ਕਮਲਿਆਂ ਦੇ ਕਿਹੜੇ ਸਿੰਗ ਹੁੰਦੇ ਹਨ।**

**ਭਾਵ** :— ਮੂਰਖ ਆਪਣੀ ਮੂਰਖਤਾਈ ਤੋਂ ਹੀ ਜਾਣਿਆਂ ਜਾਂਦਾ ਹੈ, ਕਿਸੇ ਸ੍ਰੀਰਕ ਨਿਸ਼ਾਨੀ ਤੋਂ ਨਹੀਂ।

**ਵਰਤੋਂ** :— ਤੇ ਹੋਰ 'ਕਮਲਿਆਂ ਦੇ ਕੋਈ ਸਿੰਗ ਹੁੰਦੇ ਹਨ ?' ਇਨ੍ਹਾਂ ਮੂਰਖਤਾਈਆਂ ਕਰਕੇ ਹੀ ਤਾਂ ਉਸਨੇ ਪਿਉ ਦਾਦੇ ਦਾ ਨਾਂ ਗੁਆ ਲਿਆ ਹੈ । (ਸੰਗ੍ਰ)

**ਕਮਾਦ ਚੁਲ੍ਹੇ, ਕਪਾਹ ਮਲ੍ਹੇ ।**

**ਭਾਵ** :— ਕਮਾਦ ਨੀਵੀਂ ਜ਼ਮੀਨ ਵਿਚ ਤੇ ਕਪਾਹ ਉਚੀ ਵਿਚ ਚੰਗੀ ਹੁੰਦੀ ਹੈ ।

ਵਰਤੋਂ :— ਇਥੇ ਕਮਾਦ ਕੀ ਹੋਣਾ ਸੀ, ਇਹ ਤੇ ਇਨੀ ਉਰੀ ਥਾਂ ਹੈ । ਤੂੰ ਸੁਣਿਆ ਨਹੀਂ 'ਕਮਾਦ ਚੁਲ੍ਹੇ, ਕਪਾਹ ਮਲ੍ਹੇ ।' (ਸੰਗ੍ਰ)

**ਕਮਾਦ ਵਿਚੋਂ ਹੀ ਕਾਂਗਿਆਰੀਆਂ ਨਿਕਲਦੀਆਂ ਨੇ ।**

ਭਾਵ :— ਕਾਂਗਿਆਰੀਆਂ — ਮਾੜਾ ਗੰਨਾ । ਜਦੋਂ ਕਿਸੇ ਚੰਗੇ ਘਰਾਣੇ ਵਿਚੋਂ ਕੋਈ ਭੈੜਾ ਮਨੁਖ ਪੈਦਾ ਹੋ ਜਾਵੇ ।

**ਵਰਤੋਂ** :— ਰਾਣੀ ਜੀ ! ਕਿਸੇ ਉਤਮ ਟੱਬਰ ਵਿਚੋਂ ਸਨ । ਉਨਾਂ ਦੇ ਇਹੋ ਜਹੇ ਮੂਰਖ ਦੇ ਜੰਮਣ ਦੀ ਆਸ ਘਟ ਸੀ, ਪਰ ਕਮਾਦ ਵਿਚੋਂ ਹੀ ਕਾਂਗਿਆਰੀਆਂ ਨਿਕਲਦੀਆਂ ਨੇ । (ਸੰਗ੍ਰ)

**ਕਮੀਨੇ ਦੀ ਯਾਰੀ, ਠੂਹਿਆਂ ਦਾ ਡੰਗ ।**

**ਭਾਵ** :— ਜਦ ਮਾੜੇ ਆਦਮੀ ਨਾਲ ਪਿਆਰ ਦੁਖਾਂ ਦਾ ਕਾਰਨ ਬਣੇ ।

**ਵਰਤੋਂ** :— ਕੀ ਕਰੀਏ ਜੀ । 'ਕਮੀਨੇ ਦੀ ਯਾਰੀ, ਠੂਹਿਆਂ ਦਾ ਡੰਗ ।' ਅਜਿਹਾ ਕਮੀਨਾ ਮਿਤਰ ਸਹੇੜਿਆ, ਕਿ ਸਾਨੂੰ ਸਭਨਾਂ ਨੂੰ ਨਾਲ ਲੈ ਡੁਬਾ । (ਸੰਗ੍ਰ)

**ਕਰ ਸੇਵਾ, ਖਾ ਮੇਵਾ ।**

**ਭਾਵ** :— ਸੇਵਾ ਕਰਨ ਨਾਲ ਭਾਗ ਜਾਗਦੇ ਹਨ ।

**ਵਰਤੋਂ** :— ਬਿਨਾ ਸੇਵਾ ਦੇ, ਕਿਸੇ ਨੂੰ ਭਾਗ ਨਹੀਂ ਲਗਦੇ । 'ਕਰ ਸੇਵਾ ਤੇ ਖਾ ਮੇਵਾ' (ਸੰਗ੍ਰ)

**ਕਰ ਕਿਰਸਾਨੀ, ਛਡ ਸ਼ਤਾਨੀ, ਕਿਰਸਾਨੀ ਚੋਖਾ ਧੰਧਾ, ਛਡ ਕਿਰਸਾਨੀ ਕਰਨ ਸ਼ਤਾਨੀ ਹਾਲ ਉਨ੍ਹਾਂ ਦਾ ਮੰਦਾ ।**

ਭਾਵ :— ਖੇਤੀ ਬਾੜੀ ਦੇ ਕੰਮ ਦੀ ਸ਼ਲਾਘਾ ਕੀਤੀ ਹੈ ਤੇ ਵਿਹਲੜਾਂ ਦੀ ਨਿੰਦਿਆ ।

**ਵਰਤੋਂ** :— ਜ਼ਿਮੀਦਾਰੀ ਦਾ ਕੰਮ ਛੱਡ ਨੱਥਾ ਸਿੰਘ ਡਾਢਾ ਭੁਤਿਆ ਗਿਆ ਹੈ । ਵਿਹਲੜ ਜੋ ਹੋ ਬੈਠਾ । ਸਿਆਣਿਆਂ ਨੇ ਇਸੇ ਲਈ ਏਹ ਅਖਾਣ ਕਿਹਾ ਹੈ 'ਕਰ ਕਿਰਸਾਨੀ, ਛਡ ਸ਼ਤਾਨੀ, ਕਿਰਸਾਨੀ ਚੋਖਾ ਧੰਧਾ, ਛਡ ਕਿਰਸਾਨੀ ਕਰਨ ਸ਼ਤਾਨੀ, ਹਾਲ ਉਨ੍ਹਾਂ ਦਾ ਮੰਦਾ । (ਸੰਗ੍ਰ)

**ਕਰ ਪਰਾਇਆਂ ਤੇ ਆਵਨੀ (ਆਉਣਾ) ਜਾਇਆਂ ।**

**ਭਾਵ :— ਜਦ** ਕੋਈ ਦੂਜਿਆਂ ਨੂੰ ਦੁਖੀ ਕਰੇ, ਤਦ ਬਦਅਸੀਸਾਂ ਦੇਂਦਿਆਂ ਇਹ ਅਖਾਣ ਵਰਤਿਆ ਜਾਂਦਾ ਹੈ ।

**ਵਰਤੋਂ** :— ਭਾਗ ਭਰੀ— ਉਨ੍ਹਾਂ ਸੱਤੀਂ ਪੀੜ੍ਹੀਆਂ... ਬੱਚਾ ਖਾਣੀਆਂ, ਮੇਰੀ ਬੇਦੋਸ਼ੀ ਧੀ ਨੂੰ ਧੱਕਾ ਦੇ ਛੱਡਿਆ ਏ । ਸ਼ਾਲਾ ! ਜਾਈਆਂ ਦੇ ਪੇਸ਼ ਆਵੇ ਨੇ,'ਕਰ ਪਰਾਇਆਂ ਤੇ ਆਵਨੀ'ਜਾਇਆਂ' । ਬੱਚੇ ਮਰਣ ਨੇ ਤੇ ਮੂਲੀ ਪੁਟਿਆ ਟੋਆ ਹੋਵੇ ਨੇ ।

(ਨਵਾਬ ਖ਼ਾਨ— ਪ੍ਰਿੰ: ਜੋਧ ਸਿੰਘ)

**ਕਰ ਭਲਾ ਤੇ ਹੋਵੀ ਭਲਾ ।**

**ਭਾਵ** :— ਚੰਗੇ ਕੰਮ ਕਰਨ ਨਾਲ ਆਪਣਾ ਭਲਾ ਹੁੰਦਾ ਹੈ ।

**ਵਰਤੋਂ**: — 'ਕਰ ਭਲਾ ਤੇ ਹੋਵੀ ਭਲਾ' ਵਾਲੇ ਆਸ਼ੇ ਤੇ ਚਲਦਾ ਰਹੁ, ਸਦਾ ਸੁਖੀ ਰਹੇਂਗਾ । (ਸੰਗ੍ਰ)

**ਕਰ ਮਜੂਰੀ ਤੇ ਖਾਹ ਚੂਰੀ ।**

**ਭਾਵ** :— ਮਿਹਨਤ ਕਰੋ ਤੇ ਸੁਖੀ ਦਿਨ ਕਟੋ ।

**ਵਰਤੋਂ** :— ਵਿਹਲੇ ਰਹੋ, ਦੁੱਲਤੇ ਖਾਉ । 'ਕਰ ਮਜੂਰੀ ਤੇ ਖਾਹ ਚੂਰੀ ।' (ਸੰਗ੍ਰ)

**ਕਰ ਲਿਆ ਸੋ ਕਾਮ, ਭੱਜ ਲਿਆ ਸੋ ਰਾਮ ।**

**ਭਾਵ** :— ਕੀਤਾ ਹੋਇਆ ਕੰਮ ਹੀ ਲੇਖੇ ਲਗਦਾ ਹੈ ।

**ਵਰਤੋਂ** :— ਪਿਆਰਿਓ, ਗੱਪਾਂ ਨਾਲ ਨਬੇੜ ਨਹੀਂ ਹੁੰਦਾ । 'ਕਰ ਲਿਆ ਸੋ ਕਾਮ, ਭਜ ਲਿਆ ਸੋ ਰਾਮ ।' (ਸੰਗ੍ਰ)

**ਕਰਜ਼ੋਂ ਛੁਟੇ, ਗੰਗਾ ਨਹਾਏ ।**

**ਭਾਵ** :— ਕਿਸੇ ਦਾ ਕਰਜ਼ਾ ਦੇ ਦੇਣਾ ਵਡਾ ਪੁੰਨ ਹੈ, ਇਸ ਨਾਲ ਮਨ ਤੋਂ ਬੜਾ ਭਾਰ ਲਹਿ ਜਾਂਦਾ ਹੈ ।

**ਵਰਤੋਂ** :— ਜੱਟੀ—ਸ਼ਾਹ ਜੀ ! ਸ਼ੁਕਰ ਹੈ 'ਕਰਜ਼ੋਂ ਛੁਟੇ, ਗੰਗਾ ਨਹਾਏ ।' ਤੁਹਾਡਾ ਦੇਣਾ ਦੇ ਕੇ ਸੁਖੀ ਹੋ ਗਏ ਹਾਂ । (ਸੰਗ੍ਰ)

**ਕਰਣੀ ਦਾ ਊਰਾ, ਕਹਿਣੀ (ਕਥਨੀ) ਦਾ ਰਾ ।**

**ਭਾਵ** :— ਕਥਨੀ ਵਿਚ ਤਾਂ ਦਮਗਜੇ ਮਾਰੇ, ਪਰ ਕਰਣੀ ਕੁਝ ਨਾ ਹੋਵੇ ।

**ਵਰਤੋਂ** :— ਹੁਣ ਤਾਂ ਨੌਜਵਾਨ ਖਾਲਸਾ ਤਾਂ ਸੁਖ ਨਾਲ ਕਹਿਣੀ ਦਾ ਸੂਰਾ ਅਤੇ ਕਰਣੀ ਦਾ ਊਰਾ ਹੈ । ਵਾਹਿਗੁਰੂ ਜਾਣੇ ਕੈਸਾ ਹੈ ਪਰ ਕਰਣੀ ਦੇ ਦਮਗਜੇ ਮਾਰਨ ਲਈ ਤਾਂ ਜੰਗ ਬਹਾਦਰ ਹੈਂ ।
(ਚਰਣ ਹਰਿ ਵਿਸਥਾਰ — ਡ. ਬਲਬੀਰ ਸਿੰਘ)

**ਕਰਣੀ ਨਾ ਕਰਤੂਤ, ਚਲ ਮੇਰੇ ਪੂਤ ।**

ਵੇਖੋ :— ਆਪ ਨਾ ਵੰਞੈ ਸਾਹੁਰੈ, ਲੋਕਾਂ ਮਤੀ ਦੇਇ ।

**ਭਾਵ** :— ਆਪ ਕੁਝ ਨਾ ਕਰਨਾ, ਪਰ ਦੂਜਿਆਂ ਨੂੰ ਮਤ ਦੇਣੀ ।

**ਵਰਤੋਂ** :— ਤੇਰਾ ਕੰਮ ਮੈਨੂੰ ਪਸੰਦ ਨਹੀਂ । ਆਪ ਤਾਂ ਕੁਝ ਤੂੰ ਕਰਨਾ ਨਾ ਹੋਇਆ ਤੇ ਲੋਕਾਂ ਨੂੰ ਮੱਤਾਂ ਦੇਣ ਵਿਚ ਸਭ ਤੋਂ ਮੂਹਰੇ । 'ਕਰਣੀ ਨਾ ਕਰਤੂਤ ਚਲ ਮੇਰੇ ਪੂਤੇ' ਵਾਲਾ ਵਤੀਰਾ ਇਥੇ ਸਫਲ ਨਹੀਂ ਹੋਏਗਾ । (ਸੰਗ੍ਰ)

**ਕਰਣੀ ਬਾਝਹੁ ਤਰੈ ਨਾ ਕੋਇ ।**

**ਭਾਵ** :— ਬਿਨਾ ਚੰਗੇ ਕੰਮ ਕੀਤੇ ਕੋਈ ਮੁਕਤ ਨਹੀਂ ਹੁੰਦਾ ।

**ਵਰਤੋਂ** :—

'ਸਭਨਾ ਕਾ ਦਰਿ ਲੇਖਾ ਹੋਇ ॥
ਕਰਣੀ ਬਾਝਹੁ ਤਰੈ ਨ ਕੋਇ ॥
(ਗੁਰੂ ਗ੍ਰੰਥ — ਰਾਮਕਲੀ ਵਾਰ)

**ਕਰਤਾ ਕਰੇ ਸੋ ਹੋਈ ।**

**ਭਾਵ** :— ਜੋ ਰੱਬ ਚਾਹੁੰਦਾ ਹੈ, ਓਹੀ ਹੁੰਦਾ ਹੈ ।

**ਵਰਤੋਂ** :—

'ਗੁਰਮੁਖਿ ਸਦਾ ਸਲਾਹੀਐ,
ਕਰਤਾ ਕਰੇ ਸੁ ਹੋਈ ॥
(ਗੁਰੂ ਗ੍ਰੰਥ—ਵਾਰ ਸੂਹੀ)

**ਕਰਤਾ ਕਾਰਜ ਕੀਤਾ ਲੋੜੇ, ਸੈਆਂ ਸਬੱਬਾਂ ਦੇ ਪਲ ਵਿਚ ਜੋੜੇ ।**

**ਭਾਵ** :— ਜਦ ਰੱਬ ਕੋਈ ਕਾਰਜ ਸਿਰੇ ਚਾੜ੍ਹਨਾ ਚਾਹੇ ਤਾਂ ਝਟਾ ਪਟ ਕੋਈ ਬਾਨਣੂੰ ਬੰਨ੍ਹ ਦੇਂਦਾ ਹੈ ।

**ਵਰਤੋਂ** :— ਦੈਵਨੇਤ ਨਾਲ ਇਕ ਦਿਨ ਉਸ ਨਗਰ ਦਾ ਰਾਜਾ ਜੋ ਲਾਵਾਰਸ ਸੀ, ਮਰ ਗਿਆ । ਮੰਤਰੀ ਇਹ ਸਲਾਹ ਗਿਣ ਕੇ ਕਿ ਜੋ ਪੁਰਖ ਸਵੇਰੇ ਇਸ ਕਿਲ੍ਹੇ ਦੇ ਦਰਵਾਜ਼ੇ ਹੱਥ ਨੂੰ ਲਾਕੇ ਦੋਲੇ, ਉਸ ਨੂੰ ਰਾਜਾ ਮੰਨ ਲਿਆ ਜਾਵੇ । 'ਕਰਤਾ ਕਾਰਜ ਕੀਤਾ ਲੋੜੇ, ਸੈ ਸਬੱਬਾਂ ਦੇ ਪਲ ਵਿਚ ਜੋੜੇ' ਵਾਲੀ ਗਲ

ਹੋਈ। ਇਹ ਦਰਵਾਜ਼ਾ ਕੀ ਖੁਲ੍ਹਿਆ, ਮਾਨੋ ਕਿਸਮਤ ਦਾ ਦਰਵਾਜ਼ਾ ਖੁਲ੍ਹ ਗਿਆ।

(ਚਰਣ ਹਰਿ ਵਿਸਥਾਰ— ਡ. ਬਲਬੀਰ ਸਿੰਘ)

**"ਕਰਤੂਤਿ ਪਸੂ ਕੀ, ਮਾਨਸ ਜਾਤਿ।"**

**ਭਾਵ :—** ਜ਼ਾਤ ਦੇ ਤਾਂ ਮਨੁਖ ਹਾਂ, ਪਰ ਰਹਿਣੀ ਪਸ਼ੂਆਂ ਵਾਲੀ ਹੈ।

**ਵਰਤੋਂ :—**

"ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨ ਰਾਤਿ ॥

(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਕਰਤੇ ਦੀ ਵਿਦਿਆ ਹੈ।**

**ਭਾਵ :—** ਕੰਮ ਓਹੋ ਕਰ ਸਕਦਾ ਹੈ ਜਿਸ ਨੂੰ ਜਾਨਕਾਰੀ ਹੋਵੇ, ਨਾਵਾਕਫ਼ ਕੰਮ ਵਿਗਾੜ ਦਿੰਦਾ ਹੈ।

**ਵਰਤੋਂ :—** ਕਦੀ ਤਾਂ ਹਰਨਾਮ ਸਿੰਘ ਬੜਾ ਚੰਗਾ ਮਿਸਤਰੀ ਸੀ, ਪਰ ਹੁਣ ਤਾਂ ਇਕ ਮੇਜ਼ ਵੀ ਬਿਨਾ ਨੁਕਸ ਨਹੀਂ ਬਣਾ ਸਕਿਆ। ਸੱਚ ਹੈ ਭਾਈ ਸਭ 'ਕਰਤੇ ਦੀ ਵਿਦਿਆ ਹੈ।' ਹਰਨਾਮ ਸਿੰਘ ਨੂੰ ਕੰਮ ਛਡੇ ਕਈ ਸਾਲ ਹੋ ਗਏ ਹਨ, ਇਸ ਲਈ ਨੁਕਸ ਕਿਵੇਂ ਨਾ ਹੋਣ। (ਸੰਗ੍ਰ)

**ਕਰਨਗੇ ਸੋ ਭਰਨਗੇ।** ਵੇਖੋ :—'ਆਪੇ ਹੀ ਮਰ ਜਾਣਗੇ ਜੋ ਜੇਠ ਪੈਣਗੇ ਰਾਹ।

**ਭਾਵ :—** ਜਿਹੋ ਜਿਹਾ ਕੋਈ ਕੰਮ ਕਰੇਗਾ, ਤਿਹੋ ਜਿਹਾ ਫੱਲ ਪਾਵੇਗਾ

**ਵਰਤੇ :—**

ਕਬੀਰ ਤੇਰੀ ਝੋਪੜੀ
ਗਲ ਕਟਿਆ ਕੇ ਪਾਸ ॥
ਕਰਨਗੇ ਸੋ ਭਰਨਗੇ
ਤੂੰ ਕਿਉਂ ਭਇਓ ਉਦਾਸ।'

(ਬਾਣੀ —ਕਬੀਰ ਜੀ)

**ਕਰਨੀ ਕੱਖ ਦੀ, ਗਲ ਲੱਖ ਦੀ।**

**ਭਾਵ :—** ਗੱਪਾਂ ਖ਼ੂਬ ਮਾਰਨੀਆਂ, ਪਰ ਕੰਮ ਕੁਝ ਨਾ ਕਰਨਾ।

**ਵਰਤੋਂ :—** 'ਕਰਨੀ ਕੱਖ ਦੀ ਚੰਗੀ, ਗਲ ਲਖ ਦੀ ਮਾੜੀ। ਨਬੇੜਾ ਤਾਂ ਕਰਨੀ ਉਤੇ ਹੋਣਾ ਹੈ ਗੱਪਾਂ ਉਤੇ ਨਹੀਂ। (ਸੰਗ੍ਰ)

**ਕਰਨੀ ਕਮਲ ਕਮਾਲ।**

**ਭਾਵ :—** ਚੰਗੀ ਕਰਨੀ ਔਖੇ ਰਾਹ ਸੁਖਾਲੇ ਕਰ ਦੇਂਦੀ ਹੈ।

**ਵਰਤੋਂ :—** ਸਤਿਗੁਰ ਦੀ ਕ੍ਰਿਪਾ ਹੋਵੇ ਤਾਂ— 'ਨੀਚ ਕੀਚ ਨਿਮ੍ਰਤਾ ਘਨੀ, ਕਰਨੀ ਕਮਲ ਕਮਾਲ।'

(ਬਿਜੈ ਸਿੰਘ, —ਭਾ: ਵੀਰ ਸਿੰਘ)

**ਕਰਨੀ ਪ੍ਰਵਾਨ, ਕਿਆ ਹਿੰਦੂ ਕਿਆ ਮੁਸਲਮਾਨ।** ਵੇਖੋ :— 'ਸ਼ੁਭ ਅਮਲਾਂ ਬਾਝੋਂ ਦੋਵੇ ਰੋਈ।'

**ਭਾਵ :—** ਗੁਣਾ ਦੀ ਹੀ ਸ਼ੋਭਾ ਹੁੰਦੀ ਹੈ, ਜ਼ਾਤ ਕੌਮ ਦੀ ਨਹੀਂ।

**ਵਰਤੋਂ :—** ਚੰਗੇ ਕੰਮ ਹੀ ਪ੍ਵਾਨ ਹੁੰਦੇ ਹਨ, ਮਜ਼੍ਹਬਾਂ ਨੂੰ ਕੋਈ ਨਹੀਂ ਪੁਛਦਾ। 'ਕਰਨੀ ਪ੍ਰਵਾਨ ਕਿਆ ਹਿੰਦੂ, ਕਿਆ ਮੁਸਲਮਾਨ।' ਕਰਮ ਹੀਣ ਜੋ ਖੇਤੀ ਕਰੇ, ਗੜੇ ਪੈਣ ਜਾਂ ਬੈਲ ਮਰੇ। (ਸੰਗ੍ਰ)

**ਕਰਮ ਫਲ ਤਾਂ ਸਭ ਫਲ, ਭੀਖ ਵਣਜ ਵਿਹਾਰ।**

**ਭਾਵ :—** ਕਿਸਮਤ ਚੰਗੀ ਨਾ ਹੋਵੇ, ਤਦ ਸਾਰੇ ਵਪਾਰ ਮਾੜੇ ਹੀ ਹੁੰਦੇ ਹਨ।

**ਵਰਤੋਂ :—** ਭਾਈ, ਜਦੋਂ ਤਕ ਕਰਮ ਚੰਗੇ ਨਾ ਹੋਣ, ਸਿੱਧੇ ਕੀਤੇ ਕੰਮ ਭੀ ਪੁੱਠੇ ਹੀ ਹੁੰਦੇ ਹਨ, ਸਿਆਣਿਆਂ ਨੇ ਠੀਕ ਆਖਿਆ ਹੈ :—

'ਕਰਮ ਫਲ ਤਾਂ ਸਭ ਫਲ, ਭੀਖ ਵਣਜ ਵਿਹਾਰ'

(ਸੰਗ੍ਰ)

**ਕਰਮਾਂ ਉਤੇ ਨਿਬੜੇ।**

**ਭਾਵ :—** ਫ਼ੈਸਲਾ ਕਰਮਾਂ ਅਨੁਸਾਰ ਹੋਵੇਗਾ, ਜ਼ਾਤ ਜਨਮ ਕਰਕੇ ਨਹੀਂ।

ਵਰਤੋ :—

ਫਿਰਿ ਜੈਮਨ ਰਿਖਿ ਬੋਲਿਆ
ਜੁਜਰ ਵੇਦ ਮਥ ਕਥਾ ਸੁਣਾਵੈ ।
ਕਰਮਾਂ ਉਤੇ ਨਿਬੜੈ,
ਦੇਹੀ ਮਧ ਕਰੇ ਸੋ ਪਾਵੈ ॥

(ਵਾਰਾਂ —ਭਾਈ ਗੁਰਦਾਸ ਜੀ)

**ਕਰਮਾਂ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ ।**

**ਭਾਵ** :— ਮਿਹਨਤ ਕਰਨ ਨਾਲ ਭੀ ਕੰਮ ਵਿਚ ਸਫ਼ਲਤਾ ਨਾ ਹੋਵੇ, ਸੁਖ ਨੂੰ ਮੁਖ ਰਖ ਮਿਹਨਤ ਕਰੇ ਪਰ ਫਲ ਦੁਖ ਨਿਕਲੇ ।

**ਵਰਤੋਂ** :— ਸੁਭਦ੍ਰਾ—ਮੈਂ ਤੱਤੀ ਕੇਡੀ ਕਰਮਾਂ ਹਾਰੀ ਆਂ । ਸਹੁਰਿਆਂ ਦਾ ਕੁਝ ਨਾ ਵੇਖਿਆ । ਹੱਡ ਰੋਲੇ, ਜਾਨ ਖਪਾਈ । ਹੁਣ ਮਾਪਿਆਂ ਦੇ ਘਰ ਸੁੱਖ ਦੀ ਆਸ ਰਖ ਕੇ ਆਈ ਤੇ ਚੰਦਰਾ ਦੁਖ ਵੀ ਤੇ ਦੁਖ ਵੀ ਉਹ ਜਿਸ ਦਾ ਦਾਰੂ ਨਾ ਇਲਾਜ, ਪਰਛਾਵੇਂ ਵਾਂਗ ਹੀ ਨਾਲ ਆ ਗਿਆ । ਵਾਹ ਕਰਮਾਂ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ । ਹੇ ਮੇਰਿਆ ਸਾਈਆਂ !

(ਸੁਭਦ੍ਰਾ—ਆਈ. ਸੀ. ਨੰਦਾ)

**ਕਰਮਾਂ ਦੀ ਰੱਤੀ ਚੰਗੀ, ਅਕਲ ਦਾ ਤੋਲਾ ਮੰਦਾ ।**

**ਭਾਵ** :— ਕਰਮ ਸਾਥ ਦੇਣ, ਤਾਂ ਹੀ ਗਲ ਹੈ । ਅਕਲ ਉਤੇ ਬਹੁਤਾ ਭਰੋਸਾ ਰਖਣਾ ਮਾੜਾ ਹੈ ।

**ਵਰਤੋਂ** :— ਉਹ ਪੜ੍ਹਿਆ ਹੋਇਆ ਤੇ ਬਥੇਰਾ ਹੈ, ਪਰ ਕਿਸਮਤ ਦਾ ਨਿਰਾ ਬਲੀ ਹੀ ਹੈ । ਵਿਚਾਰੇ ਦਾ ਇਕ ਹੱਥ ਅਗੇ ਤੇ ਇਕ ਪਿਛੇ ਹੀ ਰਹਿੰਦਾ ਹੈ । ਕਰਮਾਂ ਦੀ ਰਤੀ ਚੰਗੀ ਤੇ ਅਕਲ ਦਾ ਤੋਲਾ ਮੰਦਾ । (ਸੰਗ੍ਰ)

**ਕਰਮਾਂ ਦੇ ਲੇਖ ਕੌਣ ਮਿਟਾਵੇ । ਜਾਂ ਕਰਮਾਂ ਦੀ ਰੇਖ ਕੌਣ ਮਿਟਾਵੇ । ਜਾਂ ਕਾਲੀਦਾਸ ਕਰਮ ਦੀ ਰੇਖਾ ਜੋ ਮਸਤਕ ਪਰ ਹੋਤੀ ਜਾਇ ਨਾ ਧੋਤੀ ।**

**ਭਾਵ** :— ਜਿਹੜੇ ਲੇਖ ਲਿਖੇ ਹਨ, ਉਹ ਹੋ ਕੇ ਹੀ ਰਹਿਣਗੇ ।

**ਵਰਤੋਂ** :— ਰਾਣੀ ਜੀ, 'ਕਰਮਾਂ ਦੇ ਲੇਖ ਕੌਣ ਮਿਟਾਵੇ' ? ਵਿਚਾਰੀ ਦੇ ਭਾਗਾਂ ਵਿਚ ਜੂ ਇਹੋ ਕੁਝ ਲਿਖਿਆ ਸੀ । (ਸੰਗ੍ਰ)

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।**

**ਭਾਵ** :— ਆਪੋ ਆਪਣੇ ਕਰਮਾਂ ਅਨੁਸਾਰ ਕੋਈ ਰਬ ਦੇ ਨੇੜੇ ਹੋ ਜਾਂਦੇ ਹਨ ਤੇ ਕੋਈ ਦੂਰ ਹਨ ।

**ਵਰਤੋਂ** :—

ਚੰਗਿਆਈਆਂ ਬੁਰਿਆਈਆਂ
ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ ।

(ਗੁਰੂ ਗ੍ਰੰਥ—ਜਪੁਜੀ)

**ਕਰਾਮਾਤ ਨਾਲੋਂ ਮੁਲਾਕਾਤ ਚੰਗੀ ।**

**ਭਾਵ** :— ਕਿਸੇ ਨਾਲ ਮੇਲ ਜੋਲ ਰਖਣਾ ਕਰਾਮਾਤ ਕੋਲੋਂ ਚੰਗਾ ਹੈ ।

**ਵਰਤੋਂ** :— ਸਭ ਨਾਲ ਘੁਲ ਮਿਲ ਕੇ ਰਹਿਣਾ ਤੇ ਆਪਣੇ ਨੇੜੇ ਤੇੜੇ ਦੇ ਸਭ ਚੰਗੇ ਲੋਕਾਂ ਨੂੰ ਜਾਨਣਾ ਇਕ ਕਰਾਮਾਤੀ ਗੁਣ ਹੈ । ਜਿਥੇ ਕਰਾਮਾਤ ਕੰਮ ਨਹੀਂ ਆਉਂਦੀ, ਉਥੇ ਮੁਲਾਕਾਤ ਆਉਂਦੀ ਹੈ । (ਸੰਗ੍ਰ)

**ਕਰਿ ਮਨ ਮੇਰੇ ਸਤਿ ਬਿਉਹਾਰ ।**

**ਭਾਵ** :— ਮਨ ਵਿਚ ਹਰ ਸਮੇ ਹਰੀ ਨੂੰ ਚੇਤੇ ਰਖਣਾ, ਇਹ ਸਚਾ ਵਪਾਰ ਕਰ ।

**ਵਰਤੋਂ** :—

'ਉਸਤਤਿ ਮਨ ਮਹਿ ਕਰਿ ਨਿਰੰਕਾਰ ॥
ਕਰਿ ਮਨ ਮੇਰੇ ਸਤਿ ਬਿਉਹਾਰ ॥"

(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਕਰੀਰ ਗਿਲਾ ਵੀ ਸੜੇ, ਸੱਸ ਗ਼ਰੀਬਣੀ ਵੀ ਲੜੇ ।**

**ਭਾਵ :—** ਸੱਜਾਂ ਦਾ ਰੁੱਖਾਂ ਸੁਭਾ ਦੱਸਣ ਲਈ ਵਰਤਦੇ ਹਨ ।

**ਵਰਤੋਂ :—** ਸੱਸ ਦੇ ਤਾਹਨਿਆਂ ਨਾਲ ਭੈਣਾਂ ਦਾ ਸੀਨਾ ਛੇਕੋ ਛੇਕ ਹੋਇਆ ਸਾਫ਼ ਦਿਖਾਈ ਦੇਂਦਾ ਹੈ । 'ਕਰੀਰ ਗਿੱਲਾ ਵੀ ਜਲੇ, ਸੱਸ ਗ਼ਰੀਬਣੀ ਵੀ ਲੜੇ ।' ਸੱਸ ਹਮੇਸ਼ਾ ਲਾਲ ਝੰਡਾ ਹੀ ਖੜਾ ਰਖਦੀ ਹੈ ।
(ਜੀਉਂਦੀ ਦੁਨੀਆਂ—ਕਰਤਾਰ ਸਿੰਘ ਸ਼ਮਸ਼ੇਰ)

**ਕਰੇ ਕੋਈ ਤੇ ਭਰੇ ਕੋਈ ਜਾਂ ਕਰੇ ਗੰਗਾ ਤੇ ਭਰੇ ਬੀਬੀ ।**

**ਭਾਵ :—** ਖ਼ਰਾਬੀ ਕਰੇ ਤਾਂ ਕੋਈ ਹੋਰ, ਪਰ ਫੜ ਕਿਸੇ ਹੋਰ ਨੂੰ ਲਿਆ ਜਾਵੇ (ਸਜ਼ਾ ਕੋਈ ਹੋਰ ਭੁਗਤੇ) ।

**ਵਰਤੋਂ :—**ਪਿਉ ਗਰਿਫ਼ਤਾਰ ਨਾ ਹੋ ਸਕੇ ਤਾਂ ਪੁੱਤਰ ਨੂੰ ਫੜ ਲੈ, ਖ਼ਾਵੰਦ ਦੇ ਵਰੰਟ ਹੋਣ ਤਾਂ ਉਸ ਦੀ ਇਸਤ੍ਰੀ ਨੂੰ ਜੇਹਲ ਵਿਚ ਪਾ ਦਿਓ । 'ਕਰੇ ਕੋਈ ਤੇ ਭਰੇ ਕੋਈ' ਦਾ ਰਿਵਾਜ ਜਾਗੀਰਦਾਰੀ ਸਮੇਂ ਆਮ ਹੁੰਦਾ ਸੀ ।
(ਫੁਲਵਾੜੀ— ਹੀਰਾ ਸਿੰਘ ਦਰਦ)

**ਕਰੇ ਵਾਹ ਤੇ ਲਏ ਗਾਹ ।** ਵੇਖੋ :— 'ਜਿਨੀ ਗੋਡੀ । ਓਨੀ ਡੋਡੀ ।'

**ਭਾਵ :—** ਧਰਤੀ ਦੀ ਵਾਹੀ ਚੰਗੀ ਕਰੋ, ਫ਼ਸਲ ਚੰਗੀ ਹੋਵੇਗੀ ।

**ਵਰਤੋਂ :—** ਭਰਾਵੋ, ਕਰੇ ਵਾਹ, ਤੇ ਲਏ ਗਾਹ ।' ਜਿਨੀ ਵਾਹੀ ਚੰਗੀ ਕਰੋਗੇ, ਓਨੀ ਹੀ ਫ਼ਸਲ ਚੰਗੀ ਹੋਵੇਗੀ । (ਸੰਗ੍ਰ)

**ਕਰੇਲਾ ਕੌੜਾ, ਉਹ ਵੀ ਅਧਰਿੜਿਆ ।**

**ਭਾਵ :—** ਇਕ ਅਗੇ ਹੀ ਔਕੜ ਹੋਵੇ, ਉਸ ਉਪਰ ਹੋਰ ਕਰੜਾਈ (ਸਖ਼ਤੀ) ਆ ਪਵੇ ।

**ਵਰਤੋਂ :—** ਕੁਦਰਤ ਕਰਤਾਰ ਦੀ ਇਸ ਸਿਆਲੇ ਦੀ ਜਵਾਨੀ ਨੂੰ ਜੋਬਨ ਚੜ੍ਹਾਉਣ ਲਈ ਬੱਦਲ ਆ ਗਏ, ਬੂੰਦਾ ਬਾਂਦੀ ਲਗ ਪਈ । ਇਸ ਨੇ ਤਾਂ ਉਹ ਗਲ ਕੀਤੀ ਜੀਕਰ 'ਕੌੜਾ ਕਰੇਲਾ, ਪਰ ਹੋਵੇ ਅਧਰਿੜਿਆ ।
(ਚਰਨਹਰਿ ਵਿਸਥਾਰ —ਡਾ: ਬਲਬੀਰ ਸਿੰਘ)

**ਕ੍ਰੋਧੀ, ਨਿੱਜ ਧਰੋਹੀ ।**

**ਭਾਵ :—** ਕ੍ਰੋਧੀ ਆਪਣਾ ਨੁਕਸਾਨ ਆਪੇ ਹੀ ਕਰਦਾ ਹੈ ।

**ਵਰਤੋਂ :—** ਚੋਧਰੀ—ਮੁਨਸ਼ੀ ਨੇ ਗੁਸੇ ਵਿਚ ਆ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ । ਸਚ ਹੈ : 'ਕ੍ਰੋਧੀ ਨਿੱਜ ਧਰੋਹੀ ।' (ਸੰਗ੍ਰ)

**ਕਲ ਦੇ ਸਿਰ ਭਸ, ਅਜ ਸੁਖੀ ਹੋਕੇ ਵਸ ।**

**ਭਾਵ :—** ਹੁਣ ਦਾ ਸਮਾਂ ਸੁਖੀ ਕਟੋ, ਕਲ ਦਾ ਫ਼ਿਕਰ ਨਾ ਕਰੋ ।

**ਵਰਤੋਂ :—** ਵਲਾਇਤਾਂ ਦੇ ਜੀਵਨ ਦੀ ਗਹਿਮਾ ਗਹਿਮੀ ਤੇ ਮੌਜ ਮੇਲ ਨੂੰ ਵੇਖ ਕੇ ਬੰਦਾ ਏ-ਵਸਾ ਹੋ ਕੇ ਕਹਿ ਉਠਦਾ ਹੈ : ''ਕਲ੍ਹ ਦੇ ਸਿਰ ਭਸ, ਅੱਜ ਸੁਖੀ ਹੋ ਕੇ ਵਸ ।' (ਸੰਗ੍ਰ)

**ਕੱਲਰ ਖਤੇ ਨ ਜੰਮਈ, ਘਨਹਰ ਵਰਸੰਤੇ ।**

**ਭਾਵ :—** ਕੱਲਰ ਵਿਖੇ ਖੇਤੀ ਨਹੀਂ ਜੰਮਦੀ, ਭਾਵੇਂ ਕਿੰਨਾਂ ਹੀ ਮੀਂਹ ਵਰ੍ਹੇ । ਭਾਵ, ਮੰਦਾ ਆਪਣਾ ਸੁਭਾ ਨਹੀਂ ਛਡਦਾ, ਭਾਵੇਂ ਓਹਦੇ ਨਾਲ ਕਿੰਨੀ ਚੰਗਿਆਈ ਵਰਤੋ ।

**ਵਰਤੋਂ :—**

ਸੰਢ ਸਪੁੱਤੀ ਨ ਥੀਐ, ਕਣਤਾਵੇ ਕੰਤੈ ।
ਕੱਲਰ ਖੇਤ ਨ ਜੰਮਈ ਘਨਹਰ ਵਰਸੰਤੈ ॥
(ਵਾਰਾਂ —ਭਾਈ ਗੁਰਦਾਸ)

**ਕਲਰ ਖੇਤ ਨਿਆਈਂ ਨਾ ਹੋਵਤ, ਰਾਈਂ ਪਠਾਣ ਨਾ ਪੋਤਾ, ਦਭ ਦਾ ਕਾਨਾ ਕਮਾਦ ਨਾ ਹੋ ਤੇ ਚਾਹੇ ਰਹੇ ਇਖ ਵਿਚ ਖੜੋਤਾ ।**

**ਭਾਵ** :— ਜਿਵੇਂ ਕਲਰ ਵਿਚ ਚੰਗੀ ਖੇਤੀ ਨਹੀਂ ਹੁੰਦੀ, ਰਾਈਂ ਪਠਾਣ ਨਹੀਂ ਬਣ ਸਕਦਾ ਤਿਵੇਂ ਦਭ ਦਾ ਕਾਨਾ ਕਮਾਦ ਨਹੀਂ ਹੋ ਸਕਦਾ । ਅਸਲ ਅਸਲ ਤੇ ਨਕਲ ਨਕਲ ਹੀ ਹੈ ।

**ਵਰਤੋਂ** :— ਗੱਲ ਤਾਂ ਲੱਖ ਰੁਪਏ ਦੀ ਕਹੀ ਜੇ । 'ਕਲਰ ਖੇਤ ਨਿਆਈ ਨਾ ਹੋਵਤ ਰਾਈਂ ਪਠਾਣ ਨਾ ਪੋਤਾ, ਦਭ ਦਾ ਕਾਨਾ ਕਮਾਦ ਨਾ ਹੋ ਤੇ ਚਾਹੇ ਰਹੇ ਇਖ ਵਿਚ ਖੜੋਤਾ' । ਅਸਲ ਅਸਲ ਤੇ ਨਕਲ ਨਕਲ ਹੀ ਹੈ । (ਸੰਗ੍ਰ)

**ਕੱਲਰ ਖੇਤੀ ਬੀਜੀਐ ਕਿਹੁ ਕਾਜ ਸਰੀਐ ।**

**ਭਾਵ** :—ਕਲਰ ਵਿਚ ਖੇਤੀ ਕਰਨ ਦਾ ਕੋਈ ਲਾਭ ਨਹੀਂ ਹੁੰਦਾ । ਭਾਵ ਮੰਦੇ ਤੋਂ ਚੰਗੇ ਦੀ ਆਸ ਨਹੀਂ ਰਖਣੀ ਚਾਹੀਦੀ।

**ਵਰਤੋਂ** :—

ਵੜੀਐ ਕੱਜਲ ਕੋਠੜੀ ਮੁਹ ਕਾਲਖ-ਭਰੀਐ ॥
ਕਲਰ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ ॥
(ਵਾਰਾਂ—ਭਾਈ ਗੁਰਦਾਸ ਜੀ)

**ਕਲਰ ਦਾ ਕੀ ਖੇਤ, ਕਪਟੀ ਦਾ ਕੀ ਹੇਤ । ਜਾਂ ਕਲਰ ਦਾ ਕੀ ਖੇਤ, ਕੁਪੱਤੀ ਦਾ ਕੀ ਹੇਤ ?**

**ਭਾਵ** :— ਜਿਵੇਂ ਕਲਰ ਵਾਲੀ ਖੇਤੀ ਕਿਸੇ ਕੰਮ ਦੀ ਨਹੀਂ, ਤਿਵੇਂ ਕੁਪੱਤੀ ਜ਼ਨਾਨੀ ਜਾਂ ਕਪਟੀ ਮਿੱਤਰ ਦਾ ਪਿਆਰ ਵੀ ਕਿਸੇ ਕੰਮ ਨਹੀਂ ।

**ਵਰਤੋਂ** : — ਭਾਈ । ਤੁਸਾਂ ਸੁਣਿਆ ਨਹੀਂ ਜੇ ਕਿ 'ਕਲਰ ਦਾ ਕੀ ਖੇਤ, ਕਪਟੀ ਦਾ ਕੀ ਹੇਤ ।' ਉਸ ਕੋਲੋਂ ਕਿਸੀ ਚੰਗੀ ਗਲ ਦੀ ਆਸ ਰਖਣੀ ਹੀ ਨਹੀਂ ਚਾਹੀਦੀ ਸੀ । (ਸੰ)

**ਕਲਰ ਵਿਚ ਕੌਲ (ਕੰਵਲ)**

**ਭਾਵ** :— ਭੈੜੀ ਕੁਲ ਵਿਚ ਕਿਸੇ ਸ੍ਰੇਸ਼ਟ ਪੁਰਸ਼ ਦਾ ਪੈਦਾ ਹੋ ਜਾਣਾ ।

**ਵਰਤੋਂ** :— ਸ਼ਕੁੰਤਲਾ ਜਿਉਂ ਜਿਉਂ ਕਠਨ ਵਰਤ ਧਾਰਨੀ ਬਣਦੀ ਜਾਂਦੀ ਸੀ, ਤਿਉਂ ਤਿਉਂ ਪਿੰਡ ਦੀਆਂ ਤੀਵੀਆਂ ਦੀ ਸ਼ਰਧਾ-ਭਗਤੀ ਉਸ ਉਪਰ ਵਧਦੀ ਜਾਂਦੀ ਸੀ, ਉਸ ਦੇ ਮਪਿਆਂ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ । ਉਨ੍ਹਾਂ ਦੇ ਘਰ 'ਕਲਰ ਵਿਚ ਕੌਲਾ' ਉਗ ਪਿਆ ਸੀ । ਉਹ ਆਪਣੇ ਭਾਗਾਂ ਨੂੰ ਸਲਾਹੁੰਦੇ ਸਨ ਤੇ ਪਿੰਡ ਵਾਲੇ ਆਪਿਣਿਆ ਨੂੰ ।
(ਮਿਠਾ ਮੋਹਰਾ— ਨਾਨਕ ਸਿੰਘ)

**ਕਲਰ ਵਿਚ ਬੀ ।** ਵੇਖੋ :— 'ਕਲਰ ਖੇਤ ਨਾ ਜੰਮਈ ਘਨਹਰ ਵਰਸੰਤੇ ।

**ਭਾਵ** :— ਕਿਸੇ ਅਨ-ਅਧਕਾਰੀ ਨੂੰ ਚੰਗੀ ਮਤ ਦੇਈਏ, ਪਰ ਫੱਲ ਕੁਝ ਨਾ ਨਿਕਲੇ ।

**ਵਰਤੋਂ** :— ਕਰਮ ਚੰਦ ਨੂੰ ਸਮਝਾਉਣਾ ਤਾਂ 'ਕਲਰ ਵਿਚ ਬੀ' ਪਾਉਣ ਤੁਲ ਹੈ। ਉਸਨੂੰ ਇਕ ਨਹੀਂ ਪੋਹਣੀ । (ਸੰਗ੍ਰ)

**ਕਲਾ ਕਲੰਦਰ ਵਸੇ, ਤੇ ਘੜਿਉਂ ਪਾਣੀ ਨਸੇ ।**

**ਭਾਵ** :— ਘਰ ਵਿਚ ਦੁਬਧਾ ਪੈ ਜਾਣ ਨਾਲ ਕੰਮ ਖ਼ਰਾਬ ਹੋਣ ਲਗ ਪੈਂਦੇ ਹਨ ।

**ਵਰਤੋਂ** :—ਤੁਸੀਂ ਉਸ ਨੂੰ ਗਦੀ ਦਾ ਮਾਲਕ ਬਣਾਓ ! ਘਰ ਵਿਚ ਦੁਬਧਾ ਪਾਕੇ ਕਲ ਦਾਸ ਦੇ ਮੂੰਹ ਨਾ ਜਾਓ । ਅਖੇ 'ਕਲਾ ਕਲੰਦਰ ਵਸੇ ਤੇ ਘੜਿਓਂ ਪਾਣੀ ਨਸੇ ।'
(ਮਹਾਰਾਜਾ ਰਣਜੀਤ ਸਿੰਘ—ਲਾ: ਕਿਰਪਾ ਸਾਗਰ)

**ਕੱਲਾ ਰੱਬ ਕਰਕੇ ਰੁਖ ਭੀ ਨਾ ਹੋਵੇ।**

**ਭਾਵ** :— ਇਕਲ ਪੁਣੇ ਦੇ ਦੁਖ ਨੂੰ ਦਰਸਾਇਆ ਹੈ ।

**ਵਰਤੋਂ** :— ਰਸਾਲੂ ਦੇ ਘਰੋਂ ਰਾਣੀ ਕੋਕਲਾ ਭੀ ਇਕੱਲ ਤੋਂ ਤੰਗ ਸੀ। ਕਹਿੰਦੇ ਹਨ, 'ਕਲਾ ਰੱਬ ਕਰਕੇ ਰੁੱਖ ਭੀ ਨਾ ਹੋਵੇ।'

(ਪੰਜਾਬੀ ਭੌਰੇ - ਸ: ਸ: ਅਮੋਲ ਤੇ ਤੇਜਾ ਸਿੰਘ)

**ਕਲਿਜੁਗ ਨਾਵੈ ਕੀ ਵਡਿਆਈ।**

**ਭਾਵ** :— ਕਲਿਜੁਗ ਵਿਚ ਹਰੀ ਸਿਮਰਨ ਕਰਨਾ ਹੀ ਉਚਿਤ ਹੈ।

**ਵਰਤੋਂ** :—

ਕਰਕੇ ਨੀਚ ਸਦਾਵਣਾ ਤਾਂ
ਪ੍ਰਭੁ ਲੇਖੈ ਅੰਦਰ ਪਾਈ।
ਕਲਿਜੁਗ ਨਾਵੈ ਕੀ ਵਡਿਆਈ ॥

(ਵਾਰਾਂ—ਭਾਈ ਗੁਰਦਾਸ ਜੀ)

**ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ।**

**ਭਾਵ** :— ਕਲਿਜੁਗ ਦੇ ਸਮੇਂ ਲੋਕਾਂ ਵਿਚ ਚੰਡਾਲ ਵਾਲਾ ਸੁਭਾ ਵਰਤਿਆ ਹੋਇਆ ਹੈ।

**ਵਰਤੋਂ** :—

'ਇਸੁ ਕਲਿਜੁਗ ਮਹਿ ਕਰਮ ਧਰਮੁ ਨਾ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ।'

(ਗੁਰੂ ਗ੍ਰੰਥ— ਗਉੜੀ ਗੁਆਰੇਰੀ)

**ਕਲੂ ਜੰਮੀ ਗਿਦੜੀ ਤੇ ਅੱਜ ਹੋਇਆ ਵਿਆਹ।**

**ਭਾਵ** :— ਜਦ ਕੋਈ ਕਿਸੇ ਕੰਮ ਦੇ ਕਰਨ ਵਿਚ ਬੜੀ ਕਾਹਲੀ ਕਰੇ ਤਾਂ ਮਿਹਣੇ ਵਜੋਂ ਇਹ ਅਖਾਣ ਵਰਤਦੇ ਹਨ।

**ਵਰਤੋਂ** :— 'ਨਿੱਠ ਕੇ ਬਹੁ ਨੀ। ਕਲੂ ਜੰਮੀ ਗਿੱਦੜੀ ਤੇ ਅੱਜ ਹੋਇਆ ਵਿਆਹ।' ਆਪਣਾ ਪਿੱਛਾ ਤਾਂ ਵੇਖ। (ਸੰਗ੍ਰ)

**ਕਲੂ ਦੀ ਫਕੀਰੀ, ਦੁਪਹਿਰੇ ਧੂਣੀ।**

**ਭਾਵ** :— ਬੇਠੁਕਵੀਂ ਗਲ ਕਰਨੀ ਜਾਂ ਜਦੋਂ ਮਾਮੂਲੀ ਹਸਤੀ ਦਾ ਬੰਦਾ ਵਡੀਆਂ ਟਾਹਰਾਂ ਮਾਰੇ।

**ਵਰਤੋਂ** :— ਸੁਰੈਣ ਸਿੰਘ– ਉਏ ਬਸ ਵੀ ਕਰ, ਐਡੀਆਂ ਸ਼ੇਖੀਆਂ ਨਾ ਮਾਰ, 'ਕਲੂ ਦੀ ਫਕੀਰੀ ਦੁਪਹਿਰੇ ਧੂਣੀ' ਵਾਲਾ ਤੇਰਾ ਲੇਖਾ ਹੈ।

(ਸੰਗ੍ਰ)

**ਕਲੂ ਦੀ ਭੂਤਨੀ ਸਿਵਿਆਂ ਵਿਚ ਅੱਧ। ਜਾਂ ਕਲੂ ਦੀ ਭੂਤਨੀ, ਮੜ੍ਹੀਆ ਦਾ ਅੱਧ।**

**ਭਾਵ** :— ਮਾਮੂਲੀ ਹਸਤੀ ਹੋਣੀ ਤੇ ਗੱਪਾਂ ਖ਼ੂਬ ਮਾਰਨੀਆਂ।

**ਵਰਤੋਂ** :— 'ਕਲ ਦੀ ਭੂਤਨੀ ਤੇ ਮੜ੍ਹੀਆਂ ਵਿਚ ਅੱਧ।' ਕੀ ਹੈ ਓਹਦੇ ਹੱਥ ਪਲੇ, ਜੋ ਉਹਨੂੰ ਆਪਣੀ ਕੁੜੀ ਫੜਾ ਦੇਈਏ। (ਸੰਗ੍ਰ)

**ਕਲੂ ਨਾਮ ਕਾਲ ਦਾ।**

**ਭਾਵ** :— ਕਿਸੇ ਕੰਮ ਵਿਚ ਦਿਲ ਨਾ ਕਰੋ, ਪਤਾ ਨਹੀਂ ਕਲੂ ਕੀ ਹੋ ਜਾਵੇ ?

**ਵਰਤੋਂ** :— ਕਲੂ ਤੇ ਪਰਸੋਂ ਦੇ ਇਕਰਾਰ ਕਰਨ ਦੀ ਲੋੜ ਹੀ ਨਹੀਂ, ਕਿਉਂਕਿ ਕਲੂ ਨਾਮ ਕਾਲ ਦਾ ਹੈ। ਜੋ ਸੁਆਦ ਪਹਿਲੇ ਤੇ ਅਚਨਚੇਤ ਮਿਲਾਪ ਵਿਚ ਹੈ ਉਹ ਮਿਥੇ ਹੋਇ ਦੂਜੇ ਵਿੱਚ ਕਿਥੇ ?

(ਮੇਰਾ ਵਲੈਤੀ ਸਫ਼ਰ ਨਾਮਾ— ਸ: ਲਾਲ ਸਿੰਘ)

**ਕਾਉਂ ਕਪੂਰ ਨਾ ਚਖਈ ਦੁਰਗੰਧ ਸੁਖਾਵੈ।**

**ਭਾਵ** :— ਕਾਂ ਕਪੂਰ ਨੂੰ ਚਖਦਾ ਹੀ ਨਹੀਂ। ਉਸ ਨੂੰ ਗੰਦਗੀ ਹੀ ਚੰਗੀ ਲਗਦੀ ਹੈ। ਮੰਦੇ ਪੁਰਸ਼ ਬੁਰਾਈ ਵਿੱਚ ਹੀ ਖਚਤ ਰਹਿੰਦੇ ਹਨ।

**ਵਰਤੋਂ** : —

ਕਾਉਂ ਕਪੂਰ ਨ ਚਖਈ ਦੁਰਗੰਧ ਸੁਖਾਵੈ ॥
ਹਾਥੀ ਨੀਰ ਨਵਾਲੀਐ, ਸਿਰ ਛਾਰ ਉਡਾਵੈ ॥

(ਵਾਰਾਂ—ਭਾਈ ਗੁਰਦਾਸ ਜੀ)

**ਕਾਉਂ ਨਾ ਹੋਵਨ ਉਜਲੇ, ਕਾਲੀ ਹੂੰ ਧੋਲੇ ਸਿਰ ਆਏ।**

ਭਾਵ :— ਕਾਂ ਕਦੀ ਚਿੱਟੇ ਨਹੀਂ ਹੁੰਦੇ ਭਾਵੇਂ ਕਾਲਿਆਂ ਵਾਲਾਂ ਤੋਂ ਧੌਲੇ ਸਿਰ ਤੇ ਆ ਜਾਣ। ਭਾਵ, ਮੰਦੇ ਆਪ ਵੀ ਮੰਦਿਆਈ ਨਹੀਂ ਛਡਦੇ।

ਵਰਤੋਂ :—

ਨਿਹਫਲ ਸਿੰਮਲ ਜਾਣੀਐ,
ਅਫਲ ਸਫਲ ਕਰ ਸਭ ਫਲ ਪਾਏ॥
ਕਾਉਂ ਨਾ ਹੋਵਨ ਉਜਲੇ,
ਕਾਲੀ ਹੂੰ ਧੌਲੇ ਸਿਰ ਆਏ॥
(ਵਾਰਾਂ—ਭਾਈ ਗੁਰਦਾਸ ਜੀ)

**ਕਾਉਣੀ ਨੂੰ ਕਾਂ ਪਿਆਰਾ, ਰਾਉਣੀ ਨੂੰ ਰਾ ਪਿਆਰਾ।** ਵੇਖੋ— ਹੰਸ ਹੰਸਾ ਬਗ ਬਗਾ।

ਭਾਵ :— ਹਰ ਇਕ ਨੂੰ ਆਪਣੇ ਹਾਣ ਜਾਂ ਆਪਣੇ ਵਰਗੇ ਚੰਗੇ ਲਗਦੇ ਹਨ।

ਵਰਤੋਂ :— ਤੁਸੀਂ ਕਿਉਂ ਖਿਝਦੀਆਂ ਹੋ, ਜੇ ਉਹ ਆਪਣੇ ਪਤੀ ਦੀ ਸੋਭਾ ਕਰਦੀ ਹੈ। 'ਕਾਉਣੀ ਨੂੰ ਕਾਂ ਪਿਆਰਾ, ਰਾਉਣੀ ਨੂੰ ਰਾ।' (ਸੰਗ੍ਰ)

**ਕਾਇਆਂ ਹੰਸ ਵਿਛੁਨਿਆਂ ਤਿਸ ਕੌਨ ਸਥੋਈ।**

ਭਾਵ :— ਸਰੀਰ ਵਿਚੋਂ ਆਤਮਾ ਤੁਰ ਜਾਵੇ ਤਾਂ ਫਿਰ ਉਸਦਾ ਕੋਈ ਵੀ ਸਾਥੀ ਨਹੀਂ।

ਵਰਤੋਂ :—

'ਕਾਇਆਂ ਹੰਸ ਵਿਛੁੰਨਿਆਂ ਤਿਸ ਕੌਨ ਸਥੋਈ।
ਬੇਮੁਖ ਸੁਕੇ ਰੁਖ ਜਿਉਂ ਵੇਖੈ ਸਭ ਲੋਈ।
(ਵਾਰਾਂ—ਭਾਈ ਗੁਰਦਾਸ ਜੀ)

**ਕਾਹਦੇ ਸਾਹੇ ਜੇ ਆਪ ਨਾ ਵਿਆਹੇ।**

ਭਾਵ :— ਜਦ ਕਿਸੇ ਪਾਸ ਕੁਝ ਨਾ ਹੋਵੇ ਤੇ ਹੋਂਦ ਵਾਲਾ ਉਸ ਨਾਲ ਆਪਣੇ ਧੰਨ (ਜਾਂ ਗੁਣ) ਦੀ ਗਲ ਛੇੜੇ, ਤਦ ਉਹ ਉਤਰ ਵਿਚ ਇਹ ਅਖਾਣ ਵਰਤਦਾ ਹੈ।

ਵਰਤੋਂ :— ਜੀ ਸਾਨੂੰ ਕੀ ਤੁਹਾਡੇ ਧੰਨ ਨਾਲ? 'ਕਾਹਦੇ ਸਾਹੇ ਜੇ ਆਪ ਨਾ ਵਿਆਹੇ'। ਅਸੀਂ ਤਾਂ ਉਂਝੇ ਦੇ ਉਂਝੇ ਹੀ ਸੜਕਾਂ ਕੱਛ ਰਹੇ ਹਾਂ। (ਸੰਗ੍ਰ)

**ਕਾਹਲੀ ਅਗੇ ਟੋਏ।** ਜਾਂ **ਕਾਹਲੀ ਦੀ ਘਾਣੀ ਅੱਧਾ ਤੇਲ ਅੱਧਾ ਪਾਣੀ।**

ਭਾਵ :— ਕਾਹਲੀ ਕਰਨ ਨਾਲ ਕੰਮ ਖ਼ਰਾਬ ਹੋ ਜਾਂਦਾ ਹੈ।

ਵਰਤੋਂ :— ਭਾਈ ਹਰ ਕੰਮ ਧੀਰਜ ਨਾਲ ਕਰੋ, ਸੁਣਿਆ ਨਹੀਂ ਜੇ 'ਕਾਹਲੀ ਅਗੇ ਟੋਏ'। (ਸੰ)

**"ਕਾਹੇ ਰੇ ਮਨ ਚਿਤਵਹਿ ਉਦਮ ਜਾ ਆਹਰਿ ਹਰਿ ਜੀਉ ਪਰਿਆ।**

ਭਾਵ :— ਹੇ ਮਨ! ਰੋਜ਼ੀ ਦੀ ਚਿੰਤਾ ਨਾ ਕਰ। ਰੱਬ ਨੂੰ ਸਭ ਦਾ ਫ਼ਿਕਰ ਹੈ।

ਵਰਤੋਂ :—

'ਕਾਹੇ ਰੇ ਮਨ ਚਿਤਵਹਿ ਉਦਮੁ,
ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ,
ਤਾਕਾ ਰਿਜਕੁ ਆਗੈ ਕਰਿ ਧਰਿਆ॥
(ਗੁਰੂ ਗ੍ਰੰਥ—ਰਾਗ ਗੁਜਰੀ)

**ਕਾਗਉ ਹੋਇ ਨਾ ਊਜਲਾ ਲੋਹੇ ਨਾਵ ਨਾ ਪਾਰੁ।**

ਭਾਵ :— ਕਾਂ ਤੋਂ ਚਿੱਟਾ ਹੰਸ ਨਹੀਂ ਬਣਦਾ, ਲੋਹੇ ਦੀ ਬੇੜੀ ਤੇ ਪਾਰ ਨਹੀਂ ਹੋ ਸਕੀਦਾ। ਮਾੜੇ ਦਾ ਆਸਰਾ ਫੜਨਾ ਜਾ ਮਾੜੇ ਤੋਂ ਚੰਗਾ ਹੋਣ ਦੀ ਆਸ ਰਖਣੀ ਠੀਕ ਨਹੀਂ।

ਵਰਤੋਂ :—

"ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ॥
ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣ ਹਾਰੁ॥
(ਗੁਰੂ ਗ੍ਰੰਥ— ਮਾਰੂ ਵਾਰ)

**ਕਾਗਤ ਭਿੱਜੇ ਤਾਂ ਸੁਕਾਇਆ ਫਿਰ ਕਾਗਤ ਦਾ ਕਾਗਤ, ਪਰ ਅਫੀਮੀ ਜਾਂ ਘੋੜੇ ਭਿਜੇ ਦਾ ਕੱਖ ਨਹੀਂ ਰਹਿੰਦਾ।**

**ਭਾਵ** :— ਜਦ ਮਾੜੇ ਲਈ ਚੰਗੀ ਚੀਜ਼ ਦੀ ਵਰਤੋਂ ਵੀ ਮਾੜੀ ਸਾਬਤ ਹੋਵੇ।

**ਵਰਤੋਂ** :— ਹੱਥ ਪਾਣੀ ਕਰਕੇ ਪੰਜ ਇਸ਼ਨਾਨਾ ਕੀਤਾ। ਨ੍ਹਾਉਣ ਵਲੋਂ ਤਾਂ ਹਫੀਮੀ ਦੀ ਬੜੀ ਉਘੀ ਗਲ ਹੈ। 'ਕਾਗਤ ਭਿੱਜੇ ਤਾਂ ਸੁਕਾਇਆ ਫਿਰ ਕਾਗਤ ਦਾ ਕਾਗਤ ਪਰ ਅਫੀਮੀ ਜਾਂ ਘੋੜੇ ਭਿਜੇ ਦਾ ਕੱਖ ਨਹੀਂ ਰਹਿੰਦਾ।'' ਅਫੀਮੀ ਨੇ ਪਾਣੀ ਡਿੱਠਾ, ਤਾਂ ਕਾਂਬਾ ਛਿੜ ਪਿਆ।

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਕਾਗਦ ਦੇ ਘੋੜੇ ਕਦ ਤੀਕ ਦੌੜਨਗੇ।**

**ਭਾਵ** :—ਫੋਕੀਆਂ ਗਲਾਂ ਨਾਲ ਕੰਮ ਰਾਸ ਨਹੀਂ ਹੋਣਾ।

**ਵਰਤੋਂ** :— ਜੀ ਕਾਗਦ ਦੇ ਘੋੜੇ ਕਦ ਤੀਕ ਦੌੜਨਗੇ? ਤੁਹਾਡੀਆਂ ਹਵਾਈ ਵਿਉਂਤਾਂ ਕਦੀ ਸਿਰੇ ਚੜ੍ਹਦੀਆਂ ਨਹੀਂ ਦਿਸਦੀਆਂ। (ਸੰਗ੍ਰ)

**ਕਾਗਜ਼ ਦੀ ਬੇੜੀ, ਅੱਗ ਮਲਾਹ।**
**ਜਾਂ ਕਾਗਜ਼ ਦੀ ਬੇੜੀ, ਬਾਂਦਰ ਮਲਾਹ।**

**ਭਾਵ** :— ਨਾਜ਼ਕ ਚੀਜ਼ ਦਾ ਕਿਸੇ ਮੂਰਖ ਪਾਸੋਂ ਵਿਗੜ ਜਾਣਾ ਜਾਂ ਵਿਉਂਤ ਜਿਹੜੀ ਸਿਰੇ ਨਾ ਚੜ੍ਹ ਸਕੇ।

**ਵਰਤੋਂ** :— ਤੁਸੀਂ ਵੀ ਕਾਗਤਾਂ ਦੀ ਬੇੜੀ ਦਾ ਮਲਾਹ ਬਾਂਦਰ ਚੁਕ ਬਣਾਇਆ। ਏਨੀ ਨਾਜ਼ਕ ਕੁੜੀ ਏਸ ਮੁਸ਼ਟੰਡੇ ਦੇ ਹਵਾਲੇ ਕਰ ਦਿਤੀ। ਦੁਖ ਤਾਂ ਉਸ ਨੂੰ ਮਿਲਣਾ ਹੀ ਸੀ। (ਸੰਗ੍ਰ)

**ਕਾਚੇ ਕਰਵੈ ਰਹੇ ਨਾ ਪਾਨੀ।**

**ਭਾਵ** :— ਕਚੇ ਲੋਟੇ ਵਿਚ ਪਾਣੀ ਨਹੀਂ ਠਹਿਰ ਸਕਦਾ। ਅਨਸਥਿਰ ਚੀਜ਼ ਜਾਂ ਹੋਛੇ ਆਦਮੀ ਉਤੇ ਭਰੋਸਾ ਰਖਣਾ ਠੀਕ ਨਹੀਂ।

**ਵਰਤੋਂ** :—

'ਕਾਚੈ ਕਰਵੈ ਰਹੈ ਨ ਪਾਨੀ ॥
ਹੰਸੁ ਚਲਿਆ ਕਾਇਆ ਕੁਮਲਾਨੀ ॥'

(ਗੁਰੂ ਗ੍ਰੰਥ— ਰਾਗ ਸੂਹੀ)

**ਕਾਜੀ ਸੋ ਜੋ ਉਲਟੀ ਕਰੈ।**

**ਭਾਵ** :— ਕਾਜ਼ੀ ਓਹ ਹੈ ਜਿਹੜਾ ਮਨ ਨੂੰ ਮਾਇਆ ਵਲੋਂ ਮੋੜ ਲਵੇ।

**ਵਰਤੋਂ** :—

'ਕਾਜੀ ਸੋ ਜੋ ਉਲਟੀ ਕਰੈ ॥
ਗੁਰਪਰਸਾਦੀ ਜੀਵਤੁ ਮਰੈ ॥'

(ਗੁਰੂ ਗ੍ਰੰਥ—ਧਨਾਸਰੀ ਰਾਗ)

**ਕਾਜ਼ੀ ਨੂੰ ਸ਼ਹਿਰ ਦਾ ਝੋਰਾ।**

**ਭਾਵ** :— ਆਪਣੇ ਕੰਮ ਵਲ ਤਾਂ ਘਟ ਧਿਆਨ ਦੇਣਾ, ਪਰ ਦੂਜਿਆਂ ਦੇ ਕੰਮ ਦਾ ਫ਼ਿਕਰ ਕਰਨਾ।

**ਵਰਤੋਂ** :— ਤੁਸੀਂ ਆਪਣੀ ਭਲੀ ਨਿਬੇੜੋ। ਦੂਜਿਆ ਦੇ ਨਾਲ ਤੁਹਾਨੂੰ ਕੀ? ਅਖੇ 'ਕਾਜ਼ੀ ਨੂੰ ਨੂੰ ਸ਼ਹਿਰ ਦਾ ਝੋਰਾ' ਇਹ ਕਿਉਂ? (ਸੰਗ੍ਰ)

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ।**

**ਭਾਵ** :— ਜਦ ਕਿਸੇ ਨੂੰ ਜਿਵੇਂ ਜੀ ਚਾਹੇ, ਪੁਤਲੀ ਵਾਂਗ ਨਚਾਵੇ।

**ਵਰਤੋਂ** :—

੧. 'ਕਾਠ ਕੀ ਪੁਤਰੀ ਕਹਾ ਕਰੈ
ਬਪੁਰੀ ਖਿਲਾਵਨ ਹਾਰੋ ਜਾਨੈ ॥
ਜੈਸਾ ਭੇਖੁ ਕਰਾਵੈ ਬਾਜੀ ਗਰੁ
ਓਹੁ ਤੈਸੋ ਹੀ ਸਾਜੁ ਆਨੈ ॥'

(ਗੁਰੂ ਗ੍ਰੰਥ— ਗਉੜੀ ਮਹਲਾ ੫)

੨. ਇਸ ਨੇ ਪਾਤਸ਼ਾਹ ਨੂੰ ਕਾਠ ਦੀ ਪੁਤਲੀ ਬਨਾ ਰਖਿਆ ਸੀ। ਜਿਵੇਂ ਨਚਾਂਦੀ ਸੀ, ਉਹ ਨਚਦਾ ਸੀ। 'ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ।'

(ਬਿਜੈ ਸਿੰਘ— ਡਾ: ਭਾਈ ਵੀਰ ਸਿੰਘ)

**ਕਾਠ ਦੀ ਹਾਂਡੀ (ਤੌੜੀ) ਇਕ ਵਾਰ ਹੀ ਚੜ੍ਹਦੀ ਹੈ।**

**ਭਾਵ :—** ਕਿਸੇ ਭਰੋਸੇ ਵਾਲੀ ਥਾਂ ਤੋਂ ਧੋਖਾ ਖਾ ਅਗੇ ਨੂੰ ਉਸ ਦਾ ਇਤਬਾਰ ਨਾ ਕਰਨਾ।

**ਵਰਤੋਂ :—** ਸਾਰੇ ਜਣੇ-ਹੱਛਾ ਸ਼ਾਹ ਜੀ! ਇਹ ਹਸਾਨ ਸਾਡੇ ਤੇ ਸਹੀ। ਪਰ ਗਲ ਉਹ ਕਰਨੀ ਚਾਹੀਦੀ ਏ, ਜੋ ਗਾਹਕ ਮੁੜ ਵੀ ਆਵੇ। ਨਹੀਂ ਤਾਂ ਤੁਸੀਂ ਜਾਣਦੇ ਹੋ, 'ਕਾਠ ਦੀ ਹਾਂਡੀ ਇਕੋ ਵਾਰ ਚੜ੍ਹਦੀ ਏ।

(ਰਜਨੀ ਨਾਟਕ—ਬਲਵੰਤ ਸਿੰਘ)

**ਕਾਠ ਦੀ ਬਿੱਲੀ, ਮਿਆਉਂ ਕੌਣ ਕਰੇ।**

**ਭਾਵ :—** ਕਿਸੇ ਮਾੜੇ ਆਦਮੀ ਪਾਸੋਂ ਦਲੇਰੀ ਦੇ ਕੰਮ ਦੀ ਆਸ ਨਹੀਂ ਰਖਣੀ ਚਾਹੀਦੀ।

**ਵਰਤੋਂ :—**ਪੰਚਾ! ਤੂੰ ਤਾਂ ਬੜਾ ਭੋਲਾ ਏਂ। ਆਖੇ 'ਕਾਠ ਦੀ ਬਿੱਲੀ, ਮਿਆਉਂ ਕੌਣ ਕਰੇ'। ਗ਼ਰੀਬ ਚੰਦ ਪਾਸੋਂ ਦਲੇਰੀ ਦੀ ਆਸ ਰਖਣੀ ਮੂਰਖਤਾ ਹੈ, ਉਹ ਵਿਚਾਰਾ ਤਾਂ ਹਿਲ ਵੀ ਨਹੀਂ ਸਕਦਾ। (ਸੰਗ੍ਰ)

**ਕਾਠੀ ਤੇ ਜੇ ਕਾਠੀ ਮਰੀਜੇ, ਅੰਤ ਭਜੇਗੀ।**

**ਭਾਵ :—** ਗੰਦਗੀ ਨਾਲ ਗੰਦਗੀ ਨਹੀਂ ਧੋਤੀ ਜਾਂਦੀ।

**ਵਰਤੋਂ :—** ਕਦੀ ਇਹ ਹੁੰਦਾ ਡਿੱਠਾ ਜੇ ਕਿ ਮਾੜੀ ਗਲ ਨੂੰ ਹੋਰ ਮਾੜਾ ਕੰਮ ਕਰਕੇ ਦਬਾਇਆ ਜਾਵੇ? 'ਕਾਠੀ ਤੇ ਜੇ ਕਾਠੀ ਮਰੀਜੇ, ਅੰਤ ਭਜੇਗੀ।' ਖ਼ਰਾਬੀ ਵਧੇਗੀ ਹੀ, ਘਟੇਗੀ ਨਹੀਂ।

(ਸੰਗ੍ਰ)

**ਕਾਣਾ ਕਣਾਵੇ ਤੇ ਲੰਡਾ ਲੰਡਾਵੇ।**

**ਭਾਵ :—** ਆਖੇ ਤਾਂ ਕੋਈ ਸਾਂਝੀ ਜਿਹੀ ਗਲ, ਪਰ ਸੁਣਨ ਵਾਲੇ ਆਪੋ ਆਪਣੇ ਵਲ ਖਿੱਚਣ।

**ਵਰਤੋਂ :—** ਮੈਂ ਤੁਸਾਡੇ ਵਿਚੋਂ ਤਾਂ ਕਿਸੇ ਨੂੰ ਕੁਝ ਨਹੀਂ ਆਖਿਆ! ਤੁਸੀਂ ਤਾਂ ਐਵੇਂ ਹੀ ਮੂੰਹ ਭਾਰਾ ਕਰ ਬੈਠੀਆਂ ਹੋ, ਤੁਸਾਡੀ ਤਾਂ ਓਹੋ ਗਲ ਹੈ ਅਖੇ 'ਕਾਣਾ ਕਣਾਵੇਂ ਤੇ ਲੰਡਾ ਲੰਡਾਵੇ।' ਐਵੇਂ ਮੇਰੀ ਗਲ ਆਪਣੀ ਵਲ ਖਿੱਚੀ ਜਾਂਦੀਆਂ ਹੋ। (ਸੰਗ੍ਰ)

**ਕਾਣੇ ਦੀ ਇੱਕ ਰਗ ਵਧੀਕ।**

**ਭਾਵ :—** ਕਾਣੇ ਬੰਦੇ ਦੀ (ਜਾਂ ਹੋਰ ਕਿਸੇ ਅੰਗ-ਮਾਰੇ) ਸ਼ਰਾਰਤ ਵੇਖਣ ਤੇ ਇਹ ਅਖਾਣ ਵਰਤਦੇ ਹਨ। ਓਦੋਂ ਕਾਣੇ ਦੀ ਥਾਂ ਲੰਗਾ, ਲੂਲਾ, ਅੰਨ੍ਹਾ ਆਦਿ ਵਰਤ ਲੈਂਦੇ ਹਨ।

**ਵਰਤੋਂ :—** ਨਕਟੋ ਨੂੰ ਇਹ ਗਲ ਥੋੜੀ ਜੇਹੀ ਚੁਭ ਗਈ ਤੇ ਫੁਰਤੀ ਨਾਲ ਕਹਿਣ ਲਗਾ-ਇਨ੍ਹੀ ਗਲੀਂ ਹੀ ਤਾਂ ਕਹਿੰਦੇ ਹਨ ਕਿ ਕਾਣੇ ਦੀ ਇਕ ਰਗ ਵਧੀਕ ਹੁੰਦੀ ਹੈ।

(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਕਾਮਿਆਂ ਦੇ ਕਹੇ ਕਦੀ ਢੱਗੇ ਨਹੀਂ ਮਰਦੇ।**

**ਭਾਵ :—** ਗਰਜ਼ਵੰਦਾਂ ਦੀਆਂ ਲੋੜਾਂ ਜ਼ਬਾਨੀ ਆਖਣ ਨਾਲ ਪੂਰੀਆਂ ਨਹੀਂ ਹੁੰਦੀਆਂ।

**ਵਰਤੋਂ :—** ਧਨੇ ਸ਼ਾਹ—ਪੰਡਤ ਜੀ! ਜੋ ਜੀ ਆਵੇ ਕਹੀ ਜਾਉ, ਪਰ ਇਹ ਚੇਤਾ ਰਖੋ ਕਿ ਕਾਮਿਆਂ ਦੇ ਕਹੇ ਕਦੀ ਢਗੇ ਨਹੀਂ ਮਰਦੇ। (ਸੰਗ੍ਰ)

**ਕਾਮੁ ਕ੍ਰੋਧ ਕਾਇਆ ਕਉ ਗਾਲੈ॥**
**ਜਿਉ ਕੰਚਨ ਸੋਹਾਗਾ ਢਾਲੈ॥**

**ਭਾਵ :—** ਗੁੱਸਾ ਤੇ ਕਾਮ ਚੇਸ਼ਟਾ ਸਰੀਰ ਨੂੰ ਇਉਂ ਗਾਲਦੇ ਹਨ ਜਿਵੇਂ ਅੱਗ ਸੋਨੇ ਨੂੰ ਢਾਲਦੀ ਹੈ।

**ਵਰਤੋਂ:—**

ਕਾਮ ਕ੍ਰੋਧ ਕਾਇਆ ਕਉ ਗਾਲੈ॥
ਜਿਉਂ ਕੰਚਨ ਸੋਹਾਗਾ ਢਾਲੈ॥'

(ਗੁਰੂ ਗ੍ਰੰਥ—ਰਾਮ ਕਲੀ ਦਖਣੀ ਓਅੰਕਾਰ)

**ਕਾਮੇ ਲੜਨ ਬਖਤਾਵਰਾਂ ਦੇ ਤੇ ਬਲਦ ਲੜਨ ਕੰਮਬਖ਼ਤਾਂ ਦੇ।**

**ਭਾਵ** :— ਅਮੀਰ ਦੇ ਪਿਛ-ਲੱਗ ਆਪੋ ਵਿਚ ਲੜਨ, ਤਾਂ ਉਸ ਨੂੰ ਲਾਭ ਹੁੰਦਾ ਹੈ, ਪਰ ਜੇ ਗ਼ਰੀਬ ਦੇ ਸਹਾਇਕ ਆਪੋ ਵਿਚ ਲੜਨ ਤਾਂ ਉਸ ਨੂੰ ਹਾਨ ਹੀ ਹਾਨ ਹੈ।

**ਵਰਤੋਂ** :— ਮੇਰੇ ਜਿਹੇ ਗ਼ਰੀਬਾਂ ਦਾ ਜ਼ੋਰ ਮੇਰੀਆਂ ਬਾਹਾਂ ਤੇ ਹੈ, ਅਮੀਰ ਦਾ ਪੈਸੇ ਤੇ। 'ਕਾਮੇ ਲੜਨ ਬਖਤਾਵਰਾਂ ਦੇ, ਬਲਦ ਲੜਨ ਕੰਮਬਖ਼ਤਾਂ ਦੇ।' ਮੇਰੇ ਨਾਲ ਜੇ ਮੇਰੇ ਮਿੱਤਰ ਹੀ ਲੜ ਪਏ, ਤਾਂ ਮੈਂ ਕਿਹੜੇ ਖੂਹ ਡਿਗਾਂਗਾ। (ਸੰਗ੍ਰ)

**ਕਾਰਜੁ ਸਾਢੇ ਤੀਨਿ ਹਥ ਘਨੀ ਤ ਪਾਉਨੇ ਚਾਰਿ।**

**ਭਾਵ** :— ਬਹੁਤਾ ਲੋਭ ਕਰਨਾ ਮਾੜਾ ਹੈ ਤੁਹਾਡੇ ਕੰਮ ਤਾਂ ਸਾਢੇ ਤਿਨ ਹੱਥ ਜ਼ਿਮੀ (ਕਬਰ ਲਈ) ਆਉਣੀ ਹੈ। ਬਹੁਤੀ ਹੋਈ, ਤਾਂ ਪੌਣੇ ਚਾਰ ਹੱਥ ਥਾਂ ਮਿਲ ਜਾਏਗੀ।

**ਵਰਤੋਂ** :—

'ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ ॥
ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ॥'
(ਗੁਰੂ ਗ੍ਰੰਥ— ਸ਼ਲੋਕ ਕਬੀਰ ਜੀ)

**ਕਾਲ ਦੀ ਬੱਧੀ ਨੇ ਮੰਗਿਆ ਤੇ ਬਾਲ ਦੀ ਬੱਧੀ ਨੇ ਮੰਗਿਆ।**

**ਭਾਵ** :— ਜਦੋਂ ਕਾਲ ਦੇ ਹਥੋਂ ਤੰਗ ਆ ਜਾਂ ਆਪਣੇ ਬਾਲ ਦੀ ਖ਼ਾਤਰ ਕੋਈ ਕਿਸੇ ਪਾਸੋਂ ਕੋਈ ਚੀਜ਼ ਮੰਗੇ।

**ਵਰਤੋਂ** :— ਸ਼ਾਹ ਜੀ। ਮੈਂ ਕੀ ਕਰਾਂ? ਕਦੇ ਨਾ ਮੰਗਦਾ, ਪਰ 'ਕਾਲ ਦੀ ਬੱਧੀ ਨੇ ਮੰਗਿਆ ਤੇ ਬਾਲ ਦੀ ਬੱਧੀ ਨੇ ਮੰਗਿਆ।' ਮੁੰਡਾ ਬੀਮਾਰ ਹੈ। ਓਹਦੇ ਦਾਰੂ ਲਈ ਮੈਨੂੰ ਰੁਪਈਏ ਚਾਹੀਦੇ ਹਨ। ਮੈਨੂੰ ਖ਼ਾਲੀ ਨ ਮੋੜੋ। (ਸੰਗ੍ਰ)

**ਕਾਲ ਦੇ ਹੱਥ ਕਮਾਨ, ਬੁੱਢਾ ਬਚੇ ਨ ਜਵਾਨ।**

**ਭਾਵ** :— ਕਾਲ ਮੌਤ ਦੇ ਹੱਥੋਂ ਕੋਈ ਵੀ ਬਚ ਨਹੀਂ ਸਕਦਾ।

**ਵਰਤੋਂ** :— ਵੈਦ ਜੀ: 'ਕਾਲ ਦੇ ਹਥ ਕਮਾਨ, ਬੁਢਾ ਬਚੇ ਨਾ ਜਵਾਨ'। ਰੱਬ ਦਾ ਭਾਣਾ ਇਸੇ ਤਰ੍ਹਾਂ ਸੀ। (ਸੰਗ੍ਰ)

**ਕਾਲ ਨਿਕਲ ਜਾਵੇਗਾ, ਕੁਲੀ ਖਾਂ ਨਹੀਂ।**

**ਭਾਵ** :— ਔਖਾ ਸਮਾਂ ਤਾਂ ਨਿਕਲ ਜਾਵੇਗਾ, ਪਰ ਮਾੜੇ ਬੰਦੇ ਨਾਲ ਗੁਜ਼ਾਰਾ ਕਰਨਾ ਔਖਾ ਹੈ।

**ਵਰਤੋਂ** :— ਕਾਲ ਟੱਲ ਜਾਂਦਾ ਹੈ, ਕੁਲੀ ਖਾਂ ਨਹੀਂ। ਦੁਖ ਝਲੇ ਜਾਂਦੇ ਹਨ, ਦੁਖੀ ਕਰਨ ਵਾਲਾ ਨਹੀਂ ਝਲਿਆ ਜਾਂਦਾ। (ਸੰਗ੍ਰ)

**ਕਾਲ ਨਿਕਲ ਜਾਵੇਗਾ, ਗਲ ਰਹਿ ਜਾਏਗੀ।**

**ਭਾਵ** :— ਜਦ ਦੁਖ ਸਮੇਂ ਨਜ਼ਦੀਕੀ ਰਿਸ਼ਤੇਦਾਰ ਕੋਈ ਹਮਦਰਦੀ ਨਾ ਕਰਨ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕੋਈ ਗਲ ਨਹੀਂ 'ਕਾਲ ਤਾਂ ਨਿਕਲ ਹੀ ਜਾਵੇਗਾ, ਪਰ ਗਲ ਰਹਿ ਜਾਵੇਗੀ।' ਮੈਂ ਵੀ ਚੇਤੇ ਤਾਂ ਰਖਾਂਗਾ, ਕੌਣ ਮੇਰਾ ਹੈ, ਕੌਣ ਬਿਗਾਨਾ। (ਸੰਗ੍ਰ)

**ਕਾਲਾ ਕੰਬਲ ਊਜਲਾ ਕਿਉਂ ਹੋਇ ਸਬੂਣੇ।**

**ਭਾਵ** :— ਕਾਲੇ ਕੰਬਲ ਨੂੰ ਕਿਤਨਾ ਹੀ ਸਬੂਣ ਲਾਓ, ਚਿੱਟਾ ਨਹੀਂ ਹੁੰਦਾ। ਭਾਵ ਮੰਦੇ ਨੂੰ ਕਿੰਨਾਂ ਵੀ ਚੰਗਿਆ ਦੀ ਸੰਗਤ ਵਿੱਚ ਬਿਠਾਓ, ਮੰਦੇ ਹੀ ਰਹਿੰਦੇ ਹਨ।

**ਵਰਤੋਂ** :—

ਲਸਣ ਲੁਕਾਇਆਂ ਨਾ ਲੁਕੇ ਬਹਿ ਖਾਜੈ ਕੂਣੇ।
ਕਾਲਾ ਕੰਬਲ ਊਜਲਾ ਕਿਉਂ ਹੋਇ ਸਬੂਣੇ।
(ਵਾਰਾਂ—ਭਾਈ ਗੁਰਦਾਸ ਜੀ)

**ਕਾਲਾ ਬਾਹਮਣ ਤੇ ਗੋਰਾ ਚੂੜ੍ਹਾ ਦੋਹਾਂ ਕੋਲੋਂ ਭਲਾ ਨਹੀਂ ਹੁੰਦਾ।**

**ਭਾਵ :—** ਜਦ ਇਨ੍ਹਾਂ ਦੋਹਾਂ ਵਿਚੋਂ ਕੋਈ ਨੁਕਸਾਨ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਗੰਜੇ ਨੂੰ ਵੀ ਰੱਬ ਨਹੁੰ ਨਾ ਦੇਵੇ ਨਾ ਰੂਪ ਦੇਵੇ ਕਿਸੇ ਕਮੀਨ ਨੂੰ। 'ਕਾਲਾ ਬਾਹਮਣ ਤੇ ਗੋਰਾ ਚੂੜ੍ਹਾ ਦੋਹਾਂ ਕੋਲੋਂ ਭਲਾ ਨਹੀਂ ਹੁੰਦਾ'। (ਸੰਗ੍ਰ)

**ਕਾਲਿਆਂ ਕਾਲੇ ਵੰਨ।**

**ਭਾਵ :—** ਕਾਲਿਆਂ ਦੇ ਰੰਗ ਕਾਲੇ ਹੀ ਰਹਿੰਦੇ ਹਨ। ਮਨੁਖ ਆਪਣਾ ਸੁਭਾ ਨਹੀਂ ਬਦਲਦਾ।

**ਵਰਤੋਂ :—**

'ਰਾਤੀ ਹੋਵਨਿ ਕਾਲੀਆਂ ਸੁਪੇਦਾ ਸੇ ਵੰਨ ॥
ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥'
(ਗੁਰੂ ਗ੍ਰੰਥ— ਵਾਰ ਸੂਹੀ)

**ਕਾਲੀ ਘਟਾ ਡਰਾਉਣੀ, ਧੌਲੀ ਵਸਣ ਹਾਰ। ਜਾਂ ਕਾਲੀ ਘਟਾ ਡਰਾਉਣੀ, ਚਿੱਟੀ ਮੀਂਹ ਵਰਸਾਉਣੀ।**

**ਭਾਵ :—** ਬਹੁਤੀਆਂ ਗੱਪਾਂ ਮਾਰਨ ਵਾਲੇ ਕੰਮ ਘਟ ਹੀ ਸੁਆਰਦੇ ਹਨ ਪਰ ਚੁਪੀਤੇ ਬਾਹਲਾ।

**ਵਰਤੋਂ :—** ਉਹ ਬੋਲਦਾ ਘਟ ਹੈ, ਪਰ ਕੰਮ ਵਧੀਕ ਕਰਦਾ ਹੈ। 'ਕਾਲੀ ਘਟਾ ਡਰਾਉਣੀ, ਧੌਲੀ ਵਸਣ ਹਾਰ'। ਤੁਸੀਂ ਗੱਪਾਂ ਨਾਲ ਕਿਸੇ ਦੇ ਕੰਮ ਨੂੰ ਨਾ ਪਰਖੋ। (ਸੰਗ੍ਰ)

**ਕਾਲੇ ਕਦੇ ਨਾ ਹੋਵਣ ਬਗੇ, ਭਾਵੇਂ ਸੌ ਮਣ ਸਾਬਣ ਲਗੇ।**

**ਭਾਵ :—** ਕਾਲੇ ਰੰਗ ਵਾਲੇ ਚਿੱਟੇ ਨਹੀਂ ਹੁੰਦੇ, ਭਾਵੇਂ ਕਿੰਨਾ ਵੀ ਸਾਬਣ ਲਾਓ।

**ਵਰਤੋਂ :—** ਵਿਚ ਹੀ ਆ ਗਈ ਹੈ।

**ਕਾਵਾਂ ਕੋਲ ਢੋਲ ਵਜਾਉਣੇ, ਭੂਤਾਂ ਕੋਲੋਂ ਮੁਰਾਦਾਂ।**

**ਭਾਵ :—** ਅਜੋਗ ਪੁਰਸ਼ ਨੂੰ ਕੋਈ ਵਧੀਆ ਚੀਜ਼ ਦੇਣੀ ਜਾਂ ਅਜੇਹੇ ਬੰਦੇ ਪਾਸੋਂ ਕਿਸੇ ਨੇਕੀ ਦੀ ਆਸ ਰਖਣੀ, ਜਿਹੜਾ ਉਕਾ ਹੀ ਕੁਝ ਨਾ ਕਰ ਸਕੇ।

**ਵਰਤੋਂ :—** ਭਾਈ ਸਾਹਿਬ, ਤੁਸੀਂ ਵੀ ਕਾਵਾਂ ਕੋਲੋਂ ਢੋਲ ਵਜਾਉਂਦੇ ਤੇ ਭੂਤਾਂ ਕੋਲੋਂ ਮੁਰਾਦਾਂ ਮੰਗਦੇ ਹੋ? ਕਦੀ ਚੰਦਰੇ ਲੋਕਾਂ ਨੇ ਵੀ ਕਿਸੇ ਦੀ ਸਣੀ ਮੰਨੀ ਹੈ। (ਸੰਗ੍ਰ)

**ਕਾਵਾਂ ਦੀਆਂ ਮਾਵਾਂ ਨੇ ਕੋਇਲਾਂ ਦੇ ਬੋਲ ਪਛਾਣ ਲਏ।**

**ਭਾਵ :—** ਜਦ ਧੋਖਾ ਦੇਣ ਵਾਲੇ ਦਾ ਪਾਜ ਖੁਲ੍ਹ ਜਾਵੇ।

**ਵਰਤੋਂ :—** ਤਿਨਾਂ ਨੇ ਹੀ ਡਰ ਤੇ ਹੈਰਾਨੀ ਨਾਲ ਇਕ ਦੂਜੇ ਵਲ ਤਕਿਆ। ਪਰ ਹੁਣ ਕੀ ਹੋ ਸਕਦਾ ਸੀ? 'ਕਾਵਾਂ ਦੀਆਂ ਮਾਵਾਂ ਨੇ ਕੋਇਲਾਂ ਦੇ ਬੋਲ ਪਛਾਣ ਲਏ ਪਰ ਵੇਲਾ ਖੁੰਝਾ ਕੇ।
(ਚਿੱਟਾ ਲਹੂ—ਨਾਨਕ ਸਿੰਘ)

**ਕਾਵਾਂ ਦੇ ਆਖੇ ਢੋਰ ਨਹੀਂ ਮਰਦੇ।**

**ਭਾਵ :—** ਜਦ ਕੋਈ ਭੈੜਾ ਕਿਸੇ ਨੂੰ ਬਦ ਅਸੀਸ ਦੇਵੇ, ਤਦ ਉਸ ਤੇ ਬੇ-ਪ੍ਰਵਾਹੀ ਦੱਸਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ :—**

ਘੁਰਕ ਕਿਹਾ ਉਸ 'ਪਰੇ ਬੈਠ
ਤੁਧ ਕਿਹਾਂ ਨਾ ਇਸ ਮਰ ਜਾਣਾ।
'ਕਾਂ ਦੇ ਕਿਹਾਂ ਢੋਰ ਨਹੀਂ ਮਰਦਾ',
ਹੁੰਦਾ ਰੱਬ ਦਾ ਭਾਣਾ।
(ਬਾਦਸ਼ਾਹੀਆਂ—ਸ: ਸ: ਚਰਨ ਸਿੰਘ)

**ਕਾਵਾਂ ਦੇ ਘਰ ਵਾਲਿਆਂ ਡੇਰਾ ਮਘੋਵਾਲ।**

**ਭਾਵ :—** ਮਘੋਵਾਲ ਇਕ ਪਿੰਡ ਦਾ ਨਾਂ ਹੈ। ਥਾਂ ਥਾਂ ਫਿਰਦੇ ਭੌਂਦੂ ਸਬੰਧੀ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਓਹ ਵੀ ਅਨੋਖੇ ਬੰਦੇ ਹਨ। ਅਜ ਕਿਤੇ ਕਲ੍ਹ ਕਿਤੇ, ਇਕ ਥਾਂ ਟਿਕਾਣਾ ਰਖਦੇ ਹੀ ਨਹੀਂ। ਉਨ੍ਹਾਂ ਦਾ ਤਾਂ 'ਕਾਵਾਂ ਦੇ ਘਰ ਵਾਲਿਆਂ ਡੇਰਾ ਮਘੋਵਾਲ' ਵਾਲਾ ਲੇਖਾ ਹੈ। (ਸੰਗ੍ਰ)

**ਕਾਵਾਂ ਰੌਲੀ ਮੂਰਖੁ ਸੰਗੇ।**

**ਭਾਵ :—** ਮੂਰਖਾਂ ਦੀ ਸੰਗਤ ਵਿਚ ਰੌਲਾ ਹੀ ਹੁੰਦਾ ਹੈ। ਸਮਝ ਕੁਝ ਨਹੀਂ ਆਉਂਦਾ।

**ਵਰਤੋਂ :—**

ਸਹੁਰੇ ਪੁਛਹੁ ਜਾਇਕੈ, ਕਉਣ ਮੂਆ ਨੂੰਹ ਉਤਰ ਮੰਗੇ।।
ਕਾਵਾਂ ਰੌਲੀ ਮੂਰਖੁ ਸੰਗੇ ।।

(ਵਾਰਾਂ—ਭਾਈ ਗੁਰਦਾਸ)

**ਕਿਆ ਤੂੰ ਰਤਾ ਗਿਰਸਤ ਜਿਉਂ ਸਭ ਫੁਲਾਂ ਕੀ ਬਾਗਾਤਿ।**

**ਭਾਵ :—** ਤੂੰ ਗ੍ਰਿਹਸਤ ਵਿਚ ਕਿਉਂ ਖੁਭ ਗਿਆ ਹੈਂ। ਇਹ ਤਾਂ ਫੁਲਾਂ ਦੀ ਬਗੀਚੀ ਵਾਂਗ ਥੋੜੇ ਸਮੇਂ ਲਈ ਹੀ ਸੁਹਣਾ ਹੈ।

**ਵਰਤੋਂ :—**

"ਜੈਸੇ ਰੈਣਿ ਪਰਾਹੁਣੇ,
ਉਠਿ ਚਲਸਹਿ ਪਰਭਾਤਿ ।।
ਕਿਆ ਤੂੰ ਰਤਾ ਗਿਰਸਤ ਸਿਉਂ,
ਸਭ ਫੁਲਾ ਕੀ ਬਾਗਾਤਿ ।।"

(ਗੁਰੂ ਗ੍ਰੰਥ— ਸ੍ਰੀ ਰਾਗ)

**ਕਿਸ ਬਾਗ਼ ਦੀ ਮੂਲੀ ਏ।**

**ਭਾਵ :—** ਕਿਸੇ ਗਲ ਜੋਗਾ ਵੀ ਨਹੀਂ।

**ਵਰਤੋਂ :—** ਹਾਕਮ ਕਿਸ ਬਾਗ਼ ਦੀ ਮੂਲੀ ਏ, ਸ਼ਾਮ ਸਿੰਘ ਨੇ ਤਾਂ ਬੜਿਆਂ ਬੜਿਆਂ ਦੀ ਨਾਂਹ ਕਰਾ ਦਿੱਤੀ ਹੋਈ ਏ। (ਸੰ)

**ਕਿਸ ਰਾਜੇ ਦੀ ਪਰਜਾ।**

**ਭਾਵ :—** ਪਤਾ ਨਹੀਂ ਕੀ ਭਾਣਾ ਵਰਤਣ ਵਾਲਾ ਹੈ? ਜਾਂ, ਜਦ ਕਿਸੇ ਨੂੰ ਕਹਿਣਾ ਹੋਵੇ ਕਿ ਤੂੰ ਕਿਹੜੇ ਬਾਗ ਦੀ ਮੂਲੀ ਹੈਂ? ਜਾਂ ਜਦ ਬਹੁਤੀ ਗੜਬੜੀ ਵਿਚ ਪਤਾ ਨਾ ਲਗੇ ਕਿ ਕੌਣ ਕੀ ਹੈ?

**ਵਰਤੋਂ :—** ਕੋਈ ਗਲ ਨਹੀਂ। ਉਸ ਨੂੰ ਹੁਣੇ ਮਲੂਮ ਹੋ ਜਾਏਗਾ, ਜੁ ਉਹ ਕਿਸ ਰਾਜੇ ਦੀ ਪਰਜਾ ਹੈ? (ਸੰਗ੍ਰ)

**ਕਿਸਮਤ ਨਾਲ ਵਲੱਲੀ ਝਗੜੇ।**

**ਭਾਵ :—** ਕਿਸਮਤ ਨਾਲ ਜਦ ਕੋਈ ਝਗੜੇ ਤੇ ਮੂਰਖਤਾ ਦਸੇ।

**ਵਰਤੋਂ :—** ਕਿਸਮਤ ਨਾਲ ਝਗੜਨ ਦਾ ਕੀ ਲਾਭ? ਤੂੰ ਸੁਣਿਆ ਨਹੀਂ 'ਕਿਸਮਤ ਨਾਲ ਵੱਲਲੀ ਝਗੜੇ।' ਹੁੰਦਾ ਤਾਂ ਓਹੀ ਹੈ, ਜੋ ਭਾਗਾਂ ਵਿਚ ਲਿਖਿਆ ਹੋਵੇ। (ਸੰਗ੍ਰ)

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰ।**

**ਭਾਵ :—** ਦੋਸਤੀ ਕਿਸ ਨਾਲ ਪਾਈਏ। ਸਾਰੇ ਸੰਸਾਰ ਵਿਚ ਕੋਈ ਵੀ ਥਿਰ ਨਹੀਂ।

**ਵਰਤੋਂ :—**

'ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ।।
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ।।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣ ਹਾਰ ।।'

(ਗੁਰੂ ਗ੍ਰੰਥ— ਆਸਾ ਦੀ ਵਾਰ)

**ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰ ਆਇਆ।**

**ਭਾਵ :—** ਕਿਸ ਅਗੇ ਆਪਣੇ ਦਿਲ ਦਾ ਦੁੱਖ ਫੋਲਾਂ, ਜਦ ਸਾਰਾ ਜਗਤ ਹੀ ਦੁੱਖਾਂ ਦਾ ਸ਼ਿਕਾਰ ਹੈ।

**ਵਰਤੋਂ :—**

'ਮਨ ਪਰਦੇਸੀ ਜੇ ਥੀਐ,
ਸਭੁ ਦੇਸੁ ਪਰਾਇਆ ॥
ਕਿਸੁ ਪਹਿ ਖੋਲਉ ਗੰਠੜੀ,
ਦੂਖੀ ਭਰ ਆਇਆ ।'
(ਗੁਰੂ ਗ੍ਰੰਥ — ਸੂਹੀ ਰਾਗ)

**ਕਿਸੇ ਖੋਤੀ ਵਾਹ ਖਾਧੀ, ਕਿਸੇ ਪੋਥੀ ਵਾਹ ਖਾਧੀ ।**

**ਭਾਵ :—** ਕੰਮ ਨੀਵਾਂ ਹੋਵੇ ਜਾਂ ਉੱਚਾ, ਭਾਵ ਤਾਂ ਰੋਟੀ ਕਮਾਣ ਤੋਂ ਹੈ ।

**ਵਰਤੋਂ :—** ਕੋਈ ਗਲ ਨਹੀਂ । 'ਕਿਸੇ ਖੋਤੀ ਵਾਹ ਖਾਧੀ, ਕਿਸੇ ਪੋਥੀ ਵਾਹ ਖਾਧੀ ।' ਉਸ ਠੇਕੇਦਾਰੀ ਕਰ ਲਈ ਅਸਾਂ ਮਜੂਰੀ ਕਰ ਲਈ । ਰੋਟੀ ਹੀ ਕਮਾਣੀ ਹੈ ! ਫ਼ਰਕ ਕੀ ਹੋਇਆ ? (ਸੰਗ੍ਰ)

**ਕਿਸੇ ਛਾਬੇ ਪੂਰਾ ਨਹੀਂ ਹੁੰਦਾ ।**

**ਭਾਵ :—** ਕੋਈ ਝਗੜਾ ਕਰੀ ਜਾਵੇ, ਤੇ ਕਿਸੇ ਤਰ੍ਹਾਂ ਵੀ ਗਲ ਮੁਕਣ ਨਾ ਦੇਵੇ ।

**ਵਰਤੋਂ :—** ਕੀ ਕਰੀਏ ਜੀ । ਉਹ ਤਾਂ ਕਿਸੇ ਛਾਬੇ ਵੀ ਪੂਰਾ ਨਹੀਂ ਹੁੰਦਾ । ਝਗੜਾ ਵਿੱਚੋਂ ਮੁਕਣ ਹੀ ਨਹੀਂ ਦੇਂਦਾ (ਸੰਗ੍ਰ)

**ਕਿਸੇ ਜੁਗ ਦਾ ਵੱਟਾ ਲੈਣਾ ਹੋਵੇਗਾ ।**

**ਭਾਵ :—** ਕਿਸੇ ਭਲੇਮਾਣਸ ਨਾਲ ਕੋਈ ਬੁਰਾਈ ਕਰੇ, ਜਾਂ, ਕੋਈ ਕਿਸੇ ਦਾ ਵੈਰੀ ਬਣ ਜਾਵੇ, ਤਾਂ ਉਹ ਆਪਣੇ ਆਪ ਨੂੰ ਤਸੱਲੀ ਦੇਣ ਲਈ ਵਰਤਦਾ ਹੈ ।

**ਵਰਤੋਂ :—** ਵੇਖੋ : ਬਿਪਤਾ ਸਮੇਂ ਮੈਂ ਪਿਆਰਾ ਸਿੰਘ ਦੀ ਕਿਤਨੀ ਸਹਾਇਤਾ ਕੀਤੀ, ਪਰ ਉਸ ਨੇ ਮੇਰੇ ਸਿਰ ਕੀ ਸਿਆਪਾ ਪੁਆ ਦਿਤਾ ਹੈ । ਸ਼ਾਇਦ 'ਕਿਸੇ ਜੁਗ ਦਾ ਵੱਟਾ ਲੈਣਾ ਹੋਵੇਗਾ ।' (ਸੰਗ੍ਰ)

**ਕਿਸੇ ਦਾ ਹੱਥ ਚਲੇ, ਕਿਸੇ ਦਾ ਮੂੰਹ ਚਲੇ ।**

**ਭਾਵ :—** ਜਦ ਦੋ ਆਦਮੀ ਲੜ ਰਹੇ ਹੋਣ ਤੇ ਇਕ ਤਾਂ ਘਸੁੰਨ ਮੁਕੀ ਕਰੇ ਤੇ ਦੂਜਾ ਗਾਲ੍ਹਾਂ ਕਢੀ ਜਾਵੇ ।

**ਵਰਤੋਂ :—** 'ਕਿਸੇ ਦਾ ਹੱਥ ਚਲੇ, ਕਿਸੇ ਦਾ ਮੂੰਹ ਚਲੇ ।' ਤੂੰ ਮੈਨੂੰ ਮਾਰੀ ਜਾਂਦਾ ਹੈਂ, ਮੈਂ ਅਗੋਂ ਗਾਲ੍ਹਾਂ ਵੀ ਨਾ ਕਢਾਂ ? (ਸੰਗ੍ਰ)

**ਕਿਸੇ ਦਾ ਟੱਬਰ ਵੱਡਾ, ਕਿਸੇ ਦਾ ਬੱਬਰ ਵਡਾ ।**

**ਭਾਵ :—** (ਬੱਬਰ ਭਾਵ ਪੇਟ)
ਇਕ ਤਾਂ ਉਤਨੀ ਹੀ ਆਮਦਨੀ ਨਾਲ ਸਾਰਾ ਟੱਬਰ ਪਾਲਦਾ ਹੈ ਤੇ ਦੂਜਾ ਉਤਨੀ ਹੀ ਕਮਾਈ ਨਾਲ ਸਿਰਫ਼ ਆਪਣਾ ਗੁਜ਼ਾਰਾ ਕਰਦਾ ਹੈ ।

**ਵਰਤੋਂ :—** ਰਾਧਾ ਕ੍ਰਿਸ਼ਨ-- ਇਹ ਠੀਕ ਹੈ ਕਿ ਜਿਤਨਾ ਖਰਚ ਰਾਮੋ ਦੇ ਬਾਕੀ ਸਾਰੇ ਟੱਬਰ ਦਾ ਆਂਦਾ ਹੈ, ਉੱਨਾਂ ਇਕੱਲਾ ਚਾਚੇ ਦਾ ਹੈ । ਪੇਟੂ ਜੋ ਹੋਇਆ । ਸਿਆਣਿਆਂ ਨੇ ਸੱਚ ਆਖਿਆ ਹੈ, ਕਿਸੇ ਦਾ ਟੱਬਰ ਵੱਡਾ, 'ਕਿਸੇ ਦਾ ਬੱਬਰ ਵੱਡਾ । (ਸੰਗ੍ਰ)

**ਕਿਸੇ ਦਾ ਧਨ ਕੋਈ ਖਾਏ, ਪਾਪੀ ਦਾ ਮਾਲ ਅਕਾਰਥ ਜਾਏ ।**

**ਭਾਵ :—** ਜਦ ਕਿਸੇ ਪਾਪੀ ਦੀ ਖੱਟੀ ਕਿਸੇ ਕਾਰ ਨਾ ਲਗੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—** ਸਰਨ ਸਿੰਘ ਦੀ ਖੱਟੀ ਜੋ ਪਾਪ ਦੀ ਸੀ ਇਵੇਂ ਹੀ ਜਾਣੀ ਸੀ । ਕਿਸੇ ਦਾ ਧਨ ਕੋਈ ਖਾਏ, ਪਾਪੀ ਦਾ ਮਾਲ ਅਕਾਰਥ ਜਾਏ । (ਸੰਗ੍ਰ)

**ਕਿਸੇ ਦੇ ਅੰਬ, ਕਿਸੇ ਦੀ ਅੰਬੀ ।**

**ਭਾਵ :—** ਜਦੋਂ ਕੰਮ ਕਰਨ ਵਿੱਚ ਕਿਸੇ ਨੂੰ ਤਾਂ ਲਾਭ ਹੋ ਜਾਵੇ ਤੇ ਕਿਸੇ ਨੂੰ ਘਾਟਾ ।

**ਵਰਤੋਂ :—** ਸਜਨੋ, ਸੰਸਾਰ ਦੀ ਇਹੀ ਕਾਰ ਹੈ ਕਿ 'ਕਿਸੇ ਦੇ ਅੰਬ, ਕਿਸੇ ਦੀ ਅੰਬੀ ।' ਕੋਈ ਖਟਦਾ ਹੈ, ਕੋਈ ਗੁਆਂਦਾ ਹੈ । (ਸੰਗ੍ਰ)

**ਕਿਸੇ ਨੂੰ ਸਾਈ, ਕਿਸੇ ਨੂੰ ਵਧਾਈ।**

ਵੇਖੋ :–'ਏਧਰ ਸਾਈਆਂ ਤੇ ਓਧਰ ਵਧਾਈਆਂ।

**ਭਾਵ** :— ਕਿਸੇ ਨੂੰ ਕੁਝ ਆਖਣਾ, ਤੇ ਕਿਸੇ ਨੂੰ ਕੁਝ ਹੋਰ।

**ਵਰਤੋਂ** :— ਯਾਰ! ਇਹ ਕੀ ਖੇਡ ਬਣਾਈ ਹੋਈ ਜੇ। 'ਕਿਸੇ ਨੂੰ ਸਾਈ, ਕਿਸੇ ਨੂੰ ਵਧਾਈ'। ਲਾਰਾ ਕਿਤੇ ਲਾਣਾ ਤੇ ਕੰਮ ਕਿਸੇ ਦਾ ਕਰਨਾ। (ਸੰਗ੍ਰ)

**ਕਿਸੇ ਨੂੰ ਕੱਖ, ਕਿਸੇ ਨੂੰ ਲੱਖ।**

**ਭਾਵ** :— ਕਿਸੇ ਨੂੰ ਥੋੜਾ ਧਨ ਮਿਲੇ ਤੇ ਕਿਸੇ ਨੂੰ ਬਹੁਤਾ।

**ਵਰਤੋਂ** :— ਵੇਖੋ, ਰੱਬ ਦੇ ਰੰਗ! ਲੇਖ ਵੀ ਕੇਹੇ ਵਖ ਵਖ ਲਿਖੇ ਸੂ। 'ਕਿਸੇ ਨੂੰ ਕੱਖ, ਕਿਸੇ ਨੂੰ ਲੱਖ' ਦਿੰਦਾ ਜੇ। (ਸੰਗ੍ਰ)

**ਕਿਸ਼ਤਵਾਰ ਕੁਸ਼ਤ ਦਾ ਖੰਦਾ, ਦਿਨ ਨੂੰ ਭੁਖਾ, ਰਾਤ ਨੂੰ ਠੰਡਾ। ਜੋ ਕੋ ਆਇ ਫਿਰ ਕੇ ਜਾਏ, ਓਈ ਗੁਸਾਈਂ ਦਾ ਝੰਡਾ।**

**ਭਾਵ** :— ਕਿਸ਼ਤਵਾਰ ਦੇ ਇਲਾਕੇ ਦਾ ਹਾਲ ਦਰਸਾਇਆ ਹੈ।

**ਵਰਤੋਂ** :— ਕਿਸ਼ਤਵਾਰ ਬਾਬਤ ਕਿਹਾ ਹੈ— ਕਿਸ਼ਤਵਾਰ ਕੁਸ਼ਤ ਦਾ ਖੰਦਾ, ਦਿਨ ਨੂੰ ਭੁੱਖਾ ਰਾਤ ਨੂੰ ਠੰਡਾ, ਜੋ ਕੋ ਆਏ ਫਿਰ ਕੇ ਜਾਏ, ਓਈ ਗੁਸਾਈਂ ਦਾ ਬੰਡਾ'।

(ਜੀਵਨ ਸੰਦੇਸ਼— ਪ੍ਰਿੰ : ਤੇਜਾ ਸਿੰਘ)

**ਕਿਛੁ ਹਾਥਿ ਕਿਸੈ ਦੇ ਕਿਛੁ ਨਾਹੀ ਸਭਿ ਚਲਹਿ ਚਲਾਏ।**

**ਭਾਵ** :— ਕਿਸੇ ਦੇ ਵਸ ਕੁਝ ਨਹੀਂ, ਸਭ ਕੁਝ ਹਰੀ ਦੇ ਹੁਕਮ ਵਿਚ ਹੋ ਰਿਹਾ ਹੈ।

**ਵਰਤੋਂ** :—

'ਤੂੰ ਹਰਿ ਤੇਰਾ ਸਭੁ ਕੋ,
ਸਭਿ ਤੁਧੁ ਉਪਾਏ ਰਾਮ ਰਾਜੇ॥
ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ,
ਸਭਿ ਚਲਹਿ ਚਲਾਏ॥'

(ਗੁਰੂ ਗ੍ਰੰਥ- –ਆਸਾ ਰਾਗ)

**ਕਿਤੇ ਸੋਨਾ ਤਾਂ ਨਹੀਂ।**

**ਭਾਵ** :— ਕੋਈ ਬਹੁ ਮੁਲੀ ਚੀਜ਼ ਤਾਂ ਨਹੀਂ।

**ਵਰਤੋਂ** :— ਰਾਮ ਲਾਲ—(ਠੋਲਾ ਮਾਰ ਕੇ) ਆਹ ਵੇਖ ਲੈ, ਅਜੇ ਕੱਸਾ ਏ। ਜਦੋਂ ਉਸ ਦਿਨ ਮੈਂ ਵੜੇਵੇਂ ਤੋਲਦਾ ਸਾਂ ਤਾਂ ਕਹਿੰਦੀ ਸੈਂ 'ਸ਼ਾਹ ਕਿਤੇ ਸੋਨਾ ਤਾਂ ਨਹੀਂ।'

(ਦਿਲ ਦਰਿਆ—ਹਰਚਰਨ ਸਿੰਘ)

**ਕਿਤੇ ਕੰਮ ਨਾ ਆਵਈ ਲਾਵਣ ਬਿਨ ਲੂਣੇ।**

**ਭਾਵ** :— ਭਾਜੀ ਵਿਚ ਲੂਣ ਨਾ ਪਾਉ, ਤਾਂ ਕੋਈ ਸੁਆਦ ਨਹੀਂ ਦੇਂਦੀ ਭਾਵ ਗੁਣਾਂ ਬਿਨਾ ਵਡਿਆਈ ਕਿਸੇ ਕੰਮ ਨਹੀਂ।

**ਵਰਤੋਂ** :—

ਡੇਮੂੰ ਖੱਖਰ ਜੋ ਛੁਹੇ ਦਿਸੈ ਮੁਹਿ ਸੂਣੇ।
ਕਿਤੇ ਕੰਮ ਨਾ ਆਵਈ ਲਾਵਣ ਬਿਨ ਲੂਣੇ।

(ਵਾਰਾਂ—ਭਾਈ ਗੁਰਦਾਸ)

**ਕਿਤੋਂ ਦੀ ਲੀਰ ਕਿਤੋਂ ਦਾ ਪਰਾਂਦਾ, ਚੂੰਡਾ ਕੀਤਾ ਮੜ ਮੜਾਦਾਂ।**

**ਭਾਵ** :— ਅੰਦਰੋਂ ਅੰਦਰ ਮੰਗ ਕੇ ਝਟ ਲੰਘਾਣਾ, ਪਰ ਬਾਹਰਮੁਖੀ ਨਖਰਾ ਵੀ ਵਿਖਾਈ ਜਾਣਾ।

**ਵਰਤੋਂ** :— ਜਾਣਦੀ ਹਾਂ, ਤੁਹਾਡੇ ਸਾਰੇ ਹੀਜ ਪਿਆਜ਼ ਨੂੰ ਮੈਂ, 'ਕਿਤੋਂ ਦੀ ਲੀਰ ਕਿਤੋਂ ਦਾ ਪਰਾਂਦਾ, ਚੂੰਡਾ ਕੀਤਾ ਮੜ ਮੜਾਦਾਂ'। ਬਾਹਰ ਬੀਬੋ ਦਾ ਰਖਣਾ ਤੇ ਅੰਦਰ ਵਜੇ ਸਖਣਾ। (ਸੰਗ੍ਰ)

**ਕਿੱਥੇ ਰਾਜਾ ਭੋਜ, ਕਿਥੇ ਗੰਗਾ ਤੇਲੀ ?**

**ਭਾਵ** :— ਜਦੋਂ ਕੋਈ ਗ਼ਰੀਬ ਕਿਸੇ ਧਨੀ ਦੀ ਬਰਾਬਰੀ ਕਰੇ। ਅਜੇਹੀਆਂ ਚੀਜ਼ਾਂ ਨੂੰ ਇਕੋ ਛਾਬੇ ਤੋਲਣਾ ਜਿਹੜੀਆਂ ਇਕ ਦੂਜੇ ਦੇ ਸਾਵੇਂ ਨਾ ਹੋ ਸਕਣ।

**ਵਰਤੋਂ** :—

ਕਿਥੇ ਰਾਜਾ ਭੋਜ ਬਹਾਦਰ,
ਕਿਥੇ ਗੰਗਾ ਤੇਲੀ।
ਕਿਥੇ ਇਕ ਅੱਕ ਦਾ ਤੀਲਾ,
ਕਿਥੇ ਚੰਦਨ ਗੇਲੀ।

(ਬਾਦਸ਼ਾਹੀਆਂ— ਸ: ਸ: ਚਰਨ ਸਿੰਘ)

**ਕਿੱਥੇ (ਕੁਜਾ) ਰਾਮ ਰਾਮ, ਕਿੱਥੇ (ਕੁਜਾ) ਟੈਂ ਟੈਂ।**

**ਭਾਵ** :— ਕਿੱਥੇ ਉਹ ਤੇ ਕਿੱਥੇ ਇਹ ? ਜਦ ਚੰਗੀ ਚੀਜ਼ ਦਾ ਮਾੜੀ ਨਾਲ ਟਾਕਰਾ ਕੀਤਾ ਜਾਵੇ।

**ਵਰਤੋਂ** :— ਇਹ ਤਾਂ ਕੰਮ ਵਿਗੜਿਆ ਜਾਪਦਾ ਏ ! ਸ੍ਰੀ ਮਤੀ ਜੀ, ਕੁਜਾ ਰਾਮ ਰਾਮ ਕੁਜਾ ਟੈਂ ਟੈਂ। ਭੋਗਣ ਵਾਲੇ ਪਦਾਰਥ ਦਾ ਭੋਗੀ ਨਾਲ ਕੀ ਟਾਕਰਾ ?

(ਰਣਜੀਤ ਸਿੰਘ ਨਾਟਕ–ਕ੍ਰਿਪਾ ਸਾਗਰ)

**ਕਿੰਨੀ ਵੀਹੀਂ ਸੌ।**

**ਭਾਵ** :— ਉਂਞ ਤਾਂ ਸੌ ਪੰਜਾਂ ਵੀਹਾਂ ਦਾ ਹੁੰਦਾ ਹੈ, ਪਰ ਡਾਢੇ ਦਾ ਵਧੀਕ ਤੇ ਮਾੜੇ ਦਾ ਥੋੜਾ ਗਿਣਦੇ ਹਨ। ਭਾਵ, ਜਿਸ ਮੰਦੀ ਦਸ਼ਾ ਵਿਚ ਕੋਈ ਹੋਵੇ, ਉਹੀ ਜਾਣਦਾ ਹੈ, ਕਿ ਉਸ ਦੀ ਪੀੜ ਕਿੰਨੀ ਕੁ ਹੈ।

**ਵਰਤੋਂ** — ਜੇ ਮੇਰੇ ਵਾਂਗਾ ਕੰਗਲਾ ਹੁੰਦਾ ਤੇ ਪੈ ਜਾਂਦ. ਬੀਮਾਰੀ, ਫੇਰ ਵੇਖਦੇ ਕਿ ਕਿੰਨੀ ਵੀਹਾਂ ਸੌ ਹੁੰਦਾ ਹੈ।

(ਨਵੀਆਂ ਸੋਚਾਂ—ਪਿੰ: ਤੇਜਾ ਸਿੰਘ)

**ਕਿੱਲੇ ਤੇ ਬੰਨ੍ਹ ਕੇ ਤੇ ਨਹੀਂ ਨਾ ਖੁਆਇਆ ਜਾਂਦਾ।**

**ਭਾਵ** :— ਵਿਹਲਾ ਬਿਠਾ ਕੇ ਕਿਸੇ ਨੂੰ ਬਿਨਾ ਕੰਮ ਕੀਤੇ ਰੋਟੀ ਨਹੀਂ ਖੁਆਈ ਜਾਂਦੀ।

**ਵਰਤੋਂ** :— ਭਾਈ, ਇਹ ਗਲ ਝੂਠੀ, 'ਕਿਲੇ ਤੇ ਬੰਨ੍ਹ ਕੇ ਤੇ ਨਹੀਂ ਨਾ ਖੁਆਇਆ ਜਾਂਦਾ ਕਿਸੇ ਨੂੰ, ਮਿਹਨਤ ਕਰ ਤੇ ਆਪਣਾ ਪੇਟ ਪਾਲ।

(ਸੰ)

**ਕੀ ਕਰੂਗਾ ਪਾਂਧਾ, ਜਿਨ ਮੰਗ ਪਰਾਇਆ ਖਾਧਾ।**

**ਭਾਵ** :— ਜਿਹੜਾ ਆਪ ਮੰਗ ਪਿੰਨ ਕੇ ਗੁਜ਼ਾਰਾ ਕਰਦਾ ਹੈ, ਉਹ ਦੂਜਿਆਂ ਨੂੰ ਕੀ ਦੇਵੇਗਾ।

**ਵਰਤੋਂ** :— ਛਡੋ ਪਰਾਂ, ਇਸ ਮਨਹੂਸ ਦਾ ਜ਼ਿਕਰ ਹੀ ਨਾ ਕਰੋ। ਇਸ ਦਾ ਆਪਣਾ ਬਟ ਤਾਂ ਟੱਪਦਾ ਨਹੀਂ, ਕਿਸੇ ਦੀ ਮਦਦ ਕੀ ਇਸ ਨੇ ਕਰਨੀ ਜੇ। ਅਖੇ 'ਕੀ ਕਰੂਗਾ ਪਾਂਧਾ, ਜਿਨ ਮੰਗ ਪਰਾਇਆ ਖਾਧਾ।'

(ਸੰਗ੍ਰ)

**ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ।**

ਵੇਖੋ :— 'ਨੰਗੀ ਨਾਵੇਗੀ ਕੀ ਤੇ ਨਚੋੜੇਗੀ ਕੀ।'

**ਭਾਵ** :— ਨਿਰਧਨ ਜਾਂ ਨਿਰਬਲ ਪੁਰਸ਼ ਕਿਸੇ ਦੀ ਸਹਾਇਤਾ ਨਹੀਂ ਕਰ ਸਕਦਾ।

**ਵਰਤੋਂ** :— ਛਡੋ ਜੀ, ਵਿਚਾਰੇ ਯਤੀਮ ਨੂੰ। 'ਕੀ ਪਿੱਦੀ ਕੀ ਪਿੱਦੀ ਦਾ ਸ਼ੋਰਬਾ'। ਉਹਦੇ ਆਪਣੇ ਖਾਣ ਲਈ ਹੈ ਨਹੀਂ, ਤੁਹਾਡੇ ਲਈ ਕਿਥੋਂ ਲਿਆਵੇਗਾ ?

(ਸੰਗ੍ਰ)

**ਕੀਤੀ ਕਰਾਈ ਸਿਰ ਸੁਆਹ।**

**ਭਾਵ** :—ਜਦ ਸਾਰੀ ਮਿਹਨਤ ਵਿਅਰਥ ਜਾਵੇ।

**ਵਰਤੋਂ** :— ਮੈਂ ਮਰ ਗਿਆ ਮਿਹਨਤਾਂ ਕਰਦਾ। ਮੁੰਡੇ ਨੇ ਮੇਰੀ ਸਾਰੀ ਕੀਤੀ ਕਰਾਈ ਤੇ ਸਿਰ ਸੁਆਹ ਪਾ ਦਿਤੀ। ਚਾਰ ਕੌਡੀਆਂ ਕਮਾਉਣ ਲਗਾ, ਤਾਂ ਮੇਰੇ ਵਲੋਂ ਅੱਖਾਂ ਫੇਰ ਬੈਠਾ।

(ਸੰ)

**ਕੀੜੀ ਦੀ ਮੌਤ ਆਉਂਦੀ ਹੈ, ਤਾਂ ਉਹ ਨੂੰ ਖੰਭ ਲਗ ਜਾਂਦੇ ਹਨ।**

**ਭਾਵ :—** ਜਦ ਹੰਕਾਰ ਵਿਚ ਆ ਕੇ ਦੂਜਿਆਂ ਨੂੰ ਦੁਖੀ ਕਰੀਏ ਪਰ ਆਪ ਦੁਖ ਪਾਈਏ ਜਾਂ ਮਾੜਾ ਬੰਦਾ ਵਧ ਚੜ੍ਹ ਕੇ ਕਿਸੇ ਕੰਮ ਨੂੰ ਹੱਥ ਪਾਵੇ ਤੇ ਘਾਟਾ ਪਾਵੇ, ਤਦ ਵਰਤਦੇ ਹਨ।

**ਵਰਤੋਂ :—** ਓਏ ਤੂੰ ਆਪਣੇ ਆਪ ਵਿਚ ਰਹਿ ਕੇ ਗਲ ਕਰਿਆ ਕਰ, ਮਲੂਮ ਹੁੰਦਾ ਏ ਤੈਨੂੰ ਸਿਆਣਿਆਂ ਦੀ ਗਲ ਭੁਲ ਗਈ ਹੈ ਅਖੇ 'ਕੀੜੀ ਦੀ ਮੌਤ ਆਉਂਦੀ ਹੈ ਤਾਂ ਉਸ ਨੂੰ ਖੰਭ ਲਗ ਜਾਂਦੇ ਹਨ।' (ਸੰਗ੍ਰ)

**ਕੀੜੀ ਦੇ ਖੰਭ ਨਿਕਲੇ ਹਨ।**

**ਭਾਵ :—** ਜਦ ਕੋਈ ਆਪਣੀ ਵਿਤੋਂ ਪਰ੍ਹੇ ਕੰਮ ਕਰਨ ਦਾ ਹੀਆ ਕਰੇ, ਤਦ ਵਰਤਦੇ ਹਨ।

**ਵਰਤੋਂ :—** ਆਪਣੀ ਵਿਤ ਵਿਚ ਹੀ ਰਿਹਾ ਕਰੋ, 'ਕੀੜੀ ਦੇ ਖੰਭ ਨਿਕਲਦੇ ਹਨ ਤਾਂ ਉਹਦੀ ਮੌਤ ਆ ਜਾਂਦੀ ਹੈ'। (ਸੰਗ੍ਰ)

**ਕੀੜੀ ਦੇ ਘਰ ਨਰੈਣ।**

**ਭਾਵ :—** ਮਿਲਣ ਆਉਣ ਵਾਲੇ ਦਾ ਆਦਰ ਕਰਨ ਸਮੇਂ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਕੌੜੀ—ਰਾਮ ਸਤ ਬੇਬੇ।

ਪ੍ਰੇਮੀ-(ਉਠ ਕੇ ਗਲ ਮਿਲ ਕੇ) ਆ ਕੁੜਮਣੀ ਰਾਣੀ। ਜੀ ਆਇਆਂ ਨੂੰ, ਸਦਕੇ ਆਇਆਂ ਨੂੰ। ਕੀੜੀ ਦੇ ਘਰ ਨਰੈਣ।

(ਸੁਭਦ੍ਰਾ—ਆਈ. ਸੀ. ਨੰਦਾ)

**ਕੀੜੀ ਨੂੰ ਠੂਠਾ ਹੀ ਦਰਿਆ ਹੈ।**

**ਭਾਵ :—** ਥੋੜੀ ਹੈਸੀਅਤ ਵਾਲੇ ਦਾ ਥੋੜਾ ਨੁਕਸਾਨ ਵੀ ਉਸਦਾ ਦਿਲ ਤੋੜ ਦੇਂਦਾ ਹੈ।

**ਵਰਤੋਂ :—** ਨੁਕਸਾਨ ਤਾਂ ਵਿਚਾਰੇ ਧਰਮ ਦਾਸ ਦਾ ਥੋੜਾ ਹੀ ਹੋਇਆ ਹੈ, ਪਰ ਉਸ ਕੀੜੀ ਲਈ ਤਾਂ ਠੂਠਾ ਹੀ ਦਰਿਆ ਬਰਾਬਰ ਸੀ। ਪਲੇ ਓਹਦੇ ਭਲਾ ਕਿਹੜਾ ਬਹੁਤਾ ਸੀ? (ਸੰਗ੍ਰ)

**ਕੁਕੜ, ਕਾਂ, ਕੰਬੋ, ਕਬੀਲਾ ਪਾਲਦੇ।**
**ਜੱਟ, ਮੈਹਾਂ, ਸੰਸਾਰ, ਕਬੀਲਾ ਗਾਲਦੇ।**

**ਭਾਵ :—** ਜਦ ਕੋਈ ਰਜਿਆ ਪੁਜਿਆ ਜੱਟ ਮਾੜੀ ਕਰਨੀ ਕਰਕੇ ਆਪਣੇ ਟਬਰ ਦੀ ਬਰਬਾਦੀ ਕਰ ਦੇਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਉਹ ਵਿਚਾਰੇ ਵੀ ਭੁੱਖਾਂ ਦੇ ਮਾਰੇ ਸੁਕੇ ਹੋਏ ਹਨ। ਉਹਨਾਂ ਦਾ ਭੀ ਗਾਹਕ ਕੋਈ ਨਾ ਬਣੇ, ਪਰ ਭੁਖ ਜਰਨੀ ਔਖੀ। ਸੌ ਦਾ ਦਸੀਂ ਤੇ ਪੰਜਾਹ ਦਾ ਪੰਜੀ ਸੁਟ, ਚਾਰ ਦਿਹਾੜੇ ਕਟੇ ਤੇ ਫਿਰ ਹਥਲ ਹੋ ਬੈਠੇ। ਓੜਕ ਜ਼ਮੀਨ ਵੇਚਣ ਨੂੰ ਤਿਆਰ ਹੋ ਪਏ, ਪਰ ਆਖਦੇ ਹੁੰਦੇ ਨੇ —

'ਕੁੱਕੜ, ਕਾਂ, ਕੰਬੋ, ਕਬੀਲਾ ਪਾਲਦੇ, ਜੱਟ, ਮੈਹਾਂ, ਸੰਸਾਰ ਕਬੀਲਾ ਗਾਲਦੇ।'

(ਨਵਾਬ ਖਾਨ— ਪ੍ਰਿੰ: ਜੋਧ ਸਿੰਘ)

**ਕੁਕੜ, ਕੁਤਾ, ਕੋਹਲੀ ਤਿਨੇ ਜ਼ਾਤ ਕਮਜ਼ਾਤ। ਉਹ ਭੌਂਕੇ, ਉਹ ਭਿੜ ਮਰੇ, ਉਹ ਬੋਲੇ ਪਰਭਾਤ।**

**ਭਾਵ :—** ਕੁਤਾ, ਕੁਕੜ ਅਤੇ ਕੋਹਲੀ ਜਾਤ ਦਾ ਲੜਾਕਾ ਸੁਭਾ ਦਰਸਾਇਆ ਹੈ।

**ਵਰਤੋਂ :—** ਮਾਮੀ ਜੀ! ਛਡੋ ਪਰੇ ਕੋਹਲੀਆਂ ਦੀਆਂ ਲੰਮੀਆਂ ਸਿਫਤਾਂ ਨਾ ਕਰੋ। ਇਹ ਗਲੀਂ ਕਥੀਂ ਲੜ ਪੈਂਦੇ ਹਨ। 'ਕੁਕੜ ਕੁਤਾ ਕੋਹਲੀ ਤਿੰਨੇ ਜ਼ਾਤ ਕਮਜ਼ਾਤ, ਉਹ ਭੌਂਕੇ ਉਹ ਭਿੜ ਮਰੇ, ਉਹ ਬੋਲੇ ਪਰਭਾਤ'। (ਸੰਗ੍ਰ)

**ਕੁਕੜ ਖੇਹ ਉਡਾਈ ਤੇ ਆਪਣੇ ਹੀ (ਸਿਰ) ਝਾਟੇ ਪਾਈ।**

**ਭਾਵ :—** ਜਦੋਂ ਕੋਈ ਆਪਣੇ ਪਰਵਾਰ ਦੀ ਆਪ ਹੀ ਬਦਨਾਮੀ ਕਰੇ।

**ਵਰਤੋਂ** :— ਨੀ ਬਚੀਏ, ਕੋਈ ਅਕਲ ਦੀ ਗਲ ਕਰ, ਆਪਣੇ ਬੁਰੇ ਨੂੰ ਆਪ ਹੀ ਚੌੜ ਨਾ ਕਰ। ਇਉਂ ਕਰਨ ਨਾਲ ਤਾਂ ਇਹੀ ਲੇਖਾ ਬਣਨਾ ਹੈ ਕਿ 'ਕੁਕੜ ਖੇਹ ਉਡਾਈ ਤੇ ਆਪਣੇ ਝਾਟੇ ਪਾਈ।' (ਸੰਗ੍ਰ)

**ਕੁਕੜ ਨਾ ਬੋਲੇਗਾ, ਤਾਂ ਲੋ ਨਹੀਂ ਹੋਵੇਗੀ।**

**ਭਾਵ** :— ਕਿਸੇ ਦੀ ਆਕੜ ਵੇਖਕੇ ਬੋਲਦੇ ਹਨ, ਵਿਸ਼ੇਸ਼ ਕਰਕੇ ਜਦੋਂ ਉਸ ਨੂੰ ਕੰਮ ਕਰਨ ਲਈ ਕਿਹਾ ਜਾਏ ਤੇ ਉਹ ਅਗੋਂ ਨਖ਼ਰੇ ਤੇ ਟਾਲ ਮਟੋਲ ਕਰੇ।

**ਵਰਤੋਂ** :— ਜੇ ਤੂੰ ਵਿਆਹ ਵਿਚ ਸ਼ਾਮਲ ਨਾ ਹੋਇਆ ਤੇ ਕੀ ਅਗਲੇ ਕੁੜੀ ਸਾਡੇ ਨਾਲ ਨਹੀਂ ਤੋਰਨ ਲਗੇ? ਅਖੇ, ਕੁਕੜ ਨਾ ਬੋਲੇਗਾ ਤਾਂ ਲੋ ਨਹੀਂ ਹੋਵੇਗੀ। (ਸੰਗ੍ਰ)

**ਕੁਕੜ ਬਾਂਗ ਨਾ ਦੇਵੇ ਤਾਂ ਕੀ ਦਿਨ ਹੀ ਨਹੀਂ ਚੜ੍ਹੇਗਾ? (ਲੋ ਨਹੀਂ ਹੋਵੇਗੀ)**

**ਭਾਵ** :—ਜਦੋਂ ਕੋਈ ਸਭੋ ਕੁਝ ਆਪਣੀ ਇੱਛਾ ਅਨੁਸਾਰ ਚਾਹੇ ਤੇ ਦੂਜਾ ਉਸ ਦੀ ਵਿਰੋਧਤਾ ਕਾਰਨ ਤਾਹਨੇ ਵਜੋਂ ਕਹੇ।

**ਵਰਤੋਂ** :— ਬਹੁਤੀਆਂ ਵਡਿਆਈਆਂ ਨਾ ਸਾੜੋ ਜੀ। ਅਸੀਂ ਵੀ ਆਪਣਾ ਜਿਵੇਂ ਕਿਵੇਂ ਹੋਵੇ ਝਟ ਲੰਘਾ ਲਵਾਂਗੇ। ਤੁਸੀਂ ਨਾ ਬਾਂਹ ਫੜਨੀ ਸਾਡੀ। ਕੁਕੜ ਬਾਂਗ ਨਾ ਦੇਵੇ ਤਾਂ ਕੀ ਦਿਨ ਨਹੀਂ ਚੜ੍ਹੇਗਾ'? (ਸੰਗ੍ਰ)

**ਕੁਕੜਾਂ ਵਾਲੀ ਲੜਾਈ।**

**ਭਾਵ** :— ਬਿਨਾ ਕਾਰਨ ਲੜਾਈ, ਖ਼ਾਹ ਮਖ਼ਾਹ ਦੀ ਲੜਾਈ।

**ਵਰਤੋਂ** :— ਉਸ ਰਾਤ ਗੁਰਮਤਾ ਕੋਈ ਆਪੋ ਵਿੱਚ ਦੀ ਧੜੇਬਾਜ਼ੀ ਦੀ ਕਮੇਟੀ ਨਹੀਂ ਸੀ, ਨਾ ਨਿਜ ਪੇਟ-ਪਾਲੂ ਧਰਮ ਹਿਤੈਸ਼ੀਆਂ ਦੀ ਕੁਕੜਾਂ ਵਾਲੀ ਲੜਾਈ ਸੀ, ਨਾ ਆਪਣੀ ਦੁਸ਼ਮਣੀ ਪਿਛੇ ਕਿਸੇ ਤਰ੍ਹਾਂ ਦੀ ਬੇੜੀ ਗ਼ਰਕ ਕਰਨ ਦਾ ਮਨਸੂਬਾ ਸੀ। (ਸੁੰਦਰੀ— ਭਾਈ ਵੀਰ ਸਿੰਘ)

**ਕੁਕੜੀ ਦੀ ਬਾਂਗ ਰਵਾ ਨਹੀਂ।**

**ਭਾਵ** :— ਜਿਥੇ ਇਸਤ੍ਰੀਆਂ ਦੀ ਰਾਏ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ ਉਥੇ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਬਈ ਜ਼ਨਾਨੀਆਂ ਸਾਡੇ ਮਰਦਾਂ ਦੇ ਕੰਮ ਵਿਚ ਦਖਲ ਨਾ ਦੇਣ। 'ਕੁਕੜੀ ਦੀ ਬਾਂਗ ਰਵਾ ਨਹੀਂ।' (ਸੰਗ੍ਰ)

**ਕੁਕੜੀ ਦੇ ਜਦੋਂ ਧੁਪ ਨਾਲ ਪੈਰ ਸੜਨ ਲਗਦੇ ਨੇ ਤਾਂ ਉਹ ਚੂਚਿਆਂ ਨੂੰ ਪੈਰਾਂ ਹੇਠਾਂ ਲੈ ਲੈਂਦੀ ਹੈ।**

**ਭਾਵ** :— ਜਦ ਕੋਈ ਆਪਣਾ ਦੁਖ ਦੂਰ ਕਰਨ ਲਈ ਆਪਣਿਆਂ ਨੂੰ ਹੀ ਦੁਖੀ ਕਰੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇਕ ਦਮ ਉਛਲ ਕੇ ਬੁਢੀ ਬੋਲੀ 'ਗਲ ਇਹ ਵੇ ਧੀਏ ਬਈ ਉਂਝ ਤੇ ਫ਼ਰਕ ਕੋਈ ਨਹੀਂ ਮਾਂ ਵਿਚ ਤੇ ਤਾਈ ਵਿਚ, ਮਾਂ ਕੀ ਤੇ ਤਾਈ ਕੀ। ਪਰ ਵੇਖ ਨਾ ਬੀਬੀ ਰਾਣੀ ਕੁਕੜੀ ਦੇ ਜਦ ਧੁਪ ਨਾਲ ਪੈਰ ਸੜਨ ਲਗਦੇ ਨੇ, ਤਾਂ ਉਹ ਚੂਚਿਆਂ ਨੂੰ ਪੈਰਾਂ ਹੇਠਾਂ ਲੈ ਲੈਂਦੀ ਹੈ।' (ਲਵ- ਮੈਰਿਜ— ਨਾਨਕ ਸਿੰਘ)

**ਕੁਕੜੀ ਨਾਈ ਦੀ, ਮੁਜਰਾ ਮੁੱਕਦਮ (ਨੰਬਰਦਾਰ) ਦਾ।**

**ਭਾਵ** :— ਚੀਜ਼ ਕੋਈ ਦੇਵੇ ਤੇ ਅਹਿਸਾਨ ਕਿਸੇ ਦਾ ਮੰਨਿਆ ਜਾਵੇ;

**ਵਰਤੋਂ** :— ਹਾਲ ਓਇ ਲੋਕੋ! 'ਕੁਕੜੀ ਨਾਈ ਦੀ ਤੇ ਮੁਜਰਾ ਮੁਕੱਦਮ ਦਾ'। ਰੋਟੀ ਮੈਂ ਖੁਆਂਦਾ ਰਿਹਾ ਤੇ ਹਸਾਨ ਮਾਮੇ ਦਾ! ਲੋਕਾਂ ਸ਼ਰਮ ਹਯਾ ਲਾਹ ਸੁੱਟੀ ਏ। (ਸੰਗ੍ਰ)

**ਕੁਛ ਅੰਨ ਦੇ, ਕੁਛ ਧਨ ਦੇ, ਕੁਛ ਪਹਾੜਾਂ ਵਾਲੀ ਦੇਵੀ ਦੇ। ਕੁਛ ਢੋਲ ਢਮਕਾ ਸਰਵਰ ਦਾ, ਬਾਕੀ ਹਿੜਬਸ ਬਾਬੇ ਨਾਨਕ ਦਾ।**

ਭਾਵ :— ਕਿਸੇ ਮਨੁਖ ਦਾ ਇਕ ਇਸ਼ਟ ਉਪਰ ਨਿਸਚਾ ਨਾ ਹੋਣਾ, ਕਦੇ ਕਿਸੇ ਦੀ ਤੇ ਕਦੇ ਕਿਸੇ ਦੀ ਪੂਜਾ ਕਰਨੀ।

ਵਰਤੋਂ :— ਅਜ ਕਲ ਲੋਕਾਂ ਦਾ ਇਕ ਇਸ਼ਟ ਉਪਰ ਵਿਸ਼ਵਾਸ ਨਹੀਂ ਰਿਹਾ। ਹਰ ਪਾਸੇ ਦੌੜੀ ਫਿਰਦੇ ਹਨ। 'ਕੁਛ ਅੰਨ ਦੇ, ਕੁਛ ਧਨ ਦੇ, ਕੁਛ ਪਹਾੜਾਂ ਵਾਲੀ ਦੇਵੀ ਦੇ। ਕੁਛ ਢੋਲ ਢਮਕਾ ਸਰਵਰ ਦਾ, ਬਾਕੀ ਹਿੜਬਸ ਬਾਬੇ ਨਾਨਕ ਦਾ।' (ਸੰਗ੍ਰ)

**ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ।**

ਭਾਵ :— ਜਦ ਨੇੜੇ ਪਈ ਚੀਜ਼ ਦੀ ਭਾਲ ਹੋਰ ਥਾਂ ਕੀਤੀ ਜਾਵੇ।

ਵਰਤੋਂ :— ਸਭ ਨੂੰ ਤੁਸਾਂ ਕੋਸਿਆ ਤੇ ਘੜੀ ਆਪਣੀ ਜੇਬ ਵਿਚੋਂ ਹੀ ਨਿਕਲੀ। ਤੁਸਾਂ ਤਾਂ 'ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ' ਵਾਲਾ ਹਾਲ ਬਣਾ ਦਿੱਤਾ ਹੈ। (ਸੰਗ੍ਰ)

**ਕੁੱਛੜ ਚੁਕੀਦਾ ਭੁੰਜੇ ਪੈਂਦਾ।**

ਭਾਵ :— ਜਦ ਕਿਸੇ ਦੀ ਹਰ ਗਲ ਮੰਨੀ ਜਾਵੇ ਤੇ ਫਿਰ ਵੀ ਉਹ ਜ਼ਿੱਦਾਂ ਕਰਦਾ ਜਾਂ ਲੜਦਾ ਰਹੇ, ਤਦ ਇਹ ਅਖਾਣ ਵਰਤਦੇ ਹਨ।

ਵਰਤੋਂ :— ਮਾਂ -ਭਾਬੀ ਜੀ! ਇਸ ਦੀ ਹਰ ਗਲ ਪੂਰੀ ਕਰਦੀ ਹਾਂ, ਪਰ ਆਪਣੀ ਜ਼ਿੱਦ ਤੋਂ ਨਹੀਂ ਟਲਦਾ। ਇਹ ਤਾਂ 'ਕੁੱਛੜ ਚੁੱਕੀਦਾ ਭੁੰਜੇ ਪੈਂਦਾ ਹੈ।' (ਸੰਗ੍ਰ)

**ਕੁਝ ਹਾਲੀ ਢਿੱਲਾ, ਕੁਝ ਜੋਤਰਾ ਢਿੱਲਾ।
ਜਾਂ ਕੁਝ ਦਾਣੇ ਗਿਲੇ, ਕੁਝ ਜੰਦਰ ਢਿਲੇ।**

ਭਾਵ :—ਕੰਮ ਕਰਨ ਵਾਲਾ ਆਪ ਵੀ ਮਾੜਾ ਹੋਵੇ ਤੇ ਉਸਦਾ ਸਾਥੀ ਵੀ।

ਵਰਤੋਂ :— ਮਾਂ ਜੀ, ਇਹੋ ਜੇਹਾਂ ਤੇ ਕੰਮ ਕਦੀ ਰਾਸ ਨਹੀਂ ਹੁੰਦੇ। 'ਕੁਝ ਦਾਣੇ ਗਿਲੇ, ਕੁਝ ਜੰਦਰ ਢਿਲੇ'। ਕੁਝ ਤਾਂ ਮੇਰੀ ਆਪਣੀ ਨੀਤ ਹੀ ਕੰਮ ਕਰਨ ਦੀ ਨਹੀਂ ਸੀ। ਉਤੋਂ ਮੈਂ ਕਿਰਪੇ ਨੂੰ ਵੀ ਬਹੁਤੇ ਉਤਸ਼ਾਹ ਵਿਚ ਨਾ ਵੇਖਿਆ। ਬੱਸ, ਕੰਮ ਠਿਸ ਹੋ ਗਿਆ। (ਸੰਗ੍ਰ)

**ਕੁਝ ਵਤਾਊਂ ਤੱਤੇ, ਕੁਝ ਲਾਲਾ ਜੀ ਤੱਤੇ।**

ਭਾਵ: — ਜਦ ਦੋਵੇਂ ਪਾਸੇ ਇਕੋ ਜਿਹੇ ਝਗੜਾਲੂ ਹੋਣ।

ਵਰਤੋਂ :— ਸਰਦਾਰ ਜੀ, ਭਾਂਬੜ ਤਾਂ ਮਚਣਾ ਹੀ ਸੀ। 'ਕੁਝ ਵਤਾਊਂ ਤੱਤੇ, ਕੁਝ ਲਾਲਾ ਜੀ ਤੱਤੇ'। ਦੋਵੇਂ ਪਾਸੇ ਇਕੋ ਜੇਹੇ ਝਗੜਾਲੂ ਜੁ ਸਨ। (ਸੰਗ੍ਰ)

**ਕੁਟੰਬ ਦੁਖਾਂ ਦਾ ਘਰ।**

ਭਾਵ :— ਕੁਟੰਬ ਦੁਖ ਹੀ ਦੇਂਦਾ ਰਹਿੰਦਾ ਹੈ।

ਵਰਤੋਂ :—

ਜਿਉਂ ਜਿਉਂ ਕੁਟੰਬ ਦੀਆਂ ਲਗਨ ਲੀਕਾਂ।
ਦੇ ਦੇ ਰੋਸੀ ਉਚੀਆਂ ਚੀਕਾਂ।
ਇਹ ਕੁਟੰਬ ਦੁਖਾਂ ਦਾ ਘਰ।
ਨਿਕਲ ਭਜ ਨਾ ਫਾਥਾ ਮਰ।
(ਸੁਥਰਾ ਸ਼ਾਹ)

**ਕੁੱਟੀ ਚਿੜੀ ਕਪੂਰੀ ਨਾਉਂ।**

ਭਾਵ :— ਹੱਥ ਪਲੇ ਤਾਂ ਕੁਝ ਨਾ ਹੋਵੇ ਪਰ ਦਿਖਲਾਵਾ ਬੜਾ ਹੋਵੇ।

ਵਰਤੋਂ :— ਖ਼ੈਸ ਜੀ, ਨਾਂ ਨੂੰ ਵਡੇ ਨੇ, ਵਿਚੋਂ ਤਾਂ ਢੋਲ ਦਾ ਪੋਲ ਹੀ ਏ। 'ਕੁੱਟੀ ਚਿੜੀ, ਕਪੂਰੀ ਨਾਉਂ' ਵਾਲਾ ਹਿਸਾਬ ਹੈ। (ਸੰਗ੍ਰ)

**ਕੁੱਤਾ ਸੋ ਜੋ ਕੁੱਤਾ ਪਾਲੇ।
ਕੁੱਤਾ ਦੋਹਤਾ ਘਰ ਨਨਿਹਾਲੇ।**

ਕੁੱਤਾ ਸੋ ਜੋ ਭੈਣ ਘਰ ਭਾਈ ।
ਕੁੱਤਾ ਸੋ ਜੋ ਸੋਹਰੇ ਘਰ ਜਵਾਈ ।
ਵਡਾ ਕੁੱਤਾ, ਸੋਈ ਭਾਲ ।
ਸਹੁਰਾ ਫਿਰੇ ਜਵਾਈਏ ਨਾਲ ।
ਇਕ ਕੁੱਤਾ ਹੋਰ ਵੀ ਭੌਂਕੇ ।
ਆਪ ਜੀਂਦੇ ਧਨ ਪੁਤਰਾਂ ਨੂੰ ਸੌਂਪੇ ।

**ਭਾਵ ਤੇ ਵਰਤੋਂ** ਵਿੱਚ ਹੀ ਆ ਗਏ ਹਨ ।

(ਸੰ)

**ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੇ ।**

**ਭਾਵ :—** ਕੁੱਤੇ ਨੂੰ ਰਾਜ ਸਿੰਘਾਸਨ ਤੇ ਬਿਠਾਉ ਮੁੜ ਚੱਕੀ ਹੀ ਚੱਟੇਗਾ, ਅਰਥਾਤ ਨੀਚ ਬੰਦਾ ਨੀਚ ਕੰਮ ਹੀ ਕਰੇਗਾ, ਭਾਵੇਂ ਕਿੰਨਾ ਵੱਡਾ ਬਣ ਜਾਵੇ ।

**ਵਰਤੋਂ :—**

ਕੁੱਤਾ ਰਾਜ ਬਹਾਲੀਐ,
ਫਿਰ ਚੱਕੀ ਚੱਟੈ ।

(ਵਾਰਾਂ—ਭਾਈ ਗੁਰਦਾਸ)

**ਕੁੱਤਾ ਰੋਟੀ ਲੈ ਗਿਆ ਗੰਗਾ ਮਾਈ ਤੇਰੇ ਨਾਂ ।**

**ਭਾਵ :—** ਸੂਮ ਦਾ ਨੁਕਸਾਨ ਹੋ ਜਾਏ ਤੇ ਉਹ ਕਹਿ ਦੇਵੇ ਕਿ ਮੈਂ ਦਾਨ ਕੀਤਾ ਹੈ ।

**ਵਰਤੋਂ :—** ਅਪਣੇ ਹੱਥੀਂ ਤੇ ਤੁਸਾਂ ਕਦੀ ਇਕ ਧੇਲਾ ਕਿਸੇ ਗ਼ਰੀਬ ਨੂੰ ਨਹੀਂ ਦਿਤਾ, ਹੁਣ ਇਹ ਨੁਕਸਾਨ ਹੋ ਗਿਆ ਹੈ ਤੇ ਤੁਸੀਂ ਕਹਿੰਦੇ ਹੋ ਕਿਸੇ ਗ਼ਰੀਬ ਨੂੰ ਰੁਪਏ ਲਭੇ ਹੀ ਹੋਣਗੇ, ਵਿਚਾਰੇ ਦੇ ਕੰਮ ਆਣਗੇ । ਇਹ ਤੇ ਉਹ ਗਲ ਹੋਈ 'ਕੁੱਤਾ ਰੋਟੀ ਲੈ ਗਿਆ, ਗੰਗਾ ਮਾਈ ਤੇਰੇ ਨਾਂ । (ਸੰਗ੍ਰ)

**ਕੁੱਤਾ ਵੀ ਖਾਧਾ ਤੇ ਢਿਡ ਵੀ ਨਾ ਭਰਿਆ ।**

**ਭਾਵ :—** ਜਦੋਂ ਸੁਖ ਦੀ ਪ੍ਰਾਪਤੀ ਦੀ ਖ਼ਾਤਰ ਮਾੜਾ ਕੰਮ ਕਰੇ ਪਰ ਸੁਖ ਫਿਰ ਵੀ ਨਾ ਮਿਲੇ ।

**ਵਰਤੋਂ :—** ਅਖੇ 'ਕੁੱਤਾ ਵੀ ਖਾਧਾ ਤੇ ਢਿਡ ਵੀ ਨਾ ਭਰਿਆ' । ਇਹੋ ਹਾਲ ਜੋਗਿੰਦਰ ਸਿੰਘ ਦਾ ਹੋਇਆ । ਉਸ ਨੇ ਕਿਸਮਤ ਲਭ ਲਈ ਸੀ । ਉਸ ਦਾ ਉਹ ਮਤਲਬ ਫੇਰ ਵੀ ਪੂਰਾ ਨਾ ਹੋਇਆ ।

(ਮਿਠਾ ਮੋਹਰਾ—ਨਾਨਕ ਸਿੰਘ)

**ਕੁਤਿਆ ਤੇਰੇ ਮੂੰਹ ਨੂੰ ਨਹੀਂ, ਤੇਰੇ ਮਾਲਕ ਦੇ ਮੂੰਹ ਨੂੰ ਹੈ ।**

**ਭਾਵ :—** ਜਦੋਂ ਕਿਸੇ ਚੰਗੇ ਸਾਥੀ ਦੇ ਲਿਹਾਜ਼ ਮੁਲਾਹਜ਼ੇ ਨੂੰ ਮੁਖ ਰਖਕੇ ਉਸ ਦੇ ਭੈੜੇ ਮਿੱਤਰ ਦੀ ਸਹਾਇਤਾ ਕੀਤੀ ਜਾਏ ।

**ਵਰਤੋ :—** ਇਸ ਦੀ ਗਲ ਹੁੰਦੀ ਤਾਂ ਮੈਂ ਦੋ ਟਕੇ ਵੀ ਇਸ ਦੇ ਮੂੰਹ ਤੇ ਨਾ ਮਾਰਦਾ । ਪਰ ਇਸ ਦੇ ਪਿਉ ਦਾ ਲਿਹਾਜ਼ ਮਾਰਦਾ ਹੈ ਅਖੇ 'ਕੁਤਿਆ ਤੇਰੇ ਮੂੰਹ ਨੂੰ ਨਹੀਂ, ਤੇਰੇ ਮਾਲਕ ਦੇ ਮੂੰਹ ਨੂੰ ਹੈ ।'

(ਸੰਗ੍ਰ)

**ਕੁਤਿਆਂ ਦੇ ਲਕਿਆਂ ਦਰਿਆ ਪਲੀਤ ਨਹੀਂ ਹੁੰਦਾ ।**

**ਭਾਵ :—** ਭੈੜੇ ਆਦਮੀ ਦੀ ਨਿੰਦਿਆ ਨਾਲ ਚੰਗੇ ਪੁਰਸ਼ਾਂ ਦਾ ਕੁਝ ਨਹੀਂ ਵਿਗੜਦਾ ।

**ਵਰਤੋਂ :—** ਮਿਤਰੋ ! ਤੁਸੀਂ ਗੁੱਸਾ ਨਾ ਕਰੋ, 'ਕੁਤਿਆਂ ਦੇ ਲਕਿਆਂ ਦਰਿਆ ਪਲੀਤ ਨਹੀਂ ਹੁੰਦਾ ।' ਸ੍ਰੇਸ਼ਟ ਪੁਰਸ਼ ਦੀ ਨਿੰਦਿਆ ਕੁਝ ਨਹੀਂ ਵਿਗਾੜ ਸਕਦੀ।

(ਸੰਗ੍ਰ)

**ਕੁੱਤੀ ਗੋਲ੍ਹਾਂ ਖਾਣ ਗਈ, ਅਗੋਂ ਵਾ ਨਾ ਵਗੀ, ਪਿੱਛੋਂ ਰੋਟੀ ਵੇਲਾ ਖੁੰਝ ਗਿਆ ।**

**ਭਾਵ :—** ਕਿਸੇ ਚੰਗੀ ਚੀਜ਼ ਦੀ ਆਸ ਵਿੱਚ ਹੱਥ ਆਈ ਚੀਜ਼ ਗਵਾ ਬਹਿਣੀ ਤੇ

ਅਗੋਂ ਕੁਝ ਲਭਣਾ ਵੀ ਨਾਂਹ ।

**ਵਰਤੋਂ** :— ਘਾੜੇ ਨਾਲ ਤਾਂ ਉਹ ਗਲ ਬਣੀ ਅਖੇ 'ਕੁੱਤੀ ਗੋਲ੍ਹਾਂ ਖਾਣ ਗਈ, ਅਗੋਂ ਵਾ ਨਾ ਵਗੀ, ਪਿੱਛੋਂ ਟੋਟੀ ਵੇਲਾ ਖੁੰਝ ਗਿਆ' । ਘਰ ਬਾਰ ਵੇਚ ਕੇ ਸੁਦਾਗਰੀ ਨੂੰ ਚੜ੍ਹੇ, ਉਥੋਂ ਘਾਟਾ ਪਾ ਕੇ ਮੁੜੇ । ਇਧਰੋਂ ਸਿਰ ਲੁਕਾਣ ਜੋਗਾ ਜਿਹੜਾ ਕੋਠਾ ਸੀ, ਉਹ ਵੀ ਗਿਆ । (ਸੰਗ੍ਰ)

**ਕੁੱਤੀ ਨੈਣ ਮੰਡਿਆਂ ਦੀ ਰਾਖੀ ?**

**ਭਾਵ** :— ਜਦ ਕਿਸੇ ਅਯੋਗ ਪੁਰਸ਼ ਨੂੰ ਜ਼ਿੰਮੇਵਾਰੀ ਦੇ ਕੰਮ ਉਪਰ ਲਾ ਦੇਣ ਨਾਲ ਨੁਕਸਾਨ ਹੋਵੇ ।

**ਵਰਤੋਂ** :— ਤੁਸਾਂ ਵੀ 'ਕੁੱਤੀ ਨੈਣ ਮੰਡਿਆਂ ਦੀ ਰਾਖੀ' ਬਿਠਾ ਛਡੀ, ਉਜਾੜਾ ਤਾਂ ਪੈਣਾ ਹੀ ਸੀ । (ਸੰਗ੍ਰ)

**ਕੁੱਤੇ ਸੰਦੀ ਪੂਛਲੀ, ਕਦੇ ਨਾ ਸਿਧੀ ਹੋਏ ।**

**ਭਾਵ** :— ਜਦ ਕੋਈ ਆਪਣੀ ਭੈੜੀ ਆਦਤ ਉੱਕੀ ਨਾ ਛੱਡੇ ।

**ਵਰਤੋਂ** :— ਇਸ ਚੰਦਰੀ ਦੀ ਗਲ ਹੀ ਕੀ ਕਹਿਣੀ ਏ ? 'ਕੁਤੇ ਸੰਦੀ ਪੂਛਲੀ, ਕਦੇ ਨਾ ਸਿੱਧੀ ਹੋਏ'। ਉਹ ਆਪਣੇ ਸੁਭਾ ਤੋਂ ਕਦਾਚਿਤ ਨਹੀਂ ਟਲੇਗੀ । (ਸੰਗ੍ਰ)

**ਕੁੱਤੇ ਖਾਣ ਜਲੇਬੀਆਂ, ਪ੍ਰੋਹਤ ਭੁੱਖੇ ।**

**ਭਾਵ** :— ਜਿਸ ਨੂੰ ਜਿਹੜੀ ਚੀਜ਼ ਮਿਲਣੀ ਚਾਹੀਦੀ ਹੈ, ਉਸ ਨੂੰ ਤਾਂ ਮਿਲੇ ਨਾ, ਤੇ ਦੂਜੇ ਮੌਜਾਂ ਕਰਨ ।

**ਵਰਤੋਂ** :— ਚੋਧਰੀ ਜੀ, ਇਹ ਕਿਹੜੇ ਪਾਸੇ ਦਾ ਨਿਆਂ ਹੈ ਕਿ 'ਕੁਤੇ ਖਾਣ ਜਲੇਬੀਆਂ, ਪ੍ਰੋਹਤ ਭੁੱਖੇ' । ਗੁਣਵਾਨਾ ਦੀ ਤਾਂ ਇਥੇ ਪੁਛ ਪ੍ਰਤੀਤ ਹੀ ਨਹੀਂ ਤੇ ਵਿਹਲੜ ਮੌਜਾਂ ਮਾਣਦੇ ਨੇ । (ਸੰਗ੍ਰ)

**ਕੁੱਤੇ ਚੰਦਨੁ ਲਾਈਐ ਭੀ ਸੋ ਕੁੱਤੀ ਧਾਤੁ ॥**

**ਭਾਵ** :— ਤੁਸੀਂ ਕੁੱਤੇ ਨੂੰ ਜਿੰਨੀ ਵਾਰ ਮਰਜ਼ੀ ਹੈ ਚੰਦਨ ਲਾਉ, ਉਹ ਕੁੱਤੇ ਵਾਲੀ ਖ਼ਸਲਤ ਨਹੀਂ ਛਡੇਗਾ । ਮੰਦੇ ਨੂੰ ਚੰਗੀ ਚੀਜ਼ ਵੀ ਦਿਉ, ਉਹ ਮੰਦਾ ਹੀ ਰਹੇਗਾ ।

**ਵਰਤੋਂ** :—

"ਪੱਥਰ ਪਾਲਾ ਕਿਆ ਕਰੇ,
ਖੁਸਰੇ ਕਿਆ ਘਰ ਵਾਸ ॥
ਕੁੱਤੇ ਚੰਦਨੁ ਲਾਈਐ
ਭੀ ਸੋ ਕੁੱਤੀ ਧਾਤ ॥"

(ਗੁਰੂ ਗ੍ਰੰਥ—ਵਾਰ ਮਾਝ)

**ਕੁੱਤੇ ਦਾ ਕੁੱਤਾ ਵੈਰੀ ।**

**ਭਾਵ** :— ਜਦ ਇਕੋ ਕੰਮ ਜਾਂ ਜ਼ਾਤ ਸ਼ਰੀਕੇ ਵਾਲੇ ਆਪਸ ਵਿੱਚ ਈਰਖਾ ਕਰਨ ।

**ਵਰਤੋਂ** :— ਜੀ 'ਕੁੱਤੇ ਦਾ ਕੁੱਤਾ ਵੈਰੀ' । ਮੈਂ ਉਸਦਾ ਕੋਈ ਨੁਕਸਾਨ ਨਹੀਂ ਸੀ ਕੀਤਾ, ਪਰ ਉਹ ਇਸੇ ਗਲ ਤੋਂ ਸੜੇ, ਪਈ ਮੇਰੀ ਨੌਕਰੀ ਉਹਦੇ ਦਫ਼ਤਰ ਵਿੱਚ ਕਿਉਂ ਲਗੀ ? (ਸੰਗ੍ਰ)

**ਕੁੱਤੇ ਦੀ ਹੱਡੀ ਵਾਲਾ ਸੁਆਦ ।** ਜਾਂ **ਕੁੱਤੇ ਨੇ ਹੱਡੀ ਵਾਲਾ ਖਹਿੜਾ ਨਹੀਂ ਛਡਿਆ ।**

**ਭਾਵ** :— ਬੁਰੀ ਵਾਦੀ ਜਾਂ ਆਦਤ ਨਾ ਛਡਣੀ ।

**ਵਰਤੋਂ** :— ਜਦ ਉਸ ਨੇ ਇਹ ਜਾਤਾ ਜੁ ਪ੍ਰਿਤਮਾਂ ਪਾਸੋਂ ਇਹ ਆਸ ਰਖਣੀ ਲੋਹੇ ਦੇ ਚਾਣੇ ਚਬਾਨ ਵਾਲੀ ਗਲ ਹੈ ਤਾਂ ਉਸ ਦੀ ਨਿਰਾਸਤਾ ਦੀ ਹੱਦ ਨਾ ਰਹੀ । ਫਿਰ ਵੀ ਕੁੱਤੇ ਨੇ ਹੱਡੀ ਦਾ ਖਹਿੜਾ ਨਹੀਂ ਛਡਿਆ ।

(ਟੁੱਟੀ ਵੀਣਾ—ਨਾਨਕ ਸਿੰਘ)

**ਕੁੱਤੇ ਦੀ ਪੂਛ ਬਾਰਾਂ ਵਰ੍ਹੇ ਨਲਕੀ ਵਿੱਚ ਪਾ ਛੱਡੋ, ਸਿੱਧੀ ਨਹੀਂ ਹੁੰਦੀ ।**

**ਭਾਵ** :—ਭੈੜਾ ਆਦਮੀ ਆਪਣੀ ਆਦਤ ਨਹੀਂ ਛਡਦਾ ।

**ਵਰਤੋਂ** :— ਨਥੂ ਰਾਮ ਨੇ ਕੀ ਸੌਰਨਾ ਹੈ ? ਕੁੱਤੇ ਦੀ ਪੂਛ ਬਾਰਾਂ ਵਰ੍ਹੇ ਨਲਕੀ ਵਿਚ ਪਾ ਛੱਡੋ ਸਿੱਧੀ ਨਹੀਂ ਹੁੰਦੀ । ਛਡੋ ਇਸ ਦੇ ਸੁਧਾਰ ਦਾ ਖਹਿੜਾ । (ਸੰਗ੍ਰ)

**ਕੁੱਤੇ ਦੀ ਮੌਤ ਆਵੇ, ਤਦ ਮਸੀਤੀਂ ਚੜ੍ਹਕੇ ਮੂਤਦਾ ਹੈ ।**

**ਭਾਵ** :—ਕਿਸੇ ਦੇ ਮੰਦੇ ਦਿਨ ਆ ਜਾਣ, ਤਦ ਉਹ ਹੋਰ ਵੀ ਮਾੜੇ ਕੰਮ ਕਰਨ ਲਗ ਪੈਂਦਾ ਹੈ । ਜਾਂ ਆਪਣੇ ਨਾਲੋਂ ਤਕੜੇ ਨਾਲ ਮੱਥਾ ਲਾ ਲੈਂਦਾ ਹੈ ।

**ਵਰਤੋਂ** :—ਠੀਕ ਹੈ ਭਾਈ, ਜਦ ਕੁੱਤੇ ਦੀ ਮੌਤ ਆਵੇ, ਤਦ ਉਹ ਮਸੀਤੇ ਚੜ੍ਹ ਕੇ ਮੂਤਦਾ ਹੈ । ਇਸਨੂੰ ਵੀ ਮਰਨ ਮਿੱਟੀ ਚੜ੍ਹੀ ਹੋਈ ਏ । ਤਦੇ ਸਰਦਾਰਾਂ ਨਾਲ ਮੱਥਾ ਲਾ ਬੈਠਾ ਹੈ । (ਸੰਗ੍ਰ)

**ਕੁੱਤੇ ਦੇ ਗਲ ਵਾਸਣੀ ਨਾ ਸਰਾਫ਼ੀ ਸਾਜ ।**

**ਭਾਵ** :—ਕੁੱਤੇ ਦੇ ਗਲ ਵਾਸਣੀ ਬੰਨ੍ਹ ਦੇਈਏ, ਤਦ ਉਹ ਸਰਾਫ਼ਾਂ ਵਾਲਾ ਸਾਮਾਨ ਨਹੀਂ ਕਰ ਸਕਦਾ । ਭਾਵ ਛੋਟੇ ਜਾਂ ਨੀਚ ਪੁਰਸ਼ ਪਾਸ ਕੋਈ ਮਾਮੂਲੀ ਗੁਣ ਵੀ ਹੋਵੇ, ਤਾਂ ਉਹ ਵੱਡਾ ਨਹੀਂ ਬਣ ਸਕਦਾ ।

**ਵਰਤੋਂ** :—

ਜੇ ਖੁੱਥੀ ਖਿੰਡਾ ਬਹੈ ਕਿਉਂ ਹੋਇ ਬਜਾਜ ।
ਕੁੱਤੇ ਦੇ ਗਲ ਵਾਸਣੀ ਨਾ ਸਰਾਫੀ ਸਾਜ ।
(ਵਾਰਾਂ—ਭਾਈ ਗੁਰਦਾਸ)

**ਕੁੱਤੇ ਨੂੰ ਖੀਰ ਨਹੀਂ ਪੱਚਦੀ ਜਾਂ ਕੁੱਤੇ ਨੂੰ ਘਿਉ ਨਹੀਂ ਪੱਚਦਾ ।**

**ਭਾਵ** :—ਜਦ ਕਿਸੇ ਹੋਛੇ ਜਾਂ ਕਮੀਨੇ ਪੁਰਸ਼ ਨੂੰ ਉੱਚੀ ਪਦਵੀ ਦਿੱਤੀ ਜਾਵੇ, ਪਰ ਉਹ ਉਸਦੀ ਸੰਭਾਲ ਨਾ ਕਰ ਸਕੇ ।

**ਵਰਤੋਂ** :—ਜਾਹ ਜੋ ਜ਼ੋਰ ਲਗਦਾ ਈ ਲਾ ਲੈ ਜਾ ਕੇ । ਰੁਲਦੀ ਖੁਲਦੀ ਨੂੰ ਲਿਆਕੇ ਤਖ਼ਤ ਤੇ ਬਿਠਾ ਦਿੱਤਾ ਏ, ਤੇ ਸਗੋਂ ਲਗੀ ਏ ਉਲਟਾ ਰੋਹਬ ਪਾਣ । 'ਕੁੱਤੇ ਨੂੰ ਖੀਰ ਨਹੀਂ ਨਾ ਪਚੀ ।'
(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਕੁੱਤੇ ਭੌਂਕਣ ਤਾਂ ਚੰਦ ਨੂੰ ਕੀ ?**

**ਭਾਵ** :—ਕਿਸੇ ਦੀ ਨਿੰਦਿਆ ਕੀਤੀ ਜਾਵੇ, ਪਰ ਉਹ ਪਰਵਾਹ ਨਾ ਕਰੇ ।

**ਵਰਤੋਂ** :—'ਕੁੱਤੇ ਭੌਂਕਣ ਤਾਂ ਚੰਦ ਨੂੰ ਕੀ' ? ਤੁਸੀਂ ਜੋ ਜੀ ਚਾਹੇ ਕਹਿ ਲਉ । ਮੇਰਾ ਕੁੱਝ ਨਹੀਂ ਵਿਗੜਨਾ । (ਸੰਗ੍ਰ)

**ਕੁਨਾਲੀ ਹੇਠ ਲੁਕਾਇਆਂ ਲੁਕੇ ਨਹੀਂ ਰਹਿੰਦੇ ।** ਵੇਖੋ :—ਇਸ਼ਕ ਤੇ ਮੁਸ਼ਕ ਛੁਪੇ ਨਹੀਂ ਰਹਿੰਦੇ ।

**ਭਾਵ** :—ਪਰਗਟ ਹੋ ਜਾਣ ਵਾਲੀ ਚੀਜ਼ ਲੁਕ ਨਹੀਂ ਸਕਦੀ ।

**ਵਰਤੋਂ** :— ਸਸੀ ਦਾ ਪਿਆਰ ਪੁੰਨੂੰ ਨਾਲ ਹੁਣ 'ਕੁਨਾਲੀ ਹੇਠ ਲੁਕਾਇਆਂ ਲੁਕਿਆ ਨਹੀਂ ਸੀ ਰਹਿੰਦਾ ।' ਹੁਣ ਇਸ ਇਸ਼ਕ ਦੀ ਮੁਸ਼ਕ ਫੈਲ ਚੁਕੀ ਸੀ । (ਸੰਗ੍ਰ)

**ਕੁੱਪੀ ਦੇ ਵਿਚ ਰੋੜ ਖੜਕਦਾ ।**

**ਭਾਵ** :—ਸਰੀਰ ਵਿਚ ਆਤਮਾ ਰਹਿੰਦੀ ਹੈ ।

**ਵਰਤੋਂ** :—

"ਕੁੱਪੀ ਦੇ ਵਿਚ ਰੋੜ ਖੜਕਦਾ,
ਮੂਰਖ ਆਖੇ ਬੋਲੇ ਕਉਣ ?"
(ਕਾਫ਼ੀਆਂ—ਬੁਲ੍ਹੇ ਸ਼ਾਹ)

**ਕੁੱਪੀ ਰੋੜ ਛਣਕਾਵੇ ਅਨਮੋੜ ।**

**ਭਾਵ** :—ਬੇ-ਅਰਥ ਗਲ ਕਰਨਾ ਜਾਂ ਲਭਣਾ ।

ਵਰਤੋਂ :—ਪਰ ਪ੍ਰਕਾਸ਼ ਕੇਵਲ ਇਤਨਾ ਹੀ ਕਹਿਕੇ ਚੁਪ ਹੋ ਗਿਆ; "ਸਾਈਂ ਮੈਨੂੰ ਤਾਂ ਕੁਪੇ ਵਿਚ ਰੋੜ ਖੜਕਦੇ ਹੀ ਸੁਣਾਈ ਦਿੱਤੇ ਨੇ।"

(ਗੰਗਾ ਜਲੀ ਵਿੱਚ ਸ਼ਰਾਬ—ਨਾਨਕ ਸਿੰਘ)

**ਕੁੱਬੇ ਨੂੰ ਲੱਤ ਕਾਰੀ ਆਈ।**

ਭਾਵ :—ਜਦ ਕੋਈ ਕਰੇ ਕਿਸੇ ਨਾਲ ਬੁਰਾ, ਪਰ ਉਲਟਾ ਅਗੋਂ ਉਸਨੂੰ ਲਾਭ ਹੋ ਜਾਵੇ, ਤਦ ਇਹ ਅਖਾਣ ਵਰਤਦੇ ਹਨ।

ਵਰਤੋਂ :—ਰਾਮ ਨੇ ਹਰੀ ਦੇ ਰਾਹ ਵਿੱਚ ਰੋੜਾ ਅਟਕਾਉਣ ਦਾ ਬੜਾ ਜਤਨ ਕੀਤਾ, ਪਰ ਇਸਨੇ ਉਲਟਾ ਉਸਨੂੰ ਹੁਸ਼ਿਆਰ ਕਰਕੇ ਹੋਰ ਅਗੇਰੇ ਪੁਚਾ ਦਿੱਤਾ। ਕੁੱਬੇ ਨੂੰ ਲੱਤ ਕਾਰੀ ਆਈ। (ਸੰਗ੍ਰ)

**ਕੁਮੈਤ ਟੱਟੂ, ਨਾ ਜਾਣੇ ਮਖੱਟੂ।**

ਭਾਵ :—ਕਿਸੇ ਅਣਜਾਣ ਦੇ ਹਥੋਂ ਕਿਸੇ ਚੰਗੀ ਚੀਜ਼ ਦੀ ਬੇਕਦਰੀ ਹੋਵੇ।

ਵਰਤੋਂ :—ਉਸ ਕਮਲੇ ਨੂੰ ਪਸ਼ਮੀਨੇ ਦੀ ਚਾਦਰ ਦੀ ਕੀ ਕਦਰ ਸੀ? ਉਸਨੇ ਤਾਂ ਇਸਨੂੰ ਲੋਈ ਵਾਂਗ ਵਰਤਿਆ ਹੈ। ਸਿਆਣੇ ਸਦਾ ਸੱਚ ਹੀ ਆਖਦੇ ਹਨ: ਕੁਮੈਤ ਟੱਟੂ ਨਾ ਜਾਣੇ ਮਖੱਟੂ। (ਸੰਗ੍ਰ)

**ਕੁਰੁਤਾ ਬੀਜ ਬੀਜੇ ਨਹੀ ਜੰਮੈ...**

ਭਾਵ :—ਠੀਕ ਰੁਤ ਨਾ ਹੋਵੇ ਤਾਂ ਬੀ ਬੀਜਿਆ ਹੋਇਆ ਨਹੀਂ ਜੰਮਦਾ। ਭਾਵ, ਹਰ ਕੰਮ ਸਮੇਂ ਸਿਰ ਕਰੋ।

ਵਰਤੋਂ :—

"ਅਨਿਕ ਕਰਮ ਕੀਏ ਬਹੁਤੇਰੇ ॥
ਜੋ ਕੀਜੈ ਸੋ ਬੰਧਨੁ ਪੈਰੇ ॥
ਕੁਰੁਤਾ ਬੀਜੁ ਬੀਜੇ ਨਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ।"

(ਗੁਰੂ ਗ੍ਰੰਥ—ਮਾਰੂ ਰਾਗ)

**ਕੁਲਾਬੀ ਸ਼ਾਹੀ ਦਾ ਕੁਲਾਬਾ ਮੁਲ।**

ਭਾਵ :—ਮਾੜੀ ਚੀਜ਼ ਦੀ ਕੀਮਤ ਵੀ ਮਾਮੂਲੀ ਹੀ ਪੈਂਦੀ ਹੈ।

ਵਰਤੋਂ :— ਦੀਪ—ਨਥੋ, ਇਹ ਕੀ ਸੁਗਾਤ ਲੈ ਆਂਦੀ ਆ? ਇਹਦੀ ਸ਼ਕਲ ਤਾਂ ਵੇਖ।

ਨਥੋ—ਤੇ ਦਿੱਤਾ ਕੀ ਏ? ਇਕ ਪੈਸਾ। ਅਖੇ 'ਕੁਲਾਬੀ ਸ਼ਾਹੀ ਦਾ ਕੁਲਾਬਾ ਮੁਲ'—ਜਿਹੋ ਜਿਹੀ ਚੀਜ਼ ਸੀ, ਤਿਹੋ ਜਿਹਾ ਮੁਲ ਵੀ ਦਿੱਤਾ। (ਸੰਗ੍ਰ)

**ਕੁੜਮ ਵਿਗੁੱਤਾ ਚੰਗਾ ਤੇ ਗਵਾਂਢ ਵਿਗੁੱਤਾ ਮੰਦਾ। ਜਾਂ ਕੁੜਮ ਕੁਪੱਤਾ ਚੰਗਾ ਤੇ ਗਵਾਂਢ ਕੁਪੱਤਾ ਮੰਦਾ।**

ਭਾਵ :—ਸਬੰਧੀਆਂ ਨਾਲ ਵਿਗਾੜ ਤਾਂ ਕਦੀ ਕਦਾਈਂ ਦੁਖੀ ਕਰਦਾ ਹੈ, ਪਰ ਗਵਾਂਢੀ ਨਾਲ ਸਦਾ ਹੀ।

ਵਰਤੋਂ :—ਮੈਂ ਕੀ ਕਰਾਂ? ਦੁਖੀ ਹੋ ਗਿਆ ਹਾਂ, ਗਵਾਂਢੀਆਂ ਦੀ ਨਿਤ ਦੀ ਲੜਾਈ ਤੋਂ। 'ਕੁੜਮ ਵਿਗੁੱਤਾ ਚੰਗਾ ਤੇ ਗਵਾਂਢ ਵਿਗੁੱਤਾ ਮੰਦਾ।' ਨਿਤ ਦਾ ਵਾਹ ਜੋ ਪੈਣਾ ਹੋਇਆ। (ਸੰਗ੍ਰ)

**ਕੁੜੀ ਜੰਮੀ ਤੇ ਹੱਡ ਛੁਟੇ।**

ਭਾਵ :—ਜਦ ਕੋਈ ਕਿਸੇ ਕੰਮ ਨੂੰ ਕਰਦਾ ਅੱਕ ਜਾਵੇ ਤੇ ਘਾਟੇਵੰਦਾ ਸੌਦਾ ਕਰ ਕੇ ਵੀ ਖ਼ਲਾਸੀ ਪਾ ਜਾਵੇ, ਤਦ ਇਹ ਅਖਾਣ ਵਰਤਦੇ ਹਨ।

ਵਰਤੋਂ :— ਪੰਚਾ ਚੰਗਾ ਹੋਇਆ, ਇਹ ਕੰਮ ਗਲੋਂ ਤਾਂ ਲੱਥਾ; 'ਕੁੜੀ ਜੰਮੀ ਤੇ ਹੱਡ ਛੁਟੇ' ਵਾਲਾ ਲੇਖਾ ਹੀ ਸਹੀ। (ਸੰਗ੍ਰ)

**ਕੁੜੀਆਂ, ਚਿੜੀਆਂ, ਬਕਰੀਆਂ ਤੇ ਤਿੰਨੇ ਜਾਤੀਂ ਅਥਰੀਆਂ।**

ਭਾਵ :—ਕੁੜੀਆਂ ਦੀ ਚੰਚਲਤਾ ਦਸਣ ਸਮੇਂ ਵਰਤਦੇ ਹਨ।

ਵਰਤੋਂ :— ਕਾਕਾ ਜੀ, ਚੁਪ ਕਰ ਛਡੋ, ਇਹ ਬੁਰੀਆਂ ਆਦਤਾਂ ਨੇ। ਬਥੇਰਾ ਇਨ੍ਹਾਂ ਨਾਲ ਸਿਰ ਖਪਾਈ ਦਾ ਏ, ਪਰ ਇਨ੍ਹਾਂ ਨੂੰ ਇਕ ਨਹੀਂ ਪੋਂਹਦੀ। ਸੱਚ ਕਿਸੇ ਕਿਹਾ ਏ ਅਖੇ 'ਕੁੜੀਆਂ, ਚਿੜੀਆਂ, ਬਕਰੀਆਂ ਤੇ ਤਿੰਨੇ ਜਾਤੀਂ ਅਥਰੀਆਂ।'

(ਚਿੱਟਾ ਲਹੂ—ਨਾਨਕ ਸਿੰਘ)

**ਕੁੜੀਆਂ ਤੇ ਧ੍ਰੇਕਾਂ ਵਧਦਿਆਂ ਚਿਰ ਨਹੀਂ ਲਗਦਾ।**

ਭਾਵ :— ਧੀਆਂ ਬੜੀ ਛੇਤੀ ਵਡੀਆਂ ਹੋ ਜਾਂਦੀਆਂ ਹਨ, ਭਾਵ ਉਨ੍ਹਾਂ ਦਾ ਭਾਰ ਛੇਤਾ ਹੀ ਮਹਿਸੂਸ ਹੋਣ ਲਗ ਪੈਂਦਾ ਹੈ।

ਵਰਤੋਂ :— ਵੇਖਿਆ ਈ, ਕੀਕਣ ਲਗਰ ਵਾਂਗ ਵਧੀ ਏ ਦਿਨਾਂ ਵਿਚ। ਸੱਚ ਕਹਿੰਦੇ ਨੇ ਕੁੜੀਆਂ ਤੇ ਧ੍ਰੇਕਾਂ ਵਧਦਿਆਂ ਚਿਰ ਨਹੀਂ ਲਗਦਾ।

(ਲਵ ਮੈਰਿਜ—ਨਾਨਕ ਸਿੰਘ)

**ਕੂੜ ਇੱਕ, ਗੰਢੀ ਸਉ ਫੇਰੇ ॥**

ਭਾਵ :—ਕੂੜ ਨੂੰ ਕਿਤਨਾ ਵੀ ਛਪਾਉ, ਅੰਤ ਨੂੰ ਪਾਜ ਖੁਲ੍ਹ ਹੀ ਜਾਵੇਗਾ।

ਵਰਤੋਂ :—

ਸਾਧੁ ਸੰਗਤ ਗੁਰ ਸ਼ਬਦਿ ਵਿਣੁ ਥਾਉ ਨਾ,
ਪਾਇਨ ਭਲੇ ਭਲੇਰੇ।
ਕੂੜ ਇਕ ਗੰਢੀ ਸਉ ਫੇਰੇ ॥

(ਵਾਰਾਂ—ਭਾਈ ਗੁਰਦਾਸ)

**ਕੂੜ ਸੱਚ ਜਿਉਂ ਵਟ ਘੜੋਟਾ।**

ਭਾਵ :—ਕੂੜ ਤੇ ਸੱਚ ਦਾ ਘੜੇ ਵੱਟੇ ਦਾ ਵੈਰ ਹੈ।

ਵਰਤੋਂ :—

ਸੂਰਜ ਇੱਕ ਚੜ੍ਹੰਦਿਆਂ ਹੁਇ ਅਨ੍ਹੇਰ ਪਵੈ ਫਲਫੋਟਾ।
ਕੂੜਾ ਸੱਚ ਜਿਉਂ ਵਟ ਘੜੋਟਾ ॥

(ਵਾਰਾਂ—ਭਾਈ ਗੁਰਦਾਸ)

**ਕੂੜ ਨਾ ਪਹੁੰਚੇ ਸਚ ਨੋ ਸਉ ਘਾੜਤ ਘੜੀਐ।**

ਭਾਵ :—ਕੂੜ ਵੀ ਪਏ ਕਰੀਏ, ਪਰ ਝੂਠ ਸੱਚ ਦੀ ਬਰਾਬਰੀ ਨਹੀਂ ਕਰ ਸਕਦਾ।

ਵਰਤੋਂ :—

ਜਸ- ਠੀਕ ਹੈ: 'ਕੂੜ ਨਾ ਪਹੁੰਚੇ ਸਚ ਨੋ ਸਉ ਘਾੜਤ ਘੜੀਐ'—ਆਖ਼ਰ ਸਚਾਈ ਦੀ ਹੀ ਜਿਤ ਹੋਣੀ ਹੈ।

(ਕਮਲ ਕੁਮਾਰੀ— ਹਰਚਰਨ ਸਿੰਘ)

**ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ।**

ਭਾਵ :—ਕੂੜੇ ਹਾਰ ਜਾਂਦੇ ਹਨ; ਆਖ਼ਰ ਬਚਾ ਸੱਚ ਵਿਚ ਹੀ ਹੈ।

ਵਰਤੋਂ :—

ਆਵਣੁ ਜਾਣੁ ਨਾ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

(ਗੁਰੂ ਗ੍ਰੰਥ—ਵਾਰ ਰਾਮ ਕਲੀ)

**ਕੂੜ ਬੋਲਿ ਮਰਦਾਰੁ ਖਾਇ ॥**

ਭਾਵ :—ਝੂਠ ਬੋਲ, ਹਰਾਮ ਦੀ ਕਮਾਈ ਖਾਂਦਾ ਹੈ।

ਵਰਤੋਂ :—

ਕੂੜ ਬੋਲਿ ਮਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪ ਮੁਹਾਏ ਸਾਥੈ ॥
ਨਾਨਕ ਐਸਾ ਆਗੂ ਜਾਪੈ ॥

(ਗੁਰੂ ਗ੍ਰੰਥ—ਵਾਰ ਮਾਝ)

**"ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭੁ ਸੰਸਾਰੁ ॥"**

ਭਾਵ :—ਰਾਜਾ, ਪਰਜਾ ਤੇ ਸੰਸਾਰਕ ਸਨਬੰਧ ਸਭ ਨਾਸ਼ਵੰਤ ਹਨ।

ਵਰਤੋਂ :—

"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ-ਹਾਰੁ ॥"

(ਗੁਰੂ ਗ੍ਰੰਥ—ਆਸਾ ਦੀ ਵਾਰ)

**ਕੂੜੇ ਕੂੜਾ ਜ਼ੋਰ ਹੈ।**

ਭਾਵ :—ਝੂਠਿਆਂ ਦਾ ਜ਼ੋਰ ਵੀ ਝੂਠਾ ਹੈ।

ਵਰਤੋਂ :—

ਕੂੜੇ ਕੂੜਾ ਜ਼ੋਰ ਹੈ ਸੱਚ ਸਤਾਣੀ ਗਰਬ ਗਰੂਰੀ।
ਕੂੜ ਨਾ ਦਰਗਹ ਮੰਨੀਐ ਸੱਚ ਸੁਹਾਵਾ ਸਦਾ ਹਜ਼ੂਰੀ।

(ਵਾਰਾਂ—ਭਾਈ ਗੁਰਦਾਸ)

**ਕੇਸਰ ਦੀ ਕਿਆਰੀ ਵਿੱਚ ਕਸੁੰਭੇ ਦਾ ਬੂਟਾ।**

ਭਾਵ: —ਕਿਸੇ ਖ਼ੁਸ਼ੀ ਵਿਚ ਕੋਈ ਵਿਘਨ ਪੈਣ ਲਗ ਪੈਣੇ।

**ਵਰਤੋਂ** :— ਅਖ਼ੀਰ ਕੇਸਰ ਦੀ ਕਿਆਰੀ ਵਿਚ ਕਸੁੰਭੇ ਦਾ ਬੂਟਾ ਉਗ ਹੀ ਪਿਆ ! ਸਮਾਂ ਪਾ ਕੇ ਜੋਗਿੰਦਰ ਸਿੰਘ ਦਾ ਦੂਜਾ ਵਿਆਹ ਹੋ ਗਿਆ ਤੇ ਉਸਨੇ ਅੰਦਰਖਾਨੇ ਘਰ, ਜਾਇਦਾਦ—ਸਭ ਕੁਝ ਨਵੀਂ ਵਹੁਟੀ ਦੇ ਨਾਮ ਕਰ ਦਿੱਤਾ ।

(ਮਿੱਠਾ ਮੁਹਰਾ—ਨਾਨਕ ਸਿੰਘ)

**ਕੇਤੇ ਲੈ ਲੈ ਮੁਕਰੁ ਪਾਹਿ ।**

**ਭਾਵ** :—ਰੱਬ ਦੀਆਂ ਸਾਰੀਆਂ ਦਾਤਾਂ ਪਾ ਕੇ ਵੀ ਕੋਈ ਮੁਕਰਦਾ ਫਿਰੇ । ਕੋਈ ਇਕਰਾਰ ਤੋਂ ਫਿਰ ਜਾਵੇ ਜਾਂ ਲਹਿਣਾ ਨਾ ਦੇਵੇ, ਤਾਂ ਹਾਸੇ ਵਿਚ ਵੀ ਵਰਤੀਦਾ ਹੈ ।

**ਵਰਤੋਂ** :—

ਸ਼ਾਹੂਕਾਰ ਪਾਸੋਂ ਪੈਸੇ ਲੈ ਕੇ ਸੁਥਰੇ ਦਾ ਮੁਕਰ ਜਾਣਾ । ਜਦ ਗੁਰੂ ਜੀ ਨੇ ਪੁਛਣਾ ਤਾਂ ਆਖਣਾ, "ਮੈਂ ਤਾਂ ਗੁਰੂ ਨਾਨਕ ਦੇਵ ਜੀ ਦੇ ਵਾਕ ਪਰ ਚਲਦਾ ਹਾਂ : 'ਕੇਤੇ ਲੈ ਲੈ ਮੁਕਰੁ ਪਾਹਿ' ॥"

(ਹੰਸ ਚੋਗ— ਬੁਧ ਸਿੰਘ)

**ਕੋਰਾ ਪਸਾਰੀ ਤੇ ਚੋਗਾ ਹਲਵਾਈ, ਇਹਨਾਂ ਦੋਹਾਂ ਦੀ ਪੂਰੀ ਰੱਬ ਕਦੇ ਨਾ ਪਾਈ ।**

**ਭਾਵ** :—ਪੇਟੂ ਹਲਵਾਈ ਤੇ ਸੰਭਾਲ ਕੇ ਚੀਜ਼ਾਂ ਨਾ ਰੱਖਣ ਵਾਲੇ ਪਸਾਰੀ ਨੂੰ ਲਾਭ ਨਹੀਂ ਪੁਜਦਾ ।

**ਵਰਤੋਂ** :— ਰੱਬ ਨੇ ਰਾਮੂ ਪਸਾਰੀ ਅਤੇ ਆਲਾ ਸਿੰਘ ਹਲਵਾਈ ਦੀ ਖ਼ੂਬ ਜੋੜੀ ਬਣਾਈ ਹੈ । ਇਹ ਢੇਰ ਪੂਰੀਆਂ ਪਾਉਣਗੇ । ਇਕ ਬੇਪ੍ਰਵਾਹ ਹੈ ਤੇ ਦੂਜਾ ਪੇਟੂ । ਇਨ੍ਹਾਂ ਲਈ ਹੀ ਕਿਤੇ ਇਹ ਕਹਾਵਤ ਘੜੀ ਗਈ ਜਾਪਦੀ ਹੈ ਕਿ "ਕੋਰਾ ਪਸਾਰੀ ਤੇ ਚੋਗਾ ਹਲਵਾਈ, ਇਹਨਾਂ ਦੋਹਾਂ ਦੀ ਪੂਰੀ ਰੱਬ ਕਦੇ ਨਾ ਪਾਈ ।" (ਸੰਗ੍ਰ)

**ਕੋਈ ਹਰਿਆ ਬੂਟ ਰਹਿਓਰੀ ।**

**ਭਾਵ** :—ਤ੍ਰਿਸ਼ਨਾ ਤੋਂ ਕੋਈ ਵਿਰਲਾ ਹੀ ਬਚਿਆ ਹੋਇਆ ਹੈ ।

**ਵਰਤੋਂ** :— ਮੰਦੇ ਕਰਮਾਂ ਨੇ ਇਨ੍ਹਾਂ ਲੋਕਾਂ ਨੂੰ ਐਸਾ ਚੁਣ ਕੇ ਖਾਧਾ, ਜਿਵੇਂ ਮਕੜੀ ਦੇ ਪਿਆਂ 'ਕੋਈ ਹਰਿਆ ਬੂਟ ਰਹਿਓਰੀ'

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਕੋਈ ਕਿਸੇ ਦੀ ਛੀਹ ਕੀਤਿਆਂ ਪਾਣੀ ਨਹੀਂ ਪੀਂਦਾ, ਪਰ ਆਪਣੀ ਤ੍ਰੇਹ ਲੱਗੀ ਤੇ ਸਭ ਕੋਈ ਖੂਹ ਖੁਦਾਂਦਾ ਹੈ ।**

**ਵਰਤੋਂ** :—ਹਰ ਕੋਈ ਆਪਣੇ ਭਲੇ ਲਈ ਹੀ ਚੰਗਾ ਕੰਮ ਕਰਦਾ ਹੈ ।

**ਵਰਤੋਂ** :— ਮੋਹਣੀ—ਸੱਤ ਹੈ ਤਾਈ ਜੀ ! ਮੈਂ ਕਿਸੇ ਲਈ ਇਹ ਤਾਂ ਨਹੀਂ ਕਹਿੰਦੀ ਕਿ ਤੁਸੀਂ ਹਰ ਕਿਸੇ ਨੂੰ ਦਸੋ । ਕੋਈ ਕਿਸੇ ਦੀ ਛੀਹ ਕੀਤਿਆਂ ਪਾਣੀ ਨਹੀਂ ਪੀਂਦਾ, ਪਰ ਆਪਣੀ ਤ੍ਰੇਹ ਲੱਗੀ ਤੇ ਸਭ ਕੋਈ ਖੂਹ ਪੁਟਾਉਂਦਾ ਹੈ । ਕ੍ਰਿਪਾ ਕਰਕੇ ਮੈਨੂੰ ਦਸੋ ਕਿ ਮੈਂ ਕੀ ਕਰਾਂ ।

(ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ।**

**ਭਾਵ** :—ਜਿਹੜੀ ਕਾਫ਼ੀ ਔਖੀ ਗੱਲ ਹੋਵੇ । ਮਾਮੂਲੀ ਨਾ ਹੋਵੇ ।

**ਵਰਤੋਂ** :— ਅਫ਼ੀਮੀ ਨੂੰ ਕੈ ਕਰਾਉਣੀ, ਜੁਲਾਬ ਦੇਣਾ ਜਾਂ ਦਸਤ ਮਰੋੜ ਬੰਦ ਕਰਨੇ, ਕਿਸੇ ਸਿਰ ਦੇ ਰੋਗੀ ਦੀ ਦਵਾ ਕਰਨਾ, ਹਕੀਮ ਲਈ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਜੋ ਉਠੇ ਤੇ ਖਰਬੂਜਾ ਭੰਨ ਕੇ ਖਾ ਲਿਆ ।

(ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਕੋਈ ਦਮਾਂ ਦਾ ਪ੍ਰਾਹੁਣਾ ਏ ।**

**ਭਾਵ** :—ਮਰਨ ਦੇ ਕੰਢੇ ਹੈ ।

**ਵਰਤੋਂ** :— ਹੁਣ ਕਿਸੇ ਡਾਕਟਰ ਨੂੰ ਕੀ ਸਦੀਏ ! ਉਹ ਤਾਂ ਕੋਈ ਦਮਾਂ ਦਾ ਹੀ ਪ੍ਰਾਹੁਣਾ ਹੈ ।

(ਸੰਗ੍ਰ)

**ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ ।**

ਭਾਵ :—ਕੋਈ ਕਿਸੇ ਹਾਨ ਜਾਂ ਲਾਭ ਦਾ ਨਾ ਵਿਚਾਰ ਕਰੇ ਤੇ ਬੇਪ੍ਰਵਾਹੀ ਨਾਲ ਕੰਮ ਕਰੇ।

ਵਰਤੋਂ :— ਤੈਨੂੰ ਆਪਣੇ ਬਨਾਓ ਸ਼ਿੰਗਾਰ ਬਿਨਾ ਹੋਰ ਕੁਝ ਸੁਝਦਾ ਹੀ ਨਹੀਂ। 'ਕੋਈ ਮਰੇ, ਭਾਵੇਂ ਜੀਵੇ, ਸੁਥਰਾ ਘੋਲ ਪਤਾਸੇ ਪੀਵੇ' ਹੁਣ ਮੈਂ ਇਸ ਵਾਸਤੇ ਰੁਪਏ ਕਿਥੋਂ ਲਿਆਵਾਂ। ਤੇਰੀ ਤਾਂ ਇਹੋ ਮਰਜ਼ੀ ਹੈ ਕਿ ਮੈਂ ਚੋਰੀ ਬੇਈਮਾਨੀ ਕਰਕੇ ਲਿਆਵਾਂ ਤੇ ਤੈਨੂੰ ਪਹਿਨਾਵਾਂ, ਉਡਾਵਾਂ।

(ਸਿਆਣੀ ਮਾਤਾ—ਭਾਈ ਮੋਹਨ ਸਿੰਘ)

**ਕੋਹ ਨਾ ਚਲੀ ਤੇ ਬਾਬਲ (ਬਾਬਾ) ਤਿਹਾਈ।**

ਭਾਵ :—ਜਦ ਕੋਈ ਕਿਸੇ ਕੰਮ ਦੇ ਆਰੰਭ ਵਿਚ ਹੀ ਥਕ ਜਾਂ ਅਕ ਜਾਵੇ, ਤਦ ਇਹ ਅਖਾਣ ਵਰਤਦੇ ਹਨ।

ਵਰਤੋਂ :— ਨੰਦ—ਪਿਆਰੀ ਕੋਹ ਨਾ ਚੱਲੀ ਤੇ ਬਾਬਾ ਤਿਹਾਈ। ਹੁਣ ਥਕ ਗਈ ਏਂ। ਅਜੇ ਤਾਂ ਗੋੜ੍ਹੇ ਵਿਚੋਂ ਪੂਣੀ ਵੀ ਨਹੀਂ ਕੱਤੀ। ਤੂੰ ਤਾਂ ਮਲੂਕ ਜ਼ਾਦੀ ਏਂ।

(ਰਜਨੀ—ਨਾਨਕ ਸਿੰਘ)

**ਕੋਹਲੀਆਂ ਦੇ ਪਹਿਲੇ ਵੈਂਗਣ ਹੁੰਦੇ ਨੇ, ਫਿਰ ਚੈਂਗਣ ਫਿਰ ਮੋਹਕੜੀਆਂ ਬਣ ਜਾਂਦੇ ਨੇ।**

ਭਾਵ :—ਕੋਹਲੀ ਜ਼ਾਤ ਦੇ ਲੋਕ ਗਲ ਨੂੰ ਵਧਾ ਕੇ ਦਸਦੇ ਹਨ।

ਵਰਤੋਂ :— ਅੱਸੀ ਹਜ਼ਾਰ ਰੁਪਈਏ ਇਸ ਨਿੱਕੀ ਜਿਹੀ ਇਮਾਰਤ ਉਤੇ ਕਿੱਥੋਂ ਲਗ ਗਏ। ਪਰ ਤੁਹਾਡਾ ਵੀ ਕਸੂਰ ਨਹੀਂ। ਕੋਹਲੀਆਂ ਦੇ ਪਹਿਲੇ ਵੈਂਗਣ ਹੁੰਦੇ ਨੇ, ਫਿਰ ਚੈਂਗਣ ਹੁੰਦੇ ਨੇ, ਫਿਰ ਮੋਹਕੜੀਆਂ ਬਣ ਜਾਂਦੇ ਨੇ। (ਸੰਗ੍ਰ)

**ਕੋਟ ਖਾ ਕੇ ਕਿੰਗਰਿਆਂ ਨੂੰ ਲਗਦੀਆਂ ਨੇ।**

ਭਾਵ :—ਪਹਿਲਾਂ ਜਾਇਦਾਦ ਦੀ ਵਰਤੋਂ ਬੇਪ੍ਰਵਾਹੀ ਨਾਲ ਕਰਨੀ, ਪਰ ਕਾਫ਼ੀ ਕੁੱਝ ਗੁਆ ਕੇ ਪਿੱਛੋਂ ਨਿੱਕੀ ਨਿੱਕੀ ਚੀਜ਼ ਦੀ ਸੰਭਾਲ ਕਰਨੀ।

ਵਰਤੋਂ :—ਹੁਣ ਤਾਂ ਨਵਾਬੋ ਬੜੀ ਔਖੀ ਜਾਪਦੀ ਏ। ਨਿੱਕੀ ਨਿੱਕੀ ਚੀਜ਼ ਦੀ ਸੰਭਾਲ ਕਰਦੀ ਏ। ਅਗੇ ਧਨ ਐਨ੍ਹੇ ਵਾਹ ਰੋੜ੍ਹਦੀ ਸੀ। "ਕੋਟ ਖਾ ਕੇ ਕਿੰਗਰਿਆਂ ਨੂੰ ਲਗਦੀਆਂ ਨੇ।" ਪਰ ਇਵੇਂ ਕੀ ਬਣਦਾ ਏ। (ਸੰਗ੍ਰ)

**ਕੋਠਾ ਉਸਰਿਆ, ਤਰਖਾਣ ਵਿਸਰਿਆ।**

ਵੇਖੋ :—ਆਪਣਾ ਕੰਮ ਕੀਤਾ ਖਸਮ ਨੂੰ ਖਾਇ ਜਮੀਤਾ।

ਭਾਵ :—ਮਤਲਬ ਪੂਰਾ ਹੋਣ ਤੇ ਸਬੰਧ ਖਿੱਚ ਲੈਣੇ ਜਾਂ ਕੰਮ ਕੱਢ ਕੇ ਦੂਜੇ ਨੂੰ ਵਿਸਾਰ ਦੇਣਾ।

ਵਰਤੋਂ :—ਹੁਣ ਉਸ ਨੂੰ ਮੇਰੀ ਕੀ ਗੌਂ ਹੈ—ਆਪਣਾ ਕੰਮ ਕੱਢ ਜੋ ਚੁਕਾ ਹੈ। ਕੋਠਾ ਉਸਰਿਆ ਤੇ ਤਰਖਾਣ ਵਿਸਰਿਆ। ਹੁਣ ਵੀ ਉਹ ਅੱਖਾਂ ਨਾ ਫੇਰੇ? (ਸੰਗ੍ਰ)

**ਕੋਠੇ ਚਾੜ੍ਹ ਪੌੜੀ ਖਿੱਚ ਲੈਣੀ।**

ਭਾਵ :—ਪਹਿਲਾਂ ਕਿਸੇ ਨੂੰ ਬੜਾ ਭਰੋਸਾ ਦੇਣਾ ਜਾਂ ਆਦਰ ਦੇਣਾ ਤੇ ਫਿਰ ਮੁਕਰ ਜਾਣਾ।

ਵਰਤੋਂ :— ਉਹ ਤਾਂ ਖੈਰ ਹੋਇਆ ਸੋ ਹੋਇਆ। ਇਸ ਉਦੈ ਸ਼ੰਕਰ ਦੀ ਮੱਤ ਨੂੰ ਕੀ ਕਹੇ ਕੋਈ, ਕਿ ਪਹਿਲਾਂ ਕੋਠੇ ਚਾੜ੍ਹ ਕੇ ਮਗਰੋਂ ਪੌੜੀ ਖਿੱਚ ਲਈ ਸੂ। ਨਾਂ ਨੂੰ ਵੱਡਾ ਸੁਧਾਰਕ ਬਣਿਆ ਫਿਰਦਾ ਏ ਤੇ ਕਰਤੂਤ ਛੇਕੜ ਦੀ ਵਾਰੀ ਏਹ।

(ਟੁੱਟੀ ਵੀਣਾ—ਨਾਨਕ ਸਿੰਘ)

**ਕੋਰੜ ਮੋਠ ਨ ਰਿੱਝਈ ਕਰ ਅਗਨੀ ਜੋਸ਼।**

ਭਾਵ :—ਕੋਰੜੂ ਮੋਠ ਦਾ ਦਾਣਾ ਰਿੱਝਦਾ ਨਹੀਂ ਭਾਵੇਂ ਅੱਗ ਦੇ ਕੇ ਕਿੰਨਾ ਹੀ ਉਬਾਲੋ। ਭਾਵ, ਜੇ ਇਕ ਕੋਈ ਮੰਦਾ ਹੋਵੇ, ਤਾਂ ਚੰਗਿਆਂ ਦਾ ਕੀ ਦੋਸ਼।

ਵਰਤੋਂ :—

ਕ੍ਰੋਧ ਮੋਠ ਨ ਰਿਝੱਈ ਕਰ ਅਗਨੀ ਜੋਸ਼ ।
ਸਹਸ ਫਲਹੁੰ ਇਕ ਵਿਗੜੇ ਤਰਵਰ ਕੀ ਦੋਸ਼ ।

(ਵਾਰਾਂ—ਭਾਈ ਗੁਰਦਾਸ)

**ਕੌਰਾ ਲੜੇ ਸਹਾਇਕ ਸੈਲਾਬ ।**

**ਭਾਵ** :—ਬੇ-ਲੋੜਾ ਕੱਕਰ ਪਵੇ ਤਾਂ ਦੁਖੀ ਹੋਈਦਾ ਹੈ, ਪਰ ਜਦ ਲੋੜੀਂਦਾ ਹੜ੍ਹ ਆਵੇ ਤਾਂ ਸੁਖੀ ।

**ਵਰਤੋਂ** :—ਕੱਕਰ ਵੀ ਜੰਮਿਆ ਪਾਣੀ ਹੈ, ਪਰ ਕਵੇਲੇ ਮਿਲਦਾ ਤੇ ਫ਼ਸਲਾਂ ਨੂੰ ਮਾਰ ਜਾਂਦਾ ਹੈ । ਪਰ ਜਦ ਸੜੀਆਂ ਖੇਤੀਆਂ ਵਿਚ ਹੜ੍ਹ ਬਣ ਕੇ ਲਗੇ, ਤਾਂ ਫ਼ਸਲਾਂ ਨੂੰ ਤਾਰ ਜਾਂਦਾ ਹੈ । 'ਕੋਰਾ ਲੜੇ, ਸਹਾਇਕ ਸੈਲਾਬ ।" (ਸੰਗ੍ਰ)

**ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ ।**

**ਭਾਵ** :—ਕਿਸੇ ਭੈੜੇ ਕੰਮ ਵਿਚ ਦਖ਼ਲ ਦੇਂਦਿਆਂ ਬਦਨਾਮੀ ਹੁੰਦੀ ਹੈ ।

**ਵਰਤੋਂ** :—ਲਭੂ—ਭਲਾ ਦਸੋ ਖਾਂ ਸ਼ਾਹ ਜੀ ! ਅਸੀਂ ਝੂਠ ਬੋਲ ਕੇ ਕੀ ਲੈਣਾ ਏ । 'ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ।'

(ਰਜਨੀ—ਨਾਨਕ ਸਿੰਘ)

**ਕੌਡੀ ਕੌਡੀ ਜੋੜਿਆਂ ਤਾਂ ਬਣਿਆ ਲੱਖ ਕਰੋੜ ।**

**ਭਾਵ** :—ਥੋੜਾ ਥੋੜਾ ਪੈਸਾ ਇਕੱਠਾ ਕਰ, ਧਨੀ ਬਣ ਜਾਣਾ ।

**ਵਰਤੋਂ** :— ਹੁਣ ਤਾਂ ਆਸਾ ਸਿੰਘ ਲੱਖਾਂ ਵਿਚ ਖੇਡਦਾ ਹੈ । 'ਕੌਡੀ ਕੌਡੀ ਜੋੜ ਕੇ ਬਣਿਆ ਲੱਖ ਕਰੋੜ ।' ਸੰਜਮ ਨਾਲ ਉਸਨੇ ਕਰਾਮਾਤ ਕਰ ਵਿਖਾਈ ਹੈ । (ਸੰਗ੍ਰ)

**ਕੌਡੀ ਨਹੀਂ ਪੱਲੇ ਸੈਰ ਬਾਗ਼ ਦੀ ਚੱਲੇ ।**

**ਭਾਵ** :—ਪੈਸਿਆਂ ਬਿਨਾਂ ਮੌਜਾਂ ਨਹੀਂ ਮਾਣੀਆਂ ਜਾਂਦੀਆਂ ਜਾਂ ਕੰਮ ਰਾਸ ਨਹੀਂ ਹੁੰਦੇ ।

**ਵਰਤੋਂ** :— ਸ਼ੀਲਾ ਦੀ ਤਾਂ ਇਹ ਗੱਲ ਹੈ ਅਖੇ 'ਕੌਡੀ ਨਹੀਂ ਪੱਲੇ ਤੇ ਸੈਰ ਬਾਗ਼ ਦੀ ਚਲੇ ।' ਫੜਾਂ ਮਾਰਦੀ ਹੈ ਵੱਡੀਆਂ ਵੱਡੀਆਂ ਤੇ ਘਰ ਟੁਕਰ ਖਾਣ ਨੂੰ ਵੀ ਨਹੀਂ ਜੁੜਦਾ । (ਸੰਗ੍ਰ)

**ਕੌਡੀ ਨਾ ਹੋਇ ਪਾਸ ਤਾਂ ਮੇਲਾ ਲੱਗੇ ਉਦਾਸ ।**

**ਭਾਵ** :—ਪੈਸੇ ਬਿਨਾਂ ਕੰਮ ਨਹੀਂ ਸੂਤ ਬਹਿੰਦਾ ਜਾਂ ਸੌਰਦਾ ।

**ਵਰਤੋਂ** :—ਬਿਨਾਂ ਧਨ ਦੇ ਕਿਹੜਾ ਰੁਜ਼ਗਾਰ ਕਰੀਏ । 'ਕੌਡੀ ਨ ਹੋਏ ਪਾਸ, ਤਾਂ ਮੇਲਾ ਲਗੇ ਉਦਾਸ ।' ਸਾਨੂੰ-ਤਾਂ ਹਰ ਪਾਸੇ ਨਿਸਫਲਤਾ ਵਿਖਾਈ ਦੇਂਦੀ ਹੈ । (ਸੰਗ੍ਰ)

**ਕੌਡੀ ਲੱਭੀ ਦੇਣ ਚਾ, ਬੁਚਕੇ ਲੈਣ ਸੰਭਾਲ ।**

**ਭਾਵ** :—ਜਦ ਕੋਈ ਥੋੜੇ ਮੁਲ ਦੀ ਚੀਜ਼ ਹੱਥ ਆਵੇ, ਉਹ ਤਾਂ ਦੇ ਦਿੱਤੀ ਜਾਵੇ ; ਪਰ ਕੀਮਤੀ ਚੀਜ਼ ਚੁਪੀਤੇ ਹੀ ਹਜ਼ਮ ਕਰ ਲਈ ਜਾਵੇ ।

ਵਰਤੋਂ :—

ਸੁਰਜਨ ਜਾਏ ਬਜ਼ਾਰ ਮੈ ਡਿਠੇ ਹੋਰ ਹਵਾਲ
ਕੌਡੀ ਲਭੀ ਦੇਣ ਚਾ, ਬੁਚਕੇ ਲੈਣ ਸਮਾਲ ।

(ਸੰਤ ਸੁਰਜਣ ਦਾਸ)

**ਕੌਣ ਸਾਹਿਬ ਨੂੰ ਆਖੇ : ਇੰਜ ਨਹੀਂ, ਇੰਜ ਕਰ ।**

**ਭਾਵ** :—ਰੱਬ ਨੂੰ (ਜਾਂ ਵੱਡੇ ਨੂੰ) ਆਪਣੀ ਕਰਨੀ ਤੋਂ ਕੌਣ ਰੋਕ ਸਕਦਾ ਹੈ ?

ਵਰਤੋਂ :—

ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ ।
ਪੰਡਤ ਪੈਰ ਪਿਆਦੇ ਪਾਟੇ ਜੋੜਿਆਂ ।
ਕਰਦੇ ਸੁਘੜ ਮਜੂਰੀ ਮੂਰਖ ਦੇ ਜਾਇ ਘਰਿ ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਤੇ ਇੰਜ ਕਰ । (ਵਜੀਦ)

**ਕੌਣ ਸਿਆਣੀ ? ਜੋ ਖਸਮੇਂ ਭਾਣੀ ।** ਵੇਖੋ : 'ਉਹੀ ਰਾਣੀ ਜੋ ਖਸਮੇਂ ਭਾਣੀ ।'

**ਭਾਵ** :—ਜਿਹੜਾ ਮਾਲਕ ਨੂੰ ਚੰਗਾ ਲਗੇ, ਉਹੀ ਸਿਆਣਾ ਹੈ ।

**ਵਰਤੋਂ** :— 'ਕੌਣ ਸਿਆਣੀ ? ਜੋ ਖਸਮੇਂ ਭਾਣੀ' ਵਿਚਾਰੀ ਬੜੀ ਚੰਗੀ ਹੈ, ਪਰ ਕੀ ਕਰੇ, ਘਰ ਵਾਲਿਆਂ ਨੂੰ ਉੱਕੀ ਨਹੀਂ ਭਾਂਦੀ । (ਸੰਗ੍ਰ)

**ਕੌਣ ਕਹੇ ਰਾਣੀਏਂ, ਨੀ ਅੱਗਾ ਢੱਕ ।**

**ਭਾਵ** :— ਕਿਸੇ ਵੱਡੇ ਨੂੰ ਉਸਦੀ ਭੁੱਲ ਦੱਸਣ ਦੀ ਦਲੇਰੀ ਕੋਈ ਨਹੀਂ ਕਰਦਾ ।

**ਵਰਤੋਂ** :— ਆਪਣੇ ਘਰ ਜੇ ਰੱਬ ਨੇ ਨਹੀਂ ਸੁ ਦਿੱਤਾ, ਤਾਂ ਇਹ ਕਿਸ ਦੇ ਨੇ ? ਇਹ ਵੀ ਸਮਝੋ ਤਾਂ ਉਸੇ ਦੇ ਨੇ । ਪਰ ਸਮਝਣ ਦੀ ਗੱਲ ਏ ਨਾ, ਉਸਨੂੰ ਕੌਣ ਆਖੇ; "ਰਾਣੀਏ ਅੱਗਾ ਢੱਕ ?"

(ਲਵ-ਮੈਰਿਜ—ਨਾਨਕ ਸਿੰਘ)

**ਕੌਣ ਕਿਸੇ ਦੇ ਆਵੇ ਜਾਵੇ, ਦਾਣਾ ਪਾਣੀ ਲਿਆਵੇ ।**

**ਭਾਵ** :—ਅੰਨ-ਜਲ ਬੜਾ ਪਰਬਲ ਹੈ ।

**ਵਰਤੋਂ** :— 'ਕੌਣ ਕਿਸੇ ਦੇ ਆਵੇ ਜਾਵੇ, ਦਾਣਾ ਪਾਣੀ ਲਿਆਵੇ ।' ਤੁਸਾਂ ਕਿੱਥੋਂ ਮੇਰੇ ਘਰ ਚਰਨ ਪਾਣੇ ਸਨ । ਅੰਨ ਜਲ ਹੀ ਤੋਰ ਕੇ ਲੈ ਆਇਆ ਹੈ । (ਸੰਗ੍ਰ)

**ਕੌਣ ਚੁਕੇ ਪੂਤ ਪੱਗੜ ਦੇ ।**

**ਭਾਵ** :—ਬੜਾ ਔਖਾ ਕੰਮ ਆਪਣੇ ਜ਼ਿਮੇਂ ਲੈਣਾ !

**ਵਰਤੋਂ** :— ਇਸ਼ਕ ਦਾ ਭਾਰ ਚਾਣਾ ਸੌਖਾ ਨਹੀਂ । ਇਹ ਭਾਰ ਨਾ ਚਾਵਣਾ ਸਹਿਲ ਹੈ । "ਕੌਣ ਚੁਕੇ ਪੂਤ ਪਗੜ ਦੇ ।"

(ਹੰਸ ਚੋਗ – ਬਾਵਾ ਬੁਧ ਸਿੰਘ)

**ਕੌੜਾ ਬੋਲ, ਬੇੜੀ ਡੋਲ ।**

**ਭਾਵ** :— ਮੰਦਾ ਬੋਲਣ ਨਾਲ ਕੰਮ ਵਿਗੜ ਜਾਂਦਾ ਹੈ ।

**ਵਰਤੋਂ** :— ਭਾਗ ਭਰੀ— ਬੱਚੀ, ਹਰਬੰਸ ! ਕੌੜਾ ਬੋਲਣ ਨਾਲ ਕੁਝ ਵੀ ਨਹੀਂ ਸੌਰਦਾ, 'ਕੌੜਾ ਬੋਲ, ਬੇੜੀ ਡੋਲ ।' ਸਗੋਂ ਕੁਝ ਨੁਕਸਾਨ ਹੀ ਹੁੰਦਾ ਹੈ । (ਸੰਗ੍ਰ)

**ਕੰਡਾ ਕਢਾਣ ਆਈ ਤੇ ਗੰਢੀ (ਗਰਦਨ) ਭੰਨਾ ਬੈਠੀ ।**

**ਭਾਵ** :—ਆਈ ਤਾਂ ਦੁੱਖ ਹਟਾਣ ਨੂੰ, ਪਰ ਉਲਟਾ ਦੁੱਖ ਸਹੇੜ ਬੈਠੀ ।

**ਵਰਤੋਂ** : — 'ਕੰਡਾ ਕਢਾਣ ਆਈ ਤੇ ਗੰਢੀ ਭੰਨਾ ਬੈਠੀ ।' ਆਏ ਤਾਂ ਤੁਹਾਡੇ ਪਾਸ ਦਿਲ ਹੌਲਾ ਕਰਨ ਨੂੰ ਸੀ । ਪਰ ਤੁਸਾਂ ਉਲਟਾ ਹੋਰ ਦੁਖੀ ਕਰ ਤੋਰਿਆ । (ਸੰਗ੍ਰ)

**ਕੰਡਿਆਂ ਤੋਂ ਦਾਖ ਇਕੱਠੀ ਕਰਦੇ ਨੇ ।**

**ਭਾਵ** :—ਭੈੜੇ ਕੰਮ ਕਰਕੇ ਭਲੇ ਦੀ ਆਸ ਰੱਖਣੀ ।

**ਵਰਤੋਂ** :— ਕਰਮ ਸਿੰਘ— ਨੰਬਰਦਾਰ ਜੀ ! ਕੰਮ ਤਾ ਮਾੜੇ ਕਰਨੇ, ਫਿਰ ਸੋਭਾ ਦੀ ਆਸ ਰਖਣੀ । 'ਕੰਡਿਆਂ ਤੋਂ ਦਾਖ ਇਕੱਠੀ ਕਿਵੇਂ ਹੋਵੇ' ?

(ਸੰਗ੍ਰ)

**ਕੰਡੇ ਨਾਲ ਹੀ ਕੰਡਾ ਕਢੀਦਾ ਹੈ ।**

**ਭਾਵ** :—ਦੁਖ ਉਠਾਕੇ ਹੀ ਦੁਖ ਦੂਰ ਕਰੀਦਾ ਹੈ ।

**ਵਰਤੋਂ** :—ਮਿਹਨਤ ਕੀਤੇ ਬਿਨਾ ਸੁਖ ਕਿਥੇ ? ਕੰਡੇ ਨਾਲ ਹੀ ਕੰਡਾ ਕਢੀਦਾ ਹੈ । (ਸੰਗ੍ਰ)

**ਕੰਤ ਨਾ ਪੁਛੇ ਵਾਤੜੀ ਸੋਹਾਗ ਗਣਾਵੇ ।**

**ਭਾਵ** :— ਪਤੀ ਵਾਤ ਨਹੀਂ ਪੁੱਛਦਾ ਤੇ ਆਪਣੇ ਆਪ ਨੂੰ ਸੋਹਾਗਣ ਦਸਦੀ ਹੈ । ਭਾਵ, ਚੰਗੇ ਗੁਣਾਂ ਬਿਨਾਂ ਕਿਸੇ ਨਾਲ ਵੀ ਸੰਬੰਧ ਪੱਕੇ ਨਹੀਂ ਹੁੰਦੇ ।

**ਵਰਤੋਂ** :—

ਆਪ ਨ ਵੰਞੈ ਸਾਹੁਰੈ ਸਿਖ ਲੋਕ ਸੁਣਾਵੇ ।
ਕੰਤ ਨਾ ਪੁਛੈ ਵਾਤੜੀ, ਸੋਹਾਗ ਗਣਾਵੇ ।

(ਵਾਰਾਂ—ਭਾਈ ਗੁਰਦਾਸ)

**ਕੰਧ ਵਿੱਥ ਕੰਧਾਰ ਵਿੱਥ ਜਾਂ ਕੰਧ ਓਹਲੇ ਪ੍ਰਦੇਸ।**

**ਭਾਵ :—** ਥੋੜ੍ਹਾ ਜਿੰਨਾ ਲੁਕਾ ਜਾਂ ਪੜਦਾ ਹੋਣ ਨਾਲ ਜਾਂ ਮੇਲ ਜੋਲ ਘੱਟਣ ਨਾਲ ਕਾਫ਼ੀ ਲੰਮਾ ਵਿਛੋੜਾ ਪੈ ਜਾਵੇ।

**ਵਰਤੋਂ :—** ਜਰਮਨ ਦੀਵਾਰ ਨੇ ਦੋਹਾਂ ਜਰਮਨਾਂ ਨੂੰ ਕੰਧ ਵਿੱਥ ਤੇ ਕੰਧਾਰ ਵਿੱਥ ਬਣਾ ਦਿੱਤਾ ਹੈ। (ਸੰਗ੍ਰ)

**ਕੰਧਾਂ ਦੇ ਵੀ ਕੰਨ ਹੁੰਦੇ ਨੇ।**

**ਭਾਵ :—** ਜਿਹੜੀ ਗੱਲ ਮੂੰਹੋਂ ਕੱਢੋ, ਉਹ ਛੁਪੀ ਨਹੀਂ ਰਹਿੰਦੀ।

**ਵਰਤੋਂ :—** ਗੱਲ ਸੋਚ ਕੇ ਤੇ ਅੱਗਾ ਪਿੱਛਾ ਵੇਖ ਕੇ ਕਰਿਆ ਕਰੋ। ਜ਼ਮਾਨਾ ਬੜਾ ਖ਼ਰਾਬ ਏ। ਕੰਧਾਂ ਨੂੰ ਵੀ ਕੰਨ ਲਗੇ ਹੋਏ ਨੇ। ਇਹ ਨਾ ਸਮਝੋ ਜੁ ਤੁਸੀਂ ਕਹਿ ਦਿੱਤਾ ਤੇ ਗੱਲ ਲੁਕੀ ਰਹਿ ਗਈ। (ਸੰਗ੍ਰ)

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ।**

**ਭਾਵ :—** ਨਦੀ ਦੇ ਕੰਢੇ ਉਪਰ ਦਰਖ਼ਤ ਕਿੰਨਾ ਕੁ ਚਿਰ ਰਹ ਸਕਦਾ ਹੈ। ਭਾਵ, ਬੁਢੇਪੇ ਤੋਂ ਪਿੱਛੋਂ ਮੌਤ ਨੇ ਜ਼ਰੂਰ ਆਉਣਾ ਹੈ।

**ਵਰਤੋਂ :—**

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ।
ਫਰੀਦਾ ਕਚੈ ਭਾਂਡੇ ਰਖੀਐ ਕਿਚਰੁ ਤਾਈ ਨੀਰੁ॥
(ਗੁਰੂ ਗ੍ਰੰਥ—ਸ਼ਲੋਕ ਫਰੀਦ)

**ਕੰਨਾ ਦਾ ਕੱਚਾ, ਨਾ ਹੁੰਦਾ ਕਦੀ ਸੱਚਾ।**

**ਭਾਵ :—** ਆਪਣੀ ਸਮਝ ਤੋਂ ਕੰਮ ਨਾ ਲੈਣਾ ਤੇ ਸੁਣੀ ਸੁਣਾਈ ਗੱਲ ਤੇ ਅਮਲ ਕਰਨਾ।

**ਵਰਤੋਂ :—** ਸ਼ੇਰ ਸਿੰਘ ਦੂਜੇ ਦੀ ਗੱਲ ਸੁਣ, ਝੱਟ ਪੱਟ ਗੁੱਸੇ ਵਿਚ ਆ, ਜੋ ਜੀ ਆਉਂਦਾ ਹੈ, ਹੁਕਮ ਚਾੜ੍ਹ ਦੇਂਦਾ ਹੈ। ਸੱਚ ਹੈ 'ਕੰਨਾ ਦਾ ਕੱਚਾ ਨਾ ਹੁੰਦਾ ਕਦੀ ਸੱਚਾ!' (ਸੰ )

**ਕੰਬਲੀ ਨਹੀਂ ਛੱਡਦੀ।**

**ਭਾਵ :—** ਜਦ ਕੋਈ ਕਿਸੇ ਕੰਮ ਨੂੰ ਗਲੋਂ ਲਾਹੁਣਾ ਚਾਹੇ, ਪਰ ਲਹੇ ਨਾ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਰੱਖਾ ਮਲ ਤਾਂ ਦਿਲੋਂ ਇਸ ਕੰਮ ਤੋਂ ਪੱਲਾ ਛੁਡਾਣਾ ਚਾਹੁੰਦਾ ਹੈ, ਪਰ ਉਸਨੂੰ ਕੰਬਲੀ ਨਹੀਂ ਛੱਡਦੀ।' (ਸੰਗ੍ਰ)

**ਕੰਮ (ਮਤਲਬ) ਹੋਇਆ ਪੂਰਾ ਤੇ ਖੋਤੀ ਸੁਟਿਆ ਭੂਰਾ।** ਵੇਖੋ :—ਕੋਠਾ ਉਸਰਿਆ ਤਰਖਾਣ ਵਿਸਰਿਆ।'

**ਭਾਵ :—** ਮਤਲਬ ਕੱਢ ਲੈਣ ਤੇ ਕਿਸੇ ਦੀ ਪਰਵਾਹ ਨਾ ਕਰਨੀ।

**ਵਰਤੋਂ :—** ਨੀ ਰਖੀਏ! ਤੂੰ ਵੀ ਕਮਾਲ ਕਰ ਦਿੱਤਾ ਹੈ 'ਕੰਮ ਹੋਇਆ ਪੂਰਾ ਤੇ ਖੋਤੀ ਟਆ ਭੂਰਾ।' ਕੰਮ ਕਢਵਾ ਕੇ ਇਹ ਕ੍ਰਿਤਘਣਤਾ ਤੈਨੂੰ ਸੋਭਦੀ ਨਹੀਂ। (ਸੰਗ੍ਰ)

**ਕੰਮ ਖ਼ਰਚ ਤੇ ਬਾਲਾ ਨਸ਼ੀਨ।**

**ਭਾਵ :—** ਅਜੇਹੀ ਰਹਿਣੀ ਰਹੇ ਕਿ ਖ਼ਰਚ ਘੱਟ ਹੋਵੇ ਤੇ ਆਰਾਮ ਬਾਹਲਾ।

**ਵਰਤੋਂ :—** ਅਜਾਇਬ ਸਿੰਘ ਬੜਾ ਸੁਘੜ ਹੈ 'ਕੰਮ ਖ਼ਰਚ ਤੇ ਬਾਲਾ ਨਸ਼ੀਨ।' ਸੰਕੋਚ ਵੀ ਕਰਦਾ ਹੈ, ਤੇ ਰਹਿੰਦਾ ਵੀ ਇੱਜ਼ਤ ਨਾਲ ਹੈ। (ਸੰਗ੍ਰ)

**ਕੰਮ ਦਾ ਨਾ ਕਾਜ ਦਾ, ਵੈਰੀ ਅਨਾਜ ਦਾ।**

**ਭਾਵ :—** ਹੋਵੇ ਨਖੱਟੂ ਪਰ ਪੇਟ ਭਰ ਕੇ ਖਾਵੇ।

**ਵਰਤੋਂ :—** ਰਾਮਾ ਤਾਂ ਬਸ ਨਾ ਕੰਮ ਦਾ ਹੈ ਨਾ ਕਾਜ ਦਾ ਤੇ ਵੈਰੀ ਹੈ ਅਨਾਜ ਦਾ। ਦੋਵੇਂ ਵੇਲੇ ਪ੍ਰਸ਼ਾਦੇ ਚੰਗੇ ਚੋਖੇ ਮਿਲਣੇ ਚਾਹੀਦੇ ਹਨ; ਕੰਮ ਨੂੰ ਕਹੋ, ਤਾਂ ਓਹੋ ਵੇਲਾ ਤੇ ਓਹੋ ਘੜੀ। (ਸੰਗ੍ਰ)

**ਕੰਮ ਨਾ ਆਵੇ ਭਾਂਡਾ ਭੰਨਾ।**

ਭਾਵ :—ਭੱਜਾ ਹੋਇਆ ਭਾਂਡਾ ਕੰਮ ਨਹੀਂ ਦੇਂਦਾ।

ਵਰਤੋਂ :—

ਗੁਰਮੁਖਿ ਪਰਗਟ ਜਾਣੀਐ ਮਨਮੁਖ ਸਚੁ ਰਹੈ ਪਰਛੰਨਾ।
ਕੰਮ ਨਾ ਆਵੈ ਭਾਂਡਾ ਭੰਨਾ ॥

(ਵਾਰਾਂ—ਭਾਈ ਗੁਰਦਾਸ)

**ਕੰਮ ਨਾ ਕਾਰ, ਕਰਮਾਂ ਦੀ ਮਾਰ।**

ਭਾਵ :—ਵਿਹਲੜਾਂ ਦੀ ਕਿਸਮਤ ਹੀ ਮਾੜੀ ਹੈ।

ਵਰਤੋਂ :— ਤੇਰੀ ਗ਼ਰੀਬੀ ਦਾ ਵੱਡਾ ਕਾਰਨ ਤੇਰਾ ਵਿਹਲੜਪਣਾ ਹੈ। 'ਕੰਮ ਨਾ ਕਾਰ ਤੇ ਕਰਮਾਂ ਦੀ ਮਾਰ।' ਇਹ ਤਾਂ ਹੋਣਾ ਹੀ ਹੋਇਆ।

(ਸੰਗ੍ਰ)

**ਕੰਮ ਪਿਆਰਾ ਹੈ, ਚੰਮ ਪਿਆਰਾ ਨਹੀਂ।**

ਭਾਵ :—ਹਰ ਕਿਸੇ ਨੂੰ ਕੰਮ ਦੀ ਹੀ ਕਦਰ ਹੈ, ਸ਼ਕਲ ਦੀ ਨਹੀਂ।

ਵਰਤੋਂ :— ਉਹਦੇ ਦੂਜੇ ਸਾਥੀ ਉਹਦੇ ਨਾਲ ਕੰਮ ਕਰਦੇ ਅੱਕ ਜਾਂਦੇ ਸਨ ਤੇ ਕਹਿੰਦੇ ਸਨ, "ਇਹ ਸਾਡੇ ਭਾ ਦੀ ਜ਼ਹਿਮਤ ਕਿੱਥੋਂ ਆ ਗਈ ਹੈ। ਹਰ ਕਿਸੇ ਨੂੰ ਕੰਮ ਪਿਆਰਾ ਲਗਦਾ ਹੈ, ਚੰਮ ਪਿਆਰਾ ਨਹੀਂ ਹੁੰਦਾ।"

(ਨਵਾਬ ਖਾਂ—ਭਾਈ ਜੋਧ ਸਿੰਘ)

**ਕੰਮ ਬਹੁਤੇ ਵੇਲਾ ਥੋੜਾ।**

ਭਾਵ :—ਧੰਦੇ ਤੇ ਫ਼ਿਕਰ ਬਾਹਲੇ ਹੋਣ ਤੇ ਜ਼ਿੰਦਗੀ ਘੱਟ।

ਵਰਤੋਂ :—

ਇਕ ਵੱਡਾ ਲੋਕ ਉਦਾਸ ਬੜਾ,
ਆ ਰੋਯਾ ਮੇਰੇ ਪਾਸ ਬੜਾ,
ਫ਼ਿਕਰਾਂ ਹੈ ਖਾਧਾ ਮਾਸ ਬੜਾ,
ਮਿਹਨਤ ਨੇ ਕੀਤਾ ਨਾਸ ਬੜਾ,
ਕੰਮ ਬਹੁਤੇ ਵੇਲਾ ਥੋੜ੍ਹਾ ਹੈ,
ਇਕ ਮਿੰਟ ਮਿੰਟ ਦਾ ਤੋੜਾ ਹੈ।

(ਬਾਦਸ਼ਾਹੀਆਂ—ਸ: ਸ: ਚਰਨ ਸਿੰਘ)

**ਕੰਮ ਰਸੇ ਤਾਂ ਕਾਜੀ, ਨਾ ਰਸੇ ਤਾਂ ਪਾਜੀ।**

ਭਾਵ :—ਮਤਲਬ ਕੱਢਣ ਸਮੇਂ ਤਾਂ ਕਿਸੇ ਦੀ ਉਪਮਾ ਕੀਤੀ ਜਾਵੇ, ਪਰ ਮਤਲਬ ਨਾ ਪੂਰਾ ਹੋਣ ਤੇ ਨਿੰਦਿਆ।

ਵਰਤੋਂ :— ਕਈ ਲੋਕਾਂ ਦੀ ਮਿਤ੍ਰਤਾ ਨਿਰੀ ਮਤਲਬ ਦੀ ਹੁੰਦੀ ਹੈ। 'ਕੰਮ ਰਸੇ ਤਾਂ ਕਾਜੀ, ਨਾ ਰਸੇ ਤਾਂ ਪਾਜੀ।' (ਸੰਗ੍ਰ)

**ਕੰਮ ਵਿਚ ਘੜੰਮ।**

ਭਾਵ :—ਹੁੰਦੇ ਪਏ ਕੰਮ ਵਿਚ ਕੋਈ ਵਿਘਨ ਪਾ ਕੇ ਉਸਨੂੰ ਵਿਗਾੜ ਦੇਣਾ।

ਵਰਤੋਂ :— ਖਿਝਕੇ ਗੋਪਾਲ ਸਿੰਘ ਬੋਲਿਆ, "ਇਕ ਤੇ ਕਰੀਮਾ, ਤੂੰ ਵਕਤ ਬੜਾ ਜ਼ਾਇਆ ਕਰ ਦੇਨਾ ਏਂ। ਤੈਨੂੰ ਕਿੰਨੀ ਵੇਰ ਸਮਝਾਇਆ ਏ, ਪਈ ਕੰਮ ਵਿਚ ਘੜੰਮ ਨਾ ਪਾਇਆ ਕਰ। ਜੇ ਅਸਾਂ ਛੇਤੀ ਛੇਤੀ ਕੋਈ ਹੀਲਾ ਨਾ ਕੀਤਾ ਤਾਂ ਸਭ ਕੁਝ ਹਥੋਂ ਨਿਕਲ ਜਾਵੇਗਾ।"

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਕਾਂ ਹੰਸਾਂ ਦੀ ਬੋਲੀ ਸਿਖਣ ਗਿਆ, ਆਪਣੀ ਵੀ ਗਵਾ ਆਇਆ।** ਵੇਖੋ :—ਹੰਸਾਂ ਚਾਲੇ ਵੇਖ ਕਾਗਾਂ ਦੀ ਟੋਰ ਭੁਲ ਗਈ।

ਭਾਵ :—ਕਿਸੇ ਦੀ ਰੀਸ ਕਰਦਿਆਂ ਆਪਣੀ ਅਸਲੀਅਤ ਵੀ ਗੁਆ ਬਹਿਣੀ।

ਵਰਤੋਂ :— ਤੁਸੀਂ ਸ਼ਾਹ ਦੀ ਰੀਸ ਕਰਦੇ ਕਿਤੇ ਆਪਣੇ ਅਸਲੇ ਤੋਂ ਵੀ ਨਾ ਡਿਗ ਪਵੋ। ਕਿਤੇ ਉਹ ਗੱਲ ਨਾ ਹੋਵੇ, ਅਖੇ 'ਕਾਂ ਹੰਸਾਂ ਦੀ ਬੋਲੀ ਸਿਖਣ ਗਿਆ, ਆਪਣੀ ਵੀ ਗਵਾ ਆਇਆ।'

(ਸੰਗ੍ਰ)

**ਕਾਂ, ਕਿਰਾੜ, ਕੁੱਤੇ ਦਾ, ਵਿਸਾਹ ਨਾ ਕਰੀਏ ਸੁੱਤੇ ਦਾ।**

**ਭਾਵ** :-ਕਾਂ, ਸਾਹੂਕਾਰ (ਜਾਂ ਦੁਕਾਨਦਾਰ) ਤੇ ਕੁੱਤੇ ਦਾ ਭਾਵੇਂ ਇਹ ਸੁੱਤੇ ਵੀ ਹੋਣ, ਇਤਬਾਰ ਨਹੀਂ ਕਰਨਾ ਚਾਹੀਦਾ।

**ਵਰਤੋਂ** :— ਇਹਨਾਂ ਕਿਰਾੜਾਂ ਸਾਨੂੰ ਲੁਟ ਲਿਆ ਓਇ ਲੋਕੋ! ਉਤੋਂ ਕੇਡੇ ਮੋਮੋਠਗਣੇ ਲਗਦੇ ਨੇ, ਮਿਠ-ਜੀਭੇ ਤੇ ਪਿਆਰੇ। ਪਰ ਸੱਚ ਸਿਆਣਿਆਂ ਆਖਿਆ, "ਕਾਂ, ਕਿਰਾੜ, ਕੁੱਤੇ ਦਾ, ਵਿਸਾਹ ਨਾ ਕਰੀਏ ਸੁਤੇ ਦਾ।" (ਸੰਗ੍ਰ)

**ਕਾਂ ਦੀ ਚੁੰਜ ਵਿਚ ਅੰਗੂਰ।** ਵੇਖੋ :—'ਹੂਰ ਦੀ ਗੋਦੀ ਵਿਚ ਲੰਗੂਰ।'

**ਭਾਵ** :—ਕਿਸੇ ਨੂੰ ਅਜੇਹੀ ਚੀਜ਼ ਮਿਲ ਜਾਵੇ, ਜਿਸਦੇ ਉਹ ਯੋਗ ਨਾ ਹੋਵੇ।

**ਵਰਤੋਂ** :—ਸਰਦਾਰ ਜੀ, ਇੰਨੀ ਵਡਮੁੱਲੀ ਚੀਜ਼ ਉਸਨੂੰ ਪਚਣੀ ਔਖੀ ਸੀ। ਸੋ, ਫਿੱਟ ਗਿਆ। ਤੁਸਾਂ ਵੀ 'ਕਾਂ ਦੀ ਚੁੰਜ ਵਿਚ ਅੰਗੂਰ' ਦੱਬ ਵਾੜਿਆ। (ਸੰਗ੍ਰ)

**ਕਾਂ ਦੀ ਰੀਝ ਰੂੜੀਆਂ ਤੇ।**

**ਭਾਵ** :—ਮੰਦਾ ਪੁਰਸ਼ ਭੈੜ ਨੂੰ ਹੀ ਪਸੰਦ ਕਰਦਾ ਹੈ।

**ਵਰਤੋਂ** :—ਤਾਇਆ ਜੀ! 'ਕਾਂ ਦੀ ਰੀਝ ਰੂੜੀਆਂ ਤੇ।' ਇਸ ਭੈੜੇ ਨੇ ਚੰਗਾ ਕੰਮ ਕਿੱਥੋਂ ਕਰਨਾ ਏ? (ਸੰਗ੍ਰ)

**ਕਾਂ ਦੇ ਕਿਹਾਂ ਢੋਰ ਨਹੀਂ ਮਰਦੇ।** ਵੇਖੋ : 'ਚੂਹੜਿਆਂ ਦੇ ਕਹੇ ਡੰਗਰ ਨਹੀਂ ਮਰਦੇ'।

**ਭਾਵ** :—ਕਿਸੇ ਮਾੜੇ ਦੇ ਕਿਹਾਂ ਕਿਸੇ ਚੰਗੇ ਦਾ ਕੁੱਝ ਨਹੀਂ ਵਿਗੜਦਾ।

**ਵਰਤੋਂ** :— 'ਕਾਂ ਦੇ ਕਿਹਾਂ ਢੋਰ ਨਹੀਂ ਮਰਦੇ।' ਤੁਸੀਂ ਨੇਕ ਦਿਲ ਨਾਲ ਕੰਮ ਕਰੋ ਤੇ ਲੋਕਾਂ ਦੀ ਚਿੰਤਾ ਨਾ ਕਰੋ। (ਸੰਗ੍ਰ)

**ਕਿੰਗ ਵਜੇ ਤੇ ਰਾਗ ਬੁਝੇ।**

**ਭਾਵ** :—ਚੋਟ ਲੱਗਣ ਨਾਲ ਹੀ ਹੋਸ਼ ਆਉਂਦੀ ਹੈ।

**ਵਰਤੋਂ** :— ਰਾਣੋ—ਅੜੀਏ ਤੈਨੂੰ ਪਹਿਲਾਂ ਹੋਸ਼ ਨਾ ਆਈ, ਤੇਰੇ ਨਾਲ ਤਾਂ 'ਕਿੰਗ ਵਜੇ ਤੇ ਰਾਗ ਬੁਝੇ' ਵਾਲੀ ਗਲ ਹੀ ਹੋਈ। ਸੱਲ ਲੱਗਣ ਨਾਲ ਹੀ ਹੋਸ਼ ਆਈ। (ਸੰਗ੍ਰ)

# ਖ

**ਖ਼ਸਮ ਕਰੇ ਨਾਨੀ ਚੱਟੀ ਦੋਹਤਿਆਂ।**

**ਭਾਵ** :—ਮੌਜਾਂ ਤਾਂ ਕਿਸੇ ਨੂੰ ਹੋਣ ਤੇ ਖ਼ਰਚ ਕਿਸੇ ਹੋਰ ਦਾ ਹੋਵੇ।

**ਵਰਤੋਂ** :—ਗੁਲਛਰੇ ਤੂੰ ਉਡਾਵੇਂ ਤੇ ਭਰਤਾਂ ਮੈਂ ਭਰਾਂ। ਇਹ ਕਿਉਂ? 'ਖ਼ਸਮ ਕਰੇ ਨਾਨੀ ਚੱਟੀ ਦੋਹਤਿਆਂ' ਦੇ ਸਿਰ। ਬਾਬਾ ਆਪਣੀ ਭਲੀ ਤੂੰ ਆਪ ਹੀ ਨਬੇੜ। (ਸੰਗ੍ਰ)

**ਖ਼ਸਮ ਕੀਤਾ ਚੁਗਤਾ, ਉਹੋ ਚੱਕੀ ਉਹੋ ਹੱਥਾ।**

**ਭਾਵ** :—ਆਪਣੇ ਵੱਲੋਂ ਤਾਂ ਉਨਤੀ ਦਾ ਜਤਨ ਕਰੇ, ਪਰ ਮੁੜ ਕੇ ਪਹਿਲੀ ਥਾਂ ਤੇ ਹੀ ਆ ਜਾਵੇ।

**ਵਰਤੋਂ** :— ਉਸ ਬੜੇ ਹੱਥ ਪੈਰ ਮਾਰੇ, ਸੰਤਾਂ ਸਾਧਾਂ ਦੀ ਸ਼ਰਨ ਲਈ, ਪਰ ਹਾਲਤ ਉਹੋ ਰਹੀ। 'ਖ਼ਸਮ ਕੀਤਾ ਚੁਗਤਾ, ਓਹੀ ਚੱਕੀ, ਓਹੋ ਹੱਥਾ'। ਮੈਂ ਕੀ ਕਰਾਂ? (ਸੰਗ੍ਰ)

**ਖ਼ਸਮ ਦਾ ਕੁੱਤਾ, ਸਰ੍ਹਾਣੇ ਸੁੱਤਾ।**

**ਭਾਵ** :—ਕਿਸੇ ਵਡੇ ਆਦਮੀ ਦੀ ਭੈੜੀ ਚੀਜ਼ ਦੀ ਕਦਰ ਹੁੰਦੀ ਵੇਖ, ਇਹ ਅਖਾਣ ਵਰਤਿਆ ਜਾਂਦਾ ਹੈ।

**ਵਰਤੋਂ** :— ਦਰਸ਼ਨ — ਸੀਤਾ! ਤੂੰ ਤਾਂ ਸੁਦਰਸ਼ਨ ਦੀ ਆਓ-ਭਗਤ ਕਰਨ ਵਿਚ ਹਦ ਕਰ ਸੁਟੀ ਹੈ।

ਸੀਤਾ—ਕਰਨੀ ਹੀ ਸੀ ਨਾ ਅਖੇ 'ਖ਼ਸਮ ਦਾ ਕੁੱਤਾ, ਸਰ੍ਹਾਣੇ ਸੁੱਤਾ।' ਮੇਰੇ ਗਭਰੂ ਦਾ ਮਿੱਤਰ ਜੁ ਹੋਇਆ। (ਸੰਗ੍ਰ)

**ਖ਼ਸਮ ਦੀਆਂ ਸਵਾਰੀਆਂ, ਕਦੇ ਨਾ ਦੇਂਦੀਆਂ ਵਾਰੀਆਂ।**

ਭਾਵ :—ਜਦ ਕਿਸੇ ਉਤੇ ਵੱਡੇ-ਵਡੇਰੇ ਹਾਕਮ ਜਾਂ ਰੱਬ ਦੀ ਮਿਹਰਬਾਨੀ ਹੋਵੇ ਤੇ ਉਹ ਹੋਰ ਕਿਸੇ ਦੀ ਪਰਵਾਹ ਨਾ ਕਰੇ, ਤਦ ਇਹ ਵਰਤਦੇ ਹਨ।

ਵਰਤੋਂ :—ਰੱਬ ਨੇ ਚੌਧਰੀ ਹੁਰਾਂ ਨੂੰ ਉਹ ਭਾਗ ਲਾਏ ਹਨ ਕਿ ਉਨ੍ਹਾਂ ਨੂੰ ਹੁਣ ਕਿਸੇ ਦੀ ਪਰਵਾਹ ਨਹੀਂ। 'ਖ਼ਸਮ ਦੀਆਂ ਸਵਾਰੀਆਂ, ਕਦੇ ਨਾ ਦੇਂਦੀਆਂ ਵਾਰੀਆਂ। (ਸੰਗ੍ਰ)

**ਖ਼ਸਮ ਨਾ ਪੁੱਛੇ ਵਾਤੜੀ ਫਿਟ ਸੁਹਾਗਣ ਨਾਰ।**

ਭਾਵ :—ਤੀਵੀਂ (ਮਾਤਹਿਤ) ਦਾ ਤਾਂ ਮਾਲਕ ਉਸਦੀ ਵਾਤ ਨਾ ਖੁਛੇ ਤੇ ਉਹ ਬਣ ਬਣ ਕੇ ਬਹੇ।

ਵਰਤੋਂ :— ਪਤੀ ਉਸ ਦਾ ਜੀਉਂਦਾ ਹੈ, ਪਰ ਪੁੱਛ ਨਹੀਂ ਕਰਦਾ ਉਹਦੀ। ਇਹ ਕੀ ਸੋਹਾਗ ਹੋਇਆ ? 'ਖ਼ਸਮ ਨਾ ਪੁਛੇ ਵਾਤੜੀ, ਫਿਟ ਸੋਹਾਗਣ ਨਾਰ।' (ਸੰਗ੍ਰ)

**ਖ਼ਸਮਾਂ ਸੱਤਾਂ ਸੈਆਂ ਆਂਦੀ, ਚੋਰਾਂ ਪਸੰਦ ਹੀ ਨਹੀਂ ਕੀਤੀ।**

ਭਾਵ :—ਜਦੋਂ ਕੋਈ ਵੱਡਮੁੱਲੀ ਤੇ ਸੁਆਦੀ ਚੀਜ਼ ਕਿਸੇ ਨੂੰ ਚੰਗੀ ਨਾ ਲੱਗੇ ਤਾਂ ਆਖਦੇ ਹਨ।

ਵਰਤੋਂ :— ਮੈਂ ਤੇ ਇਹ ਕਪੜਾ ਪੰਦਰਾਂ ਰੁਪਏ ਗਜ਼ ਲਿਆਂਦਾ ਹੈ ਤੇ ਤੁਸਾਂ ਨਿੰਦ ਦਿੱਤਾ ਹੈ। ਖ਼ਸਮਾਂ ਸੱਤਾਂ ਸੈਆਂ ਆਂਦੀ, ਚੋਰਾਂ ਪਸੰਦ ਹੀ ਨਹੀਂ ਕੀਤੀ। (ਸੰਗ੍ਰ)

**ਖ਼ਸਮਾਂ ਬਾਝੋਂ ਸੌਣ ਤਿਹਾਈਆਂ।**

ਭਾਵ :—ਸਭ ਕੁੱਝ ਹੁੰਦੇ ਸੁੰਦੇ ਵੀ ਜਦ ਕੋਈ ਮਾਲ ਬਿਨਾ ਦੁਖੀ ਹੋਵੇ।

ਵਰਤੋਂ :— ਫ਼ਸਲ ਕਿਵੇਂ ਚੰਗੀ ਹੋਵੇ। 'ਖ਼ਸਮਾਂ ਬਾਝੋਂ ਸੌਣ ਤਿਹਾਈਆਂ।' ਪੈਲੀ ਚੰਗੀ ਹੈ, ਪਰ ਖ਼ਸਮ (ਸਾਈਂ) ਜੇ ਕੋਈ ਵਾਤ ਪੁੱਛਣ ਵਾਲਾ ਨਾ ਹੋਇਆ।

**ਖ਼ਸਮੇ ਭਾਣਾ ਖਰਾ ਸਿਆਣਾ।** ਵੇਖੋ :— 'ਓਹੀ ਰਾਣੀ ਜੋ ਖ਼ਸਮੇ ਭਾਣੀ।'

ਭਾਵ :— ਜਿਹੜਾ ਮਾਲਕ ਨੂੰ ਚੰਗਾ ਲੱਗੇ ਓਹੀ ਸਿਆਣਾ ਹੈ।

ਵਰਤੋਂ :— 'ਖ਼ਸਮੇ ਭਾਣਾ ਖਰਾ ਸਿਆਣਾ' ਆਪਣੇ ਮਾਲਕ ਦੀ ਆਗਿਆ ਵਿੱਚ ਰਹਿਣਾ ਤੇ ਉਸਦੀ ਖ਼ੁਸ਼ੀ ਲੈਣੀ ਹੀ ਸਿਆਣਪ ਹੈ। ਹੋਰ ਚਤਰਾਈਆਂ ਸਭ ਵਿਅਰਥ ਹਨ। (ਸੰਗ੍ਰ)

**ਖ਼ਸਮੇ ਭਾਣੀ ਸੋਈ ਰਾਣੀ।**

ਭਾਵ :—ਜਿਹੜੀ ਇਸਤ੍ਰੀ ਜਾਂ ਮਾਤਹਿਤ ਆਪਣੇ ਮਾਲਕ ਨੂੰ ਚੰਗਾ ਲੱਗੇ, ਓਹੀ ਚੰਗਾ ਹੈ।

ਵਰਤੋਂ :— ਆਹੋ ਕਾਕਾ ਜੀ ! "ਖ਼ਸਮੇ ਭਾਣੀ ਸੋਈ ਰਾਣੀ।" ਤੁਸੀਂ ਉਹਦੇ ਔਗਣਾਂ ਨੂੰ ਕਿਉਂ ਗਿਣਦੇ ਹੋ, ਜਦ ਮਾਲਕਾਂ ਨੂੰ ਉਸਦਾ ਸਭ ਕੁਝ ਪਿਆਰਾ ਹੈ। (ਸੰਗ੍ਰ)

**ਖੱਖੇ, ਤੱਤੇ, ਰਾਰਿਓਂ ਪਤ ਰੱਖੇ ਕਰਤਾਰ, ਸੂਈ ਹੋ ਕੇ ਸੰਜਰੇ ਬਣ ਜਾਏ ਤਲਵਾਰ।**

ਭਾਵ :—ਖਤਰੀ ਜਾਤ ਦੀ ਕਿਰਸ, ਜਾਂ ਚਲਾਕੀ ਲਈ ਵਰਤਿਆ ਹੈ।

ਵਰਤੋਂ :— ਲਾਲਾ ਜੀ, ਤੁਸਾਂ ਖੱਖੇ, ਤੱਤੇ ਰਾਰਿਆਂ ਪਾਸੋਂ ਤਾਂ ਅਸਾਂ ਜੱਟਾਂ ਦੀ ਪੱਤ ਬਚਾਏ। ਡਾਢੀ ਖੱਲ ਲਾਹੁੰਦੇ ਹੋ। ਸੂਈ ਸਿੰਜਰੋ, ਤਾਂ ਤਲਵਾਰ ਬਣ ਜਾਂਦੀ ਹੈ। ਅਜ ਕੌਡੀ ਦੀ ਰਾਸ ਪਾਉ, ਕਲ੍ਹ ਲੱਖਾਂ ਵਿਚ ਖੇਡੋ। (ਸੰਗ੍ਰ)

**ਖੱਟਣ ਗਏ ਖਟਾਊ, ਘਰ ਕੀ ਖਟ ਲਿਆਏ, ਸ਼ੁਕਰ ਕਰੋ ਸਿਰ ਮੁੰਨੀਉਂ ਘਰ ਜੀਉਂਦੇ ਆਏ।**

ਭਾਵ :— ਵਿਹਲੜਾਂ ਉੱਪਰ ਮਸਖਰੀ ਕੀਤੀ ਹੈ।

**ਵਰਤੋਂ** :— ਵਹੁਟੀ ਇਹ ਸਭ ਗੱਲਾਂ ਸੁਣ ਕੇ ਬੋਲੀ—"ਖਟਾਊ ਨੇ ਖਟ ਆਂਦੀ ਭੁੱਖ ਤੇ ਨੰਗ, ਕੂੰਡਾ ਦਿਉ ਪੋਸਤ ਖਲੇ, ਤਾਰ ਦਿੱਤਾ ਇਸ ਪੋਸਤੀ ਦੀ ਖੱਟੀ ਨੇ, ਸਿਆਣੇ ਸੱਚ ਆਖਦੇ ਹਨ :—

ਖਟਣ ਗਏ ਖਟਾਊ ਘਰ ਕੀ ਖਟ ਲਿਆਏ,
ਸ਼ੁਕਰ ਕਰੋ ਸਿਰ ਮੁੰਨੀਓ ਘਰ ਜੀਉਂਦੇ ਆਏ ।
(ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਖੱਟਣ ਨਾ ਖਾਣ, ਭੈੜਾ ਚੰਦਰਾ ਜਜਮਾਨ**

**ਭਾਵ** :—ਵਿਹਲੜਾਂ ਲਈ ਵਰਤਦੇ ਹਨ ।

**ਵਰਤੋਂ** :— ਚੌਧਰੀ ਦੇ ਪੁੱਤਰ ਦਾ ਤਾਂ ਇਹ ਹਾਲ ਹੈ ਅਖੇ "ਖੱਟਣ ਨਾ ਖਾਣ, ਭੈੜਾ ਚੰਦਰਾ ਜਜਮਾਨ ।" ਜਦੋਂ ਵੇਖੋ, ਵਿਹਲਾ ਗੱਪਾਂ ਮਾਰਦਾ ਫਿਰਦਾ ਹੈ । (ਸੰਗ੍ਰ)

**ਖਟਰ, ਮਟਰ ਤੇ ਹਰਿਆਲ, ਭਾਂਡਾ ਭੰਨਦੀ ਸਿਰ ਦੇ ਨਾਲ ।**

**ਖਟਰ**—ਜਿਹੜੀ ਗਾਂ ਮੱਝ ਥਣਾਂ ਨੂੰ ਹੱਥ ਨਾ ਲਾਉਣ ਦੇਵੇ ।

**ਮਟਰ**—ਜਿਹੜੀ ਥਣਾਂ ਵਿਚ ਦੁੱਧ ਨਾ ਉਤਰਨ ਦੇਵੇ ।

**ਹਰਿਆਲ**—ਜਿਹੜੀ ਭਾੜੇ ਬਿਨਾ ਧਾਰ ਨਾ ਕੱਢਣ ਦੇਵੇ ।

**ਭਾਵ** :— ਦਿਸਣ ਪਿਸਣ ਨੂੰ ਸੁਹਣੀ, ਅਸਲੋਂ ਖੁਆਰ ।

**ਵਰਤੋਂ** : — ਦਿਸਣ ਪਿਸਣ ਨੂੰ ਜਾਣ ਦਿਉ । ਇਹ ਵੇਖੋ, ਬਈ, ਕੁਝ ਲਾਭ ਵੀ ਹੈ ਜੇ ਕਿ ਨਹੀਂ । ਉਹ ਨਾ ਹੋਵੇ, ਪਈ "ਖਟਰ, ਮਟਰ ਤੇ ਹਰਿਆਲ ਭਾਂਡਾ ਭੰਨਦੀ ਸਿਰ ਦੇ ਨਾਲ ।'
(ਸੰਗ੍ਰ)

**ਖੱਟਾ ਖਾਵੇ ਮਿੱਠੇ ਨੂੰ ।**

**ਭਾਵ** :—ਕੌੜੇ ਬਚਨ ਮਿਠੇ ਬਚਨਾਂ ਨੂੰ ਭੁਲਾ ਦੇਂਦੇ ਹਨ ।

**ਵਰਤੋਂ** :— ਕੌੜੇ ਬਚਨ ਸਾਰੀ ਚੰਗਿਆਈ ਉਤੇ ਪਾਣੀ ਫੇਰ ਦੇਂਦੇ ਹਨ । ਤੁਸਾਂ ਸੁਣਿਆਂ ਨਹੀਂ ਜੇ ਪਈ "ਖੱਟਾ ਖਾਵੇ ਮਿੱਠੇ ਨੂੰ ।" (ਸੰਗ੍ਰ)

**ਖੱਟੂ ਆਵੇ ਡਰਦਾ, ਨਖੱਟੂ (ਮਖੱਟੂ) ਆਵੇ ਲੜਦਾ ।**

**ਭਾਵ** :—ਕੰਮ ਕਰਨ ਵਾਲਾ ਤਾਂ ਡਰ ਵਿਚ ਰਹੇ, ਪਰ ਮਖੱਟੂ ਆਕੜਦਾ ਫਿਰੇ ।

**ਵਰਤੋਂ** :— ਚੱਟੂ, ਹੱਡ - ਹਰਾਮ, ਰੋਟੀਆਂ ਦਾ ਵੈਰੀ ! ਦੂਰ ਹੋ ਮੇਰੇ ਸਾਹਮਣਿਓਂ । ਜੀ ਅੱਕ ਗਿਆ ਏ । "ਖਟੂ ਆਵੇ ਡਰਦਾ, ਨਿਖਟੂ ਆਵੇ ਲੜਦਾ ।" ਵਿਹਲਾ ਰਹਿ ਰਹਿ ਕੇ ਤੂੰ ਆਫਰ ਗਿਆ ਏਂ ਬਹੁਤਾ । (ਸੰਗ੍ਰ)

**ਖੱਡ, ਵੱਢ ਤੇ ਗੱਡ ਭਰੇ ਹੀ ਸੁਹਾਂਦੇ ਹਨ ।**

**ਭਾਵ** :—ਸਖਣੀ ਚੀਜ਼ ਸੋਭਾ ਨਹੀਂ ਦੇਂਦੀ ; ਇਵੇਂ ਹੀ ਵਿਹਲਾ ਬੰਦਾ ਨਹੀਂ ਸੋਭਦਾ ।

**ਵਰਤੋਂ** :— ਰੱਬ ਕਰੇ, ਜੀਉ, ਜਵਾਨੀਆਂ ਮਾਣੋ, ਢੱਟੋ ਕਮਾਓ । ਲੱਦੇ ਆਓ, ਲੱਦੇ ਜਾਓ । ਖੱਡ, ਵੱਢ ਤੇ ਗੱਡ ਭਰੇ ਹੀ ਸੁਹਾਂਦੇ ਹਨ ।
(ਸੰਗ੍ਰ)

**ਖੱਤਰੀ ਸਿਣੀ ਹੈ ਤੇ ਜੱਟ ਵਾਣ ।**

**ਭਾਵ** :—ਖੱਤਰੀ ਸੁਭਾ ਦਾ ਨਰਮ ਤੇ ਮਿੱਠਾ ਹੈ, ਜੱਟ ਖਰ੍ਹਵਾ ਤੇ ਕੱਚਾ ਹੈ ।

**ਵਰਤੋਂ** :— ਭਰਾਵਾ, ਖੱਤਰੀ ਦਾ ਟਾਕਰਾ ਜੱਟ ਨਹੀਂ ਕਰ ਸਕਦਾ । ਖੱਤਰੀ ਸਿਣੀ ਹੈ ਤੇ ਜੱਟ ਵਾਣ । ਖੱਤਰੀ ਜਿੰਨਾ ਉੱਪਰੋਂ ਕੂਲਾ ਹੈ, ਓਨਾ ਵਿੱਚੋਂ ਪੀਡਾ ਤੇ ਸਖਤ ਹੈ । (ਸੰਗ੍ਰ)

**ਖੱਤਰੀ ਸੋ ਜੋ ਕਰਮਾਂ ਕਾ ਸੂਰੁ ॥**

**ਭਾਵ** :—ਖਤਰੀ ਉਹ ਹੈ, ਜਿਹੜਾ ਕਰਮਾਂ ਕਰਕੇ ਸੂਰਮਾ ਹੈ, ਜ਼ਾਤ ਕਰਕੇ ਨਹੀਂ ।

ਵਰਤੋਂ:—

"ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥
ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥
ਸੋ ਖਤ੍ਰੀ ਦਰਗਹ ਪਰਵਾਣੁ ॥"
(ਗੁਰੂ ਗ੍ਰੰਥ—ਸ਼ਲੋਕ ਵਾਰਾਂ ਤੇ ਵਧੀਕ)

**ਖਤਰੀ ਖੰਡ ਵਲ੍ਹੇਟਿਆ ਮੌਹਰਾ।**

ਭਾਵ :—ਖਤਰੀਆਂ ਦਾ ਸੁਭਾ ਦਸਿਆ ਹੈ ਕਿ ਉੱਪਰੋਂ ਗੱਲਾਂ ਬੜੀਆਂ ਮਿੱਠੀਆਂ ਕਰਦੇ ਹਨ ਪਰ ਵਿੱਚੋਂ ਖੋਟੇ ਹੁੰਦੇ ਹਨ।

ਵਰਤੋਂ :— ਸ਼ਾਹ ਤੇ ਨਿਰੀ ਮਿੱਠੀ ਛੁਰੀ ਹੈ। ਗੱਲਾਂ ਕਿੰਨੀਆਂ ਮਿੱਠੀਆਂ ਕਰਦਾ ਹੈ ਤੇ ਸੂਦ ਵਿਚ ਸਾਰਾ ਪਿੰਡ ਬੰਨ੍ਹਿਆ ਹੋਇਆ ਹੈ। ਖਤਰੀ ਖੰਡ ਵਲ੍ਹੇਟਿਆ ਮੌਹਰਾ ਹੈ ਨਿਰਾ। (ਸੰਗ੍ਰ)

**ਖਤਰੀ ਦਾ ਫੋੜਾ ਤੇ ਸੁਦਾਗਰ ਦਾ ਘੋੜਾ ਹੱਥ ਫੇਰਿਆਂ ਮੋਟਾ ਹੁੰਦਾ ਹੈ।**

ਭਾਵ :—ਜਦ ਲਾਡ ਪੁਚਕਾਰ ਨਾਲ ਦੁੱਖ ਵਧ ਜਾਵੇ।

ਵਰਤੋਂ :— ਤੁਸਾਂ ਜਵਾਨ ਮੁੰਡਾ ਆਪਣਾ ਅਜਾਈਂ ਸਿਰ ਚੜ੍ਹਾ ਲਿਆ। ਰੁਲਦਾ ਖੁਲਦਾ ਤਾਂ ਆਪੇ ਖੱਟ ਕੇ ਖਾਂਦਾ। ਖੱਤਰੀ ਦਾ ਫੋੜਾ ਤੇ ਸੁਦਾਗਰ ਦਾ ਘੋੜਾ ਹੱਥ ਫੇਰਿਆਂ ਮੋਟਾ ਹੁੰਦਾ ਹੈ। ਲਾਡ ਨੇ ਉਹਨੂੰ ਵਿਗਾੜ ਦਿੱਤਾ ਹੈ। (ਸੰਗ੍ਰ)

**ਖੱਬਾ ਧੋਵੇ ਸੱਜੇ ਨੂੰ ਤੇ ਸੱਜਾ ਧੋਵੇ ਖੱਬੇ ਨੂੰ।**

ਭਾਵ :—ਠੱਗੀ ਜਾਂ ਖ਼ੁਸ਼ਾਮਦ ਪਰਸਪਰ ਰਲ ਮਿਲ ਕੇ ਹੀ ਹੁੰਦੀ ਹੈ।

ਵਰਤੋਂ :— ਪੁੱਛ ਕੁਝ ਨਾ। ਸਭ ਨੇ ਆਪੋ ਵਿਚ ਲੋਕਾਂ ਨੂੰ ਲੁਟਣ ਦੀ ਪੱਤੀ ਪਾਈ ਹੋਈ ਹੈ। ਤੂੰ ਮੈਨੂੰ ਖੁਆ, ਮੈਂ ਤੈਨੂੰ ਖੁਆਵਾਂ। ਖੱਬਾ ਧੋਵੇ ਸੱਜੇ ਨੂੰ ਤੇ ਸੱਜਾ ਧੋਵੇ ਖੱਬੇ ਨੂੰ। ਫ਼ਰਿਆਦ ਕਿਦੇ ਅੱਗੇ ਕਰੀਏ? (ਸੰਗ੍ਰ)

**ਖ਼ਰਬੂਜਾ ਖ਼ਰਬੂਜ਼ੇ ਤੋਂ ਰੰਗ ਪਕੜਦਾ ਹੈ।**

ਵੇਖੋ :—'ਜੀਵਨ ਤੋਂ ਜੀਵਨ ਬਣਦਾ ਹੈ।'

ਭਾਵ :— ਜਿਹੋ ਜਿਹੀ ਸੰਗਤ ਕਰੀਏ, ਤਿਹੋ ਜਿਹੇ ਬਣ ਜਾਈਦਾ ਹੈ।

ਵਰਤੋਂ :— ਰਾਣੀ ਜੀ, ਹੈਰਾਨਗੀ ਦੀ ਕਿਹੜੀ ਗੱਲ ਹੈ। ਖ਼ਰਬੂਜ਼ਾ ਖ਼ਰਬੂਜ਼ੇ ਤੋਂ ਰੰਗ ਪਕੜਦਾ ਹੈ। ਜੇਹਾ ਸੰਗ ਸੀ ਤੇਹਾ ਰੰਗ ਉਸਨੂੰ ਚੜ੍ਹ ਗਿਆ। (ਸੰਗ੍ਰ)

**ਖਰਾ ਦਹੇਲਾ ਜੱਗ ਵਿਚ, ਜਿਸ ਅੰਦਰ ਝਾਕ।**

ਭਾਵ :—ਜਿਸਦੇ ਹਿਰਦੇ ਵਿਚ ਲੱਭ ਹੈ, ਉਹ ਜੱਗ ਵਿਚ ਦੁਖੀ ਰਹਿੰਦਾ ਹੈ।

ਵਰਤੋਂ :—

ਖਰਾ ਦੁਹੇਲਾ ਜੱਗ ਵਿਚ ਜਿਸ ਅੰਦਰ ਝਾਕ,
ਸੋਨੇ ਨੂੰ ਹਥ ਪਾਇੰਦਾ ਹੋਇ ਵੰਞੈ ਖਾਕ।
(ਵਾਰਾਂ—ਭਾਈ ਗੁਰਦਾਸ)

**ਖਰੀ ਆਸਾਮੀ ਚੋਖਾ ਮਾਲ।**

ਭਾਵ :—ਨੇਕ ਨੀਯਤ ਵਾਲੇ ਨੂੰ ਹਰ ਥਾਂ ਤੇ ਧਨ ਪਲੇ ਪੈਂਦਾ ਹੈ।

ਨਿਯਤ ਰਾਸ ਤੇ ਕੰਮ ਰਾਸ।

ਵਰਤੋਂ :— 'ਖਰੀ ਆਸਾਮੀ ਚੋਖਾ ਮਾਲ।' ਪੈਸਾ ਕਿਸੇ ਦਾ ਕਦੀ ਰਖਿਆ ਨਹੀਂ ਤੇ ਸਾਨੂੰ ਵੀ ਲੋੜ ਥੋੜ੍ਹ ਵੇਲੇ ਕਿਸੇ ਨਾਂਹ ਨਹੀਂ ਕੀਤੀ। (ਸੰਗ੍ਰ)

**ਖਰੀ ਮਜੂਰੀ ਚੋਖਾ ਕੰਮ।**

ਭਾਵ :—ਰਜਵੀਂ ਮਜੂਰੀ ਦੇਣ ਨਾਲ ਬਾਹਲਾ ਕੰਮ ਹੁੰਦਾ ਹੈ।

ਵਰਤੋਂ :—ਸ਼ਾਹ ਜੀ, ਜਿਹੋ ਜਿਹਾ ਤੁਹਾਡਾ ਲੂਣ ਪਾਣੀ, ਓਹੋ ਜਿਹਾ ਮੇਰਾ ਕੰਮ ਜਾਣੀ। 'ਖਰੀ ਮਜੂਰੀ ਚੋਖਾ ਕੰਮ।' ਤੁਸਾਂ ਮੇਰੀ ਦਿਹਾੜੀ ਮਾਰ ਲਈ ਮੈਂ ਕੰਮ ਵਿਚ ਘੜੰਮ ਹੀ ਪਾਣਾ ਹੋਇਆ ਨਾ। (ਸੰਗ੍ਰ)

**ਖਰੇ ਨਾਲ ਖੋਟਾ ਦਰਗਾਹੋਂ ਟੋਟਾ।**

**ਭਾਵ** :—ਚੰਗੇ ਆਦਮੀ ਨਾਲ ਜਦ ਕੋਈ ਧੋਖਾ ਕਰਕੇ ਨੁਕਸਾਨ ਉਠਾਵੇ।

**ਵਰਤੋਂ** :— ਰਜਨੀ—ਮੈਂ ਕੀ ਪੁੱਛਾਂ, ਤੂੰ ਮੇਰੇ ਪਿਛੇ ਪਿਛੇ ਲਗਾ ਆਇਆ ਏਂ। ਤੂੰ ਮੇਰੇ ਨਾਲ ਖੋਟ ਕੀਤਾ ਏ। ਖਰਿਆਂ ਨਾਲ ਖੋਟਾ, ਉਹਨੂੰ ਦਰਗਾਹੋਂ ਟੋਟਾ।

(ਰਜਨੀ—ਨਾਨਕ ਸਿੰਘ)

**ਖਲ ਤੇ ਗੁੜ ਇਕੋ ਭਾ।** ਵੇਖੋ :—'ਜੇਹਾ ਭਾ ਆਟੇ ਦਾ ਤੇ ਜੇਹਾ ਲਾਚੀ ਦਾਣੇ ਦਾ।''

**ਭਾਵ** :—ਜਿਥੇ ਚੰਗੇ ਤੇ ਮੰਦੇ ਦੀ ਕੋਈ ਪਰਖ ਨਾ ਹੋਵੇ।

**ਵਰਤੋਂ** :—ਕਿਸੇ ਗੁਣ ਵਾਲੇ, ਕਿਸੇ ਉਪਕਾਰੀ ਕਿਸੇ ਭਲੇ ਦਾ ਸਤਿਕਾਰ ਨਹੀਂ। ਖਲ ਗੁੜ ਇਕੋ ਭਾ ਕਰ ਛਡੇ ਨੇ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਖਲੋਣ ਨੂੰ ਥਾਂ ਮਿਲੇ, ਬਹਿਣ ਨੂੰ ਆਪੇ ਕਰ ਲਵਾਂਗੇ।**

**ਭਾਵ** :—ਥੋੜ੍ਹਾ ਜਿਹਾ ਸਹਾਰਾ ਮਿਲਣ ਤੇ ਜਦ ਕੋਈ ਬਹੁਤਾ ਪਰਫੁਲਤ ਹੋਣ ਲਗ ਪਵੇ।

**ਵਰਤੋਂ** —ਸਹਾਇਤਾ ਤਾਂ ਥੋੜ੍ਹੀ ਹੈ, ਪਰ ਜੇ 'ਖਲੋਣ ਨੂੰ ਥਾਂ ਮਿਲੇ ਤਾਂ ਬਹਿਣ ਨੂੰ ਆਪੇ ਕਰ ਲਵਾਂਗੇ।' ਹੌਸਲਾ ਰੱਖੋ। (ਸੰਗ੍ਰ)

**ਖ਼ਵਾਜੇ ਦਾ ਗਵਾਹ ਡੱਡੂ।** ਵੇਖੋ :—ਇਲ੍ਹ ਦਾ ਨਨਵਈਆ ਕਾਂ।

**ਭਾਵ** :— ਜਦ ਆਪਣਾ ਹੀ ਕੋਈ ਕਿਸੇ ਦੀ ਹਾਂ ਵਿਚ ਹਾਂ ਮਿਲਾਵੇ, ਤਦ ਤਰਕ ਵਜੋਂ ਵਰਤਦੇ ਹਨ।

**ਵਰਤੋਂ** :—ਕੌੜੀ—ਚਲ ਨੀ ਚਲ, ਖ਼ਵਾਜੇ ਦਾ ਗਵਾਹ ਡੱਡੂ। ਆ ਗਈ ਏਂ ਤੂੰ ਦਾਨਾਈਆਂ ਸਾੜਨ। ਦੌੜ ਜਾ ਘਰ ਆਪਣੇ ਚੁੱਪ ਕਰਕੇ। ਤੇਰੇ ਕੀ ਵਾਸਤਾ ਕੁੱਝ ਕਹਿਣ ਦਾ ?

(ਸੁਭਦਰਾ—ਆਈ. ਸੀ. ਨੰਦਾ)

**ਖੜ੍ਹੇ ਦਾ ਖ਼ਾਲਸਾ।** ਵੇਖੋ :—'ਹਾਜ਼ਰ ਕੋ ਮਿਹਰ।'

**ਭਾਵ** :—ਹਰ ਵੇਲੇ ਹੁਸ਼ਿਆਰ ਰਹਿਣਾ।

**ਵਰਤੋਂ** :—ਖੜ੍ਹੇ ਦਾ ਖ਼ਾਲਸਾ ਹੈ ਭਾਈ। ਜੋ ਦਿਲ ਹਾਰਕੇ ਬੈਠਾ, ਉਹ ਮੋਇਆ।

(ਸੰਗ੍ਰ)

**ਖੜ੍ਹੇ ਪਿੰਡੋਂ ਆਏ ਹੋ ?**

**ਭਾਵ** :—ਜਦ ਕੋਈ ਪ੍ਰਾਹੁਣਾ ਆਉਂ-ਦਿਆਂ ਸਾਰ ਤੁਰਨ ਲਈ ਕਾਹਲੀ ਕਰੇ, ਤਦ ਹਾਸ-ਰਸ ਵਿਚ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਆਓ ਭਰਾ ਜੀ, ਬਹਿ ਵੀ ਜਾਓ ਨਾ। ਤੁਸੀਂ ਜਦੋਂ ਵੀ ਆਉਂਦੇ ਹੋ, ਇਸੇ ਤਰ੍ਹਾਂ 'ਖੜ੍ਹੇ ਪਿੰਡੋਂ ਆਉਂਦੇ ਹੋ।' (ਸੰਗ੍ਰ)

**ਖੜੀ ਮਾਲੀ, ਡਾਢੀ ਸੁਖਾਲੀ।**

**ਭਾਵ** :—ਜਦ ਖੇਚਲ ਕੀਤੇ ਬਿਨਾ ਹੀ ਕੁਝ ਮਿਲ ਜਾਵੇ।

**ਵਰਤੋਂ** :—ਭੈਣ! ਅਸੀਂ ਤਾਂ ਹਰਜੀਤ ਕੌਰ ਦਾ ਉਣਿਆ ਹੋਇਆ ਰੁਮਾਲ ਵਿਖਾਕੇ ਈ ਇਨਾਮ ਲੈ ਲਿਆ ਸੀ। 'ਖੜ੍ਹੀ ਮਾਲੀ, ਡਾਢੀ ਸੁਖਾਲੀ' ਵਾਲੀ ਗੱਲ ਹੋਈ। (ਸੰਗ੍ਰ)

**ਖਾ ਕੇ ਪਛਤਾਇਆ, ਨ੍ਹਾ ਕੇ ਨਹੀਂ ਪਛਤਾਇਆ।**

**ਭਾਵ** :—ਜੇ ਬਹੁਤਾ ਖਾ ਲਈਏ ਤਾਂ ਬੀਮਾਰੀ ਦਾ ਡਰ ਹੈ, ਬਹੁਤਾ ਨ੍ਹਾ ਲਈਏ ਤਾਂ ਲਾਭ ਹੀ ਲਾਭ ਹੈ।

**ਵਰਤੋਂ** :—ਕਾਕਾ, ਚੰਗੀ ਤਰ੍ਹਾਂ ਮਲ ਮਲ ਕੇ ਨ੍ਹਾਉ, ਪਾਣੀ ਵਿਚ ਬੈਠੋ, ਤਰੋ, ਖੇਡੋ। ਬਹੁਤਾ ਖਾ ਕੇ ਪਛਤਾਈਦਾ ਹੈ, ਨਹਾ ਕੇ ਨਹੀਂ।

(ਸੰਗ੍ਰ)

**ਖਾ ਗਈ ਲੁਕਾਈ, ਤੇ ਸਿਰ ਬੰਦੀ ਦੇ ਆਈ।**

**ਭਾਵ** :—ਜਦ ਮੌਜਾਂ ਕੋਈ ਕਰ ਜਾਵੇ ਤੇ ਭਰਨਾ ਕਿਸੇ ਨੂੰ ਆ ਜਾਵੇ।

**ਵਰਤੋਂ** :—ਸਾਰਾ ਘਰ ਖਾ ਪੀ ਤੁਹਾਡੇ ਪਿੰਡ ਦੇ ਗਏ ਹਨ ਤੇ ਤਾਹਨੇ ਰੋਜ਼ ਮੇਰੇ ਪੇਕਿਆਂ ਦੇ ਦਿੰਦੇ ਹੋ। ਖਾ ਗਈ ਲੁਕਾਈ, ਤੇ ਸਿਰ ਬੰਦੀ ਦੇ ਆਈ। (ਸੰਗ੍ਰ)

**ਖਾ ਗਏ ਘਰ ਵਾਲੇ, ਨਾਂ ਪ੍ਰਾਹੁਣਿਆਂ ਦਾ।**

ਵੇਖੋ :—ਕਰੇ ਕੋਈ, ਭਰੇ ਕੋਈ।

**ਭਾਵ** :—ਨੁਕਸਾਨ ਕਰੇ ਕੋਈ ਤੇ ਨਾਂ ਕਿਸੇ ਹੋਰ ਦਾ।

**ਵਰਤੋਂ** :—ਝੁੱਗਾ ਚੌੜ ਕੀਤਾ ਤੇਰਾ, ਤੇਰੇ ਬੇਲੀਆਂ ਨੇ। ਸਾਡੇ ਹਿੱਸੇ ਕੀਹ ਆਇਆ—ਬੱਸ, ਬਦਨਾਮੀ। 'ਖਾ ਗਏ ਘਰ ਵਾਲੇ ਤੇ ਨਾਂ ਪਰਾਹੁਣਿਆਂ ਦਾ।' ਵਾਲੀ ਗੱਲ ਹੋਈ ਹੈ ਸਾਡੇ ਨਾਲ ਤਾਂ।

(ਸੰਗ੍ਰ

**ਖਾ ਗਏ ਰੰਗ ਲਾ ਗਏ, ਜੋੜ ਗਏ ਸੋ ਰੋੜ੍ਹ ਗਏ।**

**ਭਾਵ** :—ਖਾਣ ਪੀਣ ਵਾਲੇ ਹਾਸ-ਰਸ ਵਿਚ ਵਰਤਦੇ ਹਨ। ਭਾਵ ਛਕਣ ਛਕਾਣ ਵਾਲੇ ਚੰਗੇ ਹਨ ਤੇ ਕੰਜੂਸ ਮਾੜੇ।

**ਵਰਤੋਂ** :—ਸ਼ਰਾਬੀ-'ਖਾ ਗਏ ਰੰਗ ਲਾ ਗਏ, ਜੋੜ ਗਏ, ਸੋ ਰੋੜ੍ਹ ਗਏ। ਖ਼ੂਬ ਛਕੋ ਪਿਆਰਿਓ, ਭਰ ਭਰ ਕੇ ਪਿਆਲੇ, ਪਿਛਲੇ ਆਪਣਾ ਹਿਸਾਬ ਆਪੇ ਨਿਬੇੜ ਲੈਣਗੇ, ਤੁਸੀਂ ਆਪਣਾ ਜ਼ਿਕਰ ਕਰੋ।

(ਸੰਗ੍ਰ)

**ਖਾ ਚੂਰੀ, ਚੋ ਮੰਝ ਬੂਰੀ।**

**ਭਾਵ** :—ਕਿਸੇ ਉੱਤੇ ਖ਼ੁਸ਼ ਹੋ ਕੇ ਮੌਜਾਂ ਮਾਨਣ ਦੀ ਅਸੀਸ ਦੇਣੀ।

**ਵਰਤੋਂ**:—

ਬੱਚਾ ਖਾ ਚੂਰੀ, ਚੋ ਮੰਝ ਬੂਰੀ,
ਜੀਉ ਵਿਚ ਨਾ ਹੋ ਦਲਗੀਰ ਮੀਆਂ।
ਰੱਬ ਕਾਜ ਸਵਾਰਸੀ ਆਪ ਤੇਰੇ,
ਕੋਈ ਤੁਧ ਨਾ ਹੋਵਸੀ ਭੀੜ ਮੀਆਂ।
(ਹੀਰ—ਵਾਰਸ ਸ਼ਾਹ)

**ਖਾਉ ਪੀਉ ਆਪਣਾ, ਜਸ ਗਾਉ ਹਮਾਰਾ।**

**ਭਾਵ** :—ਕਿਸੇ ਲਈ ਖ਼ਰਚ ਕੁਝ ਨਾ ਕਰਨਾ, ਪਰ ਉਸ ਤੋਂ ਆਪਣੀ ਉਪਮਾ ਚਾਹੁਣੀ।

**ਵਰਤੋਂ** :—ਉਂਜ ਤਾਂ ਇਸ ਸ਼ਹਿਰ ਵਿੱਚ ਮੇਰੇ ਬੜੇ ਸੰਬੰਧੀ ਹਨ, ਪਰ ਸਾਰੇ ਚਾਹੁੰਦੇ ਹਨ, ਜੁ 'ਖਾਉ ਪੀਉ ਆਪਣਾ, ਜਸ ਗਾਉ ਹਮਾਰਾ'। ਇਹੋ ਜਿਹੇ ਸੰਬੰਧੀਆਂ ਨੂੰ ਮੈਂ ਕੀ ਕਰਾਂ ? (ਸੰਗ੍ਰ)

**ਖਾਊ ਸੋ ਕਮਾਊ।**

**ਭਾਵ** :— ਜਿਹੜਾ ਪੇਟ ਭਰ ਕੇ ਖਾਵੇਗਾ, ਓਹੀ ਕਮਾਈ ਵੀ ਕਰੇਗਾ।

**ਵਰਤੋਂ** :— ਸ਼ਾਹ ਜੀ, ਮੁੰਡੇ ਨੂੰ ਖਾਣ ਪੀਉਣ ਤੋਂ ਨਾ ਰੋਕੋ; "ਜੋ ਖਾਊ ਸੋਈ ਕਮਾਊ।" (ਸੰਗ੍ਰ)

**ਖਾਊ ਭਲਾ ਕਿ ਕਮਾਊ ?**

**ਭਾਵ** :— ਕਮਾਣ ਵਾਲਾ, ਖਾਣ ਵਾਲੇ ਪਾਸੋਂ ਚੰਗਾ ਹੈ।

**ਵਰਤੋਂ** :— ਪੁੱਤਰ ਤਾਂ ਮੇਰੇ ਹੀ ਹਨ ਦੋਵੇਂ; ਪਰ ਖਾਊ ਭਲਾ ਕਿ ਕਮਾਊ ? ਇਕ ਤਾਂ ਬਸ ਰੋਟੀਆਂ ਦਾ ਮਾਰੂ ਹੈ ਤੇ ਦੂਜਾ ਮਿਹਨਤ ਕਰ ਕੇ ਮੇਰਾ ਵੀ ਪੇਟ ਪਾਲਦਾ ਹੈ। (ਸੰਗ੍ਰ)

**ਖਾਈ ਭਲੀ ਕਿ ਜਾਈ (ਮਾਈ) ?**

**ਭਾਵ** :— ਪੇਟ ਪਾਲਣ ਵਾਲਾ ਚੰਗਾ ਲਗਦਾ ਹੈ, ਸੰਬੰਧੀ ਨਹੀਂ।

**ਵਰਤੋਂ** :— ਉਹ ਅਕਸਰ ਹਨੇਰੇ ਸਵੇਰੇ ਲੁਕ ਛਪ ਕੇ, ਘੀਸੂ ਨੂੰ ਕਛੜ ਲਈ, ਇਕ ਅਧ ਫੇਰਾ ਉਸ ਦੇ ਘਰ ਪਾ ਹੀ ਆਉਂਦੀ ਸੀ। "ਖਾਈ ਭਲੀ ਕਿ ਮਾਈ" ਕਹਾਵਤ ਅਨੁਸਾਰ ਬਾਲਾਂ ਨੂੰ ਖਾਣ ਦਾ ਵੀ ਲੋਭ ਹੁੰਦਾ ਹੈ।

(ਲਵ ਮੈਰਿਜ—ਨਾਨਕ ਸਿੰਘ)

**ਖਾਈਏ ਕਣਕ ਭਾਵੇਂ ਜ਼ਹਿਰ ਹੋਵੇ** ਜਾਂ

**ਖਾਈਏ (ਕਣਕ) ਭਾਵੇਂ ਭੁੱਗੀ ਹੋਵੇ ।**

**ਭਾਵ** :— ਕਣਕ ਦੇ ਅੰਨ ਦੀ ਵਡਿਆਈ ਦਸੀ ਹੈ ।

**ਵਰਤੋਂ** :— "ਵਸੀਏ ਸ਼ਹਿਰ ਭਾਵੇਂ ਭੁੱਗੀ ਹੋਵੇ । ਖਾਈਏ ਕਣਕ ਭਾਵੇਂ ਭੁੱਗੀ ਹੋਵੇ" । (ਸੰਗ੍ਰ)

**ਖਾਈਏ ਤਾਂ ਘਿਉ ਨਾਲ, ਨਹੀਂ ਤਾਂ ਜੀਉ ਨਾਲ ।**

**ਭਾਵ** :— ਸੁਹਣਾ ਖਾਣਾ ਖਾਉ, ਮਾੜਾ ਨਾ ਖਾਉ ।

**ਵਰਤੋਂ** :— ਘਿਉ ਤੇ ਨਿਰੀ ਅੰਮ੍ਰਿਤ ਚੀਜ਼ ਹੈ । ਘਿਉ ਖਾਣ ਨੂੰ ਮਿਲੇ ਤੇ ਕੋਈ ਬੀਮਾਰੀ ਕਿਦਾਂ ਨੇੜੇ ਆ ਸਕਦੀ ਹੈ ? ਅਖੇ 'ਖਾਈਏ ਤਾਂ ਘਿਉ ਨਾਲ, ਨਹੀਂ ਤਾਂ ਜੀਉ ਨਾਲ ।' (ਸੰਗ੍ਰ)

**ਖਾਈਏ ਦਾਲ ਜਿਹੜੀ ਨਿਭੇ ਨਾਲ ।**

ਜਾਂ

**ਖਾਈਏ (ਕਣਕ) ਦਾਲ, ਜਿਹੜੀ ਨਿਭੇ ਨਾਲ ।**

**ਭਾਵ** :— ਸੰਜਮ ਦੀ ਸਿਖਿਆ ਦੇਣ ਲਈ ਵਰਤਦੇ ਹਨ ।

**ਵਰਤੋਂ** :— ਸੰਜਮੀ ਜੀਵਨ ਬੜਾ ਗੁਣਕਾਰੀ ਹੁੰਦਾ ਹੈ । 'ਖਾਈਏ ਕਣਕ ਦਾਲ, ਜਿਹੜੀ ਨਿਭੇ ਨਾਲ' । ਵਿਤ ਵਿੱਚ ਰਹਿਣ ਨਾਲ ਬੰਦਾ ਸਾਰੀ ਹਯਾਤੀ ਸੌਖ ਨਾਲ ਕਟਦਾ ਹੈ । (ਸੰਗ੍ਰ)

**ਖਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ ।** ਜਾਂ

**ਖਾਈਏ ਮਨ ਭਾਉਂਦਾ, ਹੰਢਾਈਏ ਜਗ ਭਾਉਂਦਾ ।**

**ਭਾਵ** :— ਘਰ ਦੀ ਵਰਤੋਂ ਭਾਵੇਂ ਕੁਝ ਵੀ ਹੋਵੇ ਪਰ ਬਾਹਰਲੀ ਵਰਤੋਂ ਚੰਗੀ ਹੋਣੀ ਚਾਹੀਦੀ ਹੈ ।

**ਵਰਤੋਂ** :— ਇੰਦਰ (ਹਿਰਖ ਨਾਲ)—ਬੰਦਾ ਕੰਮ ਉਹ ਕਰੇ, ਜਿਹੜਾ ਸਭ ਨੂੰ ਚੰਗਾ ਲਗੇ, ਜਿਸ ਨਾਲ ਸਾਰੇ ਸੋਭਾ ਹੋਵੇ, ਸਿਆਣੇ ਆਖਦੇ ਨੇ 'ਖਾਈਏ ਮਨ ਭਾਉਂਦਾ, ਹੰਢਾਈਏ ਜਗ ਭਾਉਂਦਾ' ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਖਾਈਏ ਰਜਕੇ, ਸੰਵੀਏ ਮੂੰਹ ਕੱਜ ਕੇ ।**

**ਭਾਵ** :— ਬਹੁਤਾ ਖਾਣ ਲਈ ਤਾਕੀਦ ਕਰਨ ਵੇਲੇ ਹਾਸ-ਰਸ ਵਿਚ ਵਰਤਦੇ ਹਨ ।

**ਵਰਤੋਂ** :— ਖਾਓ ਜੀ ਖਾਓ, ਹੋਰ ਖਾਓ ! ਫ਼ਰਕ ਉੱਕਾ ਨਾ ਕਰੋ । 'ਖਾਈਏ ਰਜਕੇ, ਸੰਵੀਏ ਮੂੰਹ ਕਜ ਕੇ' । ਇਹ ਵੇਲਾ ਫਿਰ ਹੱਥ ਨਹੀਂ ਆਉਣਾ । (ਸੰਗ੍ਰ)

**ਖਾਏ ਤਾਂ ਕੋਹੜਾ, ਛੱਡੇ ਤਾਂ ਅੰਨ੍ਹਾ ।**

**ਭਾਵ** :— ਜਦ ਕੋਈ ਅਜੇਹੀ ਬਿਪਤਾ ਵਿਚ ਫਸੇ ਕਿ ਜੇ ਉਸ ਕੰਮ ਨੂੰ ਛੱਡੇ ਤਦ ਵੀ ਔਖਿਆਈ ਤੇ ਨਾ ਛੱਡੇ ਤਦ ਵੀ ਦੁਖੀ ।

**ਵਰਤੋਂ** :— ਕੀ ਕਰੀਏ, ਕੀ ਛਡੀਏ, ਨਹੀਂ ਪੜ੍ਹਾਉਂਦੇ ਤਾਂ ਕੋਈ ਯੋਗ ਵਰ ਨਹੀਂ ਮਿਲਦਾ ਜੇ ਪੜ੍ਹਾਉਂਦੇ ਹਾਂ ਤਾਂ ਇਹ ਮੁਸ਼ਕਲਾਂ ਨੇ । ਅਖੇ 'ਖਾਇ ਤਾਂ ਕੋਹੜਾ, ਛੱਡੇ ਤਾਂ ਅੰਨ੍ਹਾ' । (ਸੰਗ੍ਰ)

**ਖਾਏ ਪੀਵੇ ਹੋਵੇ ਮੋਟਾ, ਅੰਤ ਅਖਾਏ ਦਾਦੇ ਦਾ ਪੋਤਾ ।**

**ਭਾਵ** :— ਨਾਨਕਿਆਂ ਘਰ ਦੋਹਤੇ ਨੂੰ ਕਿਤਨਾ ਵੀ ਖਾਣ ਪੀਣ ਨੂੰ ਮਿਲੇ; ਪਰ ਫਿਰ ਵੀ ਦਾਦਕਿਆਂ ਦਾ ਹੀ ਬਣਦਾ ਹੈ । ਜਾਂ ਪਾਲੇ ਕੋਈ ਤੇ ਨਾਂ ਕਿਸੇ ਦਾ ਹੋਵੇ ।

**ਵਰਤੋਂ** :— ਮੈਂ ਓਹਦੇ ਨਾਲ ਕੀ ਕੁਝ ਨਹੀਂ ਕੀਤਾ, ਪਰ ਅੰਤ ਲਹੂ ਪਾਣੀ ਨਾਲੋਂ ਗਾੜ੍ਹਾ ਨਿਕਲਿਆ । 'ਖਾਏ ਪੀਵੇ ਹੋਵੇ ਮੋਟਾ, ਅੰਤ ਅਖਾਏ ਦਾਦੇ ਦਾ ਪੋਤਾ' ਉਹ ਮੇਰੇ ਵਿਰੁਧ ਆਪਣੇ ਸ਼ਰੀਕੇਦਾਰਾਂ ਨਾਲ ਰਲ ਗਿਆ । (ਸੰਗ੍ਰ)

**ਖਾਹਦਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦਸ਼ਾਹੇ ਦਾ ।**

**ਭਾਵ** :— ਇਤਿਹਾਸਕ ਅਖਾਣ ਹੈ ਕਿ ਅਹਿਮਦਸ਼ਾਹ ਜਾਂ ਨਾਦਰਸ਼ਾਹ ਦੇ ਵੇਲੇ ਇਤਨੀ ਲੁਟ ਮਾਰ ਹੁੰਦੀ ਰਹੀ ਕਿ ਜੋ ਕੁਝ

ਕੋਈ ਖਾ ਪੀ ਲੈਂਦਾ, ਉਹੀ ਉਸਦਾ ਸਮਝਿਆ ਜਾਂਦਾ, ਬਾਕੀ ਇਨ੍ਹਾਂ ਲੁਟੇਰਿਆਂ ਦੇ ਵਸ ਪੈ ਜਾਂਦਾ।

**ਵਰਤੋਂ :—**

"ਖਾਹਦਾ ਪੀਤਾ ਲਾਹੇ ਦਾ"
ਕਹਿੰਦਾ ਕੁਲ ਜਹਾਨ।
"ਰਹਿੰਦਾ ਅਹਿਮਦਸ਼ਾਹੇ ਦਾ"
ਇਹ ਗਲ ਜਗ ਪ੍ਰਵਾਨ।

(ਲਖਸ਼ਮੀ ਦੇਵੀ—ਕ੍ਰਿਪਾ ਸਾਗਰ)

**ਖਾਣ ਦਾ ਖਵਾਣ ਹੁੰਦਾ ਹੈ।**

**ਭਾਵ :—** ਕਿਸੇ ਨੂੰ ਖੁਆਓ, ਤਦੇ ਉਹ ਵੀ ਖੁਆਂਦਾ ਹੈ।

**ਵਰਤੋਂ :—** ਕਿਹਾ ਜਾਂਦਾ ਹੈ ਕਿ 'ਖਾਣ ਦਾ ਖਵਾਣ ਹੁੰਦਾ ਹੈ'। ਜਿਹੜਾ ਖੁਆਂਦਾ ਨਹੀਂ, ਉਹ ਕਿਸੇ ਕੋਲੋਂ ਖਾਂਦਾ ਕਿਵਣ ਹੋਵੇਗਾ?

(ਰੰਗਾ ਜਲੀ ਵਿੱਚ ਸ਼ਰਾਬ—ਨਾਨਕ ਸਿੰਘ)

**ਖਾਣ ਦਾ ਮਸਾਲਾ ਤੇ ਹੱਡੀਆਂ ਦਾ ਸਾੜ।**

**ਭਾਵ :—** ਜਦ ਕੋਈ ਚਿੱਚੜ ਵਾਂਗ ਕਿਸੇ ਪਾਸੋਂ ਖ਼ੂਬ ਖਾਈ ਜਾਵੇ, ਪਰ ਉਸਨੂੰ ਦੁਖੀ ਵੀ ਕਰਦਾ ਰਹੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਨਾਨੀ—ਇਹ ਦੋਹਤਾ ਵੀ ਚੰਗਾ ਟਕਰਿਆ ਹੈ ਸਾਨੂੰ। 'ਖਾਣ ਦਾ ਮਸਾਲਾ ਤੇ ਹੱਡੀਆਂ ਦਾ ਸਾੜ'। ਖਾਂਦਾ ਪੀਂਦਾ ਵੀ ਸਾੜਦਾ ਰਹਿੰਦਾ ਹੈ।

(ਸੰਗ੍ਰ)

**ਖਾਣ ਨੂੰ ਗੱਲਾ, ਤੇ ਮਾਰ ਨੂੰ ਕੱਲਾ।**

**ਭਾਵ :—** ਖਾਣ ਪੀਣ ਵੇਲੇ ਸਾਰੇ ਜੁੜ ਜਾਣ, ਪਰ ਔਖੇ ਵੇਲੇ ਕੋਈ ਸਹਾਇਤਾ ਨਾ ਕਰੇ।

**ਵਰਤੋਂ :—** ਕੀ ਕਰਾਂ ਏਨੇ ਪੁਤਰਾਂ ਨੂੰ? ਖਾਣ ਨੂੰ ਗੱਲਾ ਤੇ ਮਾਰ ਨੂੰ ਕੱਲਾ। ਸਭ ਰੋਟੀਆਂ ਦੇ ਯਾਰ ਹਨ। ਕੋਈ ਨਹੀਂ ਮੇਰੀ ਬਾਂਹ ਬਣਦਾ।

(ਸੰਗ੍ਰ)

**ਖਾਣ ਪੀਣ ਨੂੰ ਚੰਗੀ ਭਲੀ ਤੇ ਕੰਮ ਕਾਜ ਨੂੰ ਡੋਰੀ। ਜਾਂ ਖਾਣ ਪੀਣ ਨੂੰ ਚੰਗੀ ਭਲੀ ਤੇ ਰਾਮ ਜਪਣ ਨੂੰ ਡੋਰੀ।**

**ਭਾਵ :—** ਖਾਣ ਪੀਣ ਵੇਲੇ ਤਾਂ ਕੋਈ ਸ਼ੇਰ ਹੋਵੇ, ਪਰ ਕੰਮ ਕਰਨ ਲਗੇ ਖਿਸਕ ਜਾਵੇ।

**ਵਰਤੋਂ :—** ਨੀ ਸੜ ਗਈ ਕਰਦੀ ਤੇ ਬਲ ਗਿਉ ਸੂ ਨਾਂ। ਪਰਸੋਂ ਦਾ ਉਹਨੇ ਇਹੋ ਦਾਅ ਫੜ ਲਿਆ ਏ। ਰੋਟੀ ਪਕਾਣ ਦਾ ਵੇਲਾ ਹੋਇਆ ਤੇ ਮੰਜੇ ਤੇ ਲੇਟ ਕੇ ਹਾਏ ਹਾਏ ਕਰਨ ਡਹਿ ਪਈ। ਅਖੇ 'ਖਾਣ ਪੀਣ ਨੂੰ ਚੰਗੀ ਭਲੀ ਤੇ ਰਾਮ ਜਪਣ ਨੂੰ ਡੋਰੀ' ਖਾਣ ਲਗੀ ਤਾਂ ਭਰਾਵਾਂ ਪਿੱਟੀ ਪੰਜ ਪੰਜ ਮਣ ਬੀੜ ਲੈਂਦੀ ਏ ਤੇ ਕੰਮ ਦੇ ਨਾਂ ਸੂਲ ਪੈ ਜਾਂਦਾ ਸੂ।

(ਮਿਠਾ ਮੋਹਰਾ—ਨਾਨਕ ਸਿੰਘ)

**ਖਾਣ ਪੀਣ ਨੂੰ ਦੋ ਮੰਨੀਆਂ, ਕੰਮ ਕਰਨ ਨੂੰ ਬਾਹਵਾਂ ਭੰਨੀਆਂ।**

**ਭਾਵ :—** ਖਾਣ ਪੀਣ ਨੂੰ ਤਾਂ ਤਕੜਾ ਹੋਵੇ, ਪਰ ਕੰਮ ਕਰਨ ਤੋਂ ਭਜੇ।

**ਵਰਤੋਂ :—** ਸਜਨਾਂ ਇੱਦਾਂ ਤਾਂ ਨਿਭਣੀ ਮੁਸ਼ਕਲ ਏ, 'ਖਾਣ ਪੀਣ ਨੂੰ ਦੋ ਮੰਨੀਆਂ ਕੰਮ ਕਰਨ ਨੂੰ ਬਾਹਵਾਂ ਭੰਨੀਆਂ' ਵਾਲਾ ਹਿਸਾਬ ਇਥੇ ਨਹੀਂ ਪੁੱਗੇਗਾ।

(ਸੰ)

**ਖਾਣ ਪੀਣ ਨੂੰ ਬਾਂਦਰੀ ਤੇ ਡੰਡੇ (ਮਾਰ) ਖਾਣ ਨੂੰ ਰਿੱਛ। ਜਾਂ ਖਾਣ ਪੀਣ ਨੂੰ ਬਾਹਮਣੀ, ਜੁਤੀਆਂ ਨੂੰ ਬਰਵਾਲੀ। ਜਾਂ ਖਾਣ ਪੀਣ ਨੂੰ ਭਾਗ ਭਰੀ ਤੇ ਧਉਣ ਭਨਾਉਣ ਨੂੰ ਜੁੰਮਾਂ। ਜਾਂ ਖਾਣ ਪੀਣ ਨੂੰ ਭੌਜਕੀ ਤੇ ਦੁਖ ਸਹਿਣ ਨੂੰ ਦੋਜਕੀ।**

**ਭਾਵ :—** ਕਿਸੇ ਕੰਮ ਵਿੱਚ ਲਾਭ ਕਿਸੇ ਨੂੰ ਪੁਜੇ ਤੇ ਕੰਮ ਕਿਸੇ ਹੋਰ ਨੂੰ ਕਰਨਾ ਪਵੇ।

**ਵਰਤੋਂ :—** ਜਮਨਾ ਉਥੇ ਕਿਹੜੀ ਛਵ੍ਹੀ ਫੜ ਕੇ ਗਈ ਸੀ, ਉਸਨੂੰ ਐਡਾ ਵਡਾ ਹਾਰ ਮਿਲ ਗਿਆ ਏ। ਭਜ ਭਜ ਕੇ ਤੇ ਅਸੀਂ ਮਰ ਲਥੇ ਆਂ,

ਸਾਮੀ ਕਾਬੂ ਕਰਨ ਲਈ ਤੇ ਮਾਲ ਵੰਡ ਲੈਣ ਲੋਕੀ। ਅਖੇ 'ਖਾਣ ਪੀਣ ਨੂੰ ਭਾਗ ਭਰੀ ਤੇ ਧੌਣ ਭਨਾਉਣ ਨੂੰ ਜੁੰਮਾ'। ਓਹੀਓ ਗਲ ਹੋਈ ਨਾ ਸਾਡੇ ਨਾਲ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਖਾਣਾ ਹਲਵਾਈਆਂ ਦੇ, ਭੌਂਕਣਾ ਕਸਾਈਆਂ ਦੇ।**

**ਭਾਵ** :— ਸੁਖ ਲੈਣਾ ਕਿਸੇ ਤੋਂ ਤੇ ਦੇਣਾ ਕਿਸੇ ਹੋਰ ਨੂੰ।

**ਵਰਤੋਂ** :— ਵਾਹ! ਇਹ ਚੰਗੀ ਗਲ ਹੋਈ, 'ਖਾਣਾ ਹਲਵਾਈਆਂ ਦੇ ਤੇ ਭੌਂਕਣਾ ਕਸਾਈਆਂ ਦੇ' ਇਹ ਗਲ ਪੁਗਣੀ ਮੁਸ਼ਕਲ ਏ ਇਥੇ। (ਸੰ)

**ਖਾਣਾ ਖਾਧਾ ਤੇ ਪਤਲ ਪਾਣੀ।**

**ਭਾਵ** :— ਮਤਲਬ ਕਢਣ ਸਾਰ ਹੀ ਕਿਸੇ ਦੀ ਕੀਤੀ ਭੁਲਾ ਦੇਣੀ।

**ਵਰਤੋਂ** :— ਇਨੀ ਛੇਤੀ ਅਖ ਨਹੀਂ ਫੇਰਨੀ ਚਾਹੀਦੀ। 'ਖਾਣਾ ਖਾਧਾ ਤੇ ਪਤਲ ਪਾਣੀ' ਵਾਲੀ ਗਲ ਚੰਗੀ ਨਹੀਂ ਹੁੰਦੀ। (ਸੰ)

**ਖਾਣਾ ਪੀਣਾ ਆਪਣਾ, ਨਿਰੀ ਸਲਾਮ ਅਲੇਕ।**

**ਭਾਵ** :— ਬਿਨਾਂ ਕਿਸੇ ਦੀ ਸਹਾਇਤਾ ਕੀਤੇ ਦੇ ਕਿਸੇ ਦਾ ਮੂੰਹ ਰਖਣਾ।

**ਵਰਤੋਂ** :— ਜੀ 'ਖਾਣਾ ਪੀਣਾ ਆਪਣਾ ਤੇ ਨਿਰੀ ਸਲਾਮ ਅਲੇਕ' ਨੂੰ ਕੋਈ ਕੀ ਕਰੇ? ਮਿੱਤਰ ਉਹ, ਜੋ ਵੇਲੇ ਸਿਰ ਕੰਮ ਆਵੇ। (ਸੰਗ੍ਰ)

**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥**

**ਭਾਵ** :— ਖਾਣਾ ਪੀਣਾ ਜੋ ਰੱਬ ਨੇ ਰੋਜ਼ੀ ਦੇ ਤੌਰ ਤੇ ਦਿਤਾ ਹੈ, ਪਵਿੱਤਰ ਹੈ। ਇਸ ਬਾਰੇ ਕਿਸੇ ਹਾਲਤ ਵਿਚ ਵੀ ਕੋਈ ਭਰਮ ਕਰਨਾ ਚੰਗਾ ਨਹੀਂ।

**ਵਰਤੋਂ** :—

ਖਾਣਾ ਪੀਣਾ ਪਵਿਤ੍ਰੁ ਹੈ
ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨੀ ਗੁਰਮੁਖਿ ਬੁਝਿਆ
ਤਿਨਾ ਸੂਤਕੁ ਨਾਹਿ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਖਾਣਾ ਮੰਗ ਕੇ ਤੇ ਮਾਰਨੇ ਡਕਾਰ।**

**ਭਾਵ** :— ਹੱਥ ਪਲੇ ਕੁਝ ਨਾ ਹੋਵੇ ਤੇ ਸ਼ੂੰ ਸ਼ਾਂ ਬੜੀ ਹੋਵੇ।

**ਵਰਤੋਂ** :— ਨੀ ਮੂਰਖੇ। ਇਹ ਕਿਹੜੇ ਪਾਸੇ ਦੀ ਸਿਆਣਪ ਹੈ? ਅਖੇ "ਖਾਣਾ ਮੰਗ ਕੇ ਤੇ ਮਾਰਨੇ ਡਕਾਰ"। ਜਿੰਨੀ ਵਿਤ ਹੋਵੇ, ਓਨੀ ਹੀ ਆਕੜ ਵੀ ਚੰਗੀ ਹੈ। ਨਹੀਂ ਤਾਂ ਤੈਨੂੰ ਪਤਾ ਹੀ ਹੈ ਕੀ ਅੰਤ ਹੁੰਦਾ ਹੈ ਅਜਿਹੇ ਬੰਦਿਆਂ ਦਾ। (ਸੰਗ੍ਰ)

**ਖਾਣੇ ਛੋਲੇ ਤੇ ਡਕਾਰ ਮਖਾਣਿਆਂ (ਇਲਾਚੀਆਂ, ਬਦਾਮਾਂ) ਦੇ।**

**ਭਾਵ** :— ਹੋਣਾ ਮਾਮੂਲੀ ਹੈਸੀਅਤ ਵਾਲਾ ਤੇ ਵਿਖਾਵਾ ਬਹੁਤਾ ਵਡਾ ਕਰਨਾ।

**ਵਰਤੋਂ** :— ਬਸ ਜੀ ਬਸ, ਬਣ ਬਣ ਕੇ ਨਾ ਬਹੁ ਬਹੁਤੇ। ਜਾਣਦੇ ਹਾਂ ਤੁਹਾਡਾ ਸਾਰਾ ਹੀਜ ਪਿਆਜ, ਅੰਦਰ ਬਾਹਰ। 'ਖਾਣੇ ਛੋਲੇ ਤੇ ਡਕਾਰ ਮਖਾਣਿਆਂ ਦੇ' ਵਾਲੀ ਗਲ ਚੰਗੀ ਨਹੀਂ। (ਸੰਗ੍ਰ)

**ਖਾਧਾ ਪੀਤਾ ਲਾਹੇ ਦਾ, ਬਾਕੀ (ਰਹਿੰਦਾ) ਨਾਦਰਸ਼ਾਹੇ (ਅਹਿਮਦਸ਼ਾਹੇ) ਦਾ।**

**ਭਾਵ** :— ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੀ ਲੁੱਟ ਇਤਨੀ ਮਸ਼ਹੂਰ ਸੀ ਕਿ ਲੋਕੀ ਸਮਝਦੇ ਸਨ ਕਿ ਜੋ ਖਾ ਪੀ ਲਿਆ, ਉਹੀ ਸਾਡਾ ਹੈ। ਬਾਕੀ ਸਭ ਲੁਟੇਰਿਆਂ ਦਾ ਹੈ।

**ਵਰਤੋਂ** :— ਦੇਸ ਦੀ ਵਿਰਾਨੀ ਦਾ ਇਹ ਹਾਲ ਹੈ ਕਿ ਪੰਜਾਬ ਵਿਚ ਪਿੰਡ ਪਿੰਡ ਇਹ ਕਹਾਵਤ ਮਸ਼ਹੂਰ ਹੈ 'ਖਾਧਾ ਪੀਤਾ ਲਾਹੇ ਦਾ, ਬਾਕੀ ਨਾਦਰ ਸ਼ਾਹੇ ਦਾ'।

(ਸਤਵੰਤ ਕੌਰ—ਭਾਈ ਵੀਰ ਸਿੰਘ)

**ਖ਼ਾਨਾਂ ਦੇ ਖ਼ਾਨ ਪ੍ਰਾਹੁਣੇ ।**

ਭਾਵ :— ਇਕੋ ਜਿਹੇ ਸਾਥੀਆਂ ਦਾ ਹੀ ਮੇਲ ਜੋਲ ਸੋਭਦਾ ਹੈ ।

ਵਰਤੋਂ :— ਪਿਰੀਲਾ—ਮੈਂ ਤਾਂ ਮਰਨ ਨੂੰ ਥਾਂ ਲਭਨਾ ਹਾਂ । ਤੁਸੀਂ ਮੇਰਾ ਵਿਆਹ ਕਰਦੇ ਓ । ਕੀ ਮੈਂ ਇਹੋ ਜਿਹੇ ਵਡੇ ਹਾਕਮ ਦੀ ਧੀ ਦੇ ਯੋਗ ਹਾਂ ? 'ਖ਼ਾਨਾਂ ਦੇ ਖ਼ਾਨ ਪ੍ਰਾਹੁਣੇ' ਹੁੰਦੇ ਹਨ । ਕਾਸਨੂੰ ਇਹੋ ਜਿਹੀਆਂ ਗੱਲਾਂ ਨਾਲ ਦੁਖੀ ਨੂੰ ਦੁਖਾਉਂਦੇ ਓ ?

(ਰਜਨੀ ਨਾਟਕ—ਨਾਨਕ ਸਿੰਘ)

**ਖ਼ਾਲਾ ਜੀ ਦਾ ਘਰ ਨਹੀਂ ।**

ਭਾਵ :— ਬੜਾ ਔਖਾ ਕੰਮ ਹੈ ।

ਵਰਤੋਂ :— ਥਾਣੇਦਾਰ—ਹੁਣ ਹਾਏ ਹਾਏ ਕਰਨਾ ਏਂ । ਕਾਨੂੰਨ ਦਾ ਮੁਕਾਬਲਾ ਕਰਨਾ ਕੋਈ ਖ਼ਾਲਾ ਜੀ ਦਾ ਘਰ ਏ ?

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲਦੀਨ)

**ਖ਼ਾਲੀ ਸੰਖ ਵਜਾਵੈ ਦੀਪਾ ।**

ਭਾਵ :— ਬਿਨਾਂ ਗੁਣ ਗੱਪਾਂ ਮਾਰੀ ਜਾਣੀਆਂ ।

ਵਰਤੋਂ :— ਤੂੰ ਕਰਨ ਜੋਗਾ ਤੇ ਕੁਝ ਵੀ ਨਹੀਂ । 'ਖ਼ਾਲੀ ਸੰਖ ਵਜਾਵੈ ਦੀਪਾ' । ਸਦਾ ਫੋਕੀਆਂ ਟਰਾਂ ਹੀ ਮਾਰਦਾ ਰਹਿੰਦਾ ਹੈ । (ਸੰਗ੍ਰ)

**ਖ਼ਾਲੀ ਬਾਣੀਆਂ ਕੀ ਕਰੇ ? ਐਥੋਂ ਚੁਕੇ ਓਥੇ ਧਰੇ ।**

ਭਾਵ :— ਵਿਹਲੜ ਤੇ ਨਿਕੰਮੇ ਬੰਦੇ ਲਈ ਹਾਸ-ਰਸ ਵਿਚ ਵਰਤਦੇ ਹਨ ।

ਵਰਤੋਂ :— ਵਿਹਲੜ ਜੁ ਹੋਇਆ । ਚੰਗਾ ਨਹੀਂ ਤਾਂ ਮੰਦਾ ਕੰਮ ਤਾਂ ਕਰਨਾ ਹੋਇਆ । 'ਖ਼ਾਲੀ ਬਾਣੀਆਂ ਕੀ ਕਰੇ, ਐਥੋਂ ਚੁਕੇ ਓਥੇ ਧਰੇ ।' (ਸੰਗ੍ਰ)

**ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨਾ ਆਵੈ ਵਧਦੋ ਜਾਈ ॥**

ਭਾਵ :— ਵੰਡ ਛਕੋ, ਕਦੀ ਤੋਟਾ ਨਹੀਂ ਆਵੇਗਾ ।

ਵਰਤੋਂ :— ਵਿਚ ਹੀ ਆ ਗਈ ਹੈ ।

(ਗੁਰੂ ਗ੍ਰੰਥ—ਰਾਗ ਗਉੜੀ)

**ਖਾਵੇ ਬਕਰੀ ਵਾਂਗ, ਸੌਂਵੇਂ ਲਕੜੀ ਵਾਂਗ ।**

ਭਾਵ :— ਚੰਗੀ ਨੀਂਦ ਤੇ ਥੋੜਾ ਖ਼ਾਣਾ ਸਿਹਤ ਤੇ ਚੰਗਾ ਪ੍ਰਭਾਵ ਪਾਂਦੇ ਹਨ ।

ਵਰਤੋਂ :— ਹਕੀਮ—ਨਰੈਣ ਦਾਸ ਜੀ, ਸਰੀਰ ਤਕੜਾ ਰਖਣ ਲਈ ਥੋੜੀ ਖ਼ੁਰਾਕ ਤੇ ਚੰਗੀ ਨੀਂਦਰ ਬੜੀ ਜ਼ਰੂਰੀ ਹੈ । ਬੰਦਾ 'ਖਾਵੇ ਬਕਰੀ ਵਾਂਗ, ਤੇ ਸੌਂਵੇ ਲਕੜੀ ਵਾਂਗ' । ਤੁਸਾਂ ਪੇਟ ਵਧਾ ਕੇ ਬਿਮਾਰੀ ਹੀ ਸਹੇੜ ਲਈ ਜੇ । (ਸੰਗ੍ਰ)

**ਖਾਵੇ ਮਾਸ, ਹੋਵੇ ਨਾਸ ।**

ਭਾਵ :— ਮਾਸ ਖਾਣ ਵਾਲਿਆਂ ਦੇ ਵਿਰੁਧ ਵਰਤਦੇ ਹਨ ।

ਵਰਤੋਂ :— ਦਾਲ ਖਾਉ ਜੀ ਜਿਹੜੀ ਨਾਲ ਨਿਭੇ । 'ਖਾਵੇ ਮਾਸ, ਹੋਵੇ ਨਾਸ' । ਮਾਸ ਖਾਣ ਵਿਚ ਘਾਟ ਹੀ ਘਾਟ ਹੈ । (ਸੰਗ੍ਰ)

**ਖਿਆਲੀ ਪੁਲਾਉ ਨਾਲ ਭੁਖ ਨਹੀਂ ਲਹਿੰਦੀ ।**

ਭਾਵ :— ਜ਼ਬਾਨੀ ਜਮ੍ਹਾਂ ਖਰਚ ਕਰਨ ਨਾਲ ਕੁਝ ਪਲੇ ਨਹੀਂ ਪੈਂਦਾ ।

ਵਰਤੋਂ :— ਕਾਕਾ, ਤੂੰ ਗੱਲਾਂ ਤਾਂ ਬੜੀਆਂ ਕਰਦਾ ਏਂ, ਪਰ ਕੁਝ ਕਰਕੇ ਵੀ ਦਸੇਂ; ਤਾਂ ਅਸੀਂ ਵੀ ਜਾਣੀਏ, ਸਾਡਾ ਪੁੱਤਰ ਜੰਮਿਆ ਏ । 'ਖਿਆਲੀ ਪੁਲਾਉ ਨਾਲ ਭੁਖ ਤਾਂ ਨਹੀਂ ਲਹਿੰਦੀ' । (ਸੰਗ੍ਰ)

**ਖੀਸਾ ਖ਼ਾਲੀ ਤੇ ਰੱਬ ਵਾਲੀ ।**

ਭਾਵ :— ਪਲੇ ਕੁਝ ਨਾ ਹੋਵੇ ਤੇ ਸਿਵਾਏ ਰੱਬ ਦੇ ਹੋਰ ਕਿਸੇ ਦੀ ਆਸ ਵੀ ਨਾ ਹੋਵੇ ।

ਵਰਤੋਂ :— ਰਾਂਝਾ—ਬਾਬਾ ! ਪੈਸੇ ਪਲੇ ਵਲੋਂ ਤੇ ਖੀਸਾ ਖ਼ਾਲੀ ਤੇ ਰੱਬ ਵਾਲੀ ।

(ਹੀਰ ਸਿਆਲ—ਸ਼ਰਫ਼)

**ਖੀਰ ਖਾਂਦਿਆਂ ਵਿੱਚ ਵਾਲ।**

**ਭਾਵ :—** ਕਿਸੇ ਖ਼ੁਸ਼ੀ ਜਾਂ ਸੁਆਦ ਵਿੱਚ ਵਿਘਨ ਪੈ ਜਾਵੇ।

**ਵਰਤੋਂ :—** ਜੇ ਇਹ ਜੀਉਂਦੇ ਜੀ ਨਿਕਲ ਗਿਆ ਤਾਂ ਮੇਰੇ ਮਨ ਨੂੰ ਸ਼ਾਂਤੀ ਨਹੀਂ ਹੋਵੇਗੀ। ਧਨ ਦੀ ਮੌਜ ਲੁਟਣੀ ਸੁਆਦੀ ਨਹੀਂ ਹੋਵੇਗੀ, ਜਿਵੇਂ 'ਖੀਰ ਖਾਂਦਿਆਂ ਵਿਚ ਵਾਲ' ਆ ਜਾਵੇ ਜਾਂ ਲਡੂ ਖਾਂਦਿਆਂ ਵਿੱਚ ਕਿਰਕ ਆ ਜਾਵੇ।

(ਬਿਜੈ ਸਿੰਘ—ਭਾਈ ਵੀਰ ਸਿੰਘ)

**ਖ਼ੁਆਜੇ ਦਾ ਗਵਾਹ ਡੱਡੂ।**

**ਭਾਵ :—** ਜਦ ਕੋਈ ਆਪਣਾ ਹੀ ਨਿਕਟਵਰਤੀ ਕਿਸੇ ਦੀ ਹਾਂ ਵਿਚ ਹਾਂ ਮਿਲਾ ਦੇਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** 'ਖ਼ੁਆਜੇ ਦਾ ਗਵਾਹ ਡਡੂ'। ਤੇਰੀ ਹਮਾਇਤ ਤੇਰੇ ਯਾਰ ਨੇ ਤਾਂ ਕਰਨੀ ਹੀ ਹੋਈ। (ਸੰਗ੍ਰ)

**ਖੁਡੇ ਚੂਹਾ ਮਾਵੇ ਨਾ ਤੇ ਢਾਕੇ (ਤੱਕਲ) ਬੰਨ੍ਹੇ ਛਜ।**

**ਭਾਵ :—** ਵਿਤ ਤੋਂ ਬਾਹਰਾ ਖ਼ਰਚ ਆਕੜ ਜਾਂ ਉਦਮ ਕਰਨ ਵਾਲੇ ਲਈ ਮਿਹਣੇ ਵਜੋਂ ਵਰਤਦੇ ਹਨ।

**ਵਰਤੋਂ :—** ਇਕ ਤੇਰਾ ਖ਼ਰਚ, ਇੱਕ ਤੇਰੀ ਘਰ ਵਾਲੀ ਦਾ, ਉਤੋਂ ਫੌਜ਼ ਪ੍ਰਾਹੁਣੇ ਨਾਲ ਲੈ ਆਉਨਾਂ ਏਂ। ਕਾਰ ਰੁਜ਼ਗਾਰ ਤੇਰਾ ਹੈ ਨਹੀਂ। 'ਖੁਡੇ ਚੂਹਾ ਮਾਵੇ ਨਾ ਤੇ ਢਾਕੇ ਬੰਨ੍ਹੇ ਛਜ'। ਮੈਂ ਕਿਥੋਂ ਇਹ ਭਾਰ ਝੱਲਾਂ? (ਸੰਗ੍ਰ)

**ਖੁਡੋਂ ਨਿਕਲੇ ਢੱਕ ਮਕੋੜੇ, ਆਪੋ ਆਪਣੀ ਰਾਹੀਂ ਦੌੜੇ।**

**ਭਾਵ :—** ਜਦ ਕੋਈ ਟੱਬਰ ਜਾਂ ਜੱਥਾ ਕੰਮ ਭੁਗਤਾ ਕੇ ਖਿੰਡ ਪੁੰਡ ਜਾਵੇ।

**ਵਰਤੋਂ :—** ਮੇਰੇ ਸਾਥੀ ਕਿਥੇ ਹਨ? ਦੁਖ ਸਮੇਂ ਵੇਖੇ ਨਹੀਂ ਕਿਤੇ ਵੀ। 'ਖੁਡੋਂ ਨਿਕਲੇ ਢਕ ਮਕੋੜੇ ਆਪੋ ਆਪਣੀ ਰਾਹੀਂ ਦੌੜੇ'। (ਸੰਗ੍ਰ)

**ਖ਼ੁਦਾ ਨੇੜੇ ਕਿ ਘਸੁੰਨ।**

**ਭਾਵ :—** ਜਦ ਕੋਈ ਧਰਮ ਸ਼ਰਮ ਨਾਲੋਂ ਤਾਕਤ ਨੂੰ ਵਡਾ ਸਮਝੇ।

**ਵਰਤੋਂ :—** ਸਮਝਾ ਸਮਝਾ ਥਕੇ, ਪਈ ਕੋਈ ਸ਼ਰਮ ਕਰ। ਰੱਬ ਦਾ ਭਉ ਕਰ। ਪਰ ਉਹ 'ਖ਼ੁਦਾ ਨੇੜੇ ਕਿ ਘਸੁੰਨ' ਦੀ ਅਖੌਤ ਅਨੁਸਾਰ ਆਪਣੀ ਤਾਕਤ ਦੇ ਘੁਮੰਡ ਵਿਚ ਸਭ ਨੂੰ ਰੌਂਦਦਾ ਚਲਿਆ ਗਿਆ। (ਸੰਗ੍ਰ)

**ਖ਼ੁਦਾਇ ਦੀਆਂ ਖ਼ੁਦਾਇ ਜਾਣੇ।** ਵੇਖੋ: ਰੱਬ ਦੀਆਂ ਰੱਬ ਜਾਣੇ।

**ਭਾਵ :—** ਜਦ ਕਿਸੇ ਗਲ ਦੇ ਕਾਰਨ ਦਾ ਪਤਾ ਨਾ ਲਗੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ :—** ਰਾਇ ਬੁਲਾਰ—ਕਾਲੂ! ਮਤ ਇਸ ਪੁਤਰ ਨੂੰ ਫਿਰ ਮਾਰ ਦੇਂਦਾ ਹੋਵੇ। ਇਹ ਮਹਾਂ ਪੁਰਖ ਹੈ। ਇਸਦਾ ਸਦਕਾ ਮੇਰਾ ਸ਼ਹਿਰ ਵਸਦਾ ਹੈ। ਕਾਲੂ! ਤੂੰ ਭੀ ਨਿਹਾਲ ਹੋਇਆ, ਅਤੇ ਮੈਂ ਭੀ ਨਿਹਾਲ ਹਾਂ, ਜਿਸ ਦੇ ਸ਼ਹਿਰ ਵਿਚ ਇਹ ਪੈਦਾ ਹੋਇਆ ਹੈ। ਤਬਿ ਕਾਲੂ ਆਖਿਆ :—

'ਜੀ ਖ਼ੁਦਾਇ ਦੀਆਂ ਖ਼ੁਦਾਇ ਜਾਣੈ'।

(ਪੁਰਾਤਨ ਜਨਮ ਸਾਖੀ)

**ਖੁਲ੍ਹਾ ਬੋਲਣ, ਬੜਾ ਵਿਕਾਰ।**

**ਭਾਵ :—** ਬਹੁਤੀਆਂ ਗੱਲਾਂ ਕਰਨੀਆਂ (ਜਾਂ ਨੀਵੇਂ ਦਾ ਉੱਚੇ ਸਾਹਵੇਂ ਬੋਲਣਾ) ਮਾੜਾ ਕੰਮ ਹੈ।

**ਵਰਤੋਂ :—**

ਰਖ ਨੌਕਰ ਨੂੰ ਵਿਚ ਅਧਿਕਾਰ।
ਖੁਲ੍ਹਾ ਬੋਲਣ ਬੜਾ ਵਿਕਾਰ।

(ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਖੂਹ ਖਾਰਾ ਜ਼ਿਮੀਂ ਦਾ ਉਜਾੜਾ।**

**ਭਾਵ :—** ਖਾਰਾ ਪਾਣੀ ਜ਼ਮੀਨ ਨੂੰ ਖ਼ਰਾਬ ਕਰ ਦੇਂਦਾ ਹੈ।

**ਵਰਤੋਂ :—** ਭਾਈ 'ਖੂਹ ਖਾਰਾ ਜ਼ਿਮੀਂ ਦਾ ਉਜਾੜਾ'। ਜਦੋਂ ਤਕ ਇਸ ਗਲ ਨੂੰ ਨਾ ਸਮਝੇਂਗਾ, ਘਾਟਾ ਹੀ ਘਾਟਾ ਰਹੇਗਾ ਤੈਨੂੰ। (ਸੰ)

**ਖੂਹ ਤੇ ਨਹੀਂ ਖਲੋ ਚਲੇ ।**

**ਭਾਵ** :— ਕੋਈ ਵਿਗਾੜ ਤਾਂ ਨਹੀਂ ਪੈ ਚਲਿਆ ।

**ਵਰਤੋਂ** :— ਕਉਂ ਨਹੀਂ । ਝਟ ਕੁ ਅੱਖ ਲਾਣ ਨਾਲ ਕੋਈ ਖੂਹ ਤੇ ਨਹੀਂ ਖਲੋ ਚਲੇ । ਨਾਲੇ ਕੋਈ ਕੀਹ ਕਹਿ ਸਕਦਾ ਏ, ਅਗਲੇ ਪਲ ਕੀਹ ਵਾਪਰਨੀ ਏਂ । (ਸਤਰੰਗੀ ਪੀਂਘ—ਨਵਤੇਜ)

**ਖੂਹ ਦੀ ਮਿੱਟੀ ਖੂਹ ਨੂੰ । ਜਾਂ ਖੂਹ ਦੀ ਮਿੱਟੀ ਖੂਹ ਤੇ ਹੀ ਲਗ ਜਾਂਦੀ ਹੈ ।**

**ਭਾਵ** :— ਜਿਸ ਕੰਮ ਦੀ ਆਮਦਨੀ ਉਸੇ ਵਿੱਚ ਲਗ ਜਾਵੇ ਤੇ ਪਲੇ ਘਟ ਹੀ ਪਵੇ ।

**ਵਰਤੋਂ** :— ਕੀਹ ਆਮਦਨੀ ਹੈ ਜੀ ਐਵੇਂ ਲੋਕਾਂ ਨੂੰ ਭਰਮ ਹੀ ਹੈ। 'ਖੂਹ ਦੀ ਮਿੱਟੀ ਖੂਹ ਵਿਚ ਹੀ ਲਗ ਜਾਂਦੀ ਹੈ' । ਜੋ ਕੁਝ ਕਾਰਖ਼ਾਨੇ ਦੀ ਬਚਤ ਹੁੰਦੀ ਹੈ, ਉਹ ਮਸ਼ੀਨਾਂ ਦੀ ਭੱਜ ਟੁਟ ਉਤੇ ਲਗ ਜਾਂਦੀ ਹੈ । (ਸੰਗ੍ਰ)

**ਖੂਹ ਪਿਆ ਬਾਲ ਨਾ ਮਿਹਣਾ ਨਾ ਗਾਲ ।**

**ਭਾਵ** :— ਜਦ ਕੰਮ ਏਨਾ ਵਿਗੜ ਜਾਵੇ ਕਿ ਉਕਾ ਹੀ ਸੌਰ ਨਾ ਸਕੇ, ਤਾਂ ਪਛਤਾਉਣ ਦਾ ਕੀ ਲਾਭ ?

**ਵਰਤੋਂ** :— ਸ਼ੇਰਾਂ ਦੇ ਮੂੰਹ ਵਿਚ ਮਾਸ ਦੀ ਬੋਟੀ ਲੱਥੀ ਹੁਣ ਕਿਥੋਂ ਮੁੜਦੀ ਹੈ ? ਦੜ ਵੱਟ ਕੇ ਪੀ ਜਾਉ ਆਪਣੇ ਨੁਕਸਾਨ ਨੂੰ । 'ਖੂਹ ਪਿਆ ਬਾਲ ਨਾ ਮਿਹਣਾ ਨਾ ਗਾਲ' । (ਸੰਗ੍ਰ)

**ਖੂਹ ਪਿਆ ਵਹਿੜਕਾ ਖਸੀ ਕਰ ਲਓ ।**

**ਭਾਵ** :— ਅੱਗੇ ਹੀ ਕੋਈ ਕਿਸੇ ਕਾਰਨ ਬਿਪਤਾ ਦਾ ਸ਼ਿਕਾਰ ਹੋਵੇ ਤੇ ਉਸਨੂੰ ਹੋਰ ਬਿਪਤਾ ਪਾ ਦੇਣੀ ।

**ਵਰਤੋਂ** :— ਮੀਆਂ ਜੀ, ਕਰੀਮ ਬਖਸ਼ ਅਗੇ ਹੀ ਦੁਖੀ ਸੀ, ਤੁਸਾਂ ਹੋਰ ਵਖ਼ਤ ਉਸਨੂੰ ਪਾ ਦਿਤਾ ਹੈ । ਤੁਸਾਂ ਵੀ ਤਾਂ 'ਖੂਹ ਪਏ ਵਹਿੜਕੇ ਨੂੰ ਖਸੀ ਕਰਨ' ਵਾਲੀ ਗਲ ਹੀ ਕੀਤੀ ਹੈ । (ਸੰਗ੍ਰ)

**ਖੂਹ ਪੁਟਦੇ ਨੂੰ ਖਾਤਾ ਤਿਆਰ ।**

**ਭਾਵ** :— ਜਿਹੜਾ ਦੂਜੇ ਨੂੰ ਖੇਦ ਦੇਂਦਾ ਹੈ, ਉਹ ਆਪ ਵੀ ਦੁਖ ਪਾਂਦਾ ਹੈ ।

**ਵਰਤੋਂ** :— ਉਹਨੇ ਮੇਰੇ ਲਈ ਖੂਹ ਪੁਟਿਆ, ਉਸ ਲਈ ਆਪ ਵੀ ਖਾਤਾ ਤਿਆਰ ਸੀ । ਪਰ੍ਹੇ ਵਿਚ ਮੇਰੀ ਹੇਠੀ ਕਰਵਾਈ । ਅਜ ਉਹਦੀ ਪਤ ਗਲੀ ਗਲੀ ਰੁਲ ਰਹੀ ਹੈ । (ਸੰਗ੍ਰ)

**ਖੂਹ ਵਿਚ ਚਾਲੀਆਂ ਹਿੱਸਾ ਤੇ ਜੁਤੀਆਂ ਵਿੱਚ ਅੱਧਾ ।**

**ਭਾਵ** :— ਜਦ ਕਿਸੇ ਦਾ ਸਾਂਝੇ ਕੰਮ ਵਿਚ ਦਖ਼ਲ ਤਾਂ ਘਟ ਹੋਵੇ ਪਰ ਬਦਨਾਮੀ ਜਾਂ ਘਾਟਾ ਵਧੀਕ ।

**ਵਰਤੋਂ** :— ਅਸਾਂ ਵੀ ਵਣਜ ਕੀਤਾ ਹੈ । 'ਖੂਹ ਵਿੱਚ ਚਾਲੀਆਂ ਹਿੱਸਾ ਤੇ ਜੁਤੀਆਂ ਵਿਚ ਅੱਧਾ' ਨਫ਼ੇ ਵੇਲੇ ਹੋਰ, ਘਾਟੇ ਵੇਲੇ ਅਸੀਂ । (ਸੰਗ੍ਰ)

**ਖੂਹ ਵਿੱਚ ਪਈ ਇੱਟ ਸੁਕੀ ਨਹੀਂ ਨਿਕਲਦੀ ।**

**ਭਾਵ** :— ਕੋਈ ਤਕਲੀਫ਼ ਵਿੱਚ ਪੈ ਜਾਵੇ ਤਾਂ ਜ਼ਰੂਰ ਨੁਕਸਾਨ ਉਠਾਂਦਾ ਹੈ ।

**ਵਰਤੋਂ** :— 'ਖੂਹ ਵਿੱਚ ਪਈ ਇੱਟ ਵੀ ਕਦੀ ਸੁਕੀ ਨਿਕਲਦੀ' ਹੈ ਜੀ ? ਡਾਢਿਆਂ ਨਾਲ ਮੱਥਾ ਲਾ ਕੇ ਉਹਨੇ ਨੁਕਸਾਨ ਉਠਾਣਾ ਹੀ ਸੀ । (ਸੰਗ੍ਰ)

**ਖ਼ੂਨ ਸਿਰ ਤੇ ਚੜ੍ਹ ਕੇ ਬੋਲਦਾ ਹੈ ।**

**ਭਾਵ** :— ਕਿਸੇ ਤੇ ਕੀਤਾ ਜ਼ੁਲਮ ਛੁਪਦਾ ਨਹੀਂ ।

**ਵਰਤੋਂ** :— ਪਾਪੀ ਤੋਂ ਪਾਪ ਲੁਕਾਇਆਂ ਨਹੀਂ ਲੁਕਦਾ । 'ਖ਼ੂਨ ਸਿਰ ਤੇ ਚੜ੍ਹ ਕੇ ਬੋਲਦਾ ਹੈ ।' (ਸੰਗ੍ਰ)

**ਖ਼ੂਨ ਨਾਲ ਖ਼ੂਨ ਨਹੀਂ ਧੋਈਦਾ ।**

**ਭਾਵ** :— ਗੰਦਗੀ ਨਾਲ ਗੰਦਗੀ ਸਾਫ਼ ਨਹੀਂ ਹੁੰਦੀ । ਧੱਕੇ ਦਾ ਉੱਤਰ ਧੱਕੇ ਨਾਲ ਨਹੀਂ ਦੇਣਾ ਚਾਹੀਦਾ ।

**ਵਰਤੋਂ** :— ਮੰਨਿਆ, ਤੁਹਾਡੇ ਨਾਲ ਧੱਕਾ ਹੋਇਆ ਹੈ, ਪਰ 'ਖ਼ੂਨ ਨਾਲ ਖ਼ੂਨ ਨਹੀਂ ਧੋਈਦਾ'। ਮੁਆਫ਼ੀ ਦੇ ਦਿਓ। ਫਿਰ ਵੇਖੋ, ਕਿਵੇਂ ਅਪਰਾਧੀ ਦਾ ਵੀ ਮਨ ਮੋਮ ਹੁੰਦਾ ਹੈ। (ਸੰਗ੍ਰ)

**ਖੇਤੀ ਓਹਦੀ, ਜੀਹਦੇ ਘਰ ਦੇ ਕਾਮੇ।**

**ਭਾਵ** :— ਜਿਸ ਪਾਸ ਕੰਮ ਕਰਨ ਵਾਲੇ ਕਾਮੇ ਆਪਣੇ ਹੋਣ, ਓਹੀ ਖੇਤੀ ਤੋਂ ਲਾਭ ਉਠਾ ਸਕਦਾ ਹੈ।

**ਵਰਤੋਂ** :— ਤੁਹਾਡੀ ਦਸ ਫ਼ੀ ਸਦੀ ਟਪਰੀ ਦਾ ਮੁਨਾਫ਼ਾ ਦਿਨੋ ਦਿਨ ਘਟ ਰਿਹਾ ਹੈ, ਅਤੇ ਤੂੰ ਇਹ ਵੀ ਵਿਸਾਰ ਚੁਕਾ ਹੈਂ ਜੁ 'ਖੇਤੀ ਓਹਦੀ ਜੀਹਦੇ ਘਰ ਦੇ ਕਾਮੇ'। (ਸੰਗ੍ਰ)

**ਖੇਤੀ ਖਸਮਾਂ ਸੇਤੀ। ਜਾਂ ਖੇਤੀ ਸਿਰ ਸੇਤੀ।**

**ਭਾਵ** :— ਹਰ ਕੰਮ ਆਪ ਧਿਆਨ ਦੇਣ ਨਾਲ ਹੀ ਲਾਭਦਾਇਕ ਹੁੰਦਾ ਹੈ।

**ਵਰਤੋਂ** :— ਆਰਾਮ ਏ ਕਾਕਾ। ਕੋਈ ਫ਼ਿਕਰ ਨਾ ਕਰ। ਮੈਂ ਰਾਜ਼ੀ ਹੋ ਜਾਵਾਂਗਾ। ਹੱਟੀ ਤੇ ਆਪ ਬੈਠਿਆ ਕਰ। 'ਖੇਤੀ ਖਸਮਾਂ ਸੇਤੀ' ਹੁੰਦੀ ਏ ਕਾਕਾ, ਨੌਕਰਾਂ ਤੇ ਬਹੁਤਾ ਇਤਬਾਰ ਨਹੀਂ ਕਰੀਦਾ। (ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਖੇਤੀ ਜੱਟ ਦੀ, ਬਾਜ਼ੀ ਨੱਟ ਦੀ।**

**ਭਾਵ** :— ਜੱਟ ਵਰਗੀ ਖੇਤੀ ਤੇ ਨੱਟ ਵਰਗੀ ਬਾਜ਼ੀ ਹੋਰ ਕੋਈ ਨਹੀਂ ਪਾ ਸਕਦਾ।

**ਵਰਤੋਂ** :— ਸ਼ਾਹ—ਸਿਆਣਿਆਂ ਨੇ ਸਚ ਕਿਹਾ ਹੈ ਕਿ 'ਖੇਤੀ ਜੱਟ ਦੀ, ਬਾਜ਼ੀ ਨੱਟ ਦੀ'। ਇਨ੍ਹਾਂ ਦੇ ਕੰਮ ਵਿਚ ਇਨ੍ਹਾਂ ਦੀ ਕੋਈ ਰੀਸ ਨਹੀਂ ਕਰ ਸਕਦਾ। (ਸੰਗ੍ਰ)

**ਖੇਤੀ ਜਿਨ ਕੀ ਉਜੜੈ, ਖਲਵਾੜੇ ਕਿਆ ਥਾਉ॥**

**ਭਾਵ** :— ਜਿਹੜੇ ਨਾਲ ਨਾਲ ਖੇਤੀ ਉਜਾੜਦੇ ਰਹਿਣ, ਗਾਹ ਪਾਣ ਵੇਲੇ ਉਨ੍ਹਾਂ ਦੇ ਖਲਵਾੜੇ ਵਿਚ ਕੁਝ ਨਹੀਂ ਹੋਵੇਗਾ। ਭਾਵ, ਜੋ ਸੰਜਮ ਵਿਚ ਨਾ ਰਹਿਣ, ਜਾਂ ਸਾਂਭਣ ਵਾਲੀ ਚੀਜ਼ ਨੂੰ ਉਜਾੜਨ, ਉਹ ਕਦੀ ਸੁਖ ਨਹੀਂ ਪਾਉਂਦੇ।

**ਵਰਤੋਂ** :—

ਧ੍ਰਿਗੁ ਤਿਨਾ ਕਾ ਜੀਵਿਆ  
ਜਿ ਲਿਖਿ ਲਿਖਿ ਵੇਚਹਿ ਨਾਉ॥  
ਖੇਤੀ ਜਿਨ ਕੀ ਉਜੜੈ  
ਖਲਵਾੜੇ ਕਿਆ ਥਾਉ॥

(ਗੁਰੂ ਗ੍ਰੰਥ—ਵਾਰ ਸਾਰੰਗ)

**ਖੇਤੀ ਬੀਜੇ ਡਾਬਰ, ਨਾ ਗੋਰ ਨਾ ਕਫ਼ਨ।**

**ਭਾਵ** :— ਢੀਮਾਂ ਵਿਚ ਬੀ ਸੁੱਟਣ ਨਾਲ ਕੋਈ ਲਾਭ ਨਹੀਂ ਹੁੰਦਾ। ਭਾਵ, ਬਿਨਾਂ ਪੂਰਾ ਯਤਨ ਕੀਤੇ ਦੇ ਕੋਈ ਕੰਮ ਨਹੀਂ ਸੌਰਦਾ।

**ਵਰਤੋਂ** :— ਤੁਸੀਂ ਵੀ ਅੱਕਾਂ ਨਾਲੋਂ ਅੰਬ ਲਾਹੁਣਾ ਚਾਹੁੰਦੇ ਹੋ। 'ਖੇਤੀ ਬੀਜੇ ਡਾਬਰ ਨਾ ਗੋਰ ਨਾ ਕਫ਼ਨ'। ਯਤਨ ਪੂਰਾ ਕੀਤਾ ਨਹੀਂ ਤਾਂ ਫਲ ਕਿਥੋਂ ਮਿਲੇ? (ਸੰਗ੍ਰ)

**ਖੇਤੈ ਖਾਇ ਵਾੜ ਕੋ, ਲਹੈ ਨਾ ਸਾਰਾ।**

**ਭਾਵ** :— ਜੇਕਰ ਵਾੜ ਹੀ ਖੇਤ ਨੂੰ ਖਾਣ ਲਗ ਜਾਵੇ, ਤਦ ਕੋਈ ਖਬਰ ਨਹੀਂ ਲੈ ਸਕਦਾ।

**ਵਰਤੋਂ** :—

ਜੇਕਰ ਖੇਤੈ ਖਾਇ ਵਾੜ ਕੋ  
ਲਹੈ ਨਾ ਸਾਰਾ'  
ਜੇ ਗੁਰ ਭਰਮਾਏ ਸਾਂਗ ਕਰ  
ਕਿਆ ਸਿੱਖ ਵਿਚਾਰਾ॥

(ਵਾਰਾਂ—ਭਾਈ ਗੁਰਦਾਸ)

**ਖ਼ੈਰ ਕਲੰਦਰਾਂ, ਹੁੱਜਾਂ ਬਾਂਦਰਾਂ।** ਵੇਖੋ : ਖਾਣ ਪੀਣ ਨੂੰ ਭਾਗਭਰੀ ਤੇ ਧੌਣ ਭਨਾਉਣ ਨੂੰ ਜੁੰਮਾਂ।

**ਭਾਵ** :— ਜਦ ਕਿਸੇ ਕੰਮ ਵਿਚ ਲਾਭ ਤਾਂ ਕਿਸੇ ਨੂੰ ਪੁਜੇ, ਪਰ ਔਖ ਜਾਂ ਕਲੇਸ਼ ਕਿਸੇ ਹੋਰ ਨੂੰ ਹੋਵੇ, ਤਦ ਇਹ ਅਖਾਣ ਵਰਤਦੇ

ਹਨ ।

**ਵਰਤੋਂ** :— ਇਹ ਚੰਗੀ ਗਲ ਹੈ ਪਈ 'ਸ਼ੇਰ ਕਲੰਦਰਾਂ, ਹੁੱਜਾਂ ਬਾਂਦਰਾਂ' ਔਖੇ ਵੇਲੇ ਤਾਂ ਅਸੀਂ ਮਰਦੇ ਰਹੇ, ਹੁਣ ਚੰਗੇ ਦਿਨ ਆਏ ਤਾਂ ਤੁਸੀਂ ਚੌਧਰੀ ਬਣ ਬੈਠੇ । (ਸੰ)

**ਖੋਹਣ ਨਾ ਖੁੱਸੇ, ਦੰਦੀਕੜਾ ਵੱਟੇ ।**

**ਭਾਵ** :— ਆਪਣੇ ਕੋਲੋਂ ਡਾਢੇ ਨਾਲ ਪੇਸ਼ ਨਾ ਜਾਵੇ ਤੇ ਗੁੱਸੇ ਪਿਆ ਹੋਵੇ ।

**ਵਰਤੋਂ** :— ਤੇਰਾ ਤਾਂ ਉਹ ਹਾਲ ਹੈ ਅਖੇ 'ਖੋਹਣ ਨਾ ਖੁੱਸੇ, ਦੰਦੀਕੜਾ ਵੱਟੇ' । ਪਿਛੋਂ ਕਚੀਚੀਆਂ ਵੱਟਣ ਨਾਲੋਂ ਪਹਿਲਾਂ ਹੀ ਕੁਝ ਕਰ ਮਰਨਾ ਸੀ । (ਸੰਗ੍ਰ)

**ਖੋਜੀ ਉਪਜੈ, ਬਾਦੀ ਬਿਨਸੈ ।**

**ਭਾਵ** :— ਵਿਚਾਰਵਾਨ ਤਰ ਨਿਕਲਦਾ ਹੈ, ਪਰ ਝਗੜਾਲੂ ਦਾ ਨਾਸ ਹੋ ਜਾਂਦਾ ਹੈ ।

**ਵਰਤੋਂ** :—

ਸੇਵਾ ਸੁਰਤਿ ਰਹਸਿ ਗੁਣ ਗਾਵਾ
ਗੁਰਮੁਖਿ ਗਿਆਨੁ ਬੀਚਾਰਾ ॥
'ਖੋਜੀ ਉਪਜੈ, ਬਾਦੀ ਬਿਨਸੈ'
ਹਉ ਬਲਿ ਬਲਿ ਗੁਰ ਕਰਤਾਰਾ ॥
(ਗੁਰੂ ਗ੍ਰੰਥ—ਮਲਾਰ ਰਾਗ)

**ਖੋਟਾ ਸ਼ਰੀਕ ਕਦੇ ਮਿੱਤ੍ਰ ਨਹੀਂ ਬਣਦਾ ।**

**ਭਾਵ** :— ਜਿਹੜਾ ਸ਼ਰੀਕ ਮਨ ਦਾ ਖੋਟਾ ਹੋਵੇ, ਉਹ ਦੋਸਤ ਨਹੀਂ ਬਣ ਸਕਦਾ ।

**ਵਰਤੋਂ** :— ਸੈਨਾਪਤੀ—ਮਹਾਰਾਜ ! ਖੋਟਾ ਸ਼ਰੀਕ ਕਦੇ ਮਿਤ੍ਰ ਨਹੀਂ ਬਣਦਾ । ਉਹ ਸਦਾ ਦਿਲ ਵਿਚ ਪਾਪ ਰਖਦਾ ਏ ਤੇ ਹਰ ਵੇਲੇ ਦਾਅ ਤੇ ਰਹਿੰਦਾ ਏ । (ਰਾਜਾ ਪੋਰਸ—ਹਰਰਤਨ ਸਿੰਘ)

**ਖੋਟਾ ਪੁੱਤ ਤੇ ਖੋਟਾ ਪੈਸਾ ਵੇਲੇ ਸਿਰ ਕੰਮ ਆ ਜਾਂਦਾ ਹੈ ।**

**ਭਾਵ** :— ਮਾੜੀ ਉਲਾਦ ਤੇ ਮਾੜੀ ਚੀਜ਼ ਵੀ ਔਖੇ ਵੇਲੇ ਕੰਮ ਆ ਜਾਂਦੀ ਹੈ ।

**ਵਰਤੋਂ** :— ਮੁੰਡੇ ਨੂੰ ਸਭ ਕੋਸਣ ਬਈ ਲੁੱਚਾ ਏ, ਵਿਹਲੜ ਏ, ਬਦਮਸਤੀਆਂ ਕਰਦਾ ਏ, ਪਰ ਜਦ ਮੇਰੇ ਸਿਰ ਲੋਕੀ ਚੜ੍ਹ ਕੇ ਆ ਗਏ ਤਾਂ ਉਸ ਨੇ ਅਜੇਹੀ ਡਾਂਗ ਵਰਸਾਈ ਕਿ ਸਾਰੇ ਪਾਸੇ ਭਾਜੜ ਪੈ ਗਈ । ਸੱਚ ਹੈ, ਪੁੱਤਰ ਤੇ ਪੈਸਾ ਖੋਟੇ ਵੀ ਹੋਣ, ਤਦ ਵੀ ਕੰਮ ਹੀ ਆਂਦੇ ਹਨ । (ਸੰਗ੍ਰ)

**ਖੋਟੀ ਧਾਤ ਮੁਲੰਮਾਂ ਬਾਜ਼ੀ ।**

**ਭਾਵ** :— ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣਾ ।

**ਵਰਤੋਂ** :—

ਤੇਰੀ ਖਲਕਤ ਵਿਚ ਆਕੇ
ਮਨੁਖਤਾ ਦਾ ਚੋਲਾ ਪਾਕੇ
ਹਰ ਥਾਂ ਦੇਖੀ ਧੋਖੇ ਬਾਜ਼ੀ
ਖੋਟੀ ਧਾਤ ਮੁਲੰਮਾ ਬਾਜ਼ੀ ।
(ਕੇਸਰ ਕਿਆਰੀ—ਧਨੀ ਰਾਮ ਚਾਤ੍ਰਿਕ)

**ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ।**

**ਭਾਵ** :— ਕਲਜੁਗ ਦੇ ਸਮੇਂ ਦੇ ਉਲਟੇ ਲਛਣ ਦਰਸਾਏ ਹਨ, ਜਦ ਖੋਟੀ ਚੀਜ਼ ਨੂੰ ਖਰੀ ਕਰ ਕੇ ਦਸਿਆ ਜਾਂਦਾ ਹੈ ਤੇ ਖਰੀ ਦੀ ਪਰਖ ਨਹੀਂ ।

**ਵਰਤੋਂ** :—

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥
(ਗੁਰੂ ਗ੍ਰੰਥ—ਰਾਗ ਗਉੜੀ)

**ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ।**

**ਭਾਵ** :— ਹਰੀ ਦੇ ਦਰਬਾਰ ਵਿਚ ਖੋਟੇ ਖਰੇ ਬੰਦਿਆਂ ਦੀ ਪਛਾਣ ਹੋ ਜਾਂਦੀ ਹੈ ।

**ਵਰਤੋਂ** :—

ਨਾਨਕ ਬਦਰਾ ਮਾਲ ਕਾ
ਭੀਤਰਿ ਧਰਿਆ ਆਣਿ ॥
ਖੋਟੇ ਖਰੇ ਪਰਖੀਅਨਿ
ਸਾਹਿਬ ਕੈ ਦੀਬਾਣਿ ॥
(ਗੁਰੂ ਗ੍ਰੰਥ—ਵਾਰ ਸੂਹੀ)

**ਖੋਟੇ ਦਿਲ ਜੋ ਭਲਾ ਕਮਾਵੇ, ਉਹ ਹਸਾਨ ਵੀ ਬਿਰਥਾ ਜਾਵੇ।**

**ਭਾਵ :—** ਚੰਗੀ ਨੀਅਤ ਨਾਲ ਹੀ ਕੰਮ ਕਰਨਾ ਚਾਹੀਦਾ ਹੈ।

**ਵਰਤੋਂ :—** ਨੀਅਤ ਰਾਸ ਤੇ ਖੀਸਾ ਪੂਰ; ਪਰ ਜੇ ਦਿਲ ਵਿਚ ਖੋਟ ਰਖ ਕੇ ਕੰਮ ਕਰੀਏ ਤਾਂ ਫੱਲ ਚੰਗਾ ਨਹੀਂ ਨਿਕਲਦਾ। 'ਖੋਟੇ ਦਿਲ ਜੋ ਭਲਾ ਕਮਾਵੇ, ਉਹ ਹਸਾਨ ਵੀ ਬਿਰਥਾ ਜਾਵੇ'। (ਸੰਗ੍ਰ)

**ਖੋਟੇ ਵਣਜਿ ਵਣਜਿਐ ਮਨ ਤਨੁ ਖੋਟਾ ਹੋਇ।**

**ਭਾਵ :—** ਮੰਦੇ ਕੰਮ ਕਰਨ ਨਾਲ ਤਨ ਤੇ ਮਨ ਦੋਵੇਂ ਰੋਗੀ ਹੋ ਜਾਂਦੇ ਹਨ।

**ਵਰਤੋਂ :—**

ਖੋਟੈ ਵਣਜਿ ਵਣੰਜਿਐ
ਮਨੁ ਤਨੁ ਖੋਟਾ ਹੋਇ॥
ਫਾਹੀ ਫਾਥੇ ਮਿਰਗ ਜਿਉ
ਦੂਖੁ ਘਣੋ ਨਿਤ ਰੋਇ॥

(ਗੁਰੂ ਗ੍ਰੰਥ—ਸਿਰੀ ਰਾਗ)

**ਖੋਤਿਆ, ਆਵੇ ਤੇ ਖਲੋਤਿਆ, ਆਵੇ ਨਹੀਉਂ ਮੁਕਣਾ, ਤੇ ਤੂੰ ਨਹੀਉਂ ਛੁਟਣਾ।**

**ਭਾਵ :—** ਜਦ ਸਾਰੀ ਉਮਰ ਹੀ ਕੰਮ ਕਰਨਾ ਪਵੇ, ਬਿਨਾ ਕਿਸੇ ਖ਼ੁਸ਼ੀ ਜਾਂ ਹੀਲ ਹੁਜਤ ਦੇ।

**ਵਰਤੋਂ :—** ਮੈਂ ਅਕਸਰ ਆਪਣੇ ਆਪ ਨੂੰ ਉੱਚੀ ਜਿਹੀ ਸੁਣਾਇਆ ਕਰਦਾ ਹਾਂ: 'ਖੋਤਿਆ, ਆਵੇ ਤੇ ਖਲੋਤਿਆ, ਆਵੇ ਨਹੀਉਂ ਮੁਕਣਾ ਤੇ ਤੂੰ ਨਹੀਂਉਂ ਛੁਟਣਾ' ਤਾਂ ਖੋਤਾ ਵੀ ਕੁਝ ਸਬਕ ਸਿਖਾ ਸਕਦਾ ਹੈ, ਬਿਨਾਂ ਲਤ ਮਾਰੇ ਜਾਂ ਚੱਕ ਮਾਰੇ।

(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ ਦੀਵਾਨਾ)

**ਖੋਤੀ ਥਾਣਿਉਂ (ਤਸੀਲੋਂ) ਹੋ ਆਈ।**

**ਭਾਵ :—** ਜਦ ਕੋਈ ਵਡਿਆਂ ਨਾਲ ਮੇਲ ਜੋਲ ਹੋਣ ਕਰਕੇ ਆਕੜੇ।

**ਵਰਤੋਂ :—** ਜਿਹੜੀ ਖੋਤੀ ਇਕ ਵਾਰ ਥਾਣਿਉਂ ਹੋ ਆਵੇ, ਉਹ ਦੂਜੀਆਂ ਨੂੰ ਮਾਰ ਮਾਰ ਪਛੌੜੇ ਨੇੜੇ ਨਹੀਂ ਹੋਣ ਦੇਂਦੀ।

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

**ਖੋਤੀ ਭਾੜੇ ਕਰਨੀ ਏ, ਤਾਂ ਕੁੜਮਾਂ ਦੀ ਹੀ ਕਰਨੀ ਏ।**

**ਭਾਵ :—** ਜੇ ਕੋਈ ਚੀਜ਼ ਮੁਲ ਹੀ ਲੈਣੀ ਹੈ ਤਾਂ ਆਪਣੇ ਨਿਕਟੀਆਂ ਤੋਂ ਕਿਉਂ ਲੈਣੀ; ਹੋਰ ਕਿਸੇ ਤੋਂ ਲਓ ਜਿਥੇ ਬੇਲਿਹਾਜ਼ੀ ਨਾਲ ਆਦਮੀ ਗਲ ਤੇ ਕਰ ਸਕੇ।

**ਵਰਤੋਂ :—** ਆਪਣੇ ਸ਼ਰੀਕੇ ਵਿਚੋਂ ਕਿਉਂ ਤੂੜੀ ਲੈਣੀ ਹੋਈ। 'ਖੋਤੀ ਭਾੜੇ ਹੀ ਕਰਨੀ ਹੈ ਤਾਂ ਕੁੜਮਾਂ ਦੀ ਕਰਨੀ ਏ'। ਹੋਰ ਕਿਸੇ ਪਾਸੋਂ ਕਿਉਂ ਨਾ ਲੈ ਲਵਾਂਗੇ। (ਸੰਗ੍ਰ)

**ਖੋਤੀਆਂ ਨਾ ਵੇਚਿਓ, ਫ਼ਕੀਰੀ ਦਾ ਹਾਲ ਕੁਝ ਨਹੀਂ।**

**ਭਾਵ :—** ਆਪਣਾ ਮਾੜਾ ਮੋਟਾ ਕੰਮ ਵੀ ਚੰਗਾ ਹੁੰਦਾ ਹੈ।

**ਵਰਤੋਂ:—** ਤੁਸਾਂ ਇਹ ਨੌਕਰੀ ਛਡ ਕੇ ਉਕਾ ਹੀ ਰੋਣਾ ਹੈ। ਮੇਰੀ ਤੇ ਸਿਖਿਆ ਇਹੋ ਹੈ ਕਿ ਖੋਤੀਆਂ ਨਾ ਵੇਚਿਓ, ਫਕੀਰੀ ਦਾ ਹਾਲ ਕੁਝ ਨਹੀਂ। (ਸੰ)

**ਖੋਤੇ ਚੜ੍ਹੀ ਤੇ ਕੁੜਮਾਂ ਦੇ ਮਹੱਲੇ ਨਾ ਗਈ।**

**ਭਾਵ :—** ਕਿਸੇ ਗਲ ਨੂੰ ਜਿਹੜੀ ਨਸ਼ਰ ਹੋ ਜਾਣੀ ਹੈ, ਲੁਕਾਉਣ ਦਾ ਯਤਨ ਕਰਨਾ।

**ਵਰਤੋਂ :—** ਪਰ, ਬਲੀਏ, ਕਹਿੰਦੇ ਹਨ 'ਖੋਤੇ ਚੜ੍ਹੀ ਤੇ ਕੁੜਮਾਂ ਦੇ ਮਹੱਲੇ ਨ ਗਈ'—ਅਜ ਨਹੀਂ ਤਾਂ ਕਲ ਸਾਡਾ ਕਾਰਨਾਮਾ ਲੋਕਾਂ ਨੂੰ ਪਤਾ ਲਗ ਜਾਏਗਾ, ਪਿੰਡੀ ਕਿਹੜੀ ਕਾਬਲ ਹੈ।

(ਮਣਕੇ—ਸਾਹਿਬ ਸਿੰਘ ਸੇਠੀ)

**ਖੋਤੇ ਚੜ੍ਹੀ ਤੇ ਲੱਤਾਂ ਲੰਮਕਦੀਆਂ।**

**ਭਾਵ :—** ਖ਼ਾਹ-ਮ-ਖ਼ਾਹ ਦਾ ਕਸੂਰ ਥਪਣਾ।

**ਵਰਤੋਂ** :— ਭਾਈ, 'ਖੋਤੇ ਚੜ੍ਹੀ ਦੀਆਂ ਲੱਤਾਂ ਲੰਮਕਦੀਆਂ' ਹੀ ਹੋਣੀਆਂ ਸਨ। ਤੁਸੀਂ ਵੀ ਖ਼ਾਹ-ਮ ਖ਼ਾਹ ਬੇਕਸੂਰ ਦੇ ਸਿਰ ਕਸੂਰ ਥਪਦੇ ਹੋ ! (ਸੰਗ੍ਰ)

**ਖੋਤੇ ਦੀ ਸਵਾਰੀ ਤੇ ਖਲ੍ਹੀਆਂ ਦਾ ਮੁਕਟ।**

**ਭਾਵ** :— ਹੋਣਾ ਗ਼ਰੀਬ, ਦਿਖਾਵਾ ਅਮੀਰੀ ਦਾ ਕਰਨਾ।

**ਵਰਤੋਂ** :— ਯਾਰ, ਇਹ ਕੀ ਬਣਾਇਆ ਜੇ, ਅਖੇ 'ਖੋਤੇ ਦੀ ਸਵਾਰੀ ਤੇ ਖਲ੍ਹੀਆਂ ਦੇ ਮੁਕਟ'। ਇਹੋ ਜੇਹੀ ਛਠੀ ਢੇਰ ਥਾਂ ਵਿਚ ਏਨੇ ਵਧੀਆ ਗ਼ਲੀਚੇ ਕੀ ਵਿਛਾਉਣੇ ਸਨ ? (ਸੰ)

**ਖੋਤੇ ਦੇ ਗਲ ਲਾਲ।**

**ਭਾਵ** :— ਅਜੇਹੀ ਚੀਜ਼ ਕਿਸੇ ਦੇ ਹੱਥ ਆ ਜਾਣੀ, ਜਿਸ ਦੇ ਉਹ ਯੋਗ ਨਾ ਹੋਵੇ।

**ਵਰਤੋਂ** :—

ਖੋਤੇ ਦੇ ਗਲ ਲਾਲ ਦੀ ਮੈ ਪਰਖ ਸਿਖਾਵਾਂ।
ਮੂਰਖ ਖੇਹ ਰੁਲਾਈਉਂ, ਸਾਂਭੀ ਦਾਨਾਵਾਂ। (ਚਾਤ੍ਰਿਕ)

**ਖੋਤੇ ਨੂੰ ਲੂਣ (ਘਿਉ) ਦਿਓ, ਕਹਿੰਦਾ ਮੇਰੇ ਕੰਨ ਪੁਟਦੇ (ਮਰੋੜਦੇ) ਜੇ।**

**ਭਾਵ** :— ਜਦ ਕਿਸੇ ਦਾ ਭਲਾ ਕਰੋ, ਪਰ ਉਹ ਉਲਟਾ ਗ਼ੁੱਸੇ ਹੋਵੇ।

**ਵਰਤੋ** :— ਰਾਮਾ—ਛਡੋ ਪਰੇ ਚੋਧਰੀ ਜੀ ! ਤੁਸੀਂ ਕੀ ਕਢਣਾ ਪਾਉਣਾ ਏ ਇਨ੍ਹਾਂ ਗੱਲਾਂ ਵਿਚੋਂ (ਇਕ ਪਾਸੇ) 'ਖੋਤੇ ਨੂੰ ਲੂਣ ਦਿਓ, ਕਹਿੰਦਾ ਮੇਰੇ ਕੰਨ ਪੁਟਦੇ ਜੇ'। (ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਖੰਡ ਖੰਡ ਆਖਿਆਂ ਮੂੰਹ ਮਿੱਠਾ ਨਹੀਂ ਹੁੰਦਾ।**

**ਭਾਵ** :— ਨਿਰਾ ਗੱਪਾਂ ਮਾਰਨ ਨਾਲ ਕੋਈ ਕੰਮ ਸਿਰੇ ਨਹੀਂ ਚੜ੍ਹਦਾ।

**ਵਰਤੋਂ** :— ਕੰਮ ਕਰਨ ਨਾਲ ਹੀ ਹੁੰਦਾ ਹੈ। ਨਿਰਾ 'ਖੰਡ ਖੰਡ ਆਖਿਆਂ ਮੂੰਹ ਮਿੱਠਾ ਨਹੀਂ ਹੁੰਦਾ'। (ਸੰਗ੍ਰ)

**ਖੰਡਾ, ਘੋੜਾ, ਇਸਤ੍ਰੀ ਤਿੰਨੇ ਜ਼ਾਤ ਕੁਜ਼ਾਤ।**

**ਭਾਵ** :— ਖੰਡਾ, ਘੋੜਾ ਤੇ ਇਸਤ੍ਰੀ ਦਾ ਵਿਸਾਹ ਨਹੀਂ ਕਰਨਾ ਚਾਹੀਦਾ।

**ਵਰਤੋਂ** :—

ਕਵੀ—ਖੰਡਾ, ਘੋੜਾ, ਇਸਤ੍ਰੀ,
ਵੇ ਰਾਜਿਆ ਤਿੰਨੇ ਜ਼ਾਤ ਕੁਜ਼ਾਤ।
ਖੰਡਾ ਵਢੇ ਸਿਰ ਖਸਮ ਦਾ,
ਘੋੜਾ ਦਏ ਪਿਠ ਵਿਚ ਹਾਰ।
ਇਸਤ੍ਰੀ ਜਿੱਥੇ ਵੇਖੇ ਵਰ ਸੋਹਣਾ,
ਉੱਥੇ ਰਹਿੰਦੀ ਦਿਨ ਤੇ ਰਾਤ। (ਕਾਦਰਯਾਰ)

**ਖੰਭਾਂ ਦੀ ਡਾਰ ਬਣਦੀ ਹੈ।**

**ਭਾਵ**:— ਨਿਕੀ ਜਿਹੀ ਗੱਲ ਤੋਂ ਵੱਡੀ ਗੱਲ ਬਣ ਜਾਂਦੀ ਹੈ।

**ਵਰਤੋਂ** :— 'ਖੰਭਾਂ ਦੀ ਹੀ ਡਾਰ ਬਣਦੀ ਹੈ'। ਗਲ ਮਾਮੂਲੀ ਸੀ ਪਰ ਭਾਂਬੜ ਮਚ ਹੀ ਗਿਆ। (ਸੰ)

**ਖਾਂਦਿਆਂ ਖਾਂਦਿਆਂ ਖੂਹ ਨਿਖੁਟ (ਖ਼ਾਲੀ ਹੋ) ਜਾਂਦੇ ਨੇ।**

**ਭਾਵ** :— ਜਦ ਕੋਈ ਕਮਾਈ ਨਾ ਕਰੇ ਤੇ ਪਿਛਲੀ ਖਟੀ ਕਮਾਈ ਉਪਰ ਗੁਜ਼ਾਰਾ ਕਰੀ ਜਾਵੇ, ਤਦ ਉਸਨੂੰ ਕੁਝ ਕਰਨ ਦੀ ਪ੍ਰੇਰਨਾ ਕਰਨ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇੰਦਰ—(ਰੋਂਦੀ ਹੋਈ) ਕੋਈ ਨਿਆਣਾ ਏ...ਖਟੇ ਨਾ ਕਮਾਏ। ਖਾਂਦਿਆਂ ਖਾਂਦਿਆਂ ਖੂਹ ਖ਼ਾਲੀ ਹੋ ਜਾਂਦੇ ਨੇ। (ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

# ਗ

**ਗਊ ਪੁੰਨ ਦੀ, ਦੰਦ, ਕੌਣ ਗਿਣੇ ?**

**ਭਾਵ :—** ਮੁਫ਼ਤ ਵਿਚ ਚੀਜ਼ ਮਿਲਦੀ ਹੋਵੇ, ਤਾਂ ਪੜਤਾਲ ਕਰਨ ਦੀ ਖੇਚਲ ਕੌਣ ਕਰਦਾ ਹੈ ?

**ਵਰਤੋਂ :—** ਤੁਸੀਂ ਆਖਦੇ ਹੋ, ਚੀਜ਼ ਵੇਖ ਕੇ ਲੈਣੀ ਸੀ। ਪਰ 'ਗਊ ਪੁੰਨ ਦੀ ਦੰਦ ਕੌਣ ਗਿਣੇ' ਮੈਂ ਕੋਈ ਪੈਸੇ ਤਾਂ ਨਹੀਂ ਖ਼ਰਚੇ ਜੋ ਪੜਤਾਲ ਪਿਆ ਕਰਦਾ। (ਸੰਗ੍ਰ)

**ਗਈ ਸਾਂ ਕੰਡਾ ਮਲਾਉਣ, ਭੰਨਾ ਆਈ ਘੰਡੀ।**

**ਭਾਵ :—** ਜਦ ਜਾਵੇ ਤਾਂ ਕਿਸੇ ਪਾਸੋਂ ਲਾਭ ਲੈਣ ਲਈ, ਪਰ ਉਲਟਾ ਦੁਖੀ ਹੋਕੇ ਆਵੇ।

**ਵਰਤੋਂ :—** ਕੀ ਦਸਾਂ 'ਗਈ ਸਾਂ ਕੰਡ ਮਲਾਉਣ, ਭੰਨਾ ਆਈ ਘੰਡੀ' ਹੱਥ ਪਾਇਆ ਸੀ ਫੁੱਲਾਂ ਨੂੰ, ਕੰਡੇ ਨਾਲ ਚਮੋੜ ਲਿਆਈ। (ਸੰਗ੍ਰ)

**ਗਏ ਊਠ ਸੋ ਦਿਜੜ ਰਲੇ।**

**ਭਾਵ :—** ਇੱਕ ਵੇਰ ਹੱਥੋਂ ਨਿਕਲੀ ਮੁੜ ਹੱਥ ਨਹੀਂ ਆਉਂਦੀ।

**ਵਰਤੋਂ :—** ਹੁਣ ਅਫ਼ਸੋਸ ਨਾ ਕਰੋ। 'ਗਏ ਊਠ ਸੋ ਇਜੜ ਰਲੇ'। ਹੁਣ ਸ਼ਿਕਾਰ ਹੱਥੋਂ ਨਿਕਲ ਗਿਆ ਹੈ। ਅਫ਼ਸੋਸ ਨਾਲ ਕੀ ਬਣਦਾ ਹੈ ? (ਸੰਗ੍ਰ)

**ਗਏ ਨਿਮਾਣੇ (ਵਿਚਾਰੇ) ਰੋਜੜੇ ਰਹਿ ਗਏ ਨੌਂ ਤੇ ਵੀਹ।**

**ਭਾਵ :—** ਜਦ ਕੰਮ ਤਾਂ ਕਾਫ਼ੀ ਬਾਕੀ ਰਹਿੰਦਾ ਹੋਵੇ, ਪਰ ਕੰਮ ਕਰਨ ਵਾਲਾ ਇਉਂ ਦਸੇ ਜਿਵੇਂ ਹੋ ਹੀ ਚੁਕਾ ਹੈ, ਤਦ ਹਾਸ-ਰਸ ਵਿਚ ਵਰਤਦੇ ਹਨ।

**ਵਰਤੋਂ :—** ਹਾਂ, ਹਾਂ ਦਿੱਲ ਦੀ ਤਸੱਲੀ ਲਈ ਇਵੇਂ ਸਮਝਣਾ ਠੀਕ ਹੈ, ਕਿ ਕੰਮ ਮੁਕ ਚੁਕਾ ਹੈ। 'ਗਏ ਨਿਮਾਣੇ ਰੋਜੜੇ ਰਹਿ ਗਏ ਨੌਂ ਤੇ ਵੀਹ' ਅਜੇ ਤਾਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਛੁਹੀ। (ਸੰਗ੍ਰ)

**ਗਹਿਣੇ ਦਾ ਸ਼ਾਹ ਕਾਹਦਾ, ਵੱਟੇ ਦੀ ਕੁੜਮਾਈ ਕਾਹਦੀ ?**

**ਭਾਵ :—** ਗਹਿਣੇ ਰਖਕੇ ਕਰਜ਼ਾ ਲੈਣਾ ਜਾਂ ਵਟਾਂਦਰੇ ਵਿਚ ਕੁੜਮਾਈ ਕਰਨੀ ਵਡਿਆਈ ਦੀ ਗੱਲ ਨਹੀਂ।

**ਵਰਤੋਂ :—** ਇਹ ਕਾਹਦਾ ਵਿਆਹ ਹੈ ? ਦੂਆਠੀ ਕਰਕੇ ਵਹੁਟੀ ਲੈ ਆਇਆ ਹੈ। 'ਗਹਿਣੇ ਦਾ ਸ਼ਾਹ ਕਾਹਦਾ, ਵੱਟੇ ਦੀ ਕੁੜਮਾਈ ਕਾਹਦੀ' ? (ਸੰ)

**ਗਗਨ ਦਮਾਮਾਂ ਬਾਜਿਓ ਪਰਿਉ ਨੀਸਾਨੈ ਘਾਉ।**

**ਭਾਵ :—** ਕਿਸੇ ਚੰਗੇ ਕੰਮ ਲਈ ਲੜ ਮਰਨ ਜਾਂ ਬਹੁਤ ਉਦਮ ਕਰਨ ਲਈ ਉਤਸ਼ਾਹ ਦੇਣ ਵੇਲੇ ਵਰਤਦੇ ਹਨ।

**ਵਰਤੋਂ :—**

ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ
ਅਬ ਜੂਝਨ ਕੋ ਦਾਉ ॥
(ਗੁਰੂ ਗ੍ਰੰਥ—ਰਾਗ ਮਾਰੂ)

**ਗਡ ਨਾਲ ਕੱਟਾ ਬਧਾ ਹੋਇਆ ਏ।**

**ਭਾਵ :—** ਕਿਸੇ ਪਾਸੋਂ ਕੋਈ ਚੀਜ਼ ਮੰਗੀਏ ਤੇ ਉਹ ਮਮੂਲੀ ਬਹਾਨਾ ਕਰਕੇ ਟਾਲ ਦੇਵੇ।

**ਵਰਤੋਂ :—** ਜੁੰਮਿਆ, ਇਹ ਕੀ ਬਹਾਨਾ ਬਣਾ ਘਤਿਓ ਈ ? ਸਿੱਧੀ ਨਾਂਹ ਕਰ ਛਡਦੋਂ। ਤੂੰ ਤਾਂ ਉਹ ਗਲ ਕੀਤੀ ਹੈ ਅਖੇ 'ਗਡ ਨਾਲ ਕੱਟਾ ਬਧਾ ਹੋਇਆ ਹੈ'। (ਸੰਗ੍ਰ)

**ਗਡੇ ਗਾਹ ਗਡੀਰੇ ਰਾਹ ।**

ਭਾਵ :— ਜਦੋਂ ਕੋਈ ਕਿਸੇ ਦੇ ਪਾਏ ਪੂਰਨਿਆਂ ਉਤੇ ਹੀ ਤੁਰੀ ਜਾਵੇ ਤਦ ਇਹ ਅਖਾਣ ਵਰਤਦੇ ਹਨ ।

ਵਰਤੋਂ :— ਅਸੀਂ ਤਾਂ 'ਗਡੇ ਗਾਹ ਗਡੀਰੇ ਰਾਹ' ਹੀ ਤੁਰਦੇ ਹਾਂ । ਨਾ ਇਧਰ ਹੁੰਦੇ ਹਾਂ, ਨਾ ਉਧਰ । ਅਸੀਂ ਤਾਂ ਸਮਝਦੇ ਹਾਂ ਬਈ ਪਾਏ ਪੂਰਨਿਆਂ ਤੇ ਚਲੇ ਜਾਓ, ਬਸ ਦੁਨੀਆਂ ਦੀ ਪਰਵਾਹ ਨਾ ਕਰੋ । (ਸੰਗ੍ਰ)

**ਗੱਦਹੁ ਚੰਦਨ ਲੱਦੀਐ ਨਹਿ ਗਾਂਧੀ ਰਾਜ ।**

ਭਾਵ :— ਖੋਤੇ ਉਪਰ ਚੰਦਨ ਲਦ ਦਈਏ, ਤਦ ਉਹ ਗਾਂਧੀ ਨਹੀਂ ਅਖਵਾ ਸਕਦਾ । ਭਾਵ ਨੀਵੇਂ ਪੁਰਸ਼ ਪਾਸ ਜੇ ਕੋਈ ਉਤਮ ਚੀਜ਼ ਵੀ ਆ ਜਾਵੇ, ਤਾਂ ਉਸਦਾ ਨੀਵਾਂ ਪਨ ਨਹੀਂ ਜਾਂਦਾ ।

ਵਰਤੋਂ :—

ਰਤਨਮਣੀ ਗਲ ਬਾਂਦਰੈ ਜਉਹਰੀ ਨ ਕਾਜ ।
ਗੱਦਹੁ ਚੰਦਨ ਲੱਦੀਐ ਨਹਿ ਗਾਂਧੀ ਗਾਜ ॥
(ਵਾਰਾਂ—ਭਾਈ ਗੁਰਦਾਸ)

**ਗਦੋਂ ਜਵਾਂ ਦਾ ਰਾਖਾ ।**

ਭਾਵ :— ਕਿਸੇ ਲਾਲਚੀ ਜਾਂ ਗੈਰ ਜ਼ਿਮੇਵਾਰ ਪੁਰਸ਼ ਨੂੰ ਜ਼ਿਮੇਵਾਰੀ ਸੌਂਪਣੀ ।

ਵਰਤੋਂ :— ਤੁਸਾਂ ਭੀ ਡਾਢੀ ਸਿਆਣਪ ਕੀਤੀ । 'ਗਦੋਂ ਨੂੰ ਜਵਾਂ ਦਾ ਰਾਖਾ' ਕਰ ਬਠਾਇਆ । ਇਕ ਭੁਖੇ, ਕਮੀਨ ਨੂੰ ਆਪਣੀ ਤਿਜੌਰੀ ਸੌਂਪ ਦਿੱਤੀ । ਓਹਨੇ ਧਨ ਲੈ ਕੇ ਨਠਣਾਂ ਹੀ ਸੀ । (ਸੰਗ੍ਰ)

**ਗਦੋਂ ਤੋਂ ਬੋਹਲ ਲੁਟਾਇਆ ।** ਵੇਖੋ : ਦਰਿਆਉਂ ਪਾਣੀ ਬਖਸ਼ਣਾ ।

ਭਾਵ :— ਕਿਸੇ ਦੂਜੇ ਦੇ ਸਿਰੋਂ ਦਾਨ ਦੇਣਾ ।

ਵਰਤੋਂ :— ਤੁਹਾਡਾ ਕੀ ਗਿਆ ? ਤੁਸਾਂ ਤਾਂ 'ਗਦੋਂ ਤੋਂ ਬੋਹਲ ਲੁਟਾਇਆ' । ਲੋਕਾਂ ਦੀਆਂ ਜੁਤੀਆਂ ਲੋਕਾਂ ਦੇ ਹੀ ਸਿਰ ਮਾਰੀਆਂ । (ਸੰਗ੍ਰ)

**ਗਦੋਂ (ਗਧੋ) ਦੀ ਗੂਣ ਤੇ ਮਾਣੀ ਦਾ ਭੁਲੇਖਾ ।**

ਭਾਵ :— ਜਦ ਕਿਸੇ ਬਾਹਰੋਂ ਦਿਸਦੀ ਮਮੂਲੀ ਗੱਲ ਵਿਚ ਕੋਈ ਵੱਡਾ ਸਾਰਾ ਭੁਲੇਖਾ ਲਗਣ ਦਾ ਡਰ ਹੋਵੇ ।

ਵਰਤੋਂ :— ਬਾਬਾ, ਤੁਸਾਂ ਕਿਰਾੜਾਂ ਕੋਲੋਂ ਡਰ ਕੇ ਰਹਿਣਾ ਚਾਹੀਦਾ ਹੈ । 'ਗਦੋਂ ਦੀ ਗੂਣ ਤੇ ਮਾਣੀ ਦਾ ਭੁਲੇਖਾ' । ਨਿਕੇ ਜਿਹੇ ਅੜੇਕੇ ਵਿਚ ਹੀ ਕਿਥੇ ਦਾ ਕਿਥੇ ਪੁਜਾ ਸਕਦੇ ਹੋ । (ਸੰਗ੍ਰ)

**ਗਧਾ ਛੋੜ ਤਵੇਲੇ ਬਧਾ ਤੇ ਘਾਹ ਢੋਂਦੀ ਘੋੜੀ ।**

ਭਾਵ :— ਸਿਆਣੇ ਤੇ ਚੰਗੇ ਪੁਰਸ਼ ਤਾਂ ਕੰਮ ਕਰਨ ਪਰ ਮੂਰਖ ਵਿਹਲੇ ਬਹਿ ਕੇ ਖਾਣ ।

ਵਰਤੋਂ :— ਹੇ ਰੱਬਾ, ਤੇਰਾ ਇਹ ਕਿਆ ਨਿਆਂ ਹੈ ਕਿ 'ਗਧਾ ਛੋੜ ਤਵੇਲੇ ਬਧਾ ਤੇ ਘਾਹ ਢੋਂਦੀ ਘੋੜੀ' । ਮੂਰਖ ਤਾਂ ਮੌਜਾਂ ਮਾਣ ਰਹੇ ਹਨ ਤੇ ਸਿਆਣਿਆਂ ਦੀ ਕੋਈ ਵਾਤ ਨਹੀਂ ਪੁਛਦਾ । (ਸੰਗ੍ਰ)

**ਗਧੇ ਦਾ ਪੈਖੜ ਲਦੀਣ ਵੇਲੇ ਹੀ ਲਾਹੁਣਾ ਚਾਹੀਦੇ ।**

ਭਾਵ :— ਮੂਰਖ ਨੂੰ ਵੇਹਲ ਵੇਲੇ ਖੁਲ੍ਹਾ ਨਹੀਂ ਛਡਣਾ ਚਾਹੀਦਾ ।

ਵਰਤੋਂ :— ਹੁਣ ਤੇਰਾ ਕੋਈ ਇਤਬਾਰ ਨਹੀਂ ਰਿਹਾ, ਤੂੰ ਬੜਾ ਭਾਰੀ ਪਾਗਲ ਨਿਕਲਿਆ । ਸੱਚ ਹੈ 'ਗਧੇ ਦਾ ਪੈਖੜ ਲਦੀਣ ਵੇਲੇ ਹੀ ਲਾਹੁਣਾ ਚਾਹੀਏ । ਐਵੇਂ ਲਾਹਿਆ ਪਛਤਾਵਾ ਨਿਕਲਦਾ ਹੈ ।
(ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਗਧੇ ਦੇ ਸਿਰੋਂ ਸਿੰਗ ਵਾਂਗ ਨੱਠਾ ।**

ਭਾਵ :— ਬਹੁ ਪਤਾ ਹੀ ਨਾ ਲਗਣਾ, ਲੋਪ ਹੋ ਜਾਣਾ ।

ਵਰਤੋਂ :— ਬਜ਼ਾਰ ਵਿਚੋਂ ਖੰਡ ਤੇ ਇਵੇਂ ਨਠ ਗਈ ਹੈ ਜਿਵੇਂ 'ਗਧੇ ਦੇ ਸਿਰੋਂ ਸਿੰਗ' । (ਸੰ)

**ਗੱਧੇ ਦੇ ਗਲ ਜੌਹਰ ।**

**ਭਾਵ :—** ਕਿਸੇ ਬੇ-ਕਦਰੇ ਜਾਂ ਮੂਰਖ ਦੇ ਹੱਥ ਵਡ-ਮੁਲੀ ਚੀਜ਼ ਫੜਾ ਦੇਣੀ ।

**ਵਰਤੋਂ :—**

ਕਹਿੰਦੇ ਲੋਕ ਅਵਾਣ
ਕਿਸੇ ਹਥ ਜਵਾਹਰ ਆਇਆ ।
ਜੌਹਰ ਦੀ ਕਿਆ ਕੀਮਤ ਜਾਣੇ,
ਗਧੇ ਦੇ ਗਲ ਪਾਇਆ ।

(ਹਾਸ਼ਮ)

**ਗਧੇ ਨੂੰ ਸੋਟਾ ਤੇ ਇਰਾਕੀ ਨੂੰ ਸੈਨਤ ।**

**ਜਾਂ ਗਧੇ ਨੂੰ ਸੋਟਾ, ਇਰਾਕੀ ਨੂੰ ਜੋਟਾ ।**

**ਭਾਵ :—** ਮੂਰਖ ਨੂੰ ਸਿਧੇ ਰਾਹ ਪਾਉਣ ਲਈ ਔਖਾ ਹੀ ਕਰਨਾ ਪੈਂਦਾ ਹੈ ਪਰ ਭਲੇਮਾਣਸ ਲਈ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ ।

**ਵਰਤੋਂ :—** ਮੇਰੀ ਆਦਤ ਏ ਗੁਪਾਲ ਸਿੰਘਾ, ਬਹੁਤੀ ਗਲ ਨਹੀਂ ਕਰਦਾ ਹੁੰਦਾ । ਬਸ ਗੱਧੇ ਨੂੰ ਸੋਟਾ ਤੇ ਇਰਾਕੀ ਨੂੰ ਸੈਨਤ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਗੱਧੇ ਨੂੰ ਖੁਆਇਆ ਨਾ ਪਾਪ ਨਾ ਪੁੰਨ ।**

**ਭਾਵ :—** ਨੀਚ ਮਨੁਖ ਦੀ ਕੀਤੀ ਸੇਵਾ ਦੀ ਕੋਈ ਕਦਰ ਨਹੀਂ ਪੈਂਦੀ ।

**ਵਰਤੋਂ :—** ਉਸ ਤੁਹਾਡਾ ਕੀ ਸੁਆਰਨਾ ਹੈ, ਸੇਵਾ ਕਰੋ ਨਾ ਕਰੋ । ਬੜਾ ਅਕ੍ਰਿਤਘਣ ਤੇ ਨੀਚ ਪੁਰਸ਼ ਹੈ । 'ਗੱਧੇ ਨੂੰ ਖੁਆਇਆ, ਨਾ ਪਾਪ ਨਾ ਪੁੰਨ' । ਇਸ ਲਈ ਉਸਦਾ ਖਹਿੜਾ ਛਡ ਦਿਉ । (ਸੰਗ੍ਰ)

**ਗੱਧੇ ਨੂੰ ਗੁਲਕੰਦ ।**

**ਭਾਵ :—** ਕਿਸੇ ਅਯੋਗ ਨੂੰ ਵਡਮੁਲੀ ਜਾਂ ਚੰਗੀ ਚੀਜ਼ ਦਿੱਤੀ ਜਾਵੇ ।

**ਵਰਤੋਂ :—** ਤੁਸਾਡੀ ਆਪਣੀ ਭੁਲ ਹੈ 'ਗੱਧੇ ਨੂੰ ਗੁਲਕੰਦ' ਕੀ ਆਖ ? ਤੁਸੀਂ ਉਸ ਨਾਲ ਨਰਮੀ ਵਰਤਣ ਦੀ ਥਾਂ ਜੁੱਤੀਆਂ ਦੀ ਸੇਵਾ ਕਰਦੇ । ਫਿਰ ਵੇਖਦੇ, ਕਿਵੇਂ ਉਹ ਸਿੱਧਾ ਹੋ ਕੇ ਤੁਹਾਡੀ ਗਲ ਮੰਨਦਾ । (ਸੰ)

**ਗੱਧੇ ਨੂੰ ਬਾਪ ।**

**ਭਾਵ :—** ਗਰਜ਼ ਪੈਣ ਤੇ ਨੀਚ ਪੁਰਸ਼ ਨੂੰ ਹਦੋਂ ਵਧ ਆਦਰ ਦੇਣਾ ।

**ਵਰਤੋਂ :—** ਰਾਜਾ—ਮੈਨੂੰ ਵੀ ਦਿਸਦਾ ਤੇ ਸੀ, ਪਰ ਲੋੜ ਵੇਲੇ ਕਿਸੇ ਨੇ 'ਗੱਧੇ ਨੂੰ ਵੀ ਬਾਪ' ਬਣਾ ਲਿਆ ਸੀ ਨਾ ?

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

**ਗ਼ਮੀ ਗਈ ਤੇ ਸ਼ਾਦੀ ਆਈ ।**

**ਭਾਵ :—** ਦੁਖ ਪਿਛੋਂ ਸੁਖ ਦੀ ਪ੍ਰਾਪਤੀ ਹੋਣੀ ।

**ਵਰਤੋਂ—**

ਗਈ ਗ਼ਮੀ ਤੇ ਆਈ ਸ਼ਾਦੀ
ਪੜ੍ਹਿਆ ਸ਼ਾਹ ਸ਼ੁਕਰਾਨਾ ।
ਆਜਜ਼ ਤੇ ਮਸਕੀਨਾਂ ਤਾਈਂ
ਵੰਡਿਆ ਉਸ ਖ਼ਜ਼ਾਨਾ ।

(ਕਿੱਸਾ ਬਹਿਰਾਮ ਸ਼ਾਹ—ਇਮਾਮ ਬਖ਼ਸ਼)

**ਗਰਧਬ ਪ੍ਰੀਤਿ ਭਸਮ ਸੰਗਿ ਹੋਇ ।**

**ਭਾਵ :—** ਨੀਚ ਪੁਰਸ਼ ਦੀ ਪ੍ਰੀਤੀ ਮੰਦੀਆਂ ਚੀਜ਼ਾਂ ਨਾਲ ਹੀ ਹੁੰਦੀ ਹੈ ।

**ਵਰਤੋਂ :—**

"ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥"

(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਗ਼ਰੀਬ ਦਾ ਖਰਾ ਰੁਪਈਆ ਵੀ ਬਾਰਾਂ ਆਨੇ ਦਾ । ਜਾਂ ਗ਼ਰੀਬ ਦੇ ਸੁੱਚੇ ਕੁੰਦਨ ਵਿਚ ਸੌ ਸੌ ਨੁਕਸ ।**

**ਭਾਵ :—** ਗ਼ਰੀਬ ਗੁਣਾਂ ਨਾਲ ਭਰਪੂਰ ਹੁੰਦਾ ਹੋਇਆ ਵੀ ਚੰਗਾ ਨਾ ਲਗੇ ਤੇ ਧਨੀ ਔਗਣਹਾਰਾ ਵੀ ਚੰਗਾ ਲਗੇ ।

**ਵਰਤੋਂ** :— ਮਿਹਰ ਸਿੰਘ—ਕੁੰਦਨ ਸਿੰਘ ਜੀ, ਅਜ ਕਲ ਦੀ ਦੁਨੀਆਂ ਦਾ ਅਨੋਖਾ ਹੀ ਰਿਵਾਜ ਹੈ। ਹਰ ਗਲ ਵਿਚ ਧਨ ਪਾਤਰਾਂ ਦੀ ਹੀ ਪੁਛ ਹੈ। 'ਗ਼ਰੀਬ ਦੇ ਸੁਚੇ ਕੁੰਦਨ ਵਿਚੋਂ ਵੀ ਸੌ ਸੌ ਨੁਕਸ' ਕਢੇ ਜਾਂਦੇ ਹਨ, ਪਰ ਧਨੀ ਔਗਣਾਂ ਭਰੇ ਹੋਣ ਤਾਂ ਵੀ ਕੋਈ ਨਹੀਂ ਪੁਛਦਾ। (ਸੰਗ੍ਰ)

**ਗ਼ਰੀਬ ਦਾ ਰਬ ਰਾਖਾ।**

**ਭਾਵ** :– ਜਦ ਕਿਸੇ ਗ਼ਰੀਬ ਨੂੰ ਕੋਈ ਹੋਰ ਆਸਰਾ ਨਾ ਹੋਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਤੈਨੂੰ ਕੋਈ ਫ਼ਿਕਰ ਨਹੀਂ ਕਰਨਾ ਚਾਹੀਦਾ, ਆਖ਼ਰ ਸਾਡਾ 'ਗ਼ਰੀਬਾਂ ਦਾ ਵੀ ਕੋਈ ਰੱਬ ਰਾਖਾ ਹੈ'।

(ਬਾਲ ਸੁਨੇਹਾ—ਕਰਨੈਲ ਸਿੰਘ)

**ਗ਼ਰੀਬ ਦੀ ਆਹ, ਲੋਹਾ ਭਸਮ ਹੋ ਜਾ।**

**ਭਾਵ** :— ਗ਼ਰੀਬ ਦੀ ਦਿਲੋਂ ਨਿਕਲੀ ਬਦ ਅਸੀਸ ਨਾਲ ਤਕੜੇ ਤੋਂ ਤਕੜੇ ਆਦਮੀ ਦਾ ਮਾਣ ਵੀ ਟੁਟ ਜਾਂਦਾ ਹੈ।

**ਵਰਤੋਂ** :— ਕਰੀ ਚਲ ਵਧੀਕੀਆਂ, ਜਿੰਨੀਆਂ ਕਰਨੀਆਂ ਹਨ, ਪਰ ਇਕ ਗਲ ਯਾਦ ਰਖੀਂ 'ਗ਼ਰੀਬ ਦੀ ਆਹ, ਲੋਹਾ ਭਸਮ ਹੋ ਜਾ'

(ਸੰਗ੍ਰ)

**ਗ਼ਰੀਬ ਦੀ ਜਵਾਨੀ ਤੇ ਪੋਹ ਦੀ ਚਾਨਣੀ ਐਵੇਂ ਹੀ ਜਾਂਦੀ ਹੈ।**

**ਭਾਵ** :— ਜਦ ਕੋਈ ਚੰਗੀ ਚੀਜ਼ ਬੇ-ਲੋੜੀ ਥਾਂ ਜਾਂ ਸਮੇਂ ਅਜਾਈਂ ਜਾਂਦੀ ਦਿਸੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਹਾਰਾਜ, ਸਾਡੇ ਇਲਾਕੇ ਵਿੱਚ ਤਾਂ ਅੰਬਾਂ ਨੂੰ ਕੋਈ ਪੁਛਦਾ ਹੀ ਨਹੀਂ। ਇਸ ਪਾਸੇ ਤਾਂ ਇਹ 'ਗ਼ਰੀਬ ਦੀ ਜਵਾਨੀ ਤੇ ਪੋਹ ਦੀ ਚਾਨਣੀ' ਵਾਂਗ ਐਵੇਂ ਹੀ ਜਾਂਦੇ ਹਨ। (ਸੰਗ੍ਰ)

**ਗ਼ਰੀਬ ਦੀ ਜੋਰੂ (ਤੀਮੀ) ਜਣੇ ਖਣੇ ਦੀ ਭਾਬੀ।**

**ਭਾਵ** :— ਕਮਜ਼ੋਰ ਜਾਂ ਮਾੜੇ ਬੰਦੇ ਦੀ ਚੀਜ਼ ਨੂੰ ਹਰ ਕੋਈ ਵਰਤਦਾ ਹੈ।

**ਵਰਤੋਂ** :— ਗ਼ਰੀਬ ਹੋਣਾ ਜਾਂ ਕਮਜ਼ੋਰ ਹੋਣਾ ਵਡਾ ਪਾਪ ਹੈ। 'ਗ਼ਰੀਬ ਦੀ ਜੋਰੂ, ਜਣੇ ਖਣੇ ਦੀ ਭਾਬੀ'। ਜਿਸਦਾ ਤ੍ਰਾਣ ਲਗੇ ਓਹੀ ਨਿਤਾਣੇ ਦੀ ਚੀਜ਼ ਵਰਤ ਲੈਂਦਾ ਹੈ। (ਸੰਗ੍ਰ)

**ਗ਼ਰੀਬ ਨੂੰ ਰੱਬ ਦੀ ਮਾਰ।**

**ਭਾਵ** :– ਜਦ ਦੁਖੀਏ ਜਾਂ ਗ਼ਰੀਬ ਉਪਰ ਹੋਰ ਦੁਖ ਆ ਪੈਣ।

**ਵਰਤੋਂ** :— 'ਗ਼ਰੀਬਾਂ ਨੂੰ ਰੱਬ ਦੀ ਮਾਰ'। ਅੱਗੇ ਹੀ ਦੁਖੀ ਸਾਂ, ਉਤੋਂ ਡਾਕੇ ਆਣ ਪਏ। (ਸੰ)

**ਗ਼ਰੀਬੀ ਗਦਾ ਹਮਾਰੀ।**

**ਭਾਵ** :— ਨਿਮਰਤਾ ਹੀ ਸਭ ਤੋਂ ਵਡਾ ਹਥਿਆਰ ਹੈ।

**ਵਰਤੋਂ** :—

ਗ਼ਰੀਬੀ ਗਦਾ ਹਮਾਰੀ।
ਖੰਨਾ ਸਗਲ ਰੇਨੁ ਛਾਰੀ।
ਇਸ ਅਗੈ ਕੋ ਨਾ ਟਿਕੈ ਵਿਕਾਰੀ।

(ਗੁਰੂ ਗ੍ਰੰਥ—ਸੋਰਠ ਰਾਗ)

**ਗ਼ਰੀਬੀ ਬੜੀ ਬੀਬੀ ਹੈ।**

**ਭਾਵ** :- ਜਦ ਗਰੀਬ ਦੀ ਵਡਆਈ ਕਰਨੀ ਹੋਵੇ ਤਦ ਵਰਤਦੇ ਹਨ।

**ਵਰਤੋਂ** :— ਭਈ, 'ਗ਼ਰੀਬੀ ਬੜੀ ਬੀਬੀ ਹੈ'। ਨਾ ਆਏ ਦਾ ਹਿਰਖ, ਨਾ ਗਏ ਦਾ ਸੋਗ। ਬੰਦਾ ਦਿਨ ਬੜੇ ਸੁਖ ਵਿਚ ਕਟਦਾ ਹੈ। (ਸੰਗ੍ਰ)

**ਗ਼ਰੀਬਾਂ ਦਾ ਰੱਬ ਮਰ ਤੇ ਨਹੀਂ ਗਿਆ।**

**ਭਾਵ** :— ਜਦ ਕੋਈ ਗ਼ਰੀਬੀ ਕਰਕੇ ਕਿਸੇ ਗੱਲ ਤੋਂ ਉਦਾਸ ਹੋ ਜਾਵੇ ਤਦ ਉਸ ਨੂੰ ਹੌਂਸਲਾ ਦੇਣ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਆਇਆ ਉਦਾਸ ਹੋ ਕੇ ਬੋਲੀ, "ਚਲ ਛੱਡ ਬੇਬੇ, ਨਹੀਂ ਸੂ ਸਲਾਹ ਤੇ ਕਾਹਨੂੰ ਬੰਨ੍ਹ ਕੇ ਖੀਰ ਖੁਆਨੀ ਏਂ। ਉਹ ਜਾਣੇ 'ਗ਼ਰੀਬਾਂ ਦਾ ਰੱਬ ਮਰ ਤੇ ਨਹੀਂ ਗਿਆ'।"

(ਲਵ ਮੈਰਜ—ਨਾਨਕ ਸਿੰਘ)

**ਗ਼ਰੀਬਾਂ ਨੂੰ ਕਣਕ ਹੀ ਅੰਨ ਏ। ਜਾਂ ਗ਼ਰੀਬਾਂ ਨੂੰ ਕੁਕੜ ਕੜੀ ਹੈ। ਜਾਂ ਗ਼ਰੀਬਾਂ ਨੂੰ ਖੰਡ ਦਾ ਕੜਾਹ ਹੀ ਚੰਗਾ ਏ, ਨਾ ਲੰਘੂ ਤਾਂ ਘਿਉ ਦੇ ਘੁਟ ਨਾਲ ਲੰਘਾ ਲਵਾਂਗੇ।**

**ਭਾਵ** :— ਹਾਸ-ਰਾਸ ਵਿਚ ਵਰਤਦੇ ਹਨ, ਜਦ ਚੰਗੀ ਤੇ ਲੋੜ ਅਨੁਸਾਰ ਚੀਜ਼ ਮਿਲਦੀ ਹੋਵੇ ਤੇ ਉਸਨੂੰ ਮਾਮੂਲੀ ਦਸਿਆ ਜਾਵੇ।

**ਵਰਤੋਂ** :— ਮੁੰਮਾ—ਚੰਗੀ ਭਲੀ ਏ। 'ਗ਼ਰੀਬਾਂ ਨੂੰ ਕਣਕ ਈ ਅੰਨ ਏ'।

(ਕਮਲਾ ਕੁਮਾਰੀ—ਹਰਚਰਨ ਸਿੰਘ)

**ਗ਼ਰੀਬਾਂ ਰਖੇ ਰੋਜ਼ੇ ਦਿਨ ਵਡੇ ਆਏ।**

**ਭਾਵ** :— ਜਦ ਪੁੰਨ ਜਾਂ ਚੰਗਿਆਇਆਂ ਜਾਂ ਭਲੇ ਲਈ ਕੋਈ ਨਿਤਾਣਾ ਪੁਰਸ਼ ਯਤਨ ਕਰੇ, ਤਾਂ ਉਸਨੂੰ ਲੋੜ ਤੋਂ ਵਧੀਕ ਮਿਹਨਤ ਕਰਨੀ ਪਏ।

**ਵਰਤੋਂ** :— ਸਾਰੇ ਮੋਟਰਾਂ ਦੇ ਵਪਾਰ ਵਿਚੋਂ ਖੱਟੀ ਕਰਦੇ ਸਨ। ਅਸੀਂ ਵੀ ਆ ਰਲੇ। ਪਰ 'ਗ਼ਰੀਬਾਂ ਰਖੇ ਰੋਜ਼ੇ ਦਿਨ ਵਡੇ ਆਏ'। ਸਾਡੇ ਵਪਾਰ ਵਿਚ ਪੈਂਦੇ ਹੀ ਸਰਕਾਰ ਨੇ ਮੋਟਰਾਂ ਉਤੇ ਟੈਕਸ ਦੂਣੇ ਕਰ ਦਿਤੇ। (ਸੰਗ੍ਰ)

**ਗੱਲ ਹੋਈ ਪੁਰਾਣੀ, ਬੁਕਲ ਮਾਰ ਬੈਠੀ ਸਿਵਾਣੀ।**

**ਭਾਵ** :— ਕੁਝ ਸਮਾਂ ਬੀਤ ਜਾਣ ਤੇ ਕੋਈ ਕਸੂਰ ਵਾਰ ਸੱਚਾ ਬਣ ਬੈਠੇ।

**ਵਰਤੋਂ** :— ਹੁਣ ਤੂੰ ਜਿਵੇਂ ਜੀ ਆਵੇ ਬਣ ਬਣ ਬਹੁ, ਸਮਾਂ ਜੋ ਕਾਫ਼ੀ ਬੀਤ ਗਿਆ ਹੈ। 'ਗਲ ਹੋਈ ਪੁਰਾਣੀ, ਬੁਕਲ ਮਾਰ ਬੈਠੀ ਸਵਾਣੀ'। ਪਰ ਲੋਕਾਂ ਨੂੰ ਤੇਰੀਆਂ ਕਰਤੂਤਾਂ ਅਜੇ ਭੁਲੀਆਂ ਨਹੀਂ। (ਸੰਗ੍ਰ)

**ਗੱਲ ਕਹਿੰਦੀ ਏ ਤੂੰ ਮੈਨੂੰ ਮੂੰਹੋਂ ਕਢ ਮੈਂ ਤੈਨੂੰ ਸ਼ਹਿਰੋਂ ਕਢਾਂਗੀ।'**

**ਭਾਵ** :— ਇਕ ਵੇਰ ਮੂੰਹੋਂ ਕਢੀ ਹੋਈ ਗੱਲ ਫਿਰ ਛੁਪਾਈ ਨਹੀਂ ਜਾ ਸਕਦੀ।

**ਵਰਤੋਂ** :— 'ਗਲ ਇਹ ਵੇ ਬਾਊ ਜੀ! ਤੁਸੀਂ ਸਿਆਣੇ ਹੋ। 'ਗਲ ਕਹਿੰਦੀ ਏ ਤੂੰ ਮੈਨੂੰ ਮੂੰਹੋਂ ਕਢ ਤੇ ਮੈਂ ਤੈਨੂੰ ਸ਼ਹਿਰੋਂ ਕਢਾਂਗੀ।' ਹੋਰ ਕੋਈ ਹੁੰਦਾ ਤਾਂ ਕਸਮ ਅਲਾ ਪਾਕ ਦੀ, ਮੈਨੂੰ ਕੀ ਲੋੜ ਸੀ। ਜਿਹੀ ਤੁਹਾਡੀ ਇਜ਼ਤ ਤੇਹੀ ਮੇਰੀ।'

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਗਲ ਗਲਾਵਾਂ ਪੈਣਾ।**

**ਭਾਵ** :— ਜ਼ਿਮੇਵਾਰੀ ਸਿਰ ਤੇ ਪੈ ਜਾਣੀ।

**ਵਰਤੋਂ** — ਵਿਆਹ ਹੋਣ ਨਾਲ ਗਲ ਗਲਾਵਾਂ ਤੇ ਪੈ ਹੀ ਜਾਂਦਾ ਹੈ, ਪਰ ਇਸ ਬਿਨਾ ਵੀ ਗੁਜ਼ਾਰਾ ਨਹੀਂ। (ਸੰਗ੍ਰ)

**ਗੱਲ ਤੇ ਹੈ ਝਲ ਵਲੱਲੀ, ਪਰ ਜਿਸ ਲਭੀ ਓਸ ਸੁਖੱਲੀ।**

**ਭਾਵ** :— ਪਹਿਲਾਂ ਕੋਈ ਗੱਲ ਬੇ-ਸਮਝੀ ਕਰਕੇ ਪਾਗਲਾਂ ਵਾਲੀ ਦਿਸੇ ਪਰ, ਸੂਝ ਹੋਣ ਤੇ ਠੀਕ ਸਮਝ ਆਉਣ ਲੱਗ ਪਵੇ ਤੇ ਵਧੀਆ ਦਿਸੇ।

**ਵਰਤੋਂ** :— ਇਕ ਵਾਰੀ ਜਲਣ ਆਪਣੀ ਪੈਲੀ ਵਿਚ ਕੰਮ ਕਰ ਰਿਹਾ ਸੀ ਤੇ ਕਿਸੇ ਨੇ ਆ ਕੇ ਛੇੜਿਆ : "ਜਲਣ ਰੱਬ ਦੇ ਮਿਲਣ ਦੀ ਗਲ ਬੜੀ ਔਖੀ ਹੈ।"

ਬੋਲੇ : "ਗਲ ਤੇ ਹੈ ਝੱਲ ਵਲੱਲੀ, ਪਰ ਜਿਸ ਲਭੀ ਓਸ ਸੁਖੱਲੀ।"

(ਹੰਸ ਚੋਗ—ਬਾਵਾ ਬੁਧ ਸਿੰਘ)

**ਗੱਲ ਦਾ ਗਲੈਣ ਬਣਾਉਣਾ।** ਵੇਖੋ : ਰੂਈ ਦੀ ਰੂਈ ਬਨਾਉਣੀ।

**ਭਾਵ** :— ਨਿਕੀ ਜਿਹੀ ਗਲ ਨੂੰ ਵੱਡਾ ਬਨਾਉਣਾ।

**ਵਰਤੋਂ** :— ਤੂੰ ਐਵੇਂ ਚਿੰਤਾ ਨਾ ਕਰ, ਗਲ ਦਾ ਗਲੈਣ ਬਨਾਉਣਾ ਉਹਦੀ ਆਦਤ ਹੈ। (ਸੰ)

**ਗੱਲ ਨਾਲ ਗੱਲ ਕਰੀਏ ।**

**ਭਾਵ** :— ਜਵਾਬ ਠੋਕ ਵਜਾ ਕੇ ਦੇਣਾ ਜਾਂ ਹਾਂ ਹੂੰ ਕਰਨੀ ।

**ਵਰਤੋਂ** :— ਮੈਂ ਕਿਸੇ ਦੀ ਨਿੰਦਾ ਨਹੀਂ ਕੀਤੀ । ਪਰ ਕੋਈ ਗਲ ਕਰੇ ਤਾਂ 'ਗਲ ਨਾਲ ਗਲ' ਤੇ ਕਰਨੀ ਹੀ ਪੈਂਦੀ ਹੈ । (ਸੰ)

**ਗੱਲ ਨਾਲ ਗੱਲ ਕਰੀਏ ਤੇ ਵਲ ਨਾਲ ਨੱਕ ਵਢੀਏ ।**

**ਭਾਵ** :— ਵਿਖਾਵੇ ਮਾਤਰ ਗੱਲ ਕਰੀਏ, ਪਰ ਉਂਜ ਵਿਚੋਂ ਉਹ ਬੜੀ ਸਾੜਵੀਂ ਤੇ ਤਾਹਨਿਆਂ ਭਰੀ ਹੋਵੇ ।

**ਵਰਤੋਂ** :— ਏਡਾ ਸਿਆਣਾ ਬਿਆਣਾ ਹੋ ਕੇ ਮੈ ਕਹਿਨਾਂ, ਤੇਰੀ ਅਕਲ ਨੂੰ ਹੋ ਕੀ ਗਿਆ ਏ ? ਸਿਆਣੇ ਕਹਿੰਦੇ ਹੁੰਦੇ ਨੇ : 'ਗੱਲ ਨਾਲ ਗੱਲ ਕਰੀਏ ਤੇ ਵਲ ਨਾਲ ਨੱਕ ਵਢੀਏ' ।

(ਟੁੱਟੀ ਵੀਣਾ—ਨਾਨਕ ਸਿੰਘ)

**ਗਲ ਪਈ ਸਲਾਹੀਂ ਉਹ ਭੀ ਗਈ,**
**ਰੰਨ ਗਈ ਵਿਆਹੀ ਉਹ ਭੀ ਗਈ ।**
**ਘਰ ਘਰ ਫਿਰਦੀ ਨੂੰਹ ਗਈ,**
**ਤੇ ਬਹੁਤੇ ਹਾਸਿਓਂ ਧੀ ਗਈ ।**

**ਭਾਵ** :— ਬਹੁਤੀ ਵਿਚਾਰ, ਲਾਡ ਜਾਂ ਖੁਲ੍ਹ ਕੰਮ ਵਿਗਾੜ ਦੇਂਦੀ ਹੈ ।

**ਵਰਤੋਂ** :— ਨੂੰਹ ਨੂੰ ਘਰ ਬਿਠਾਇਆ ਕਰ, ਘਰੋ ਘਰ ਫਿਰਨਾ ਚੰਗਾ ਨਹੀਂ । ਸਿਆਣਿਆਂ ਦਾ ਅਖਾਣ ਹੈ 'ਗਲ ਪਈ ਸਲਾਹੀਂ ਉਹ ਭੀ ਗਈ, ਰੰਨ ਗਈ ਵਿਆਹੀ ਉਹ ਭੀ ਗਈ, ਘਰ ਘਰ ਫਿਰਦੀ ਨੂੰਹ ਗਈ ਤੇ ਬਹੁਤੇ ਹਾਸਿਉਂ ਧੀ ਗਈ ।''

(ਸੰਗ੍ਰ)

**ਗਲ ਪਿਆ ਢੋਲ ਵਜਾਉਣਾ ਈ ਪੈਂਦਾ ਏ ।**

**ਭਾਵ** :— ਮਜਬੂਰੀ ਦੇ ਭਾਰ ਹੇਠ ਕੋਈ ਕੰਮ ਕਰਨਾ ।

**ਵਰਤੋਂ** :— ਕਿਉਂ ? ਇਤਨੇ ਬੇਜ਼ਾਰ ਹੋ ਗਏ ਹੋ ? ਵੇਖਦੇ ਨਹੀਂ ਕਿਤਨੀ ਸ਼ਾਨਦਾਰ ਨੌਕਰੀ ਹੈ ?''

''ਕੀ ਦਸਾਂ ਡਾਕਟਰ ਜੀ ! ਇਹ ਸਿਰਫ ਗਲ ਪਿਆ ਢੋਲ ਵਜਾਉਣ ਵਾਲੀ ਗਲ ਜੇ ।''

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਗਲ ਲਾਈਏ ਗਿੱਟੇ, ਕੋਈ ਰੋਵੇ ਤੇ ਕੋਈ ਪਿੱਟੇ ।**

**ਭਾਵ** :— ਦਿਖਾਵੇ ਮਾਤਰ ਤਾਂ ਬੜੀ ਮਿੱਠੀ ਗਲ ਕੀਤੀ ਜਾਵੇ, ਪਰ ਉਂਜ ਉਹ ਬੜੀ ਸਾੜਵੀਂ ਤੇ ਤਾਹਨਿਆਂ ਨਾਲ ਭਰੀ ਹੋਵੇ ।

**ਵਰਤੋਂ** :— ਬਾਣੀਆਂ ਦਾ ਸੁਭਾ ਤਾਂ ਤੈਨੂੰ ਪਤਾ ਹੀ ਹੈ 'ਗਲ ਲਾਈਏ ਗਿੱਟੇ, ਕੋਈ ਰੋਵੇ ਤੇ ਕੋਈ ਪਿੱਟੇ' ਵਾਲਾ ਲੇਖਾ ਹੈ ਇਨ੍ਹਾਂ ਦਾ । (ਸੰ)

**ਗਲ ਵਿੱਚ ਪਲੂ ਤੇ ਮੂੰਹ ਵਿਚ ਘਾਹ ।**

**ਜਾਂ ਗਲ ਵਿਚ ਪਲੂ ਦਸਤ ਪੈਰਾਂ ਤੇ ।**

**ਭਾਵ** :— ਅਤਿਅੰਤ ਨਿਮਰਤਾ ਦਸਣੀ ।

**ਵਰਤੋਂ** :— ਗਲ ਘੱਤ ਪੱਲਾ ਮੂੰਹ ਘਾਹ ਲੈ ਕੇ ਪੈਰੀਂ ਲਗ ਕੇ ਪੀਰ ਮਨਾਈਏ ਨੀ ।

(ਹੀਰ—ਵਾਰਸ ਸ਼ਾਹ)

**ਗੱਲਾਂ ਕਰਾਂ ਗਲ ਨਾਲ, ਨਕ ਵਢਾਂ ਵਲ ਨਾਲ ।**

**ਭਾਵ** :— ਦਿਖਾਵੇ ਮਾਤਰ ਤਾਂ ਬੜੀ ਮਿੱਠੀ ਗਲ ਕੀਤੀ ਜਾਏ, ਪਰ ਉਂਜ ਉਹ ਬੜੀ ਸਾੜਵੀਂ ਹੋਏ ।

**ਵਰਤੋਂ** :— ਏਡਾ ਸਿਆਣਾ ਬਿਆਣਾ ਹੋ ਕੇ ਮੈਂ ਕਹਿਨਾਂ, ਤੇਰੀ ਅਕਲ ਨੂੰ ਹੋ ਕੀ ਗਿਆ ਏ । ਸਿਆਣੇ ਕਹਿੰਦੇ ਹੁੰਦੇ ਨੇ 'ਗਲ ਨਾਲ ਗਲ ਕਰੀਏ ਤੇ ਵਲ ਨਾਲ ਨਕ ਵਢੀਏ' ।

(ਟੁੱਟੀ ਵੀਣਾ—ਨਾਨਕ ਸਿੰਘ)

**ਗੱਲਾਂ ਦਾ ਗਲਾਧੜੀ । ਜਾਂ ਗੱਲਾਂ ਦੀ ਗਲਾਧੜ ਤੇ ਟਕੇ ਦਾ ਮਣ ।**

**ਭਾਵ** :— ਬਹੁਤੀਆਂ ਗੱਪਾਂ ਮਾਰਨੀਆਂ ਤੇ ਵਿਚੋਂ ਗਲ ਕੁਝ ਵੀ ਨਾ ਹੋਣੀ ।

**ਵਰਤੋਂ** :— ਮੈਂ ਤਾਂ ਤੁਸਾਨੂੰ ਬੜਾ ਗੰਭੀਰ ਪੁਰਸ਼ ਸਮਝਦਾ ਸਾਂ, ਪਰ ਹੁਣ ਪਤਾ ਲਗਾ ਕਿ ਤੁਸੀਂ ਤਾਂ ਨਿਰੇ ਗੱਲਾਂ ਦੇ ਗਲਾਧੜੀ ਹੋ। (ਸੰਗ੍ਰ)

**ਗੱਲਾਂ ਵਾਲਾ ਜਿੱਤੇ, ਕੰਮ ਵਾਲਾ ਹਾਰੇ। ਜਾਂ ਗੱਲਾਂ ਦਾ ਖਟਿਆ ਖਾਂਦਾ ਏ।**

**ਭਾਵ** :— ਜਦ ਨਿਕੰਮਾ ਜਿੱਤੇ ਤੇ ਕੰਮ ਵਾਲਾ ਹਾਰੇ ਜਾਂ ਕੋਈ ਗੱਲਾਂ ਮਾਰ ਮਾਰ ਹੀ ਅਪਣਾ ਕੰਮ ਕਢ ਜਾਵੇ।

**ਵਰਤੋਂ** :— ਅੱਜ ਕਲ ਤਾਂ 'ਗੱਲਾਂ ਵਾਲਾ ਜਿੱਤੇ ਤੇ ਕੰਮਾਂ ਵਾਲਾ ਹਾਰੇ', ਵਾਲਾ ਲੇਖਾ ਹੈ। ਲੋਕੀ ਗੱਲਾਂ ਦਾ ਹੀ ਖਟਿਆ ਖਾਂਦੇ ਹਨ। (ਸੰਗ੍ਰ)

**ਗੱਲਾਂ ਵਿਚ ਪੈਂਡਾ ਨਿਬੜ ਜਾਂਦਾ ਹੈ।**

**ਭਾਵ** :— ਚੰਗੀ ਸੰਗਤ ਵਿਚ ਦੁਖ ਨਹੀਂ ਮਹਿਸੂਸ ਹੁੰਦਾ।

**ਵਰਤੋਂ** :— ਅਸੀਂ ਸਤ ਅਠ ਜਣੇ ਹਾਂ। ਰਲ ਕੇ ਜੋ ਵੀ ਕੰਮ ਕੀਤਾ, ਸੂਤ ਬੈਠੇਗਾ। 'ਗੱਲਾਂ ਵਿਚ ਪੈਂਡਾ ਨਿਬੜ ਜਾਂਦਾ ਹੈ।' (ਸੰਗ੍ਰ)

**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ।**

**ਭਾਵ** :— ਗਲੀਂ ਕਥੀਂ ਤਾਂ ਅਸੀਂ ਚੰਗੇ ਹਾਂ, ਪਰ ਆਚਰਨ-ਨਿਤ ਦੀ ਵਰਤੋਂ ਖੋਟੀ ਹੈ।

**ਵਰਤੋਂ** :—

ਗਲੀ ਅਸੀ ਚੰਗੀਆਂ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
(ਗੁਰੂ ਗ੍ਰੰਥ—ਸ੍ਰੀ ਰਾਗ)

**ਗੱਲੀਂ ਗੱਲਾਂ ਤੇ ਦੰਮੀ ਘੋੜੇ।**

**ਭਾਵ** :— ਗੱਪਾਂ ਮਾਰਨ ਨਾਲ ਕੁਝ ਨਹੀ ਬਣਦਾ, ਧਨ (ਜਾਂ ਉਦਮ) ਨਾਲ ਹੀ ਚੀਜ਼ਾਂ ਮਿਲਦੀਆਂ ਹਨ।

**ਵਰਤੋਂ** :— ਕਾਕਾ, ਗਲਾਂ ਨਾਲ ਕਦੀਂ ਕੋਠੇ ਨਹੀਂ ਉਸਰੇ। 'ਗੱਲੀਂ ਗੱਲਾਂ ਤੇ ਦੰਮੀ ਘੋੜੇ'। ਉਦਮ ਨਾਲ ਧਨ ਖਟੋ, ਫਿਰ ਬਾਦਸ਼ਾਹੀਆਂ ਲੁਟੋ। (ਸੰਗ੍ਰ)

**ਗਲੀਂ ਜੋਗੁ ਨ ਹੋਈ।**

**ਭਾਵ** :— ਨਿਰਾ ਗੱਲਾਂ ਕਰਨ ਨਾਲ ਜੋਗੀ ਨਹੀਂ ਹੋ ਜਾਈਦਾ।

**ਵਰਤੋਂ** :—

ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ ॥
(ਗੁਰੂ ਗ੍ਰੰਥ—ਸੂਹੀ ਰਾਗ)

**ਗੱਲੀਂ ਬਾਤੀ ਮੈਂ ਵੱਡੀ, ਕਰਤੂਤੋਂ ਵੱਡੀ ਜਠਾਣੀ।**

**ਭਾਵ** :— ਜਦ ਗੱਪਾਂ ਮਾਰਨ ਨੂੰ ਤਾਂ ਕੋਈ ਅੱਗੇ ਵਧ ਵਧ ਬਹੇ ਪਰ ਜ਼ਿਮੇਵਾਰੀ ਦੇ ਵੇਲੇ ਕੰਮ ਕਿਸੇ ਹੋਰ ਦੇ ਸਿਰ ਸੁਟੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— 'ਗੱਲੀਂ ਬਾਤੀਂ ਮੈਂ ਵਡੀ, ਕਰਤੂਤੋਂ ਵਡੀ ਜਠਾਣੀ'। ਕੰਮ ਵੇਲੇ ਹੋਰ ਕਰਨ, ਵਿਹਲੀਆਂ ਰੋਟੀਆਂ ਤੂੰ ਬਹਿ ਕੇ ਪਾੜ। (ਸੰਗ੍ਰ)

**ਗਲੋਂ ਗਲੇਣ, ਅਗੋਂ ਅਗੇਣ।**

**ਭਾਵ** :— ਨਿਕੀ ਜਿਹੀ ਗਲ ਹੀ ਵਧ ਕੇ ਵਡੀ ਬਣ ਜਾਂਦੀ ਹੈ। ਥੋੜੀ ਗਲ ਨੂੰ ਫੜੋ।

**ਵਰਤੋਂ** :— 'ਗਲੋਂ ਗਲੇਣ, ਅਗੋਂ ਅਗੇਣ' ਗਲ ਵਧ ਜਾਏ ਤਾਂ ਵਧੀ ਹੀ ਜਾਂਦੀ ਹੈ। (ਸੰਗ੍ਰ)

**ਗੜ੍ਹ ਕਾਹਨੂੰ ਬਣਾਉਣੇ ਜੇ ਜਿੱਤਨ ਗੋਲੇ,**
**ਭਠ ਕਾਹਨੂੰ ਬਣਾਉਣੇ ਜੇ ਚਾਰਣ ਛੋਲੇ ?**

**ਭਾਵ** :— ਅਜਿਹਾ ਕੰਮ ਨਾ ਕੀਤਾ ਜਾਏ, ਜੋ ਲਾਭਦਾਇਕ ਨਾ ਹੋਵੇ।

**ਵਰਤੋਂ** :— ਕੰਮ ਓਹੀ ਕਰੀਏ, ਜਿਸ ਤੋਂ ਨਫ਼ਾ ਆਪ ਖਟੀਏ, ਨੌਕਰ ਚਾਕਰ ਹੀ ਨਾ ਹਜ਼ਮ ਕਰ ਜਾਣ ਸਭ ਕੁਝ। 'ਗੜ੍ਹ ਕਾਹਨੂੰ ਬਣਾਉਣੇ ਜੇ ਜਿੱਤਣ ਗੋਲੇ, ਭੱਠ ਕਾਹਨੂੰ ਬਣਾਉਣੇ, ਜੇ ਚਾਰਣ ਛੋਲੇ। (ਸੰਗ੍ਰ)

**ਗਾਈਂ ਮਾਣਕ ਨਿਗਲਿਆ ਪੇਟ ਪਾੜ ਨਾ ਮਾਰੇ ।**

ਭਾਵ :- ਜੇ ਗਊ ਮਾਨਕ ਨਿਗਲ ਜਾਵੇ ਤਦ ਉਸ ਦਾ ਪੇਟ ਪਾੜ ਕੇ ਕੋਈ ਮੋਤੀ ਨਹੀਂ ਕਢ ਸਕਦਾ । ਭਾਵ ਚੰਗਾਂ ਪੁਰਸ਼ ਭੈੜ ਵੀ ਕਰ ਬੈਠੇ, ਤਦ ਉਸਦੇ ਭੈੜ ਨੂੰ ਚਿਤਾਰਨਾ ਚੰਗਾ ਨਹੀਂ ।

ਵਰਤੋਂ :—

ਜੇ ਮਾਂ ਹੋਵੇ ਜਾਵਨੀ ਕਿਉਂ ਪੁਤ ਪਤਾਰੇ ।
ਗਾਈ ਮਾਨਕ ਨਿਗਲਿਆ, ਪੇਟ ਪਾੜ ਨਾ ਮਾਰੇ ।
(ਵਾਰਾਂ—ਭਾਈ ਗੁਰਦਾਸ)

**ਗਾਹਕ ਤੇ ਮੌਤ ਦਾ ਕੋਈ ਵੇਲਾ ਨਹੀਂ ।**

ਭਾਵ :— ਗਾਹਕ ਤੇ ਮੌਤ ਬਿਨਾ ਪਤਾ ਦਿੱਤੇ, ਜਦ ਜੀ ਆਵੇ ਆ ਜਾਂਦੇ ਹਨ ।

ਵਰਤੋਂ :— ਪੰਡਤ—ਟੁਲਦੂ ਸ਼ਾਹ ! ਤੁਸੀਂ ਤਾਂ ਹੱਟੀ ਨਾਲ ਵਿਆਹੇ ਗਏ ਜਾਪਦੇ ਹੋ । ਕਿਸੇ ਵੇਲੇ ਤਾਂ ਘੰਟੇ ਦੋ ਘੰਟਿਆਂ ਲਈ ਬੰਦ ਕਰਕੇ ਅਰਾਮ ਕਰ ਲਿਆ ਕਰੋ ।

ਸ਼ਾਹ—ਪੰਡਤ ਜੀ 'ਗਾਹਕ ਤੇ ਮੌਤ ਦਾ ਕਿਹੜਾ ਵੇਲਾ ਹੈ' ਕਿਸੇ ਵੇਲੇ ਆ ਜਾਵੇ । ਅਰਾਮ ਕਰੀਏ ਤਾਂ ਖਾਈਏ ਕਿਥੋਂ ? (ਸੰ)

**ਗਾਲੜੀ ਗਲ ਕਰੇ, ਸਿਆਣਾ ਕਿਆਸ ਕਰੇ ।** ਵੇਖੋ :— ਇਅਣਾ ਬਾਤ ਕਰੇ, ਸਿਆਣਾ ਕਿਆਸ ਕਰੇ ।

ਭਾਵ :— ਅੰਜਾਣੇ ਵਾਧੂ ਗਪਾਂ ਮਾਰਦੇ ਹਨ ਤੇ ਗਲ ਨੂੰ ਸਮਝਦੇ ਨਹੀਂ ਪਰ ਸਿਆਣੇ ਅਨੁਮਾਨ ਨਾਲ ਹੀ ਬੁਝ ਲੈਂਦੇ ਹਨ ।

ਵਰਤੋਂ :— ਸੋ ਗਲ ਕੀਤੀ ਜੇ, ਪਰ ਟਿਕਾਣੇ ਦੀ ਇਕ ਵੀ ਨਹੀਂ । ਸ਼ਾਹ ਹੁਰਾਂ ਇੱਕੋ ਨੁਕ ਦੀ ਕਰਕੇ ਬੇੜਾ ਪਾਰ ਕਰ ਦਿਤਾ ਹੈ । ਠੀਕ ਹੈ, 'ਗਾਲੜੀ ਗਲ ਕਰੇ, ਸਿਆਣਾ ਕਿਆਸ ਕਰੇ' । (ਸੰਗ੍ਰ)

**ਗਿਆ ਸਮਾਂ ਫਿਰ ਹੱਥ ਨਹੀਂ ਆਉਂਦਾ ।**

ਭਾਵ :- ਵਕਤ ਖੁੰਝ ਜਾਣ ਤੇ ਪਛਤਾਉਣ ਦਾ ਕੀ ਲਾਭ ?

ਵਰਤੋਂ :— ਸੁਭਾਗ ਕੌਰ—ਹੱਛਾ, ਹੁਣ ਜਦ ਤੁਸੀਂ ਘੜੀ ਡਿਠਾ ਕਰੋ ਤਾਂ ਇਸ ਗਲ ਦਾ ਭੀ ਨਾਲ ਖਿਆਲ ਰਖਿਆ ਅਤੇ ਸੋਚਿਆ ਕਰੋ ਕਿ 'ਗਿਆ ਸਮਾਂ ਫਿਰ ਹੱਥ ਨਹੀਂ ਆਉਂਦਾ' । ਆਪਣੇ ਸਮੇਂ ਨੂੰ ਚੰਗੇ ਕੰਮਾਂ ਵਿਚ ਲਾਉ, ਜਿਸ ਕਰਕੇ ਤੁਹਾਡਾ ਲੋਕ ਪ੍ਰਲੋਕ ਵਿਚ ਭਲਾ ਹੋਵੇ ।

(ਸੁਭਾਗ ਕੌਰ—ਮੋਹਨ ਸਿੰਘ ਵੈਦ)

**ਗਿਆ ਨਮਾਜ਼ ਬਖਸ਼ਾਣ, ਰੋਜ਼ੇ ਗਲੇ ਪਏ ।**

ਭਾਵ :— ਕੰਮ ਤਾਂ ਕਰੇ ਲਾਭ ਲਈ ਪਰ ਉਲਟਾ ਘਾਟਾ ਪੈ ਜਾਵੇ । ਜਾਂ ਥੋੜੇ ਦੁਖ ਤੋਂ ਬਚਦਾ ਬਚਦਾ ਵਧੀਕ ਦੁਖ ਵਿੱਚ ਜਾ ਪਵੇ ।

ਵਰਤੋਂ :— 'ਗਏ ਸਾਂ ਨਮਾਜ਼ ਬਖਸ਼ਾਣ, ਰੋਜ਼ੇ ਗਲੇ ਪਏ' । ਸ਼ਾਹਾਂ ਨੂੰ ਆਖਿਆ ਸੀ ਪਈ ਹੱਥ ਤੰਗ ਹੈ, ਕੁਝ ਮਦਦ ਕਰੋ । ਉਨ੍ਹਾਂ ਪਿਛਲਾ ਲਹਿਣਾ ਆਣ ਮੰਗਿਆ । (ਸੰ)

**ਗਿਆ ਮਾਲ ਜੋ ਖਾਧਾ ਨੰਗਾ ।**

ਭਾਵ :— ਅਜੇਹੇ ਪਾਸੋਂ ਰਕਮ ਵਸੂਲ ਕਰਨ ਦੀ ਆਸ ਰਖਣੀ ਜਿਸਦੇ ਹਥ ਪਲੇ ਕੁਝ ਨਾ ਹੋਵੇ ।

ਵਰਤੋਂ :— ਜਦੋਂ ਨਵਾਬ ਖਾਨ ਹੋਰਾਂ ਕੰਡ ਵਿਖਾਈ, ਤਾਂ ਨਾਲੇ ਤੁਸਾਂ ਤਕਲੇ ਕਢਣੇ ਨੇ ਨਾਲੇ ਆਖਣਾ ਏ, 'ਮੈਨੂੰ ਕੋਈ ਇਕ ਹਜ਼ਾਰ ਰੁਪਯਾ ਹੀ ਲੈ ਦੇਵੇਂ,ਤਾਂ ਮੈਂ ਉਹਦੀ ਕੀਤੀ ਕਦੇ ਨਹੀਂ ਲਾਹ ਸਕਾਂਗਾ ।' ਆਖਦੇ ਹੁੰਦੇ ਨੇ 'ਗਿਆ ਮਾਲ ਜੋ ਖਾਧਾ ਨੰਗਾ' ।

(ਨਵਾਬ ਖਾਨ—ਪ੍ਰਿੰ: ਜੋਧ ਸਿੰਘ)

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ ।**

ਭਾਵ :— ਮਨ ਗਿਆਨ ਬਿਨ ਕਾਬੂ ਨਹੀਂ ਰਹਿੰਦਾ, ਤੇ ਗਿਆਨ ਗੁਰੂ ਬਿਨਾ ਨਹੀਂ ਹੁੰਦਾ ।

**ਵਰਤੋਂ :—**

"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ ॥" (ਗੁਰੂ ਗ੍ਰੰਥ—ਆਸਾ ਦੀ ਵਾਰ)

**ਗਿੜੀ ਗਿੜੀ ਲੁੰਬੜੀ ਰਵਾਹੀਂ ਵਲੀਆਂ।**

**ਭਾਵ :—** ਜਦ ਕੋਈ ਨਿਤ ਦਾ ਗਿੜਾ ਹੋਇਆ ਆਪਣੀ ਆਦਤ ਤੋਂ ਨ ਮੁੜੇ।

**ਵਰਤੋਂ :—** ਧੀ—ਮਾਂ ਜੀ! ਕੁਝ ਵੀ ਕਰੋ ਭਾਬੋ ਦਾ ਤਾਂ ਇਹੀ ਹਾਲ ਰਹਿੰਦਾ ਜੇ। ਅਖੇ 'ਗਿੜੀ ਗਿੜੀ ਲੁੰਬੜੀ ਰਵਾਹੀਂ ਫਲੀਆਂ'। (ਸੰ)

**ਗਿਣਵੀਆਂ ਹਡੀਆਂ ਤੇ ਮਿਣਵਾਂ ਸ਼ੋਰਬਾ।**

**ਭਾਵ :—** ਬਹੁਤ ਥੋੜੀ ਚੀਜ਼ ਲਈ ਵਰਤਦੇ ਹਨ।

**ਵਰਤੋਂ :—** ਅੱਗੇ ਹੀ ਚੀਜ਼ ਥੋੜੀ ਹੈ। ਇਸ ਦੀਆਂ ਵੰਡੀਆਂ ਕੀ ਪਾਵਾਂ? 'ਗਿਣਵੀਆਂ ਹਡੀਆਂ ਤੇ ਮਿਣਵਾਂ ਸ਼ੋਰਬਾ' ਵਾਲਾ ਲੇਖਾ ਹੈ। (ਸੰਗ੍ਰ)

**ਗਿਦੱੜ ਦਾਖ ਨ ਅਪੜੇ, ਆਖੈ ਥੂ ਕਉੜੀ।**

**ਭਾਵ :—** ਜਿਸ ਚੀਜ਼ ਨੂੰ ਲੈਣਾ ਚਾਹੋ, ਉਹ ਮਿਲ ਤਾਂ ਸਕੇ ਨਾ, ਪਰ ਦੋਸ਼ ਚੀਜ਼ ਦੇ ਸਿਰ ਥਪਣਾ, ਕਿ ਹੈ ਹੀ ਮੰਦੀ।

**ਵਰਤੋਂ :—**

"ਗਿੱਦੜ ਦਾਖ ਨ ਅਪੜੈ ਆਖੈ ਥੂ ਕਉੜੀ।
ਨਚਣ ਨਚ ਨ ਜਾਣਈ ਆਖੈ ਭੁਇ ਸੋੜੀ।
(ਵਾਰਾਂ—ਭਾਈ ਗੁਰਦਾਸ)

**ਗਿਦੜਾਂ ਗੂੰਹ ਚਾਹੀਦਾ ਹੈ, ਯਾਰ ਪਹਾੜੀਂ ਹਗਦੇ ਨੇ।**

**ਭਾਵ :—** ਕਿਸੇ ਮਾਮੂਲੀ ਆਦਮੀ ਪਾਸੋਂ ਲੋੜ ਵੇਲੇ ਕਿਸੇ ਮਮੂਲੀ ਚੀਜ਼ ਦੀ ਮੰਗ ਕੀਤੀ ਜਾਵੇ ਪਰ ਉਹ ਅਗੋਂ ਬੜੇ ਨਖ਼ਰੇ ਕਰੇ।

**ਵਰਤੋਂ :—** ਕੌਣ ਕਿਸੇ ਪਾਸ ਆਉਂਦਾ ਹੈ, ਲਾਲਾ ਜੀ, ਬਿਨਾ ਲੋੜ ਦੇ। ਨਿਗੂਣੀ ਜਿਹੀ ਮੰਗ ਸੀ ਸਾਡੀ। ਪਰ ਤੁਸੀਂ ਤਾਂ ਓਹੀ ਗਲ ਕੀਤੀ, ਅਖੇ 'ਗਿਦੜਾ ਗੂੰਹ ਚਾਹੀਦਾ ਹੈ, ਉਸ ਆਖਿਆ ਯਾਰ ਪਹਾੜੀ ਹਗਦੇ ਨੇ'। ਬੜਾ ਰੁਖਾ ਤੇ ਨਖਰੇ ਭਰਿਆ ਉਤਰ ਦੇ ਘਲਿਆ ਜੇ। (ਸੰਗ੍ਰ)

**ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ।**

**ਭਾਵ :—** ਕੁਟੰਬ ਦੇ ਬੰਧਨਾ ਵਿਚ ਕਦੇ ਗ਼ਮੀ ਹੈ ਕਦੇ ਖੁਸ਼ੀ।

**ਵਰਤੋਂ :—**

"ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥"
(ਗੁਰੂ ਗ੍ਰੰਥ—ਸ੍ਰੀ ਰਾਗ)

**ਗਿਰਾਹੀ ਦਾਨ, ਸੂਤ ਉਡਾਣ।**

**ਭਾਵ :—** ਥੋੜ੍ਹੇ ਦਿਤੇ ਦਾਨ ਦਾ ਵੀ ਫਲ ਮਿਲਦਾ ਹੈ।

**ਵਰਤੋਂ :—** ਪੰਡਤ—ਸ਼ਾਹ ਜੀ, ਦਾਨ ਭਾਵੇਂ ਥੋੜਾ ਹੀ ਹੋਵੇ, ਉਸਦਾ ਫਲ ਕਈ ਗੁਣਾ ਮਿਲਦਾ ਹੈ, 'ਗਿਰਾਹੀ ਦਾਨ, ਸੂਤ ਉਤਾਣ'। (ਸੰਗ੍ਰ)

**ਗਿਲਾ ਪੀਹਣ ਨਹੀਂ ਪਾਈਦਾ।**

**ਭਾਵ :—** ਕਿਸੇ ਗਲ ਨੂੰ ਐਵੇਂ ਹੀ ਲਮਕਾਈ ਜਾਣਾ ਤੇ ਮੁਕਣ ਨਾ ਦੇਣਾ।

**ਵਰਤੋਂ :—** ਸ਼ਾਹ 'ਗਿਲਾ ਪੀਹਣ ਨਹੀਂ ਪਾਈਦਾ। ਵਿਚੋਂ ਝਗੜਾ ਨਿਬੇੜਨ ਦਾ ਰਾਹ ਕਢੋ। (ਸੰਗ੍ਰ)

**ਗੁਆਂਢ ਦੀ ਖਰਾਬੀ, ਜਾਣ ਦੀ ਆਜ਼ਾਬੀ।**

**ਭਾਵ :—** ਗੁਆਂਢ ਵਿਚ ਖਰਾਬੀ ਹੋ ਜਾਣ ਨਾਲ ਦੁਖ ਵਧ ਜਾਂਦੇ ਹਨ।

**ਵਰਤੋਂ :—** ਹਜ਼ੂਰ, ਜ਼ਰੂਰ ਵਿਚਾਰ ਕਰਨੀ ਚਾਹੀਏ। 'ਗੁਆਂਢ ਦੀ ਖਰਾਬੀ, ਜਾਨ ਦੀ ਅਜ਼ਾਬੀ'। ਹਰ ਵੇਲੇ ਸੀਖ ਤੇ ਅੜੰਬੀ ਰਖਦੀ ਏ।
(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਗੁਆਢਣ ਦਾ ਰੂਪ ਨਹੀਂ ਆਉਂਦਾ, ਚੱਜ ਤਾਂ ਆ ਜਾਂਦਾ ਹੈ।**

**ਭਾਵ :–** ਖਰਬੂਜ਼ੇ ਪਾਸੋਂ ਖਰਬੂਜ਼ਾ ਰੰਗ ਪਕੜਦਾ ਹੈ।

**ਵਰਤੋਂ :–** ਆਪਣੀ ਮਤ ਘਟ ਸੀ, ਪਰ ਚੰਗੀ ਸੰਗਤ ਨੇ ਚੰਗਾ ਬਣਾ ਦਿੱਤਾ। 'ਗੁਆਂਢਣ ਦਾ ਰੂਪ ਤਾਂ ਨਹੀਂ ਆਉਂਦਾ, ਪਰ ਚਜ ਤਾਂ ਆ ਹੀ ਜਾਂਦਾ ਹੈ'। (ਸੰਗ੍ਰ)

**ਗੁੱਛਾ ਹੋਇ ਧ੍ਰਿਕੋਨਿਆਂ ਕਿਉਂ ਵੜੀਐ ਦਾਖੈ।**

**ਭਾਵ :–** ਝਕੂਨਿਆ ਦੇ ਗੁੱਛੇ ਨੂੰ ਦਾਖ ਦਾ ਗੁੱਛਾ ਨਹੀਂ ਆਖ ਸਕੈਦੇ, ਭਾਵ ਮੰਦੇ ਨੂੰ ਚੰਗਾ ਕੌਣ ਆਖੇ ?

**ਵਰਤੋਂ :–**

ਗੁੱਛਾ ਹੋਇ ਧ੍ਰਿਕੋਨਿਆ ਕਿਉਂ ਵੜੀਐ ਦਾਖੈ।
ਅਕੈ ਕੇਰੀ ਖੱਖੜੀ ਕੋਈ ਅੰਬ ਨ ਆਖੈ।
(ਵਾਰਾਂ—ਭਾਈ ਗੁਰਦਾਸ)

**ਗੁਜਰ ਗੋਰਸ ਵੇਚਕੈ ਖਲ, ਸੂੜੀ ਆਣੈ।**

**ਭਾਵ :–** ਗੁਜਰ ਦੁਧ ਵੇਚ ਕੇ ਖਲ ਤੇ ਛਾਣ-ਬੂਰਾ ਲੈ ਆਉਂਦਾ ਹੈ, ਭਾਵ ਮੂਰਖ ਆਦਮੀ ਚੰਗੀ ਚੀਜ਼ ਹਥੋਂ ਦੇਕੇ ਘਟੀਆ ਲੈ ਆਉਂਦਾ ਹੈ।

**ਵਰਤੋਂ :–**

ਗੁਜਰ ਗੋਰਖ ਵੇਚਕੈ ਖਲੁ ਸੂੜੀ ਆਣੈ ॥
ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ ॥
(ਵਾਰਾਂ—ਭਾਈ ਗੁਰਦਾਸ)

**ਗੁਜਰ ਦੇ ਵਡੇ ਭਰਾ ਨਾ ਹੋਈਏ ਤੇ ਕਰਾੜ ਦੇ ਛੋਟੇ।**

**ਭਾਵ :–** ਗੁਜਰ(ਨੀਵੀਂ ਜ਼ਾਤ) ਆਪਣੇ ਤੋਂ ਵਡੇ ਤੇ ਕਿਰਾੜ (ਉਚੀ ਜ਼ਾਤ) ਆਪਣੇ ਤੋਂ ਛੋਟਿਆਂ ਨੂੰ ਦੁਖ ਦੇਂਦਾ ਹੈ।

**ਵਰਤੋਂ :–** ਕਿਰਾੜਾਂ ਨਾਲ ਮਿਤ੍ਰਤਾ ਦਾ ਕੀ ਅਰਥ ? ਰਤਾ ਓਹਨਾਂ ਤੋਂ ਹੇਠਾਂ ਹੋਈਏ, ਤਾਂ ਜੀਉਣ ਨਹੀਂ ਦੇਂਦੇ। ਸਚ ਆਖਿਆ ਕਿਸੇ ਨੇ ਕਿ 'ਗੁਜਰ ਦੇ ਵਡੇ ਤੇ ਕਿਰਾੜ ਦੇ ਛੋਟੇ ਭਰਾ ਨਾ ਹੋਈਏ'। (ਸੰਗ੍ਰ)

**ਗੁਜਰਾਤ ਮਸ਼ਕਰੀ ਤੇ ਦੌਲਾ ਸ਼ਾਹ ਫ਼ਕੀਰ।**

**ਭਾਵ :–** ਗੁਜਰਾਤੀਆਂ ਦੇ ਹਾਸ-ਰਸ (ਮਸਕਰੀ) ਦੇ ਸੁਭਾ ਬਾਬਤ ਕਿਹਾ ਹੈ।

**ਵਰਤੋਂ :–** ਕਿਹਾ ਜਾ ਸਕਦਾ ਹੈ ਕਿ ਸਾਰੇ ਹਿੰਦ ਵਿਚੋਂ ਸੂਬਾ ਪੰਜਾਬ ਵਧੇਰੇ ਹੱਸਮੁਖ ਹੈ ਤੇ ਸਾਰੇ ਪੰਜਾਬ ਵਿਚੋਂ ਗੁਜਰਾਤ ਸ਼ਹਿਰ ਹਾਸ-ਰਸ ਵਿੱਚ ਬਹੁਤ ਵਧਿਆ ਹੋਇਆ ਹੈ। ਇੱਥੋਂ ਤੀਕ ਕਿ ਗੁਰੂ ਹਰਿ ਗੋਬਿੰਦ ਜੀ ਨੂੰ ਇਹ ਕਹਿਣਾ ਪਿਆ ਕਿ 'ਗੁਜਰਾਤ ਮਸ਼ਕਰੀ ਤੇ ਦੌਲਾ ਸ਼ਾਹ ਫਕੀਰ'।
(ਪੰਜਾਬੀ ਦੇ ਭੌਰੇ—ਸ. ਸ. ਅਮੋਲ)

**ਗੁਣ ਮਹਿ ਗਿਆਨੁ ਪਰਾਪਿਤ ਹੋਇ।**

**ਭਾਵ :–** ਗੁਣਾਂ ਦੇ ਹੋਣ ਕਰਕੇ ਹੀ ਗਿਆਨ ਪ੍ਰਾਪਤ ਹੁੰਦਾ ਹੈ।

**ਵਰਤੋਂ :–**

ਗੁਣ ਵੀਚਾਰੇ ਗਿਆਨੀ ਸੋਇ ॥
'ਗੁਣ ਮਹਿ ਗਿਆਨ ਪਰਾਪਤਿ ਹੋਇ' ॥
(ਗੁਰੂ ਗ੍ਰੰਥ—ਰਾਮ ਕਲੀ ਰਾਗ)

**ਗੁਣ ਵੀਚਾਰੇ ਗਿਆਨੀ ਸੋਇ।**

**ਭਾਵ :–** ਗਿਆਨੀ ਉਹੀ ਹੈ ਜਿਹੜਾ ਗੁਣਾਂ ਦੀ ਵੀਚਾਰ ਕਰਦਾ ਹੈ।

**ਵਰਤੋਂ :–**

"ਗੁਣ ਵੀਚਾਰੇ ਗਿਆਨੀ ਸੋਇ ॥
ਗੁਣ ਮਹਿ ਗਿਆਨੁ ਪਰਾਪਤਿ ਹੋਇ ॥"
(ਗੁਰੂ ਗ੍ਰੰਥ—ਰਾਮ ਕਲੀ ਰਾਗ)

**ਗੁਣਾਂ ਦੀ ਗੁਥਲੀ।**

**ਭਾਵ :–** ਅਤੀ ਗੁਣਵਾਨ।

**ਵਰਤੋਂ :–** ਊਸ਼ਾ ਨੇ ਪਤੀ ਦੀ ਪ੍ਰਸੰਸਾ ਤੋਂ ਪ੍ਰਭਾਵਿਤ ਹੋ ਕੇ ਕਿਹਾ, "ਇਸ ਕੁੜੀ ਨੂੰ ਐਵੇਂ ਨਾ ਸਮਝਣਾ 'ਗੁਣਾਂ ਦੀ ਗੁਥਲੀ ਜੇ।'"
(ਜੀਵਨ ਸੰਗਰਾਮ—ਨਾਨਕ ਸਿੰਘ)

**ਗੁਨਹੀ ਭਰਿਆ ਮੈਂ ਫਿਰਾ ਲੋਕੁ ਕਹੈ ਦਰਵੇਸ਼।**

ਭਾਵ :— ਮੈਂ ਤਾਂ ਔਗਣਾਂ ਨਾਲ ਭਰਪੂਰ ਹਾਂ ਪਰ ਲੋਕੀ ਮੈਨੂੰ ਫਕੀਰ ਆਖਦੇ ਹਨ। ਚੰਗੇ ਪੁਰਸ਼ ਨਿਮ੍ਰਤਾ-ਭਾਵ ਦਸਣ ਵੇਲੇ ਵਰਤਦੇ ਹਨ।

ਵਰਤੋਂ :—

"ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਂਡਾ ਵੇਸੁ ॥
ਗੁਨਹੀ ਭਰਿਆ ਮੈਂ ਫਿਰਾ ਲੋਕ ਕਹੈ ਦਰਵੇਸੁ ॥"
(ਗੁਰੂ ਗ੍ਰੰਥ—ਸ਼ਲੋਕ ਫਰੀਦ ਜੀ)

**ਗੁਪਤ ਖੇਡੇ ਸੋ ਨਾਥ ਕਾ ਚੇਲਾ।**

ਭਾਵ :— ਕਿਸੇ ਗਲ ਨੂੰ ਛੁਪਾ ਕੇ ਰਖਣ ਦੀ ਪ੍ਰੇਰਨਾ ਕਰਨੀ।

ਵਰਤੋਂ :— ਰਾਮ ਸਿੰਘ—ਇਹ ਗਲ ਦਸਣ ਵਾਲੀ ਨਹੀਂ। ਇਸ ਦੇ ਗੁਪਤ ਰਖਣ ਵਿੱਚ ਹੀ ਲਾਭ ਹੈ। 'ਗੁਪਤ ਖੇਡੇ ਸੋ ਨਾਥ ਕਾ ਚੇਲਾ'। (ਸੰਗ੍ਰ)

**ਗੁਰ ਸਮਾਨਿ ਤੀਰਥੁ ਨਹੀ ਕੋਇ।**

ਭਾਵ :— ਕੋਈ ਤੀਰਥ ਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ ਗੁਰੂ ਦੀ ਵਡਿਆਈ ਦਸੀ ਹੈ।

ਵਰਤੋਂ :—

"ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖ ਤਾਸੁ ਗੁਰ ਹੋਇ ॥"
(ਗੁਰੂ ਗ੍ਰੰਥ—ਪ੍ਰਭਾਤੀ ਰਾਗ)

**ਗੁਰ ਗੁਰ ਵਿਦਿਆ, ਸਿਰ ਸਿਰ ਮਿਤਾਂ।**

ਭਾਵ :— ਸਾਰੇ ਇਕੋ ਜਿਹੇ ਦਿਸਦੇ ਹੋਏ ਵੀ ਇਕੋ ਜਿਹੇ ਨਹੀਂ ਹੁੰਦੇ ਜਾਂ ਜਦ ਹਰ ਇਕ ਦੀ ਸਲਾਹ ਆਪੋ ਆਪਣੀ ਹੋਵੇ।

ਵਰਤੋਂ :— ਅਜ ਕਲ੍ਹ 'ਗੁਰ ਗੁਰ ਵਿਦਿਆ, ਸਿਰ ਸਿਰ ਮਿਤਾਂ' ਵਾਲਾ ਲੇਖਾ ਹੈ। ਜਿਸ ਪਾਸ ਜਾਓ ਵਖਰੀ ਹੀ ਠੱਠਲੀ ਵਜਾ ਰਿਹਾ ਹੈ। (ਸੰਗ੍ਰ)

**ਗੁਰ ਜੇਵਡੁ ਦਾਤਾ ਕੋ ਨਹੀਂ, ਜਿਨਿ ਦਿੱਤਾ ਆਤਮ ਦਾਨੁ।**

ਭਾਵ :—ਗੁਰੂ ਵਰਗਾ ਕੋਈ ਦਾਤਾ ਨਹੀਂ ਜਿਸ ਨੇ ਜੀਅ ਦਾਨ ਦਿਤਾ ਹੈ।

ਵਰਤੋਂ :—

"ਜਿਨ ਤੂੰ ਸੇਵਿਆ ਭਾਉ ਕਰਿ
ਸੇਈ ਪੁਰਖ ਸੁਜਾਨ ॥
ਤਿਨਾ ਪਿਛੈ ਛੁਟੀਐ
ਜਿਨ ਅੰਦਰਿ ਨਾਮੁ ਨਿਧਾਨੁ ॥
ਗੁਰ ਜੇਵਡ ਦਾਤਾ ਕੋ ਨਹੀ
ਜਿਨਿ ਦਿਤਾ ਆਤਮ ਦਾਨੁ ।"
(ਗੁਰੂ ਗ੍ਰੰਥ—ਸ੍ਰੀ ਰਾਗ)

**ਗੁਰ ਲਾਗੋ ਚੇਲੇ ਕੀ ਪਾਈ।**

ਭਾਵ :— ਜਦ ਉਲਟੀ ਰੀਤ ਤੁਰ ਪਵੇ ਤੇ ਨੀਵੇਂ ਪੁਰਸ਼ਾਂ (ਚੇਲਿਆਂ) ਪਿਛੇ ਗੁਰੂ (ਉਤਮ ਪੁਰਸ਼) ਦੌੜਦੇ ਫਿਰਨ।

ਵਰਤੋਂ :— ਜਿਉਂ ਜਿਉਂ ਪਾਣੀ ਦੁਰੇਡੇ ਹੁੰਦਾ ਜਾਂਦਾ ਹੈ, ਲੋਕੀ ਹੋਰ ਨਿਕੇ ਮੋਟੇ ਮੰਦਰ ਪਾਣੀ ਦੇ ਕਿਨਾਰੇ ਬਣਾ ਦੇਂਦੇ ਹਨ। ਪਰ ਪਾਣੀ ਹੋਰੀ ਆਉਂਦੇ ਵਰ੍ਹੇ ਮੀਲ ਭਰ ਪਰੇ ਹੀ ਡੇਰੇ ਲਾ ਲੈਂਦੇ ਹਨ। ਮਾਨੋ 'ਚੇਲੇ ਦੇ ਪਿਛੇ ਗੁਰੂ ਹੋਰੀ ਨਸੇ ਜਾਂਦੇ ਹਨ, ਗੁਰ ਲਾਗੋ ਚੇਲੇ ਕੀ ਪਾਈ'।
(ਮੇਰਾ ਵਲੈਤੀ ਸਫਰ ਨਾਮਾ—ਲਾਲ ਸਿੰਘ)

**ਗੁਰ ਵੀਚਾਰੀ ਅਗਨਿ ਨਿਵਾਰੀ ॥**

ਭਾਵ :— ਗੁਰੂ ਦੀ ਦਿੱਤੀ ਸਿਖਿਆ ਦੇ ਵਿਚਾਰ ਨਾਲ ਅੰਦਰ ਦੀ ਅੱਗ (ਕਾਮ, ਕ੍ਰੋਧ ਆਦਿ ਦੀ) ਬੁਝ ਗਈ।

ਵਰਤੋਂ :—

"ਗੁਰ ਵੀਚਾਰੀ ਅਗਨਿ ਨਿਵਾਰੀ ॥
ਅਪਿਉ ਪੀਓ ਆਤਮ ਸੁਖ ਧਾਰੀ ॥"
(ਗੁਰੂ ਗ੍ਰੰਥ—ਰਾਮ ਕਲੀ ਰਾਗ)

**ਗੁਰਦੇਵ ਮਾਤਾ ਗੁਰ ਦੇਵ ਪਿਤਾਗੁਰ ਦੇਵ ਸੁਆਮੀ ਪਰਮੇਸੁਰਾ।**

ਭਾਵ :— ਗੁਰਦੇਵ ਹੀ ਮਾਂ ਪਿਓ, ਮਾਲਕ ਤੇ ਹਰੀ ਹੈ। ਭਾਵ ਸੰਸਾਰੀ ਰਿਸ਼ਤੇ ਕੂੜੇ ਹਨ ਇਕ ਰੱਬ ਦਾ ਰਿਸ਼ਤਾ ਸੱਚਾ ਹੈ।

ਵਰਤੋਂ :—

ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ
ਗੁਰਦੇਵ ਬੰਧਿਪ ਸਹੋਦਰਾ ॥

(ਗੁਰੂ ਗ੍ਰੰਥ—ਗਉੜੀ ਬਾਵਨ ਅਖਰੀ)

**ਗੁਰਮੁਖ ਗਾਡੀ ਰਾਹੁ ਚਲਾਯਾ ।**

ਭਾਵ :— ਰੱਬ ਦੇ ਹੁਕਮ ਵਿੱਚ ਚਲਣ ਦਾ ਸਿੱਧਾਂ ਰਾਹ ਗੁਰਮੁਖਾਂ ਨੇ ਚਲਾ ਲਿਆ ਹੈ । ਭਾਵ ਚੰਗੇ ਪੁਰਸ਼ ਸਦਾ ਵਡਿਆਂ ਦੀ ਬਣੀ ਰੀਤ ਤੇ ਚਲਦੇ ਹਨ ।

ਵਰਤੋਂ :—

ਹੁਕਮ ਰਜ਼ਾਈ ਚਲਣਾ
'ਗੁਰਮੁਖ ਗਾਡੀ ਰਾਹੁ ਚਲਾਯਾ' ।
ਪੂਰੇ ਪੂਰਾ ਥਾਟ ਬਣਾਯਾ ॥

(ਵਾਰਾਂ—ਭਾਈ ਗੁਰਦਾਸ)

**ਗੁਰਮੁਖ ਪਾਰਸ ਪਰਸ ਪਾਰਸ ਹੋਈਐ ।**

ਭਾਵ :— ਸ੍ਰੇਸ਼ਟ ਪੁਰਸ਼ ਨਾਲ ਸੰਗਤ ਕਰਕੇ ਸ੍ਰੇਸ਼ਟ ਹੋਈਦਾ ਹੈ ।

ਵਰਤੋਂ :—

"ਗੁਰਮੁਖ ਪਾਰਸ ਪਰਸ ਪਾਰਸ ਹੋਈਐ ॥
ਗੁਰਮੁਖ ਹੋਇ ਅਪਰਸ ਦਰਸ ਅਲੋਈਐ ॥

(ਵਾਰਾਂ—ਭਾਈ ਗੁਰਦਾਸ)

**ਗੁਰਮੁਖਿ ਬੁਢੇ ਕਦੇ ਨਾਹੀ ।**

ਭਾਵ :— ਧਰਮੀ ਤੇ ਸ੍ਰੇਸ਼ਟ ਪੁਰਸ਼ ਬਢੇ ਜਾਪਦੇ ਹੋਏ ਵੀ ਬੁਢੇ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੀ ਆਤਮਾ ਬਲਵਾਨ ਹੁੰਦੀ ਹੈ ।

ਵਰਤੋਂ :— ਸ਼ਰਾਬੀ ਤੇ ਲੁਚੇ, ਬੁਢਾਪੇ ਵਿੱਚ ਕਮਜ਼ੋਰ, ਨਿਰਬਲ ਤਾਂ ਤਰ੍ਹਾਂ ਦੇ ਰੋਗਾਂ ਵਿਚ ਗ੍ਰਸੇ ਜਾਂਦੇ ਹਨ । ਪਰ ਧਰਮੀਆਂ ਦੀ ਕਾਠੀ ਤਕੜੀ ਤੇ ਚਿਹਰਾ ਲਾਲੀ ਤੇ ਰਹਿੰਦਾ ਹੈ । ਤਦੇ ਸਾਡੇ ਸਤਿਗੁਰਾਂ ਨੇ ਕਿਹਾ ਹੈ : "ਗੁਰਮੁਖਿ ਬੁਢੇ ਕਦੇ ਨਾਹੀ" ਤੂੰ ਉਚ ਘਿਰਾਣੇ ਦੀ ਹੈਂ । ਲੋਕਾਂ ਦੀ ਸਾਰ ਕੀ ਜਾਣੇ ?

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਗੁਰਮੁਖਿ ਲਾਧਾ, ਮਨਮੁਖਿ ਗਵਾਇਆ ।**

ਭਾਵ :— ਗੁਰਮੁਖਾਂ ਸ੍ਰੇਸ਼ਟ ਪੁਰਸ਼ਾਂ ਨੇ ਹਰੀ (ਗੁਣਾਂ ਜਾਂ ਲਾਭਦਾਇਕ ਵਸਤੂ) ਨੂੰ ਪਾਇਆ ਹੈ ਪਰ ਮਨਮੁਖਾਂ ਨੇ ਗਵਾ ਲਿਆ ਹੈ ।

ਵਰਤੋਂ :—

"ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ।"

(ਗੁਰੂ ਗ੍ਰੰਥ—ਆਸਾ ਰਾਗ)

**ਗੁਰੂ ਅੰਗ ਸੰਗ ।**

ਭਾਵ :— ਬਿਪਤਾ ਆ ਬਣੇ ਜਾਂ ਵਿਛੜਨ ਸਮੇਂ ਵਰਤਦੇ ਹਨ ਭਾਵ ਰੱਬ ਰਾਖਾ ।

ਵਰਤੋਂ :— ਸੀਲ ਕੌਰ ਦੇ ਮੂੰਹੋਂ ਸਹਿਜੇ ਜਿਹੇ ਨਿਕਲਿਆ, ਹਾਏ ! ਮੈਂ ਇਕਲੀ ਕੀ ਕਰਾਂਗੀ ? ਬਿਜੈ ਸਿੰਘ ਨੇ ਸਮਝ ਲਿਆ । ਬੁਲ੍ਹਾਂ ਵਿਚੋਂ ਬੋਲਿਆ 'ਗੁਰੂ ਅੰਗ ਸੰਗ, ਗੁਰੂ ਅੰਗ ਸੰਗ' ।

(ਬਿਜੈ ਸਿੰਘ— ਡਾ: ਭਾਈ ਵੀਰ ਸਿੰਘ)

**ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਓ ।**

ਭਾਵ :— ਜਿਹਨਾਂ ਦਾ ਗੁਰੂ ਹੀ ਬੇ ਸਮਝ ਹੈ ਉਸਦੇ ਚੇਲਿਆਂ ਨੂੰ ਕੋਈ ਥਾਂ ਨਹੀਂ ।

ਵਰਤੋਂ :—

"ਗੁਰੂ ਜਿਨ੍ਹਾਂ ਕਾ ਅੰਧੁਲਾ
ਚੇਲੇ ਨਾਹੀ ਠਾਉ ॥
ਬਿਨ ਸਤਿਗੁਰ ਨਾਉ ਨ ਪਾਈਐ
ਬਿਨ ਨਾਵੈ ਕਿਆ ਸੁਆਉ ॥
ਆਇ ਗਇਆ ਪਛੁਤਾਵਣਾ
ਜਿਉ ਸੁੰਞੈ ਘਰ ਕਾਉ ॥

(ਗੁਰੂ ਗ੍ਰੰਥ—ਸ੍ਰੀ ਰਾਗ)

**ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜਪ ।**

ਭਾਵ :— ਜੇ ਮਤ ਦੇਣ ਵਾਲਾ (ਆਗੂ)

ਭੈੜਾ ਹੋਵੇ ਤਾਂ ਮਤ ਲੈਣ ਵਾਲੇ (ਚੇਲੇ) ਤਾਂ ਜ਼ਰੂਰ ਹੀ ਮਾੜੇ ਹੋਣਗੇ । ਸਗੋਂ ਗੁਰੂ ਕੋਲੋਂ ਵਧੀਕ ਚਲਾਕ ਹੋਣਗੇ ।

**ਵਰਤੋਂ** :— ਯਾਰ ! ਗੋਪਾਲ ਸਿੰਘ ਨੇ ਤਾਂ ਆਪਣੇ ਪਿਉ ਨੂੰ ਵੀ ਮਾਤ ਕਰ ਦਿਤਾ ਹੈ । ਕਿਉਂ ਨਾ ਹੋਵੇ 'ਗੁਰੂ ਜਿਨ੍ਹਾਂ ਦੇ ਟਪਣੇ, ਚੇਲੇ ਜਾਣ ਛੜਪ' । ਪਿਉ ਤਾਂ ਨਿਰਾ ਸ਼ਰਾਬੀ ਸੀ, ਮੁੰਡਾ ਰੰਡੀ-ਬਾਜ਼ ਵੀ ਨਿਕਲਿਆ । (ਸੰਗ੍ਰ)

**ਗੁਰੂ ਧਾਰ ਚੁਣਕੇ, ਤੇ ਪਾਣੀ ਪੀ ਪੁਣਕੇ ।**

**ਭਾਵ** :— ਆਗੂ ਤੇ ਭੋਜਨ ਚੁਣਕੇ ਖਾਣਾ ਚਾਹੀਦਾ ਹੈ ।

**ਵਰਤੋਂ** :— ਨੁਕਸਾਨ ਨਾ ਹੁੰਦਾ, ਤਾਂ ਕੀ ਹੁੰਦਾ । ਕਿਹੋ ਜਿਹੇ ਕੁਪੱਤੇ ਆਗੂ ਦੇ ਉਹ ਲੜ ਜਾ ਲਗਾ ਸੀ ? ਸੱਚ ਸਿਆਣਿਆਂ ਆਖਿਆ : 'ਗੁਰੂ ਧਾਰ ਚੁਣ ਕੇ ਤੇ ਪਾਣੀ ਪੀ ਪੁਣ ਕੇ' । (ਸੰਗ੍ਰ)

**ਗੁਰੂ ਬਿਨਾਂ ਗਤ ਨਹੀਂ, ਸ਼ਾਹ ਬਿਨਾਂ ਪਤ ਨਹੀਂ ।**

**ਭਾਵ** :— ਸ਼ਾਹ ਬਿਨਾਂ ਪਤ ਨਹੀਂ ਹੁੰਦੀ ਤੇ ਗੁਰ ਬਿਨਾਂ ਮੁਕਤੀ ਨਹੀਂ ਹੁੰਦੀ ।

**ਵਰਤੋਂ** :— ਹੁੜ ਸਿੰਘ—ਸ਼ਾਹ ਜੀ ! ਰਬ ਤੋਂ ਉਰੇ ਸਾਡੀ ਓਟ ਕੌਣ ਏ । ਇਹ ਵੇਲਾ ਲਜਾ ਰਖਣ ਦਾ ਏ । ਸਿਆਣਿਆਂ ਨੇ ਕਿਹਾ ਏ ਨਾ 'ਗੁਰੂ ਬਿਨਾ ਗਤ ਨਹੀਂ ਤੇ ਸ਼ਾਹ ਬਿਨਾ ਪਤ ਨਹੀਂ' ਹੁਣ ਕੁੜੀ ਦਾ ਭਾਦੋਂ ਦਾ ਵਿਆਹ ਜੇ, ਤੇ ਉਹ ਵੀ ਤੁਹਾਡੀ ਆਪਣੀ ਧੀ ਏ ।

(ਸੁਭਦ੍ਰਾ—ਆਈ. ਸੀ. ਨੰਦਾ)

**ਗੁਲਫੇ ਨੂੰ ਛਡ, ਹਡੀਆਂ ਚਬਣ ਗਲ ਪਵੇ ।**

**ਭਾਵ** :— ਚੰਗੀਆਂ ਚੀਜ਼ਾਂ ਨੂੰ ਛਡਕੇ ਮੰਦੀਆਂ ਖਾਣ ਲਗ ਪੈਣਾ ।

**ਵਰਤੋਂ** :— ਓਏ ਪਾਗਲਾ, ਇਹ ਕੀ ਕੀਤਾ ਈ ? 'ਗੁਲਫੇ ਨੂੰ ਛਡ ਕੇ ਹਡੀਆਂ ਚਬਣ ਲਗ ਪਿਉਂ' । ਪੱਤ ਵਾਲੇ ਕੰਮ ਨੂੰ ਛੱਡ ਕੇ ਕੁਪੱਤੇ ਰਾਹ ਫੜ ਲਏ ਨੀ । (ਸੰਗ੍ਰ)

**ਗੁਲਜ਼ਾਰਾਂ ਦੀਆਂ ਬਹਾਰਾਂ, ਮੌਜਾਂ ਕਰੋ ਹਜ਼ਾਰਾਂ ।**

**ਭਾਵ** :— ਜਦ ਹਰ ਪਾਸੇ ਖੁਸ਼ੀ ਦੀ ਬਹੁਲਤਾ ਹੋਵੇ, ਤਦ ਵਰਤਦੇ ਹਨ ।

**ਵਰਤੋਂ** :— ਦਿਆਲ ਸਿੰਘ ਗੁੜ ਦੀ ਰੋੜੀ ਦਾ ਟੋਟਾ ਭੰਨ ਕੇ ਤੇ ਮੂੰਹ ਵਿਚ ਪਾ ਕੇ ਸਿਰ ਹਿਲਾਂਦਾ ਹੋਇਆ ਆਪ ਮੁਹਾਰਾ ਬੋਲਿਆ 'ਗੁਲਜ਼ਾਰਾਂ ਦੀਆਂ ਬਹਾਰਾਂ ਤੇ ਮੌਜਾਂ ਕਰੋ ਹਜ਼ਾਰਾਂ' ।

(ਚਿੱਟਾ ਲਹੂ—ਨਾਨਕ ਸਿੰਘ)

**ਗੁਲੀ, ਕੁਲੀ, ਜੁਲੀ ਸਾਰੀ ਖਲਕਤ ਭੁਲੀ ।**

**ਭਾਵ** :— ਰੋਟੀ, ਮਕਾਨ ਤੇ ਕਪੜਾ ਸਭ ਲੋਕਾਂ ਦੀ ਲੋੜ ਹਨ ।

**ਵਰਤੋਂ** :— ਅਸੀਂ ਅਮੀਰੀ ਤੇ ਐਸ਼ ਇਸ਼ਰਤ ਨਹੀਂ ਚਾਹੁੰਦੇ । ਪਰ 'ਗੁਲੀ, ਕੁਲੀ ਤੇ ਜੁਲੀ ਤੇ ਚਾਹੀਦੀ ਹੈ । 'ਗੁਲੀ, ਕੁਲੀ, ਜੁਲੀ ਤੇ ਸਾਰੀ ਖਲਕਤ ਭੁਲੀ' । (ਸੰ)

**ਗੁੜ ਖਾਣਾ ਤੇ ਗੁਲਗੁਲਿਆਂ ਤੋਂ ਪਰਹੇਜ਼ ।**

**ਭਾਵ** :— ਇੱਕ ਮਾੜਾ ਕੰਮ ਤਾਂ ਕਰ ਲੈਣਾ ਪਰ ਉਸ ਤੋਂ ਘਟ ਮਾੜਾ ਕੰਮ ਕਰਨ ਤੋਂ ਪਰਹੇਜ਼ ਕਰਨੀ ।

**ਵਰਤੋਂ** :— ਸ਼ਰਾਬ ਨਾਲ ਕਬਾਬ ਹੀ ਸੋਭਦਾ ਏ । ਸ਼ਰਾਬ ਕੀ ਆਖ ਤੇ ਵੈਸ਼ਨੂੰ ਕੀ ਆਖ । 'ਗੁੜ ਖਾਣਾ ਤੇ ਗੁਲਗੁਲਿਆਂ ਤੋਂ ਪ੍ਰਹੇਜ਼ ?

(ਸੰਗ੍ਰ)

**ਗੁੜ ਗਿੱਝੀ ਰੰਨ ਵਿਗੋਏ ਛੱਲੀ ਪੂਣੀ ਹੱਟੀ ਢੋਏ ।**

**ਭਾਵ** :— ਜਦ ਕੋਈ ਟਬਰ ਦਾ ਜੀਅ ਸੁਆਦਾਂ ਦਾ ਪਟਿਆ ਹੱਟੀ ਤੋਂ ਚੀਜ਼ਾਂ ਉਧਾਰ ਲੈਕੇ ਸਭੋ ਕੁਝ ਹਟਵਾਣੀਏ ਨੂੰ ਲੁਟਾਣ ਲਗ ਪਵੇ ਤਦ ਉਸਨੂੰ ਸਮਝਾਉਣ

ਲਈ ਇਹ ਵਰਤਦੇ ਹਨ ।

**ਵਰਤੋਂ** :— ਘਰ ਵਾਲਾ—ਭਲੀਏ ਲੋਕੇ । ਇਹ ਖਰਚੀਲੀਆਂ ਆਦਤਾਂ ਘਰ ਉਜਾੜ ਦੇਣਗੀਆਂ ਤੂੰ ਟੱਬਰਦਾਰ ਏਂ । ਲੁਟੀ ਜਾਏਂਗੀ । 'ਗੁੜ ਗਿਲੀ ਰੰਨ ਵਿਗੋਏ, ਛੱਲੀ ਪੂਣੀ ਹੱਟੀ ਢੋਇ' । ਕੁਝ ਮੇਰੀ ਪਤ ਦਾ ਵੀ ਖਿਆਲ ਕਰ । (ਸੰਗ੍ਰ)

**ਗੁੜ, ਘੀ, ਮੈਦਾ ਤੇਰਾ, ਜਲ ਫੂਕ ਬਸੰਤਰ ਮੇਰਾ ।**

ਭਾਵ :— ਨਫ਼ੇ ਵਿੱਚ ਤਾਂ ਹਿੱਸਾ ਲੈਣਾ ਚਾਹੇ ਪਰ ਮੂਲ ਵਿਚ ਪਾਣ ਤੋਂ ਨਸਣ ਦੀ ਕਰੇ ।

**ਵਰਤੋਂ** :— ਇਹ ਚੰਗੀ ਭਾਈਵਾਲ ਏ । ਕੰਮ ਵੀ ਮੈਂ ਕਰਾਂ, ਧਨ ਵੀ ਮੈਂ ਲਾਵਾਂ ਤੇ ਤੁਸੀਂ ਸੁਕੇ ਉਤੇ ਹਿਸਾ ਉਗਰਾਹੋ । 'ਗੁੜ, ਘੀ, ਮੈਦਾ ਤੇਰਾ, ਜਲ, ਫੂਕ ਬਸੰਤਰ ਮੇਰਾ' । ਇਹ ਭਾਈਵਾਲੀ ਕਿਵੇਂ ਚਲੂ । (ਸੰਗ੍ਰ)

**ਗੁੜ ਦਿਤਿਆਂ ਜੇ ਕੋਈ ਮਰਦਾ ਹੋਵੇ, ਤਾਂ ਉਸਨੂੰ ਮੁਹਰਾ ਕਿਉਂ ਦੇਈਏ ।**

**ਭਾਵ**— ਕਰੜਾਈ ਕੀਤੇ ਬਿਨਾ ਜੇ ਕੰਮ ਨਿਕਲ ਸਕੇ ਤਦ ਕਰੜਾਈ ਕਿਉਂ ਕਰੀਏ ?

**ਵਰਤੋਂ** :—

ਮਿੱਠੇ ਬੋਲ ਸਵਾਰਨ ਕੰਮ ਨੂੰ
ਕੌੜਾ ਮੂਲ ਨ ਕਹੀਏ ।
'ਗੁੜ ਦਿਤਿਆਂ ਜੇ ਮਰਦਾ ਹੋਵੇ
ਫਿਰ ਮੋਹਰਾ ਕਿਉਂ ਦੇਈਏ ।'
(ਜੀਵਨ ਪੰਧ—ਮੁਸਾਫ਼ਰ)

**ਗੁੜ ਨਾਲ ਮੂੰਹ ਮਿੱਠਾ ਹੁੰਦਾ ਹੈ ਤੇ ਨਿੰਮ ਨਾਲ ਕੌੜਾ ।**

**ਭਾਵ**:— ਜਿਹੋ ਜਿਹਾ ਕੋਈ ਕੰਮ ਕਰਦਾ ਹੈ ਓਹੋ ਜਿਹਾ ਲਾਭ ਲੈਂਦਾ ਹੈ ।

**ਵਰਤੋਂ** :— ਭਾਈ ! ਇਹ ਤਾਂ ਤੈਨੂੰ ਪਹਿਲਾਂ ਪਤਾ ਹੋਣਾ ਚਾਹੀਦਾ ਸੀ ਕਿ ਮੰਦੇ ਕੰਮਾਂ ਦਾ ਫਲ ਮੰਦਾ, ਨਾ ਕੁਕਰਮ ਕਰਦਾ ਤਾਂ ਕਿਉਂ ਮੁਸ਼ਕਲਾਂ ਵਿੱਚ ਫਸਦਾ । 'ਗੁੜ ਨਾਲ ਹੀ ਮੂੰਹ ਮਿੱਠਾ ਹੁੰਦਾ ਹੈ ਤੇ ਨਿੰਮ ਨਾਲ ਹੀ ਕੌੜਾ' । (ਸੰਗ੍ਰ)

**ਗੁਝੀ ਭਾਹਿ ਜਲੈ ਸੰਸਾਰਾ ॥**

**ਭਾਵ**:— (ਮਾਇਆ ਦੀ) ਲੁਕਵੀਂ ਅਗ ਨਾਲ ਸਾਰਾ ਸੰਸਾਰ ਸੜ ਰਿਹਾ ਹੈ ।

**ਵਰਤੋਂ** :—

ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨਿ ਇਹੁ ਚਲਤੁ ਦਿਖਾਇਆ ॥
ਗੁਝੀ ਭਾਹਿ ਜਲੈ ਸੰਸਾਰਾ
ਭਗਤ ਨ ਬਿਆਪੈ ਮਾਇਆ ॥
(ਗੁਰੂ ਗ੍ਰੰਥ—ਰਾਗ ਧਨਾਸਰੀ)

**ਗੋਹੜੇ ਵਿਚੋਂ ਪੂਣੀ ਨਹੀਂ ਕਤੀ (ਛੁਹੀ)**

**ਭਾਵ**:— ਜਦੋਂ ਕੰਮ ਦਾ ਬਹੁਤ ਹੀ ਥੋੜਾ ਹਿਸਾ ਖ਼ਤਮ ਹੋਇਆ ਹੋਵੇ ਤਦ ਵਰਤਦੇ ਹਨ ।

**ਵਰਤੋਂ** :— ਨੱਟ—ਪਿਆਰੀ ਕੋਹ ਨ ਚਲੀ ਤੇ ਬਾਬਾ ਤਿਹਾਈ । ਹੁਣੇ ਥਕ ਗਈ ਏਂ । ਅਜੇ ਤਾਂ 'ਗੋਹੜੇ ਵਿਚੋਂ ਪੂਣੀ ਨਹੀਂ ਕਤੀ' । ਤੂੰ ਤਾਂ ਮਲੂਕ ਜ਼ਾਦੀ ਹੋ ਗਈ ਏਂ ।

(ਰਜਨੀ ਨਾਟਕ—ਨਾਨਕ ਸਿੰਘ)

**ਗੋਂਗਲੂਆਂ ਤੋਂ ਮਿਟੀ ਲਾਹੁੰਦਾ ਏ ।**

**ਭਾਵ**:— ਵਾਧੂ ਦਮ ਦਿਲਾਸੇ ਦੇਣੇ ।

**ਵਰਤੋਂ** :—

ਆਪ ਆਉਣ ਦੀ ਨਹੀਂ ਜੇ ਨੀਤ ਓਹਦੀ ।
ਕਾਹਨੂੰ ਗੋਂਗਲੂ ਤੋਂ ਮਿਟੀ ਝਾੜਦਾ ਹੈ ।
ਜੇਕਰ ਅੱਗ ਨੂੰ ਨਹੀਂ ਬੁਝਾਉਣ ਜੋਗਾ,
ਪਾ ਪਾ ਤੇਲ ਕਿਉਂ ਸੜਿਆ ਨੂੰ ਸਾੜਦਾ ਹੈ ।
(ਸੰਗ੍ਰ)

**ਗੋਡਾ ਚਾਇਆ ਤੇ ਸਿੱਖ ਮਿਟਾਇਆ ।**

**ਭਾਵ**:— ਥੋੜੀ ਖੇਚਲ ਤੇ ਹੋਵੇ ਪਰ ਹੋਰ ਨੂੰ ਲਾਭ ਮਿਲ ਜਾਵੇ ।

**ਵਰਤੋਂ** :— ਤੁਸੀਂ ਦਿਲ ਥੋੜਾ ਨਾ ਕਰੋ ਤਾਂ ਥਾਂ ਬਥੇਰੀ ਹੈ । 'ਗੋਡਾ ਚਾਇਆ ਤੇ ਸਿੱਖ ਮਿਟਾਇਆ' ।
(ਸੰ)

**ਗੋਦੜੀ ਵਿੱਚ ਲਾਲ।**

**ਭਾਵ** :—ਜਦ ਗ੍ਰੀਬ ਜਾਂ ਮਾਮੂਲੀ ਘਰ ਜਾਂ ਪਹਿਰਾਵੇ ਵਾਲਾ ਆਦਮੀ ਉਚੇ ਗੁਣਾਂ ਦਾ ਧਾਰਨੀ ਹੋਵੇ।

**ਵਰਤੋਂ** :—'ਗੋਦੜੀ ਵਿਚ ਲਾਲ' ਜੇ ਨਿਰਾ। ਤੂੰ ਉਸ ਦੇ ਬਾਹਰਮੁਖੀ ਪਹਿਰਾਵੇ ਨੂੰ ਨਾ ਵੇਖ, ਉਸ ਦੇ ਗੁਣਾਂ ਨੂੰ ਵੇਖ। (ਸੰ)

**ਗੋਦੀ ਬਾਲ ਢੰਡੋਰਾ ਜਗ।**

**ਭਾਵ** :—ਚੀਜ਼ ਤਾਂ ਪਾਸ ਪਈ ਹੋਵੇ, ਪਰ ਨਾ ਲਭਨ ਦੇ ਕਾਰਨ ਰੌਲਾ ਪਾਈ ਜਾਣਾ।

**ਵਰਤੋਂ** :—ਤੂੰ ਇਹ ਚੰਗੀ ਗਲ ਕੀਤੀ, ਹਫ਼ਤਾ ਹੋ ਗਿਆ ਤੈਨੂੰ ਸ਼ੋਰ ਪਾਉਂਦੇ ਨੂੰ ਪਈ ਕਿਤਾਬ ਗੁੰਮ ਹੋ ਗਈ ਤੇ ਨਿਕਲੀ ਅਜ ਤੇਰੇ ਅਪਣੇ ਦਰਾਜ਼ ਵਿਚੋਂ। ਅਖੇ 'ਗੋਦੀ ਬਾਲ ਢੰਡੋਰਾ ਜਗ'। (ਸੰ)

**ਗੋਰਾ ਸਲਾਹੀਏ ਕਿ ਬੱਗਾ।**

**ਭਾਵ** :— ਅਜੇਹੇ ਬੰਦਿਆਂ ਨਾਲ ਵਾਹ ਪੈ ਜਾਵੇ, ਜਿਨ੍ਹਾ ਵਿਚੋਂ ਕੋਈ ਵੀ ਚੰਗਾ ਨਾ ਹੋਵੇ।

**ਵਰਤੋਂ** :— ਸਾਰੇ ਹੀ ਇਕੋ ਜਿਹੇ ਨੇ। ਪਤਾ ਨਹੀਂ ਲਗਦਾ ਕਿ 'ਗੋਰਾ ਸਲਾਹੀਏ ਕਿ ਬੱਗਾ' (ਸੰ)

**ਗੋਰੀ ਦਾ ਮਾਸ ਚੂੰਢੀਆਂ ਜੋਗਾ।**

**ਭਾਵ**:— ਜਦ ਕਿਸੇ ਚੰਗੀ ਚੀਜ ਨੂੰ ਮੰਦਾ ਦਸਣਾ ਹੋਵੇ। ਹਾਸ ਰਾਸ ਵਿੱਚ ਵੀ ਵਰਤਦੇ ਹਨ।

**ਵਰਤੋਂ** :— ਸਾਨੂੰ ਨਹੀਂ ਲੋੜ ਅਮੀਰੀ ਦੀ। ਗ਼ਰੀਬ ਹਾਂ ਸੁਖੀ ਹਾਂ। ਕੋਈ ਪੁਛਦਾ ਬੁਲਾਂਦਾ ਨਹੀਂ 'ਗੋਰੀ ਦਾ ਮਾਸ ਚੂੰਢੀਆਂ ਜੋਗਾ'। ਅਮੀਰ ਹੁੰਦੇ ਤਾਂ ਲੋਕੀਂ ਮੰਗ ਮੰਗ ਹੀ ਵਿੱਥਾਂ ਪਾ ਦੇਂਦੇ। (ਸੰਗ੍ਰ)

**ਗੋਰੇ ਰੰਗ ਨੂੰ ਦੁਪੱਟਾ ਕਾਲਾ (ਕੁਲਫ਼ੀ) ਸਜਦਾ।**

**ਭਾਵ** :—ਜਦ ਸੁੰਦਰ ਜਾਂ ਸ੍ਰੇਸ਼ਟ ਪੁਰਸ਼ ਵਿਚ ਕੋਈ ਔਗਣ ਪਿਆ ਲਗੇ ਤਦ ਵਰਤਦੇ ਹਨ।

**ਵਰਤੋਂ** :—ਲੋਕੀਂ ਐਵੇਂ ਨਹੀਂ ਕਹਿੰਦੇ ਸੰਤਾਂ ਬਾਰੇ। ਕੋਈ ਗਲ ਹੋਸੀ ਜ਼ਰੂਰ ਵਿਚੋਂ, ਗੋਰੇ ਰੰਗ ਨੂੰ ਦੁਪੱਟਾ ਕਾਲਾ ਹੀ ਸਜਦਾ ਹੈ। (ਸੰ)

**ਗੋਲੀ ਅੰਦਰ ਤੇ ਦਮ ਬਾਹਰ। ਜਾਂ ਗੋਲੀ ਅੰਦਰ ਤੇ ਦਮ ਜਲੰਧਰ।**

**ਭਾਵ**:— ਹਾਸ ਰਾਸ ਵਿੱਚ ਅਜਾਣ ਹਕੀਮ (ਜਾਂ ਆਗੂ) ਲਈ ਵਰਤਦੇ ਹਨ।

**ਵਰਤੋਂ** :— "ਬਸ ਅੱਜ ਸ਼ਾਮ ਨੂੰ ਉਸਨੂੰ ਹਵਲਾਤ ਵਿਚੋਂ ਕਢਕੇ ਤੁਹਾਡੇ ਘਰ ਪਹੁੰਚਾ ਦਿਤਾ ਜਾਏਗਾ। ਪਰ ਵੇਖਣਾ ਕਿ ਉਹ ਪਹਿਲਾਂ ਹੀ ਬਹੁਤ ਬੀਮਾਰ ਹੈ। ਕਿਤੇ ਐਸੀ ਸਖ਼ਤ ਡੋਜ਼ ਨਾ ਦੇ ਦੇਣਾ ਕਿ ਗੋਲੀ ਅੰਦਰ ਤੇ ਦਮ ਬਾਹਰ' ਵਾਲਾ ਮੁਆਮਲਾ ਹੀ ਹੋ ਜਾਏ।

(ਪਿਆਰ ਦੀ ਦੁਨੀਆ—ਨਾਨਕ ਸਿੰਘ)

**ਗੋਲੀ ਕਾਹਦੀ ਤੇ ਗਹਿਣੇ ਕਾਹਦੇ।**

**ਭਾਵ**:— ਹਰ ਮਾਮਲੇ ਵਿੱਚ ਕਿਸੇ ਦਾ ਆਨੁਸਾਰੀ ਹੋਣਾ।

**ਵਰਤੋਂ** :— ਚਲ ਭਾਈ ਸਾਨੂੰ ਕੋਈ ਇਨਕਾਰ ਏ ? ਜਿੱਥੇ ਤੂੰ ਆਖੇਂ ਚਲਨੇ ਆਂ 'ਗੋਲੀ ਕਿਹਦੀ ਤੇ ਗਹਿਣੇ ਕਿਹਦੇ। ਚੌਧਰੀ ਦਾ ਕਹਿਣਾ ਸਿਰ ਮੱਥੇ ਤੇ।

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲ ਦੀਨ)

**ਗੋਲੇ ਹੋ ਕੇ ਕਮਾਈਏ, ਵਿਹਲੇ ਹੋ ਕੇ ਖਾਈਏ**। ਵੇਖੋ ਕਰ ਮਜ਼ੂਰੀ ਤੇ ਖਾਹ ਚੂਰੀ।

ਜਾਂ

**ਗੋਲੇ ਹੋਕੇ ਕਮਾਈਏ, ਮੀਆਂ ਬਣਕੇ ਖਾਈਏ।**

**ਭਾਵ**:— ਖ਼ੂਬ ਮਿਹਨਤ ਕਰੋ ਤੇ ਫਿਰ ਸੁਖੀ ਦਿਨ ਕਟੋ :

**ਵਰਤੋਂ** :—ਦੋਸਤ ਐਵੇਂ ਤਾਂ ਕੁਝ ਨਹੀਂ ਬਣੇਗਾ, ਦਿਲ ਲਾਕੇ ਮਿਹਨਤ ਕਰ ਤੇ ਫੇਰ ਵੇਖ ਮੌਜਾਂ ਹੀ ਮੌਜਾਂ ਹਨ। 'ਗੋਲੇ ਹੋ ਕੇ ਕਮਾਈਏ, ਵਿਹਲੇ ਹੋ ਕੇ ਖਾਈਏ'।

**ਗੌਂ ਕੱਢ ਘੁਮਿਆਰੀਏ ਚਿਤੜ ਥੱਬੂਆ ਲਾ।**

ਵੇਖੋ:— ਕੋਠਾ ਉਸਰਿਆ ਤਰਖਾਣ ਵਿਸਰਿਆ।

**ਭਾਵ:**– ਆਪਣਾ ਕੰਮ ਕਢਣ ਦੀ ਕਰ, ਬਾਕੀ ਖਾਣ ਖਸਮਾਂ ਨੂੰ।

**ਵਰਤੋਂ** :— ਬਹੁਤੀ ਵਿਚਾਰ ਕਰਨ ਦਾ ਸਮਾਂ ਨਹੀਂ, ਕੰਮ ਕਢਣ ਦੀ ਕਰੋ। 'ਗੌਂ ਕਢ ਘੁਮਿਆਰੀਏ ਚਿਤੜ ਥੱਬੂਆ ਲਾ'। (ਸੰ)

**ਗੌਂ ਨਿਕਲੀ, ਅੱਖ ਬਦਲੀ।**

**ਭਾਵ:**– ਗਰਜ਼ ਪੂਰੀ ਹੋ ਜਾਣ ਤੇ ਸਬੰਧ ਤੋੜ ਲੈਣਾ।

**ਵਰਤੋਂ** :— ਹੁਣ ਤੂੰ ਸਾਡੀ ਪਰਵਾਹ ਕੀ ਕਰਦਾ ਏਂ। ਤੇਰਾ ਕੰਮ ਸਿਰੇ ਚੜ੍ਹ ਗਿਆ ਏ। 'ਗੌਂ ਨਿਕਲੀ ਅੱਖ ਬਦਲੀ' ਵਾਲੀ ਗਲ ਝੂਠ ਤਾਂ ਨਹੀਂ। (ਸੰ)

**ਗੌਂ ਭੁਨਾਵੇ ਜੌਂ, ਭਾਵੇਂ ਗਿਲੇ ਹੀ ਹੋਣ।**

**ਭਾਵ:**—ਲੋੜ ਸਮੇਂ ਹਰ ਇੱਕ ਦੀ ਖੁਸ਼ਾਮਦ ਕਰਨੀ ਪੈਂਦੀ ਹੈ।

**ਵਰਤੋਂ** :— 'ਗੌਂ ਭੁਨਾਵੇ ਜੌਂ', ਜਦੋਂ ਗੌਂ ਸੀ ਓਦੋਂ ਅਹਿਮਦਸ਼ਾਹ ਵੀ ਤੇ ਉਹਦੀ ਜ਼ਨਾਨੀ ਵੀ ਜੀਵਾਂ ਦੀਆਂ ਤਲੀਆਂ ਹੇਠਾਂ ਹੱਥ ਧਰਦੇ ਸਨ। ਪਰ ਜਦ ਮਤਲਬ ਨਿਕਲ ਗਿਆ, ਤਾਂ ਤੂੰ ਕੌਣ ਤੇ ਮੈਂ ਕੌਣ। (ਪੰਚ ਪਰਮੇਸ਼ਰ—ਭਾ: ਮੋਹਨ ਸਿੰਘ)

**ਗੰਗਾ ਸੰਗ ਅਪਵਿਤ੍ਰ ਜਲ ਕਰ ਨ ਸਕੈ ਅਪਵਿਤ੍ਰ ਮਿਲਾਈ।**

**ਭਾਵ:**—ਗੰਗਾ ਦੇ ਜਲ ਨੂੰ ਮੋਰੀਆਂ ਦਾ ਪਾਣੀ ਅਪਵਿਤ੍ਰ ਨਹੀਂ ਕਰ ਸਕਦਾ। ਚੰਗੇ ਦਾ ਭੈੜਿਆਂ ਵਿੱਚ ਰਹਿਣਾ ਭੈੜਾ ਨਹੀਂ ਬਣਾ ਸਕਦਾ।

**ਵਰਤੋਂ** :—

ਪਾਰਸ ਅੰਦਰ ਪੱਥਰਾਂ ਅਸ਼ਟਧਾਤ
ਮਿਲ ਵਿਗੜ ਨਾ ਜਾਈ।
ਗੰਗਾ ਸੰਗ ਅਪਵਿਤ੍ਰ ਜਲ
ਕਰ ਨ ਸਕੈ ਅਪਵਿਤ੍ਰ ਮਿਲਾਈ।

(ਵਾਰਾਂ—ਭਾਈ ਗੁਰਦਾਸ)

**ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ।**

**ਭਾਵ** :— ਜਿਹੜਾ ਸਮੇਂ ਅਨੁਸਾਰ ਆਪਣਾ ਵਰਤਾਰਾ ਬਦਲਦਾ ਰਹੇ।

**ਵਰਤੋਂ** :— ਗੁਰਬਚਨ ਸਿੰਘ ਦਾ ਵੀ ਕੋਈ ਇਤਬਾਰ ਹੈ ? 'ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ'। ਜਿਨ੍ਹੇ ਲਾਈ ਗਲੀ, ਓਹਦੇ ਨਾਲ ਉਠ ਚਲੀ। (ਸੰਗ੍ਰ)

**ਗੰਗਾ ਗਈਆਂ ਹਡੀਆਂ ਵੀ ਕਦੀ ਮੁੜੀਆਂ ਹਨ।**

**ਭਾਵ:**—ਕੋਈ ਚੀਜ਼ ਅਜੇਹੀ ਥਾਂ ਚਲੀ ਜਾਵੇ ਜਿਥੋਂ ਮੁੜਨ ਦੀ ਆਸ ਨਾ ਹੋਵੇ।

**ਵਰਤੋਂ** :

ਗੰਗਾ ਗਈਆਂ ਨਾ ਹਡੀਆਂ ਮੁੜਦੀਆਂ ਨੇ
ਗਏ ਵਕਤ ਨੂੰ ਕਿਸੇ ਨਾ ਮੋੜਿਆ ਈ।
ਹਥੋਂ ਛੁਟਕੇ ਤੀਰ ਨਾ ਕਦੀ ਮਿਲਦੇ
ਵਾਰਸ ਛਡਣਾ ਤੇ ਨਹੀਂ ਛੋੜਿਆ ਈ।

(ਹੀਰ-ਵਾਰਸ ਸ਼ਾਹ)

**ਗੰਜਾ, ਕਾਣਾ, ਕਰਕਰਾ, ਛਾਤੀ ਵਾਲ ਨਾ ਹੋ, ਨੀਵੀਂ ਥਾਂ ਬਹਾਲ ਕੇ ਗਿਣੀਏ ਪੂਰਾ ਸੌ।**

**ਭਾਵ:**—ਗੰਜੇ, ਕਾਣੇ, ਨਹੁੰ ਭੁਰੇ ਤੇ ਛਾਤੀ ਉਤੇ ਵਾਲ ਨਾ ਹੋਣ ਵਾਲੇ ਪੁਰਸ਼ਾਂ ਬਾਰੇ ਦਸਿਆ ਹੈ ਕਿ ਇਹ ਭਰੋਸੇ ਯੋਗ ਨਹੀਂ। ਇਨ੍ਹਾਂ ਵਿਚੋਂ ਕਿਸੇ ਇਕ ਪਾਸੋਂ ਨੁਕਸਾਨ ਪੁਜੇ ਤਦ ਵਰਤਦੇ ਹਨ।

**ਵਰਤੋਂ** :— ਬੇਈਮਾਨ, ਕਮੀਨਾ, ਗੰਜਾ, ਵਿਸਾਹਘਾਤ ਕੀਤਾ ਸੂ ਮੇਰੇ ਨਾਲ। ਸੱਚ ਸਿਆਣਿਆਂ ਆਖਿਆ, 'ਗੰਜਾ, ਕਾਣਾ, ਕਰਕਰਾ, ਛਾਤੀ ਵਾਲ ਨਾ ਹੋ। ਨੀਵੀਂ ਥਾਂ ਬਹਾਲ ਕੇ ਗਿਣੀਏਂ ਪੂਰਾ ਸੌ।' (ਸੰਗ੍ਰ)

**ਗੰਜੀ ਗਈ ਪੇਕੇ,ਲੈ ਜੂੰਆਂ ਆਈ ।**

**ਭਾਵ:**—ਜਦ ਨਿਕੰਮਾ ਆਦਮੀ ਚੰਗੀ ਥਾਂ ਤੇ ਜਾਕੇ ਵੀ ਕੁਝ ਨਾ ਖੱਟੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਬੜੀ ਮਦਦ ਕੀਤੀ ਉਹਦੀ, ਪਰ ਏਨਾ ਕੁੰਢ ਨਿਕਲਿਆ ਉਹ, ਕਿ ਆਪਣਾ ਕੁਝ ਨਾ ਬਣਾ ਸਕਿਆ । 'ਗੰਜੀ ਨੂੰ ਪੇਕੇ ਘਲਿਆ ਉਹ ਜੂੰਆਂ ਲੈ ਆਈ' । ਮੈਂ ਕੀ ਕਰਦਾ ? (ਸੰਗ੍ਰ)

**ਗੰਜੇ ਨੂੰ ਰੱਬ ਨਹੁੰ ਨਾ ਦੇਵੇ ।**

**ਭਾਵ:**—ਕਮੀਨੇ ਆਦਮੀ ਨੂੰ ਇਖ਼ਤਿਆਰ ਮਿਲ ਜਾਣ ਤੇ ਉਹ ਸਭ ਨੂੰ ਤੰਗ ਕਰਦਾ ਹੈ ।

**ਵਰਤੋਂ** :— ਜਦੋਂ ਦਾ ਉਹ ਨੰਬਰਦਾਰ ਬਣਿਆ ਹੈ ਕਿਸੇ ਨੂੰ ਫਟਕਣ ਨਹੀਂ ਦਿੰਦਾ । 'ਗੰਜੇ ਨੂੰ ਰਬ ਨਹੁੰ ਨਾ ਦੇਵੇ' । ਸਚ ਆਖਿਆ ਜੇ ਸਿਆਣਿਆਂ ਨੇ । (ਸੰ)

**ਗੰਢ ਦਾ ਪੂਰਾ ਤੇ ਅਕਲ ਦਾ ਊ ਰਾ (ਅੰਨ੍ਹਾ) ।**

**ਭਾਵ:**—ਬੇਵਕੂਫ ਆਦਮੀ ।

**ਵਰਤੋਂ** :— ਤੇਰੇ ਜਹੇ ਗੰਢ ਦੇ ਪੂਰੇ ਤੇ ਅਕਲ ਦੇ ਊਰੇ ਨੂੰ ਸਭ ਜਾਣ ਲੈਂਦੇ ਹਨ । ਤੂੰ ਸਦਾ ਠਗਾਵਾਂ ਸੌਦਾ ਹੀ ਕਰਕੇ ਆਉਂਦਾ ਹੈਂ । (ਸੰਗ੍ਰ)

**ਗੰਢੁ ਪਰੀਤੀ ਮਿਠੇ ਬੋਲ ॥**

**ਭਾਵ:**–ਪਿਆਰ ਦਾ ਮਿੱਠੇ ਬਚਨਾਂ ਨਾਲ ਜੋੜ ਹੈ ।

**ਵਰਤੋਂ** :—

ਕਾਲੁ ਗੰਢੁ ਨਦੀਆ ਮੀਹ ਝੋਲ ॥
ਗੰਢੁ ਪਰੀਤੀ ਮਿਠੇ ਬੋਲ ॥"

(ਗੁਰੂ ਗ੍ਰੰਥ—ਵਾਰ ਮਾਝ)

**ਗੰਢੇਦਿਆਂ ਗਿਆ ਮਾਹ ਤੁੜੰਦਿਆਂ ਹਿਕੁ ਖਿਨੋ ॥**

**ਭਾਵ:**—ਕਿਸੇ ਕੰਮ ਸਵਾਰਨ ਵਿੱਚ ਬੜਾ ਸਮਾਂ ਲਗਦਾ ਹੈ, ਪਰ ਵਿਗਾੜਨ ਨੂੰ ਰਤੀ ਜਿੰਨੀ ਢਿਲ ਨਹੀਂ ਲਗਦੀ ।

**ਵਰਤੋਂ** :—

ਚਲੇ ਚਲਣ-ਹਾਰ ਵਿਚਾਰਾ ਲੇਇ ਮਨੋ
ਗੰਢੇਦਿਆਂ ਛਿਅ ਮਾਹ ਤੁੜੰਦਿਆਂ ਹਿਕ ਖਿਨੋ ।

(ਗੁਰੂ ਗ੍ਰੰਥ—ਆਸਾ ਫਰੀਦ)

**ਗੰਢੋਂ ਖਾਲੀ, ਰੱਬ ਦਾ ਸਵਾਲੀ ।**

ਵੇਖੋ:—ਮੁਕ ਗਏ ਘੜੇ ਚੋਂ ਦਾਣੇ ਤੇ ਬਣ ਗਿਆ ਸਿੰਘ ਸਭੀਆ ।

**ਭਾਵ:**—ਪਲੇ ਕੁਝ ਨਾ ਹੋਵੇ ਤੇ ਫਕੀਰ ਬਣ ਰਹੇ ।

**ਵਰਤੋਂ** :— ਵੇਖਿਆ ਓਇ ਤੂੰ ਵੱਡਾ ਸਾਧ 'ਗੰਢੋਂ ਖ਼ਾਲੀ ਤੇ ਰੱਬ ਦਾ ਸਵਾਲੀ' । ਸਾਧ ਨਾ ਬਣਦਾ ਤਾਂ ਕੀ ਕਰਦਾ । ਘਰ ਕੀ ਸੀ ਤੇਰੇ ਖਾਣ ਨੂੰ ? ਅਖੇ ਮੁਕ ਗਏ ਘੜੇ 'ਚੋਂ ਦਾਣੇ ਤੇ ਬਣ ਗਿਆ ਸਿੰਘ ਸਭੀਆ । (ਸੰ)

**ਗੰਦੀ ਉਂਗਲ ਵਢ ਦੇਣੀ ਹੀ ਚੰਗੀ ਹੈ ।**

**ਭਾਵ:**–ਮਾੜੇ ਪੁਰਸ਼ ਤੋਂ ਸਖ਼ਤੀ ਨਾਲ ਵੀ ਪਲਾ ਛੁਡਾਣਾ ਚੰਗੀ ਗੱਲ ਹੈ ।

**ਵਰਤੋਂ** :— ਦੀਵਾਨ—ਬਾਉਲੀ ਹੋ ਗਈ... ਸਾਰੇ ਟੱਬਰ ਨੂੰ, ਪਿਉ ਦਾਦੇ ਦੀ ਇਜ਼ਤ ਨੂੰ ਤੇ ਇਸ ਮਾਲ ਦੌਲਤ ਨੂੰ ਬਚਾਉਣ ਲਈ ਰਾਮ ਲਾਲ ਨੂੰ ਗੰਦੀ ਉਂਗਲ ਜਾਣਕੇ ਵਢ ਦੇਣਾ ਹੀ ਭਲੀ ਗਲ ਹੈ ।

(ਬਿਜੈ ਸਿੰਘ—ਡਾ. ਭਾਈ ਵੀਰ ਸਿੰਘ)

**ਗੰਨਾ ਤੇ ਗੰਗਾਲ ਹੈ, ਪਰ ਛੱਲਾ ਨਾਲੋ ਨਾਲ ਹੈ ।**

**ਭਾਵ:**—ਜਿਸ ਵਿਚ ਸੁਖ ਹੈ, ਉਸ ਵਿਚ ਦੁਖ ਵੀ ਹੈ ।

**ਵਰਤੋਂ** :— ਗ੍ਰਹਸਤ ਵਿੱਚ ਜਿਥੇ ਸੁਖ ਹੈ, ਉਥੇ ਦੁਖ ਵੀ ਹੋਣਾ ਹੋਇਆ । 'ਗੰਨਾ ਤੇ ਗੰਗਾਲ ਹੈ । ਪਰ ਛੱਲਾ ਨਾਲੋ ਨਾਲ ਹੈ' । (ਸੰਗ੍ਰ)

**ਗੰਵਾਰ (ਜੱਟ) ਗੰਨਾ ਨਾ ਦੇਵੇ ਭੇਲੀ ਦੇਵੇ ।**

**ਭਾਵ:**—ਮੂਰਖ ਥੋੜੀ ਚੀਜ਼ ਦੇਣ ਨੂੰ ਤਾਂ ਨਾਂਹ ਕਰੇ, ਪਰ ਮੌਜ ਜਾਂ ਮੂਰਖਤਾ ਵਿੱਚ ਆ ਕੇ ਬਾਹਲੀ ਦੇ ਦੇਵੇ ।

**ਵਰਤੋਂ** :— ਕੰਜੂਸੀ ਵੀ ਇਕ ਹੱਦ ਤਕ ਹੀ ਚੰਗੀ ਹੁੰਦੀ ਹੈ। ਬਹੁਤੀ ਬੀਮਾਰੀ ਨੂੰ ਲਿਆਉਂਦੀ ਹੈ। ਫਿਰ ਭਰੇ ਘਰ ਹਕੀਮਾਂ ਦਾ। 'ਗੰਵਾਰ ਗੰਨਾ ਨਾ ਦਏ, ਭੇਲੀ ਦੇਵੇ'। ਖਾਣ ਪੀਣ ਵਿੱਚ ਬਚਤ ਕੀਤੀ, ਪਤਨਾਲਾ ਹਕੀਮਾਂ ਦੇ ਵਗਾ ਦਿੱਤਾ। (ਸੰ)

## ਗਾਂ ਨਾ ਵੱਛੀ, ਨੀਂਦ ਆਵੇ ਹੱਛੀ।

**ਭਾਵ:**—ਕਿਸੇ ਨੂੰ ਕੋਈ ਕੰਮ ਕਾਜ ਜਾਂ ਚਿਤਾ ਨਾ ਹੋਵੇ ਤੇ ਖੂਬ ਲੰਮੀਆਂ ਤਾਣ ਕੇ ਸੌਂਵੇਂ।

**ਵਰਤੋਂ** :— ਵਰਿਆਮ—ਸਾਡੇ ਕੋਲੋਂ ਤਾਂ ਫਕੀਰ ਫੁਕਰ ਚੰਗੇ ਨੇ, ਜਿਹੜੇ ਰਾਤ ਨੂੰ ਤਾਂ ਬੇਫ਼ਿਕਰ ਹੋ ਕੇ ਸੌਂਦੇ ਨੇ 'ਗਾਂ ਨਾ ਵਛੀ, ਨੀਂਦ ਆਵੇ ਹੱਛੀ'।
(ਦੂਰ ਦੁਰਾਡੇ ਸ਼ਹਿਰੋਂ – ਹਰਚਰਨ ਸਿੰਘ)

## ਗੂੰਗੇ ਦਾ ਗੁੜ (ਮਠਿਆਈ) ਖਾਣਾ।

**ਭਾਵ:**—ਪਿਆਰੇ ਦੇ ਮੇਲ ਦਾ ਆਨੰਦ ਗੂੰਗੇ ਦੇ ਗੁੜ ਖਾਣ ਬਰੋਬਰ ਹੈ–ਦਸਿਆ ਨਹੀਂ ਜਾਂਦਾ ।

**ਵਰਤੋਂ** :—ਜਦ ਵਸਲ ਵਸਾਲ ਬਨਾਈਏਗਾ,
ਤਦ ਗੁੰਗੀ ਦਾ ਗੁੜ ਖਾਈਏਗਾ।
(ਕਾਫ਼ੀਆਂ—ਬੁਲ੍ਹੇ ਸ਼ਾਹ)

## ਗੂੰਗੀ ਪੇਕਿਉਂ ਗਈ ਨਾ ਗਈ ਇੱਕੋ ਜਿਹੀ।

**ਭਾਵ:**—ਨਿਕੰਮਾ ਬੰਦਾ ਭਾਵੇਂ ਘਰ ਰਹੇ ਤੇ ਭਾਵੇਂ ਬਾਹਿਰ, ਸੁਆਹ ਕੁਝ ਨਹੀਂ ਸਕਦਾ ।

**ਵਰਤੋਂ** :— ਬੈਠ ਰਹੇ ਘਰ ਤੇ ਖਾਏ ਵਿਹਲੀਆਂ ਬਹਿ ਕੇ। ਬਾਹਰ ਜਾਕੇ ਕਿਹੜੀ ਇਸ ਕਮਾਈ ਸਾੜਨੀ ਏਂ। 'ਗੁੰਗੀ ਪੇਕਿਉਂ ਗਈ, ਨ ਗਈ ਇੱਕੋ ਜਿਹੀ' ਹੈ। (ਸੰਗ੍ਰ)

## ਗੂੰਗੇ ਹੱਥ ਸੁਨੇਹਾ ਘਲ ਭਾਵੇਂ ਨਾ ਘਲ।

**ਭਾਵ:**—ਗੂੰਗੇ ਹੱਥ ਸੁਨੇਹਾ ਘਲਣ ਦਾ ਕੀ ਲਾਭ ? ਭਾਵ ਜੋ ਕੰਮ ਕੋਈ ਕਰ ਨਹੀਂ ਸਕਦਾ ਉਸ ਤੋਂ ਕਰਵਾਣ ਦਾ ਕੀ ਗੁਣ ।

**ਵਰਤੋਂ** :— ਅਜੇਹੇ ਅਨਾੜੀ ਕਾਰੀਗਰਾਂ ਨੇ ਕਿਥੋਂ ਵਧੀਆ ਇਮਾਰਤ ਉਸਾਰ ਲੈਣੀ ਸੀ। ਗੂੰਗੇ ਹੱਥ ਸੁਨੇਹਾ ਘਲ ਭਾਵੇਂ ਨਾ ਘਲ'। ਇਸ ਤੋਂ ਤਾਂ ਚੰਗਾ ਸੀ ਕਿ ਧਰਤੀ ਖ਼ਾਲੀ ਪਈ ਰਹਿੰਦੀ।
(ਸੰਗ੍ਰ)

## ਗੂੰਗੇ ਜੀਭ ਨਾ ਉਘੜੇ ਸਭ ਸਬਦ ਸੁਹਾਈ ॥

**ਭਾਵ:**—ਸ਼ਬਦ ਸਭ ਨੂੰ ਸੁਭਾਇਮਾਨ ਕਰ ਰਿਹਾ ਹੈ, ਪਰ ਗੂੰਗੇ ਦੀ ਜੀਭ ਨਹੀਂ ਖੁਲ੍ਹਦੀ।

ਵਾਸ ਨ ਆਵੇ ਗੁਣਗੁਣੈ ਪਰਮਲ ਮਹਕਾਈ ॥
ਗੂੰਗੇ ਜੀਭ ਨਾ ਉਘੜੈ ਸਭ ਸ਼ਬਦ ਸੁਹਾਈ ॥
(ਵਾਰਾਂ—ਭਾਈ ਗੁਰਦਾਸ)

## ਗੂੰਗੇ ਦੀਆਂ ਸੈਨਤਾਂ (ਗੱਲਾਂ) ਜਾਂ ਗੂੰਗਾ ਜਾਣੇ ਜਾਂ ਗੂੰਗੇ ਦੀ ਮਾਂ (ਭੈਣ)।

**ਭਾਵ** :— ਹਮਦਰਦ, ਜਾਂ ਜਾਣਕਾਰ ਪੁਰਸ਼ ਹੀ ਦੁਖੀਆ ਜਾਂ ਆਪਣੇ ਜਿਹਾਂ ਦੀ ਗੱਲ ਸਮਝ ਸਕਦਾ ਹੈ।

**ਵਰਤੋਂ** :— ਤੁਹਾਨੂੰ ਸਾਡੇ ਗ਼ਰੀਬਾਂ ਨਾਲ ਕੀ ਹਮਦਰਦੀ ਹੋ ਸਕਦੀ ਹੈ। ਤੁਸੀਂ ਸਾਡੀਆਂ ਤਕਲੀਫ਼ਾਂ ਅਨੁਭਵ ਹੀ ਨਹੀਂ ਕਰ ਸਕਦੇ। 'ਗੂੰਗੇ ਦੀਆਂ ਸੈਨਤਾਂ ਜਾਂ ਗੂੰਗਾ ਜਾਣੇ ਜਾਂ ਗੂੰਗੇ ਦੀ ਮਾਂ'।
(ਸੰਗ੍ਰ)

## ਗੁੰਡੀ ਰੰਨ ਤੇ ਕੁਪੱਤਾ ਗੁਆਂਢ ਨਾ ਮਰੇ, ਨਾ ਪਿਛੋਂ ਲੱਥੇ।

**ਭਾਵ:**—ਇਹ ਦੋਵੇਂ ਦੁਖ ਦਾ ਕਾਰਨ ਹਨ।

**ਵਰਤੋਂ** :—ਬੜੇ ਭੈੜੇ ਆਦਮੀ ਨਾਲ ਸਦਾ ਦਾ ਵਾਹ ਪੈ ਗਿਆ ਹੈ। ਗਲ ਇਹ ਆ ਬਣੀ ਹੈ ਕਿ ਗੁੰਡੀ ਰੰਨ ਤੇ ਕੁਪੱਤਾ ਗੁਆਂਢ ਨਾ ਮਰੇ ਨਾ ਪਿਛੋਂ ਲੱਥੇ। (ਸੰਗ੍ਰ)

### ਗੂੰਹ ਖਾਧਿਆਂ ਕਾਲ ਨਹੀਂ ਨਿਕਲਦਾ।

**ਭਾਵ**:—ਪਾਪ ਦੀ ਥੋੜੀ ਵਧੀਕ ਕਮਾਈ ਕਰ ਲੈਣ ਨਾਲ ਵੀ ਕੁਝ ਨਹੀਂ ਬਣਦਾ।

**ਵਰਤੋਂ** :—ਟੱਕੇ ਲੈ ਕੀ ਧੀ ਵਿਆਹੁਣ ਨਾਲ ਰੱਜ ਥੋੜਾ ਹੋਣਾ ਸੀ ? ਗੂੰਹ ਖਾਂਦਿਆਂ ਵੀ ਕਦੀ ਕਾਲ ਨਿਕਲਿਆ ਹੈ ? (ਸੰਗ੍ਰ)

## ਘ

### ਘਸੁੰਨ ਨੇੜੇ ਕਿ ਖ਼ੁਦਾ।

**ਭਾਵ**:—ਜਦ ਕੋਈ ਰੱਬ ਤੋਂ ਤਾਂ ਨਾ ਡਰੇ ਪਰ ਡੰਡੇ ਪਾਸੋਂ ਡਰੇ।

**ਵਰਤੋਂ** :—ਇਸ ਲਈ ਘਸੁੰਨ ਨੇੜੇ ਹੈ, ਖ਼ੁਦਾ ਨਹੀਂ। ਜੁਤੀਆਂ ਨਾਲ ਸਿੱਧਾ ਕਰੋ। ਮਿੰਨਤ ਤਰਲੇ ਨਾਲ ਇਸ ਨਹੀਂ ਜੇ ਮੰਨਣਾ। (ਸੰਗ੍ਰ)

### ਘਗਰੀ ਦਾ ਸਾਕ ਅੱਗੇ ਤੇ ਪਗੜੀ ਦਾ ਸਾਕ ਪਿਛੇ।

**ਭਾਵ**:—ਜਦ ਕੋਈ ਆਪਣੇ ਭਰਾਵਾਂ ਦੇ ਮੁਕਾਬਲੇ ਉਤੇ ਜ਼ਨਾਨੀ ਦੇ ਸਾਕ ਨੂੰ ਤਰਜੀਹ ਦੇਵੇ।

**ਵਰਤੋਂ** :—ਇਸ ਵਿੱਚ ਕੀ ਸ਼ੱਕ ਏ ? ਤੂੰ ਸੁਣਿਆ ਹੋਇਆ ਨਹੀਂ ਘਗਰੀ ਦਾ ਸਾਕ ਅੱਗੇ ਤੇ ਪਗੜੀ ਦਾ ਸਾਕ ਪਿਛੇ। ਮੈਂ ਜ਼ਨਾਨੀ ਨੂੰ ਨਰਾਜ਼ ਕਰਕੇ ਭਰਾਵਾਂ ਨਾਲ ਨਹੀਂ ਰਖਣੀ ਚਾਹੁੰਦਾ। (ਸੰਗ੍ਰ)

### ਘਟੀ ਦਾ ਦਾਰੂ ਕੀ ? ਜਾਂ ਘਟੀ ਦਾ ਕੋਈ ਦਾਰੂ ਨਹੀਂ।

**ਭਾਵ**—ਜੀਵਨ ਦੇ ਦਿਨ ਪੂਰੇ ਹੋ ਜਾਣ ਤਾਂ ਕੋਈ ਇਲਾਜ ਨਹੀਂ ਕਾਰੀ ਕਰਦਾ।

**ਵਰਤੋਂ** :—ਬੜੀ ਸੇਵਾ ਕੀਤੀ, ਕਈ ਹਕੀਮ ਤੇ ਡਾਕਟਰ ਵੀ ਸੱਦੇ ਪਰ 'ਘਟੀ ਦਾ ਕੋਈ ਦਾਰੂ ਨਹੀਂ।' ਪਲਾਂ ਵਿੱਚ ਹੀ ਭੌਰ ਉਡਾਰੀ ਮਾਰ ਗਿਆ। (ਸੰਗ੍ਰ)

### ਘਨਿਆਰ ਤਬ ਘਾਹ, ਜਿਸ ਵਲ ਪਿੰਡ ਉਸ ਵਲ ਰਾਹ।

**ਭਾਵ**:—ਜਿਥੇ ਮੀਂਹ ਪੈਣ ਉਥੇ ਘਾਹ ਉਗ ਪੈਂਦਾ ਹੈ, ਜਿਥੇ ਵਸੋਂ ਹੁੰਦੀ ਹੈ ਉਥੇ ਰਾਹ ਵੀ ਹੁੰਦਾ ਹੈ। ਭਾਵ ਕਾਰਨ ਨਾਲ ਕਾਰਜ ਉਪਜ ਪੈਂਦਾ ਹੈ।

**ਵਰਤੋਂ** :—ਜਿੱਥੇ ਰੂਪ ਹੋਵੇਗਾ, ਉਥੇ ਭੌਰੇ ਆਉਣਗੇ 'ਘਨਿਆਰ ਤਬ ਘਾਹ, ਜਿਸ ਵਲ ਪਿੰਡ, ਉਸ ਵਲ ਰਾਹ।' ਸਾਡਾ ਕੀ ਦੋਸ਼ ਹੈ ? (ਸੰਗ੍ਰ)

### ਘਰ ਆਉਣਗੀਆਂ ਰੋਟੀਆਂ, ਭਜੀਆਂ ਆਉਣਗੀਆਂ ਵਹੁਟੀਆਂ।

**ਭਾਵ**:—ਪੈਸੇ ਪਲੇ ਹੋਣ ਤਾਂ ਕਿਸੇ ਚੀਜ਼ ਦਾ ਵੀ ਘਾਟਾ ਨਹੀਂ।

**ਵਰਤੋਂ** :—ਭਰਾ, ਭੈਣਾਂ ਪੁਤਰ ਸਭ ਪੈਸੇ ਦੇ ਸਾਕੇਦਾਰ ਨੇ। ਘਰ ਹੋਣਗੀਆਂ ਰੋਟੀਆਂ ਤਾਂ ਭਜੀਆਂ ਆਉਣਗੀਆਂ ਵਹੁਟੀਆਂ। ਪਲਿਉਂ ਦਾਣੇ ਮੁਕੇ, ਤੇ ਯਾਰ ਹੋਏ ਸੁਕੇ। (ਸੰਗ੍ਰ)

### ਘਰ ਆਏ ਪ੍ਰਾਹੁਣੇ ਗਈ ਗੜੋਂਦੇ (ਬੇਰ) ਖਾਣ।

**ਭਾਵ**:—ਕਿਸੇ ਜ਼ਰੂਰੀ ਕੰਮ ਆ ਪੈਣ ਤੇ ਖਿਸਕ ਜਾਣਾ।

**ਵਰਤੋਂ** :—ਚੰਗਾ ਵਿਆਹ ਰਚਿਆ ਹੋਇਆ ਹੈ ਇਸ ਘਰ ਵਿੱਚ 'ਘਰ ਆਏ ਪ੍ਰਾਹੁਣੇ ਗਈ ਗੜੋਂਦੇ ਖਾਣ।' ਘਰ ਦਾ ਬੰਦਾ ਅੰਦਰ ਇੱਕ ਨਹੀਂ ਦਿਸਦਾ। (ਸੰਗ੍ਰ)

### ਘਰ ਆਏ ਪ੍ਰਾਹੁਣੇ, ਚਾੜ੍ਹ ਬੈਠੀ ਵੜੀਆਂ (ਦਾਲ)।

**ਭਾਵ**:—ਸਮੇਂ ਦੇ ਅਨਕੂਲ ਕੰਮ ਨਾ ਕਰਨਾ ਜਾਂ ਬੇਵੂਕਫੀ ਗਲ ਕਰਨੀ।

**ਵਰਤੋ** :—ਪੁਸ਼ਪਾ ਵਿੱਚ ਇਹੀ ਵੱਡਾ ਔਗੁਣ ਹੈ ਕਿ ਕਦੀ ਵੀ ਕੰਮ ਸਮੇਂ ਦੇ ਅਨਕੂਲ ਨਹੀਂ ਕਰਦੀ। ਉਸਦਾ ਤਾਂ ਇਹ ਹਾਲ ਹੈ ਅਖੇ 'ਘਰ ਆਏ ਪ੍ਰਾਹੁਣੇ ਚਾੜ੍ਹ ਬੈਠੀ ਦਾਲ '। (ਸੰਗ੍ਰ)

**ਘਰ ਆਪਣਾ ਸੰਭਾਲੀਏ, ਚੋਰ ਕਿਸੇ ਨੂੰ ਨਾ ਆਖੀਏ।**

**ਭਾਵ**:—ਆਪਣੀ ਚੀਜ਼ ਦੀ ਆਪ ਹੀ ਸੰਭਾਲ ਕਰਨੀ ਚਾਹੀਦੀ ਹੈ।

**ਵਰਤੋ** :—ਇਹ ਤਾਂ ਠੀਕ ਕਹਿੰਦੀ ਏ ਤੂੰ ਪਈ ਮੁੰਡੇ ਨੂੰ ਓਹਦੇ ਸਾਥੀਆਂ ਨੇ ਵਿਗਾੜਿਆ। ਪਰ 'ਘਰ ਰਖੀਏ ਸੰਭਾਲ ਆਪਣਾ ਤੇ ਚੋਰ ਕਿਸੇ ਨੂੰ ਨਾ ਆਖੀਏ।' ਮੁੰਡਾਂ ਸਾਡੇ ਵਸ ਹੁੰਦਾ ਤਾਂ ਕੀ ਮਜਾਲ ਸੀ ਕਿਸੇ ਬਾਹਰਲੇ ਦੀ ? (ਸੰਗ੍ਰ)

**ਘਰ ਸਭ ਤੋਂ ਉਤਮ, ਭਾਵੇਂ ਪੂਰਬ ਭਾਵੇਂ ਪੱਛਮ।**

**ਭਾਵ**:—ਘਰ ਸਭ ਤੋਂ ਚੰਗੀ ਥਾਂ ਹੈ ਇਸ ਵਰਗਾ ਸੁਖ ਕਿਤੇ ਨਹੀਂ।

**ਵਰਤੋਂ** :— ਮਨ—ਵਰਿਆਮ, ਘਰ ਵਰਗੀ ਕੋਈ ਥਾਂ ਨਹੀਂ। 'ਘਰ ਸਭ ਤੋਂ ਉਤਮ, ਭਾਵੇਂ ਪੂਰਬ ਭਾਵੇਂ ਪੱਛਮ।' ਨਾਲੇ ਸ਼ਹਿਰ ਵਿੱਚ ਤੈਨੂੰ ਕਿਹੜਾ ਕਿਸੇ ਕੁਰਸੀ ਤੇ ਬਿਠਾ ਛਡਣਾ ਏ। ਟੋਕਰੀ ਹੀ ਢੋਣੀ ਪੈਣੀ ਏ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਘਰ ਸੂਤ ਨਾ ਪਤਾਣ, ਜੁਲਾਹਿਆਂ ਦੀ ਟੈਂ ਟੈਂ।**

**ਭਾਵ**:—ਪੱਲੇ ਤਾਂ ਹੋਵੇ ਕੁਝ ਨਾ ਤੇ ਰੌਲਾ ਮੁਫ਼ਤ ਦਾ ਪਾਇਆ ਜਾਵੇ।

**ਵਰਤੋਂ** :—ਛੱਜੂ—ਘਰ ਸੂਤ ਨਾ ਪਤਾਣ, ਜੁਲਾਹਿਆਂ ਦੀ ਟੈਂ ਟੈਂ। ਸ਼ੁਦਾਈਓ ਕੰਮ ਤਾਂ ਪਹਿਲਾਂ ਬਣ ਲੈਣ ਦਿਓ।

(ਕਮਲਾ ਕੁਮਾਰੀ—ਹਰਚਰਨ ਸਿੰਘ)

**ਘਰ ਹੋਵੇ ਵਸਣ ਨੂੰ, ਮਰਦ ਹੋਵੇ ਹੱਸਣ ਨੂੰ।**

**ਭਾਵ**:—ਸਿਰ ਤੇ ਛੱਤ ਤੇ ਨਾਲ ਵਸਣ ਲਈ ਜੀਵਨ ਸਾਥੀ ਦੀ ਲੋੜ ਹਰ ਇਕ ਨੂੰ ਹੁੰਦੀ ਹੈ।

**ਵਰਤੋਂ**:—ਭਾਗਾਂ ਵਾਲੀ ਹੈ ਇਸਤ੍ਰੀ ਸਭ ਕੁਝ ਵਾਹਿਗੁਰੂ ਦਾ ਬਖਸ਼ਿਆ ਬਥੇਰਾ ਹੈ, 'ਘਰ ਹੋਵੇ ਵਸਣ ਨੂੰ ਤੇ ਮਰਦ ਹੋਵੇ ਹਸਣ ਨੂੰ' ਤਾਂ ਹੋਰ ਕੀ ਚਾਹੀਦਾ ਹੈ ? (ਸੰਗ੍ਰ)

**ਘਰ ਕੋਠਾ, ਮਾਲ ਊਠਾ, ਪੁਤਰ ਜੇਠਾ, ਫਲ ਪੇਠਾ।**

**ਭਾਵ**:—ਇਨ੍ਹਾਂ ਚੀਜ਼ਾਂ ਦੀ ਉਸਤਤੀ ਕੀਤੀ ਹੈ।

**ਵਰਤੋਂ** :—ਪਲੇਠੀ ਦਾ ਪੁੱਤਰ ਹੋਵੇ, ਤਾਂ ਛੇਤੀ ਹੀ ਸਾਡੀ ਬਾਂਹ ਆਣ ਬਣਦਾ ਹੈ। ਠੀਕ ਹੀ ਸਿਆਣਿਆਂ ਨੇ ਕਿਹਾ ਹੈ 'ਘਰ ਕੋਠਾ, ਮਾਲ ਊਠਾ, ਪੁੱਤਰ ਜੇਠਾ ਫੱਲ ਪੇਠਾ'। (ਸੰਗ੍ਰ)

**ਘਰ ਖਫਣ ਨਹੀਂ, ਰੀਝਾਂ ਮੌਤ ਦੀਆਂ** ਜਾਂ **ਘਰ ਖਫਣ ਨਹੀਂ, ਮਰਨ ਨੂੰ ਉਤਾਵਲੇ।**

**ਭਾਵ**:—ਆਪਣੀ ਵਿਤ ਤੋਂ ਵਧੀਕ ਉੱਚੀ ਨਿਸਫ਼ਲ ਛਾਲ ਮਾਰਨੀ।

**ਵਰਤੋਂ** : — ਮੀਆਂ--ਓਇ ਨੂਰਿਆ, ਵਿਤ ਅਨੁਸਾਰ ਹੀ ਕੰਮ ਕਰਿਆ ਕਰ੍ਹ ਪਿਛੋਂ ਔਖਾ ਹੋਵੇਂਗਾ। ਤੇਰਾ ਤਾਂ ਇਹ ਹਾਲ ਹੈ ਅਖੇ' ਘਰ ਖਫਣ ਨਹੀਂ ਤੇ ਰੀਝਾਂ ਮੌਤ ਦੀਆਂ।' (ਸੰਗ੍ਰ)

**ਘਰ ਖਾਣ ਨੂੰ ਨਹੀਂ, ਅੰਮਾ ਪੀਹਣ ਗਈ ਏ।** ਵੇਖੋ :—'ਘਰ ਨਹੀਂ ਖਾਣ ਕਾ ਤੇ ਕੁੱਤੇ ਦਾ ਨਾਂ ਮਾਣਕਾ।'

**ਵਰਤੋਂ** :— ਬੱਲੇ ਬੱਲੇ ਬਈ, ਬੱਲੇ ਬੱਲੇ ! "ਘਰ ਖਾਣ ਨੂੰ ਨਹੀਂ ਮਾਂ ਪੀਹਣ ਗਈ ਏ।" ਕਿਸੇ ਹੋਰ ਨੂੰ ਇਹ ਸ਼ੇਖੀ ਵਿਖਾਉ। ਅਸੀਂ ਤੁਹਾਡੇ ਅੰਦਰ ਦੇ ਜਾਣੂੰ ਹਾਂ। (ਸੰਗ੍ਰ)

**ਘਰ ਖੀਰ ਤੇ ਬਾਹਰ ਖੀਰ।**

**ਭਾਵ**:—ਘਰੋਂ ਰੱਜੇ ਪੁੱਜੇ ਹੋਈਏ ਤਾਂ ਬਾਹਰ ਵੀ ਆਦਰ ਹੁੰਦਾ ਹੈ।

**ਵਰਤੋਂ** :—ਘਰ ਖੀਰ ਬਾਹਰ ਵੀ ਖੀਰ। ਘਰ ਕੁਝ ਨਾ ਹੋਵੇ, ਤਾਂ ਬਾਹਰੋਂ ਵੀ ਜੁਤੀਆਂ ਹੀ ਪੈਂਦੀਆਂ ਨੇ। (ਸੰਗ੍ਰ)

### ਘਰ ਘਰ-ਵਾਲੀ ਨਾਲ।

**ਭਾਵ**:—ਘਰ ਇਸਤ੍ਰੀ ਬਿਨਾਂ ਨਹੀਂ ਵਸ ਸਕਦਾ।

**ਵਰਤੋਂ** :— ਘਰ ਘਰ-ਵਾਲੀ ਨਾਲ। ਵਹੁਟੀ ਬਿਨਾਂ ਘਰ ਉਜਾੜ ਹੀ ਹੈ। (ਸੰਗ੍ਰ)

### ਘਰ ਘਰ ਵਿਦਿਆ, ਸਿਰ ਸਿਰ ਗਿਆਨ।

**ਭਾਵ**:—ਜਿਤਨੇ ਪੜ੍ਹੇ ਹੋਏ ਮਨੁਖ ਹੋਣ, ਉਤਨੇ ਹੀ ਵਖੋ ਵੱਖ ਵਿਚਾਰ ਹੁੰਦੇ ਹਨ।

**ਵਰਤੋਂ** :—ਵਿਦਿਆ ਦੇ ਪਰਚਾਰ ਨੇ ਰਾਵਾਂ ਵਿਚ ਵਖੇਵਾਂ ਤਾਂ ਕਰਨਾ ਹੀ ਹੋਇਆ। 'ਘਰ ਘਰ ਵਿਦਿਆ ਸਿਰ ਸਿਰ ਗਿਆਨ'। ਵਿਦਵਾਨ ਕਿਵੇਂ ਭੇਡਾਂ-ਚਾਲ ਫੜ ਲੈਣ? (ਸੰਗ੍ਰ)

### ਘਰ ਘੋੜਾ, ਨਿਖਾਸ (ਮੰਡੀ) ਮੁਲ।

**ਭਾਵ**:—(੧) ਚੀਜ਼ ਮੌਜੂਦ ਨਾ ਹੋਣੀ ਤੇ ਉਸ ਸਬੰਧੀ ਸੌਦਾ ਪਿਆ ਕਰਨਾ।

(੨) ਪੱਲੇ ਗੁਣ ਹੋਣ, ਤਾਂ ਬਾਹਰ ਕਦਰ ਪੈਂਦੀ ਹੈ।

**ਵਰਤੋਂ** :—ਪਹਿਲਾਂ ਚੀਜ਼ ਵਿਖਾਓ, ਫਿਰ ਸੌਦਾ ਵੀ ਕਰ ਲਵਾਂਗੇ। ਉਹ ਨਾ ਹੋਵੇ ਕਿ 'ਘਰ ਘੋੜਾ ਤੇ ਨਿਖਾਸ ਮੁਲ। ਆਖ਼ਰ ਚੀਜ਼ ਚੀਜ਼ ਦਾ ਮੁਲ ਪੈਣਾ ਹੈ? (ਸੰਗ੍ਰ)

### ਘਰ ਚੂਹੜਿਆਂ ਦਾ ਨਾਂ ਧਰਮਸਾਲ ਜਾਂ ਘਰ ਚੋਰਾਂ ਦਾ, ਨਾਂ ਧਰਮਸਾਲ।

**ਭਾਵ**:—ਵਿੱਚੋਂ ਕੁਝ ਹੋਰ ਹੋਵੇ ਤੇ ਬਾਹਰ ਦਾ ਦਿਖਾਵਾ ਹੋਰ ਦੇਵੇ।

**ਵਰਤੋਂ** :— ਵੱਕੀ ਹੀ ਰਹਿਣ ਦਿਉ ਬਸ। 'ਘਰ ਚੂਹੜਿਆਂ ਦਾ ਨਾਂ ਧਰਮਸਾਲ' ਬਾਹਰ ਤੇ ਨਾ ਜਾਉ। ਅੰਦਰ ਨੂੰ ਵੇਖੋ, ਜੋ ਨਿਰਾ ਕਾਲਾ ਹੈ। (ਸੰਗ੍ਰ)

### ਘਰ ਛਾਹ ਤੇ ਬਾਹਰ ਪਲੇਟ।

**ਭਾਵ**:—ਘਰੋਂ ਰੱਜੇ ਨੂੰ ਬਾਹਰ ਵੀ ਬੜੀ ਪੁਛ ਹੁੰਦੀ ਹੈ।

**ਵਰਤੋਂ** :—ਸਭ ਜਗ ਹੋਂਦੇ ਦਾ ਯਾਰ ਹੈ। ਘਰ ਛਾਹ ਤੇ ਬਾਹਰ ਪਲੇਟ, ਘਰ ਨਹੀਂ ਤਾਂ ਬਾਹਰ ਵੀ ਨਹੀਂ। (ਸੰਗ੍ਰ)

### ਘਰ ਜਾਏ ਵੱਛੇ ਦੇ ਦੰਦ ਕੌਣ ਵੇਖਦਾ ਹੈ?

**ਭਾਵ**:—ਆਪਣੀ ਚੀਜ਼ ਦੀ ਕੋਈ ਵੀ ਪੜਚੋਲ ਨਹੀਂ ਕਰਦਾ।

**ਵਰਤੋਂ** :— ਘਰ ਜਾਏ ਵੱਛੇ ਦੇ ਦੰਦ ਕੌਣ ਗਿਣਦਾ ਹੈ? ਆਪਣੇ ਮੁੰਡੇ ਦੇ ਹੁਣ ਔਗੁਣ ਕੌਣ ਵਿਚਾਰੇ। (ਸੰਗ੍ਰ)

### ਘਰ ਜੰਮਦਿਆਂ ਦੇ ਦੰਦ ਗਿਣੀ-ਦੇ ਨੇ ਕਿ ਸਾਲ।

**ਭਾਵ** :— ਜਾਣਕਾਰ ਤੋਂ ਕੋਈ ਭੇਦ ਛੁਪਾ ਨਹੀਂ ਸਕਦਾ।

**ਵਰਤੋਂ** :—ਉਨ੍ਹਾਂ ਦੇ ਅਤ ਚੋਟੀ ਦਾ ਜ਼ੋਰ ਲਾਣ ਉਤੇ ਵੀ ਸ਼ਕੁੰਤਲਾ ਨੇ ਇਸ ਤੋਂ ਵਧ ਕੁਝ ਨਾ ਦਸਿਆ ਕਿ ਮੰਦੇ ਕਰਮਾਂ ਦਾ ਫੱਲ ਹੈ, ਕਿਸੇ ਦਾ ਕੋਈ ਕਸੂਰ ਨਹੀਂ। ਪਿੰਡ ਵਾਲੀਆਂ ਸ਼ਕੁੰਤਲਾ ਦੇ ਸੁਭਾ ਤੋਂ ਕੋਈ ਅਨਜਾਣ ਨਹੀਂ ਸਨ। 'ਘਰ ਜੰਮਦਿਆਂ ਦੇ ਦੰਦ ਗਿਣੀ ਦੇ ਨੇ ਕਿ ਸਾਲ' ਇਸ ਕਹਾਵਤ ਅਨੁਸਾਰ ਉਹ ਜਾਣਦੀਆਂ ਸਨ ਕਿ ਇਹ ਨਿੱਕੇ ਹੁੰਦਿਆਂ ਤੋਂ ਹੀ ਹਦ ਦਰਜੇ ਦੀ ਸਹਿਨ ਸ਼ੀਲ ਸਟਲ ਤੇ ਸ਼ਾਂਤ-ਮੂਰਤੀ ਹੈ। (ਮਿਠਾ ਮੋਹਰਾ—ਨਾਨਕ ਸਿੰਘ)

### ਘਰ ਤੀਵੀਆਂ ਦੇ, ਨਾਂ ਮਰਦਾਂ ਦੇ।

**ਭਾਵ**:—ਘਰ ਨੂੰ ਸੁਆਰ ਤੇ ਬਣਾ ਕੇ ਘਰ ਦੀ ਤੀਵੀਂ ਰਖਦੀ ਹੈ, ਪਰ ਸੋਭਾ ਮਰਦ ਦੀ ਹੁੰਦੀ ਹੈ, ਕੰਮ ਤਾਂ ਕੋਈ ਕਰੇ, ਪਰ ਲਾਭ ਕਿਸੇ ਹੋਰ ਨੂੰ ਪੁਜੇ।

**ਵਰਤੋਂ** :—ਬੀਬੀ ਗੁਸੇ ਨਾ ਹੋ। ਤੀਵੀਂ ਬਣੀ ਹੀ ਨਿਸ਼ਕਾਮ ਸੇਵਾ ਲਈ ਸੀ। 'ਘਰ ਤੀਵੀਆਂ

ਦੇ । ਨਾਂ ਮਰਦਾਂ ਦੇ । ਲੜੇ ਫੌਜ, ਪਰ ਨਾ ਸਰਦਾਰ ਦਾ ਹੀ ਹੁੰਦਾ ਹੈ । (ਸੰਗ੍ਰ)

**ਘਰ ਤੰਦ ਨਾ ਤਾਣੀ, ਜੁਲਾਹਿਆਂ ਨਾਲ ਡਾਂਗੋ ਡਾਂਗੀ ।**

**ਭਾਵ** :—ਕੰਮ ਕਰਨ ਲਈ ਹਿੰਮਤ (ਜਾਂ ਵਸੀਲਾ) ਆਪਣੇ ਪਾਸ ਨਾ ਹੋਣਾ ਤੇ ਕੋਸਣਾ ਦੂਜਿਆਂ ਨੂੰ ਕਿ ਉਹ ਨਹੀਂ ਹੋਣ ਦਿੰਦੇ ।

**ਵਰਤੋਂ** :—ਤੂੰ ਪੜ੍ਹੇਂ ਤਾਂ ਪਾਸ ਹੋਵੇਂ 'ਘਰ ਤੰਦ ਨਾ ਤਾਣੀ ਜੁਲਾਹਿਆਂ ਨਾਲ ਡਾਂਗੋ ਡਾਂਗੀ' । ਉਸਤਾਦਾਂ ਨੂੰ ਕੋਸਣ ਦਾ ਕੀ ਲਾਭ ਹੈ ? (ਸੰਗ੍ਰ)

**ਘਰ ਦਾ ਕੰਮ ਤੇ ਟੁੱਟ ਮੋਈ ਰੰਨ।**

**ਭਾਵ** :—ਘਰ ਦਾ ਨਿੱਕਾ ਨਿੱਕਾ ਕੰਮ ਕਰਦਿਆਂ ਘਰ ਵਾਲੀ ਥਕ ਟੁਟ ਜਾਂਦੀ ਹੈ ।

**ਵਰਤੋਂ** :—"ਘਰ ਦਾ ਕੰਮ ਤੇ ਟੁਟ ਮੋਈ ਰੰਨ" ਨਿਕਾ ਨਿਕਾ ਕੰਮ ਕਰਦਿਆਂ ਜਾਨ ਨਿਕਲ ਜਾਂਦੀ ਹੈ ਤੇ ਤੁਸੀਂ ਆਖਦੇ ਹੋ ਦਿਨੇ ਕਰਦੀ ਕੀ ਰਹਿਨੀ ਏਂ ? (ਸੰਗ੍ਰ)

**ਘਰ ਦਾ ਘਾਣ ਤੇ ਮੁਲਖੇ ਦੀ ਸ਼ੋਹਰਤ ।**

**ਭਾਵ** :—ਘਰ ਉਜਾੜਕੇ ਲੋਕਾਂ ਵਿੱਚ ਬਦਨਾਮੀ ਖੱਟਣੀ ।

**ਵਰਤੋਂ** :—"ਇਕ ਘਰ ਦਾ ਘਾਣ ਦੂਜੇ ਮੁਲਖੇ ਦੀ ਸ਼ੋਹਰਤ" । ਕਿਉਂ ਆਪਣੇ ਪਿਛੇ ਕੁੱਤੇ ਲੁਆਂਦੇ ਹੋ, ਏਨਾਂ ਉਜਾੜ ਪਾ ਕੇ ! (ਸੰਗ੍ਰ)

**ਘਰ ਦਾ ਨਿਬੇੜਾ ਸਭ ਤੋਂ ਚੰਗੇਰਾ।**

**ਭਾਵ** :—ਜਿਹੜਾ ਮਾਮਲਾ ਘਰ ਵਿੱਚ ਮੁਕ ਜਾਵੇ, ਉਹ ਸਭ ਤੋਂ ਚੰਗਾ ਹੁੰਦਾ ਹੈ ।

**ਵਰਤੋਂ** :—ਚੌਧਰੀ—ਆਹੋ ! ਘਰ ਦਾ ਨਿਬੇੜਾ ਸਭ ਤੋਂ ਚੰਗੇਰਾ । ਭਲਾ ਹੋਇਆ ਜੋ ਮਾਮਲਾ ਘਰ ਵਿੱਚ ਹੀ ਠਪਿਆ ਗਿਆ । ਬਾਹਰ ਜਾਂਦਾ, ਤਾਂ ਕੁਪੱਤ ਹੀ ਘੁਲਦਾ । (ਸੰਗ੍ਰ)

**ਘਰ ਦਾ ਜਿਆਨ ਤੇ ਜਗ ਦੀ ਸ਼ੋਹਰਤ ।**

**ਭਾਵ** :—ਜਦ ਕੋਈ ਘਰ ਨੂੰ ਤਬਾਹ ਕਰ ਜਾਂ ਲੁਟਾ ਕੇ ਸ਼ੋਭਾ ਖਟੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਜਾਂਦਿਆਂ ਈ ਭੰਡੀ ਨਾ ਪਾ ਬਹੀਂ ਗਲੀ ਵਿੱਚ, ਮਤੇ ਓਹ ਨਾ ਹੋਵੇ ਪਈ ਘਰ ਦਾ ਜਿਆਨ ਤੇ ਜਗ ਦੀ ਸ਼ੋਹਰਤ ।

(ਲਵ-ਮੈਰਜ—ਨਾਨਕ ਸਿੰਘ)

**ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ ।**

**ਭਾਵ** :—ਆਪਣੀ ਚੀਜ਼ ਨੂੰ ਨਿੰਦਣਾ, ਪਰਾਈ ਨੂੰ ਸਲਾਹੁਣਾ ।

**ਵਰਤੋਂ** :—ਓਹਨਾਂ ਨੂੰ ਮਿਲਕੇ ਮੈਨੂੰ ਕੋਈ ਉਨ੍ਹਾਂ ਵਿੱਚ ਉਚੇਚੀ ਲਿਆਕਤ ਨਹੀਂ ਭਾਸੀ, ਜਿਸ ਤੋਂ ਮੇਰਾ ਖਿਆਲ ਹੈ ਕਿ ਜਿਸ ਤਰ੍ਹਾਂ ਕਹਿੰਦੇ ਹਨ 'ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿਧ' ਅੰਗ੍ਰੇਜ਼ਾਂ ਨੂੰ ਹਿੰਦੁਸਤਾਨੀ ਡਾਕਟਰਾਂ ਉਤੇ ਵਧੇਰੇ ਨਿਸਚਾ ਹੈ ।

(ਵਲੈਤੀ ਸਫਰ ਨਾਮਾ—ਲਾਲ ਸਿੰਘ)

**ਘਰ ਦਾਣਾ ਨਾ ਫੱਕਾ, ਅਮੀ ਪੀਹਣ ਗਈ ।**

**ਭਾਵ** :—ਘਰ ਕੁਝ ਵੀ ਨਾ ਹੋਵੇ ਤੇ ਦਸੇ ਕਿ ਬਹੁਤ ਕੁਝ ਹੈ ।

**ਵਰਤੋਂ** :—ਬੇਲਾ ਸਿੰਘ—ਤੇਰਾ ਪਿਉ ਤੇ ਲੱਖੀਂ ਸ਼ਾਹ ਈ ਏ । 'ਘਰ ਖਾਣ ਨੂੰ ਨਹੀਂ ਤੇ ਮਾਂ ਚਕੀ ਪੀਹਣ ਗਈ ।' ਜ਼ਬਾਨ ਸੰਭਾਲ ਕੇ ਬੋਲ । ਲੰਬੜੀ ਤੇ ਲਾਡ ਵਿਚ ਨਾ ਰਹੀਂ ।' ਇਕ ਦੀਆਂ ਦੋ ਸੁਣਾਊਂਗਾ । (ਸੁਭਦ੍ਰਾ—ਆਈ. ਸੀ. ਨੰਦਾ)

**ਘਰ ਦੀ ਅੱਧੀ ਤੇ ਬਾਹਰ ਦੀ ਸਾਰੀ**

ਜਾਂ

**ਘਰ ਦੀ ਖੰਨੀ ਬਾਹਰ ਦੀ ਸਾਰੀ ਨਾਲੋਂ ਚੰਗੀ ਹੈ ।**

**ਭਾਵ** :—ਪ੍ਰਦੇਸ ਨਾਲੋਂ ਦੇਸ ਹਰ ਹਾਲਤ ਵਿਚ ਚੰਗਾ ਹੈ, ਭਾਵੇਂ ਕਿਸੇ ਵੀ ਹਾਲ ਵਿਚ ਰਹੀਏ।

**ਵਰਤੋਂ** :—ਕੇਸਰ—ਆਹੋ ਜੀ! ਭਜਾ ਭਜਾ ਜਾਹ ਤੇ ਕਰਮਾਂ ਦਾ ਖਟਿਆ ਖਾਹ। ਭਲਿਆ ਲੋਕਾ, ਘਰ ਦੀ ਅੱਧੀ ਬਾਹਰ ਦੀ ਸਾਰੀ ਇਕ ਬਰਾਬਰ ਹੁੰਦੀ ਏ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਘਰ ਦੀ ਸ਼ੱਕਰ ਬੂਰੇ ਵਰਗੀ, ਗੁੜ ਚੋਰੀ ਦਾ ਖਾਵੇ।**

**ਭਾਵ** :—ਆਪਣੇ ਘਰ ਦੀ ਚੰਗੀ ਚੀਜ਼ ਵੀ ਮਾੜੀ ਲੱਗੇ ਪਰ ਬਾਹਰ ਦੀ ਮਾੜੀ ਚੰਗੀ ਲੱਗੇ।

**ਵਰਤੋਂ** :—

ਸਸੁਰੀਏ ਸਮਝਾ ਲੈ ਪੁਤ ਨੂੰ ਘਰ ਨੂੰ ਰਾਤ ਨਾ ਆਵੇ।
ਘਰ ਦੀ ਸ਼ਕਰ ਬੂਰੇ ਵਰਗੀ ਗੁੜ ਚੋਰੀ ਦਾ ਖਾਵੇ।

(ਸੰਗ੍ਰ)

**ਘਰ ਦੀ ਖੰਡ ਕਿਰਕਰੀ, ਬਾਹਰ ਦਾ ਗੁੜ ਮਿੱਠਾ।**

**ਭਾਵ** :—ਘਰ ਦੀ ਚੰਗੀ ਚੀਜ਼ ਵੀ ਪਸੰਦ ਨਾ ਆਵੇ ਪਰ ਬਾਹਰ ਦੀ ਮਾੜੀ ਵੀ ਚੰਗੀ ਲੱਗੇ।

**ਵਰਤੋਂ** :—ਨੀ ਰਾਣੋ, ਤੇਰੇ ਲਈ ਤਾਂ 'ਘਰ ਦੀ ਖੰਡ ਕਿਰਕਰੀ ਬਾਹਰ ਦਾ ਗੁੜ ਮਿੱਠਾ'। ਤੈਨੂੰ ਘਰ ਦੀ ਬਣੀ ਹੋਈ ਕੋਈ ਚੀਜ਼ ਚੰਗੀ ਨਹੀਂ ਲਗਦੀ।

(ਸੰਗ੍ਰ)

**ਘਰ ਦੀ ਬਿੱਲੀ ਘਰ ਨੂੰ ਹੀ ਮਿਆਉਂ।**

**ਭਾਵ** :—ਜਦ ਆਪਣਾ ਬੰਦਾ ਹੀ ਤੰਗ ਕਰਨ ਲੱਗ ਪਵੇ।

**ਵਰਤੋਂ** :—ਇਹ ਵੀ ਕੋਈ ਰਾਹ ਦੀ ਗਲ ਹੈ? 'ਘਰ ਦੀ ਬਿੱਲੀ ਤੇ ਘਰ ਨੂੰ ਮਿਆਉਂ।' ਤੁਸੀਂ ਚੰਗੇ ਸਾਡੇ ਹਮਦਰਦ ਹੋ ਅਸਾਨੂੰ ਹੀ ਤੰਗ ਕਰਨ ਤੇ ਲੱਕ ਬੰਨ੍ਹ ਲਿਆ ਜੇ। (ਸੰਗ੍ਰ)

**ਘਰ ਦੀ ਮੁਰਗੀ (ਕੁਕੜੀ) ਦਾਲ ਬਰਾਬਰ।**

**ਭਾਵ** :—ਘਰ ਦੀ ਚੰਗੀ ਚੀਜ਼ ਨੂੰ ਵੀ ਮਾੜਾ ਸਮਝਣਾ।

**ਵਰਤੋਂ** :—ਤੁਹਾਨੂੰ ਤਾਂ ਘਰ ਦੇ ਬੰਦਿਆਂ ਵਿੱਚ ਕੋਈ ਗੁਣ ਦਿਸਦਾ ਹੀ ਨਹੀਂ, "ਘਰ ਦੀ ਮੁਰਗੀ ਦਾਲ ਬਰਾਬਰ।" ਵਾਲਾ ਲੇਖਾ ਹੈ। (ਸੰਗ੍ਰ)

**ਘਰ ਦੇ ਨਾ ਮੰਨਣ ਅਸੀਂ ਦੋ ਦੋ ਬਹਾਂਗੇ।**

**ਭਾਵ** :—ਕਿਸੇ ਦੀ ਪੁਛ ਤਾਂ ਹੋਵੇ ਨਾ, ਪਰ ਉਹ ਚੌਧਰੀ ਬਣਦਾ ਫਿਰੇ।

**ਵਰਤੋਂ** :—ਓਹਦੀ ਕਿਹੜੀ ਗਲ ਹੈ? ਬੇਸ਼ਕ ਆਕੜਿਆ ਫਿਰੇ। 'ਘਰ ਦੇ ਨਾ ਮੰਨਣ, ਅਸੀਂ ਦੋ ਦੋ ਬਹਾਂਗੇ'। ਸ਼ਰੀਕੇ ਵਿੱਚ ਉਸ ਨੂੰ ਪੁਛਦਾ ਕੌਣ ਹੈ? (ਸੰਗ੍ਰ)

**ਘਰ ਦੇ ਪੀਰਾਂ ਨੂੰ ਤੇਲ ਦੇ ਮਰੁੰਡੇ (ਮਲੀਦੇ)**

**ਭਾਵ** :—ਆਪਣੇ ਘਰ ਦੇ ਬੰਦਿਆਂ ਦਾ ਮਾਣ ਘੱਟ ਕਰਨਾ।

**ਵਰਤੋਂ** :—'ਘਰ ਦੇ ਪੀਰਾਂ ਨੂੰ ਤੇਲ ਦੇ ਮਰੁੰਡੇ' ਏਨਾ ਵਿਦਵਾਨ ਸੀ ਭਾਈ ਕਰਮ ਸਿੰਘ, ਪਰ ਆਪਣੀ ਕੌਮ ਨੇ ਉਸ ਦੀ ਉੱਕੀ ਕਦਰ ਨਾ ਕੀਤੀ।

(ਸੰਗ੍ਰ)

**ਘਰ ਦੇ ਭਾਂਡੇ ਵੀ ਠਹਿਕ ਪੈਂਦੇ ਹਨ।**

**ਭਾਵ** :—ਕਿਤਨੇ ਹੀ ਪਿਆਰ ਵਾਲੇ ਬੰਦੇ ਹੋਣ, ਕਦੀ ਨਾ ਕਦੀ ਝਗੜ ਹੀ ਪੈਂਦੇ ਹਨ।

**ਵਰਤੋਂ** :—ਕੋਈ ਨਹੀਂ ਚੌਧਰੀ ਕੋਈ ਨਹੀਂ। ਮੁੰਡੇ ਖੁੰਡੇ ਜੋ ਹੋਏ। ਅਕਸਰ 'ਘਰ ਦੇ ਭਾਂਡੇ ਵੀ ਠਹਿਕ ਪੈਂਦੇ ਹਨ।' (ਸੰਗ੍ਰ)

**ਘਰ ਦੇ ਭੇਤੀ ਰਾਵਣ ਮਾਰਿਆ।**

**ਭਾਵ :**—ਘਰ ਵਿੱਚ ਵਿਗਾੜ ਪੈਣ ਨਾਲ ਤਬਾਹੀ ਹੋ ਜਾਂਦੀ ਹੈ।

**ਵਰਤੋਂ :** —ਅੰਤੀ—ਹੋਰ ਸੁਣ ਲਓ। ਕਹਿੰਦੇ 'ਘਰ ਦੇ ਭੇਤੀ ਦਹਿਸਰ ਮਾਰਿਆ'। ਵੇਖਣਾ ਸਾਡੇ 'ਚੋਂ ਕੋਈ ਭਬੀਖਨ ਵਾਲੀ ਮੂਰਖਤਾ ਨਾ ਦਹੁਰਾ ਬੈਠੇ। (ਰਾਜਾ ਪੋਰਸ—ਹਰਚਰਨ ਸਿੰਘ)

**ਘਰ ਦੇ ਮਾਹਣੂ ਭੁਖੇ ਮਰਦੇ ਬਾਹਿਰ ਸਦਕਾ ਵੰਡੀਏ।**

**ਭਾਵ :** —ਘਰ ਤਾਂ ਖਾਣ ਨੂੰ ਨਾ ਹੋਵੇ ਤੇ ਲੋਕਾਂ ਵਿੱਚ ਦਾਨ ਵੰਡਣ ਨੂੰ ਫਿਰੇ।

**ਵਰਤੋਂ :** —ਪਹਿਲਾਂ ਆਪਣੇ, ਫਿਰ ਪਰਾਏ। ਉਹ ਨਾ ਹੋਵੇ ਕਿ 'ਘਰ ਦੇ ਮਾਹਣੂ ਭੁਖੇ ਮਰਨ ਤੇ ਬਾਹਰ ਸਦਕਾ ਵੰਡੀਏ'।

**ਘਰ ਦੁੱਧ ਤੇ ਬਾਹਿਰ ਦਹੀਂ, ਘਰ ਨਹੀਂ ਤੇ ਬਾਹਿਰ ਵੀ ਨਹੀਂ।**

**ਭਾਵ :**—ਆਪਣੇ ਪੱਲੇ ਜਾਂ ਘਰ ਧੰਨ ਹੋਵੇ ਤਾਂ ਬਾਹਿਰ ਵੀ ਇਜ਼ਤ ਤੇ ਵਡਿਆਈ ਹੁੰਦੀ ਹੈ।

**ਵਰਤੋਂ :**—ਤੂੰ ਸੁਣਿਆ ਨਹੀਂ ? ਸਿਆਣਿਆਂ ਐਵੇਂ ਨਹੀਂ ਜੇ ਆਖਿਆ 'ਘਰ ਦੁਧ ਤੇ ਬਾਹਿਰ ਦਹੀਂ ਘਰ ਨਹੀਂ ਤੇ ਬਾਹਿਰ ਵੀ ਨਹੀਂ''। ਘਰੋਂ ਰਜਿਆਂ-ਪੁਜਿਆਂ ਨੂੰ ਹੀ ਬਾਹਿਰ ਕੋਈ ਜੀ ਆਇਆਂ ਕਹਿੰਦਾ ਹੈ। (ਸੰ)

**ਘਰ ਨਹੀਂ ਖਾਣਕਾ ਤੇ ਕੁੱਤੇ ਦਾ ਨਾਂ ਮਾਣਕਾ।**

**ਭਾਵ :**—ਹੱਥ ਪੱਲੇ ਕੁਝ ਨਾ ਹੋਣਾ ਤੇ ਦਿਖਲਾਵਾ ਬਾਹਲਾ ਹੋਣਾ।

**ਵਰਤੋਂ :** ਜੋਰਾਵਰੀ ਨਾ ਕਰ। ਮੈਂ ਧੀ ਨੂੰ ਕੰਗਾਲ ਦੇ ਲੜ ਨਹੀਂ ਲਾਉਣਾ। ਅਖੇ 'ਘਰ ਨਹੀਂ ਖਾਣਕਾ ਤੇ ਕੁੱਤੇ ਦਾ ਨਾਂ ਮਾਣਕਾ।' (ਸ਼ਾਮੂ ਸ਼ਾਹ—ਆਈ. ਸੀ. ਨੰਦਾ)

**ਘਰ ਨਾ ਸੂਤ ਜੁਲਾਹਿਆਂ ਨਾਲ ਡਾਂਗੋ ਡਾਂਗੀ।**

**ਭਾਵ :**—ਕੰਮ ਕਰਨ ਲਈ ਹਿੰਮਤ ਜਾਂ ਵਸੀਲਾ ਆਪਣੇ ਪਾਸ ਨਾ ਹੋਵੇ ਤੇ ਕੋਸਣਾ ਦੂਜਿਆਂ ਨੂੰ।

**ਵਰਤੋਂ :**—ਤੂੰ ਪੜ੍ਹੇ ਤਾਂ ਪਾਸ ਹੋਵੇਂ 'ਘਰ ਤੰਦ ਨਾ ਤਾਣੀ ਜੁਲਾਹਿਆਂ ਨਾਲ ਡਾਂਗੋਂ ਡਾਂਗੀ'' ਉਸਤਾਦਾਂ ਨੂੰ ਕੋਸਣ ਨਾਲ ਕੰਮ ਥੋੜਾ ਬਣਦਾ ਹੈ ! (ਸੰ)

**ਘਰ ਪਕਦੀਆਂ ਦੇ ਸਾਕ ਨੇ।**

**ਭਾਵ :**—ਸਾਰੇ ਅਮੀਰੀ ਦੇ ਭਾਈਵਾਲ ਨੇ।

**ਵਰਤੋਂ :**—ਸਭੇ 'ਘਰ ਪਕਦੀਆਂ ਦੇ ਸਾਕ ਨੇ' ਜਦ ਤੋਂ ਦੁਕਾਨ ਵਿੱਚ ਘਾਟਾ ਪੈਣ ਦੀ ਸੋ ਬਾਹਰ ਨਿਕਲੀ ਹੈ, ਕੋਈ ਸਾਕ ਅੰਗ ਕਦੀ ਨਹੀਂ ਡਿੱਠਾ। (ਮੰਗੂ)

**ਘਰ ਪਾਟਾ ਰਿਜ਼ਕ ਦਾ ਘਾਟਾ।**

**ਭਾਵ :**—ਜਿਸ ਘਰ ਵਿੱਚ ਹਰ ਵੇਲੇ ਲੜਾਈ ਰਹੇ, ਉਥੇ ਨੁਕਸਾਨ ਹੋਣ ਲਗ ਪੈਂਦਾ ਹੈ।

**ਵਰਤੋਂ :**—ਇਹ ਘਰ ਇਨੀਆਂ ਚੜ੍ਹਦੀਆਂ ਕਲਾਂ ਵਿੱਚ ਸੀ ਕਿ ਸਾਰਾ ਪਿੰਡ ਮੰਨਦਾ ਸੀ ਪਰ ਕਲਾ ਲੜਾਈ ਨੇ ਇਥੇ ਕੁਝ ਨਹੀਂ ਛਡਿਆ। ਸਿਆਣਿਆਂ ਸਚ ਕਿਹਾ ਹੈ 'ਘਰ ਪਾਟਾ ਰਿਜ਼ਕ ਦਾ ਘਾਟਾ'। (ਸੰ)

**ਘਰ ਫੂਕ ਤਮਾਸ਼ਾ ਵੇਖ।**

**ਭਾਵ :**—ਆਪਣੇ ਆਪ ਨੂੰ ਹੀ ਉਜਾੜ ਕੇ ਸੋਭਾ, ਵਡਿਆਈ ਖੱਟਣੀ।

**ਵਰਤੋਂ :**—ਵਾਹ ! ਐਹੋ ਜਿਹੇ ਬੁਧੂ ਅਸੀਂ ਨਹੀਂ ਬਈ ਘਰ ਫੂਕ ਤਮਾਸ਼ਾ ਵੇਖ। ਤੁਸੀਂ ਕੋਈ ਹੋਰ ਰਾਹ ਲਭੋ। (ਸੰ)

**ਘਰ ਬਾਹਰ ਤੇਰਾ ਕੋਠੀ ਨੂੰ ਹੱਥ ਨਾ ਲਾਈਂ।**

**ਭਾਵ :**—ਦਮ ਦਿਲਾਸਾ ਦੇਣਾ ਪਰ ਹੱਥੋਂ ਕੁੱਝ ਨਾ ਦੇ ਸਕਣਾ।

**ਵਰਤੋਂ :**—ਮਾਈ—ਆਉ ਚੌਧਰਿਆਣੀ ਜੀ, ਜੀ ਆਇਆਂ ਨੂੰ। ਅਸੀਂ ਤੁਸਾਥੋਂ ਕੁਝ ਵੰਡਿਆ ਹੈ। ਚੌਧਰਾਣੀ—ਹਾਹੋ ਕਿ 'ਘਰ ਬਾਹਰ ਤੇਰਾ ਕੋਠੀ ਨੂੰ ਹਥ ਨਾ ਲਾਈਂ'', ਉਂਜ ਹੈ ਤਾਂ ਸਭ ਕੁਝ ਮੇਰਾ ਹੀ। (ਸੰਗੂ)

**ਘਰ ਭੁੱਖ ਨੰਗ ਤੇ ਬੂਹੇ ਅੱਗੇ ਡੇਹੁੜੀ** ਜਾਂ **ਘਰ ਮਦਲ ਦੀ ਰੋਟੀ ਬਾਹਿਰ ਲੰਮੀ ਧੋਤੀ ।**

**ਭਾਵ** :—ਹੱਥ ਪੱਲੇ ਕੁਝ ਨਾ ਹੋਵੇ ਪਰ ਦਿਖਾਵਾ ਬੜਾ ਹੋਵੇ ।

**ਵਰਤੋਂ** :—ਵੇਖੀ ਹੈ ਜੀ ਸ਼ਾਨ ਵਡੇ ਰਾਣੀ-ਕੀਨ ਦੀ । 'ਘਰ ਭੁਖ ਨੰਗ ਤੇ ਬੂਹੇ ਅਗੇ ਡੇਹੁੜੀ' । ਬਸ ਦਿਖਾਵਾ ਹੀ ਦਿਖਾਵਾ ਹੈ । (ਸੰਗ੍ਰ)

**ਘਰ ਰੱਖ ਪੱਕਾ ਆਪਣਾ ਤੇ ਚੋਰ ਨਾ ਕਿਸੇ ਆਖ ।**

**ਭਾਵ** :— ਕਿਸੇ ਤੇ ਝੂਠੀਆਂ ਤੁਹਮਤਾਂ ਲਾਣ ਨਾਲੋਂ ਅਪਣਾ ਘਰ ਪੱਕਾ ਰਖਣਾ ਚਾਹੀਦਾ ਹੈ ।

**ਵਰਤੋਂ** :— ਐਵੇਂ ਕਿਸੇ ਤੇ ਤੁਹਮਤਾਂ ਲਾਣੀਆਂ ਚੰਗੀਆਂ ਨਹੀਂ । ਅਸਲ ਗਲ ਤਾਂ ਇਹ ਚਾਹੀਦੀ ਹੈ ਪਈ 'ਘਰ ਰੱਖ ਪੱਕਾ ਆਪਣਾ ਚੋਰ ਨਾ ਕਿਸੇ ਆਖ ।' (ਸੰਗ੍ਰ)

**ਘਰ ਲਗੇ ਤਦ ਹੀ ਬਸੰਤਰ ਦੇਵਤੇ ਦਾ ਪਤਾ ਲਗਦਾ ਹੈ ।**

**ਭਾਵ** :—ਆਪਣੇ ਆਪ ਨੂੰ ਦੁੱਖ ਪੁਜੇ ਤਦ ਹੀ ਦੁਖ ਦੀ ਅਸਲੀ ਪੀੜਾ ਦੀ ਸੋਝੀ ਪੈਂਦੀ ਹੈ ।

**ਵਰਤੋਂ** :— ਸ਼ਾਹ ਹੋਰਾਂ ਅਗੋਂ ਠੋਕ ਕੇ ਜਵਾਬ ਦਿੱਤਾ 'ਭਾਈ ਘਰ ਲਗੇ ਤਦ ਹੀ ਬਸੰਤਰ ਦੇਵਤੇ ਦਾ ਪਤਾ ਲਗਦਾ ਹੈ' । ਇੱਲਾਂ ਮੁੰਡਾ ਚੁੱਕ ਕੇ ਤਾਂ ਨਹੀਂ ਉੱਡ ਸਕਦੀਆਂ, ਪਰ ਚੂਹੇ ਪਿੱਤਲ ਤੇ ਲੋਹਾ ਜ਼ਰੂਰ ਖਾ ਸਕਦੇ ਨੇ । (ਸੰਗ੍ਰ)

**ਘਰ ਲੜਾਕੀ (ਪਤਲੀ) ਬਾਹਰ ਸੰਘਣੀ, ਮੇਲੇ ਮੇਰਾ ਨਾਂ ।**

**ਭਾਵ** :—ਘਰ ਵਾਲਿਆਂ ਨਾਲ ਤਾਂ ਅਜੋੜ ਰਖਣਾ ਪਰ ਬਾਹਿਰ ਮਿੱਠੀ ਵਰਤੋਂ ਕਰਨੀ ।

**ਵਰਤੋਂ** :— ਰਹਿਣ ਦੇ ਬਹੁਤੀਆਂ ਤਾਰੀਫ਼ਾਂ ਨਾ ਸਾੜ । 'ਘਰ ਪਤਲੀ ਤੇ ਬਾਹਰ ਸੰਘਣੀ, ਮੇਲੇ ਮੇਰਾ ਨਾਮ' ਬਾਹਰ ਦਿਆਂ ਨੂੰ ਛੱਡ । ਵੇਖ, ਘਰ ਵਾਲੇ ਤੇਰੇ ਬਾਰੇ ਕੀ ਕਹਿੰਦੇ ਹਨ । (ਸੰਗ੍ਰ)

**ਘਰ ਵਾਜਾ ਤੇ ਬਾਹਿਰ ਰਾਜਾ ।** ਵੇਖੋ : ਘਰੋਂ ਜਾਈਏ ਖਾ ਕੇ ਤੇ ਅਗੋਂ ਮਿਲਣ ਪਕਾ ਕੇ ।

**ਭਾਵ** :—ਘਰ ਖੁਸ਼ੀ ਹੋਵੇ ਤਾਂ ਬਾਹਰ ਵੀ ਉਪਮਾ ਹੁੰਦੀ ਹੈ ।

**ਵਰਤੋਂ** :— ਅਸਲ ਗਲ ਤਾਂ ਇਹ ਹੈ ਪਈ ਘਰ ਵਾਜਾ ਤੇ ਬਾਹਿਰ ਰਾਜਾ ਜੇ ਘਰ ਹੀ ਇਹੋ ਜਿਹੀ ਹਾਲਤ ਹੈ ਤਾਂ ਬਾਹਿਰ ਕੀ ਸੋਭਾ ਹੋਣੀ ਹੈ । (ਸੰਗ੍ਰ)

**ਘਰ ਵਾਲਾ ਘਰ ਨਹੀਂ ਤੇ ਹੋਰ ਕਿਸੇ ਦਾ ਡਰ ਨਹੀਂ ।** ਵੇਖੋ : ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਝੁੰਡਾ ।

**ਭਾਵ** :—ਕਿਸੇ ਵਡੇਰੇ ਦਾ ਕੁੰਡਾ ਸਿਰ ਤੇ ਨਾ ਹੋਣ ਤੇ ਜਦ ਕੋਈ ਮੰਨ-ਮਨੀਆਂ ਕਰਦਾ ਫਿਰੇ ।

**ਵਰਤੋਂ** :— ਅਜ ਅਫ਼ਸਰ ਜੂ ਕੋਈ ਨਾ ਹੋਇਆ, ਇਸੇ ਲਈ ਤਾਂ ਸਾਰੇ ਬਾਬੂ ਨਸੇ ਫਿਰਦੇ ਹਨ । ਅਖੇ 'ਘਰ ਵਾਲਾ ਘਰ ਨਹੀਂ ਤੇ ਹੋਰ ਕਿਸੇ ਦਾ ਡਰ ਨਹੀਂ ।' (ਸੰਗ੍ਰ)

**ਘਰ ਵਿੱਚ ਸਾਲਾ ਕੰਧ ਵਿੱਚ ਆਲਾ ।**

**ਭਾਵ** :—ਦੀਵਾਰ ਵਿੱਚ ਮੋਰੀ ਤੇ ਘਰ ਵਿੱਚ ਸਾਲੇ ਦਾ ਰਹਿਣਾ ਮਾੜੇ ਹਨ ।

**ਵਰਤੋਂ** :— ਨੇਬੇ—ਕਾਕਾ ਜੀ, ਅਸੀਂ ਬੜੇ ਦੁਖੀ ਹਾਂ, ਤੂੰ ਘਰ ਵਿੱਚ ਸਾਲੇ ਨੂੰ ਰੱਖ ਲਿਆ। ਇਹ ਕਿਥੋਂ ਦੀ ਸਿਆਣਪ ਹੈ ? 'ਘਰ ਵਿਚ ਸਾਲਾ ਤੇ ਕੰਧ ਵਿਚ ਆਲਾ' ਇਕੋ ਜਿਹੇ ਮਾੜੇ ਹੁੰਦੇ ਹਨ। (ਸੰਗ੍ਰ)

**ਘਰ ਵਿੱਚ ਸਿਆਣਾ ਬਾਹਰ ਇਆਣਾ।**

**ਭਾਵ** :—ਜਦ ਕੋਈ ਬਾਹਰ ਤਾਂ ਕੰਮ ਨਾ ਸੁਆਰ ਸਕੇ ਪਰ ਘਰ ਵਿੱਚ ਸਿਆਣਾ ਬਣ ਬਣ ਬਹੇ।

**ਵਰਤੋਂ** :— ਤੇਰੀ ਸਿਆਣਪ ਵੀ ਘਰ ਉਤੇ ਹੀ ਚਲਦੀ ਹੈ। 'ਘਰ ਵਿੱਚ ਸਿਆਣਾ, ਬਾਹਰ ਇਆਣਾ' ਚੀਨ ਤਕ ਗਏ ਪਰ ਖੱਟ ਕੇ ਤਾਂ ਪਾਈ ਵੀ ਨਹੀਂ ਲਿਆਂਦੀ। (ਸੰਗ੍ਰ)

**ਘਰ ਸ਼ਾਹ ਤੇ ਬਾਹਰ ਸ਼ਾਹ।** ਵੇਖੋ : ਘਰ ਦੁਧ ਤੇ ਬਾਹਰ ਦਹੀਂ, ਘਰ ਨਹੀਂ ਤੇ ਬਾਹਰ ਵੀ ਨਹੀਂ।

**ਭਾਵ** :—ਆਪਣੇ ਪੱਲੇ ਜਾਂ ਘਰ ਧਨ ਹੋਵੇ ਤਾਂ ਬਾਹਿਰ ਵੀ ਇਜ਼ਤ ਤੇ ਵਡਿਆਈ ਹੁੰਦੀ ਹੈ।

**ਵਰਤੋਂ** :— 'ਘਰਿ ਦੁੱਧ ਤੇ ਬਾਹਿਰ ਦਹੀਂ, ਘਰ ਨਹੀਂ ਤਾਂ ਬਾਹਿਰ ਵੀ ਨਹੀਂ' ਜੋ ਘਰ ਸ਼ਾਹ ਹੋਵੇ ਉਹ ਬਾਹਰ ਵੀ ਸ਼ਾਹ ਹੀ ਸਦਾਉਂਦਾ ਹੈ। ਘਰੋਂ ਹੌਲਾ ਸੋ ਜਗੋਂ ਹੌਲਾ। (ਸੰਗ੍ਰ)

**ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ।**

**ਭਾਵ** :—ਘਰ ਸੁਖ ਹੈ ਤਾਂ ਬਾਹਰ ਵੀ ਸੁਖ ਹੈ।

**ਵਰਤੋਂ** :—

ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ
ਪ੍ਰਭ ਅਪਨੇ ਭਏ ਦਇਆਲਾ,
ਨਾਨਕ ਬਿਘਨੁ ਨ ਲਾਗੈ ਕੋਊ,
ਮੇਰਾ ਪ੍ਰਭੁ ਹੋਆ ਕਿਰਪਾਲਾ।
(ਗੁਰੂ ਗ੍ਰੰਥ—ਰਾਗ ਸੋਰਠ)

**ਘਰੋ ਘਰੀ ਜਾ ਨਵੀਂ ਸਰਕਾਰ ਹੋਈ।**

**ਭਾਵ** :—ਗੁੰਡਾ ਗਰਦੀ ਦੇ ਸਮੇਂ ਜਦ ਹਰ ਕੋਈ ਹਾਕਮ ਬਣ ਬਹੇ।

**ਵਰਤੋਂ** :—

ਉਠ ਦੇਸ ਦੇ ਜੱਟ ਤਿਆਰ ਹੋਇ,
ਘਰੋ ਘਰੀ ਜਾ ਨਵੀਂ ਸਰਕਾਰ ਹੋਈ।
(ਹੀਰ—ਵਾਰਸ ਸ਼ਾਹ)

**ਘਰੋਂ ਘਰ ਗਵਾਇਆ, ਭੌਂਦੂ ਨਾਉਂ ਰਖਾਇਆ।**

**ਭਾਵ** :—ਇਕ ਤਾਂ ਘਰ ਉਜਾੜਨਾ ਦੂਜੇ ਬਦਨਾਮੀ ਸਹੇੜਨੀ।

**ਵਰਤੋਂ** :— ਨਾਲੇ ਉਜੜੇ, ਨਾਲੇ ਬਦਨਾਮ ਹੋਏ। 'ਘਰੋਂ ਘਰ ਗਵਾਇਆ, ਭੌਂਦੂ ਨਾਉਂ ਰਖਾਇਆ'। (ਸੰਗ੍ਰ)

**ਘਰੋਂ ਘਰ ਗੁਆਈਏ, ਬਾਹਿਰੋਂ ਮਖ਼ੌਲ ਕਰਾਈਏ।**

**ਭਾਵ** :—ਹੈਸੀਅਤ ਤੋਂ ਵਧ ਖਰਚ ਕਰਕੇ ਆਪਣਾ ਮੌਜੂ ਉਡਾਉਣਾ।

**ਵਰਤੋਂ** :— ਸਿਧਾ ਸਾਦਾ ਭੋਜਨ ਛਕੋ ਅਰ ਕਪੜੇ ਉਹ ਪਾਓ ਜੋ ਤੁਹਾਡੀ ਤੌਫ਼ੀਕ ਦੇ ਅੰਦਰ ਹੋਣ, ਨਹੀਂ ਤਾਂ ਜਗਤ ਨੂੰ ਨਹੀਂ ਭਾਉਣਗੇ। ਸਗੋਂ ਲੋਕ ਵਡਾ ਮਖ਼ੌਲ ਕਰਨਗੇ। 'ਘਰੋਂ ਘਰ ਗੁਆਈਏ ਤੇ ਬਾਹਰੋਂ ਮਖ਼ੌਲ ਕਰਾਈਏ' ਵਾਲੀ ਗਲ ਹੋਵੇਗੀ। (ਸੰ)

**ਘਰੋਂ ਜਾਈਏ ਖਾਕੇ ਤੇ ਅਗੋਂ ਮਿਲਣ ਪਕਾ ਕੇ।**

**ਭਾਵ** :—ਘਰੋਂ ਤਕੜੇ ਹੋਈਏ ਤਦ ਬਾਹਿਰ ਵੀ ਪੁਛ ਪ੍ਰਤੀਤ ਹੁੰਦੀ ਹੈ।

**ਵਰਤੋਂ** :— ਘਰੋਂ ਤਕੜੇ, ਬਾਹਰੋਂ ਪੁੱਛ। ਘਰੋਂ ਹੌਲੇ ਜਗੋਂ ਹੌਲੇ। 'ਘਰੋਂ ਜਾਈਏ ਖਾਕੇ ਤੇ ਅਗੋਂ ਮਿਲਨ ਪਕਾ ਕੇ'। ਸੋ ਘਰ ਨੂੰ ਤਕੜਾ ਕਰੋ। ਬਾਹਰ ਦਿਆਂ ਦਾ ਜੱਸ ਆਪੇ ਮਿਲ ਜਾਊ। (ਸੰ)

**ਘਰੋਂ ਭੁਖੇ ਨੰਗੇ ਤੇ ਮੀਆਂ ਮਹੱਲ ਦਾਰ ।** ਵੇਖੋ : ਘਰ ਖਾਣ ਨੂੰ ਨਹੀਂ ਮਾਂ ਪੀਹਣ ਗਈ ਏ ।

**ਭਾਵ** :—ਹਥ ਪੱਲੇ ਕੁਝ ਨਾ ਹੋਵੇ ਤੇ ਬਾਹਰੋਂ ਬੜਾ ਨਖਰਾ ਕਰਨਾ ।

**ਵਰਤੋਂ** :— ਯਾਰ ਤੁਹਾਡਾ ਵੀ ਅਜਬ ਲੇਖਾ ਜੇ, 'ਘਰੋਂ ਭੁਖੇ ਨੰਗੇ ਤੇ ਮੀਆਂ ਮਹਲ ਦਾਰ' ਅਪਣਾ ਤਾਂ ਤੁਹਾਡਾ ਗੁਜ਼ਾਰਾ ਨਹੀਂ ਚਲਦਾ ਤੇ ਲੋਕਾਂ ਅਗੇ ਬਣ ਬਣ ਬਹਿੰਦੇ ਹੋ । (ਸੰ)

**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥**

**ਭਾਵ** :—ਜੀਵ ਰੱਬੀ ਹੁਕਮ ਦੇ ਅੰਦਰ ਹੀ ਸੰਸਾਰ ਵਿੱਚ ਆਉਂਦਾ ਤੇ ਹੁਕਮ ਵਿਚ ਹੀ ਇਥੋਂ ਤੁਰ ਜਾਂਦਾ ਹੈ ।

**ਵਰਤੋਂ** :—

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
(ਗੁਰੂ ਗ੍ਰੰਥ—ਰਾਗ ਸਾਰੰਗ)

**ਘੜੀ ਦਾ ਘੁੱਥਾ, ਸੌ ਕੋਹਾਂ ਤੇ ਜਾ ਪੈਂਦਾ ਹੈ ।**

**ਭਾਵ** :—ਸਮੇਂ ਸਿਰ ਕੰਮ ਨਾ ਕਰਨ ਨਾਲ ਕਲੇਸ਼ ਵਧ ਜਾਂਦਾ ਹੈ ।

**ਵਰਤੋਂ** :— ਜੇ ਵੇਲੇ ਸਿਰ ਮੇਰੇ ਸਾਥੀ ਪੁੱਜ ਜਾਂਦੇ ਤਾਂ ਇਹ ਭੜਥੂ ਕਾਸਨੂੰ ਪੈਂਦਾ 'ਘੜੀ ਦਾ ਘੁਥਾ, ਸੌ ਕੋਹਾਂ ਤੇ ਜਾ ਪੈਂਦਾ ਹੈ' । ਅੱਜ ਮੈਂ ਸੌ ਯਤਨ ਕਰਾਂ, ਕੁਝ ਨਹੀਂ ਬਣਦਾ । (ਸੰਗ੍ਰ)

**ਘੜੀ (ਪਲ) ਵਿਚ ਤੋਲਾ, ਘੜੀ (ਪਲ) ਵਿੱਚ ਮਾਸਾ ।** ਜਾਂ

**ਘੜੀ ਵਿੱਚ ਕੁਟ ਤੇ ਘੜੀ ਵਿੱਚ ਸੁਧ ਪਾਸਾ ।**

**ਭਾਵ** :—ਜਦ ਕਿਸੇ ਦੇ ਸੁਭਾ ਦਾ ਕੁਝ ਪਤਾ ਨਾ ਲਗੇ, ਘੜੀ ਵਿੱਚ ਠੰਡਾ ਹੋ ਜਾਵੇ ਤੇ ਘੜੀ ਵਿਚ ਤੱਤਾ ।

**ਵਰਤੋਂ** :— ਉਨ੍ਹਾਂ ਦੇ ਦਿਲ ਦੀ ਭੂੰਘ ਕਿਸੇ ਪਾਈ ਈ ਨਹੀਂ । 'ਘੜੀ ਵਿੱਚ ਤੋਲਾ, ਘੜੀ ਵਿੱਚ ਮਾਸਾ', ਘੜੀ ਵਿੱਚ ਕੁਟ ਤੇ ਘੜੀ ਵਿੱਚ ਸੁਧ ਪਾਸਾ ।'

ਕਦੀ ਬਾਲਾਂ ਵਾਂਗ ਅਜਾਣ ; ਕਦੇ ਮਸਤ ਮੌਜੀ ਸੁਭਾ ।
(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਘੜੇ ਘੁਮਿਆਰ, ਭਰੇ ਸੰਸਾਰ ।**

**ਭਾਵ** :—ਜਦ ਇਕ ਦੇ ਕੰਮ ਕਰਨ ਨਾਲ ਬਹੁਤਿਆਂ ਨੂੰ ਸੁਖ ਪੁਜੇ ।

**ਵਰਤੋਂ** :— ਪੁਲ ਤੇ ਸ਼ਾਮੂ ਸ਼ਾਹ ਨੇ ਬਣਾ ਦਿਤਾ ਹੈ ਪਰ ਚੌਂਹਾਂ ਪਿੰਡਾਂ ਨੂੰ ਸੁਖ ਹੋ ਗਿਆ ਹੈ । 'ਘੜੇ ਘੁਮਿਆਰ ਭਰੇ ਸੰਸਾਰ ਵਾਲੀ ਗਲ ਹੈ । (ਸੰ)

**ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ ।**

**ਭਾਵ** :—ਇਕ ਨੂੰ ਕੋਈ ਚੀਜ਼ ਦੇਣ ਲਗੋ ਤਾਂ ਸਾਰੇ ਹੀ ਮੰਗਣ ਲਗ ਪੈਣ ।

**ਵਰਤੋਂ** :— ਹੁਣੇ ਮੈਂ ਰੋਟੀ ਲੈ ਕੇ ਬੈਠੀ ਹਾਂ ਬਸ, ਮਾਰੇ ਹੀ ਉਹ ਉਹ ਕਰਦੇ ਆ ਪਏ ਕਿ ਅਸੀਂ ਵੀ ਭੁਖੇ ਹਾਂ । ਮੇਰੇ ਘਰ ਵਿਚ ਤਾਂ 'ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ' ਵਾਲੀ ਗੱਲ ਰਹਿੰਦੀ ਹੈ । (ਸੰਗ੍ਰ)

**ਘੜੇ ਵਟੇ ਦਾ ਕੀ ਮੇਲ ?**

**ਭਾਵ**:—ਦੋ ਵਿਰੋਧੀ ਚੀਜ਼ ਦਾ ਕੀ ਮੇਲ ?

**ਵਰਤੋਂ** :— ਤੁਸੀਂ ਲਖ ਜਤਨ ਪਏ ਕਰੋ, ਉਨ੍ਹਾਂ ਦੋਹਾਂ ਦੀ ਨਹੀਂ ਜੇ ਬਣਨੀ । 'ਘੜੇ ਵਟੇ ਦਾ ਕੀ ਮੇਲ' ਵਾਲੀ ਗੱਲ ਹੈ ਉਨ੍ਹਾਂ ਦੀ ਤਾਂ । (ਸੰਗ੍ਰ)

**ਘਾਹ ਤਜਾਰ ਦਾ ਢੇਰ ਤੇ ਅੰਨ ਥੋੜ੍ਹਾ ।**

**ਭਾਵ** :—ਖਿਲਾਰਾ ਵੱਡਾ ਤੇ ਅਸਲੀਅਤ ਥੋੜੀ ।

**ਵਰਤੋਂ** :— ਬਾਹਰ ਦੀ ਟੀਪ ਟਾਪ ਤੇ ਸ਼ੂਕਾ ਸ਼ਾਕੀ ਬੜੀ ਹੈ, ਪਰ ਅੰਦਰ ਬਸ ਰੱਬ ਦਾ ਨਾਂ

ਹੀ ਹੈ। 'ਘਾਹ ਤਜਾਰ ਦਾ ਢੇਰ ਤੇ ਅੰਨ ਥੋੜਾ।' (ਸੰਗ੍ਰ)

**ਘਾਹ ਫੁਲੇ ਤਾਂ ਮੀਂਹ ਭੁਲੇ।** ਵੇਖੋ : ਕੋਠਾ ਉਸਰਿਆ, ਤਰਖਾਣ ਵਿਸਰਿਆ।

**ਭਾਵ** :—ਘਾਹ ਦੇ ਵਧ ਪੈਣ ਤੇ ਮੀਂਹ ਨੂੰ ਕੋਈ ਯਾਦ ਨਹੀਂ ਕਰਦਾ।

**ਵਰਤੋਂ** :— ਹੁਣ ਮਾਤਾ ਪਿਤਾ ਦੀ ਕੀ ਲੋੜ ਹੈ ਤੁਹਾਨੂੰ। 'ਘਾਹ ਫੁਲੇ ਤਾਂ ਮੀਂਹ ਭੁਲੇ' ਸਾਲਾਂ ਬਧੀ ਤੁਹਾਨੂੰ ਪਾਲਿਆ ਪੋਸਿਆ ਲਿਖਾਇਆ, ਪੜ੍ਹਾਇਆ, ਕਾਰੇ ਲਾਇਆ। ਅੱਜ ਤੂੰ ਕੌਣ ਤੇ ਮੈਂ ਕੌਣ ? (ਸੰਗ੍ਰ)

**ਘਾਹੀਆਂ ਦੇ ਪੁੱਤਾਂ ਘਾਹ ਹੀ ਖੋਦਣੇ ਨੇ।**

**ਭਾਵ** :—ਨੀਵੇਂ (ਜਾਂ ਗ਼ਰੀਬ) ਮਾਪਿਆਂ ਦੇ ਬੱਚੇ ਵੀ ਜਦ ਨੀਵਾਂ ਹੀ ਕੰਮ ਕਰਨ।

**ਵਰਤੋਂ** :— ਸ਼ਹਿਰੀ—ਅਜ਼ਾਦੀ ਤਾਂ ਆ ਗਈ ਹੈ ਪਰ 'ਘਾਹੀਆਂ ਦੇ ਪੁਤਾਂ ਨੇ ਘਾਹ ਹੀ ਖੋਦਣੇ ਨੇ' ਸਾਡੇ ਗ਼ਰੀਬਾਂ ਦੇ ਹਾਲ ਵਿੱਚ ਕੋਈ ਫ਼ਰਕ ਨਹੀਂ ਪਿਆ। (ਸੰਗ੍ਰ)

**ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥**

**ਭਾਵ** :—ਰੱਬ ਦੀ ਲੀਲ੍ਹਾ ਬੇਅੰਤ ਹੈ। ਉਹ ਕੁਝ ਦਾ ਕੁਝ ਕਰ ਦੇਂਦਾ ਹੈ।

**ਵਰਤੋਂ** :—

ਸੀਹਾ ਬਾਜਾ ਚਰਗਾ ਕੁਹੀਆ
ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ
ਏਹਿ ਚਲਾਏ ਰਾਹ॥

(ਗੁਰੂ ਗ੍ਰੰਥ—ਵਾਰ ਮਾਝ)

**ਘਾਣ ਬਚਾ ਪੀੜਿਆ ਜਾਣਾ।** ਜਾਂ **ਘਾਣ ਬਚਾ ਘਾਣ ਹੋਇਆ ਨਹੀਂ।**

**ਭਾਵ** :—ਕਿਸੇ ਨੂੰ ਸਮੇਤ ਸਾਰੇ ਪ੍ਰਵਾਰ ਦੇ ਦੁਖ ਦਿਤੇ ਜਾਣ।

**ਵਰਤੋਂ** :— ਮੁਗਲਦਮਨ ਸਿੰਘ—ਜੀ ਸਚ ਹੈ। ਹੁਣ ਇਹ ਦਸੋ ਕਿ ਕੀ ਇਹ ਹਾਲ ਇਦਾਂ ਹੀ ਰਹੂ ? ਹਰ ਦਿਨ ਲਾਹੌਰ ਦੀ ਮੰਡੀ ਵਿਚ ਸਿੰਘ ਸ਼ਹੀਦ ਹੁੰਦੇ ਹਨ ਅਰ ਸਿੰਘ ਦੇ ਘਾਣ ਬਚੇ ਪੀੜੀਦੇ ਹਨ। (ਬਿਜੈ ਸਿੰਘ—ਭਾਈ ਵੀਰ ਸਿੰਘ)

**ਘਾਲ ਘਾਲ ਬੈਲ ਮਰੇ, ਖੇਤੀ ਚਰੇ ਤੁਰੰਗ।**

**ਭਾਵ** :—ਮਿਹਨਤ ਤਾਂ ਕੋਈ ਕਰੇ ਪਰ ਲਾਭ ਕੋਈ ਹੋਰ ਲਵੇ।

**ਵਰਤੋਂ** :—

ਘਾਲ ਘਾਲ ਬੈਲ ਮੋਏ ਤੇ ਖਾ ਗਏ ਤੁਰੰਗ।
ਪਾਲ ਪਾਲ ਕੇ ਸੈਦਾ ਮੋਇਆ
ਤੇ ਲੈ ਗਿਆ ਸ਼ੇਰ ਜੰਗ॥

(ਪੰਜਾਬੀ ਸਾਹਿੱਤ—ਡਾ. ਕੋਹਲੀ)

**ਘਿਉ ਸਵਾਰੇ ਸਾਲਣਾ, ਵੱਡੀ ਬਹੂ ਦਾ ਨਾਉਂ।** ਵੇਖੋ : ਲੜੇ ਫੌਜ ਤੇ ਨਾਂ ਸਰਦਾਰ ਦਾ।

**ਭਾਵ** :—ਕੰਮ ਕਰੇ ਕੋਈ ਹੋਰ ਤੇ ਨਾਂ ਕਿਸੇ ਹੋਰ ਦਾ ਹੋਵੇ।

**ਵਰਤੋਂ** :— ਬਣਾਇਆ ਸੀ ਤਾਜ ਮਹਲ ਕਾਰੀਗਰਾਂ, ਮਜ਼ਦੂਰਾਂ, ਐਂਜਨੀਅਰਾਂ। ਨਾਂ ਸ਼ਾਹ ਜਹਾਨ ਦਾ ਵਜਦਾ ਹੈ। ਸੱਚ ਹੈ, 'ਘਿਉ ਸਵਾਰੇ ਸਾਲਣਾ, ਵਡੀ ਬਹੂ ਦਾ ਨਾਉਂ।' (ਸੰਗ੍ਰ)

**ਘਿਉ ਜੱਟੀ ਦਾ, ਤੇ ਤੇਲ ਹੱਟੀ ਦਾ।**

**ਭਾਵ** :—ਘਿਉ ਜਦ ਤੀਕ ਸਿੱਧਾ ਬਨਾਣ ਵਾਲੇ ਕੋਲੋਂ ਨਾ ਲਈਏ, ਉਸ ਵਿੱਚ ਮਿਲਾਵਟ ਕੀਤੇ ਜਾਣ ਦਾ ਡਰ ਰਹਿੰਦਾ ਹੈ।

**ਵਰਤੋਂ** :— ਬਈ ਵਾਹ, ਜੱਟੀ ਦਾ ਘਿਉ ਕਾਹਦਾ ਹੈ, ਮਸ਼ਾਲਾਂ ਪਈਆਂ ਬਲਦੀਆਂ ਹਨ। 'ਘਿਉ ਜੱਟੀ ਦਾ ਤੇ ਤੇਲ ਹੱਟੀ ਦਾ।' ਹੱਟੀ ਉਤੇ ਘਿਉ ਨੂੰ ਕੋਈ ਖਾਲਸ ਨਹੀਂ ਰਹਿਣ ਦੇਂਦਾ। (ਸੰਗ੍ਰ)

**ਘਿਉ ਡੁਲ੍ਹਾ ਥਾਲ, ਨਾ ਮਿਹਣਾ ਨਾ ਗਾਲ।**

**ਭਾਵ** :—ਜਦ ਕੋਈ ਚੀਜ਼ ਨੁਕਸਾਨ ਹੁੰਦੀ ਦਿਸਦੀ ਹੋਈ ਵੀ ਅਸਲ ਵਿੱਚ ਨੁਕਸਾਨ ਨਾ ਹੋਵੇ।

**ਵਰਤੋਂ** :— ਕੀ ਹੋ ਗਿਆ, ਆਪਣਿਆਂ ਨੇ ਹੀ ਖਾਧਾ ਹੈ। 'ਘਿਉ ਡੁਲ੍ਹਾ ਥਾਲ, ਨਾ ਮਿਹਣਾ ਨਾ ਗਾਲ'। ਬਿਗਾਨੇ ਖਾਂਦੇ ਤਾਂ ਦੁਖ ਵੀ ਹੁੰਦਾ। (ਸੰਗ੍ਰ)

**ਘਿਉ ਦੀਆਂ ਧਾਰਨਾਂ ਤੇ ਥੁਕਾਂ ਦੀਆਂ ਲਕੀਰਾਂ।**

**ਭਾਵ** :—ਚੰਗੀ ਚੀਜ਼ ਨੂੰ ਖੁਲ੍ਹੇ ਦਿਲ ਦੇਣਾ ਤੇ ਫਜ਼ੂਲ ਚੀਜ਼ ਤੋਂ ਕੰਜੂਸੀ ਕਰਨੀ। ਜਾਂ ਚੰਗੀ ਚੀਜ਼ ਦਾ ਹੀ ਮੁਲ ਪੈਂਦਾ ਹੈ, ਮੰਦੀ ਦਾ ਨਹੀਂ।

**ਵਰਤੋਂ** :— ਏਨਾ ਪੈਸਾ ਇਮਾਰਤ ਉਤੇ ਖਰਚ ਚੁਕੇ ਹੋ, ਹੁਣ ਫਰਸ਼ ਵੀ ਵਧੀਆ ਬੰਨ੍ਹਵਾਉ ਤਾਂ ਠੀਕ ਹੈ। ਉਹ ਨਾ ਹੋਵੇ ਕਿ 'ਘਿਉ ਦੀਆਂ ਧਾਰਨਾਂ ਨਾਲੋਂ' ਥੁਕਾਂ ਦੀਆਂ ਲਕੀਰਾਂ ਦਾ ਵਧੀਕ ਧਿਆਨ ਰਖਣ ਲਗ ਪਉ। (ਸੰਗ੍ਰ)

**ਘਿਉ ਵਿਚ ਰੰਬਾ, ਬੜਾ ਅਚੰਭਾ।**

**ਭਾਵ** :—ਕਿਸੇ ਚੰਗੀ ਚੀਜ਼ ਦੀ ਹਦੋਂ ਵਧ ਵਰਤੋਂ ਕਰਨੀ।

**ਵਰਤੋਂ** :— ਖਰਚ ਸੋਚ ਕੇ ਹੀ ਸੰਜਮ ਨਾਲ ਕਰਨਾ ਚੰਗਾ ਹੈ, 'ਘਿਉ ਵਿੱਚ ਰੰਬਾ, ਬੜਾ ਅਚੰਭਾ'। ਅਤ ਨਾਲ ਰੱਬ ਦਾ ਵੈਰ ਹੁੰਦਾ ਹੈ। (ਸੰਗ੍ਰ)

**ਘੁਮਿਆਰ ਸੁਪੱਤਾ ਨਹੀਂ, ਤੇ ਤੇਲੀ ਕੁਪੱਤਾ ਨਹੀਂ।**

**ਭਾਵ** :—ਗਰੀਬ ਦੀ ਸਦਾ ਨਿਰਾਦਰੀ ਹੁੰਦੀ ਹੈ।

**ਵਰਤੋਂ** :— ਗ਼ਰੀਬ ਦੀ ਨਿਰਾਦਰੀ ਹੋਣੀ ਕੁਦਰਤੀ ਹੈ, ਤੁਸੀਂ ਠੀਕ ਆਖਦੇ ਹੋ, 'ਘੁਮਿਆਰ ਸੁਪੱਤਾ ਨਹੀਂ, ਤੇ ਤੇਲੀ ਕੁਪੱਤਾ ਨਹੀਂ' ਜਿਸ ਦੇ ਘਰ ਦਾਣੇ ਉਸ ਦੇ ਕਮਲੇ ਵੀ ਸਿਆਣੇ। ਮੇਰੇ ਪਾਸ ਵੀ ਧਨ ਹੁੰਦਾ ਤਾਂ ਵੇਖਦਾ ਤੁਸੀਂ ਕਿਵੇਂ ਆਕੜਦੇ? (ਸੰਗ੍ਰ)

**ਘੁਮਿਆਰੀ ਆਪਣਾ ਭਾਂਡਾ ਹੀ ਸਲਾਹੁੰਦੀ ਹੈ।** ਵੇਖੋ : ਆਪਣੀ ਛਾਹ ਨੂੰ ਕੋਣ ਖੱਟੀ ਆਖਦਾ ਹੈ।

**ਭਾਵ** :—ਹਰ ਕੋਈ ਆਪਣੀ ਚੀਜ਼ ਦੀ ਹੀ ਵਡਿਆਈ ਕਰਦਾ ਹੈ।

**ਵਰਤੋਂ** :— ਭਗਵਤੀ – ਆਹੋ ਜੀ, ਘੁਮਿਆਰੀ ਆਪਣਾ ਭਾਂਡਾ ਤਾਂ ਸਲਾਹੁਣਾ ਹੀ ਹੋਇਆ। ਜਾਣਾਂਗੇ ਤਦੋਂ, ਜਦੋਂ ਉਹ ਸਲਾਹੁਣਗੇ ਜਿਨ੍ਹਾਂ ਨਾਲ ਵਾਹ ਪੈਣਾ ਏ। (ਵਰ ਘਰ— ਆਈ. ਸੀ. ਨੰਦਾ)

**ਘੋਗਾ ਠੰਡਾ ਹੋ ਗਿਆ ਤਾਂ ਤੁਸੀਂ ਕੌਣ ਤੇ ਮੈਂ ਕੌਣ?** ਵੇਖੋ :- ਕੋਠਾ ਉਸਰਿਆ ਤਰਖਾਣ ਵਿਸਰਿਆ।

**ਭਾਵ** :—ਮਤਲਬ ਕਢ ਲੈਣ ਤੇ ਪੁਛ ਪਰਤੀਤ ਛਡ ਦੇਣੀ।

**ਵਰਤੋਂ** :— ਸਚ ਹੈ ਹੁਣ ਤੁਹਾਨੂੰ ਸਾਡੇ ਨਾਲ ਕੀ ਮਤਲਬ ਜੇ। ਅਖੇ ਘੋਗਾ ਠੰਡਾ ਹੋ ਗਿਆ ਤਾਂ ਤੁਸੀਂ ਕੌਣ ਤੇ ਮੈਂ ਕੌਣ। (ਸੰ)

**ਘੋਰ ਬਿਨਾ ਕੈਸੇ ਅਸਵਾਰ।**

**ਭਾਵ** :—ਘੋੜੇ ਤੋਂ ਬਗੈਰ ਸਵਾਰੀ ਕਾਹਦੀ। ਭਾਵ ਗੁਣਾ ਬਿਨਾ ਵਡਿਆਈ ਕਾਹਦੀ।

**ਵਰਤੋਂ** :—

ਘੋਰ ਬਿਨਾ ਕੈਸੇ ਅਸਵਾਰ
ਸਾਧੂ ਬਿਨਾ ਨਾਹੀ ਦਰਵਾਰ।
(ਗੁਰੂ ਗ੍ਰੰਥ— ਰਾਗ ਗੋਂਡ)

**ਘੋੜਾ ਘਾਹ ਨਾਲ ਯਾਰੀ ਕਰੇ ਤੇ ਖਾਵੇ ਕੀ?**

**ਭਾਵ** :—ਉਪਜੀਵਕਾ ਲਈ ਹਰ ਕਿਸੇ ਤੋਂ ਨਫਾ ਲੈਣਾ ਹੀ ਪੈਂਦਾ ਹੈ ।

**ਵਰਤੋਂ** :—ਘੋੜਾ ਘਾਹ ਨਾਲ ਯਾਰੀ ਕਰੇ ਤੇ ਖਾਵੇ ਕੀ। ਜੇ ਹਠ ਰਖੀਏ ਤਾਂ ਕਮਾਈਏ ਕੀ। (ਸੰ)

### ਘੋੜਾ ਫਿਰੇ ਗਰਾਂ ਗਰਾਂ, ਜਿਸ ਦਾ ਘੋੜਾ ਉਸਦਾ ਨਾਂ।

**ਭਾਵ** :—ਸੋਭਾ ਵਡੇ ਦੀ ਹੀ ਹੁੰਦੀ ਹੈ।

**ਵਰਤੋਂ** :— ਤੂੰ ਸੋ ਟਿਲ ਲਾ ਲੈ। ਤੇਰਾ ਨਾਂ ਕਿਸੇ ਨਹੀਂ ਲੈਣਾ। ਮੇਰਾ ਹੀ ਲੈਣਗੇ ਜਿਸ ਤੋਂ ਤੂੰ ਸਭ ਕੁਝ ਸਿਖਿਆ ਹੈ। 'ਘੋੜਾ ਫਿਰੇ ਗਰਾਂ ਗਰਾਂ ਜਿਸਦਾ ਘੋੜਾ ਉਸ ਦਾ ਨਾਂ। (ਸੰਗ੍ਰ)

### ਘੋੜਿਆ ਘਰ ਨੇੜੇ।

**ਭਾਵ** :— ਜਦ ਪਰਾਏ ਦੇ ਸਿਰ ਚੜ੍ਹ ਕੋਈ ਕੰਮ ਸੁਖਾਲਾ ਹੀ ਹੋ ਜਾਵੇ ਜਾਂ ਸਾਧਨ ਪਾਸ ਹੋਣ ਤੇ ਕੰਮ ਛੇਤੀ ਹੋ ਸਕੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਸਰਦਾਰ ਜੀ, ਘੋੜਿਆ ਘਰ ਨੇੜੇ। ਪੈਸੇ ਪਲੇ ਹੋਣ, ਤਾਂ ਕਿਹੜਾ ਕੰਮ ਨਹੀਂ ਹੋ ਸਕਦਾ। (ਸੰਗ੍ਰ)

### ਘੋੜੀ ਚੜ੍ਹੇ ਨਹੀਂ ਤਾਂ ਕੀ ਚੜ੍ਹ-ਦਿਆਂ ਨੂੰ ਵੀ ਨਹੀਂ ਡਿਠਾ।

**ਭਾਵ** :—ਸਿਆਣਪ ਕੇਵਲ ਆਪ ਕੰਮ ਕਰਨ ਨਾਲ ਹੀ ਨਹੀਂ ਆਉਂਦੀ। ਸੁਣ ਪੜ੍ਹ ਕੇ ਵੀ ਆ ਜਾਂਦੀ ਹੈ।

**ਵਰਤੋਂ** :— ਓਹ ਸਮਝਦੇ ਨੇ ਪਈ ਮੈਨੂੰ ਉਨ੍ਹਾਂ ਦੀਆਂ ਚਲਾਕੀਆਂ ਦਾ ਪਤਾ ਨਹੀਂ ਲਗਦਾ ਤੇ ਮੇਰੀਆਂ ਹੋਈਆਂ ਇਹ ਨੌਹਾਂ ਦੀਆਂ ਫ਼ਿਲਤਾਂ। ਘੋੜੀ ਚੜ੍ਹੇ ਨਹੀਂ ਤੇ ਚੜ੍ਹਦਿਆਂ ਵੀ ਨਹੀਂ ਡਿੱਠਾ। ਮੈਂ ਉਨ੍ਹਾਂ ਸਾਰਿਆਂ ਦੀਆਂ ਜ਼ਮਾਨਤਾਂ ਨਾ ਕਰਾ ਦਿਤੀਆਂ ਤਾਂ ਮੈਨੂੰ ਸ਼ਾਮੂ ਕਿਸ ਆਖਣਾ ਏ।

(ਸ਼ਾਮੂ ਸ਼ਾਹ : ਆਈ. ਸੀ. ਨੰਦਾ)

### ਘੋੜੀ ਦੀ ਪੂਛ (ਵਡੀ ਹੋਊ ਤਾਂ) ਆਪਣਾ ਪਿਛਾ ਕਜਸੀ।

**ਭਾਵ** :—ਮਾੜਾ ਆਦਮੀ ਮਸਾਂ ਆਪਣਾ ਕੰਮ ਹੀ ਸਾਰ ਸਕਦਾ ਹੈ।

**ਵਰਤੋਂ** :—ਸਾਡਾ ਕੀ ਸੁਆਰਨਾ ਹੈ ਓਹਨੇ। 'ਘੋੜੀ ਦੀ ਪੂਛ ਆਪਣੀ ਮਸਾਂ ਚੁਤ ਕਜਸੀ।' ਉਸ ਦਾ ਆਪਣਾ ਢਿਡ ਭਰੇ, ਤਦ ਹੀ ਬੜੀ ਗਲ ਹੈ। (ਸੰਗ੍ਰ)

### ਘੋੜੇ ਕੰਨ ਬਰੋਬਰ ਹੋਇ।

**ਭਾਵ** :—ਜਦ ਕਿਸੇ ਨੂੰ ਕਰੜੀ ਮਿਹਨਤ ਪਿਛੋਂ ਭੀ ਉਹੀ ਕੁਝ ਪਲੇ ਪਵੇ ਜੋ ਪਹਿਲਾਂ ਪੈਂਦਾ ਸੀ।

**ਵਰਤੋਂ** :—ਗ਼ਰੀਬ ਚੰਦ, ਪ੍ਰਦੇਸ ਵੀ ਗਿਆ ਮਿਹਨਤ ਵੀ ਚੋਖੀ ਕੀਤੀ, ਪਰ ਹਾਲਤ ਅਗੇ ਵਟਗੀ ਹੀ ਹੈ। 'ਘੋੜੇ ਕੰਨ ਬਰੋਬਰ ਹੋਇ'। ਪੱਲੇ ਕੁਝ ਵੀ ਨਹੀਂ ਪਿਆ। (ਸੰਗ੍ਰ)

### ਘੋੜੇ ਘਰ ਸੁਲਤਾਨਾ ਤੇ ਮੱਝੀ ਘਰ ਵਰਿਆਮਾਂ।

**ਭਾਵ** :—(1) ਖਰਚੀਲੀਆਂ ਚੀਜ਼ਾਂ ਵਡੇ ਲੋਕ ਹੀ ਰਖ ਸਕਦੇ ਹਨ।

(2) ਖ਼ਰਚੀਲੀਆਂ ਚੀਜ਼ਾਂ ਬਾਦਸ਼ਾਹ ਰਖਦੇ ਹਨ। ਲਾਭਵੰਦੀਆਂ ਸੂਰਮੇ।

**ਵਰਤੋਂ** :—ਏਸਾ ਸਿੰਘ—ਚੌਧਰੀ ਕੀ ਗੱਲ ਹੈ, ਸਾਵਣ ਸਿੰਘ ਦੀ ਹਵੇਲੀ ਵਿੱਚ ਘੋੜੀਆਂ ਤੇ ਮਹੀਆਂ ਬੜੀਆਂ ਲਿਸੀਆਂ ਜਾਪਦੀਆਂ ਹਨ।

ਚੌਧਰੀ—ਸਰਦਾਰ ਜੀ, 'ਘੋੜੇ ਘਰ ਸੁਲਤਾਨਾਂ ਤੇ ਮੱਝੀ ਘਰ ਵਰਿਆਮਾ' ਸਾਵਣ ਸਿੰਘ ਪਾਸ ਆਪਣੇ ਖਾਣ ਨੂੰ ਨਹੀਂ। ਡੰਗਰ ਵਛੇ ਨੂੰ ਕਿਥੋਂ ਖੁਆਏ। (ਸੰਗ੍ਰ)

### ਘੋੜੇ ਥਾਨੀ ਤੇ ਮਰਦ ਮਕਾਨੀ।

**ਭਾਵ** :—ਘੋੜੇ ਕਿਲੇ ਬਝੇ ਹੀ ਮੁਲ ਪਾਉਂਦੇ ਹਨ। ਤੇ ਮਰਦ ਘਰ ਹੀ।

**ਵਰਤੋਂ**: —ਬੀਬਾ ਜੀ, ਘਰ ਰਹਿਕੇ ਖਟੋ ਕਮਾਉ। ਹਰ ਚੀਜ਼ ਆਪਣੇ ਟਿਕਾਣੇ ਹੀ ਸੋਭਾ ਪਾਉਂਦੀ ਹੈ। ਘੋੜੇ ਥਾਨੀ ਤੇ ਮਰਦ ਮਕਾਨੀ' ਹੀ ਚੰਗੇ ਲਗਦੇ ਹਨ। ਬਾਹਰ ਜਾ ਕੇ ਕਿਹੜੀ ਤੁਸੀਂ ਲਾਮ ਦੀ ਖਟੀ ਮੇਲ ਲਿਆਉਣੀ ਹੈ। (ਸੰਗ੍ਰ)

## ਘੋੜੇ ਦੀ ਬਲਾ ਤਵੇਲੇ ਉਤੇ।

**ਭਾਵ** :—ਅਪ੍ਰਾਧ ਤਾਂ ਕੋਈ ਕਰੇ ਪਰ ਸਜ਼ਾ ਕਿਸੇ ਹੋਰ ਨੂੰ ਮਿਲੇ।

**ਵਰਤੋਂ** :—ਹਾਇ ਦੁਖੀ ਰਾਤ। ਤੇਰੀ ਤਾਂ ਹੁਣ ਛਾਤੀ ਲਾਲ ਹੋ ਗਈ, ਔਹ ਕਲੇਜਾ ਪਾਟ ਪਿਆ, ਲੋਕਾਂ ਦੇ ਭਾਣੇ ਬਿਜਲੀ ਕੜਕਣ ਲਗੀ, ਘੋੜੇ ਦੀ ਬਲਾ ਤਬੇਲੇ ਉਤੇ। ਕਈ ਡੰਗਰ ਪਸੂ ਬਿਜਲੀ ਨਾਲ ਮਾਰੇ ਗਏ।

(ਬਿਜੈ ਸਿੰਘ—ਵੀਰ ਸਿੰਘ)

## ਘੋੜੇ ਰੂੜੀਆਂ ਤੇ ਖੋਤੇ ਖੁਦੀਂ।

**ਭਾਵ** :—ਚੰਗੇ ਨੂੰ ਮੰਦੀ ਥਾਂ ਦੇਣੀ ਤੇ ਮਾੜੇ ਨੂੰ ਚੰਗੀ।

**ਵਰਤੋਂ** : —ਦੇਸ ਦੀ ਹਾਲਤ ਬਹੁਤ ਹੀ ਮੰਦੀ ਹੈ। 'ਘੋੜੇ ਰੂੜੀਆਂ ਤੇ ਖੋਤੇ ਖੁਦੀਂ।' ਚੰਗੇ ਮੰਦੇ ਤੇ ਮੰਦੇ ਚੰਗੇ ਗਿਣੀਦੇ ਹਨ। (ਸੰਗ੍ਰ)

## ਘੰਟ ਬਣਾਇਆ ਚੂਹਿਆਂ, ਗਲ ਬਿਲੀ ਪਾਈਦੇ।

**ਭਾਵ** :—ਅਣਹੋਣੀ ਗਲ ਨਹੀਂ ਹੋ ਸਕਦੀ।

**ਵਰਤੋਂ** :—ਬੇਬੇ—ਨੀ ਧੀਏ, ਛਡ ਵੀ ਇਸ ਸਿਆਪੇ ਨੂੰ। ਤੈਥੋਂ ਇਹ ਅਣਹੋਣੀ ਗੱਲ ਨਹੀਂ ਸਿਰੇ ਚੜ੍ਹਨੀ। ਘੰਟ ਬਣਾਇਆ ਚੂਹਿਆਂ ਗਲ ਬਿਲੀ ਪਾਈਏ। ਪਰ ਬਿਲੀ ਦੇ ਗਲ ਪਾਂਦਾ ਕੌਣ। ਤੂੰ ਤੇ ਟਿਕ ਕੇ ਬਹੁ। (ਸੰਗ੍ਰ)

## ਘਿਨ ਮੁਣਸਾ ਘਗਰੀ, ਮੈਂ ਵੈਨੀ ਪਈਆਂ।

**ਭਾਵ** :—ਅਸਲ ਚੀਜ਼ ਦੀ ਗਲ ਨਾ ਕਰਨੀ ਤੇ ਨਿਕੀ ਜਿਹੀ ਗਲ ਜਤਾਣੀ।

**ਵਰਤੋਂ** :—ਤੁਸੀਂ ਚਾਰ ਸੌ ਰੁਪਏ ਦੀ ਤੇ ਗਲ ਨਹੀਂ ਕਰਦੇ ਤੇ ਮੁੜ ਮੁੜ ਇਹ ਕਹਿੰਦੇ ਹੋ ਕਿ ਤੁਹਾਡੇ ਦੋ ਮਣ ਦਾਣੇ ਦੇਣੇ ਹਨ। ਅਖੇ ਘਿਨ ਮੁਣਸਾ ਘਗਰੀ, ਮੈਂ ਵੈਨੀ ਪਈਆਂ। (ਸੰਗ੍ਰ)

## ਘੋਂ ਕੇ ਪੀਹ ਘੋਂ ਕੀ ਪੀਹ। ਨਾਲ ਪਿਹਾਉਣ ਵਾਲਿਆਂ ਨੂੰ ਪੀਹ।

**ਭਾਵ** :—ਜ਼ਲ੍ਹਣ ਜੀ ਨੇ ਜਦ ਆਪਣੀ ਇਸਤ੍ਰੀ ਨੂੰ ਪੇਕੇ ਘਰ ਚੱਕੀ ਪੀਂਹਦਿਆਂ ਡਿਠਾ ਤਾਂ ਉਸਦੀ ਨਿਰਾਦਰੀ ਸਮਝ ਇਹ ਅਖਾਣ ਕਹਿ ਦਿਤਾ। ਭਾਵ ਜੋ ਕਿਸੇ ਤੋਂ ਅਯੋਗ ਵਿਗਾਰ ਲੈਂਦਾ ਹੈ ਉਹ ਆਪਣਾ ਹੀ ਨੁਕਸਾਨ ਕਰਦਾ ਹੈ।

**ਵਰਤੋਂ** :—ਕੁਝ ਚਿਰ ਸਿੱਖ ਚੁਪ ਕਰਕੇ ਦੁਖ ਜਾਲਦੇ ਰਹੇ, ਪਰ ਦਿਲ ਵਿੱਚ ਇਹ ਧਾਰ ਰਖੀ ਸੀ ਘੋਂ ਕੇ ਪੀਹ ਘੋਂ ਕੇ ਪੀਹ ਨਾਲ ਪਿਹਾਉਣ ਵਾਲੇ ਨੂੰ ਵੀ ਪੀਹ। ਇਕ ਦਿਨ ਮੌਕਾ ਆਇਆ ਉਹ ਆਪਣੇ ਵੈਰੀਆਂ ਨੂੰ ਦਰੜਕੇ ਰਾਜ ਦੇ ਵਾਲੀ ਬਣ ਗਏ। (ਸੰ)

# ਚ

## ਚਉਧਰੀ ਰਾਜੇ ਨਹੀਂ ਕਿਸੇ ਮੁਕਾਮ

**ਭਾਵ** :—ਵਡੇ ਪੁਰਸ਼, ਰਾਜਿਆਂ, ਆਦਿ ਨੇ ਵੀ ਸੰਸਾਰ ਉਤੇ ਸਦਾ ਨਹੀਂ ਰਹਿਣਾ।

**ਵਰਤੋਂ** :—

ਚਉਧਰੀ ਰਾਜੇ ਨਹੀਂ ਕਿਸੇ ਮੁਕਾਮ ॥
ਸਾਹ ਮਰਹਿ ਸੰਚਹਿ ਮਾਇਆ ਦਾਮ ॥
ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮ ॥

(ਗੁਰੂ ਗ੍ਰੰਥ—ਗਉੜੀ ਰਾਗ)

**ਚਸਕੋਰੀਆਂ, ਹਡਹਰਾਮਣਾਂ, ਅੱਜ ਵੀ ਪਟੀਆਂ ਤੇ ਕਲ੍ਹ ਵੀ ਪਟੀਆਂ।**

**ਭਾਵ :—** ਜਿਹੜੇ ਕੰਮ ਦੇ ਚੋਰ ਤੇ ਅਵੇਸਲੇ ਹੋਣ, ਉਨ੍ਹਾਂ ਨੇ ਜ਼ਰੂਰ ਨੁਕਸਾਨ ਪਾਉਣਾ ਹੈ।

**ਵਰਤੋਂ :—**ਰਾਣੀ—ਵਸਦਿਆਂ ਦੇ ਘਰ ਵੱਰੇ ਦੀਆਂ ਹਟੀਆਂ। ਚਸਕੋਰੀਆਂ, ਹਡਹਰਾਮਣਾਂ ਅਜ ਵੀ ਪਟੀਆਂ ਤੇ ਕਲ੍ਹ ਵੀ ਪਟੀਆਂ। ਮੈਨੂੰ ਇਹ ਰਾਜ ਡੁਬਦਾ ਨਜ਼ਰ ਆਉਂਦਾ ਏ।

(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਚੱਕੀ ਦਾ ਪੀਠਾ ਚੰਗਾ ਤੇ ਦੰਦਾਂ ਦਾ ਪੀਠਾ ਮੰਦਾ ਜਾਂ ਚੱਕੀ ਦਾ ਪੀਠਾ ਭਾਵੇਂ ਬਚ ਜਾਵੇ ਪਰ ਦੰਦਾਂ ਦਾ ਪੀਠਾ ਨਹੀਂ ਬਚਦਾ।**

**ਭਾਵ :—** ਦੁਖ ਉਠਾਉਣਾ ਚੰਗਾ, ਪਰ ਬਦਨਾਮੀ ਉਠਾਣੀ ਬੁਰੀ।

**ਵਰਤੋਂ :—** ਇਸ ਘਰ ਦੀ ਕੋਈ ਗਲ ਤੈਥੋਂ ਲੁਕੀ ਹੋਈ ਤੇ ਹੈ ਨਹੀਂ ਜੋ ਮੈਂ ਤੈਨੂੰ ਮੁੜ ਮੁੜ ਸਮਝਾਵਾਂ। ਸਿਆਣੇ ਕਹਿੰਦੇ ਹੁੰਦੇ ਹਨ "ਚੱਕੀ ਦਾ ਪੀਠਾ ਭਾਵੇਂ ਬਚ ਜਾਏ, ਪਰ ਦੰਦਾਂ ਦਾ ਪੀਠਾ ਨਹੀਂ ਬਚ ਸਕਦਾ।" (ਟੁਟੀ ਵੀਣਾ—ਨਾਨਕ ਸਿੰਘ)

**ਚਕੋਰ ਨੂੰ ਚੰਨ ਆ ਮਿਲਿਆ।**

**ਭਾਵ :—** ਕਿਸੇ ਅਤਿ ਪਿਆਰੇ ਦੇ ਮਿਲਣ ਦੀ ਤਾਂਘ ਪੂਰੀ ਹੋਈ।

**ਵਰਤੋਂ :—** ਦਿੱਤਾ :—ਬੱਕੋ ਅਜ ਤੇ ਚਕੋਰ ਨੂੰ ਚੰਨ ਆ ਮਿਲਿਆ ਏ। ਮੇਰੇ ਦਿਲ ਦੀ ਸੁਕੀ ਪੇਲੀ ਹਰੀ ਹੋ ਫਿਰੀ ਅਜ।

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲਦੀਨ)

**ਚੱਜ ਨਾ ਚਾਰ ਤੇ ਘੁਲਣ ਨੂੰ ਤਿਆਰ।**

**ਭਾਵ :—** ਹਰ ਸਮੇਂ ਲੜਾਈ ਲਈ ਤਿਆਰ ਰਹਿਣ ਵਾਲੇ ਲਈ ਵਰਤਦੇ ਹਨ।

**ਵਰਤੋਂ :—** ਚੱਜ ਨਾ ਚਾਰ ਤੇ ਘੁਲਣ ਨੂੰ ਤਿਆਰ। ਤੇਰੇ ਭਲੇ ਦੀ ਗਲ ਕੀਤੀ ਨਹੀਂ ਕਿ ਤੂੰ ਲੋਹਾ ਲਾਖਾ ਹੋਇਆ ਨਹੀਂ। ਜੇ ਏਨੀ ਹੀ ਅਣਖ ਹੈ, ਤਾਂ ਕੁਝ ਕਰਕੇ ਵੀ ਵਿਖਾ। (ਸੰਗ੍ਰ)

**ਚੱਟ (ਝਟ) ਰੋਟੀ ਤੇ ਪਟ ਦਾਲ।**

**ਭਾਵ :—** ਕਿਸੇ ਚੀਜ਼ ਦੀ ਮੰਗ ਬੜੀ ਕਾਹਲੀ ਨਾਲ ਕਰਨੀ।

**ਵਰਤੋਂ :—** ਤੂੰ ਤਾਂ ਝਟ ਰੋਟੀ ਤੇ ਪਟ ਦਾਲ ਮੰਗਨਾ ਏਂ। ਏਡੀ ਕਾਹਲੀ ਨਾਲ ਮੈਥੋਂ ਕੰਮ ਨਹੀਂ ਹੁੰਦਾ। (ਸੰਗ੍ਰ)

**ਚੱਟੀ ਪਈ ਮਹਿਰ ਤੇ, ਮਹਿਰ ਘੱਤੀ ਸ਼ਹਿਰ ਤੇ।**

**ਭਾਵ :—** ਡੰਨ ਲਗੇ ਤਾਂ ਕਿਸੇ ਵਡੇ ਨੂੰ, ਪਰ ਉਹ ਹੋਰਨਾਂ ਦੇ ਸਿਰ ਮੜ੍ਹ ਦੇਵੇ।

**ਵਰਤੋਂ :—** ਜਜ ਨੇ ਤਾਂ ਸਾਰਾ ਡੰਨ ਨੰਬਰਦਾਰ ਨੂੰ ਲਾਇਆ, ਪਰ ਨੰਬਰਦਾਰ ਅਗੋਂ ਸਾਰੇ ਪਿੰਡ ਦੇ ਸਿਰ ਪਾ ਰਿਹਾ ਹੈ। ਅਖੇ ਚੱਟੀ ਪਈ ਮਹਿਰ ਤੇ, ਮਹਿਰ ਘੱਤੀ ਸ਼ਹਿਰ ਤੇ। (ਸੰਗ੍ਰ)

**ਚਣਾ ਚੇਤ ਘਣਾ, ਕਣਕ ਘਣੀ ਵਿਸਾਖ, ਇਸਤ੍ਰੀ ਘਣੀ ਤਾਂ ਜਾਣੀਏ ਜਾਂ ਮੁੰਡਾ ਹੋਵੇ ਢਾਕ।**

**ਭਾਵ :—** ਛੋਲੇ ਚੇਤ ਵਿੱਚ ਬਹੁਤ ਹੁੰਦੇ ਹਨ, ਕਣਕ ਵਿਸਾਖ ਵਿੱਚ ਤੇ ਇਸਤ੍ਰੀ ਓਹੀ ਚੰਗੀ ਹੁੰਦੀ ਹੈ, ਜਿਸ ਦੇ ਕੁੱਛੜ ਬਾਲ ਹੋਵੇ।

**ਵਰਤੋਂ :—** ਕਿਹੀ ਸੁਹਣੀ ਤੇ ਛੈਲ ਛਬੀਲੀ ਇਸਤ੍ਰੀ ਹੈ, ਪਰ ਗੋਦ ਖਾਲੀ ਹੈ। ਜਦ ਕਿਸੇ ਦੇ ਬਾਲਾਂ ਨੂੰ ਵੇਖਦੀ ਹੈ ਤਾਂ ਅਖੀਆਂ ਵਿਚ ਗਲੇਡੂ ਭਰ ਲੈਂਦੀ ਹੈ, ਸੱਚ ਹੈ, "ਚਣਾ ਚੇਤ ਘਣਾ, ਕਣਕ ਘਣੀ ਵਿਸਾਖ, ਇਸਤ੍ਰੀ ਘਣੀ ਤਾਂ ਜਾਣੀਏ ਜਾਂ ਮੁੰਡਾ ਹੋਵੇ ਢਾਕ।" (ਸੰਗ੍ਰ)

**ਚਣਾ ਤਿੜਕੂ ਤੇ ਪਹਾੜ ਢਾਹ ਲਊ ?**

**ਭਾਵ :—** ਮਾੜੇ ਜਾਂ ਗ਼ਰੀਬ ਬੰਦੇ ਦਾ ਗੁਸਾ ਕਿਸੇ ਦਾ ਕੀ ਵਿਗਾੜ ਸਕਦਾ ਹੈ।

**ਵਰਤੋਂ** :— ਜਾਣ ਦੇ ਯਾਰ, ਬਹੁਤੀਆਂ ਵਧੀਕੀ ਦੀਆਂ ਗਲਾਂ ਨਾ ਕਰ। ਕੀ ਵਿਗਾੜ ਸਕਦਾ ਏਂ ਤੂੰ ਮੇਰਾ! ਅਖੇ, ਚਣਾ ਤਿੜਕੂ ਤੇ ਪਹਾੜ ਢਾਹ ਲਊ? (ਸੰਗ੍ਰ)

**ਚਤਰਾਂ ਦਾ ਝਗੜਾ ਭਲਾ, ਠਿਟ ਮੂਰਖ ਦਾ ਮੇਲ।**

**ਭਾਵ** :— ਘਿਓ ਚਟਿਆ (ਰਤੀ ਜਿਨਾ) ਵੀ ਚੰਗਾ ਪਰ ਤੇਲ ਖਾਣਾ ਚੰਗਾ ਨਹੀਂ, ਸਿਆਣਿਆਂ ਦਾ ਝਗੜਾ ਮੂਰਖ ਦੀ ਦੋਸਤੀ ਨਾਲੋਂ ਚੰਗਾ ਹੈ।

**ਵਰਤੋਂ** :— ਏਲਚੀ—ਮਹਾਰਾਜ! ਮੂਰਖ ਨਾਲ ਦੋਸਤੀ ਦਾ ਕੀ ਲਾਭ? ਸਿਆਣਿਆਂ ਨੇ ਵੀ ਕਿਹਾ ਹੈ ਕਿ ਹੱਥੀਂ ਲਗਾ ਘਿਓ ਭੇਲਾ ਖਾਧਾ ਭਲਾ ਨਾ ਤੇਲ। ਚਤਰਾਂ ਦਾ ਝਗੜਾ ਭਲਾ, ਫਿੱਟ ਮੂਰਖ ਦਾ ਮੇਲ। ਅਗੇ ਜਿਵੇਂ ਆਪ ਆਗਿਆ ਕਰੋ। (ਸੰਗ੍ਰ)

**ਚਤੁਰਾਈ ਨਹ ਚੀਨਿਆ ਜਾਏ।**

**ਭਾਵ** :— ਚਲਾਕੀਆਂ ਨਾਲ ਰਬ ਦਾ ਭੇਦ ਨਹੀਂ ਸਮਝਿਆ ਜਾਂਦਾ।

**ਵਰਤੋਂ** :— ਚਤੁਰਾਈ ਨਹ ਚੀਨਿਆ ਜਾਇ।
ਬਿਨੁ ਮਾਰੇ ਕਿਉਂ ਕੀਮਤਿ ਪਾਇ।
(ਗੁਰੂ ਗ੍ਰੰਥ,—ਗਉੜੀ ਗੁਆਰੇਰੀ)

**ਚਤੁਰਾਈ ਨ ਚਤੁਰਭੁਜ ਪਾਈਐ।**

**ਭਾਵ** :— ਚਤੁਰਤਾ ਨਾਲ ਵਾਹਿਗੁਰੂ ਨਹੀਂ ਮਿਲਦਾ।

**ਵਰਤੋਂ**: —

ਰੇ ਜਨ ਮਨੁ ਮਾਧਉ ਸਿਉ ਲਾਈਐ ॥
ਚਤੁਰਾਈ ਨ ਚਤਰੁ ਭੁਜੁ ਪਾਈਐ ॥
(ਗੁਰੂ ਗ੍ਰੰਥ—ਗਉੜੀ ਕਬੀਰ)

**ਚਬਣੇ ਛੋਲੇ ਤੇ ਚਟਣਾ ਉਂਗਲੀਆਂ ਨੂੰ।**

**ਭਾਵ** :— ਮਾਮੂਲੀ ਜਾਂ ਥੋੜੀ ਚੀਜ਼ ਪਲੇ ਹੋਵੇ, ਪਰ ਦਿਖਾਵਾ ਵਧੀਆ ਜਾਂ ਬਹੁਤੀ ਚੀਜ਼ ਦਾ ਕਰੇ।

**ਵਰਤੋਂ** :— ਆਪਣੀ ਹੈਸੀਅਤ ਵਿਚ ਰਹੁ, ਚਬਣੇ ਛੋਲੇ ਤੇ ਚਟਣਾ ਉਂਗਲੀਆਂ ਨੂੰ। (ਸੰਗ੍ਰ)

**ਚਬਣੇ ਛੋਲੇ ਤੇ ਡਕਾਰ ਬਦਾਮਾਂ ਦੇ**

**ਭਾਵ** :— ਪੱਲੇ ਕੁਝ ਨਾ ਹੋਣਾ ਤੇ ਫੋਕੀ ਸ਼ੂੰ ਸ਼ਾਂ ਵਿਖਾਉਣੀ।

**ਵਰਤੋਂ** :— ਜੋ ਕੁਝ ਤੇਰੇ ਪਾਸ ਹੈ, ਉਹ ਤਾਂ ਸਾਰਿਆਂ ਨੂੰ ਪਤਾ ਹੀ ਹੈ, ਵਾਧੂ ਦੀ ਸ਼ੂੰ ਸ਼ਾਂ ਦਾ ਕੀ ਲਾਭ? "ਚਬਣੇ ਛੋਲੇ ਤੇ ਡਕਾਰ ਬਦਾਮਾਂ ਦੇ" ਕਿਸੇ ਨੂੰ ਨਹੀਂ ਸੋਭਦੇ। (ਸੰਗ੍ਰ)

**ਚਮਗਿਦੜਾਂ ਦੇ ਆਏ ਪਰਾਹੁਣੇ, ਜਿਵੇਂ ਅਸੀਂ ਲਟਕਦੇ ਹਾਂ ਤਿਵੇਂ ਤੁਸੀਂ ਲਟਕੋ।**

**ਭਾਵ** :— ਨੀਵੇਂ ਨਾਲ ਸਾਥ ਕੀਤਿਆਂ ਨੀਵਾਂ ਹੀ ਹੋਣਾ ਪੈਂਦਾ ਹੈ।

**ਵਰਤੋਂ** :— ਪ੍ਰਾਹੁਣਾਚਾਰੀ ਕੀ ਹੋਣੀ ਸੀ ਉਥੇ। ਭੰਗ ਪਈ ਭੁਜਦੀ ਸੀ। ਗਲ ਉਹੀਉ ਹੋਈ ਅਖੇ, "ਚਮਗਿਦੜਾਂ ਦੇ ਆਏ ਪਰਾਹੁਣੇ, ਜਿਵੇਂ ਅਸੀਂ ਲਟਕਦੇ ਹਾਂ ਤਿਵੇਂ ਤੁਸੀਂ ਲਟਕੋ।" (ਸੰਗ੍ਰ)

**ਚਮੜੀ ਜਾਏ ਪਰ ਦਮੜੀ ਨ ਜਾਏ।**

**ਭਾਵ** :— ਅਤਿ ਦੀ ਕੰਜੂਸੀ ਕਰਨੀ।

**ਵਰਤੋਂ** :— ਮੈਂ ਕਹਿ ਬੈਠਾ, ਭਲੀਏ ਲੋਕੇ, ਰੁਪੀਆ ਤੇਰੇ ਕੋਲ ਬਥੇਰਾ ਪਿਆ ਏ। ਦੋ ਚਾਰ ਦਿਨਾਂ ਲਈ ਮੈਨੂੰ ਥੋੜਾ ਜਿਹਾ ਵਰਤ ਲੈਣ ਦੇਹ। ਅੰਦਰ ਪਿਆ ਦੁਧ ਤਾਂ ਨਹੀਂ ਦਿੰਦਾ। ਪਰ ਜ਼ਨਾਨੀਆਂ ਨੂੰ ਰੱਬ ਦੀ ਮਾਰ ਹੁੰਦੀ ਏ। ਚੰਮੜੀ ਜਾਏ ਪਰ ਦਮੜੀ ਨਾ ਜਾਏ। ਬਸ ਇਸੇ ਗੱਲ ਤੋਂ ਵਧਦੀ ਦੀ ਵਧਦੀ ਗਲ ਵਧ ਗਈ।
(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਚਮਿਆਰ ਗਿਆ ਪਰਵਾਰ, ਉਸ ਨੂੰ ਉਥੇ ਵੀ ਪਈ ਵਗਾਰ।**

**ਭਾਵ** :— ਜਦ ਕੋਈ ਕਿਸੇ ਕੰਮ ਤੋਂ ਛੁਟਕਾਰਾ ਪਾਉਣ ਲਈ ਕਿਸੇ ਸੁਖਦਾਈ ਥਾਂ ਜਾਵੇ, ਪਰ ਉਸ ਨੂੰ ਓਥੇ ਵੀ ਉਹੋ ਕੰਮ ਕਰਨਾ ਪਏ।

**ਵਰਤੋਂ :—** ਚੰਦੂ ਨੇ ਘਰ ਬਾਰ ਛਡਿਆ ਤਾਂ ਜੋ ਬਾਹਰ ਜਾ ਕੇ ਕੁਝ ਪੈਸਾ ਧੇਲਾ ਕਮਾਏ। ਪਰ ਮੰਡੀ ਵਿਚ ਵਿਚਾਰੇ ਨੂੰ ਪਲੇਦਾਰੀ ਦਾ ਹੀ ਕੰਮ ਕਰਨਾ ਪਿਆ, ਅਖੇ ਚਮਿਆਰ ਗਿਆ ਪਰਵਾਰ, ਉਸ ਨੂੰ ਉਥੇ ਵੀ ਪਏ ਵਗਾਰ। (ਸੰਗ੍ਰ)

**ਚਮੂਣਾ ਟਪੇਗਾ ਤੇ ਪਹਾੜ ਢਾਹ ਲਏਗਾ ?**

**ਭਾਵ :—** ਮਾਮੂਲੀ ਜਿਹਾ ਜਾਂ ਕੰਮਜ਼ੋਰ ਬੰਦਾ ਕਿਸੇ ਦਾ ਕੀ ਵਿਗਾੜ ਸਕਦਾ ਹੈ ?

**ਵਰਤੋਂ :—** ਨਿਹਾਲਾ ਤਾਂ ਇਕ ਮੁੱਕੇ ਦੀ ਮਾਰ ਏ। ਉਹ ਕੀ ਵਿਗਾੜ ਸਕਦਾ ਹੈ ਮੇਰਾ ? ਬੁੜ੍ਹਕ ਲੈਣ ਦਿਓ ਉਹਨੂੰ। ਚਮੂਣਾ ਟਪੇਗਾ ਤੇ ਪਹਾੜ ਢਾਹ ਲਏਗਾ ? (ਸੰਗ੍ਰ)

**ਚਰਖਾ ਰਾਜਾ, ਕਸੀਦਾ ਰਾਣੀ, ਚੱਕੀ ਦੋਜ਼ਕ ਦੀ ਨਿਸ਼ਾਨੀ।**

**ਭਾਵ :—** ਕੰਮਾਂ ਦੀ ਔਖਿਆਈ ਜਾਂ ਸੁਖਾਲ ਦਸਿਆ ਹੈ।

**ਵਰਤੋਂ :—** ਹੋਰ ਸਭੇ ਕੰਮ ਕਰਦੀ ਹਾਂ, ਚਰਖਾ ਕਤਦੀ ਹਾਂ, ਕਸੀਦਾ ਕਢਦੀ ਹਾਂ; ਪਰ ਚੱਕੀ ਨਹੀਂ ਝੋ ਹੁੰਦੀ ਮੈਥੋਂ। 'ਚਰਖਾ ਰਾਜਾ, ਕਸੀਦਾ ਰਾਣੀ, ਚੱਕੀ ਦੋਜ਼ਖ ਦੀ ਨਿਸ਼ਾਨੀ'। (ਸੰਗ੍ਰ)

**ਚਰਾਂਦ ਚਾਹੇ ਨ ਚਾਹੇ ਤਿਰਨੀ ਭਰੇ**

**ਭਾਵ :—** ਜਦ ਬਿਨਾਂ ਲੋੜ ਦੇ ਕਿਸੇ ਉਤੇ ਕੋਈ ਚੀਜ਼ ਬਦੋ ਬਦੀ ਠੋਸੀ ਜਾਵੇ।

**ਵਰਤੋਂ :—** ਇਹਦੀ ਚੱਟੀ ਸਾਡੇ ਸਿਰ ਹੀ ਪਈ। ਚਰਾਂਦ ਚਾਹੇ ਨਾ ਚਾਹੇ, ਤਿਰਨੀ ਭਰੇ। (ਸੰਗ੍ਰ)

**ਚਲਣ ਚਿਤ ਸਹੇਲੀਆਂ ਤੇ ਗੁਹੜੇ ਦਿਤੇ ਵੰਡ।**

**ਭਾਵ :—** ਤਨ ਜਾਂ ਮਨ ਵਿੱਚ ਕੋਈ ਟੋਟ ਹੋਣੀ।

**ਵਰਤੋਂ :—** ਚਲਣ ਚਿਤ ਸਹੇਲੀਆਂ ਤੇ ਗੁਹੜੇ ਦਿੱਤੇ ਵੰਡ, ਸੁੰਦਰੀ ਭਾਵੇਂ ਜ਼ਖਮਾਂ ਤੋਂ ਰਾਜ਼ੀ ਹੋ ਗਈ, ਪਰ ਆਪਣੇ ਅਸਲੀ ਰੂਪ ਤੇ ਨਾ ਆਈ, ਅਰ ਤਾਪ ਨੇ ਵਿਚਾਰੀ ਦਾ ਪਿੱਛਾ ਨਾ ਛਡਿਆ।

(ਸੁੰਦਰੀ—ਡਾ: ਭਾਈ ਵੀਰ ਸਿੰਘ)

**ਚਲਣੁ ਅਜੁ ਕਿ ਕਲਿ ਧੁਰਹੁ ਫੁਰਮਾਇਆ।**

**ਭਾਵ :—** ਇਹ ਰਬੀ ਹੁਕਮ ਹੈ ਕਿ ਇਥੋਂ ਹਰ ਇਕ ਨੇ ਕਲ ਜਾਂ ਅਜ ਤੁਰਨਾ ਹੈ।

**ਵਰਤੋਂ :—**

ਪੂਰਬਿ ਲਿਖੇ ਡੇਹ ਸਿ ਆਏ ਮਾਇਆ ॥
ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ ॥

(ਗੁਰੂ ਗ੍ਰੰਥ—ਆਸਾ ਰਾਗ)

**ਚਲਦਿਆਂ ਨਾਲਿ ਨ ਚਲਈ ਸਭ ਝੂਠ ਦਰਬ ਲਖਾ।**

**ਭਾਵ :—** ਜਿੰਨਾਂ ਵੀ ਧਨ ਹੋਵੇ, ਮਰਨ ਸਮੇਂ ਨਾਲ ਨਹੀਂ ਜਾਂਦਾ।

**ਵਰਤੋਂ :—**

ਮਾਇਆ ਵੇਖ ਨ ਭੁਲੁ ਤੂੰ ਮਨਮੁਖ ਮੂਰਖਾ ॥
ਚਲਦਿਆਂ ਨਾਲਿ ਨ ਚਲਈ ਸਭੁ ਝੂਠ ਦਰਬੁ ਲਖਾ ॥

(ਗੁਰੂ ਗ੍ਰੰਥ—ਮਾਰੂ ਰਾਗ)

**ਚਲਦੀ ਦਾ ਨਾਂ ਗਡੀ।**

**ਭਾਵ :—** ਤੁਰਦੇ ਕਾਰ ਵਿਹਾਰ ਜਾਂ ਦਿਸਦੀ ਸਫਲਤਾ ਦੀ ਹੀ ਹਰ ਕੋਈ ਸ਼ਲਾਘਾ ਕਰਦਾ ਹੈ।

**ਵਰਤੋਂ :—** ਪਰਸੂ—ਸ਼ਾਹ ਜੀ, ਚਲਦੀ ਦਾ ਨਾਂ ਗਡੀ ਏ। ਸਭ ਪੈਸੇ ਦੀ ਖੇਡ ਹੈ। ਪੈਸੇ ਹੋਣ ਤਾਂ ਕਮਲੇ ਵੀ ਸਿਆਣੇ ਗਿਣੇ ਜਾਂਦੇ ਨੇ।

(ਹੇਠਲੇ ਉਤੇ—ਹਰਚਰਨ ਸਿੰਘ)

**ਚਲਦੀ (ਤੁਰਦੀ) ਫਿਰਦੀ ਨਾ ਮਰੇ, ਬੈਠੀ ਹੀ ਮਰ ਜਾ। ਬੈਠੀ ਹੋਈ ਵੀ ਨਾ ਮਰੇ, ਥੋੜਾ ਥੋੜਾ ਖਾ।**

**ਭਾਵ :—** ਤੁਰਦਾ ਫਿਰਦਾ ਮਨੁਖ ਤਕੜਾ ਰਹਿੰਦਾ ਹੈ ਤੇ ਛੇਤੀ ਨਹੀਂ ਮਰਦਾ। ਘਟ ਤੁਰਦਾ ਫਿਰਦਾ ਵੀ ਛੇਤੀ ਨਹੀਂ ਮਰਦਾ ਜੇ ਸੰਜਮ ਨਾਲ ਖਾਵੇ ਪੀਵੇ।

**ਵਰਤੋਂ :—** ਭੈਣ ਜੀ ! ਕੰਮ ਕਾਜ ਵਿਚ ਲਗੇ ਰਹਿਣਾ ਅਤੇ ਸੰਜਮ ਨਾਲ ਖਾਣਾ ਪੀਣਾ ਸਰੀਰ ਨੂੰ ਨਰੋਆ ਰਖਦਾ ਹੈ । "ਚਲਦੀ ਫਿਰਦੀ ਨਾ ਮਰੇ, ਬੈਠੀ ਹੀ ਮਰ ਜਾ । ਬੈਠੀ ਹੋਈ ਵੀ ਨਾ ਮਰੇ, ਥੋੜ੍ਹਾ ਥੋੜ੍ਹਾ ਖਾ ।" (ਸੰਗ੍ਰ)

## ਚਲੀ ਗਈ ਦਾਤ, ਰਹਿ ਗਈ ਕਮਜ਼ਾਤ ।

**ਭਾਵ :—** ਧਨ ਪਿਛੇ ਮਾੜਾ ਬੰਦਾ ਨਹੀਂ ਵਿਹਾਜਣਾ ਚਾਹੀਦਾ ।

**ਵਰਤੋਂ :—** ਦਿੱਤ ਦਾਜ ਨੂੰ ਮੈਂ ਕੀ ਕਰਾਂ ? ਮੈਂ ਤਾਂ ਵਹੁਟੀ ਨਾਲ ਕਟਣੀ ਹੈ । 'ਚਲੀ ਗਈ ਦਾਤ ਰਹਿ ਗਈ ਕਮਜ਼ਾਤ' । ਰੁਪਿਆ ਤਾਂ ਮੁਕ ਜਾਏਗਾ, ਪਰ ਵਹੁਟੀ ਨਾ ਮਰੇਗੀ ਨਾ ਪਿਛੋਂ ਲਹੇਗੀ । (ਸੰਗ੍ਰ)

## ਚਲੇ ਜੁਆਰੀ ਦੁਇ ਹਥ ਝਾਰਿ ।

**ਭਾਵ :—** ਮੌਤ ਦੇ ਆਣ ਤੇ ਪਾਪੀ ਮਨੁਖ ਦੋਇ ਹਥ ਖਾਲੀ ਕਰ ਕੇ ਤੁਰ ਪੈਂਦਾ ਹੈ । ਨਾਲ ਕੁਝ ਨਹੀਂ ਲੈ ਜਾ ਸਕਦਾ । ਭਾਵ ਦੁਨੀਆਂ ਦੇ ਪਦਾਰਥ ਪਾਪ ਨਾਲ ਇਕੱਠੇ ਕਰਨੇ ਵਿਅਰਥ ਹਨ ਥਿਰ ਨਹੀਂ ਰਹਿੰਦੇ ।

**ਵਰਤੋਂ :—**

ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥
ਚਲੇ ਜੁਆਰੀ ਦੁਇ ਹਥ ਝਾਰਿ ॥
(ਗੁਰੂ ਗ੍ਰੰਥ—ਭੈਰਉ ਕਬੀਰ)

## ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੇਗਾ ।

**ਭਾਵ :—** ਕਿਸੇ ਨੂੰ ਹੱਲਾ-ਸ਼ੇਰੀ ਜਾਂ ਫੁਲਾਹੁਣੀ ਦੇ ਕੇ ਦੁਖਾਂ ਵਿਚ ਪਾਣਾ ਜਾਂ ਦੂਜੇ ਦੇ ਦੁਖ ਨੂੰ ਥੋੜਾ ਕਰ ਜਾਣਨਾ ।

**ਵਰਤੋਂ :—** ਹਾਹੋ ਜੀ, ਤੁਹਾਡਾ ਕੀ ਜਾਂਦਾ ਏ । ਜਾਨ ਮੇਰੀ ਜਿੱਚ ਹੋਣੀ ਏਂ । 'ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ ।' ਤੁਸਾਂ ਤਾਂ ਤਮਾਸ਼ਾ ਹੀ ਵੇਖਣਾ ਏਂ । (ਸੰਗ੍ਰ)

## ਚੜ੍ਹਿਆ ਸੌ ਤੇ ਲਥਾ ਭਉ ।

**ਭਾਵ :—** ਜਦ ਕਿਸੇ ਉਪਰ ਬਹੁਤਾ ਕਰਜ਼ਾ ਹੋ ਜਾਵੇ, ਤਦ ਉਹ ਬੇਪ੍ਰਵਾਹ ਹੋ ਜਾਂਦਾ ਹੈ ।

**ਵਰਤੋਂ :—** ਵੇਖੀ ਜਾਏਗੀ, ਤੂੰ ਖਰਚ ਦੀ ਪਰਵਾਹ ਨਾ ਕਰ । ਜਿਥੇ ਸੌ, ਉਥੇ ਇਕੋਤਰ ਸੌ । "ਚੜ੍ਹਿਆ ਸੌ ਤੇ ਲਥਾ ਭਉ ।" ਮੈਂ ਨਹੀਂ ਪਰਵਾਹ ਕਰਦਾ ਹੁਣ ਕਰਜ਼ੇ ਕੁਰਜ਼ੇ ਦੀ । (ਸੰਗ੍ਰ)

## ਚੜ੍ਹਿਆ ਚੰਦ ਨਾ ਲੁਕਈ ।

**ਭਾਵ :—** ਚੰਨ ਚੜ੍ਹਿਆ ਲੁਕਿਆ ਨਹੀ ਰਹਿੰਦਾ । ਭਾਵ, ਵਡਿਆਈ ਪ੍ਰਗਟ ਹੋ ਕੇ ਹੀ ਰਹਿੰਦੀ ਹੈ ।

**ਵਰਤੋਂ :—**

ਬੁਕਿਆ ਸਿੰਘ ਉਜਾੜ ਵਿੱਚ ਸਭ ਮਿਰਗਾਵਲ ਭੰਨੀ ਜਾਈ ।
ਚੜ੍ਹਿਆ ਚੰਦ ਨਾ ਲੁਕਈ ਕੱਢ ਕੁਨਾਲੀ ਜੋਤ ਛਪਾਈ ।
(ਵਾਰਾਂ—ਭਾਈ ਗੁਰਦਾਸ)

## ਚੜ੍ਹੇ ਸੂਰ ਮਿਟ ਜਾਇ ਅੰਧਾਰਾ ।

ਸੂਰ = ਸੂਰਜ

**ਭਾਵ :—** ਗਿਆਨ ਹੋਣ ਨਾਲ ਅਗਿਆਨਤਾ ਹਟ ਜਾਂਦੀ ਹੈ ।

**ਵਰਤੋਂ—**

ਗੁਰਪਰਮੇਸ਼ਰ ਇਕ ਹੈ ਸਾਚਾ ਸਾਹ ਜਗਤ ਵਣਜਾਰਾ ।
ਚੜ੍ਹੇ ਸੂਰ ਮਿਟ ਜਾਇ ਅੰਧਾਰਾ ।
(ਵਾਰਾਂ—ਭਾਈ ਗੁਰਦਾਸ ਜੀ)

## ਚਾਓ ਕਹਾਰੋ ਡੋਲੀ, ਚੁੜੇਲ ਕਿਥੋਂ ਬੋਲੀ ।

**ਭਾਵ :—** ਚੰਗੇ ਜਾਂ ਸ਼ੁਭ ਸਮੇਂ ਮਾੜੀ (ਜਾਂ ਕਾਹਲੀ ਦੀ) ਗਲ ਕਰਨੀ ।

**ਵਰਤੋਂ :—** ਸ਼ੀਲਾ — ਦਰਸ਼ਨ, ਵੇਲਾ ਕੁਵੇਲਾ ਵੇਖ ਕੇ ਮੂੰਹ ਤੋਂ ਕੋਈ ਗਲ ਕਢਿਆ ਕਰ ! ਖੁਸ਼ੀ ਦੇ ਸਮੇਂ ਕਾਹਲ ਚੰਗੀ ਨਹੀਂ ਹੁੰਦੀ । ਅਖੇ 'ਚਾਓ ਕਹਾਰੋ ਡੋਲੀ, ਚੁੜੇਲ ਕਿਥੋਂ ਬੋਲੀ ।' (ਸੰਗ੍ਰ)

## ਚਾਹੇ ਮਾਰੋ, ਚਾਹੇ ਛਡੋ ।

**ਭਾਵ :—** ਜਿਵੇਂ ਜੀ ਕਰਦਾ ਹੈ, ਸਲੂਕ ਕਰੋ ।

**ਵਰਤੋਂ :** ਜਿਵੇਂ ਮਰਜ਼ੀ ਹੈ ਕਰੋ 'ਚਾਹੇ ਮਾਰੋ, ਚਾਹੇ ਛਡੋ'। (ਸੰ)

**ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ।**

**ਭਾਵ :—** ਅਜਿਹੀ ਨੌਕਰੀ ਬੜੀ ਦੁਖਦਾਈ ਹੈ ਜਿਸ ਦੁਆਰਾ ਆਤਮਾ ਵੇਚ ਕੇ ਆਦਮੀ ਧਰਮਹੀਨ ਹੋਣ ਲਗ ਪਵੇ।

**ਵਰਤੋਂ :—** ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹ ਕਿਉਕਰ ਸੁਖ ਪਾਏ। ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ।"

(ਗੁਰੂ ਗ੍ਰੰਥ—ਰਾਗ ਗਉੜੀ)

**ਚਾਕਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ।**

**ਭਾਵ :—** ਸੇਵਕ ਓਹੀ ਸੇਵਾ ਕਰਦਾ ਚੰਗਾ ਲਗਦਾ ਹੈ, ਜੋ ਮਾਲਕ ਦੀ ਰਜ਼ਾ ਅਨੁਸਾਰ ਤੁਰੇ।

**ਵਰਤੋਂ :—** ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ ਹੁਰਮਤਿ ਤਿਸ ਕੋ ਅਗਲੀ ਓਹ ਵਜਹੁ ਭਿ ਦੂਣਾ ਖਾਇ ॥

(ਗੁਰੂ ਗ੍ਰੰਥ—ਆਸਾ ਰਾਗ)

**ਚਾਕੀ ਦਾਂਦ ਵੰਞਾਇਆ ਵਲ ਵਲ ਗੋਲੇ ਕਿੱਲਾ।**

**ਭਾਵ :—** ਚੀਜ਼ ਗੁੰਮੇ ਕਿਤੇ ਤੇ ਲਭੇ ਕਿਤੇ। ਜਾਂ ਨੁਕਸਾਨ ਬਾਹਰਲੇ ਕਰਨ ਪੁਛ ਘਰ ਦਿਆਂ ਨੂੰ।

**ਵਰਤੋਂ :—** ਮੂਰਖਾ, "ਚਾਕੀ ਦਾਂਦ ਵੰਞਾ-ਇਆ ਵਲ ਵਲ ਗੋਲੇ ਕਿਲਾ ॥" ਜੇ ਸਾਹ ਹੈ ਈ ਤਾਂ ਸਾਹ ਵਾਲਿਆਂ ਨਾਲ ਜਾ ਕੇ ਟਕਰ ਲੈ। (ਸੰਗ੍ਰ)

**ਚਾਦਰ ਵੇਖ ਕੇ ਪੈਰ ਪਸਾਰੋ ਜਾਂ ਚਾਦਰ ਵੇਖ ਕੇ ਲਤਾਂ ਲਮਿਆਰੋ।**

**ਭਾਵ :—** ਵਿਤ ਤੋਂ ਵਧ ਕੇ ਖ਼ਰਚ ਨਾ ਕਰੋ।

**ਵਰਤੋਂ :—** ਇਨ੍ਹਾਂ ਹੀ ਫ਼ਜ਼ੂਲ ਖਰਚੀਆਂ ਕਰਕੇ ਇਨ੍ਹਾਂ ਦੇ ਘਰ ਬਾਹਰ ਵਿਕ ਗਏ ਨੇ। ਸਿਰਾਂ ਉੱਤੇ ਉਧਾਰ ਦੀਆਂ ਕਾਂਗਾਂ ਚੜ੍ਹੀਆਂ ਹੋਈਆਂ ਨੇ। ਜੇ ਚਾਦਰ ਵੇਖਕੇ ਲਤਾਂ ਲੰਮੀਆਂ ਕਰਨ ਤਾਂ ਭੁਖੇ ਕਿਉਂ ਮਰਨ? (ਨਵਾਬ ਖਾਨ—ਪ੍ਰਿੰ: ਜੋਧ ਸਿੰਘ)

**ਚਾਰ ਚਾਵਲ ਚਾੜ੍ਹੂ ਵਿਹੜੇ ਪਿਛ ਪਈ। ਤਕੋ ਨੀ ਸ਼ਰੀਕਣੀਓ ਕਾਜ ਏ ਕਿ ਲੁਟ ਪਈ। ਜਦੋਂ ਵੀ ਮੈਂ ਕੀਤੀ ਨੀ ਮੈਂ ਇਹੋ ਜਿਹੀ।**

**ਭਾਵ :—** ਹੋਛੇ ਆਦਮੀ ਥੋੜੇ ਨੂੰ ਬਹੁਤਾ ਕਰ ਕੇ ਦਸਦੇ ਹਨ।

**ਵਰਤੋਂ :—** ਡਿੱਠਾ ਹੈ ਤੇਰਾ ਚੱਜ ਵੀ। ਬਹੁਤੇ ਵਡਿਆਰ ਨਾ ਸਾੜ। 'ਚਾਰ ਚਾਵਲ ਚਾੜ੍ਹੇ ਵਿਹੜੇ ਪਿਛ ਪਈ। ਤਕੋ ਨੀ ਸ਼ਰੀਕਣੀਓ ਵਿਆਹ ਨਹੀਂ, ਕੋਈ ਲੁਟ ਪਈ। ਜਦੋਂ ਵੀ ਮੈਂ ਕੀਤਾ ਨੀ ਮੈਂ ਇਹੋ ਜਿਹੀ।' (ਸੰਗ੍ਰ)

**ਚਾਰ ਦਿਹਾੜੇ ਸ਼ੌਕ ਦੇ, ਮੁੜ ਓਹੀ ਕੁੱਤੇ ਭੌਂਕਦੇ। ਜਾਂ ਚਾਰ ਦਿਨਾਂ ਦੀ ਚਾਨਣੀ, ਫਿਰ ਓਹੀ ਹਨੇਰੀ ਰਾਤ।**

**ਭਾਵ :—** ਥੋੜੇ ਸਮੇਂ ਦੀ ਸ਼ਾਨ ਸ਼ੌਕਤ ਜਾਂ ਸੁਖ ਪਿਛੋਂ ਮੁੜ ਪੁਰਾਣੀ ਰਹਿਣੀ ਬਹਿਣੀ ਹੋ ਜਾਣੀ।

**ਵਰਤੋਂ :—** ਰਾਇ ਸਾਹਿਬ :— ਸਵਾਦ ਸਵਾਦ ਦੀ ਗਲ ਰਹਿਣ ਦੇ ਭਾਈ। ਪੜ੍ਹੀ ਹੋਈ ਹੋਵੇ ਭਾਵੇਂ ਅਨਪੜ੍ਹ ਹੋਵੇ, ਗਲ ਓਹੀ ਹੀ ਏ, ਚਾਰ ਦਿਨਾਂ ਦੀ ਚਾਂਦਨੀ ਫਿਰ ਓਹੀ ਹਨੇਰੀ ਰਾਤ। ਪਹਿਲਾਂ ਪਹਿਲ ਸਾਰਿਆਂ ਦੀ ਅਨੰਦ ਨਾਲ ਲੰਘ ਜਾਂਦੀ ਏ ਤੇ ਪਤਾ ਪਿਛੋਂ ਆਣ ਕੇ ਲਗਦਾ ਏ।

(ਵਰ ਘਰ—ਆਈ. ਸੀ. ਨੰਦਾ)

**ਚਾਰੇ ਐਬ ਸ਼ਰਈ**

**ਭਾਵ :—** ਜਿਸ ਵਿੱਚ ਸਾਰੇ ਹੀ ਔਗਣ ਹੋਣ, ਪਰ ਹਾਸ-ਰਸ ਵਿੱਚ ਲਪੇਟ ਕੇ ਆਖਣਾ

ਹੋਵੇ ।

**ਵਰਤੋਂ** :—ਮੁਕਦੀ ਗਲ, ਅੰਮ੍ਰਿਤਸਰ ਵਿਚੋਂ ਹੁਣ ਉਸ ਨੂੰ ਪ੍ਰੇਮ ਲਈ ਸਾਕ ਮਿਲਣ ਦੀ ਆਸ ਬਹੁਤ ਘਟ ਰਹਿ ਗਈ ਸੀ । ਹੌਲੀ ਹੌਲੀ ਉਹ ਉੱਕੀ ਨਿਰਾਸ ਹੋ ਗਈ । ਨਿਰਾ ਇਹ ਹੀ ਨਹੀਂ, ਸਗੋਂ ਕਦੇ ਕਦੇ ਕ੍ਰੋਧ ਨਾਲ ਵੀ ਉਸ ਦਾ ਕਲੇਜਾ ਭੁੱਜਣ ਲਗ ਪੈਂਦਾ ਸੀ, ਜਦ ਕਿਸੇ ਦੇ ਘਰ ਸਾਕ ਲਈ ਜਾਣਾ ਤੇ ਅਗੋਂ ਉਸ ਨੂੰ ਉੱਤਰ ਮਿਲਦਾ—ਤੇਰਾ ਮੁੰਡਾ ਚਾਰੇ ਐਬ ਸ਼ਰਈ ਏ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਚਾਰੇ ਚਕ ਜਾਗੀਰ ।**

**ਭਾਵ** :— ਹਰ ਪਾਸੇ ਮੌਜਾਂ ਹੀ ਮੌਜਾਂ ਹੋਣੀਆਂ ।

**ਵਰਤੋਂ** :—

ਸਾਡੀ ਸਮਝੀਂ ਬੇਲੀਆ, ਚਾਰੇ ਚਕ ਜਾਗੀਰ ।<br>ਕਾਸ਼ਤਕਾਰ ਕੁਧਰਮ ਦੇ, ਖਾ ਖਾ ਹੋਏ ਅਮੀਰ ।

(ਲਕਸ਼ਮੀ ਦੇਵੀ—ਕ੍ਰਿਪਾ ਸਾਗਰ)

**ਚਾਰੇ ਮੁੱਠੀ ਖੇਹ**

**ਭਾਵ** :— ਜਦ ਕੋਈ, ਕੋਈ ਕੰਮ ਵੀ ਸੁਚੱਜਾ ਨਾ ਕਰੇ ।

**ਵਰਤੋਂ** :—ਚਾਰਾ, ਕੋਈ ਕੰਮ ਤਾਂ ਚੱਜ ਦਾ ਕੀਤਾ ਕਰ । ਤੇਰਾ ਤਾਂ 'ਚਾਰ ਮੁਠੀ ਖੇਹ' ਵਾਲਾ ਹਾਲ ਹੈ । (ਸੰਗ੍ਰ)

**ਚਿਹਰਾ ਦਿਲ ਦੀ ਮੂਰਤ ਹੈ ।** ਜਾਂ **ਚਿਹਰਾ ਦਿਲ ਦਾ ਉਗਾਹ (ਗਵਾਹ) ਹੁੰਦਾ ਹੈ ।**

**ਭਾਵ** :— ਚਿਹਰੇ ਉਤੇ ਮਨ ਦੀ ਅੰਦਰਲੀ ਅਵਸਥਾ ਦਾ ਪਰਗਟਾ ਹੁੰਦਾ ਹੈ । ਬੰਦਾ ਭਾਵੇਂ ਕਿੰਨਾ ਕੁਝ ਲੁਕਾਇ, ਮਨ ਦੇ ਭਾਵ ਚਿਹਰੇ ਉਤੇ ਆ ਹੀ ਜਾਂਦੇ ਹਨ ।

**ਵਰਤੋਂ** :— ਮਨ — ਵਰਿਆਮ ਸਿੰਘ ! ਇਸ਼ਕ ਮੁਸ਼ਕ ਲੁਕਾਇਆਂ ਨਹੀਂ ਰਹਿੰਦੇ । ਚਿਹਰਾ ਦਿਲ ਦਾ ਗਵਾਹ ਹੁੰਦਾ ਏ । ਤੂੰ ਮੈਥੋਂ ਗੱਲਾਂ ਨਾ ਛੁਪਾ । (ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਚਿੱਟਾ ਸਿਰ (ਚਿੱਟੀਆਂ ਪਟੀਆਂ) ਤੇ ਬੋਝੇ ਵਿਚ ਗਾਜਰਾਂ ।**

**ਭਾਵ** :— ਦਿਸਣ ਨੂੰ ਸ਼ਰੀਫ਼ ਜਿਹਾ ਬਜ਼ੁਰਗ ਲਗਣਾ, ਪਰ ਪੱਲੇ ਕੁਝ ਨਾ ਹੋਣਾ ਜਾਂ ਅੰਦਰੋਂ ਮਾੜਾ ਹੋਣਾ ।

**ਵਰਤੋਂ** :— ਸ਼ਰਮ ਨਹੀਂ ਆਉਂਦੀ, ਬੁਢਿਆ ਖੋਸੜਾ ਤੈਨੂੰ ? 'ਚਿੱਟਾ ਸਿਰ ਤੇ ਬੋਝੇ ਵਿਚ ਗਾਜਰਾਂ ।' ਜੇ ਪੱਲੇ ਕੁਝ ਨਹੀਂ ਸੀ ਤਾਂ ਮੇਰਾ ਸਿਰ ਕਿਉਂ ਏਨਾ ਚਿਰ ਖਪਾਈ ਰਖਿਆ ? (ਸੰਗ੍ਰ)

**ਚਿੱਟਾ ਕਪੜਾ, ਕੁਕੜ ਖਾਣਾ, ਉਸ ਜੱਟ ਦਾ ਨਹੀਂ ਟਿਕਾਣਾ ।**

**ਭਾਵ** :— ਫ਼ਜ਼ੂਲ-ਖ਼ਰਚੀ ਕਰਨ ਵਾਲੇ ਜਟ ਦੇ ਪੈਰ ਨਹੀਂ ਲਗਦੇ ।

**ਵਰਤੋਂ** :—ਜੱਟ ਆਪਣੀ ਚਾਦਰ ਵੇਖ ਕੇ ਲਤਾਂ ਲਮਿਆਰੇ ਤਾਂ ਸੁਖੀ ਰਹੇ । 'ਚਿਟਾ ਕਪੜਾ, ਕੁਕੜ ਖਾਣਾ, ਉਸ ਜੱਟ ਦਾ ਨਹੀਂ ਟਿਕਾਣਾ ।' (ਸੰਗ੍ਰ)

**ਚਿੱਟੀ ਕਬਰ ਤੇ ਮੁਰਦਾ ਬੇਈਮਾਨ ।**

**ਭਾਵ** :— ਦਿਸਣ ਵਿਚ ਤਾਂ ਕੋਈ ਚੀਜ਼ ਚੰਗੀ ਜਾਪੇ, ਪਰ ਵਿਚੋਂ ਮਾੜੀ ਹੋਵੇ ।

**ਵਰਤੋਂ** :— ਮੀਏਂ ਹੋਰਾਂ ਦਾ ਤਾਂ 'ਚਿੱਟੀ ਕਬਰ ਤੇ ਮੁਰਦਾ ਬੇਈਮਾਨ' ਵਾਲਾ ਹਾਲ ਹੈ । ਬਾਹਰੋਂ ਬੜੇ ਧਰਮੀ ਬਣੀ ਫਿਰਦੇ ਹਨ, ਪਰ ਅੰਦਰੋਂ ਤਾਂ ਨਿਰੇ ਕਾਲੇ ਕਾਂ ਹਨ । (ਸੰਗ੍ਰ)

**ਚਿੱਟੀ ਦਾੜ੍ਹੀ ਤੇ ਆਟਾ ਖ਼ਰਾਬ** ਜਾਂ **ਚਿੱਟੀਆਂ ਪਟੀਆਂ ਤੇ ਆਟਾ ਖ਼ਰਾਬ ।**

**ਭਾਵ** :— ਜਦ ਕਿਸੇ ਬਾਹਰੋਂ ਸਿਆਣੇ ਦਿਸਦੇ ਪੁਰਸ਼ ਪਾਸੋਂ ਕੋਈ ਮਾੜੀ ਗਲ ਹੋ ਜਾਵੇ ।

**ਵਰਤੋਂ** :—ਵਾਹ ਮੀਆਂ ਜੀ ਵਾਹ ! ਬੁਢੇ ਵਾਰੇ ਇਹ ਕੀ ਕਰਤੂਤ ਕੀਤੀ ਕਿ ਚਿੱਟੀ ਦਾੜ੍ਹੀ

ਤੇ ਆਟਾ ਖਰਾਬ । (ਸੰਗ੍ਰ)

## ਚਿੱਟੀਆਂ ਕਬਰਾਂ ਤੇ ਹੀ ਫੁੱਲ ਚੜ੍ਹਦੇ ਨੇ ।

**ਭਾਵ :—** ਧਨ-ਪਾਤਰਾਂ ਜਾਂ ਵਡਿਆਂ ਨੂੰ ਹੀ ਵਡਿਆਈ ਮਿਲਦੀ ਹੈ ।

**ਵਰਤੋਂ :—** ਵਡਿਆਂ ਦੀ ਮਰ ਕੇ ਵੀ ਸੋਭਾ ਹੁੰਦੀ ਹੈ । ਚਿੱਟੀਆਂ ਕਬਰਾਂ ਤੇ ਹੀ ਫੁਲ ਚੜ੍ਹਦੇ ਨੇ, ਗ਼ਰੀਬ ਨੂੰ ਨਾ ਜੀਉਂਦਿਆਂ ਢੋਈ ਨਾ ਮੋਇਆਂ । (ਸੰਗ੍ਰ)

## ਚਿੱਟੇ ਕਪੜੇ ਤੇ ਖੀਸੇ ਖ਼ਾਲੀ ।

**ਭਾਵ :—** ਬਾਹਰੋਂ ਬੜੀ ਸ਼ੂੰ ਸ਼ਾਂ ਤੇ ਪੱਲੇ ਕੁਝ ਵੀ ਨਾ ਹੋਣਾ ।

**ਵਰਤੋਂ:—** ਹੁਣ ਦੇ ਬਾਬੂਆਂ ਦੇ ਚਿੱਟੇ ਕਪੜੇ ਤੇ ਖੀਸੇ ਖਾਲੀ ਹੁੰਦੇ ਹਨ ।

(ਨਵੀਆਂ ਸੋਚਾਂ—ਪ੍ਰਿ: ਤੇਜਾ ਸਿੰਘ)

## ਚਿੱਟੇ ਜਿਨਕੇ ਕਪੜੇ ਮੈਲੇ ਚਿਤ ਕਠੋਰ ਜੀਓ ।

**ਭਾਵ :—** ਬਾਹਰੋਂ ਸ਼ਰੀਫ ਜਾਪਦੇ ਹਨ ਪਰ ਦਿਲ ਮੈਲੇ ਹਨ ।

**ਵਰਤੋਂ :—**

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥
ਤਿਨ੍ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥

(ਗੁਰੂ ਗ੍ਰੰਥ—ਸੂਹੀ ਰਾਗ)

## ਚਿਟੇ ਵਾਲ ਮੌਤ ਦਾ ਸੁਨੇਹਾ ।

**ਭਾਵ :—** ਵਾਲ ਜਾਂ ਕੇਸ ਚਿਟੇ ਹੋ ਜਾਣ ਤਾਂ ਮੌਤ ਨੇੜੇ ਆ ਜਾਂਦੀ ਹੈ ।

**ਵਰਤੋਂ :—** ਪੰਚਾ, ਚਿੱਟੇ ਵਾਲ ਮੌਤ ਦਾ ਸੁਨੇਹਾ ਹੁੰਦੇ ਹਨ । ਆਖ਼ਰੀ ਦਿਨ ਤੇਰੇ ਆ ਪੁਜੇ ਹਨ । ਹੁਣ ਤਾਂ ਕੁਝ ਸ਼ਰਮ ਕਰ । (ਸੰਗ੍ਰ)

## ਚਿਤ ਵੀ ਮੇਰੀ ਤੇ ਪਿਤ ਵੀ ਮੇਰੀ ।

**ਭਾਵ :—** ਜਦ ਹਰ ਪਾਸਿਓਂ ਕੋਈ ਆਪਣਾ ਹੀ ਭਲਾ ਲੋੜੇ ।

**ਵਰਤੋਂ:—** ਤੂੰ ਤਾਂ ਚਾਹੁੰਦਾ ਹੈਂ ਕਿ ਸਭ ਪਾਸਿਉਂ ਤੈਨੂੰ ਹੀ ਲਾਭ ਹੋਵੇ, 'ਚਿਤ ਵੀ ਮੇਰੀ ਤੇ ਪਿੱਤ ਵੀ ਮੇਰੀ' ਪਰ ਸਾਰਾ ਕੁਝ ਆਪੇ ਨਿਗਲ ਲੈਣਾ ਚੰਗਾ ਨਹੀਂ ।' (ਸੰਗ੍ਰ)

## ਚਿੱਥ ਖਾਵਣ ਤੇ ਸਮਝ ਅਲਾਵਨ ।

**ਭਾਵ :—** ਰੋਟੀ ਚਿੱਥ ਕੇ ਖਾਣੀ ਤੇ ਗਲ ਵਿਚਾਰ ਕੇ ਕਰਨੀ ਚਾਹੀਦੀ ਹੈ ।

**ਵਰਤੋਂ :—** ਸਿਆਣਿਆਂ ਦਾ ਕੰਮ ਹੈ, "ਚਿੱਥ ਖਾਵਣ ਤੇ ਸਮਝ ਅਲਾਵਨ" । ਮੂੰਹ ਵਿੱਚ ਜੋ ਆਈ ਸੋ ਬਾਹਰ ਨਹੀਂ ਕੱਢ ਦੇਣੀ ਚਾਹੀਦੀ । (ਸੰਗ੍ਰ)

## ਚਿਬਰੀ (ਉਲੂ) ਦਾ ਚਿਹਰਾ ਤੇ ਨਾਂ ਨੂਰਭਰੀ ।

**ਭਾਵ :—** ਸ਼ਕਲ ਮਾੜੀ ਹੋਣੀ ਤੇ ਦਸਣਾ ਕਿ ਮੈਂ ਬੜਾ ਸੁੰਦਰ ਹਾਂ । ਭਾਵ ਪੱਲੇ ਗੁਣ (ਜਾਂ ਧਨ) ਨਾ ਹੋਣਾ ਤੇ ਦਿਖਾਵੀ ਬਹੁਤਾ ਕਰਨਾ ।

**ਵਰਤੋਂ :—** ਵਾਹ ! ਭਾਈ ਵਾਹ ! 'ਚਿਬਰਨੇ ਦਾ ਚਿਹਰਾ ਤੇ ਨਾਂ ਨੂਰ ਭਰੀ ।' ਤੇਰੀ ਲਿਆਕਤ ਬਾਰੇ ਸਾਨੂੰ ਪਤਾ ਹੈ ਬਹੁਤੀਆਂ ਗਲਾਂ ਨਾ ਕਰ । (ਸੰਗ੍ਰ)

## ਚਿੜੀ ਦੀ ਚੋਗ ਤੇ ਚੌਧਵਾਂ ਹਿੱਸਾ ।

**ਭਾਵ :—** ਚੀਜ਼ ਅਗੇ ਹੀ ਥੋੜੀ ਹੋਵੇ ਤੇ ਉਸ ਨੂੰ ਫੇਰ ਬਹੁਤਿਆਂ ਹਿਸਿਆਂ ਵਿੱਚ ਵੰਡਿਆ ਜਾਵੇ ।

**ਵਰਤੋਂ :—** ਨਿਹੰਗ ਸਿੰਘ ਜੀ ! ਕੀ ਕਰਨ ਡਹੇ ਹੋ ? ਚੀਜ਼ ਤਾਂ ਅਗੇ ਹੀ ਬੜੀ ਥੋੜੀ ਜੇਹੀ ਹੈ, ਇਸ ਨੂੰ ਹੋਰ ਕਿਤਨੇ ਹਿਸਿਆਂ ਵਿੱਚ ਵੰਡਣਾ ਜੇ । 'ਚਿੜੀ ਦੀ ਚੋਗ ਤੇ ਚੌਧਵਾਂ ਹਿੱਸਾ ਕਿਨੂੰ ਕਿਨੂੰ ਦਿਓਗੇ ? (ਸੰਗ੍ਰ)

## ਚਿੜੀਆਂ ਮੌਤ, ਗਵਾਰਾਂ ਹਾਸਾ ।

ਵੇਖੋ : ਸਾਡੀ ਮੌਤ, ਉਨ੍ਹਾਂ ਦਾ ਹਾਸਾ ।

**ਭਾਵ :—** ਕਿਸੇ ਗ਼ਰੀਬ ਨੂੰ ਦੁਖੀ ਵੇਖ ਕੇ ਖੁਸ਼ ਹੋਣਾ ।

**ਵਰਤੋਂ** :—ਇਹਨਾਂ ਵਿਚਾਰੇ ਜਗੇ ਦਾ ਮਸ਼ਕੂਲਾ ਈ ਬਣਾ ਲਿਆ ਏ। 'ਚਿੜੀਆਂ ਮੌਤ, ਗਵਾਰਾਂ ਹਾਸਾ' ਵਾਲੀ ਗੱਲ ਬਣਾਈ ਹੋਈ ਏ, ਇਹਨਾ ਸ਼ਤਾਨਾਂ।

(ਪਿੰਡ ਦੇ ਵੈਰੀ—ਜੋਸ਼ੁਆ ਫ਼ਜ਼ਲ ਦੀਨ)

**ਚੀਚੀ ਤੇ ਨਰੈਣ।**

**ਭਾਵ** :— ਕਿਸੇ ਬਹੁਤੇ ਔਖੇ ਕੰਮ ਨੂੰ ਬਹੁਤ ਸੌਖਾ ਕਰ ਦਸਣਾ।

**ਵਰਤੋਂ** :— ਤੂੰ ਤਾਂ, "ਚੀਚੀ ਤੇ ਨਰੈਣ" ਭਾਲਦਾ ਏਂ। ਕਾਫ਼ੀ ਕਰੜਾ ਕੰਮ ਏ ਇਹ। ਬਹੁਤ ਧਨ ਤੇ ਮਿਹਨਤ ਮੰਗਦਾ ਏ। (ਸੰਗ੍ਰ)

**ਚੀਚੀ ਦਾ ਪਹਾੜ ਨਹੀਂ ਬਣਾਈਦਾ।**

**ਭਾਵ** :— ਨਿੱਕੀ ਜਿਹੀ ਗਲ ਨੂੰ ਬਹੁਤਾ ਨਹੀਂ ਵਧਾਣਾ ਚਾਹੀਦਾ।

**ਵਰਤੋਂ** :— ਮਾਸਟਰ ਜੀ, "ਚੀਚੀ ਦਾ ਪਹਾੜ ਨਹੀਂ ਬਣਾਈਦਾ"। ਮੁੰਡਿਆਂ ਖੁੰਡਿਆਂ ਦੀ ਗਲ ਹੈ। ਮਾਫ਼ ਕਰ ਦਿਓ। (ਸੰਗ੍ਰ)

**ਚੀਨਾ ਛੜਦੀ ਪੇਕੇ ਗਈ, ਉਥੇ ਵੀ ਪਿਆ ਛੜਨਾ।**

**ਭਾਵ** :— ਔਖੇ ਕੰਮ ਤੋਂ ਨਠ ਕੇ ਸੌਖੀ ਥਾਂ ਤੇ ਜਾਵੇ, ਪਰ ਉਸ ਨੂੰ ਉਥੇ ਵੀ ਔਖਾ ਹੀ ਕੰਮ ਕਰਨਾ ਪਵੇ।

**ਵਰਤੋਂ** :—ਤੁਸੀਂ ਤਾਂ ਬੜੇ ਦਮਗਜੇ ਮਾਰਦੇ ਸੋ, ਪਰ ਮੈਨੂੰ ਤੁਹਾਡੀ ਨੌਕਰੀ ਕਰਕੇ ਕੀ ਲਭਾ। ਉਹੀ ਜੋ ਅੱਗੇ ਲਭਦਾ ਸੀ—ਮਜੂਰੀ ਤੇ ਹੋਰ ਮਜੂਰੀ 'ਚੀਨਾ ਛੜਦੀ ਪੇਕੇ ਗਈ, ਉਥੇ ਵੀ ਪਿਆ ਛੜਨਾ।' (ਸੰਗ੍ਰ)

**ਚੀਜ਼ ਨਾ ਸਾਂਭੇ ਆਪਣੀ, ਚੋਰਾਂ ਗਾਲੀ ਦੇ।**

**ਭਾਵ** :— ਆਪਣੀ ਗਲਤੀ ਦੂਜੇ ਦੇ ਸਿਰ ਮੜ੍ਹਨੀ।

**ਵਰਤੋਂ** :—ਭਾਈ ਅਸਲ ਗੱਲ ਤਾਂ ਇਹ ਚਾਹੀਦੀ ਏ ਕਿ ਆਪਣੀ ਚੀਜ਼ ਦੀ ਸੰਭਾਲ ਕਰੋ ਤੇ ਦੂਜੇ ਨੂੰ ਨਿੰਦੋ ਨਾ, ਸਿਆਣਿਆਂ ਨੇ ਆਖਿਆ ਹੈ— "ਚੀਜ਼ ਨਾ ਸਾਂਭੇ ਆਪਣੀ, ਚੋਰਾਂ ਗਾਲੀ ਦੇ।" (ਸੰ)

**ਚੁੱਕ ਮਰੇ ਜਾਂ ਖਾ ਮਰੇ।**

**ਭਾਵ** :— ਬਹੁਤਾ ਕੰਮ ਕਰਨ ਨਾਲ ਜਾਂ ਬਹੁਤਾ ਖਾ ਜਾਣ ਨਾਲ ਦੁਖ ਆਂਦੇ ਹਨ। ਭਾਵ ਅਤ ਹਰ ਗਲ ਦੀ ਮਾੜੀ ਹੈ।

**ਵਰਤੋਂ** :— ਮੂਰਖ, "ਚੁੱਕ ਮਰੇ ਜਾਂ ਖਾ ਮਰੇ।" ਕਦੀ ਸੋਚ ਕੇ ਉਹ ਵਿਤ ਅਨੁਸਾਰ ਕੰਮ ਨਹੀਂ ਕਰਦਾ; ਇਸੇ ਲਈ ਦੁਖ ਪਾਂਦਾ ਹੈ। (ਸੰਗ੍ਰ)

**ਚੁਗਲਾਂ ਦਾ ਮੂੰਹ ਕਾਲਾ।**

**ਭਾਵ** :— ਚੁਗਲੀ ਕਰਨ ਵਾਲੇ ਦੀ ਬਦਨਾਮੀ ਹੁੰਦੀ ਹੈ।

**ਵਰਤੋਂ** :—

ਮੀਆਂ ਚੁਗਲਾਂ ਦੀ ਖ਼ਸਲਤ ਮੰਦੀ ਸੁਣਕੇ ਸਭ ਕੋ ਡਰਦਾ।
ਚੁਗਲਾਂ ਦਾ ਮੂੰਹ ਕਾਲਾ ਹੋਸੀ, ਰੋਜ਼ ਕਿਆਮਤ ਫਰਦਾ।

(ਫਰਦ)

**ਚੁੱਪ ਅੱਧੀ ਹਾਂ ਹੈ।**

**ਭਾਵ** :— ਚੁਪ ਰਹਿਣਾ ਮੰਨ ਜਾਣ ਦੇ ਬਰਾਬਰ ਹੈ।

**ਵਰਤੋਂ** : — ਮਹਾਰਾਜ— ਕੀ ਉਹ ਮੰਨ ਗਈ ?

ਸੁੰਦਰੀ—ਮਹਾਰਾਜ, ਚੁੱਪ ਅਧੀ ਹਾਂ ਹੈ। ਉਹ ਸਭੋ ਕੁਝ ਸੁਣ ਕੇ ਚੁਪ ਹੋ ਰਹੀ ਸੀ। (ਸੰਗ੍ਰ)

**ਚੁੱਪ ਸੁਨਹਿਰੀ ਤੇ ਬੋਲ ਦੁਪਹਿਰੀ।**

ਵੇਖੋ : ਇਕ ਚੁਪ ਤੇ ਸੌ ਸੁਖ।

**ਭਾਵ** :— ਕੇਵਲ ਮਤਲਬ ਦੀ ਹੀ ਗਲ ਕਰਨੀ ਚਾਹੀਦੀ ਹੈ।

**ਵਰਤੋਂ** :—ਗਲ ਮਤਲਬ ਦੀ ਹੀ ਕੀਤਾ ਕਰੋ। ਚੁਪ ਸੁਨਹਿਰੀ ਤੇ ਬੋਲ ਦੋਪਹਿਰੀ। ਵਾਧੂ ਗੱਲਾਂ ਵਿਚੋਂ ਦੁਬਧਾ ਹੀ ਨਿਕਲਦੀ ਹੈ। (ਸੰਗ੍ਰ)

**ਚੁਪਾਏ ਦੀ ਰਾਖੀ ਹੋ ਸਕਦੀ ਹੈ, ਪਰ ਦੁਪਾਏ ਦੀ ਨਹੀਂ।**

**ਭਾਵ** :— ਮਨੁਖ ਦੇ ਅਮਲਾਂ ਦੀ ਰਾਖੀ ਕਰਨੀ ਪਸ਼ੂ ਨਾਲੋਂ ਵੀ ਕਠਿਨ ਹੈ।

**ਵਰਤੋਂ** :— ਦੂਜੀ — ਚੰਗਾ ਜੋ ਭਾਣਾ ਕਰਤਾਰ, ਕਿਸੇ ਦੇ ਕੀ ਵਸ। ਜਦ ਖਬਰ ਸਾਰ ਹੀ ਕੋਈ ਨਹੀਂ ਤਾਂ ਕੀ ਕੀਤਾ ਜਾਵੇ। ਚੁਪਾਏ ਦੀ ਰਾਖੀ ਹੋ ਸਕਦੀ ਹੈ ਪਰ ਦੋਪਾਏ ਦੀ ਰਾਖੀ ਕਿਸੇ ਤੋਂ ਨਹੀਂ ਹੋ ਸਕਦੀ। ਇਸ ਲਈ ਭਾਣਾ ਹੀ ਸਿਰ ਧਰ ਕੇ ਮੰਨਣਾ ਹੈ।

(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਚੁਬਾਰੇ (ਬਾਰੀ) ਦੀ ਇੱਟ ਮੋਰੀ ਨੂੰ।

**ਭਾਵ** :— ਵੱਡੇ ਮਨੁਖ ਦਾ ਸਾਕ ਨੀਵੇਂ ਨਾਲ ਗੰਢਣਾ।

**ਵਰਤੋਂ** :— ਜਿਹੜੇ ਹੋਣ ਬੇਅਕਲ ਚਾ ਲਾਂਵਦੇ ਨੀ ਇੱਟਾਂ ਬਾਰੀਆਂ ਦੀਆਂ ਮੋਰੀਆਂ ਦੇ।

(ਹੀਰ—ਵਾਰਸ ਸ਼ਾਹ)

## ਚੁਲ੍ਹਿਓਂ ਦੂਰ, ਸੋ ਦੂਰ।

**ਭਾਵ** :— ਜਦ ਮੇਲ ਜੋਲ ਘਟ ਹੋ ਜਾਵੇ ਤਾਂ ਜਾਣ ਪਛਾਣ ਖ਼ਤਮ ਹੋ ਜਾਂਦੀ ਹੈ।

**ਵਰਤੋਂ** :—ਮੇਰੀ ਕਿਨ੍ਹੇ ਖਬਰ ਸਾਰ ਲੈਣੀ ਸੀ। ਤੁਹਾਡੇ ਲਈ ਤਾਂ 'ਚੁਲ੍ਹਿਓ ਦੂਰ, ਸੋ ਦੂਰ'। ਮੈਂ ਰਤਾ ਓਹਲੇ ਹੋਇਆ, ਸ਼ੁਕਰ ਕੀਤਾ ਤੇ ਭੁਲਾ ਦਿਤਾ।

(ਸੰਗ੍ਰ)

## ਚੁਲ੍ਹੇ ਵਿੱਚੋਂ ਨਿਕਲੇ, ਭੱਠ ਵਿਚ ਪਏ।

**ਭਾਵ** :— ਜਦ ਕੋਈ ਬਿਪਤਾ ਵਿੱਚੋਂ ਛੁਟ ਉਸ ਤੋਂ ਵੀ ਮਾੜੀ ਬਿਪਤਾ ਵਿੱਚ ਫਸ ਜਾਏ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਸ਼ਾਂਤੀ ਦਾ ਕੀ ਹਾਲ ਪੁਛਦੇ ਹੋ। ਉਹ ਤਾਂ ਚੁਲ੍ਹੇ ਵਿਚੋਂ ਨਿਕਲ ਭੱਠ ਵਿੱਚ ਜਾ ਪਈ ਹੈ। ਅਗੇ ਫਿਰ ਕੁਝ ਖਾਣ ਨੂੰ ਤਾਂ ਸੀ ਭਾਵੇਂ ਘਰ ਵਿੱਚ ਪੁਛ ਪ੍ਰਤੀਤ ਘਟ ਸੀ। ਹੁਣ ਨਾ ਖਾਣ ਨਾ ਪੁਛ ਪਰਤੀਤ।

(ਸੰਗ੍ਰ)

## ਚੂਹੜਾ ਗਿਆ ਪਰਵਾਰ, ਉਸ ਨੂੰ ਉੱਥੇ ਵੀ ਪਈ ਵਿਗਾਰ।

ਵੇਖੋ: ਚਮਿਆਰ ਗਿਆ ਪਰਵਾਰ, ਉਸ ਨੂੰ ਉਥੇ ਵੀ ਪਈ ਵਿਗਾਰ।

**ਭਾਵ** :— ਜਦ ਕੋਈ ਕਿਸੇ ਕੰਮ ਤੋਂ ਛੁਟਕਾਰਾ ਪਾਉਣ ਲਈ ਕਿਸੇ ਸੁਖਦਾਈ ਥਾਂ ਜਾਵੇ, ਪਰ ਉਸ ਨੂੰ ਉਥੇ ਵੀ ਓਹੋ ਕੰਮ ਕਰਨਾ ਪਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਿਹਰ ਚੰਦ ਸਹੁਰਾ ਘਰ ਛਡ, ਨਾਨਕੇ ਜਾ ਰਿਹਾ, ਪਰ ਉਥੇ ਵੀ ਉਸਨੂੰ ਚਕੀ ਛੱਡ ਕੇ ਮੋਹਲਾ ਹੀ ਫੜਨਾ ਪਿਆ; ਕਰਮਾਂ ਦੀ ਖੇਡ ਹੈ। 'ਚੂਹੜਾ ਗਿਆ ਪਰਵਾਰ, ਉਸਨੂੰ ਉਥੇ ਵੀ ਪਈ ਵਿਗਾਰ'।

(ਸੰਗ੍ਰ)

## ਚੂਹੜਿਓਂ ਮੁਸੱਲੀ ਕੀਤਾ, ਆਕੜ ਉਹਦੀ ਉਹਾ।

**ਭਾਵ** :— ਨੀਵੇਂ ਪੁਰਸ਼ ਦੀ ਆਕੜ ਨਹੀਂ ਜਾਂਦੀ, ਭਾਵੇਂ ਕਿੰਨਾ ਹੋਰ ਨੀਵਾਂ ਹੋ ਜਾਵੇ।

**ਵਰਤੋਂ** :— ਨਹੀਂ ਜਾਂਦੀ ਆਕੜ ਇਨ੍ਹਾਂ ਕਮੀਨਾ ਦੀ ਭਾਵੇਂ ਕਿੰਨੇ ਵੀ ਨਿਘਰ ਜਾਣ। ਚੂਹੜਿਓ ਰੱਬ ਮੁਸੱਲੀ ਕੀਤਾ, ਆਕੜ ਓਹਦੀ ਓਹਾ। ਇਨ੍ਹਾਂ ਨਾਲ ਮੱਥਾ ਲਾਣਾ ਸਾਊਆਂ ਦਾ ਕੰਮ ਨਹੀਂ।

(ਸੰਗ੍ਰ)

## ਚੂਹੜਿਆਂ ਦੀ ਜੋਗ, ਚਮਿਆਰ ਲੈ ਲੈ ਜਾਣ।

**ਭਾਵ** :— ਭੈੜਿਆਂ ਦੇ ਸਾਥੀ ਵੀ ਭੈੜੇ ਹੀ ਹੁੰਦੇ ਹਨ।

**ਵਰਤੋਂ** :—ਪੰਚ—ਸਰਦਾਰ ਜੀ! ਸੋਚਣ ਦੀ ਕਿਹੜੀ ਗਲ ਹੈ? ਭੈੜਿਆਂ ਦੇ ਸਾਥੀ ਚੰਦਰੇ ਹੀ ਹੁੰਦੇ ਹਨ, 'ਚੂਹੜਿਆਂ ਦੀ ਜੋਗ, ਚਮਿਆਰ ਲੈ ਲੈ ਜਾਣ।'

(ਸੰਗ੍ਰ)

## ਚੂਹੜਿਆਂ ਦੀ ਜੰਜ ਵਿਚ ਸਭੇ ਸਾਊ। ਜਾਂ ਚੂਹੜਿਆਂ ਦੀ ਸ਼ਾਦੀ ਤੇ ਜਾਂਞੀ ਕੁਤੇ।

**ਭਾਵ** :— ਭੈੜਿਆਂ ਦੇ ਸਾਥੀ ਵੀ ਭੈੜੇ ਹੀ ਹੋਣ ।

**ਵਰਤੋਂ** :— ਹੋਰ ਕੀ ਹੋਣਾ ਸੀ ? 'ਚੂਹੜਿਆਂ ਦੀ ਸ਼ਾਦੀ ਤੇ ਜਾਂਜੀ ਕੁਤੇ । ਭੈੜਿਆਂ ਨਾਲ ਚੰਦਰੇ ਹੀ ਰਲਣੇ ਸਨ । (ਸੰਗ੍ਰ)

## ਚੂਹੜਿਆਂ ਦੀ ਟਪਰੀ, ਸ਼ਰੀਕਾਂ ਨਾਲੋਂ ਵਖਰੀ ।

**ਭਾਵ** :— ਨੀਵਾਂ ਆਦਮੀ ਆਪਣੇ ਸਨੇਹੀਆਂ ਪਾਸੋਂ ਦੂਰ ਦੂਰ ਰਹਿੰਦਾ ਹੈ ।

**ਵਰਤੋਂ** :— ਸਾਊ ਹੁੰਦਾ ਤਾਂ ਨਾਲ ਮਿਲ ਕੇ ਰਹਿੰਦਾ । ਪਰ 'ਚੂਹੜਿਆਂ ਦੀ ਟੱਪਰੀ, ਸ਼ਰੀਕਾਂ ਨਾਲੋਂ ਵਖਰੀ ।' (ਸੰਗ੍ਰ)

## ਚੂਹੜਿਆਂ (ਕਾਂ) ਦੇ ਕਹੇ ਡੰਗਰ (ਢੋਰ) ਨਹੀਂ ਮਰਦੇ ।

**ਭਾਵ** :— ਭੈੜਿਆਂ ਦੀ ਬਦ-ਅਸੀਸ ਕਿਸੇ ਨੂੰ ਨਹੀਂ ਲਗਦੀ ।

**ਵਰਤੋਂ** :—

ਘੁਰਕ ਕਿਹਾ ਉਸ 'ਪਰੇ ਬੈਠ
ਤੁਧ ਕਿਹਾ ਨਾ ਇਸ ਮਰ ਜਾਣਾ ਏ ।
ਕਾਂ ਦੇ ਕਿਹਾਂ ਢੋਰ ਨਹੀਂ ਮਰਦੇ,
ਹੁੰਦਾ ਰੱਬ ਦਾ ਭਾਣਾ' ।
(ਬਾਦਸ਼ਾਹੀਆਂ—ਸ: ਸ: ਚਰਨ ਸਿੰਘ)

## ਚੂਹੜੇ ਕੋਲੋਂ (ਦਾ) ਲਹਿਣਾ, ਕੁੱਤੇ ਦੇ ਗਲ ਗਹਿਣਾ ।

**ਭਾਵ**: — ਨੀਵੇਂ ਮਨੁੱਖ ਤੋਂ ਲਹਿਣਾ ਵੀ ਮਾੜਾ ਹੈ । ਉਸਨੂੰ ਦਿੱਤੇ ਦੀ ਕਦਰ ਨਹੀਂ ਹੁੰਦੀ ।

**ਵਰਤੋਂ** :— ਕੇਹੇ ਕਮੀਨੇ ਲੋਕਾਂ ਪਾਸ ਪੈਸੇ ਫਸਾ ਬੈਠੇ ਹਾਂ । ਅਖੇ 'ਚੂਹੜੇ ਕੋਲੋਂ ਲਹਿਣਾ ਤੇ ਕੁਤੇ ਦੇ ਗਲ ਗਹਿਣਾ ।' ਕੁਝ ਦੇਣਾ ਤਾਂ ਕਿਤੇ ਰਿਹਾ, ਉਲਟਾ ਜਦ ਮੰਗਣ ਜਾਓ, ਗਾਲ੍ਹਾਂ ਕਢਦੇ ਤੇ ਘੂਰਦੇ ਨੇ । (ਸੰਗ੍ਰ)

## ਚੂਹੜੇ ਨਾਲ ਖਤਰੀ ਦਾ ਘੋਲ ।

**ਭਾਵ** :— ਨਾ-ਬਰਾਬਰੀ ਦਾ ਝਗੜਾ ।

**ਵਰਤੋਂ** :—

ਤੇਰੇ ਕੁਆਰ ਨੂੰ ਖੁਆਰ ਸੰਸਾਰ ਕਰਸੀ,
ਏਸ ਜੋਗੀ ਦਾ ਕੁਝ ਨਾ ਖੁਸਦਾ ਈ ।
ਨਾਲ ਚੂਹੜੇ ਦੇ ਖਤਰੀ ਘੁਲਣ ਲਗਾ,
ਵਾਰਸ ਸ਼ਾਹ ਵਿਚ ਮੁਲਕ ਦੇ ਹਸਣਾ ਈ ।
(ਹੀਰ—ਵਾਰਸ ਸ਼ਾਹ)

## ਚੂਹਾ ਖੁੱਡ ਨ ਮਾਵਈ ਲਕ ਛੱਜ ਵਲਾਵੇ ।

**ਭਾਵ** :— ਕਰਨ ਦੀ ਤਾਕਤ ਥੋੜੀ ਹੋਵੇ ਤੇ ਦਸੇ ਬਹੁਤ ਕੁਝ ।

**ਵਰਤੋਂ** :—

ਚੂਹਾ ਖੁਡ ਨ ਮਾਵਈ ਲਕ ਛੱਜ ਵਲਾਵੇ ।
ਮੰਤ ਨ ਹੋਇ ਅਠੂਹਿਆਂ ਹੱਥ ਸੱਪੀਂ ਪਾਵੇ ।
(ਵਾਰਾਂ—ਭਾਈ ਗੁਰਦਾਸ ਜੀ)

## ਚੂਹਾ ਖੁਡੀ ਮਿਟੇ ਨਾ ਤੇ ਸਪ-ਘਰੋਹ ਵੀ ਨਾਲੇ ।

**ਭਾਵ** :— ਆਪਣਾ ਤਾਂ ਕਿਸੇ ਥਾਂ ਗੁਜ਼ਾਰਾ ਨਾ ਹੋਵੇ ਤੇ ਹੋਰਨਾਂ ਨੂੰ ਬੁਲਾਵਾ ਭੇਜਦਾ ਫਿਰੇ ।

**ਵਰਤੋਂ** :— ਚਾਚੀ ਜੀ, ਤੁਸੀਂ ਵੀ ਅਜੀਬ ਸੁਭਾ ਦੇ ਹੋ, ਮਕਾਨ ਵਿੱਚ ਤਾਂ ਕੇਵਲ ਇਕ ਮੰਜੇ ਦੀ ਥਾਂ ਹੈ, ਚਾਰ ਪ੍ਰਾਹੁਣੇ ਕਿਥੇ ਬਿਠਾਵਾਂ ? 'ਚੂਹਾ ਖੁਡੀ ਮਿਟੇ ਨਾ ਤੇ ਸੱਪ-ਘਰੋਹ ਵੀ ਨਾਲੇ ।' (ਸੰਗ੍ਰ)

## ਚੂਹਿਆਂ ਤੋਂ ਡਰੇ ਤੇ ਲਠ-ਮਾਰਾਂ ਵਿਚ ਨਾਂ ।

**ਭਾਵ** :— ਹੋਵੇ ਮਾੜਾ ਪਰ ਤਕੜਾ ਹੋਣ ਜਾਂ ਵੱਡਾ ਕੰਮ ਕਰਨ ਦੀ ਸ਼ੇਖ਼ੀ ਮਾਰੇ ।

**ਵਰਤੋ** :— ਸੁਣੀ ਜਾਓ, ਸ਼ੇਖੀਆ ਭਾਈ ਹੁਰਾਂ ਦੀਆਂ । ਅਖੇ 'ਚੂਹਿਆਂ ਤੋਂ ਡਰੇ ਤੇ ਲੱਠ ਮਾਰਾਂ ਵਿਚ ਨਾਂ' ਚੂਹੜਿਆਂ ਪਾਸੋਂ ਮਾਰ ਖਾ ਲਈ ਤੇ ਹੁਣ ਤੀਸ ਮਾਰ ਖ਼ਾ ਬਣਨ ਬੈਠ ਹਨ । (ਸੰਗ੍ਰ)

**ਚੂਹਿਆਂ ਦੇ ਡਰੋਂ ਘਰ ਨਹੀਂ ਛਡ ਦਈਦੇ ।**

**ਭਾਵ** :– ਮਾਮੂਲੀ ਤਕਲੀਫ਼ ਦੇ ਕਾਰਨ ਚੰਗੀ ਚੀਜ਼ ਨਹੀਂ ਛੱਡਣੀ ਚਾਹੀਦੀ ।

**ਵਰਤੋਂ** :— ਕੌਣ ਕਮਜ਼ਾਤ ਹੈ, ਪੁੱਤਰ, ਉਹ ਤੇਰੇ ਸਾਹਮਣੇ । ਡੱਟ ਕੇ ਆਪਣੀ ਥਾਂ ਤੇ ਬੈਠਾ ਰਹੁ । ਰਤਾ ਭੈ ਨਾ ਰਖ । 'ਚੂਹਿਆਂ ਦੇ ਡਰੋਂ, ਘਰ ਨਹੀਂ ਛਡ ਦਈਦੇ' । (ਸੰਗ੍ਰ)

**ਚੂਹੇ ਨੂੰ ਹਲਦੀ (ਸੁੰਢ) ਦੀ ਗੰਢੀ ਲਭੀ, ਉਹ ਪਸਾਰੀ ਬਣ ਬੈਠਾ ।**

**ਭਾਵ** :– ਕਿਸੇ ਪਾਸ ਗੁਣ ਤਾਂ ਥੋੜਾ ਹੋਵੇ ਪਰ ਆਕੜ ਬਾਹਲੀ ਕਰੇ ।

**ਵਰਤੋ** :— ਸੁਸ਼ੀਲਾ—ਉਸਤਾਦ ਭਾਰਾ ! ਦੋ ਸੁਰਾਂ ਵਾਜੇ ਦੀਆਂ ਆ ਗਈਆਂ ਤੇ ਬਣ ਬੈਠਾ ਉਸਤਾਦ । ਤੇਰੀ ਸਲਾਹ ਹੋਣੀ ਏ ਮੈਂ ਤੇਰੇ ਖਸਮ ਅਗੇ ਮਥੇ ਟੇਕਾਂ । ਨਾ ਬਾਬਾ ਅਸੀਂ ਬਾਜ਼ ਆਏ ਇਹੋ ਜਿਹੀ ਸ਼ਗਿਰਦੀ ਤੋਂ । ਨਹੀਂ ਸਿਖਾਂਦਾ ਤਾਂ ਨਾ ਸਿਖਾਏ । ਚੂਹੇ ਨੂੰ ਹਲਦੀ ਦੀ ਗੰਢੀ ਲਭੀ ਤੇ ਪਸਾਰੀ ਬਣ ਬੈਠਾ ਸੀ ।

(ਕਾਗਤਾਂ ਦੀ ਬੇੜੀ—ਸ. ਨਾਨਕ ਸਿੰਘ)

**ਚੂੜੀਆਂ ਦੀ ਥਹੀ, ਨਾ ਭੈਣ ਨਾ ਭਣੇਈ ।**

**ਭਾਵ** :— ਅਮੀਰੀ ਵਿੱਚ ਸਾਕ ਸੰਬੰਧੀ ਭੁਲ ਜਾਂਦੇ ਹਨ ।

**ਵਰਤੋਂ** :—ਤੂੰ ਹੁਣ ਕਿਸੇ ਨੂੰ ਕਿਉਂ ਪੁਛੇਂ ਬੁਲਾਵੇਂ ? 'ਚੂੜੀਆਂ ਦੀ ਥਹੀ, ਨਾ ਭੈਣ ਨਾ ਭਣੇਈ ।' ਚਾਰ ਪੈਸੇ ਖਾਣ ਲਈ ਮਿਲ ਗਏ । ਬਸ, ਤੂੰ ਕੌਣ ਤੇ ਮੈਂ ਕੌਣ । (ਸੰਗ੍ਰ)

**ਚੂੜੇ ਵਾਲੀ ਦੀ ਚੂੜੇ ਵਾਲਾ ਬਾਂਹ ਫੜਦਾ ਹੈ ।**

**ਭਾਵ** :— ਵੱਡੀ ਹੈਸੀਅਤ ਵਾਲਾ ਵੱਡੀ ਹੈਸੀਅਤ ਵਾਲੇ ਦੀ ਹੀ ਸਹਾਇਤਾ ਕਰਦਾ ਹੈ ।

**ਵਰਤੋਂ** :— ਸਰਦਾਰ ਜੀ ! ਇਹ ਕੋਈ ਨਵੀਂ ਗਲ ਏ ? ਸਦਾ ਚੂੜੇ ਵਾਲੀ ਦੀ ਚੂੜੇ ਵਾਲਾ ਹੀ ਬਾਂਹ ਫੜਦਾ ਆਇਆ ਹੈ । ਉਹ ਦੋਵੇਂ ਹੋਏ ਜੋ ਵਡੀ ਸ਼ਾਨ ਵਾਲੇ । ਕਿਉਂ ਨਾ ਇਕ ਦੂਜੇ ਉਤੇ ਡੁਲ੍ਹਦੇ ? (ਸੰਗ੍ਰ)

**ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀ ਦੀਸੈ ॥**

ਵੇਖੋ : ਸੇਵਕਾਂ ਨੂੰ ਸਲਾਮਾਂ, ਗੁਰਾਂ ਨੂੰ ਦੁਰ ਦੁਰ ।

**ਭਾਵ** :— ਮਾਇਆ ਜਿਹੜੀ ਵਾਹਿਗੁਰੂ ਦੀ ਦਾਸੀ ਹੈ, ਉਸਦੀ ਤਾਂ ਪੂਜਾ ਕਰਦੇ ਹਨ, ਪਰ ਦੇਣ ਵਾਲੇ ਵਾਹਿਗੁਰੂ ਨੂੰ ਅਨੁਭਵ ਨਹੀਂ ਕਰਦੇ ।

**ਵਰਤੋਂ** :—

ਚੇਰੀ ਕੀ ਸੇਵਾ ਕਰਹਿ ਠਾਕਰੁ ਨਹੀ ਦੀਸੈ ॥<br>
ਪੋਖਰੁ ਨੀਰ ਵਿਰੋਲੀਐ ਮਾਖਨੁ ਨਹੀ ਰੀਸੈ ॥

(ਗੁਰੂ ਗ੍ਰੰਥ—ਗਉੜੀ ਰਾਗ)

**ਚੋ ਚਸ਼ਮੇ ਨੀ ਸਾਰੇ ਚੋ ਚਸ਼ਮੇ ।**

**ਭਾਵ** :— ਜਦ ਸਾਰੇ ਇਕੋ ਸੁਭਾ ਜਾਂ ਖਿਆਲਾਂ ਦੇ ਹੋਣ ।

**ਵਰਤੋਂ** :— ਓਇ ਝਲਿਆ ! ਇਹ ਜੱਟ ਸਾਰੇ ਵਿਚੋਂ ਇਕਮਿਕ ਸੀ । ਭਾਵੇਂ ਸਿਖ ਹੋਣ ਤੇ ਭਾਵੇਂ ਕੋਈ ਹੋਰ । ਇਨ੍ਹਾਂ ਸਾਰਿਆਂ ਦੀ ਨਾਨੀ ਇੱਕੋ ਹੀ ਇੱਕੋ । 'ਚੋ ਚਸ਼ਮੇ ਨੀ ਸਾਰੇ ਚੋ ਚਸ਼ਮੇਂ' ।

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲ ਦੀਨ)

**ਚੋਆ ਚੰਦਨ ਪਰਹਰੈ ਖਰ ਖੇਹ ਪਲੱਟੈ ।**

**ਭਾਵ** :— ਮਾੜਾ ਆਦਮੀ ਭੈੜੇ ਕੰਮ ਤੋਂ ਕਦਾਚਿਤ ਨਹੀਂ ਹਟਦਾ, ਜਿਵੇਂ ਖੋਤਾ ਚੰਦਨ ਦੀ ਸੁਗੰਧੀ ਨੂੰ ਛਡ ਕੇ ਖੇਹ ਤੇ ਮਿਟੀ ਨਾਲ ਹੀ ਪਿਆਰ ਕਰਦਾ ਹੈ ।

**ਵਰਤੋਂ** :—

ਚੋਆ ਚੰਦਨ ਪਰਹਰ ਖਰ ਖੇਹ ਪਲੱਟੈ ।<br>
ਤਿਉਂ ਨਿੰਦਕ ਪਰ ਨਿੰਦਿਆ ਹਠਿ ਮੂਲ ਨ ਹੱਟੈ।

(ਵਾਰਾਂ—ਭਾਈ ਗੁਰਦਾਸ)

**ਚੋਟੇ ਸੇਤੀ ਜੋ ਮਰੈ ਲਗੀ ਸਾ ਪਰਵਾਣੁ ।**

**ਭਾਵ** :— ਪ੍ਰੀਤੀਵਾਨ ਉਹ ਹੈ, ਜੋ ਵਿਛੋੜੇ ਦੀ ਸੱਟ ਨਾਲ ਹੀ ਮਰ ਜਾਏ ।

**ਵਰਤੋਂ** :—

ਨਾਨਕ ਲਗੀ ਤੁਰਿ ਮਰੈ ਜੀਵਨ ਨਾਹੀ ਤਾਣੁ ॥
ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥
(ਗੁਰੂ ਗ੍ਰੰਥ—ਸ਼ਲੋਕ ਵਾਰਾਂ ਤੇ ਵਧੀਕ)

**ਚੋਟੀ ਕੁੱਤੀ, ਜਲੇਬੀਆਂ ਦੀ ਰਾਖੀ ।**

**ਭਾਵ** :— ਬੇਇਤਬਾਰੀ ਪੁਰਸ਼ ਨੂੰ ਕਿਸੇ ਜ਼ਿਮੇਵਾਰੀ ਦੇ ਕੰਮ ਉਤੇ ਲਾਉਣ ਨਾਲ ਖਰਾਬੀ ਹੁੰਦੀ ਹੈ।

**ਵਰਤੋਂ** :—ਜਦ ਤੁਹਾਨੂੰ ਪਤਾ ਸੀ ਕਿ ਰਾਮ ਨਾਥ ਲੂਣ ਹਰਾਮੀ ਪੁਰਸ਼ ਹੈ ਤਾਂ ਤੁਸਾਂ ਆਪਣੇ ਘਰ ਦੀ ਚਾਬੀ ਉਸ ਦੇ ਹੱਥ ਕਿਉਂ ਸੌਂਪੀ ? ਚੋਟੀ ਕੁੱਤੀ ਨੂੰ ਜਲੇਬੀਆਂ ਦੀ ਰਾਖੀ ਕੌਣ ਬਿਠਾਉਂਦਾ ਹੈ ? (ਸੰਗ੍ਰ)

**ਚੋਰ ਉਚੱਕਾ ਚੌਧਰੀ, ਲੁੰਡੀ ਰੰਨ ਪ੍ਰਧਾਨ ।**

**ਭਾਵ** :— ਜਿਥੇ ਮਾੜਿਆਂ ਦੀ ਕਦਰ ਹੋਵੇ ।

**ਵਰਤੋਂ** :— ਧਰਮ ਦੀ ਅੰਸ ਸਵਾਰਥ ਦੀ ਅੰਗੀਠੀ ਹੇਠਾਂ ਦਬ ਗਈ । ਵਾਯੂ ਮੰਡਲ ਜ਼ਹਿਰੀਲਾ ਹੋ ਗਿਆ ਤੇ ਨੌਜਵਾਨ ਬੇਦਿਲ ਹੋਕੇ ਪਤਤ ਹੋਣ ਲਗ ਪਏ । "ਚੋਰ ਉਚਕਾ ਚੌਧਰੀ ਲੁੰਡੀ ਰੰਨ ਪ੍ਰਧਾਨ" ਵਾਲੀ ਗਲ ਬਿਲਕੁਲ ਅਮਲ ਵਿਚ ਆ ਗਈ ।
(ਨਵੀਆਂ ਕੀਮਤਾਂ—ਪ੍ਰਿੰ: ਨਿਰੰਜਨ ਸਿੰਘ)

**ਚੋਰ ਸਿ ਚੋਰਾ ਚੋਰ ।**

**ਭਾਵ** :— ਪਾਪੀਆਂ ਨੇ ਪਾਪੀ ਹੀ ਰਹਿਣਾ ਹੈ ਭਾਵੇਂ ਦਿਖਾਵੇ ਲਈ ਸੌ ਕਰਮ ਕਾਂਡ ਕਰਨ ।

**ਵਰਤੋਂ** :—

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥
(ਗੁਰੂ ਗ੍ਰੰਥ—ਵਾਰ ਸੂਹੀ)

**ਚੋਰ ਕੀ ਹਾਮਾ ਭਰੇ ਨਾ ਕੋਇ ।**

**ਭਾਵ** :— ਚੋਰ ਦਾ ਕੋਈ ਜ਼ਾਮਨ ਨਹੀਂ ਬਣਦਾ ਭਾਵ ਉਸ ਦੀ ਕੋਈ ਹਮਾਇਤ ਨਹੀਂ ਕਰਦਾ ।

**ਵਰਤੋਂ** :—

ਚੋਰ ਕੀ ਹਾਮਾ ਭਰੇ ਨ ਕੋਇ ॥
ਚੋਰੁ ਕੀਆ ਚੰਗਾ ਕਿਉ ਹੋਇ ॥
(ਗੁਰੂ ਗ੍ਰੰਥ—ਰਾਗ ਧਨਾਸਰੀ)

**ਚੋਰ ਕੁਤੀ ਦਾ ਕਤੂਰਾ ਚੋਰ ।** ਵੇਖੋ: ਸਪਾਂ ਦੇ ਪੁਤ ਕਦੀ ਮਿਤ ਨਾ ਹੁੰਦੇ ਭਾਵੇਂ ਚੁਲੀਆਂ ਦੁਧ ਪਿਲਾਈਏ ।

**ਭਾਵ** :— ਜਿਹੇ ਮਾਪੇ ਤਿਹੋ ਜਿਹੀ ਅੰਸ ਜਾਂ ਬੱਚੇ ।

**ਵਰਤੋਂ** :— ਪਿਉ ਜੁ ਰਾਮੂ ਦਾ ਉਘਾ ਨਸ਼ਈ ਸੀ ! ਪੁਤਰ ਨੇ ਕੀ ਘਟ ਕਰਨੀ ਸੀ ! 'ਚੋਰ ਕੁਤੀ ਦਾ ਕਤੂਰਾ ਚੋਰ' । (ਸੰਗ੍ਰ)

**ਚੋਰ ਖਿੜਕੀ, ਘਰ ਦਾ ਨਾਸ ।**

**ਭਾਵ** :— ਘਰੋਗੀ ਭੇਦ ਨਾਲ ਤਬਾਹੀ ਹੋਣੀ ।

**ਵਰਤੋਂ** :— ਗਿਆਨ—ਜੇ ਰਾਵਣ ਦਾ ਭਰਾ ਰਾਵਣ ਦਾ ਭੇਦ ਨਾ ਦਸਦਾ ਤਾਂ ਰਾਵਣ ਨੂੰ ਕੌਣ ਮਾਰਦਾ ? ਚੋਰ ਖਿੜਕੀ, ਘਰ ਦਾ ਨਾਸ । (ਸੰਗ੍ਰ)

**ਚੋਰ ਚੋਰੀਉਂ ਚਲਾ ਜਾਂਦਾ ਏ, ਹੇਰਾ ਫੇਰੀਉਂ ਨਹੀਂ ਜਾਂਦਾ ।**

**ਭਾਵ** :—ਮਾੜਾ ਕਪਟੀ ਤੇ ਵਲ-ਛਲੀਆ ਬੰਦਾ ਆਪਣਾ ਕਪਟ ਨਹੀਂ ਛਡਦਾ। ਇਕ ਮਾੜਾ ਕੰਮ ਛਡੇਗਾ ਤਾਂ ਦੂਜਾ ਫੜ ਲਏਗਾ ।

**ਵਰਤੋਂ** :— ਕਾਕਾ, ਸੰਗ ਤਾਰੇ, ਕੁਸੰਗ ਡੋਬੇ, ਮੰਨਿਆ ਬਈ ਹੁਣ ਉਹ ਸਾਧ ਬਣਿਆ ਫਿਰਦਾ ਹੈ। ਪਰ ਉਸਦੀਆਂ ਪਿਛਲੀਆਂ ਕਰਤੂਤਾਂ ਨੂੰ ਤਾਂ ਵੇਖ। 'ਚੋਰ ਚੋਰੀਓਂ ਚਲਾ ਜਾਂਦਾ ਏ। ਹੇਰਾ ਫੇਰੀਓਂ ਨਹੀਂ ਜਾਂਦਾ। ਉਸ ਤੋਂ ਸਦਾ ਬਚ ਕੇ ਰਵੀਂ। (ਸੰਗ੍ਰ)

### ਚੋਰ ਜਾਂਞੀ, ਚੋਰ ਮਾਂਞੀ, ਚੋਰ ਵਿਆਹੁਣ ਆਏ।

**ਭਾਵ** :—ਭੈੜਿਆਂ ਨੂੰ ਸਾਥੀ ਵੀ ਭੈੜੇ ਹੀ ਮਿਲ ਪੈਂਦੇ ਹਨ।

**ਵਰਤੋਂ** :— ਗੁੰਡੇ ਨੂੰ ਰੱਬ ਨੇ ਸਾਥੀ ਵੀ ਆਪਣੇ ਵਰਗੇ ਹੀ ਦਿਤੇ ਹੋਏ ਹਨ। ਚੋਰ ਜਾਂਞੀ, ਚੋਰ ਮਾਂਞੀ, ਚੋਰ ਵਿਆਹੁਣ ਆਏ। ਕੋਈ ਉਸ ਉਤੇ ਕੀ ਭਰੋਸਾ ਰਖੇ ? (ਸੰਗ੍ਰ)

### ਚੋਰ ਜਾਣੇ ਚੋਰ ਦੀ ਸਾਰ।

**ਭਾਵ** :— ਪਾਪੀ ਨੂੰ ਪਾਪੀ ਹੀ ਪਛਾਣ ਸਕਦਾ ਹੈ।

**ਵਰਤੋਂ** :— 'ਚੋਰ ਜਾਣੇ ਚੋਰ ਦੀ ਸਾਰ' : ਤੁਸੀਂ ਇਸ ਤੋਂ ਕੁਝ ਨਾ ਪੁਛੋ। ਮੈਂ ਪੁਛਾਂਗਾ। ਇਨ੍ਹੇ ਸ਼ਰਾਫ਼ਤ ਨਾਲ ਕਾਬੂ ਨਹੀਂ ਆਉਣਾ। ਮੇਰੀ ਡਾਂਗ ਦੇ ਵਸ ਆਊਗਾ। (ਸੰਗ੍ਰ)

### ਚੋਰ ਤੇ ਕੁਤੀ ਰਲੇ ਹੋਏ ਨੇ।

**ਭਾਵ** :—ਜਦ ਵੈਰੀ ਤੇ ਮੀਤ ਇਕੱਠੇ ਹੋ ਜਾਣ।

**ਵਰਤੋਂ** :— ਇਥੇ ਮੇਰੀ ਕੀ ਦਾਲ ਗਲਦੀ ਹੈ। ਇਥੇ ਤਾਂ ਚੋਰ ਤੇ ਕੁਤੀ ਰਲੇ ਹੋਏ ਨੇ। ਇਥੇ ਪੁਲਸ ਵੀ ਬਦਮਾਸ਼ਾਂ ਦੀ ਹਮਾਇਤ ਕਰਦੀ ਹੈ। (ਸੰਗ੍ਰ)

### ਚੋਰ ਤੇ ਲਾਠੀ ਦੋ ਜਣੇ, ਮੈਂ ਤੇ (ਚਾਚਾ) ਬਾਬੂ ਕਲੇ।

**ਭਾਵ** :—ਡਰਾਕਲ ਬੰਦੇ ਲਈ ਹਾਸ-ਰਸ ਵਿੱਚ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮੋਹਣਾ ! ਉਸ ਦੀ ਕੀ ਪੁਛਦੇ ਹੋ, ਗੱਲਾਂ ਨੇ ਨਿਰੀਆਂ ਗੱਲਾਂ ਉਸ ਦੀਆਂ, ਉਂਜ ਜੇ ਕੁਝ ਕਰ ਵਿਖਾਉਣ ਦਾ ਮੌਕਾ ਬਣੇ ਤਾਂ 'ਚੋਰ ਤੇ ਲਾਠੀ ਦੋ ਜਣੇ ਮੈਂ ਤੇ ਬਾਪੂ ਕਲੇ' ਵਾਲਾ ਹੌਸਲਾ ਹੈ ਉਸ ਦਾ। (ਸੰਗ੍ਰ)

### ਚੋਰ ਦੀ ਦਾੜ੍ਹੀ ਵਿਚ ਤੀਲਾ (ਤਿਨਕਾ)।

**ਭਾਵ** :—ਗਲ ਕਿਸੇ ਹੋਰ ਦੀ ਹੋ ਰਹੀ ਹੋਵੇ, ਪਰ ਦੋਸ਼ੀ ਉਸ ਨੂੰ ਆਪਣੇ ਵਲ ਖਿਚੇ।

**ਵਰਤੋਂ** :— "ਹੈਂਜੀ, ਮੈਨੂੰ ਪੇਕੇ ਨਹੀਂ ਘਲਣਾ।" ਚੋਰ ਦੀ ਦਾੜ੍ਹੀ ਵਿਚ ਤਿਨਕਾ। ਵਤ ਜੋਗਿੰਦ੍ਰ ਸਿੰਘ ਨੂੰ ਹੋਰ ਵੀ ਫ਼ਿਕਰ ਪੈ ਗਿਆ। ਭਾਵੇਂ ਸ਼ਕੁੰਤਲਾ ਨੇ ਇਹ ਗਲ ਕਿਸੇ ਹੋਰ ਮਤਲਬ ਲਈ ਕਹੀ ਸੀ। ਪਰ ਉਹ ਸਮਝਿਆ ਕਿ ਇਸ ਨੂੰ ਮੇਰੀ ਕਰਤੂਤ ਦੀ ਕਿਤੇ ਭਿਣਕ ਨ ਪੈ ਗਈ ਹੋਵੇ। (ਮਿਠਾ ਮੋਹਰਾ – ਨਾਨਕ ਸਿੰਘ)

### ਚੋਰ (ਬਕਰੇ) ਦੀ ਮਾਂ ਕਦ ਤਕ ਖ਼ੈਰ (ਸੁਖ) ਮਨਾਊ।

**ਭਾਵ** :—ਭੈੜਾ ਆਦਮੀ ਕਦ ਤਾਈਂ ਆਪਣੀਆਂ ਕਰਤੂਤਾਂ ਦੀ ਸਜ਼ਾ ਤੋਂ ਬਚਿਆ ਰਹੇਗਾ ?

**ਵਰਤੋਂ** :— ਕਦੋਂ ਤੀਕ ਤੂੰ ਆਪਣੀਆਂ ਕਰਤੂਤਾਂ ਨੂੰ ਛੁਪਾਈ ਰਖੇਂਗਾ ? ਚੋਰ ਦੀ ਮਾਂ ਕਦ ਤਕ ਖ਼ੈਰ ਮਨਾਊ ? ਕਦੀ ਤਾਂ ਚੋਰ ਪਕੜਿਆ ਜਾਊ। (ਸੰਗ੍ਰ)

### ਚੋਰ ਦੀ ਮਾਂ ਕੋਠੀ ਵਿੱਚ।

**ਭਾਵ** :— ਪਾਪੀ ਦੇ ਸਾਥੀ ਵੀ ਲਜਿਆਵਾਨ ਹੁੰਦੇ ਹਨ।

**ਵਰਤੋਂ** :— ਮੈਂ ਤਾਂ ਕੁਝ ਨਹੀਂ ਕੀਤਾ, ਪਰ ਚੋਰ ਦੀ ਮਾਂ ਕੋਠੀ ਵਿਚ। ਮੇਰੇ ਮੁੰਡੇ ਨੇ ਜੋ ਫ਼ਸਾਦ ਖੜਾ ਕਰ ਦਿਤਾ, ਤਾਂ ਮੈਂ ਨਮੋਸ਼ੀ ਨਾਲ ਅੰਦਰ ਵੜਨਾ ਹੀ ਸੀ। (ਸੰਗ੍ਰ)

### ਚੋਰ ਦੀ ਮਾਂ ਨੂੰ ਮਾਰੋ।

**ਭਾਵ** :—ਕਿਸੇ ਬੁਰਿਆਈ ਦੀ ਜੜ੍ਹ ਪੁਟੋ।

**ਵਰਤੋਂ** :— ਪੁਲੀਸ ਨੂੰ ਇਖਤਿਆਰ ਦਿੱਤਾ ਜਾਂਦਾ ਹੈ ਕਿ ਬਲੈਕੀਆਂ ਨੂੰ ਗ੍ਰਿਫਤਾਰ ਕਰੋ। ਉਹ ਚਾਰ ਦਿਨ-ਦਸ ਦਿਨ ਸਰਗਰਮੀ ਜ਼ਰੂਰ ਵਿਖਾਉਂਦੇ ਹਨ। ਪਰ ਮਾਮਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਜਦ ਕਿ, ਚੋਰ ਦੀ ਮਾਂ ਨੂੰ ਨਹੀਂ ਮਾਰਿਆ ਜਾਂਦਾ। (ਲੋਕ ਸਾਹਿਤ—ਨਾਨਕ ਸਿੰਘ)

## ਚੋਰ ਦੇ ਪੈਰ ਨਹੀਂ ਹੁੰਦੇ।

**ਭਾਵ** ;—ਮੰਦੇ ਆਦਮੀ ਨੂੰ ਸਦਾ ਧੜਕੂ ਲਗਾ ਰਹਿੰਦਾ ਹੈ।

**ਵਰਤੋਂ** :— ਤੇ 'ਕੀ ਸ੍ਰੀ ਮਤੀ ਜੀ, ਖਿਮਾ ਕਰਨਾ, ਇਹ ਕਹਾਵਤ ਠੀਕ ਹੈ ਕਿ ਚੋਰ ਦੇ ਪੈਰ ਨਹੀਂ ਹੁੰਦੇ। ਸੋ ਚੂੰਕਿ ਤੁਹਾਡਾ ਸਾਰਾ ਕਾਰੋਬਾਰ ਹੀ ਚੋਰੀ ਦੇ ਪਰਦੇ ਵਿਚ ਹੁੰਦਾ ਹੈ, ਇਸ ਲਈ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਸਦੀਆਂ ਬੁਨਿਆਦਾਂ ਪਕੀਆਂ ਹਨ।' (ਪਿਆਰ ਦੀ ਦੁਨੀਆਂ—ਨਾਨਕ ਸਿੰਘ)

## ਚੋਰ ਨਾਲੋਂ ਪੰਡ ਕਾਹਲੀ।

**ਭਾਵ** ;— ਜਿਸ ਦਾ ਗੱਲ ਕਰਨ (ਜਾਂ ਚੀਜ਼ ਲੈਣ) ਦਾ ਹੱਕ ਹੋਵੇ ਉਹ ਤਾਂ ਚੁੱਪ ਰਹੇ, ਤੇ ਜਿਨ੍ਹਾਂ ਦਾ ਹੱਕ ਨਾ ਹੋਵੇ ਉਹ ਅਗੇ ਹੋ ਹੋ ਬਹਿਣ।

**ਵਰਤੋਂ** :— ਕਰਮੋਂ—ਨੀ ਖਲੋ ਜਾ ਭੈਣ। ਰਤੀ ਸਾਹ ਲੈ। "ਚੋਰਾਂ ਨਾਲੋਂ ਪੰਡ ਕਾਹਲੀ" ਵਾਲੀ ਗਲ ਨਾ ਕਰ। (ਹੀਰ ਸਿਆਲ—ਸ਼ਰਫ)

## ਚੋਰ ਨੂੰ ਆਪਣਾ ਈ ਪਾਲਾ ਮਾਰਦਾ ਹੈ।

**ਭਾਵ** :— ਮਾੜਾ ਆਦਮੀ ਆਪਣੇ ਮਾੜੇ ਕੰਮਾਂ ਤੋਂ ਹੀ ਡਰਦਾ ਹੈ।

**ਵਰਤੋਂ** :— ਗੰਡਾ ਸਿੰਘ—ਲੈ ਭਈ ਵੇਖ ਲੈ, 'ਚੋਰ ਨੂੰ ਆਪਣਾ ਈ ਪਾਲਾ ਮਾਰਦੈ। ਮੋਹਣ ਤੇ ਸੂਬੇਦਾਰ ਨੂੰ ਆਉਂਦਾ ਵੇਖ ਖਿਸਕਿਆ ਜੇ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

## ਚੋਰ ਮੁਕ ਗਏ ਕਿ ਹਨੇਰਾ ?

**ਵਰਤੋਂ** :—ਮੰਦਾ ਕੰਮ ਕਰਨ ਲਈ ਬਥੇਰਾ ਸਮਾਂ ਮਨੁੱਖ ਨੂੰ ਮਿਲ ਸਕਦਾ ਹੈ।

**ਵਰਤੋਂ** :— ਕਾਹਲੇ ਕਿਉਂ ਪੈਂਦੇ ਹੋ ? 'ਚੋਰ ਮੁਕ ਗਏ ਕਿ ਹਨੇਰਾ।' ਥੋੜੇ ਦਿਨ ਸਬਰ ਕਰੋ। (ਸੰਗ੍ਰ)

## ਚੋਰੀ ਕੱਖ ਦੀ ਭੀ, ਚੋਰੀ ਲੱਖ ਦੀ ਭੀ।

**ਭਾਵ** ;—ਮੰਦਾ ਕੰਮ ਭਾਵੇਂ ਥੋੜਾ ਕਰੀਏ ਭਾਵੇਂ ਬਹੁਤਾ ਬਦਨਾਮੀ ਜ਼ਰੂਰੀ ਹੁੰਦੀ ਹੈ।

**ਵਰਤੋਂ** :— "ਚੋਰੀ ਕਖ ਦੀ ਵੀ ਤੇ ਚੋਰੀ ਲਖ ਦੀ ਵੀ"। ਥੋੜਾ ਥੋੜਾ ਐਬ ਕਰਦਿਆਂ ਹੀ ਵਡੇ ਐਬੀ ਬਣੀਦਾ ਹੈ। (ਸੰਗ੍ਰ)

## ਚੋਰੀ ਤੇ ਫਿਰ ਮੂੰਹ ਜ਼ੋਰੀ (ਸੀਨਾ ਜ਼ੋਰੀ)।

ਵੇਖੋ:-ਉਲਟਾ ਚੋਰ ਕੋਤਵਾਲ ਨੂੰ ਡਾਂਟੇ

**ਭਾਵ** ;— ਨਾਲੇ ਕਸੂਰਵਾਰ ਹੋਣਾ ਤੇ ਨਾਲੇ ਡਾਂਟਣਾ।

**ਵਰਤੋਂ** :— ਓਏ ਮੂਰਖਾ। ਇਹ ਤੂੰ ਕੀ ਕਰਨਾ ਏ, ? ਇਕ ਚੋਰੀ ਤੇ ਦੂਜੇ ਮੂੰਹ ਜ਼ੋਰੀ। ਉੱਠ, ਆਪਣੇ ਕਸੂਰ ਦੀ ਮੁਆਫੀ ਮੰਗ। (ਸੰ)

## ਚੋਰੀ ਦਾ ਗੁੜ ਮਿਠਾ ਜਾਂ ਚੋਰੀ ਦਾ ਮਾਲ ਮਿੱਠਾ ਹੁੰਦਾ ਹੈ।

**ਭਾਵ** :—ਮੁਫਤ ਦਾ ਮਾਲ ਸਾਰਿਆਂ ਨੂੰ ਚੰਗਾ ਲਗਦਾ ਹੈ।

**ਵਰਤੋਂ** :—ਇਵੇਂ ਹੀ ਹੁੰਦਾ ਹੈ, ਅਖੇ ਚੋਰੀ ਦਾ ਗੁੜ ਮਿੱਠਾ, ਪੈਸੇ ਲਗੇ ਹੋਣ ਤਦ ਪਤਾ ਲਗਦਾ ਹੈ। (ਸੰ)

## ਚੋਰੀ, ਯਾਰੀ, ਚਾਕਰੀ ਬਾਝ ਵਸੀਲੇ ਨਾਹੀਂ।

**ਭਾਵ** ;—ਮੰਦਾ ਚੰਗਾ ਹਰ ਕੰਮ ਵਸੀਲੇ ਨਾਲ ਹੁੰਦਾ ਹੈ।

**ਵਰਤੋਂ** :— ਤੁਸੀਂ ਲਈ ਫਿਰੋ ਆਪਣੀ ਲਿਆਕਤ ਬਜ਼ਾਰ ਵਿਚ। ਕੌਣ ਪੁਛਦਾ ਹੈ ? ਭਾਈ ਕੋਈ ਸਿਫਾਰਸ਼ ਪੁਆ ਕੇ ਕੰਮ ਕਢੋ। 'ਚੋਰੀ, ਯਾਰੀ, ਚਾਕਰੀ ਬਾਝ ਵਸੀਲੇ ਨਹੀਂ'। (ਸੰਗ੍ਰ)

## ਚੋਰੋਂ ਕੁਤਬ ਬਣਦਾ ਜੇ ।

**ਭਾਵ** :— ਕੁਤਬ=ਫਕੀਰਾਂ ਦੀ ਇਕ ਸ਼੍ਰੇਣੀ ਹੈ। ਜਦ ਭੈੜਾ ਆਦਮੀ ਕਿਸੇ ਚੰਗੇ ਦਰਜੇ ਜਾਂ ਪਦਵੀ ਉਤੇ ਪਹੁੰਚਣ ਲਈ ਬੇ-ਅਰਥ ਤ੍ਰਾਣ ਲਾਵੇ, ਤਾਂ ਮਿਹਣੇ ਵਜੋਂ ਵਰਤਦੇ ਹਨ ।

**ਵਰਤੋਂ** : — ਤੂੰ ਵੀ 'ਚੋਰੋਂ ਕੁਤਬ ਬਨਣਾ ਲੋਚਦਾ ਏਂ'। ਪਰ ਲੋਕਾਂ ਤੋਂ ਤੇਰੀ ਕਿਹੜੀ ਕਰਤੂਤ ਲੁਕੀ ਛੁਪੀ ਹੋਈ ਹੈ । (ਸੰਗ੍ਰ)

## ਚੋਰਾਂ ਟੋਲੀ ਇਕੋ ਬੋਲੀ ।

**ਭਾਵ** ;—ਪਾਪੀ ਇੱਕ ਦੂਜੇ ਦੀ ਸਹਾਇਤਾ ਕਰਦੇ ਹਨ ।

**ਵਰਤੋਂ** :— ਕਿਸ ਕਿਸ ਨੂੰ ਮਾਰੋਗੇ ਗੋਲੀ 'ਚੋਰਾਂ ਟੋਲੀ ਇਕੋ ਬੋਲੀ' । (ਸੰਗ੍ਰ)

## ਚੋਰਾਂ ਦਾ ਯਾਰ (ਭਾਈ) ਗੰਢ ਕੁਤਰਾ ।

**ਭਾਵ** ;—ਭੈੜਿਆਂ ਦੇ ਭੈੜੇ ਸਾਥੀ ।

**ਵਰਤੋਂ** :— "ਭੈੜਿਆਂ ਨੂੰ ਚੰਦਰੇ ਸੌ ਕੋਹੋਂ ਪੈਂਡਾ ਮਾਰ ਕੇ ਆ ਮਿਲਦੇ ਨੇ" ਅਖੇ ਚੋਰਾਂ ਦਾ ਯਾਰ ਗੰਢ-ਕੁਤਰਾ । (ਸੰਗ੍ਰ)

## ਚੋਰਾਂ ਦੇ ਕਪੜੇ ਡਾਂਗਾਂ ਦੇ ਗਜ਼ ।

**ਭਾਵ** ; — ਮੁਫਤ ਦਾ ਮਾਲ ਸਾਰਿਆਂ ਨੂੰ ਚੰਗਾ ਲਗਦਾ ਹੈ ਜਾਂ ਮੁਫਤ ਦਾ ਮਾਲ ਲੁਟਾਉਣ ਵਿੱਚ ਕਿਸੇ ਨੂੰ ਦਰਦ ਨਹੀਂ ਹੁੰਦਾ ।

**ਵਰਤੋਂ** :— ਕੁਝ ਤਾਂ ਉਸਨੇ ਆਪ ਹੀ ਚੋਰਾਂ ਦੇ ਕਪੜੇ ਡਾਂਗਾਂ ਦੇ ਗਜ਼ ਵਾਂਗ ਪਿਉ ਦੀ ਕਮਾਈ ਨੂੰ ਗੁਆਣਾ ਸ਼ੁਰੂ ਕਰ ਦਿੱਤਾ ਸੀ ਤੇ ਰਹਿੰਦੀ ਖੂੰਹਦੀ ਕਸਰ ਪੁਰਾਣੇ ਮੁਨੀਮ ਹੁਰੀ ਪੂਰੀ ਕਰ ਗਏ ਸਨ । (ਕਾਗਤਾਂ ਦੀ ਬੇੜੀ – ਨਾਨਕ ਸਿੰਘ)

## ਚੋਰਾਂ ਦੇ ਮਹਿਲ ਨਹੀਂ ਪੈਂਦੇ ।

**ਭਾਵ** :— ਬੇਈਮਾਨੀ ਦਾ ਖਟਿਆ ਧਨ ਅਜਾਈਂ ਹੀ ਨਾਸ ਹੋ ਜਾਂਦਾ ਹੈ ।

**ਵਰਤੋਂ** :— ਚੋਰਾਂ ਦੇ ਮਹਿਲ ਨਹੀਂ ਪੈਂਦੇ ਬੇਈਮਾਨੀ ਅੰਤ ਨੂੰ ਖਜਲ ਹੀ ਕਰਦੀ ਹੈ । (ਸੰਗ੍ਰ)

## ਚੋਰਾਂ ਨੂੰ ਕਹਿਣਾ ਲਗੋ ਤੇ ਸਾਧਾਂ ਨੂੰ ਕਹਿਣਾ (ਜਾਗੋ) ਆਏ ਜੇ ।

**ਭਾਵ** :— ਦੋ-ਬਾਜਰੇ ਤੇ ਪਾਖੰਡੀ ਬੰਦਿਆਂ ਦਾ ਕੋਈ ਇਤਬਾਰ ਨਹੀਂ । ਉਹ ਸਭ ਧਿਰਾਂ ਰਖਣੀਆਂ ਚਾਹੁੰਦੇ ਹਨ ।

**ਵਰਤੋਂ** :— ਕੋਈ ਤੁਹਾਡਾ ਕੀ ਭਰੋਸਾ ਕਰੇ ? ਮੈਨੂੰ ਆਖਿਆ ਕੰਮ ਕਰੋ, ਮੇਰੇ ਵਿਰੋਧੀ ਨੂੰ ਕਿਹਾ, ਇਨ੍ਹੂੰ ਮਾਰ ਲਉ । ਤੁਸੀਂ ਤਾਂ ਚੋਰਾਂ ਨੂੰ ਕਹਿੰਦੇ ਜੇ ਲਗੋ ਤੇ ਸਾਧਾਂ ਨੂੰ ਕਹਿੰਦੇ ਜੇ ਭਜੋ', ਇਹ ਨੀਤੀ ਤੁਹਾਨੂੰ ਗ਼ਰਕ ਕਰਕੇ ਛੱਡੇਗੀ । (ਸੰਗ੍ਰ)

## ਚੋਰਾਂ ਨੂੰ ਪੈਣ ਮੋਰ ਤੇ ਮੋਰਾਂ ਨੂੰ ਪੈਣ ਕਸਾਈ (ਬਲਾਈ) ।

**ਭਾਵ** :—ਇੱਕ ਬੁਰੇ ਨੂੰ ਦੂਜਾ ਬੁਰਾ ਆ ਟਕਰਦਾ ਹੈ ।

**ਵਰਤੋਂ** :— 'ਚੋਰਾਂ ਨੂੰ ਮੋਰ ਪੈਣਗੇ ਤੇ ਮੋਰਾਂ ਨੂੰ ਕਸਾਈ ।' ਤੁਸਾਂ ਬਦੀ ਕੀਤੀ ਮੈਂ ਤੁਹਾਨੂੰ ਭੁਗਤਾਈ । ਹੁਣ ਇਸ ਦਾ ਬਦਲਾ ਮੇਰੇ ਨਾਲ ਕੋਈ ਹੋਰ ਆਣ ਵੈਰ ਕਢੇਗਾ । (ਸੰਗ੍ਰ)

## ਚੋਰਾਂ, ਯਾਰਾਂ, ਲਪਰਾਂ ਸੁਗੰਦ ਨਾ ਬੁਢਿਆਂ ਖਪਰਾਂ ।

ਲਪਰਾਂ=**ਮੂਰਖਾਂ ।**

**ਭਾਵ** :—ਮਾੜੇ ਬੰਦਿਆਂ ਦੀ ਸੁਗੰਧ ਦਾ ਇਤਬਾਰ ਨਹੀਂ ।

**ਵਰਤੋਂ** :— ਭੈੜੇ ਆਦਮੀ ਦੀ ਸੁਗੰਦ ਦਾ ਕੀ ਇਤਬਾਰ ਹੈ ? "ਚੋਰਾਂ, ਯਾਰਾਂ ਲਪਰਾਂ, ਸੁਗੰਦ ਨਾ ਬੁਢਿਆਂ ਖਪਰਾਂ ।" (ਸੰਗ੍ਰ)

## ਚੌਥੇ ਹਿਸੇ ਦੀ ਭਿਆਲੀ ਤੇ ਠੂਠਾ ਡਾਹਵੇ ਅੱਧਾ ।

**ਭਾਵ** :—ਹਕਦਾਰ ਤਾਂ ਹੋਵੇ ਥੋੜੇ ਦਾ ਮੰਗ ਬਾਹਲੇ ਦੀ ਕਰੇ ।

**ਵਰਤੋਂ** :— ਫੈਸਲਾ ਕਿਵੇਂ ਹੋਵੇ ? "ਚੋਥੇ ਹਿੱਸੇ ਦੀ ਭਿਆਲੀ ਤੇ ਠੂਠਾ ਡਾਹਵੇ ਅੱਧਾ।" ਕੁਝ ਨਿਆਂ ਦੀ ਗਲ ਕਰੇ, ਤਾਂ ਝਗੜੇ ਚੁਕੇ। (ਸੰਗ੍ਰ)

**ਚੌਦਾਂ ਬਰਸ ਕਵਾਰੀ ਰਹੀ।**
**ਚੌਲਾ ਪਾਂਦਿਆਂ ਉਧਲ ਗਈ।**

**ਭਾਵ** :—ਬਹੁਤ ਸਾਰਾ ਸਮਾਂ ਕਿਸੇ ਗਲ ਨੂੰ ਕੋਈ ਸਹਿੰਦਾ ਰਹੇ, ਪਰ ਅੰਤ ਤੇ ਥੋੜੀ ਗਲ ਤੇ ਵਿਟਰ ਜਾਏ।

**ਵਰਤੋਂ** :— ਸਾਰੀ ਉਮਰ ਉਸ ਨੇ ਲਖਾਂ ਵਿੱਚੋਂ ਕਖ ਨਹੀਂ ਚੁਕਿਆ ! ਅੰਤ ਡਿਗਣ ਲਗਾ ਤੇ ਦਸ ਰੁਪਿਆਂ ਤੇ ਬੇਈਮਾਨ ਹੋ ਗਿਆ। ਚੌਦਾਂ ਬਰਸ ਕਵਾਰੀ ਰਹੀ ਤੇ ਚੋਲਾ ਪਾਂਦਿਆਂ ਉਧਲ ਗਈ। (ਸੰ)

**ਚੌਪਾਏ ਨੂੰ ਬੰਦਾ ਡਕ ਲੈਂਦਾ, ਦੁਪਾਏ ਨੂੰ ਕੋਈ ਨਹੀਂ ਢੰਗਾ ਪਾ ਸਕਦਾ।**

**ਭਾਵ** :— ਪਸ਼ੂ ਨੂੰ ਮੰਦੇ ਕੰਮ ਤੋਂ ਰੋਕ ਸਕਦੇ ਹਾਂ, ਮਨੁਖ ਨੂੰ ਨਹੀਂ, ਜਦ ਉਹ ਆਪਣੀ ਆਈ ਤੇ ਆ ਜਾਵੇ ਤਾਂ ਚੰਗਾ ਮੰਦਾ ਨਹੀਂ ਵੇਖਦਾ।

**ਵਰਤੋਂ** :— ਬਈ ਤੁਸਾਂ ਸੁਣਿਆ ਨਹੀਂ ਜੋ, ਅਖੇ ਚੋਪਾਏ ਨੂੰ ਬੰਦਾ ਡਕ ਲੈਂਦਾ, ਦੁਪਾਇ ਨੂੰ ਕੋਈ ਨਹੀਂ ਢੰਗਾ ਪਾ ਸਕਦਾ, ਰਾਮ ਨੂੰ ਇਸ ਹਰਕਤ ਤੋਂ ਰੋਕਣਾ ਮੁਸ਼ਕਲ ਸੀ। (ਸੰਗ੍ਰ)

**ਚੌਲ ਛੜਦਿਆਂ ਹੀ ਚਿੱਟੇ ਹੁੰਦੇ ਨੇ।**

**ਭਾਵ** :— ਦੁਖ ਤੇ ਤਕਲੀਫਾਂ ਉਠਾ ਕੇ ਫਲ ਮਿਲਦਾ ਹੈ।

**ਵਰਤੋਂ** :— ਘਾਬਰਨ ਦੀ ਕੋਈ ਗਲ ਨਹੀਂ। ਦੁਖਾਂ ਦਾ ਟਾਕਰਾ ਕਰਨ ਨਾਲ ਹੀ ਅਕਲ ਸਾਫ ਤੇ ਤ੍ਰਿਖੀ ਹੁੰਦੀ ਹੈ। 'ਚੌਲ ਛੜਦਿਆਂ ਹੀ ਚਿੱਟੇ ਹੁੰਦੇ ਨੇ। (ਸੰਗ੍ਰ)

**ਚੰਗਾ ਮੁੱਢ ਤੇ ਕੰਮ ਸੁਧ।**

**ਭਾਵ** :— ਚੰਗੀ ਤਰ੍ਹਾਂ ਕੰਮ ਸ਼ੁਰੂ ਕਰਨ ਨਾਲ ਅੱਧਾ ਕੰਮ ਰਾਸ ਹੋ ਜਾਂਦਾ ਹੈ।

**ਵਰਤੋਂ** :—ਮਹਾਰਾਜ, ਤੁਸਾਡੀ ਕਿਰਪਾ ਨਾਲ ਚੰਗਾ ਮੁਢ ਤੇ ਕੰਮ ਸੁਧ ਵਾਲੀ ਗਲ ਬਣ ਗਈ ਹੈ। ਮੁਢ ਵਿਚ ਤੁਸਾਂ ਸਹਾਇਤਾ ਕੀਤੀ। ਫਿਰ ਤਾਂ ਚਲ ਸੋ ਚਲ ਸੀ। (ਸੰਗ੍ਰ)

**ਚੰਗੀ ਕਰ ਬਹਾਲੀ ਤੇ ਪੇੜੇ ਲਏ ਚੁਰਾ।**

**ਭਾਵ** :— ਕਿਸੇ ਦੀ ਵਡਿਆਈ ਕਰੀਏ ਤੇ ਉਹ ਉਲਟਾ ਦੁਖਦਾਈ ਸਾਬਤ ਹੋਵੇ ਜਾਂ ਜਦ ਕੋਈ ਅਮਾਨਤ ਵਿਚ ਖਿਆਨਤ ਕਰੇ।

**ਵਰਤੋਂ** :—ਸਾਰਾ ਦਿਨ ਵੀ ਮਰਦਾ ਰਿਹਾ, ਹੁਣ ਸਾਰੀ ਰਾਤ ਵੀ ਐਵੇਂ ਲੰਘ ਗਈ, ਤੇ ਫੇਰ ਘੋਲੁ ਦਏਗਾ ਮੈਨੂੰ ਝੋਟੀ। ਚੰਗਾ ਕਰ ਬਹਾਲਿਆ ਤੇ ਪੇੜੇ ਲਏ ਛੁਪਾ। ਹਰ ਕਿਸੇ ਨੂੰ ਪੁਤਰ ਹੀ ਦੇਂਦਾ ਏ, ਵਡਾ ਚੋਧਰੀ।

(ਪਿੰਡ ਦੇ ਵੈਰੀ—ਜੋਸ਼ੁਆ ਫਜ਼ਲ ਦੀਨ)

**ਚੰਗੇ ਨਾਲ ਹਰ ਕੋਈ ਚੰਗਾ।** ਵੇਖੋ, ਆਪ ਭਲੇ, ਸਭ ਜਗ ਭਲਾ।

**ਭਾਵ** :—ਚੰਗੇ ਆਦਮੀ ਨਾਲ ਹਰ ਕੋਈ ਚੰਗਾ ਹੀ ਵਰਤਦਾ ਹੈ।

**ਵਰਤੋਂ** :— ਰੂਪ ਲਾਲ — ਇਹ ਕਰਮ ਪੁਰੀ ਹੈ। ਸਾਰੇ ਲੋਕ ਬਾਲਾ ਸਿੰਘ ਵਰਗੇ ਸ਼ੁਦਾਈ ਤਾਂ ਨਹੀਂ ਨਾ ਹੁੰਦੇ। ਚੰਗੇ ਨਾਲ ਹਰ ਕੋਈ ਚੰਗਾ ਹੁੰਦਾ ਏ।

(ਪਿੰਡ ਦੇ ਵੈਰੀ—ਜੋਸ਼ੁਆ ਫਜ਼ਲ ਦੀਨ)

**ਚੰਦ ਉਤੇ ਥੁਕਿਆਂ ਮੂੰਹ ਉਤੇ ਪਊ।**

**ਭਾਵ** :— ਕਿਸੇ ਚੰਗੀ ਚੀਜ਼ ਦੀ ਨਿੰਦਿਆ ਕਰਨੀ ਆਪਣੀ ਬੇਕਦਰੀ ਕਰਨੀ ਹੈ।

**ਵਰਤੋਂ** :— ਜਿਸ ਨੂੰ ਬਾਣੀ ਤੇ ਸਤਸੰਗ ਦੀ ਇਤਨੀ ਲਗਣ ਹੋਵੇ। ਗੁਰੂ ਘਰ ਪੁਰ ਇਤਨਾ ਭਾਰੀ ਸਿਦਕ ਹੋਵੇ, ਉਸ ਵਲ ਉਂਗਲ ਕਰਨੀ, ਇਹ ਚੰਦ੍ਰਮਾਂ ਉਪਰ ਥੁਕਣਾ ਹੈ। ਇਹ ਆਪਣੀ ਹੀ ਬੇਪਤੀ ਹੈ। (ਪ੍ਰੇਮ ਸੰਗੀਤ—ਨਾਨਕ ਸਿੰਘ)

**ਚੰਦ ਚੜ੍ਹੇ ਤੇ ਪੁਤਰ ਜੰਮੇ ਗੁਝੇ ਨਹੀਂ ਰਹਿੰਦੇ । ਜਾਂ ਚੰਦ ਚੜ੍ਹਿਆ ਕੁਲ ਆਲਮ ਵੇਖੇ ।**

**ਭਾਵ** :—ਵਡਿਆਈ ਦੀ ਗਲ ਜ਼ਹੂਰ ਪ੍ਰਗਟ ਹੋ ਕੇ ਹੀ ਰਹਿੰਦੀ ਹੈ।

**ਵਰਤੋਂ** :— ਤੁਸੀਂ ਪੁਛਦੇ ਹੋ, ਮੈਨੂੰ ਤੁਹਾਡੀ ਕਾਮਯਾਬੀ ਦਾ ਪਤਾ ਕਿਵੇਂ ਲਗਾ ? ਭਾਈ ਜਾਨ, ਚੰਦ ਚੜ੍ਹੇ ਤੇ ਪੁਤਰ ਜੰਮੇ ਕਦੀ ਗੁਝੇ ਰਹੇ ਨੇ ? (ਸੰ)

**ਚੰਦ ਚੜ੍ਹੇ ਨੂੰ ਤੰਦ ਹੀ ਪ੍ਰਵਾਣ ਏ, ਪਿਛੋਂ ਭਾਵੇਂ ਪਗ ਲਾਹ ਲਾਹ ਸੁਟੇ ।**

**ਭਾਵ** :—ਵੇਲੇ ਸਿਰ ਨਿਕੀ ਜਹੀ ਗਲ ਕੀਤੀ ਹੀ ਚੰਗੀ ਲਗਦੀ ਏ ਪਿਛੋਂ ਵੱਡੀ ਵੀ ਨਹੀਂ ।

(ਪੁਰਾਣੇ ਖਿਆਲਾਂ ਵਾਲੇ ਨਵਾਂ ਚੜ੍ਹਿਆ ਚੰਨ ਵੇਖਣ ਸਮੇਂ ਚੰਦ ਨੂੰ ਮਥਾ ਵੀ ਟੇਕਦੇ ਹਨ ਤੇ ਆਪਣੇ ਪਲੇ ਜਾਂ ਪਗ ਨਾਲੋਂ ਤੰਦ ਖੋਹ ਕੇ ਚੰਦ ਵਲ ਸੁਟਦੇ ਹਨ) ।

**ਵਰਤੋਂ** ;— ਉਸ ਵੇਲੇ ਮੈਨੂੰ ਲੋੜ ਸੀ, ਤੁਸਾਂ ਥੋੜੀ ਜਿਨੀ ਵੀ ਮਦਦ ਨਾ ਕੀਤੀ। ਹੁਣ ਮੈਂ ਕੀ ਕਰਾਂ ਤੁਹਾਡੇ ਰੁਪਈਆਂ ਨੂੰ, "ਚੰਦ ਚੜ੍ਹੇ ਨੂੰ ਤੰਦ ਹੀ ਪ੍ਰਵਾਣ ਏ, ਪਿਛੋਂ ਭਾਵੇਂ ਪਗ ਲਾਹ ਲਾਹ ਸੁਟੇ ।" (ਸੰਗ੍ਰ)

**ਚੰਦਨ ਦੀ ਟੁਕੜੀ ਭਲੀ, ਗੱਡੀ ਭਲੀ ਨਾ ਕਾਰ ।**

**ਭਾਵ** :—ਚੰਗੀ ਚੀਜ਼ ਥੋੜੀ ਵੀ ਚੰਗੀ ਹੈ । ਮੰਦੀ ਦਾ ਭਾਰ ਵੀ ਚੰਗਾ ਨਹੀਂ ।

**ਵਰਤੋਂ** :— ਮੇਰਾ ਇੱਕੋ ਇੱਕ ਪੁਤਰ ਹੈ ਪਰ ਲੱਖਾਂ ਜਿਹਾ ਇੱਕ। ਮੈਨੂੰ ਬਹੁਤੀ ਮੂਰਖ ਜਾਂ ਕੁਪੱਤੀ ਸੰਭਾਲ ਨਹੀਂ ਚਾਹੀਦੀ। ਚੰਦਨ ਦੀ ਟੁਕੜੀ ਭਲੀ, ਗੱਡੀ ਭਲੀ ਨਾ ਕਾਰ। (ਸੰਗ੍ਰ

**ਚੰਦਨ ਨਿਕਟਿ ਸਭ ਚੰਦਨੁ ਹੁਈਆ**

**ਭਾਵ** :— ਚੰਦਨ ਦੇ ਨੇੜੇ ਜਿਹੜਾ ਬ੍ਰਿਛ ਹੁੰਦਾ ਹੈ ਉਹ ਚੰਦਨ ਦੀ ਸੁਗੰਧੀ ਨਾਲ ਆਪ ਵੀ ਚੰਦਨ ਹੋ ਜਾਂਦਾ ਹੈ, ਭਾਵ ਚੰਗੀ ਸੰਗਤ ਕਰਨ ਨਾਲ ਮਨੁਖ ਆਪ ਵੀ ਚੰਗਾ ਬਣ ਜਾਂਦਾ ਹੈ।

**ਵਰਤੋਂ** :—

ਭਾਰ ਅਠਾਰਹ ਮਹਿ ਚੰਦਨੁ ਊਤਮ
ਚੰਦਨ ਨਿਕਟਿ ਸਭ ਚੰਦਨੁ ਹੁਈਆ ।
(ਗੁਰੂ ਗ੍ਰੰਥ – ਰਾਗ ਬਿਲਾਵਲ)

**ਚੰਦਰੇ ਦਾ ਝਾੜਾ ਛਿਤਰ ਨਾਲ ਕਰੀਦਾ ਹੈ ।**

ਚੰਦਰਾ—ਇਕ ਕਿਸਮ ਦਾ ਉੱਠਾ-ਮੋਹਰੀ ਜੋ ਉਂਗਲ ਤੇ ਉਠਦਾ ਹੈ।

**ਭਾਵ** :— ਜਦ ਕੋਈ ਮਾਰ ਕੁਟਾਈ ਨਾਲ ਹੀ ਕਾਬੂ ਆਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਗੁਰਨਾਮ ਸਿੰਘ—ਨਥੂ ਨੂੰ ਮਾਰ ਪੈਣੀ ਹੀ ਸੀ, "ਚੰਦਰੇ ਦਾ ਝਾੜਾ ਛਿਤਰ ਨਾਲ ਹੀ ਕਰੀਦਾ ਹੈ।" ਉਸ ਨੇ ਵੀ ਤਾਂ ਅੱਤ ਹੀ ਚੁੱਕੀ ਹੋਈ ਸੀ ! (ਸੰਗ੍ਰ)

**ਚੰਨ ਚੰਨਾਂ ਦੇ ਮਾਮਲੇ, ਚੜ੍ਹਨ ਚੜ੍ਹਨ, ਨਾ ਚੜ੍ਹਨ ਤੇ ਨਾ ਚੜ੍ਹਨ ।**

**ਭਾਵ** :— ਵਡਿਆਂ ਲੋਕਾਂ ਦਾ ਕੀ ਭਰੋਸਾ ਵੇਲੇ ਸਿਰ ਬਹੁੜਨ ਜਾਂ ਨਾ ਬਹੁੜਨ ।

**ਵਰਤੋਂ** :— ਗਲ ਕੀ ਏ, ਰੁਪਿਆ ਸਾਡਾ ਗਰਕ ਹੁੰਦਾ ਲਗਦਾ ਏ। ਉਹ ਜਦ ਵਿਆਹ ਕਰਾਉਣ ਗਿਆ ਤੇ ਉਥੇ ਹੀ ਥਪਾ ਮਾਰ ਕੇ ਬਹਿ ਗਿਆ। ਆਵੇ ਭਾਵੇਂ ਨਾ ਆਵੇ, ਚੰਦ ਚੰਦਾਂ ਦੇ ਮਾਮਲੇ ਚੜ੍ਹਨ ਚੜ੍ਹਨ, ਨਾ ਚੜ੍ਹਨ ਤੇ ਨਾ ਈਂ ਚੜ੍ਹਨ। ਪਤਾ ਕੋਈ ਨਹੀਂ । (ਸ਼ਾਮੂ ਸ਼ਾਹ—ਆਈ. ਸੀ. ਨੰਦਾ)

**ਚੰਨ ਦਾ ਥੁਕਿਆ ਮੂੰਹ ਤੇ ।** ਵੇਖੋ :- ਅਸਮਾਨ ਦਾ ਥੁਕਿਆ ਮੂੰਹ ਤੇ ਪੈਂਦਾ ਹੈ।

**ਭਾਵ** :— ਵਡੇ ਆਦਮੀ ਦੀ ਬੇਪਤੀ ਕੀਤਿਆਂ ਬੰਦਾ ਆਪ ਹੀ ਲੱਜਤ ਹੁੰਦਾ ਹੈ।

**ਵਰਤੋਂ** :– ਕੋਈ ਸਾਡੇ ਇਸ਼ਟਾਂ ਨੂੰ ਬੁਰਾ ਆਖਦਾ ਹੈ ਤਾਂ ਪਿਆ ਆਖੇ 'ਚੰਨ ਦਾ ਥੁਕਿਆ ਮੂੰਹ ਤੇ ਹੀ ਪੈਂਦਾ ਹੈ'। (ਸੰਗ੍ਰ)

### ਚੰਨ ਭਾਵੇਂ ਨਿਤ ਚੜ੍ਹਦਾ, ਸਾਨੂੰ ਸਜਣਾ ਬਾਝ ਅਨ੍ਹੇਰਾ।

**ਭਾਵ** :—ਪਿਆਰੇ ਦੇ ਪਾਸ ਨਾ ਹੋਣ ਨਾਲ ਕੋਈ ਖ਼ੁਸ਼ੀ ਤੇ ਸੁੱਖੀ ਨਹੀਂ ਹੁੰਦਾ।

**ਵਰਤੋਂ** :— ਅਨੋਖੀ ਦੁਨੀਆਂ ਵਸ ਜਾਂਦੀ ਹੈ—ਉਹ ਦੁਨੀਆਂ ਜਿਹੜੀ ਚਾਨਣ ਲਈ ਬਿਜਲੀਆਂ ਬਤੀਆਂ ਤੇ ਪਾਸੇ ਰਹੀਆਂ, ਚੰਨਾਂ ਸੂਰਜਾਂ ਦੀ ਵੀ ਮੁਥਾਜ ਨਹੀਂ ਉੱਥੇ ਤਾਂ :

ਚੰਨ ਭਾਵੇਂ ਨਿਤ ਚੜ੍ਹਦਾ।
ਪਰ ਸਜਣਾ ਬਾਝ ਅਨ੍ਹੇਰਾ।

(ਪੰਜਾਬੀ ਸਾਹਿੱਤ—ਜਰਨੈਲ ਸਿੰਘ ਅਰਸ਼)

### ਚੰਬਾ ਅਚੰਭਾ।

**ਭਾਵ** :—ਚੰਬੇ ਦੇ ਇਲਾਕੇ ਦੀ ਸੁੰਦਰਤਾ ਦਸੀ ਹੈ।

**ਵਰਤੋਂ** :— ਵੇਖਦਿਆਂ ਹੀ, "ਚੰਬਾ ਅਚੰਭਾ" ਕਰ ਦੇਂਦਾ ਹੈ। ਏਨਾ ਸੁੰਦਰ ਇਲਾਕਾ ਹੈ। (ਸੰਗ੍ਰ)

### ਚੰਬੇ ਦੀ ਹਾਕ, ਗੁਲੇਰ ਦੀ ਫਕ, ਨੂਰਪੁਰ ਦੀ ਗਪ।

**ਭਾਵ** :—ਇਨ੍ਹਾਂ ਪਹਾੜੀ ਇਲਾਕਿਆਂ ਦੇ ਲੋਕਾਂ ਦੀ ਨਿਖੜਵੀਂ ਸਿਫਤ ਦਸੀ ਹੈ।

**ਵਰਤੋਂ** :— ਪਹਾੜੀ ਇਲਾਕਿਆਂ ਵਿੱਚ ਤੁਸੀਂ ਤਰ੍ਹਾਂ ਤਰ੍ਹਾਂ ਦੇ ਲੋਕ ਵੇਖੋਗੇ। ਚੰਬੇ ਦੀ ਹਾਕ, ਗੁਲੇਰ ਦਾ ਫੱਕ, ਨੂਰ ਪੁਰ ਦੀ ਗੱਪ ਪ੍ਰਸਿਧ ਹੈ।(ਸੰਗ੍ਰ)

### ਚੰਮ ਚਮਾਰਾਂ ਦੇ ਮੱਥੇ।

**ਭਾਵ** :—ਜਦ ਮਾੜੀ ਚੀਜ਼ ਦੇਣ ਵਾਲੇ ਮੁੜ ਸੌਂਪੀ ਜਾਵੇ ਭਾਵ ਭੈੜੇ ਨਾਲ ਭੈੜਾ ਵਰਤਣਾ।

**ਵਰਤੋਂ** :— ਅਸਾਂ ਵੀ 'ਚੰਮ ਚਮਾਰਾਂ ਦੇ ਮਥੇ ਮੜ੍ਹਿਆ'। ਜਿਹੋ ਜਿਹਾ ਸਲੂਕ ਉਨ੍ਹਾਂ ਸਾਡੇ ਨਾਲ ਕੀਤਾ, ਉਹੋ ਜਿਹਾ ਵੇਲਾ ਪੈਣ ਤੇ ਅਸਾਂ ਉਨ੍ਹਾਂ ਨਾਲ ਕਰ ਵਿਖਾਇਆ। (ਸੰਗ੍ਰ)

### ਚਿੰਤਾ ਚਿਖਾ ਬਰਾਬਰੀ।

**ਭਾਵ** :—ਚਿੰਤਾ ਜੀਵਨ ਦਾ ਅੰਤ ਕਰ ਦੇਂਦੀ ਹੈ।

**ਵਰਤੋਂ** :—

ਚਿੰਤਾ ਚਿਖਾ ਬਰਾਬਰੀ, ਦਿਲ ਵਿਚ ਬਲਨ ਤੰਦੂਰ।
ਲੰਘੇ ਸਾਬੀ ਉਸ ਤੋਂ, ਅੱਗ ਕੇਡੀ ਦੂਰ।

(ਸੰਗ੍ਰ)

### ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ॥

**ਭਾਵ** :— ਚਿੰਤਾ ਉਸ ਚੀਜ਼ ਦੀ ਕਰੀਏ, ਜਿਹੜੀ ਅਣਹੋਣੀ ਹੋਵੇ। ਭਾਵ ਜੋ ਸਭ ਨਾਲ ਹੋਣੀ ਹੈ, ਉਸ ਦੀ ਚਿੰਤਾ ਕਿਉਂ ਕਰੀਏ ?

**ਵਰਤੋਂ** :—

ਚਿੰਤਾ ਤਾਕੀ ਕੀਜੀਐ ਜੋ ਅਨਹੋਣੀ ਹੋਇ॥
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥

(ਗੁਰੂ ਗ੍ਰੰਥ—ਸਲੋਕ)

### ਚੂੰ ਚਰਾਂ ਕੀਤੀ ਨਹੀਂ ਸੂਲੀ ਚੜ੍ਹਿਆ ਨਹੀਂ।

**ਭਾਵ** :—ਕਿਸੇ ਜ਼ੋਰਾਵਰ ਨਾਲ ਕਿਸੇ ਮਾੜੇ ਦੀ ਟਕਰ ਹੋਈ ਨਹੀਂ ਕਿ ਉਹ ਦੁਖੀ ਹੋਇਆ ਨਹੀਂ।

**ਵਰਤੋਂ** :— ਪਹਿਲੀ ਗੋਲੀ—ਅੜੀਏ ! ਮਹਾਰਾਜ ਨੂੰ ਕੌਣ ਸਮਝਾਏ ? ਕੌਣ ਚੂੰ ਕਰੇ ! ਚੂੰ ਚਰਾਂ ਕੀਤੀ ਨਹੀਂ ਕਿ ਸੂਲੀ ਚੜ੍ਹਿਆ ਨਹੀਂ।

(ਰਜਨੀ ਨਾਟਕ—ਨਾਨਕ ਸਿੰਘ)

# ਛ

## ਛਛੂੰਦਰ ਦੇ ਸਿਰ ਚੰਬੇਲੀ ਦਾ ਤੇਲ ।

**ਭਾਵ** :—ਕਿਸੇ ਚੀਜ ਨੂੰ ਅਯੋਗ ਥਾਂ ਵਰਤਣਾ ।

**ਵਰਤੋਂ** :—ਭਾਵੇਂ ਕੁਝ ਵੀ ਸਮਝੋ, "ਪਰ ਛਛੂੰਦਰ ਦੇ ਸਿਰ ਚੰਬੇਲੀ ਦਾ ਤੇਲ" ਤਾਂ ਕੋਈ ਨਹੀਂ ਵਰਤਦਾ । ਤੁਸਾਂ ਸਾਰੇ ਘਰ ਦੀ ਵਾਗ ਡੋਰ ਨੌਕਰਾਂ ਚਾਕਰਾਂ ਦੇ ਹਥ ਫੜਾ ਦਿਤੀ । ਉਨ੍ਹਾਂ ਨੇ ਉਜਾੜਨਾ ਹੀ ਸੀ । (ਸੰਗ੍ਰ)

## ਛੱਜ ਤਾਂ ਬੋਲੇ ਛਾਨਣੀ ਕੀ ਬੋਲੇ ? ਜਾਂ ਛੱਜ ਤਾਂ ਬੋਲੇ ਹਜ਼ਾਰ ਛੇਕ ਵਾਲੀ ਕੀ ਬੋਲੇ ।

**ਭਾਵ** ;—ਮਾੜਾ ਆਦਮੀ ਚੰਗਿਆਂ ਦੇ ਔਗੁਣ ਦਸਣ ਦਾ ਹੱਕ ਨਹੀਂ ਰਖਦਾ ।

**ਵਰਤੋਂ** :—ਮੀਆਂ ਜੀ, ਰਤਾ ਆਪਣੀਆਂ ਕਰਤੂਤਾਂ ਵਲ ਤਾਂ ਝਾਤੀ ਮਾਰੋ । ਭਲਾ, ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ ? ਜਿਸ ਵਿਚ ਨੌਂ ਸੌ ਛੇਕ ਹਨ । (ਸੰਗ੍ਰ)

## ਛੱਜ ਨਾ ਬਹਾਰੀ ਤੇ ਕਾਹਦੀ ਭਠਿਆਰੀ ।

**ਭਾਵ** :—ਕਿਸੇ ਕਾਰੀਗਰ ਪਾਸ ਕੰਮ ਚਲਾਉਣ ਲਈ ਹਥਿਆਰ ਨਾ ਹੋਣ ਤਾਂ ਉਹ ਕਾਰੀਗਰ ਕਾਹਦਾ ।

**ਵਰਤੋਂ** :—ਯਾਰ, ਤੂੰ ਕਾਹਦਾ ਤਰਖਾਣ ਏ ! ਹਥਿਆਰ ਤਾਂ ਤੇਰੇ ਪਾਸ ਇਕ ਵੀ ਨਹੀਂ । ਅਖੇ, "ਛਜ ਨਾ ਬਹਾਰੀ ਤੇ ਕਾਹਦੀ ਭਠਿਆਰੀ ?" (ਸੰ)

## ਛਜਾ ਵੇ ਛੇ ਕਾਲਿਆ ! ਬਲੇ ਨੀ ਮਾਸੀ ਅਣਵਿਧੀਏ ।

**ਭਾਵ** :—ਜਦ ਉੱਘਾ ਐਬੀ ਕਿਸੇ ਭਲੇਮਾਣਸ ਦੇ ਔਗੁਣ ਛਾਂਟੇ ।

**ਵਰਤੋਂ** :—ਤੁਸਾਂ ਆਪਣੇ ਹਰਵਾਨ ਵਿਚ ਤਾਂ ਝਾਤੀ ਨਹੀਂ ਪਾਈ । ਪਰ ਸਭ ਪਤਵੰਤਿਆਂ ਦੀਆਂ ਪਗਾਂ ਲਾਹੁੰਦੇ ਫਿਰਦੇ ਹੋ । ਓਹੀਓ ਗਲ ਤੁਸਾਂ ਕੀਤੀ ਜਿਵੇਂ ਛਾਨਣੀ ਆਖੀ ਛਜ ਨੂੰ, "ਛੱਜਾ ਵੇ ਛੇਕਾਲਿਆ ।" ਛੱਜ ਬੋਲਿਆ, "ਬਲੇ ਨੀ ਮਾਸੀ ਅਣਵਿਧੀਏ ।" (ਸੰਗ੍ਰ)

## ਛਡਿਆ ਗਿਰਾਂ ਫਿਰ ਲੈਣਾ ਕੀ ਨਾਂ ।

**ਭਾਵ** :—ਜਿਹੜੀ ਚੀਜ਼ ਤਿਆਗ ਹੀ ਦਿਤੀ ਹੈ, ਫਿਰ ਉਸ ਵਲ ਧਿਆਨ ਦੇਣ ਦਾ ਕੀ ਲਾਭ ?

**ਵਰਤੋਂ** :—ਜਦ ਦੀਆਂ ਭਰਾਵਾਂ ਨੇ ਅੱਖਾਂ ਫੇਰੀਆਂ ਹਨ ਮੈਂ ਵੀ ਕਦੀ ਉਨ੍ਹਾਂ ਦੇ ਪਾਸ ਨਹੀਂ ਗਿਆ । ਮੈਂ ਆਖਿਆ ਮਨਾਂ 'ਛਡਿਆ ਗਿਰਾਂ ਤੇ ਫਿਰ ਲੈਣਾ ਕੀ ਨਾਂ ।' (ਸੰਗ੍ਰ)

## ਛਡੀ ਤੇਰੀ ਛਾਹ, ਸਾਨੂੰ ਕੁੱਤਿਆਂ ਤੋਂ ਛੁਡਾ ।

**ਭਾਵ** :—ਜਦ ਕੋਈ ਕਿਸੇ ਨੂੰ ਦੁਖੀ ਕਰੇ ਤਦ ਉਹ ਖਲਾਸੀ ਪਾਉਣ ਲਈ ਉਸ ਪਾਸੋਂ ਛੁਟਕਾਰਾ ਚਾਹੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਬਾਬਾ ਬਖਸ਼ੋ, ਮੈਨੂੰ । ਮੇਰੇ ਪਿਛੇ ਨਾ ਲਗੋ । ਮੈਂ ਕੁਝ ਨਹੀਂ ਮੰਗਦਾ ਤੁਹਾਥੋਂ । 'ਛਡੀ ਤੇਰੀ ਛਾਹ, ਸਾਨੂੰ ਕੁਤਿਆਂ ਤੋਂ ਛਡਾ' । (ਸੰਗ੍ਰ)

## ਛਡੋ ਭਰਾ ਸਹੇੜੇ ਗੁਰਭਾਈ, ਟਪਣਾ ਸੀ ਟੋਇਆ ਡੁਬ ਮੋਏ ਵਿਚ ਖਾਈ ।

**ਭਾਵ** ;—ਕੰਮ ਕਰੇ ਸੁਖਾਲਾ ਹੋਣ ਨੂੰ ਉਲਟਾ ਔਕੜ ਵਿਚ ਫਸ ਜਾਵੇ ।

**ਵਰਤੋਂ** :—ਇਸ ਵੇਲੇ ਕੁਝ ਕੁ ਮੋਹ ਫਾਤਮਾ ਦਾ ਫਿਰ ਪਿਆ ਤਦ ਆਪਣੇ ਮਨ ਨੂੰ ਸਮਝਾਇਆ ਕਿ ਇਹ ਮੋਹ ਹਾਨੀ ਦਾ ਮੂਲ ਹੈ । ਇਸੇ ਮੋਹ ਤੋਂ ਸਤਸੰਗੀ ਗ੍ਰਹਸਤ ਤੋਂ ਛੁਟ ਕੇ ਦੂਜਿਆਂ ਬੰਧਨਾਂ ਵਿਚ ਫਸ ਜਾਂਦੇ ਹਨ । 'ਛਡੋ ਭਰਾ ਸਹੇੜੇ

ਗੁਰਬਾਈ, ਟਪਣਾ ਸੀ ਟੋਇਆ ਡੁਬ ਮੋਏ ਵਿਚ ਖਾਈ।'

(ਸਤਵੰਤ ਕੌਰ—ਭਾਈ ਵੀਰ ਸਿੰਘ)

**ਛਪੜ ਵਿਚੋਂ ਮਹਿੰ ਕਢਣੀ ਤੇ ਠਠੀ ਵਿਚੋਂ ਚੂਹੜਾ ਕਢਣਾ ਬੜਾ ਔਖਾ ਹੈ।**

**ਭਾਵ** ;—ਜਿਥੇ ਕਿਸੇ ਦਾ ਆਪਣਾ ਰਾਜ ਹੋਵੇ, ਉਥੋਂ ਉਸ ਨੂੰ ਹਿਲਾਣਾ ਬੜਾ ਔਖਾ ਹੈ।

**ਵਰਤੋਂ** :—ਜ਼ੁਮਿਆਂ, 'ਛੱਪੜ ਵਿਚੋਂ ਮਹਿੰ ਕਢਣੀ ਤੇ ਠਠੀ ਵਿਚੋਂ ਚੂਹੜਾ ਕਢਣਾ ਬੜਾ ਔਖਾ ਕੰਮ ਹੈ।' ਆਪਣੀ ਗਲੀ ਵਿਚ ਕੁੱਤਾ ਵੀ ਸ਼ੇਰ ਹੁੰਦਾ ਹੈ। (ਸੰਗ੍ਰ)

**ਛਪੇ ਨਾਂਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ।**

**ਭਾਵ** :—ਉਘੀ ਚੀਜ਼ ਪ੍ਰਗਟ ਹੋਏ ਬਿਨਾਂ ਨਹੀਂ ਰਹਿੰਦੀ।

**ਵਰਤੋਂ** :—

ਘਰ ਘਰ ਬਾਬਾ ਪੂਜੀਏ
ਹਿੰਦੂ ਮੁਸਲਮਾਨ ਜੁ ਆਈ।'
ਛਪੇ ਨਾ ਛਪਾਇਆ
ਚੜ੍ਹਿਆ ਸੂਰਜ ਜਗ ਰੁਸ਼ਨਾਈ।

(ਵਾਰਾਂ – ਭਾਈ ਗੁਰਦਾਸ ਜੀ)

**ਛਲੀ ਪੂਣੀ ਸਭ ਵਿਕਾਣੀ ਤੇ ਜੀ ਬਚਾ ਪਰਨੀਂ ਦੜਿਆ।**

**ਭਾਵ** :—ਆਪਣਾ ਘਰ ਬਾਹਰ ਲੁਟਾ ਸ਼ੋਭਾ ਪਾਉਣੀ।

**ਵਰਤੋਂ** :—ਪ੍ਰੇਮ ਦੇ ਵਿਆਹ ਦੀਆ ਧੁੰਮਾਂ ਪੈ ਗਈਆਂ, ਸਾਰੇ ਸ਼ਹਿਰ ਵਿੱਚ। ਪਰ ਹੋਈ ਉਹ ਗਲ, ਅਖੇ ਛਲੀ ਪੂਣੀ ਸਭ ਵਿਕਾਣੀ ਜੀ ਬਚਾ ਪਰਨੀਂ ਦੜਿਆ।

(ਕਾਗਤਾਂ ਦੀ ਬੇੜੀ– ਨਾਨਕ ਸਿੰਘ

**ਛਿੱਕਾ ਟੁਟਾ ਬਿਲੀ ਦੇ ਭਾਗੀਂ।**

**ਭਾਵ** :—ਕਿਸੇ ਦਾ ਨੁਕਸਾਨ ਹੋਣ ਤੇ ਦੂਜੇ ਨੂੰ ਲਾਭ ਪੁਜੇ।

**ਵਰਤੋਂ** :—ਖੁਸ਼ੀਆਂ ਮਨਾਓ, ਤੁਸੀਂ ਖੁਸ਼ੀਆਂ। ਮੇਰੇ ਸੋਗ ਦੀ ਪਰਵਾਹ ਨਾ ਕਰੋ। 'ਬਿਲੀ ਦੇ ਭਾਗੀਂ ਛਿੱਕਾ ਟੁਟਾ' ਮੈਂ ਉਜੜਾਂਗਾ ਤਦੇ ਤੁਹਾਡੀ ਕੋਈ ਪੁਛ ਕਰੇਗਾ। (ਸੰਗ੍ਰ)

**ਛਿੱਕੇ (ਦਾਖਾਂ) ਹਥ ਨ ਅਪੜੇ ਥੂਹ ਕੌੜੀ ਆਖੇ।**

**ਭਾਵ** :—ਚੀਜ ਹਥ ਨਾ ਆਉਣ ਤੇ ਉਸ ਨੂੰ ਨਿੰਦਣ ਲਗ ਪੈਣਾ।

**ਵਰਤੋਂ** :—ਤੂੰ ਤਾਂ ਨਿੰਦਣਾ ਹੀ ਹੋਇਆ। ਤੇਰੇ ਹਥ ਜੂ ਨਾ ਆਈ। ਅਖੇ 'ਛਿਕੇ ਹੱਥ ਨ ਅਪੜੇ ਥੂਹ ਕੋੜੀ।' (ਸੰਗ੍ਰ)

**ਛੂਨੀਂ ਵਿਚ ਪਾਣੀ ਪਾ ਕੇ ਡੁਬ ਮਰਨਾ।**

**ਭਾਵ** :—ਸ਼ਰਮਿੰਦਗੀ ਵਿੱਚ ਕਿਸੇ ਤਰ੍ਹਾਂ ਵੀ ਮੂੰਹ ਛੁਪਾਣ ਦੀ ਕਰਨੀ।

**ਵਰਤੋਂ** :—ਚਾਰ ਚੁਫੇਰੇ ਤੋਂ ਲਾਹਨਤਾਂ ਪਈਆਂ ਉਸ ਨੂੰ, ਕਿਸੇ ਆਖਿਆ 'ਛੂਨੀ ਵਿਚ ਪਾਣੀ ਪਾ ਕੇ ਡੁਬ ਮਰ' ਕਿਸੇ ਆਖਿਆ 'ਮੂੰਹ ਤੇ ਕਾਲਖ ਮਲ ਲੈ' ਪਰ ਉਸ ਨੂੰ ਕਿਸੇ ਦੀ ਵੀ ਪ੍ਰਵਾਹ ਨਾ ਸੀ। ਲੱਜਤ ਜੂ ਦਬ ਕੇ ਹੋਇਆ ਹੋਇਆ ਸੀ। (ਸੰ)

**ਛੇਕੜ (ਆਖਰ) ਬਚਾ ਮੂਲਿਆ ਤੁਧ ਹਟੀ ਬਹਿਣਾ।**

**ਭਾਵ** :—ਹਰ ਪਾਸੇ ਹਥ ਮਾਰ ਕੇ ਅੰਤ ਨੂੰ ਆਪਣਾ ਪੁਰਾਣਾ (ਤੇ ਘਟੀਆ) ਕੰਮ ਹੀ ਕਰਨਾ ਪੈਣਾ।

**ਵਰਤੋਂ** :—ਬਥੇਰੇ ਪਾਪੜ ਵੇਲੇ, ਪਰ 'ਛੇਕੜ ਬਚਾ ਮੂਲਿਆ ਤੁਧ ਹਟੀ ਬਹਿਣਾ।' ਜਿਥੋਂ ਤੁਰੇ ਸਾਂ ਉਥੇ ਹੀ ਆ ਖੜੋਤੇ। (ਸੰਗ੍ਰ)

**ਛੋਟਾ ਪਾਣੀ ਵੇਖ ਕੇ ਵੱਡਾ ਟਪ ਨਾ ਮਾਰ ।**

**ਭਾਵ:** —ਕਿਸੇ ਦੀ ਤਾਕਤ ਨੂੰ ਨਾ ਸਮਝ ਕੇ ਕਾਹਲੀ ਵਿੱਚ ਅਜੇਹਾ ਕੰਮ ਕਰ ਬਹਿਣਾ ਜਿਹੜਾ ਪਿਛੋਂ ਦੁਖੀ ਕਰ ਦੇਵੇ ।

**ਵਰਤੋਂ** :—ਪੰਚ—ਦਿਸਣ ਵਿਚ ਤਾਂ ਧੈਨੀ ਰਾਮ ਮਾੜੂਆ ਜਿਹਾ ਬੰਦਾ ਦੀਹਦਾ ਹੈ ਪਰ ਵਿਚੋਂ ਤਕੜਾ ਹੈ । ਤੂੰ ਕਾਹਲੀ ਵਿਚ ਕਿਧਰੇ ਉਸ ਨੂੰ ਹਥ ਨਾ ਪਾ ਬਹੀਂ । ਛੋਟਾ ਪਾਣੀ ਵੇਖ ਕੇ, ਵਡਾ ਟਪ ਨਾ ਮਾਰ । (ਸੰਗ੍ਰ)

**ਛੋਟਾ ਮੂੰਹ ਵੱਡੀ ਗੱਲ ।**

**ਭਾਵ** :—ਜਦ ਮਾਮੂਲੀ ਹੈਸੀਅਤ ਦਾ ਆਦਮੀ ਹੰਕਾਰ ਦੀ ਗਲ ਕਰੇ ਜਾਂ ਗੱਪ ਮਾਰੇ ।

**ਵਰਤੋਂ** :—ਪਰ ਤੂੰ ਮੇਰੇ ਅਗੇ ਜ਼ਿਕਰ ਤੇ ਕਦੀ ਨਹੀਂ ਸੀ ਕੀਤਾ । "ਹਜ਼ੂਰ ਦਾ ਖਿਆਲ ਬਜਾ ਹੈ, ਪਰ ਛੋਟਾ ਮੂੰਹ, ਵਡੀ ਗਲ, ਮੈਨੂੰ ਅਜ ਵਰਗੀ ਗ਼ਰੀਬ ਨਿਵਾਜ਼ੀ ਮਿਲੀ ਹੁੰਦੀ ਤਾਂ ਮੈਂ ਗਲ ਦਸਣੋਂ ਕਦੀ ਨਾ ਰੁਕਦਾ ।"
(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਛੋਟੀ ਨਾ ਵੇਖ, ਪਤਾਲ ਕਰੇ ਛੇਕ ।**

**ਭਾਵ** :—ਹੋਵੇ ਮਾਮੂਲੀ ਆਦਮੀ ਪਰ ਗਲਾਂ ਬਹੁਤ ਵਧੀਕੀ ਦੀਆਂ ਕਰੇ ।

**ਵਰਤੋਂ** :—ਇਹ ਗਿਠਮੁਠਣੀ ਨੌਂਸਰਬਾਜ਼ ਜਿੰਨੀ ਧਰਤੀ ਤੋਂ ਬਾਹਰ ਹੈ ਉਨੀ ਅੰਦਰ ਹੈ । ਛੋਟੀ ਨਾ ਵੇਖ, ਪਤਾਲ ਕਰੇ ਛੇਕ, ਇਸ ਬਲਾ ਨੂੰ ਤੁਸੀਂ ਨਹੀਂ ਜਾਣਦੀਆਂ । (ਸੰਗ੍ਰ)

**ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ।**

**ਭਾਵ** :—ਜਿਹੜੇ ਅੰਨ ਦਾ ਖਾਣਾ ਛਡ ਕੇ ਪਾਖੰਡ ਕਰਦੇ ਹਨ; ਉਹ ਉਸ ਇਸਤ੍ਰੀ ਵਾਂਗ ਹਨ ਜਿਹੜੀ ਨਾ ਸੋਹਾਗਣ ਹੈ ਤੇ ਨਾ ਰੰਡੀ ।

**ਵਰਤੋਂ** :—

ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾ ਧਾਰੀ ॥
ਗੁਪਤੀ ਖਾਵਹਿ ਵਟਿ ਕਾਸਾਰੀ ॥
(ਗੁਰੂ ਗ੍ਰੰਥ—ਗੋਂਡ ਕਬੀਰ)

**ਛੋਲਿਆਂ ਦਾ ਬੋਹਲ ਗਧੋਂ ਰਾਖਾ ।**

**ਭਾਵ** :— ਜਦ ਕਿਸੇ ਬੇਇਤਬਾਰੀ ਮਨੁਖ ਨੂੰ ਜ਼ਿਮੇਵਾਰੀ ਦਾ ਕੰਮ ਦਿਤਾ ਜਾਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਸ਼ਾਹ—ਸਰਦਾਰ ਜੀ ! ਤੁਸੀਂ ਜਾਣ ਬੁਝ ਕੇ, 'ਛੋਲਿਆਂ ਦਾ ਬੋਹਲ ਤੇ ਗਧੋਂ ਰਾਖਾ' ਵਾਲਾ ਲੇਖਾ ਕੀਤਾ ਹੈ । ਹੋਛੇ ਤੇ ਬੇਈਮਾਨ ਸਾਥੀਆਂ ਨੂੰ ਕਾਰ ਵਿਹਾਰ ਸੌਂਪਣ ਨਾਲ ਘਾਟਾ ਤਾਂ ਪੈਣਾ ਹੀ ਸੀ । (ਸੰਗ੍ਰ)

**ਛੋਲਿਆਂ ਨਾਲ ਘੁਣ ਪਿਸ ਜਾਂਦਾ ਹੈ ।**

**ਭਾਵ** :—ਭਾਵ ਵਡਿਆਂ ਦੇ ਭੇੜ ਵਿਚ ਛੋਟੇ ਵੀ ਮਾਰੇ ਜਾਂਦੇ ਹਨ ।

**ਵਰਤੋਂ** :—ਰਾਜੇ ਤਾਂ ਮਰੇ ਰਾਜ ਲੈਂਦੇ, ਪਰ ਅਸੀਂ ਗ਼ਰੀਬ ਤਾਂ ਛੋਲਿਆਂ ਨਾਲ ਘੁਣ ਵਾਂਗ ਖ਼ਾਹ-ਮ-ਖ਼ਾਹ ਪੀਠੇ ਗਏ ਹਾਂ । ਸਾਨੂੰ ਕੀ ਲੱਭਾ ?
(ਸੰਗ੍ਰ)

**ਛੋਲੇ ਕੀ ਜਾਣਨ ਵਾਹ ਨੂੰ, ਤੇ ਸੰਢਾ ਕੀ ਜਾਣੇ ਗਾਹ ਨੂੰ ।**

**ਭਾਵ** :—ਜਿਸ ਦਾ ਕੰਮ ਹੋਵੇ ਓਹੀ ਕਰ ਸਕਦਾ ਹੈ । ਦੂਜਾ ਔਖਾ ਹੁੰਦਾ ਹੈ ।

**ਵਰਤੋਂ** :—ਭਾਈ ਸਾਹਿਬ, ਇਹ ਤੁਹਾਡਾ ਕੰਮ ਨਹੀਂ । ਤੁਸੀਂ ਹੱਥ ਪਾ ਕੇ ਦੁਖੀ ਹੋਵੋਗੇ । ਛੋਲੇ ਕੀ ਜਾਣਨ ਵਾਹ ਨੂੰ ਤੇ ਸੰਢਾ ਕੀ ਜਾਣੇ ਗਾਹ ਨੂੰ । ਜਿਸ ਦਾ ਕੰਮ, ਓਹੀ ਸਾਜੇ । (ਸੰਗ੍ਰ)

**ਛੋਲੇ ਭੁੰਬ ਕੇ ਕਢ ਲਈਦੇ ਨੇ ।**

**ਭਾਵ** :—ਕਰੜੇ ਬੰਦੇ ਨੂੰ ਕੁਟ ਨਾਲ ਹੀ ਠੀਕ ਕਰੀਦਾ ਹੈ ।

**ਵਰਤੋਂ** :—ਤੀਜਾ ਆਦਮੀ— ਓਹ ਭਈ ਡਾਂਗਾ ਅਗੇ ਕਿਹੜੀ ਗਲ ਮੁਸ਼ਕਲ ਹੋਈ । ਛੋਲੇ ਭੁੰਬ ਕੇ ਕੱਢ ਲਈਦੇ ਨੇ । ਬੰਦੇ ਸਿੱਧੇ ਨਹੀਂ ਹੁੰਦੇ ?

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲਦੀਨ)

**ਛੋੜਨਾ ਪੀਰ ਬਾਬਾ, ਪਕੜਨਾਂ ਜੁੰਮਾ ਜੁਲਾਹਿਆ ।**

**ਭਾਵ** :—ਸਿਆਣੇ ਦੀ ਸੰਗਤ ਨਾ ਕਰਨੀ ਤੇ ਮੂਰਖਾਂ ਦੀ ਸੰਗਤ ਕਰਨੀ ।

**ਵਰਤੋਂ** :—ਇਹ ਤੂੰ ਕੀਤਾ ਹੈ । ਉਸ ਦੀ ਭਾਈਵਾਲੀ ਛਡ ਕੇ ਰਾਮੇ ਨੂੰ ਹਟੀ ਤੇ ਨਾਲ ਬਿਠਾ ਲਿਆ ਈ । ਅਗੇ ਨਹੀਂ ਜਾਣਦਾ ਰਾਮੇ ਨੇ ਕਿਨੇ ਘਰ ਡੋਬੇ ਹਨ । ਵਾਹ, ਛੋੜਨਾ ਪੀਰ ਬਾਬਾ ਪਕੜਨਾ ਜੁੰਮਾ ਜੁਲਾਹਿਆ । (ਸੰਗ੍ਰ)

**ਛਾਂ ਬਦਲਾਂ ਦੀ ਉਮਰ ਬੰਦਿਆਂ ਦੀ ।**

**ਭਾਵ** :—ਬੰਦੇ ਦੀ ਉਮਰ ਬਦਲਾਂ ਦੀ ਛਾਂ ਵਾਂਗ ਛੇਤੀ ਬੀਤ ਜਾਂਦੀ ਹੈ ।

**ਵਰਤੋਂ** :—

'ਛਾਂ ਬਦਲਾਂ ਦੀ ਉਮਰ ਬੰਦਿਆਂ ਦੀ
ਅਜ਼ਰਾਈਲ ਨੇ ਪਾੜਨਾ ਸੀਵਨਾ ਈ ।'

(ਹੀਰ—ਵਾਰਸ ਸ਼ਾਹ)

## ਜ

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਓ ॥**

**ਭਾਵ** :—ਪ੍ਰੇਮ ਕਰਨਾ ਸਿਰ ਦੀ ਬਾਜ਼ੀ ਖੇਡਣਾ ਹੈ ।

**ਵਰਤੋਂ** :—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰ ਦੀਜੈ ਕਾਣਿ ਨ ਕੀਜੈ ॥

(ਗੁਰੂ ਗ੍ਰੰਥ—ਸ਼ਲੋਕ ਵਾਰਾਂ)

**ਜਉ ਦਿਲ ਮਹਿ ਕਪਟ ਨਿਵਾਜ ਗੁਜਾਰਹੁ, ਕਿਆ ਹਜ ਕਾਬੈ ਜਾਈਐ ॥**

**ਭਾਵ** :—ਜੇ ਦਿਲ ਵਿਚ ਧੋਖਾ ਹੈ ਤਾਂ ਨਿਮਾਜ਼ ਪੜ੍ਹਨ, ਕਾਬੇ ਜਾਣ ਤੇ ਹਜ ਕਰਨ ਦਾ ਕੀ ਲਾਭ ?

**ਵਰਤੋਂ** :—

'ਕਿਆ ਉਜੂ ਪਾਕੁ ਕੀਆ ਮੁਹੁ
ਧੋਇਆ ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ
ਕਿਆ ਹਜ ਕਾਬੈ ਜਾਇਆ ॥'

(ਗੁਰੂ ਗ੍ਰੰਥ—ਰਾਗ ਪ੍ਰਭਾਤੀ)

**ਜਸ ਜੀਵਣਾ, ਅਪਜਸ ਮਰਣਾਂ ।**

**ਭਾਵ** :—ਬੇਇਜ਼ਤੀ ਨਾਲ ਜੀਣਾ, ਮੌਤ ਵਰਗਾ ਹੈ ।

**ਵਰਤੋ** :—ਇਸ ਵੇਲੇ ਮੌਤ ਆਈ ਸਮਝ ਕੇ ਦੁਨੀ ਚੰਦ ਡਰ ਗਿਆ । ਭਜ ਪਿਆ 'ਜਸ ਜੀਵਣਾ ਅਪਜਸ ਮਰਣਾ' ਸੋ ਮਰ ਚੁਕਾ ਹੈ । ਹੁਣ ਕੀ ਜਿੰਦ ਬਾਕੀ ਹੈ ।

(ਡਾ. ਭਾਈ ਵੀਰ ਸਿੰਘ)

**ਜਹਾਂ ਗੰਢ ਤਹਾਂ ਰਸ ਨਹੀਂ ।**

**ਭਾਵ** :—ਟੁਟੀ ਪ੍ਰੀਤ ਗੰਢਣ ਨਾਲ ਪਹਿਲੇ ਵਰਗਾ ਰਸ ਨਹੀਂ ਆ ਸਕਦਾ ।

**ਵਰਤੋਂ** :—ਭੈਣ ਜੀ ! ਜਿਥੇ ਇਕ ਵਾਰੀ ਪਿਆਰ ਵਿਚ ਫਰਕ ਆ ਜਾਵੇ, ਉਥੇ ਉਹ ਪਹਿਲੇ ਵਰਗਾ ਸੁਆਦ ਨਹੀਂ ਰਹਿੰਦਾ । 'ਜਹਾਂ ਗੰਢ ਤਹਾਂ ਰਸ ਨਹੀਂ ।' (ਸੰਗ੍ਰ)

**ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ।**

**ਭਾਵ** :—ਜਿਥੋਂ ਜੀਵ ਆਇਆ ਹੈ, ਅੰਤ ਨੂੰ ਉਥੇ ਹੀ ਜਾ ਰਲਦਾ ਹੈ।

**ਵਰਤੋਂ** :—

ਚਾਰੋਂ ਅਛਰ ਇਕ ਕਰ ਵਾਹਿਗੁਰੂ ਜਪੁ ਮੰਤ੍ਰ ਜਪਾਵੈ ॥
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ ॥
(ਵਾਰਾਂ—ਭਾਈ ਗੁਰਦਾਸ ਜੀ)

**ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ।**

**ਭਾਵ** :—ਸਚ ਇਹ ਹੈ ਕਿ ਜਿਥੇ ਰੋਜ਼ੀ ਲਿਖੀ ਹੈ, ਉਥੇ ਖਾਣੀ ਪੈਂਦੀ ਹੈ।

**ਵਰਤੋਂ** :—

ਨਕਿ ਨਥ ਖਸਮ ਹਥਿ ਕਿਰਤੁ ਧਕੇ ਦੇ ॥
ਜਹਾਂ ਦਾਣੇ ਤਹਾਂ ਖਾਣੇ ਨਾਨਕ ਸਚੁ ਹੇ ॥
(ਗੁਰੂ ਗ੍ਰੰਥ—ਸੋਰਠ ਰਾਗ)

**ਜਹਾਨ ਕਿਸੇ ਛਾਬੇ ਪੂਰਾ ਨਹੀਂ ਉਤਰਦਾ।**

**ਭਾਵ** :—ਜਹਾਨ ਦੀ ਦੋ ਰੰਗੀ ਚਾਲ ਔਖਾ ਹੀ ਕਰੀ ਰਖਦੀ ਹੈ।

**ਵਰਤੋਂ** :— ਮਹਾਰਾਣੀ — ਦੀਵਾਨ ਜੀ, ਭਾਵੇਂ ਤੁਸੀਂ ਆਪਣੀ ਵਲੋਂ ਬੜੀ ਵਿਚਾਰ ਤੋਂ ਕੰਮ ਲਿਆ ਹੈ, ਪਰ ਚੇਤਾ ਰਖਣਾ 'ਜਹਾਨ ਕਿਸੇ ਛਾਬੇ ਪੂਰਾ ਨਹੀਂ ਉਤਰਦਾ। ਲੋਕਾਂ ਨੇ ਕੁਝ ਨਾ ਕੁਝ ਟੀਕਾ ਟਿਪਣੀ ਕਰਨੀ ਹੀ ਹੈ। (ਸੰਗ੍ਰ)

**ਜਹੇ ਸਿਰ ਤਹੀਆਂ ਸਿਰ ਪੀੜਾਂ।**

**ਭਾਵ** :—ਜਿਤਨੀ ਕਿਸੇ ਦੀ ਜ਼ਿਮੇਵਾਰੀ ਹੁੰਦੀ ਹੈ, ਉਤਨਾ ਹੀ ਦੁਖ ਤੇ ਦਰਦ ਵੀ ਉਸਨੂੰ ਹੁੰਦਾ ਹੈ।

**ਵਰਤੋਂ** :— ਰਾਜਿਆਂ ਨੂੰ ਸੁਖ ਦੀ ਨੀਂਦਰ ਕਿਥੋਂ ? ਜਿਹੇ ਸਿਰ ਤਹੀਆਂ ਸਿਰ ਪੀੜਾਂ। (ਸੰ.)

**ਜਗ ਆਇਆ ਸਭ ਕੋਈ ਮਰਸੀ।**

**ਭਾਵ** :—ਸੰਸਾਰ ਅਸਥਿਰ ਹੈ।

**ਵਰਤੋਂ** :—

ਗਰਬ ਗ਼ਰੀਬੀ ਦੇਹ ਖੇਹ ਖਾਜ ਅਖਾਜ ਅਕਾਜ ਕਰਸੀ।
ਜਗ ਆਇਆ ਸਭ ਕੋਈ ਮਰਸੀ ॥
(ਵਾਰਾਂ—ਭਾਈ ਗੁਰਦਾਸ)

**ਜਗ ਸ਼ੀਸ਼ਾ ਆਰਸੀ, ਜੋ ਦੇਖੇ ਸੋ ਵੇਖ।**

**ਭਾਵ** :—ਸੰਸਾਰ ਵਿਚ ਜਿਹੋ ਜਿਹਾ ਵਰਤੋਗੇ ਉਹਾ ਜਿਹਾ ਵਰਤਾਉ ਤੁਸਾਡੇ ਨਾਲ ਹੋਵੇਗਾ।

**ਵਰਤੋਂ** :—ਭਲਿਆ ਲੋਕਾ, 'ਜਗ ਸ਼ੀਸ਼ਾ ਆਰਸੀ, ਜੋ ਵੇਖੇ ਸੋ ਵੇਖ' ਵਾਲਾ ਹਿਸਾਬ ਹੈ। ਜਿਹੋ ਜਿਹਾ ਕਿਸੇ ਨਾਲ ਵਰਤੇਂਗਾ; ਓਹੋ ਜਿਹਾ ਹੀ ਅਗੋਂ ਲੋਕੀਂ ਵਰਤਣਗੇ। (ਸੰਗ੍ਰ)

**ਜਗ ਜੀਉਂਦਿਆਂ ਦੇ ਮੇਲੇ।**

**ਭਾਵ** :—ਸੰਸਾਰ ਵਿੱਚ ਹਰ ਕੋਈ ਜੀਊਂਦੇ (ਜਾਂ ਤਗੜੇ) ਦਾ ਹੈ।

**ਵਰਤੋਂ** :—ਜੀ, 'ਜਗ ਜੀਉਂਦਿਆਂ ਦੇ ਮੇਲੇ' ਮੋਇਆਂ ਗਿਆਂ ਨੂੰ ਹਰ ਕੋਈ ਵਿਸਾਰ ਦੇਂਦਾ ਹੈ। (ਸੰ)

**ਜਗ ਨਾਲ ਚਲੇ ਤਾਂ ਸਭ ਕੁਝ ਪਲੇ।**

**ਭਾਵ** :—ਸੰਸਾਰ ਦੀ ਚਾਲ ਨਾਲ ਚਲਣ ਵਿਚ ਹੀ ਸੁਖ ਹੈ।

**ਵਰਤੋਂ** :—ਲੋਕਾਚਾਰੀ ਨੂੰ ਕਿਤਨਾ ਵੀ ਨਿੰਦੇ ਪਰ ਅੰਤ ਨੂੰ ਸੰਸਾਰ ਦੀ ਚਾਲ ਨਾਲ ਕਿਸੇ ਨਾ ਕਿਸੇ ਸਮੇਂ ਤੁਰਨਾ ਹੀ ਪੈਂਦਾ ਹੈ। ਹੈ ਵੀ ਠੀਕ! 'ਜਗ ਨਾਲ ਚਲੇ ਤਾਂ ਸਭ ਕੁਝ ਪਲੇ'। (ਸੰਗ੍ਰ)

**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ।**

**ਭਾਵ** :—ਜਗਤ ਵਿੱਚ ਵਿਰਲੇ ਹੀ ਸ੍ਰੇਸ਼ਟ ਪੁਰਸ਼ ਹੁੰਦੇ ਹਨ ।

**ਵਰਤੋਂ** :—

'ਕਹੁ ਨਾਨਕ ਕਿਰਪਾ ਕਰੇ ਜਿਸ ਨੋ ਇਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥'

(ਗੁਰੂ ਗ੍ਰੰਥ—ਗੂਜਰੀ ਰਾਗ)

## ਜਗਤ ਮਹਿ ਝੂਠੀ ਦੇਖੀ ਪ੍ਰੀਤਿ ॥

**ਭਾਵ** :—ਜਗਤ ਦਾ ਪਿਆਰ ਝੂਠਾ ਹੈ ।

**ਵਰਤੋਂ** :—

'ਜਗਤ ਮਹਿ ਝੂਠੀ ਦੇਖੀ ਪ੍ਰੀਤਿ ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ ॥

(ਗੁਰੂ ਗ੍ਰੰਥ—ਰਾਗ ਦੇਵ ਗੰਧਾਰੀ)

## ਜਗੁ ਦੁਖੀਆ ਸੁਖੀਆ ਜਨੁ ਕੋਇ ।

**ਭਾਵ** :—ਸੰਸਾਰ ਦੁਖੀ ਹੈ, ਵਿਰਲੇ (ਭਗਤ ਜਨ) ਹੀ ਸੁਖੀ ਹਨ ।

**ਵਰਤੋਂ** :—

ਜਗੁ ਦੁਖੀਆ ਸੁਖੀਆ ਜਨੁ ਕੋਇ ॥
ਜਗੁ ਰੋਗੀ ਭੋਗੀ ਗੁਣ ਰੋਇ ॥

(ਗੁਰੂ ਗ੍ਰੰਥ—ਆਸਾ ਰਾਗ)

## ਜਗੋਂ ਜਹਾਨੋਂ ਬਾਹਰੀ, ਸਭ ਖ਼ਲਕਤ ਟਕਰ ਹਾਰੀ ।

**ਭਾਵ** :—ਕੋਈ ਅਣਹੋਣੀ ਜਾਂ ਅਨੋਖੀ ਗੱਲ ਵੇਖਣ ਜਾਂ ਵਰਤਣ ਵਿਚ ਆਉਣੀ !

**ਵਰਤੋਂ** :—ਉਹਨੂੰ ਕਿਉਂ ਸਮਝਾਉਂਦੇ ਹੋ ? ਉਹ ਬੜਾ ਅੱਖੜ ਤੇ ਮਨ ਮਰਜ਼ੀ ਦਾ ਮਾਲਕ ਹੈ। 'ਜਗੋਂ ਜਹਾਨੋਂ ਬਾਹਰੀ, ਸਭ ਖ਼ਲਕਤ ਟਕਰ ਹਾਰੀ' । ਉਸ ਨਾਲ ਮੱਥਾ ਲਾਉਣਾ ਫ਼ਜ਼ੂਲ ਹੈ। (ਸੰਗ੍ਰ)

## ਜੱਟ ਸੋਨੇ ਦਾ ਬਲਾ ਪਿਤਲ ਦਾ ।

**ਭਾਵ** :—ਬਾਹਰੋਂ ਚੰਗਾ, ਵਿਚੋਂ ਭੈੜਾ ।

**ਵਰਤੋਂ** :—'ਜਟ ਸੋਨੇ ਦਾ ਵੀ ਹੋਵੇ ਤਾਂ ਵੀ ਉਸ ਦਾ ਬਲਾ ਪਿਤਲ ਦਾ ਹੁੰਦਾ ਹੈ। ਕੀ ਇਤਬਾਰ ਕਰੇ ਕੋਈ ਇਨ੍ਹਾਂ ਉਤੇ। ਮੈਨੂੰ ਦੋਵੇਂ ਹਥੀਂ ਲੁਟ ਕੇ ਲੈ ਗਏ । (ਸੰਗ੍ਰ)

## ਜੱਟ ਕਮਲਾ, ਯਮਲਾ ਖ਼ੁਦਾ ਨੂੰ ਲੈ ਗਏ ਚੋਰ ।

**ਭਾਵ** :—ਵਿਚੋਂ ਸਭ ਕੁਝ ਸਮਝਣਾ, ਪਰ ਬਾਹਿਰ ਮੁਖੀ ਭੋਲਾ ਜਾਂ ਪਾਗਲ ਬਣ ਬਹਿਣਾ ।

**ਵਰਤੋਂ** :—'ਕੀ ਪੁਛਿਆ ਏ ਤੂੰ ? ਉਸ ਦੀ ਗਲ੍ਹ ਤੇ ਹੌਲਾ ਜਿਹਾ ਧੱਪਾ ਮਾਰ ਕੇ ਮੋਹਨੀ ਬੋਲੀ, 'ਜਟ ਕਮਲਾ ਖ਼ੁਦਾ ਨੂੰ ਲੈ ਗਏ ਚੋਰ' ਅਠ ਦਿਨ ਖਪਦਿਆਂ ਤੇ ਸਮਝਾਂਦਿਆਂ ਹੋਇ ਨੇ, ਅਜੇ ਕਹਿੰਦੀ ਏ ਕਿ ਕੀ ਪੁਛਨੀ ਏਂ ?

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

## ਜੱਟ ਕੀ ਜਾਣਨ ਕੋਕਲੇ ਪਦ ਬਹੇੜੇ ਖਾਹ ! ਜਾਂ ਜੱਟ ਕੀ ਜਾਨਣ ਗੁਲਗਲੇ ਪਦ ਬਹੇੜੇ ਖਾਹ ।

**ਭਾਵ** :—ਮੂਰਖ ਕੀ ਜਾਣੇ ਚੰਗੇ ਮੰਦੇ ਦਾ ਭੇਦ ? ਸ਼ਹਿਰੀਏ ਹਾਸ-ਰਸ ਵਿਚ ਜਟਾਂ ਲਈ ਵੀ ਇਹ ਅਖਾਣ ਉਨਾਂ ਦੀ ਮੂਰਖਤਾ ਦਸਣ ਲਈ ਵਰਤਦੇ ਹਨ ।

**ਵਰਤੋਂ** :—'ਆਓ ਉਰਸ਼ੀ ਦੇਵੀ', ਪ੍ਰਕਾਸ਼ ਨੇ ਪਿਛਾਂਹ ਪਰਤ ਕੇ ਕਿਹਾ। ਇਸ ਨੂੰ ਬੜਾ ਚਜ ਏ ਪਿਕਚਰ ਵੇਖਣ ਦਾ "ਜਟ ਕੀ ਜਾਣੇ ਕੋਕਲੇ ਤੇ ਪਦ ਬਹੇੜੇ ਖਾਹ' ।

(ਗੰਗਾ ਜਲੀ ਵਿੱਚ ਸ਼ਰਾਬ—ਨਾਨਕ ਸਿੰਘ)

## ਜੱਟ ਕੀ ਜਾਣੇ ਗੁਣ ਨੂੰ, ਲੋਹਾ ਕੀ ਜਾਣੇ ਘੁਣ ਨੂੰ ?

**ਭਾਵ** :—ਜਟ ਗੁਣਾਂ ਦੀ ਕਦਰ ਨਹੀਂ ਪਾ ਸਕਦਾ ।

**ਵਰਤੋਂ** :—ਮੈਂ ਤੁਹਾਡੇ ਲਈ ਕੀ ਕੁਝ ਨਹੀਂ ਕੀਤਾ। ਪਰ 'ਜਟ ਕੀ ਜਾਣੇ ਗੁਣ ਨੂੰ, ਲੋਹਾ ਕੀ ਜਾਣੇ ਘੁਣ ਨੂੰ' ਤੁਸਾਂ ਮੇਰੀ ਉਕੀ ਪਰਵਾਹ ਨਹੀਂ ਕੀਤੀ। (ਸੰਗ੍ਰ)

## ਜੱਟ ਕੀ ਜਾਣੇ, ਲੌਂਗਾਂ ਦਾ ਭਾ।

**ਭਾਵ**:—ਜਦ ਕੋਈ ਕਿਸੇ ਔਖੇ ਮਾਮਲੇ ਨਜਿੱਠਣ ਲਈ ਅਸਮਰਥ ਹੋਵੇ, ਜਾਂ ਕਸੇ ਚੰਗੀ ਚੀਜ਼ ਦੀ ਪਰਖ ਨਾ ਕਰ ਸਕੇ।

**ਵਰਤੋਂ** :—ਵਰਿਆਮ—ਜੱਟ ਕੀ ਜਾਣਨ ਲੌਂਗਾਂ ਦਾ ਭਾ। ਹੋ ਜਾਵੇਗੀ ਆਪੇ। ਜਿਉਂ ਜਿਉਂ ਲੋਕਾਂ ਨੂੰ ਅਕਲ ਆਵੇਗੀ। ਹੱਛਾ, ਬਾਊ ਜੀ, ਮੈਂ ਚਲਦਾ ਹਾਂ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

## ਜੱਟ ਗੰਨਾ ਨਹੀਂ ਦੇਂਦਾ, ਭੇਲੀ ਦੇਂਦਾ ਹੈ।

**ਭਾਵ** :—ਮਾਮੂਲੀ ਚੀਜ਼ ਤਾਂ ਨਾ ਦੇਣੀ ਪਰ ਮੌਜ ਵਿਚ ਆਕੇ ਕੀਮਤੀ ਜਾਂ ਵਡਮੁਲੀ ਚੀਜ਼ ਦੇ ਦੇਣੀ।

**ਵਰਤੋਂ** :—ਤੇਰਾ ਵੀ ਭੈਣ, ਅਜਬ ਹੀ ਸੁਭਾ ਹੈ। ਕਈ ਵਾਰੀ ਤੂੰ ਮਾਮੂਲੀ ਚੀਜ਼ ਤੋਂ ਮੂੰਹ ਮੋੜ ਲੈਂਦੀ ਹੈ, ਪਰ ਆਪਣੀ ਮੌਜ ਵਿਚ ਜਦ ਹੋਵੇ ਤਦ ਵਡ-ਮੁਲੀ ਚੀਜ਼ ਵੀ ਝਟ ਦੇ ਦੇਂਦੀ ਹੈ। ਤੇਰਾ ਇਹ ਹਾਲ ਹੈ ਕਿ 'ਜਟ ਗੰਨਾ ਨਹੀਂ ਦੇਂਦਾ, ਭੇਲੀ ਦੇ ਦੇਂਦਾ ਹੈ। (ਸੰਗ੍ਰ)

## ਜੱਟ ਜੱਟਾਂ ਦੇ ਸਾਲੇ, ਕਰਦੇ ਘਾਲੇ ਮਾਲੇ।

**ਭਾਵ** :—ਜੱਟ ਆਪੋ ਵਿਚ ਮਿਲਕੇ ਗੰਢ ਤੁਪ ਕਰ ਲੈਂਦੇ ਹਨ ਤੇ ਦੂਜੇ ਦੀ ਨਹੀਂ ਚਲਨ ਦੇਂਦੇ।

**ਵਰਤੋਂ** :—ਤੁਸੀਂ ਨਾ ਆਓ, ਇਨ੍ਹਾਂ ਦੇ ਵਿਗੜਿਆਂ ਝਮੇਲਿਆਂ ਵਿਚ। ਜਟ ਜਟਾਂ ਦੇ ਸਾਲੇ, ਕਰਦੇ ਆਲੇ ਮਾਲੇ। ਇਹ ਤੁਸਾਡੀ ਪੇਸ਼ ਨਹੀਂ ਜਾਣ ਦੇਣਗੇ। (ਸੰਗ੍ਰ)

## ਜੱਟ ਜੱਟਾਂ ਦੇ ਤੇ ਭੋਲੂ ਨਰੈਣ ਦਾ।

**ਭਾਵ** :—ਜਟ ਸਦਾ ਜਟ ਦਾ ਹੀ ਪਖ ਕਰਦਾ ਹੈ।

**ਵਰਤੋਂ** :—ਅੰਤ ਨੂੰ ਉਹੀ ਹੋਈ 'ਜਟ ਜਟਾਂ ਦੇ ਤੇ ਭੋਲੂ ਨਰੈਣ ਦਾ' ਮੇਰੀ ਕਿਸੇ ਵਾਤ ਨਾ ਪੁਛੀ ਤੇ ਉਹ ਆਪੋ ਵਿਚ ਇਕ ਮਿਕ ਹੋ ਗਏ। (ਸੰਗ੍ਰ)

## ਜੱਟ ਤੇ ਸੰਢੇ ਦਾ ਵੈਰ ਨਹੀਂ ਜਾਂਦਾ।

**ਭਾਵ** :—ਜਟ ਤੇ ਸੰਢੇ ਦਾ ਸੁਭਾ ਬਦਲਾ ਲੈਣ ਦਾ ਹੈ।

**ਵਰਤੋਂ** :—ਸਰਦਾਰ—ਸ਼ਾਹ ਜੀ! ਤੁਸੀਂ ਹਰਨਾਮੇ ਜੱਟ ਨਾਲ ਖਹਿਬੜਨ ਤੋਂ ਹਟ ਜਾਉ 'ਜੱਟ ਤੇ ਸੰਢੇ ਦਾ ਵੈਰ ਨਹੀਂ ਜਾਂਦਾ' ਕਿਸੇ ਨਾ ਕਿਸੇ ਵੇਲੇ ਤੁਹਾਨੂੰ ਦੁਖੀ ਕਰੇਗਾ। (ਸੰਗ੍ਰ)

## ਜੱਟ ਤੋਂ ਰਾਜ ਨਹੀਂ, ਮੋਠੋਂ ਕਾਜ ਨਹੀਂ।

**ਭਾਵ** :—ਕਿਸੇ ਛੋਟੇ ਪਾਸੋਂ ਵਡੀ ਆਸ ਰਖੀ ਜਾਵੇ, ਪਰ ਉਹ ਪੂਰੀ ਨਾ ਹੋ ਸਕੇ।

**ਵਰਤੋਂ** :—ਸਰਦਾਰ ਜੀ, ਇਸ ਮਰਦੂਦ ਪਾਸੋਂ ਤੁਸੀਂ ਐਡੀ ਵੱਡੀ ਆਸ ਨਾ ਰਖੋ। ਜਟ ਤੋਂ ਰਾਜ ਨਹੀਂ, ਮੋਠੋਂ ਕਾਜ ਨਹੀਂ। (ਸੰਗ੍ਰ)

## ਜੱਟ (ਮੂਰਖ) ਦਾ ਹਾਸਾ, ਭੰਨ ਸੁਟੇ ਪਾਸਾ।

**ਭਾਵ** :—ਮੂਰਖ ਪਾਸੋਂ ਮਖੌਲ ਵਿੱਚ ਵੀ ਨੁਕਸਾਨ ਹੀ ਹੁੰਦਾ ਹੈ।

**ਵਰਤੋਂ** :—ਇਸ ਮੂਰਖ ਨਾਲ ਮਖੌਲ ਨਾ ਕੀਤਾ ਕਰੋ, ਇਸ ਦਾ ਤਾਂ ਇਹ ਹਾਲ ਹੈ। ਅਖੇ 'ਜੱਟ ਦਾ ਹਾਸਾ ਤੇ ਭੰਨ ਸੁਟੇ ਪਾਸਾ'। ਹਾਸੇ ਹਾਸੇ ਵਿੱਚ ਵੀ ਤੁਹਾਡੀ ਜਾਨ ਤੋੜ ਦੇਵੇਗਾ। (ਸੰਗ੍ਰ)

**ਜੱਟ ਨਾ ਜਾਣੇ ਗੁਣ ਕਾਰਾ, ਚੰਨਾ ਨਾ ਜਾਣੇ ਵਾਹ, ਉਸਦਾ ਗੁਰੂ ਸੁਹਾਗਾ, ਉਸਦਾ ਗੁਰੂ ਸ਼ਾਹ।**

**ਭਾਵ** :—ਜਟ ਗੁਣਾਂ ਦਾ ਗਾਹਕ ਨਹੀਂ ਹੁੰਦਾ ਤੇ ਨਾ ਛੋਲੇ ਚੰਗੀ ਵਾਹੀ ਮੰਗਦੇ ਹਨ। ਜਟ ਸ਼ਾਹ ਦੇ ਵਸ ਪਿਆਂ ਸੂਤ ਹੁੰਦਾ ਹੈ ਤੇ ਛੋਲੇ ਸੁਹਾਗੇ ਨਾਲ।

**ਵਰਤੋਂ** :— ਸ਼ਾਹ — ਨਬੰਰਦਾਰ ਜੀ! ਜਟ ਨੇ ਮਿਠਤ ਨਾਲ ਕਾਬੂ ਨਹੀਂ ਜੇ ਆਉਣਾ, ਤੁਸੀਂ ਰਤਾ ਲਾਂਭੇ ਹੀ ਟਿਕੇ ਰਹਿਣਾ। 'ਜੱਟ ਨਾ ਜਾਣੇ ਗੁਣਕਾਰਾ, ਚੰਨਾ ਨਾ ਜਾਣੇ ਵਾਹ, ਉਸਦਾ ਗੁਰੂ ਸੁਹਾਗਾ, ਉਸਦਾ ਗੁਰੂ ਸ਼ਾਹ।' ਮੈਂ ਉਸ ਨਾਲ ਨਜਿੱਠਾਂਗਾ। (ਸੰਗ੍ਰ)

**ਜੱਟ ਪਿਲਾਈ ਲੱਸੀ ਤੇ ਗਲ ਵਿਚ ਪਾਈ ਰੱਸੀ।**

**ਭਾਵ** :—ਕਿਸੇ ਨੂੰ ਥੋੜਾ ਜਿਹਾ ਲਾਭ ਦੇਕੇ ਉਸਦਾ ਬਹੁਤਾ ਨੁਕਸਾਨ ਕਰਨਾ।

**ਵਰਤੋਂ** :—ਮੇਰੇ ਨਾਲ ਵੀ ਉਹੀ ਗਲ ਬੀਤੀ ਅਖੇ 'ਜੱਟ ਪਿਲਾਈ ਲੱਸੀ ਤੇ ਗਲ ਵਿਚ ਪਈ ਰੱਸੀ।' ਮਮੂਲੀ ਜਿਹੇ ਲਾਭ ਪਿਛੇ ਮੈਂ ਆਪਣਾ ਘਾਣ ਕਰਵਾ ਲਿਆ। (ਸੰਗ੍ਰ)

**ਜੱਟ ਫੱਟ ਬਿਨ ਬਧਿਆ ਕਦੀ ਨਾ ਆਵੇ ਰਾਸ। ਜਾਂ ਜੱਟ, ਪੱਟ ਤੇ ਫੱਟ ਬੱਧੇ ਹੀ ਕੰਮ ਆਉਂਦੇ ਹਨ।**

**ਭਾਵ** :—ਜਟ ਤੇ ਜ਼ਖਮ ਨੂੰ ਜੇ ਕਾਬੂ ਵਿਚ ਹੀ ਰਖੀਏ ਤਾਂ ਸੁਖੀ ਹੋਈਦਾ ਹੈ। ਨਹੀਂ ਤੇ ਖਰਾਬੀ ਪੈਦਾ ਹੋ ਜਾਂਦੀ ਹੈ।

**ਵਰਤੋਂ** :—ਜੱਟ ਦਾ ਵੀ ਇਹੋ ਹਾਲ ਏ। ਨਰਮ ਗੁਜ਼ਾਰੇ ਵਿਚ ਤਾਂ ਹੱਦ ਮੰਨਦਾ ਏ। ਪਰ ਜਦੋਂ ਰੱਜ ਆਇਆ, ਇਹ ਚੌੜ ਹੋਇਆ। ਸਾਡੇ ਦੇਸ਼ ਦਾ ਅਖਾਣ ਵੀ ਏ 'ਜੱਟ, ਫੱਟ ਬਿਨ ਬਧਿਆ ਕਦੀ ਨਾ ਆਵੇ ਰਾਸ।' (ਨਵਾਬ ਖਾਂ—ਪ੍ਰਿੰ: ਜੋਧ ਸਿੰਘ)

**ਜੱਟ ਫੱਟ ਤੇ ਬਕਰਾ, ਚੌਥੀ ਵਿਧਵਾ ਨਾਰ, ਇਹ ਚਾਰੇ ਭੁਖੇ ਭਲੇ, ਰਜੇ ਕਰਨ ਵਿਕਾਰ ਜਾਂ ਜੱਟ, ਬੈਲ ਤੇ ਬਕਰਾ ਚੌਥੀ ਭੈੜੀ ਨਾਰ, ਚਾਰੇ ਹੀ ਭੁਖੇ ਭਲੇ ਰਜੇ ਕਰਨ ਵਿਗਾੜ।**

**ਭਾਵ** :—ਜਟ ਭੈੜੀ ਜਨਾਨੀ ਵਾਂਗ ਭੁਖਾ ਹੀ ਚੰਗਾ ਹੈ। ਰੱਜ ਕੇ ਖਰੂਦ ਕਰਦਾ ਹੈ।

**ਵਰਤੋਂ** :—ਜੱਟ ਭੁਖਾ ਹੀ ਚੰਗਾ ਹੈ। ਰੱਜ ਜਾਵੇ ਤਾਂ ਕਿਸੇ ਨੂੰ ਜੀਣ ਨਹੀਂ ਦਿੰਦਾ। 'ਜੱਟ ਬੈਲ, ਤੇ ਬਕਰਾ, ਚੌਥੀ ਭੈੜੀ ਨਾਰ, ਚਾਰੇ ਹੀ ਭੁਖੇ ਭਲੇ, ਰੱਜੇ ਕਰਨ ਵਿਗਾੜ।' (ਸੰਗ੍ਰ)

**ਜੱਟ ਮਹਿਆਂ, ਸੰਸਾਰ ਕਬੀਲਾ ਗਾਲਣਾ।**

**ਭਾਵ** :—ਆਮ ਤੌਰ ਤੇ ਜੱਟਾਂ ਦੇ ਫ਼ਜ਼ੂਲ ਖਰਚ ਸੁਭਾ ਨੂੰ ਮੁਖ ਰਖਕੇ ਇਹ ਅਖਾਣ ਵਰਤਿਆ ਜਾਂਦਾ ਹੈ।

**ਵਰਤੋਂ** :—

'ਕੁਕੜ, ਕਾਂ, ਕੰਬੋ ਕਬੀਲਾ ਪਾਲਦੇ,
ਜੱਟ ਮੈਹਾਂ, ਸੰਸਾਰ ਕਬੀਲਾ ਗਾਲਦੇ,'

(ਸੰਗ੍ਰ)

**ਜੱਟ ਮਲੂਕ, ਤਲਰੂਆ ਰੁਮਾਲ।**

**ਭਾਵ** :—ਹਥ ਪਲੇ ਕੁਝ ਨਾ ਹੋਣਾ ਤੇ ਨਖਰਾ ਬਾਹਲਾ ਦਸਣਾ।

**ਵਰਤੋਂ** :— ਬੰਤੋ — ਅੜੀਏ! ਤੂੰ ਵੀ ਕੋਈ ਰਾਹ ਦੀ ਗੱਲ ਕਰ, ਤੇਰੀ ਵੀ ਤਾਂ ਇਹੀ ਗਲ ਹੈ ਕਿ ਜੱਟ ਮਲੂਕ; ਤਲਰੂਆ ਰੁਮਾਲ।' (ਸੰਗ੍ਰ)

**ਜੱਟ ਮੋਇਆ ਤਾਂ ਜਾਣੀਏ, ਜਾਂ ਕਿਰਿਆ ਹੋਵੇ।**

**ਭਾਵ** :—ਜਟ ਦੇ ਦਿਲ ਦੀ ਤਕੜਾਈ ਤੇ ਜੀਣ ਦਾ ਪੱਕਾ ਇਰਾਦਾ ਦਸਿਆ ਹੈ; ਭਾਵ, ਜਟ ਨੂੰ ਹਾਰ ਸੌਖੇ ਕੀਤੇ ਨਹੀਂ ਦਿਤੀ ਜਾ ਸਕਦੀ।

**ਵਰਤੋਂ** :—ਤੁਸੀਂ ਸਮਝਦੇ ਹੋ, ਮੈਂ ਹਾਰਕੇ ਨੱਠ ਜਾਵਾਂਗਾ ? ਨਹੀਂ ਕਦੀ ਨਹੀਂ 'ਜੱਟ ਮੋਇਆ ਤਾਂ ਜਾਣੀਏ, ਜਾਂ ਕਿਰਿਆ ਹੋਵੇ ।' ਅਜੇ ਤਾਂ ਮੈਂ ਤੁਹਾਨੂੰ ਆਪਣਾ ਹੱਥ ਕੋਈ ਦਸਿਆ ਹੀ ਨਹੀਂ । (ਸੰਗ੍ਰ)

## ਜੱਟ ਯਾਰ ਨਹੀਂ, ਕਿੰਗ ਹਥਿਆਰ ਨਹੀਂ ।

**ਭਾਵ** :—ਔਖੇ ਸਮੇਂ ਜਦ ਜਟ ਕੰਮ ਨਾ ਆਵੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—'ਜੱਟ ਯਾਰ ਨਹੀਂ, ਕਿੰਗ ਹਥਿਆਰ ਨਹੀਂ ।' ਕੀ ਭਰੋਸਾ ਏ ਜੱਟ ਦੀ ਯਾਰੀ ਦਾ ? (ਸੰਗ੍ਰ)

## ਜੱਟ ਵਜਾਵੇ ਤੂਤਾ, ਉਹ ਵੀ ਬੁਰਾ, ਬਾਹਮਣ ਦੇ ਹਥ ਛੁਰਾ, ਉਹ ਭੀ ਬੁਰਾ, ਚੇਤ ਦੇ ਮਹੀਨੇ ਵਗੇ ਪੁਰਾ ਉਹ ਭੀ ਬੁਰਾ ।

**ਭਾਵ** :—ਚੇਤ ਵਿਚ ਪੁਰਾ ਵਗਣਾ, ਬਾਹਮਣ ਹਥ ਛੁਰਾ ਹੋਣਾ ਤੇ ਜਟ ਦਾ ਤੂਤੀਆਂ ਵਜਾਉਣਾ ਮਾੜੀ ਗਲ ਹੈ ।

**ਵਰਤੋਂ** :—ਸਰਦਾਰ— ਪੰਡਤ ਜੀ ! ਇਹ ਚੇਤ ਦਾ ਮਹੀਨਾ ਹੈ, ਪੁਰਾ ਵਗਦਾ ਹੈ, ਸੁਖ ਹੋਵੇ ਸਹੀ । 'ਜੱਟ ਵਜਾਵੇ ਤੂਤਾ, ਉਹ ਵੀ ਬੁਰਾ, ਬਾਹਮਣ ਦੇ ਹੱਥ ਛੁਰਾ, ਉਹ ਵੀ ਬੁਰਾ, ਚੇਤ ਮਹੀਨੇ ਵਗੇ ਪੁਰਾ, ਉਹ ਵੀ ਬੁਰਾ ।'ਪਤਰੀ ਤਾਂ ਕਢਕੇ ਵੇਖੋ । (ਸੰਗ੍ਰ)

## ਜੱਟ ਵੱਧੇ, ਤਾਂ ਰਾਹ ਬੱਧੇ, ਕਿਰਾੜ ਵਧੇ ਤਾਂ ਜੱਟ ਬੱਧੇ ।

**ਭਾਵ** :—ਜੱਟ ਤੇ ਕਿਰਾੜ ਇਕ ਦੂਜੇ ਦੇ ਵਿਰੋਧੀ ਹਨ । ਜਟ ਵਧੇ, ਤਾਂ ਆਕੜ ਕੇ ਦੂਜਿਆਂ ਦਾ ਰਾਹ ਮਲ ਖਲੋਂਦਾ ਹੈ । ਜੇ ਕਿਰਾੜ ਵਧੇ, ਤਾਂ ਜਟਾਂ ਨੂੰ ਲੁਟਦਾ ਹੈ ।

**ਵਰਤੋਂ** :—ਚੋਧਰੀ ਜੀ, ਜੱਟ ਤੇ ਕਿਰਾੜ ਦੋਵੇਂ ਇਕੋ ਹੀ ਰਸੀ ਵਿਚ ਬੰਨ੍ਹਣ ਜੋਗੇ ਹਨ । 'ਜੱਟ ਵੱਧੇ ਤਾਂ ਰਾਹ ਬੱਧੇ, ਕਰਾੜ ਵੱਧੇ ਤਾਂ ਜੱਟ ਬੱਧੇ ।' (ਸੰਗ੍ਰ)

## ਜੱਟ ਵਿਗਾੜੇ ਮੁਰਸ਼ਦ ਨਾਲ, ਜਾਂ ਬੋਲੇ ਤਾਂ ਕੱਢੇ ਗਾਲ ।

**ਭਾਵ** :—ਜਟ ਦਾ ਲੜਾਕਾ ਸੁਭਾ ਦਸਿਆ ਹੈ ।

**ਵਰਤੋਂ** :— ਸ਼ਾਹ— ਮੇਘ ਸਿੰਘ ! ਸਿਆਣੇ ਵਿਆਣੇ ਹੋਕੇ ਤੁਹਾਨੂੰ ਤਾਂ ਗਲ ਹੀ ਨਹੀਂ ਕਰਨੀ ਚਾਹੀਦੀ ਕਿ 'ਜੱਟ ਵਿਗਾੜੇ ਮੁਰਸ਼ਦ ਨਾਲ ਜਾਂ ਬੋਲੇ ਤਾ ਕਢੇ ਗਾਲ । (ਸੰਗ੍ਰ)

## ਜੱਟਾਂ ਸੌਂਦੇ ਖੱਟੀ ਤੇ ਕਿਰਾੜ ਕਰਨ ਰਾਜ ।

**ਭਾਵ** :—ਕਿਰਾੜ ਜਟਾਂ ਪਾਸੋਂ ਕਮਾਈ ਤਾਂ ਕਰ ਲੈਂਦਾ ਹੈ । ਪਰ ਆਪਣਾ ਧਨ ਕਿਸੇ ਵਿਆਹ ਕਾਜ (ਜਾਂ ਜਗ ਦਿਖਲਾਵੇ) ਉਤੇ ਲੁਟਾ ਦੇਂਦਾ ਹੈ ।

**ਵਰਤੋ** :—ਖਤਰੀਆਂ ਦੀ ਖੱਟੀ ਵੀ ਜਿਸ ਜਿਸ ਭਾ ਆਉਂਦੀ ਹੈ, ਉਸੇ ਭਾ ਜਾਂਦੀ ਹੈ । 'ਜੱਟਾਂ ਸੌਂਦੇ ਖੱਟੀ ਤੇ ਕਿਰਾੜ ਕਰਨ ਕਾਜ ।' ਸਾਰੀ ਕਮਾਈ ਕਿਸੇ ਵਿਆਹ ਸ਼ਾਦੀ ਉਤੇ ਹੀ ਲਗ ਜਾਂਦੀ ਹੈ । (ਸੰਗ੍ਰ)

## ਜੱਟੀ ਫਸਾਈ ਅੱਟੀ, ਕਿਰਾੜ ਫੁਸਾਈ ਵੱਟੀ ।

**ਭਾਵ** :—ਜੱਟੀ ਤਾਂ ਸੂਤ ਗਿਲਾ ਕਰਦੀ ਹੈ ਕਿ ਉਸਦਾ ਭਾਰ ਵਧ ਜਾਏ, ਪਰ ਕਿਰਾੜ ਅਗੋਂ ਆਪਣੇ ਵਟਿਆਂ ਦਾ ਤੋਲ ਵਧਾਕੇ ਉਸਨੂੰ ਫਿਰ ਵੀ ਘਾਟੇ ਵਿਚ ਰਖਦਾ ਹੈ ।

**ਵਰਤੋਂ** :—ਅਸੀਂ ਖਤਰੀ ਨਹੀਂ ਲਈ ਜੱਟਾਂ ਤੋਂ । ਜੱਟੀ ਫਸਾਈ ਅੱਟੀ ਕਿਰਾੜ ਫੁਸਾਈ ਵੱਟੀ ।' ਅੰਤ ਨੂੰ ਖੱਟੀ ਖ਼ਤਰੀ ਹੀ ਕਰਦਾ ਹੈ । (ਸੰਗ੍ਰ)

Prof. Dr. Harnam Singh Shan
Principal Project Investigator
U.G.C. Research Project on Sikh...
...16, Chandigarh

**ਜਣੇ ਖਣੇ ਦੀ ਰੰਨ । ਜਾਂ ਜਣੇ ਖਣੇ ਦੀ ਭਾਬੀ ।**

**ਭਾਵ** :—ਕਿਸੇ ਨੂੰ ਹਰ ਕਿਸੇ ਦੇ ਆਖੇ ਲਗਣਾ ਪਵੇ ਜਾਂ ਖੁਸ਼ਾਮਦ ਕਰਨੀ ਪਵੇ ।

**ਵਰਤੋਂ** :—ਅਸੀਂ ਲੋਕ ਜਣੇ ਖਣੇ ਦੀ ਰੰਨ ਹੋਏ ਕੀ ਕਰੀਏ । ਰੁਜ਼ਗਾਰ ਜੋ ਕਰਨਾ ਹੋਇਆ ।
(ਚਿਟਾ ਲਹੂ—ਨਾਨਕ ਸਿੰਘ)

**ਜਣੇ ਜਣੇ ਦੀ ਲਕੜੀ, ਇਕ ਜਣੇ ਦਾ ਬੋਝ ।**

**ਭਾਵ** :—ਇਕੱਠੇ ਮਿਲਕੇ ਕੰਮ ਕਰਨ ਵਿੱਚ ਬਰਕਤ ਹੈ ।

**ਵਰਤੋਂ** :—ਭਾਈ ਜੀ ਨੇ ਪੈਸਾ ਪੈਸਾ ਮੰਗ ਕੇ ਸਾਧੂ ਨੂੰ ਚਾਰ ਰੁਪਈਏ ਇਕਠੇ ਕਰਵਾ ਦਿੱਤੇ । ਜਣੇ ਜਣੇ ਦੀ ਲਕੜੀ ਇਕ ਜਣੇ ਦਾ ਬੋਝ' ਬਣ ਗਈ । (ਸੰਗ੍ਰ)

**ਜੱਥਾ ਕਾਲੀਂ, ਤਥਾ ਧੌਲੀਂ ।**

**ਭਾਵ** :—ਹਰ ਅਵਸਥਾ ਜਾਂ ਹਾਲ ਵਿੱਚ ਇਕੋ ਜਿਹਾ ਹੋਣਾ ।

**ਵਰਤੋਂ** :—ਰੁਕਮਣੀ—ਸਸੀ ! ਤੁਸੀਂ ਜਿਹੋ ਜਿਹੇ ਜਵਾਨੀ ਵਿਚ ਸਾਓ ਉਹੋ ਜਿਹੇ ਹੀ ਹੁਣ ਬੁਢੇਪੇ ਵੇਲੇ ਵੀ ਹੋ, ਤੁਸਾਡਾ ਤਾਂ ਇਹ ਹਾਲ ਹੈ ਕਿ 'ਜੱਥਾ ਕਾਲੀ, ਤੱਥਾ ਧੌਲੀ' ਰਤਾ ਜਿਨਾ ਵੀ ਫ਼ਰਕ ਨਹੀਂ ਪਿਆ । (ਸੰਗ੍ਰ)

**ਜਥਾ ਰਾਜਾ ਤਥਾ ਪਰਜਾ ।**

**ਭਾਵ** :—ਜਿਹੋ ਜਿਹੀ ਹਾਕਮਾਂ ਦੀ ਰਹਿਣੀ ਬਹਿਣੀ ਹੋਵੇ, ਉਹੋ ਜਿਹੀ ਪਰਜਾ ਦੀ ਹੋ ਜਾਂਦੀ ਹੈ ।

**ਵਰਤੋਂ** :—ਸਗੋਂ ਪੱਛਮੀ ਲੋਕਾਂ ਨੇ ਤਾਂ ਸਫ਼ਾਈ ਸਿਖਾਈ ਹੈ ਤੇ 'ਜਥਾ ਰਾਜਾ ਤਥਾ ਪਰਜਾ' ਹੋਣਾ ਚਾਹੀਦਾ ਹੈ ।

**ਜਦ ਤਕ ਸਾਸ ਤਦ ਤਕ ਆਸ ।**

**ਭਾਵ** :—ਜਦ ਤਕ ਸਵਾਸ ਆਉਂਦੇ ਹਨ, ਬਚ ਜਾਣ ਦੀ ਆਸ ਬੱਝੀ ਰਹਿੰਦੀ ਹੈ ।

**ਵਰਤੋਂ** :—ਨਿਕੀ ਦਾ ਹਾਲ ਮਾੜਾ ਹੀ ਹੈ, ਪਰ 'ਜਦ ਤਕ ਸਾਸ ਤਦ ਤਕ ਆਸ' । ਮਤਾਂ ਰੱਬ ਖ਼ੈਰ ਹੀ ਕਰੇ । (ਸੰਗ੍ਰ)

**ਜਦ ਤੋਂ ਜੰਮੇ ਬੋਦੀਉਂ ਲੰਮੇ ।**

**ਭਾਵ** :—ਜਦ ਚਿਰਾਂ ਤੋਂ ਕੋਈ ਭੈੜੀ ਆਦਤ ਦਾ ਸ਼ਿਕਾਰ ਹੋਵੇ ।

**ਵਰਤੋਂ** :— ਰਾਮ ਕੌਰ—ਮਾਸੀ ਜੀ ! ਅਫ਼ੀਮ ਦੀ ਚੰਦਰੀ ਆਦਤ ਕਦ ਤੋਂ ਪਾ ਲਈ ਜੇ ? ਮਾਸੀ—ਕੀ ਪੁਛਦੇ ਓ । 'ਜਦ ਤੋਂ ਜੰਮੇ ਬੋਦੀਓਂ ਲੰਮੇ ।' ਸਾਡਾ ਤਾਂ ਹਮੇਸ਼ ਹੀ ਇਹੋ ਹਾਲ ਰਿਹਾ ਏ । (ਸੰਗ੍ਰ)

**ਜਦ ਦਰਗਾਹੇ ਨੂੰ ਜਾਣਾ ਏ ਤਾਂ ਮਜੌਰਾਂ ਦੀ ਮਾਂ ਦਾ ਕੀ ਪੁਛਣਾ ?**

**ਭਾਵ** :—ਜਦ ਪੁਜਣ ਵਾਲੀ ਥਾਂ ਦਾ ਪਤਾ ਹੈ ਤਦ ਕਿਸੇ ਦੀ ਸਿਫਾਰਸ਼ ਦੀ ਕੀ ਲੋੜ ?

**ਵਰਤੋਂ** :—ਕਿਰਤੀ — ਸਾਥੀਆ, ਜਦ ਮਿਥੇ ਹੋਏ ਟਿਕਾਣੇ ਤੇ ਹੀ ਅਪੜਨਾ ਹੈ, ਤਦ ਗਾਮੇ ਮਾਹਜੇ ਦੀ ਕੀ ਮੁਥਾਜੀ ? ਜਦ ਦਰਗਾਹੇ ਨੂੰ ਜਾਣਾ ਏ ਤਾਂ ਮਜੌਰਾਂ ਦੀ ਮਾਂ ਦਾ ਕੀ ਪੁਛਣਾ ? (ਸੰਗ੍ਰ)

**ਜਦ ਦੇ ਜੰਮੇ ਚੰਦਰਭਾਨ, ਚੁਲ੍ਹੇ ਅਗ ਨਾ ਮੰਜੇ ਵਾਣ ।**

**ਭਾਵ** :—ਕਿਸੇ ਭੈੜੇ ਆਦਮੀ ਦੇ ਜੰਮਨ ਨਾਲ (ਜਾਂ ਮੇਲ ਸਮੇਂ ਤੋਂ) ਘਰ ਦੀ ਹਾਲਤ ਅਗੇ ਨਾਲੋਂ ਬਹੁਤ ਮਾੜੀ ਹੋ ਜਾਵੇ ਤਦ ਵਰਤਦੇ ਹਨ ।

**ਵਰਤੋਂ** :—ਸੁਖੀ—ਭੈਣ ! ਬੁਰਾ ਨਾ ਜਾਣੀ, ਜਦ ਤੋਂ ਇਹ ਮੁੰਡਾ ਹੋਇਆ ਹੈ ਤਦ ਤੋਂ ਹਥ ਪਿਛੇ ਹੀ ਪਿਛੇ ਹੈ । ਅਖੇ 'ਜਦ ਤੋਂ ਜੰਮੇ ਚੰਦਰ ਭਾਨ ਚੁਲੇ ਅਗ ਨਾ ਮੰਜੇ ਵਾਣ' ਵਾਲਾ ਲੇਖਾ ਹੈ । (ਸੰਗ੍ਰ)

## ਜਦ ਰੱਬ ਦੇਣ ਰਗਦਾ ਏ, ਛੱਤ ਪਾੜ ਕੇ ਦੇਂਦਾ ਏ ।

**ਭਾਵ** :—ਰਬ ਦੇਣ ਲਗੇ ਤਾਂ ਸੌ ਰਾਹ ਕਢ ਕੇ ਦੇਂਦਾ ਹੈ ।

**ਵਰਤੋਂ** :—ਬਨਤੇ ਨੂੰ ਇਹ ਕੰਮ ਕਾਹਦਾ ਔਖਾ ਸੀ । ਦਿਲ ਹੀ ਦਿਲ ਵਿਚ ਬੜਾ ਖੁਸ਼, ਆਖੇ ਸਚਮੁਚ 'ਜਦੋਂ ਰਬ ਦੇਣ ਲਗਦਾ ਏ ਛਤ ਪਾੜ ਕੇ ਦੇਂਦਾ ਏ ।'

(ਅਦਬੀ ਅਫ਼ਸਾਨੇ—ਜੋਸ਼ੂਆ ਫ਼ਜ਼ਲਦੀਨ)

## ਜਦੋਂ ਸਪ ਦੀ ਮੌਤ ਆਉਂਦੀ ਏ, ਚੋਰਾਹੇ ਵਿੱਚ ਆ ਕੇ ਸੌਂਦਾ ਏ ।

**ਭਾਵ** :—ਜਦ ਕਿਸੇ ਦੇ ਮਾੜੇ ਦਿਨ ਆਉਂਦੇ ਹਨ, ਤਾਂ ਉਹ ਹਰ ਇਕ ਨਾਲ ਖਹਿਬੜਦਾ ਫਿਰਦਾ ਹੈ ।

**ਵਰਤੋ** :—ਨਵਾਬ ਔਛਾ ਇਹ ਗਲ ? ਜਦੋਂ ਸਪ ਦੀ ਮੌਤ ਆਉਂਦੀ ਏ, ਚੋਰਾਹੇ ਵਿਚ ਆ ਆ ਕੇ ਸੌਂਦਾ ਏ, ਗਿਦੜ ਸ਼ੇਰ ਦੇ ਦੁਆਲੇ ਭਉਂਦਾ ਏ, ਕੀੜੀਆਂ ਨੂੰ ਖੰਭ ਨਿਕਲ ਆਉਂਦੇ ਨੇ ਤੇ ਜਦੋਂ ਸਿਆਲਾਂ ਦੀ ਸ਼ਾਮਤ ਆਵੇ ਜਿੰਦੜੀ ਨਾਲ ਮਥਾ ਲਾਂਦੇ ਨੇ ।

(ਹੀਰ ਸਿਆਲ—ਬਾਬੂ ਫ਼ੀਰੋਜ਼ ਦੀਨ ਸ਼ਰਫ਼)

## ਜਦੋਂ ਗਿਦੜ ਦੀ ਮੌਤ ਆਉਂਦੀ ਏ, ਜੱਟ ਦੀ ਮਹੋੜੀ ਨਾਲ ਆ ਖਹਿੰਦਾ ਹੈ ।

**ਭਾਵ** :—ਜਦ ਕਿਸੇ ਦੇ ਭੈੜੇ ਦਿਨ ਆਉਂਦੇ ਹਨ, ਉਹ ਖਾਹ-ਮਖਾਹ ਡਾਢੇ ਨਾਲ ਛੇੜਖਾਨੀ ਕਰ ਬਹਿੰਦਾ ਹੈ ।

**ਵਰਤੋਂ** :—ਵਾਸੂ—ਜਦੋਂ ਗਿਦੜ ਦੀ ਮੌਤ ਆਉਂਦੀ ਏ ਜੱਟ ਦੀ ਮੋਹੜੀ ਨਾਲ ਆ ਖਹਿੰਦਾ ਏ । ਵੇਖੀ ਤਾਂ ਸਹੀ ਕੀ ਬਣਦਾ ਏ ।

[ਰਾਜਾ ਪੋਰਸ—ਪ੍ਰੋ: ਹਰਚਰਨ ਸਿੰਘ]

## ਜ਼ਨ ਦਾ ਮੁਰੀਦ ਤੇ ਦਲੀਚਾ ਖਰਾਬ ।

**ਭਾਵ**—ਜਦ ਮਰਦ ਇਸਤਰੀ ਦਾ ਗ਼ੁਲਾਮ ਬਣ ਬਹੇ ਤੇ ਜ਼ਨਾਨੀ ਘਰ ਵਲ ਉੱਕਾ ਧਿਆਨ ਨਾ ਦੇਵੇ ਤਾਂ ਵਰਤਦੇ ਹਨ ।

**ਵਰਤੋਂ**—'ਜ਼ਨ ਦਾ ਮੁਰੀਦ ਤੇ ਦਲੀਚਾ ਖਰਾਬ', ਜ਼ਨਾਨੀ ਦੇ ਆਖੇ ਲਗ ਕੇ ਉਸ ਨੇ ਝੁਗਾ ਚੌੜ ਕਰ ਲਿਆ ਹੈ । (ਸੰਗ੍ਰ)

## ਜਨ (ਨਾਂ) ਵੱਡਾ, ਦੇਹ ਸੁੰਜ ।

**ਭਾਵ**—ਪਲੇ ਕੁਝ ਨਾ ਹੋਵੇ ਤੇ ਬਾਹਰੋਂ ਸੂੰਕਾ ਸ਼ਾਂਕੀ ਬੜੀ ਹੋਵੇ ।

**ਵਰਤੋਂ** :—ਉਸ ਦਾ ਤਾਂ ਇਹ ਹਾਲ ਹੈ ਅਖੇ "ਜਨ ਵੱਡਾ, ਦੇਹ ਸੁੰਜ' । ਪਲੇ ਠੀਕਰੀਆਂ, ਨਾਉਂ ਨਰੈਣ ਦਾਸ । ਬੱਸ ਚੁਪ ਹੀ ਭਲੀ ਹੈ ।(ਸੰਗ੍ਰ)

## ਜਨਮ ਨਾ ਕੰਘੀ ਵਾਹੀ ਸਵਾਧਾ ਵਿੰਗ ।

**ਭਾਵ** :—ਕੰਮ ਤਾ ਕਦੇ ਕੀਤਾ ਨਹੀਂ, ਠੀਕ ਕਿਵੇਂ ਹੋਵੇ ?

**ਵਰਤੋਂ** :—ਸਵਰਨ—ਕਾਕੀ ਜੇ ਤੂੰ ਕੰਮ ਕਰਦੀ ਰਵੇਂ ਤਾਂ ਜਾਚ ਵੀ ਆ ਜਾਵੇ ਤੇ ਸਾਰੇ ਕੰਮ ਠੀਕ ਹੋ ਪੈਣ । ਪਰ ਤੇਰਾ ਉਹ ਹਾਲ ਹੈ ਅਖੇ 'ਜਨਮ ਨਾ ਕੰਘੀ ਵਾਹੀ ਤੇ ਸਵਾਧਾ ਵਿੰਗ' ਹੁਣ ਦੋਸ਼ ਕਿਸ ਨੂੰ ਦੇਈਏ ? (ਸੰਗ੍ਰ)

## ਜਨਮ ਨਾਂ ਕੰਘੀ ਵਾਹੀ ਤੇ ਸਿਰ ਬੁਕ ਬੁਕ ਲੀਖਾਂ ।

**ਭਾਵ** :—ਬੇਪਰਵਾਹੀ ਨਾਲ ਜੇ ਕੰਮ ਕੀਤਾ ਜਾਵੇ ਤਾਂ ਫਲ ਮਾੜਾ ਹੀ ਨਿਕਲਦਾ ਹੈ ।

**ਵਰਤੋਂ** :—ਪਾਰਬਤੀ—ਭੈਣ ਲੱਛਮੀ; ਤੂੰ ਕਦੇ ਵੀ ਕੋਈ ਕੰਮ ਧਿਆਨ ਨਾਲ ਨਹੀਂ ਕਰਦੀ, ਵਿਗੜਨਾ ਤਾਂ ਕੰਮ ਨੇ ਆਪੇ ਹੋਇਆ । ਜਿਨ੍ਹਾਂ ਜਨਮ ਨਾ ਕੰਘੀ ਵਾਹੀ ਉਨ੍ਹਾਂ ਦੇ ਸਿਰ ਬੁਕ ਬੁਕ ਲੀਖਾਂ, ਤਾਂ ਹੋਣੀਆਂ ਹੀ ਹੋਈਆਂ । (ਸੰਗ੍ਰ)

**ਜ਼ਨਾਨੀ ਦੀ ਮੱਤ ਖੁਰੀ ਪਿਛੇ ।**

**ਭਾਵ**—ਇਸਤ੍ਰੀਆਂ ਜਦ 'ਸਿਆਣਪ ਤੋਂ' ਕੰਮ ਨਾ ਲੈਣ ਤੇ ਕੰਮ ਵਿਗਾੜ ਦੇਣ, ਤਾਂ ਵਰਤਦੇ ਹਨ । ਪੁਰਾਣਾ ਖਿਆਲ ਹੈ ।

**ਵਰਤੋਂ** ;—

ਲ੍ਹਾਨਤ ਸਾਡੀ ਅਕਲ ਨੂੰ, ਖੁਰੀ ਜਿਨ੍ਹਾਂ ਦੀ ਮੱਤ ।
ਸਾਇਤ ਵੇਲਾ ਗੁਜ਼ਰਿਆ ਹੱਥ ਨਾ ਆਵੇ ਵੱਤ ।
[ਮੁਕਬਲ ਸ਼ਾਹ]

**ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥**

**ਭਾਵ** :—ਜਦ ਆਦਮੀ ਗ਼ਰੀਬ ਹੋ ਜਾਵੇ ਤਾਂ ਸਾਰੇ ਸਾਥ ਛਡਕੇ ਚਲੇ ਜਾਂਦੇ ਹਨ ।

**ਵਰਤੋਂ** :—

"ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉਂ ਲਾਗੇ ॥
ਜਬ ਹੀ ਨਿਰਧਨ ਦੇਖਿਓ ਨਰ ਕਉ
ਸੰਗੁ ਛਾਡਿ ਸਭਿ ਭਾਗੇ ॥
[ਗੁਰੂ ਗ੍ਰੰਥ-ਸੋਰਠ ਰਾਗ]

**ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗ ਨਿਹਚਲੁ ਨਾਹੀ ਚੀਤ ॥**

**ਭਾਵ** :—ਜਦ ਤਕ ਬੰਦਾ ਦੋਸਤ ਤੇ ਦੁਸ਼ਮਨ ਬਣਾਉਨ ਦੇ ਆਹਰ ਵਿਚ ਲਗਾ ਰਹਿੰਦਾ ਹੈ, ਤਦ ਤਕ ਇਸ ਮਨ ਨੂੰ ਸ਼ਾਂਤੀ ਜਾਂ ਟਿਕਾਉ ਪ੍ਰਾਪਤ ਨਹੀਂ ਹੁੰਦਾ ।

**ਵਰਤੋਂ** :—

ਜਬ ਧਾਰੈ ਕੋਊ ਬੈਰੀ ਮੀਤੁ ॥
ਤਬ ਲਗ ਨਿਹਚਲੁ ਨਾਹੀ ਚੀਤੁ ॥
(ਗੁਰੂ ਗ੍ਰੰਥ—ਸੁਖਮਨੀ)

**ਜਬ ਲਗ ਸਿੰਘ ਰਹੇ ਬਨ ਮਾਹਿ ॥ ਤਬ ਲਗੁ ਬਨੁ ਫੂਲੇ ਹੀ ਨਾਹਿ ॥**

**ਭਾਵ** :—ਜਦ ਤਕ ਹੰਕਾਰ ਰੂਪ ਸ਼ੇਰ ਸ੍ਰੀਰ ਰੂਪੀ ਬਨ ਵਿਚ ਵਸਦਾ ਹੈ, ਤਦ ਤਾਈਂ ਇਹ ਸ੍ਰੀਰ ਪਰਫੁੱਲਤ ਨਹੀਂ ਹੋ ਸਕਦਾ ।

**ਵਰਤੋਂ** :—

ਜਬ ਲਗ ਸਿੰਘ ਰਹੈ ਬਨ ਮਾਹਿ ॥
ਤਬ ਲਗੁ ਬਨੁ ਫੂਲੈ ਹੀ ਨਾਹਿ ॥
(ਗੁਰੂ ਗ੍ਰੰਥ—ਭੈਰਉ ਕਬੀਰ ਜੀ)

**ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥**

**ਭਾਵ** :—ਜਦ ਤਕ ਬੰਦਾ ਹੰਕਾਰ ਵਿਚ ਮਤਾ ਹੈ। ਕੋਈ ਕੰਮ ਸਿਰੇ ਨਹੀਂ ਚੜ੍ਹ ਸਕਦਾ ।

**ਵਰਤੋਂ** :—ਮੇਰੇ ਜੀ ਨੂੰ ਜੋ ਕੁਝ ਹੋਇਆ ਹੈ...ਹੁਣ ਇਹ 'ਮੇਰੀ' ਕਰਕੇ ਹੀ ਹੋਇਆ ਹੈ ਤੇ ਗੁਰੂ ਜੀ ਦਾ ਵਾਕ ਹੈ :—ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥
(ਸਤਵੰਤ ਕੌਰ—ਡਾ: ਭਾਈ ਵੀਰ ਸਿੰਘ)

**ਜਮਾਤ ਕਰਾਮਾਤ ਹੈ ।**

**ਭਾਵ** :--ਇਕੱਠੇ ਰਹਿਣ ਵਿਚ ਹੀ ਬਰਕਤ ਤੇ ਵਡਿਆਈ ਹੈ ।

**ਵਰਤੋਂ** :—'ਜਮਾਤ ਕਰਾਮਾਤ ਹੈ' ਜਿਸ ਕੰਮ ਨੂੰ ਵੀ ਚਾਰ ਬੰਦੇ ਰਲ ਕੇ ਕਰਨ, ਉਹ ਸੌਖਾ ਹੋ ਜਾਂਦਾ ਹੈ । (ਸੰਗ੍ਰ)

**ਜ਼ਮਾਨੇ ਨੂੰ ਹੀ ਅੱਗ ਲਗ ਗਈ ਏ ।**

**ਭਾਵ** :—ਜਦ ਕੋਈ ਵੀ ਕਿਸੇ ਦੀ ਸਿਖਿਆ ਨਾ ਸੁਣੇ ਜਾਂ ਹਰ ਕੋਈ ਉਲਟੀ ਹੀ ਗਲ ਕਰੇ, ਤਦ ਵਰਤਦੇ ਹਨ ।

**ਵਰਤੋਂ** :— ਇੰਦਰ—ਬਸ ਇਕ ਤੂੰ ਹੀ ਚਤਰ ਜੰਮ ਪਿਆ । ਹੋਰ ਤਾਂ ਸਭ ਮੂਰਖ ਬਣ ਗਏ (ਗੁਸੇ ਨਾਲ ਮੂੰਹ ਦੂਜੇ ਪਾਸੇ ਫੇਰ ਕੇ) ਬੱਚਾ, ਤੇਰੇ ਵਸ ਦੀ ਗਲ ਨਹੀਂ, ਜ਼ਮਾਨੇ ਨੂੰ ਅਗ ਲਗੀ ਹੋਈ ਏ । ਪੜ੍ਹ, ਲਿਖ ਕੇ, ਖੌਰੇ ਉਨ੍ਹਾਂ ਦੀ ਮਤ ਨੂੰ ਕੀ ਹੋ ਜਾਂਦਾ ਹੈ ।
[ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ]

**ਜ਼ਮੀਨ ਓਹੋ ਰਾਣੀ, ਜਿਸ ਦੇ ਸਿਰ ਪਾਣੀ ।**

**ਭਾਵ** :—ਪੈਲੀ ਉਹੀ ਚੰਗੀ ਹੈ ਜਿਸ ਨੂੰ ਪਾਣੀ ਮਿਲੇ ।

**ਵਰਤੋਂ** :—ਸਰਦਾਰ ਜੀ ! 'ਜ਼ਮੀਨ ਓਹੋ ਰਾਣੀ, ਜਿਸ ਦੇ ਸਿਰ ਪਾਣੀ'; ਪਾਣੀ ਬਾਝੋਂ ਖੇਤੀ ਕਿਵੇਂ ਹੋਵੇ ? (ਸੰਗ੍ਰ)

**ਜ਼ਮੀਨ ਨੂੰ ਵਾਹ ਤੇ ਖੰਡ ਖੀਰ ਖਾਹ ।** ਵੇਖੋ :—ਜਿਨੀ ਗੋਡੀ ਉੱਨੀ ਡੋਡੀ ।

**ਭਾਵ** :—ਚੰਗੀ ਵਾਹੀ ਕਰੋ ਤੇ ਰਜ ਕੇ ਖਾਓ ।

**ਵਰਤੋਂ** :—ਦੌਲਤਾਂ ! ਤੂੰ ਸੁਣਿਆ ਨਹੀਂ ਜੇ, ਅਖੇ ਜ਼ਮੀਨ ਨੂੰ ਵਾਹ ਤੇ ਖੰਡ ਖੀਰ ਖਾਹ ! ਜਿੰਨੀ ਮਿਹਨਤ ਕਰੇਂਗਾ ਓਨਾ ਹੀ ਫਲ ਪਾਏਂਗਾ । (ਸੰਗ੍ਰ)

**ਜਰ ਆਈ ਜੋਬਨਿ ਹਾਰਿਆ ।**

**ਭਾਵ** :—ਬੁਢੇਪਾ ਆਉਣ ਕਰਕੇ ਜੋਬਨ ਚਲਾ ਗਿਆ ।

**ਵਰਤੋਂ** :—

ਕਰਿ ਫੁਰਮਾਇਸ ਖਾਇਆ
ਵੇਖ ਮਹਲਤਿ ਮਰਣੁ ਵਿਸਾਰਿਆ ॥
ਜਰੁ ਆਈ ਜੋਬਨਿ ਹਾਰਿਆ ॥

(ਗੁਰੂ ਗ੍ਰੰਥ—ਆਸਾ ਰਾਗ)

**ਜ਼ਰ, ਜੋਰੂ, ਜ਼ਮੀਨ, ਤਿਨੇ ਅਪਤਾ ਦਾ ਮੂਲ ।**

**ਭਾਵ** :—ਧਨ, ਇਸਤ੍ਰੀ ਤੇ ਜ਼ਮੀਨ, ਹਰ ਲੜਾਈ ਦਾ ਮੂਲ ਹਨ ।

**ਵਰਤੋਂ** :—ਪੰਚ—ਸਜਨੋ ! ਸਾਰੇ ਸਿਆਪੇ ਦੀ ਜੜ੍ਹ ਤਾਂ ਜਾਨਕੀ ਹੀ ਹੈ ਨਾ, ਇਸ ਦਾ ਮਾਮਲਾ ਨਿਪਟ ਜਾਣ ਨਾਲ ਸੁਲਾਹ ਹੋ ਜਾਵੇਗੀ । ਜ਼ਰ, ਜੋਰੂ, ਜ਼ਮੀਨ ਤਿਨੇ ਅਪਤਾ ਦਾ ਮੂਲ' ਸੋ ਜਾਨਕੀ ਵਾਲਾ ਮਾਮਲਾ ਪਹਿਲਾ ਨਿਜਠੋ । (ਸੰਗ੍ਰ)

**ਜ਼ਰ ਬਿਨਾਂ ਇਸ਼ਕ ਟੈਂ ਟੈਂ ।**

**ਭਾਵ** :—ਪੈਸੇ ਬਿਨਾ ਪ੍ਰੇਮ ਦਾ ਵੀ ਕੋਈ ਸੁਆਦ ਨਹੀਂ ਮਾਣਿਆ ਜਾ ਸਕਦਾ ।

**ਵਰਤੋਂ** :—ਨੱਠ ਗਈ ਏ ਵਹੁਟੀ ਵਿਚਾਰੇ ਗਰੀਬ ਦੀ । ਸੱਚ ਹੈ 'ਜ਼ਰ ਬਿਨਾਂ ਇਸ਼ਕ ਟੈਂ ਟੈਂ' । (ਸੰਗ੍ਰ)

**ਜ਼ਰ ਭੀ ਗਿਆ ਤੇ ਯਾਰੀ ਭੀ ਗਈ ।**

**ਭਾਵ** :—ਜਦ ਧਨ ਉਧਾਰ ਦੇ ਕੇ ਬੰਦਾ ਕਿਸੇ ਮਿੱਤਰ ਨੂੰ ਹੀ ਗੁਆ ਬੈਠੇ ।

**ਵਰਤੋਂ** :—ਗੰਗਾ ਰਾਮ ! 'ਜ਼ਰ ਭੀ ਗਿਆ ਤੇ ਯਾਰੀ ਭੀ ਗਈ' ਮਿੱਤਰ ਨੂੰ ਉਧਾਰ ਕੀ ਦਿੱਤਾ, ਮਿੱਤਰਤਾ ਵੀ ਜਾਂਦੀ ਰਹੀ । ਹੁਣ ਉਹ ਮੇਰੇ ਮੱਥੇ ਹੀ ਨਹੀਂ ਲਗਦਾ । (ਸੰਗ੍ਰ)

**ਜਲ ਮਿਲਿਆ, ਪਰਮੇਸ਼ਰ ਮਿਲਿਆ ।**

**ਭਾਵ** :—ਪਾਣੀ ਦੇ ਗੁਣਾਂ ਨੂੰ ਵੇਖ ਕੇ ਰਬ ਚੇਤੇ ਆ ਜਾਂਦਾ ਹੈ ।

**ਵਰਤੋਂ** :—ਪਾਣੀ ਪੀਣ ਨਾਲ ਕਿੰਨੀ ਠੰਢ ਪੈਂਦੀ ਹੈ । 'ਜਲ ਮਿਲਿਆ ਪਰਮੇਸ਼ਰ ਮਿਲਿਆ' ਵਾਲੀ ਗਲ ਹੋ ਜਾਂਦੀ ਹੈ । (ਸੰਗ੍ਰ)

**ਜਲ੍ਹਣ ਜੱਟ ਗਲ ਗੰਢਿਆ ਦੀ ਮਾਲਾ, ਜਪੂ ਜਪੂ ਨਹੀਂ ਤੇ ਖਾਊ ਸੁਖਾਲਾ ।**

**ਭਾਵ** :— ਜਦ ਕਿਸੇ ਪਾਸੋਂ ਥੋੜਾ ਬਾਹਲਾ ਲਾਭ ਜ਼ਰੂਰ ਹੋਵੇ ।

**ਵਰਤੋਂ** :—ਮਾਸਟਰ ਜੀ ! ਖਿਆਲ ਤੇ ਹੈ ਕਿ ਬੰਸ ਪਾਸੋਂ ਕੁਝ ਨਾ ਕੁਝ ਕੰਮ ਮੈਂ ਜ਼ਰੂਰ ਹੀ ਕਰਵਾ ਲਵਾਂਗਾ; ਨੁਕਸਾਨ ਦਾ ਕੋਈ ਖ਼ਤਰਾ ਨਹੀਂ ਅਸੀਂ ਤਾਂ ਇਹ ਲੇਖਾ ਲਾਇਆ ਹੈ ਕਿ 'ਜਲ੍ਹਣ ਜੱਟ ਗਲ ਗੰਢਿਆ ਦੀ ਮਾਲਾ, ਜਪੂ ਜਪੂ ਨਹੀ ਤੇ ਖਾਊ ਸੁਖਾਲਾ ।' (ਸੰਗ੍ਰ)

**ਜਵਾਂ, ਕੂੰਜਾਂ, ਮਿਹਣਾ ਜੇ ਰਹਿਣ ਬਿਸਾਖ।**

**ਭਾਵ** :—ਕੂੰਜਾਂ ਦੇ ਡਾਰ ਜਾਂ ਜੌਂ ਵਿਸਾਖ ਮਹੀਨੇ ਵਿਚ ਖੜੇ ਰਹਿਣ ਤਾਂ ਠੀਕ ਨਹੀਂ।

**ਵਰਤੋਂ** :—ਚੌਧਰੀ ਜੀ, ਵਿਸਾਖ ਕੀ ਆਖ ਤੇ ਕੂੰਜਾਂ ਦਾ ਛਪੜਾਂ ਵਿੱਚ ਆਉਣਾ ਕੀ ਆਖ? ਸਿਆਣਿਆਂ ਨੇ ਇਸੇ ਕਰਕੇ ਕਿਹਾ ਹੈ ਕਿ "ਜਵਾਂ ਕੂੰਜਾ ਮਿਹਣਾ, ਜੇ ਰਹਿਣ ਬਿਸਾਖ।" (ਸੰਗ੍ਰ)

**ਜਵਾਂ ਤੋਂ ਕਣਕ ਵਟਾ ਲੈ, ਘਰੋਂ ਲੜ ਕੇ ਆਈਆਂ।**

**ਭਾਵ** :—ਥੋੜੇ ਮੁਲ ਦੀ ਚੀਜ਼ ਦੇ ਕੇ ਬਾਹਲੇ ਮੁਲ ਵਾਲੀ ਲੈਣ ਲਈ ਜ਼ਿੱਦ ਕਰਨੀ।

**ਵਰਤੋਂ** :—'ਜਵਾਂ ਤੋਂ ਕਣਕ ਵਟਾ ਲੈ, ਕੀ ਮੈਂ ਘਰੋਂ ਲੜ ਕੇ ਆਈ ਆਂ? ਜਿਹੋ ਜਿਹੀ ਤੂੰ ਚੀਜ਼ ਦੇਵੇਂਗੀ, ਓਨਾ ਹੀ ਮੁਲ ਮੈਂ ਵੀ ਤਾਰਾਂਗੀ। (ਸੰਗ੍ਰ)

**ਜਵਾਂ ਦਾ ਬੋਹਲ, ਖੋਤਾ ਰਖਵਾਲਾ।**

**ਭਾਵ** :—ਲਾਲਚੀ ਨੂੰ ਕੋਈ ਜ਼ਿਮੇਂ-ਵਾਰੀ ਸੌਂਪਣੀ।

**ਵਰਤੋਂ** :—ਤੁਸੀਂ ਵੀ ਵਹੀ ਖਾਤਾ ਚਮਨ ਲਾਲ ਦੇ ਹਵਾਲੇ ਕਰਕੇ ਬੜੀ ਭੁਲ ਕੀਤੀ ਹੈ। ਉਸ ਪਾਸੋਂ ਅਜੇਹਾ ਜ਼ਿਮੇਵਾਰੀ ਦਾ ਕੰਮ ਸੌਂਪ ਈਮਾਨ-ਦਾਰੀ ਦੀ ਆਸ ਰਖਣੀ 'ਜਵਾਂ ਦੇ ਬੋਹਲ ਲਈ ਖੋਤਾ ਰਖਵਾਲੀ' ਬਿਠਾਣ ਵਾਲੀ ਗਲ ਹੈ। (ਸੰਗ੍ਰ)

**ਜਵਾਨਾਂ ਦੀਆਂ ਸਭ ਰਦ (ਦੂਰ) ਬਲਾਈਂ।**

**ਭਾਵ** :—ਜਵਾਨ, ਅਰੋਗੀ ਨੂੰ ਕਿਸੇ ਗਲ ਦਾ ਡਰ ਨਹੀਂ।

**ਵਰਤੋਂ** :—ਫਕਰ ਨਾ ਕਰ। ਹੌਂਸਲੇ ਤੇ ਹਿੰਮਤ ਨਾਲ ਕੰਮ ਕਰ। ਤੂੰ ਜਵਾਨ ਏਂ। ਡਰ ਕਾਹਦਾ ਏ ਤੈਨੂੰ? 'ਜਵਾਨਾਂ ਦੀਆਂ ਸਭ ਦੂਰ ਬਲਾਈਂ।' (ਸੰਗ੍ਰ)

**ਜੜੀ ਬੂਟੀ ਜੇ ਜੀਵੀਐ, ਕਿਉਂ ਮਰੈ ਧਨੰਤਰ।**

**ਭਾਵ** :—ਜੜੀਆਂ ਬੂਟੀਆਂ ਨਾਲ ਜੇ ਅਮਰ ਜੀਵਨ ਮਿਲ ਜਾਂਦਾ, ਤਾਂ ਧਨੰਤਰ ਵੈਦ ਕਿਉਂ ਮਰਦਾ। ਭਾਵ, ਰੱਬ ਹੀ ਸਭ ਨੂੰ ਮਾਰਦਾ ਜਿਵਾਲਦਾ ਹੈ, ਨਾ ਕਿ ਜੜ੍ਹੀਆਂ ਬੂਟੀਆਂ।

**ਵਰਤੋਂ** :—

ਜੜੀ ਬੂਟੀ ਜੇ ਜੀਵੀਐ ਕਿਉਂ ਮਰੈ ਧਨੰਤਰ।
ਤੰਤ ਮੰਤ ਬਾਜੀਗਰਾਂ ਓਇ ਭਵਹਿ ਦਿਸੰਤਰ।
(ਵਾਰਾਂ—ਭਾਈ ਗੁਰਦਾਸ)

**ਜਾ ਪਤਿ ਲੇਖੈ ਨਾ ਪਵੈ ਸਨਾ ਪੂਜ ਖੁਆਰ॥**

**ਭਾਵ** :—ਜੇ ਰੱਬ ਦਰਗਾਹ ਵਿੱਚ ਇਜ਼ਤ ਪ੍ਰਾਪਤ ਨਾ ਹੋਵੇ ਸਾਰੀ ਪੂਜਾ ਬੇਅਰਥ ਹੈ।

**ਵਰਤੋਂ** :—

ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ॥
ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰ॥
(ਗੁਰੂ ਗ੍ਰੰਥ—ਸ੍ਰੀ ਰਾਗ)

**ਜਾਏ ਸੁਕੇਤ ਹੋਇ ਪ੍ਰੇਤ।**

**ਭਾਵ** :—ਸੁਕੇਤ ਰਿਆਸਤ ਦੇ ਇਲਾਕੇ ਦੀ ਬਦਨਾਮੀ ਕੀਤੀ ਹੈ।

**ਵਰਤੋਂ** :—ਸੁਕੇਤ ਦਾ ਵੀ ਲੋਕਾਂ ਡਾਢਾ ਮਖੌਲ ਉਡਾਇਆ ਹੈ। ਆਖਦੇ ਹਨ ਜਾਏ ਸੁਕੇਤ ਹੋਵੇ ਪ੍ਰੇਤ। (ਸੰਗ੍ਰ)

**ਜਾਏ ਕੁਲੂ, ਹੋਇ ਉਲੂ।**

**ਭਾਵ** :—ਕੁਲੂ ਦੇ ਇਲਾਕੇ ਦੀ ਮੂਰਖਤਾ ਦਸੀ ਹੈ।

**ਵਰਤੋਂ** :—ਕੁਲੂ ਮੂਰਖਾਂ ਦੀ ਵਸਤੀ ਹੈ। ਜਿਹੜਾ ਜਾਏ ਕੁਲੂ ਉਹੀ ਹੋਇ ਉਲੂ। (ਸੰਗ੍ਰ)

**ਜਾਏ ਲਾਖ, ਰਹੇ ਸਾਖ ।**

**ਭਾਵ** :—ਧਨ ਨਾਲੋਂ ਪਤ ਨੂੰ ਵਧੀਕ ਸਮਝਣਾ ਚਾਹੀਦਾ ਹੈ ।

**ਵਰਤੋਂ** :—ਮੈਨੂੰ ਖੁਸ਼ੀ ਹੈ, ਜੁ ਮੇਰੀ ਪੱਤ ਰਹਿ ਗਈ, ਪੈਸੇ ਹੋਰ ਕਮਾ ਲਵਾਂਗੀ । 'ਜਾਏ ਲਾਖ, ਰਹੇ ਸਾਖ' ਫਿਰ ਵੀ ਲਾਭ ਹੈ । (ਸੰਗ੍ਰ)

**ਜਾਏਗਾ ਨਦੌਣ, ਆਏਗਾ ਕੌਣ ।**

**ਭਾਵ** :—ਨਦੌਣ ਦੇ ਔਖੇ ਰਾਹ ਸਬੰਧੀ ਦਸਿਆ ਹੈ ।

**ਵਰਤੋਂ** :—ਕਾਂਗੜੇ ਵਿਚ ਨਦੌਣ ਦਾ ਰਾਹ ਏਨਾ ਔਖਾ ਹੈ, ਜੁ ਆਖਦੇ ਹਨ । 'ਜਾਏਗਾ ਨਦੌਣ ਆਏਗਾ ਕੌਣ' । (ਸੰਗ੍ਰ)

**ਜਾਹ ਜਾਂਦੀਏ ਭਾਵੇਂ ਦੋਵੇਂ ਗਏ ।**

**ਭਾਵ** :—ਜਦ ਕਿਸੇ ਭੇਦ ਦੇ ਖੁਲ੍ਹਣ ਨਾਲ ਦੋਹਾਂ ਧਿਰਾਂ ਨੂੰ ਅਤੀਅੰਤ ਦੁਖ ਪੁਜੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਉਤਰ ਵਿੱਚ ਮਾਇਆ ਨੇ ਸਾਰਾ ਕਿਸਾ ਜਿਉਂ ਦਾ ਤਿਉਂ ਉਸ ਨੂੰ ਸੁਣਾ ਦਿਤਾ । ਵੀਣਾ ਦਾ ਹੇਠਲਾ ਸਾਹ ਹੇਠ ਤੇ ਉਤਲਾ ਉਤੇ ਰਹਿ ਗਿਆ 'ਜਾਹ ਜਾਂਦੀਏ, ਭਾਵੇਂ ਦੋਵੇਂ ਗਏ ।'

(ਪਵਿਤਰ ਪਾਪੀ—ਨਾਨਕ ਸਿੰਘ)

**ਜਾਹ ਧੀਆ ਰਾਵੀ, ਨਾ ਕੋਈ ਆਵੀ, ਨਾ ਕੋਈ ਜਾਵੀ ।**

**ਭਾਵ** :—ਜਦ ਦੂਰ ਘੱਲ ਕੇ ਕਿਸੇ ਨੂੰ ਉਸ ਦੀ ਕਿਸਮਤ ਉਤੇ ਛਡ ਦਿਤਾ ਜਾਵੇ ।

**ਵਰਤੋਂ** :—ਬਚੜੀ ਮਰ ਜਾਂਦੀ ਤਾਂ ਸਬਰ ਦਾ ਘੁਟ ਕੌੜਾ ਕਸੈਲਾ ਹੋ ਕੇ ਲੰਘ ਜਾਂਦਾ...ਹਾਏ ਕੋਈ ਸੋ, ਧੀ ਦੀ ਨਹੀਂ ਪੈਂਦੀ...ਬਚੀ ਚੰਗੀ ਗਈਉ; 'ਜਾਹ ਧੀਆ ਰਾਵੀ, ਨਾ ਕੋਈ ਆਵੀ ਨਾ ਕੋਈ ਜਾਵੀ' । (ਸਤਵੰਤ ਕੌਰ—ਭਾਈ ਵੀਰ ਸਿੰਘ)

**ਜਾਗਦਿਆਂ ਦੀਆਂ ਕਟੀਆਂ, ਸੁਤਿਆਂ ਦੇ ਕਟੇ । ਜਾਂ ਜਾਗਦੇ ਦਾ ਲਖ, ਸੁਤੇ ਦਾ ਕਖ ।**

**ਭਾਵ** :—ਹਰ ਚੀਜ਼ ਦਾ ਲਾਭ ਚੇਤੰਨ ਤੇ ਧਿਆਨ ਦੇਣ ਵਾਲੇ ਨੂੰ ਹੁੰਦਾ ਹੈ । ਅਨ-ਗਹਿਲੀ ਕਰਨ ਵਾਲੇ ਨੂੰ ਘਾਟਾ ਹੁੰਦਾ ਹੈ ।

**ਵਰਤੋਂ** :—ਹੀਰਾ ਸਿੰਘਾ ! ਤੂੰ ਪਿਛਲੇ ਸਾਲ ਬੜਾ ਹੀ ਰੁਪਈਆ ਖਟਿਆ ਹੈ । ਵੀਰ ਸਿੰਘ ਕਹਿਣ ਲਗਾ—ਸੱਚ ਹੈ 'ਜਾਗਦੇ ਦਾ ਲਖ, ਸੁਤੇ ਦਾ ਕਖ' ਖਟਦੇ ਕਿਉਂ ਨਾ । ਕੰਮ ਥੋੜੀ ਮਿਹਨਤ ਨਾਲ ਕੀਤਾ ਹੈ । (ਸੰਗ੍ਰ)

**ਜਾਣਾ ਆਪਣਾ ਵਸ ਤੇ ਆਉਣਾ ਪਰਾਏ ਵਸ ।**

**ਭਾਵ** :—ਕਿਤੇ ਜਾਣਾ ਆਪਣੇ ਅਖਤਿਆਰ ਹੁੰਦਾ ਹੈ, ਪਰ ਆਉਣਾ ਦੂਜੇ ਦੇ ।

**ਵਰਤੋਂ** :—ਮੁੜ ਆਉਣ ਦਾ ਕੀ ਪਤਾ ? 'ਜਾਣਾ ਆਪਣੇ ਵਸ ਤੇ ਆਉਣਾ ਪਰਾਏ ਵਸ' ਕੀ ਦਸਾਂ ? (ਸੰਗ੍ਰ)

**ਜ਼ਾਤ ਦੀ ਕੋਹੜ ਕਿਰਲੀ, ਸ਼ਤੀਰਾਂ ਨੂੰ ਜੱਫੇ ।**

**ਭਾਵ** :—ਆਪਣੀ ਵਿਤ ਥੋੜੀ ਹੋਵੇ ਤੇ ਰੀਸ ਵਡਿਆਂ ਜਾਂ ਤਕੜਿਆਂ ਦੀ ਕਰੇ ।

**ਵਰਤੋਂ** :—ਚੋਧਰੀ ਫਤਹ ਦੀਨ—(ਆਪਣੇ ਆਪ ਨਾਲ) ਕੁਤਾ, ਕਮੀਨਾ, ਜ਼ਾਤ ਦੀ ਕੋਹੜ ਕਿਰਲੀ ਸ਼ਤੀਰਾਂ ਨਾਲ ਜੱਫੇ । ਆਇਆ ਏ ਮੇਰਾ ਕੁੜਮ ਬਣਨ । ਸ਼ੋਹਦਾ ਕਿਸੇ ਥਾਂ ਦਾ । ਇਹਨੇ ਸਮਝਿਆ ਕੀ ਸਾਨੂੰ ?

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲਦੀਨ)

**ਜ਼ਾਤ ਦੀ ਗਧੋ, ਬੋਹਲ ਦੀ ਰਾਖੀ ।**

**ਭਾਵ** :—ਲਾਲਚੀ ਨੂੰ ਉਸ ਚੀਜ਼ ਦਾ ਰਾਖਾ ਛਡਣਾ, ਜਿਸ ਦੀ ਉਸ ਨੂੰ ਆਪ ਲੋੜ ਹੋਵੇ ।

ਗੈਰ ਜ਼ਿੰਮੇਵਾਰ ਨੂੰ ਜ਼ਿੰਮੇਵਾਰੀ ਦਾ ਕੰਮ ਸੌਂਪਣਾ ।

**ਵਰਤੋਂ** :—ਇਸ ਸਾਰੀ ਖ਼ਰਾਬੀ ਦੀ ਅਸਲੀ ਜ਼ਿਮੇਵਾਰ ਤਾਂ ਤੁਸੀਂ ਆਪ ਹੀ ਹੋ, ਜਿਸ ਨੇ ਕਰਮੂ ਨੂੰ ਇਹ ਕੰਮ ਸੌਂਪਿਆ। ਤੁਸਾਡੇ ਪਾਸੋਂ ਉਸ ਦਾ ਹਾਲ ਕੋਈ ਛਿਪਿਆ ਹੋਇਆ ਸੀ ? ਫਿਰ ਤੁਸੀਂ ਜ਼ਾਤ ਦੀ ਗਧੋ ਨੂੰ ਬੋਹਲ ਦੀ ਰਾਖੀ, ਕਿਉਂ ਬਿਠਾ ਛਡਿਆ । (ਸੰਗੂ)

## ਜਾਤਾ ਪੋਹ ਨਾ ਮਾਂਹ, ਜ਼ਾਤਾ ਵਾਉ ਕਾ । (ਜਾਤਾ = ਪਾਲਾ)

**ਭਾਵ** :—ਕਰਨੀ ਨਾਲ ਹੀ ਹਰ ਗਲ ਦਾ ਸੰਬੰਧ ਹੈ, ਨਾਂ ਜ਼ਾਤ ਨਾਲ ਨਹੀਂ । ਜਿਵੇਂ ਪਾਲਾ ਮਾਂਹ ਵਿੱਚ ਵੀ ਨਹੀਂ ਦੁਖਾਂਦਾ, ਜੇ ਠੰਢੀ ਹਵਾ ਨਾ ਚਲੇ ।

**ਵਰਤੋਂ** :—

ਭਰ ਜੋਬਨ ਪੀ ਪੂਜ, ਪੂਰਾ ਪਾਈਏ ।
ਸੋਚ ਕੀਏ ਮਦ ਜ਼ਾਤ, ਫਿਰ ਪਛੋਤਾਈਏ ।
ਕਰਨੀ ਉਤਰੇ ਪਾਰ, ਮੌਸਮ ਭਾਉ ਕਾ ।
ਜਾਤਾ ਮੋਹ ਨਾ ਮਾਂਹ, ਜਾਤਾ ਵਾਉ ਕਾ ।

(ਗੁਲਾਮ ਜਲਾਨੀ ਰੋਹਤਕੀ)

## ਜਾਦੂ ਉਹ ਜੋ ਸਿਰ ਚੜ੍ਹ ਬੋਲੇ ।

**ਭਾਵ** :—ਭੈੜਾ ਕੀਤਾ ਹੋਇਆ ਕੰਮ ਆਪਣੇ ਮੂੰਹੋਂ ਉਸ ਦਾ ਭੇਦ ਖੁਲ੍ਹਾ ਦੇਂਦਾ ਹੈ ।

**ਵਰਤੋਂ** ;—ਅਸਾਂ ਤੈਨੂੰ ਕੁਝ ਨਹੀਂ ਆਖਿਆ, ਤੂੰ ਆਪ ਹੀ ਨੰਗਾ ਕੀਤਾ ਏ ਆਪਣੇ ਭੈੜੇ ਬਾਬ ਨੂੰ, 'ਜਾਦੂ ਉਹ, ਜਿਹੜਾ ਸਿਰ ਚੜ੍ਹ ਬੋਲੇ ।' ਨਹੀਂ ਤਾਂ ਸਾਨੂੰ ਕੀ ਪਤਾ ਲਗਣਾ ਸੀ ? (ਸੰਗੂ)

## ਜਾਨ ਜਾਇ ਪਰ ਆਨ ਨਾ ਜਾਇ ।

**ਭਾਵ** :—ਸਭ ਕੁਝ ਜਾਇ ਪਰ ਇਜ਼ਤ ਤੇ ਅਣਖ ਨਾ ਜਾਇ ।

**ਵਰਤੋਂ** :—ਇਨ੍ਹਾਂ ਸਿੱਖਾਂ ਦੀ ਕੀ ਪੁਛਦੇ ਹੋ, 'ਜਾਨ ਜਾਇ ਪਰ ਆਨ ਨਾ ਜਾਇ' ਇਹ ਚੀਜ਼ ਇਨ੍ਹਾਂ ਗੁੜਤੀ ਵਿੱਚ ਲੀਤੀ ਹੈ । (ਸੰ)

## ਜਾਨ ਨਾਲੋਂ ਪੱਤ ਚੰਗੀ ।

**ਭਾਵ** :—ਸਭ ਕੁਝ ਜਾਵੇ ਪਰ ਇੱਜ਼ਤ ਨਾ ਜਾਵੇ ।

**ਵਰਤੋਂ** :—ਅਸਾਂ ਸਿਖਾਂ ਨੂੰ ਇਹ ਚੀਜ਼ ਵਿਰਸੇ ਵਿਚ ਮਿਲੀ ਹੈ ਕਿ ਜ਼ਾਨ ਨਾਲੋਂ ਪਤ ਚੰਗੀ ਏ । (ਸੰ)

## ਜਾਨ ਪਾਲਨ ਤਰਕਾਲਨਾ ਤੇ ਕੁਚੱਜੀ ਮਾਰੇ ਛਾਲਾਂ ।

**ਭਾਵ** :—ਕਵੇਲੇ ਕੋਈ ਗਲ ਕਰਨੀ ।

**ਵਰਤੋਂ** : - ਮਾਮੀ ਜੀ ! ਰਤੀ ਬਹਿ ਜ਼ਾਓ; ਕਿਥੇ ਚਲੇ ਜੇ, ਹਾਲੀ ਤਰਕਾਲਾਂ ਤਾਂ ਨਹੀਂ ਪਈਆਂ । ਤੁਸੀਂ ਤਾਂ ਆਪ ਇਹ ਅਖਾਣ ਕਿਹਾ ਕਰਦੇ ਹੋ ਅਖੇ, 'ਜਾਨ ਪਾਲਨ ਤਰਕਾਲਨਾ ਤੇ ਕੁਚੱਜੀ ਮਾਰੇ ਛਾਲਾਂ ।' (ਸੰਗੂ)

## ਜਾਨ ਬਚੀ, ਲਾਖੋਂ ਪਾਏ ।

**ਭਾਵ** :—ਕਿਸੇ ਵੱਡੀ ਔਕੜ ਵਿਚੋਂ ਜੇ ਕੋਈ ਮਸਾਂ ਜਾਨ ਬਚਾ ਕੇ ਨਿਕਲ ਜਾਵੇ, ਤਦ ਵਰਤਦੇ ਹਨ ।

**ਵਰਤੋਂ** :—ਭਾਈ ਸਾਹਿਬ ਤਾਂ ਦਬਕ ਕੇ ਤਖਤ ਪੋਸ਼ ਥਲੇ ਜਾ ਵੜੇ ਤੇ ਰਾਗੀ ਸਿੰਘ 'ਜਾਨ ਬਚੀ ਲਾਖੋਂ ਪਾਏ' ਵਾਲੀ ਭੇਟ ਲੈ ਕੇ ਜਿਉਂ ਨੰਗੀਂ ਪੈਰੀਂ ਨਸੇ, ਰੇਲ ਦੇ ਸਟੇਸ਼ਨ ਤੇ ਜਾ ਕੇ ਸਾਹ ਲਿਆ । (ਚਿੱਟਾ ਲਹੂ—ਨਾਨਕ ਸਿੰਘ)

## ਜਾਰੈ ਖਸਮੁ ਤ ਰਾਖੈ ਕਵਨਾ ॥

**ਭਾਵ** :— ਜਦ ਮਾਲਕ—ਹਰੀ—ਸਾੜੇ, (ਦੁੱਖ ਦੇਣ ਲਗੇ) ਤਾਂ ਕੌਣ ਬਚਾ ਸਕਦਾ ਹੈ ?

**ਵਰਤੋਂ** :—

ਆਪੇ ਪਾਵਕੁ ਆਪੇ ਪਵਨਾ ।
ਜਾਰੈ ਖਸਮੁ ਤ ਰਾਖੈ ਕਵਨਾ ।

(ਗੁਰੂ ਗ੍ਰੰਥ—ਗਉੜੀ ਕਬੀਰ ਜੀ)

### ਜ਼ਾਲਮ ਤੇ ਜ਼ੁਲਮ ਦਾ ਰੱਬ ਵੈਰੀ ਹੈ।

**ਭਾਵ** :—ਜ਼ਾਲਮ ਤੇ ਜ਼ੁਲਮ ਰੱਬ ਦੇ ਕਹਿਰ ਤੋਂ ਬਚ ਨਹੀਂ ਸਕਦੇ।

**ਵਰਤੋਂ** :—ਫ਼ਿਕਰ ਨਾ ਕਰੋ, ਘਬਰਾਉਣ ਦੀ ਲੋੜ ਨਹੀਂ। ਜ਼ਾਲਮ ਤੇ ਜ਼ੁਲਮ ਦਾ ਰੱਬ ਵੈਰੀ ਏ ਤੇ ਗਰੀਬਾਂ ਦੀ ਮਦਦ ਕਰਨ ਵਾਲਾ ਵੀ ਉਹ ਹੀ ਹੈ। (ਸੰਗ੍ਰ)

### ਜ਼ਾਲਮ ਦੀ ਜੱਫੀ ਮੌਤ ਦੀ ਕੁੜਿਕੀ।

**ਭਾਵ** :—ਵੈਰੀ ਦੀਆਂ ਮਿਠੀਆਂ ਤੇ ਪੋਪਲੀਆਂ ਗਲਾਂ ਵਿੱਚ ਫਸਣ ਨਾਲ ਦੁਖ ਮਿਲਦਾ ਹੈ।

**ਵਰਤੋਂ** :—ਅਜੇ ਵੇਲਾ ਜੇ ਸੰਭਲੋ! ਜ਼ਾਲਮ ਦੇ ਜਾਲ ਵਿੱਚ ਫਸਣ ਤੋਂ ਬਚੋ। ਤੁਹਾਨੂੰ ਦੀਹਦਾ ਨਹੀਂ ? ਕੀ ਇਹ ਦਸਣ ਦੀ ਲੋੜ ਹੈ ਕਿ ਜ਼ਾਲਿਮ ਦੀ ਜੱਫੀ ਮੌਤ ਦੀ ਕੁੜਿਕੀ ਹੈ।

(ਕੌਮੀ ਪਰਵਾਨਾ—ਪ੍ਰੋ: ਕਰਤਾਰ ਸਿੰਘ)

### ਜਿ ਸਭ ਮੈਂ ਜਿਤਿਆ ਤੇ ਟੋਕ ਤੋਂ ਹਾਰਿਆ।

**ਭਾਵ** :—ਵੱਡੀਆਂ ਗਲਾਂ ਤੋਂ ਜਿੱਤ ਜਾਣਾ, ਪਰ ਮਾਮੂਲੀ ਗਲ (ਜਾਂ ਨੁਕਤਾਚੀਨੀ) ਤੋਂ ਹਾਰ ਜਾਣਾ।

**ਵਰਤੋਂ** :—ਇਹ ਅਨੋਖੀ ਗਲ ਏ, ਜਿ ਸਭ ਮੈਂ ਜਿਤਿਆ ਤੇ ਟੋਕ ਤੋਂ ਹਾਰਿਆ। ਲੋਕਾਂ ਦੀ ਨੁਕਤਾਚੀਨੀ ਤੋਂ ਨਾ ਡਰੋ ਤੇ ਮਰਦਾਂ ਵਾਂਗ ਜਿਹੜੇ ਕੰਮ ਨੂੰ ਲਗੇ ਹੋ, ਤੋੜ ਚਾੜ੍ਹੋ। (ਸੰਗ੍ਰ)

### ਜਿਉਂ ਚਾਈ (ਲਾਈ) ਤਿਉਂ ਤੋੜ ਨਿਭਾਈ।

**ਭਾਵ** :—ਜਿਨੇ ਜੋਸ਼ ਤੇ ਸਿਦਕ ਨਾਲ ਪਿਆਰ ਪਾਇਆ, ਓਨੇ ਨਾਲ ਹੀ ਸਿਰੇ ਚੜ੍ਹਿਆ।

**ਵਰਤੋਂ** :—

ਪੂਰੀ ਭਈ ਕਥਾ ਹੀਰ ਦੀ;
ਇਸ ਸਮ ਇਸ਼ਕ ਨਾ ਕੋਈ।
ਜਿਉਂ ਚਾਈ ਤਿਉਂ ਤੋੜ ਨਿਭਾਈ,
ਜਾਣਤ ਹੈ ਤ੍ਰੈ ਲੋਈ।

(ਹੀਰ—ਦਮੋਦਰ)

### ਜਿਉਂ ਜਿਉਂ ਫੱਲ ਲਗਦਾ, ਰੁੱਖ ਸਗੋਂ ਨਿਉਂਦਾ।

**ਭਾਵ** :—ਚੰਗੇ ਬੰਦੇ ਨੂੰ ਜਿਉਂ ਜਿਉਂ ਵਧੀਕ ਸੋਭਾ ਮਿਲੇ, ਤਿਉਂ ਤਿਉਂ ਉਹ ਵਧੀਕ ਨਿਮਰਤਾ ਧਾਰਦਾ ਹੈ।

**ਵਰਤੋਂ** :—ਜੇ ਚਾਰ ਪੈਸੇ ਖੱਟ ਲਏ ਜੇ। ਤਾਂ ਬਹੁਤੇ ਆਕੜੋ ਨਾ। 'ਜਿਉਂ ਜਿਉਂ ਫੱਲ ਲਗਦਾ, ਰੁੱਖ ਸਗੋਂ ਨਿਉਂਦਾ ਹੈ'। (ਸੰਗ੍ਰ)

### ਜਿਉਂ ਜਿਉਂ ਭਿੱਜੇ ਕੰਬਲੀ ਤਿਉਂ ਤਿਉਂ ਭਾਰੀ ਹੋ।

**ਭਾਵ** :—ਜਿਤਨੇ ਕਿਸੇ ਨੂੰ ਦੁਖ ਸਹਿਣੇ ਪੈਂਦੇ ਹਨ, ਉਤਨਾ ਹੀ ਉਹ ਸਿਆਣਾ ਹੁੰਦਾ ਹੈ।

**ਵਰਤੋਂ** :—ਤਦ ਮਾਪਿਆਂ ਆਪਣੀ ਪਤ ਦਾ ਖਿਆਲ ਕਰ ਕੇ ਉਸ ਨੂੰ ਆਖਿਆ ਤੇ ਸਮਝਾਇਆ ਭਾਈ ਤੂੰ ਫ਼ਿਕਰ ਨਾ ਕਰ, ਸਵਾਣੀਆਂ ਇਸੇ ਤਰ੍ਹਾਂ ਹੌਲੀ ਹੌਲੀ ਸਮਝ ਜਾਂਦੀਆਂ ਹੁੰਦੀਆਂ ਨੇ। ਇਹ ਭੀ ਆਪੇ ਸਿਆਣੀ ਹੋ ਜਾਏਗੀ। 'ਜਿਉਂ ਜਿਉਂ ਭਿਜੇ ਕੰਬਲੀ, ਤਿਉਂ ਤਿਉਂ ਭਾਰੀ ਹੋ'।

(ਨਵਾਬ ਖਾਨ : ਪ੍ਰਿੰ: ਜੋਧ ਸਿੰਘ)

### ਜਿਉਂ ਰੱਬ ਰਖੇ, ਓਵੇਂ ਰਹਿਨਾ।

**ਭਾਵ** :—ਰੱਬ ਦੀ ਮਰਜ਼ੀ ਅਨੁਸਾਰ ਜੀਵਨ ਕਟੋ।

**ਵਰਤੋਂ** :—

ਇਕਨਾ ਰਿਜ਼ਕ ਘਰੀਂ ਪੁਚਾਵੇ,
ਹਿਕ ਰਿਜ਼ਕ ਨੂੰ ਵੇਂਹਦੇ।
ਜਿਉਂ ਰੱਬ ਰਖੇ ਓਵੇਂ ਰਹਿਨਾ,
ਕੁਝ ਹੱਥੀਂ ਰਦੀਵੀ ਦੇ।

(ਹਾਫ਼ਜ਼ ਬਰਖੁਰਦਾਰ)

**ਜਿਸ ਕੀ ਪੁਜੈ ਅਉਧ, ਤਿਸੈ ਕਉਣ ਰਾਖਈ ॥**

**ਭਾਵ**—ਜਿਸ ਦੀ ਆਯੂ ਪੁਗ ਜਾਂਦੀ ਹੈ, ਉਸ ਨੂੰ ਕੌਣ ਰਖ ਸਕਦਾ ਹੈ।

**ਵਰਤੋਂ** :—
ਜਿਸ ਕੀ ਪੁਜੈ ਅਉਧ ਤਿਸੈ ਕਉਣ ਰਾਖਈ ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥
(ਗੁਰੂ ਗ੍ਰੰਥ—ਫੁਨਹੇ)

**ਜਿਸ ਕੁੜੀ ਦਾ ਵਿਆਹ, ਉਹ ਗੋਹੇ ਚੁਗਣ ਗਈ।**

**ਭਾਵ** :—ਜਦ ਅਤਿ ਜ਼ਰੂਰੀ ਕੰਮ ਪੈ ਜਾਣ ਤੇ ਕੋਈ ਖਿਸਕ ਜਾਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਇਹ ਖ਼ੂਬ ਭਾਣਾ ਵਰਤਿਆ, ਅਖੇ "ਜਿਸ ਕੁੜੀ ਦਾ ਵਿਆਹ ਉਹੋ ਗੋਹੇ ਚੁਗਣ ਗਈ" ਉਹਦੀ ਲੋੜ ਪੈਣ ਤੇ ਹਮੇਸ਼ ਐਸੀ ਉਸ ਨੂੰ ਮਾਰ ਵਗਦੀ ਹੈ, ਕਿ ਕਿਤੇ ਨਜ਼ਰ ਹੀ ਨਹੀਂ ਆਉਂਦਾ। (ਸੰਗ੍ਰ)

**ਜਿਸ ਖੇਤੀ ਤੇ ਖਸਮ ਨਾ ਜਾਵੇ, ਉਹ ਖੇਤੀ ਖਸਮਾਂ ਨੂੰ ਖਾਵੇ।**

**ਭਾਵ** :—'ਖੇਤੀ ਖਸਮਾ ਸੇਤੀ।'

**ਵਰਤੋਂ** :—ਤੁਸੀਂ ਆਪ ਤੇ ਕਦੇ ਹਿਸਾਬ ਦੀ ਪੜਤਾਲ ਨਹੀਂ ਕੀਤੀ। ਮੁਨੀਮਾਂ ਪਾਸੋਂ ਹੋਰ ਕੀ ਆਸ ਰਖਦੇ ਹੋ। ਜਿਸ ਖੇਤੀ ਤੇ ਖਸਮ ਨਾ ਜਾਵੇ, ਉਹ ਖੇਤੀ ਖਸਮਾਂ ਨੂੰ ਖਾਵੇ। (ਸੰਗ੍ਰ)

**ਜਿਸ ਤਨ ਲਗੇ ਸੋ ਤਨ ਜਾਣੇ, ਕੌਣ ਜਾਣੇ ਪੀੜ ਪਰਾਈ ॥**

**ਭਾਵ** :—ਆਪਣੇ ਦੁਖ ਦੀ ਪੀੜ ਨੂੰ ਕੋਈ ਆਪ ਹੀ ਮਹਿਸੂਸ ਕਰ ਸਕਦਾ ਹੈ, ਹੋਰ ਕੋਈ ਨਹੀਂ।

**ਵਰਤੋਂ** :—ਲਖਪਤ — ਭਰਾਵੋ ! ਸਚ ਆਖਦੇ ਹੋ, ਪਰ 'ਜਿਸ ਤਨ ਲਗੇ ਸੋਈ ਜਾਣੇ, ਕੌਣ ਜਾਣੇ ਪੀਰ ਪਰਾਈ'। ਭਰਾ ਮੋਏ ਦਾ ਸਲ ਤਾਂ ਮੈਨੂੰ ਹੈ। ਕਿਸੇ ਨੂੰ ਤਾਂ ਨਹੀਂ। (ਸੰਗ੍ਰ)

**ਜਿਸ ਦਿਨ ਬੁੱਧੂ ਜੰਮਿਆ, ਕੰਧਾਂ ਢਹਿ ਪਈਆਂ। ਦੇਣ ਵਧਾਈ ਆਈਆਂ, ਪਿੱਟਣ ਡਹਿ ਪਈਆਂ।**

**ਭਾਵ** :—ਨਿਕੰਮੇ ਪੁਤਰ ਦੇ ਕਾਰਿਆਂ ਬਾਰੇ ਆਖਦੇ ਹਨ।

**ਵਰਤੋਂ** :—ਇਸ ਨੇ ਸਾਰੀ ਜੈਦਾਦ ਵੇਚ ਛਡੀ ਹੈ, ਅਖੇ ਜਿਸ ਦਿਨ ਬੁਧੂ ਜੰਮਿਆ, ਕੰਧਾਂ ਢਹਿ ਪਈਆਂ, ਦੇਣ ਵਧਾਈ ਆਈਆਂ, ਪਿਟਣ ਡਹਿ ਪਈਆਂ। (ਸੰਗ੍ਰ)

**ਜਿਸ ਪਾਇਆ ਤਿਸ ਛਪਾਇਆ।**

**ਭਾਵ** :—ਜਿਸ ਨੇ ਰੱਬ (ਜਾਂ ਕਿਸੇ ਵਡੇ ਮਰਤਬੇ ਜਾਂ ਗੁਣ) ਨੂੰ ਪਾਇਆ ਹੈ, ਉਹ ਬਹੁਤੀਆਂ ਫੜਾਂ ਨਹੀਂ ਮਾਰਦਾ, ਸਗੋਂ ਨਿਮਾਣਾ ਹੁੰਦਾ ਹੈ।

**ਵਰਤੋਂ** :—
ਜਿਸ ਪਾਇਆ ਤਿਸ ਚਾ ਛਪਾਇਆ,
ਮੈਂ ਉਸ ਦਾ ਉਹ ਮੇਰਾ।
ਵਾਕਫ ਹੋਰ ਨਾ ਕੋਈ ਉਸ ਦਾ,
ਮੈਨੂੰ ਸ਼ੋਕ ਵਧੇਰਾ।
(ਕਿਸਾ ਯੂਸਫ—ਮੀਆਂ ਅਹਿਮਦਯਾਰ)

**ਜਿਸ ਪਿੰਡ ਨਹੀਂ ਜਾਣਾ, ਉਸ ਦਾ ਰਾਹ ਕਾਹਨੂੰ ਪੁਛਣਾ ਹੈ।**

**ਭਾਵ** :—ਬਿਨਾਂ ਮਤਲਬ ਕਿਸੇ ਗੱਲ ਦੀ ਖੋਜ ਕਰਨ ਦਾ ਕੀ ਲਾਭ ?

**ਵਰਤੋਂ** :—ਤੁਸੀਂ ਕਰੋ ਮੈਂਬਰੀਆਂ ਤੇ ਬਣਾਓ ਪਾਰਟੀਆਂ। ਸਾਨੂੰ ਤਾਂ ਲੋੜ ਨਹੀਂ, ਅਸਾਂ ਜਿਹੜੇ ਪਿੰਡ ਨਹੀਂ ਜਾਣਾ, ਉਸ ਦਾ ਰਾਹ ਕਾਹਨੂੰ ਪੁਛਣਾ ਹੈ ? (ਸੰਗ੍ਰ)

**ਜਿਸ ਰੁਖ ਦੀ ਛਾਵੇਂ ਬੈਠਣਾ, ਉਸੇ ਦੀਆਂ ਜੜ੍ਹਾਂ ਵੱਢਣੀਆਂ।**

**ਭਾਵ** :—ਜਿਸ ਦਾ ਦਿੱਤਾ ਖਾਈਏ, ਉਸੇ ਨਾਲ ਬੁਰਿਆਈ ਕਰਨੀ।

**ਵਰਤੋਂ** :—ਚੀਰਕ—...ਓਇ ਬੇਸ਼ਰਮਾ, ਤੈਨੂੰ ਸ਼ਰਮ ਨਾ ਆਈ। ਜਿਸ ਰੁਖ ਦੀ ਛਾਵੇਂ ਬੈਠੋ, ਉਸੇ ਦੀਆਂ ਜੜ੍ਹਾਂ ਵੱਢਣ ਡਹਿ ਪਿਉਂ।

(ਹੀਰ ਸਿਆਲ—ਸ਼ਰਫ਼)

## ਜਿਸ ਲਾਈ ਗਲੀ, ਉਸੇ ਨਾਲ ਉਠ ਚਲੀ।

**ਭਾਵ** :—ਜਿਧਰ ਕੋਈ ਕਿਸੇ ਨੂੰ ਲਾਏ, ਉਧਰ ਹੀ ਲਗ ਪਵੇ ਤੇ ਆਪਣੀ ਸਮਝ ਤੋਂ ਕੋਈ ਕੰਮ ਨਾ ਲਵੇ।

**ਵਰਤੋਂ** :—ਗੁਰਦੇਈ ਹੁਣ ਬੇਵਸ ਸੀ। ਉਸ ਲਈ ਨਾ ਸਹੁਰੀਂ ਥਾਂ ਨਾ ਪੇਕੀਂ। ਉਸ ਤੋਂ ਛੁਟ ਉਹ ਅਨਪੜ੍ਹ ਤੇ ਅਲ੍ਹੜ ਸੀ। ਉਸ ਦੀ ਮਤ 'ਜਿਸ ਲਾਈ ਗਲੀ ਉਸੇ ਨਾਲ ਉਠ ਚਲੀ' ਵਾਲੀ ਗਲ ਸੀ।

(ਚਿੱਟਾ ਲਹੂ—ਨਾਨਕ ਸਿੰਘ)

## ਜਿਸਦਾ ਕੰਮ, ਉਸੇ ਨੂੰ ਸਾਜੇ, ਹੋਰ ਕਰੇ ਤਾਂ ਠੀਂਗਾ ਬਾਜੇ।

**ਭਾਵ** :— ਜਿਹੜਾ ਕਿਸੇ ਕੰਮ ਦਾ ਵਾਕਫ਼ ਹੋਵੇ, ਉਹੀ ਉਸ ਕੰਮ ਨੂੰ ਕਰੇ ਤਾਂ ਠੀਕ ਹੈ ਜੇ ਕੋਈ ਹੋਰ ਕਰੇਗਾ, ਤਦ ਘਾਟਾ ਪੈਣ ਜਾਂ ਨੁਕਸਾਨ ਹੋਣ ਦਾ ਡਰ ਹੈ।

**ਵਰਤੋਂ** :—ਅਜ ਮੈਂ ਰੰਦਾ ਫੜ ਟੂਲ ਸਾਫ਼ ਕਰਨ ਲਗ ਪਿਆ ਤੇ ਆਪਣਾ ਹਥ ਜ਼ਖਮੀ ਕਰ ਲਿਆ। ਠੀਕ ਹੈ 'ਜਿਸ ਦਾ ਕੰਮ ਉਸੇ ਨੂੰ ਸਾਜੇ, ਹੋਰ ਕਰੇ ਤਾਂ ਠੀਂਗਾ ਬਾਜੇ।' (ਸੰਗ੍ਰ)

## ਜਿਸਦਾ ਖਾਈਏ, ਉਸ ਦਾ ਕਤੀਏ। (ਉਸਦੇ ਗੀਤ ਗਾਈਏ)

**ਭਾਵ** :—ਜਿਸਦਾ ਖਾਈਏ, ਉਸੇ ਦਾ ਕੰਮ ਕਰੀਏ।

**ਵਰਤੋਂ** :—ਅਪਣੇ ਅਫ਼ਸਰ ਦੇ ਗੁਣ ਉਹ ਨਾ ਗਾਇ ਤਾਂ ਕੀ ਕਰੇ, ਉਸੇ ਨੇ ਤਾਂ ਉਹਨੂੰ ਚੁਕਿਆ ਹੈ, ਅਖੇ ਜਿਸਦਾ ਖਾਈਏ, ਉਸੇ ਦਾ ਕਤੀਏ। (ਸੰਗ੍ਰ)

## ਜਿਸਦਾ ਦੁਧ ਵਿਕਦਾ ਹੈ, ਉਹ ਮਖਣ ਕਾਹਨੂੰ ਕੱਢੇ ?

**ਭਾਵ** :—ਜਿਸ ਨੂੰ ਬਿਨਾਂ ਖੇਚਲ ਧਨ ਮਿਲੇ, ਉਹ ਖੇਚਲ ਕਿਉਂ ਕਰੇ ?

**ਵਰਤੋਂ** :—'ਜਿਸ ਦਾ ਦੁਧ ਵਿਕਦਾ ਹੈ, ਉਹ ਮਖਣ ਕਾਹਨੂੰ ਕਢੇ। ਜਦ ਘਰ ਬੈਠੇ ਹੀਰਾ ਸਿੰਘ ਨੂੰ ਰੁਪਏ ਆ ਰਹੇ ਹਨ, ਤਦ ਉਹ ਹੱਲ ਕਿਉਂ ਵਾਹੇ ? (ਸੰਗ੍ਰ)

## ਜਿਸਦਾ ਲੂਣ ਖਾਈਏ, ਉਸ ਦਾ ਗੁਣ ਗਾਈਏ।

**ਭਾਵ** :—ਰਿਜ਼ਕ ਦੇਣ ਵਾਲੇ ਦੇ ਗੁਣ ਗਾਣੇ।

**ਵਰਤੋਂ** :— ਸਾਡਾ ਜ਼ੈਲਦਾਰ ਲੋਕਾਂ ਨੂੰ ਇਕੱਠ ਕਰਕੇ ਭਾਰਤ ਸਰਕਾਰ ਦਾ ਜਸ ਸੁਣਾਂਦਾ ਹੁੰਦਾ ਹੈ, ਤੇ ਆਖਿਆ ਕਰਦਾ ਹੈ 'ਜਿਸ ਦਾ ਲੂਣ ਖਾਈਏ, ਉਸ ਦਾ ਗੀਤ ਗਾਈਏ।' (ਸੰਗ੍ਰ)

## ਜਿਸਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ।

**ਭਾਵ** :—ਧੰਨ ਪਾਤਰ ਦੇ ਔਗਣ ਢਕੇ ਰਹਿੰਦੇ ਹਨ।

**ਵਰਤੋਂ** :— ਇਨ੍ਹਾਂ ਦੇ ਟਬਰ ਦੇ ਕਈ ਆਦਮੀ ਬਪਾਰੀ ਸਨ। ਜਿਨ੍ਹਾਂ ਨੇ ਹਜ਼ਾਰਾਂ ਤੇ ਲਖਾਂ ਰੁਪੀਏ ਸਰਕਾਰ ਨੂੰ ਖ਼ੈਰੈਤੀ ਕੰਮਾਂ ਲਈ ਦਿਤੇ ਸਨ। ਅਜੇਹੇ ਟੱਬਰ ਦੇ ਕਿਸੇ ਨੌਜਵਾਨ ਲਈ ਪੀ. ਸੀ. ਐਸ. ਬਣ ਜਾਣਾ ਕੋਈ ਵਡੀ ਗੱਲ ਨਹੀਂ ਸੀ। ਜਿਨ੍ਹਾਂ ਦੇ ਘਰ ਦਾਣੇ ਉਨ੍ਹਾਂ ਦੇ ਕਮਲੇ ਵੀ ਸਿਆਣੇ।

(ਪ੍ਰਭਾ—ਜੋਸ਼ੂਆ ਫ਼ਜ਼ਲ ਦੀਨ)

## ਜਿਸਦੀ ਨਾ ਚਲਦੀ ਹੋਵੇ, ਉਹ ਚਲਾਏ, ਉਹ ਵੀ ਨਹੀਂ। ਜਿਸ ਦੀ ਚਲਦੀ ਹੋਵੇ, ਉਹ ਨਾ ਚਲਾਏ, ਉਹ ਵੀ ਨਹੀਂ।

**ਭਾਵ** :—ਜਿਸਦੀ ਤਾਕਤ ਕੁਝ ਕਰਨ

ਦੀ ਹੋਵੇ, ਜੇ ਉਹ ਨਾ ਕਰੇ ਤਦ ਉਹ ਵੀ ਮਾੜਾ ਹੈ। ਜੋ ਕੁਝ ਕਰਨ ਜੋਗਾ ਨਾ ਹੋਵੇ, ਉਹ ਕੁਝ ਕਰੇ, ਤਾਂ ਉਹ ਵੀ ਮਾੜਾ ਹੈ।

**ਵਰਤੋਂ** :— ਰਾਣੀ— ਮਹਾਰਾਜ ਤਾਂ ਜੋ ਚਾਹੁਣ ਕਰ ਸਕਦੇ ਹਨ, ਪਰ ਕਰਦੇ ਨਹੀਂ। ਇਹ ਵੀ ਮਾੜਾ ਹੈ। 'ਜਿਸ ਦੀ ਨਾ ਚਲਦੀ ਹੋਵੇ, ਉਹ ਚਲਾਏ, ਉਹ ਵੀ ਨਹੀਂ। ਜਿਸ ਦੀ ਚਲਦੀ ਹੋਵੇ ਉਹ ਨਾ ਚਲਾਏ, ਉਹ ਵੀ ਨਹੀਂ। (ਸੰਗ੍ਰ)

**ਜਿਸਦੀ ਲਾਠੀ, ਉਸੇ ਦੀ ਭੈਂਸ (ਮਝ)।**

**ਭਾਵ** :—ਤਕੜੇ ਦਾ ਹੀ ਸਭ ਕੁਝ ਹੈ।

**ਵਰਤੋਂ** :—ਸਾਇੰਸ ਸਾਨੂੰ ਕਈ ਕੁਰਾਹੇ ਪਾਣ ਵਾਲੀਆਂ ਸੋਚਾਂ ਪੇਸ਼ ਕਰਦੀ ਹੈ। ਦੁਤ-ਵਿਗਿਆਨ (Biology) ਨੂੰ ਲਉ, ਇਸ ਦਾ ਮਸ਼ਹੂਰ ਨਿਯਮ "ਜਿਸਦੀ ਲਾਠੀ ਉਸ ਦੀ ਭੈਂਸ" ਹੈ, ਪਰ ਇਹ ਸਾਡੇ ਜੀਵਨ ਦੀ ਬੜੀ ਅਧੂਰੀ ਤਸਵੀਰ ਹੈ।

(ਨਵੀਆਂ ਕੀਮਤਾਂ—ਐਸ. ਪੀ. ਕਨਲ)

**ਜਿਸਦੇ ਪੱਲੇ ਹੋਵੇ, ਉਹ ਬਤੀ ਸੁਲੱਖਣਾ। ਜਿਸ ਦੇ ਪੱਲੇ ਪਵੇ, ਉਹ ਤੇਤੀ ਸੁਲੱਖਣਾ।**

**ਭਾਵ** :—ਜਿਸ ਤੇ ਅਮੀਰ ਦੀ ਕਿਰਪਾ ਹੋ ਜਾਵੇ ਉਹ ਵੀ ਤਰ ਜਾਂਦਾ ਹੈ।

**ਵਰਤੋਂ** :—ਸ਼ਾਹ ਜੀ ਬੜੇ ਵਡੇ ਆਦਮੀ ਹੈ, ਹਰ ਕੰਮ ਉਸ ਦੀ ਸਲਾਹ ਨਾਲ ਹੁੰਦਾ ਹੈ। ਜੋ ਸਾਰੇ ਨੌਕਰ ਮੁਨੀਮ ਦਾ ਵੀ ਬੜਾ ਹੀ ਸਤਕਾਰ ਕਰਦੇ ਹਨ। ਸਚ ਤੇ ਹੈ ਜਿਸ ਪਲੇ ਹੋਵੇ ਉਹ ਬਤੀ ਸੁਲਖਣਾ, ਜਿਸ ਪਲੇ ਪਵੇ; ਉਹ ਤੇਤੀ ਸੁਲਖਣਾ। (ਸੰਗ੍ਰ)

**ਜਿਸਦੇ ਪੈਰ ਨ ਫੁਟੀ ਬਿਆਈ, ਉਹ ਕੀ ਜਾਣੇ ਪੀਰ ਪਰਾਈ।**

**ਭਾਵ** :—ਜਿਸ ਨੂੰ ਆਪ ਦੁੱਖ ਨਾ ਪੁਜੇ, ਉਹ ਦੂਜਿਆਂ ਦੇ ਦੁਖ ਨੂੰ ਨਹੀਂ ਜਾਣ ਸਕਦਾ।

**ਵਰਤੋਂ** :—ਨਾ ਭਾਈ ਏਡਾ ਕੌੜਾ ਨਾ ਬੋਲ, ਜਿਸ ਨਾਲ ਬੀਤਦੀ ਹੈ ਉਹੀ ਜਾਣਦਾ ਹੈ। ਸਿਆਣਿਆਂ ਆਖਿਆ ਹੈ 'ਜਿਸਦੇ ਪੈਰ ਨ ਫੁਟੀ ਬਿਆਈ ਉਹ ਕੀ ਜਾਣੇ ਪੀਰ ਪਰਾਈ।' (ਸੰ)

**ਜਿਸਨੂੰ ਚਾਹ, ਉਹਨੂੰ ਸਭੇ ਰਾਹ।**

**ਭਾਵ** :—ਪੱਕੇ ਇਰਾਦੇ ਅੱਗੇ ਸਭ ਕੰਮ ਰਾਸ ਹੋ ਜਾਂਦੇ ਹਨ।

**ਵਰਤੋਂ** :—ਰਘੌਨਾਥ — ਜਿਸ ਨੂੰ ਕਿਸੇ ਚੀਜ਼ ਦੀ ਪ੍ਰਾਪਤੀ ਦੀ ਤੀਬਰ ਇਛਿਆ ਹੋਵੇ, ਉਹ ਉਸ ਦੇ ਪਾ ਲੈਣ ਦਾ ਹੀਲਾ ਕਢ ਹੀ ਲੈਂਦਾ ਹੈ। 'ਜਿਸ ਨੂੰ ਚਾਹ, ਉਹਨੂੰ ਸਭੇ ਰਾਹ' ਵਾਲੀ ਗਲ ਹੈ। (ਸੰਗ੍ਰ)

**ਜਿਸਨੂੰ ਪ੍ਰਭ ਦੁਖ ਦੇਵੇ ਅੱਤ। ਉਸ ਦੀ ਪਹਿਲਾਂ ਮਾਰੇ ਮੱਤ।**

**ਭਾਵ** :—ਦੁਖ ਪਾਉਣ ਤੋਂ ਪਹਿਲਾਂ ਬੰਦਾ ਮੂਰਖਾਂ ਵਾਲੇ ਕੰਮ ਕਰਦਾ ਹੈ।

**ਵਰਤੋਂ** :—ਕੀ ਪੁਛਦੇ ਹੋ, ਮਾੜੇ ਦਿਨ ਜੂ ਆ ਗਏ ਸਨ, ਬੁਧ ਹੀ ਮਾਰੀ ਗਈ ਸੀ ਸਿਆਣਿਆਂ ਨੇ ਐਵੇਂ ਤਾਂ ਨਹੀਂ ਆਖਿਆ :—

'ਜਿਸ ਨੂੰ ਪ੍ਰਭ ਦੁਖ ਦੇਵੇ ਅਤ, ਉਸ ਦੀ ਪਹਿਲਾਂ ਮਾਰੇ ਮਤ'। (ਸੰਗ੍ਰ)

**ਜਿਸੁ ਪਤਿ ਰਖੈ ਸਚਾ ਸਾਹਿਬ, ਨਾਨਕ ਮੇਟਿ ਨ ਸਕੈ ਕੋਈ॥**

**ਭਾਵ** :—ਜਿਸ ਮਨੁੱਖ ਦੀ ਪੱਤ ਰੱਬ ਰਖੇ ਉਸ ਨੂੰ ਕੋਈ ਨੀਵਾਂ ਨਹੀਂ ਕਰ ਸਕਦਾ।

**ਵਰਤੋਂ** :—

ਤੈਡੈ ਸਿਮਰਣਿ ਹਭੁ ਕਿਛੁ ਲਧਮੁ
ਬਿਖਮੁ ਨ ਡਿਠਮੁ ਕੋਈ॥
ਜਿਸੁ ਪਤਿ ਰਖੈ ਸਚਾ ਸਾਹਿਬ
ਨਾਨਕ ਮੇਟਿ ਨ ਸਕੈ ਕੋਈ॥

(ਗੁਰੂ ਗ੍ਰੰਥ—ਰਾਗ ਗੁਜਰੀ)

**ਜਿਸੁ ਪਿਆਰੇ ਸਿਉ ਨੇਹੁ ਤਿਸ ਅਗੈ ਮਰਿ ਚਲੀਐ॥**

**ਭਾਵ** :—ਜਿਸ ਨਾਲ ਪਿਆਰ ਹੋਵੇ, ਉਸ ਦੇ ਮਰਨ ਤੋਂ ਪਹਿਲਾਂ ਹੀ ਮਰ ਜਾਣਾ ਚਾਹੀਦਾ ਹੈ ।

**ਵਰਤੋਂ** :—

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥
(ਗੁਰੂ ਗ੍ਰੰਥ—ਸ੍ਰੀ ਰਾਗ)

## ਜਿਹ ਜਿਹ ਡਾਲੀ ਪਗ ਧਰਉ ਸੋਈ ਮੁਰਿ ਮੁਰਿ ਜਾਇ ॥

**ਭਾਵ** :—ਜਿਸ ਨੂੰ ਹੱਥ ਪਾਉਂਦਾ ਹੈ, ਉਸ ਵਿਚ ਅਸਫਲਤਾ ਹੁੰਦੀ ਹੈ ।

**ਵਰਤੋਂ** :—

ਕਬੀਰ ਕਾਰਨੁ ਬਪੁਰਾ ਕਿਆ ਕਰੈ
ਜਉ ਰਾਮ ਨ ਕਰੈ ਸਹਾਇ ॥
ਜਿਹ ਜਿਹ ਡਾਲੀ ਪਗੁ ਧਰਉ
ਸੋਈ ਮੁਰਿ ਮੁਰਿ ਜਾਇ ॥
(ਗੁਰੂ ਗ੍ਰੰਥ—ਸ਼ਲੋਕ ਕਬੀਰ)

## ਜਿਹਦਾ ਹੱਥ ਖੁਲ੍ਹਾ ਉਹਨੂੰ ਸੌ ਖੈਰ ਸੱਲਾ ।

**ਭਾਵ** :—ਸੁਖੀ ਮਨੁੱਖ ਦਾ ਹਰ ਥਾਂ ਮਾਣ ਹੁੰਦਾ ਹੈ ।

**ਵਰਤੋਂ** :—ਕਿਸੇ ਨੂੰ ਖਾਓ ਖੁਆਉ ਤਾਂ ਅਗੋਂ ਵੀ ਕੋਈ ਪੁੱਛ ਕਰੇ । 'ਜਿਹਦਾ ਹਥ ਖੁਲ੍ਹਾ ਉਹਨੂੰ ਸੌ ਖੈਰ ਸਲਾ' ਤੁਸੀਂ ਧੰਨ ਨੂੰ ਗੰਢ ਮਾਰ ਕੇ ਬੈਠੇ ਹੋ । ਤੁਹਾਡੀ ਸਾਰ ਕੌਣ ਪੁਛੇ । (ਸੰਗ੍ਰ)

## ਜਿਹਦਾ ਹਥ ਡੋਈ, ਭੁੱਖਾ ਮਰੇ ਸੋਈ ।

**ਭਾਵ** :—ਵਰਤਾਵਾ ਆਮ ਤੌਰ ਤੇ ਭੁਖਾ ਹੀ ਰਹਿੰਦਾ ਹੈ ਉਸ ਦੇ ਖਾਣ ਪੀਣ ਲਈ ਘਟ ਹੀ ਬਚਦਾ ਹੈ ।

**ਵਰਤੋਂ** :—ਲਾਂਗਰੀ ਜੀ, ਤੁਹਾਡੇ ਲਈ ਵੀ ਕੁਝ ਬਚਿਆ ਹੈ ਜਾਂ ਤੁਹਾਡੇ ਨਾਲ ਵੀ ਇਹੀ ਵਰਤੀ ਅਖੇ 'ਜਿਹਦੇ ਹੱਥ ਡੋਈ, ਭੁਖਾ ਮਰੇ ਸੋਈ । (ਸੰਗ੍ਰ)

## ਜਿਹਦਾ ਪਿੰਡ ਗਰਾਂ, ਉਹਨੂੰ ਬਹਿਣ ਨੂੰ ਨਾ ਥਾਂ ।

**ਭਾਵ** :—ਜਦੋਂ ਸਭ ਤੋਂ ਵਧੀਕ ਅਧਿਕਾਰੀ ਨੂੰ ਕੋਈ ਹਿੱਸਾ ਜਾਂ ਆਦਰ ਨਾ ਮਿਲੇ, ਤਾਂ ਰੋਸ ਵਜੋਂ ਵਰਤਿਆ ਜਾਂਦਾ ਹੈ ।

**ਵਰਤੋਂ** :—ਮਰ ਗਿਆ ਮੈਂ ਤੁਸਾਂ ਪੁਤਰਾਂ ਤੇ ਮਿਹਨਤਾਂ ਕਰਦਾ । ਅੱਜ ਮੇਰੀ ਹੀ ਤੁਹਾਡੇ ਹਥੋਂ ਇਹ ਦੁਰਗਤੀ ? 'ਜਿਹਦਾ ਪਿੰਡ ਗਰਾਂ, ਉਹਨੂੰ ਬਹਿਣ ਨੂੰ ਨਾ ਥਾਂ' ਤੇ ਤੁਹਾਡੀਆਂ ਰੰਨਾਂ ਮੌਜਾਂ ਉਡਾਣ । (ਸੰਗ੍ਰ)

## ਜਿਹਦਾ ਭਰਮ ਚਲੇ, ਉਹਦੇ ਲਖ ਪਲੇ ।

**ਭਾਵ** :—ਜਿਸ ਦਾ ਪੜਦਾ ਬਣਿਆ ਰਹੇ, ਉਸ ਦਾ ਲਖ-ਪਤੀਆਂ ਵਰਗਾ ਇਤਬਾਰ ਬਣਿਆ ਰਹਿੰਦਾ ਹੈ ।

**ਵਰਤੋਂ** :—'ਜਿਹਦਾ ਭਰਮ ਚਲੇ, ਉਹਦੇ ਲਖ ਪਲੇ' ਜੀਵਣ ਸਿੰਘ ਦਾ ਇਤਬਾਰ ਹਾਲ ਦੀ ਘੜੀ ਕਾਇਮ ਹੈ, ਸੋ ਉਹ ਲਖ-ਪਤੀ ਹੀ ਅਖਵਾਂਦਾ ਹੈ । (ਸੰਗ੍ਰ)

## ਜਿਹਦਾ ਵਿਆਹ ਉਹਦੀ ਪਤਲ ਵੀ ਨਾ ।

**ਭਾਵ** :—ਜਿਸ ਦਾ ਸਭ ਤੋਂ ਵਧ ਹੱਕ ਹੋਵੇ, ਉਸ ਦੀ ਕੋਈ ਪੁੱਛ ਨਾ ਹੋਵੇ ।

**ਵਰਤੋਂ** :—ਨਰੈਣ ਸਿੰਘ—ਸਭ ਤੋਂ ਵਧੀਕ ਹਕ, ਸਰਦਾਰ ਦੇ ਜੇਠੇ ਪੁਤਰ ਦਾ ਹੈ, ਪਰ ਉਸ ਦੀ ਕੋਈ ਪੁਛ ਹੀ ਨਹੀਂ । 'ਜਿਸ ਦਾ ਵਿਆਹ, ਉਸ ਦੀ ਪਤਲ ਵੀ ਨਾ !' ਰੱਬ ਦੇ ਖੇਲ੍ਹ ਨਿਆਰੇ ਹਨ । (ਸੰਗ੍ਰ)

## ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ । ਵੇਖੋ :—'ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ'

**ਭਾਵ** :—ਧੰਨ ਕਈ ਔਗਣ ਢਕ ਦੇਂਦਾ ਹੈ ।

**ਵਰਤੋਂ** :—ਕਾਲੂ ਮਲ—ਸ਼ਾਹ ਜੀ, 'ਜਿਸ ਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ', ਰਾਮ ਸਹਾਏ ਦੇ ਧਨ ਨੇ, ਉਸ ਨੂੰ ਹੁਣ ਪੰਚ ਵੀ ਬਣਾ ਦਿਤਾ ਹੈ। (ਸੰ)

**ਜਿਹਦੀ ਤੇਗ, ਉਸੇ ਦੀ ਦੇਗ।**

**ਭਾਵ** :—ਤਾਕਤਵਰ ਪਾਸ ਹੀ ਸਭੋ ਕੁਝ ਹੁੰਦਾ ਹੈ।

**ਵਰਤੋਂ** :—ਰਾਜਨ ! ਜਿਹਦੀ ਤੇਗ, ਉਸੇ ਦੀ ਤੇਗ' ਵੀ ਹੁੰਦੀ ਹੈ; ਆਪਣੀ ਤਾਕਤ ਨੂੰ ਧੱਕਾ ਨਹੀਂ ਲਗਨ ਦੇਣਾ ਚਾਹੀਦਾ, ਫਿਰ ਧਨ ਕਦੀ ਨਿਖੁਟੇਗਾ ਨਹੀਂ। (ਸੰਗੂ)

**ਜਿਹਦੀ ਰੂੜੀ, ਉਸ ਦੀ ਮੂੜੀ।**

**ਭਾਵ** :— ਜਿਸ ਪੈਲੀ ਵਿਚ ਖਾਦ ਪਵੇ, ਉਹ ਬਹੁਤ ਪੈਦਾਵਾਰ ਦਿੰਦੀ ਹੈ।

**ਵਰਤੋਂ** :—ਨੰਬਰਦਾਰ — ਮਿਤ੍ਰੋ 'ਜਿਹਦੀ ਰੂੜੀ ਉਸ ਦੀ ਮੂੜੀ।' ਪੈਲੀਆਂ ਵਿਚ ਚੰਗੀ ਖਾਦ ਜਿਨੀ ਰੱਜ ਕੇ ਪਾਉਗੇ ਓਨੀ ਹੀ ਪੈਦਾਵਾਰ ਵਧੇਰੇ ਹੋਵੇਗੀ। (ਸੰਗੂ)

**ਜਿਹਦੇ ਹਥ ਡੋਈ (ਲੋਈ), ਉਹਦਾ ਸਭ ਕੋਈ।**

**ਭਾਵ** :—ਧਨ ਪਾਤਰ ਦੇ ਸਾਰੇ ਹੀ ਯਾਰ ਬਣਦੇ ਹਨ।

**ਵਰਤੋਂ** :—ਕਿਉਂ ਨਾ ਹੋਵੇ, 'ਜਿਹਦੇ ਹਥ ਡੋਈ ਓਹਦਾ ਸਭ ਕੋਈ'। ਧਨ-ਪਾਤਰ ਦੀਆਂ ਖੁਸ਼ਾਮਦਾਂ ਸਭੇ ਹੀ ਕਰਦੇ ਹਨ। (ਸੰ)

**ਜਿਹਦੇ ਗਲ ਪਲਾ, ਉਹਨੂੰ ਸੌ ਖਲਾ।**

**ਭਾਵ** :— ਗ਼ਰੀਬ ਦੀ ਹਰ ਥਾਂ ਨਿਰਾਦਰੀ ਹੁੰਦੀ ਹੈ।

**ਵਰਤੋਂ** :—ਅਜ ਅਮਲੋਕ ਰਾਮ ਦੀ ਬੜੀ ਨਿਰਾਦਰੀ ਹੋਈ। ਠੀਕ ਹੈ 'ਜਿਹਦੇ ਗਲ ਪਲਾ, ਉਹਨੂੰ ਸੌ ਖਲਾ' ਗ਼ਰੀਬ ਦੀ ਕਿਤੇ ਵੀ ਪੁੱਛ ਨਹੀਂ ਹੁੰਦੀ। (ਸੰਗੂ)

**ਜਿਹਦੇ ਰਾਹ ਨਾ ਵੰਜੈਂ, ਉਹਦਾ ਪੰਧ ਨਾ ਪੁਛ।**

**ਭਾਵ** :—ਜਿਸਦੀ ਸਲਾਹ ਵਰਤਣੀ ਨਹੀਂ,ਉਸ ਤੋਂ ਪੁਛਣ ਦੀ ਹੀ ਕੀ ਲੋੜ ਹੈ?

**ਵਰਤੋਂ** :—ਜਦ ਵੱਡਿਆਂ ਦੇ ਕਹੇ ਉਤੇ ਅਮਲ ਨਹੀਂ ਕਰਨਾ ਤਦ ਉਹਨਾਂ ਨੂੰ ਪੁੱਛਣ ਦਾ ਕੀ ਲਾਭ ? 'ਜਿਹਦੇ ਰਾਹ ਨਾ ਵੰਜੈਂ, ਉਹਦਾ ਪੰਧ ਨਾ ਪੁਛ' ਵਾਲੀ ਗਲ ਪਲੇ ਬੰਨ੍ਹ ਕੇ ਰਖੋ। (ਸੰਗੂ)

**ਜਿਹਨੂੰ ਇੱਥੇ ਨਹੀਂ ਢੋਈ, ਉਹਨੂੰ ਅਗੇ ਵੀ ਥਾਂ ਨਾ ਕੋਈ।**

**ਭਾਵ** :—ਜਿਸ ਦੀ ਇਸ ਸੰਸਾਰ ਵਿਚ ਕੋਈ ਪੁੱਛ ਨਾ ਹੋਵੇ, ਉਸ ਨੂੰ ਮਰ ਕੇ ਵੀ ਸੁਖ ਨਹੀਂ ਮਿਲਦਾ।

**ਵਰਤੋਂ** :—ਤੇ ਗੋਰਖੇ ਵੀ ਡਰਦੇ ਹੱਥ ਨਹੀਂ ਪਾਂਦੇ। ਖਵਰੇ ਜਿਨ ਏ ਭੂਤ ਏ ? ਜਮ ਰਾਜ ਪਹਿਲੇ ਹੀ ਡਰਦਾ ਨੇੜੇ ਨਹੀਂ ਢੁਕਦਾ। ਠੀਕ ਹੈ ਜਿਹਨੂੰ ਇੱਥੇ ਨਹੀਂ ਢੋਈ, ਉਹਨੂੰ ਅਗੇ ਵੀ ਥਾਂ ਨਾ ਕੋਈ।' (ਮਹਾਰਾਜਾ ਰਣਜੀਤ ਸਿੰਘ)

**ਜਿਹਨੂੰ ਸਦਾਂ ਮੀਆਂ, ਉਹਦੇ ਨਾਲ ਲੇਖਾ ਕਿਹਾ ?**

**ਭਾਵ** :— ਜਿਸ ਨੂੰ ਪਿਆਰ ਕਰੀਏ ਜਾਂ ਮਾਲਕ ਸਮਝੀਏ, ਉਸ ਨਾਲ ਲੇਖਾ ਕਰਨ ਦਾ ਕੀ ਮਤਲਬ ?

**ਵਰਤੋਂ** :—ਓਮਾ ਜੀ ! ਜਦ ਤੁਹਾਡੇ ਹੀ ਬਣੇ ਰਹਿਣਾ ਹੈ ਤਾਂ ਲੇਖਾ ਕਰਨ ਦਾ ਕੀ ਲਾਭ ? ਜਿਸ ਨੂੰ ਸਦਾਂ ਮੀਆਂ, ਉਹਦੇ ਨਾਲ ਲੇਖਾ ਕਿਹਾ ? (ਸੰ)

**ਜਿਹੜਾ ਅੜਿਆ, ਓਹੀ ਝੜਿਆ।**

**ਭਾਵ** :—ਜਿਸ ਨੇ ਟਾਕਰਾ ਕੀਤਾ, ਉਸੇ ਨੂੰ ਹਾਰ ਹੋਈ।

**ਵਰਤੋਂ** :—ਮਦੀਨੇ ਦੇ ਲੋਕਾਂ ਨੇ ਹਜ਼ਰਤ ਮੁਹੰਮਦ ਨਾਲ ਬੜਾ ਪਿਆਰ ਕੀਤਾ ਅਤੇ ਪੂਰੀ ਮਿਲਵਰਤਨ ਦਿਤੀ। ਮੁਸਲਮਾਨੀ ਪ੍ਰਚਾਰ ਵਿਚ ਬੜਾ ਵਾਧਾ ਹੋਇਆ 'ਜਿਹੜਾ ਅੜਿਆ ਓਹੀ ਝੜਿਆ' ਵਾਲੀ ਗਲ ਹੋਈ। (ਸੰਗੂ)

**ਜਿਹੜਾ ਆਡ ਨਹੀਂ ਟੱਪਦਾ, ਦਰਿਆ ਕਿਵੇਂ ਤਰਸੀ ?**

**ਭਾਵ** :—ਜਿਹੜਾ ਨਿਕੀ ਜਿਹੀ ਔਕੜ ਤੋਂ ਡਰਦਾ ਹੈ, ਉਹ ਵਡੀਆਂ ਔਕੜਾਂ ਦਾ ਸਾਹਮਣਾ ਨਹੀਂ ਕਰ ਸਕਦਾ ।

**ਵਰਤੋਂ** :—ਥਾਣੇਦਾਰ—ਢਿਲਤ ਰਾਮ ਜੀ ! ਟਿਕ ਕੇ ਬਹੁ, ਬਹੁਤੀਆਂ ਗੱਪਾਂ ਨਾ ਮਾਰੋ । 'ਜਿਹੜਾ ਆਡ ਨਹੀਂ ਟਪਦਾ, ਦਰਿਆ ਕਿਵੇਂ ਤਰਸੀ' । ਤੁਸੀਂ ਤਾਂ ਨਿਕੀ ਜਿਹੀ ਗਲ ਤੋਂ ਘਬਰਾ ਜਾਂਦੇ ਹੋ । ਵਡੀਆਂ ਔਕੜਾਂ ਦਾ ਟਾਕਰਾ ਕਿਵੇਂ ਕਰੋਗੇ ? (ਸੈਂ)

**ਜਿਹੜਾ ਕਿਸੇ ਦੇ ਐਬ ਨੂੰ ਜਰਦਾ ਨਹੀਂ, ਰਬ ਓਸ ਦਾ ਐਬ ਛੁਪਾਉਂਦਾ ਨਹੀਂ ।**

**ਭਾਵ** :—ਜਿਹੜਾ ਕਿਸੇ ਦੀ ਨਿੰਦਿਆ ਕਰਦਾ ਹੈ, ਰੱਬ ਉਸ ਨੂੰ ਵੀ ਨੰਗਾ ਕਰ ਦੇਂਦਾ ਹੈ ।

**ਵਰਤੋਂ** :—

ਵਾਰਸਸ਼ਾਹ ਜੋ ਐਬ ਨਾ ਕਜਦਾ ਏ,
ਰੱਬ ਓਸ ਨੂੰ ਵੀ ਨੰਗਾ ਕਰ ਦੇਂਦਾ ਹੈ ।

(ਵਾਰਸਸ਼ਾਹ)

**ਜਿਹੜਾ ਕਿਸੇ ਨੂੰ ਤਾਂਦਾ ਏ, ਉਹ ਆਪ ਵੀ ਅਗ ਵਿਚ ਸੜਦਾ ਏ ।**

**ਭਾਵ** :—ਜਿਹੜਾ ਕਿਸੇ ਨੂੰ ਦੁਖੀ ਕਰਦਾ ਹੈ, ਉਹ ਆਪ ਵੀ ਦੁਖੀ ਹੁੰਦਾ ਹੈ ।

**ਵਰਤੋਂ** :—ਪਰ ਮੇਮ ਸਾਹਿਬ ਨੇ ਕਿਸੇ ਗਲ ਨੂੰ ਜੁੱਤੀ ਤੇ ਨਾ ਲਿਖਿਆ, ਬਲਕਿ ਉਹ ਦਿਲ ਵਿਚ ਕਹਿੰਦੀ, 'ਪਈ ਜਿਹੜਾ ਕਿਸੇ ਦੂਜੇ ਨੂੰ ਤਾਂਦਾ ਏ, ਓੜਕ, ਆਪ ਅੱਗ ਵਿਚ ਸੜਦਾ ਏ ।'

(ਪ੍ਰਭਾ—ਜੋਸ਼ੂਆ ਫਜ਼ਲ ਦੀਨ)

**ਜਿਹੜਾ ਕੰਡੇ ਬੀਜੇ ਓਹੀ ਭਖੜੇ ਦੀ ਰੋਟੀ ਖਾਂਦਾ ਹੈ ।**

**ਭਾਵ** :—ਜਿਹੜਾ ਮਾੜਾ ਕੰਮ ਕਰੇ, ਓਹੀ ਦੁਖ ਪਾਂਦਾ ਹੈ ।

**ਵਰਤੋਂ** :—ਜੋ ਕੁਝ ਹੋਇਆ ਹੈ, ਇਸ ਵਿਚ ਦਾਸੀ ਦਾ ਕੋਈ ਕਸੂਰ ਨਹੀਂ, ਰਾਜ ਕੁਮਾਰ ਨੇ ਆਪ ਹੀ ਕੰਡੇ ਬੀਜੇ ਸਨ, ਉਸ ਲਈ ਭਖੜੇ ਦੀ ਰੋਟੀ ਖਾਣੀ ਪਈ ।

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਜਿਹੜਾ ਗੁੜ ਦਿਤਿਆਂ ਮਰੇ, ਉਹਨੂੰ ਮੋਹਰਾ ਕਿਉਂ ਦੇਈਏ ।**

**ਭਾਵ** :—ਜਦ ਮਿੰਨਤ ਨਾਲ ਕੋਈ ਕੰਮ ਨਿਕਲ ਸਕੇ, ਤਦ ਸਖ਼ਤੀ ਕਿਉਂ ਕਰਨੀ ਹੋਈ ।

**ਵਰਤੋਂ** :—ਰਾਣੀ—ਮਹਾਰਾਜ ! ਜੇ ਕੋਈ ਰਾਜ ਦੂਤ ਘਲ ਕੇ ਅਸੀਂ ਰਾਣੇ ਨੂੰ ਆਪਣੇ ਨਾਲ ਰਲਾ ਲਈਏ, ਤਦ ਲੜਨ ਦਾ ਕੀ ਲਾਭ ? 'ਜਿਹੜਾ ਗੁੜ ਦਿਤਿਆਂ ਮਰੇ, ਉਹਨੂੰ ਮੁਹਰਾ ਕਿਉਂ ਦੇਣਾ ?'

(ਸੰਗ੍ਰ)

**ਜਿਹੜਾ ਘਰ ਪਿੱਟੇ, ਓਹੋ ਘਰ ਲੁੱਟੇ । ਜਾਂ ਜਿਹੜਾ ਘਰ ਫਿੱਟੇ, ਓਹੋ ਘਰ ਲੁੱਟੇ ।**

**ਭਾਵ** :—ਜਿਸ ਘਰ ਵਿਚ ਕਲਾ, ਫੁੱਟ ਜਾਂ ਲੜਾਈ ਆ ਵੜੇ, ਉਹ ਉਜੜ ਜਾਂਦਾ ਹੈ ।

**ਵਰਤੋਂ** :—'ਜਿਹੜਾ ਘਰ ਪਿੱਟੇ, ਓਹੋ ਘਰ ਲੁਟੇ', ਫੁੱਟ ਤੇ ਲੜਾਈ ਘਰ ਨੂੰ ਉਜਾੜ ਦੇਂਦੇ ਹਨ । (ਸੰਗ੍ਰ)

**ਜਿਹੜਾ ਜਾਣੇ (ਚਾਹਵੇ) ਆਪ ਨੂੰ, ਓਹਦੇ ਜਾਣੀਏ ਮਾਈ ਬਾਪ ਨੂੰ ।**

**ਭਾਵ** :—ਜੋ ਤੁਹਾਡੀ ਇਕ ਗੁਣਾ ਇਜ਼ਤ ਕਰੇ, ਤੁਸੀਂ ਉਹਦੀ ਸੌ ਗੁਣਾ ਕਰੋ ।

**ਵਰਤੋਂ** :—ਮੈਨੂੰ ਤਾਂ ਉਹ ਹਰ ਸਮੇਂ ਸਿਰ ਉਤੇ ਬਿਠਾਂਦਾ ਹੈ । ਮੈਂ ਵੀ ਅਗੋਂ ਓਹਦੀ ਸੌ ਗੁਣਾ ਵਧ ਇੱਜ਼ਤ ਕਰਦਾ ਹਾਂ । 'ਜਿਹੜਾ ਜਾਣੇ ਆਪ ਨੂੰ, ਓਹਦੇ ਜਾਣੀਏ ਮਾਈ ਬਾਪ ਨੂੰ' । (ਸੰਗ੍ਰ)

**ਜਿਹੜਾ ਝਾਲ ਝਲਦਾ ਹੈ, ਓਸੇ ਤੇ ਪੈਂਦੀ ਹੈ।**

**ਭਾਵ** :—ਜਿਹੜਾ ਕੋਈ ਬਿਪਤਾ ਸਹਾਰ ਸਕੇ, ਓਸੇ ਉਪਰ ਬਿਪਤਾ ਪੈਂਦੀ ਹੈ।

**ਵਰਤੋਂ** :—ਵਾਣ ਵਿਚਾਰਾ ਧੁਪ ਕਣੀ, ਮੀਂਹ, ਪਾਲਾ ਸਹਿ ਲੈਂਦਾ ਹੈ ਚੁਪ ਚੁਪੀਤਿਆਂ। ਗਲ ਓਹੀ ਹੈ 'ਜਿਹੜਾ ਝਾਲ ਝਲਦਾ ਹੈ ਓਸੇ ਤੇ ਪੈਂਦੀ ਹੈ'।

(ਦਵਿੰਦ੍ਰ ਬਤੀਸੀ—ਡਾ: ਮੋਹਨ ਸਿੰਘ)

**ਜਿਹੜਾ ਨਾ ਭਾਵੇ ਮੂੰਹ ਨੂੰ, ਸੋਈਓ ਭੇੜਾ ਸਹੁੰ ਨੂੰ।**

**ਭਾਵ** :—ਜਿਹੜਾ ਉੱਕਾ ਚੰਗਾ ਨਾ ਲਗੇ, ਉਸੇ ਦਾ ਗੁਣ ਗਾਣਾ ਜਾਂ ਸਹਾਇਤਾ ਲੈਣੀ।

**ਵਰਤੋਂ** :—ਕੀ ਕਰਦਾ, ਕਰਮਾਂ ਦੀ ਖੇਡ ਸੀ। ਜਿਹੜਾ ਨਾ ਭਾਵੇ ਮੂੰਹ ਨੂੰ, ਸੋਈਓ ਭੇੜਾ ਸਹੁੰ ਨੂੰ। ਜਿਸ ਨਾਲ ਕਦੀ ਮੱਥਾ ਨਹੀਂ ਸੀ ਲਾਇਆ, ਓਸੇ ਅੱਗੇ ਹੱਥ ਟੱਡਣਾ ਪਾਇਆ। (ਸੰਗ੍ਰ)

**ਜਿਹੜਾ ਬੋਲੇ, ਓਹੋ ਕੁੰਡਾ ਖੋਲੇ।**

**ਭਾਵ** :—ਜਦ ਸਲਾਹ ਦੇਣ ਵਾਲੇ ਨੂੰ ਹੀ ਕੰਮ ਕਰਨਾ, ਜਾਂ ਬਦਨਾਮੀ ਝਲਣੀ ਪਵੇ।

**ਵਰਤੋਂ** :—ਮਾਂ ਜੀ, ਤੁਸੀਂ ਤਾਂ ਓਹੀ ਗਲ ਕੀਤੀ ਅਖੇ 'ਜਿਹੜਾ ਬੋਲੇ, ਓਹੋ ਕੁੰਡਾ ਖੋਲ੍ਹੇ' ਮੈਂ ਤੁਹਾਨੂੰ ਦਸਿਆ ਸੀ, ਪਈ ਨੁਕਸਾਨ ਸਾਡਾ ਹਾਲੀਆਂ ਨੇ ਕੀਤਾ ਹੈ। ਤੁਸੀਂ ਮੇਰੇ ਪਿਛੇ ਹੀ ਪੈ ਗਏ, ਪਈ ਮੈਂ ਨਿਗਰਾਨੀ ਕਿਉਂ ਨਹੀਂ ਕੀਤੀ। (ਸੰਗ੍ਰ)

**ਜਿਹੜਾ ਭਾਂਡਾ ਸਖਣਾ ਹੁੰਦਾ ਹੈ, ਓਹੀ ਬਹੁਤ ਖੜਕਦਾ ਹੈ।**

**ਭਾਵ** :—ਅੰਞਾਣਿਆਰੇ ਤੇ ਹੋਛੇ ਮਨੁਖ ਹੀ ਬਹੁਤ ਰੌਲਾ ਪਾਂਦੇ ਹਨ।

**ਵਰਤੋਂ** :—ਸਿਆਣੇ ਸਦਾ ਸੋਚ ਵਿਚਾਰ ਤੋਂ ਕੰਮ ਲੈਂਦੇ ਹਨ, ਪਰ ਮੂਰਖ ਰੌਲਾ ਹੀ ਪਾਈ ਜਾਂਦੇ ਹਨ। ਸਿਆਣਿਆਂ ਨੇ ਇਸੇ ਲਈ ਕਿਹਾ ਹੈ; 'ਜਿਹੜਾ ਭਾਂਡਾ ਸਖਣਾ ਹੁੰਦਾ ਹੈ, ਓਹੀ ਬਹੁਤਾ ਖੜਕਦਾ ਹੈ'। (ਸੰਗ੍ਰ)

**ਜਿਹੜਾ ਵੱਜਣਾ ਸੀ ਢੋਲ ਵਜ ਗਿਆ।**

**ਭਾਵ** :—ਕਿਸੇ ਨਮੋਸ਼ੀ ਦੇ ਢਕਣ ਦਾ ਬੇਅਰਥ ਜਤਨ ਕਰਨਾ।

**ਵਰਤੋਂ** :—

ਜਿਹੜਾ ਵੱਜਣਾ ਢੋਲ ਸੀ ਵੱਜ ਗਿਆ,
ਅਜੇ ਸ਼ਰਮ ਦੇ ਨਾਲ ਪਿਆਰ ਰਿਹਾ।
ਵਾਰਸ ਨੰਗ ਨਮੂਸ ਨਾ ਰਹੇ ਓਥੇ,
ਜਿੱਥੇ ਇਸ਼ਕ ਦਾ ਲਗ ਬਜ਼ਾਰ ਰਿਹਾ।

(ਹੀਰ—ਵਾਰਸ ਸ਼ਾਹ)

**ਜਿਹੜੀ ਕਰੇ ਘਿਉ, ਨਾ ਮਾਂ ਕਰੇ ਨਾ ਪਿਉ।**

**ਭਾਵ** :—ਘਿਓ ਖਾਣ ਨਾਲ ਬੜੀ ਤਾਕਤ ਵਧਦੀ ਹੈ।

**ਵਰਤੋਂ** :—ਦਾਲ, ਭਾਜੀ ਜਾਂ ਸਲੂਣਾ ਜੋ ਭੀ ਰੋਟੀ ਨਾਲ ਅਸੀਂ ਹਰ ਰੋਜ਼ ਖਾਂਦੇ ਹਾਂ, ਉਸ ਵਿਚ ਘਿਉ ਪਿਆ ਹੁੰਦਾ ਹੈ। ਘਿਉ ਬੜੀ ਤਾਕਤ ਦੇਂਦਾ ਹੈ। ਇਸੇ ਲਈ ਆਖਦੇ ਹਨ 'ਜਿਹੜੀ ਕਰੇ ਘਿਉ ਨਾ ਮਾਂ ਕਰੇ ਨਾ ਪਿਉ।' (ਸੰਗ੍ਰ)

**ਜਿਹੜੀ ਗਲ ਬੀਤ ਗਈ, ਉਹਦੀ ਘਸੀਟ ਕੀ?**

**ਭਾਵ** :—ਜਿਹੜੀ ਗਲ ਬਾਤ ਮੁਕ ਗਈ, ਉਸ ਦੀ ਮੁੜ ਪੜਚੋਲ ਕਰਨ ਦਾ ਕੀ ਲਾਭ?

**ਵਰਤੋਂ** :—ਉਨ ਬੱਚਾ! ਮੈਂ ਵਾਰੀ ਵੰਞਾਂ ...ਇਸ ਨਿਕੰਮੇ ਰੋਣ ਵਿਚ ਕੀ ਬਣਦਾ ਹੈ? ਜਿਹੜੀ ਗਲ ਬੀਤ ਗਈ ਉਹਦੀ ਘਸੀਟ ਕੇਹੀ ਕਰਨੀ ਹੋਈ?

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਜਿਹੜੇ ਖਾਣਗੇ ਗਾਜਰਾਂ, ਪੇਟ ਉਨ੍ਹਾਂ ਦੇ ਪੀੜ।**

**ਭਾਵ** :—ਜਿਹੜਾ ਮਾੜਾ ਕੰਮ ਕਰੇਗਾ, ਓਹੀ ਦੁਖ ਪਾਵੇਗਾ।

**ਵਰਤੋਂ** :—ਬੀਬੀ ਜੀ, ਨਾ ਦ੍ਰੋਪਤੀ ਮਾੜੇ ਕੰਮ ਕਰੇ ਤੇ ਨਾ ਦੁਖੀ ਹੋਵੇ,'ਜਿਹੜੇ ਖਾਣਗੇ ਗਾਜਰਾਂ; ਪੇਟ ਉਨ੍ਹਾਂ ਦੇ ਪੀੜ' ਅਸਲ ਗਲ ਤਾਂ ਇਹ ਹੈ। (ਸੰਗ੍ਰ)

**ਜਿਹੜੇ ਖਾਣਗੇ ਚੋਪੜੀ, ਸੋਈ ਸਹਿਣਗੇ ਦੁਖ।** ਵੇਖੋ :— **ਜਿਨਾ ਖਾਧੀ ਚੋਪੜੀ, ਘਣੇ ਸਹਿਣਗੇ ਦੁਖ।'**

**ਭਾਵ** :—ਜਿਹੜੇ ਸੁਆਦ ਲੁਟਣਗੇ, ਔਖੇ ਵੀ ਓਹੀ ਹੋਣਗੇ।

**ਵਰਤੋਂ** :—ਸ਼ਾਹ ਜੀ, ਗ਼ਰੀਬੀ ਵਿਚ ਬੜਾ ਸੁਖ ਹੈ 'ਜਿਹੜੇ ਖਾਣਗੇ ਚੋਪੜੀ ਸੋਈ ਸਹਿਣਗੇ ਦੁਖ' ਸੋ, ਗ਼ਰੀਬੀ ਨੂੰ ਨਿੰਦੋ ਨਾ। (ਸੰਗ੍ਰ)

**ਜਿਹੜੇ ਗਜਦੇ ਹਨ, ਉਹ ਵਰ੍ਹਦੇ ਨਹੀਂ।** ਜਾਂ **ਜਿਹੜੇ ਭੌਂਕਦੇ ਹਨ, ਉਹ ਵਢਦੇ ਨਹੀਂ।**

**ਭਾਵ** :—ਬਹੁਤਾ ਰੌਲਾ ਪਾਉਣ ਵਾਲੇ ਨਿਗਰ ਕੰਮ ਘਟ ਕਰਦੇ ਹਨ।

**ਵਰਤੋਂ** :—ਜਿਹੜੇ ਗਜਦੇ ਹਨ, ਓਹ ਵਰ੍ਹਦੇ ਨਹੀਂ। ਤੁਸੀਂ ਓਹਦੇ ਢੋਲ ਢਮੱਕੇ ਤੇ ਨਾ ਜਾਓ, ਵਿਚੋਂ ਉਹ ਪੋਲਾ ਹੈ। (ਸੰਗ੍ਰ)

**ਜਿਹਾ ਸਾਲਾ ਵੇਖਿਆ ਤਿਹੀ ਸਾਲੇ ਦੀ ਭੈਣ।**

**ਭਾਵ** :—ਸਾਰੇ ਟਬਰ ਦੀ ਸੁੰਦਰਤਾ ਤੇ ਆਦਤਾਂ, ਇਕੋ ਜਹੀਆਂ ਹੁੰਦੀਆ ਹਨ।

**ਵਰਤੋਂ** :—'ਜਿਹਾ ਸਾਲਾ ਵੇਖਿਆ ਤਿਹੀ ਸਾਲੇ ਦੀ ਭੈਣ'। ਉਹ ਵੀ ਅਠਵੀਂ ਤੋਂ ਅਗੇ ਨਹੀਂ ਟੱਪ ਸਕਿਆ, ਇਸ ਵਿਚ ਕੀ ਅਕਲ ਹੋਣੀ ਸੀ। (ਸੰ)

**ਜਿਹਾ ਸੁਖ ਛੱਜੂ ਦੇ ਚੁਬਾਰੇ, ਨ ਬਲਖ ਨਾ ਬੁਖਾਰੇ।**

**ਭਾਵ** :—ਘਰ ਵਰਗਾ ਸੁਖ-ਅਨੰਦ ਕਿਤੇ ਨਹੀਂ ਮਿਲਦਾ।

**ਵਰਤੋਂ** :—ਘਰ ਵਰਗਾ ਸੁਖ ਕਿਤੇ ਨਹੀਂ ਮਿਲਦਾ। 'ਜਿਹਾ ਸੁਖ ਛਜੂ ਚੁਬਾਰੇ ਨਾ ਬਲਖ ਨਾ ਬੁਖਾਰੇ।' (ਸੰਗ੍ਰ)

**ਜਿਹਾ ਕਰੇਗਾ, ਤਿਹਾ ਭਰੇਗਾ।** ਵੇਖੋ :—**ਜਿਹਾ ਬੀਜੇ ਸੋ ਲੁਣੇ।**

**ਭਾਵ** :—ਜਿਹਾ ਕੰਮ ਕਰੇਗਾ, ਓਹੋ ਜਿਹਾ ਫਲ ਪਾਏਗਾ।

**ਵਰਤੋਂ** :—ਕ੍ਰਿਸ਼ਨ ਗੋਪਾਲ ਨੇ ਜੋ ਕੁਝ ਭਰਜਾਈ ਨਾਲ ਵੰਡ ਸਮੇਂ ਕੀਤਾ, ਉਹ ਹੁਣੇ ਹੀ ਉਸ ਦੇ ਪੇਸ਼ ਆ ਗਿਆ। ਸਚ ਹੈ 'ਜਿਹਾ ਕੋਈ ਕਰੇਗਾ, ਤਿਹਾ ਭਰੇਗਾ'। (ਸੰਗ੍ਰ)

**ਜਿਹਾ ਕੋਈ ਕਰੇਗਾ ਤਿਹਾ ਪਾਵੇਗਾ।**

**ਭਾਵ** :—ਜਿਹਾ ਕੋਈ ਕੰਮ ਕਰੇ, ਤਿਹੋ ਜਿਹਾ ਫੱਲ ਮਿਲੇ।

**ਵਰਤੋਂ** :—

ਸਾਨੂੰ ਠਗਿਓਈ ਹੀਰੇ ਦਗਾ ਦੇ ਕੇ,<br>
ਜਿਹੀਆਂ ਕੀਤੀਆਂ ਸੋ ਅਸਾਂ ਪਾਈਆਂ ਨੇ।<br>
(ਹੀਰ—ਵਾਰਸ ਸ਼ਾਹ)

**ਜਿਹਾ ਕੋਈ ਨਾ ਜੰਮਿਆ ਜੋ ਪਿਛੋਂ ਪਾਏ ਭੱਸ।**

**ਭਾਵ** :—ਜਦ ਕਿਸੇ ਉਤੇ ਪੱਕੀ ਬੇ-ਇਤਬਾਰੀ ਦਸਣੀ ਹੋਵੇ।

**ਵਰਤੋਂ** :—ਐਵੇਂ ਗਲਾਂ ਹੀ ਗਲਾਂ ਹਨ। ਜੀਉਂਦੇ ਜੀ ਕੋਈ ਮੈਨੂੰ ਪੁਛਦਾ ਨਹੀਂ ਤਾਂ ਮਰਨ ਪਿਛੋਂ ਕਿਸੇ ਕੀ ਕਰਨਾ ਏ। 'ਜਿਹਾ ਕੋਈ ਨਾ ਜੰਮਿਆ, ਜੋ ਪਿਛੋਂ ਪਾਏ ਭਸ'।

(ਸੰਗ੍ਰ)

**ਜਿਹਾ ਚੋਰ ਲਖ ਦਾ, ਤਿਹਾ ਕਖ ਦਾ।**

**ਭਾਵ** :—ਮਾੜਾ ਕੰਮ ਮਾੜਾ ਹੀ ਹੁੰਦਾ ਹੈ, ਭਾਵੇਂ ਥੋੜਾ ਮਾੜਾ ਹੋਵੇ ਭਾਵੇਂ ਬਾਹਲਾ ।

**ਵਰਤੋਂ** :—ਜਿਹਾ ਚੋਰ ਲਖ ਦਾ ਤਿਹਾ ਕਖ ਦਾ । ਮੰਦਾ ਕੰਮ ਬਹੁਤਾ ਵੀ ਮਾੜਾ ਏ, ਤੇ ਥੋੜਾ ਵੀ ਮਾੜਾ । (ਸੰਗ੍ਰ)

**ਜਿਹਾ ਡੱਡਾ ਪਿਆ, ਤਿਹਾ ਚਿੜੀਆਂ ਚੁੱਗ ਗਈਆਂ ।** ਵੇਖੋ :— **ਜਿਹਾ ਦਾਣਾ ਪਿਆ ਤਿਵੇਹਾ ਘੁੱਘੂ ਚੁਗ ਗਿਆ' ।**

**ਭਾਵ** :—ਜੋ ਖਟੀ ਕਮਾਈ ਆਈ, ਉਹ ਖਰਚ ਹੋ ਗਈ ।

**ਵਰਤੋਂ** :—ਇਥੇ ਤਾਂ ਚਲੋ-ਚਲਾਈ ਹੀ ਹੈ । ਜੋ ਆਂਦਾ ਹੈ ਸੋ ਖ਼ਰਚ ਹੋ ਜਾਂਦਾ ਹੈ, 'ਜਿਹਾ ਡੱਡਾ ਪਿਆ, ਤਿਹਾ ਚਿੜੀਆਂ ਚੁਗ ਗਈਆਂ' । (ਸੰ)

**ਜਿਹਾ ਤੇਰਾ ਲੂਣ ਪਾਣੀ, ਤਿਹਾ ਮੇਰਾ ਕੰਮ ਜਾਣੀ ।**

**ਭਾਵ** :—ਜਿਹੋ ਜਿਹੀ ਮਜ਼ੂਰੀ ਦਿਉਗੇ, ਓਹੋ ਜਿਹਾ ਕੰਮ ਹੋਵੇਗਾ ।

**ਵਰਤੋਂ** :—'ਜਿਹਾ ਤੇਰਾ ਲੂਣ ਪਾਣੀ, ਤਿਹਾ ਮੇਰਾ ਕੰਮ ਜਾਣੀ' ਕੰਮ ਦੇਖਣਾ ਹੈ ਤਾਂ ਢਿਡ ਭਰਨ ਨੂੰ ਪਹਿਲਾਂ ਰੋਟੀ ਪੂਰੀ ਦਿਓ । (ਸੰਗ੍ਰ)

**ਜਿਹਾ ਥੋੜਾ ਵੇਖਿਆ, ਤਿਹਾ ਬਹੁਤਾ ।**

**ਭਾਵ** :—ਜਿਤਨਾ ਵੇਖ ਲਿਆ ਹੈ, ਉਤਨਾ ਹੀ ਕਾਫ਼ੀ ਹੈ ।

**ਵਰਤੋਂ** :—ਭਰਾ ਛਡ ਹੁਣ, ਐਵੇਂ ਸ਼ਾਮ ਤਕ ਫਿਰਨ ਨਾਲ ਕੁਝ ਬਹੁਤਾ ਢਿਡ ਤਾਂ ਭਰ ਨਹੀਂ ਜਾਣਾ । 'ਜਿਹਾ ਥੋੜਾ ਵੇਖਿਆ, ਤਿਹਾ ਬਹੁਤਾ'। (ਸੰ)

**ਜਿਹਾ ਦਾਣਾ ਪਿਆ ਤਿਵੇਹਾ ਘੁੱਘੂ ਚੁਗ ਗਿਆ ।**

**ਭਾਵ** :—ਜਿਤਨਾ ਕੋਈ ਕਮਾਵੇ, ਉਤਨਾ ਹੀ ਖਰਚ ਹੋ ਜਾਵੇ ।

**ਵਰਤੋਂ** :— ਇਨ੍ਹਾਂ ਵਡਿਆਂ ਲੋਕਾਂ ਦੀਆਂ ਕੀ ਗੱਲਾਂ ਕਰਦੇ ਹੋ । ਤਨਖਾਹ ਜ਼ਿਆਦਾ ਹੈ ਤਾਂ ਖਰਚ ਭੀ ਬਥੇਰਾ ਹੈ । 'ਜਿਹਾ ਦਾਣਾ ਪਿਆ ਤਿਵੇਹਾ ਘੁਘੂ ਚੁਗ ਗਿਆ' ਵਾਲੀ ਗਲ ਹੈ ਇਨ੍ਹਾਂ ਲੋਕਾਂ ਨਾਲ ਤਾਂ । (ਸੰ)

**ਜਿਹਾ ਦੁਧ, ਤੇਹੀ ਬੁੱਧ ।**

**ਭਾਵ** :—ਬੱਚੇ ਮਾਪਿਆਂ ਉਪਰ ਹੀ ਜਾਂਦੇ ਹਨ ।

**ਵਰਤੋਂ** :—ਜਿਹਾ ਦੁਧ, ਤੇਹੀ ਬੁਧ' ਪਿਓ ਤੇ ਕਿਉਂ ਨਾ ਜਾਇ ਭਲਾ ? (ਸੰ)

**ਜਿਹਾ ਦੇਵਤਾ, ਤਿਹੀ ਪੂਜਾ ।** ਜਾਂ **ਜਿਹੀ ਰੂਹ, ਤੇਹੇ ਫਰਿਸ਼ਤੇ ।**

**ਭਾਵ** :—ਜਿਹੋ ਜਿਹਾ ਕੋਈ ਹੁੰਦਾ ਹੈ, ਉਹੋ ਜਿਹਾ ਉਸ ਨਾਲ ਵਰਤਾਵ ਹੁੰਦਾ ਹੈ ।

**ਵਰਤੋਂ** :—ਮਹੰਤ ਜੀ, ਜਿਹੋ ਜਿਹਾ ਮਨੁੱਖ ਤੁਸਾਡੇ ਪਾਸ ਆਉਂਦਾ ਹੈ, ਤੁਸੀਂ ਓਹੋ ਜਿਹਾ ਉਸ ਨਾਲ ਸਲੂਕ ਕਰਦੇ ਹੋ 'ਜਿਹਾ ਦੇਵਤਾ, ਤਿਹੀ ਪੂਜਾ' ਵਾਲਾ ਹੀ ਤੁਸਾਡਾ ਹਿਸਾਬ ਹੈ । (ਸੰਗ੍ਰ)

**ਜਿਹਾ ਬੀਉ ਤਿਹ ਫਲ ਪਾਓ ।** ਜਾਂ **ਜਿਹਾ ਬੀਜੈ ਸੋ ਲੁਣੇ ।** ਜਾਂ **ਜਿਹਾ ਬੀਜੈ ਤਿਹਾ ਵੱਢੇ ।**

**ਭਾਵ** :—ਜਿਹੋ ਜਿਹਾ ਕੋਈ ਕੰਮ ਕਰੇ ਤਿਹੋ ਜਿਹਾ ਫਲ ਮਿਲਦਾ ਹੈ ।

**ਵਰਤੋਂ** :—

ਜਿਹਾ ਬੀਜੀਏ ਵਾਰਸਾ ਵੱਢ ਲਈਏ,
ਹਰਫ ਵਿਚ ਹਦੀਸ ਦੇ ਆਇਆ ਈ ।
(ਹੀਰ—ਵਾਰਸ ਸ਼ਾਹ)

**ਜਿਹਾ ਵਿਹੀਜ ਕੇ ਪਾਇਆ, ਤੇਹਾ ਕੁਆਰਾ ਪਾਇਆ ।**

**ਭਾਵ** ;—ਜੋ ਹਰ ਹਾਲਤ ਵਿਚ ਇਕੋ ਜਿਹਾ ਹੋਵੇ ।

**ਵਰਤੋਂ** :—ਕੋਈ ਫ਼ਰਕ ਨਹੀਂ ਡਿੱਠਾ ਅਸਾਂ ਤਾਂ । ਜਿਹਾ ਵਹੀਜ ਕੇ ਪਾਇਆ, ਤੇਹਾ

ਕੁਆਰਾ ਪਾਇਆ।' ਐਵੇਂ ਗੱਲਾਂ ਹੀ ਹਨ ਕਿ ਹੁਣ ਵਲੈਤ ਤੋਂ ਆਣ ਨਾਲ ਉਸ ਦੇ ਸੁਭਾ ਵਿਚ ਬੜਾ ਫਰਕ ਆ ਗਿਆ ਹੈ। (ਸੰਗ੍ਰ)

**ਜਿਹਾ ਵੇਖਿਆ ਚਾਟੀਵਿੰਡ, ਤਿਹਾ ਹੋਊ ਅਗਲਾ ਪਿੰਡ।**

**ਭਾਵ** :—ਜਦ ਇਕ ਭੈੜੀ ਚੀਜ਼ ਨੂੰ ਵੇਖ ਕੇ ਅਗੋਂ ਹੋਰ ਕੁਝ ਵੀ ਵੇਖਣ ਤੇ ਜੀ ਨਾ ਕਰੇ।

**ਵਰਤੋਂ** :—'ਜਿਹਾ ਵੇਖਿਆ ਚਾਟੀਵਿੰਡ ਤਿਹਾ ਹੋਊ ਅਗਲਾ ਪਿੰਡ', ਹੋਰ ਕੀ ਵੇਖ ਕੇ ਲੈਣਾ ਅਗੇ। ਜੋ ਵੇਖ ਲਿਆ ਓਨਾ ਹੀ ਪੱਚ ਜਾਏ ਤਾਂ ਕਾਫੀ ਹੈ। (ਸੰਗ੍ਰ)

**ਜਿਹੀ ਸੀਤਲਾ ਦੇਵੀ, ਤਿਹਾ ਖੋਤੇ ਦਾ ਵਾਹਨ। ਜਾਂ ਜਿਹੇ ਭੈੜੇ ਤਾਬੜੇ ਤਿਹੇ ਭੈੜੇ ਪੂਜ।** ਵਾਹਨ = ਸਵਾਰੀ

**ਭਾਵ** :—ਜਿਹੋ ਜਿਹਾ ਕੋਈ ਬੰਦਾ ਹੋਇ, ਓਹੋ ਜਿਹਾ ਉਸ ਨੂੰ ਸਾਥ ਮਿਲ ਜਾਏ।

**ਵਰਤੋਂ** :—ਧਰਮ ਦੇਵ—ਜਿਹ ਜਿਹਾ ਰਾਮ ਰਖਾ ਮਲ ਆਪ ਸੀ, ਉਹੋ ਜਿਹੇ ਉਸ ਨੂੰ ਸਾਥੀ ਵੀ ਆ ਮਿਲੇ, ਜਿਹੀ ਸੀਤਲਾ ਦੇਵੀ ਤਿਹਾ ਖੋਤੇ ਦਾ ਵਾਹਣ ਵਾਲੀ ਗਲ ਹੈ ਉਸ ਨਾਲ ਹੈ। (ਸੰ)

**ਜਿਹੀ ਸੰਗਤ, ਤਿਹਾ ਫਲ।**

**ਭਾਵ** :—ਜਿਹੋ ਜਿਹੀ ਕੋਈ ਸੰਗਤ ਕਰਦਾ ਹੈ, ਤਿਹੋ ਜਿਹਾ ਫਲ ਮਿਲਦਾ ਹੈ।

**ਵਰਤੋਂ** :—ਮਾਤਾ—ਪੁਤਰ! ਤੇਰੀ ਭੈਣ ਨੂੰ ਕਈ ਵਾਰੀ ਸਿਖ ਮਤ ਦਿਤੀ ਹੈ ਕਿ ਛੁਟੀ ਹੋਣ ਤੇ ਸਿੱਧੀ ਘਰ ਆਇਆ ਕਰ ਤੇ ਵਿਹਲੀਆਂ ਕੁੜੀਆਂ ਪਾਸ ਬਹਿ ਕੇ ਸਮਾਂ ਨਾ ਗਵਾਇਆ ਕਰ, ਕਿਉਂਕਿ 'ਜਿਹੀ ਸੰਗਤ ਤਿਹਾ ਫਲ ਹੁੰਦਾ ਹੈ। ਪਰ ਇਹ ਇਸ ਗਲ ਨੂੰ ਚੇਤੇ ਨਹੀਂ ਰਖਦੀ। (ਸੰਗ੍ਰ)

**ਜਿਹੀ ਕਰਨੀ, ਤਿਹੀ ਭਰਨੀ।**

**ਭਾਵ** :—ਜਿਹਾ ਕੰਮ ਕੋਈ ਕਰਦਾ ਹੈ, ਤਿਹਾ ਫਲ ਪਾਂਦਾ ਹੈ।

**ਵਰਤੋਂ** :—

ਜੇਹਾ ਬੀਜੈ ਸੋ ਲੁਣੈ,
ਸਮੇ ਬਿਨਾ ਫਲ ਹਥਿ ਨ ਆਵੈ।
ਹੁਕਮੈ ਅੰਦਰ ਸਭ ਕੋ;
ਮੰਨੈ ਹੁਕਮ ਸੋ ਸਹਜ ਸਮਾਵੈ।
(ਵਾਰਾਂ—ਭਾਈ ਗੁਰਦਾਸ)

**ਜਿਹੀ ਕਿਲੇ ਬਧੀ, ਤਿਹੀ ਚੋਰਾਂ ਖੜੀ। ਜਾਂ ਜਿਹੇ ਕੰਤਾ ਘਰ ਰਹੇ ਤਿਹੇ ਗਏ ਪਰਦੇਸ।**

**ਭਾਵ** :—ਨਿਕੰਮਾ ਆਦਮੀ ਭਾਵੇਂ ਜਿਥੇ ਵੀ ਰਹੇ, ਇਕੋ ਜਿਹਾ ਮਾੜਾ ਹੈ।

**ਵਰਤੋਂ** :—ਮਾਇਆ ਲਈ ਉਸ ਦੀ ਗ਼ੈਰਹਾਜ਼ਰੀ 'ਜਿਹੇ ਕੰਤਾ ਘਰ ਰਹੇ ਤਿਹੇ ਗਏ ਪ੍ਰਦੇਸ' ਵਾਲੀ ਗਲ ਸੀ। ਉਸ ਲਈ ਉਸ ਦਾ ਹੋਣਾ ਨਾ ਹੋਣਾ ਬਰਾਬਰ ਸੀ। (ਸੰ)

**ਜਿਹੀ ਕੋਕੋ, ਤਿਹੇ ਬਚੇ।**

**ਭਾਵ** :—ਜਦੋਂ ਕਿਸੇ ਚੰਗੇ ਦਾ ਪਰਵਾਰ ਚੰਗਾ ਨਿਕਲੇ, ਜਾਂ ਭੈੜੇ ਦਾ ਪਰਵਾਰ ਭੈੜਾ ਨਿਕਲੇ ਤਦ ਵਰਤਦੇ ਹਨ।

**ਵਰਤੋਂ** :—'ਜਿਹੀ ਕੋਕੋ ਤਿਹੇ ਬਚੇ,' ਰਾਮ ਦੀ ਮਾਂ ਝੂਠ ਨੂੰ ਬਹੁਤ ਬੁਰਾ ਸਮਝਦੀ ਸੀ, ਤਾਹੀਏਂ ਰਾਮ ਭੀ ਝੂਠ ਨਹੀਂ ਬੋਲਦਾ ਸੀ। ਜਿਹੀ ਮਾਂ ਤਿਹੇ ਬਚੇ। (ਸੰਗ੍ਰ)

**ਜਿਹੀ ਗ਼ਰੀਬਣੀ ਬਾਹਮਣੀ, ਤਿਹੀ ਮਸ਼ੈਹਰੀ ਚੂਪ।**

**ਭਾਵ** :—ਹਰ ਕਿਸੇ ਨੂੰ ਖਰਚ ਆਪਣੀ ਵਿਤ ਅਨੁਸਾਰ ਹੀ ਕਰਨਾ ਪੈਂਦਾ ਹੈ।

**ਵਰਤੋਂ** :—ਰੂੜ ਸਿੰਘ—ਔਹ ਵੇਖ ਲੋ, ਖਰਚ ਤਾਂ ਸਵਾਰਥਾਂ ਦੇ ਕੰਮ ਨੇ, ਬਹੁਤ ਲੋੜੀਦਾ ਏ। ਪਰ 'ਜਿਹੀ ਗ਼ਰੀਬਣੀ ਬਾਹਮਣੀ, ਤਿਹੀ ਮਸ਼ੈਹਰੀ ਚੂਪ' ਵਾਲੀ ਗਲ ਏ। ਜਿਦਾਂ ਕਿੱਦਾਂ ਹੋਊ ਝਟ ਟਪਾ ਛਡਾਂਗੇ।
(ਸੁਭਦ੍ਰਾ—ਆਈ. ਸੀ. ਨੰਦਾ)

**ਜਿਹੀ ਨੀਅਤ, ਤਿਹੀ ਮੁਰਾਦ ।**

**ਭਾਵ** :—ਜਿਹੋ ਜਿਹਾ ਕੋਈ ਕੰਮ ਕਰੇਗਾ, ਤਿਹਾ ਫਲ ਪਾਵੇਗਾ ।

**ਵਰਤੋਂ** :—ਜਿਸ ਤਰ੍ਹਾਂ ਉਸ ਦੀ ਭਾਵਨਾ ਸੀ, ਓਹੋ ਹੋਈ । 'ਜਿਹੀ ਨੀਅਤ, ਤਿਹੀ ਮੁਰਾਦ' ਵਾਲਾ ਲੇਖਾ ਹੋ ਗਿਆ । (ਸੰਗ੍ਰ)

**ਜਿਹੀ ਮਹਾਰਾਣੀ, ਤਿਹਾ ਵਜ਼ੀਰ ।**

**ਭਾਵ** :—ਭੈੜੇ ਦੇ ਸਲਾਹਕਾਰ ਵੀ ਭੈੜੇ ਹੁੰਦੇ ਹਨ ।

**ਵਰਤੋਂ** :—ਸਚ ਹੈ ! ਜਿਹੀ ਮਹਾਰਾਣੀ ਤਿਹਾ ਵਜ਼ੀਰ, ਜਿਹੀ ਕਿਕਰ ਦੇ ਜੁੜੇਲ ਰਾਣੀ, ਤਿਹਾ ਖੋਤਾਂ ਦਾ ਭੂਤ ਪ੍ਰਧਾਨ ਮੰਤ੍ਰੀ' ।

(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਬੀਰ ਸਿੰਘ)

**ਜਿਹੀ ਮਾਂ ਤਿਹੇ ਬਚੇ ।**

**ਭਾਵ** :— ਔਲਾਦ ਮਾਂ ਬਾਪ ਤੇ ਹੀ ਹੁੰਦੀ ਹੈ ।

**ਵਰਤੋਂ** :—ਪਿਓ ਕੋਈ ਘਟ ਥੋੜ੍ਹਾ ਸੀ ? ਪੁਤ ਆਪੇ ਹੀ ਦੋ ਕਦਮ ਅਗੇ ਜਾਇਗਾ । (ਸੰਗ੍ਰ)

**ਜਿਹੀ ਮੂੰਹੋਂ ਮੰਨੀ, ਜਿਹੀ ਭਰ ਦਿਤੀ ।**

**ਭਾਵ** :—ਜੋ ਕੁਝ ਬਚਨ ਬੰਦਾ ਮੂੰਹੋਂ ਆਖੇ, ਓਹੀ ਕਰ ਦਿਖਾਵੇ ।

**ਵਰਤੋਂ** :—ਇਕ ਜਥੇਦਾਰ—ਸੰਗਤ ਅਗੇ ਬੇਨਤੀ ਏ, ਕਿ ਹੁਣ ਸਿੰਘ ਹੋਰੀ ਪਰਵਾਨ ਕਰ ਗਏ ਨੇ । ਜਿਹੀ ਮੂੰਹੋਂ ਮੰਨੀ, ਜਿਹੀ ਭਰ ਦਿਤੀ । ਇਸ ਵਾਸਤੇ ਸੰਗਤ ਕੁਝ ਰਹਿਮ ਕਰੇ ਤੇ ਸਿੰਘ ਹੁਰਾਂ ਦੀ ਏਹ ਤਨਖ਼ਾਹ ਬਖਸ਼ ਦਏ ।

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

**ਜਿਹੀ ਰੂਹ ਤਿਹੇ ਫਰਿਸ਼ਤੇ ।**

**ਭਾਵ** :—ਜਿਹੋ ਜਿਹਾ ਕੋਈ ਕਰਦਾ, ਤਿਹੋ ਜਿਹਾ ਉਸ ਨੂੰ ਫਲ ਮਿਲਦਾ ਹੈ ।

**ਵਰਤੋਂ** :—ਮੈਂ ਤਾਂ ਇਸ ਵਾਸਤੇ ਕਿਹਾ ਨਾ, ਪਈ ਮੈਂ ਤਾਂ ਬੇਸ਼ਕਲ ਹੋਇਆ ਈ, ਪਰ ਜੇ ਅਗਲੀ ਵੀ ਮਾਤਾ ਦਾ ਮਾਲ ਈ ਟਕਰੀ ਤਾਂ ਵੇਖਣ ਵਾਲਿਆਂ ਆਪੋ ਟਿਚਕਰਾਂ ਕਰਨੀਆਂ ਹੋਈਆਂ, ਆਖਣਗੇ 'ਜਿਹਾ ਮੂੰਹ ਤਿਹੀ ਚਪੇੜ' 'ਜਿਹੀ ਰੂਹ, ਤਿਹੇ ਫਰਿਸ਼ਤੇ' ।

(ਸ਼ਾਮੂ ਸ਼ਾਹ—ਆਈ. ਸੀ. ਨੰਦਾ)

**ਜਿਹੇ ਤੁਸੀਂ ਚੋਰ ਤੇਹੀ ਮੈਂ ਚੋਟੀ ।**

**ਭਾਵ** :—ਜਦ ਸਾਰੇ ਇਕੋ ਜਿਹੇ ਭੈੜੇ ਹੋਣ ।

**ਵਰਤੋਂ** :—ਜਦੋਂ ਚੋਰ ਤੀਵੀਂ ਪਾਸੋਂ ਖੋਹਣ ਲਗੇ ਤਾਂ ਤੀਵੀਂ ਨੇ ਆਖਿਆ—ਭਈ ਜ਼ੋਰਾ ਜੋਰੀ ਤਾਂ ਮਸੂਲ ਨਹੀਂ ਦਿਆਂਗੀ, ਜਿਹੇ ਤੁਸੀਂ ਚੋਰ ਤੇਹੀ ਮੈਂ ਚੋਟੀ ।

(ਸ੍ਰੀ ਚਰਣਹਰਿ ਵਿਸਥਾਰ—ਡ: ਬਲਬੀਰ ਸਿੰਘ)

**ਜਿਹੇ ਨਾਲ ਰਲੀਏ, ਤੇਹੇ ਹੋ ਜਾਈਏ ।**

**ਭਾਵ** :—ਜਿਹੋ ਜਿਹੇ ਸਾਥੀ ਹੋਣ, ਤਿਹੋ ਜਿਹੇ ਆਪ ਹੋ ਜਾਈਦਾ ਹੈ ।

**ਵਰਤੋਂ** :—ਜੇ ਤੈਨੂੰ ਉਸ ਨਾਲ ਵਾਹ ਹੁਣ ਪੈ ਹੀ ਗਿਆ ਹੈ ਤਾਂ ਆਪਣੇ ਆਪ ਨੂੰ ਉਸ ਅਨੁਕੂਲ ਢਾਲ ਲੈ, ਜਿਹੇ ਨਾਲ ਰਲੀਏ, ਤੇਹੋ ਹੀ ਹੋ ਜਾਈਏ । (ਸੰਗ੍ਰ)

**ਜਿਹੋ ਜਿਹਾ ਗਿਆ ਸੀ, ਓਹੋ ਜਿਹਾ ਮੁੜ ਆਇਆ ।**

**ਭਾਵ** :—ਜਦ ਕੋਈ ਖੱਟ ਕਮਾ, ਕੁਝ ਨਾ ਲੈ ਆਵੇ ।

**ਵਰਤੋਂ** :—ਕੁਝ ਨਾ ਪੁਛੋ । ਧੋਕੇ ਹੀ ਖਾਧੇ ਬਾਹਰ ਤਾਂ । ਬਸ ਜਿਹੋ ਜਿਹਾ ਗਿਆ ਸੀ, ਓਹੋ ਜਿਹਾ ਮੁੜ ਆਇਆ ਹੈਂ । (ਸੰਗ੍ਰ)

**ਜਿਹੋ ਜਿਹਾ ਜੀਵਨ, ਓਹੋ ਜਿਹੀ ਮੂਰਤ ।**

**ਭਾਵ** :—ਜੋ ਅੰਦਰ ਹੁੰਦਾ ਹੈ ਸੋਈ ਬਾਹਰ ਦਿਸਦਾ ਹੈ ।

**ਵਰਤੋਂ** :—ਹਰਿੰਦਰ—ਜਿਹੋ ਜਿਹਾ ਤੇਰਾ ਜੀਵਨ ਏ, ਓਹੋ ਜਿਹੀ ਮੂਰਤ ਬਣਨੀ ਏ ।

(ਸੁਫਨੇ ਸਾਜ਼—ਹਰਚਰਨ ਸਿੰਘ)

## ਜਿਹੋ ਜਿਹਾ ਪਿਉ, ਓਹੋ ਜਿਹਾ ਪੁੱਤਰ ।

**ਭਾਵ** :—ਜਦ ਬੱਚੇ ਆਪਣੇ ਮਾਪਿਆਂ ਵਾਲੇ ਹੀ ਕੰਮ ਕਰਨ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਭਾਬੋ—(ਰੋਂਦੀ ਹੋਈ) ਇਹ ਵੀ ਨਹੀਂ ਰਹਿਣਾ ਸਾਡੇ ਹਥਾਂ 'ਚ । ਐਨ ਇਸੇ ਤਰ੍ਹਾਂ ਛੋਟੇ ਹੁੰਦੇ ਬੱਤੇ ਨੇ ਮੇਰੇ ਸਿਰ 'ਚ ਚਮਟਾ ਮਾਰਿਆ ਸੀ । ਜਿਹੋ ਜਿਹਾ ਪਿਉ, ਓਹੋ ਜਿਹਾ ਪੁਤ ।'

(ਸਪਤ ਰਿਸ਼ੀ—ਸੰਤ ਸਿੰਘ ਸੇਖੋਂ)

## ਜਿਹੋ ਜਿਹੇ ਰਾਜੇ ਤਿਹੋ ਜਿਹੇ ਦੀਵਾਨ (ਵਜ਼ੀਰ) ।

**ਭਾਵ** :—ਜਿਸ ਸੁਭਾ ਦਾ ਰਾਜਾ ਹੋਵੇ, ਵਜ਼ੀਰ ਵੀ ਉਸੇ ਵਰਗਾ ਹੀ ਹੁੰਦਾ ਹੈ।ਜਥਾ ਰਾਜਾ ਤਥਾ ਪਰਜਾ ।

**ਵਰਤੋਂ** :—ਜਿਹੋ ਜਿਹੇ ਰਾਜੇ ਤਿਹੋ ਜਹੇ ਦੀਵਾਨ, ਕਾਨੂੰਨ ਵੀ ਏਹੋ ਬਣਾਂਦੇ ਨੇ ਤੇ ਲਾਗੂ ਵੀ ਏਹੋ ਕਰਦੇ ਨੇ ।

(ਦਵਿੰਦਰ ਬਤੀਸੀ—ਡਾ: ਮੋਹਨ ਸਿੰਘ)

## ਜਿਤ ਵਲ ਯਾਰ ਉਤੇ ਵਲ ਅੱਖੀਆਂ ।

**ਭਾਵ** :—ਹਰ ਵੇਲੇ ਕਿਸੇ ਦਾ ਚਿਤ ਆਪਣੇ ਪਿਆਰੇ ਵਲ ਹੀ ਲਗਾ ਰਵ੍ਹੇ ।

**ਵਰਤੋਂ** :—

ਮਾਹੀ ਛਿੜ ਗਿਆ ਨਾਲ ਮਹੀਂ ਦੇ,
ਹੁਣ ਕਤਣ ਕਿਸ ਨੂੰ ਭਾਵੇ ?
ਜਿਤ ਵਲ ਯਾਰ ਉਤੇ ਵਲ ਅੱਖੀਆਂ,
ਮੇਰਾ ਦਿਲ ਬੇਲੇ ਨੂੰ ਧਾਵੇ ।

(ਕਾਫ਼ੀਆਂ—ਬੁਲ੍ਹੇ ਸ਼ਾਹ)

## ਜਿਤਨਾ ਛੋਟਾ, ਉਤਨਾ ਖੋਟਾ ।

**ਭਾਵ** :—ਮੱਧਰੇ ਕਦ ਵਾਲਾ ਦਿਲ ਦਾ ਚੰਗਾ ਨਹੀਂ ਹੁੰਦਾ । ਮੱਧਰੇ, ਨੀਵੇਂ ਜਾਤ ਜਾਂ ਰੁਤਬੇ, ਜਾਂ ਘਟ ਉਮਰ ਵਾਲੇ ਨੂੰ ਨਿਦਣ ਲਈ ਵਰਤਦੇ ਹਨ ।

**ਵਰਤੋਂ** :—ਮੈਂ ਜਾਤਾ, ਇਹ ਗਿਠਮੁਠੀਆ, ਛੋਟੂ ਜਿਹਾ ਨਾ-ਮੁਰਾਦ ਆਦਮੀ ਮੇਰਾ ਕੀ ਵਿਗਾੜ ਲਵੇਗਾ, ਪਰ 'ਜਿਤਨਾ ਛੋਟਾ ਉਤਨਾ ਖੋਟਾ ।' ਉਸ ਦੇ ਨਹੁੰ ਨਹੁੰ ਵਿਚ ਜ਼ਹਿਰ ਵੜੀ ਹੋਈ ਸੀ । (ਸੰ)

## ਜਿਤਨਾ ਦਿਆਂ ਮੰਗਤਿਆਂ, ਜੇ ਇਤਨਾ ਘਤਾਂ ਵਾਤ, ਸੁਖੱਲੀ ਲੰਘੇ ਰਾਤ ।

**ਭਾਵ** :—ਮੰਗਤਿਆਂ ਨੂੰ ਦੇਣ ਨਾਲੋਂ ਆਪਣਾ ਢਿੱਡ ਭਰੀਏ ਤਾਂ ਝੱਟ ਸੁਖਾਲਾ ਲੰਘੇ ।

**ਵਰਤੋਂ** :—ਜਾਓ, ਓਇ ਜਾਓ, ਹਰੜਕਟਿਓ ਵਿਹਲੜੋ; ਨਹੀਂ ਦੇਂਦਾ ਮੈਂ ਕਿਸੇ ਮੰਗਤੇ ਨੂੰ ਦਾਨ ਦੂਨ । 'ਜਿਤਨਾ ਦਿਆਂ ਮੰਗਤਿਆਂ, ਜੇ ਇਤਨਾ ਘਤਾਂ ਵਾਤ, ਸੁਖੱਲੀ ਲੰਘੇ ਰਾਤ ।' (ਸੰ)

## ਜਿਤਨੀ ਚਾਦਰ ਹੋਵੇ, ਉਤਨੇ ਹੀ ਪੈਰ ਪਸਾਰੋ ।

**ਭਾਵ** :—ਵਿਤ ਅਨੁਸਾਰ ਖ਼ਰਚ ਕਰੋ ।

**ਵਰਤੋਂ** :—ਤੂੰ ਅਪਣੇ ਵਿਤ ਵਿੱਚ ਰਿਹਾ ਕਰ, ਨਹੀਂ ਤਾਂ ਔਖਾ ਹੋਵੇਂਗਾ । ਜਿਤਨੀ ਚਾਦਰ ਹੋਵੇ, ਉਤਨੇ ਹੀ ਪੈਰ ਪਸਾਰੋ । (ਸੰ)

## ਜਿਤਨੀ ਮਿਹਨਤ, ਉਤਨਾ ਫਲ ।

**ਭਾਵ** :—ਜਿਤਨਾ ਕੋਈ ਵਧੀਕ ਕੰਮ ਕਰੇਗਾ, ਉਤਨਾ ਹੀ ਵਧੀਕ ਲਾਭ ਪ੍ਰਾਪਤ ਕਰੇਗਾ ।

**ਵਰਤੋਂ** :—ਫਸਲ ਉਸ ਦੀ ਅਛੀ ਹੈ, ਮਿਹਨਤ ਜੂ ਕਰਦਾ ਹੋਇਆ । ਸਿਆਣਿਆ ਜੂ ਆਖਿਆ ਹੈ ਜਿਤਨੀ ਮਿਹਨਤ ਉਤਨਾ ਫੱਲ । (ਸੰ)

## ਜਿਤਨੀ ਵਾਹ, ਉਤਨੀ ਗਾਹ ।

**ਭਾਵ** :—ਪੈਲੀ ਜਿਤਨੀ ਵਾਹੋਗੇ, ਜਾਂ

ਜਿਤਨੀ ਵਧੀਕ ਵਾਹੋਗੇ, ਉਤਨਾ ਹੀ ਵਧੀਕ ਫ਼ਸਲ ਆਵੇਗੀ।

**ਵਰਤੋਂ** :—ਜਿਤਨੀ ਚੰਗੀ ਪੈਲੀ ਵਾਹੋ, ਉਤਨਾ ਹੀ ਫ਼ਸਲ ਚੰਗਾ ਹੁੰਦਾ ਹੈ, 'ਜਿਤਨੀ ਵਾਹ, ਉਤਨੀ ਗਾਹ' ਸਿਆਣਿਆਂ ਨੇ ਐਵੇਂ ਨਹੀਂ ਜੋ ਆਖਿਆ। (ਸੰ)

### ਜਿਤਨੇ ਸਿਰ, ਉਤਨੀਆਂ ਸਿਰ ਪੀੜਾਂ।

**ਭਾਵ** :—ਜਿੰਨਾ ਕੋਈ ਵਡਾ ਬਣਦਾ ਹੈ, ਜ਼ਿਮੇਵਾਰੀ ਵੀ ਉਨੀ ਹੀ ਲੈਣੀ ਪੈਂਦੀ ਹੈ।

**ਵਰਤੋਂ** :—ਗ਼ਰੀਬ ਮਜ਼ੂਰ ਰਾਤ ਨੂੰ ਲੰਮੀਆਂ ਤਾਣ ਸੌਂਦੇ ਹਨ ਪਰ ਕਾਰਖਾਨੇ ਵਾਲੇ ਨੂੰ ਤੇ ਨੀਂਦ ਵੀ ਨਹੀਂ ਆਂਦੀ। ਹਰ ਵੇਲੇ ਚਿੰਤਾ ਹੀ ਲਗੀ ਰਹਿੰਦੀ ਹੈ। ਠੀਕ ਹੈ ਜਿਤਨੇ ਸਿਰ ਉਤਨੀਆਂ ਸਿਰ ਪੀੜਾਂ। (ਸੰ)

### ਜਿਤਨੇ ਮੂੰਹ ਉਤਨੀਆਂ ਗਲਾਂ।

**ਭਾਵ** :—ਜਦ ਹਰ ਕੋਈ ਆਪੋ ਆਪਣਾ ਰਾਗ ਹੀ ਸੁਣਾਈ ਜਾਵੇ ਜਾਂ ਆਪਣੇ ਖਿਆਲ ਹੀ ਦਈ ਜਾਵੇ।

**ਵਰਤੋਂ** :—ਜਦ ਅਫ਼ਸਰ ਆਪਣਾ ਪਰਚਾਰ ਕਰ ਚੁਕੇ, ਤਾਂ ਕੁਲ ਬੰਦੇ ਉਠਕੇ ਘਰਾਂ ਨੂੰ ਮੁੜ ਗਏ ਤੇ ਕੁਝ ਉੱਥੇ ਹੀ ਬੈਠੇ ਆਪਣੀਆਂ ਦਲੀਲਾਂ ਦੁੜਾਣ ਲਗ ਪਏ। ਜਿਤਨੇ ਮੂੰਹ ਉਤਨੀਆਂ ਗੱਲਾਂ। (ਸੰ)

### ਜਿਤੁ ਕੀਤਾ ਪਾਈਐ ਆਖਣਾ ਸਾ ਘਾਲ ਬੁਰੀ ਕਿਉ ਘਾਲੀਐ।

**ਭਾਵ** :—ਜਿਸ ਕੰਮ ਦੇ ਕਰਨ ਦਾ ਫੱਲ ਆਪ ਪਾਉਣਾ ਹੈ ਉਹ ਮਾੜਾ ਕੰਮ ਕਿਉਂ ਕਰੀਏ?

**ਵਰਤੋਂ** :—

'ਜਿਤੁ ਕੀਤਾ ਪਾਈਏ ਆਪਣਾ,
ਸਾ ਘਾਲ ਬੁਰੀ ਕਿਉਂ ਘਾਲੀਐ॥
ਮੰਦਾ ਮੂਲ ਨ ਕੀਚਈਏ;
ਲੰਮੀ ਨਦਰਿ ਨਿਹਾਲੀਐ

(ਗੁਰੂ ਗ੍ਰੰਥ—ਆਸਾ ਦੀ ਵਾਰ)

### ਜਿੱਥੇ ਉਨ੍ਹਾਂ ਦਾ ਪੈਸਾ, ਉੱਥੇ ਉਨ੍ਹਾਂ ਦਾ ਦਿਲ।

**ਭਾਵ** :—ਜਿਥੇ ਕਿਸੇ ਦਾ ਪੈਸਾ ਲਗਦਾ ਹੈ, ਉਸ ਕੰਮ ਵਲ ਉਹ ਧਿਆਨ ਦੇਂਦਾ ਹੈ।

**ਵਰਤੋਂ** :—ਮਨ—ਸਾਨੂੰ ਇਹ ਵੀ ਪਤਾ ਲਗ ਗਿਆ ਏ ਕਿ ਜਿਸ ਕੰਮ ਵਿਚ ਜਟਾਂ ਦਾ ਪੈਸਾ ਲਗੇ, ਉਸ ਵਿਚ ਹੀ ਦਿਲਚਸਪੀ ਲੈਂਦੇ ਹਨ। ਜਿਥੇ ਉਨ੍ਹਾਂ ਦਾ ਪੈਸਾ, ਉੱਥੇ ਉਨ੍ਹਾਂ ਦਾ ਦਿਲ। ਹੁਣ ਅਸੀਂ ਬੜੀ ਛੇਤੀ ਚਵ੍ਹੀ ਹਾਰਸ ਪਾਵਰ ਦਾ ਆਇਲ ਇੰਜਨ ਖਰੀਦ ਕੇ ਸ਼ਾਮਲਾਟ ਵਿਚ ਲਾ ਰਹੇ ਹਾਂ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

### ਜਿਥੇ ਆਸਾ, ਤਿਥੇ ਵਾਸਾ।

**ਭਾਵ** :—ਜਿਥੇ ਕੋਈ ਆਸ ਪੂਰੀ ਹੁੰਦੀ ਦਿਸੇ, ਉਥੇ ਹੀ ਵਸਣਾ ਚਾਹੀਦਾ ਹੈ।

**ਵਰਤੋਂ** :—'ਜਿਥੇ ਆਸਾ ਤਿਥੇ ਵਾਸਾ' ਜਿਥੇ ਮੈਨੂੰ ਹਰ ਵੇਲੇ ਖੇਦ ਪੁਜੇ, ਉਥੇ ਕੀ ਰਹਿਣਾ ਹੋਇਆ? (ਸੰਗ੍ਰ)

### ਜਿੱਥੇ ਇਹ ਨਹੀਂ, ਉੱਥੇ ਕੁਕੜ ਬਾਂਗ ਨਹੀਂ ਦੇਂਦੇ।

**ਭਾਵ** :—ਜਦੋਂ ਇਹ ਦਸਣਾ ਹੋਵੇ, ਕਿ ਕਿਸੇ ਬਿਨਾਂ ਕਿਹੜਾ ਕੋਈ ਕੰਮ ਥੁੜ੍ਹਿਆ ਹੈ।

**ਵਰਤੋਂ** :—ਜਠਾਣੀ—ਸ਼ਕੁੰਤਲਾ, ਤਾਰੋ ਜੱਟੀ ਬਿਨਾ ਕਿਹੜਾ ਗਲ ਅੜੀ ਖੜੋਤੀ ਹੈ? ਕੀ ਤੁਸਾਡੀ ਵਿਚਾਰ ਹੈ ਕਿ 'ਜਿੱਥੇ ਇਹ ਨਹੀਂ ਉਥੇ ਕੁਕੜ ਬਾਂਗ ਨਹੀਂ ਦੇਂਦੇ? ਇਹ ਨਿਰਾ ਵਹਿਮ ਜੇ। (ਸੰਗ੍ਰ)

### ਜਿਥੇ ਸਾਡੀ ਭਾਗੋ ਜਾਵੇ, ਉਥੇ ਭਾਗ ਪਰੇਰੇ।

**ਭਾਵ** :—ਜਦ ਕੋਈ ਕਿਸਮਤ ਦਾ ਮਾਰਿਆ ਜਿਥੇ ਜਾਵੇ ਉਥੋਂ ਹੀ ਦੁਖ ਪਾਵੇ, ਤਾਂ ਵਰਤਦੇ ਹਨ।

**ਵਰਤੋਂ** :—ਰਵਿੰਦ੍ਰ ਘਰ ਦੇ ਦੁਖੋਂ ਨੱਠ ਕੇ ਪ੍ਰਦੇਸ ਗਿਆ, ਪਰ ਉਥੇ ਵੀ ਉਸਦਾ ਮੰਦਾ ਹੀ ਹਾਲ

ਹੈ । ਜਿਥੇ ਸਾਡੀ ਭਾਗੋ ਜਾਵੇ, ਉਥੇ ਭਾਗ ਪਰੇਰੇ, ਵਾਲੀ ਗਲ ਵਰਤੀ ਉਸ ਨਾਲ ਤਾਂ (ਸੰ)

**ਜਿੱਥੇ ਸੌ, ਉੱਥੇ ਇਕੋਤ੍ਰ ਸੌ ।** ਵੇਖੋ : ਉਖਲੀ ਵਿੱਚ ਸਿਰ ਦਿਤਾ, ਦੋ ਘਟ ਕੀ ਦੋ ਵਧ ਕੀ ।

**ਭਾਵ** :—ਜਿਥੇ ਖ਼ਰਚ ਅਗੇ ਹੀ ਹੋ ਰਿਹਾ ਹੋਵੇ, ਉਥੇ ਥੋੜਾ ਹੋਰ ਵਧ ਹੋਣ ਦਾ ਕੀ ਡਰ ਹੈ ?

**ਵਰਤੋਂ** —ਹੋ ਲੈਣ ਦਿਉ ਖ਼ਰਚ । ਵਿਆਹ ਸ਼ਾਦੀ ਵਿਚ ਇਵੇਂ ਹੀ ਹੁੰਦਾ ਹੈ । ਜਿਥੇ ਸੌ, ਉਥੇ ਇਕੋਤ੍ਰ ਸੌ । (ਸੰ)

**ਜਿੱਥੇ ਹੋਵੇ ਪਿਆਰ, ਉੱਥੇ ਕਰੀਏ ਨ ਵਪਾਰ, ਜੇ ਕਰੀਏ ਵਪਾਰ, ਨ ਕਰੀਏ ਉਧਾਰ, ਜੇ ਕਰੀਏ ਉਧਾਰ ਤਾਂ ਨਾ ਕਰੀਏ ਕਰਾਰ ਜੇ ਕਰੀਏ ਕਰਾਰ ਤਾਂ ਨਾ ਕਰੀਏ ਇਨਕਾਰ ।**

**ਭਾਵ** :—ਮਿਤਰਤਾ ਵਾਲੀ ਥਾਂ ਵਪਾਰ ਨਾ ਕਰੋ, ਜੇ ਕਰੋ ਤਾਂ ਭੁਲ ਜਾਓ ।

**ਵਰਤੋਂ** :—ਮੈਂ ਮਿਤਰ ਨੂੰ ਉਧਾਰ ਦੇਕੇ ਪਛਤਾਇਆ । ਇਕ ਮਿਤਰ ਗੁਆਇਆ ਇੱਕ ਰੁਪਈਆ ਹੱਥ ਨਾ ਆਇਆ । ਸੱਚ ਹੈ, 'ਜਿਥੇ ਹੋਵੇ ਪਿਆਰ, ਉੱਥੇ ਕਰੀਏ ਨਾ ਵਪਾਰ, ਜੇ ਕਰੀਏ ਤਾਂ ਦੇਈਏ ਵਿਸਾਰ' । (ਸੰਗ੍ਰ)

**ਜਿੱਥੇ ਗੁੜ, ਉੱਥੇ ਮਖੀਆਂ ।**

**ਭਾਵ** :—ਲੋਕੀਂ ਰੂਪਵਾਨ, ਗੁਣਵਾਨ, ਜਾਂ ਧੰਨਵਾਨ ਦੇ ਆਲੇ ਦੁਆਲੇ ਇਕੱਠੇ ਹੋ ਜਾਂਦੇ ਹਨ ।

**ਵਰਤੋਂ** :—ਸੁਦਰਸ਼ਨ—ਅੜੀਏ ! ਨਿਹੋਰੇ ਦੀ ਕਿਹੜੀ ਗਲ ਹੈ ? 'ਜਿਥੇ ਗੁੜ ਉਥੇ ਮਖੀਆਂ' ਸੁੰਦਰਤਾ ਤੇ ਜਵਾਨੀ ਨੇ ਕਈਆਂ ਨੂੰ ਤੇਰੇ ਵਲ ਖਿਚਣਾ ਹੀ ਸੀ । (ਸੰਗ੍ਰ)

**ਜਿੱਥੇ ਚਾਹ, ਉੱਥੇ ਰਾਹ ।**

**ਭਾਵ** :—ਹਿੰਮਤ ਅਤੇ ਇਰਾਦੇ ਅਗੇ ਸਾਰੇ ਕੰਮ ਰਾਸ ਹੋ ਜਾਂਦੇ ਹਨ ।

**ਵਰਤੋਂ** :—ਹਿੰਮਤ ਅਗੇ ਵਡੀ ਤੋਂ ਵਡੀ ਔਕੜ ਵੀ ਸਰ ਹੋ ਜਾਂਦੀ ਹੈ । ਜਿੱਥੇ ਚਾਹ ਉਥੇ ਰਾਹ । (ਰਾਜਾ ਪੋਰਸ—ਹਰਚਰਨ ਸਿੰਘ)

**ਜਿੱਥੇ ਚੰਨਣ ਹੋਵੇ ਉੱਥੇ ਖ਼ੁਸ਼ਬੋ ਆਪੇ ਆ ਜਾਂਦੀ ਹੈ ।**

**ਭਾਵ** :—ਗੁਣਵਾਨ ਹੋਣਾ ਆਪੇ ਹੀ ਕਦਰ ਪੈਦਾ ਕਰ ਦੇਂਦਾ ਹੈ ।

**ਵਰਤੋਂ** :—ਤੀਜੀ—ਠਾਣੇਦਾਰ ਛਡ ਕੇ ਨੰਬਰਦਾਰ ਦੀ ਲਿਆਵਾਂਗੇ, ਕੁੜੀਆਂ ਦਾ ਕੀ ਵਿਰੋਚਾ ਏ । ਜਿੱਥੇ ਚੰਨਣ ਹੋਵੇ, ਉੱਥੇ ਖ਼ੁਸ਼ਬੋ ਆਪੇ ਆ ਜਾਂਦੀ ਹੈ । (ਸੰਗ੍ਰ)

**ਜਿੱਥੇ ਜਾਏ ਤਤ ਭਲਤੀ, ਭਾਂਡੇ ਨਾ ਵਿਕੇ ਉਸ ਹੱਟੀ ।**

**ਭਾਵ**:—ਜਿੱਥੇ ਭੈੜਾ ਬੰਦਾ ਜਾ ਵੜੇ, ਉੱਥੋਂ ਦੇ ਸਾਰੇ ਕੰਮ ਹੀ ਵਿਗੜਨ ਲਗ ਜਾਂਦੇ ਹਨ ।

**ਵਰਤੋਂ** :—ਮਾਪਿਆਂ ਦੇ ਘਰ ਸੀ, ਤਾਂ ਉਨ੍ਹਾਂ ਨੂੰ ਵਿਗੋਚਾ ਸੀ । ਸਾਡੇ ਘਰ ਆਈ ਤਾਂ ਸਾਡਾ ਵੀ ਮੰਦਾ ਹਾਲ ਹੋਇਆ "ਜਿਥੇ ਜਾਏ ਤਤ ਭਲਤੀ, ਭਾਂਡੇ ਨਾ ਵਿਕੇ ਉਸ ਹੱਟੀ ।" (ਸੰ)

**ਜਿੱਥੇ ਜਾਏ ਤੱਤ ਭੜੱਤੀ, ਓਹੋ ਚਰਖਾ, ਓਹੋ ਚੱਕੀ ।**

**ਭਾਵ** :—ਜਿਸ ਗੱਲ ਤੋਂ ਨੱਠ ਕੇ ਕੋਈ ਹੋਰ ਥਾਂ ਜਾਵੇ, ਉਥੇ ਵੀ ਉਸ ਨੂੰ ਓਹੀ ਦੁਖ ਮਿਲੇ, ਤਾਂ ਵਰਤਦੇ ਹਨ ।

**ਵਰਤੋਂ** :—ਸਰਦਾਰ—ਸੁੰਦਰ ਦਾਸ ਤਾਂ ਇਥੋਂ ਜਿਨ੍ਹਾਂ ਗੱਲਾਂ ਕਰਕੇ ਨਸਿਆ ਓਹੀ ਉਸ ਨੂੰ ਉਥੇ ਕਰਨੀਆਂ ਪਈਆਂ ਅਖੇ 'ਜਿਥੇ ਜਾਵੇ ਤੱਤ ਭੜੱਤੀ ਓਹੋ ਚਰਖਾ ਓਹੋ ਚਕੀ' ਵਾਲੀ ਗਲ ਵਾਪਰੀ ਉਸ ਨਾਲ ਤਾਂ । (ਸੰ)

**ਜਿੱਥੇ ਦਰਖ਼ਤ (ਰੁਖ) ਨਹੀਂ, ਉਥੇ ਅਰਿੰਡ ਪ੍ਰਧਾਨ ।** ਵੇਖੋ :—ਉਜੜੇ ਪਿੰਡ ਭੜੋਲਾ ਮਹਿਲ ।

**ਭਾਵ** :—ਜਿਥੇ ਕਿਸੇ ਚੀਜ਼ ਦਾ ਘਾਟਾ ਹੋਵੇ, ਉਥੇ ਮਾਮੂਲੀ ਚੀਜ਼ ਵੀ ਵਡਮੁਲੀ ਸਮਝੀ ਜਾਂਦੀ ਹੈ।

**ਵਰਤੋਂ** :—ਸਾਡੇ ਪਿੰਡ ਦੀ ਪੰਚਾਇਤ ਦਾ ਤਾਂ ਇਹ ਹਾਲ ਹੈ ਅਖੇ 'ਜਿਥੇ ਦਰਖਤ ਨਹੀਂ ਉਥੇ ਅਰਿੰਡ ਪ੍ਰਧਾਨ', ਜਣਾ ਖਣਾ ਚੌਧਰੀ ਬਣਿਆ ਫਿਰਦਾ ਹੈ। (ਸੰਗੂ)

### ਜਿਥੇ ਦੀ ਖੋਤੀ ਉਥੇ ਜਾ ਖਲੋਤੀ।

**ਭਾਵ** :—ਹਰ ਕੋਈ ਆਪਣੇ ਟਿਕਾਣੇ ਹੀ ਜਾ ਕੇ ਸ਼ਾਂਤ ਹੁੰਦਾ ਹੈ। ਘਟੀਆ ਆਦਮੀ ਘਟੀਆ ਕੰਮ ਵਿਚ ਹੀ ਸ਼ਾਂਤ ਹੁੰਦਾ ਹੈ।

**ਵਰਤੋਂ** :—ਉਸ ਪਾਸੋਂ ਇਹ ਕੰਮ ਕਿਥੇ ਹੁੰਦਾ ਸੀ। ਉਹ ਤੇ ਮਜ਼ਦੂਰੀ ਕਰਨਾ ਹੀ ਜਾਣਦਾ ਹੈ। ਉਹ ਫਿਰ ਜਾ ਪਾਂਡੀ ਬਣਿਆ ਹੈ। ਜਿਥੇ ਦੀ ਖੋਤੀ, ਉਥੇ ਜਾ ਖਲੋਤੀ। (ਸੰਗੂ)

### ਜਿਥੇ ਪਈ ਫੁਟ, ਉਥੇ ਪਈ ਲੁਟ।

ਵੇਖੋ :—ਘਰ ਫੁਟਾ ਦਹਿਸਰ ਮਾਰਿਆ।

**ਭਾਵ** :—ਫੁਟ ਸਦਾ ਤਬਾਹੀ ਕਰਦੀ ਹੈ।

**ਵਰਤੋਂ** :— ਇਤਫਾਕ ਵਿਚ ਬੜੀ ਬਰਕਤ ਜੇ। ਦੁਸ਼ਮਣ ਨੂੰ ਭੈ ਤੇ ਮਿਤਰ ਨੂੰ ਆਸ ਹੁੰਦੀ ਹੈ ਅਤੇ ਦੂਜੇ ਪਾਸੇ 'ਜਿਥੇ ਪਈ ਫੁਟ ਉਥੇ ਪਈ ਲੁਟ'। (ਸ)

### ਜਿਥੇ ਫੁੱਲ, ਉਥੇ ਕੰਡਾ।

**ਭਾਵ** :—ਜਿਥੇ ਸੁਖ ਹੈ, ਉਥੇ ਦੁਖ ਵੀ ਹੈ।

**ਵਰਤੋਂ** :—ਰਾਣੀ— ਮਹਾਰਾਜ ! ਇਹ ਕੋਈ ਨਵੀਂ ਗਲ ਨਹੀਂ, ਜਿੱਥੇ ਫੁੱਲ, ਉਥੇ ਕੰਡਾ ਕਹੂਰ ਵੀ ਹੋਣਾ ਹੋਇਆ। (ਸੰਗੂ)

### ਜਿਥੇ ਮਣਾ ਦਾ ਘਾਟਾ ਹੋਵੇ, ਉਥੇ ਕਿਣਕੇ ਨਾਲ ਕੀ ਬਣਦਾ ਹੈ ?

**ਭਾਵ** :—ਬਹੁਤਾ ਨੁਕਸਾਨ ਹੋ ਜਾਣ ਨਾਲ ਮਾੜੀ ਮੋਟੀ ਸਹਾਇਤਾ ਕੁਝ ਨਹੀਂ ਸੁਆਰ ਸਕਦੀ।

**ਵਰਤੋਂ** :—ਜਿੰਨੀ ਮਦਦ ਤੁਸੀਂ ਸੁੰਦਰ ਦਾਸ ਦੀ ਕੀਤੀ ਹੈ। ਉਸ ਨਾਲ ਕੁਝ ਵੀ ਨਹੀਂ ਬਣਦਾ। 'ਜਿਥੇ ਮਣਾ ਦਾ ਘਾਟਾ ਹੋਵੇ, ਉਥੇ ਕਿਣਕੇ ਨਾਲ ਕੀ ਬਣਦਾ ਹੈ। (ਸੰਗੂ)

### ਜਿਥੇ ਰਹਿਣਾ, ਉਥੇ ਵਰਤਣਾ।

**ਭਾਵ** :—ਦੇਸ ਦੀ ਵਰਤੋਂ ਕਰਨੀ ਹੀ ਪੈਂਦੀ ਹੈ।

**ਵਰਤੋਂ** :—ਜਿਥੇ ਰਹਿਣਾ, ਉਥੇ ਵਰਤਣਾ। ਜਿਥੇ ਵਸਣਾ ਓਥੇ ਹੀ ਧੀਆਂ ਪੁਤ੍ਰ ਲਾਉਣੇ ਲਗਾਉਣੇ, ਜਿਥੇ ਸਾਕ ਹੋਣੇ, ਓਥੇ ਹੀ ਉਨ੍ਹਾਂ ਦੀ ਰਹੁ ਰੀਤੇ ਚਲਣਾ।

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

### ਜਿਥੇ ਲੋੜੀਏ ਆਪਣੇ, ਭਜ ਜਾਣ ਪਰਾਏ।

**ਭਾਵ** :—ਜਦ ਕੋਈ ਸਿਰਫ ਆਪਣਿਆਂ ਦਾ ਹੀ ਖਿਆਲ ਰਖੇ ਤੇ ਦੂਜੇ ਬੇਪਰਵਾਹੀ ਹੋਣ ਨਾਲ ਚਲੇ ਜਾਣ।

**ਵਰਤੋਂ** :—ਦੂਜੇ ਕਿਵੇਂ ਤੁਹਾਡੇ ਨਾਲ ਰਹਿਣ, ਤੁਹਾਨੂੰ ਤਾਂ ਹਰ ਵੇਲੇ ਆਪਣੀ ਹੀ ਪਈ ਰਹਿੰਦੀ ਹੈ। 'ਜਿਥੇ ਲੋੜੀਏ ਆਪਣੇ, ਭਜ ਜਾਣ ਪਰਾਏ' ਵਾਲੀ ਗਲ ਹੈ ਤੁਹਾਡੀ ਤਾਂ। (ਸੰ)

### ਜਿਥੇ ਵੇਖਾਂ ਤਵਾ ਪਰਾਤ, ਉਥੇ ਗਾਵਾਂ (ਕੱਟਾਂ) ਦਿਨ ਅਰ ਰਾਤ।

ਵੇਖੋ :—ਜਿਸ ਦਾ ਲੂਣ ਖਾਈਏ, ਉਸ ਦੇ ਗੀਤ ਗਾਈਏ।

**ਭਾਵ** :—ਜਿਸਦਾ ਰਿਜ਼ਕ ਖਾਈਏ, ਓਸਦੇ ਗੁਣ ਗਾਈਏ।

**ਵਰਤੋਂ** :—ਉਹ ਕਿਉਂ ਨਾ ਉਸ ਦੇ ਸੋਹਲੇ ਗਾਵੇ, ਉਸ ਦੀ ਜ਼ਿੰਦਗੀ ਜੋ ਉਸ ਬਣਾਈ। ਅਸਲ ਗਲ ਵੀ ਤਾਂ ਇਹੋ ਹੈ ਦੁਨੀਆਂ ਦੀ। ਅਖੇ ਜਿਥੇ ਵੇਖਾਂ ਤਵਾ ਪਰਾਤ ਉਥੇ ਗਾਵਾਂ ਦਿਨ ਤੇ ਰਾਤ। (ਸੰ)

**ਜਿਥੈ ਬੋਲਨ ਹਾਰੀਐ, ਤਿਥੈ ਚੰਗੀ ਚੁਪ ।**

**ਭਾਵ** :—ਜਿਥੇ ਬੋਲਣ ਨਾਲ ਲਾਭ ਨਹੀਂ, ਉਥੇ ਚੁਪ ਰਹਿਣ ਵਿਚ ਹੀ ਸੁਖ ਹੈ ।

**ਵਰਤੋਂ** :—

ਸੁਖੁ ਦੁਖੁ ਦੁਇ ਦਰਿ ਕਪੜੇ,
ਪਹਿਰਹਿ ਜਾਇ ਮਨੁਖ ॥
ਜਿਥੈ ਬੋਲਣ ਹਾਰੀਐ,
ਤਿਥੈ ਚੰਗੀ ਚੁਪ ॥
(ਗੁਰੂ ਗ੍ਰੰਥ—ਵਾਰ ਮਾਝ)

**ਜਿਧਰ ਸੋਹਣੀ ਉਧਰ ਮਹੀਂਵਾਲ ।**

**ਭਾਵ** :—ਜਿਸ ਪਾਸੇ ਅਸਲੀ ਚੀਜ਼ ਜਾਵੇ, ਉਸੇ ਪਾਸੇ ਸਾਰੇ ਜਾਂਦੇ ਹਨ ।

**ਵਰਤੋਂ** :—ਚੌਧਰੀ, ਜਿਧਰ ਤੁਸੀਂ ਹੋਵੋਗੇ, ਅਸੀਂ ਉਸੇ ਪਾਸੇ ਜਾਵਾਂਗੇ । "ਜਿਧਰ ਸੋਹਣੀ ਉਧਰ ਮਹੀਂਵਾਲ', ਸਾਡਾ ਤੁਹਾਡਾ ਮੇਲ ਅਟੁਟ ਹੈ । (ਸੰਗ੍ਰ)

**ਜਿਧਰ ਗਿਆ ਦੂਲਾ (ਲਾੜਾ) ਉਧਰ ਲਗ ਘਰ ਲਾਗ** ਜਾਂ **ਜਿਧਰ ਗਿਆ ਬਾਣੀਆ, ਉਧਰ ਗਿਆ ਬਜਾਰ ।** ਜਾਂ **ਜਿਧਰ ਗਈਆਂ ਬੇੜੀਆਂ, ਉਧਰ ਗਏ ਮਲਾਹ ।**

**ਭਾਵ** :—ਜਦ ਕਿਸੇ ਤਕੜੀ ਚੀਜ਼ ਦਾ ਨੁਕਸਾਨ ਹੋ ਜਾਵੇ ਤੇ ਬਚੇ ਖੁਚੇ ਦਾ ਖਿਆਲ ਨਾ ਕਰੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਪਰ ਨਸੀਬਾਂ ਵਿਚ ਸੁਖ ਜੂ ਨਹੀਂ ਸੀ । ਤਿੰਨ ਮਹੀਨੇ ਭੱਠੇ ਦਾ ਕੰਮ ਚਲਿਆ ਚੌਥੇ ਮਹੀਨੇ ਮੀਂਹ ਬਹੁਤੇ ਪੈਣ ਕਰਕੇ 'ਭੱਠਾ ਪਿਲਾ ਪੈ ਗਿਆ । ਮਾਲਕ ਵਿਚਾਰਾ ਥੋੜ੍ਹ ਪੂੰਜੀਆ ਸੀ । ਘਾਟਾ ਨਾ ਸਹਾਰ ਸਕਿਆ । ਨਠ ਗਿਆ । ਸਾਨੂੰ ਵੀ ਪਹਿਲੇ ਮਹੀਨੇ ਦੀ ਈ ਤਨਖਾਹ ਮਿਲੀ ਸੀ । ਬਾਕੀ ਜਿਧਰ ਗਈਆਂ ਬੇੜੀਆਂ ਉਧਰ ਗਏ ਮਲਾਹ, ਵਾਲੀ ਗਲ ਹੋਈ ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਜਿਧਰ ਰੱਬ, ਉਧਰ ਸਭ ।**

**ਭਾਵ** :—ਰੱਬ ਮਦਦ ਕਰੇ, ਤਾਂ ਸਾਰੇ ਮਦਦ ਕਰਦੇ ਹਨ ।

**ਵਰਤੋਂ** :—ਈਸ਼ਰ ਦੇਈ—ਧਨ ਭਾਗ ਹਨ, ਸਾਰੇ ਕੰਮ ਰਾਸ ਜਾਪਦੇ ਹਨ । ਠੀਕ ਹੀ ਹੈ, 'ਜਿਧਰ ਰਬ, ਉਧਰ ਸਭ' । ਸਾਡੇ ਮਨ ਵਿਚ ਜੂ ਸਚਿਆਈ ਹੈ । (ਸੰਗ੍ਰ)

**ਜਿਧਰ ਲਾੜਾ, ਉਧਰ ਜੰਜ ।**

**ਭਾਵ** :—ਜਦੋਂ ਕੋਈ ਚੀਜ਼ ਕਿਸੇ ਦੇ ਆਸਰੇ ਬਿਨਾਂ ਕੁਝ ਨਾ ਹੋਵੇ ।

**ਵਰਤੋਂ** :—ਅਸੀਂ ਸਰਦਾਰ ਜੀ ਦੇ ਨਾਲ ਰਵ੍ਹਾਂਗੇ । ਉਨ੍ਹਾਂ ਦੇ ਵਿਰੁਧ ਨਹੀਂ ਤੁਰ ਸਕਦੇ । 'ਜਿਧਰ ਲਾੜਾ, ਉਧਰ ਜੰਜ' । ਸਾਡਾ ਤਾਂ ਆਸਰਾ ਪਰਨਾ ਓਹੀ ਹਨ । (ਸੰਗ੍ਰ)

**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ।**

**ਭਾਵ** :—ਜਿਨ੍ਹਾਂ ਦੀ ਪਤ ਰਬ ਦੀ ਦਰਗਾਹ ਵਿਚ ਰਹਿ ਆਵੇ, ਓਹੀ ਚੰਗੇ ਹਨ ।

**ਵਰਤੋਂ** :—

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥
(ਗੁਰੂ ਗ੍ਰੰਥ—ਆਸਾ ਦੀ ਵਾਰ)

**ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ ।**

**ਭਾਵ** :—ਜਿਨ੍ਹਾਂ ਦੇ ਪ੍ਰੀਤਮ ਪ੍ਰਦੇਸ ਹੋਣ ਉਹ ਹਰ ਵੇਲੇ ਦੁਖੀ ਰਹਿੰਦੀਆਂ ਹਨ

**ਵਰਤੋਂ** :—

ਨਾਨਕ ਤਿਨਾ ਬਸੰਤ ਹੈ
ਜਿਨ ਘਰਿ ਵਸਿਆ ਕੰਤ ॥
ਜਿਨ ਕੇ ਕੰਤ ਦਿਸਾਪੁਰੀ
ਸੇ ਅਹਿਨਿਸ ਫਿਰਹਿ ਜਲੰਤ ॥
(ਗੁਰੂ ਗ੍ਰੰਥ—ਵਾਰ ਸੂਹੀ)

**ਜਿਨ ਜੀਵੰਦਿਆਂ ਪਤਿ ਨਹੀ, ਮੁਇਆਂ ਮੰਦੀ ਸੋਇ।**

**ਭਾਵ** :—ਜਿਨ੍ਹਾਂ ਨੂੰ ਜ਼ਿੰਦਗੀ ਵਿੱਚ ਆਦਰ ਨਹੀਂ, ਤੇ ਮਰਨ ਮਗਰੋਂ ਬੁਰੇ ਭਾਵਾਂ ਨਾਲ ਯਾਦ ਕੀਤੇ ਜਾਂਦੇ ਹਨ, ਉਨ੍ਹਾਂ ਦਾ ਜੀਣਾ ਵੀ ਕੀ ਹੈ?

**ਵਰਤੋਂ** :—
ਜਿਨ ਜੀਵੰਦਿਆਂ ਪਤਿ ਨਹੀਂ ਮੁਇਆਂ ਮੰਦੀ ਸੋਇ ॥
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੋ ਹੋਇ ॥
(ਗੁਰੂ ਗ੍ਰੰਥ—ਸਾਰੰਗ ਕੀ ਵਾਰ)

**ਜਿਨ ਨਿਕਲ ਜਾਂਦਾ ਏ, ਪਰ ਜਨ ਨਹੀਂ ਜਾਂਦਾ।**

**ਭਾਵ** :—ਵਹਿਮ ਤੋਂ ਛੁਟਕਾਰਾ ਪਾਣਾ ਮੁਸ਼ਕਲ ਹੈ।

**ਵਰਤੋਂ** ;—ਨੌਜਵਾਨ ਮੁੰਡਾ—ਪਿਆਰੀ ! ਐਵੇਂ ਵਹਿਮ ਵਿਚ ਨਾ ਪਓ। ਠੀਕ ਕਹਿੰਦੇ ਨੇ 'ਜਿਨ ਨਿਕਲ ਜਾਂਦਾ ਹੈ, ਪਰ ਜਨ ਨਹੀਂ ਜਾਂਦਾ।'
(ਰਜਨੀ ਨਾਟਕ—ਬਲਵੰਤ ਸਿੰਘ)

**ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਓ।**

**ਭਾਵ** :—ਜਿਨ੍ਹਾਂ ਨੇ ਪਿਆਰ ਕੀਤਾ ਹੈ, ਉਨ੍ਹਾਂ ਨੂੰ ਹੀ ਹਰੀ ਮਿਲਿਆ ਹੈ।

**ਵਰਤੋਂ** :—ਮੈਂ ਜਾਣਨੀ ਆਂ; ਹਰ ਇਕ ਨਾਲ ਸਾਨੂੰ ਪ੍ਰੇਮ ਕਰਨਾ ਚਾਹੀਦਾ ਏ। ਗੁਰਬਾਣੀ ਵਿਚ ਲਿਖਿਆ ਨਹੀਂ : 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥' (ਚਿਟਾ ਲਹੂ—ਨਾਨਕ ਸਿੰਘ)

**ਜਿਨ ਮਨਿ ਹੋਰ ਮੁਖਿ ਹੋਰੁ ਸਿ ਕਾਢੇ ਕਚਿਆ।**

**ਭਾਵ** :—ਜਿਨ੍ਹਾਂ ਦੇ ਹਿਰਦੇ ਵਿਚ ਕੁਝ ਹੋਰ ਹੈ, ਤੇ ਮੂੰਹ ਤੋਂ ਕੁਝ ਹੋਰ ਬੋਲਦੇ ਹਨ, ਉਹ ਝੂਠੇ ਸਮਝੇ ਜਾਂਦੇ ਹਨ।

**ਵਰਤੋਂ** :—ਇਹ ਠਗ ਜੀ ਮਹਾਰਾਜ ਤਾਂ ਇਹ ਸਿਖਿਆ ਦੇ ਕੇ ਖਿਸਕ ਗਏ। ਇਹ ਮਾਂਦੂ ਜੀ ਮਧ ਹਿੰਦੁਸਤਾਨ ਦੇ ਪ੍ਰਸਿਧ ਠਗਾਂ ਦੇ ਟੋਲੇ ਦੇ ਚਲਤੇ ਪੁਰਜ਼ੇ ਹਨ। 'ਜਿਨ ਮਨਿ ਹੋਰ ਮੁਖਿ ਹੋਰ ਸਿ ਕਾਢੇ ਕਚਿਆ ॥'
(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਜਿਨਾ ਸੀ ਉਨਾ ਪਾਲਾ, ਜਿੰਨਾ ਕੁਟੰਬ (ਟੱਬਰ) ਉਨਾ ਮੁਕਾਲਾ।**

**ਭਾਵ** :—ਵਡ ਪਰਵਾਰੀ ਨੂੰ ਬੜਾ ਦੁਖ ਹੁੰਦਾ ਹੈ।

**ਵਰਤੋਂ** :—ਦੁੱਖ ਹੀ ਦੁਖ ਹੈ, ਮੈਨੂੰ ਵਡੇ ਪਰਵਾਰ ਦਾ। ਸੱਚ ਹੈ, 'ਜਿਨਾ ਸੀ, ਉਤਨਾ ਪਾਲਾ, ਜਿਨਾ ਟੱਬਰ, ਉਨਾ ਮੁਕਾਲਾ।' (ਸੰਗ੍ਰ)

**ਜਿਨਾ ਗੁੜ ਪਾਈਏ, ਓਨਾ ਹੀ ਮਿੱਠਾ ਹੋਣਾ ਹੈ। ਜਾਂ ਜਿਨੀ ਗੋਡੀ, ਉਨੀ ਛੋਡੀ।**

**ਭਾਵ** :—ਜਿਤਨੀ ਮਿਹਨਤ ਕਰੀਏ, ਉਤਨਾ ਹੀ ਲਾਭ ਹੁੰਦਾ ਹੈ।

**ਵਰਤੋਂ** :—ਜਿਨਾ ਗੁੜ ਪਾਓ ਓਨਾ ਹੀ ਮਿੱਠਾ ਹੁੰਦਾ ਹੈ। ਤੁਸਾਂ ਜਿਹੋ ਜਿਹੇ ਪੈਸੇ ਦਿੱਤੇ, ਓਹੋ ਜਿਹਾ ਅਸਾਂ ਤੁਹਾਡਾ ਕੰਮ ਕਰ ਦਿੱਤਾ। (ਸੰਗ੍ਰ)

**ਜਿਨ੍ਹਾਂ ਸਾੜੇ ਆਪਣੇ, ਫੂਕ ਦੇਣ ਪਰਾਏ। ਜਾਂ ਜਿਨ੍ਹਾਂ ਦਾਹੇ ਆਪਣੇ ਫੂਕ ਦੇਣ ਪਰਾਏ।**

**ਭਾਵ** :—ਜਿਹੜੇ ਆਪਣਿਆਂ ਦਾ ਨੁਕਸਾਨ ਕਰਦੇ ਹਨ, ਉਹ ਦੂਜਿਆਂ ਨਾਲ ਕਦ ਫਰਕ ਕਰਦੇ ਹਨ?

**ਵਰਤੋਂ** :—ਕਰਮ ਸਿੰਘ—ਸ਼ਾਹ ! ਗੁਲਾਬ ਚੰਦ ਨੂੰ ਕੀ ਆਖਣਾ ਹੈ? ਉਸਨੇ ਆਪਣਿਆਂ ਦਾ ਇਤਨਾ ਨੁਕਸਾਨ ਕੀਤਾ ਤਾਂ ਦੂਜਿਆਂ ਦਾ ਜੇ ਚਲਾ ਜਾਵੇ, ਤਾਂ ਉਸਨੂੰ ਕੀ ਦੁਖ? 'ਜਿਨ੍ਹਾਂ ਸਾੜੇ ਆਪਣੇ, ਫੂਕ ਦੇਣ ਪਰਾਏ।' (ਸੰਗ੍ਰ)

**ਜਿਨ੍ਹਾਂ ਖਾਧਾ ਲਪ ਗੜੱਪੀ, ਉਹ ਕੀ ਜਾਣਨ ਉਂਗਲ ਚਟੀ।**

**ਭਾਵ** :—ਜਿਹੜੇ ਬਹੁਤਾ ਛਕਣ ਗਿੱਝੇ

ਹੋਣ, ਉਨ੍ਹਾਂ ਨੂੰ ਬੋੜ੍ਹੇ ਨਾਲ ਕੀ ਬਣਦਾ ਹੈ ?

**ਵਰਤੋਂ** :—ਅਮਲ ਵੀ ਖਾਸਾ ਆਇਆ ਸੀ ਪਰ 'ਜਿਨ੍ਹਾਂ ਖਾਧਾ ਲੱਪ ਗੜੱਪੀ, ਉਹ ਕੀ ਜਾਣਨ ਉਂਗਲ ਚੱਟੀ' ਵਾਲਾ ਲੇਖਾ। ਸੱਤ-ਸੰਗੀਆਂ ਵਿੱਚ ਬੈਠ ਕੇ ਤੇ ਗੋਡਿਆਂ ਉਤੇ ਕੂਹਣੀਆਂ ਧਰ ਕੇ ਗਦ ਗਦ ਬਾਟਾ ਚਾੜ੍ਹਨ ਨਾਲ ਜੋ ਲਾਲੀਆਂ ਚੜ੍ਹਨੀਆਂ ਸਨ, ਉਹ ਇਸ ਨਾਲ ਕਿਥੇ ? (ਚਿਟਾ ਲਹੂ—ਨਾਨਕ ਸਿੰਘ)

**ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਨਗੇ ਦੁਖ।**

**ਭਾਵ** :— ਜਿਨ੍ਹਾਂ ਐਸ਼-ਆਰਾਮ ਦਾ ਜੀਵਨ ਗੁਜ਼ਾਰਿਆ, ਉਹੀ ਦੁੱਖ ਪਾਉਣਗੇ।

**ਵਰਤੋਂ** :—

ਫਰੀਦਾ ਰੋਟੀ ਮੇਰੀ ਕਾਠ ਕੀ,
ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ,
ਘਣੇ ਸਹਿਨਗੇ ਦੁਖ ॥

(ਗੁਰੂ ਗ੍ਰੰਥ—ਸ਼ਲੋਕ ਫਰੀਦ)

**ਜਿਨ੍ਹਾਂ ਜਣੀਆਂ, ਓਨ੍ਹਾਂ ਬਣੀਆਂ।** ਜਾਂ **ਜਿਨ੍ਹਾਂ ਧੀਆਂ ਜਣੀਆਂ, ਤਿਨਾਂ ਗੱਲਾਂ ਘਣੀਆਂ।**

**ਭਾਵ** :—ਧੀਆਂ ਦਾ ਦੁਖ ਜਣਨ ਵਾਲੀਆਂ ਮਾਵਾਂ ਨੂੰ ਹੀ ਬਾਹਲਾ ਹੁੰਦਾ ਹੈ।

**ਵਰਤੋਂ** :—ਇੰਦਰ—ਦੇਖੋ ਨ ਬੱਚਾ ! ਬਿਗਾਨੀ ਧੀ ਮਾਪਿਆਂ ਦੇ ਦਰ ਤੇ ਬੈਠੀ ਏ, ਕਿੰਨਾ ਕੁ ਦੁਖ ਹੋਵੇਗਾ ਉਨ੍ਹਾਂ ਨੂੰ ? 'ਜਿਨ੍ਹਾਂ ਜਣੀਆਂ, ਉਨ੍ਹਾਂ ਬਣੀਆਂ'। ਪਹਿਲੋਂ ਸਾਨੂੰ ਹੀ ਵੇਖ ਲੈ, ਪੁੱਜ ਕੇ ਦੁਖੀ ਹਾਂ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਜਿਨ੍ਹਾਂ ਪ੍ਰੇਮ ਪਿਆਲੇ ਪੀਤੇ ਘਰ ਦੇ ਕੰਮੋਂ ਗਈਆਂ।**

**ਭਾਵ** :—ਪ੍ਰੇਮ ਦਾ ਪੁਜਾਰੀ ਕਿਸੇ ਦੀ ਮੱਤ ਜਾਂ ਆਖੇ ਵਿਚ ਨਹੀਂ ਤੁਰਦਾ।

**ਵਰਤੋਂ** :—ਮਾਂ—(ਹਾਹੁਕਾ ਲੈ ਕੇ) ਬੱਚਾ ! ਸੱਚ ਹੈ, 'ਜਿਨ੍ਹਾਂ ਪ੍ਰੇਮ ਪਿਆਲੇ ਪੀਤੇ, ਘਰ ਦੇ ਕੰਮੋਂ ਗਈਆਂ'। ਪਰ ਫੇਰ ਵੀ ਐਸਾ ਕੰਮ ਕਰੀਏ, ਕਿ ਸੱਪ ਵੀ ਮਰ ਜਾਏ, ਤੇ ਲਾਠੀ ਭੀ ਬਚ ਜਾਏ।

(ਬਿਜੈ ਸਿੰਘ—ਡਾ: ਭਾਈ ਵੀਰ ਸਿੰਘ)

**ਜਿਨਾਂ ਫੱਲੇ ਓਨਾ ਝੁਕੇ।**

**ਭਾਵ** :— ਜਿਤਨਾ ਕੋਈ ਗੁਣਵਾਨ ਹੋਵੇ, ਉਤਨੀ ਹੀ ਵਧੀਕ ਨਿਮਰਤਾ ਦੱਸੇ।

**ਵਰਤੋਂ** :—ਸਿਆਣਪ ਤਾਂ ਇਸ ਵਿੱਚ ਹੈ ਕਿ 'ਜਿੰਨਾ ਫੱਲੇ, ਉਨਾਂ ਝੁਕੇ' ਹੰਕਾਰ ਪਾਪ ਦਾ ਮੂਲ ਹੈ। (ਸ)

**ਜਿਨ੍ਹਾ ਭਉ, ਤਿਨ ਨਾਹਿ ਭਉ।**

**ਭਾਵ** :—ਜਿਨ੍ਹਾਂ ਨੂੰ ਹਰੀ ਦਾ ਡਰ ਹੈ ਉਨ੍ਹਾਂ ਨੂੰ ਹੋਰ ਕਿਸੇ ਦਾ ਡਰ ਨਹੀਂ।

**ਵਰਤੋਂ** :—ਡਰ ਤੇ ਦਾਬੇ ਦਾ ਕੂੜਾ ਭਾਰ ਪੈਦਾ ਕਰਨਾ ਐਉਂ ਹੈ, ਜਿਵੇਂ ਰੇਤਲੀ ਨੀਂਹ ਤੇ ਉਸਾਰਨਾ। 'ਜਿਨਾ ਭਉ ਤਿਨ ਨਹਿ ਭਉ' ਅਸਲੀ ਟੀਚਾ ਤਾ ਸਭ ਤ੍ਰੀਕਿਆਂ ਦਾ ਇਹ ਹੀ ਹੈ ਕਿ ਬੰਦਾ ਨਿਰਭਉ ਹੋ ਜਾਵੇ।

(ਮੇਰਾ ਵਲੈਤੀ ਸਫ਼ਰਨਾਮਾ—ਲਾਲ ਸਿੰਘ)

**ਜਿਨ੍ਹਾ ਮੁਹਬਤਿ ਇਕ ਸਿਉਂ, ਤੇ ਮਾਣਸ ਪਰਧਾਨ।**

**ਭਾਵ** :—ਜਿਨ੍ਹਾਂ ਦਾ ਪਿਆਰ ਇਕ ਹਰੀ ਨਾਲ ਹੈ, ਉਹ ਮਨੁੱਖ ਸ੍ਰੇਸ਼ਟ ਹਨ।

**ਵਰਤੋਂ** :—

ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥
ਜਿਨਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨਿ ॥

(ਗੁਰੂ ਗ੍ਰੰਥ—ਵਾਰ ਮਾਰੂ)

**ਜਿਨਿ ਹਰਿ ਭਾਣਾ ਮੰਨਿਆ ਤਿਸੁ ਸੋਗੁ ਨਾ ਸੰਤਾਪੈ।**

**ਭਾਵ** :—ਜਿਨ੍ਹਾਂ ਨੇ ਹਰੀ ਦੀ ਰਜ਼ਾ ਮੰਨੀ, ਉਹ ਸਦਾ ਖੁਸ਼ੀ ਹਨ।

**ਵਰਤੋਂ** :—

ਜਿਨਿ ਹਰਿ ਭਾਣਾ ਮੰਨਿਆ;
ਤਿਸੁ ਸੋਗੁ ਨ ਸੰਤਾਪੈ।

ਹਰਿ ਜੀਉ ਤੂ ਸਭਨਾ ਕਾ ਮਿਤ ਹੈ,
ਸਭ ਜਾਣਹਿ ਆਪੇ ॥
(ਗੁਰੂ ਗ੍ਰੰਥ—ਵਾਰ ਮਾਰੂ)

**ਜਿਨਿ ਜਾਤਾ ਸੋ ਤਿਸ ਹੀ ਜੇਹਾ ।**

**ਭਾਵ** :—ਜਿਸ ਨੇ ਹਰੀ ਨੂੰ ਜਾਤਾ, ਉਹ ਹਰੀ ਵਰਗਾ ਹੀ ਹੋ ਗਿਆ ।

**ਵਰਤੋਂ** :—
ਜਿਨਿ ਜਾਤਾ ਸੋ ਤਿਸ ਹੀ ਜੇਹਾ ।
ਅਤਿ ਨਿਰਮਾਇਲੁ ਸੀਝਸਿ ਦੇਹਾ ॥
(ਗੁਰੂ ਗ੍ਰੰਥ—ਰਾਗ ਰਾਮਕਲੀ)

**ਜਿਨੀਂ ਸਾਕੀਂ ਸਾਕ, ਸੋਈ ਸਿਆਲਾਂ ਦੇ ਚਾਕ ।**

**ਭਾਵ** :—ਜਦ ਜਿਨ੍ਹਾਂ ਨਾਲ ਕੋਈ ਪਿਆਰ ਪਾਵੇ. ਉਹ ਹੋਰਨਾਂ ਨਾਲ ਆਪਣਾ ਪਿਆਰ ਦਸਣ ਤੇ ਨਖਰਾ ਕਰਨ ।

**ਵਰਤੋਂ** :—ਤੇਰੇ ਨਾਲ ਪਿਆਰ ਪਾਉਣ ਦਾ ਕੀ ਸੁਆਦ ? ਤੂੰ ਤਾਂ ਹੋਰਨਾਂ ਨੂੰ ਪਿਆਰ ਕਰਨ ਤੇ ਸਾਡੇ ਨਾਲ ਨਖਰੇ ਦਸਣ ਲਗ ਪਈ ਏਂ । 'ਜਿਨ੍ਹੀਂ ਸਾਕੀਂ ਸਾਕ, ਸੋਈ ਸਿਆਲਾਂ ਦੇ ਚਾਕ' ਤੇਰੇ ਉਤੇ ਕੀ ਮਾਣ ਕਰੀਏ ? (ਸੰਗ੍ਰ)

**ਜਿੱਨੀ ਗੋਡੀ, ਓਨੀ ਡੋਡੀ ।** ਵੇਖੋ ਹਲ ਦੇਵੇਂ ਚਾਰ ਫਸਲ ਹੋਵੇ ਮਾਰੋ ਮਾਰ ।

**ਭਾਵ** :—ਜਿਤਨੀ ਮਿਹਨਤ ਕਰੇ, ਉਤਨਾ ਹੀ ਫਾਇਦਾ ਹੋਵੇਗਾ ।

**ਵਰਤੋਂ** :—ਮਨ—ਫੇਰ ਓਹਾ ਗਲ । ਭਾਈ ਹੀਲਾ ਕਰਨ ਨਾਲ ਹੀ ਰਿਜ਼ਕ ਮਿਲਦਾ ਹੈ । ਸਿਆਣੇ ਆਂਹਦੇ ਹਨ 'ਦਬ ਕੇ ਵਾਹ ਤੇ ਰਜ ਕੇ ਖਾਹ' ਜਿਨੀ ਮਿਹਨਤ ਉਨਾ ਫਲ । ਜਿਨੀ ਗੋਡੀ, ਓਨੀ ਡੋਡੀ ।
(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਜਿੱਨੀ ਨ੍ਹਾਤੀ, ਓਨਾ ਹੀ ਪੁੰਨ ।**

**ਭਾਵ** :—ਕਿਸੇ ਕੰਮ ਵਿੱਚ ਨੁਕਸਾਨ ਹੋਣ ਤੇ ਛੇਤੀ ਹੀ ਉਸ ਨੂੰ ਛਡ ਦੇਣਾ ।

**ਵਰਤੋਂ** :—ਕਿਰਪਾ ਸ਼ਾਹ — ਫੇਰ ਘਟ ਖਾਧਾ ਇਹਨਾਂ ਪਿੰਡਾਂ ਵਿਚੋਂ, ਜਿੱਨੀ ਨ੍ਹਾਤੀ ਉੱਨਾ ਹੀ ਪੁਨ, ਚੋਰ ਲੁਟੇਰੇ, ਭੁਖੇ ਚੋਧਰੀ ।
(ਪਿੰਡ ਦੇ ਵੈਰੀ, ਜੋਸ਼ੂਆ ਫਜ਼ਲਦੀਨ)

**ਜਿਨੁ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ।**

**ਭਾਵ** :—ਸੰਸਾਰ ਵਿੱਚ ਓਹੀ ਚੰਗੇ ਹਨ, ਜਿਨ੍ਹਾਂ ਦੇ ਅੰਦਰ ਪਵਿਤਰਤਾ ਹੈ, ਭਾਵੇਂ ਬਾਹਿਰੋਂ ਸਾਫ ਨਾ ਵੀ ਜਾਪਣ ।

**ਵਰਤੋਂ** :—
ਜਿਨੁ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰ ॥
ਤਿਨ ਨੇਹੁ ਲਗਾ ਰੱਬ ਸੇਤੀ ਦੇਖਨੇ ਵੀਚਾਰਿ ॥
(ਗੁਰੂ ਗ੍ਰੰਥ—ਆਸਾ ਦੀ ਵਾਰ)

**ਜਿਨ੍ਹੂੰ ਪੂਛੋਂ ਫੜ ਉਠਾਇਆ, ਉਸ ਨੇ ਜੋਤਰਾ ਕਦੋਂ ਲਾਇਆ ?**

**ਭਾਵ** :—ਜਿਹੜਾਂ ਕੰਮ ਦੇ ਆਰੰਭ ਵਿਚ ਹੀ ਢੇਰੀ ਢਾਹ ਬੈਠੇ, ਉਸ ਨੇ ਕੰਮ ਨੂੰ ਸਿਰੇ ਕੀ ਚਾੜ੍ਹਨਾ ਹੋਇਆ ?

**ਵਰਤੋਂ** :—ਤੁਸੀਂ ਵੀ ਮੂਤਰ ਵਿਚੋਂ ਮੱਛੀਆਂ ਫੜਨੀਆਂ ਚਾਹੁੰਦੇ ਹੋ । ਇਹ ਤਾਂ ਸਮਝੋ ਪਈ 'ਜਿਨ੍ਹੂੰ ਪੂਛੋਂ ਫੜ ਉਠਾਇਆ, ਉਸ ਨੇ ਜੋਤਰਾ ਕਦੋਂ ਲਾਇਆ' ? ਕਦੀ ਢਿਲ ਮਿਲ ਯਕੀਨਾਂ ਨੇ ਵੀ ਕੋਈ ਕੰਮ ਸਿਰੇ ਚਾੜ੍ਹਿਆ ਹੈ । (ਸੰਗ੍ਰ)

**ਜਿਨੇ ਮੂੰਹ, ਓਨੀਆਂ ਗਲਾਂ ।**

**ਭਾਵ** :—ਜਿਤਨੇ ਬੰਦੇ ਹੋਣ, ਉਤ-ਨੀਆਂ ਹੀ ਭਾਂਤ ਭਾਂਤ ਦੀਆਂ ਗੱਲਾਂ ਹੋਣ ।

**ਵਰਤੋਂ** :—ਪੀਰ ਗਾਲੜ ਸ਼ਾਹ ਵਿੱਚ ਥੋੜ੍ਹੀ ਕਰਾਮਾਤ ਏ ? ਉਸ ਦੀ ਕਬਰ ਨੂੰ ਛੇੜਨ ਵਾਲਾ ਉਥੇ ਹੀ ਨਾ ਪਥਰ ਬਣ ਜਾਏਗਾ । ਵੇਖੋ ਤਾਂ ਸਹੀ ਗਲ ਕੀ 'ਜਿਨੇ ਮੂੰਹ ਉਨੀਆਂ ਗਲਾਂ' ।
(ਪੀਰ ਗਾਲੜ ਸ਼ਾਹ—ਹੀਰਾ ਸਿੰਘ ਦਰਦ)

**ਜਿਨ੍ਹੇ ਸਿਰ ਸੌਂਪਿਆ ਏ, ਓਹਨੇ ਕੰਨ ਵੀ ਨਾਲ ਸੌਂਪੇ ਨੇ ।**

**ਭਾਵ** :—ਕਿਸੇ ਚੀਜ਼ ਦਾ ਕੰਨੀ ਸੁਣ ਕੇ ਇਤਬਾਰ ਕਰਨਾ ।

**ਵਰਤੋਂ** :—ਮੈਨੂੰ ਸਭ ਪਤਾ ਏ । ਮੈਂ ਮੂਰਖ ਨਹੀਂ, ਜਿਨ੍ਹੇ ਸਿਰ ਸੌਂਪਿਆ ਏ, ਕੰਨ ਵੀ ਨਾਲ ਹੀ ਸੌਂਪੇ ਸੂ । ਮੈਂ ਆਪਣੀ ਨਿੰਦਿਆ ਆਪਣੀ ਕੰਨੀ ਸੁਣੀਏ । ਇਤਬਾਰ ਕਿਵੇਂ ਨਾ ਕਰਾਂ ? (ਸੰਗ੍ਰ)

## ਜਿਨ੍ਹੇ ਲਾਈ ਗਲੀ, ਉਸੇ ਨਾਲ ਉਠ ਚਲੀ ।

ਵੇਖੋ :—ਜਿਸ ਲਈ ਗਲੀ ਉਸੇ ਨਾਲ ਉਠ ਚਲੀ ।

**ਭਾਵ** :— ਹਰ ਇਕ ਦੇ ਆਖੇ ਲਗਣਾ ।

**ਵਰਤੋਂ** :—ਤੇਰਾ ਕੀ ਇਤਬਾਰ ਕਰੀਏ ਤੇ ਕੀ ਤੈਨੂੰ ਆਖੀਏ ! 'ਜਿਨ੍ਹੇ ਲਾਈ ਗਲੀ, ਉਸੇ ਨਾਲ ਉਠ ਚਲੀ' ਵਾਲਾ ਲੇਖਾ ਹੈ ਤੇਰਾ ਤਾਂ । (ਸੰ)

## ਜਿਵ ਜਿਵ ਹੁਕਮ ਤਿਵੈ ਤਿਵ ਕਾਰ ।

**ਭਾਵ** :—ਜਿਵੇਂ ਰੱਬ ਚਾਹੁੰਦਾ ਹੈ, ਤਿਵੇਂ ਬੰਦਾ ਕਰਦਾ ਹੈ ।

**ਵਰਤੋਂ** :—ਜਿਸ ਦਾ ਇਹ ਕਾਰਜ ਹੈ, ਉਸੇ ਦਾ ਹੁਕਮ ਹੈ, ਉਹ ਆਪਣੇ ਕਾਰਜ ਆਪ ਕਰ ਰਿਹਾ ਹੈ ਤੇ ਆਪੇ ਹੀ ਕਰੇਗਾ, ਇਸ ਲਈ ਤੂੰ ਆਪਣੀ ਹਉਮੈ ਦੂਰ ਕਰਕੇ ਬਚਨ ਮਨ, 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ' ।

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਜੀ ਸੁਖੀ, ਜਹਾਨ ਸੁਖੀ । ਜਾਂ ਜੀ ਦੁਖੀ, ਜਹਾਨ ਦੁਖੀ ।

**ਭਾਵ** :—ਆਪਣੇ ਦੁਖ ਸੁਖ ਨਾਲ ਜਹਾਨ ਦਾ ਦੁਖ ਸੁਖ ਹੈ ।

**ਵਰਤੋਂ** :—ਵੀਰ ਜੀ ਬੀਮਾਰੀ ਵਿੱਚ ਗੱਲੀਂ ਕਥੀਂ ਖਿੱਝ ਜਾਂਦੇ ਹਨ । ਕਰਨ ਵੀ ਕੀ ? ਦੁਖੀ ਜੋ ਹੋਏ ਅਖੇ 'ਜੀ ਸੁਖੀ, ਜਹਾਨ ਸੁਖੀ । ਜੀ ਦੁਖੀ, ਜਹਾਨ ਦੁਖੀ' । (ਸੰਗ੍ਰ)

## ਜੀ ਕਹਿ ਤੇ ਜੀ ਕਹਾ ।

**ਭਾਵ** :—ਜਿਹੋ ਜਿਹਾ ਕੋਈ ਵਰਤੇ, ਤਿਹੋ ਜਿਹਾ ਵਰਤਣਾ ।

**ਵਰਤੋਂ** :—ਰਾਣੋ—ਅੜੀਏ ! ਗੁਸੇ ਹੋਣ ਦੀ ਕਿਹੜੀ ਗਲ ਏ ? 'ਜੀ ਕਹਿ ਤੇ ਜੀ ਕਹਾ' । ਤੂੰ ਬੁਰੇ ਬੋਲ ਕਿਉਂ ਬੋਲਣੀ ਏਂ ਜੇ ਅਗੋਂ ਆਪ ਨਹੀਂ ਸੁਣਨੇ ਚਾਹੁੰਦੀ । (ਸੰਗ੍ਰ)

## ਜੀ ਵੇ ਢਿਡਾ ਜੀ, ਤੂੰ ਹੀ ਮੇਰਾ ਪੁਤਰ, ਤੂੰ ਹੀ ਮੇਰੀ ਧੀ ।

**ਭਾਵ** :—ਪੇਟੂ ਆਦਮੀ ਨੂੰ ਆਖਦੇ ਹਨ ।

**ਵਰਤੋਂ** :—ਉਸ ਨੇ ਕਦੇ ਕੁਝ ਨਹੀਂ ਬਚਾਇਆ, ਉਸਦਾ ਲੇਖਾ ਤੇ ਇਹ ਹੈ 'ਜੀ ਵੇ ਢਿਡਾ ਜੀ, ਤੂੰ ਹੀ ਮੇਰਾ ਪੁਤਰ ਤੂੰ ਹੀ ਮੇਰੀ ਧੀ' । (ਸੰਗ੍ਰ)

## ਜੀਉਂਦੇ ਜਾਗਦੇ ਮਿੱਟੀ ਦਾ ਬੁੱਤ ।

**ਭਾਵ** :—ਜੀਉਂਦਾ ਜਾਗਦਾ ਬੰਦਾ ਬੇ-ਹਿਸ ਜਾਂ ਬੇ-ਸਾਹ ਹੋਵੇ ।

**ਵਰਤੋਂ** :—ਜੀਉਂਦੇ ਜਾਗਦੇ ਮਿੱਟੀ ਦਾ ਬੁੱਤ ਨਾ ਬਣੋ । ਕੁਝ ਹੱਥ ਪੈਰ ਹਿਲਾਓ । ਕੋਈ ਕੰਮ ਧੰਦਾ ਕਰੋ । ਨਹੀਂ ਤਾਂ ਦੁਖ ਪਾਓਗੇ । (ਸੰਗ੍ਰ)

## ਜੀਊਂਦਿਆਂ ਦੇ ਮੇਲੇ ।

**ਭਾਵ** :—ਸਾਰੇ ਰਿਸ਼ਤੇ ਜੀਉਂਦੇ ਜੀ ਹੀ ਹੁੰਦੇ ਹਨ ।

**ਵਰਤੋਂ** :—ਸਾਰੇ 'ਜੀਉਂਦਿਆਂ ਦੇ ਮੇਲੇ' ਮੋਏ ਗਏ ਨੂੰ ਹਰ ਕੋਈ ਵਿਸਾਰ ਦੇਂਦਾ ਹੈ । (ਸੰ)

## ਜੀਭੋਂ ਹੇਠ ਲੱਥਾ, ਜਿਹਾ ਕੌੜਾ ਤਿਹਾ ਮਿੱਠਾ ।

**ਭਾਵ** :—ਸਵਾਦ ਜ਼ਬਾਨ ਨਾਲ ਹੀ ਹੈ ਜਿਹੜੀ ਚੀਜ਼ ਖਾਧੀ ਗਈ, ਉਸ ਦਾ ਕੋਈ ਸਵਾਦ ਨਹੀਂ ਰਹਿੰਦਾ ।

**ਵਰਤੋਂ** :—ਸਾਨੂੰ ਸੁਆਦ ਨਾਲ ਕੀ ਹੈ ?

ਅਸੀਂ ਤਾਂ ਢਿੱਡ ਭਰਨਾ ਹੈ। 'ਜੋਤੋਂ' ਹੇਠ ਲੱਬਾ, ਜਿਹਾ ਕੌੜਾ, ਤਿਹਾ ਮਿਠਾ। (ਸੰਗ੍ਰ)

**ਜੀਵਤੇ ਕਉ ਜੀਵਤਾ ਮਿਲੈ, ਮੂਏ ਕਉ ਮੂਆ।**

**ਭਾਵ** :—ਸਾਥੀ ਨੂੰ ਸਾਥੀ ਪਿਆਰੇ ਹੁੰਦੇ ਹਨ।

**ਵਰਤੋਂ** :—

ਜੀਵਤੇ ਕਉ ਜੀਵਤਾ ਮਿਲੈ, ਮੂਏ ਕਉ ਮੂਆ ॥
ਨਾਨਕ ਸੋ ਸਾਲਾਹੀਐ ਜਿਨਿ ਕਾਰਣਿ ਕੀਆ ॥
(ਗੁਰੂ ਗ੍ਰੰਥ — ਵਾਰ ਸੂਹੀ)

**ਜੀਵਨ ਤੋਂ ਜੀਵਨ ਬਣਦਾ ਹੈ।**

**ਭਾਵ** :—ਚੰਗੇ ਜੀਵਨ ਦੀ ਮਿਸਾਲ ਤੋਂ ਹੀ ਹੋਰ ਨੇਕ ਜੀਵਨ ਬਣਦੇ ਹਨ।

**ਵਰਤੋਂ** :—ਜੀਵਨ ਤੋਂ ਜੀਵਨ ਬਣਦਾ ਹੈ ਕੌਮਾਂ ਦਾ ਸ਼ਾਨਦਾਰ ਇਤਿਹਾਸ ਅਤੇ ਆਦਰਸ਼ ਹਿੱਤ ਕੀਤੀਆਂ ਕੁਰਬਾਨੀਆਂ ਦੁਨੀਆਂ ਵਿਚ ਹਮੇਸ਼ਾ ਮਿਸਾਲ ਕਾਇਮ ਕਰਦੀਆਂ ਹਨ। (ਸੰਗ੍ਰ)

**ਜੀਵੇ ਆਸਾ, ਮਰੇ ਨਿਰਾਸਾ।**

**ਭਾਵ** :—ਜਿਸ ਦੇ ਅੰਦਰ ਜੀਵਣ ਦੀ ਚਾਹ ਹੈ, ਉਹੀ ਜੀਉਂਦਾ ਹੈ। ਆਸ-ਹੀਨ ਮਰ ਜਾਂਦਾ ਹੈ।

**ਵਰਤੋਂ** :—ਭਾਈ, ਜਦ ਤਕ ਸਾਸ, ਤਦ ਤਕ ਆਸ। 'ਜੀਵੇ ਆਸਾ ਮਰੇ ਨਿਰਾਸਾ', ਫਿਰ ਆਸ ਕਿਉਂ ਛਡੀਏ। (ਸੰਗ੍ਰ)

**ਜੀਵੰਦਿਆਂ ਮਿਤਰ ਨਾ ਮਿਤਰਿਆ, ਮੋਇਆ ਤ੍ਰੂ ਤ੍ਰੂ ਪਿਟੜਿਆ।**

**ਭਾਵ** :— ਜੀਂਵਦਿਆ ਤਾਂ ਕੋਈ ਮਿਤਰ ਨਾ ਬਣੇ, ਪਰ ਮਰਨ ਮਗਰੋਂ ਕਈ ਬਣ ਜਾਣ।

**ਵਰਤੋਂ** :—ਸਰਦਾਰ—ਜਦ ਤੀਕ ਆਸਾ ਸਿੰਘ ਜੀਉਂਦਾ ਰਿਹਾ, ਕੋਈ ਉਸਦਾ ਦੋਸਤ ਨਾ ਬਣਿਆ। ਅੱਜ ਉਸਦੀ ਜਾਇਦਾਦ ਲਈ ਕਈ ਉਸਦੀ ਮਿਤਰਤਾ ਦਾ ਦੰਮ ਭਰਦੇ ਹਨ, ਅਖੇ 'ਜੀਂਵਦਿਆ ਮਿਤਰ ਨਾ ਮਿਤਰਿਆ, ਮੋਇਆਂ ਤ੍ਰੂ ਤ੍ਰੂ ਪਿਟੜੀਆਂ।' (ਸੰ)

**ਜੁਆਰ ਦੇ ਭੋਖੜੇ (ਤੋਪੜੇ) ਕੋਈ ਅੰਗਿਆਰ ਨਹੀਂ ਭਖਦਾ।**

**ਭਾਵ** :—ਯੋਗ ਚੀਜ਼ ਜਾਂ ਵਸੀਲੇ ਦੀ ਵਰਤੋਂ ਹੀ ਠੀਕ ਹੈ।

**ਵਰਤੋਂ** :—ਤੁਸੀਂ ਵਿਚਾਰ ਤੋਂ ਕੰਮ ਲਓ। 'ਜੁਆਰ ਦੇ ਭੋਖੜੇ ਕੋਈ ਅੰਗਿਆਰ ਨਹੀਂ ਭਖਦਾ' ਨਾ ਸੋਨੇ ਦੀ ਕਟਾਰ ਵੇਖ ਕੇ ਕੋਈ ਢਿੱਡ ਵਿੱਚ ਖੋਭ ਲੈਂਦਾ ਹੈ। (ਸੰ)

**ਜੁਆਨੀ ਦੀ ਉਮਰੇ ਤੀਰਾਂ (ਰੋੜਾਂ) ਦੀ ਸੇਜਾਂ ਤੇ ਵੀ ਨੀਂਦ ਆ ਜਾਂਦੀ ਏ।**

**ਭਾਵ** :—ਅਰੋਗ ਜਵਾਨ ਨੂੰ ਔਖੀ ਤੋਂ ਔਖੀ ਕਾਰ ਕਰਦਿਆਂ ਵੀ ਸੁਖ ਮਿਲ ਜਾਂਦਾ ਹੈ।

**ਵਰਤੋਂ** :—ਕਹਿੰਦੇ ਹਨ 'ਜੁਆਨੀ ਦੀ ਉਮਰੇ ਤੀਰਾਂ ਦੀ ਸੇਜ ਉਤੇ ਵੀ ਨੀਂਦਰ ਆ ਜਾਂਦੀ ਹੈ'। ਇਹੋ ਹਾਲ ਪੁਸ਼ਪਾ ਦਾ ਹੋਇਆ। ਨੀਂਦਰ ਨਾਲ ਉਸ ਦੀਆਂ ਅੱਖਾਂ ਗੁਟ ਸਨ।
(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਜੁਗਤ ਨਾਲ ਚੱਲੇ ਤਾਂ ਸਭ ਕੁਛ ਪੱਲੇ।**

**ਭਾਵ** :—ਵਿਤ ਅਨੁਸਾਰ ਚਲਣ ਨਾਲ ਕੋਈ ਘਾਟਾ ਨਹੀਂ ਪੈਂਦਾ।

**ਵਰਤੋਂ** :—ਮਨ—ਜੇ ਚਦਰ ਵੇਖ ਕੇ ਪੈਰ ਪਸਾਰੋ, ਤਾਂ ਤੁਹਾਨੂੰ ਕਾਹਦਾ ਘਾਟਾ ਏ ? 'ਜੁਗਤ ਨਾਲ ਚੱਲੈ, ਤਾਂ ਸਭ ਕੁਛ ਪਲੇ' ਅਜੇ ਵੀ ਸਮਝ ਜਾਓ। ਬਤੇਰਾ ਦੁਖ ਭੋਗ ਲਿਆ ਏ। ਛਡੋ ਝੂਠਿਆਂ ਵਿਖਾਵਿਆਂ ਨੂੰ। ਦੁਨੀਆਂ ਕਿਸੇ ਨੂੰ ਕੁਝ ਨਹੀਂ ਕਹਿੰਦੀ।

(ਦੂਰ ਦੁਰਾਡੇ ਸ਼ਹਿਰੋਂ—ਪ੍ਰੋ: ਹਰਚਰਨ ਸਿੰਘ)

**ਜੁਗਤ ਵਿਹੂਣਾ, ਵਿਕਹੁ ਜਾਏ।** ਜਾਂ **ਜੁਗਤ ਵਿਹੂਣਾ ਆਦਮੀ, ਓੜਕ ਬਿਖੜ ਜਾਏ।**

**ਭਾਵ** :—ਜੁਗਤ ਨਾਲੋਂ ਬਾਹਲਾ ਤੁਰਨ ਨਾਲ ਔਖਾ ਹੋਈਦਾ ਹੈ।

**ਵਰਤੋਂ** :—ਜੁਗਤੀ ਸੰਜਮ ਵਿਚ ਰਹਿਣ ਨਾਲ ਜੀਵਨ ਸੁਖ ਦਾ ਕਟਦਾ ਹੈ। 'ਜਗਤ ਵਿਹੂਣਾ, ਵਿਕਹੁ ਜਾਏ'। (ਸੰ)

**ਜੁਤਮ ਜੋੜਾ ਪਾਨੀ ਲਾਇਮ ਝਾੜ ਕੂੰ। ਦੁਖੇਂ ਦਾ ਗੋਗੜਾ ਵੰਝ ਦੇਸੂ ਕਰਾੜ ਕੂੰ।**

**ਭਾਵ** :—ਹੱਲ ਜੋਤ ਕੇ ਪੈਲੀ ਨੂੰ ਪਾਣੀ ਲਾਇਆ, ਦੁੱਖਾਂ ਨਾਲ ਫਸਲ ਤਿਆਰ ਕੀਤੀ ਪਰ ਅਫ਼ਸੋਸ ਕਿ ਸਾਰੀ ਕਿਰਾੜ (ਬਾਣੀਏ) ਨੂੰ ਦੇਣੀ ਪਈ।

**ਵਰਤੋਂ** :— ਮੰਦਾ ਹਾਲ ਹੈ ਕਿਰਸਾਨਾਂ ਦਾ। ਜੁਤਮ ਜੋੜਾ ਪਾਨੀ ਲਾਇਮ ਝਾੜ ਕੂੰ, ਦੁਖੇਂ ਦਾ ਗੋਗੜਾ, ਵੰਝ ਦੇਸੂ ਕਿਰਾੜ ਕੂੰ।" ਸਾਰੀ ਮਿਹਨਤ ਕਰਕੇ ਅੰਤ ਬਾਣੀਏ ਦਾ ਢਿੱਡ ਜਾ ਭਰੀ ਦਾ ਹੈ। (ਸੰ)

**ਜੁੱਤੀ ਸੌੜੀ, ਪੈਂਡਾ ਖੋਟਾ, ਰੰਨ ਭੈੜੀ ਜੀਉਣਾ ਔਖਾ।**

**ਭਾਵ** :—ਸੌੜੀ ਜੁੱਤੀ ਤੇ ਭੈੜੀ ਰੰਨ ਬੜਾ ਦੁਖ ਦੇਂਦੀ ਹੈ।

**ਵਰਤੋਂ** :—ਚਲੋ ਇਹ ਵੀ ਚੰਗਾ ਹੋਇਆ ਗਲੋਂ ਤੇਰਿਉਂ ਬਲਾ ਲਥੀ, ਨਹੀਂ ਤਾਂ ਜੇ ਜੀਉਂਦੀ ਰਹਿੰਦੀ ਤਾ ਅਜੇ ਖਬਰੇ ਕੀ ਕੀ ਭੋਗਾਣੀਆਂ ਸੀ ਤੈਨੂੰ ਇਸ ਨੇ! ਸਿਆਣੇ ਆਖਦੇ ਨੇ "ਜੁੱਤੀ ਸੌੜੀ, ਪੈਂਡਾ ਖੋਟਾ, ਰੰਨ ਭੈੜੀ, ਜੀਉਣਾ ਔਖਾ'।

(ਟੁਟੀ ਵੀਣਾ—ਨਾਨਕ ਸਿੰਘ)

**ਜੁਲ ਖਦੂਲੀ ਮੌਜਾਂ ਮਾਣੇ!**

**ਭਾਵ** :—ਸਾਦੇ ਆਦਮੀ ਦੀ ਰਹਿਣੀ ਬਹਿਣੀ ਦੀ ਵਡਿਆਈ ਕੀਤੀ ਹੈ।

**ਵਰਤੋਂ** :— ਨਾਨਕੀ—ਭੈਣ ਚੰਦੋ ਬੜੀ ਹੀ ਸੰਜਮੀ ਹੈ ਇਸੇ ਲਈ ਸੁਖ ਵੀ ਹੈ। 'ਜੁਲ ਖਦੂਲੀ ਮੌਜਾਂ ਮਾਣੇ'। (ਸੰ)

**ਜੁਲਾਹਿਆਂ ਦੇ ਪਠਾਣ ਵਿਗਾਰੀ।**

**ਭਾਵ** :—ਮਾੜਿਆਂ ਦੇ ਅਧੀਨ ਜਦ ਕੋਈ ਹੈਂਕੜ ਖਾਂ ਕਾਬੂ ਆ ਜਾਵੇ, ਜਾਂ ਸੇਵਾ ਵਿਚ ਹੋਵੇ, ਤਦ ਵਰਤਦੇ ਹਨ।

**ਵਰਤੋਂ** :—ਕੋਈ ਵੀ ਔਖੇ ਵੇਲੇ ਗਰੀਬਾਂ ਨੂੰ ਨਹੀਂ ਪਹੁੰਚਦਾ। 'ਜੁਲਾਹਿਆਂ ਦੇ ਪਠਾਣ ਵਿਗਾਰੀ' ਜੇ ਕੋਈ ਨੇੜੇ ਢੁਕਦਾ ਵੀ ਹੈ, ਉਹ ਵੀ ਉਪਰੋਂ ਉਪਰੋਂ। (ਸੰ)

**ਜੂਆ ਕਿਨੇ ਨਾ ਜਿਤਿਆ ਸਭ ਜੂਏ ਜਿਤੇ।**

**ਭਾਵ** :—ਜੂਆ ਖੇਡਣ ਵਿੱਚ ਹਾਨ ਹੀ ਹਾਨ ਹੈ।

**ਵਰਤੋਂ** :—ਗਏ ਜੁਆਰੀ ਦੋਏ ਹੱਥ ਝਾੜ। ਜੁਆਰੀਆਂ ਦੇ ਪੱਲੇ ਤਾਂ ਅੰਤ ਨੂੰ ਸੁਆਹ ਹੀ ਪੈਂਦੀ ਹੈ 'ਜੂਆ ਕਿਨੇ ਨਾ ਜਿੱਤਿਆ ਸਭ ਜੂਏ ਜਿਤੇ' (ਸੰਗ੍ਰ)

**ਜੂਆ ਮਿੱਠੀ ਹਾਰ।**

**ਭਾਵ** :—ਜੁਆਰੀਆ ਜੂਆ ਖੇਡਦਿਆਂ ਭਾਵੇਂ ਹਾਰ ਹੀ ਜਾਵੇ, ਪਰ ਜੂਆ ਖੇਡਣ ਤੋਂ ਨਹੀਂ ਹਟਦਾ।

**ਵਰਤੋਂ** :—'ਜੂਆ ਮਿੱਠੀ ਹਾਰ' ਜੇ। ਮਨੁੱਖ ਜਿਤ ਦੀ ਆਸ ਉਤੇ ਖੇਡਦਾ ਹੀ ਜਾਂਦਾ ਹੈ, ਭਾਵੇਂ ਹਰ ਵੇਰ ਹਾਰ ਹੀ ਹੁੰਦੀ ਹੋਵੇ। (ਸੰਗ੍ਰ)

**ਜੂਆਂ ਤੋਂ ਡਰਦੇ ਕਪੜੇ ਨਹੀਂ ਪਾੜ ਸੁਟੀਦੇ।**

**ਭਾਵ** :— ਮਾਮੂਲੀ ਨੁਕਸਾਨ ਤੋਂ ਡਰਦਿਆਂ ਬਹੁਤਾ ਨੁਕਸਾਨ ਨਹੀਂ ਕਰਣਾ ਚਾਹੀਦਾ।

**ਵਰਤੋਂ** :—ਜਸੋਦਾ ਸੱਚੀ ਏ, ਉਸ ਨੂੰ ਸਹੁਰੇ ਘਰ ਵਾਲੇ ਸਾਰੇ ਚੋਭਾਂ ਮਾਰਦੇ ਨੇ, ਪਰ 'ਜੂਆ ਤੋਂ ਡਰਦੇ ਕਪੜੇ ਨਹੀਂ ਪਾੜ ਸੁਟੀਦੇ' ਘਰ ਨੂੰ ਛੱਡ ਦੇਣਾ ਉਸ ਲਈ ਬੜੀ ਮੂਰਖਤਾ ਹੋਵੇਗੀ। (ਸੰਗ੍ਰ)

**ਜੂਏ ਜੇਡ ਵਪਾਰ ਨਾ ਕੋਈ ਜੇ ਵਿੱਚ ਹਾਰ ਨਾ ਹੋਵੇ। ਭਾਈਆਂ ਜੇਡ ਪਿਆਰ ਨਾ ਕੋਈ ਜੇ ਵਿੱਚ ਖਾਰ ਨਾ ਹੋਵੇ। ਤੀਵੀਂ ਜੇਡ ਵਜ਼ੀਰ ਨਾ ਕੋਈ ਜੇ ਬਦਕਾਰ ਨਾ ਹੋਵੇ।**

**ਭਾਵ** :—ਜੂਆ ਖੇਡਣ, ਭਰਾਵਾਂ ਦੇ ਪਿਆਰ ਤੇ ਤੀਵੀਂ ਬਾਰੇ ਦਸਿਆ ਹੈ ਕਿ ਚੰਗੇ ਕਿੰਨ੍ਹਾਂ ਹਾਲਤਾਂ ਵਿਚ ਹੁੰਦੇ ਹਨ ਤੇ ਮੰਦੇ ਕਿੰਨ੍ਹਾਂ ਹਾਲਤਾਂ ਵਿੱਚ।

**ਵਰਤੋਂ** :—ਸਪਸ਼ਟ ਹੈ।

**ਜੂਠ ਖਾਈਦਾ ਹੈ, ਮਿੱਠੇ ਦੇ ਤ੍ਰਾਣ।**

**ਭਾਵ** :—ਲਾਲਚ ਕਰਕੇ ਹੀ ਕੋਈ ਮਾੜਾ ਕੰਮ ਕਰਦਾ ਹੈ।

**ਵਰਤੋਂ** :—ਲਾਲਚ ਹੀ ਮਾੜੇ ਕੰਮਾਂ ਵਿੱਚ ਫਸਾਉਂਦਾ ਹੈ, ਨਹੀਂ ਤਾਂ ਕੋਈ ਮਾੜਾ ਕੰਮ ਕਰੇ ਹੀ ਨਾ। 'ਜੂਠ ਖਾਈਦਾ ਹੈ, ਮਿੱਠੇ ਦੇ ਤ੍ਰਾਣ' (ਸੰਗ੍ਰ)

**ਜੂਠ, ਝੂਠ, ਤੇ ਪਲੇ ਕੁਪੱਤ।**

**ਭਾਵ** :—ਜਦ ਕੋਈ ਹਰ ਪਾਸਿਓਂ ਭੈੜਾ ਹੋਵੇ।

**ਵਰਤੋਂ** :—ਤੁਧ ਕੁਲਹਿਣੀ ਪਾਸੋਂ ਹੋਰ ਲਹਿਣਾ ਹੀ ਕੀ ਹੈ? 'ਜੂਠ, ਝੂਠ ਤੇ ਪਲੇ ਕੁਪੱਤ' ਇਹੀ ਤੁਹਾਡੀ ਗਲ ਹੈ। (ਸੰਗ੍ਰ)

**ਜੂਠ ਮਾਰੇ ਜਾਂ ਝੂਠ ਮਾਰੇ।**

**ਭਾਵ** :—ਝੂਠ ਬੋਲਣਾ ਤੇ ਕਿਸੇ ਦਾ ਜੂਠਾ ਖਾਣਾ (ਨਿੰਦਿਆ ਜਾਂ ਨਕਲ ਕਰਨੀ) ਬਰਬਾਦੀ ਲਿਆਉਂਦੇ ਹਨ।

**ਵਰਤੋਂ** :—ਜੂਠ ਤੇ ਝੂਠ ਦੋਹਾਂ ਪਾਸੋਂ ਹੀ ਬਚ ਕੇ ਰਹਿਣਾ ਚਾਹੀਦਾ ਹੈ। 'ਜੂਠ ਮਾਰੇ ਜਾਂ ਝੂਠ ਮਾਰੇ' (ਸੰਗ੍ਰ)

**ਜੇ ਅੰਨ੍ਹਾ ਅੰਨ੍ਹੇ ਨੂੰ ਰਾਹ ਦਸੇ ਤਾਂ ਦੋਇ ਟੋਇ ਵਿਚ ਡਿਗ ਪੈਣਗੇ।**

**ਭਾਵ** :—ਗਿਆਨ ਆਪਣੇ ਤੋਂ ਵਧੀਕ ਸਿਆਣੇ ਪੁਰਸ਼ ਤੋਂ ਲੈਣਾ ਚਾਹੀਦਾ ਹੈ।

**ਵਰਤੋਂ** :—ਓਏ ਤੈਨੂੰ ਕੋਈ ਹੋਰ ਗੁਰੂ ਨਹੀਂ ਮਿਲਿਆ! ਉਸ ਕੋਲੋਂ ਤੂੰ ਕੀ ਸਿਖੇਂਗਾ? ਸੁਣਿਆ ਨਹੀਂ ਜੇ 'ਜੇ ਅਨ੍ਹਾ ਅਨ੍ਹੇ ਨੂੰ ਰਾਹ ਦਸੇ ਤਾਂ ਦੋਇ ਟੋਇ ਵਿਚ ਡਿਗ ਪੈਣਗੇ।' (ਸੰ)

**ਜੇ ਸਹੁ ਆਖੇ ਫਿੱਟੇ ਮੂੰਹ, ਤਾਂ ਮੈ ਜੀਵੀ।**

**ਭਾਵ** :—ਜਿਸ ਦੀ ਪਰਵਾਹ ਕੋਈ ਨਾ ਕਰੇ, ਪਰ ਉਹ ਫਿਰ ਵੀ ਮਾਣ ਕਰਦਾ ਫਿਰੇ।

**ਵਰਤੋਂ** :—ਨਿਹਾਲੀ—ਸਤਵੰਤ, ਤੇਰੀ ਰੀਸ ਕੌਣ ਕਰੇ? ਤੇਰਾ ਤਾਂ ਉਹ ਹਾਲ ਹੈ, ਅਖੇ 'ਜੇ ਸਹੁ ਆਖੇ ਫਿੱਟੇ ਮੂੰਹ, ਤਾਂ ਮੈ ਜੀਵੀ', ਪਤੀ ਤੇਰਾ ਭਾਵੇਂ ਤੇਰੀ ਪਰਵਾਹ ਨਾ ਕਰੇ, ਤੂੰ ਉਸ ਦੀਆਂ ਸਿਫ਼ਤਾਂ ਕਰਨੋਂ ਨਹੀਂ ਰਜਦੀ। (ਸੰਗ੍ਰ)

**ਜੇ ਸਹੁ ਭਾਵੇ ਤਾਂ ਸਿਰ ਖੁਲ੍ਹੀ ਪਈ ਆਵੇ।**

**ਭਾਵ** :—ਜਿਹੜਾ ਕੋਈ ਕਿਸੇ ਨੂੰ ਚੰਗਾ ਲਗੇ, ਉਹ ਕਿਸੇ ਵੀ ਹਾਲਤ ਵਿੱਚ ਰਹੇ, ਠੀਕ ਹੈ।

**ਵਰਤੋਂ** :—ਸੀਤਾ ਆਪਣੇ ਪਤੀ ਨੂੰ ਚੰਗੀ ਲਗਦੀ ਹੈ। ਭਾਵੇਂ ਜਿਵੇਂ ਵੀ ਰਹੇ। 'ਜੇ ਸਹੁ ਭਾਵੇ ਤਾਂ ਸਿਰ ਖੁਲ੍ਹੀ ਪਈ ਆਵੇ'। ਸਾਨੂੰ ਤੁਹਾਨੂੰ ਕੀ? (ਸੰਗ੍ਰ)

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥**

**ਭਾਵ** :—ਜੇ ਤਾਕਤਵਰ ਤਾਕਤਵਰ ਨੂੰ ਮਾਰੇ ਤਾਂ ਕੋਈ ਰੰਜ ਨਹੀਂ ਹੁੰਦਾ। ਪਰ ਜਦ ਤਾਕਤਵਰ ਗ਼ਰੀਬ ਨੂੰ ਮਾਰੇ, ਤਦ ਰੋਣ ਹੋਣਾ ਕੁਦਰਤੀ ਹੈ।

**ਵਰਤੋਂ** :—

ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ॥

(ਗੁਰੂ ਗ੍ਰੰਥ—ਆਸਾ ਵਾਰ)

**ਜੇ ਸਜਣ ਬਾਂਹ ਦਏ, ਤਾਂ ਪੂਰੀ ਹੀ ਨਹੀਂ ਨਿਗਲ ਜਾਣੀ ਚਾਹੀਦੀ।**

**ਭਾਵ** :—ਜਦ ਕੋਈ ਸਹਾਇਤਾ ਕਰੇ, ਤਦ ਉਸ ਦਾ ਸਭੋ ਕੁਝ ਹੀ ਹੜਪ ਨਹੀਂ ਕਰ ਲੈਣਾ ਚਾਹੀਦਾ।

**ਵਰਤੋਂ** :—ਸਾਡੇ ਗਿਰਾਵਾਂ ਵਿਚ ਕਹਿੰਦੇ ਹਨ, 'ਜੇ ਸਜਣ ਬਾਂਹ ਦਏ ਤਾਂ ਪੂਰੀ ਹੀ ਨਹੀਂ ਨਿਗਲ ਜਾਣੀ ਚਾਹੀਦੀ'। ਪਰ ਸ਼ਹਿਰੀ ਚੂਹਿਆਂ ਨੂੰ ਇਤਨੀ ਤਮੀਜ਼ ਕਿਥੇ ?

(ਸਵੇਰ ਸਾਰ—ਕਰਤਾਰ ਸਿੰਘ ਦੁੱਗਲ)

**ਜੇ ਸਵੇਰ ਦਾ ਘੁੱਥਾ ਸ਼ਾਮ ਨੂੰ ਘਰ ਆ ਜਾਵੇ ਤਾਂ ਚੰਗਾ ਹੈ।**

**ਭਾਵ** :— ਕੋਈ ਭੁਲਾ ਹੋਇਆ ਮਨੁੱਖ ਜੇ ਛੇਤੀ ਹੀ ਸਿਧੇ ਰਾਹ ਪ ਜਾਵੇ, ਤਾਂ ਚੰਗਾ ਹੈ।

**ਵਰਤੋਂ** :—ਹੁਣ ਛੱਡ ਵੀ ਤਾਂ ਸਹੀ ਉਹਦੀ ਭੁਲ ਨੂੰ। ਵਿਚਾਰਾ ਸ਼ਰਮਿੰਦਾ ਹੈ ਤੇ ਪਛਤਾਂਦਾ ਹੈ। ਨਾਲੇ ਸਿਆਣਿਆਂ ਆਖਿਆ ਏ, 'ਜੇ ਸਵੇਰ ਦਾ ਘੁੱਥਾ ਸ਼ਾਮ ਨੂੰ ਘਰ ਆ ਜਾਵੇ ਤਾਂ ਚੰਗਾ ਹੈ'। (ਸੰ)

**ਜੇ ਸੁਖ ਲੋੜੇ ਆਪਣਾ ਤਾਂ ਪਾਣੀ ਮੰਗ ਨਾ ਪੀ। ਜਾਂ ਜੇ ਸੁਖ ਚਾਹੇਂ ਜੀ, ਪਾਣੀ ਮੰਗ ਨਾ ਪੀ।**

**ਭਾਵ** :—ਆਪਣੇ ਪੈਰਾਂ ਉਤੇ ਹੀ ਖਲੋਣਾ ਸੁਖੀ ਰਖਦਾ ਹੈ। ਪਰਾਇਆ ਆਸਰਾ ਨ ਤਕੋ।

**ਵਰਤੋਂ** :—ਅਮੋਲਕ ਸਿੰਘ—ਭਰਾ ਜੀ, ਜੇ ਸੁਖ ਲੋੜਦੇ ਹੋ, ਤਾਂ ਕਿਸੇ ਦੀ ਮੁਥਾਜੀ ਨਾ ਕਰੋ। ਮੁਥਾਜੀ ਮਾਰ ਦੇਂਦੀ ਹੈ। 'ਜੇ ਸੁਖ ਲੋੜੇ ਆਪਣਾ, ਤਾਂ ਪਾਣੀ ਮੰਗ ਨਾ ਪੀ'। (ਸੰਗ੍ਰ)

**ਜੇ ਹੋਣ ਸਿਰ ਜੋੜੇ ਉਨ੍ਹਾਂ ਨੂੰ ਮਾਰਨ ਥੋੜ੍ਹੇ।** ਵੇਖੋ :—**ਇਕ ਇਕਲਾ ਦੋ ਯਾਰਾਂ।**

**ਭਾਵ** :—ਇਕੱਠ ਵਿਚ ਹੀ ਬਰਕਤ ਹੈ।

**ਵਰਤੋਂ** :—ਰਾਜਦੂਤ—ਮਹਾਰਾਜ ! 'ਜੇ ਹੋਣ ਸਿਰ ਜੋੜੇ, ਉਨ੍ਹਾਂ ਨੂੰ ਮਾਰਨ ਥੋੜ੍ਹੇ' ਏਕੇ ਵਿੱਚ ਬੜੀ ਬਰਕਤ ਜੇ। (ਸੰਗ੍ਰ)

**ਜੇ ਹੋਵਨ ਦਿਨ ਪਧਰੇ, ਭੁਜੇ ਉਗਣ ਮੋਠ।**

**ਭਾਵ** :—ਨਸੀਬ ਚੰਗੇ ਹੋਣ, ਤਾਂ ਵਿਗੜੇ ਕੰਮ ਵੀ ਸੌਰ ਜਾਂਦੇ ਹਨ।

**ਵਰਤੋਂ** :—ਰਾਧਾ—ਮਾਈ ਜੀ; ਜੇ ਭਾਗ ਚੰਗੇ ਹੋਣ ਤਾਂ ਪੁਠੀਆਂ ਵੀ ਸਿਧੀਆਂ ਪੈਣ ਲਗ ਜਾਣ-ਗੀਆਂ, 'ਜੇ ਹੋਵਨ ਦਿਨ ਪਧਰੇ ਭੁਜੇ ਉਗਣ ਮੋਠ'। (ਸੰ)

**ਜੇ ਕਰ ਖੇਤੈ ਖਾਇ ਵਾੜ ਕੋ ਨ ਲਹੈ ਸਾਗ।**

**ਭਾਵ** :—ਜੇਕਰ ਵਾੜ (ਰਖਵਾਲਾ) ਹੀ ਖੇਤੀ ਨੂੰ ਖਾਣ ਲਗ ਜਾਵੇ ਤਾਂ ਕੋਈ ਉਸਦਾ ਬਚਾ ਨਹੀਂ ਕਰ ਸਕਦਾ।

**ਵਰਤੋਂ**:—

ਜੇਕਰ ਖੇਤੈ ਖਾਇ ਵਾੜ ਕੋ ਲਹੈ ਨਾ ਸਾਰਾ।
ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ॥

(ਵਾਰਾਂ—ਭਾਈ ਗੁਰਦਾਸ)

**ਜੇ ਕਰਿ ਸੂਤਕੁ ਮੰਨੀਐ ਸਭ ਤੇ ਸੂਤਕੁ ਹੋਇ॥**

**ਭਾਵ** :—ਜੇ ਸੂਤਕ ਮੰਨੀਏ ਤਾਂ ਹਰ ਥਾਂ ਸੂਤਕ ਹੈ।

**ਵਰਤੋਂ** :—

ਜੇ ਕਰਿ ਸੂਤਕਿ ਮੰਨੀਐ ਸਭਤੈ ਸੂਤਕ ਹੋਇ॥
ਗੋਹੇ ਅਤੇ ਲਕੜੀ ਅੰਦਿਰ ਕੀੜਾ ਹੋਇ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਜੇ ਖਤਰੀ ਸਿਰ ਘੱਟਾ ਪਾਵੇ, ਤਦ ਭੀ ਖਤਰੀ ਖਟ ਘਰ ਆਵੇ।**

**ਭਾਵ** :—ਖਤਰੀ ਹਰ ਤਰ੍ਹਾਂ ਨਾਲ ਕਮਾਈ ਕਰਦਾ ਹੈ, ਭਾਵੇਂ ਛੋਟੇ ਤੋਂ ਛੋਟਾ ਕੰਮ ਕਰੇ।

**ਵਰਤੋਂ :**— ਖਤਰੀਆਂ ਦੀ ਕੀ ਗਲ ਕਰਦੇ ਹੋ ? ਖਤ੍ਰੀ ਕੋਈ ਵੀ ਅਜੇਹੀ ਗਲ ਨਹੀਂ ਕਰਦਾ ਜਿਸ ਵਿਚ ਨਫ਼ਾ ਜਾਂ ਲਾਭ ਨਾ ਹੋਵੇ 'ਜੇ ਖਤਰੀ ਸਿਰ ਘੱਟਾ ਪਾਵੇ, ਤਦ ਭੀ ਖਤ੍ਰੀ ਖਟ ਘਰ ਆਵੇ' । (ਸੰਗ੍ਰ)

## ਜੇ ਘਰ ਭੰਨੈ ਪਾਹਰੂ, ਕਉਣ ਰਖਣ ਹਾਰਾ ।

**ਭਾਵ :**—ਜੇ ਚੌਕੀਦਾਰ ਹੀ ਘਰ ਭੰਨੇ ਤਾਂ ਰਾਖੀ ਕੌਣ ਕਰੇ ?

**ਵਰਤੋਂ :**—

ਜੇ ਮਾਂ ਪੁਤੈ ਵਿਸ ਦੇਇ ਤਿਸਤੇ ਕਉਣ ਪਿਆਰਾ ।
ਜੇ ਘਰ ਭੰਨੈ ਪਾਹਰੂ ਕਉਣ ਰਖਣ ਹਾਰਾ ।
(ਵਾਰਾਂ—ਭਾਈ ਗੁਰਦਾਸ ਜੀ)

## ਜੇ ਜ਼ਾਲਮ ਹੋਵੇ ਵਾਲੀ, ਸਟੋ ਜ਼ਮੀਨ, ਸਾੜੋ ਹੱਲ ਪੰਜਾਲੀ ।

**ਭਾਵ :**— ਜ਼ਾਲਮ ਮਾਲਕ ਦੀ ਜ਼ਮੀਨ ਦੀ ਵਾਹੀ ਕਰਨੀ ਛੱਡ ਦਿਓ ।

**ਵਰਤੋਂ :**—ਭੀਮਸੈਨ—ਪੰਚੋ ! ਜ਼ਾਲਮ ਦੀ ਰਈਯੱਤ ਬਣਨਾ ਕੋਈ ਧਰਮ ਨਹੀਂ 'ਜੇ ਜ਼ਾਲਮ ਹੋਵੇ ਵਾਲੀ, ਸਟੋ ਜ਼ਮੀਨ ਤੇ ਸਾੜੋ ਹੱਲ, ਪੰਜਾਲੀ' ਸੋ ਜਾਂ ਦੇਸ ਛਡ ਦਿਓ, ਜਾਂ ਰਾਜ ਬਦਲ ਦਿਓ । (ਸੰਗ੍ਰ)

## ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ ॥

**ਭਾਵ :**— ਜੇ ਤੈਨੂੰ ਪਿਆਰੇ ਦੇ ਮਿਲਣ ਦੀ ਤਾਂਘ ਹੈ ਤਾ ਕਿਸੇ ਦੇ ਦਿਲ ਨੂੰ ਠੋਕਰ ਨਾ ਲਾ ।

**ਵਰਤੋਂ :**—ਕੋਈ ਵੀਹ ਕੁ ਦਿਨ ਬੀਤੇ, ਤਾਂ ਇਕ ਰਾਤ ਬਿਜੈ ਸਿੰਘ ਕੀ ਦੇਖਦੇ ਹਨ ਕਿ ਬੇਗਮ ਨੇ ਆ ਕੇ ਚਰਨ ਪਕੜ ਲਏ ਹਨ । ਅਰ ਬੜਾ ਰੋਈ । ਸਿੰਘ ਜੀ ਦੇ ਹਿਰਦੇ ਵਿਚ ਦਯਾ ਆ ਗਈ । ਸੋਚਣ ਲਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਲਿਖਦੇ ਹਨ:—

'ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ'
(ਬਿਜੈ ਸਿੰਘ—ਡਾ. ਭਾਈ ਵੀਰ ਸਿੰਘ)

## ਜੇ ਧਨ ਜਾਂਦਾ ਵੇਖੀਏ, ਅੱਧਾ ਦਈਏ ਲੁਟਾ । ਜਾਂ ਜੇ ਧਨ ਰੁੜ੍ਹਦਾ ਵੇਖੀਏ ਅਧਾ ਦੇਈਏ ਵੰਡ ।

**ਭਾਵ :**—ਜਦ ਸਾਰੇ ਦਾ ਨੁਕਸਾਨ ਹੋਂਦਾ ਹੋਵੇ, ਤਾਂ ਅੱਧਾ ਦੇ ਕੇ ਬਾਕੀ ਨੂੰ ਬਚਾ ਲੈਣਾ ਸਿਆਣਪ ਹੈ ।

**ਵਰਤੋਂ :**—ਰਾਜਾ—ਕੁਝ ਪਰਵਾਹ ਨਹੀਂ । ਸਿਆਣੇ ਆਂਹਦੇ ਨੇ ਕਿ ਜੇ ਧਨ ਰੁੜ੍ਹਦਾ ਵੇਖੀਏ ਤਦ ਅੱਧਾ ਦੇਈਏ ਵੰਡ । ਚਲੋ ਏਕਨ ਹੀ ਸਹੀ । ਪਹਿਲੇ ਗੋਰਖਿਆਂ ਨੂੰ ਬਾਹਿਰ ਤੇ ਕਢੋ ।
(ਮਹਾਰਾਜ ਰਣਜੀਤ ਸਿੰਘ—ਕ੍ਰਿਪਾ ਸਾਗਰ)

## ਜੇ ਪਿਰ ਬਹੁ ਘਰ ਹੰਢਣਾ, ਸਤ ਰਖੈ ਨਾਰੇ ।

**ਭਾਵ :**—ਜੇ ਪਤੀ ਇਸਤ੍ਰੀ ਧਰਮ ਨਾ ਪਾਲਣ ਵਾਲਾ ਹੋਵੇ, ਤਦ ਵੀ ਪਤੀ ਬ੍ਰਿਤਾ ਇਸਤ੍ਰੀ ਪਤੀ ਧਰਮ ਨੂੰ ਕਾਇਮ ਰਖਦੀ ਹੈ ।

**ਵਰਤੋਂ :**—ਭਾਵੇਂ ਪਤੀ ਦੇ ਕੁਕਰਮਾਂ ਕਰਕੇ ਦੁਖ ਤਾਂ ਸੀ, ਪਰ ਉਸਦੀ ਮੌਤ ਦੀ ਇਛਾਵਾਨ ਨਹੀਂ ਸੀ, ਸਤਵੰਤ ਕੌਰ ਦੀ ਸੰਗਤ ਨੇ ਇਹ ਸਿਖਿਆ ਕੁਟ ਕੁਟ ਕੇ ਭਰ ਦਿੱਤੀ ਸੀ:- 'ਜੇ ਪਿਰ ਬਹੁ ਘਰ ਹੰਢਣਾ, ਸਤ ਰਖੈ ਨਾਰੇ.'
(ਸਤਵੰਤ ਕੌਰ—ਡਾ. ਭਾਈ ਵੀਰ ਸਿੰਘ)

## ਜੇ ਬੰਦਾ ਹੈਂ ਮਾਈਦਾ ਵਿਸਾਹ ਨਾ ਖਾਈਂ ਅਰਾਈਂ ਦਾ ।

**ਭਾਵ :**—ਅਰਾਈਂ ਦਾ, ਸੁਭਾ ਦਸਿਆ ਹੈ, ਕਿ ਇਹ ਭਰੋਸੇ ਯੋਗ ਨਹੀਂ ਹਨ ।

**ਵਰਤੋਂ :**—ਪੁੱਤ ! ਅਰਾਈਆਂ ਨਾਲ ਹਸਣਾ ਖੇਡਣਾ ਛੱਡ ਦੇਹ ਇਨ੍ਹਾਂ ਦੇ ਘਰਾਣੇ ਦਾ ਵਿਸਾਹ ਨਹੀਂ ਸਿਆਣਿਆਂ ਦੀ ਇਨ੍ਹਾਂ ਸਬੰਧੀ ਕਹਾਵਤ ਹੈ, 'ਜੇ ਬੰਦਾ ਹੈਂ ਮਾਈ ਦਾ ਵਿਸਾਹ ਨਾ ਖਾਈਂ ਅਰਾਈਂ ਦਾ' (ਸੰਗ੍ਰ)

## ਜੇ ਮੀਂਹ ਨ ਪਏ ਲੋਹੜੀ, ਹਾੜੀ ਹੋਇਗੀ ਥੋੜ੍ਹੀ ।

**ਭਾਵ :**—ਲੋਹੜੀ ਦੇ ਸਮੇਂ ਮੀਂਹ

ਪੈਣਾ, ਹਾੜ੍ਹੀ ਦੇ ਫ਼ਸਲ ਲਈ ਬੜਾ ਗੁਣ-ਕਾਰੀ ਹੈ।

**ਵਰਤੋਂ** :— ਐਤਕੀਂ ਲੋਹੜੀ ਵੀ ਸੁੱਕੀ ਹੀ ਲੰਘ ਗਈ। ਰੱਬ ਖੈਰ ਕਰੇ ਸਿਆਣੇ ਆਖਦੇ ਹੁੰਦੇ ਹਨ 'ਜੇ ਮੀਂਹ ਨਾ ਪਏ ਲੋਹੜੀ, ਹਾੜ੍ਹੀ ਹੋਇਗੀ ਥੋੜ੍ਹੀ'। (ਸੰਗ੍ਰ)

## ਜੇ ਰੁਖ ਵਧਣ, ਤਾਂ ਅਸਮਾਨ ਨੂੰ ਨਾ ਜਾ ਲਗਣ।

**ਭਾਵ** :—ਜੇ ਹੰਕਾਰੀਆਂ ਦੀਆਂ ਸਾਰੀਆਂ ਗਲਾਂ ਸਿਰੇ ਚੜ੍ਹਨ ਲਗ ਪੈਣ ਤਦ ਉਹ ਉਪਦ੍ਰਵ ਕਰਨ ਲਗ ਪੈਣ।

**ਵਰਤੋਂ** :—ਮੈਠ ਜਵਾਲਾ ਪ੍ਰਸ਼ਾਦ ਨੂੰ ਘਾਟਾ ਪੈ ਗਿਆ ਹੈ। ਪਰ ਉਸਨੇ ਵੀ ਤਾਂ ਅਤ ਲਾਈ ਹੋਈ ਸੀ। 'ਜੇ ਰੁਖ ਵਧਣ ਲਗਣ ਤਾਂ ਅਸਮਾਨ ਨੂੰ ਨਾ ਲਗ ਜਾਣ' ਜੇ ਘਾਟਾ ਨਾ ਪੈਂਦਾ, ਤਾਂ ਉਹਨੂੰ ਕਿਹੜੀ ਮਤ ਆਉਣੀ ਸੀ।' (ਸੰਗ੍ਰ)

## ਜੇ ਵੇਖੇਂ ਤੇ ਪਾਵੇਂ, ਬਾਹਰ ਨਾ ਅਲਾਵੇਂ॥

**ਭਾਵ** :—ਜੇ ਰੱਬ ਦੀ ਪ੍ਰਾਪਤੀ ਹੋਵੇ ਤਦ ਉਸ ਦਾ ਭੇਦ ਲੁਕਾਈ ਰਖਣਾ।

**ਵਰਤੋਂ** :—ਮੁਰਸ਼ਦ ਨੇ ਸਿਖਿਆ ਦਿੱਤੀ ਕਿ "ਜੇ ਵੇਖੇਂ ਤੇ ਪਾਵੇਂ ਬਾਹਰ ਨਾ ਅਲਾਵੇਂ" ਪਰ ਬੁਲ੍ਹੇ ਹੋਰੀ ਮਨਸੂਰ ਵਾਂਗ ਖੁਲ੍ਹੇ ਨਿਕਲੇ ਤੇ ਸੱਚ ਦਾ ਸੋਮਾ 'ਪੜਦੇ ਪਾੜ ਕੇ ਵਗ ਨਿਕਲਿਆ। ਭਲਾ ਸਚਾਈ ਕਿਵੇਂ ਲੁਕਦੀ ?

(ਹੰਸ ਚੋਗ—ਬਾਵਾ ਬੁਧ ਸਿੰਘ)

## ਜੇਹਾ ਸੇਵੈ ਤੇਹੋ ਹੋਵੈ॥

**ਭਾਵ** :—ਜਿਸਦੀ ਪੂਜਾ ਕਰੀਏ, ਓਹੋ ਜਿਹੇ ਹੋ ਜਾਈਦਾ ਹੈ।

**ਵਰਤੋਂ** :—

ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ॥
ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ॥

(ਗੁਰੂ ਗ੍ਰੰਥ—ਬਿਹਾਗੜੀ ਕੀ ਵਾਰ)

## ਜੇਹਾ ਭਾ ਆਟੇ ਦਾ ਤੇਹਾ ਲਾਚੀ ਦਾਣੇ ਦਾ।

**ਭਾਵ** :—ਜਿਥੇ ਚੰਗੇ ਮੰਦੇ ਦੀ ਕੋਈ ਪਰਖ ਨ ਹੋਇ।

**ਵਰਤੋਂ** :—ਇਥੇ ਤਾਂ ਉਹ ਗਲ ਹੈ ਪਈ 'ਜੇਹਾ ਭਾ ਆਟੇ ਦਾ ਤੇਹਾ ਲਾਚੀ ਦਾਣੇ ਦਾ'। ਕਿਸੇ ਗੁਣ ਵਾਲੇ, ਕਿਸੇ ਪਰਉਪਕਾਰੀ ਤੇ ਕਿਸੇ ਭਲੇ ਦਾ ਸਤਿਕਾਰ ਨਹੀਂ ਇਥੇ ਤਾਂ। (ਸੰਗ੍ਰ)

## ਜੇਹਾ ਬੀਉ ਤੇਹਾ ਫਲ ਪਾਯਾ।

**ਭਾਵ** :—ਜਿਹਾ ਬੀਜੋ ਤਿਹਾ ਫਲ ਮਿਲੇਗਾ।

**ਵਰਤੋਂ** :—

ਭਾਇ ਭਗਤ ਗੁਰਪੁਰਬ ਕਰ
ਨਾਮ ਦਾਨ ਇਸ਼ਨਾਨ ਦ੍ਰਿੜਾਯਾ।
ਜੇਹਾ ਬੀਉ ਤੇਹਾ ਫਲ ਪਾਯਾ॥

(ਵਾਰਾਂ— ਭਾਈ ਗੁਰਦਾਸ ਜੀ)

## ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥

**ਭਾਵ** :—ਜਿਹਾ ਕੋਈ ਬੀਜਦਾ ਹੈ, ਉਹੀ ਵਢਦਾ ਹੈ।

**ਵਰਤੋਂ** :—

'ਹਥ ਮਰੋੜੈ ਤਨੁ ਕਪੇ ਸਿਆਹੁ ਹੋਇਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥'

(ਗੁਰੂ ਗ੍ਰੰਥ—ਬਾਰਾਂ ਮਾਹ)

## ਜੇਹਾ ਮੂੰਹ ਕਰ ਭਾਲੀਐ ਤੇਹੋ ਵੇਖਾਲਾ।

**ਭਾਵ** :—ਜਿਹਾ ਮੂੰਹ ਕਰਕੇ ਵੇਖੋ, ਸ਼ੀਸ਼ਾ ਤਿਹੋ ਜਿਹਾ ਹੀ ਵਿਖਾਲਦਾ ਹੈ। ਭਾਵ ਜਿਹੋ ਜਿਹੇ ਕਰਮ ਕਰੋ, ਉਹੋ ਜਿਹਾ ਫਲ ਮਿਲੇਗਾ।

**ਵਰਤੋਂ** :—

ਜੇਹਾ ਮੂੰਹ ਕਰ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ ਵੇਮੁਖ ਮੁਹ ਕਾਲਾ॥

(ਵਾਰਾਂ—ਭਾਈ ਗੁਰਦਾਸ ਜੀ)

## ਜੇਹਾ ਵੇਖਹਿ, ਤੇਹਾ ਵੇਖੁ ॥

ਵੇਖੋ : ਜਗ ਸ਼ੀਸ਼ਾ ਆਰਸੀ ਜੋ ਦੇਖੇ ਸੋ ਵੇਖ।

**ਭਾਵ** :—ਅਸੀਂ ਜਿਸ ਤਰ੍ਹਾਂ ਨਾਲ ਆਪਣੇ ਮਨ ਨੂੰ ਵੇਖਦੇ ਹਾਂ ਉਵੇਂ ਹੀ ਰਬ ਦੇ ਹੁਕਮ ਨੂੰ ਵੇਖਦੇ ਹਾਂ ਜਾਂ ਸਮਝਦੇ ਹਾਂ।

**ਵਰਤੋਂ** :—

"ਨਾਨਕ ਹੁਕਮੀ ਲਿਖੀਐ ਲੇਖ ॥
ਜੇਹਾ ਵੇਖਹਿ ਤੇਹਾ ਵੇਖੁ ॥"
(ਗੁਰੂ ਗ੍ਰੰਥ—ਆਸਾ ਦੀ ਵਾਰ)

## ਜੇਹੇ ਕਰਮ ਕਮਾਇ ਤੇਹਾ ਹੋਇਸੀ ॥

**ਭਾਵ** :—ਜਿਹੋ ਜਿਹੇ ਕੋਈ ਕੰਮ ਕਰੇਗਾ, ਤਿਹੋ ਜਿਹਾ ਹੀ ਹੋਵੇਗਾ।

**ਵਰਤੋਂ** :—

ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥
(ਗੁਰੂ ਗ੍ਰੰਥ—ਸੂਹੀ ਰਾਗ)

## ਜੇਹੇ ਪੀਰ ਤੇਹੇ ਮੁਰੀਦ।

**ਭਾਵ** :—ਜੇਹੀ ਰੂਹ ਤਹੇ ਫਰਿਸ਼ਤੇ, ਜੇਹਾ ਗੁਰੂ ਹੁੰਦਾ ਹੈ, ਵੈਸਾ ਹੀ ਚੇਲਾ ਹੁੰਦਾ ਹੈ।

**ਵਰਤੋਂ** :—ਉਹ ਦੋਵੇਂ ਬੇਈਮਾਨ ਹਨ। ਜੇਹਾ ਪੀਰ ਤੇਹਾ ਹੀ ਮੁਰੀਦ ਹੋਣਾ ਸੀ। (ਸੰ)

## ਜੇਤੀ ਵਾਉ, ਤੇਹਾ ਓਹਲ ॥

**ਭਾਵ** :—ਜਿਤਨੀ ਮੁਸੀਬਤ ਜਾਂ ਦੁਖ ਆਵੇ, ਓਹੋ ਜਿਹਾ ਬਚਾਓ ਕਰਨਾ ਪੈਂਦਾ ਹੈ।

**ਵਰਤੋਂ** :—ਦੁੱਖਾਂ ਤੋਂ ਨਾ ਡੋਲੋ, ਇਨ੍ਹਾਂ ਦਾ ਟਾਕਰਾ ਕਰਨ ਦੇ ਜਤਨ ਕਰੋ। ਫਿਰ ਜੇਤੀ ਵਾਉ, ਤੇਤਾ ਓਹਲਾ ਬਣਾਓ' ਫਿਰ ਸਭ ਠੀਕ ਹੋ ਜਾਵੇਗਾ। (ਸੰਗ੍ਰ)

## ਜੇਠ ਹਾੜ ਕੁਖੀਂ ਸਾਵਣ ਭਾਦੋਂ ਰੁੱਖੀਂ। ਜਾਂ ਜੇਠ ਹਾੜ ਗੁਠੇ, ਸਾਵਣ ਭਾਦੋਂ ਰੁੱਖੇ।

**ਭਾਵ** :—ਜੇਠ ਹਾੜ ਦੀਆਂ ਤੱਤੀਆਂ ਲੋਆਂ ਤੋਂ ਬਚਣ ਲਈ ਅੰਦਰ ਠੰਡੇ ਥਾਂ ਰਹੋ ਤੇ ਸਾਵਣ ਭਾਦੋਂ ਦੇ ਹੁਸੜ ਤੋਂ ਬਚਣ ਲਈ ਦਰਖ਼ਤਾਂ ਦੀ ਓਟ ਲਉ।

**ਵਰਤੋਂ** :—ਹਾਏ ਕਰਮੀ ! ਅਜ ਕਲ ਤਾਂ ਗੁਠਾਂ ਵਿਚ ਹੀ ਰਹਿਣਾ ਚੰਗਾ ਹੈ। ਸੱਚ ਹੈ 'ਜੇਠ ਹਾੜ ਗੁਠੇ, ਸਾਵਣ ਭਾਦੋਂ ਰੁਖੇ। (ਸੰਗ੍ਰ)

## ਜੇਠ ਹਾੜ ਤਪੇ, ਸਾਵਣ ਭਾਦੋਂ ਵਸੇ।

**ਭਾਵ** :—ਦੁੱਖ ਪਿਛੋਂ ਸੁਖ ਮਿਲਦਾ ਹੈ।

**ਵਰਤੋਂ** :—ਮੈਨੂੰ ਦੁਖਾਂ ਦੀ ਕੋਈ ਚਿੰਤਾ ਨਹੀਂ। ਰੱਬ ਆਪੇ ਕਾਰਜ ਸੁਆਰੇਗਾ। ਜੇਠ ਹਾੜ ਤਪੇ; ਸਾਵਣ ਭਾਦੋਂ ਵਸੇ। (ਸੰਗ੍ਰ)

## ਜੇਡਾ ਸਪ ਲੰਮਾ, ਤਿਹੀ ਘ੍ਰੋਹ ਚੌੜੀ।

**ਭਾਵ** :—ਸਰੀਰ ਤੋਂ ਕਿਸੇ ਦੇ ਚੰਗੇ ਜਾਂ ਮੰਦੇ ਸੁਭਾ ਦੀ ਪਰਖ ਨਹੀਂ ਹੁੰਦੀ।

**ਵਰਤੋਂ** :—'ਜੇਡਾ ਸੱਪ ਲੰਮਾ, ਤਿਹੀ ਘ੍ਰੋਹ ਚੌੜੀ'। ਪਰ ਦੋਹਾਂ ਦਾ ਸੁਭਾ ਤਾਂ ਵੇਖੋ। ਧਨਵਾਨ ਹੋਣਾ ਕੋਈ ਗੁਣ ਨਹੀਂ, ਜੇ ਪੱਲੇ ਸਾਦਗੀ ਤੇ ਸੱਚ ਨਾ ਹੋਵੇ। (ਸੰਗ੍ਰ)

## ਜੇਡਾ ਸਿਰ ਤੇਡੀਆਂ ਸਿਰ ਪੀੜਾਂ।

**ਭਾਵ** :—ਜਿਤਨੀ ਕਿਸੇ ਦੀ ਜ਼ਿਮੇਵਾਰੀ ਹੋਵੇ, ਉਤਨਾ ਹੀ ਉਹ ਦੁਖੀ ਵੀ ਹੁੰਦਾ ਹੈ।

**ਵਰਤੋਂ** —ਤੇਰਾ ਖ਼ਿਆਲ ਹੈ ਰਾਜਾ ਸੁਖੀ ਸੌਂਦਾ ਹੈ। ਗਲਤ ਹੈ ਇਹ ਖ਼ਿਆਲ 'ਜੇਡਾ ਸਿਰ ਤੇਡੀਆਂ ਸਿਰ ਪੀੜਾਂ' ਹੁੰਦੀਆਂ ਹਨ। (ਸੰਗ੍ਰ)

## ਜੈਸਾ ਕਰੇ ਤੈਸਾ ਲਹੈ।

**ਭਾਵ** :—ਜਿਹੋ ਜਿਹਾ ਕੋਈ ਕੰਮ ਕਰਦਾ ਹੈ, ਤਿਹਾ ਫਲ ਪਾਂਦਾ ਹੈ।

**ਵਰਤੋਂ** :—

ਆਪਹੁ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ।
ਜੈਸਾ ਕਰੈ ਤੈਸਾ ਲਹੈ ਰਿਖਿ ਕਣਾਦਿਕ ਭਾਖ ਸੁਣਾਵੈ।
(ਵਾਰਾਂ—ਭਾਈ ਗੁਰਦਾਸ ਜੀ)

## ਜੈਸਾ ਮਨ ਅਪਣਾ, ਪਰ ਮਨ ਤੈਸਾ।

**ਭਾਵ** :—ਜਿਹੋ ਜਿਹਾ ਦੂਜਿਆਂ ਲਈ ਸੋਚੋਗੇ, ਉਹੋ ਜਿਹਾ ਉਹ ਤਹਾਡੇ ਸੰਬੰਧੀ ਸੋਚਣਗੇ।

**ਵਰਤੋਂ** :—ਬਾਬਾ—'ਜੈਸਾ ਮਨ ਅਪਣਾ ਪਰ ਮਨ ਤੈਸਾ'। ਦੇਖੋ ਇਹ ਇਕ ਅਸੂਲ ਹੈ। ਅਪਣੇ ਵਰਗਾ ਸਭ ਨੂੰ ਵੇਖੋ। (ਸੰ)

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਜੈਸੀ ਕਰਨੀ ਵੈਸੀ ਭਰਨੀ।

**ਭਾਵ** :—ਜਿਹਾ ਕੋਈ ਕਰੇਗਾ ਤਿਹਾ ਫਲ ਪਾਵੇਗਾ।

**ਵਰਤੋਂ** :—'ਜੈਸੀ ਕਰਨੀ ਵੈਸੀ ਭਰਨੀ', ਪ੍ਰੇਮ ਨਗਰ ਵਰਤਾਰਾ ਹੈ।

(ਕਾਫ਼ੀਆਂ—ਬੁਲ੍ਹੇ ਸ਼ਾਹ)

## ਜੈਸੀ ਕਰੇ ਪਿਉ, ਤੈਸੀ ਨਾ ਕਰੇ ਘਿਉ।

**ਭਾਵ** :—ਮਾਪਿਆਂ ਦਾ ਸੁਕਾ ਪਿਆਰ ਵੀ ਘਿਉ ਵਰਗਾ ਗੁਣਕਾਰੀ ਹੁੰਦਾ ਹੈ।

**ਵਰਤੋਂ** :—ਪਿਤਾ ਮਾਤਾ ਦਾ ਤਾਂ ਸੁੱਕਾ ਪਿਆਰ ਵੀ ਅਮੁਲ ਵਸਤੂ ਹੈ। 'ਜੈਸੀ ਕਰੇ ਪਿਉ' ਤੈਸੀ ਨਾ ਕਰੇ ਘਿਉ' ਇਹ ਅਖਾਣ ਤੁਸਾਂ ਸੁਣੀ ਹੀ ਹੋਵੇਗੀ। (ਸੰਗ੍ਰ)

## ਜੈਸੀ ਗਠੜੀ ਆਪ ਦੀ ਐਸਾ ਮਿਤ ਨ ਕੋਇ।

**ਭਾਵ** :— ਆਪਣੇ ਪਲੇ ਪੂੰਜੀ ਵਰਗਾ ਕੋਈ ਮਿਤਰ ਨਹੀਂ।

**ਵਰਤੋਂ** :—ਹੋਰ ਕਿਸੇ ਦਾ ਭਰੋਸਾ ਨਹੀਂ ਕਰਨਾ ਚਾਹੀਦਾ। ਆਪਣੇ ਪਲੇ ਧਨ ਹੋਵੇ, ਤਾਂ ਫਿਰ ਮੁਥਾਜੀ ਕਾਹਦੀ ? ਸੱਚ ਹੀ ਹੈ 'ਜੈਸੀ ਗਠੜੀ ਆਪਦੀ ਐਸਾ ਮਿਤ ਨਾ ਕੋਇ'। (ਸੰਗ੍ਰ)

## ਜੈਸੀ ਮਨਸਾ ਤੈਸੀ ਦਸਾ।

**ਭਾਵ** :—ਜਿਵੇਂ ਮਨ ਦੀਆਂ ਖੁਸ਼ੀਆ ਹੁੰਦੀਆਂ ਹਨ। ਤਿਵੇਂ ਹੀ ਮਨ ਦੀ ਹਾਲਤ ਬਣਦੀ ਜਾਂਦੀ ਹੈ।

**ਵਰਤੋਂ** :—

ਜਿਉ ਮਨੁ ਦੇਖਹਿ ਪਰਮਨੁ ਤੈਸਾ ॥<br>
ਜੈਸੀ ਮਨਸਾ ਤੈਸੀ ਦਸਾ ॥

(ਗੁਰੂ ਗ੍ਰੰਥ—ਪ੍ਰਭਾਤੀ ਅਸ਼ਟਪਦੀਆਂ)

## ਜੈਸੇ ਗੋਇਲ ਗੋਇਲੀ ਤੈਸੇ ਸੰਸਾਰਾ ॥

**ਭਾਵ** :—ਜਿਵੇਂ ਚਰਾਂਦ ਵਿਚ ਗਵਾਲਾ ਥੋੜੇ ਸਮੇਂ ਲਈ ਹੁੰਦਾ ਹੈ, ਇਸੇ ਤਰ੍ਹਾਂ ਇਸ ਸੰਸਾਰ ਦੀ ਖੇਡ ਥੋੜ੍ਹ-ਚਿਰੀ ਹੈ।

**ਵਰਤੋਂ** :—

ਜੈਸੇ ਗੋਇਲ ਗੋਇਲੀ ਤੈਸੇ ਸੰਸਾਰਾ ॥<br>
ਕੂੜ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥

(ਗੁਰੂ ਗ੍ਰੰਥ—ਆਸਾ ਰਾਗ)

## ਜੋ ਅੱਜ ਕਰਨਾ ਹੈ, ਹੁਣੇ ਕਰੋ।

**ਭਾਵ** :—ਜੋ ਕੰਮ ਕਰਨਾ ਹੈ ਉਸ ਵਿਚ ਢਿਲ ਨ ਕਰੋ।

**ਵਰਤੋਂ** :—ਵੇਖੋ:— 'ਜੋ ਕਲ੍ਹ ਕਰਨਾ ਹੈ, ਅਜਕਰ ਲੋ' ਅਜ ਦਾ ਕੰਮ ਕਲ੍ਹ ਉਤੇ ਨਾ ਛਡੋ, ਜੋ ਕਲ੍ਹ ਕਰਨਾ ਹੈ, ਅਜ ਕਰੋ, ਜੋ ਅੱਜ ਕਰਨਾ ਹੈ, ਉਹ ਹੁਣੇ ਕਰੋ। (ਸੰਗ੍ਰ)

## ਜੋ ਅੜਿਆ ਸੋ ਝੜਿਆ।

**ਭਾਵ** :— ਤਾਕਤਵਰ ਨਾਲ ਜੋ ਖਹਿਬੜਦਾ ਹੈ ਉਹੀ ਹਾਰਦਾ ਹੈ।

**ਵਰਤੋਂ** :—

ਸੋਚ ਵਿਚਾਰ ਸਿਆਣੇ ਲੋਕਾਂ,<br>
ਇਹ ਫ਼ਿਕਰਾ ਹੈ ਘੜਿਆ।<br>
ਪੇਸ਼ ਨਾ ਜਾਵੇ ਜਿੱਥੇ ਉੱਥੇ,<br>
'ਜੋ ਅੜਿਆ ਸੋ ਝੜਿਆ'।

(ਜੀਵਨ ਪੰਧ—ਗਿ. ਗੁਰਮੁਖ ਸਿੰਘ ਮੁਸਾਫ਼ਰ)

**ਜੋ ਅੰਦਰ ਸੋ ਬਾਹਰ।**

**ਭਾਵ** :—ਅੰਦਰੋਂ ਬਾਹਰੋਂ ਇੱਕ ਹੋਣਾ।

**ਵਰਤੋਂ** :—ਜਗਜੀਤ ਸਿੰਘ ਦੀ ਕੀ ਰੀਸ ਕਰਨੀ ਏ? ਉਹਦੇ ਜੋ ਅੰਦਰ ਹੈ ਸੋ ਬਾਹਰ ਹੈ। ਕੋਈ ਵੱਲ ਛਲ ਉੱਕਾ ਹੀ ਨਹੀਂ ਕਰਦਾ। (ਸੰਗ੍ਰ)

**ਜੋ ਇਛਹਿ ਸੋ ਫਲੁ ਪਾਇਸੀ॥**

**ਭਾਵ** :—ਰੱਬ ਤੋਂ ਜੋ ਮੰਗੋ ਉਹੀ ਮਿਲੇਗਾ।

**ਵਰਤੋਂ** :—

ਜੋ ਇਛਹਿ ਸੋ ਫਲੁ ਪਾਇਸੀ
ਗੁਰ ਸਬਦੀ ਲਗੇ ਧਿਆਨ॥
ਕਿਲ ਵਿਖ ਪਾਪ ਸਭਿ ਕਟੀਅਹਿ
ਹਉਮੈ ਚੁਕੈ ਗੁਮਾਨੁ॥

(ਗੁਰੂ ਗ੍ਰੰਥ—ਕਾਨੜੇ ਕੀ ਵਾਰ)

**ਜੋ ਏਥੇ ਕੋਹੜੇ (ਭੈੜੇ) ਉਹ ਲਾਹੌਰ ਵੀ ਕਹੜੇ (ਭੈੜੇ)**

**ਭਾਵ** :—ਜਿਹੜੇ ਘਰ ਦੁਖੀ ਜਾਂ ਭੈੜੇ ਹਨ। ਉਹ ਬਾਹਰ ਵੀ ਦੁਖੀ ਜਾਂ ਭੈੜੇ ਹੁੰਦੇ ਹਨ।

**ਵਰਤੋਂ** :—'ਜਿਹੜੇ ਏਥੇ ਕੋਹੜੇ, ਲਾਹੌਰ ਵੀ ਕੋਹੜੇ'। ਪ੍ਰਦੇਸ ਜਾ ਕੇ ਵੀ ਉਹਦਾ ਮੰਦਾ ਹਾਲ ਹੀ ਰਿਹਾ। (ਸੰਗ੍ਰ)

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ।**

**ਭਾਵ** :—ਰੱਬ (ਜਾਂ ਵਡੇ ਲੋਕਾਂ) ਵਿਚ ਇਹ ਵਡਿਆਈ ਹੁੰਦੀ ਹੈ, ਕਿ ਜਿਹੜਾ ਸ਼ਰਨੀਂ ਆਉਂਦਾ ਹੈ, ਉਸਨੂੰ ਗਲ ਲਾਉਂਦਾ ਹੈ।

**ਵਰਤੋਂ** :—

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ,
ਇਹੁ ਬਿਰਦੁ ਸੁਆਮੀ ਸੰਦਾ॥
ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ,
ਸਦਾ ਕੇਲ ਕਰੰਦਾ॥

(ਗੁਰੂ ਗ੍ਰੰਥ—ਰਾਗ ਬਿਹਾਗੜ)

੨) ਰਜਨੀ ਦਾ ਪਤੀ— ਸਤਿਗੁਰ ਜੀ! ਜੋ ਕੁਝ ਆਪ ਫਰਮਾਉਂਦੇ ਓ, ਠੀਕ ਏ। ਪਰ 'ਸ਼ਰਨ ਆਇਆਂ ਦੀ ਲਾਜ ਆਪਨੇ ਹੀ ਰਖਣੀ ਹੈ ਜੋ ਸ਼ਰਨ ਆਵੇ ਤਿਸ ਕੰਠ ਲਾਵੈ ਇਹ ਬਿਰਧ ਸੁਆਮੀ ਸੰਦਾ॥'

(ਰਜਨੀ ਨਾਟਕ—ਨਾਨਕ ਸਿੰਘ)

**ਜੋਂ ਸਾਵੇ ਤਾਂ ਕੋਈ ਨ ਆਵੇ, ਜੋਂ ਪੱਕੇ ਤਾਂ ਸਭੇ ਸਕੇ।**

**ਭਾਵ** :—ਸਭ ਮਤਲਬ ਦੇ ਯਾਰ ਹਨ।

**ਵਰਤੋਂ** :—ਭਰਾ ਜੀ! ਦੁਨੀਆਂ ਮਤਲਬ ਦੀ ਹੈ, ਉਂਝ ਕੌਣ ਕਿਸੇ ਨੂੰ ਪੁਛਦਾ ਹੈ। 'ਜੋਂ ਸਾਵੇ ਕੋਈ ਨਾ ਆਵੇ, ਜੋਂ ਪੱਕੇ ਤਾਂ ਸਭੇ ਸਕੇ'। (ਸੰ)

**ਜੋ ਸੁਖ ਛੱਜੂ ਦੇ ਚੁਬਾਰੇ ਉਹ ਨਾ ਬਲਖ ਨਾ ਬੁਖਾਰੇ।**

**ਭਾਵ** :—ਘਰ ਵਰਗਾ ਸੁਖ ਕਿਤੇ ਨਹੀਂ ਮਿਲਦਾ।

**ਵਰਤੋਂ** :—ਘਰ ਵਰਗਾ ਸੁੱਖ ਹੋਰ ਕਿਤੇ ਨਹੀਂ ਮਿਲਦਾ। 'ਜਿਹਾ ਸੁਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ' (ਸੰਗ੍ਰ)

**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥**

**ਭਾਵ** :—ਜਿਸ ਨੂੰ ਪਾਪ ਨੇ ਖੁਆਰ ਕਰ ਦਿਤਾ ਉਹ ਕਿਵੇਂ ਠੀਕ ਹੋਣ।

**ਵਰਤੋਂ** :—

'ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਦਿਆਂ ਨਿਤ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥'

(ਗੁਰੂ ਗ੍ਰੰਥ—ਸਲੋਕ ਸ਼ੇਖ ਫਰੀਦ ਜੀ)

**ਜੋ ਹੱਲਿਆ ਸੋ ਸੱਲਿਆ।**

**ਭਾਵ** :—ਜਿਸ ਨੇ ਰਤਾ ਜਿੰਨਾ ਵੀ ਕਾਨੂੰਨ ਭੰਗ ਕੀਤਾ, ਜਾਂ ਖਰਾਬੀ ਕੀਤੀ, ਓਹੀ ਮਾਰਿਆ ਗਿਆ।

**ਵਰਤੋਂ** :—ਇਥੇ ਤਾਂ ਇਹ ਗਲ ਹੈ ਕਿ 'ਜੋ ਹੱਲਿਆ ਸੋ ਸੱਲਿਆ' ਰੈਤ ਤੇ ਤਰਫਦਾਰੀ ਦੀ ਇਥੇ ਕੋਈ ਗਲ ਨਹੀਂ। (ਸੰ)

ਜਸ ਵਡਿਆਈ ਸੋਭਾ ਖਟੀਏ,
ਮਾਣ ਵੀ ਕਿਤਨਾ ਪਾਈਏ ।
ਲੁਕ ਰਹਿਣ ਵਿਚ ਸੁਖ ਹੈ ਫਿਰ ਵੀ,
ਤੱਤ ਆਉਂਦਾ ਚਲਿਆ ।
ਦੁਨੀਆ ਹੈ ਦੋ-ਮੂੰਹੀ ਬਰਛੀ,
ਜੋ ਹੱਲਿਆ ਸੋ ਸੱਲਿਆ ।
(ਜੀਵਨ ਤਤ—ਗਿ: ਗੁਰਮੁਖ ਸਿੰਘ ਮੁਸਾਫਰ)

## ਜੋ ਹੋਣਾ ਸੀ, ਸੋ ਹੋ ਗਿਆ ।

**ਭਾਵ** :—ਹੋਣੀ ਬਲਵਾਨ ਹੈ ।

**ਵਰਤੋਂ** :—ਸ਼ਾਮ ਸੁੰਦਰ—ਸਚ ਹੈ, ਨਾਨਕੇ ਹੀ ਮਾਰੇ ਗਏ ਪਰ ਅੱਛਾ ਜੋ ਹੋਣਾ ਸੀ 'ਜੋ ਹੋ ਗਿਆ'
(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਜੋ ਹੋਣੀ ਹੋਗ ਸੋ ਹੋ ।

**ਭਾਵ** :—ਜੋ ਹਰੀ ਨੇ ਕਰਨਾ ਹੈ, ਓਹੀ ਹੋਣਾ ਹੈ ।

**ਵਰਤੋਂ** :—

ਛਨਿਛਰ ਵਾਰ ਉਤਾਵਲੇ, ਵੇਖ ਸਜਣ ਦੀ ਸੋ ।
ਅਸਾਂ ਮੁੜ ਘਰ ਫੇਰ ਨਾ ਆਵਣਾ ਜੋ ਹੋਣੀ ਸੋ ਹੋ ।
(ਬੁਲ੍ਹੇ ਸ਼ਾਹ)

## ਜੋ ਹੋਵੇ ਸੋ ਹੋਵੇ :

**ਭਾਵ** :—ਪਰਵਾਹ ਨਹੀਂ ਭਾਵੇਂ ਸਿੱਟਾ ਕੁੱਝ ਵੀ ਨਿਕਲੇ ।

**ਵਰਤੋਂ** :—ਚੰਗਾ ! ਹੁਣ 'ਜੋ ਹੋਵੇ ਸੋ ਹੋਵੇ' ਹੁਣ ਤਾਂ ਇਸ ਰੁੱਖ ਦੇ ਉਹਲਿਓਂ ਨਿਸੰਗ ਗਲ ਬਾਤ ਕਰਦਿਆਂ ਦੇਖੀ ਸੁਣੀ ਜਾਵੇਗੀ ।
(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਬੀਰ ਸਿੰਘ)

## ਜੋ ਕਹੇ ਸੋ ਬੁੱਢੀ ਸੱਚ ਹੈ ।

**ਭਾਵ** :—ਕਿਸੇ ਦਾ ਮੌਜੂ ਬਨਾਣ ਲਈ ਉਸ ਨੂੰ ਭੈੜੀ ਗਲ ਦੀ ਹਾਮੀ ਭਰਨੀ ।

**ਵਰਤੋਂ** :—ਫ਼ਤਹ ਸਿੰਘ—ਨਹੀਂ ਜੀ, ਝੂਠ ਕਿਉਂ ਹੋਣਾ ਸੀ ? 'ਜੋ ਕਹੇ ਸੋ ਬੁੱਢੀ ਸੱਚ' ।
(ਛੇ ਘਰ—ਪ੍ਰੋ: ਸੰਤ ਸਿੰਘ ਸੇਖੋਂ)

## ਜੋ ਕੱਤ ਨਾ ਜਾਣੇ, ਉਹ ਮਾਈ । ਜੋ ਖੱਟ ਨਾ ਜਾਣੇ, ਉਹ ਭਾਈ ।

**ਭਾਵ** :—ਨਿਕੰਮਿਆਂ ਬਾਰੇ ਕਿਹਾ ਹੈ ਜੋ ਆਪਣਾ ਕੰਮ ਨਾ ਸਵਾਰਨ ਤੇ ਹੋਰਾਂ ਦੇ ਸਵਾਰਦੇ ਫਿਰਨ ।

**ਵਰਤੋਂ** :—ਮੈਂ ਤੁਹਾਡੀਆਂ ਗਲਾਂ ਵਿਚ ਨਹੀਂ ਆਣਾ । ਚਾਚਾ ਆਖਿਆਂ ਕੌਣ ਪੰਡ ਚੁਕਦਾ ਜੇ । ਤੁਸੀਂ ਫੁਲਾਉਣੀਆਂ ਨਾਲ ਹੀ ਆਪਣਾ ਕੰਮ ਕੱਢਣਾ ਚਾਹੁੰਦੇ ਹੋ । ਪਰ ਉਨ੍ਹਾਂ ਵਿਚੋਂ ਨਹੀਂ ਜਿਨ੍ਹਾਂ ਬਾਰੇ ਕਿਹਾ ਹੈ, 'ਜੋ ਕੱਤ ਨਾ ਜਾਣੇ ਉਹ ਮਾਈ, ਜੋ ਖੱਟ ਨਾ ਜਾਣੇ, ਉਹ ਭਾਈ' । (ਸੰਗ੍ਰ)

## ਜੋ ਕੀਤਾ ਸੋ ਪਾਇਆ । ਜਾਂ ਜੋ ਕਰੇਗਾ ਸੋ ਭਰੇਗਾ ।

**ਭਾਵ** :—ਜੋ ਕੁਝ ਕੋਈ ਕਰਦਾ ਹੈ, ਉਸਦਾ ਫਲ ਪਾਂਦਾ ਹੈ ।

**ਵਰਤੋਂ** :—

ਕੀਤਾ ਸੋ ਪਾਇਆ, ਹੋ ਗਿਆ ਦਿਲ ਸੋਗ ।
ਹੁਣ ਲੈ ਤੂੰ ਯਾਰ ਪਿਆਰਿਆ ਆਖਰ ਮਿਲਣਾ ਹੋਗ ।
(ਕਿੱਸਾ ਸੋਹਣੀ ਮਹੀਂਵਾਲ—ਕਾਦਰਯਾਰ)

## ਜੋ ਖੋਜੇ ਸੋ ਪਾਵੇ ।

**ਭਾਵ** :—ਜਿਹੜਾ ਕਿਸੇ ਚੀਜ਼ ਦੀ ਢੂੰਡ ਭਾਲ ਕਰਦਾ ਹੈ, ਉਹ ਉਸਨੂੰ ਮਿਲ ਹੀ ਜਾਂਦੀ ਹੈ ।

**ਵਰਤੋਂ** :—ਹੁਕਮ ਹੈ 'ਜੋ ਖੋਜੇ ਸੋ ਪਾਵੈ' ॥ ਰਾਮ ਸਿੰਘ ਠੀਕ ਹੈ, ਪਰ ਮੈਂ ਉੱਦਮ ਕੀ ਕਰਾਂ ?
(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਜੋ ਘੜਿਆ ਸੋ ਭੱਜਸੀ ।

**ਭਾਵ** :—ਜੋ ਜੰਮਿਆ ਹੈ, ਉਹ ਮਰੇਗਾ ।

**ਵਰਤੋਂ** :—ਜੋ ਕੋਈ ਜੰਮਿਆ ਮਰੇਗਾ, ਸਭ ਕੋਈ, ਘੜਿਆ ਭਜਸੀ ਵਾਹ ਸਭ ਵਹਿਨਗੇ ਵੇ ।
(ਹੀਰ—ਵਾਰਸ ਸ਼ਾਹ)

**ਜੋ ਜਲਦੀ ਪਕਿਆ, ਉਹ ਜਲਦੀ ਸੜਿਆ।** ਵੇਖੋ :— ਕਾਹਲੀ ਅਗੇ ਟੋਏ।

**ਭਾਵ** :—ਕਾਹਲੀ ਵਿੱਚ ਕੀਤਾ ਕੰਮ ਛੇਤੀ ਖ਼ਰਾਬ ਹੋ ਜਾਂਦਾ ਹੈ।

**ਵਰਤੋਂ** :— ਅੜੀਏ, ਇਹ ਪ੍ਰਤਾਈ ਹੋਈ ਗਲ ਹੈ; ਕਿ 'ਜੋ ਜਲਦੀ ਪਕਿਆ, ਓਹੋ ਜਲਦੀ ਸੜਿਆ' ਸੋ ਕਾਹਲੀ ਕਰਨ ਦੀ ਲੋੜ ਨਹੀਂ। (ਸੰਗ੍ਰ)

**ਜੋ ਜਿੱਤਿਆ ਉਹੀ ਖਿਲਾੜੀ।**

**ਭਾਵ** :—ਜਿਸ ਨੂੰ ਜਿਸ ਕੰਮ ਵਿੱਚ ਸਫਲਤਾ ਪ੍ਰਾਪਤ ਹੋ ਜਾਵੇ, ਓਹੀ ਸਿਆਣਾ ਗਿਣਿਆ ਜਾਂਦਾ ਹੈ।

**ਵਰਤੋਂ** :—ਇਹ ਗੱਲ ਸੱਚੀ ਹੈ ਕਿ 'ਜੋ ਜਿੱਤਿਆ, ਉਹ ਹੀ ਖਿਲਾੜੀ' ਹਰ ਕੰਮ ਵਿਚ ਸਫਲਤਾ ਹੀ ਪ੍ਰਧਾਨ ਹੈ। (ਸੰਗ੍ਰ)

**ਜੋ ਜੀਇ ਹੋਇ ਸੁ ਉਗਵੈ ॥**

**ਭਾਵ** :—ਜੋ ਚਿਤ ਵਿੱਚ ਹੁੰਦਾ ਹੈ, ਉਹ ਪ੍ਰਗਟ ਹੋ ਕੇ ਰਹਿੰਦਾ ਹੈ।

**ਵਰਤੋਂ** :—

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥
(ਗੁਰੂ ਗ੍ਰੰਥ—ਆਸਾ ਦੀ ਵਾਰ)

**ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥**

**ਭਾਵ** :—ਜਿਹੋ ਜਿਹੀ ਕੋਈ ਸੰਗਤ ਕਰਦਾ ਹੈ, ਤਿਹੋ ਜਿਹਾ ਫਲ ਪਾਂਦਾ ਹੈ।

**ਵਰਤੋਂ** :—

ਕਬੀਰ ਮਨ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ।
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ।
(ਗੁਰੂ ਗ੍ਰੰਥ—ਸਲੋਕ ਕਬੀਰ ਜੀ)

**ਜੋ ਤੁਧ ਸੇਵਹਿ ਸੇ ਤੁਧ ਹੀ ਜੇਹੇ ॥**

**ਭਾਵ** :—ਜੋ ਹਰੀ ਦੀ ਸੇਵਾ ਕਰਦੇ ਹਨ, ਉਹ ਓਸੇ ਵਰਗੇ ਹੋ ਜਾਂਦੇ ਹਨ।

**ਵਰਤੋਂ** :—

ਜੋ ਤੁਧ ਸੇਵਹਿ ਸੇ ਤੁਧ ਹੀ ਜੇਹੇ,
ਨਿਰਭਉ ਬਾਲ ਸਖਾਈ ਹੈ ॥
(ਗੁਰੂ ਗ੍ਰੰਥ—ਮਾਰੂ ਰਾਗ)

**ਜੋ ਤੇਰਾ, ਜਗ ਤਿਸਦਾ ਬੰਦਾ।**

**ਭਾਵ** :—ਜਿਹੜਾ ਰੱਬ ਨਾਲ ਜੁੜ ਗਿਆ ਹੈ ਦੁਨੀਆਂ ਉਸ ਦੀ ਸੇਵਕ ਹੈ।

**ਵਰਤੋਂ** :—

ਜਗ ਜੋਗਨ ਚੰਦਨੋਂ ਸਾਇਰ ਲਹਣ ਅਨੰਦ ਵਧੰਦਾ ॥
ਜੋ ਤੇਰਾ ਜਗ ਤਿਸਦਾ ਬੰਦਾ ॥
(ਵਾਰਾਂ—ਭਾਈ ਗੁਰਦਾਸ ਜੀ)

**ਜੋ ਡਿਠਾ, ਸੋ ਨਾਹੀ ਮਿੱਠਾ।**

**ਭਾਵ** :—ਜਦ ਜਿਸ ਕਿਸੇ ਨਾਲ ਵੀ ਵਾਹ ਪਵੇ, ਤੇ ਉਹ ਅੱਗੋਂ ਚੰਗਾ ਵਰਤਾਉ ਨਾ ਕਰੇ।

**ਵਰਤੋਂ** :—ਇਹ ਰਜ਼ਾ ਹੈ; ਨਾ ਦੁਖ ਹੈ ਨਾ ਸੁਖ ਹੈ। ਪਿਆਰੇ ਦਾ ਖੇਲ ਤਮਾਸ਼ਾ ਹੈ, ਓਹ ਭੀ ਡਿਠਾ ਤੇ ਇਹ ਭੀ ਡਿਠਾ 'ਜੋ ਡਿਠਾ, ਸੋ ਨਾਹੀ ਮਿੱਠਾ'। ਮਿਠੇ ਦੀ ਛੱਡ ਦੇਵੀਂ ਆਸ, ਕਾਰਜ ਤੇਰਾ ਛਿਨ ਵਿਚ ਰਾਸ।
(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਜੋ ਦੀਸੈ ਸੋ ਸਗਲ ਬਿਨਾਸੈ ॥**

**ਭਾਵ** :—ਜੋ ਕੁਝ ਦਿਸ ਰਿਹਾ ਹੈ ਸੰਸਾਰ ਵਿੱਚ ਉਹ ਸਾਰਾ ਨਾਸ ਹੋ ਜਾਵੇਗਾ।

**ਵਰਤੋਂ** :—

ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗ ਜਾਨਿਓ
ਮਿਥਿਆ ਰਹਿਓ ਰਾਮ ਸਰਨਾਈ ॥
(ਗੁਰੂ ਗ੍ਰੰਥ—ਗਉੜੀ ਵਾਰ)

**ਜੋ ਪੱਟੀ, ਸੋ ਸੁਆਦੋਂ ਪੱਟੀ।**

**ਭਾਵ** :—ਵਿਸ਼ਿਆਂ ਤੇ ਚਸਕਿਆਂ ਨਾਲ ਆਦਮੀ ਬਰਬਾਦ ਹੋ ਜਾਵੇ।

**ਵਰਤੋਂ** :—ਰਾਮ ਸਿੰਘ ਖਾਸ ਹੁਣ ਕੱਖ ਨਹੀਂ ਰਿਹਾ । ਸੁਆਦਾਂ ਦਾ ਪਟਿਆ ਭੁੱਖਾ ਨੰਗਾ ਹੋ ਬੈਠਾ ਹੈ । ਸਿਆਣਿਆਂ ਨੇ ਠੀਕ ਆਖਿਆ ਹੈ, 'ਜੋ ਪੱਟੀ, ਸੋ ਸੁਆਦੋਂ ਪੱਟੀ' । (ਸੰ)

### ਜੋ ਪਾਸੀ ਫੇਰਾ, ਉਹਦਾ ਹੋ ਜਾਸੀ ਮੁਜੇਰਾ ।

**ਭਾਵ** :—ਜਦ ਕੋਈ ਲਾਗੇ ਢੁਕਣ ਨਾਲ ਹੀ ਅਧੀਨ ਹੋਣ ਲਗ ਪਵੇ ।

**ਵਰਤੋਂ** :—ਇਸ ਘਰ ਦਾ ਤਾਂ ਇਹ ਰਵਾਜ ਹੈ ਕਿ ਜਿਹੜਾ ਇਨ੍ਹਾਂ ਵਲ ਝੁਕਾਓ ਕਰਨ ਲਗ ਪਵੇ, ਓਹੋ ਗੁਲਾਮ ਬਣਿਆ ਸਮਝੋ । ਇਥੇ ਤਾਂ ਇਹ ਹਾਲ ਹੈ ਅਖੇ 'ਜੋ ਪਾਸੀ ਫੇਰਾ, ਓਹਦਾ ਹੋ ਜਾਸੀ ਮੁਜੇਰਾ' । (ਸੰਗ੍ਰ)

### ਜੋ ਫੇੜੇ ਸੋ ਫੜੀਦਾ ।

**ਭਾਵ** :—ਜਿਹੜਾ ਪਾਪ ਕਰੇ, ਉਹ ਫੜਿਆ ਜਾਂਦਾ ਹੈ ।

**ਵਰਤੋਂ** :—

ਜੋ ਫੇੜੇ ਸੋ ਫੜੀਦਾ
ਕਲਜੁਗ ਸੱਚਾ ਨਿਆਉਂ ਕਰਾਏ ।

(ਵਾਰਾਂ—ਭਾਈ ਗੁਰਦਾਸ ਜੀ)

### ਜੋ ਬੀਜੈ ਸੋ ਉਗਵੈ ॥

**ਭਾਵ** :—ਜਿਹਾ ਕੋਈ ਬੀਜਦਾ ਹੈ, ਤਿਹਾ ਫਲ ਮਿਲਦਾ ਹੈ ।

**ਵਰਤੋਂ** :—

ਬੇਦੁ ਪੁਕਾਰੇ ਪੁੰਨ ਪਾਪ ਸੁਰਗ ਨਰਕ ਕਾ ਬੀਉ ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥

(ਗੁਰੂ ਗ੍ਰੰਥ—ਸਾਰੰਗ ਕੀ ਵਾਰ)

### ਜੋ ਬੀਜੈ ਸੋਇ ਫਲ ਖਾਇ ।

**ਭਾਵ** :—ਜਿਹੋ ਜਿਹਾ ਕੋਈ ਕਰਮ ਕਰੇਗਾ, ਉਹੋ ਜਿਹਾ ਫਲ ਲਵੇਗਾ ।

**ਵਰਤੋਂ** :—

ਦਰਗਹ ਸਚੁ ਕਬੂਲ ਹੈ
ਕੂੜਹੁ ਦਰਗਹ ਮਿਲੈ ਸਜਾਏ ।
'ਜੋ ਬੀਜੈ ਸੋਇ ਫਲ ਖਾਏ' ।

(ਵਾਰਾਂ—ਭਾਈ ਗੁਰਦਾਸ ਜੀ)

### ਜੋ ਬੀਤੀ ਸੋ ਬੀਤੀ ।

**ਭਾਵ** :—ਜੋ ਹੋ ਗਿਆ ਸੋ ਹੋ ਗਿਆ । ਬੀਤੇ ਨੂੰ ਭੁੱਲ ਜਾਓ ।

**ਵਰਤੋਂ** :—ਖੈਰ, ਹੁਣ ਜੋ ਬੀਤੀ ਸੋ ਬੀਤੀ, ਅੱਗੇ ਨੂੰ ਹੀ ਬਸ ਕਰ ਤੇ ਅੰਮ੍ਰਿਤਸਰ ਜਾਣ ਦਾ ਸੰਕਲਪ ਛੱਡ ਦੇ ।

(ਸੁੰਦਰੀ—ਡਾ: ਭਾਈ ਵੀਰ ਸਿੰਘ)

### ਜੋ ਮੈਂ ਕੀਆ ਸੋ ਮੈਂ ਪਾਇਆ ॥

**ਭਾਵ** :—ਜਿਹੋ ਜਿਹਾ ਮੈਂ ਕੀਤਾ ਉਹੋ ਜਿਹਾ ਫਲ ਮੈਨੂੰ ਮਿਲਿਆ ।

**ਵਰਤੋਂ** :—(੧) ਹੁਣ ਪਾਪੀ ਬੁੱਧੀ ਸਰਦਾਰਾਂ ਦੇ ਬੂਹੇ ਬੈਠਾ ਰਾਮ ਰਾਮ ਜਪਦਾ ਹੈ । ਸਭਨਾਂ ਨੂੰ ਆਪਣੇ ਦੁਖਾਂ ਦੀ ਕਥਾ ਸੁਣਾ ਕੇ ਉਪਦੇਸ਼ ਦੇਂਦਾ ਹੈ 'ਜੋ ਮੈਂ ਕੀਆ ਸੋ ਮੈਂ ਪਾਇਆ' ਤੇ ਆਖਦਾ ਹੈ ਜਿਵੇਂ ਕੋਈ ਕਰੇਗਾ ਤਿਵੇਂ ਹੀ ਭਰੇਗਾ ।

(ਇਕ ਸਿਖ ਘਰਾਣਾ—ਭਾਈ ਮੋਹਨ ਸਿੰਘ ਵੈਦ)

### ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ ॥

**ਭਾਵ** :—ਜਿਹੜੇ ਜ਼ੁਲਮ ਕਰਕੇ ਮਨੁਖਾਂ ਦਾ ਲਹੂ ਪੀਂਦੇ ਹਨ, ਸਵੱਛ ਹਿਰਦੇ ਵਾਲੇ ਕਿਵੇਂ ਹੋ ਸਕਦੇ ਹਨ ?

**ਵਰਤੋਂ** :—ਸੋ ਜੇ ਕਿਸੇ ਤਰ੍ਹਾਂ ਦੁਖ ਦੇਣ ਵਾਲਿਆਂ ਨੂੰ ਕੋਈ ਸਮਝਾ ਸਕੇ ਤੇ ਉਨ੍ਹਾਂ ਦੇ ਸੁਭਾ ਪਲਟ ਸਕੇ ਤਾਂ ਇਹ ਨੇਕੀ ਹੈ । ਸਤਿਗੁਰ ਨੇ ਲਿਖਿਆ ਹੈ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹੁ ਮਾਣਸਾ ਤਿਨ ਕਿਉ
ਨਿਰਮਲ ਚੀਤਿ ।

(ਬਾਬਾ ਨੌਧ ਸਿੰਘ—ਡਾ: ਭਾਈ ਵੀਰ ਸਿੰਘ)

**ਜੋ ਰਾਤੀਂ ਜਾਗਨ ਕਾਲੀਆਂ, ਸੋਈ ਖਾਣ ਸੁਖਾਲੀਆਂ ।** ਵੇਖੋ :— 'ਕਰ ਮਜੂਰੀ ਤੇ ਖਾਹ ਚੂਰੀ' ।

**ਭਾਵ** :—ਜਿਹੜੇ ਰਜ ਕੇ ਮਿਹਨਤ ਕਰਦੇ ਹਨ, ਓਹੀ ਸੁਖਾਲੇ ਰਹਿੰਦੇ ਹਨ ।

**ਵਰਤੋਂ** :—ਤੇਰੇ ਵਰਗੇ ਨੇ ਕੀ ਤਰੱਕੀ ਕਰਨੀ ਹੈ । ਨਿਰਾ ਆਲਸੀ ਤੇ ਸੁਸਤ, ਤਰੱਕੀ ਤਾਂ ਉਨ੍ਹਾਂ ਲੋਕਾਂ ਦੇ ਪੈਰ ਚੁੰਮਦੀ ਹੈ ਜਿਹੜੇ ਦਿਨ-ਰਾਤ ਇਕ ਕਰਦੇ ਹਨ । ਸੁਣਿਆ ਨਹੀਂ ਜੇ :—

ਜੋ ਰਾਤੀਂ ਜਾਗਣ ਕਾਲੀਆਂ ।
ਸੋਈ ਖਾਣ ਸੁਖਾਲੀਆ । (ਸੰਗ੍ਰ)

**ਜੋ ਰੰਨ ਕਰੇ ਸੋ ਹੋ, ਜੋ ਰੱਬ ਕਰੇ ਸੋ ਹੋ ।**

**ਭਾਵ** :—ਜਿਥੇ ਇਸਤ੍ਰੀ ਜੋ ਚਾਹੇ ਕਰੇ, ਉਸਦੀ ਤਾਕਤ ਨੂੰ ਵੇਖਕੇ ਵਰਤਿਆ ਜਾਂਦਾ ਹੈ

**ਵਰਤੋਂ** :— ਸਰਦਾਰਾ—ਨੱਥੂ ਅਜ ਕਲ ਦਾ ਸਮਾਂ ਤਾਂ ਜ਼ਨਾਨੀਆਂ ਦਾ ਸਮਾਂ ਹੈ । ਜੋ ਰੰਨ ਕਰੇ ਸੋ ਹੋ, ਜੋ ਰਬ ਕਰੇ ਸੋ ਹੋ । (ਸੰਗ੍ਰ)

**ਜੋਸ਼ ਵਿੱਚ ਹੋਸ਼ ਨਹੀਂ ਰਹਿੰਦੀ ।**

**ਭਾਵ** :—ਗੁਸੇ ਵਿਚ ਅਕਲ ਟਿਕਾਣੇ ਨਹੀਂ ਰਹਿੰਦੀ ।

**ਵਰਤੋਂ** :—ਪੋਰਸ—ਜੋਸ਼ ਵਿਚ ਹੋਸ਼ ਨਹੀਂ ਰਹਿੰਦੀ । ਕਈ ਵਾਰ ਸੈਨਕ ਆਪਸ ਵਿਚ ਹੀ ਫਿਟਣ-ਪਤਾਣ ਹੋ ਪੈਂਦੇ ਨੇ । ਵੈਰੀ ਦੇ ਸੂਰਮਿਆਂ ਨੂੰ ਇਹੋ ਜਿਹਾ ਸੁਨਹਿਰੀ ਮੌਕਾ ਹੱਥ ਆ ਜਾਂਦਾ ਏ ।
(ਰਾਜਾ ਪੋਰਸ—ਪ੍ਰੋ: ਹਰਚਰਨ ਸਿੰਘ)

**ਜੋਖੋਂ ਦੀ ਜੁਖਾਈ, ਸ਼ਾਹ ਗੁੜ ਤੇ ਚਾਰ ਬੁਕ ਛਾਈ ।**

**ਭਾਵ** :—ਮਿਹਨਤ ਕਰਨ ਵਾਲੇ ਦੇ ਪਲੇ ਕੁਝ ਵੀ ਨਾ ਪਵੇ ।

**ਵਰਤੋਂ** :—ਸ਼ਾਹ—ਨੱਥੂ, ਐਖਾ ਕਿਉਂ ਏ ? ਤੈਨੂੰ ਤਾਂ ਬਹੁਤ ਕੁਝ ਮਿਲ ਗਿਆ ਹੈ । ਨੱਥੂ—ਸ਼ਾਹ ਜੀ; ਸਵਾਹ ਮਿਲਿਆ ਹੈ । ਮੇਰਾ ਤਾਂ ਇਹ ਹਾਲ ਹੈ, ਅਖੇ 'ਜੋਖੋਂ ਦੀ ਜੁਖਾਈ, ਸ਼ਾਹ ਗੁੜ ਤੇ ਚਾਰ ਬੁਕ ਛਾਈ ।' (ਸੰਗ੍ਰ)

**ਜੋਗਨ ਗਈ ਤੇ ਭੋਗਨ ਆਈ ।**

**ਭਾਵ** :—ਸੰਜਮ ਘਰੋਂ ਨਿਕਲ ਜਾਵੇ ਤੇ ਸ਼ਾਹ ਖਰਚੀ ਆ ਜਾਵੇ ।

**ਵਰਤੋਂ** :—ਮੇਰੀ ਅਗਲੀ ਭਰਜਾਈ ਤਾਂ ਬੜੀ ਭਲੀ ਲੋਕ ਸੀ, ਬੜੀ ਗਰੀਬਣੀ, ਸਾਦੀ ਤੇ ਸੰਜਮੀ, ਪਰ ਹੁਣ ਤਾਂ 'ਜੋਗਨ ਗਈ ਤੇ ਭੋਗਨ ਆਈ' ਵਾਲਾ ਹਿਸਾਬ ਹੈ । ਨਵੀਂ ਵਿਆਂਹਦੜ ਤਾਂ ਬੜਾ ਹੀ ਧਨ ਦਾ ਨਾਸ ਕਰਦੀ ਹੈ । (ਸੰਗ੍ਰ)

**ਜੋਗੀ ਸਨ ਸੋ ਉਠ ਗਏ, ਆਸਨ ਰਹੀ ਭਿਬੂਤ ।**

**ਭਾਵ** :—ਜਦ ਕਿਸੇ ਚੰਗੇ ਮਨੁੱਖ ਦੇ ਚਲੇ ਜਾਣ ਪਿਛੋਂ ਪਿਛੇ ਕੰਮ ਦੀ ਕੋਈ ਚੀਜ਼ ਨਾ ਰਹਿ ਜਾਵੇ ।

**ਵਰਤੋਂ** :—

ਪੀਲੋ ਆਖੇ ਸਾਇਰਾ ਕਿਤ ਵਲ ਗਿਆ ਜਹਾਨ ।
ਬਹਿ ਬਹਿ ਰਈਆਂ ਮਜਲਸਾਂ ਲਗ ਲਗ ਗਏ ਦੀਵਾਨ ।
ਜੋਗੀ ਸਨ ਉਹ ਉਠ ਗਏ, ਆਸਨ ਰਹੀ ਭਬੂਤ ।
(ਬੰਬੀਹਾ ਬੋਲ—ਬਾਵਾ ਬੁਧ ਸਿੰਘ)

**ਜੋਗੀ ਜੋਗੀ ਲੜ ਮੋਏ ਖਪਰ ਦਾ ਨੁਕਸਾਨ ।**

**ਭਾਵ** :—ਜਦ ਝਗੜਾ ਕੋਈ ਕਰਨ ਤੇ ਹਾਨ ਕਿਸੇ ਦਾ ਹੋਵੇ ।

**ਵਰਤੋਂ** :—ਪੰਚ—ਸ਼ਾਹ, ਬੋਲ ਚਾਲ ਤਾਂ ਤੇਰੀ ਤੇ ਰੁਲਦੂ ਸ਼ਾਹ ਦੀ ਹੋਈ ਅਤੇ ਰਗੜਿਆ ਗਿਆ ਵਿਚਾਰਾ ਨਿਹਾਲ ਚੰਦ । ਅਖੇ 'ਜੋਗੀ ਜੋਗੀ ਲੜੇ ਤੇ ਖਪਰ ਦਾ ਨੁਕਸਾਨ' । ਉਸ ਵਿਚਾਰੇ ਨੇ ਕਿਸੇ ਦਾ ਕੀ ਵਿਗਾੜਿਆ ਸੀ ? (ਸੰਗ੍ਰ)

**ਜੋਗੀ ਭੁਲਾ, ਦੂਣਾ ਲਾਹ ।**

**ਭਾਵ** :—ਜਾਹਿਰੀ ਤੌਰ ਤੇ ਤਾਂ ਨੁਕਸਾਨ ਜਾਪੇ, ਪਰ ਵਿੱਚੋਂ ਹੋਵੇ ਲਾਭ ।

**ਵਰਤੋਂ** :—ਤੁਸੀਂ ਕਿਥੋਂ ਨੁਕਸਾਨ ਉਠਾਉਣ ਵਾਲੇ ਹੋ ? 'ਜੋਗੀ ਭੁਲਾ, ਦੂਣਾ ਲਾਹ' ਤੁਸੀਂ ਤਾਂ ਭੁਲੇਖੇ ਵਿੱਚ ਵੀ ਆਪਣਾ ਹੀ ਲਾਭ ਸੋਚਦੇ ਹੋ । (ਸੰਗ੍ਰ)

**ਜੋਗੋਂ ਰਲੀ ਜੋਗ, ਇਕ ਨੂੰ ਗਿਲੜ ਦੂਜੀ ਨੂੰ ਪਾਨਾ ਰੋਗ ।**

**ਭਾਵ** :— ਜਦ ਇਕੋ ਜਿਹੇ ਭੈੜੇ ਇਕੱਠੇ ਹੋ ਜਾਣ ।

**ਵਰਤੋਂ** :—ਹੁਣ ਤਾਂ ਯਾਰੋ, ਸਾਰੇ ਇਕੋ ਜੇਹੇ ਹਾਂ, ਕੋਈ ਸਲਾਹ ਸੋਠਾ ਘੜੋ, ਨਿਤ ਨਿਤ ਇਹ ਇਕੱਠ ਕਿਤੇ ਹੋ ਰਹਿਆ ਜੇ, ਅਖੇ 'ਜੋਗੋਂ ਰਲੀ ਜੋਗ, ਇਕ ਨੂੰ ਗਿਲੜ, ਦੂਜੀ ਨੂੰ ਪਾਨਾ ਰੋਗ' । (ਸੰਗ੍ਰ)

**ਜੋਤੇ ਹਲ, ਤਾਂ ਪਾਏ ਫਲ ।** ਵੇਖੋ :- ਕਰ ਮਜੂਰੀ ਤੇ ਖਾ ਚੂਰੀ ।

**ਭਾਵ** :—ਜਿਹੜਾ ਕੰਮ ਕਰਦਾ ਹੈ, ਉਸ ਨੂੰ ਲਾਭ ਹੁੰਦਾ ਹੈ ।

**ਵਰਤੋਂ** :—ਨਰੈਣ ਦਾਸ—ਕੰਮ ਕਰੋ ਤਾਂ ਕਿਸੇ ਗਲ ਦਾ ਘਾਟਾ ਨਹੀਂ, 'ਜੋਤੇ ਹਲ ਤਾਂ ਪਾਏ ਫਲ' । (ਸੰਗ੍ਰ)

**ਜ਼ੋਰ ਥੋੜਾ ਤੇ ਹੁੱਬ ਬਹੁਤੀ ।**

**ਭਾਵ** :—ਤਾਕਤ ਥੋੜੀ ਹੋਵੇ, ਤੇ ਚਾਹ ਵਡੀ ਹੋਵੇ ।

**ਵਰਤੋਂ** :—ਚੰਨਾ 'ਜ਼ੋਰ ਥੋੜਾ ਤੇ ਹੁੱਬ ਬਹੁਤੀ' ਵਾਲਾ ਲੇਖਾ ਨਾ ਬਣਾ । ਆਪਣੇ ਵਿਤ ਅਨੁਸਾਰ ਹੀ ਕਿਸੇ ਚੀਜ਼ ਦੀ ਚਾਹ ਕੀਤਾ ਕਰ । (ਸੰਗ੍ਰ)

**ਜ਼ੋਰਾਵਰ ਦਾ ਸੱਤੀਂ ਵੀਹ ਸੌ ।**

**ਭਾਵ** :—ਜ਼ੋਰਾਵਰ ਵਲੋਂ ਕਿਸੇ ਉਪਰ ਜ਼ੁਲਮ ਹੋਵੇ, ਤਦ ਆਖਦੇ ਹਨ ।

**ਵਰਤੋਂ** :—ਸ਼ਾਂਤੀ—ਧੀਏ ਕੀ ਕਰੀਏ, 'ਜ਼ੋਰਾਵਰ ਦਾ ਸੱਤੀਂ ਵੀਹ ਸੌ' । ਜੇ ਦਾ ਲਗਾ ਅੱਜ ਲਿਖ ਭੇਜਾਂਗੀ ।

(ਰਾਜਾ ਪੋਰਸ—ਹਰਚਰਨ ਸਿੰਘ)

**ਜ਼ੋਰਾਵਰ ਦੀ ਜੁੱਤੀ ਸਿਰ ਤੇ ।**

**ਭਾਵ** :—ਤਾਕਤਵਰ ਦਾ ਮਾੜੇ ਉਤੇ ਹਰ ਵੇਲੇ ਦਬਾ ਰਹਿੰਦਾ ਹੈ ।

**ਵਰਤੋਂ** :—ਕਰੀਮ ਬਖਸ਼—ਸ਼ਾਹ ! ਨਾਈ ਵਿਚਾਰਾ ਸਰਦਾਰਾਂ ਨਾਲ ਮੱਥਾ ਕਿਵੇਂ ਲਾਵੇ ? ਇਥੇ ਤਾਂ ਹਰ ਵੇਲੇ 'ਜ਼ੋਰਾਵਰ ਦੀ ਜੁੱਤੀ ਸਿਰ ਤੇ' ਵਾਲਾ ਲੇਖਾ ਬਣਿਆ ਹੋਇਆ ਹੈ । (ਸੰਗ੍ਰ)

**ਜ਼ੋਰਾਵਰ (ਡਾਢੇ) ਨਾਲ ਭਿਆਲੀ, ਉਹ ਮੰਗੇ ਹਿੱਸਾ (ਲਹਿਣਾ) ਉਹ ਕਢੇ ਗਾਲੀ** ਜਾ **ਜ਼ੋਰਾਵਰ ਦੀ ਭਿਆਲੀ, ਉਹ ਮੰਗੇ ਹਿੱਸਾ, ਉਹ ਕਢੇ ਗਾਲੀ ।**

**ਭਾਵ** :—ਆਪਣੇ ਨਾਲੋਂ ਤਕੜੇ ਨਾਲ ਭਿਆਲੀ ਪਾਣੀ ਦੁਖ ਦਾ ਕਾਰਨ ਹੁੰਦੀ ਹੈ ।

**ਵਰਤੋਂ** :—ਸੁਭੱਦ੍ਰਾ—ਹੋਣਾ ਕੀ ਸੀ ਭਲਾ ? ਉਹ ਤੇ ਘਰ ਵਿਚ ਡੈਣ ਵਾਂਗੂ 'ਮਾਣਸ ਗੰਧ, ਮਾਣਸ ਗੰਧ' ਕਹਦੀ ਫਿਰਦੀ ਏ । ਅਖੇ 'ਜ਼ੋਰਾਵਰ ਨਾਲ ਭਿਆਲੀ, ਉਹ ਮੰਗੇ ਹਿੱਸਾ ਉਹ ਕਢੇ ਗਾਲੀ', ਜ਼ੋਰਾਵਰ ਦਾ ਸੱਤੀਂ ਵੀਹ ਸੌ । ਮੈਂ ਹਿੱਸਾ ਵੀ ਕੋਈ ਨਹੀਂ ਮੰਗਦੀ ਤੇ ਸਾਰਾ ਦਿਨ ਕੰਮ ਵੀ ਕਰਨੀ ਆਂ ਤੇ ਫੇਰ ਵੀ ਗਾਲੀ ਛੱਡ ਮਾਰ ਪੈਂਦੀ ਏ ।

(ਸੁਭਦ੍ਰਾ—ਆਈ. ਸੀ. ਨੰਦਾ)

**ਜ਼ੋਰਾਵਰ (ਢਾਡਾ) ਮਾਰੇ ਭੀ ਤੇ ਰੋਣ ਵੀ ਨਾ ਦੇਵੇ ।** ਵੇਖੋ :—ਜ਼ੋਰਾਵਰ ਦਾ ਸਤੀਂ ਵੀਹ ਸੌ ।

**ਭਾਵ** :—ਜ਼ੋਰਾਵਰ ਜ਼ੁਲਮ ਕਰਕੇ ਫਰਿਆਦ ਵੀ ਨਹੀਂ ਕਰਨ ਦੇਂਦਾ ।

**ਵਰਤੋਂ** :—ਰਾਮ ਸਚਾ ਹੈ । ਇਹ ਕਿਵੇਂ ਹੋਵੇ ਕਿ ਇਕ ਤਾਂ ਸ਼ਾਹ ਜ਼ੁਲਮ ਕਰੀ ਜਾਵੇ ਤੇ ਨਾਲ ਇਹ ਚਾਹੇ ਕਿ ਉਸ ਦੇ ਜ਼ੁਲਮ ਦੀ ਕਿਧਰੇ ਸ਼ਕਾਇਤ ਵੀ ਨਾ ਹੋਵੇ, ਅਖੇ 'ਜ਼ੋਰਾਵਰ ਮਾਰੇ ਭੀ ਤੇ ਰੋਣ ਵੀ ਨਾ ਦੇਵੇ' । (ਸੰਗ੍ਰ)

**ਜੋੜ ਗਏ ਸੋ ਛੋੜ ਗਏ, ਖਾ ਗਏ ਰੰਗ ਲਾ ਗਏ ।**

**ਭਾਵ** :—ਕੰਜੂਸੀ ਦੀ ਨਖੇਧੀ ਕਰਨ ਲਈ ਵਰਤਦੇ ਹਨ ।

**ਵਰਤੋਂ** :—ਕਾਹਦੇ ਲਈ ਜੋੜੀਏ ? ਜੋ ਥੋੜਾ ਬਹੁਤਾ ਪੱਲੇ ਹੈ, ਉਸ ਨੂੰ ਮਜ਼ੇ ਨਾਲ ਖਾਵਾਂਗੇ । 'ਜੋੜ ਗਏ ਸੋ ਛੋੜ ਗਏ, ਖਾ ਗਏ ਰੰਗ ਲਾ ਗਏ' । (ਸੰਗ੍ਰ)

**ਜੋੜ ਜੋੜ ਮਰ ਜਾਣਗੇ, ਮਾਲ ਜਵਾਈ ਖਾਣਗੇ ।**

**ਭਾਵ** :—ਬਹੁਤ ਹੀ ਸੂਮ ਸੰਬੰਧੀ ਇਹ ਅਖਾਣ ਵਰਤਦੇ ਹਨ, ਕਿ ਉਸਦਾ ਧਨ ਲੋਕੀ ਹੀ ਵਰਤਦੇ ਹਨ ।

**ਵਰਤੋਂ** :—ਰਲੇ ਸ਼ਾਹ ਰੱਜ ਕੇ ਸੂਮ ਹੈ। ਭੰਨੀ ਕੌਡੀ ਵੀ ਖਰਚ ਨਹੀਂ ਕਰਦਾ। ਰਾਮ ਸਿੰਘ ਕਹਿਣ ਲਗਾ, "ਕੋਈ ਗਲ ਨਹੀਂ 'ਜੋੜ ਜੋੜ ਮਰ ਜਾਣਗੇ, ਮਾਲ ਜਵਾਈ ਖਾਣਗੇ' ਓਹਦੇ ਕਿਸ ਕੰਮ ?" (ਸੰਗ੍ਰ)

**ਜੋੜੀਆਂ ਜਗ ਥੋੜ੍ਹੀਆਂ, ਨਰੜ ਬਥੇਰੇ ।**

**ਭਾਵ** :—ਪਤੀ ਤੇ ਪਤਨੀ ਦਾ ਅਜੋੜ ਹੋਵੇ ਤੇ ਘਰ ਸੰਜਮੀ ਨਾ ਹੋਵੇ ।

**ਵਰਤੋਂ** :—ਵਰਿਆਮ— ਘਰ ਵਾਲੀ ਜੇ ਮਤਲਬ ਦੀ ਜੁੜੇ; ਤਾਂਹੀਓਂ ਦਿਲ ਖੁਸ਼ ਹੁੰਦਾ ਏ। ਪਿੰਡ ਵਿਚ ਵੇਖੀਦਾ ਏ ਬੁਰੇ ਹਾਲ ਜੇ। 'ਜੋੜੀਆਂ ਜਗ ਥੋੜ੍ਹੀਆਂ ਨਰੜ ਬਥੇਰੇ' ।

(ਦੂਰ ਦੁਰਾਡੇ ਸ਼ਹਿਰੋਂ—ਪ੍ਰੋ: ਹਰਚਰਨ ਸਿੰਘ)

**ਜੋ ਲਾਲੇ ਬਾਕਰੇ ਦੇ ਬਿਆਨ, ਸੋ ਮਹਾੜੇ ਬਿਆਨ ।**

**ਭਾਵ** :—ਵੱਡੇ ਦੀ ਹਾਂ ਵਿਚ ਹਾਂ ਮਿਲਾਣੀ ।

**ਵਰਤੋਂ** :— ਛੋਟਾ — ਸਰਦਾਰਾ, ਚਿੰਤਾ ਕਾਹਦੀ, ਜੋ ਆਏਗਾ ਕਹਿ ਦਿਆਂਗਾ, ਅਖੇ 'ਜੋ ਲਾਲੇ ਬਾਕਰੇ ਦੇ ਬਿਆਨ ਸੋ ਮਹਾੜੇ ਬਿਆਨ' ਅਸਾਂ ਤਾਂ ਵਡਿਆਂ ਦੇ ਪਿਛੇ ਹੀ ਜਾਣਾ ਹੈ। (ਸੰਗ੍ਰ)

**ਜੌਂ, ਜੁਆਰ, ਕਪੜਾ, ਡਿਠੇ ਉਤੇ ਭਾ ।**

**ਭਾਵ** :—ਦਾਣੇ ਜਾਂ ਕਪੜੇ ਦਾ ਮੁਲ ਵੇਖਕੇ ਪਾਈਦਾ ਹੈ ।

**ਵਰਤੋਂ** :—ਘਰ ਬੈਠਿਆਂ ਸੌਦਾ ਕਿਵੇਂ ਕਰ ਲਵਾਂ ? ਚੀਜ਼ ਦਾ ਮੁਲ ਚੀਜ਼ ਵੇਖ ਕੇ ਹੀ ਪਾਣਾ ਚਾਹੀਦਾ ਹੈ। 'ਜੌਂ, ਜੁਆਰ ਕਪੜਾ ਡਿਠੇ ਉਤੇ ਭਾ' । (ਸੰਗ੍ਰ)

**ਜੌਂ ਲਿਛਕੇ ਤੇ ਯਾਰ ਖਿਸਕੇ ।**

**ਭਾਵ** :—ਮਤਲਬ ਪੂਰਾ ਹੋਣ ਤੇ ਜਦੋਂ ਕੋਈ ਖਿਸਕ ਜਾਏ ।

**ਵਰਤੋਂ** :—ਸਰਨੀ—ਰਾਧਾ ਨੇ ਤਾਂ ਕੰਮ ਲੈ ਕੇ ਨਸਣ ਦੀ ਕੀਤੀ ਅਖੇ 'ਜੌਂ ਲਿਛਕੇ ਤੇ ਯਾਰ ਖਿਸਕੇ' ਵਾਲੀ ਗੱਲ ਕੀਤੀ । (ਸੰਗ੍ਰ)

**ਜੰਗਲ ਗਏ ਨਾ ਬਾਹੁੜੇ, ਜੋਗੀ ਨਾ ਕਿਸੇ ਦੇ ਮੀਤ ।** ਜਾਂ **ਜੰਗਲ ਗਏ ਨਾ ਬਾਹੁੜੇ, ਜੋਗੀ ਤੇ ਦਰਵੇਸ਼ ।**

**ਭਾਵ** :— ਕਿਸੇ ਅਜੇਹੇ ਨਾਲ ਪਿਆਰ ਪਾਉਣਾ, ਜਿਸ ਨੂੰ ਪਿਆਰ ਦੀ ਕਦਰ ਨਾ ਹੋਵੇ ।

**ਵਰਤੋਂ** :—

ਮੈਂ ਭੁਲੀ ਹਾਂ ਤੁਸੀਂ ਨਾ ਹੋਰ ਕੋਈ
ਲਾਈਓ ਜੋਗੀਆਂ ਨਾਲ ਪ੍ਰੀਤ ਲੋਕੋ ।
ਜੰਗਲ ਗਏ ਨਾ ਬਾਹੁੜੇ ਮੰਦਰਾਂ ਨੂੰ,
ਜੋਗੀ ਨਹੀਂ ਜੇ ਕਿਸੇ ਦੇ ਮੀਤ ਲੋਕੋ ।

(ਪੂਰਨ ਭਗਤ—ਕਾਦਰਯਾਰ)

**ਜੰਗਲ ਜੱਟ ਨਾ ਛੇੜੀਏ, ਹੱਟੀ ਤੇ ਕਿਰਾੜ, ਬੇੜੀ ਤੇ ਮਲਾਹ ਜੇ, ਭੰਨ ਦੇਸਨ ਬੁਥਾੜ ।**

**ਭਾਵ** :—ਕਿਸੇ ਨੂੰ ਉਸ ਦੇ ਟਿਕਾਣੇ ਜਾਂ ਘਰ ਵਿਚ ਛੇੜਨ ਨਾਲ ਨੁਕਸਾਨ ਹੋਣ ਦਾ ਡਰ ਹੈ ।

**ਵਰਤੋਂ** :—ਚੰਗਾ ਕੀਤਾ ਜੇ ਜੁ ਤੁਸੀਂ ਖਿਸਕ ਆਏ, ਨਹੀਂ ਤਾਂ ਕੋਈ ਬਿਖੇੜਾ ਪੈ ਜਾਂਦਾ। ਜੰਗਲ ਜੱਟ ਨਾ ਛੇੜੀਏ, ਹੱਟੀ ਤੇ ਕਿਰਾੜ, ਬੇੜੀ ਤੇ 'ਮਲਾਹ, ਜੇ ਭੰਨ ਦੇਸਨ ਦੁਬਾੜ' (ਸੰਗ੍ਰ)

## ਜੰਗਲ ਵਿੱਚ ਮੰਗਲ ।

**ਭਾਵ** :—ਜਦ ਕੋਈ ਮਮੂਲੀ ਥਾਂ ਜਾਂ ਟਿਕਾਣੇ ਕੋਈ ਬੜੀ ਖੁਸ਼ੀ ਦਾ ਸਮਾਂ ਗੁਜ਼ਾਰ ਰਿਹਾ ਹੋਵੇ ।

**ਵਰਤੋਂ** :—ਮਾਹਾਂ ਸਿੰਘ—ਨਿਹੰਗ ਸਿੰਘ ਜੀ, ਕਿਵੇਂ ਬੀਤਦੀ ਹੈ ? ਨਿਹੰਗ ਸਿੰਘ—'ਜੰਗਲ ਵਿਚ ਮੰਗਲ' ਲਗਾ ਪਿਆ ਹੈ। ਗੁਰੂ ਦੀ ਬੜੀ ਕਿਰਪਾ ਹੈ । (ਸੰਗ੍ਰ)

## ਜੰਜ ਕੁਪੱਤੀ, ਸੁਥਰਾ ਭਲਾਮਾਨਸ ।

**ਭਾਵ** :—ਜਦ ਮਾੜਾ ਆਦਮੀ ਚੰਗਿਆਂ ਦੀ ਨਿੰਦਆ ਕਰੇ ।

**ਵਰਤੋਂ** :—ਹਨੇਰ ਹੀ ਚਲਿਆ ਏ । ਹੁਣ ਤਾਂ 'ਜੰਞ ਕੁਪੱਤੀ ਸੁਥਰਾ ਭਲਾ ਮਾਨਸ' ਵਾਲਾ ਹਾਲ ਜਾਪਦਾਂ ਹੈ । ਮਾੜੇ ਚੰਗੇ ਦਾ ਭੇਦ ਹੀ ਮੁਕ ਗਿਆ ਹੈ । (ਸੰਗ੍ਰ)

## ਜੰਜ ਪਰਾਈ, ਅੰਨ੍ਹੇ ਨੂੰ ਵੇਖ ਭੁਆਟੀ ਆਈ ।

**ਭਾਵ** :—ਖੁਸ਼ੀ ਕਿਸੇ ਦੇ ਘਰ ਹੋਵੇ ਤੇ ਟਪਦਾ ਕੋਈ ਫਿਰੇ ।

**ਵਰਤੋਂ** :—ਵੇਖ ਨੀ ਲਛਮੀ, ਮੁੰਡਾ ਤਾਂ ਹੋਇਆ ਸ਼ਾਹਣੀ ਦੇ ਘਰ ਤੇ ਨੰਦ ਖੁਸ਼ੀ ਨਾਲ ਫੁਲੀ ਨਹੀਂ ਸਮਾਉਂਦੀ । 'ਜੰਞ ਪਰਾਈ ਮੂਰਖ ਨਚੇ' ਵਾਲਾ ਲੇਖਾ ਹੋਇਆ ਇਹ ਤਾਂ। (ਸੰਗ੍ਰ)

## ਜੰਜ ਬਿਗਾਨੀ, ਮੂਰਖ ਨਚੇ ।

**ਭਾਵ** :—ਕਿਸੇ ਹੋਰ ਦੀਆਂ ਖੁਸ਼ੀਆਂ ਉਤੇ ਖੁਸ਼ੀ ਮਨਾਣੀ ।

**ਵਰਤੋਂ** :—ਜੇ ਗਲ ਦਾ ਪਤਾ ਨਾ ਹੋਵੇ ਤਾਂ ਚੁਪ ਕਰ ਰਹੀਏ, ਵਡਿਆਂ ਦੀਆਂ ਗਲਾਂ ਵਿਚ ਭਲਾ ਤੇਰਾ ਕੀ ਕੰਮ ਬੋਲਣ ਦਾ ? ਨਾ ਪਤਾ ਨਾ ਥੌਹ। ਅਖੇ 'ਜੰਜ ਬਿਗਾਨੀ; ਮੂਰਖ ਨਚੇ' ।

(ਚਿੱਟਾ ਲਹੂ—ਨਾਨਕ ਸਿੰਘ)

## ਜੰਦਰੇ ਸਾਧਾਂ ਵਾਸਤੇ, ਕਿ ਚੋਰਾਂ ਵਾਸਤੇ ?

**ਭਾਵ** :—ਬੰਦਸ਼ਾਂ ਭਲੇ ਮਾਣਸਾਂ ਲਈ ਨਹੀਂ ਸਗੋਂ ਮਾੜਿਆਂ ਲਈ ਹੋਣੀਆਂ ਚਾਹੀਦੀਆਂ ਹਨ ।

**ਵਰਤੋਂ** :—ਸਾਊ ਪੁਤਰ ਏ ਤੁਹਾਡਾ ਬਹੁਤਾ ਤਾੜ ਕੇ ਨਾ ਰਖਿਆ ਕਰੋ । 'ਜੰਦਰੇ ਸਾਧਾਂ ਵਾਸਤੇ ਨਹੀਂ ਚੋਰਾਂ ਵਾਸਤੇ ਹੁੰਦੇ ਹਨ ।' (ਸੰਗ੍ਰ)

## ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ।

**ਭਾਵ** :—ਕਿਸੇ ਬਾਲਕ ਦੇ ਔਗਣ ਜਦ ਮੁੱਢ ਵਿਚ ਹੀ ਪ੍ਰਗਟ ਹੋ ਜਾਣ ।

**ਵਰਤੋਂ** :— 'ਜੰਮਦੀਆਂ ਸੂਲਾਂ ਦੇ ਮੂੰਹ ਤਿਖੇ' । ਉਮਰ ਨਿਕੀ ਜਿਹੀ ਸੂ, ਪਰ ਜ਼ਬਾਨ ਕੈਂਚੀ ਵਾਂਗ ਚਲਦੀ ਸੂ । ਕਿਸੇ ਦਾ ਲਿਹਾਜ਼ ਨਹੀਂ ਕਰਦਾ । (ਸੰਗ੍ਰ)

## ਜੰਮਿਆ ਬਾਲ ਤੇ ਇਹੋ ਹਾਲ ।
ਜਾਂ **ਜੰਮੇ ਲਾਲ ਤੇ ਇਹੋ ਹਾਲ ।**

**ਭਾਵ** :—ਜਦ ਸ਼ੁਰੂ ਤੋਂ ਹੀ ਕਿਸੇ ਨੂੰ ਕੋਈ ਮੰਦੀ ਚਟਕ ਲਗ ਜਾਵੇ ।

**ਵਰਤੋਂ** :—ਓ ਮਾਸਟਰ, ਤੂੰ ਧਰਮ ਨਾਲ ਨਿਰਾ ਹੀ ਵਹਿਮੀ ਏਂ । ਓਏ, ਇੱਥੇ ਤਾਂ ਕਿਸੇ ਆਖਿਆ ਸੀ, ਅਖੇ 'ਜੰਮਿਆ ਬਾਲ ਤੇ ਇਹੋ ਹਾਲ ।' ਜਦ ਤੂੰ ਚੰਗਾ ਭਲਾ ਜਾਣਦਾ ਏਂ ਕਿ ਇਹ ਸਹੁਰੀ ਇਲਤ ਨਹੀਂ ਹਟਦੀ, ਤਾਂ ਦਸ ਹੁਣ ਮੈਂ ਕੀ ਕਰਾਂ ?

(ਗੰਗਾ ਜਲੀ ਵਿੱਚ ਸ਼ਰਾਬ—ਨਾਨਕ ਸਿੰਘ)

## ਜੰਮੀ ਜਾਈ ਤੇ ਗੜਿਆਂ ਦੀ ਮਾਰ ।

**ਭਾਵ** :—ਕੋਈ ਕੰਮ ਬੜੀਆਂ ਔਕੜਾਂ ਮਗਰੋਂ ਸਿਰੇ ਚੜ੍ਹਦਾ ਚੜ੍ਹਦਾ ਜਦ ਖਰਾਬ

ਹੋ ਜਾਏ।

**ਵਰਤੋਂ** :—ਬੜੀਆਂ ਰੀਝਾਂ ਮਗਰੋਂ ਇਹ ਗਲ ਸਿਰੇ ਚੜ੍ਹਨ ਲਗੀ ਸੀ, ਪਰ ਤੁਹਾਡੇ ਜਵਾਈ ਨੇ ਲੱਤ ਮਾਰ ਦਿਤੀ। ਸਾਡੀ ਤਾਂ ਹੁਣ ਇਹ ਹਾਲਤ ਹੋਈ ਹੋਈ ਹੈ ਅਖੇ (ਜੰਮੀ ਜਾਈ ਤੇ ਗੜਿਆਂ ਦੀ ਮਾਰ'। (ਸੰਗ੍ਰ)

## ਜੰਮੇ ਨਾ ਜਾਏ ਤੇ ਮਾਂ ਮਾਂ ਕਰੇਂਦੇ ਆਏ।

**ਭਾਵ** :—ਜਦ ਕੋਈ ਜੋਰੋ ਜੋਰੀ ਕਿਸੇ ਦਾ ਨਿਕਟਵਰਤੀ ਬਣਦਾ ਫਿਰੇ।

**ਵਰਤੋਂ** :— ਜਿੰਨਾਂ ਚਿਰ ਵਿਚਾਰੀ ਅੱਡੇ ਤੇ ਪਈ ਰਹੀ—ਆਹੋ ਜੀ ਵਿਚਾਰੀ ਕਾਹਨੂੰ.. ਨਾਲੇ ਅਖੇ ਗੰਗਾ ਰਾਮ ਮੇਰਾ ਪਿਉ ਏ। ਜੰਮੇ ਨਾ ਜਾਏ ਤੇ ਮਾਂ ਮਾਂ ਕਰੇਂਦੇ ਆਏ। ਖਬਰੇ ਕਿਥੋਂ ਸਹੁਰੀ ਝੱਖਾਂ ਮਾਰਦੀ ਆਈ ਏ।

(ਟੁਟੀ ਵੀਣਾ—ਨਾਨਕ ਸਿੰਘ)

## ਜੰਮੇ ਲਾਲ ਤੇ ਵੰਡੇ ਕੋਲੇ।

**ਭਾਵ** :—ਨਿਕੰਮੇ ਜਾਂ ਭੈੜੇ ਮਨੁੱਖ ਲਈ ਵਰਤਦੇ ਹਨ।

**ਵਰਤੋਂ** :— ਕੁਝ ਨਾ ਪੁਛੋ ਜੀ। ਅਖੇ 'ਜੰਮੇ ਲਾਲ ਤੇ ਵੰਡੇ ਕੋਲੇ' ਬੜਾ ਨਿਲੱਜ ਤੇ ਬੇ-ਹਯਾ ਆਦਮੀ ਹੈ ਇਹ। (ਸੰਗ੍ਰ)

## ਜਾਂ ਹੱਡੀ ਢੇਰ, ਜਾਂ ਦਮੀਂ ਢੇਰ।

**ਭਾਵ** :—ਜਦ ਕੋਈ ਕਿਸੇ ਕੰਮ ਤੋਂ ਕਿਸੇ ਹਾਲਤ ਵਿਚ ਵੀ ਨਾ ਡਰੇ, ਭਾਵੇਂ ਕਿੰਨਾ ਵੀ ਦੁਖ ਉਠਾਣਾ ਪਵੇ।

**ਵਰਤੋਂ** :— ਰਾਂਝਾ — ਗੁਰੂ ਜੀ ਤੁਸੀਂ ਬਾਰਾਂ ਬਾਰਾਂ ਬਰਸ ਦੇ ਚਿਲੇ ਕਟਣੇ ਦਸਦੇ ਓ, ਪਰ ਏਥੇ ਇਸ ਖਾਕੀ ਪੁਤਲੇ ਨੂੰ ਦਮ ਆਇਆ ਤੇ ਆਦਮ, ਨਹੀਂ ਤਾਂ ਮਿੱਟੀ ਦੀ ਢੇਰੀ। ਸਚੀ ਗਲ ਤਾਂ ਇਉਂ ਜੇ, ਕਿ ਮੈਂ ਜੋਗ ਲਿਆਂ ਬਗ਼ੈਰ ਤੁਹਾਡੇ ਟਿਲਿਓਂ ਨਹੀਂ ਜੇ ਉਤਰਨਾ। 'ਜਾਂ ਹਡੀਂ ਢੇਰ ਜਾਂ ਦਮੀ ਢੇਰ'।

(ਹੀਰ ਸਿਆਲ—ਸ਼ਟਫ)

## ਜਾਂ ਹੰਨੇ, ਜਾਂ ਬੰਨੇ।

**ਭਾਵ** :—ਕੋਈ ਅਜੇਹਾ ਕੰਮ ਕੀਤਾ ਜਾਵੇ ਜਿਹੜਾ ਜਾਂ ਤਾਂ ਤਾਰ ਦੇਵੇ ਜਾਂ ਰੋੜ੍ਹ।

**ਵਰਤੋਂ** :— ਹੁਣ ਸੋਚਣ ਦਾ ਕੀ ਲਾਭ! ਜਾਂ ਹੰਨੇ ਜਾਂ ਬੰਨੇ ਕਰੋ ਹੁਣ ਤਾਂ। (ਸੰਗ੍ਰ)

## ਜਾਂ ਕੁਆਰੀ ਤਾਂ ਚਾਉ, ਵੀਵਾਹੀ ਤਾਂ ਮਾਮਲ॥

**ਭਾਵ** :—ਜਦੋਂ ਕੁਆਰੀ ਸਾਂ, ਤਦ ਚਾਉ ਸੀ ਵਿਆਹ ਦਾ, ਪਰ ਵਿਆਹ ਹੁੰਦਿਆਂ ਹੀ ਜ਼ਿਮੇਵਾਰੀਆਂ ਸਿਰ ਤੇ ਆ ਪਈਆਂ। ਭਾਵ ਆਦਰਸ਼ ਓਦੋਂ ਤੀਕ ਹੀ ਚੰਗਾ ਲਗਦਾ ਹੈ, ਜਦ ਤਕ ਦੂਰ ਹੋਵੇ।

**ਵਰਤੋਂ** :—

ਜਾਂ ਕੁਆਰੀ ਤਾਂ ਚਾਉ ਵਿਵਾਹੀ ਤਾਂ ਮਾਮਲੇ।
ਫਰੀਦਾ ਇਹੋ ਪਛੋਤਾਉ ਵਤਿ ਕੁਆਰੀ ਨਾ ਥੀਐ।

(ਸ਼ਲੋਕ—ਸ਼ੇਖ ਫਰੀਦ)

## ਜਾਂ ਤਿੰਨ ਕਾਣੇ, ਨਹੀਂ ਤਾਂ ਪੌਂ ਬਾਰਾਂ।

**ਭਾਵ** :—ਜਾਂ ਘਾਟਾ, ਨਹੀਂ ਤਾਂ ਖੁਲ੍ਹੇ ਗੱਫੇ।

**ਵਰਤੋਂ** :—ਜਾਂ ਹੰਨੇ ਜਾਂ ਬੰਨੇ। ਜਾਂ ਤਿੰਨ ਕਾਣੇ ਜਾਂ ਪੌਂ ਬਾਰਾਂ, ਪਰ ਇਕ ਵੇਰ ਖੇਡ ਤਾਂ ਕਰ ਵੇਖੀਏ। (ਸੰਗ੍ਰ)

## ਜਾਂ ਬੋਲੈ ਤਾਂ ਬ੍ਰਹਮ ਗਿਆਨ।

**ਭਾਵ** :—ਭਲੇ ਆਦਮੀ ਸਦਾ ਹੀ ਵਿਚਾਰ ਦੀ ਗਲ ਕਰਦੇ ਹਨ।

**ਵਰਤੋਂ** :—ਉਹ ਮਹਾਂ ਪੁਰਖ 'ਜਾਂ ਬੋਲੈ, ਤਾਂ ਬ੍ਰਹਮ ਗਿਆਨ' ਇਸ ਲਈ ਉਹ ਗੰਦੀਆਂ ਹੋਲੀਆਂ ਵਿਚ ਗੰਦੀ ਜ਼ਬਾਨ ਕਿਥੋਂ ਲਿਆਵਨ ਤੇ ਕੀਕਰ ਕਢਣ?

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਜਾਂ ਰਹੀ ਮਾਈ ਕਾਲਕਾ ਜਾਂ ਰਿਹਾ ਸਾਲਗਰਾਮ ।**

**ਭਾਵ** :—ਜਦ ਪਤੀ ਪਤਨੀ ਵਿੱਚ ਹਰ ਵੇਲੇ ਲੜਾਈ ਛਿੜੀ ਰਹੇ ।

**ਵਰਤੋਂ** :—ਕੀ ਸੁੱਖ ਹੈ ਵਿਚਾਰਿਆਂ ਨੂੰ । ਹਰ ਵੇਲੇ ਬਸ ਤੂੰ ਤੂੰ ਮੈਂ ਮੈਂ ਹੁੰਦੀ ਰਹਿੰਦੀ ਹੈ ਘਰ ਵਿਚ 'ਜਾਂ ਰਹੀ ਮਾਈ ਕਾਲਕਾ ਜਾਂ ਰਿਹਾ ਸਾਲਿਗਰਾਮ' । ਸੁੱਖ ਸ਼ਾਂਤੀ ਤਾਂ ਪਰ ਲਾ ਕੇ ਉਡ ਗਈ ਹੈ । (ਸੰਗ੍ਰ)

**ਜਾਂ ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ ।**

**ਭਾਵ** :—ਜਦ ਤਕ ਕਿਸੇ ਨਾਲ ਵਰਤੋਂ ਵਿਹਾਰ ਨਾ ਕੀਤਾ ਜਾਵੇ, ਉਸਦਾ ਸੁਭਾ ਪਤਾ ਨਹੀਂ ਲਗਦਾ ।

**ਵਰਤੋਂ** :—ਮੈਨੂੰ ਕੀ ਪਤਾ ਸੀ, ਇਹ ਕਿਹੋ ਜਿਹਾ ਕੁਪੱਤਾ ਹੈ ? ਮੈਨੂੰ ਤਾਂ ਮਿਲਿਆ ਹੀ ਹੁਣੇ ਹੈ । 'ਜਾਂ ਰਾਹ ਪਿਆ ਜਾਣੀਏ, ਜਾਂ ਵਾਹ ਪਿਆ ਜਾਣੀਏ' । (ਸੰਗ੍ਰ)

**ਜਾਂਦਾ ਜਾਂਦਾ ਲਸ਼ਕਰੀ ਤੇ ਕਰ ਗਿਆ ਮਸ਼ਕਰੀ ।**

**ਭਾਵ** :—ਰਾਹੇ ਰਾਹੇ ਜਾਂਦਿਆਂ ਮਖ਼ੌਲ ਕਰ ਜਾਣਾ ।

**ਵਰਤੋਂ** :—ਉਹ ਵੀ ਆਦਤ ਤੋਂ ਮਜਬੂਰ ਹੈ । ਰਾਹ ਜਾਂਦਿਆਂ ਨੂੰ ਛੇੜਦਾ ਹੈ । 'ਜਾਂਦਾ ਜਾਂਦਾ ਲਸ਼ਕਰੀ ਤੇ ਕਰ ਗਿਆ ਮਸ਼ਕਰੀ' ਉਸ ਦਾ ਕੀ ਕਰੀਏ ? (ਸੰਗ੍ਰ)

**ਜਾਂਦੀਏ ਬਲਾਏ, ਦੁਪਹਿਰ ਕਟ ਜਾ ।**

**ਭਾਵ** :—ਟਲਦੀ ਖੇਚਲ ਜਾਣ ਬੁਝ ਕੇ ਆਪ ਸਹੇੜ ਲੈਣੀ ।

**ਵਰਤੋਂ** :—ਵੇਖੀ ਜੇ ਇਨ੍ਹਾਂ ਦੀ ਕਰਤੂਤ। ਨਾਲੇ ਤਾਂ ਇਹ ਮੇਰੇ ਘਰ ਆ ਕੇ ਮੇਰਾ ਸਮਾਂ ਨਸ਼ਟ ਕਰਨਾ ਚਾਹੁੰਦੇ ਨੇ ਤੇ ਨਾਲੇ ਮੇਰੇ ਸਿਰੋਂ ਰੁਕੜੇ ਪਾੜਨਾ ਚਾਹੁੰਦੇ ਹਨ । ਭਲਾ ਮੈਂ ਕੋਈ ਐਡਾ ਬੇ-ਸਮਝ ਹਾਂ ਕਿ ਜਾਣ ਬੁਝ ਕੇ ਇਨ੍ਹਾਂ ਨੂੰ ਨਿਉਂਦਾ ਦੇ ਕੇ ਮੁਸੀਬਤ ਸਿਰ ਲੈ ਲਵਾਂ । 'ਅਖੇ ਜਾਂਦੀਏ ਬਲਾਏ ਦੁਪਹਿਰ ਕਟ ਜਾ ।'

(ਲਲਕਾਰ—ਘਨੱਈਆ ਲਾਲ ਕਪੂਰ)

**ਜਾਂਦੇ ਚੋਰ ਦੀ ਲੰਗੋਟੀ ਹੀ ਸਹੀ ।**
**ਜਾਂ ਜਾਂਦੇ ਚੋਰ ਦੀ ਤੜਾਗੀ ਹੀ ਸਹੀ ।**

**ਭਾਵ** :—ਨੁਕਸਾਨ ਹੁੰਦੇ ਮਾਲ ਵਿਚੋਂ ਜੋ ਕੁਝ ਵੀ ਬਚ ਜਾਵੇ ਚੰਗਾ ਹੈ ।

**ਵਰਤੋਂ** :—ਇਸੇ ਲਈ ਉਹ ਕਈਆਂ ਦਿਨਾਂ ਤੋਂ ਸੋਚ ਰਿਹਾ ਸੀ ਕਿ ਭਾਵੇਂ ਮੈਂ ਪ੍ਰੇਮ ਦਾ ਝੁਗਾ ਚੌੜ ਕਰਨ ਵਿਚ ਕਸਰ ਨਹੀਂ ਛਡੀ, ਪਰ ਹੁਣ ਇਸ ਛੋਕਰ ਦੀ ਲੁਟ ਵਿਚੋਂ ਵੀ ਕੁਝ ਨਾ ਕੁਝ ਹੱਥ ਆਉਣਾ ਚਾਹੀਦਾ ਹੈ । 'ਜਾਂਦੇ ਚੋਰ ਦੀ ਲੰਗੋਟੀ ਜਿੰਨੀ ਹੀ ਸਹੀ' ਪਰ ਅਜੇ ਤਕ ਗੋਪਾਲ ਸਿੰਘ ਦਾ ਜੀ ਨਹੀਂ ਸੀ ਭਰਿਆ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਜਿੰਦ ਦਿੱਤੀ ਤਾਂ ਰੋਜ਼ੀ ਭੀ ਦੇਸੀ ।**

**ਭਾਵ** :—ਜਿਸ ਰੱਬ ਨੇ ਜੀਵਨ ਦਿੱਤਾ ਹੈ, ਉਹ ਰਿਜ਼ਕ ਵੀ ਦੇਵੇਗਾ ।

**ਵਰਤੋਂ** :—ਬਾਬਾ—ਬੇਟਾ ਘਾਬਰੋ ਨਹੀਂ । ਰੱਬ ਉਤੇ ਨਿਸਚਾ ਰਖੋ ਜਿਸ 'ਜਿੰਦ ਦਿੱਤੀ, ਰੋਜ਼ੀ ਭੀ ਦੇਸੀ' । (ਸੰ)

**ਜਿੰਦ ਦੀ ਭੀ ਜਿੰਦ ।**

**ਭਾਵ** —ਜ਼ਿੰਦਗੀ ਦਾ ਆਸਰਾ ।

**ਵਰਤੋਂ** :—ਉਹ ਪਿਆਰਾ ਮੇਰੀ 'ਜਿੰਦ ਦੀ ਜਿੰਦ' ਮੇਰੇ ਆਤਮਾ ਦਾ ਸ੍ਰੀ ਪ੍ਰਮਾਤਮਾ ਗੁਰੂ ਗੋਬਿੰਦ ਸਿੰਘ, ਮੈਂ ਉਨ੍ਹਾਂ ਦੇ ਹੁਕਮ ਨਾ ਮੰਨਾ ?

(ਬਿਜੈ ਸਿੰਘ, ਡਾ: ਭਾਈ ਵੀਰ ਸਿੰਘ)

**ਜਿੰਦੇ ਮੇਰੀਏ, ਮਿੱਟੀ ਦੀਏ ਢੇਰੀਏ ।**

**ਭਾਵ** :—ਸਰੀਰ ਨਾਸਵਾਨ ਹੈ ।

**ਵਰਤੋਂ :—**
ਜਿੰਦੇ ਮੇਰੀਏ, ਮਿਟੀ ਦੀਏ ਢੇਰੀਏ,
ਰੱਬ ਨੂੰ ਯਾਦ ਕਰ ਲੈ।
ਮੇਲਾ ਕੋਈ ਦਮ ਦਾ;
ਏਥੇ ਬੈਠ ਕਿਸੇ ਨਹੀਂ ਰਹਿਣਾ।
(ਸ਼ਰਫ਼ ਸੁਨੇਹੇ—ਫ਼ੀਰੋਜ਼ਦੀਨ ਸ਼ਰਫ਼)

# ਝ

## ਝਗਰੁ ਕੀਏ ਝਗਰਉ ਪਾਵਾ।

**ਭਾਵ :**—ਦੂਜੇ ਨਾਲ ਝਗੜਨ ਨਾਲ ਆਪਣੇ ਪਲੇ ਵੀ ਝਗੜਾ ਹੀ ਪੈਂਦਾ ਹੈ।

**ਵਰਤੋਂ :—**
ਕਤ ਲਖਿ ਲਖਿ ਅਉਰਨ ਸਮਝਾਵਾ ॥
ਝਗਰੁ ਕੀਏ, ਝਗਰਉ ਹੀ ਪਾਵਾ ॥
(ਗੁਰੂ ਗ੍ਰੰਥ—ਗਉੜੀ ਰਾਗ)

## ਝਟ ਚਟਣੀ ਪੱਟ ਦਾਲ। ਜਾਂ ਝਟ ਮੰਗਨੀ ਪੱਟ ਵਿਆਹ।

**ਭਾਵ :**—ਜਦ ਕੋਈ ਕੰਮ ਝਟ ਪੱਟ ਸਿਰੇ ਚੜ੍ਹ ਜਾਵੇ।

**ਵਰਤੋਂ :**—ਸਾਨੂੰ ਤਾਂ ਹੁਣ ਤਾਈਂ ਜੋਗ ਦੀ ਸ਼ਕਲ ਭੀ ਨਹੀਂ ਦਿਖਾਈ, ਤੇ ਉਸ ਰਾਣੀ ਖਾਂ ਦੇ ਸਾਲੇ ਦੀ 'ਝਟ ਮੰਗਨੀ ਪਟ ਵਿਆਹ' ਵਾਹ ਗੁਰੂ ਜੀ ਵਾਹ!
(ਹੀਰ ਸਿਆਲ—ਬਾਬੂ ਫ਼ੀਰੋਜ਼ ਦੀਨ ਸ਼ਰਫ਼)

## ਝਲੀ ਗਈ ਨਾਉਣ ਤੇ ਸੇਕ ਆਈ ਲਾਵਣ।

**ਭਾਵ :**—ਮੂਰਖ ਜੇ ਇਕ ਗੱਲ ਚੰਗੀ ਵੀ ਕਰੇ ਤਦ ਦੂਜੀ ਵਿਗਾੜ ਦੇਂਦਾ ਹੈ।

**ਵਰਤੋਂ :**—ਤੁਲਸਾਂ—ਨੀ ਸ਼ੀਲਾ! ਤੂੰ ਓਹੀ ਗਲ ਕੀਤੀ ਨਾ ਅਖੇ 'ਝਲੀ ਗਈ ਨਾਵਣ ਤੇ ਸੇਕ ਆਈ ਲਾਵਣ'। ਇਕ ਕੰਮ ਤਾਂ ਕਰ ਆਈ ਏਂ ਪਰ ਦੋਹਾਂ ਉਤੇ ਪਾਣੀ ਵੀ ਪਾ ਆਈ ਏਂ। (ਸੰ)

## ਝੜਿ ਝੜਿ ਪਵਦੇ ਕਚੇ ਬਿਰਹੀ, ਜਿਨਾ ਕਾਰਿ ਨ ਆਈ॥

**ਭਾਵ :**—ਕਚੇ ਪਿਆਰ ਵਾਲੇ ਝੜ ਜਾਂਦੇ ਹਨ, ਉਨ੍ਹਾਂ ਨੂੰ ਪ੍ਰੇਮ ਦੀ ਸਾਰ ਨਹੀਂ।

**ਵਰਤੋਂ :—**
ਰਤੇ ਸੇਈ ਜਿ ਮੁਖੁ ਨ ਮੋੜਨਿ,
ਜਿਨੀ ਸਿਞਾਤਾ ਸਾਈ॥
ਝੜਿ ਝੜਿ ਪਵਦੇ ਕਚੇ ਬਿਰਹੀ'
ਜਿਨਾ ਕਾਰਿ ਨ ਆਈ॥'
(ਗੁਰੂ ਗ੍ਰੰਥ—ਸਲੋਕ)

## ਝਾੜਿਆ ਝੰਬਿਆ, ਭੂਰਾ ਜਿਉਂ ਕਾ ਤਿਉਂ।

**ਭਾਵ:** —ਕਿਸੇ ਨੂੰ ਨਰਮ ਗਰਮ ਆਖਣ ਨਾਲ ਵੀ ਜਦ ਉਹ ਇਕੋ ਜਿਹਾ ਰਵ੍ਹੇ।

**ਵਰਤੋਂ :**—ਇਸ ਨੌਕਰ ਨਾਲ ਨਰਮ ਰਹੋ ਜਾਂ ਗਰਮ। ਇਸ ਨੂੰ ਕੁਝ ਨਹੀਂ ਪੋਂਹਦਾ, ਇਸ ਦਾ ਇਹ ਹਾਲ ਹੈ ਅਖੇ 'ਝਾੜਿਆ ਝੰਬਿਆ ਭੂਰਾ ਜਿਉਂ ਕਾ ਤਿਉਂ'। (ਸੰਗ੍ਰ)

## ਝੁਗਾ ਫੂਕ ਤਮਾਸ਼ਾ ਵੇਖਣਾ।

**ਭਾਵ :**—ਆਪਣਾ ਧਨ ਪਦਾਰਥ ਨਾਸ ਕਰਕੇ ਖੁਸ਼ ਹੋਣਾ।

**ਵਰਤੋਂ :—**
ਦਸਣ ਕਾਰਨ ਛਾਪ ਮਿਰਾਸਣ,
ਘਰ ਨੂੰ ਤੀਲੀ ਲਾਈ।
ਝੱਗਾ ਫੂਕ ਤਮਾਸ਼ਾ ਡਿੱਠਾ,
ਇਹ ਕਿਹੜੀ ਵਡਿਆਈ?
(ਨਵਾਬ ਖਾਨ—ਪ੍ਰਿੰ. ਜੋਧ ਸਿੰਘ)

## ਝੁੰਗੇ ਦੀ ਚੋਣ, ਤੇਲ ਤੇ ਲੂਣ।

**ਭਾਵ :**—ਘਟ ਮਿਹਨਤ ਵਾਲਾ ਕੰਮ, ਲਾਭਵੰਦ ਵੀ ਘਟ ਹੀ ਹੁੰਦਾ ਹੈ। (ਕਪਾਹ

ਦੀ ਆਖਰੀ ਚੋਣ ਦਾ ਮੁਲ ਘਟ ਹੁੰਦਾ ਹੈ)।

**ਵਰਤੋਂ** :—ਨੀ ਅੜੀਓ ! ਸਾਰਾ ਦਿਨ ਲਗੀਆਂ ਰਹੀਆਂ ਫੁੱਟੀ ਚੁਣਨ ਵਿੱਚ, ਪਰ ਸਾਡੇ ਹੱਥ ਪੱਲੇ ਕੁਝ ਵੀ ਨਹੀਂ ਜਾਪਦਾ, 'ਝੂੰਗੇ ਦੀ ਚੋਣ, ਤੇਲ ਤੇ ਲੂਣ' ਵਾਲਾ ਲੇਖਾ ਹੀ ਹੋਣਾ ਸੀ। ਕਪਾਹ ਦੀ ਫੁਟੀ ਦੀ ਆਖਰੀ ਚੋਣ ਜੋ ਸੀ। (ਸੰਗ੍ਰ)

## ਝੂਠ ਚਾਹੇ ਭੇਸ, ਸਚ ਕਹੇ ਮੈਂ ਨੰਗਾ ਭਲਾ।

**ਭਾਵ** :— ਝੂਠ ਨੂੰ ਛੁਪਾਣ ਲਈ ਕਈ ਹੀਲੇ ਬਹਾਨੇ ਕਰਨੇ ਪੈਂਦੇ ਹਨ, ਪਰ ਸੱਚ ਨੂੰ ਛੁਪਾਣ ਦੀ ਲੋੜ ਨਹੀਂ ਪੈਂਦੀ।

**ਵਰਤੋਂ** :—ਪੰਚ—ਸ਼ਾਹ ! ਸੱਚ ਕਹਿਣ ਵਿਚ ਕੋਈ ਝਿਜਕ ਨਹੀਂ ਹੁੰਦੀ, ਡਰ ਤਾਂ ਝੂਠ ਕਹਿਣ ਵਿਚ ਹੀ ਹੁੰਦਾ ਹੈ। 'ਝੂਠ ਚਾਹੇ ਭੇਸ, ਸੱਚ ਕਹੇ ਮੈਂ ਨੰਗਾ ਭਲਾ'। (ਸੰਗ੍ਰ)

## ਝੂਠ ਦੇ ਪੁੱਲ ਥੋੜੇ ਦਿਨ ਹੀ ਕਢਦੇ ਹਨ। ਜਾਂ ਝੂਠ ਦੇ ਪੈਰ ਨਹੀਂ ਹੁੰਦੇ। ਝੂਠ ਦੇ ਪੈਰ ਕਿਥੇ ?

**ਭਾਵ** :—ਝੂਠਾ ਬੰਦਾ ਇਕ ਥਾਂ ਖੜਾ ਨਹੀਂ ਰਹਿ ਸਕਦਾ।

**ਵਰਤੋਂ** :—ਦਸਖ਼ਤ ਤੁਹਾਡੀਆਂ ਰਸੀਦਾਂ ਨਾਲ ਮਿਲ ਗਏ ਹਨ, ਸੋ ਵੇਖ ਲਓ ਲਾਲਾ ਜੀ ! 'ਝੂਠ ਦੇ ਪੈਰ ਨਹੀਂ ਹੁੰਦੇ', ਸਚ ਨਿਤਰ ਆਇਆ ਹੈ। (ਸ੍ਰੀ ਚਰਣ ਹਰਿ ਵਿਸਥਾਰ—ਡਾ. ਬਲਬੀਰ ਸਿੰਘ)

## ਝੂਠੀ ਦੁਰਮਤਿ ਕੀ ਚਤੁਰਾਈ॥

**ਭਾਵ** :—ਦੋਬਾਜਰਾ ਝੂਠੀ ਚਤੁਰਤਾ ਵਿੱਚ ਹੀ ਲਗਾ ਰਹਿੰਦਾ ਹੈ।

**ਵਰਤੋਂ** :—ਇਹ ਠੀਕ ਹੈ, ਕਿ ਦੋਬਾਜਰਾ ਆਦਮੀ ਹਰ ਵੇਲੇ ਚਤੁਰਾਈ ਦੀਆਂ ਗੱਲਾਂ ਹੀ ਸੋਚਦਾ ਰਹਿੰਦਾ ਹੈ। ਗੁਰਵਾਕ ਹੈ 'ਝੂਠੀ ਦੁਰਮਤਿ ਕੀ ਚਤਰਾਈ' ਪਰ ਉਸ ਦੇ ਹੱਥ ਪਲੇ ਫਿਰ ਵੀ ਕੁਝ ਨਹੀਂ ਪੈਂਦਾ। (ਸੰਗ੍ਰ)

## ਝੂਠੇ ਦਾ ਦਾਰੂ ਘਈ ਘਈ। ਜਾਂ ਝੂਠੇ ਦਾ ਦਾਰੂ ਮਈ ਮਈ।

**ਭਾਵ** :—ਝੂਠਾ ਆਪਣਾ ਝੂਠ ਲੁਕਾਣ ਲਈ ਇਧਰ ਉਧਰ ਦੀਆਂ ਗੱਪਾਂ ਮਾਰਦਾ ਹੈ।

**ਵਰਤੋਂ** :— ਇੱਕ—ਕਿਹਰ ਸਿੰਘ ! ਜਦ ਤੂੰ ਪਿਆਰਾ ਸਿੰਘ ਨੂੰ ਮੇਰੀ ਬਾਬਤ ਚੁਗਲੀ ਕਰਨ ਲਈ ਪੁੱਛਿਆ, ਤਾਂ ਉਸ ਨੇ ਕੀ ਆਖਿਆ ? ਦੂਜਾ—ਆਖਣਾ ਕੀ ਸੀ ? ਝੂਠੇ ਦਾ ਘਈਂ ਘਈਂ। ਬੱਸ ਇਧਰ ਉਧਰ ਦੀਆਂ ਮਾਰਨ ਲਗ ਪਿਆ। (ਸੰਗ੍ਰ)

## ਝੂਠੇ ਦਾ ਮੂੰਹ ਕਾਲਾ।

**ਭਾਵ** :—ਝੂਠ ਬੋਲਣ ਵਾਲਾ ਖ਼ੁਆਰ ਹੁੰਦਾ ਹੈ।

**ਵਰਤੋਂ** :— ਠੀਕ ਹੈ ਝੂਠ ਤੇ ਪਾਪ ਫਲਦੇ ਬੜੇ ਹਨ ਪਰ 'ਝੂਠੇ ਦਾ ਮੂੰਹ ਕਾਲਾ' ਹੁੰਦਾ ਹੈ ਇਹ ਪਖੰਡੀ ਕਦੇ ਨਾ ਕਦੇ ਜ਼ਰੂਰ ਫਸੇਗਾ। (ਸੰਗ੍ਰ)

## ਝੋਟਿਆਂ ਦਾ ਭਿੜਨ ਤੇ ਝਾੜਾਂ ਦਾ ਉਜਾੜ।

**ਭਾਵ** :—ਜਦ ਤਕੜਿਆਂ ਦੀ ਲੜਾਈ ਵਿੱਚ ਮਾੜਿਆਂ ਦਾ ਨੁਕਸਾਨ ਹੁੰਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** —ਰਾਮ ਸਿੰਘ—ਸ਼ਾਹ ਜੀ ! ਦੋਵੇਂ ਪਾਰਟੀਆਂ ਤਕੜੀਆਂ ਹਨ, ਆਪੇ ਨਿਬੜ ਲੈਣਗੀਆਂ ਤੁਸੀਂ ਆਪਣੇ ਮੁੰਡੇ ਨੂੰ ਸਮਝਾ ਲਵੋ ਕਿਤੇ 'ਝੋਟਿਆਂ ਦਾ ਭਿੜਨ ਤੇ ਝਾੜਾਂ ਦਾ ਉਜਾੜ' ਵਾਲੀ ਗਲ ਨਾ ਹੋਵੇ ਤੇ ਵਿਚੇ ਉਹ ਰਗੜਿਆ ਜਾਵੇ। (ਸੰਗ੍ਰ)

## ਝੋਟਿਆਂ ਵਾਲਿਆਂ ਦੇ ਘਰੋਂ ਲੱਸੀ ਭਾਲਣੀ।

**ਭਾਵ** :—ਅਣਹੋਣੀ ਗੱਲ ਦੀ ਆਸ ਰਖਣੀ।

**ਵਰਤੋਂ** :—ਸ਼ਾਹ—ਸਰਦਾਰ ਜੀ, ਸੀਮਾ ਸਿੰਘ ਪਾਸੋਂ ਦੀ ਆਧ ਰਖਣੀ, 'ਝੋਟਿਆਂ ਵਾਲਿਆਂ ਘਰੋਂ ਲੱਸੀ ਭਾਲਣ' ਵਾਲੀ ਗਲ ਜਾਪਦੀ ਹੈ ਜੇ। ਉਸ ਦੇ ਪੱਲੇ ਤਾਂ ਫੁੱਟੀ ਕੌਡੀ ਵੀ ਨਹੀਂ। (ਸੰਗ੍ਰ)

# ਟ

**ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥**

**ਭਾਵ** :—ਸੇਵਾ ਕਰਨ ਦੀ ਪਦਵੀ ਉਸੇ ਨੂੰ ਮਿਲਦੀ ਹੈ, ਜਿਸ ਉਪਰ ਸ੍ਰੇਸ਼ਟ ਪੁਰਸ਼ ਕਿਰਪਾ ਕਰਨ ।

**ਵਰਤੋਂ** :—

ਟਹਲ ਮਹਲ ਤਾ ਕਉ ਮਿਲੈ,
ਜਾ ਕਉ ਸਾਧ ਕ੍ਰਿਪਾਲ ॥
ਸਾਧੂ ਸੰਗਤਿ ਭਉ ਬਸੈ,
ਜਉ ਆਪਨ ਹੋਹਿ ਦਇਆਲ ॥

(ਗੁਰੂ ਗ੍ਰੰਥ—ਗਤੇੜੀ ਬਾਬਨ ਅਖਰੀ)

**ਟੱਕੇ ਸਹਿਆ ਮਹਿੰਗਾ, ਰੁਪਈਏ ਸਹਿਆ ਸਸਤਾ ।**

**ਭਾਵ** :—ਪੈਸੇ ਪਲੇ ਨਾ ਹੋਣ, ਤਦ ਸਸਤੀ ਚੀਜ਼ ਵੀ ਮਹਿੰਗੀ ਜਾਪਦੀ ਹੈ ।

**ਵਰਤੋਂ** :—ਅਜ ਕਲ ਜ਼ਮੀਨਾਂ ਸਸਤੀਆਂ ਨੇ, ਪਰ ਪਲੇ ਹੋਣ ਦੀਆਂ ਗਲਾ ਨੇ, 'ਟਕੇ ਸਹਿਆ ਮਹਿੰਗਾ, ਰੁਪੀਏ ਸਹਿਆ ਸਸਤਾ ।' ਜਦ ਪੈਸੇ ਕੋਲ ਹੋਏ ਤਾਂ ਮਹਿੰਗੀਆਂ ਵੀ ਲੈ ਲਵਾਂਗੇ । (ਸੰਗ੍ਰ)

**ਟੱਕੇ ਦੀ ਹਾਂਡੀ ਗਈ ਤੇ ਕੁੱਤੇ ਦੀ ਜ਼ਾਤ ਪਰਖੀ ਗਈ ।**

**ਭਾਵ** :—ਥੋੜਾ ਜਿਹਾ ਨੁਕਸਾਨ ਕਰਕੇ ਵੱਡਾ ਸਿਖਿਆਦਾਇਕ ਤਜਰਬਾ ਹਾਸਲ ਕਰਨਾ ।

**ਵਰਤੋਂ** :—ਇਸ ਦਾ ਕਾਰਨ ਬਸ ਇਹ ਹੈ ਕਿ ਉਸ ਅਲ੍ਹੜ ਕੁੜੀ ਪਾਸੋਂ ਆਪਣਾ ਕੋਈ ਭੇਦ ਖੁਲ ਜਾਣ ਦਾ ਉਸ ਨੂੰ ਡਰ ਸੀ । ਚਲੋ ਇਹ ਚੰਗਾ ਹੋਇਆ ਕਿ 'ਟੱਕੇ ਦੀ ਹਾਂਡੀ ਗਈ ਤੇ ਕੁਤੇ ਦੀ ਜ਼ਾਤ ਪਛਾਤੀ ਗਈ' । ਨਹੀਂ ਤਾਂ ਖਬਰੇ ਕਿਹੜੇ ਕੰਡਿਆਂ ਵਿੱਚ ਘਸੀਟਦਾ ਫਿਰਨਾ ਸੀ ਮੈਂ ।

(ਟੁਟੀ ਵੀਣਾ—ਨਾਨਕ ਸਿੰਘ)

**ਟਟੂ ਭਾੜੇ ਕਰਨਾ ਹੈ ਤਾਂ ਕੁੜਮਾਂ ਦਾ ਹੀ ਕਰਨਾ ਹੈ ?**

**ਭਾਵ** :—ਜੇ ਕਿਸੇ ਚੀਜ਼ ਦੇ ਪੈਸੇ ਹੀ ਖਰਚਣੇ ਹਨ, ਤਾਂ ਅੰਗ ਸਾਕ ਦੀ ਮੁਥਾਜੀ ਦੀ ਕੀ ਲੋੜ ਹੈ ?

**ਵਰਤੋਂ** :—ਰਾਜ ਦੇਈ — ਮਾਸੀ ਜੀ, ਤੁਸੀਂ ਹੀ ਚਾ ਦਸੋ, ਜੇ ਪੈਸੇ ਹੀ ਖਰਚਣੇ ਹਨ, ਤਾਂ ਕਿਸੇ ਆਪਣੇ ਦੀ ਮਿੰਨਤ ਕਰਨ ਦੀ ਕੀ ਲੋੜ ? 'ਟੱਟੂ ਭਾੜੇ ਕਰਨਾ ਹੈ ਤਾਂ ਕੁੜਮਾਂ ਦਾ ਹੀ ਕਰਨਾ ਹੈ ?' (ਸੰਗ੍ਰ)

**ਟਟੂਆ ਗਿਆ ਪਤਾਂ ਨੂੰ, ਨਾ ਪਤ ਆਏ ਨਾ ਟਟੂਆ ।**

**ਭਾਵ** :—ਜਦ ਨਿਕੰਮਾ ਬੰਦਾ ਕਿਸੇ ਕੰਮ ਘਲਿਆ ਮੁੜਕੇ ਆਵੇ ਹੀ ਨਾ ।

**ਵਰਤੋਂ** :—ਚੌਧਰੀ—ਗੰਨੇ ਖ਼ਾਨ ਦਾ ਕੀ ਦੋਸ਼ ? ਉਹ ਹੈ ਹੀ ਇਹੋ ਜਿਹਾ । ਉਸ ਤੋਂ ਆਸ ਰਖਣੀ ਤੁਹਾਡੀ ਭੁਲ ਹੈ । ਉਸ ਉਤੇ ਤਾਂ ਇਹ ਕਹਾਵਤ ਢੁਕਦੀ ਹੈ ਅਖੇ 'ਟਟੂਆ ਗਿਆ ਪਤਾਂ ਨੂੰ, ਨਾ ਪਤ ਆਏ ਨਾ ਟਟੂਆ ।' (ਸੰ)

**ਟਟੂਆ ਖਾ ਗਿਆ ਬਟੂਆ, ਫਿਰ ਟਟੂਏ ਦਾ ਟਟੂਆ ।**

**ਭਾਵ** :—ਮਾੜੇ ਨੂੰ ਚੰਗਾ ਬਣਾਉਣ ਲਈ ਕਿਤਨਾ ਵੀ ਖਰਚ ਕੀਤਾ ਜਾਵੇ, ਪਰ ਉਹ ਫਿਰ ਵੀ ਮਾੜਾ ਹੀ ਰਹੇ ।

**ਵਰਤੋਂ** :—ਸ਼ਾਹ—ਸਰਦਾਰ ਜੀ ! ਤੁਸੀਂ ਤਾਂ ਮੁੰਡੇ ਨੂੰ ਤਕੜਾ ਕਰਨ ਲਈ ਬੜਾ ਕੁਝ ਖੁਆਇਆ ਪਿਆਇਆ ਪਰ ਉਹ ਉਹੋ ਜਿਹਾ ਹੀ ਰਿਹਾ । ਅਖੇ 'ਟਟੂਆ ਖਾ ਗਿਆ ਬਟੂਆ, ਫਿਰ ਟਟੂਏ ਦਾ ਟਟੂਆ ।' (ਸੰਗ੍ਰ)

**ਟੱਪਾ ਜ਼ਿਮੀਂ ਦਾ ਇੱਕ, ਤੇ ਨਾਂ ਜ਼ਿਮੀਦਾਰ ।**

**ਭਾਵ** :—ਹੱਥ ਪਲੇ ਕੁਝ ਨਾ ਹੋਣਾ ਤੇ ਅਖਵਾਨਾ ਬੜਾ ਵੱਡਾ ।

**ਵਰਤੋਂ** :—ਸ਼ਾਹ—ਓਏ, ਵੱਡਿਆ ਨਵਾਬਾ ! ਤੇਰੇ ਹੱਥ ਪਲੇ ਕੀ ਹੈ ਜੁ ਪਿੰਡ ਦਾ ਪੰਚ ਬਣੀ ਫਿਰਦਾ ਏਂ ? ਤੇਰਾ ਤਾਂ ਇਹ ਹਾਲ ਹੈ ਅਖੇ 'ਟਪਾ ਜ਼ਿਮੀ ਦਾ ਇੱਕ, ਤੇ ਨਾਂ ਜ਼ਿਮੀਂਦਾਰ ।' (ਸੰਗ੍ਰ)

## ਟਬੱਰ ਭੁੱਖਾ ਮਰੇ ਤੇ ਬੰਨਾਂ ਸੈਲਾਂ ਕਰੇ ।

**ਭਾਵ** :—ਘਰ ਖਾਣ ਨੂੰ ਨਾ ਹੋਵੇ ਤੇ ਘਰ ਵਾਲਾ ਲਾੜਾ ਸੈਰ ਕਰਦਾ ਫਿਰੇ ।

**ਵਰਤੋਂ** :—ਚਾਚੀ—ਬੱਚੀ ! ਤੂੰ ਹੀ ਕਿਸੇ ਵੇਲੇ ਆਪਣੇ ਮਾਲਕ ਨੂੰ ਸੁਮੱਤੇ ਲਾ, ਕਿ ਉਹ ਕੋਈ ਕੰਮ ਕਾਜ ਕਰੇ । ਸਾਨੂੰ ਤੁਸਾਡਾ ਇਹ ਹਾਲ ਵੇਖ ਕੇ ਸ਼ਰਮ ਪਈ ਆਉਂਦੀ ਹੈ ਅਖੇ 'ਟੱਬਰ ਭੁੱਖਾ ਮਰੇ ਤੇ ਬੰਨਾ ਸੈਲਾਂ ਕਰੇ' ਲੋਕੀ ਮਿਹਣੇ ਮਾਰਦੇ ਹਨ । (ਸੰਗ੍ਰ)

## ਟਾਹਲੀ ਦੇ ਤਿੰਨੇ ਪਤੇ, ਤੇ ਸਹੇ ਦੀਆਂ ਤਿੰਨੇ ਟੰਗਾਂ ।

**ਭਾਵ** :—ਜਦ ਜ਼ਿੱਦੀ ਬੰਦਾ ਕਿਸੇ ਤਰ੍ਹਾਂ ਵੀ ਜ਼ਿੱਦ ਨਾ ਛਡੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਦੀਵਾਨ ਚੰਦ—ਮਾਲਕ ਜੀ ਧੰਨੂੰ ਤਾਂ ਕਿਸੇ ਗਲੇ ਵੀ ਆਪਣੀ ਜ਼ਿਦ ਨਹੀਂ ਛਡਦਾ, ਉਸ ਦਾ ਤਾਂ ਇਹ ਹਾਲ ਹੈ ਅਖੇ 'ਟਾਹਲੀ ਦੇ ਤਿੰਨੇ ਪਤੇ, ਤੇ ਸਾਹੇ ਦੀਆਂ ਤਿੰਨੇ ਟੰਗਾਂ ।' (ਸੰਗ੍ਰ)

## ਟਾਕੀ ਕਪੜੇ ਦੀ ਸਿਰ ਤੇ, ਨਾਂ ਸਰਵਰਾਜ਼ ਖ਼ਾਨ ।

**ਭਾਵ** :—ਹੱਥ ਪਲੇ ਕੁਝ ਨਾ ਹੋਵੇ ਤੇ ਮੁਫ਼ਤ ਵਿਚ ਆਕੜਿਆ ਫਿਰੇ ।

**ਵਰਤੋ** :—ਯਾਰ, ਤੈਨੂੰ ਕਈ ਵਾਰੀ ਸਿਖ ਮਤ ਦਿੱਤੀ ਹੈ ਕਿ ਤੇਰੇ ਹਥ ਪਲੇ ਤਾਂ ਕੁਝ ਨਹੀਂ ਤੇ ਤੂੰ ਮੁਫ਼ਤ ਦੀ ਆਕੜ ਨਾ ਕੀਤਾ ਕਰ, ਪਰ ਤੇਰਾ ਇਹ ਹਾਲ ਹੈ ਅਖੇ 'ਟਾਕੀ ਕਪੜੇ ਦੀ ਸਿਰ ਤੇ, ਨਾਂ ਸਰਵਰਾਜ ਖ਼ਾਨ ।' (ਸੰਗ੍ਰ)

## ਟਿੱਕੇ ਵਾਲਾ ਬਾਣੀਆ, ਕਛ ਵਾਲਾ ਜੱਟ, ਕੁੰਡੇ ਵਾਲਾ ਪਨਸੇਰਾ, ਤਿੰਨੇ ਪਿੰਡ ਦਾ ਪਟ ।

**ਭਾਵ** :—ਧਰਮ ਦਾ ਪਖੰਡ ਕਰਨ ਵਾਲੇ ਦੁਕਾਨਦਾਰ ਤੇ ਕਿਰਸਾਨ ਲੋਕਾਂ ਨੂੰ ਠੱਗਦੇ ਹਨ । ਇਵੇਂ ਹੀ ਕੁੰਡ ਵਾਲਾ ਡੋਲ ਜਿਸ ਨਾਲੋਂ ਦੇਣ ਵੇਲੇ ਕੁੰਡਾ ਲਾਹ ਲਿਆ ਤੇ ਲੈਣ ਵੇਲੇ ਚਾੜ੍ਹ ਲਿਆ ।

**ਵਰਤੋਂ** :—ਬਈ, ਠੱਗੀ ਬਜ਼ਾਰ ਵਿੱਚ ਦਿਸਦੀ ਨਹੀਂ, ਇਹ ਧਰਮ ਦੇ ਭੇਖ ਵਿਚ ਤੁਰਦੀ ਹੈ 'ਟਿਕੇ ਵਾਲਾ ਬਾਣੀਆ, ਕਛ ਵਾਲਾ ਜੱਟ, ਕੁੰਡੇ ਵਾਲਾ ਪਨਸੇਰਾ, ਤਿੰਨੇ ਪਿੰਡ ਦਾ ਪਟ ।' (ਸੰਗ੍ਰ)

## ਟਿਡੀ ਟੱਪੇਗੀ ਤੇ ਪਹਾੜ ਢਾਹੇਗੀ ।

**ਭਾਵ** :—ਆਦਮੀ ਹੋਵੇ ਤਾਂ ਮਾੜਾ ਤੇ ਬੇਹਿੰਮਤਾ ਤੇ ਲਾਫ਼ਾਂ ਬੜੀਆਂ ਮਾਰੇ ।

**ਵਰਤੋਂ** :—ਹੀਰ — ਖਵਰ ਹੋ ਗਈ ਤੇ ਕਿਹੜੀ ਨਿਆਮਤ ਆਵੇਗੀ । ਟਿੱਡੀ ਟਪੇ ਤੇ ਪਹਾੜ ਢਾਹ ਦੇਵੇਗੀ ? ਜਾ ਜਾ ਉਸ ਨਵਾਬ ਖਾਨ ਖਰਾਬ ਨੂੰ ਸਾਡੇ ਵਲੋਂ ਜਾ ਕੇ ਵੰਗਾਰ ਦੇਵੀਂ । ਪਈ ਜੇਕਰ ਦਿਲ ਵਿਚ ਕੋਈ ਘੁਮੰਡ ਹੋਵੇ, ਤਾਂ ਬੇਸ਼ਕ ਮੈਦਾਨ ਵਿਚ ਹੱਥ ਵਖਾਵੇ ਤੇ ਬੇੜੀ ਲੈ ਜਾਵੇ । (ਹੀਰ ਸਿਆਲ—ਸ਼ਰਫ਼)

## ਟਿਡੀਆਂ ਨੂੰ ਵੀ ਮੱਮੇ ਲਗ ਪਏ ਨੇ ।

**ਵਰਤੋਂ** :—ਮਾੜਿਆਂ ਨੂੰ ਵੀ ਤਾਕਤ ਵਾਲੇ ਕੰਮ ਕਰਨ ਦੀ ਹਿੰਮਤ ਹੋ ਗਈ ਹੈ ।

**ਵਰਤੋਂ** :—ਸਹਿਤੀ—ਹਲਾ ਟਿੱਡੀਆਂ ਨੂੰ ਵੀ ਮੱਮੇ ਲਗ ਗਏ ? ਤੇਰੇ ਜਿਹੇ ਮੰਗਤੇ ਜੇਕਰ ਉਠਕੇ ਸਾਉਜ਼ਾਦੀਆਂ ਦੀ ਹੱਥੀਂ ਪੈਣ ਲਗ ਪਏ, ਤਾਂ ਤੇ ਗਲ ਈ ਆਈ ਗਈ । (ਹੀਰ ਸਿਆਲ—ਸ਼ਰਫ਼)

## ਟਿੱਡੀਆਂ ਵੀ ਮੱਕੇ ਜਾਣ ਲਗ ਪਈਆਂ ।

**ਭਾਵ** :—ਜਦੋਂ ਬੇ ਹਿੰਮਤੀਆਂ ਨੂੰ ਹਿੰਮਤ ਕਰਨ ਦਾ ਤ੍ਰਾਣ ਹੋ ਜਾਵੇ ।

**ਵਰਤੋਂ** :—ਰੂਪ ਲਾਲ—ਇਕ ਵਾਰੀ ਤਾਂ ਰੱਜ ਕੇ ਬੁਲ੍ਹੇ ਲੁੱਟ ਲੈਣੋ ਨੇ ਅਜ ।

ਤਾਇਆ—ਓਏ ਬਸ ਕਰ ਟਿਡੀਆਂ ਵੀ ਮਕੇ ਜਾਣ ਲਗ ਪਈਆਂ। ਤੁਸੀਂ ਤਾਂ ਸੱਪ ਵਾਂਗ ਫ਼ੈਠੇ ਹੋ ਮਾਇਆ ਤੇ ।

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲ ਦੀਨ)

## ਟਿਬੈ ਨੀਰ ਨ ਠਾਹਰੈ ਘਣ ਵਰਸ ਗਇਓਸ ॥

**ਭਾਵ** :—ਉਚਿਆਂ ਥਾਂਵਾਂ ਤੇ ਪਾਣੀ ਨਹੀਂ ਠਹਿਰਦਾ, ਭਾਵੇਂ ਕਿੰਨਾ ਮੀਂਹ ਵਸ ਗਿਆ ਹੋਵੇ। ਭਾਵ ਹੰਕਾਰੀ ਦੇ ਹੱਥ ਪਲੇ ਕੁਝ ਨਹੀਂ ਪੈਂਦਾ।

**ਵਰਤੋਂ** :—

ਸਾਸ ਫਲਹੁ ਇਕ ਵਿਗੜੈ ਤਰਵਰ ਕੀ ਦੋਸ ॥
ਟਿਬੈ ਨੀਰ ਨ ਠਾਹਰੈ ਘਣ ਵਰਸ ਗਇਓ ॥
(ਵਾਰਾਂ—ਭਾਈ ਗੁਰਦਾਸ)

## ਟੁੱਕਰ ਖਾਂਦੇ ਦਿਨ ਵਲਾਏ, ਕਪੜੇ ਪਾਟੇ ਘਰ ਨੂੰ ਆਏ ।

**ਭਾਵ** :—ਕਿਸੇ ਨੂੰ ਪਰਦੇਸ ਜਾਂ ਅੰਗ ਸਾਕ ਪਾਸ ਪੁੱਜਣ ਨਾਲ ਵੀ ਕਮਾਈ ਵਿਚ ਕੋਈ ਫ਼ਰਕ ਨਾ ਪਵੇ ਤੇ ਮੁੜ ਭੈੜੀ ਅਵਸਥਾ ਵਿਚ ਹੀ ਘਰ ਨੂੰ ਮੁੜ ਆਵੇ ।

**ਵਰਤੋਂ** :—ਤੁਸਾਂ ਸੈਰ ਤਾਂ ਬੜੀ ਕੀਤੀ, ਬੜੇ ਅੰਗਾਂ ਸਾਕਾਂ ਪਾਸ ਵੀ ਰਹੇ ਪਰ ਤੁਸਾਡੀ ਕਮਾਈ ਵਿਚ ਤਾਂ ਕੋਈ ਵਾਧਾ ਨਹੀਂ ਦਿਸਿਆ, ਤੁਸਾਡਾ ਤਾਂ ਇਹ ਹਿਸਾਬ ਹੈ ਕਿ 'ਟੁਕਰ ਖਾਂਦੇ ਦਿਨ ਵਲਾਏ, ਕਪੜੇ ਪਾਟੇ ਘਰ ਨੂੰ ਆਏ। (ਸੰਗ੍ਰ)

## ਟੁੱਟੀ ਟਹਿਣੀ ਨੂੰ ਕੋਈ ਨਹੀਂ ਪੁਛਦਾ ।

**ਭਾਵ** :—ਬੇ ਆਸਰੇ ਦੀ ਕੋਈ ਕਦਰ ਨਹੀਂ ਕਰਦਾ ।

**ਵਰਤੋਂ** :—

ਪੇਕੇ ਤੇ ਸਹੁਰੇ ਘਰ ਆਦਰ ਹੀ ਆਦਰ ਸੀ,
ਸਦਕੇ ਕੋਈ ਜਾਂਦਾ ਸੀ ਚਿਹਰੇ ਇਸ ਭੋਲੇ ਤੋਂ,
ਪੁਛਦਾ ਨਹੀਂ ਹੁਣ ਕੋਈ ਟੁੱਟੀ ਹੋਈ ਟਹਿਣੀ ਨੂੰ ।
(ਕੇਸਰ ਕਿਆਰੀ—ਧਨੀ ਰਾਮ ਚਾਤ੍ਰਿਕ)

## ਟੁੱਟੀ ਨੂੰ ਕੌਣ ਗੰਢੇ ?

**ਭਾਵ** :—ਮੌਤ ਨੂੰ ਕੋਈ ਨਹੀਂ ਰੋਕ ਸਕਦਾ ।

**ਵਰਤੋਂ** :—ਭੈਣ ਜੀ ! ਕਾਕੇ ਦਾ ਬਥੇਰਾ ਇਲਾਜ ਕੀਤਾ, ਪਰ ਹੁਕਮ ਕਰਤਾਰ ਦਾ। ਟੁੱਟੀ ਨੂੰ ਕੌਣ ਗੰਢ ਸਕਦਾ ਹੈ ? (ਸੰਗ੍ਰ)

## ਟੁੱਟੀ ਪੀਂਘੈ ਪੀਂਘਐ, ਪੈ ਟੋਇ ਮਰੀਐ ।

**ਭਾਵ** :—ਟੁੱਟੀ ਪੀਂਘ ਦੇ ਝੂਟੇ ਲੈਂਦਿਆਂ ਮੌਤ ਆ ਜਾਂਦੀ ਹੈ ।

**ਵਰਤੋਂ** :—

ਕੱਲਰ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ ॥
ਟੁੱਟੀ ਪੀਂਘੈ ਪੀਂਘੀਐ ਪੈ ਟੋਇ ਮਰੀਐ ॥
(ਵਾਰਾਂ—ਭਾਈ ਗੁਰਦਾਸ ਜੀ)

## ਟੁਟੀਆਂ ਬਾਹਾਂ ਗਲੇ ਨੂੰ ਆਉਂਦੀਆ ਨੇ ।

**ਭਾਵ** :—ਆਪਣੇ ਮਾੜੇ ਵੀ ਔਖੇ ਵੇਲੇ ਕੰਮ ਆਉਂਦੇ ਹਨ ।

**ਵਰਤੋਂ** :—ਦੋਸਤ ਭਰਾ ਨੂੰ ਇੰਜ ਨਾ ਦੁਰਕਾਰਿਆ ਕਰ, ਆਖ਼ਿਰ ਖ਼ੂਨ ਤਾਂ ਆਪਣਾ ਹੀ ਹੈ। ਸਿਆਣਿਆਂ ਨੇ ਆਖਿਆ ਹੈ—ਟੁੱਟੀਆਂ ਬਾਹੀਂ ਗਲੇ ਨੂੰ ਆਉਂਦੀਆਂ ਹਨ। (ਸੰਗ੍ਰ)

## ਟੁੱਟੇ ਫੁੱਟੇ ਨਾ ਮਿਲਣ, ਕੁਲ ਕੰਚਨ ਕੀ ਰੀਤ ।

**ਭਾਵ** :—ਟੁੱਟੇ ਦਿਲ ਤੇ ਟੁੱਟਾ ਸੋਨਾ ਮੁੜਕੇ ਪਹਿਲਾਂ ਵਾਂਗ ਨਹੀਂ ਜੁੜਦੇ ।

**ਵਰਤੋਂ** :—ਜੇ ਪਿਛੋਂ ਮਿਲਾਪ ਹੀ ਕਰਨਾ ਸੀ, ਤਾਂ ਪਹਿਲਾਂ ਉਸ ਦਾ ਦਿਲ ਕਿਉਂ ਤੋੜਨਾ ਸੀ ? ਟੁੱਟੇ ਫੁੱਟੇ ਨਾ ਮਿਲਣ, ਕੁਲ ਕੰਚਨ ਕੀ ਰੀਤ। ਦਿਲ ਟੁਟੇ ਵੀ ਕਦੀ ਮੁੜ ਪਹਿਲਾਂ ਵਾਂਗ ਜੁੜੇ ਹਨ ? (ਸੰਗ੍ਰ)

## ਟੁੱਟੇ ਰਾਸ ਨਾ ਆਉਂਦੇ, ਗੰਢ ਗੰਢੀਲੇ ਹੋਏ।

**ਭਾਵ** :—ਦੋ ਰੁਸਿਆਂ ਹੋਇਆਂ ਸਜਣਾਂ ਨੂੰ ਮੇਲ ਵੀ ਦਿੱਤਾ ਜਾਵੇ, ਤਾਂ ਉਨ੍ਹਾਂ ਦੇ ਦਿਲ ਵਿਚੋਂ ਵੱਟ ਨਹੀਂ ਜਾਂਦਾ।

**ਵਰਤੋਂ** :—ਸਜਣੀ, ਤੁਸੀਂ ਤਾਂ ਦੋਹਾਂ ਦਾ ਮੁੜ ਮਨੇਵਾ ਕਰਵਾ ਦਿੱਤਾ; ਪਰ ਉਹ ਫਿਰ ਝਗੜ ਪਈਆਂ, ਸਿਆਣਿਆਂ ਨੇ ਸੱਚ ਕਿਹਾ ਹੈ ਕਿ 'ਟੁੱਟੇ ਰਾਸ ਨਾ ਆਉਂਦੇ, ਗੰਢ ਗੰਢੀਲੇ ਹੋਏ।' (ਸੰਗ੍ਰ)

## ਟੂਟੀ ਗਢਨਹਾਰ ਗੋਪਾਲ ॥

**ਵਰਤੋਂ** :—ਵਾਹਿਗੁਰੂ ਟੁਟਿਆਂ ਨੂੰ ਗੰਢਦਾ ਹੈ, ਜਾਂ ਥੋੜੀ ਉਮਰ ਵਾਲਿਆਂ ਨੂੰ ਬਹੁਤੀ ਉਮਰ ਦੇਂਦਾ ਹੈ।

**ਵਰਤੋਂ** :—

ਟੂਟੀ ਗਾਂਢਨਹਾਰ ਗੋਪਾਲ ॥
ਸਰਬ ਜੀਆ ਆਪੇ ਪ੍ਰਤਿਪਾਲ ॥
(ਗੁਰੂ ਗ੍ਰੰਥ—ਗਉੜੀ ਸੁਖਮਨੀ)

## ਟੂਟੀ ਪਰੀਤਿ ਗਈ ਬੁਰ ਬੋਲਿ ॥

**ਭਾਵ** :—ਪਿਆਰ ਬੁਰਾ ਬੋਲ ਬੋਲਣ ਨਾਲ ਟੁਟ ਜਾਂਦਾ ਹੈ।

**ਵਰਤੋਂ** :—

ਟੂਟੀ ਪਰੀਤਿ ਗਈ ਬੁਰ ਬੋਲਿ ॥
ਦੁਰਮਤਿ ਪਰ ਹਰਿ ਛਾਡੀ ਢੋਲਿ ॥
(ਗੁਰੂ ਗ੍ਰੰਥ—ਰਾਗ ਰਾਮਕਲੀ)

## ਟੂਟੀ ਨਿੰਦਕ ਕੀ ਅਧ ਬੀਚ ॥

**ਭਾਵ** :—ਨਿੰਦਕ ਦੀ ਅਧਵਾਟਿਓਂ ਹੀ ਟੁਟ ਜਾਂਦੀ ਹੈ।

**ਵਰਤੋਂ** :—

ਟੂਟੀ ਨਿੰਦਕ ਕੀ ਅਧਬੀਚ ॥
ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੁਚੀ ਮੀਚ ॥
(ਗੁਰੂ ਗ੍ਰੰਥ—ਸਾਰੰਗ ਰਾਗ)

## ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥

**ਭਾਵ** :—ਫੋਕੀ ਆਕੜ ਦਸਣੀ।

**ਵਰਤੋਂ** :—

ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥
ਭਾਉ ਭਗਤਿ ਸਿਉ ਕਾਜ ਨ ਕਛੂਐ ਮੇਰੋ ਕਾਮੁ ਦੀਵਾਨ ॥' (ਗੁਰੂ ਗ੍ਰੰਥ—ਕੇਦਾਰਾ ਰਾਗ)

## ਟਿੰਡ ਦਾਣੇ, ਘੁਰਾਟੀ ਸਾਈਆਂ।

ਵੇਖੋ :—ਜ਼ਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ।

**ਭਾਵ** :—ਹੱਥ ਪਲੇ ਨਾਂ ਮਾਤਰ ਹੋਣਾ ਤੇ ਦਸਣਾ ਬਹੁਤ ਕੁਝ ਬਣ ਬਣਾ ਕੇ।

**ਵਰਤੋਂ** :—ਨੂਰ ਨਿਸ਼ਾਂ 'ਟਿੰਡ ਦਾਣੇ, ਘੁਰਾਟੀ ਸਾਈਆਂ' ਹਥ ਪਲੇ ਤਾਂ ਸਾਵਣ ਦੇ ਕੁੱਝ ਵੀ ਨਹੀਂ ਤੇ ਨਖਰਾ ਐਡਾ ਕਰਦਾ ਏ ਕਿ ਰਹੇ ਨਾਮ ਰੱਬ ਦਾ। (ਸੰ)

## ਟਿੰਡਾਂ ਕਦੇ ਭਰੀਆਂ, ਕਦੇ ਸਖਣੀਆਂ।

**ਭਾਵ** :—ਕਦੀ ਕੰਮ ਨੇਪਰੇ ਚੜ੍ਹ ਜਾਂਦਾ ਹੈ ਕਦੀ ਨਹੀਂ। ਕਦੀ ਦੁਖ ਮਿਲਦਾ ਹੈ, ਕਦੀ ਸੁਖ।

**ਵਰਤੋਂ** :—ਮਹਾਤਮਾ—ਮਾਈ ਜੀ, ਨਿਰਾਸ ਨਾ ਹੋਵੋ, ਭਗਵਾਨ ਭਲੀ ਕਰੇਗਾ। ਵੇਖੋ ਨਾ, ਸਿਆਣਿਆਂ ਦਾ ਵੀ ਕਿਹਾ ਹੈ ਕਿ ਟਿੰਡਾਂ ਕਦੇ ਭਰੀਆਂ ਕਦੇ ਸਖਣੀਆਂ ਆਉਂਦੀਆਂ ਹਨ। ਸਾਰੇ ਦਿਨ ਇਕੋ ਜਿਹੇ ਨਹੀਂ ਹੁੰਦੇ। (ਸੰਗ੍ਰ)

## ਟੁੰਡੀ ਬਾਂਹ ਤੇ ਚੂੜੀਆਂ ਦੀ ਚਾਹ।

**ਭਾਵ** :—ਜਿਸ ਚੀਜ਼ ਲਈ ਯੋਗਤਾ ਹੀ ਨਾ ਹੋਵੇ, ਉਸਦੀ ਚਾਹ ਕਰਨੀ ।

**ਵਰਤੋਂ** :—ਸੁੱਖਾ ਸਿੰਘ--ਜਦੋਂ ਵੇਖੋ, ਉਸ ਦਾ ਮੁੰਡਾ ਬੂਟ ਦੀ ਹੀ ਮੰਗ ਪਾਂਦਾ ਹੈ। ਪੈਰ ਵਿਚਾਰੇ ਦੇ ਟੁੰਡੇ ਹਨ, ਪਰ ਹਿਰਖ ਕਿਤਨੀ ਹੈ ? ਇਸ ਦਾ ਤਾਂ ਇਹੀ ਹਾਲ ਹੈ ਅਖੇ 'ਟੁੰਡੀ ਬਾਂਹ ਤੇ ਚੂੜੀਆਂ ਦੀ ਚਾਹ ।' (ਸੰਗ੍ਰ)

**ਟਿੰਡਾਂ ਪਥਨ ਨ ਜਾਣਦਾ ਤੇ ਮਘੀਆਂ ਦਾ ਉਸਤਾਦ । ਜਾਂ ਟਿੰਡਾਂ ਘੜਨ ਨ ਜਾਣੇ ਤੇ ਮਘੀਆਂ ਦਾ ਉਸਤਾਦ ।** ਵੇਖੋ :—ਮੰਤਰ ਨ ਹੋਇ ਅਠੂਹਿਆਂ ਹੱਥ ਸੱਪੀ ਪਾਵੈ ।

**ਭਾਵ** :—ਜਾਣਦਾ ਕੁਝ ਨਾ ਹੋਵੇ ਤੇ ਵਡਾ ਕਾਰੀਗਰ ਬਣ ਬਣ ਦਸੇ ।

**ਵਰਤੋਂ** :—ਸੁਦਾਗਰ ਸਿੰਘ ਜਦ ਅਠਵੀਂ ਜਮਾਤ ਨੂੰ ਪੜ੍ਹਾਉਣ ਲਗਾ ਤਦ ਦੋ ਮਿੰਟਾ ਮਗਰੋਂ ਹੀ ਘਾਬਰ ਗਿਆ । ਉਸ ਦਾ ਸਾਥੀ ਬੋਲ ਪਿਆ ਉਹ ਤਾਂ ਪੰਜਵੀਂ ਨੂੰ ਵੀ ਨਹੀਂ ਸੀ ਪੜ੍ਹਾ ਸਕਦਾ । ਉਸ ਦੀ ਤਾਂ ਉਹ ਗਲ ਹੈ 'ਟਿੰਡਾਂ ਪਥ ਨਾ ਜਾਣਦਾ, ਮਘੀਆਂ ਦਾ ਉਸਤਾਦ ।' (ਸੰ)

# ਠ

**ਠੱਗਣਹਾਰ ਅਣਠਗਦਾ ਠਾਗੈ ॥**

**ਭਾਵ** :—ਮਾਇਆ ਜੀਵ ਨੂੰ ਠਗਦੀ ਹੈ ।

**ਵਰਤੋਂ** :—

ਠਗਣਹਾਰ ਅਣਠਗਦਾ ਠਾਗੈ ॥
ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥
(ਗੁਰੂ ਗ੍ਰੰਥ—ਰਾਮਕਲੀ ਰਾਗ)

**ਠਗਿ ਮੁਠੀ ਕੂੜਿਆਰ ਬੰਨ ਚਲਾਈਐ ।**

**ਭਾਵ** :—ਕੂੜੀ ਦੁਨੀਆਂ ਠੱਗੀ ਜਾ ਕੇ ਲੁਟੀ ਜਾਂਦੀ ਹੈ ਅਤੇ ਬੰਨ੍ਹ ਕੇ ਧਕੀ ਜਾਂਦੀ ਹੈ ।

**ਵਰਤੋਂ** :—

'ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ ॥
ਠਗਿ ਮੁਠੀ ਕੂੜਿਆਰ ਬੰਨ ਚਲਾਈਐ ॥
(ਗੁਰੂ ਗ੍ਰੰਥ—ਆਸਾ ਰਾਗ)

**ਠਗੈ ਸੇਤੀ ਠਗੁ ਰਲਿ ਆਇਆ ਸਾਥ ਭਿ ਇਕੋ ਜਿਹਾ ॥**

**ਭਾਵ** :—ਭੈੜਾ ਆਦਮੀ ਆਪਣੇ ਸਾਥੀ ਵੀ ਭੈੜੇ ਹੀ ਚੁਣਦਾ ਹੈ ।

**ਵਰਤੋਂ** :—

'ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ
ਇਕੋ ਜਿਹਾ ॥ ਸਤਿਗੁਰੁ ਸਰਾਫ ਨਦਰੀ
ਵਿਚ ਦੋ ਕਢੈ ਤਾਂ ਉਘੜਿ ਆਇਆ ਲੋਹਾ ॥'
(ਗੁਰੂ ਗ੍ਰੰਥ—ਰਾਗ ਰਾਮਕਲੀ)

**ਠਠਿਆਰਾਂ ਦੀ ਗਾਗਰ ਚੋਂਦੀ ।**

**ਭਾਵ** :—ਆਪਣੇ ਘਰ ਦੀ ਪਰਵਾਹ ਨਾ ਕਰਨੀ ਤੇ ਦੂਜਿਆਂ ਦਾ ਕੰਮ ਕਰੀ ਜਾਣਾ ।

**ਵਰਤੋਂ** :—ਰਖੀ—ਭੈਣ ਕੀ ਪੁਛਦੀ ਏਂ, ਨਿੱਕੇ ਦੇ ਪਿਉ ਦਾ ਤਾ ਅਖੇ 'ਠਠਿਆਰਾਂ ਦੀ ਗਾਗਰ ਚੋਂਦੀ' ਵਾਲਾ ਹਾਲ ਏ । ਘਰ ਦੇ ਕਿਸੇ ਕੰਮ ਦੀ ਪਰਵਾਹ ਨਹੀਂ ਕਰਦਾ, ਪਰ ਦੂਜਿਆਂ ਦੇ ਸੁਆਰਦਾ ਰਹਿੰਦਾ ਹੈ । (ਸੰਗ੍ਰ)

**ਠਾਕਰ ਕੇ ਸੇਵਕ ਕੈ ਮਨਿ ਪਰਤੀਤਿ ।**

**ਭਾਵ** :—ਮਾਲਕ ਹਰੀ ਦੇ ਸੇਵਕ ਦੇ ਅੰਦਰ ਰੱਬ ਦਾ ਦਿੜ ਵਿਸ਼ਵਾਸ ਹੁੰਦਾ ਹੈ ।

**ਵਰਤੋਂ** :—

ਠਾਕਰ ਕੇ ਸੇਵਕ ਕੈ ਮਨਿ ਪਰਤੀਤਿ ॥
ਠਾਕਰ ਕੇ ਸੇਵਕ ਕੀ ਨਿਰਮਲ ਰੀਤਿ ॥
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਠਾਕੁਰ ਤੁਝ ਬਿਨੁ ਬੀਆ ਨਾ ਹੋਰ ॥**

**ਭਾਵ** :—ਹੇ ਮਾਲਕ ਹਰੀ ਤੇਰੇ ਬਿਨਾਂ ਦੂਸਰਾ ਕੋਈ ਨਹੀਂ।

**ਵਰਤੋਂ** :—

ਠਾਕਰ ਤੁਝ ਬਿਨੁ ਬੀਆ ਨਾ ਹੋਰ।
ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਾਰੀ ਓਰ।
(ਗੁਰੂ ਗ੍ਰੰਥ—ਰਾਗ ਗੁਜਰੀ)

**ਠਾਕੁਰ ਭਾਣੀ ਸਾ ਗੁਣਵੰਤੀ, ਤਿਨ ਹੀ ਸਭ ਰੰਗ ਮਾਣਾ ॥**

**ਭਾਵ** :—ਮਾਲਕ ਹਰੀ ਨੂੰ ਜਿਹੜੀ ਚੰਗੀ ਲਗਦੀ ਹੈ ਉਹੀ ਗੁਣਵਾਨ ਹੈ ਤੇ ਉਸੇ ਲਈ ਹੀ ਸਾਰੇ ਸੁਖ ਮੰਗਦੇ ਹਨ।

**ਵਰਤੋਂ** :—

ਠਾਕਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥ ਨਾਨਕ ਦੀ ਧਰ ਤੂੰਹੈਂ ਠਾਕਰ ਤੂ ਨਾਨਕ ਕਾ ਮਾਣਾ ॥
(ਗੁਰੂ ਗ੍ਰੰਥ—ਸੂਹੀ ਰਾਗ)

**ਠਾਕੁਰ ਮਾਨੇ ਸੇ ਪਰਧਾਨੇ ॥**

**ਭਾਵ** :—ਜਿਹੜੇ ਮਾਲਕ ਨੇ ਪਰਵਾਨ ਕੀਤੇ ਹਨ, ਓਹੀ ਵੱਡੇ ਹਨ, ਪ੍ਰਧਾਨ ਹਨ।

**ਵਰਤੋਂ** :—

ਠਾਕਰੁ ਮਾਨੇ ਸੇ ਪਰਧਾਨੇ
ਹਰਿ ਸੇਤੀ ਰੰਗਿ ਰਾਤੇ ॥
ਹਰਿ ਰਸਹਿ ਅਘਾਏ ਸਹਜਿ ਸਮਾਏ
ਘਟਿ ਘਟਿ ਰਮਈਆ ਜਾਤੇ ॥
(ਗੁਰੂ ਗ੍ਰੰਥ—ਵਡਹੰਸ ਰਾਗ)

**ਠਾਕੁਰਿ ਏਕੁ ਸਬਾਈ ਨਾਰਿ ॥**

**ਭਾਵ** :—ਮਾਲਕ (ਰੱਬ) ਇੱਕ ਹੈ। ਹੋਰ ਸਾਰੇ ਲੋਕ ਉਸ ਦੀਆਂ ਇਸਤ੍ਰੀਆਂ ਵਾਂਗ ਹਨ, ਭਾਵ ਤਾਬਿਆਦਾਰ ਹਨ।

**ਵਰਤੋਂ** :—

ਠਾਕੁਰੁ ਏਕੁ ਸਬਾਈ ਨਾਰਿ ॥
ਬਹੁਤੇ ਵੇਸ ਕਰੇ ਕੂੜਿਆਰ ॥
(ਗੁਰੂ ਗ੍ਰੰਥ—ਰਾਮਕਲੀ ਰਾਗ)

**ਠਾਕੁਰਿ ਹਾਥਿ ਵਡਿਆਈਆਂ, ਜੈ ਭਾਵੈ ਤੈ ਦੇਇ ॥**

**ਭਾਵ** :—ਇਜ਼ੱਤ ਜਾਂ ਵਡਿਆਈ ਮਾਲਕ ਹਰੀ ਦੇ ਆਪਣੇ ਹੱਥ ਹੈ। ਜਿਸਨੂੰ ਚਾਹੁੰਦਾ ਹੈ ਦੇਂਦਾ ਹੈ।

**ਵਰਤੋਂ** :—

ਬਿਰਲੌ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥
ਠਾਕੁਰਿ ਹਾਥ ਵਡਿਆਈਆਂ ਜੈ ਭਾਵੈ ਤੈ ਦੇਇ ॥
(ਗੁਰੂ ਗ੍ਰੰਥ—ਰਾਮਕਲੀ ਰਾਗ)

**ਠੁਲੇ ਕਪੜੇ, ਹੰਡਨ ਚੰਗੇ।**

**ਭਾਵ** :—ਜੇ ਮਨੁਖ ਸਰੀਰ ਦੇ ਰਿਸ਼ਟ ਪੁਸ਼ਟ ਹੋਣ, ਉਹ ਚੰਗਾ ਕੰਮ ਦੇਂਦੇ ਹਨ।

**ਵਰਤੋਂ** :—ਅਸੀਂ ਫੂਕ ਫੂਕ ਕੇ ਨਹੀਂ ਖਾਂਦੇ ਨਾ ਸੋਚ ਸੋਚ ਕੇ ਜੀਊਂਦੇ ਹਾਂ। ਸ੍ਰੀਰ ਨੂੰ ਸਾਧ ਕੇ ਰਖਿਆ ਹੋਇਆ ਹੈ ਕਿਉਂ ਜੁ ਠੁਲੇ ਕਪੜੇ, ਹੰਡਣ ਚੰਗੇ। ਸੋ ਜੋ ਮਿਲਦਾ ਹੈ, ਹੱਸ ਕੇ ਲੈਂਦੇ ਹਾਂ। (ਸੰਗ੍ਰ)

**ਠੂਹਿਆਂ ਦੀ ਕਤਾਰ, ਸਭੋ ਸਰਦਾਰ।**

**ਭਾਵ** :—ਭੈੜੇ ਮਨੁਖਾਂ ਵਿੱਚੋਂ ਜਿਸ ਨੂੰ ਵੀ ਛੇੜੋ ਦੁਖਦਾਈ ਸਾਬਤ ਹੋਵੇਗਾ।

**ਵਰਤੋਂ** :—ਅੜਵੈਂਗਾਂ ਦਾ ਇੱਕ ਟੋਲਾ ਮੌਜਾਂ ਮਾਣਦਾ ਜਾ ਰਿਹਾ ਸੀ। ਕਿਸੇ ਨੇ ਪੁਛਿਆ ਤੁਸਾਡਾ ਜਥੇਦਾਰ ਕਿਹੜਾ ਹੈ? ਇੱਕ ਨੇ ਉੱਤਰ ਵਿਚ ਕਿਹਾ, 'ਠੂਹਿਆਂ ਦੀ ਕਤਾਰ, ਸਭੋ ਸਰਦਾਰ'। ਅਸੀਂ ਸਾਰੇ ਹੀ ਆਪੋ ਆਪਣੀ ਥਾਂ ਜਥੇਦਾਰ ਹਾਂ। (ਸੰਗ੍ਰ)

## ਡ

**ਡਗਨ ਗਡ ਤੇ ਮਲੂਰ ਪਾ, ਐਸ਼ਾਂ ਕਰਦਾ ਘਰ ਨੂੰ ਜਾਹ।**

**ਭਾਵ** :—ਕਣਕ ਚੰਗੀ ਬੀਜ ਤੇ ਰੂੜੀ ਪਾ, ਫਿਰ ਮੌਜਾਂ ਪਿਆ ਕਰ ।

**ਵਰਤੋਂ** :—ਜੇ ਜ਼ਿਮੀਂਦਾਰ ਬੀਜ ਚੰਗਾ ਪਾਵੇ ਤੇ ਪੈਲੀਆਂ ਵਿੱਚ ਰੂੜੀ ਵੀ ਤਾਂ ਫਿਰ ਮੌਜਾਂ ਹਨ । ਸਿਆਣਿਆਂ ਨੇ ਠੀਕ ਹੀ ਕਿਹਾ ਹੈ 'ਡਗਨ ਗਡ ਤੇ ਮਲੂਰ ਪਾ, ਐਸ਼ਾਂ ਕਰਦਾ ਘਰ ਨੂੰ ਜਾਹ ।' (ਸੰਗ੍ਰ)

**ਡੱਡ ਚੜ੍ਹੀ ਢੀਮੇ, ਆਖੇ ਮੈਂ ਕਸ਼ਮੀਰ ਡਿਠਾ ।**

**ਭਾਵ** :—ਖੂਹ ਦਾ ਡਡੂ । ਤੰਗ ਨਜ਼ਰ ਮਨੁਖ ਲਈ ਵਰਤਦੇ ਹਨ ਜੋ ਡੀਂਗਾਂ ਮਾਰੇ ।

**ਵਰਤੋਂ** :—ਤੁਹਾਡੇ ਭਾਣੇ ਤੇ ਤੁਹਾਡੇ ਪਿੰਡ ਤੋਂ ਸੁੰਦਰ ਤੇ ਕੋਈ ਸ਼ਹਿਰ ਹੀ ਨਹੀਂ ਹੋ ਸਕਦਾ । 'ਡਡ ਚੜ੍ਹੀ ਢੀਮੇ, ਆਖੇ ਮੈਂ ਕਸ਼ਮੀਰ ਡਿੱਠਾ' । (ਸੰਗ੍ਰ)

**ਡਡ ਟਪੂਸੀ ਕੰਙਣੀ, ਡਾਂਗੋ ਡਾਂਗ ਕਪਾਹ, ਲੇਫ ਦੀ ਬੁਕਲ ਮਾਰਕੇ ਛਲੀਆਂ ਵਿੱਚ ਦੀ ਜਾਹ ।**

**ਭਾਵ** :—ਕੰਙਣੀ ਥੋੜੀ ਥੋੜੀ ਵਿਥ ਤੇ, ਕਪਾਹ ਡਾਂਗ ਡਾਂਗ ਜਿਨੀ ਵਿਥ ਤੇ ਅਤੇ ਮਕਈ ਕਾਫ਼ੀ ਵਿਥ ਤੇ ਬੀਜਾਈ ਸਮੇਂ ਬੀਜੋ ।

**ਵਰਤੋਂ** :—ਓਹੀ ਚੀਜ਼ ਇੱਕ ਨੂੰ ਮਾੜੀ, ਇੱਕ ਨੂੰ ਚੰਗੀ । ਹਰ ਚੀਜ਼ ਇੱਕੋ ਗਜ਼ ਨਾਲ ਨਹੀਂ ਨਾਪਣੀ ਚਾਹੀਦੀ :

'ਡੱਡ ਟਪੂਸੀ ਕੰਙਣੀ ਡਾਂਗੋ ਡਾਂਗ ਕਪਾਹ,
ਲੇਫ ਦੀ ਬੁਕਲ ਮਾਰ ਕੇ ਛਲੀਆਂ ਵਿੱਚ ਦੀ ਜਾਹ ।
(ਸੰਗ੍ਰ)

**ਡੱਡਾਂ ਦੀ ਪਨਸੇਰੀ ਕਦੀ ਇਕ ਤੇ ਕਦੀ ਢੇਰੀ ।**

**ਭਾਵ** :—ਨਿਰਾਰਥ ਗਲ ਜਿਸ ਦਾ ਕੁੱਝ ਨਾ ਬਣੇ ।

**ਵਰਤੋਂ** :—

ਏਹ ਦੁਨੀਆਂ ਹੈ ਮੂੰਹ-ਟਡੂਆਂ ਦੀ,
ਪੰਸੇਰੀ ਹੈ, ਇਹ ਡਡੂਆਂ ਦੀ ।
ਹੈ ਭਰੀ ਬੂਰ ਦੇ ਲਡੂਆਂ ਦੀ,
ਉੱਚ ਪਦਵੀ ਹੈ ਜਗ-ਡਡੂਆਂ ਦੀ ।
ਹੁਣ ਸ਼ੌਕ ਸੁਰਗ ਦੇ ਘਰ ਦਾ ਹੈ ।
ਮਰ ਜਾਣ ਨੂੰ ਦਿਲ ਕਰਦਾ ਹੈ ।
(ਬਾਦਸ਼ਾਹੀਆਂ—ਹਰਚਰਨ ਸਿੰਘ)

**ਡੱਡੂ ਚਿਕੱੜ ਵਾਸ ਹੈ ਕਵਲੈ ਨਾ ਸਿਵਾਣੈ ।**

**ਭਾਵ** :—ਡੱਡੂ ਦਾ ਵਾਸਾ ਚਿਕੜ ਵਿਚ ਹੈ । ਕੰਵਲ ਵੀ ਉੱਥੇ ਹੀ ਰਹਿੰਦਾ ਹੈ, ਪਰ ਡੱਡੂ ਨੂੰ ਕੰਵਲ ਦੀ ਪਛਾਣ ਨਹੀਂ । ਭਾਵ, ਮਾੜਾ ਚੰਗੇ ਦੇ ਕੋਲ ਰਹਿਦਾ ਹੋਇਆ ਵੀ ਉਸਦੀ ਸਾਰ ਨਹੀਂ ਜਾਣਦਾ ।

**ਵਰਤੋਂ** :—

ਡੱਡੂ ਚਿਕੜ ਵਾਸ ਹੈ, ਕੰਵਲੈ ਨ ਸਿਵਾਣੈ ।
ਨਾਭਿ ਕਥੂਰੀ ਮਿਰਗ ਦੇ ਫਿਰਦਾ ਹੈਰਾਣੈ ।
(ਵਾਰਾਂ—ਭਾਈ ਗੁਰਦਾਸ)

**ਡਰਕ ਡਰਕ ਮੋਈ ਤੇ ਪੇਕੇ ਨਾ ਪੁਨੀ ।**

**ਭਾਵ** :—ਜਦੋਂ ਪੂਰਾ ਤ੍ਰਾਣ ਲਾਉਣ ਤੇ ਵੀ ਮੁਰਾਦ ਪੂਰੀ ਨਾ ਹੋਵੇ ।

**ਵਰਤੋਂ** :—ਸ਼ਾਹ ! ਤੂੰ ਵੀ ਤ੍ਰਾਣ ਤਾਂ ਪੂਰਾ ਲਾ ਚੁਕਾ ਜਾਪਦਾ ਹੈਂ ਪਰ ਤੇਰੀ ਮੁਰਾਦ ਪੂਰੀ ਨਹੀਂ ਹੋਈ । ਤੇਰੀ ਤਾਂ ਇਹ ਹਾਲਤ ਹੈ ਕਿ 'ਡਰਕ ਡਰਕ ਮੋਈ ਤੇ ਪੇਕੇ ਨਾ ਪੁਨੀ' । (ਸੰਗ੍ਰ)

**ਡਰਦਾ ਕੀ ਨਾ ਕਰਦਾ ।** ਵੇਖ :—ਮਰਦਾ ਕੀ ਨਾ ਕਰਦਾ ।

**ਭਾਵ** :—ਡਰ ਦਾ ਮਾਰਿਆ ਬੰਦਾ ਸਭੋ ਕੁਝ ਕਰ ਗੁਜ਼ਰਦਾ ਹੈ ।

**ਵਰਤੋਂ** :—ਥਾਣੇਦਾਰ—ਸੱਚ ਹੈ, 'ਡਰਦਾ ਕੀ ਨਾ ਕਰਦਾ' ਡਰ ਦੇ ਮਾਰੇ ਲੋਕੀ ਕਈ ਨਾ ਕਹਨ ਵਾਲੀਆਂ ਗਲਾਂ ਵੀ ਕਰ ਬਹਿੰਦੇ ਹਨ । (ਸੰਗ੍ਰ)

**ਡਰਦੀ ਹਰ ਹਰ ਕਰਦੀ ।**

**ਭਾਵ** :—ਜਦ ਕਿਸੇ ਦੇ ਭੈ ਵਿੱਚ ਕੋਈ ਕੰਮ ਕਰੀ ਜਾਵੇ ।

**ਵਰਤੋਂ** :—ਹੋਰ ਤਾਂ ਹੋਰ, ਆਪਣੇ ਮਾਲਕ ਨੂੰ ਵੀ ਉਹ ਇਸ ਤਰ੍ਹਾਂ ਆੜੇ ਹੱਥੀਂ ਲੈਂਦੀ ਹੈ ਕਿ ਸੀਤਾ ਰਾਮ ਵਿਚਾਰਾ ਡਰਦਾ ਹੈ । ਹਰ ਹਰ ਕਰਦਾ ਹੈ । (ਲਵ ਮੈਰਜ—ਨਾਨਕ ਸਿੰਘ)

**ਡਾਇਣ ਮਾਣਸ ਖਾਵਣੀ, ਪੁਤ ਬੁਰਾ ਨ ਮੰਗੈ ।**

**ਭਾਵ** :—ਡਾਇਣ ਭਾਵੇਂ ਮਨੁਖਾਂ ਨੂੰ ਖਾ ਜਾਂਦੀ ਹੈ, ਪਰ ਆਪਣੇ ਪੁਤਰ ਦਾ ਬੁਰਾ ਨਹੀਂ ਮੰਗਦੀ । ਭਾਵ, ਮਾਂ ਪਿਉ ਕਿੰਨੇ ਵੀ ਮਾੜੇ ਹੋਣ ਔਲਾਦ ਨਾਲ ਫਰਜ਼ ਪੂਰੀ ਤਰ੍ਹਾਂ ਨਿਭਾਂਦੇ ਹਨ ।

**ਵਰਤੋਂ** :—

ਡਾਇਣ ਮਾਣਸ ਖਾਵਣੀ, ਪੁਤਾ ਬੁਰਾ ਨਾ ਮੰਗੈ ।
ਵਡਾ ਵਿਕਰਮੀ ਆਖੀਐ, ਧੀ ਭੈਣਹੁ ਸੰਗੈ ।
(ਵਾਰਾਂ—ਭਾਈ ਗੁਰਦਾਸ)

**ਡਾਹ ਦਿੱਤੇ ਚੋਰ ਨਹੀਂ ਮਰਦਾ ।**

**ਭਾਵ** :—ਚੋਰ ਨੂੰ ਤਾੜਨਾ ਹੋ ਜਾਣ ਤੇ ਹੀ ਉਹ ਕਾਬੂ ਵਿਚ ਨਹੀਂ ਆਉਂਦਾ ।

**ਵਰਤੋਂ** :—ਚੌਕੀਦਾਰਾ, 'ਡਾਹ ਦਿਤੇ ਚੋਰ ਨਹੀਂ ਮਰਦਾ' ਉਸ ਨੂੰ ਤਾਂ ਡੰਡਾ ਹੀ ਸਿੱਧਾ ਕਰਦਾ ਹੈ । (ਸੰਗ੍ਰ)

**ਡਾਚੀ ਕੀਤਾ ਵੀਹ ਕੋਹ, ਤੇ ਟੋਡੀ ਕੀਤਾ ਤ੍ਰੀਹ ਕੋਹ ।**

**ਭਾਵ** :—ਝੂਠੀਆਂ ਡੀਂਗਾਂ ਮਾਰਨੀਆਂ । ਜਿਸ ਉਤੇ ਮਨੁਖ ਨਿਰਭਰ ਹੋਵੇ, ਉਸ ਤੋਂ ਅਗੇ ਵਧਣ ਦੀ ਗੱਪ ਮਾਰਨੀ ।

**ਵਰਤੋਂ** :—ਅਖੇ 'ਡਾਚੀ ਕੀਤਾ ਵੀਹ ਕੋਹ, ਤੇ ਟੋਡੀ ਕੀਤਾ ਤ੍ਰੀਹ ਕੋਹ' । ਅਸੀਂ ਸਾਰਾ ਹੀਜ ਪਿਆਜ ਜਾਣਨੇ ਆਂ । (ਸੰਗ੍ਰ)

**ਡਾਢਾ ਮਾਰੇ ਵੀ ਤੇ ਰੋਣ ਵੀ ਨਾ ਦੇਵੇ ।**

**ਭਾਵ** :—ਜ਼ੋਰਾਵਰ ਇਕ ਤਾਂ ਮਾਰੇ, ਦੂਜਾ ਬੋਲਣ ਵੀ ਨਾ ਦੇਵੇ ।

**ਵਰਤੋਂ** :—ਭਰਾਵਾ, ਜ਼ੋਰਾਵਰ ਨਾਲ ਬਰਾਬਰੀ ਕਾਹਦੀ ? 'ਡਾਢਾ ਮਾਰੇ ਵੀ ਤੇ ਰੋਣ ਵੀ ਨਾ ਦੇਵੇ' । (ਸੰ)

**ਡਾਢੇ ਦਾ ਸੱਤੀਂ ਵੀਹੀ ਸੌ ।**

**ਭਾਵ** :—ਜ਼ੋਰਾਵਰ ਮਾੜਿਆਂ ਉਪਰ ਸਦਾ ਵਧੀਕੀ ਕਰਦਾ ਹੈ ।

**ਵਰਤੋਂ** :—ਕੁੜੀ ਡਰ ਨਾਲ ਸਹਿਮ ਗਈ ਤੇ ਟੁੱਟੇ ਜਿਹੇ ਦਿਲ ਨਾਲ ਬੋਲੀ—ਕਿਉਂ ? ਪੁਤ ! ਡਾਢਿਆਂ ਦਾ ਸੁਣਿਆ ਨਹੀਂ ਸਤੀ ਵੀਹੀਂ ਸੌ ਹੁੰਦਾ ਏ । ਉਹ ਕਹਿੰਦੇ ਹੁੰਦੇ ਨੇ, ਜੇ ਕਮੀਨ ਜਾਤਾਂ ਵੀ ਪੜ੍ਹ ਗਈਆਂ ਤੇ ਫੇਰ ਉਨ੍ਹਾਂ ਦੇ ਕੰਮ ਧੰਦੇ ਕੌਣ ਕਰਿਆ ਕਰੂ ?

(ਚਿਟਾ ਲਹੂ—ਨਾਨਕ ਸਿੰਘ)

**ਡਾਢੇ ਨਾਲ ਭਿਆਲੀ, ਉਹ ਮੰਗੇ ਹਿੱਸਾ (ਲਹਿਣਾ) ਉਹ ਕਢੇ ਗਾਲੀ । ਜਾਂ ਡਾਢਿਆਂ ਮਾੜਿਆਂ ਕਿਹਾ ਲੇਖਾ । ਜਾਂ ਡਾਢੇ ਨਾਲ ਰਾਧੀ ਤਾਂ ਕਹੀ ਮਨ ਵਿਚ ਸ਼ਾਦੀ ।**

**ਭਾਵ** :—ਜ਼ੋਰਾਵਰ ਤੇ ਮਾੜੇ ਦੀ ਭਿਆਲੀ ਨਹੀਂ ਚਲਦੀ ।

**ਵਰਤੋਂ** :—

ਜਿਸ ਨਾਲ ਫ਼ਕੀਰਾਂ ਨੇ ਅੜੀ ਬੱਧੀ,
ਉਹ ਆਪਣਾ ਆਪ ਵਗੋ ਗਿਆ ।
ਐਵੇਂ ਡਾਢਿਆਂ ਮਾੜਿਆਂ ਕੇਹਾ ਲੇਖਾ,
ਉਸ ਖੋਹ ਲਿਆ, ਉਹ ਰੋ ਪਿਆ ।
(ਹੀਰ—ਵਾਰਸ ਸ਼ਾਹ)

**ਡਿਗ ਡਿਗ ਕੇ ਹੀ ਸਵਾਰ ਹੋਈਦਾ ਹੈ ।**

**ਭਾਵ** :—ਹਰ ਹੁਨਰ ਦੇ ਸਿਖਣ ਵਿੱਚ

ਦੁਖ ਝੱਲਣ ਪੈਂਦੇ ਹਨ ।

**ਵਰਤੋਂ** :—ਕੋਈ ਫ਼ਿਕਰ ਦੀ ਗਲ ਨਹੀਂ । ਮੁੱਢ ਵਿੱਚ ਗਲਤੀਆਂ ਹੋ ਹੀ ਜਾਂਦੀਆਂ ਹਨ । 'ਡਿਗ ਡਿਗ ਕੇ ਹੀ ਸਵਾਰ ਹੋਈਦਾ ਹੈ ।' ਹੌਂਸਲਾ ਨਾ ਛਡੋ । (ਸੰਗ੍ਰ)

**ਡਿੱਗੀ ਖੋਤੇ ਤੋਂ ਤੇ ਗੁਸਾ ਘੁਮਿਆਰ ਤੇ ।**

**ਭਾਵ** :—ਕਸੂਰ ਕਿਸੇ ਦਾ ਹੋਵੇ ਤੇ ਸਜ਼ਾ ਕੋਈ ਹੋਰ ਭੁਗਤੇ ।

**ਵਰਤੋਂ** :—ਕੰਮ ਤਾਂ ਅਮੀਕ ਸਿੰਘ ਨੇ ਵਿਗਾੜਿਆ ਤੇ ਠੁਕ ਗਈਆਂ ਮੈਨੂੰ । ਮੇਰੇ ਨਾਲ ਤਾਂ ਉਹ ਗੱਲ ਹੋਈ ਹੈ ਅਖੇ ਡਿੱਗੀ ਖੋਤੇ ਤੋਂ, ਗੁੱਸਾ ਘੁਮਿਆਰ ਤੇ । (ਸੰਗ੍ਰ)

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**

**ਭਾਵ** :—ਸਾਰਾ ਜਗਤ ਵੇਖ ਲਿਆ ਹੈ, ਨਾਮ ਹਰੀ ਸਿਮਰਨ ਬਿਨਾ ਸੁਖ ਨਹੀਂ ।

**ਵਰਤੋਂ** :—

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥
(ਗੁਰੂ ਗ੍ਰੰਥ—ਗਉੜੀ ਰਾਗ)

**ਡਿੱਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**

**ਭਾਵ** :—ਸਾਰੇ ਟਿਕਾਣੇ ਡਿਠੇ ਹਨ ਪਰ ਤੇਰੇ ਵਰਗੀ ਸੁੰਦਰ ਥਾਂ ਹੋਰ ਕੋਈ ਨਹੀ । ਅੰਮ੍ਰਿਤਸਰ ਬਾਰੇ ਕਿਹਾ ।

**ਵਰਤੋਂ** :—

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
(ਗੁਰੂ ਗ੍ਰੰਥ—ਫੁਨਹੇ)

**ਡਿਠੇ ਮੁਕਤਿ ਨਾ ਹੋਵਈ ॥**

**ਭਾਵ** :—ਨਿਰਾ ਦਰਸ਼ਨ ਕਰਨ ਨਾਲ ਮੁਕਤੀ ਨਹੀਂ ਮਿਲ ਜਾਂਦੀ । ਘਾਲ ਜਾਂ ਵੀਚਾਰ ਕਰਨੀ ਪੈਂਦੀ ਹੈ ।

**ਵਰਤੋਂ** :—

ਡਿਠੈ ਮੁਕਤਿ ਨਾ ਹੋਵਈ,
ਜਿਚਰੁ ਸਬਦਿ ਨ ਕਰੇ ਵੀਚਾਰ ॥
(ਗੁਰੂ ਗ੍ਰੰਥ—ਵਾਰ ਵਡਹੰਸ)

**ਡੁਬ ਮੁਏ ਬਗ ਬਪੁੜੇ ਸਿਰ ਤਲਿ ਉਪਰਿ ਪਾਉ ॥**

**ਭਾਵ** :—ਪਾਖੰਡੀ ਬਗਲੇ ਨਾਸ਼ ਹੋ ਜਾਂਦੇ ਹਨ ।

**ਵਰਤੋਂ** :—

ਹੰਸਾ ਵੇਖਿ ਤਰੰਦਿਆਂ ਬਗਾ ਭਿ ਆਯਾ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥
(ਗੁਰੂ ਗ੍ਰੰਥ—ਵਾਰ ਵਡਹੰਸ)

**ਡੁਬਦੇ ਸੂਰਜ ਨੂੰ ਕਦੀ ਕਿਸੇ ਪਾਣੀ ਦਿੱਤਾ ?**

**ਭਾਵ** :—ਹਰ ਕੋਈ ਤਾਕਤ ਤੇ ਰਸੂਖ ਵਾਲੇ ਦੀ ਹੀ ਖੁਸ਼ਾਮਦ ਕਰਦਾ ਹੈ ।

**ਵਰਤੋਂ** :—ਬਾਬਾ—ਓਇ ਮੂਰਖੋ ! ਡੁਬਦੇ ਸੂਰਜ ਨੂੰ ਕਦੇ ਕਿਸੇ ਪਾਣੀ ਦਿਤਾ ? ਜਿਸ ਦੀ ਤਾਕਤ ਹੋਵੇ, ਲੋਕੀ ਉਸੇ ਨੂੰ ਹੀ ਸਲਾਮ ਕਰਦੇ ਨੇ । (ਸੰਗ੍ਰ)

**ਡੁਬਦੇ ਨੂੰ ਤੀਲੇ ਦਾ ਸਹਾਰਾ ।**

**ਭਾਵ** :—ਦੁਖ ਵਿੱਚ ਮਨੁਖ ਮਾੜੇ ਤੋਂ ਮਾੜਾ ਸਹਾਰਾ ਢੂੰਡਦਾ ਹੈ ।

**ਵਰਤੋਂ** :—ਖਤ੍ਰੀ— ਬੀਬੀ, ਤੇਰੇ ਬਚਨ ਅਜੇਹੇ ਕੋਮਲ ਤੇ ਮਿੱਠੇ ਹਨ, ਜੁ ਮੇਰੇ ਘਾਇਲ ਮਨ ਉਤੇ ਮਲ੍ਹਮ ਦਾ ਕੰਮ ਕਰਦੇ ਹਨ । ਡੁਬਦੇ ਨੂੰ ਤੀਲੇ ਦਾ ਸਹਾਰਾ । ਕੋਈ ਢੰਗ ਮੇਰੇ ਪਾਸ ਆਪਣੇ ਬਚਾ ਦਾ ਨਹੀਂ ਰਿਹਾ ।

(ਸੁੰਦਰੀ—ਭਾਈ ਵੀਰ ਸਿੰਘ)

**ਡੁੱਬੀ (ਮੋਈ) ਤਦੇ ਜੇ ਸਾਹ ਨਾ ਆਇਆ ।**

**ਭਾਵ** :—ਜਦ ਹੱਥ ਪਲੇ ਕੁੱਝ ਨ ਰਹੇ

ਜਾਂ ਬੰਦਾ ਅਤਿ ਨਿਤਾਣਾ ਹੋ ਜਾਵੇ ਤੇ ਉਸ ਦੇ ਕਾਰਨ ਕੋਈ ਮਾੜੀ ਗੱਲ ਕਰ ਬੈਠੇ ਜਾਂ ਚੰਗੀ ਗੱਲ ਨਾ ਕਰ ਸਕੇ।

**ਵਰਤੋਂ** :—ਤਾਂ 'ਫਿਰ ਮੈਨੂੰ ਵੀ ਨਾਲ ਲੈ ਚਲੋ'। ਫੇਰ ਓਹਾ ਬਾਲਾਂ ਵਾਲਾ ਅੜੀ। ਮੈਂ ਚਲਣ ਨੂੰ ਇਨਕਾਰ ਕੀਤਾ ਏ, ਪਰ, ਡੁੱਬੀ ਤਾਂ ਜੇ ਸਾਹ ਨਾ ਆਇਆ। ਆਪਣੇ ਜੋਗਾ ਕਰਾਇਆ ਤੇ ਕੁਝ ਤੇਰੇ ਮਹੀਨੇ ਕੁ ਦੇ ਗੁਜ਼ਾਰੇ ਜੋਗੇ ਪੈਸੇ ਪੂਰੇ ਕਰਨ ਲਈ ਹੀ ਤਾਂ ਮੈਂ ਕੁਝ ਵੇਚਨ ਲੱਗਾ ਹਾਂ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਡੁਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ।**

**ਭਾਵ** :—ਜਦ ਨੁਕਸਾਨ ਦੀ ਤਲਾਫ਼ੀ ਹੋ ਸਕੇ। ਘਾਟਾ ਪੂਰਾ ਹੋ ਸਕੇ।

**ਵਰਤੋਂ** :—ਹੇ ਨਸ਼ੇ ਵਿਚ ਖੀਵੇ ਲੋਕੋ! ਹੋਸ਼ ਕਰੋ, ਸੰਭਲੋ। ਹਾਲਾਂ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

(ਨਵੀਆਂ ਸੋਚਾਂ—ਪ੍ਰਿੰ. ਤੇਜਾ ਸਿੰਘ)

**ਡੇਢ ਕਸੀਰਾ ਨੇਂਦਰਾ ਤੇ ਠਲ੍ਹਿਉਂ ਗਾਨੀ ਆਈ।**

**ਭਾਵ** :—ਜਦ ਸਭ ਪਾਸੋਂ ਕੁਝ ਵੀ ਨਾ ਮਿਲੇ—ਨਾ ਪੇਤਿਉਂ, ਨਾ ਪਤੇਤਿਓਂ।

**ਵਰਤੋਂ** :—ਹਰ ਦੂ ਲਾਹਨਤ। ਸਾਡੇ ਲਈ ਸਭੇ ਹੀ ਇਕੋ ਜਿਹੇ ਨਿਕਲੇ। 'ਡੇਢ ਕਸੀਰਾ ਨੇਂਦਰਾ ਤੇ ਠਲ੍ਹਿਉ ਗਾਨੀ ਆਈ'। (ਸੰਗ੍ਰ)

**ਡੇਢ ਪਾ ਖਿਚੜੀ, ਚੁਬਾਰੇ ਰਸੋਈ।**

**ਭਾਵ** :—ਹੈਸੀਅਤ ਤਾਂ ਮਾਮੂਲੀ ਹੋਵੇ ਪਰ ਹੈਂਕੜ ਬੜੀ ਹੋਵੇ।

**ਵਰਤੋਂ** :—ਨਿਹਾਲੀ—ਜਾਨਕੀ! ਤੇਰੀ ਵੀ ਤਾਂ 'ਡੇਢ ਪਾ ਖਿਚੜੀ, ਚੁਬਾਰੇ ਰਸੋਈ' ਵਾਲੀ ਹੀ ਗਲ ਹੈ। ਤੂੰ ਕਿਹੜਾ ਆਪਣੀ ਹੈਸੀਅਤ ਵੇਖ ਕੇ ਕਰਦੀ ਏਂ? (ਸੰਗ੍ਰ)

**ਡੇਢ ਬਕੈਣ, ਮੀਆਂ ਧਰੇਕਾਂ ਦੀ ਛਾਵੇਂ।** ਬਕੈਣ = ਧਰੇਕ

**ਭਾਵ** :—ਹਥ ਪਲੇ ਥੋੜਾ ਹੋਵੇ, ਪਰ ਦਿਖਲਾਵਾ ਬਹੁਤਾ ਕਰੇ।

**ਵਰਤੋਂ** :—ਪੰਚ—ਓਏ ਮੂਰਖਾ! ਤੇਰਾ ਇਹ ਦਿਖਲਾਵੇ ਵਾਲਾ ਸੁਭਾ ਨਾ ਗਿਆ। ਅਖੇ 'ਡੇਢ ਬਕੈਣ, ਮੀਆਂ ਧਰੇਕਾਂ ਦੀ ਛਾਵੇਂ'। ਇਹ ਹੋਛਾਪਨ ਛੱਡ ਦੇ। (ਸੰਗ੍ਰ)

**ਡੇਮੂ ਖੱਖਰ ਜੋ ਛੂਹੈ, ਦਿਸੈ ਮੁਹਿ ਸੂਣੇ।**

**ਭਾਵ** :—ਡੇਮੂੰਆਂ ਦੀ ਖੱਖਰ ਨੂੰ ਜੋ ਹੱਥ ਪਾਊ, ਉਸਦਾ ਮੂੰਹ ਸੁਜਿਆ ਹੀ ਦਿਸੇਗਾ। ਭਾਵ, ਮੰਦੇ ਪੁਰਸ਼ ਨਾਲ ਸੰਗਤ ਕੀਤਿਆਂ ਔਗਣ ਹੀ ਨਿਕਲਦਾ ਹੈ।

**ਵਰਤੋਂ** :—

ਡੇਮੂ ਖੱਖਰ ਜੋ ਛੂਹੈ ਦਿਸੈ ਮੁਹਿ ਸੂਣੇ।
ਕਿਤੈ ਕੰਮ ਨ ਆਵਈ ਲਾਵਣ ਬਿਨ ਲੂਣੇ।

(ਵਾਰਾਂ—ਭਾਈ ਗੁਰਦਾਸ)

**ਡੈਣ ਦੇ ਕੁੱਛੜ ਮੁੰਡਾ ਹੁਣ ਵੀ ਨਹੀਂ ਤੇ ਹੁਣ ਵੀ ਨਹੀਂ।**

**ਭਾਵ** :—ਕਿਸੇ ਅਜੇਹੇ ਦੇ ਹਵਾਲੇ ਕੁਝ ਕਰਨਾ ਜਿਸ ਤੋਂ ਮੁੜ ਉਹ ਚੀਜ਼ ਨਾ ਮਿਲੇ।

**ਵਰਤੋਂ** :—ਕਰਮਾਂ ਨੂੰ ਹੀ ਦੋਸ਼ ਦਿਆਂ। ਹੋਰ ਕੀ ਕਰਾਂ। ਆਪ ਫਾਥਾ ਕਸਾਈਆਂ ਦੇ ਵੱਸ। ਨਹੀਂ ਸੀ ਪਤਾ ਕਿ 'ਡੈਣ ਦੇ ਕੁਛੜ ਮੁੰਡਾ ਹੁਣ ਵੀ ਹੈ ਨਹੀਂ, ਹੁਣ ਵੀ ਹੈ ਨਹੀਂ'। (ਸੰਗ੍ਰ)

**ਡੋਰੇ ਤੋਂ ਕੀ ਲੈਣਾ ਹੈ, ਆਟਾ ਬਹੁਤਾ ਦੇਖ ਲੈ।**

**ਭਾਵ** :—ਭਾਵ ਚੀਜ਼ ਨੂੰ ਵੇਖੋ ਨਾ ਕਿ ਕਿਹੋ ਜਿਹੇ ਪਾਸੋਂ ਮਿਲਦੀ ਹੈ।

**ਵਰਤੋਂ** :—ਮੁੰਡਾ ਵੇਖੋ ਚਿੱਬੜ ਜਿਹਾ ਤੇ ਕੁੜੀ ਵੇਖੋ ਪਰੀ ਜਿਹੀ। ਪਰ ਕੁੜੀ ਖੁਸ਼ ਹੈ।

ਆਖਦੀ ਹੈ, 'ਡੰਰੋ ਤੋਂ ਕੀ ਲੈਣਾ ਹੈ, ਆਟਾ ਬਹੁਤਾ ਦੇਖ ਲੈ।' ਪੱਲੇ ਧਨ ਤਾਂ ਹੈ ਸੂ ਨਾ। (ਸੰਗ੍ਰ)

**ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।**

**ਭਾਵ** :—ਸ਼ਰਾਰਤੀ ਜਾਂ ਪਾਪੀ ਬੰਦਾ ਡਰ ਜਾਂ ਡੰਡੇ ਬਿਨਾਂ ਕਾਬੂ ਨਹੀਂ ਆਉਂਦਾ।

**ਵਰਤੋਂ** :—ਮਾਸਟਰ ਜੀ ਇਸ ਗਲ ਦੇ ਹਾਮੀ ਤਾਂ ਨਹੀਂ ਪਈ 'ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ' ਪਰ ਜਦ ਕਿਸੇ ਨੂੰ ਕੋਈ ਮਾੜੀ ਗਲ ਕਰਦਿਆਂ ਵੇਖਣ, ਤਦ ਉਸ ਵਲ ਘੂਰ ਕੇ ਜ਼ਰੂਰ ਤਕਦੇ ਹਨ। (ਸੰਗ੍ਰ)

**ਡਾਂਗੀ ਦਾ ਤਲਾ ਮੂੰਹ, ਤੇ ਨਾ ਰੋਸ਼ਨ ਖ਼ਾਤੂਨ।**

ਡਾਂਗ = ਬੜਾਹੀ।

**ਭਾਵ** :—ਸ਼ਕਲ ਮਾੜੀ ਹੋਵੇ ਤੇ ਦਸੇ ਮੈਂ ਬੜੀ ਸੁੰਦਰੀ ਹਾਂ। ਹੋਵੇ ਕੁਝ ਤੇ ਪਖੰਡ ਕਰਕੇ ਦਸੇ ਕੁਝ ਹੋਰ।

**ਵਰਤੋਂ** :—ਜਿਵੇਂ ਤੂੰ ਬੜੀ ਸੁੰਦਰੀ ਏਂ। ਅਖੇ 'ਡਾਂਗੀ ਦਾ ਤਲਾ ਮੂੰਹ; ਤੇ ਨਾ ਰੋਸ਼ਨ ਖ਼ਾਤੂਨ। ਇਸੇ ਸ਼ਕਲ ਦਾ ਮਾਣ ਕਰਦੀ ਫਿਰਦੀ ਏਂ ? (ਸੰਗ੍ਰ)

**ਡੂੰਘੀ ਨਦੀ ਤੇ ਤੁਲਾ ਪੁਰਾਣਾ।**

**ਭਾਵ** :—ਕੰਮ ਔਖਾ ਹੈ ਪਰ ਸਰੀਰ ਵਿੱਚ ਤਾਣ ਘਟ ਹੈ।

**ਵਰਤੋਂ** :—

ਡੂੰਘੀ ਨਦੀ ਤੇ ਤੁਲਾ ਪੁਰਾਣਾ,
ਤਰਸਾਂ ਕਿਹੜੇ ਚੱਜ ਓ ਯਾਰ !
(ਬੁਲ੍ਹੇ ਸ਼ਾਹ—ਕਾਫੀਆਂ)

**ਡੂੰਮ ਨਾ ਬੇਲੀ, ਕਿੰਗ ਨਾ ਹਥਿਆਰ।**

**ਭਾਵ** :—ਡੂੰਮ ਦੀ ਦੋਸਤੀ ਮਾੜੀ ਹੈ। (ਕਿਉਂ ਜੁ ਉਹ ਭੇਦ ਨਹੀਂ ਸਾਂਭ ਸਕਦਾ) ਕਿੰਗ (ਇਕਤਾਰਾ) ਨੂੰ ਹਥਿਆਰ ਕਰਕੇ ਵਰਤਣਾ ਚੰਗਾ ਨਹੀਂ (ਉਹ ਬੜੀ ਨਾਜ਼ਕ ਚੀਜ਼ ਹੈ)।

**ਵਰਤੋਂ** :—ਤੁਸੀਂ ਵੀ ਹੋਛਿਆਂ, ਨਿਤਾਣਿਆਂ ਦਾ ਆਸਰਾ ਫੜਦੇ ਹੋ ! ਭਾਈ ਸਾਹਿਬ 'ਡੂੰਮ ਨਾ ਬੇਲੀ, ਕਿੰਗ ਨਾ ਹਥਿਆਰ।' ਕਿਸੇ ਤਕੜੇ ਨੂੰ ਬਾਂਹ ਫੜਾਉ। ਫਿਰ ਵੇਖੋ ਕੀ ਬਣਦਾ ਹੈ ? (ਸੰਗ੍ਰ)

**ਡੂੰਮਾਂ ਦਾ ਖਟਿਆ, ਕੁੱਤੇ ਗਏ ਗਵਾ।**

**ਭਾਵ** :—ਮਾੜੇ ਢੰਗ ਨਾਲ ਕਮਾਇਆ ਪੈਸਾ ਮਾੜੇ ਕੰਮਾਂ ਵਿੱਚ ਹੀ ਲਗਦਾ ਹੈ।

**ਵਰਤੋਂ** :—ਪੰਚ:—ਸਰਦਾਰ ਜੀ ! ਡੱਡੇ ਸ਼ਾਹ ਦੀ ਖੱਟੀ ਵੀ ਡਾਢੀ ਉਜੜੀ ਹੈ, ਅਖੇ ਡੂੰਮਾਂ ਦਾ ਖੱਟਿਆ ਕੁਤੇ ਗਏ ਗਵਾ, ਵਾਲੀ ਗਲ ਬਣੀ ਪਈ ਹੈ। (ਸੰਗ੍ਰ)

**ਡੂੰਮਣੀ ਦੀ ਨੱਥ, ਕਦੀ ਨੱਕ ਕਦੀ ਹੱਥ।**

**ਭਾਵ** :—ਹੋਛਾ ਬੰਦਾ ਆਪਣੀ ਛੋਟੀ ਜਿਹੀ ਚੀਜ਼ ਦਾ ਵੀ ਵਿਖਾਲਾ ਪਾਉਣੋਂ ਨਹੀਂ ਰਹਿੰਦਾ।

**ਵਰਤੋਂ** :—ਸਰਦਾਰ—ਹੋਛੇ ਹਰਨਾਮੇ ਨੂੰ ਕੀ ਆਖਣਾ ਹੈ, ਡੂੰਮਣੀ ਦੀ ਨੱਥ ਕਦੀ ਨੱਕ ਕਦੀ ਹੱਥ। ਉਸ ਨੇ ਵਿਖਾਲਾ ਕਰਨ ਤੋਂ ਬਾਜ਼ ਥੋੜਾ ਆਉਣਾ ਹੈ ? (ਸੰਗ੍ਰ)

**ਡੂੰਮਾਂ ਦੇ ਘਰ ਸੋਹਲੇ ਮਨ ਆਏ ਸੋ ਗਾਉਣ। ਜਾਂ ਡੂੰਮਾਂ ਦੇ ਘਰ ਵਿਆਹ, ਜਿਉਂ ਭਾਵੇ ਤਿਉਂ ਗਾ।**

**ਭਾਵ** :—ਕਿਸੇ ਨੀਵੇਂ ਆਦਮੀ ਪਾਸ ਬਹੁਤੀ ਚੀਜ਼ ਜਾਂ ਗੁਣ ਹੋਵੇ ਤੇ ਉਹ ਆਪਣੀ ਇਛਿਆ ਅਨੁਸਾਰ ਉਸਨੂੰ ਵਰਤਕੇ ਵਿਖਾਲਾ ਪਾਵੇ।

**ਵਰਤੋਂ** :—'ਡੂੰਮਾਂ ਦੇ ਘਰ ਸੋਹਿਲੇ, ਮਨ ਆਇ ਸੋ ਗਾਉਣ'। ਹਲਵਾਈਆਂ ਦੇ ਘਰ ਵਿਆਹ ਹੋਵੇ ਤੇ ਮਠਿਆਈਆਂ ਦੀ ਨਾ ਰੱਜ ਕੇ ਖਾਈਏ ? (ਸੰਗ੍ਰ)

# ਢ

**ਢਕੀ ਰਿੱਝੇ, ਕੋਈ ਨਾ ਬੁਝੇ।**

**ਭਾਵ** :—ਜਦ ਕਿਸੇ ਦੇ ਅੰਦਰ ਦਾ ਭੇਦ ਪਤਾ ਨਾ ਲਗ ਸਕੇ।

**ਵਰਤੋਂ** :—ਫੇਰ, ਤੁਰਕਾਂ ਨੇ ਕਿਸ ਬੇਦਰਦੀ ਨਾਲ ਕੋਹੇ ? ਤਿਵੇਂ ਬਚਾ ਮੈਂ ਡਰਦੀ ਹਾਂ ਕਿ ਤੇਰੇ ਨਾਲ, ਖ਼ਬਰੇ, ਕੀ ਵਰਤੇ ? ਘਰ ਵਿਚ ਜਦ ਤੂੰ ਸੈਂ, ਤਦ ਤੂੰ ਸਭ ਧਰਮ ਕਰਮ ਸਿੰਘਾਂ ਵਾਂਗ ਕਰਦਾ ਸੈਂ। ਕੌਣ ਤੈਨੂੰ ਹਟਕਦਾ ਸੀ ? 'ਢਕੀ ਰਿੱਝੇ ਕੋਈ ਨਾ ਬੁਝੇ' ਵਾਲੀ ਗਲ ਤੁਰੀ ਜਾਂਦੀ ਸੀ। (ਬਿਜੈ ਸਿੰਘ—ਭਾਈ ਵੀਰ ਸਿੰਘ)

**ਢੱਗਿਆ ਤੈਨੂੰ ਚੋਰ ਲੈ ਜਾਣ ? ਅਖੇ ਯਾਰਾਂ ਪੱਠੇ ਹੀ ਖਾਣੇ ਹਨ।**

**ਭਾਵ** :—ਜਦ ਕਿਸੇ ਨੂੰ ਕੋਈ ਵੀ ਮੰਦਹਾਲੀ ਔਖਾ ਨਾ ਕਰੇ, ਤਦ ਵਰਤਦੇ ਹਨ।

**ਵਰਤੋਂ** :—ਚਲੋ, ਹੋਇਆ ਕੀ ? ਇੱਥੇ ਕੀ ਤੇ ਉਥੇ ਕੀ ? ਢਗਿਆ ਤੈਨੂੰ ਚੋਰ ਲੈ ਜਾਣ ! ਅਖੇ ਯਾਰਾਂ ਪਠੇ ਹੀ ਖਾਣੇ ਹਨ। ਸਾਨੂੰ ਤਾਂ ਹਰ ਹਾਲਤ ਵਿਚ ਅਨੰਦ ਹੈ। ਇੱਥੇ ਕਿਹੜੇ ਪਲਾਉ ਮਿਲਦੇ ਹਨ। ਜੋ ਉਥੇ ਨਹੀਂ ਮਿਲਣੇ। (ਸੰਗ੍ਰ)

**ਢੱਗੀ ਨਾ ਵੱਛੀ ਨੀਂਦ ਆਵੇ ਹੱਛੀ।** ਜਾਂ **ਢਗੀ ਨਾ ਵੱਛੀ, ਤਬੀਅਤ ਬੜੀ ਹੱਛੀ।**

**ਭਾਵ** :—ਜਿਨ੍ਹਾਂ ਦੀ ਥੋੜੀ ਹੈਸੀਅਤ ਹੈ, ਉਹ ਸੁਖੀ ਤੇ ਬੇਚਿੰਤ ਹਨ।

**ਵਰਤੋਂ** :—ਨਿਹੰਗ ਸਿੰਘ—ਸਰਦਾਰ ਜੀ, ਬੜੀਆਂ ਮੌਜਾਂ ਜੇ ਅਖੇ ਢਗੀ ਨਾ ਵੱਛੀ, ਨੀਂਦ ਆਵੇ ਹੱਛੀ। ਕੁਝ ਪਲੇ ਹੋਵੇ ਤਾਂ ਚਿੰਤਾ ਕਰੀਏ। (ਸੰਗ੍ਰ)

**ਢਢੇ ਢਾਹਿ ਉਸਾਰੇ ਆਪੇ॥**

**ਭਾਵ** :—ਕਰਤਾਰ ਆਪੇ ਢਾਹੁੰਦਾ ਤੇ ਆਪੇ ਉਸਾਰਦਾ ਹੈ।

**ਵਰਤੋਂ** :—

ਢਢੈ ਢਾਹਿ ਉਸਾਰੈ ਆਪੇ,
ਜਿਉ ਤਿਸ ਭਾਵੈ ਤਿਵੈਂ ਕਰੇ॥

(ਗੁਰੂ ਗ੍ਰੰਥ—ਰਾਗ ਆਸਾ)

**ਢਾਈ ਘਰ ਡੈਣ ਵੀ ਛਡ ਦੇਂਦੀ (ਲੈਂਦੀ) ਹੈ।**

**ਭਾਵ** :—ਮਿੱਤਰ ਸੰਬੰਧੀ ਜਾਂ ਗਵਾਂਢੀ ਨਾਲ ਝਗੜਾ ਨਹੀਂ ਕਰਨਾ ਚਾਹੀਦਾ।

**ਵਰਤੋਂ** :—'ਢਾਈ ਘਰ ਡੈਣ ਵੀ ਛੱਡ ਦੇਂਦੀ ਹੈ'। ਪਰ ਉਸ ਨੇ ਮੇਰੀ ਮਿਤ੍ਰਤਾ ਦਾ ਵੀ ਕੋਈ ਲਿਹਾਜ਼ ਨਾ ਕੀਤਾ, ਤੇ ਵਾਰ ਕਰਕੇ ਹੀ ਰਿਹਾ। (ਸੰਗ੍ਰ)

**ਢਾਈ ਟੋਟਨੂੰ ਤੇ ਡੇਰਾ ਡਫੱਰਵਾਲਾ।** ਜਾਂ **ਢਾਈ ਢੀਂਗਰੀਆਂ ਤੇ ਡੇਰਾ ਡਫੱਰਵਾਲ।** ਜਾਂ **ਢਾਈ ਢੀਂਗਰੀਆਂ ਤੇ ਮੀਆਂ ਬਾਗਬਾਨ।** ਵੇਖੋ :—ਡੇਢ ਪਾ ਖਿਚੜੀ ਚੁਬਾਰੇ ਰਸੋਈ।

**ਭਾਵ** :—ਹੈਸੀਅਤ ਮਾਮੂਲੀ ਹੋਣੀ ਤੇ ਟੈਂ ਬਹੁਤੀ ਦਸਣੀ।

**ਵਰਤੋਂ** :—ਭਰਾ ਜੀ, ਤੁਸੀਂ ਵੀ ਤਾਂ ਆਪਣੀ ਹੈਸੀਅਤ ਵੇਖਣੀ ਸੀ, ਤੁਸੀਂ ਵੀ ਤਾਂ 'ਢਾਈ ਢੀਂਗਰੀਆਂ ਤੇ ਡੇਰਾ ਡਫਰਵਾਲ' ਵਾਲਾ ਲੇਖਾ ਕੀਤਾ ਹੈ। (ਸੰ)

**ਢਾਈ ਪਾ ਖਿਚੜੀ, ਚੁਬਾਰੇ ਰਸੋਈ।**

**ਭਾਵ** :—ਹੱਥ ਪਲੇ ਕੁਝ ਨਾ ਹੋਵੇ ਤੇ ਨਖ਼ਰਾ ਵਡਿਆਂ ਵਾਲਾ ਕਰੇ।

**ਵਰਤੋਂ** :—ਸ਼ਕੁੰਤਲਾ—ਚੰਨੋ ! ਤੈਨੂੰ ਕੀ ਆਖਾਂ ? ਕਈ ਵਾਰੀ ਤੈਨੂੰ ਮਤ ਦਿੱਤੀ ਹੈ ਕਿ

ਪੈਸਿਆਂ ਬਿਨਾਂ ਨਖਰਾ ਕਿਸ ਕੰਮ ? ਤੇਰੀ ਵੀ ਤਾਂ ਵਾਈ ਪਾ ਖਿਚੜੀ, ਦੁਬਾਰੇ ਰਸੋਈ' ਵਾਲੀ ਗਲ ਹੈ । (ਸੰਗ੍ਰ)

**ਢਿੱਡ ਨ ਪਈਆਂ ਰੋਟੀਆਂ, ਸਭੇ ਗਲਾਂ ਖੋਟੀਆਂ ।**

**ਭਾਵ** :—ਰਜਵੀਂ ਰੋਟੀ, ਚੰਗੀ ਮਜ਼ੂਰੀ ਬਿਨਾ ਕੋਈ ਕੰਮ ਸਿਰੇ ਨਹੀਂ ਚੜ੍ਹਦਾ ।

**ਵਰਤੋਂ** :—ਕੁਰਬਾਨ ਅਲੀ—ਸ਼ਾਹ ! ਤੂੰ ਮਜ਼ੂਰੀ ਪੂਰੀ ਨਹੀਂ ਦੇਂਦਾ, ਅਸੀਂ ਕੰਮ ਕਿਵੇਂ ਕਰੀਏ ਸਿਆਣਿਆ ਦਾ ਅਖਾਣ ਹੈ ਕਿ 'ਢਿੱਡ ਨਾ ਪਈਆਂ ਰੋਟੀਆਂ, ਸਭੇ ਗਲਾਂ ਖੋਟੀਆਂ ।" (ਸੰਗ੍ਰ)

**ਢਿੱਡ ਪਈਆਂ ਰੋਟੀਆਂ ਤੇ ਸਭੇ ਗਲਾਂ ਮੋਟੀਆਂ ।** ਜਾਂ **ਢਿੱਡ ਭਰਿਆ ਤੇ ਕੰਮ ਸਰਿਆ ।**

**ਭਾਵ** :—ਜੋ ਨਿਰਾ ਮਤਲਬ ਦਾ ਯਾਰ ਹੋਵੇ । ਉਹਨੂੰ ਕਾਹਦਾ ਫ਼ਿਕਰ ਹੈ ।

**ਵਰਤੋਂ** :—

'ਢਿਡ ਵਿਚ ਪਈਆਂ ਰੋਟੀਆਂ
ਤੇ ਸਭੇ ਗਲਾਂ ਮੋਟੀਆਂ ।'

ਖੂਬ ਖਾਣ ਪੀਣ ਨੂੰ ਮਿਲਦਾ ਹੈ । ਬਸ ਮੌਜਾਂ ਉਡਾਂਦਾ ਹੈ । (ਸੰਗ੍ਰ)

**ਢਿਡੋਂ ਖ਼ਾਲੀ ਤੇ ਭੁੱਸੇ ਡਕਾਰ ।** ਜਾਂ **ਢਿਡੋਂ ਖਾਲੀ ਤੇ ਡਕਾਰ ਮਖਾਣਿਆਂ ਦੇ ।** ਜਾਂ **ਢਿਡੋਂ ਖਾਲੀ ਤੇ ਡਕਾਰ ਭੱਲਿਆਂ ਦੇ ।**

**ਭਾਵ** :—ਹੱਥ ਪਲੇ ਕੁਝ ਨਾ ਹੋਣਾ ਤੇ ਦਸਣਾ ਕਿ ਮੈਂ ਬੜਾ ਵੱਡਾ ਹਾਂ ।

**ਵਰਤੋਂ** :—ਫੋਕੀ ਬਹੁਤੀ ਆਕੜ ਚੰਗੀ ਨਹੀਂ ਅਖੇ 'ਢਿਡੋਂ ਖ਼ਾਲੀ ਤੇ ਡਕਾਰ ਮਖਾਣਿਆਂ ਦੇ ।' ਇਸ ਦੀ ਕੋਈ ਸੋਭਾ ਨਹੀਂ ਕਰਦਾ । (ਸੰਗ੍ਰ)

**ਢਿਡੋਂ ਭੁੱਖੀ, ਮੇਲਾ ਦਸ ਨਾ ਦੇਵੇ ।**

**ਭਾਵ** :—ਕੁਝ ਪਲੇ ਹੋਵੇ, ਤਦ ਹੀ ਖੁਸ਼ੀ ਹੁੰਦੀ ਹੈ ।

**ਵਰਤੋਂ** :—ਕੀ ਪੈਸਿਆਂ ਦਾ ਵੇਖੀਏ ? ਢਿੱਡੋਂ ਭੁੱਖੀ, ਮੇਲਾ ਦਸ ਨਾ ਦੇਵੇ' ਪੈਸੇ ਪਲੇ ਹੋਣਗੇ ਤਾਂ ਮੇਲੇ ਇਥੇ ਹੀ ਹਨ । (ਸੰਗ੍ਰ)

**ਢਿਲਿਆਂ ਸ਼ਾਹਾ ਦੇ ਨਾ ਮੂਲ ਨਾ ਬਿਆਜ ।**

**ਭਾਵ**:—ਬੇਪਰਵਾਹੀ ਨਾਲ ਵਪਾਰ ਆਦਿ ਵਿੱਚ ਤਬਾਹੀ ਹੁੰਦੀ ਹੈ ।

**ਵਰਤੋਂ** :—ਦੋਸਤ ! ਭਾਵੇਂ ਨੌਕਰੀ ਹੈ, ਭਾਵੇਂ ਵਪਾਰ ਹੈ, ਰਾਤ-ਦਿਨ ਲਾ ਕੇ ਸਾਖ ਬਣਦੀ ਹੈ ਨਹੀਂ ਤਾਂ ਓਹੀ ਹਾਲ ਹੈ ਅਖੇ ਢਿਲਿਆਂ ਸ਼ਾਹਾਂ ਦੇ ਨਾ ਮੂਲ ਨਾ ਬਿਆਜ । (ਸੰਗ੍ਰ)

**ਢੂਟੀ ਦਿਤਾ, ਬਰੜੀ ਖਾਧਾ ।**

**ਭਾਵ** :—ਜਿਹਾ ਦੇਣ ਵਾਲਾ ਮਾੜਾ, ਤਿਹਾ ਲੈਣ ਵਾਲਾ । ਜਦ ਕਿਸੇ ਪਾਸੋਂ ਕੁਝ ਨਾ ਮਿਲੇ ।

**ਵਰਤੋਂ** :—ਮੈਂ ਕੀ ਖੱਟੀ ਕਰਨੀ ਸੀ ਓਸ ਸ਼ੂਮ ਪਾਸੋਂ । ਅਖੇ 'ਢੂਟੀ ਦਿੱਤਾ ਬਰੜੀ ਖਾਧਾ' ਬੱਸ, ਚੁੱਪ ਹੀ ਭਲੀ ਹੈ । (ਸੰਗ੍ਰ)

**ਢੂਟੀਆਰ (ਮੂਰਖ) ਤੂੰ ਕਿਉਂ ਮੋਟਾ ਨਾ ਲਾਹਾ ਜਾਣਾ, ਨਾ ਤੋਟਾ ।**

**ਭਾਵ** :—ਜਿਸਨੂੰ ਕਿਸੇ ਗਲ ਦਾ ਫ਼ਿਕਰ ਫ਼ਾਕਾ ਨਾ ਹੋਵੇ ।

**ਵਰਤੋਂ** :—'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ ।' ਇਸ ਮੂਰਖ ਨੂੰ ਕਾਹਦਾ ਫਿਕਰ ਹੈ ? ਨਾ ਲੱਥੀ ਦੀ ਹੈ ਨਾ ਚੜ੍ਹੀ ਦੀ ।

ਢੂਟੀਆਰ ! ਤੂੰ ਕਿਉਂ ਮੋਟਾ ?
ਨਾ ਲਾਹਾ ਜਾਣਾ ਨਾ ਤੋਟਾ ।' (ਸੰਗ੍ਰ)

**ਢੇਰਾਂ ਉਤੇ ਸੌਣਾ, ਤੇ ਸ਼ੀਸ਼ ਮਹਲ ਦੇ ਸੁਪਨੇ ।**

**ਭਾਵ** :—ਹਾਲਤ ਭੈੜੀ ਹੋਣੀ ਤੇ ਨਖ਼ਰੇ ਧਨ ਪਾਤਰਾਂ ਦੇ ਕਰਨੇ ।

**ਵਰਤੋਂ** :—ਓਇ ਨੱਥੂ ! ਤੇਰਾ ਤਾਂ ਇਹ

ਹਾਲ ਹੈ ਕਿ 'ਢੇਰਾਂ ਉਤੇ ਸੌਣਾ ਸ਼ੀਸ਼ ਮਹਲ ਦੇ ਸੁਪਨੇ'। ਰਤਾ ਥੋੜੀ ਆਕੜ ਕੀਤਾ ਕਰ। (ਸੰਗ੍ਰ)

**ਢੂੰਡ ਭਾਲ ਥੱਕੀ, ਮਿਲ ਪਿਆ ਮੁੜ ਹੱਥੀਂ।**

**ਭਾਵ** :—ਨੇੜੇ ਪਈ ਚੀਜ਼ ਦੀ ਭਾਲ ਹੋਰ ਥਾਂ ਕੀਤੀ ਜਾਵੇ।

**ਵਰਤੋਂ** :—ਮਾਂ ਜੀ ! ਤੁਸੀਂ ਤਾਂ ਕੁੰਜੀ ਦੀ ਭਾਲ ਲਈ ਸਾਰਾ ਮੰਦਰ ਫੋਲ ਮਾਰਿਆ, ਪਰ ਕੁੰਜੀ ਤਾਂ ਚੌਕੀ ਪਾਸ ਪਈ ਸੀ। ਤੁਸਾਡਾ ਤਾਂ ਓਹੋ ਹਾਲ ਹੋਇਆ ਅਖੇ 'ਢੂੰਡ ਭਾਲ ਥੱਕੀ, ਤੇ ਮਿਲ ਪਿਆ ਮੁੜ ਹੱਥੀ।' (ਸੰਗ੍ਰ)

**ਢੂੰਡੇ ਸੋ ਪਾਵੇ।**

**ਭਾਵ** :—ਖੋਜੀ ਨੂੰ ਚੀਜ਼ ਪ੍ਰਾਪਤ ਹੋ ਹੀ ਜਾਂਦੀ ਹੈ।

**ਵਰਤੋਂ** :—ਸਾਂਈ ਲੋਕ—ਸਜਨੋ ! ਹਥਾਂ ਉਤੇ ਸਰ੍ਹੋਂ ਨਹੀਂ ਜੰਮ ਸਕਦੀ, ਇਹ ਤਾਂ ਢੂੰਡੇ ਸੋ ਪਾਵੇ ਵਾਲੀ ਗਲ ਹੈ। (ਸੰ)

# ਤ

**ਤਉ ਛੂਟੈ ਜਾ ਖਸਮ ਛਡਾਏ ॥**

**ਭਾਵ** :—ਜਦ ਮਾਲਕ ਛੁੜਾਏ, ਤਦ ਹੀ ਛੁਟਕਾਰਾ ਹੁੰਦਾ ਹੈ।

**ਵਰਤੋਂ** :—

ਤਉ ਛੂਟੈ ਜਾ ਖਸਮ ਛਡਾਏ
ਗੁਰਮਤਿ ਮੇਲੇ ਭਗਤਿ ਦ੍ਰਿੜਾਏ।
(ਗੁਰੂ ਗ੍ਰੰਥ—ਰਾਗ ਬਿਲਾਵਲ)

**ਤਕਦੀਰ ਦੇ ਅਗੇ ਤਦਬੀਰ ਕੀ ਆਖ।**

**ਭਾਵ** :—ਹੋਣੀ ਬਲਵਾਨ ਹੈ, ਕੋਈ ਮੰਚ ਜਾਂ ਹੀਲਾ ਹੋਣੀ ਨੂੰ ਨਹੀ ਟਾਲ ਸਕਦਾ।

**ਵਰਤੋਂ** :—ਹਾਣੀ ਜੀ—ਬੜੇ ਹੀਲੇ ਕੀਤੇ, ਪਰ ਕੰਮ ਸਿਰੇ ਨਾ ਹੀ ਚੜ੍ਹਿਆ। 'ਤਕਦੀਰ ਅਗੇ ਤਦਬੀਰ ਕੀ ਆਖ' ਵਾਲੀ ਗਲ ਬਣੀ। (ਸੰਗ੍ਰ)

**ਤਖ਼ਤ ਜਾਂ ਤਖ਼ਤਾ।**

**ਭਾਵ** :—ਹੰਨੇ ਜਾਂ ਬੰਨੇ। ਜਾਂ ਪੂਰੀ ਜਿੱਤ ਜਾਂ ਪੂਰੀ ਹਾਰ।

**ਵਰਤੋਂ** :—ਜਿਸ ਤਰ੍ਹਾਂ ਸੌਕਣ ਦੇ ਕਾਰਿਆਂ ਦਾ ਸ਼ਿਕਾਰ ਹੋ ਕੇ ਉਹ ਤਖ਼ਤੋਂ ਚੁਕ ਕੇ ਤਖ਼ਤੇ ਤੇ ਸੁਟ ਦਿੱਤੀ ਗਈ ਸੀ, ਇਸ ਦਾ ਉਸ ਨੂੰ ਕਦੇ ਖਿਆਲ ਵੀ ਨਹੀਂ ਸੀ ਆਇਆ।

(ਮਿੱਠਾ ਮਹੁਰਾ—ਨਾਨਕ ਸਿੰਘ)

**ਤਖ਼ਤ ਤੋਂ ਵਖ਼ਤ।**

**ਭਾਵ** :—ਵਡਿਆਈ ਤੋਂ ਨੀਵੀਂ ਥਾਂ ਆ ਡਿਗਣਾ।

**ਵਰਤੋਂ** :—

ਤੇਰੇ ਇਸ਼ਕ ਨੇ ਤਖ਼ਤ ਥੀਂ ਵਖ਼ਤ ਪਾਇਆ
ਕੀਤਾ ਰੰਗ ਮਹੱਲਾਂ ਥੀ ਦੂਰ ਮੈਨੂੰ
ਗਲ ਘਤ ਕਮੰਦ ਪ੍ਰੇਮ ਵਾਲਾ,
ਆਂਦਾ ਬੰਨ੍ਹ ਕੇ ਵਿੱਚ ਹਜ਼ੂਰ ਮੈਨੂੰ।
(ਚੰਦਰ ਬਦਨ—ਇਮਾਮ ਬਖ਼ਸ਼)

**ਤਖ਼ਤ ਬਹੇ ਤਖ਼ਤ ਕੀ ਲਾਇਕ।**

**ਭਾਵ** :—ਯੋਗ ਪੁਰਸ਼ ਹੀ ਵਡਿਆਈ ਦੀ ਥਾਂ ਸਾਂਭ ਸਕਦਾ ਹੈ।

**ਵਰਤੋਂ** :— ਰਾਮ ਸਿੰਘ :— ਅੱਜ ਕਲ ਸਰਦਾਰ ਦੀ ਬੜੀ ਗੁੱਡੀ ਚੜ੍ਹੀ ਹੋਈ ਹੈ। ਇਕ ਨੇ ਕਿਹਾ, "ਚੜ੍ਹੇ ਵੀ ਕਿਉਂ ਨਾ। 'ਤਖ਼ਤ ਬਹੇ ਤਖ਼ਤੇ ਕੀ ਲਾਇਕ'।" (ਸੰਗ੍ਰ)

**ਤੱਤਾ ਖਾਧਿਆਂ ਮੂੰਹ ਸੜਦਾ ਹੈ।**

**ਭਾਵ** :—ਕਾਹਲੀ ਵਿੱਚ ਕੰਮ ਕਰਨ ਨਾਲ ਨੁਕਸਾਨ ਹੁੰਦਾ ਹੈ।

**ਵਰਤੋਂ** :— ਬਾਬਾ— ਯਾਰ ! ਤੂੰ ਬੜਾ ਉਤਾਵਲਾ ਹੈਂ। ਰਤੀ ਠਹਿਰ ਜਾ। ਕੋਈ ਮੂੰਹ ਦੀ ਬੁਰਕੀ ਹੈ। ਸਬਰ ਤਾਂ ਕਰ 'ਤਤੀ ਤਤੀ ਖਾਧਿਆ ਮੂੰਹ ਸੜਦਾ ਹੈ'। (ਸੰਗ੍ਰ)

**ਤੱਤਾ ਪਾਣੀ ਵੀ ਅੱਗ ਬੁਝਾ ਦੇਂਦਾ ਹੈ।**

**ਭਾਵ** :— ਵੈਰੀ ਨੂੰ ਕਮਜ਼ੋਰ ਵੇਖ ਬੇਪਰਵਾਹੀ ਨਾ ਕਰੋ। ਦੁਖੀ ਵੈਰੀ ਦੀ ਮਾਮੂਲੀ ਚੋਟ ਵੀ ਕਾਫ਼ੀ ਲਗ ਜਾਂਦੀ ਹੈ।

**ਵਰਤੋਂ** :—ਰਾਜਾ—ਮੰਤ੍ਰੀ ਜੀ ! ਬੇਪਰਵਾਹੀ ਉੱਕੀ ਨਹੀਂ ਕਰਨੀ, ਵੈਰੀ ਤੋਂ ਸਦਾ ਸੁਚੇਤ ਰਹਿਣਾ ਹੈ, ਚੇਤਾ ਰਖੋ 'ਤੱਤਾ ਪਾਣੀ ਵੀ ਅੱਗ ਬੁਝਾ ਦੇਂਦਾ ਹੈ'। (ਸੰਗ੍ਰ)

**ਤੱਤੇ ਦੁਧ ਨਾਲ ਮੂੰਹ ਸਾੜੇ, ਲੱਸੀ ਨੂੰ ਭੀ ਫੂਕਾਂ ਮਾਰੇ।**

**ਭਾਵ** :—ਕਿਸੇ ਮੰਦੇ ਕੰਮ ਤੋਂ ਭਾਰੀ ਧੋਖਾ ਜਾਂ ਨੁਕਸਾਨ ਹੋਣ ਤੇ ਜਦ ਕੋਈ ਚੰਗੇ ਕੰਮ ਤੋਂ ਵੀ ਡਰਨ ਲਗ ਪਵੇ।

**ਵਰਤੋਂ** :—ਰਾਜ ਦੂਤ—ਜੋ ਧੋਖਾ ਪਿਛਲੀ ਵਾਰ ਪ੍ਰਧਾਨ ਜੀ ਨੇ ਖਾਧਾ ਉਸ ਨੇ ਉਨ੍ਹਾਂ ਦੇ ਅੰਦਰ ਚੰਗੀ ਤੋਂ ਚੰਗੀ ਵੀਚਾਰ ਲਈ ਵੀ ਸ਼ੱਕ ਪੈਦਾ ਕਰ ਦਿੱਤੇ ਹਨ। ਉਨ੍ਹਾਂ ਦੇ ਮਨ ਦਾ ਤਾਂ ਇਹ ਹਾਲ ਹੈ ਕਿ 'ਤੱਤੇ ਦੁੱਧ ਨਾਲ ਮੂੰਹ ਸਾੜੇ, ਲੱਸੀ ਨੂੰ ਵੀ ਫੂਕਾਂ ਮਾਰੇ'। (ਸੰਗ੍ਰ)

**ਤੱਤੇ ਪਾਣੀ ਨਾਲ ਘਰ ਨਹੀਂ ਜਲਦੇ।**

**ਭਾਵ** :—ਥੋੜਾ ਜਿਹਾ ਦਾਨ ਦਿਤਿਆਂ ਕੋਈ ਗਰੀਬ ਨਹੀਂ ਹੁੰਦਾ।

**ਵਰਤੋਂ** :—ਮਹਾਤਮਾ—ਸ਼ਾਹ ਜੀ ! ਚਿੰਤਾ ਨਾ ਕਰੋ ਦਾਨ ਦਿਤਿਆਂ ਧਨ ਨਹੀਂ ਘਟਦਾ। ਤੱਤੇ ਪਾਣੀ ਨਾਲ ਘਰ ਨਹੀਂ ਜਲਦੇ। (ਸੰਗ੍ਰ)

**ਤੱਤੇ ਲੋਹੇ ਨੂੰ ਲਾਈ ਸੱਟ ਕੰਮ ਕਰਦੀ ਹੈ।**

**ਭਾਵ** :—ਸਮਾਂ ਜਾਚ ਕੇ ਕੰਮ ਕਰਨਾ ਚਾਹੀਦਾ ਹੈ।

**ਵਰਤੋਂ** :—ਸਿੰਘ ਸਾਹਿਬ ਦਮਾਂ ਦੇ ਗਾਹਕ ਕੁਝ ਕੁ ਥੱਕੇ ਤਾਂ ਸਹੀ, ਪਰ ਇਹ ਗੱਲ ਵਿਚਾਰ ਕੇ ਕਿ ਤੱਤੇ ਲੋਹੇ ਨੂੰ ਲਾਈ ਹੋਈ ਸੱਟ ਕੰਮ ਕਰਦੀ ਹੈ, ਠਰ ਜਾਏ ਤਾਂ ਵਿਅਰਥ, ਫੇਰ ਆਪਣੀ ਬਾਤ ਚੀਤ ਨੂੰ ਛੇੜ ਬੈਠੇ।

(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਬੀਰ ਸਿੰਘ)

**ਤਨੁ ਮਨੁ ਸਉਪੇ ਕੰਤ ਕਉ, ਤਉ ਨਾਨਕ ਭੋਗ ਕਰੇਇ॥**

**ਭਾਵ** :—ਇਸਤਰੀ ਜਦ ਤਨ ਤੇ ਮਨ ਦੁਆਰਾ ਆਪਣੇ ਆਪ ਨੂੰ ਪਤੀ ਦੇ ਹਵਾਲੇ ਕਰ ਦੇਵੇ ਤਦ ਹੀ ਮਿਲਾਪ ਦਾ ਰਸ ਮਾਣਦੀ ਹੈ। ਭਾਵ ਆਪਾ (ਹਉਮੈ) ਮਾਰੇ ਬਿਨਾਂ ਰੱਬ ਦੀ ਪ੍ਰਾਪਤੀ ਨਹੀਂ ਹੁੰਦੀ।

**ਵਰਤੋਂ** :—

"ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰ॥
ਭਉ ਸੀਗਾਰ ਤਬੋਲ ਰਸੁ ਭੋਜਨ ਭਾਉ ਕਰੇਇ॥
ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗ ਕਰੇਇ॥

(ਗੁਰੂ ਗ੍ਰੰਥ—ਰਾਗ ਸੂਹੀ)

**ਤਪੋਂ ਰਾਜ ਰਾਜੋਂ ਨਰਕ।**

**ਭਾਵ** :—ਤਪਸਿਆ ਤੇ ਸੰਜਮੀ ਜੀਵਨ ਰਾਜ ਭਾਗ ਲੈ ਆਂਦਾ ਹੈ, ਪਰ ਰਾਜ ਭਾਗ ਵਿਚ ਮਨੁੱਖ ਹੰਕਾਰ ਜਾਂ ਪਾਪ ਦਾ ਸ਼ਿਕਾਰ ਹੋਕੇ ਮੁੜ ਨਰਕੀ ਬਣ ਜਾਂਦਾ ਹੈ।

**ਵਰਤੋਂ** :—ਮਹਾਰਾਜ ਨਿਆਂ ਤੋਂ ਕੰਮ ਲਵੋ। ਨਿਰਾ ਰਾਜਾ ਹੋਣ ਦਾ ਅਭਿਮਾਨ ਨਾ ਕਰੋ। ਸਿਆਣਿਆਂ ਨੇ ਸੱਚ ਕਿਹਾ ਜੇ, 'ਤਪੋਂ ਰਾਜ ਰਾਜੋਂ ਨਰਕ'। (ਸੰਗ੍ਰ)

**ਤਬੇਲੇ ਦਾ ਘੋੜਾ ਤੇ ਮਦਰਸੇ ਦਾ ਮੁੰਡਾ ਬਿਨਾਂ ਫੂਛੱਕ ਸਿਧੇ ਨਹੀਂ ਹੁੰਦੇ।**

ਵੇਖੋ :—ਸੋਟਾ ਵਡਾ ਇਲਾਜ ਕੁਪਤਿਆਂ ਦਾ

**ਭਾਵ** :—ਕਿਸੇ ਘੋੜੇ ਜਾਂ ਮੁੰਡੇ ਨੂੰ ਬਹੁਤ ਮਛਰਦਾ ਵੇਖ ਡੰਡਾ ਵਰਤਣਾ ਹੀ ਪੈਂਦਾ ਹੈ।

**ਵਰਤੋਂ** :—ਓਇ ਇਹਨੇ ਇਵੇਂ ਸਿੱਧਾ ਨਹੀਂ ਜੇ ਹੋਣਾ। ਦਲੀਲਾਂ ਇਸ ਅਗੇ ਕਿਥੇ ?

ਤਬੇਲੇ ਦਾ ਘੋੜਾ ਤੇ ਮਦਰਸੇ ਦਾ ਮੁੰਡਾ ਬਿਨਾਂ ਛੁਛਕ ਸਿੱਧੇ ਨਹੀਂ ਹੁੰਦੇ। (ਸੰਗ੍ਰ)

## ਤਰ ਗਏ ਜਣੇਂਦੇ, ਅਖੀਂ ਨੂਟ ਕੇ ਲਾਵਾਂ ਦੇਂਦੇ।

**ਭਾਵ** :—ਪਤੀ ਦੇ ਸਲੂਕ ਤੋਂ ਤੰਗ ਆ ਇਸਤ੍ਰੀ ਇਹ ਅਖਾਣ ਵਰਤ ਲੈਂਦੀ ਹੈ।

**ਵਰਤੋ** :—ਜਦੋਂ ਇਕ ਕੁੜੀ ਨੂੰ ਪਤੀ ਨੇ ਗੱਲ ਤੋਂ ਡਰਾਇਆ ਧਮਕਾਇਆ ਤਾਂ ਗ਼ੁਜ਼ਬ ਵਿੱਚ ਆ ਕੇ ਉਹਨੇ ਪਤੀ ਨੂੰ ਡਾਢਾ ਮਿਹਣਾ ਮਾਰਿਆ :—

ਤਰ ਗਏ ਜਣੇਂਦੇ,
ਅਖੀਂ ਨੂਟ ਕੇ ਲਾਵਾਂ ਦੇਂਦੇ। (ਸੰਗ੍ਰ)

## ਤਰਦੀ ਹੈ ਤਾਂ ਤਰੇ, ਡੁਬਦੀ ਹੈ ਤਾਂ ਡੁਬੇ।

**ਭਾਵ** :—ਜੋ ਹੁੰਦਾ ਹੈ ਹੋਵੇ।

**ਵਰਤੋਂ** :—ਬਸ, ਸਭ ਕੁਝ ਠੀਕ ਹੈ, ਕਿਉਂਕਿ ਸਭ ਕੁਝ ਗਲਤ ਹੈ। ਇਹੋ ਸੋਚ ਕੇ ਉਸ ਨੇ ਇਸ ਵੇਲੇ ਬਿਨਾਂ ਚਪੂ ਤੇ ਆਪਣੀ ਬੇੜੀ ਛਡ ਦਿਤੀ। 'ਤੁਰਦੀ ਹੈ ਤਾਂ ਤੁਰੇ, ਡੁਬਦੀ ਹੈ ਤਾਂ ਡੁਬੇ।' (ਟੁਟੀ ਵੀਣਾ—ਨਾਨਕ ਸਿੰਘ)

## ਤਰਾਟਾਂ ਵਡੀਆਂ ਤੇ ਵਿੱਚ ਖੇਰ।

**ਭਾਵ** :—ਰੌਲਾ ਜਾਂ ਬੁੜ ਬੁੜ ਬਹੁਤੀ ਤੇ ਵਿਚੋਂ ਗਲ ਕੁਝ ਵੀ ਨਾ।

**ਵਰਤੋਂ** :—ਨੀ ਕੁੜੀਏ, ਇਹ ਕੀ ਰੌਲਾ ਪਾਇਆ ਹੋਇਆ ਈ, ਖਾਹ ਮਖਾਹ ਦਾ? 'ਤਰਾਟਾਂ ਵਡੀਆਂ ਤੇ ਵਿਚ ਖੇਰ'। ਕੋਈ ਗਲ ਹੋਵੇ ਤਾਂ ਰੋਣਾ ਵੀ ਚੰਗਾ ਲਗਦਾ ਹੈ। ਸਮਝ ਨਾਲ ਕੁਝ ਕੰਮ ਲਿਆ ਕਰ। (ਸੰਗ੍ਰ)

## ਤ੍ਰੀਮਤਾ ਦਾ ਜਾਮਾ ਆਟੇ ਦੀ ਤੌਣ ਹੁੰਦੀਏ, ਇਸ ਨੂੰ ਅੰਦਰ ਚੂਹਿਆਂ ਦਾ ਤੇ ਬਾਹਰ ਕਾਵਾਂ ਦਾ ਖਤਰਾ।

**ਭਾਵ** :—ਜ਼ਨਾਨੀ ਨੂੰ ਹਰ ਥਾਂ ਲੋਕੀਂ ਹੁਜਤਾਂ ਕਰਦੇ ਜਾਂ ਦੁਖੀ ਕਰਦੇ ਹਨ।

**ਵਰਤੋਂ** :—ਤੂੰ ਦੁਨੀਆਂ ਦਾ ਕੋਈ ਲਹਾ ਚੜ੍ਹਾ ਨਹੀਂ ਵੇਖਿਆ, ਇਹ ਤ੍ਰੀਮਤ ਦਾ ਜਾਮਾ ਸਚ ਕਿਸੇ ਕਿਹਾ ਏ ਆਟੇ ਦੀ ਤੌਣ ਹੁੰਦੀ ਏ, ਇਸ ਨੂੰ ਅੰਦਰ ਚੂਹਿਆਂ ਦਾ ਡਰ ਤੇ ਬਾਹਰ ਕਾਵਾਂ ਦਾ ਖਤਰਾ'। (ਧੁੰਦਲੇ ਪਰਛਾਵੇਂ—ਨਾਨਕ ਸਿੰਘ)

## ਤ੍ਰੀਮਤਾਂ ਦੀ ਜ਼ਾਤ ਡਾਢੀ।

**ਭਾਵ** :—ਜ਼ਨਾਨੀ ਸਭ ਕੁਝ (ਭਾਵ ਭੈੜੇ ਤੋਂ ਭੈੜਾ ਕੰਮ) ਕਰ ਸਕਦੀ ਹੈ।

**ਵਰਤੋਂ** :—ਕਾਦਰ ਯਾਰ ਤ੍ਰੀਮਤਾਂ ਜ਼ਾਤ ਡਾਢੀ ਦਹਿਸਰ ਜੇਹੇ ਵੀ ਕੈਦ ਕਰਾ ਦਿਤੇ। (ਪੂਰਨ ਭਗਤ—ਕਾਦਰ ਯਾਰ)

## ਤ੍ਰੀਮਤਾਂ ਨਾ ਹੋਣ ਤਾਂ ਮਰਦ ਕਿਥੋਂ ਜੰਮਣ।

**ਭਾਵ** :—ਜ਼ਨਾਨੀ ਬਿਨਾ ਸੰਸਾਰਕ ਕਾਰ ਵਿਹਾਰ ਅਤੇ ਸਨਬੰਧ ਅਣਹੋਣੇ ਹਨ।

**ਵਰਤੋਂ** :—ਮੀਰਾਂ ਦੀ ਜ਼ਨਾਨੀ ਆਪਣੇ ਤ੍ਰੀਮਤਪੁਣੇ ਤੇ ਹਮਲਾ ਹੋਇਆ ਸਮਝ ਕੇ ਝਟ ਬੋਲ ਪੈਂਦੀ ਹੈ, ਜਿਹੜੇ ਮਰਦ ਲਲੂਣ ਲਾਏ ਨੇ ਉਹ ਆਸਾਂ ਤੋਂ ਭੁਲੇ ਹੋਇ ਨਹੀਂ। ਤ੍ਰੀਮਤਾਂ ਨਾ ਹੋਵਨ ਤੇ ਮਰਦ ਕਿਥੋਂ ਜੰਮਣ? (ਲਾਲੀ—ਕਰਤਾਰ ਸਿੰਘ ਦੁੱਗਲ)

## ਤ੍ਰੇਲ ਚਟਿਆਂ, ਤ੍ਰੇਹ ਨਹੀਂ ਮਿਟਦੀ।

**ਭਾਵ** :—ਬਹੁਤ ਥੋੜੀ ਚੀਜ਼ ਨਾਲ ਕੋਈ ਕੰਮ ਰਾਸ ਨਹੀ ਹੁੰਦਾ।

**ਵਰਤੋਂ** :—ਨਥੂ ਰਾਮ ਜੀ! ਹੱਟੀ ਤਾਂ ਪਾ ਲਈ ਹੈ, ਪਰ ਕੁਝ ਰਾਸ ਵੀ ਪਾਣੀ ਪਵੇਗੀ। 'ਤ੍ਰੇਲ ਚਟਿਆਂ, ਤ੍ਰੇਹ ਨਹੀਂ ਮਿਟਣੀ'। ਬਿਨਾਂ ਰਾਸ ਦੁਕਾਨ ਚਲਣੀ ਨਹੀਂ। (ਸੰਗ੍ਰ)

## ਤਵਾ ਨਾ ਅੰਗਿਆਰੀ, ਕਾਹਦੀ ਭਠਿਆਰੀ।

**ਭਾਵ** :—ਕਿਸੇ ਕਾਰੀਗਰ ਪਾਸ ਆਪਣੇ ਹਥਿਆਰਾਂ ਦਾ ਨਾ ਹੋਣਾ।

**ਵਰਤੋਂ** :—ਕਿਰਪਾ ਰਾਮ ਤੂੰ ਕਹਾਦਾ ਨਾਈ

ਏਂ, ਨਾਂ ਤੇਰੇ ਪਾਸ ਉਸਤਰਾ ਹੈ ਨਾ ਕੈਂਚੀ। 'ਤਵਾ ਨਾ ਅੰਗਿਆਰੀ ਤਾਂ ਕਾਹਦੀ ਭਠਿਆਰੀ।' (ਸੰਗ੍ਰ)

## ਤਵਾ ਸੁਹਾਗਾ ਇਕੋ ਵਤ।

**ਭਾਵ** :—ਜਦ ਦੋਹਾਂ ਅਡ ਅਡ ਚੀਜ਼ਾਂ ਦਾ ਸੁਭਾ ਇਕੋ ਦਸਣਾ ਹੋਵੇ। ਜਾਂ ਜਿਥੇ ਚੰਗੇ ਮੰਦੇ ਦੀ ਪਛਾਣ ਨਾ ਹੋਵੇ।

**ਵਰਤੋਂ** :—ਇੱਥੇ ਚੰਗੇ ਮੰਦੇ ਦੀ ਪਛਾਣ ਉਕੀ ਨਹੀਂ। ਇੱਥੇ ਤਾਂ 'ਤਵਾ ਸੁਹਾਗਾ ਇਕੋ ਵਤ' ਵਾਲਾ ਹਾਲ ਹੈ। (ਸੰ)

## ਤਵੇ ਤੇ ਆ ਕੇ ਰੱਬ ਦੀ ਮਾਰ।

**ਭਾਵ** :—ਉਂਞ ਕੋਈ ਚੰਗਾ-ਭਲਾ ਸਾਥੀ ਹੋਵੇ, ਪਰ ਕੰਮ ਪੈਣ ਉੱਤੇ ਜਦ ਖਿਸਕਣ ਦੀ ਕਰੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਤੂੰ ਬੜਾ ਚੰਗਾ ਹੈਂ, ਪਰ ਕੰਮ ਤੇ ਤੂੰ ਲੋਪ ਹੋ ਜਾਣਾ ਹੈਂ। ਤੈਨੂੰ ਵੀ ਭੈੜੇ ਆਟੇ ਵਾਂਗ 'ਤਵੇ ਤੇ ਆ ਕੇ ਰਬ ਦੀ ਮਾਰ' ਪੈ ਜਾਂਦੀ ਹੈ। (ਸੰਗ੍ਰ)

## ਤਵੇਲੇ ਦੀ ਬਲਾ, ਬਾਂਦਰ ਦੇ ਸਿਰ।

**ਭਾਵ** :—ਦੋਸ਼ ਕਿਸੇ ਦਾ ਹੋਣਾ ਤੇ ਥਪਿਆ ਕਿਸੇ ਉਤੇ ਜਾਵੇ।

**ਵਰਤੋਂ** :—ਚੌਧਰੀ ਜੀ ! ਗ਼ਲਤੀ ਤਾਂ ਸ਼ੰਕਰ ਨੇ ਕੀਤੀ ਪਰ ਖੁੰਬ ਤੁਸਾਂ ਦਿੱਤੇ ਦੀ ਠੱਪ ਦਿਤੀ। ਤੁਸੀਂ ਤਾਂ 'ਤਵੇਲੇ ਦੀ ਬਲਾ, ਬਾਂਦਰ ਦੇ ਸਿਰ' ਸੁਟਣ ਵਾਲਾ ਹੀ ਕੰਮ ਕਰ ਦਿੱਤਾ। (ਸੰਗ੍ਰ)

## ਤਾ ਸੋਹਾਗਣਿ ਜਾ ਕੰਤੈ ਭਾਵੈ।

**ਭਾਵ** :—ਸੋਹਾਗਣਿ ਇਸਤ੍ਰੀ ਓਹੀ ਹੈ, ਜਿਹੜੀ ਪਤੀ ਨੂੰ ਚੰਗੀ ਲਗੇ।

**ਵਰਤੋਂ** :—

ਸਹਜਿ ਸੀਗਾਰ ਕਾਮਣਿ ਕਰਿ ਆਵੈ ॥
ਤਾ ਸੋਹਾਗਣਿ ਜਾ ਕੰਤੈ ਭਾਵੈ ॥
(ਗੁਰੂ ਗ੍ਰੰਥ—ਰਾਗ ਸੂਹੀ)

## ਤਾਏ ਦੀ ਧੀ ਚਲੀ, ਤੇ ਮੈਂ ਕਿਉਂ ਰਹਾਂ ਇਕੱਲੀ।

**ਭਾਵ** :—ਕਿਸੇ ਦੀ ਰੀਸ ਨਾਲ ਕੰਮ ਕਰਨਾ।

**ਵਰਤੋਂ** :—ਭਲਿਆ ਲੋਕਾ, ਰੀਸ ਕਰਨੀ ਚੰਗੀ ਨਹੀਂ। ਅਖੇ 'ਤਾਏ ਦੀ ਧੀ ਚਲੀ, ਤੇ ਮੈਂ ਕਿਉਂ ਰਹਾਂ ਇਕਲੀ।' ਕੁਝ ਸੋਚ ਵੀ, ਤੇਰੇ ਪਾਸੋਂ ਇਹ ਕੰਮ ਹੋ ਵੀ ਸਕੇਗਾ ? (ਸੰਗ੍ਰ)

## ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥

**ਭਾਵ** :—ਹਰੀ ਦੀ ਸ਼ਰਨ ਫੜਿਆਂ ਕੋਈ ਦੁਖ ਨਹੀਂ ਹੁੰਦਾ।

**ਵਰਤੋਂ** :—

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ ॥
(ਗੁਰੂ ਗ੍ਰੰਥ—ਰਾਗ ਬਿਲਾਵਲ)

## ਤਾਰਾ ਟੁੱਟਣ ਤੋਂ ਪਹਿਲਾਂ ਚਮਕਦਾ ਹੈ।

**ਭਾਵ** :—ਕੋਈ ਚੀਜ਼ ਖਤਮ ਹੋਣ ਤੋਂ ਪਹਿਲਾਂ ਆਪਣਾ ਚਮਤਕਾਰ ਜ਼ਰੂਰੀ ਦਸਦੀ ਹੈ।

**ਵਰਤੋਂ** :—ਮਹਾਂ ਸਿੰਘ (ਦਰਦ ਭਰਿਆ ਹਾਸਾ ਹਸ ਕੇ) ਤਾਰਾ ਟੁੱਟਣ ਤੋਂ ਪਹਿਲਾਂ ਜ਼ਰੂਰ ਚਮਕਦਾ ਹੈ। ਮੇਰੇ ਰਣਜੀਤ ਨੇ ਮੇਰੇ ਜੀਵਨ ਦੀ ਆਖਰੀ ਘੜੀ ਖੁਸ਼ੀ ਨਾਲ ਚਮਕਾ ਦਿੱਤੀ ਹੈ। ਮੈਂ ਖੁਸ਼ੀ ਨਾਲ ਵਿਦਾ ਹੋ ਰਿਹਾ ਹਾਂ। ਰਣਜੀਤ ਮੇਰੇ ਸਾਰੇ ਸੁਪਨੇ ਪੂਰੇ ਕਰੇਗਾ।

(ਸਾਂਝਾ ਰਾਜ—ਪ੍ਰੋ. ਹਰਚਰਨ ਸਿੰਘ)

## ਤਾਰੂ ਹੀ ਡੁਬਦੇ ਹਨ। ਜਾਂ ਤਾਰੂ ਹਮੇਸ਼ਾ ਦਰਿਆ ਦੀ ਮੌਤ ਹੀ ਮਰਦਾ ਹੈ।

**ਭਾਵ** :—ਸਿਆਣਾ ਕਈ ਵੇਰ ਆਪਣੀ ਸਿਆਣਪ ਦੇ ਹੰਕਾਰ ਵਿੱਚ ਮਾਰਿਆ ਜਾਂਦਾ ਹੈ।

ਵਰਤੋਂ :—ਬਹੁਤਾ ਆਪਣੀ ਸਿਆਣਪ ਦਾ ਘੁਮੰਡ ਨਾ ਕਰੋ। 'ਤਾਰੂ ਹਮੇਸ਼ਾ ਦਰਿਆ ਦੀ ਮੌਤ ਹੀ ਮਰਦਾ ਹੈ'। ਕੁੱਝ ਹੋਰ ਸੋਚ ਵਿਚਾਰ ਲਵੋ। (ਸੰਗ੍ਰ)

**ਤਾਲੋਂ ਘੁੱਥੀ ਡੂੰਮਣੀ, ਗਾਵੇ ਆਲ ਪਤਾਲ। ਜਾਂ ਤਾਲੋਂ ਘੁੱਥੀ ਡੂੰਮਣੀ, ਫਿਰਦੀ ਤਾਲ ਬਤਾਲ।**

ਭਾਵ :—ਵੇਲੇ ਤੋਂ ਜਾਂ ਸਮੇਂ ਤੋਂ ਖੁੰਝ ਕੇ ਖ਼ਰਾਬ ਹੋਈਦਾ ਹੈ।

ਵਰਤੋਂ :—ਕਰਮ ਕੌਰ—ਵੇਲੇ ਸਿਰ ਕੰਮ ਨਾ ਕਰਨ ਦਾ ਇਹੀ ਫੱਲ ਮਿਲਦਾ ਹੈ। ਅਖੇ 'ਤਾਲੋਂ ਘੁੱਥੀ ਡੂਮਣੀ, ਗਾਵੇ ਆਲ ਪਤਾਲ' ਜੇ ਵੇਲੇ ਸਿਰ ਸੰਭਲ ਜਾਂਦੇ, ਤਦ ਹੁਣ ਕਿਉਂ ਕਲਪਦੇ ? (ਸੰਗ੍ਰ)

**ਤਾੜੀ ਦੋ ਹੱਥੀਂ ਵੱਜਦੀ ਹੈ।**

ਭਾਵ :—ਇਕੱਲਾ ਮਨੁੱਖ ਝਗੜਾ ਨਹੀਂ ਕਰ ਸਕਦਾ। ਦੋ ਧਿਰਾਂ ਰਲਣ, ਤਦੇ ਝਗੜਾ ਉਠਦਾ ਹੈ।

ਵਰਤੋਂ :—ਅਸੀਂ ਤਾਂ ਇਹ ਜਾਣਦੇ ਹਾਂ ਪਈ ਤਾੜੀ ਦੋ ਹਥੀਂ ਹੀ ਵਜਦੀ ਹੈ। ਤੂੰ ਵੀ ਤਾਂ ਕੁਝ ਸ਼ਰਾਰਤ ਕੀਤੀ ਹੀ ਹੋਵੇਗੀ। ਤਦੇ ਉਸ ਨੇ ਮਾਰਿਆ। (ਸੰਗ੍ਰ)

**ਤਿਹਾਏ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫਰਿਆ।**

ਭਾਵ :—ਜੱਟ ਦਾ ਹੋਛਾ ਸੁਭਾ ਦਸਿਆ ਹੈ ਕਿ ਜਦ ਇਸ ਨੂੰ ਖਾਣ ਪੀਣ ਨੂੰ ਕਝ ਮਿਲੇ ਫਿਰ ਹਦ ਤੋਂ ਟਪ ਜਾਂਦਾ ਹੈ।

ਵਰਤੋਂ :—ਗੁਸੇ ਦੀ ਕਿਹੜੀ ਗੱਲ ਹੈ ? ਇਹ ਤਾਂ ਜਟਾਂ ਦਾ ਸੁਭਾ ਹੈ ਕਿ ਜਦ ਇਨ੍ਹਾਂ ਪਾਸ ਕੁਝ ਹੋਵੇ ਤਦ ਇਹ ਹੱਦ ਹੀ ਟੱਪ ਜਾਂਦੇ ਹਨ। ਸੁਣਿਆ ਨਹੀਂ, 'ਤਿਹਾਏ ਜੱਟ ਕਟੋਰਾ ਲਭਾ, ਪਾਣੀ ਪੀ ਪੀ ਆਫਰਿਆ'। (ਸੰਗ੍ਰ)

**ਤਿਤੱਰ ਹੈ ਮਿੱਤਰ, ਬਟੇਰਾ ਨਾ ਤੇਰਾ ਨਾ ਮੇਰਾ।**

ਭਾਵ :—ਤਿਤੱਰ ਮਿਤ੍ਰਤਾ ਕਰਦਾ ਹੈ। ਬਟੇਰਾ ਜਿਹਦੇ ਪਾਸ ਜਾਏ ਉਸੇ ਦਾ ਹੋ ਜਾਂਦਾ ਹੈ। ਖੋਟੇ ਖਰੇ ਦੀ ਪਛਾਣ ਦਸਣ ਲਈ ਵਰਤਦੇ ਹਨ।

ਵਰਤੋਂ :—ਕੀ ਇਤਬਾਰ ਹੈ ਇਹੋ ਜਿਹੇ ਲਾਈ ਲਗਾਂ ਦਾ। ਇਹ ਤਿੱਤਰ ਨਹੀਂ ਬਟੇਰਾ ਹੈ। ਤਿੱਤਰ ਹੈ ਮਿੱਤਰ, ਬਟੇਰਾ ਨਾ ਤੇਰਾ ਨਾ ਮੇਰਾ। (ਸੰ)

**ਤਿੱਤਰ ਖੰਭੀ ਬਦਲੀ, ਰੰਨ ਮਲਾਈ ਖਾਏ, ਉਹ ਵੱਸੇ, ਉਹ ਉਜੜੇ, ਕਦੀ ਨਾ ਬਿਰਥਾ ਜਾਏ।**

ਭਾਵ :—ਤਿਤੱਰ-ਖੰਭੀ ਬਦਲੀ ਵੇਖ ਕੇ ਮੀਂਹ ਦੀ ਆਸ ਕਰੋ ਤੇ ਸੁਆਦਾਂ ਪੁਟੀ ਰੰਨ ਤੋਂ ਚੰਗੀ ਆਸ ਨਾ ਰਖੋ।

ਵਰਤੋਂ :—ਇਸ ਜ਼ਨਾਨੀ ਦੀ ਫਜ਼ੂਲਖਰਚੀ ਘਰ ਨੂੰ ਜ਼ਰੂਰ ਉਜਾੜ ਦੇਵੇਗੀ। ਸਿਆਣਿਆਂ ਦਾ ਕਥਨ ਹੈ, 'ਤਿੱਤਰ ਖੰਭੀ ਬਦਲੀ, ਰੰਨ ਮਲਾਈ ਖਾਏ, ਉਹ ਵੱਸੇ, ਉਹ ਉੱਜੜੇ, ਕਦੀ ਨਾ ਬਿਰਥਾ ਜਾਏ। (ਸੰਗ੍ਰ)

**ਤਿੱਤਰ ਦੇ ਮੂੰਹ ਲਛਮੀ।**

ਭਾਵ :—ਜਦ ਕਿਸੇ ਗਲ ਦੇ ਸਿਰੇ ਚੜ੍ਹਨ ਦਾ ਪਕਾ ਨਿਸਚਾ ਹੋ ਜਾਵੇ ਤਦ ਇਹ ਅਖਾਣ ਵਰਤਦੇ ਹਨ।

ਵਰਤੋਂ :—ਰਾਣੀ—ਮਹਾਰਾਜ ! ਹੁਣ ਤਾਂ 'ਤਿਤਰ ਦੇ ਮੂੰਹ ਲਛਮੀ' ਵਾਲਾ ਲੇਖਾ ਹੈ। ਗਲ ਸਿਰੇ ਚੜ੍ਹ ਚਲੀ ਜੇ। (ਸੰਗ੍ਰ)

**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ।**

ਭਾਵ :—ਜਿਨਾਂ ਦਾ ਗੁਰੂ, ਗੁਰੂ ਨਾਨਕ ਹੈ ਉਨ੍ਹਾਂ ਨੂੰ ਕੀ ਉਪਦੇਸ ਕਰਨਾ ਹੋਇਆ (ਉਹ ਤਾਂ ਪਹਿਲਾਂ ਹੀ ਸਭ ਕੁਝ ਜਾਣਦੇ ਹਨ)।

**ਵਰਤੋਂ** :—

'ਦੀਖਿਆ ਆਖਿ ਬੁਝਾਇਆ
ਸਿਫਤੀ ਸਚੁ ਸਮੇਉ ॥
ਤਿਨ ਕਉ ਕਿਆ ਉਪਦੇਸੀਐ
ਜਿਨ ਗੁਰੁ ਨਾਨਕ ਦੇਉ ॥'
(ਗੁਰੂ ਗ੍ਰੰਥ—ਵਾਰ ਮਾਝ)

**ਤਿੰਨ ਬੁਲਾਏ ਤੇਰਾਂ ਆਏ, ਸੁਣ ਸੰਤਨ ਦੀ ਬਾਣੀ। ਰਾਧਾ, ਕ੍ਰਿਸ਼ਨਾ, ਗੋਬਿੰਦਾ, ਠੇਲ੍ਹ ਦਾਲ ਵਿੱਚ ਪਾਣੀ।**

**ਭਾਵ** :—ਸੱਦੇ ਤਾਂ ਥੋੜੇ ਪਰਾਹੁਣੇ ਜਾਣ, ਪਰ ਆ ਜਾਣ ਬਹੁਤੇ, ਤਦ ਸਾਰਿਆਂ ਵਿਚ ਚੀਜ਼ ਪੂਰੀ ਕਰਨ ਲਈ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਇੱਕ—ਭਰਾ ਜੀ, ਪਰਾਹੁਣੇ ਤਾਂ ਬੜੇ ਆ ਗਏ ਹਨ, ਕੰਮ ਕਿਵੇਂ ਨਿਭੇਗਾ ?

ਦੂਜਾ—ਇਹ ਤਾਂ ਬੜੀ ਸੌਖੀ ਜਿਹੀ ਗਲ ਹੈ।
'ਤਿੰਨ ਬੁਲਾਏ ਤੇਰਾ ਆਏ,
ਸੁਣ ਸੰਤਾਂ ਦੀ ਬਾਣੀ।
ਰਾਧਾ, ਕਿਸ਼ਨਾ, ਗੋਬਿੰਦਾ,
ਠੇਲ੍ਹ ਦਾਲ ਵਿਚ ਪਾਣੀ'।
(ਸੰਗ੍ਰ)

**ਤਿਨ ਭਾਈ ਬਿਸ਼ਨੋ ਦੇ ਤੇ ਚੌਥਾ ਰਲ ਗਿਆ ਤੇਲੀ।**

**ਭਾਵ** :—ਜਦ ਚੀਜ਼ ਅਗੇ ਹੀ ਥੋੜੀ ਹੋਵੇ ਤੇ ਹੋਰ ਵੀ ਕੋਈ ਆ ਗਾਹਕ ਬਣੇ।

**ਵਰਤੋਂ** :—ਪਹਿਲਾ...ਓ ਛਡ, ਓ ਛਡ, ਵਡਾ ਸਖੀ ਦਾਤਾ। ਸਾਡਾ ਤੇ ਆਪਣਾ ਸੰਘ ਨਹੀਂ ਗਿਲਾ ਹੋਣਾ। ਏਸ ਸੂਰਮੇ ਦਾਣੀ ਜਿਹੀ ਨਾਲ, ਏਹਨੂੰ ਕੀ ਦੇਈਏ। ਅਖੇ ਤਿੰਨ ਭਾਈ ਬਿਸ਼ਨੋ ਦੇ ਤੇ ਚੌਥਾ ਰਲ ਗਿਆ ਤੇਲੀ।
(ਜੀਵਨ ਸੰਗਰਾਮ—ਨਾਨਕ ਸਿੰਘ)

**ਤਿਨ੍ਹਾਂ ਨਾਲ ਸ਼ਰੀਕਾ ਕਾਹਦਾ, ਜਿਨ੍ਹਾਂ ਦੀਆਂ ਰੱਬ ਮੰਨੇ।**

**ਭਾਵ** :—ਵਡਿਆਂ ਨਾਲ ਬਰਾਬਰੀ ਕੋਈ ਨਹੀਂ ਕਰ ਸਕਦਾ।

**ਵਰਤੋਂ** :—ਭਈ : ਉਸ ਦੀ ਗੁਡੀ ਇਸ ਵੇਲੇ ਚੜ੍ਹੀ ਹੋਈ ਹੈ। ਤੂੰ ਚੁਪ ਹੀ ਕਰ ਰਹਿ ਤੇ ਚੰਗਾ ਰਹੇਂਗਾ। ਤਿਨਾ ਨਾਲ ਸ਼ਰੀਕਾ ਕਾਹਦਾ, ਰਬ ਜਿਨ੍ਹਾਂ ਦੀਆਂ ਮੰਨੇ। (ਸੰਗ੍ਰ)

**ਤਿਨਾ ਪਿਛੈ ਛੁਟੀਐ, ਜਿਨ ਅੰਦਰਿ ਨਾਮੁ ਨਿਧਾਨੁ।**

**ਭਾਵ** :—ਉਨ੍ਹਾਂ ਲੋਕਾਂ ਦਾ ਸਦਕਾ ਹੀ ਮਨੁੱਖ ਨੂੰ ਛੁਟਕਾਰਾ ਮਿਲਦਾ ਹੈ, ਜਿਨ੍ਹਾਂ ਦੇ ਅੰਦਰ ਨਾਮ ਦਾ ਖਜ਼ਾਨਾ ਹੈ।

**ਵਰਤੋਂ** :—

ਤਿਨਾ ਪਿਛੈ ਛੁਟੀਐ ਜਿਨ ਅੰਦਰ ਨਾਮੁ ਨਿਧਾਨ ॥
ਗੁਰ ਜੇਵਡੁ ਦਾਤਾ ਕੋ ਨਹੀ ਜਿਨ ਦਿਤਾ ਆਤਮਦਾਨ ॥
(ਗੁਰੂ ਗ੍ਰੰਥ—ਸ੍ਰੀ ਰਾਗ)

**ਤਿੰਨਾਂ ਵਿੱਚ ਨਾ ਤੇਰਾਂ ਵਿੱਚ।**

**ਭਾਵ** :—ਜਦ ਕਿਸੇ ਦੀ ਕਿਸੇ ਗਲ ਵਿਚ ਕੋਈ ਪੁਛ ਗਿਛ ਨਾ ਹੋਵੇ।

**ਵਰਤੋਂ** :—ਉਹ ਵਿਚਾਰਾ 'ਨਾ ਤਿੰਨਾਂ ਵਿੱਚ ਨਾ ਤੇਰਾਂ ਵਿਚ' ਹੈ, ਉਸ ਦੀ ਸਿਫਾਰਸ਼ ਪੁਆਉਣ ਦਾ ਕੀ ਲਾਭ ? (ਸੰ)

**ਤ੍ਰਿਨ ਓਹਲੇ ਲਖ।**

**ਭਾਵ** :—ਨਿਕੀ ਜਿਹੀ ਗਲ ਜਾਂ ਚੀਜ਼ ਤੋਂ ਬਹੁਤ ਕੁਝ ਲਾਭ ਹੋ ਜਾਣਾ।

**ਵਰਤੋਂ** :—ਤ੍ਰਿਨ ਓਹਲੇ ਲਖ ਵਾਲੀ ਗਲ ਹੋਈ ਹੈ ਇਹ ਤਾਂ, ਉਮੀਦ ਨਹੀਂ ਸੀ ਕਿ ਰਾਮ ਕ੍ਰਿਸ਼ਨ ਇਤਨੀ ਵੱਡੀ ਕੁਰਬਾਨੀ ਕਰੇਗਾ। (ਸੰਗ੍ਰ)

**ਤ੍ਰਿਖਵੰਤ ਜਲ ਸੇਤੀ ਕਾਜ ॥**

**ਭਾਵ** :—ਪਿਆਸੇ ਨੂੰ ਪਾਣੀ ਦੀ ਹੀ ਲੋੜ ਹੁੰਦੀ ਹੈ ਭਾਵ ਜਿਸ ਚੀਜ਼ ਦੀ ਕਿਸੇ ਨੂੰ ਲੋੜ ਹੋਇ ਉਸੇ ਨਾਲ ਉਸ ਦੀ ਪ੍ਰੀਤੀ ਹੁੰਦੀ ਹੈ।

**ਵਰਤੋਂ** :—

ਜੈਸੀ ਭੂਖੇ ਪ੍ਰੀਤਿ ਅਨਾਜ ॥
ਤ੍ਰਿਖਾਵੰਤ ਜਲ ਸੇਤੀ ਕਾਜ ॥
(ਗੁਰੂ ਗ੍ਰੰਥ—ਭੈਰਉ ਨਾਮਦੇਓ)

**ਤੀਜਾ ਰਲਿਆ ਤੇ ਕੰਮ ਗਲਿਆ।** ਜਾਂ **ਤੀਜਾ ਰਲਿਆ ਤੇ ਝੁੱਗਾ ਗਲਿਆ।**

**ਭਾਵ** :—ਜਦ ਬਹੁਤੇ ਆਦਮੀਆਂ ਨੂੰ ਕਿਸੇ ਭੇਦ ਜਾਂ ਕੰਮ ਵਿੱਚ ਰਲਾਉਣ ਨਾਲ ਖਰਾਬੀ ਹੋਵੇ।

**ਵਰਤੋਂ** :—ਦੋਵੇਂ ਖ਼ਿਆਲ ਬੜਾ ਚੰਗਾ ਕੰਮ ਕਰ ਰਹੇ ਸਾਂ। 'ਤੀਜਾ ਰਲਿਆ ਤੇ ਕੰਮ ਗਲਿਆ' ਬਸ ਉਜਾੜਾ ਪੈ ਗਿਆ। (ਸੰਗੂ)

**ਤੀਵੀਆਂ ਬੁਰੀ ਬਲਾ।**

**ਭਾਵ** :—ਇਸਤ੍ਰੀਆਂ ਦੇ ਸੁਭਾ ਤੋਂ ਜਦੋਂ ਕੋਈ ਔਖਾ ਹੋਵੇ।

**ਵਰਤੋਂ** :—ਲਾਲਾ—ਕਮਲਾ ਕੀ ਕਰਦਾ? ਹੋ ਜਾਊ ਸੰਜੋਗ ਕਿਤੇ। ਤੇਰਾ ਮੂੰਹ ਖੋਲ੍ਹਣ ਦੀ ਡੇਰ ਆ।

ਬੁੱਢਾ :—ਨਾ ਭਰਾ ਮਾਫ ਈ ਰਖ। ਤੀਮੀਆਂ ਬੁਰੀ ਬਲਾ।

(ਆਧੁਨਿਕ ਕਹਾਣੀਆ—ਗੁਰਚਰਨ ਸਿੰਘ)

**ਤੀਰ ਕਮਾਨੋਂ ਤੀਰ ਤੇ, ਗੱਲ ਜ਼ਬਾਨੋਂ ਨਿਕਲਕੇ ਵਾਪਸ ਨਹੀਂ ਆਉਂਦੇ।**

**ਭਾਵ** :—ਹਰ ਗੱਲ ਨੂੰ ਸੋਚ ਕੇ ਮੂੰਹੋਂ ਕਢਣਾ ਚਾਹੀਦਾ ਹੈ।

**ਵਰਤੋਂ** :—ਕਾਕਾ ਜੀ, ਸੋਚ ਵਿਚਾਰ ਕੇ ਗਲ ਕੀਤਾ ਕਰੋ। 'ਤੀਰ ਕਮਾਨੋਂ ਤੀਰ ਤੇ, ਗਲ ਜ਼ਬਾਨੋਂ, ਨਿਕਲ ਕੇ ਵਾਪਸ ਨਹੀਂ ਆਉਂਦੀ।' (ਸੰਗੂ)

**ਤੀਰ ਨਹੀਂ, ਤੁੱਕਾ ਸਹੀ।**

**ਭਾਵ** :—ਜਦ ਅਟਕਲ ਪੱਚੂ (ਬਿਨਾ ਨਤੀਜਾ ਵਿਚਾਰੇ) ਕਿਸੇ ਕੰਮ ਲਈ ਯਤਨ ਕੀਤਾ ਜਾਵੇ।

**ਵਰਤੋਂ** :—ਮੈਂ ਇਹੋ ਸੋਚਿਆ ਏ ਕਿ ਇਕ ਵਾਰੀ ਫੇਰ ਰਲਾ ਰਾਮ ਵਲ ਚਲਾ ਜਾਵਾਂ, ਮਤਾਂ ਤੀਰ ਤੁੱਕਾ ਲਗ ਈ ਜਾਏ।

(ਚਿਟਾ ਲਹੂ—ਸ: ਨਾਨਕ ਸਿੰਘ)

**ਤੀਰਥ ਨਾਇ ਨਾ ਪੱਥਰ ਤਰਿਆ।**

**ਭਾਵ** :—ਪੱਥਰ ਸਾਰੀ ਉਮਰ ਹੀ ਤੀਰਥਾਂ ਵਿਚ ਰਹਿੰਦਾ ਹੈ, ਪਰ ਤਰ ਨਹੀਂ ਸਕਿਆ। ਭਾਵ, ਚੰਗੇ ਕਰਮਾਂ ਬਾਝੋਂ ਤੀਰਥ-ਇਸ਼ਨਾਨ ਦਾ ਕੋਈ ਲਾਭ ਨਹੀਂ।

**ਵਰਤੋਂ** :—

ਬਗੁਲਾ ਤਰਨ ਨਾ ਸਿਖਿਓ
ਤੀਰਥ ਨਾਇ ਨਾ ਪਥਰ ਤਰਿਆ॥
ਨਾਲ ਸਿਆਣੇ ਭਲੀ ਭਿਖ
ਮੂਰਖ ਰਾਜਹੁ ਕਾਜ ਨਾ ਸਰਿਆ॥
(ਵਾਰਾਂ—ਭਾਈ ਗੁਰਦਾਸ ਜੀ)

**ਤੀਲੀ ਘੁਹਣ ਵਾਲੇ ਨੂੰ ਕੀ ਪਤਾ ਇਕ ਤੀਲੀ ਦੇਸ਼ ਜਾਲ ਸਕਦੀ ਹੈ।**

**ਭਾਵ** :—ਇਕ ਮਾੜੀ ਕਰਤੂਤ ਬੜਾ ਨੁਕਸਾਨ ਕਰ ਸਕਦੀ ਹੈ।

**ਵਰਤੋਂ** :—ਉਹ ਤਾਂ ਸਮਝਦਾ ਹੈ ਨਿਕੀ ਜਿਹੀ ਗਲ ਨੇ ਮੇਰਾ ਕੀ ਵਿਗਾੜਨਾ ਸੀ? ਤੀਲੀ ਘੁਹਣ ਵਾਲੇ ਨੂੰ ਕੀ ਪਤਾ ਇਕ ਤੀਲੀ ਦੇਸ ਜਾਲ ਸਕਦੀ ਹੈ। (ਸੰਗੂ)

**ਤੀਵੀਂ ਦੀ ਮੱਤ ਜੁੱਤੀ ਪਿਛੇ।** ਜਾਂ **ਤੀਵੀਂ ਦੀ ਅਕਲ ਗੁੱਤ ਪਿਛੇ।**

**ਭਾਵ** :—ਕਿਸੇ ਇਸਤ੍ਰੀ ਨੂੰ ਸਮਝਾਇਆ ਕਿਸੇ ਕੰਮ ਨੂੰ ਠੀਕ ਕਰਨ ਲਈ, ਪਰ ਫਿਰ ਵੀ ਉਹ ਆਪਣੀਆਂ ਹੀ ਕਰੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਵਡਾ ਪੁਤ੍ਰ:—ਮਾਂ ਹੋਸ਼ ਕਰ, ਸਚ ਮੁਚ ਤੀਵੀਂ ਦੀ ਅਕਲ ਗੁੱਤ ਪਿਛੇ। ਸਮਾਂ ਵੇਖ, ਬਾਕੀ ਟਬਰ ਦੀ ਸੁਖ ਮੰਗ।

(ਬਿਜੈ ਸਿੰਘ—ਭਾਈ ਵੀਰ ਸਿੰਘ)

**ਤੁਹਾਡੀਆਂ ਜੁਤੀਆਂ, ਸਾਡਾ ਸਿਰ।**

**ਭਾਵ** :—ਕਿਸੇ ਬਜ਼ੁਰਗ ਅਗੇ ਆਪਣੀ ਨਿਮ੍ਰਤਾ ਦਸ ਕੇ ਉਸ ਦੇ ਆਖੇ ਲਗਣਾ।

**ਵਰਤੋਂ** :—ਖੇਰ ਦੀਨ :— ਰੱਬ ਵਾਸਤੇ

ਸਾਡਾ ਪਿਛਲਾ ਗੁਨਾਹ ਮੁਆਫ਼ ਕਰੋ। ਅਗੋਂ ਅੱਲਾ ਚਾਹੇ, ਤੁਹਾਡੀਆਂ ਜੁਤੀਆਂ ਹੋਣ ਗਈਆਂ ਤੇ ਸਾਡਾ ਸਿਰ। (ਨਵਾਬ ਖਾਨ—ਪ੍ਰਿੰ: ਜੋਧ ਸਿੰਘ)

**ਤੁਹਾਡੀਆਂ ਜੁੱਤੀਆਂ, ਤੁਹਾਡਾ ਹੀ ਸਿਰ।** ਵੇਖੋ:—ਆਪਣੀਆਂ ਜੁੱਤੀਆਂ ਆਪਣੇ ਸਿਰ।

**ਭਾਵ** :—ਜਦੋਂ ਆਪਣੇ ਹੱਥੀਂ ਆਪਣਾ ਨੁਕਸਾਨ ਹੋ ਰਿਹਾ ਹੋਵੇ ਤਾਂ ਵਰਤਦੇ ਹਨ।

**ਵਰਤੋਂ** :—ਸਰਦਾਰ ਜੀ! ਜਿੰਨਾ ਜੀ ਆਵੇ ਖਰਚ ਕਰਾ ਲਓ, ਪਰ ਅੰਤ ਨੂੰ 'ਤੁਹਾਡੀਆਂ ਜੁਤੀਆਂ ਤੁਹਾਡੇ ਹੀ ਸਿਰ' ਵਾਲੀ ਗਲ ਹੋਣੀ ਹੈ। ਅਸਾਂ ਕਿਹੜਾ ਪੱਲਿਓਂ ਕੁਝ ਲਾਣਾ ਏ? (ਸੰਗ੍ਰ)

**ਤੁਹਾਡੀਆਂ ਤੁਸੀਂ ਜਾਣੋ।**

**ਭਾਵ** :—ਜਦ ਕਿਸੇ ਗੱਲ ਦੀ ਡੂੰਘਿਆਈ ਦਾ ਪਤਾ ਨਾ ਲਗੇ।

**ਵਰਤੋਂ** :—ਇਹ ਗਲ ਸੁਣ ਕੇ ਗੌਰੀ ਸ਼ੰਕਰ ਚੁਪ ਜੇਹਾ ਕਰ ਗਿਆ। ਫੇਰ ਕੁਝ ਦੇਰ ਬਾਦ ਕਹਿਣ ਲਗਾ, 'ਤੁਹਾਡੀਆਂ ਤੁਸੀਂ ਜਾਣੋਂ, ਅਸੀਂ ਏਸ ਬ੍ਰੀਕੀ ਤਕ ਅਪੜ ਨਹੀਂ ਸਕਦੇ।'

(ਸ੍ਰੀ ਚਰਣ ਹਰਿ ਵਿਸਥਾਰ—ਡਾ: ਬਲਵੀਰ ਸਿੰਘ)

**ਤੁਹਾਂ ਬਿਨਾਂ ਚੋਲ ਕਦੀ ਨਹੀਂ ਹੁੰਦੇ।**

**ਭਾਵ** :—ਕੋਈ ਕੰਮ ਜਦ ਕਿਸੇ ਦੇ ਆਸਰੇ ਬਿਨਾ ਸਿਰੇ ਨਾ ਚੜ੍ਹੇ। ਜਾਂ ਅਸਲੀਤ ਵਿੱਚੋਂ ਹੀ ਕੁਝ ਮਿਲਦਾ ਹੈ, ਨਕਲੀ ਚੀਜ਼ ਵਿੱਚੋਂ ਨਹੀਂ।

**ਵਰਤੋਂ** :—ਮਾਂ—ਕਿਸੇ ਦਾ ਸਹਾਰਾ ਨਾ ਢੂੰਡਾਂ ਤਾਂ ਕੰਮ ਕਿਵੇਂ ਨੇਪਰੇ ਚਾੜ੍ਹਾਂ, ਤੁਸੀਂ ਸਿਆਣੇ ਹੋ 'ਤੁਹਾਂ ਬਿਨਾਂ ਚੋਲ ਕਦੀ ਨਹੀਂ ਹੁੰਦੇ'। (ਸੰਗ੍ਰ)

**ਤੁਖ਼ਮ ਤਾਸੀਰ, ਸੋਹਬਤ ਦਾ ਅਸਰ।**

**ਭਾਵ** :—ਜਿਹਾ ਬੀਜ ਤਿਹਾ ਫਲ। ਜਿਹਾ ਸੰਗ ਤਿਹਾ ਰੰਗ।

**ਵਰਤੋਂ** :—ਲਖਪਤ ਚੰਗੇ ਘਰ ਜੰਮਿਆ ਪਰ ਕਿਨਾਂ ਮੰਦੇ ਕੰਮਾਂ ਵਿਚ ਪੈ ਗਿਆ। ਭੈੜੀ ਸੰਗਤ ਕਰਕੇ ਆਖਰ 'ਤੁਖ਼ਮ ਤਾਸੀਰ, ਸੋਹਬਤ ਦਾ ਅਸਰ' ਹੋਣਾ ਹੀ ਸੀ। (ਸੰਗ੍ਰ)

**ਤੁਰਤ ਦਾਨ, ਮਹਾਂ ਪੁੰਨ। ਜਾਂ ਤੁਰਤ ਦਾਨ ਮਹਾਂ ਕਲਿਆਨ।**

**ਭਾਵ** :—ਦਾਨ ਕਰਦਿਆਂ ਢਿਲ ਨਹੀਂ ਕਰਨੀ ਚਾਹੀਦੀ।

**ਵਰਤੋਂ** :—ਸਾਹਿਬਾਂ—ਪਤੀ ਜੀ, ਇਹ ਆਪ ਦਾ ਖਿਆਲ ਸਲਾਘਾ ਯੋਗ ਏ। ਢਿਲ ਨਾ ਕਰੋ। ਤੁਰਤ ਦਾਨ, ਮਹਾਂ ਪੁੰਨ।'

(ਰਜਨੀ ਨਾਟਕ—ਬਲਵੰਤ ਸਿੰਘ)

**ਤੁਰਿਆ ਤੁਰਿਆ ਜਾਹ ਤੇ ਕਰਮਾਂ ਦਾ ਖਟਿਆ ਖਾਹ।** ਵੇਖੋ:—ਅੱਗੇ ਅੱਗੇ ਜਾਹ ਤੇ ਕਰਮਾਂ ਦਾ ਖਟਿਆ ਖਾਹ।

**ਭਾਵ** :—ਜਿਨੀ ਮਰਜੀ ਹੈ, ਮਿਹਨਤ ਕਰੋ, ਅਖੀਰ ਕਿਸਮਤ ਵਿਚ ਜੋ ਲਿਖਿਆ ਹੈ, ਓਹੀ ਮਿਲੇਗਾ।

**ਵਰਤੋਂ** :—ਹੱਥ ਪੈਰ ਤੂੰ ਜਿਨੇ ਮਰਜ਼ੀ ਮਾਰ ਲੈ, ਭਜ ਦੌੜ ਕਰ ਲੈ ਪਰ ਅਖੀਰ ਬਨਣਾ ਉਹੋ ਹੈ ਜੋ ਕਿਸਮਤ ਵਿਚ ਲਿਖਿਆ ਹੈ। ਸਿਆਣਿਆਂ ਐਵੇਂ ਨਹੀਂ ਆਖਿਆ ਤੁਰਿਆ ਤੁਰਿਆ ਜਾਹ ਤੇ ਕਰਮਾਂ ਦਾ ਖਟਿਆ ਖਾਹ। (ਸੰਗ੍ਰ)

**ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥**

**ਭਾਵ** :—ਜਲ ਨਾਲ ਜਲ ਤੇ ਪਵਣ ਨਾਲ ਪਵਣ ਮਿਲ ਜਾਂਦੀ ਹੈ। ਸਾਥ ਆਪਣੇ ਸਾਥ ਨੂੰ ਜਾ ਮਿਲਦਾ ਹੈ।

**ਵਰਤੋਂ** :—

ਤੁਰਦੇ ਕਉ ਤੁਰਦਾ ਮਿਲੈ
ਉਡਤੇ ਕਉ ਉਡਤਾ॥
ਜੀਵਤੇ ਕਉ ਜੀਵਤਾ ਮਿਲੈ
ਮੂਏ ਕਉ ਮੂਆ॥

(ਗੁਰੂ ਗ੍ਰੰਥ—ਵਾਰ ਸੂਹੀ)

**ਤੁਰੀ ਹੋਈ ਜੂੰ ਵੀ ਨਹੀਂ ਮਾਣ ।**

**ਭਾਵ** :—ਥੋੜੇ ਤੋਂ ਥੋੜਾ ਕੰਮ ਵੀ ਜੇ ਉੱਦਮ ਨਾਲ ਕਰੀ ਜਾਈਏ, ਤਾਂ ਅੰਤ ਜਿੱਤ ਹੁੰਦੀ ਹੈ ।

**ਵਰਤੋਂ** :—ਸਰਦਾਰ—ਅਲਾਦਿੱਤਾ ! ਵਹਿਮ ਨਾ ਕਰ, ਆਲਸ ਛਡ, ਤੁਰੀ ਹੋਈ ਜੂੰ ਵੀ ਨਹੀਂ ਮਾਣ, ਬੰਦਾ ਤਾਂ ਕਿਤੇ ਰਿਹਾ । (ਸੰਗ੍ਰ)

**ਤੇਹ ਲਗੀ ਤੇ ਖੂਹ ਪੁਟਣਾ ।**

**ਭਾਵ** :—ਬਿਪਤਾ ਬਣ ਜਾਣ ਤੇ ਉਸ ਦਾ ਉਪਾ ਸੋਚਣ ਲਗਣਾ ।

**ਵਰਤੋਂ** :—ਲਛਮੀ—ਕਰਤਾਰੋ ਤੂੰ ਬੜੀ ਅਲੂੜ ਏਂ । ਕਦੀ ਤੇਹ ਲਗੀ ਤੇ ਵੀ ਕਿਸੇ ਖੂਹ ਪਟਿਆ ਹੈ ? ਕੁਝ ਸੋਚ ਤਾਂ ਸਹੀ । (ਸੰਗ੍ਰ)

**ਤੇਹਾ ਹੋਵੈ ਜੇਹੇ ਕਰਮ ਕਮਾਇ ॥**

**ਭਾਵ** :—ਜਿਹੋ ਜਿਹੋ ਕੋਈ ਕੰਮ ਕਰੇਗਾ, ਓਹੋ ਜਿਹਾ ਹੋ ਜਾਵੇਗਾ ।

**ਵਰਤੋਂ** :—

ਆਗੈ ਜਾਤਿ ਰੂਪੁ ਨਾ ਜਾਇ ॥
ਤੇਹਾ ਹੋਵੈ ਜੇਹੇ ਕਰਮ ਕਮਾਇ ॥
(ਗੁਰੂ ਗ੍ਰੰਥ—ਆਸਾ ਰਾਗ)

**ਤੇਰਾ ਘਰ, ਸੋ ਮੇਰਾ ਘਰ ।**

**ਭਾਵ** :—ਪਟਿਆਲੇ ਦੇ ਰਾਜ ਘਰਾਣੇ ਨੂੰ ਗੁਰੂ ਗੋਬਿੰਦ ਸਿੰਘ ਨੇ 'ਤੇਰਾ ਘਰ ਸੋ ਮੇਰਾ ਘਰ' ਦੀ ਅਸੀਸ ਦਿੱਤੀ ਸੀ । ਜਦ ਕਿਸੇ ਦੂਜੇ ਤੇ ਆਪਣੇ ਵਿੱਚ ਭੇਦ ਭਾਵ ਦੀ ਅਣਹੋਂਦ ਦਸਣੀ ਹੋਵੇ ਤਦ ਹੀ ਵਰਤਦੇ ਹਨ ।

**ਵਰਤੋਂ** :—ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਜਿਨ੍ਹਾਂ ਨੇ ਪਟਿਆਲਾ ਸਟੇਟ ਨੂੰ 'ਤੇਰਾ ਘਰ ਮੇਰਾ ਘਰ ਅਸੋ' ਕਹਕੇ ਰਿਆਸਤ ਪਟਿਆਲੇ ਦੀ ਇਜ਼ਤ ਨੂੰ ਚਾਰ ਚੰਨ ਲਾ ਦਿੱਤੇ । (ਸੰਗ੍ਰ)

**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ।**

**ਭਾਵ** :—ਤੇਰਾ ਦਿੱਤਾ ਹੀ ਤੇਰੇ ਅਰਪਨ ਹੈ, ਮੇਰਾ ਇਸ ਵਿਚ ਕੀ ਹੈ ?

**ਵਰਤੋਂ** :—

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ ॥
(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਤੇਰਾ ਭਰਤ ਨਹੀਂ ਭਰਦਾ ।**

ਭਰਤ = ਢਿਡ, ਪੇਟ ।

**ਭਾਵ** :—ਜੋ ਹਰ ਵੇਲੇ ਭੁਖਾ ਹੀ ਜਾਪੇ ।

**ਵਰਤੋਂ** :—ਮਾਂ—ਕਾਕਾ, ਬਸ ਕਰ, ਤੇਰਾ ਤਾਂ ਭਰਤ ਨਹੀਂ ਭਰਨਾ, ਭਾਵੇਂ ਜਿੰਨਾਂ ਮਰਜ਼ੀ ਹੈ, ਦੇਈ ਜਾਵਾਂ । (ਸੰਗ੍ਰ)

**ਤੇਰਾ ਰਾਹ ਇਹ ਤੇ ਸਾਡਾ ਰਾਹ ਓਹ । ਜਾਂ ਤੇਰਾ ਰਾਹ ਆਹ ਤੇ ਮੇਰਾ ਰਾਹ ਓਹ ।**

**ਭਾਵ** :—ਜਦ ਕੋਈ ਸਮਝਾਇਆ ਨਾ ਸਮਝੇ ਤੇ ਆਪਣੀ ਕਰੇ ।

**ਵਰਤੋਂ** :—ਭਾਈ ਸੱਚੀ ਗਲ ਤਾਂ ਇਹ ਹੈ ਕਿ ਤੇਰੇ ਨਾਲ ਸਾਡੀ ਨਹੀਂ ਨਿਭਣੀ, ਤੇਰਾ ਰਾਹ ਇਹ ਤੇ ਸਾਡਾ ਇਹ । (ਸੰਗ੍ਰ)

**ਤੇਰੀ ਅਖੀਂ ਨੂਰ ਝਬਕੇ ਮੇਰਾ ਫਿੱਨਾ ਨਕ, ਦੋਇ ਧਿਰਾਂ ਇਕੋ ਜਿਹੀਆਂ ਖਾਤਰ ਜਮ੍ਹਾਂ ਰਖ ।**

**ਭਾਵ** :—ਜਦ ਦੋਇ ਧਿਰਾਂ ਇਕੋ ਜਿਹੀਆਂ ਭੈੜੀਆਂ ਹੋਣ ਤਦ ਵਰਤਦੇ ਹਨ ।

**ਵਰਤੋਂ** :—ਮੁੰਡਾ ਕਾਣਾ ਸੀ ਤੇ ਕੁੜੀ ਕੋਝੀ । ਦੋਇ ਧਿਰਾਂ ਇਕੋ ਜਹੀਆਂ ਸਨ । ਕੁੜੀ ਨੇ ਝਟ ਇਹ ਸਮਤਾ ਵੇਖੀ ਤਾਂ ਹਸ ਪਈ ਤੇ ਬੋਲੀ :—

ਤੇਰੀ ਅਖੀਂ ਨੂਰ ਝਬਕੇ,
ਮੇਰਾ ਫਿਨਾ ਨਕ ।
ਦੋਇ ਧਿਰਾਂ ਇਕੋ ਜਿਹੀਆਂ,
ਖਾਤਰ ਜਮ੍ਹਾਂ ਰਖ । (ਸੰਗ੍ਰ)

**ਤੇਰੀ ਛਾਹ ਛੱਡੀ, ਤੂੰ ਸਾਨੂੰ ਕੁਤਿਆਂ ਤੋਂ ਛੁਡਾ ।**

**ਭਾਵ** :—ਅਸੀਂ ਤੈਥੋਂ ਕੋਈ ਲਾਭ ਨਹੀਂ ਲੈਣਾ ਚਾਹੁੰਦੇ ਤੂੰ ਉਂਝ ਹੀ ਸਾਡੀ ਜਾਨ ਦੀ ਖਲਾਸੀ ਕਰ ।

**ਵਰਤੋਂ** :—ਰਾਜਦੂਤ—ਮੰਤ੍ਰੀ ਜੀ ! ਉਂਝ ਹੀ ਸਾਡੀ ਖਲਾਸੀ ਕਰਾਵੋ । ਮਹਾਰਾਜ ਨੂੰ ਸਾਡੀ ਇਛਿਆ ਦਸ ਦਿਉ ਕਿ ਅਸੀਂ 'ਤੇਰੀ ਛਾਹ ਛਡੀ, ਤੂੰ ਸਾਨੂੰ ਕੁਤਿਆ ਤੋਂ ਛੁਡਾ' । ਬਸ ਸਾਨੂੰ ਛੁਟੀ ਬਖਸ਼ੋ ਕਿਸੇ ਤਰ੍ਹਾਂ । (ਸੰਗ੍ਰ)

**ਤੇਰੀਆਂ ਜੁਤੀਆਂ, ਮੇਰਾ ਸਿਰ ।**

**ਭਾਵ** :—ਜੋ ਸਜ਼ਾ ਜੀ ਆਵੇ ਮੈਨੂੰ ਦੇ ਲਵੋ ਮੈਂ ਤੁਹਾਡੀ ਹਰ ਹਾਲ ਵਿੱਚ ਮੰਨਾਂਗਾ ।

**ਵਰਤੋਂ** :—ਬਸ ਓਹੀਓ ਗੁਲੂਬੰਦ ਜਿਹੜਾ ਤੂੰ ਜਮਨਾ ਨੂੰ ਪਰਸੋਂ ਰਾਤ ਦੇ ਆਇਆ ਏਂ, ਵਡੇ ਵੇਲੇ ਜਾ ਕੇ ਪ੍ਰੇਮ ਦੀ ਵਹੁਟੀ ਦੇ ਗਲ ਵੇਖ ਲਈਂ । ਜੇ ਨਾ ਹੋਇਆ ਤਾਂ ਤੇਰੀਆਂ ਜੁਤੀਆਂ, ਤੇ ਮੇਰਾ ਸਿਰ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਤੇਰੀਆਂ ਤੂੰਹੀਓ ਜਾਣੇ ।**

**ਭਾਵ** :—ਜਦ ਕਿਸੇ ਦੇ ਅਸਲੀ ਭਾਵ ਜਾਂ ਸੁਭਾ ਦਾ ਪਤਾ ਨਾ ਲਗੇ ਤਦ ਵਰਤਦੇ ਹਨ ।

**ਵਰਤੋਂ** :— 'ਬਈ, ਤੇਰੀਆਂ ਤੂੰਹੀਓ ਜਾਣ ।' ਮੈਂ ਕੀ ਸਮਝਾਂ ਤੇਰੀਆਂ ਬੁਝਾਰਤਾਂ ਨੂੰ । (ਸੰਗ੍ਰ)

**ਤੇਰੇ ਢਿੱਡ ਵਿਚ ਮੇਰੇ ਨੌਹਾਂ ਤੇ ।**

**ਭਾਵ** :—ਜੋ ਗੱਲ ਕਿਸੇ ਦੇ ਦਿਲ ਵਿਚ ਹੋਵੇ, ਉਸ ਦਾ ਪਤਾ ਹੋਣਾ ।

**ਵਰਤੋਂ** :—ਬੁਝਣ ਨੂੰ ਇਹ ਬੜੀ ਗੁੰਝਿਆਲੀ ਗਲ ਸੀ ਪਰ ਜਿਹੜੀਆਂ ਤੇਰੇ ਢਿਡ ਵਿਚ ਨੇ, ਉਹ ਮੇਰਿਆਂ ਨੌਹਾਂ ਤੇ ਨੇ ।

(ਛੇ ਘਰ—ਸੰਤ ਸਿੰਘ ਸੇਖੋਂ)

**ਤੇਰੇ ਪੀਠੇ ਦਾ ਕੀ ਛਾਣਨਾ ।**

**ਭਾਵ** :—ਜਦ ਕਿਸੇ ਕੰਮ ਵਿੱਚ ਕੋਈ ਨੁਕਸ ਨਾ ਜਾਪੇ,ਤੇ ਹੋਰ ਯਤਨ ਉਸ ਲਈ ਕਰਨਾ ਅਕਾਰਥ ਹੋਵੇ, ਤਦ ਇਹ ਵਰਤਦੇ ਹਨ ।

**ਵਰਤੋਂ** :—'ਤੇਰੇ ਪੀਠੇ ਦਾ ਕੀ ਛਾਣਨਾ ਹੈ' ਕਿਸੇ ? ਤੂੰ ਪਹਿਲਾਂ ਹੀ ਏਨਾਂ ਸੁਚੱਜਾ ਕੰਮ ਕਰ ਦਿੱਤਾ, ਕਿ ਹੋਰ ਕਿਸੇ ਦੇ ਯਤਨ ਦੀ ਲੋੜ ਹੀ ਨਹੀਂ । (ਸੰਗ੍ਰ)

**ਤੇਰੇ ਲਾਰੇ ਤੇ ਮੁੰਡੇ ਰਹਿਣ ਕੰਵਾਰੇ ।**

**ਭਾਵ** :—ਜਦ ਕਿਸੇ ਉਤੇ ਭਰੋਸਾ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਚਾਤਰ—ਯਾਰ ਗਪਾਂ ਨਾ ਮਾਰ ਤੇਰੇ ਲਾਰੇ ਤੇ ਮੁੰਡੇ ਰਹਿਨ ਕੰਵਾਰੇ । ਕਦੀ ਤੂੰ ਗੱਲ ਕਹਿ ਕੇ ਤੋੜ ਵੀ ਚਾੜ੍ਹੀ ਹੈ। (ਸੰਗ੍ਰ)

**ਤੇਰੋ ਕੀਆ, ਤੁਝਹਿ ਕਿਆ ਅਰਪਉ ॥**

**ਭਾਵ** :—ਹੇ ਰੱਬ, ਸਭ ਕੁਝ ਤੇਰਾ ਬਣਾਇਆ ਹੋਇਆ ਹੈ, ਮੈਂ ਤੈਨੂੰ ਕੀ ਭੇਟ ਕਰਾਂ ?

**ਵਰਤੋਂ** :—

'ਤੇਰੋ ਕਿਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥'

(ਗੁਰੂ ਗ੍ਰੰਥ—ਧਨਾਸਰੀ ਭਗਤ ਰਵਦਾਸ)

**ਤੇਲ ਹੱਟੀ ਦਾ, ਘਿਉ ਜੱਟੀ ਦਾ ।**

**ਭਾਵ** :—ਘਿਉ ਜੱਟੀ ਪਾਸੋਂ ਚੰਗਾ ਮਿਲਦਾ ਹੈ ਤੇ ਤੇਲ ਹੱਟੀ ਵਾਲੇ ਪਾਸੋਂ ।

**ਵਰਤੋਂ** :—ਘਿਉ ਕਿਸੇ ਜੱਟੀ ਤੋਂ ਹੀ ਲੈਣਾ । 'ਤੇਲ ਹੱਟੀ ਦਾ, ਘਿਉ ਜੱਟੀ ਦਾ' । ਹੱਟੀ ਵਾਲੇ ਘਿਉ ਰਲਾ ਪਾ ਕੇ ਵੇਚਦੇ ਹਨ । (ਸੰਗ੍ਰ)

**ਤੇਲ ਖਾਣਾ ਤੇ ਗੁਲਗੁਲਿਆਂ ਤੋਂ ਪਰਹੇਜ਼ ।**

**ਭਾਵ** :—ਬਹੁਤਾ ਮੰਦਾ ਕੰਮ ਕਰ ਲੈਣਾ ਤੇ ਥੋੜੇ ਮੰਦੇ ਨੂੰ ਕਰਨ ਤੋਂ ਡਰਨਾ ।

**ਵਰਤੋਂ** :—ਹਾਹੋ ਕਿ; ਸ਼ਰਾਬ ਛਕ ਲਈ ਤੇ ਮਾਸ ਨਾ ਖਾਧਾ। ਵਾਹ ਵੈਸ਼ਨੋ ਜੀ ਮਹਾਰਾਜ! 'ਤੇਲ ਖਾਣਾ ਤੇ ਗੁਲਗਲਿਆਂ ਤੋਂ ਪਰਹੇਜ਼'। ਸਾਨੂੰ ਨਾ ਦਸੋ ? (ਸੰਗ੍ਰ)

### ਤੇਲ ਤਮਾਂ ਜਾਕੋ ਮਿਲੇ ਤੁਰਤ ਨਰਮ ਹੋ ਜਾਏ।

**ਭਾਵ** :—ਵੱਢੀ ਸਾਰੇ ਕੰਮ ਰਾਸ ਕਰ ਦੇਂਦੀ ਹੈ।

**ਵਰਤੋਂ** :—ਸ਼ਾਹ— ਸਰਦਾਰ ਜੀ! ਮੈਂ ਕਚਹਿਰੀ ਗਿਆ। ਕਈਆਂ ਦੀਆਂ ਮਿੰਨਤਾਂ ਕੀਤੀਆਂ ਪਰ ਕੋਈ ਗਲ ਵੀ ਨਾ ਕਰੇ। ਮੈਂ ਚੁੱਕ ਦੋ ਰੁਪਈਏ ਅਰਦਲੀ ਨੂੰ ਦਿਤੇ। ਸਭੋ ਕੁਝ ਹੋ ਗਿਆ। ਸਿਆਣਿਆਂ ਨੇ ਸਚ ਕਿਹਾ ਹੈ, 'ਤੇਲ ਤਮਾ ਜਾਕੋ ਮਿਲੇ ਤੁਰਤ ਨਰਮ ਹੋ ਜਾਏ।' (ਸੰਗ੍ਰ)

### ਤੇਲ ਤਿਲਾਂ ਵਿੱਚੋਂ ਹੀ ਨਿਕਲਦਾ ਏ।

**ਭਾਵ** :—ਜਦ ਇਕ ਦੂਜੇ ਦੀ ਮਦਦ ਨਾਲ ਕੰਮ ਚਲੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਮਿਸਤ੍ਰੀ — ਹਾਹੋ, ਹਾਹੋ ਸਰਦਾਰ ਜੀ, ਤੁਸੀਂ ਕੋਈ ਖਿਆਲ ਨਾ ਕਰੋ, ਪਹਿਲਾਂ ਤੁਸੀਂ ਤੇ ਪਿਛੇ ਮੈਂ। ਵੇਖ ਨਾ ਅਕਸਰ ਤੇਲ ਤਿਲਾਂ ਵਿੱਚੋਂ ਹੀ ਨਿਕਲਣਾ ਏ ਨਾ।

(ਮਿਧੇ ਹੋਏ ਫੁਲ—ਨਾਨਕ ਸਿੰਘ)

### ਤੇਲ ਦੇਖੋ, ਤੇਲ ਦੀ ਧਾਰ ਵੇਖੋ।

**ਭਾਵ** : ਵੇਖੀ ਚਲੋ, ਅਗੋਂ ਕੀ ਹੁੰਦਾ ਹੈ ?

**ਵਰਤੋਂ** :— ਨਹੀਂ ਫ਼ਿਕਰ ਕਾਹਦਾ ਏ, ਅਜੇ ਤੇਲ ਵੇਖੋ, ਤੇਲ ਦੀ ਧਾਰ ਵੇਖੋ। ਧਿਆਨ ਰੱਖੀਂ ਜੇ ਵੇਲੇ ਸਿਰ ਰਕਮ ਨਿਕਲ ਸਕਦੀ ਹੋਵੇ ਤਾਂ ਕਢਾ ਲਈਏ।

(ਸ਼ਾਮੂ ਸ਼ਾਹ—ਆਈ.ਸੀ. ਨੰਦਾ)

### ਤੇਲੀ (ਬੰਦਾ) ਜੋੜੇ ਪਲੀ ਪਲੀ ਤੇ ਰੱਬ (ਰਾਮ) ਰੁੜ੍ਹਾਵੇ ਕੁਪਾ।

ਵੇਖੋ :— ਸਰਫਾ ਕਰ ਸੁੱਤੀ ਆਟਾ ਖਾ ਗਈ ਕੁੱਤੀ।

**ਭਾਵ** :—ਮਨੁੱਖ ਕੁਝ ਸੋਚਦਾ ਹੈ ਤੇ ਰੱਬ ਵੱਲੋਂ ਕੁਝ ਹੁੰਦਾ ਹੈ। ਜਾਂ ਕੰਜੂਸੀ ਦਾ ਧਨ ਇਕੋ ਵੇਰ ਰੁੜ੍ਹਦਾ ਹੈ।

**ਵਰਤੋਂ** : – ਅੱਗ ਨੇ ਵਿਚਾਰੀ ਦਾ ਸਭ ਕੁਝ ਸਾਰੀ ਉਮਰ ਦਾ ਜੋੜਿਆ ਪਲ ਵਿੱਚ ਤਬਾਹ ਕਰ ਦਿੱਤਾ। ਕੀ ਆਖੀਏ 'ਤੇਲੀ ਜੋੜੇ ਪਲੀ ਪਲੀ ਤੇ ਰਬ ਰੁੜ੍ਹਾਵੇ ਕੁਪਾ'। ਰਬ ਦੇ ਰੰਗ ਨਿਆਰੇ ਨੇ।

(ਸੰਗ੍ਰ)

### ਤੇਲੀ ਦਾ ਤੇਲ ਬਲੇ, ਮਸ਼ਾਲਚੀ ਦਾ ਦਿਲ ਦੁਖੇ।

**ਭਾਵ** :—ਖਰਚ ਕਿਸੇ ਦਾ ਹੋਵੇ ਝੋਰਾ ਕੋਈ ਹੋਰ ਕਰੇ।

**ਵਰਤੋਂ** :—ਸਰਦਾਰ — ਓਇ ਹੀਰਿਆ, ਪੈਸੇ ਤਾਂ ਮੇਰੇ ਖਰਚ ਹੋ ਰਹੇ ਹਨ ਤੇ ਝੂਰਦਾ ਤੂੰ ਹੈਂ। 'ਤੇਲੀ ਦਾ ਤੇਲ ਬਲੇ, ਮਸ਼ਾਲਚੀ ਦਾ ਦਿਲ ਦੁਖੇ।' ਅਜਬ ਗਲ ਹੈ ਇਹ ਤਾਂ। (ਸੰਗ੍ਰ)

### ਤੇਲੀ ਭੀ ਕੀਤਾ ਤੇ ਰੁੱਖਾ ਹੀ ਖਾਧਾ।

**ਭਾਵ** :—ਜਦ ਕਿਸੇ ਗੁਣਵਾਨ ਜਾਂ ਧਨਵਾਨ ਨਾਲ ਦੋਸਤੀ ਵੀ ਪਾਵੇ, ਪਰ ਮਤਲਬ ਫਿਰ ਵੀ ਪੂਰਾ ਨਾ ਹੋਵੇ, ਤਦ ਵਰਤਦੇ ਹਨ।

**ਵਰਤੋਂ** :—ਸਰਦਾਰ—ਚੰਗਾ ਫਿਰ, ਇਵੇਂ ਹੀ ਕਰਾਂਗਾ, ਪਰ ਵੇਖੀਂ ਕਿਤੇ ਉਹ ਗਲ ਨਾ ਹੋਵੇ ਕਿ ਤੇਲੀ ਵੀ ਕੀਤਾ ਤੇ ਰੁਖਾ ਵੀ ਖਾਧਾ। ਬਣੇ ਵੀ ਕੁਝ ਨਾ, ਤੇ ਮੁਫਤ ਦੀ ਯਈਂ ਯਈਂ ਵੀ ਕਰੀਏ।

(ਸੰਗ੍ਰ)

### ਤੇਲੀ ਰੇ ਤੇਲੀ ਤੇਰੇ ਸਿਰ ਤੇ ਕੋਹਲੂ।

**ਭਾਵ** :—ਜਦ ਕੋਈ ਬੇ-ਥਵੀ ਜਾਂ ਅ-ਢੁਕਵੀਂ ਗੱਲ ਕਹੀ ਜਾਏ।

**ਵਰਤੋਂ** :—ਕਮਾਲ ਐ। ਕਮਾਲ ਐ। ਅਖੇ ਜਟ ਰੇ ਜਟ ਤੇਰੇ ਸਿਰ ਪੈ ਖਾਟ, ਅਖੇ ਤੇਲੀ ਰੇ ਤੇਲੀ ਤੇਰੇ ਸਿਰ ਤੇ ਕੋਹਲੂ। ਅਖੇ ਜੁੜਿਆ ਵੀ? ਅਖੇ ਬੋਝ ਨਾਲ ਤਾਂ ਮਰੇਗਾ। ਸੋ ਵਾਹ ਸੁਰਿੰਦਰ ਜੀ, ਤੁਸੀਂ ਵੀ ਬੋਝ ਨਾਲ ਹੀ ਮਾਰਦੇ ਹੋ। (ਸੰਗ੍ਰ)

## ਤੇੜ ਨ ਉਤੇ, ਭੌਂਕਣ ਕੁੱਤੇ।

**ਭਾਵ** :— ਗਰੀਬ ਨੂੰ ਸਾਰੇ ਦੁਰਕਾਰਦੇ ਹਨ। ਜਾਂ ਜਦ ਕੋਈ ਗ਼ਰੀਬ ਹੋ ਕੇ ਵਡਿਆਈ ਦਾ ਹੰਕਾਰ ਕਰੇ, ਤਦ ਹੀ ਵਰਤਦੇ ਹਨ।

**ਵਰਤੋਂ** :—ਬਸ, ਨੀ ਬਸ, 'ਤੇੜ ਨਾ ਉਤੇ ਤੇ ਭੌਂਕਣ ਕੁੱਤੇ' ਮੈਂ ਜਾਣਦੀ ਹਾਂ, ਤੂੰ ਕਿੰਨੇ ਕੁ ਪਾਣੀ ਵਿੱਚ ਹੈਂ? (ਸੰਗ੍ਰ)

## ਤੈਨੂੰ ਕੰਮ ਦੇ ਨਾਂ ਮੌਤ ਪੈ ਜਾਂਦੀ ਹੈ।

**ਭਾਵ** :—ਜਦ ਕੋਈ ਕੰਮ-ਚੋਰ ਜਾਂ ਆਲਸੀ ਆਦਮੀ ਕੰਮ ਕਰਨ ਤੋਂ ਜੀ ਚੁਰਾਵੇ ਤਦ ਵਰਤਦੇ ਹਨ।

**ਵਰਤੋਂ** :—'ਤੈਨੂੰ ਤਾਂ ਕੰਮ ਦੇ ਨਾਂ ਮੌਤ ਪੈ ਜਾਂਦੀ ਹੈ।' ਖਾਣ ਨੂੰ ਜਿੰਨਾ ਦਿਉ ਨਿਗਲ ਜਾਨਾ ਏਂ। (ਸੰਗ੍ਰ)

## ਤੈਨੂੰ ਪਰਾਈ ਕੀ ਪਈ, ਆਪਣੀ ਨਬੇੜ ਤੂੰ।

**ਭਾਵ** :—ਆਪਣੇ ਕੰਮ ਨਾਲ ਮਤਲਬ ਰੱਖੋ, ਦੂਜਿਆਂ ਦੇ ਕੰਮ ਵਿੱਚ ਦਖਲ ਨਾ ਦਿਓ।

**ਵਰਤੋਂ** :—

ਨਿਘਰ ਵੈਂਦਿਆ ਜੋਗੀਆ
(ਮੇਰੇ) ਸਿਰ ਤੋਂ ਕੜ ਕੜ ਲਾਹ।
ਤੁਧ ਪਰਾਈ ਕੀ ਪਈ
(ਜਾਹ) ਆਪਣੀ ਤੋੜ ਨਿਬਾਹ।

(ਹੀਰ—ਦਮੋਦਰ)

## ਤੋੜਾ ਤੂਤ ਦਾ ਜੇ ਧਵੇ ਨਾ, ਸਾਂਝ ਜੱਟ ਦੀ ਜੋ ਭਵੇ ਨਾ।

**ਭਾਵ** :—ਜੱਟ ਦਾ ਮਿਲਾਪੜਾ ਤੇ ਤੂਤ ਦਾ ਗਠੀਲਾ ਸੁਭਾ ਦਸਿਆ ਹੈ।

**ਵਰਤੋਂ** :— ਸੰਧੋ — ਕਾਲਿਆ, ਛਡ ਵਿਹਲੀਆਂ ਗਲਾਂ, ਸਾਂਝ ਦਾ ਸੁਆਦ ਜੱਟ ਨਾਲ ਹੀ ਹੈ। ਸਿਆਣਿਆਂ ਨੇ ਸੱਚ ਕਿਹਾ ਹੈ ਪਈ 'ਤੋੜਾ ਤੂਤ ਦਾ ਜੋ ਧਵੇ ਨਾ, ਸਾਂਝ ਜੱਟ ਦੀ,ਜੋ ਭਵੇ ਨਾ।

(ਸੰਗ੍ਰ)

## ਤੋਤੇ ਜੀਭ ਪੱਕ ਗਈ ਜਦੋਂ ਮੇਵਾ ਪਕਣ ਤੇ ਆਇਆ।

**ਭਾਵ** :—ਕੰਮ ਸਿਰੇ ਚੜ੍ਹਨ ਸਮੇਂ ਜਦ ਕੋਈ ਵਿਘਨ ਪੈ ਜਾਵੇ।

**ਵਰਤੋਂ** :—ਮਹਾਰਾਜ—ਖੋਟੇ ਭਾਗ! ਤੋਤੇ ਜੀਭ ਪਕ ਗਈ, ਜਦੋਂ ਮੇਵਾ ਪਕਣ ਤੇ ਆਇਆ। ਲੜਾਈ ਤੋਂ ਜਿੱਤ ਹੋਣ ਲਗੀ, ਤਾਂ ਆਪਣੀ ਸੈਨਾ ਵਿਚ ਫੁੱਟ ਪੈ ਗਈ। (ਸੰਗ੍ਰ)

## ਤੋਬਾ ਤੋਬਾ ਕਰ ਤੇ ਰੱਬ ਕੋਲੋਂ ਡਰ।

**ਭਾਵ** :—ਹੰਕਾਰ ਵਿੱਚ ਮੱਤਾ ਜਦ ਕੋਈ ਆਕੜ ਦੀਆਂ ਗੱਲਾਂ ਕਰੇ, ਤਦ ਉਸ ਨੂੰ ਸਮਝਾਣ ਲਈ ਵਰਤਦੇ ਹਨ।

**ਵਰਤੋਂ** :—ਵੇ ਬੀਬਾ, ਤੋਬਾ ਤੋਬਾ ਕਰ, ਰਬ ਕੋਲੋਂ ਡਰ, ਭਰਾਵਾਂ ਦੇ ਸਿਰਾਂ ਨੂੰ ਅਸੀਸਾਂ ਦੇਹ, ਜਿਨ੍ਹਾਂ ਦੀ ਖੈਰ ਖੈਰੀਅਤ ਮੌਜਾਂ ਮਾਣਦਾ, ਧੌਣ ਅਕੜਾਉਂਦਾ, ਸੀਨਾ ਤਾਣਦਾ ਏਂ।

(ਹੀਰ ਸਿਆਲ—ਫੀਰੋਜ਼ ਦੀਨ ਸ਼ਰਫ਼)

## ਤੋਰ ਕਢਣ ਛਡਿਆ, ਮਸਾਂ ਚਾਲੇ ਹੀ ਚਲੇ।

**ਭਾਵ** :—ਕੁਝ ਕੰਮ ਤਾਂ ਕਰੇ, ਵਿਹਲਾ ਤਾਂ ਨਾ ਬੈਠੇ।

**ਵਰਤੋਂ** :—ਮੈਂ ਕਦ ਆਖਦੀ ਹਾਂ, ਮੈਨੂੰ ਖਜ਼ਾਨਾ ਜੋੜ ਦੇਵੇ। 'ਤੋਰ ਕਢਣ ਛਡਿਆ, ਮਸਾਂ ਚਾਲੇ ਹੀ ਚਲੇ' ਘਰ ਦਾ ਗੁਜ਼ਾਰਾ ਤਾਂ ਤੋਰੇ। (ਸੰਗ੍ਰ)

**ਤੋੜਨਾ ਸੁਖਾਲਾ, ਪਰ ਜੋੜਨਾ ਔਖਾ।**

**ਭਾਵ** :—ਮਿਤ੍ਰਤਾ ਬਣਦੀ ਔਖੀ ਪਰ ਟੁਟਦੀ ਛੇਤੀ ਹੈ।

**ਵਰਤੋਂ** :—'ਜੀ ਹਾਂ' ਅਰਵਿੰਦ ਬੋਲੀ, 'ਕੋਈ ਚੀਜ਼ ਤੋੜਨੀ ਜਿੰਨੀ ਸੁਖਾਲੀ ਹੈ, ਜੋੜਨੀ ਉਸ ਤੋਂ ਕਈ ਦਰਜੇ ਵਧ ਮੁਸ਼ਕਲ ਹੁੰਦੀ ਹੈ।'
(ਲਵ ਮੈਰਜ—ਨਾਨਕ ਸਿੰਘ)

**ਤੌਣੀ ਉਬਲੇਗੀ ਤਾਂ ਆਪਣੇ ਕੰਢੇ ਹੀ ਸਾੜੇਗੀ।**

**ਭਾਵ** :—ਕੋਈ ਮੂਰਖ ਗੁਸੇ ਹੋਵੇਗਾ, ਤਾਂ ਆਪਣੇ ਆਪ ਨੂੰ ਹੀ ਔਖਾ ਕਰੇਗਾ।

**ਵਰਤੋਂ** :—ਨਰਾਜ਼ ਹੈਂ ਤਾਂ ਨਰਾਜ਼ ਹੀ ਸਹੀ, ਮੇਰਾ ਕੀ ਵਿਗਾੜੇਂਗਾ, ਤੌੜੀ ਉਬਲੇਗੀ ਤਾਂ ਅਪਣੇ ਕੰਢੇ ਹੀ ਸਾੜੇਗੀ। (ਸੰ)

**ਤੰਗ ਆਮਦ, ਬਜੰਗ ਆਮਦ।**

**ਭਾਵ** :—ਜਦ ਕੋਈ ਅਤੀ ਦੁਖੀ ਹੋ ਕੇ ਲੜ ਪਵੇ।

**ਵਰਤੋਂ** :—ਪਰ ਧਨ-ਪਾਤਰਾਂ ਨੂੰ ਗਰੀਬਾਂ ਦੇ ਦੁਖਾਂ ਦੀ ਕੀ ਪਰਵਾਹ? ਉਹਨਾਂ ਨੇ ਮਦਦ ਕਰਨੋਂ ਨਾਂਹ, ਕਰ ਦਿੱਤੀ। ਹੁਣ ਤੰਗ ਆਮਦ ਬਜੰਗ ਆਮਦ' ਵਾਲਾ ਹਾਲ ਬਣ ਗਿਆ। (ਸੰਗ੍ਰ)

**ਤੰਦ ਤੰਦ ਕਰਦਿਆਂ ਤਾਣੀ ਬਣ ਜਾਂਦੀ ਏ।**

**ਭਾਵ** —ਥੋੜ੍ਹੀ ਥੋੜ੍ਹੀ ਚੀਜ਼ ਇਕੱਠੀ ਕਰਦਿਆਂ ਢੇਰ ਸਾਰੀ ਚੀਜ਼ ਬਣ ਜਾਂਦੀ ਹੈ।

**ਵਰਤੋਂ** :—ਚੌਧਰਿਆਣੀ ਜੀ, ਸਚ ਆਖਦੇ ਹੋ, 'ਤੰਦ ਤੰਦ ਕਰਦਿਆਂ ਤਾਣੀ ਬਣ ਜਾਂਦੀ ਹੈ।' ਸੰਭਾਲ ਤੇ ਸੰਜਮ ਬੜੀ ਚੀਜ਼ ਜੇ। (ਸੰਗ੍ਰ)

**ਤੰਦ ਨਾ ਵਿਗੜੀ, ਤਾਣੀ ਵਿਗੜੀ। ਜਾਂ ਤੰਦ ਨਾ ਫਿੱਟੀ, ਤਾਣੀ ਫਿੱਟੀ।**

**ਭਾਵ** —ਜਦ ਕਿਸੇ ਘਰ ਜਾਂ ਟੱਲੇ ਦੇ ਸਾਰੇ ਬੰਦੇ ਭੇੜੇ ਪਾਸੇ ਪੈ ਜਾਣ।

**ਵਰਤੋਂ** :—ਮੇਰੇ ਬੈਠਿਆਂ ਬੈਠਿਆਂ ਕਿਸੇ ਤਰ੍ਹਾਂ ਤੇਰੇ ਹਥ ਪੀਲੇ ਹੋ ਜਾਂਦੇ, ਪਰ ਕੀ ਕਰਾਂ ਬੇਟਾ, ਇਥੇ ਤੰਦ ਛਡ ਕੇ ਸਾਰੀ ਤਾਣੀ ਹੀ ਉਲਝੀ ਹੋਈ ਏ। ਮੈਂ ਆਪਣੇ ਜਾਣੇ ਕੋਈ ਮਾੜਾ ਕੰਮ ਨਹੀਂ ਕੀਤਾ। (ਟੁਟੀ ਵੀਣਾ—ਨਾਨਕ ਸਿੰਘ)

**ਤਾਂ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨਿ ॥**

**ਭਾਵ** —ਉਸ ਹਰੀ ਨਾਲੋਂ ਪ੍ਰੇਮ ਤੋੜਨਾ ਸੋਭਦਾ ਨਹੀਂ, ਸਾਡੇ ਪ੍ਰਾਨ ਹੀ ਉਸ ਦੇ ਆਸਰੇ ਹਨ।

**ਵਰਤੋਂ** :—

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ
ਬਰਜੈ ਲੋਗੁ ਅਜਾਨ ॥
ਤਾਂ ਸਿਉ ਟੂਟੀ ਕਿਉ ਬਨੈ
ਜਾ ਕੇ ਜੀਅ ਪਰਾਨਿ ॥
(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨਾ ਜਾਵੈ।**

**ਭਾਵ** :—ਤੁੰਮੇ ਨੂੰ ਕਿਤਨਾ ਅੰਮ੍ਰਿਤ ਸਿੰਜੋ, ਉਸਦਾ ਕੌੜਾ-ਪਨ ਨਹੀਂ ਜਾਂਦਾ, ਭਾਵ ਸੁਭਾਵਕ ਤੌਰ ਤੇ ਮੰਦੀ ਚੀਜ਼ ਨੂੰ ਚੰਗੇ ਦੀ ਸੰਗਤ ਵੀ ਚੰਗਾ ਨਹੀਂ ਬਣਾ ਸਕਦੀ।

**ਵਰਤੋਂ** :—

ਹਾਥੀ ਨੀਰ ਨੁਵਾਲੀਐ ਸਿਰ ਛਾਫ ਉਡਾਵੈ ॥
ਤੁੰਮੇ ਅੰਮ੍ਰਿਤ ਸਿੰਜੀਐ ਕਉੜ ਨਾ ਜਾਵੈ ॥
(ਵਾਰਾਂ—ਭਾਈ ਗੁਰਦਾਸ)

**ਤੂੰ ਕਾਣਾ ਤੇ ਮੈਂ ਕੋਝੀ, ਭੈੜਿਆ, ਪਹਿਲੋਂ ਕਰੇ ਅਰ ਸੋਝੀ, ਪਈ ਪਟੇਸਾਂ ਪਈ ਖੋਹੇਸਾਂ।**

**ਭਾਵ** :—ਵੇਲਾ ਬੀਤ ਜਾਣ ਤੇ ਰੋਣ ਦਾ ਕੀ ਲਾਭ? ਸਿਰ ਪਈ ਨੂੰ ਕਟਣਾ ਹੀ

ਬਣਦਾ ਹੈ ।

**ਵਰਤੋਂ**:—ਹੁਣ ਪਛੁਤਾਇਆਂ ਕੀ ਬਣਦਾ ਹੈ?
ਤੂੰ ਕਾਣਾ ਤੇ ਮੈਂ ਕੋਝੀ
ਭੈੜਿਆ ਪਹਿਲੋਂ ਕਰੇ ਅਰ ਸੋਝੀ
ਪਏ ਪਟੋਸਾਂ, ਪਈ ਖੋਹੇਸਾਂ ।
ਹੁਣ ਤਾਂ ਸਿਰ ਪਈ ਕਟ ਲੈਣੀ ਹੀ ਚੰਗੀ ਹੈ । (ਸੰਗ੍ਰ)

## ਤੂੰ ਕਿਉਂ ਰੋਨੀਏ ਰੰਘੜ ਦੀ ਮਾਏ, ਰੋਣਗੇ ਉਹ ਜਿਨ੍ਹਾਂ ਲੜ ਲਾਏ ।

**ਭਾਵ** :—ਜਿਨ੍ਹਾਂ ਦੇ ਸਿਰ ਜ਼ਿਮੇਵਾਰੀ ਹੈ, ਉਹ ਆਪੇ ਔਖੇ ਸੌਖੇ ਹੋ ਕੇ ਨਿਬਾਹੁਣਗੇ । ਫਿਕਰ ਦੀ ਕੀ ਲੋੜ ਹੈ ।

**ਵਰਤੋਂ** :—ਰੰਘੜ :—ਉਠ ਚਲੀਏ, ਤੂੰ ਕਿਉਂ ਨਿਮੋਝੂਨ ਹੋਈ ਬੈਠਾ ਹੈਂ, ਜਿਨ੍ਹਾਂ ਦੇ ਸਿਰ ਪਈ ਹੈ, ਉਹ ਆਪੇ ਨਿਬਾਹੁਣਗੇ । ਸਿਆਣਿਆਂ ਦਾ ਕਹਿਣਾ ਹੈ, ਤੂੰ ਕਿਉਂ ਰੋਨੀ ਏਂ ਰੰਘੜ ਦੀ ਮਾਏ, ਰੋਣਗੇ ਉਹ ਜਿਨ੍ਹਾਂ ਲੜ ਲਾਏ । (ਸੰਗ੍ਰ)

## ਤੂੰ ਕੌਣ ਤੇ ਮੈਂ ਕੌਣ ।

**ਭਾਵ** :—ਮਤਲਬ ਪੂਰਾਂ ਹੋ ਜਾਣ ਤੇ ਕਿਸੇ ਦੀ ਪਰਵਾਹ ਨਾ ਕਰਨੀ ।

**ਵਰਤੋਂ** :—ਭਗਤ ਜੀ—ਜਦ ਤਕ ਪੈਸਾ ਪਲੇ ਹੋਇਆ, ਬੁਲੇ ਲੁਟੇ, ਫੇਰ ਤੂੰ ਕੌਣ ਤੇ ਮੈਂ ਕੌਣ । (ਵਰ ਘਰ—ਆਈ. ਸੀ. ਨੰਦਾ)

## ਤੂੰ ਕੌਣ ਮੈਂ ਖ਼ਾਹ ਮਖ਼ਾਹ ।

**ਭਾਵ** :— ਜਦ ਕੋਈ ਕਿਸੇ ਕੰਮ ਵਿੱਚ ਬਿਨਾਂ ਮਤਲਬ ਦਖਲ ਦੇਵੇ ।

**ਵਰਤੋਂ** :— ਇਸ ਤਰ੍ਹਾਂ ਕਰਨ ਨਾਲ ਮਾਮਲਾ ਇਥੇ ਹੀ ਠਪਿਆ ਜਾਏਗਾ, ਪਰ ਜੇ ਕੋਈ ਸ਼ਰਾਰਤੀ ਜਾਂ ਹੋਰ ਕੋਈ ਜੋ ਆਪਣੇ ਆਪ ਨੂੰ ਬੜਾ ਗਾਰੀ ਕੀਨ ਸਮਝੇ, ਜਿਸ ਨੂੰ ਕਹਿੰਦੇ ਨੇ ਕਿ ਤੂੰ ਕੌਣ ਮੈਂ ਖਾਹ ਮਖਾਹ, ਤਾਂ ਮੈਂ ਉਸ ਨਾਲ ਸਿਝਾਂਗਾ । (ਸੰਗ੍ਰ)

## ਤੂੰ ਖੰਘੇਂ; ਮੈਂ ਸਮਝਾਂ ।

**ਭਾਵ** :—ਜਦ ਕਿਸੇ ਦੀ ਇਸ਼ਾਰੇ ਮਾਤ੍ਰ ਗੱਲ ਵੀ ਸਮਝ ਲਈ ਜਾਵੇ । ਕਿਸੇ ਦਾ ਬਹੁਤ ਭੇਤੀ ਹੋਣਾ ।

**ਵਰਤੋਂ** :—ਪਿਛਲੀਆਂ ਗੱਲਾਂ ਨੂੰ ਜਾਣ ਦੇਹ, ਅਗੋਂ ਲਈ ਇਹ ਗਲ ਪਕੀ ਸਮਝ ਕਿ 'ਤੂੰ ਖੰਘੇ, ਮੈਂ ਸਮਝਾਂ' । ਤੇਰਾ ਮੇਰਾ ਭੇਦ ਸਾਂਝਾ ਰਹੇਗਾ । (ਸੰਗ੍ਰ)

## ਤੂੰ ਜਾਣ ਨਾ ਜਾਣ, ਮੈਂ ਤੇਰਾ ਮਹਿਮਾਨ ।

**ਭਾਵ** :—ਬਦੋ ਬਦੀ ਕਿਸੇ ਦਾ ਸਹਾਰਾ ਮੰਗਣਾ ।

**ਵਰਤੋਂ** :—ਭਰਾਵਾ ! ਮਿਲਣ ਨੂੰ ਜੀ ਕੀਤਾ, ਅਸੀਂ ਆ ਗਏ । ਤੂੰ ਜਾਣ ਨਾ ਜਾਣ ਮੈਂ ਤੇਰਾ ਮਹਿਮਾਨ ਵਾਲੀ ਗਲ ਏ । ਤੈਨੂੰ ਸਗੋਂ ਸਦਣ ਬੁਲਾਉਣ ਦੀ ਲੋੜ ਨਹੀਂ ਪਈ । (ਸੰਗ੍ਰ)

## ਤੂੰ ਤਾਂ ਸਿਆਪੇ ਦੀ ਨਾਨੀ ਹੈਂ ।

**ਭਾਵ** :— ਜਿਹੜਾ ਝਗੜਾ ਕਰਾਵੇ ਉਸ ਲਈ ਵਰਤਦੇ ਹਨ ।

**ਵਰਤੋਂ** :—ਬਾਵਾ—ਭਗਤ ਜੀ, ਸੱਚ ਤਾਂ ਇਹ ਹੈ ਕਿ 'ਤੁਸੀਂ ਹੀ ਸਿਆਪੇ ਦੀ ਨਾਨੀ ਹੋ' । ਜੇ ਤੁਸੀਂ ਲਾਂਭੇ ਹੋ ਜਾਓ ਤਾਂ ਗਲ ਝਟਾ ਪਟ ਖਤਮ ਹੋ ਜਾਂਦੀ । (ਸੰਗ੍ਰ)

## ਤੂੰ ਨਾ ਪਾਈ ਛਪਰੀ, ਮੈਂ ਨਾ ਪਾਈ ਚੁਲ੍ਹ, ਜਿਧਰ ਮਰਜ਼ੀ ਆ ਉਧਰ ਜੁਲ ।

**ਭਾਵ** :—ਜਦ ਥਾਂ ਟਿਕਾਣਾ ਜਾਂ ਜ਼ਿਮੇਂਵਾਰੀ ਕੋਈ ਨਾ ਹੋਵੇ ਤੇ ਬੰਦਾ ਮਨ ਮਰਜ਼ੀ ਕਰਦਾ ਫਿਰੇ ਜਾਂ ਥਾਂ ਥਾਂ ਭਟਕਦਾ ਫਿਰੇ ।

**ਵਰਤੋਂ** :—ਉਨ੍ਹਾਂ ਦਾ ਕੀ ਹੈ, ਜਿਹੀ ਵਹੁਟੀ ਵਿਹਲੀ ਤਿਹਾ ਗਭਰੂ ਨਖਟੂ, 'ਤੂੰ ਨਾ ਪਾਈ ਛਪਰੀ ਮੈਂ ਨਾ ਪਾਈ ਚੁਲ੍ਹ । ਜਿਧਰ ਮਰਜ਼ੀ ਆ, ਉਧਰ ਜੁੱਲ ।' ਦੋਵੇਂ ਟੀਟਣੇ ਮਾਰਦੇ ਫਿਰਦੇ ਹਨ । (ਸੰਗ੍ਰ)

**ਤੂੰ ਨਾ ਵਿਗੜਿਓਂ ਮੈਂ ਆਪ ਵਿਗਾੜਿਓਂ, ਮੋਰੀ ਦਾ ਗੰਦ ਚੁਬਾਰੇ ਚਾੜ੍ਹਿਓ ।**

**ਭਾਵ** :—ਮਾਮੂਲੀ ਆਦਮੀ ਨੂੰ ਉੱਚ ਪਦਵੀ ਦਿਵਾਈ ਜਾਏ ਤੇ ਉਹ ਉਸ ਨੂੰ ਸੰਭਾਲ ਨਾ ਸਕੇ । ਤੇ ਉਲਟਾ ਆਪਣੇ ਸਹਾਇਕ ਦੀ ਬੇ-ਕਦਰੀ ਕਰਨ ਲਗ ਪਵੇ, ਤਦ ਵਰਤਦੇ ਹਨ ।

**ਵਰਤੋਂ** :—ਸ਼ਾਹ ਜੀ, ਇਸ ਵਿੱਚ ਸਾਰੇ ਪਿੰਡ ਦੀ ਜ਼ਿਮੇਵਾਰੀ ਹੈ । ਕਿਹੜਾ ਗੁਣ ਵੇਖ ਕੇ ਉਸ ਨੂੰ ਸਰਪੰਚ ਚੁਕ ਬਣਾਇਆ ਸੀ ਤੁਸਾਂ । ਉਸ ਨੇ ਤਾਂ ਕੁਪੱਤ ਹੀ ਕਰਨਾ ਸੀ । 'ਤੂੰ ਨਾ ਵਿਗੜਿਉਂ ਮੈਂ ਆਪ ਵਿਗਾੜਿਓਂ, ਮੋਰੀ ਦਾ ਗੰਦ ਚੁਬਾਰੇ ਚਾੜ੍ਹਿਓ ।' ਸਾਡਾ ਆਪਣਾ ਕੀਤਾ ਅਗੇ ਆਇਆ । (ਸੰਗ੍ਰ)

**ਤੂੰ ਪਹਿਲਾਂ ਆਪਣੇ ਮੰਜੇ ਹੇਠਾਂ ਸੋਟਾ ਫੇਰ ਕੇ ਵੇਖ ।**

ਭਾਵ :—ਪਹਿਲਾਂ ਆਪਣੇ ਔਗਣਾਂ ਵੱਲ ਵੇਖ ਤੇ ਫਿਰ ਦੂਜਿਆਂ ਨੂੰ ਕੁਝ ਆਖ ।

**ਵਰਤੋਂ** :— ਸ਼ਾਹ, ਤੂੰ ਪਹਿਲਾਂ ਆਪਣੇ ਮੰਜੇ ਹੇਠਾਂ ਸੋਟਾ ਮਾਰ ਕੇ ਵੇਖ ! ਫਿਰ ਕੋਈ ਵਧ ਘਟ ਗਲਾਂ ਮੂੰਹ ਚੋਂ ਕੱਢੀਂ । (ਸੰਗ੍ਰ)

**ਤੂੰ ਪਾਈ ਮੈਂ ਬੁਝੀ, ਕਾਣੀ ਅੱਖ ਨ ਰਹਿੰਦੀ ਗੁੱਝੀ ।**

**ਭਾਵ** :—ਕਿਸੇ ਦੀ ਗੱਲ ਕਥ ਵਿੱਚ ਚਲਾਕੀ ਦਿਸੇ ।

**ਵਰਤੋਂ** :—ਬੇਬੇ ਜੀ, ਤੂੰ ਪਾਈ ਤੇ ਮੈਂ ਬੁਝੀ, ਕਾਣੀ ਅੱਖ ਨ ਰਹਿੰਦੀ ਗੁਝੀ । ਮੈਂ ਸਾਰੀ ਗਲ ਦਾ ਭੇਦ ਤੁਹਾਡੇ ਇਸ਼ਾਰੇ ਤੋਂ ਹੀ ਲੈ ਲਿਆ ਹੈ । (ਸੰਗ੍ਰ)

**ਤੂੰ ਪੀਤਾ ਦੁੱਧ ਮੈਂ ਪੀਤਾ ਪਾਣੀ, ਦੋਹਾਂ ਦੀ ਰਾਤ ਇਕੋ ਜਿਹੀ ਵਿਹਾਨੀ ।**

**ਭਾਵ** :—ਜਦ ਬੰਦਾ ਗ਼ਰੀਬੀ ਵਿੱਚ ਵੀ ਧਨਵਾਨਾਂ ਵਾਂਗ ਸੁਖੀ ਰਹੇ ।

**ਵਰਤੋਂ** :—ਲੰਘ ਰਹੀ ਹੈ, ਕੁਝ ਲੰਘ ਜਾਏਗੀ । ਕਦੀ ਮਨ ਵਿੱਚ ਔਖੇ ਨਹੀਂ ਹੋਏ, ਪੈਸਾ ਪਲੇ ਹੋਵੇ ਨਾ ਹੋਵੇ । ਸਾਡਾ ਤਾਂ ਉਹ ਹਾਲ ਹੈ :
ਅਖੇ, 'ਤੂੰ ਪੀਤਾ ਦੁੱਧ ਮੈਂ ਪੀਤਾ ਪਾਣੀ,
ਦੋਹਾਂ ਦੀ ਰਾਤ ਇਕੋ ਜਿਹੀ ਵਿਹਾਨੀ ।'
(ਸੰਗ੍ਰ)

**ਤੂੰ ਮੇਰਾ ਬਾਲ ਖਿਡਾ, ਮੈਂ ਤੇਰੀ ਖੀਰ ਖਾਨੀ ਹਾਂ ।**

**ਭਾਵ** :—ਜਿਸ ਪਾਸੋਂ ਕੰਮ ਲੈਣਾ, ਉਸੇ ਦਾ ਨੁਕਸਾਨ ਕਰਨਾ । ਕਿਸੇ ਤੋਂ ਦੋਹਰਾ ਕੰਮ ਲੈਣਾ ।

**ਵਰਤੋਂ** :— ਰਤਨ ਕੌਰ— ਕਰਤਾਰ ਕੌਰੇ, ਤੂੰ ਐਹ ਚੰਗਾ ਕੰਮ ਕੀਤਾ ਅਖੇ ਤੂੰ ਮੇਰਾ ਬਾਲ ਖਿਡਾ, ਮੈਂ ਤੇਰੀ ਖੀਰ ਖਾਨੀ ਹਾਂ । ਇਹ ਭਿਆਲੀ ਕਦੀ ਨਿਭੀ ਹੈ ? (ਸੰਗ੍ਰ)

**ਤੂੰ ਮੇਰਾ, ਮੈਂ ਤੇਰਾ । ਜਾਂ ਤੂੰ ਮਨੂੰ ਹਾਜੀ ਆਖ, ਮੈਂ ਤੈਨੂੰ ਮੁਲਾਂ ਆਖਾਂ ।**

**ਭਾਵ** :—ਜਦ ਦੋਵੇਂ ਇਕ ਦੂਜੇ ਦੀ ਵਡਿਆਈ ਕਰਨ ।

**ਵਰਤੋਂ** :— ਚੋਧਰੀ— ਸ਼ਾਹ ! ਤੇਰਾ ਤੇ ਕਿਰਪੂ ਸ਼ਾਹ ਦਾ ਇਕੋ ਜਿਹਾ ਲੇਖਾ ਹੈ, ਅਖੇ 'ਤੂੰ ਮੈਨੂੰ ਹਾਜੀ ਆਖ, ਮੈਂ ਤੈਨੂੰ ਮੁਲਾਂ ਆਖਾਂ ।' ਦੋਵੇਂ ਇਕ ਦੂਜੇ ਦੇ ਗੁਣ ਗਾਉਂਦੇ ਰਹਿੰਦੇ ਹੋ । (ਸੰਗ੍ਰ)

## ਥ

**ਥਰਹਰ ਕੰਪੈ ਬਾਲਾ ਜੀਉ ॥**

**ਭਾਵ** :—ਮੇਰਾ ਨਿਕਾ ਜਿਹਾ ਦਿਲ ਥਰ ਥਰ ਕੰਬਦਾ ਹੈ (ਰੱਬ ਦੇ ਡਰ ਤੋਂ) ਭਾਵ ਮਨੁੱਖ ਭਵਿਖਤ ਬਾਰੇ ਸੋਚ ਕੇ ਸਦਾ ਡਰਦਾ ਰਹਿੰਦਾ ਹੈ ਕਿ ਪਤਾ ਨਹੀਂ ਕੀ ਹੋਵੇ ।

**ਵਰਤੋ :—**

ਥਰਹਰ ਕੰਪੈ ਬਾਲਾ ਜੀਉ ॥
ਨਾ ਜਾਨਉ ਕਿਆ ਕਰਸੀ ਪੀਓ ॥
(ਗੁਰੂ ਗ੍ਰੰਥ—ਰਾਗ ਸੂਹੀ)

## ਥੱਲ ਵਿੱਚ ਤਪਨ ਭਠੀਆਂ, ਕਿਉਂ ਲਹੈ ਪਿਆਸਾ ।

**ਭਾਵ :—**ਜਿਸ ਥੱਲ ਵਿਚ ਭੱਠ ਤਪਦੇ ਹੋਣ, ਉੱਥੇ ਪਿਆਸ ਕਿਵੇਂ ਬੁਝ ਸਕਦੀ ਹੈ ? ਭਾਵ ਮੰਦੀ ਥਾਂ ਤੋਂ ਚੰਗੀ ਚੀਜ਼ ਨਹੀਂ ਮਿਲਦੀ ।

**ਵਰਤੋਂ :—**

ਹਰਿ ਚੰਦਉਰੀ ਦੇਖਕੇ ਕਰਦੇ ਭਰਵਾਸਾ ॥
ਥਲ ਵਿਚ ਤਪਨ ਭਠੀਆਂ ਕਿਉਂ ਲਹੈ ਪਿਆਸਾ ॥
(ਵਾਰਾਂ—ਭਾਈ ਗੁਰਦਾਸ)

## ਥੱਲਾਂ ਦੇ ਪਲੇ ਪਾਣੀ ਵਿਚ ਗਲੇ ।

**ਭਾਵ :—**ਜੋ ਦੁਖ ਵਿੱਚ ਰਹਿਣ ਗਿਝਿਆ ਹੋਵੇ ਉਹ ਸੁਖ ਨੂੰ ਪਚਾ ਨਹੀਂ ਸਕਦਾ ।

**ਵਰਤੋਂ :—**ਇਸ ਭੁਖੇ ਨੂੰ ਰੋਟੀ ਰੱਜ ਕੇ ਮਿਲੀ ਹੈ, ਬਸ ਨਿਘਰਦਾ ਜਾ ਰਿਹਾ ਹੈ । ਕੋਈ ਭੈੜ ਨਹੀਂ, ਜੋ ਇਸ ਵਿਚ ਨਾ ਆ ਵੜਿਆ ਹੋਵੇ । ਅਖੇ 'ਥੱਲਾਂ ਦੇ ਪਲੇ, ਪਾਣੀ ਵਿੱਚ ਗਲੇ ।' ਸੋਈ ਹਾਲ ਇਸ ਦਾ ਹੋ ਰਿਹਾ ਹੈ । (ਸੰਗ੍ਰ)

## ਥਾਉ ਨ ਪਾਇਨ ਕੂੜਿਆਰ ॥

**ਭਾਵ :—**ਝੂਠਿਆਂ ਨੂੰ ਕਿਤੇ ਟਿਕਾਣਾ ਨਹੀਂ ਮਿਲਦਾ ।

**ਵਰਤੋਂ :—**

ਥਾਉ ਨ ਪਾਇਨ ਕੂੜਿਆਰ,
ਮੁਹ ਕਾਲੈ ਦੋਜਕ ਚਾਲਿਆ ॥
(ਗੁਰੂ ਗ੍ਰੰਥ—ਆਸਾ ਵਾਰ)

## ਥਾਲੀ ਵਿੱਚ ਲੂਣ ਨਹੀਂ ਭਨੀਦਾ (ਕੁੱਟੀਦਾ)

**ਭਾਵ :—**ਅਜੇਹਾ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਆਪਣਾ ਹੀ ਨੁਕਸਾਨ ਜਾਂ ਬਦਨਾਮੀ ਹੋਵੇ ।

**ਵਰਤੋਂ :—**

ਕਾਦਰਯਾਰ ਤ੍ਰੀਮਤ ਹੈ ਸਿਆਣੀ,
ਲੱਗੀ ਲੂਣ ਭੰਨਣ ਵਿਚ ਥਾਲ ਛੰਨੇ ।
(ਪੂਰਨ ਭਗਤ—ਕਾਦਰਯਾਰ)

## ਥੁੱਕਾਂ ਨਾਲ ਵੜੇ ਨਹੀਂ ਪਕਦੇ ।

**ਭਾਵ :—**ਬਿਨਾ ਕੁਝ ਖੇਚਲ ਕੀਤੇ ਕੰਮ ਰਾਸ ਨਹੀਂ ਹੁੰਦਾ ।

**ਵਰਤੋਂ :—**ਤੁਸੀਂ ਤਾਂ ਥੁਕਾਂ ਨਾਲ ਵੜੇ ਪਕਾਂਦੇ ਹੋ, ਇਥੇ ਤਾਂ ਕੰਮ ਦੀ ਲੋੜ ਹੈ; ਠੋਸ ਕੰਮ ਨਹੀਂ ਕਰੋਗੇ ਤਾਂ ਕਾਮਯਾਬ ਨਹੀਂ ਹੋਵੋਗੇ । (ਸੰਗ੍ਰ)

## ਥੁੜਿਆਂ ਦੇ ਕੁੜਮ ਵਾਹਲੇ, ਜੋਗਾਂ ਦੇਂਦੇ ਵਾਹਣ ਨੂੰ ਤੇ ਖੂਹ ਦੇਂਦੇ ਘੜਮਾਲੇ ।

**ਭਾਵ :—**ਜਦ ਕਿਸੇ ਗ਼ਰੀਬ ਨੂੰ ਕਿਸੇ ਰੱਜੇ ਘਰ ਦਾ ਸਾਕ ਮਿਲ ਜਾਵੇ ਤੇ ਧਨ ਪਦਾਰਥ ਵੱਲੋਂ ਕਾਫੀ ਸਹਾਇਤਾ ਹੋ ਪਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :—**ਘਰ, ਸੁਣਿਆ ਹੈ, ਚੰਗਾ ਹੈ, ਰੱਜ ਕੇ ਦਾਜ ਦੇਣਗੇ । ਮੌਜਾਂ ਹੀ ਹੋਈਆਂ ਨਾ, ਥੁੜਿਆਂ ਦੇ ਕੁੜਮ ਵਾਹਲੇ, ਜੋਗਾਂ ਦੇਂਦੇ ਵਾਹਣ ਨੂੰ ਤੇ ਖੂਹ ਦੇਂਦੇ ਘੜਮਾਲੇ । (ਸੰਗ੍ਰ)

## ਥੋਥਾ ਚਣਾ ਬਾਜੇ ਘਣਾ ।

**ਭਾਵ :—**ਹੱਥ ਪਲੇ ਕੁਝ ਨਾ ਹੋਵੇ ਤੇ ਸ਼ੂ ਸ਼ਾਂ ਬੜੀ ਹੋਵੇ ਤਦ ਵਰਤਦੇ ਹਨ ।

**ਵਰਤੋਂ :—**ਹੋਛਾ ਬੰਦਾ ਹੈ । ਹੱਥ ਪਲੇ ਕੁਝ ਨਹੀਂ, ਪਰ ਫੜਾਂ ਬੜੀਆਂ ਮਾਰਦਾ ਹੈ । ਸੱਚ ਹੈ, 'ਥੋਥਾ ਚਣਾ ਬਾਜੇ ਘਣਾ ।'

## ਥੋਥੀ ਚੜ੍ਹੇ 'ਤੇ ਦੁਸ਼ਮਨ ਵੀ ਨਾ ਵੰਜੇ ।

ਥੋਥੀ = ਫੁਲਕੇ ਪਕਾਉਣ ਵਾਲੀ ਵਡੀ ਲੋਹ ।

**ਭਾਵ** :—ਘਰ ਖਾਣ ਨੂੰ ਨਾ ਹੋਵੇ, ਤਾਂ ਹਰ ਕਿਸੇ ਨੂੰ ਮਿਤੱਰ ਜਾਂ ਵੈਰੀ ਦੇ ਵਿਤਕਰੇ ਬਿਨਾ ਮਿਲਣਾ ਚਾਹੀਦਾ ਹੈ।

**ਵਰਤੋਂ** :—ਹਾਏ; ਹਾਏ, ਵੇ ਵੀਰਾ, ਮਾਂ ਨੂੰ ਰੋਟੀ ਦੇਣ ਨਾਲ ਤੇਰਾ ਕੀ ਘਟ ਚਲਿਆ ਸੀ ? 'ਥੋਥੀ ਚੜ੍ਹੇ ਤੇ ਦੁਸ਼ਮਨ ਵੀ ਨਾ ਵੰਜੇ।' ਤੂੰ ਤਾ ਸਕਿਆਂ ਨਾਲ ਵੀ ਇਹ ਕੁਪੱਤ ਘੋਲਿਆ। (ਸੰਗ੍ਰ)

**ਥੋਮ ਨ ਵਾਸ ਕਥੂਰੀ ਆਵੇ।**

**ਭਾਵ** :—ਥੋਮ ਵਿਚੋਂ ਕਸਤੂਰੀ ਦੀ ਵਾਸ਼ਨਾ ਨਹੀਂ ਆ ਸਕਦੀ। ਭਾਵ, ਮੰਦੀ ਚੀਜ਼ ਵਿੱਚੋਂ ਚੰਗੇ ਗੁਣ ਪ੍ਰਗਟ ਨਹੀਂ ਹੋ ਸਕਦੇ।

**ਵਰਤੋਂ** :—

ਸਭ ਅਵਗੁਣ ਮੈਂ ਤਨ ਵਸਣ
ਗੁਣ ਕੀਤੇ ਅਵਗੁਣ ਨੋਂ ਧਾਵੈ ॥
ਥੋਮ ਨਾ ਵਾਸ ਕਥੂਰੀ ਆਵੈ ॥
(ਵਾਰਾਂ—ਭਾਈ ਗੁਰਦਾਸ)

**ਥੋੜ ਬੁਰੀ ਕਿ ਛੁਰੀ।**

**ਭਾਵ** :—ਗ਼ਰੀਬੀ ਬਹੁਤ ਮਾੜੀ ਚੀਜ਼ ਹੈ।

**ਵਰਤੋਂ** :—ਸ਼ਾਹ, ਗ਼ਰੀਬੀ ਨੇ ਤੰਗ ਕਰ ਦਿੱਤਾ ਉਸ ਨੂੰ। ਉਹ ਕੀ ਕਰਦਾ, ਅਖੇ 'ਥੋੜ੍ਹ ਬੁਰੀ ਕਿ ਛੁਰੀ' ਵਾਲਾ ਹਾਲ ਸੀ। ਸੋ, ਆਤਮਘਾਤ ਕਰ ਲਿਆ ਉਸ ਨੇ। (ਸੰਗ੍ਰ)

**ਥੋੜਾ ਜੁੱਸਾ, ਕ੍ਰੋਧ ਵਧੀਕ।**

**ਭਾਵ** :—ਕਮਜ਼ੋਰ ਨੂੰ ਜਦ ਗੁਸਾ ਬਾਹਲਾ ਆਵੇ।

**ਵਰਤੋਂ** :—ਰਾਮੇਸ਼ਵਰ—ਉਹ ਸ੍ਰੀਰੋਂ ਬੜਾ ਮਾੜਾ ਸੀ, ਪਰ ਥੋੜ੍ਹਾ ਜੁੱਸਾ, ਕ੍ਰੋਧ ਵਧੀਕ, ਵਾਲੀ ਗਲ ਸੀ, ਗਲੇ ਕਥੇ ਗੁੱਸੇ ਹੋ ਹੋ ਪੈਂਦਾ ਸੀ। (ਸੰਗ੍ਰ)

**ਥੋੜਾ ਥੋੜਾ ਖਾਈਏ ਦੁਵੇਲੇ ਚੁਲ੍ਹਾ ਤਾਈਏ।**

**ਭਾਵ** :—ਮਿਲਕੇ ਗੁਜ਼ਾਰਾ ਕਰਨਾ ਚਾਹੀਦਾ ਹੈ। ਵਿਤ ਅਨੁਸਾਰ ਖਰਚ ਕਰੀਏ ਤਾਂ ਜੀਵਨ ਚੰਗਾ ਲੰਘਦਾ ਹੈ।

**ਵਰਤੋਂ** :—ਮਿਲ ਕੇ ਗੁਜ਼ਾਰਾ ਕਰੋਗੇ ਤਾਂ ਸਮਾਂ ਚੰਗਾ ਲੰਘ ਜਾਏਗਾ। ਆਖਦੇ ਨਹੀਂ, ਥੋੜ੍ਹਾ ਥੋੜਾ ਖਾਈਏ ਦੁਵੇਲੇ ਚੁਲ੍ਹਾ ਤਾਈਏ। (ਸੰਗ੍ਰ)

**ਥੋੜੀ ਛੱਡ, ਬਹੁਤੀ ਧਾਵੇ, ਅਗਲੀ ਭੀ ਉਸ ਹੱਥੋਂ ਜਾਵੇ।** ਵੇਖੋ :—ਅਧੀ ਛੋੜ ਸਾਰੀ ਨੂੰ ਧਾਵੇ ਨਾ ਅੱਧੀ ਰਹੇ ਸਾਰੀ ਭੀ ਜਾਵੇ।

**ਭਾਵ** :—ਜਦ ਕੋਈ ਥੋੜੀ ਬਾਹਲੀ ਕਮਾਈ ਨੂੰ ਬਹੁਤ ਦੀ ਆਸ ਰਖ ਛਡ ਬਹੇ ਤੇ ਪਹਿਲੀ ਕਮਾਈ ਵੀ ਜਾਂਦੀ ਰਹੇ।

**ਵਰਤੋਂ** :—ਹੋਇਆ ਵਿਚਾਰੇ ਨਾਲ ਧੋਖਾ ਹੀ ਹੈ ਪਰ ਲਾਲਚ ਵਿੱਚ ਫਸ ਗਿਆ, ਬਹੁਤਾ ਲਾਲਚ ਕਰਦਾ ਕਰਦਾ ਥੋੜ੍ਹੇ ਤੋਂ ਭੀ ਗਿਆ। ਛੋਟੀ ਨੌਕਰੀ ਤੋਂ ਅਸਤੀਫ਼ਾ ਦੇ ਬੈਠਾ ਤੇ ਵੱਡੀ ਮਿਲੀ ਨਾ। ਹੁਣ ਦੁਖੀ ਹੈ। ਉਸ ਨਾਲ ਤਾਂ ਉਹ ਗਲ ਹੋਈ ਥੋੜੀ ਛੱਡ ਬਹੁਤੀ ਨੂੰ ਧਾਵੇ ਅਗਲੀ ਭੀ ਉਸ ਹੱਥੋਂ ਜਾਵੇ। (ਸੰਗ੍ਰ)

**ਥੋੜੀ ਪੂੰਜੀ, ਖਸਮੇ ਖਾਇ।**

**ਭਾਵ** :—ਥੋੜੀ ਰਕਮ ਨਾਲ ਵਪਾਰ ਕਰਨਾ ਘਾਟੇਵੰਦ ਹੈ।

**ਵਰਤੋਂ** :—ਸਰਦੂਲ—ਵਿਚਾਰੇ ਨੇ ਦੋ ਚਾਰ ਟੋਕਰੀਆਂ ਰਖ ਹੱਟੀ ਪਾਈ, ਪਰ ਉਹ ਚਲੀ ਨਾ, ਹੱਟੀ ਬੰਦ ਕਰਨੀ ਪਈ ਅਖੇ 'ਥੋੜੀ ਪੂੰਜੀ ਖਸਮੇ ਖਾਇ' ਹੁਣ ਮਾੜੀ ਮੋਟੀ ਨੌਕਰੀ ਭਾਲਦਾ ਹੈ। (ਸੰਗ੍ਰ)

**ਥਾਂ ਥਾਂ ਦਾ ਪਾਣੀ ਪੀਤਾ ਹੋਇਆ ਹੈ।**

**ਭਾਵ** :—ਬੜਾ ਤਜਰਬਾਕਾਰ ਹੈ, ਬੜੇ ਦੇਸ ਗਾਹੇ ਹੋਏ ਹਨ।

**ਵਰਤੋਂ** :—ਕਾਕਾ, ਹੋ ਤੇ ਲੈ ਪਿਉ ਜੇਡਾ ਅਕਲਾਂ ਦੇਣ ਜੋਗਾ। ਤੂੰ ਉਨ੍ਹਾਂ ਦੀ ਬਰੰਬਰੀ ਕਰ ਲੈਂਣੀ ਏਂ ? ਉਨ੍ਹਾਂ ਸਾਰਾ ਦੇਸ਼, ਮੁਲਖ ਗਾਹ ਮਾਰਿਆ 'ਥਾਂ ਥਾਂ ਦਾ ਪਾਣੀ ਪੀਤਾ ਹੋਇਆ ਏ' ਕਿ...ੜੀ ਗਲ ਦਾ

ਪਤਾ ਨਹੀਂ ਉਨ੍ਹਾਂ ਨੂੰ ?

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਬਿੰਧੇ ਘੜੇ ਤੇ ਪਾਣੀ।**

**ਭਾਵ** :—ਕਿਸੇ ਨੂੰ ਕਿਤਨੀ ਮਤ ਦਿੱਤੀ ਜਾਇ ਪਰ ਉਸ ਨੂੰ ਕੁੱਝ ਵੀ ਨਾ ਪੋਹ ਸਕੇ।

**ਵਰਤੋਂ** :—ਭੈਣ—ਵੀਰ ਜੀ! ਮਾਂ ਨੇ ਐਤਨਾ ਸਮਝਾਇਆ। ਤੁਸਾਂ ਇਕ ਨਾ ਮੰਨੀ। ਕੀ ਸਬਬ ? ਜਿਕਰ 'ਬਿੰਧੇ ਘੜੇ ਤੇ ਪਾਣੀ ਪੈਂਦਾ ਹੈ '

(ਬਿਜੈ ਸਿੰਘ—ਭਾਈ ਵੀਰ ਸਿੰਘ)

## ਦ

**ਦਹੀਂ ਦੇ ਭੁਲੇਖੇ ਕਪਾਹ ਦੀ ਫੁੱਟੀ ਨਹੀਂ ਖਾਈ ਦੀ।**

**ਭਾਵ** :—ਚੰਗੀ ਚੀਜ਼ ਦੀ ਥਾਂ ਭੈੜੀ ਨਹੀਂ ਵਰਤੀ ਜਾ ਸਕਦੀ।

**ਵਰਤੋਂ** :—ਸੁਭਦ੍ਰਾ—ਭਰਾ! ਤੁਸੀਂ ਇਹ ਕੀ ਕਹਿਰ ਕੀਤਾ ? ਸਿਰਫ ਚਿਟੀ ਸ਼ਕਲ ਤੇ ਭੁਲ ਪਏ 'ਦਹੀਂ ਦੇ ਭੁਲੇਖੇ ਕਪਾਹ ਦੀ ਫੁੱਟੀ ਨਹੀਂ ਖਾਈਦੀ' ਕੁਝ ਸੋਚਣਾ ਤਾਂ ਸੀ ? (ਸੰਗ੍ਰ)

**ਦਦਾ ਨਹੀਂ ਪੜ੍ਹਿਆ, ਲਲਾ ਪੜ੍ਹਿਆ ਏ।**

**ਭਾਵ** :—ਜਿਹੜਾ ਹਰ ਥਾਂ ਤੋਂ ਲੈਣ ਦੀ ਕਰੇ ਪਰ ਦੇਵੇ ਕਿਸੇ ਨੂੰ ਕੁੱਝ ਵੀ ਨਾ।

**ਵਰਤੋਂ** :—ਭਾਈ ਜੀ, ਇਉਂ ਜਾਪਦਾ ਹੈ ਕਿ ਤੁਸੀਂ 'ਦਦਾ ਨਹੀਂ ਪੜ੍ਹਿਆ ਲਲਾ ਹੀ ਪੜ੍ਹਿਆ ਏ।' ਹਰ ਵੇਲੇ ਮੰਗਦੇ ਹੀ ਦਿਸਦੇ ਹੋ। (ਸੰਗ੍ਰ)

**ਦਦੈ ਦੋਸ ਨਾ ਦੇਊ ਕਿਸੈ ਦੋਸ ਕਰਮਾਂ ਆਪਣਿਆ ॥**

**ਭਾਵ** :—ਕਿਸੇ ਨੂੰ ਦੋਸ਼ ਨਹੀਂ ਦੇਣਾ ਬਣਦਾ। ਸਭ ਕੁਝ ਸਾਡੇ ਆਪਣੇ ਕਰਮਾਂ ਦਾ ਹੀ ਫਲ ਹੁੰਦਾ ਹੈ।

**ਵਰਤੋਂ** :—

ਦਦੈ ਦੋਸ ਨਾ ਦੇਊ ਕਿਸੈ।<br>
ਦੋਸੁ ਕਰੰਮਾ ਆਪਣਿਆ ॥<br>
ਜੋ ਮੈ ਕੀਆ ਸੋ ਮੈ ਪਾਇਆ।<br>
ਦੋਸ ਨ ਦੀਜੈ ਅਵਰੁ ਜਨਾ ॥

(ਗੁਰੂ ਗ੍ਰੰਥ—ਆਸਾ ਰਾਗ)

**ਦੱਬ ਕੇ ਵਾਹ ਤੇ ਰੱਜ ਕੇ ਖਾਹ।**

**ਭਾਵ** :—ਚੰਗੀ ਵਾਹੀ ਕਰੋ ਤਾਂ ਜੋ ਦਾਣੇ ਬਹੁਤੇ ਹੋਣ।

**ਵਰਤੋਂ** :—ਮਨ—ਫੇਰ ਉਹੋ ਗਲ! ਭਾਈ ਹੀਲਾ ਕਰਨ ਨਾਲ ਹੀ ਰਿਜਕ ਮਿਲਦਾ ਹੈ। ਐਂਵੇਂ ਸਿਆਣੇ ਆਖਦੇ ਨੇ 'ਦਬ ਕੇ ਵਾਹ ਤੇ ਰਜ ਕੇ ਖਾਹ।'

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਦਬਿਆ ਬਾਣੀਆ ਪੂਰਾ ਤੋਲੇ।**

**ਭਾਵ** :—ਸਹਿਮਿਆਂ ਹੋਇਆ ਬਾਣੀਆ ਹੀ ਪੂਰਾ ਤੋਲ ਤੋਲਦਾ ਹੈ।

**ਵਰਤੋਂ** :— ਇਸ ਨੂੰ ਦਬਾ ਕੇ ਰਖੋ। ਸਿਰ ਚੜ੍ਹਿਆ ਹੋਇਆ ਤੁਹਾਨੂੰ ਖੁਆਰ ਕਰੇਗਾ। 'ਦਬਿਆ ਬਾਣੀਆ ਪੂਰਾ ਤੋਲੇ'। (ਸੰਗ੍ਰ)

**ਦਮੜੀ ਦਾ ਟੱਟੂ ਤੇ ਹੱਥਾਂ ਭੰਨੇ।**

**ਭਾਵ** :—ਨਿਕੰਮੀ ਚੀਜ਼ ਸਦਾ ਦੁਖ ਦੇਂਦੀ ਹੈ।

**ਵਰਤੋਂ** :— ਬਰਖੁਦਾਰ ਹਰ ਗਲ ਸੋਚ ਵਿਚਾਰ ਕੇ ਕੀਤਾ ਕਰੋ। ਕਦੀ ਵੀ ਨਿਕੰਮੀ ਚੀਜ਼ ਲਾਭਦਾਇਕ ਨਹੀਂ ਹੁੰਦੀ। 'ਦਮੜੀ ਦਾ ਟੱਟੂ ਤੇ ਹਥਾਂ ਭੰਨੇ।' ਮਾੜੀ ਚੀਜ਼ ਉਲਟਾ ਦੁਖ ਦੇਂਦੀ ਹੈ।

(ਸੰਗ੍ਰ)

**ਦਮੜੀ ਦੀ ਬੁੱਢੀ ਟਕਾ ਸਿਰ ਮੁਨਾਈ।**

**ਭਾਵ** :—ਚੀਜ਼ ਮਾੜੀ ਹੋਵੇ ਪਰ ਉਸ ਦੀ ਸੰਭਾਲ ਲਈ ਖਰਚ ਬਾਹਲਾ ਹੋਵੇ।

**ਵਰਤੋਂ** :—ਇਸ ਕੰਮ ਵਿੱਚ ਤਾਂ ਢੇਰ ਖਰਚ

ਆ ਗਿਆ ਹੈ, ਪਰ ਪੱਲੇ ਕੁੱਝ ਵੀ ਪੈਂਦਾ ਨਜ਼ਰ ਨਹੀਂ ਆਉਂਦਾ। ਇਹ ਤਾਂ 'ਦਮੜੀ ਦੀ ਬੁਢੀ, ਟਕਾ ਸਿਰ ਮੁਨਾਈ' ਵਾਲਾ ਲੇਖਾ ਜਾਪਦਾ ਹੈ। (ਸੰਗ੍ਰ)

**ਦਰਗਹ ਮਾਣ ਨਿਮਾਣਾ ਪਾਇ।**

**ਭਾਵ** :—ਰੱਬ ਦੀ ਦਰਗਾਹ ਵਿੱਚ ਓਹੀ ਮਾਣ ਪਾਂਦਾ ਹੈ ਜਿਸ ਨੇ ਨਿਮਰਤਾ ਧਾਰਨ ਕੀਤੀ ਹੋਈ ਹੈ।

**ਵਰਤੋਂ** :—

ਮਿਠਾ ਬੋਲਣ ਨਿਵ ਚਲਣ,
ਹਥਹੁ ਦੇ ਕੇ ਭਲਾ ਮਨਾਏ।
ਸ਼ਬਦ ਸੁਰਤ ਲਿਵਲੀਨ ਹੋ,
ਦਰਗਹ ਮਾਣ ਨਿਮਾਣਾ ਪਾਏ।
(ਵਾਰਾਂ—ਭਾਈ ਗੁਰਦਾਸ ਜੀ)

**ਦਰਜ਼ੀਆਂ ਦੇ ਕਪੜੇ ਪਾਟੇ, ਤੇ ਤਰਖਾਣਾਂ ਦੇ ਮੰਜੇ ਸਦਾ ਹੀ ਟੁੱਟੇ ਰਹਿੰਦੇ ਹਨ।**

**ਭਾਵ** :—ਕੋਈ ਕਿਤਾ ਕਰਨ ਵਾਲਾ ਜਦ ਆਪਣੇ ਨਿਜੀ ਸੁਖ ਲਈ ਆਪਣੇ ਕਿਤੇ ਤੋਂ ਲਾਭ ਨਾ ਉਠਾਵੇ।

**ਵਰਤੋਂ** :—ਦਰਜ਼ੀਆਂ ਦੇ ਕਪੜੇ ਪਾਟੇ, ਤੇ ਤਰਖਾਣਾਂ ਦੇ ਮੰਜੇ ਸਦਾ ਟੁਟੇ ਰਹਿੰਦੇ ਹਨ। ਸਾਡੇ ਘਰ ਦੇ ਕੰਮ ਕਾਜ ਸਦਾ ਵਿੱਚ ਹੀ ਲਟਕਦੇ ਰਹਿੰਦੇ ਹਨ। (ਸੰਗ੍ਰ)

**ਦਰਿਆ ਦਾ ਹਮਸਾਇਆ, ਨਾ ਭੁੱਖਾ ਨਾ ਤਰਹਾਇਆ।**

**ਭਾਵ** :—ਦਰਿਆ ਦੇ ਨੇੜੇ ਖੇਤੀ ਵੀ ਚੰਗੀ ਹੋ ਜਾਂਦੀ ਹੈ। ਤੇ ਪਾਣੀ ਪੀਣ ਲਈ ਵੀ ਆਮ ਮਿਲ ਜਾਂਦਾ ਹੈ।

**ਵਰਤੋਂ** :—ਪਾਣੀ ਦੀ ਥੁੜ ਖੁਣੋ ਹੀ ਸਾਡੇ ਦੇਸ਼ ਵਿੱਚ ਕਾਲ ਪੈਂਦਾ ਹੈ। ਨਹੀਂ ਤਾਂ 'ਦਰਿਆ ਦਾ ਹਮਸਾਇਆ ਨਾ ਭੁਖਾ ਨ ਤਰਹਾਇਆ' ਹੁੰਦਾ ਹੈ। (ਸੰ)

**ਦਰਿਆਵਾਂ ਵਿੱਚ ਰਹਿਣਾ ਤੇ ਮਗਰ ਮੱਛਾਂ ਨਾਲ ਵੈਰ।**

**ਭਾਵ** :—ਜਿਥੇ ਰਹੀਏ ਉਥੋਂ ਦੇ ਤਕੜੇ ਲੋਕਾਂ ਨਾਲ ਮੇਲ ਨਾ ਕਰੀਏ ਤਾਂ ਦੁਖ ਹੁੰਦਾ ਹੈ।

**ਵਰਤੋਂ** :—ਨੌਕਰੀ ਜੂ ਹੋਈ, ਅਫਸਰ ਨਾਲ ਵਿਗਾੜ ਕੇ ਹੁਣ ਕਿਵੇਂ ਰਹੀਏ,'ਦਰਿਆਵਾਂ ਵਿੱਚ ਰਹਿਣਾ ਤੇ ਮਗਰ ਮਛਾਂ ਨਾਲ ਵੈਰ' ਵਾਲੀ ਗੱਲ ਹੈ ਫੇਰ ਤਾਂ! (ਸੰ)

**ਦਵਾ ਨਾਲੋਂ ਉਪਾ ਚੰਗਾ।**

**ਭਾਵ** :—ਬੀਮਾਰੀ ਆਣ ਤੇ ਦਵਾਈ ਖਾਣ ਨਾਲੋਂ ਉਸ ਨੂੰ ਪਹਿਲਾਂ ਤੋਂ ਹੀ ਰੋਕਣਾ ਠੀਕ ਹੈ।

**ਵਰਤੋਂ** :—ਪੋਰਸ—ਠੀਕ ਏ ਮੰਤ੍ਰੀ ਜੀ, ਰੋਗ ਉਠਦਿਆਂ ਹੀ ਰੋਕਣਾ ਸਿਆਣਪ ਏ। 'ਦਵਾ ਨਾਲੋਂ ਉਪਾ ਚੰਗਾ।
(ਪੋਰਸ—ਹਰਚਰਨ ਸਿੰਘ)

**ਦੜ ਵਟ ਤੇ ਝਟ (ਦਿਨ) ਕਟ।**

**ਭਾਵ** :—ਸਮਾਂ ਵੇਖ ਕੇ ਗੁਜ਼ਾਰਾ ਕਰੋ।

**ਵਰਤੋਂ** :—

ਗਿਆ ਜ਼ਮਾਨਾ ਵਟ ਉਇ ਯਾਰ,
ਦੜ ਵਟ ਕੇ ਦਿਨ ਕਟ ਉਇ ਯਾਰ।
(ਲੋਕ ਸਾਹਿਤ—ਧਨੀ ਰਾਮ ਚਾਤ੍ਰਿਕ)

**ਦਾਅ ਦਾਤਾ, ਵੰਝ ਵਰਿਆਮ।**

**ਭਾਵ** :—ਬਿਨਾ ਜਤਨ ਕੀਤਿਆਂ ਕੋਈ ਕੰਮ ਸੁਤੇ ਸਿਧ ਰਾਸ ਹੋ ਜਾਏ।

**ਵਰਤੋਂ** :—'ਦਾਅ ਦਾਤਾ ਵੰਝ ਵਰਿਆਮ' ਵਾਲੀ ਗੱਲ ਹੀ ਹੋਣੀ ਜਾਪਦੀ ਹੈ। ਨਹੀਂ ਤਾਂ ਕੋਈ ਉਮੈਦ ਨਹੀਂ ਸੀ ਕੰਮ ਦੇ ਬਨਣ ਦੀ। ਕੋਈ ਦਾਅ ਹੀ ਚਲ ਗਿਆ ਹੋਵੇਗਾ। (ਸੰਗ੍ਰ)

**ਦਾਅ ਪੁੱਤ ਤੇ ਮੀਂਹ ਕੋਈ ਰੋਜ਼ ਰੋਜ਼ ਪਏ ਹੋਏ ਨੇ।**

**ਭਾਵ** :—ਇਹ ਤਿੰਨੇ ਮੁਰਾਦਾਂ ਰੋਜ਼ ਰੋਜ਼ ਨਹੀਂ ਪੂਰੀਆਂ ਹੁੰਦੀਆਂ।

**ਵਰਤੋਂ** :—ਸ਼ੁਕਰ ਕਰ! ਇਹ ਖਰਾਤ

ਕਰਨ ਦਾ ਵੇਲਾ ਹੈ। 'ਦਾਅ, ਪੁਤ ਤੇ ਮੀਂਹ ਕੋਈ ਰੋਜ਼ ਰੋਜ਼ ਪਏ ਹੋਏ ਹਨ।'

(ਪ੍ਰਭਾ—ਫਜ਼ਲਦੀਨ)

**ਦਾਈਆਂ ਕੋਲੋਂ ਪੇਟ ਗੁੱਝੇ ਨਹੀਂ ਰਹਿੰਦੇ।**

**ਭਾਵ** :—ਆਪਣੇ ਨਿਕਟ ਵਰਤੀ ਪਾਸੋਂ ਭੇਦ ਨਹੀਂ ਛੁਪਾਇਆ ਜਾ ਸਕਦਾ।

**ਵਰਤੋਂ** :—ਭੋਲਿਆ ਤੂੰ ਤਾਂ ਬੜੀਆਂ ਅਜੀਬ ਗੱਲਾਂ ਕਰ ਰਿਹਾ ਏਂ। ਭਲਾ 'ਦਾਈਆਂ ਕੋਲੋਂ ਪੇਟ ਕਦੀ ਗੁਝੇ ਰਹੇ ਨੇ।' (ਸੰ)

**ਦਾਈਆਂ ਦੇ ਨਸੇ ਹਲ ਵਾਂਹਦੇ ਡਿਠੇ।**

**ਭਾਵ** :—ਜਦ ਚੰਗੀ ਰਹਿਣੀ ਬਹਿਣੀ ਵਾਲੇ ਮਾਮੂਲੀ ਕੰਮ ਕਰਨ।

**ਵਰਤੋਂ** :—ਇਹ ਕੀ ਬਣ ਗਿਆ ਵੇਖਦੇ ਵੇਖਦੇ ਕਿ 'ਦਾਈਆਂ ਦੇ ਨੱਸੇ, ਹਲ ਵਾਹੁੰਦੇ ਡਿਠੇ' ਕਿਥੇ ਇਹ ਬੜੇ ਆਲਮ ਤੇ ਕਿਥੇ ਪੰਜਾਲੀਆਂ ਮੋਢਿਆਂ ਉਤੇ, ਰਬ ਵੀ ਬੜਾ ਬੇ-ਪਰਵਾਹ ਹੈ।

(ਸੰਗ੍ਰ)

**ਦਾਹੜੀ ਨਾਲੋਂ ਮੁੱਛਾਂ ਲੰਮੀਆਂ।**

**ਭਾਵ** :—ਮੂਲ ਨਾਲੋਂ ਵਿਆਜ ਵਧੀਕ।

**ਵਰਤੋਂ** :—ਦੂਲੇ ਨੇ ਪਹਿਲੋਂ ਪਹਿਲ ਉਸਨੂੰ ਸੌ ਰੁਪਿਆ ਦਿੱਤਾ ਸੀ, ਮੁਛਾਂ ਨੂੰ ਦਾਹੜੀ ਨਾਲੋਂ ਵਧਾਉਣ ਦਾ ਕਰਤਬ ਦੂਲੇ ਨੇ ਨਿਹਾਲੇ ਕੋਲੋਂ ਸਿਖ ਲਿਆ ਸੀ। ਉਸ ਵੇਲੇ ਰਲਾ ਵੀ ਕੁਝ ਜਵਾਨ ਹੀ ਸੀ ਤੇ ਜਵਾਨੀ ਵਾਲੀ ਬੇ-ਪਰਵਾਹੀ ਦਾ ਪਲਾ ਨਹੀਂ ਸੀ ਛਡਿਆ।

(ਸਮਾਚਾਰ—ਸੰਤ ਸਿੰਘ ਸੇਖੋਂ)

**ਦਾਖੇ ਹੱਥ ਨਾ ਅਪੜੇ ਆਖੇ ਥੂਹ ਕੌੜੀ।**

**ਭਾਵ** :—ਜਦ ਕੋਈ ਕਿਸੇ ਚੀਜ਼ ਨੂੰ ਕਾਬੂ ਨਾ ਕਰ ਸਕੇ ਤੇ ਉਸ ਨੂੰ ਨਿੰਦਣ ਲਗ ਪਵੇ।

**ਵਰਤੋਂ** :—ਰਾਮੋ—ਆਹੋ ਜੀ, ਤੁਸਾਂ ਨੂੰ ਇਹ ਚੀਜ਼ ਹੱਥ ਜੋ ਨਾ ਆਈ ਹੁਣ ਉਸਨੂੰ ਨਿੰਦਣਾ ਹੀ ਹੈ। ਕਿ 'ਦਾਖੇ ਹੱਥ ਨਾ ਅਪੜੇ ਆਖੇ ਥੂਹ ਕੌੜੀ।' (ਸੰਗ੍ਰ)

**ਦਾਗ ਦਿਲਾਂ ਨੂੰ ਸਜਣਾਂ ਵਾਲੇ, ਧੋਤਿਆਂ ਮੂਲ ਨਾ ਲਹਿੰਦੇ।**

**ਭਾਵ** :—ਸਜਣਾਂ ਦੇ ਵਿਛੋੜੇ ਦੇ ਸਲ ਦਿਲਾਂ ਵਿਚੋਂ ਕਿਸੇ ਤਰ੍ਹਾਂ ਵੀ ਨਹੀਂ ਮਿਟ ਸਕਦੇ।

**ਵਰਤੋਂ** :—ਅੰਤ ਦਿਨ ਗੁਜ਼ਾਰ ਰੋ ਧੋ ਖਪ ਖਪਾ ਕੇ ਕਲੇਜੇ ਨੂੰ ਕੋਈ ਨਾ ਕੋਈ ਢਕਣ ਆ ਹੀ ਜਾਂਦਾ ਹੈ, 'ਦਾਗ਼ ਦਿਲਾਂ ਨੂੰ ਸਜਣਾਂ ਵਾਲੇ, ਧੋਤਿਆਂ ਮੂਲ ਨਾ ਲਹਿੰਦੇ।' ਪਰ ਦਿਨ ਕਟੀ ਹੋਣ ਲਗ ਪੈਂਦੀ ਹੈ।

(ਕਲਗੀਧਰ ਚਮਤਕਾਰ—ਭਾਈ ਵੀਰ ਸਿੰਘ)

**ਦਾਣ ਤੋਂ ਕਲਿਆਣ।**

**ਭਾਵ** :—ਦਾਨ ਦਿਤਿਆਂ ਮੁਕਤੀ ਮਿਲਦੀ ਹੈ।

**ਵਰਤੋਂ** :—ਮੰਗਤੀ—ਬਚੀਉ! ਬੁਢ ਸੁਹਾਗਣ ਹੋਵੇ, ਦਾਨ ਕੀਤਾ ਕਰੋ। 'ਦਾਣ ਤੋਂ ਕਲਿਆਣ' ਹੁੰਦੀ ਹੈ। (ਸੰਗ੍ਰ)

**ਦਾਣਾ ਪਾਣੀ ਗੁਰੂ ਕਾ ਟਹਿਲ ਪਾਣੀ ਸੇਵਕ ਕੀ।**

**ਭਾਵ** :—ਸਿੱਖ ਕਿਸੇ ਨੂੰ ਦੇਣ ਵੇਲੇ ਸਮਝਾਂਦੇ ਹਨ ਕਿ ਦੇਣ ਵਾਲੇ ਉਹ ਨਹੀਂ, ਗੁਰੂ ਹੈ। ਉਹ ਤਾਂ ਕੇਵਲ ਸੇਵਾਦਾਰੀ ਕਰਦੇ ਹਨ।

**ਵਰਤੋਂ** :—ਨਿਹੰਗ ਸਿੰਘ ਜਦ ਲੋੜ ਵੇਲੇ ਕਿਸੇ ਦੇ ਘਰੋਂ ਅੰਨ ਮਾਤਰ ਅੰਗੀਕਾਰ ਕਰਦੇ ਸੇ, ਤਦ ਉਸ ਘਰ ਵਾਲੇ ਦੇ ਅੰਨ ਨੂੰ, ਉਸਦਾ ਸਮਝਕੇ ਹਥ ਨਹੀਂ ਸੇ ਲਾਉਂਦੇ, ਪਰ 'ਦਾਣਾ ਪਾਣੀ ਗੁਰੂ ਕਾ' ਸਮਝਕੇ ਬਾਬਲ ਦੇ ਸਾਂਝੇ ਭੰਡਾਰ ਵਿਚੋਂ ਭੁੱਖ ਪੂਰਨ ਮਾਤਰ ਅੰਨ ਸਵੀਕਾਰ ਕਰਦੇ ਸੇ।

(ਸਤਵੰਤ ਕੌਰ—ਭਾਈ ਵੀਰ ਸਿੰਘ)

**ਦਾਨਿਆਂ ਨਾਲ ਘੁਣ ਵੀ ਪਿਸ ਜਾਂਦਾ ਏ ।**

**ਭਾਵ** :—ਜਦ ਕਿਸੇ ਦੋਸ਼ੀ ਨਾਲ ਕੋਈ ਬੇ-ਦੋਸ਼ੀ ਵੀ ਸਜ਼ਾ ਪਾ ਜਾਏ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :— ਊਹੂੰ ! ਇਹ ਕੰਮ ਨਾ ਕਰਨਾ, ਨਾ ਜਾਣੀਏ ਕੀ ਮਾਮਲਾ ਏ । ਹੋਰ ਕਿਤੇ ਉਹ ਨਾ ਹੋਵੇ ਜੋ 'ਦਾਨਿਆ ਨਾਲ ਘੁਣ ਵੀ ਪਿਸੇ ਜਾਇ ।'

(ਚਿੱਟਾ ਲਹੂ—ਨਾਨਕ ਸਿੰਘ)

**ਦਾਣੇ ਦਾਣੇ ਤੇ ਮੁਹਰ ।** ਵੇਖੋ :— 'ਜਹਾਂ ਦਾਣੇ, ਤਹਾਂ ਖਾਣੇ ਨਾਨਕਾ ਸਚ ਏ ।'

**ਭਾਵ** :—ਜੋ ਕਰਮਾਂ ਵਿੱਚ ਹੈ ਉਹ ਅਵਸ਼ ਮਿਲਦਾ ਹੈ ।

**ਵਰਤੋਂ** :—ਸਾਡਾ ਇਸ ਪਾਸੇ ਆਉਣ ਦਾ ਸੁਪਨੇ ਵਿੱਚ ਵੀ ਖਿਆਲ ਨਹੀਂ ਸੀ; ਪਰ ਦਾਣੇ ਦਾਣੇ ਉਤੇ ਮੁਹਰ ਵਾਲੀ ਗੱਲ ਸਚੀ ਹੈ ।

**ਦਾਣੇ ਪਾਣੀ ਦੇ ਵਸ ।**

**ਭਾਵ** :—ਕਰਮਾਂ ਦਾ ਬੱਧਾ ਬੰਦਾ ਸਭ ਕੁਝ ਕਰਦਾ ਹੈ ਆਪਣੇ ਵਸ ਦੀ ਗਲ ਨਹੀਂ ।

**ਵਰਤੋਂ** :—

ਖਤ ਲਿਖਕੇ ਰਾਂਝੇ ਚਾ ਹੱਥ ਦਿਤਾ,
ਮੂੰਹੋਂ ਬੋਲਿਆ ਬਹੁਤ ਸਲਾਮ ਕਰਨਾ ।
'ਦਾਣੇ ਪਾਣੀ ਦੇ ਵਸ' ਨਾ ਵਸ ਮੇਰੇ,
ਜੋ ਕੁਝ ਲੇਖ ਲਿਖਿਆ, ਸੋਈ ਪਿਆ ਭਰਨਾ ।

(ਹੀਰ—ਵਾਰਸ਼ ਸ਼ਾਹ)

**ਦਾਣੇ ਮੁਰਲੀ ਦੇ, ਹੱਥ ਘੁੱਗੂ ਨੂੰ ।**

**ਭਾਵ** :—ਮੁੱਲ ਤਾਂ ਦੂਜੇ ਦਾ ਖਰਚਣਾ ਚਾਹੇ, ਪਰ ਚੀਜ਼ ਆਪ ਮੰਗੇ ।

**ਵਰਤੋਂ** :—ਦੂਜਿਆਂ ਦੇ ਲਾਰਿਆਂ ਤੇ ਮੈਂ ਚੀਜ਼ ਨਹੀਂ ਦੇਣੀ, ਪੈਸੇ ਤਾਂ ਪਲਿਉਂ ਤੋਰਦੀ ਨਹੀਂ ਤੇ ਚੀਜ਼ਾਂ ਏਨੀਆਂ ਕੀਮਤੀ ਮੰਗਦੀ ਹੈਂ ? 'ਦਾਣੇ ਮੁਰਲੀ ਦੇ ਤੇ ਹਥ ਘੁੱਗੂ ਨੂੰ' ਇਹ ਸੌਦਾ ਕਿਵੇਂ ਬਣੇ ?

(ਸੰਗ੍ਰ)

**ਦਾਤ ਲੁਭਾਇ, ਵਿਸਾਰਨ ਦਾਤਾ ।**

**ਭਾਵ** :—ਦਾਤ ਨਾਲ ਤਾਂ ਪਿਆਰ ਕਰਦੇ ਹਨ, ਪਰ ਦਾਤਾ ਵਿਸਾਰ ਦਿਤਾ ਹੈ ।

**ਵਰਤੋਂ** :—

ਚਿਰ ਜੀਵਨ ਬਹੁ ਹੰਢਣੇ,
ਦਰਸ਼ਨ ਪੰਥ ਨ ਸਬਦ ਸਿਞਾਤਾ ।
ਦਾਤ ਲੁਭਾਇ ਵਿਸਾਰਨ ਦਾਤਾ ॥

(ਵਾਰਾਂ—ਭਾਈ ਗੁਰਦਾਸ)

**ਦਾਤਾ ਕਾਲ ਪਰਖੀਏ, ਧੇਨ ਫਗਣ ਮਾਹਿ, ਘਰ ਦੀ ਨਾਰ ਪਰਖੀਏ ਜੇ ਧਨ ਪਲੇ ਨਾਹਿ ।**

**ਭਾਵ** :—ਦਾਨੀ ਦੀ ਪਰਖ ਕਾਲ ਸਮੇਂ ਹੁੰਦੀ ਹੈ ਲਵੇਰੇ ਦੀ ਫਗਣ ਵਿਚ ਤੇ ਇਸਤ੍ਰੀ ਦੀ ਜਦ ਧਨ ਨਾ ਰਹੇ ।

**ਵਰਤੋਂ** :—ਧਨ ਕਰਕੇ ਤਾਂ ਕਈ ਰੰਨਾਂ ਆਣ ਜੁੜਦੀਆਂ ਹਨ । 'ਦਾਤਾ ਕਾਲ ਪਰਖੀਏ, ਧਨ ਫਗਣ ਮਾਹਿ, ਘਰ ਦੀ ਨਾਰ ਪਰਖੀਏ ਜੇ ਧਨ ਪਲੇ ਨਾਹਿ ।' ਸਚੀ ਤਾਂ ਨਾਰਿ ਉਹੀ ਹੈ ਜੋ ਗ਼ਰੀਬੀ ਵਿੱਚ ਸਾਥ ਨਿਭਾਵੇ । (ਸੰਗ੍ਰ)

**ਦਾਤਾ ਦਾਨ ਕਰੇ ਭੰਡਾਰੀ ਦਾ ਦਿਲ ਘਟੇ ।** ਜਾਂ **ਦਾਤਾ ਦਾਨ ਕਰੇ ਭੰਡਾਰੀ ਦਾ ਪੇਟ ਫਟੇ ।**

**ਭਾਵ** :—ਕੋਈ ਕਿਸੇ ਦੀ ਸਹਾਇਤਾ ਕਰੇ, ਤਾਂ ਵੇਖਣ ਵਾਲਾ ਪਿਆ ਖਿਝੇ, ਜਾਂ ਮਾਲਕ ਦਾਨ ਕਰੇ ਤੇ ਨੌਕਰ ਪਿਆ ਦੁਖੀ ਹੋਵੇ ।

**ਵਰਤੋਂ** :—ਸਰਦਾਰ ਜੀ ਪਾਸੋਂ ਜੋ ਵੀ ਆਵੇ ਮੂੰਹ ਮੰਗੀ ਮੁਰਾਦ ਪਾਉਂਦਾ ਹੈ, ਪਰ ਪਤਾ ਨਹੀਂ ਮੁਨਸ਼ੀ ਕਿਉਂ ਕਲਪਦਾ ਰਹਿੰਦਾ ਹੈ ? ਇਹ ਤਾਂ ਉਹੀ ਗਲ ਹੋਈ ਅਖੇ 'ਦਾਤਾ ਦਾਨ ਕਰੇ, ਭੰਡਾਰੀ ਦਾ ਪੇਟ ਫਟੇ ।' (ਸੰ)

**ਦਾਤੇ ਦਾ ਦਾਨ ਤੇ ਗ਼ਰੀਬ ਦਾ ਇਸ਼ਨਾਨ ।**

ਭਾਵ :—ਜਦ ਥੋੜੀ ਮਦਦ ਨਾਲ ਹੀ ਕਿਸੇ ਗ਼ਰੀਬ ਦਾ ਕੰਮ ਸੌਰ ਜਾਵੇ।

ਵਰਤੋਂ :—ਬਾਬਾ—ਸਰਦਾਰ ਜੀ; ਦਾਣੇ ਬੜੀ ਚੰਗੀ ਚੀਜ਼ ਹੈ। ਜੇ ਲੋੜਵੰਦ ਨੂੰ ਦਿਤਾ ਜਾਵੇ, ਕਈ ਲੋੜਵੰਦਾਂ ਦਾ ਕੰਮ ਸਰ ਜਾਂਦਾ ਹੈ ਤੇ ਉਹ ਸੁਖੀ ਹੋ ਜਾਂਦੇ ਹਨ। ਸਿਆਣਿਆਂ ਨੇ ਇਸੇ ਲਈ ਕਿਹਾ ਹੈ 'ਦਾਤੇ ਦਾ ਦਾਨ ਤੇ ਗ਼ਰੀਬ ਦਾ ਇਸ਼ਨਾਨ।' (ਸੰਗ੍ਰ)

**ਦਾਤੇ ਦਾਤੇ ਮਰ ਗਏ ਤੇ ਰਹਿ ਗਏ ਮੱਖੀ ਚੂਸ।**

ਭਾਵ :—ਸਖ਼ੀ ਮਰ ਗਏ ਤੇ ਕੰਜੂਸ ਬਾਕੀ ਰਹਿ ਗਏ।

ਵਰਤੋਂ :—ਇਸ ਪਿੰਡ ਦੀ ਰੌਣਕ ਘਟਨੀ ਹੀ ਹੋਈ ਨਾ, ਕਾਰੀ ਦਾ ਤਾਂ ਕੋਈ ਬੰਦਾ ਹੁਣ ਦਿਸਦਾ ਨਹੀਂ ਅਖੇ 'ਦਾਤੇ ਦਾਤੇ ਮਰ ਗਏ ਤੇ ਰਹਿ ਗਏ ਮਖੀ ਚੂਸ।' (ਸੰਗ੍ਰ)

**ਦਾਦੂ ਦੁਨੀਆਂ ਬਾਵਰੀ, ਮੜ੍ਹੀਆਂ ਪੂਜਨ ਊਤ।**

ਭਾਵ :—ਕਿਸੇ ਨੂੰ ਮੜ੍ਹੀਆਂ ਪੂਜਦਿਆਂ ਵੇਖਕੇ ਜਾਂ ਹੋਰ ਵਹਿਮ ਵਿੱਚ ਫਸਿਆ ਵੇਖਕੇ ਉਸ ਦੀ ਮੂਰਖਤਾ ਨੂੰ ਮੁਖ ਰਖਕੇ ਕਹਿੰਦੇ ਹਨ।

ਵਰਤੋਂ :—ਦੁਨੀਆਂ ਵਹਿਮਾਂ ਤੇ ਭਰਮਾ ਦੀ ਸ਼ਿਕਾਰ ਹੈ। ਇਕ ਦਾ ਲੜ ਨਹੀਂ ਫੜਦੀ, 'ਦਾਦੂ ਦੁਨੀਆਂ ਬਾਵਰੀ, ਮੜ੍ਹੀਆਂ ਪੂਜਨ ਊਤ'। (ਸੰਗ੍ਰ)

**ਦਾਨ, ਵਿਤ ਸਮਾਨ।**

ਭਾਵ :—ਪੁਜੱਤ ਤੋਂ ਵਧੀਕ ਦਾਨ ਨਹੀਂ ਦੇਣਾ ਚਾਹੀਦਾ।

ਵਰਤੋਂ :—ਬਾਬਾ—ਸਿੰਘ ਜੀ ! ਦਾਨ ਕਰਨਾ ਬੜਾ ਚੰਗਾ ਕੰਮ ਹੈ, ਪਰ ਜੇ ਵਿਤ ਅਨੁਸਾਰ ਕੀਤਾ ਜਾਏ, ਨਹੀਂ ਤਾਂ ਦਾਨੀ ਵੀ ਦੁਖੀ ਹੋਣ ਲਗ ਪੈਂਦਾ ਹੈ। 'ਦਾਨ ਵੀ ਵਿਤ ਸਮਾਨ' ਹੀ ਹੋਣਾ ਚਾਹੀਦਾ ਹੈ। (ਸੰਗ੍ਰ)

**ਦਾਮ ਬਿਆਜੀ, ਖੇਤ ਪਿਆਜੀ।**

ਭਾਵ :—ਵਿਆਜ ਉਪਰ ਲਿਆ ਪੈਸਾ ਇਵੇਂ ਹੀ ਵਧਦਾ ਹੈ, ਜਿਵੇਂ ਖੇਤੀ ਵਿੱਚ ਬੀਜੇ ਹੋਇ ਗੰਢੇ।

ਵਰਤੋਂ :—ਪਹਿਲਾਂ ਹੋਸ਼ ਕਰਨੀ ਸੀ, ਵਿਆਜ ਉਤੇ ਲਿਆ ਰੁਪਿਆ ਸਦਾ ਦੁਖ ਦੇਂਦਾ ਹੈ। 'ਦਾਮ ਬਿਆਜੀ, ਖੇਤ ਪਿਆਜੀ' ਵਿਆਜ ਤਾਂ ਕੌੜੀ ਵੇਲ ਵਾਂਗ ਵਧਦਾ ਹੈ। (ਸੰਗ੍ਰ)

**ਦਾਲ ਅਲੂਣੀ, ਕਪੜੇ ਸਬੂਣੀ।**

ਭਾਵ :—ਖਾਣਾ ਭੈੜਾ ਪਰ ਟੀਪ ਟਾਪ ਚੰਗੀ ਹੋਣੀ।

ਵਰਤੋਂ :—ਅਜ ਕਲ੍ਹ ਦੇ ਜੰਟਲਮੈਨਾਂ ਦਾ ਇਹੀ ਹਾਲ ਹੈ, ਅਖੇ 'ਦਾਲ ਅਲੂਣੀ, ਕਪੜੇ ਸਬੂਨੀ' ਬਾਹਰ ਦਾ ਹੀ ਦਿਖਾਵਾ ਹੈ। ਅੰਦਰੋਂ ਪੋਲੇ ਹਨ। (ਸੰਗ੍ਰ)

**ਦਾਲ ਚੌਲ ਰਿਨ੍ਹਾਏ, ਝਖ ਮਾਰ ਖਿਚੜੀ ਖਾਏ।**

ਭਾਵ :—ਅੱਡ ਅੱਡ ਰਾਹ ਫੜਨ ਮਗਰੋਂ ਮੁੜ ਮਿਲ ਜਾਣਾ।

ਵਰਤੋਂ :—ਭੈਣ, ਤੇਰੀ ਇਹ ਬੜੀ ਭੈੜੀ ਵਾਦੀ ਹੈ, ਕਿ ਪਹਿਲਾਂ ਜ਼ਰੂਰ ਝਗੜਾ ਪਾਣਾ, ਤੇ ਫੇਰ ਟਿਕਾਣੇ ਵੀ ਆ ਜਾਣਾ, ਤੇਰਾ ਤਾਂ ਇਹ ਹਾਲ ਹੈ ਅਖੇ 'ਦਾਲ ਚੌਲ ਰਿਨ੍ਹਾਏ, ਝੱਖ ਮਾਰ ਖਿਚੜੀ ਖਾਏ।' (ਸੰਗ੍ਰ)

**ਦਾਲ ਰੋਟੀ ਖਾਹ ਤੇ ਨੱਕ ਦੀ ਸੇਧੇ ਜਾਹ। ਜਾਂ ਦਾਲ ਟਿਕੀ ਖਾਹ ਤੇ ਨੱਕ ਦੀ ਸੇਧੇ ਜਾਹ।**

ਭਾਵ :—ਸਾਦਾ ਤੇ ਸਿਧਾ ਜੀਵਨ ਬਤੀਤ ਕਰਨ ਨਾਲ ਸੁਖ ਮਿਲਦਾ ਹੈ।

ਵਰਤੋਂ :—ਕਈ ਬਚੇ ਹੁੰਦੇ ਗ਼ਰੀਬ ਹਨ, ਪਰ ਰੀਸ ਉਨ੍ਹਾਂ ਦੀ ਕਰਦੇ ਹਨ ਜੋ ਅਮੀਰ ਹੁੰਦੇ ਹਨ। ਅਜੇਹੀ ਰੀਸ ਦੁਖ ਦੇਂਦੀ ਹੈ। ਚਾਹੀਦਾ ਇਹ ਹੈ ਪਈ 'ਦਾਲ ਰੋਟੀ ਖਾਹ ਤੇ ਨਕ ਦੀ ਸੇਧੇ ਜਾਹ।' (ਸੰਗ੍ਰ)

**ਦਾਲ ਵਿਚ ਕੁਝ ਕਾਲਾ ਕਾਲਾ ਹੈ ।**

**ਭਾਵ** :—ਜਦ ਕਿਸੇ ਗੱਲ ਵਿੱਚ ਕੋਈ ਸ਼ੱਕ ਪੈ ਜਾਵੇ ।

**ਵਰਤੋਂ** :—ਮਾਰ ਕਿਤੇ ਵਿਹੜਾ ਸੁੰਬਰ, ਕਿਤੇ ਚੌਕਾ ਪੋਚ, ਕਿਤੇ ਭਾਂਡੇ ਰਿਲਕਾ । ਮੈਂ ਤਾ ਵਡੇ ਵੇਲੇ ਹੀ ਸਮਝ ਲਿਆ ਸੀ ਕਿ ਅਜ ਕੁਝ 'ਦਾਲ ਵਿੱਚ ਕਾਲਾ ਕਾਲਾ ਜ਼ਰੂਰ ਆ' ।
(ਚਿੱਟਾ ਲਹੂ—ਨਾਨਕ ਸਿੰਘ)

**ਦਾੜ੍ਹੀ ਸ਼ੇਖਾਂ ਦੀ ਤੇ ਕੰਮ ਸ਼ੈਤਾਨਾਂ ਵਾਲੇ ।** ਜਾਂ **ਦਾੜ੍ਹੀ ਸ਼ੇਖ ਦੀ ਤੇ ਅਮਲ ਸ਼ੈਤਾਨਾਂ ਵਾਲੇ ।**

**ਭਾਵ** :—ਬਾਹਰੋਂ ਬੜਾ ਚੰਗਾ, ਪਰ ਮਨ ਦਾ ਖੋਟਾ ਹੋਵੇ ।

**ਵਰਤੋਂ** :—ਹਕੀਮ—ਸਰਦਾਰ ਜੀ, ਕੀ ਕੀਤਾ ਜਾਵੇ, ਅਜ ਕਲ ਤਾਂ ਬਾਹਲੇ ਮਨੁੱਖ ਇਸੇ ਰੂਪ ਵਿਚ ਹਨ 'ਦਾੜੀ ਸ਼ੇਖਾਂ ਦੀ, ਤੇ ਕੰਮ ਸ਼ੈਤਾਨ ਵਾਲੇ।' ਇਸ ਦਾ ਉਪਾ ਔਖਾ ਹੀ ਹੈ । (ਸੰਗ੍ਰ)

**ਦਿਆ ਬਰਾਬਰ ਧਰਮ ਨਹੀਂ ।**

**ਭਾਵ** :—ਰਹਿਮ ਜਾਂ ਬਖਸ਼ਸ਼ ਸਭ ਤੋਂ ਚੰਗਾ ਧਰਮ ਹੈ ।

**ਵਰਤੋਂ** :—ਮਹਾਰਾਜਾ ਰਣਜੀਤ ਸਿੰਘ ਬੜੇ ਰਹਿਮ ਦਿਲ ਸਨ । ਉਹ ਸਮਝਦੇ ਸਨ ਜੁ ਦਿਆ ਬਰਾਬਰ ਧਰਮ ਨਹੀਂ । ਵਡੇ ਤੋਂ ਵਡੇ ਅਪਰਾਧ ਲਈ ਵੀ ਉਹ ਕਿਸੇ ਨੂੰ ਫਾਂਸੀ ਨਹੀਂ ਸਨ ਦੇਂਦੇ ।
(ਸੰਗ੍ਰ)

**ਦਿਆ ਬਿਨ ਸਿੱਧ ਕਸਾਈ ।**

**ਭਾਵ** :—ਦਿਆ ਬਿਨਾ ਸਿੱਧ ਸਾਧ ਵੀ ਕਸਾਈ ਦੇ ਬਰਾਬਰ ਹੈ ।

**ਵਰਤੋਂ** :—ਦਿਆ ਸਭ ਤੋਂ ਵਡਾ ਧਰਮ ਹੈ । ਦਿਆ ਬਿਨਾਂ ਮਨੁੱਖ ਪਸ਼ੂ ਸਮਾਨ ਹੈ । 'ਦਿਆ ਬਿਨ ਸਿੱਧ ਵੀ ਕਸਾਈ ਹੈ' । (ਸੰਗ੍ਰ)

**ਦਿਸਣ ਦਾ ਬਗਲਾ ਤੇ ਮੱਛੀਆਂ ਦਾ ਟਰਕਾਊ ।** ਵੇਖੋ :—ਬਘਿਆੜ ਗਊਆਂ ਦੇ ਭੇਸ ਵਿੱਚ ।

**ਭਾਵ** :—ਬਾਹਰੋਂ ਚੰਗਾ ਦਿਸੇ ਪਰ ਦਿਲ ਦਾ ਖੋਟਾ ਹੋਵੇ ।

**ਵਰਤੋਂ** :—ਕਰੀਮ—ਮੀਆਂ ਦੀ ਸ਼ਕਲ ਕੇਹੀ ਚੰਗੀ ਹੈ, ਪਰ ਇਸ ਨਾਲ ਰਬ ਕਿਸੇ ਨੂੰ ਵਾਹ ਨਾ ਪਾਵੇ, ਇਹ ਤਾਂ 'ਦਿਸਣ ਦਾ ਬਗਲਾ ਤੇ ਮੱਛੀਆਂ ਦਾ ਟਰਕਾਊ' ਹੈ । (ਸੰਗ੍ਰ)

**ਦਿਸਣ ਪਿਸਣ ਨੂੰ ਸੁਹਣੀ ਅਮਲੋਂ ਖੁਆਰ ।**

**ਭਾਵ** :—ਬਾਹਰੋਂ ਚੰਗਾ ਭਲਾ ਹੋਣਾ ਪਰ ਮਨ ਦਾ ਖੋਟਾ ਹੋਣਾ ।

**ਵਰਤੋਂ** :—ਵੇਖੋ ਉਪਰਲੇ ਅਖਾਣ ।

**ਦਿੱਤੀ ਖਲ ਨਾ ਖਾਂਦੀ ਤੇ ਕੋਹਲੂ ਚਟਣ ਜਾਂਦੀ ।**

**ਭਾਵ** :—ਪਹਿਲੀ ਚੰਗੀ ਚੀਜ਼ ਕਬੂਲ ਨਾ ਕਰੇ, ਪਰ ਮੁੜ ਉਸ ਤੋਂ ਮਾੜੀ ਲਈ ਤਰਲੇ ਕਰੇ ।

**ਵਰਤੋਂ** :—ਗੰਗਾ ਦਈ—ਭੈਣ ! ਹੁਣ ਤੁਸੀਂ ਉਸ ਦੀਆਂ ਮਿੰਨਤਾ ਕਰਦੇ ਹੋ ਪਰ ਜਦ ਉਹ ਤੁਸਾਂ ਨੂੰ ਇਸ ਤੋਂ ਵੀ ਵਧੀਆ ਚੀਜ਼ ਦੇ ਰਿਹਾ ਸੀ ਤੁਸੀ ਕੰਨ ਵੀ ਨਹੀਂ ਧਰਦੇ ਸੀ । ਤੁਹਾਡੀ ਤਾਂ ਓਹੀ ਗੱਲ ਹੋਈ ਨਾ ਅਖੇ 'ਦਿਤੀ ਖੱਲ ਨਾ ਖਾਂਦੀ ਤੇ ਕੋਹਲੂ ਚਟਣ ਜਾਂਦੀ' । (ਸੰਗ੍ਰ)

**ਦਿੱਤੇ ਬਾਝ ਨਾ ਉਤਰੇ ਹੁਦਾਰ ਪਰਾਏ ।**

**ਭਾਵ** :—ਕਰਜ਼ਾ ਦਿੱਤੇ ਬਿਨਾ ਛੁਟਕਾਰਾ ਨਹੀਂ ਹੁੰਦਾ ।

**ਵਰਤੋਂ** :—ਸ਼ਾਹ—ਜੱਟਾ ! ਕਰਜ਼ਾ ਤਾਂ ਦੇਣਾ ਹੀ ਪੈਣਾ ਹੈ । 'ਦਿਤੇ ਬਾਝ ਨਾ ਉਤਰੇ ਹੁਦਾਰ ਪਰਾਏ !' ਟਾਲਮ ਟੋਲ ਕਰਨ ਨਾਲ ਕੀ ਬਨਣਾ ਹੈ ।
(ਸੰਗ੍ਰ)

**ਦਿਨ ਗਵਾਇਆ ਭੌਂ ਕੇ, ਰਾਤ ਗਵਾਈ ਸੌਂ ਕੇ ।**

**ਭਾਵ** :— ਵਿਹਲੇ ਤੇ ਨਿਕੰਮੇ ਬੰਦੇ ਲਈ ਵਰਤਦੇ ਹਨ ।

**ਵਰਤੋਂ** :— ਦਾਦੀ—ਵੇ ਬੱਚਾ ! ਕਿਸੇ ਵੇਲੇ ਤਾਂ ਕਿਸੇ ਚੀਜ਼ ਨੂੰ ਹਥ ਲਾਇਆ ਕਰ, ਤੂੰ ਇਹ ਚੰਗਾ ਸਬਕ ਪੜ੍ਹਿਆ ਹੈ ਅਖੇ 'ਦਿਨ ਗਵਾਈ ਭੌਂ ਕੇ ਰਾਤ ਗਵਾਈ ਸੌਂ ਕੇ ।' ਇਹ ਵਤੀਰਾ ਦੁਖੀ ਕਰੇਗਾ ਤੈਨੂੰ । (ਸੰਗ੍ਰ)

**ਦਿਨ ਦੀ ਧੁੱਪ ਤੇ ਰਾਤ ਦੀ ਭੁਖ ਜੰਜ ਦਾ ਗਹਿਣਾ ਹੈ ।**

**ਭਾਵ** :—ਹਾਸ ਰਸ ਲਈ ਵਰਤਦੇ ਹਨ । ਕਿ ਜੰਜੇ ਜਾ ਕੇ ਇਕ ਧੁਪੇ ਸੜੋ, ਇਕ ਕਵੇਲੇ ਰੋਟੀ ਖਾਓ ।

**ਵਰਤੋਂ** :—ਵੇਖਿਆ ਹੈ ਕਈ ਵਾਰ ਮਜ਼ਾ ਜੰਜੇ ਚੜ੍ਹਨ ਦਾ ਵੀ । 'ਦਿਨ ਦੀ ਧੁਪ ਤੇ ਰਾਤ ਦੀ ਭੁਖ' ਇਹ ਜੰਜ ਦਾ ਗਹਿਣਾ ਹੈ । (ਸੰਗ੍ਰ)

**ਦਿਲ (ਮਨ) ਹਰਾਮੀ, ਹੁਜਤਾਂ ਢੇਰ ।**

**ਭਾਵ** :—ਜਦ ਕਿਸੇ ਦਾ ਕੰਮ ਕਰਨ ਨੂੰ ਜੀ ਨਾ ਕਰੇ ਤੇ ਵਿਹਲੇ ਬਹਾਨੇ ਪਿਆ ਬਣਾਵੇ ।

**ਵਰਤੋਂ** :— ਕਰਮ ਸਿੰਘ—ਛਡ ਓਏ ਪਰਾਂ, 'ਮਨ ਹਰਾਮੀ ਹੁਜਤਾਂ ਢੇਰ ਵਾਲੀ ਗੱਲ ਨਾ ਕਰ । (ਸੰਗ੍ਰ)

**ਦਿਲ ਹੋਵੇ ਚੰਗਾ, ਕਟੋਰੇ ਵਿੱਚ ਗੰਗਾ ।**

**ਭਾਵ** :—ਮਨ ਸਾਫ ਹੋਵੇ ਤਦ ਸਭੋ ਕੁਝ ਠੀਕ ਹੁੰਦਾ ਹੈ ।

**ਵਰਤੋਂ** :—ਬਾਬਾ—ਹਰ ਗੱਲ ਦਾ ਸੰਬੰਧ ਸਾਫ ਦਿਲ ਨਾਲ ਹੀ ਹੈ । 'ਦਿਲ ਹੋਵੇ ਚੰਗਾ, ਕਟੋਰੇ ਵਿੱਚ ਗੰਗਾ ।' ਨੀਅਤ ਰਾਸ ਤੇ ਕੰਮ ਰਾਸ । (ਸੰਗ੍ਰ)

**ਦਿਲ ਤੇ ਫੁੱਲ ਟੁਟੇ ਹੋਏ ਜੁੜਦੇ ਨਹੀਂ ।**

**ਭਾਵ** :—ਇਕ ਵੇਰ ਪਈ ਹੋਈ ਬੇ-ਇਤਬਾਰੀ ਦੂਰ ਨਹੀਂ ਹੁੰਦੀ ।

**ਵਰਤੋਂ** :—ਇਸ ਘਰ ਵਿੱਚ ਉਹ ਹੁਣ ਕਿਸ ਤਰ੍ਹਾਂ ਪੈਰ ਪਾ ਸਕਦਾ ਏ । ਨਾਲੇ ਮਹਾਰਾਜ ! ਦਿਲ ਤੇ ਫੁਲ ਟੁੱਟੇ ਹੋਇ ਜੁੜਨੇ ਅਣਹੋਣੀ ਗੱਲ ਏ ।'

(ਚਿੱਟਾ ਲਹੂ—ਨਾਨਕ ਸਿੰਘ)

**ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ । ਵਿਚੇ ਬੇੜੀ ਵਿਚੇ ਚੱਪਾ, ਵਿਚੇ ਮੰਝ ਮੁਹਾਣੇ ।**

**ਭਾਵ** :—ਕਿਸੇ ਦੇ ਦਿਲ ਦਾ ਥਹੁ ਪਤਾ ਲੈਣਾ ਔਖਾ ਹੈ ।

**ਵਰਤੋਂ** :— ਕੀ ਪਤਾ, ਉਸ ਦੇ ਦਿਲ ਵਿਚ ਕੀ ਗੱਲ ਹੈ ਤੇ ਬਾਹਰ ਕੀ ਪੱਜ ਪਾਈ ਫਿਰਦਾ ਹੈ 'ਦਿਲ ਦਰਿਆ ਸਮੁੰਦਰੋਂ ਡੂੰਘਾ ਕੌਣ ਦਿਲਾਂ ਦੀਆਂ ਜਾਣੇ, ਵਿਚੇ ਬੇੜੀ ਵਿਚੇ ਚੱਪਾ, ਵਿਚੇ ਮੰਝ ਮੁਹਾਣੇ ।

(ਸੰਗ੍ਰ)

**ਦਿਲ ਦਾ ਮਹਿਰਮ ਕੋਈ ਨਾ ਮਿਲਿਆ, ਜੋ ਮਿਲਿਆ ਬੇਦਰਦੀ ।**

**ਭਾਵ** :—ਜਦ ਹਮਦਰਦ ਥੋੜੇ ਹੋਣ ਤੇ ਗਰਜ਼ੀ ਵਧੀਕ ।

**ਵਰਤੋਂ** :— ਰਜਣੀ—ਵੀਰ ਜੀਉ ! ਕੀ ਦਸਾਂ ? ਚਿੰਤਾ ਦੇ ਖਾਰੇ ਸਮੁੰਦਰ ਹੋਈ ਹਾਂ । ਦਿਲ ਫੋਲਾਂ ਤਾਂ ਕਿਸ ਅਗੇ ਫੋਲਾਂ । ਮਨ ਦੀ ਹਵਾੜ ਕਿਸ ਅਗੇ ਕਢਾਂ 'ਦਿਲ ਦਾ ਮਹਿਰਮ ਕੋਈ ਨਾ ਮਿਲਿਆ, ਜੋ ਮਿਲਿਆ ਬੇ-ਦਰਦੀ ।'

(ਰਜਨੀ ਨਾਟਕ—ਬਲਵੰਤ ਸਿੰਘ)

**ਦਿਲ ਦਿਲਾਂ ਦੇ ਭੇਤੀ ।** ਜਾਂ
**ਦਿਲ ਦਿਲਾਂ ਦੇ ਸਾਖੀ ।** ਜਾਂ
**ਦਿਲ ਨੂੰ ਦਿਲਾਂ ਦਾ ਰਾਹ ਹੁੰਦਾ ਹੈ ।**

**ਭਾਵ** :—ਜਦ ਇਕ ਸਾਥੀ ਜਾਂ ਮਿਤਰ ਦਾ ਦਿਲ ਦੂਜੇ ਸਾਥੀ ਦੇ ਹਾਵ ਭਾਵ ਨੂੰ ਬਿਨਾ ਕੁਝ ਦਸੇ ਸਮਝ ਜਾਵੇ ।

**ਵਰਤੋਂ** :—ਜੇ ਸਚ ਮੁਚ ਦਿਲ ਦਿਲਾਂ ਦੇ ਸਾਖੀ ਹੁੰਦੇ ਨੇ ਤਾਂ ਜ਼ਰੂਰ ਮੇਰੇ ਇਨ੍ਹਾਂ ਕਮਜ਼ੋਰ ਖ਼ਿਆਲਾਂ ਦਾ ਅਸਰ ਉਸ ਤੇ ਪੈਂਦਾ ਹੋਵੇਗਾ ।

(ਟੁੱਟੀ ਵੀਣਾ—ਨਾਨਕ ਸਿੰਘ)

## ਦਿਲ ਦੀ ਲਗੀ ਬੁਝਾ ਲੈਣ ਦੇਹ ।

**ਭਾਵ** :— ਮਨ ਦੀ ਇਛਿਆ ਪੂਰੀ ਕਰ ਲੈਣ ਦੇਹ ।

**ਵਰਤੋਂ** :—ਰਤਾ ਇਕ ਪਾਸੇ ਹੋਣ ਦੀ ਖੇਚਲ ਕਰੀਂ, ਵਿਚਾਰੇ ਢੋਤੇ ਨੂੰ 'ਦਿਲ ਦੀ ਲਗੀ ਬੁਝਾ ਲੈਣ ਦੇਹ' ।

(ਨਵੀਆਂ ਸੋਚਾਂ—ਪ੍ਰਿੰ: ਤੇਜਾ ਸਿੰਘ)

## ਦਿਲ ਬਾਦਸ਼ਾਹ ਹੋਣੇ ਚਾਹੀਦੇ ਹਨ ।

**ਭਾਵ** :—ਪੈਸਾ ਭਾਵੇਂ ਘਟ ਹੋਵੇ ਪਰ ਦਿਲ ਵੱਡਾ ਹੋਣਾ ਚਾਹੀਦਾ ਹੈ ।

**ਵਰਤੋਂ** :—ਮਨ—ਵਰਿਆਮ, ਪੈਸੇ ਨਾਲ ਨਹੀਂ ਕੋਈ ਅਮੀਰ ਬਣਦਾ, 'ਦਿਲ ਬਾਦਸ਼ਾਹ ਹੋਣੇ ਚਾਹੀਦੇ ਹਨ' ।

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

## ਦਿਲ ਰੰਨ ਦਾ ਛਲੱੜਾ ਕੱਚ ਦਾ ਏ ।

**ਭਾਵ** :—ਤੀਵੀਂ ਦੇ ਦਿਲ ਦਾ ਕੋਈ ਭਰੋਸਾ ਨਹੀਂ ।

**ਵਰਤੋਂ** :—

ਜਿਵੇਂ ਸੁਬਹ ਦੀ ਕਜ਼ਾ ਨਮਾਜ਼ ਹੁੰਦੀ,  
ਰਾਜ਼ੀ ਹੋ ਸ਼ੈਤਾਨ ਭੀ ਨਚੱਦਾ ਏ ।  
ਤਿਵੇਂ ਸਹਿਤੀ ਦੇ ਜੀਉ ਵਿਚ ਖ਼ੁਸ਼ੀ ਹੋਈ,  
'ਦਿਲ ਰੰਨ ਦਾ ਛਲੜਾ ਕੱਚ ਦਾ ਏ' ।

(ਹੀਰ—ਵਾਰਸ ਸ਼ਾਹ)

## ਦਿਲਾਂ ਦੀਆਂ ਲੈਣੀਆਂ ਦੇਣੀਆਂ ।

**ਭਾਵ** :—ਅੰਦਰ ਦੇ ਭੇਦ ਦਸਣੇ ਤੇ ਲੈਣੇ ।

**ਵਰਤੋਂ** :—

ਆਮੋਂ ਸਾਹਮਣੇ ਰੱਜਕੇ ਵੇਖਿਓ ਨੇ,  
ਗੱਲਾਂ ਕੀਤੀਆਂ ਫ਼ਰਕ ਨ ਵਾਲ ਮਾਏ ।  
ਹੋਰ ਦਿਲਾਂ ਦੀਆਂ ਲਈਆਂ ਦਿਤਿਓਂ ਨੇ,  
ਜ਼ਾਤ ਇਕ ਹੋਈ ਜਾਤ ਨਾਲ ਮਾਏ ।

(ਹੀਰ—ਵਾਰਸ ਸ਼ਾਹ)

## ਦਿਲਾਂ ਦੇ ਸਾੜ ਬੁਰੇ ।

**ਭਾਵ** :—ਦਿਲ ਵਿੱਚ ਵੜਿਆ ਹੋਇਆ ਦੁੱਖ ਬੇਚੈਨੀ ਦੇਂਦਾ ਹੈ ।

**ਵਰਤੋਂ** :— ਕੁਛ ਪਾਗਲ ਹੈ, ਜਾਂ ਘਟ ਤੋਂ ਘਟ ਮੂਰਖ ਹੈ, ਪਰ ਨਹੀਂ 'ਦਿਲਾਂ ਦੇ ਸਾੜ ਬੁਰੇ' ਦਿਲ ਜਦੋਂ ਠੋਕਰ ਖਾ ਜਾਵੇ ਤਦੋਂ ਇਹੀ ਅਖਾਣ ਵਰਤਦੇ ਹਨ । (ਸੰਗ੍ਰ)

## ਦਿਲਾਂ ਨੂੰ ਹੋਵੇ ਕਰਾਰ, ਤਦੇ ਸੁੱਝੇ ਦਿਨ ਦਿਹਾਰ ।

**ਭਾਵ** :—ਮਨ ਨੂੰ ਸ਼ਾਂਤੀ ਹੋਵੇ, ਤਦ ਸਾਰੇ ਸੁਖ ਚੰਗੇ ਲਗਦੇ ਹਨ ।

**ਵਰਤੋਂ** :—ਕੀ ਹੋਲੀ ਮਨਾਵਾਂ ? ਕਿਨੇ ਚਿਰ ਤੋਂ ਬੱਚੇ ਦੀ ਕੋਈ ਖਬਰ ਨਹੀਂ ਆਈ, 'ਦਿਲ ਨੂੰ ਹੋਵੇ ਕਰਾਰ, ਤਦੇ ਸੁਝੇ ਦਿਨ ਦਿਹਾਰ' । (ਸੰਗ੍ਰ)

## ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਹੈ ।

**ਭਾਵ** :—ਜਦ ਇਕ ਸਾਥੀ ਦੂਜੇ ਦੇ ਭਾਵ ਨੂੰ ਬਿਨਾ ਕੁਝ ਦਸੇ ਸਮਝ ਜਾਵੇ ।

**ਵਰਤੋਂ** :—ਤੂੰ ਭਾਵੇਂ ਦਸ ਭਾਵੇਂ ਨ ਦਸ ਗੱਲ ਮੈਂ ਤੇਰੀ ਸਮਝ ਲਈ ਹੈ । 'ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਹੈ ।' (ਸੰਗ੍ਰ)

## ਦਿਲੀ ਦੇ ਬਾਂਕੇ, ਬਗਲ ਵਿੱਚ ਇੱਟਾਂ । ਜਾਂ ਦਿਲੀ ਦੇ ਬਾਂਕੇ ਤੇ ਬੋਝੇ ਵਿੱਚ ਗਾਜਰਾਂ ।

**ਭਾਵ** :—ਹੱਥ ਪਲੇ ਕੁਝ ਨਾ ਹੋਣਾ ਤੇ ਕਾ ਸ਼ਾਕੀ ਬਾਹਲੀ ਵਿਖਾਣੀ ।

**ਵਰਤੋਂ** :—ਮੁਨਸ਼ੀ—ਕਾਕਾ, ਤੇਰਾ ਤਾਂ ਇਹ ਹਾਲ ਹੈ ਕਿ 'ਦਿੱਲੀ ਦੇ ਬਾਂਕੇ, ਬਗਲ ਵਿੱਚ ਇੱਟਾਂ', ਖਟਦਾ ਕਮਾਦਾਂ ਤਾਂ ਤੂੰ ਕੁਝ ਨਹੀਂ, ਪਰ ਨਖਰਾ ਬੜਾ ਕਰਦਾ ਹੈਂ । (ਸੰਗ੍ਰ)

## ਦੀਪਕ ਜਲ ਪਤੰਗ ਵਸ, ਫਿਰ ਦੇਖ ਨਾ ਹੱਟੈ ।

**ਭਾਵ** :—ਪ੍ਰੇਮੀ ਆਪਣੇ ਪ੍ਰਿਯ ਉਤੋਂ ਜਾਨ ਕੁਰਬਾਨ ਕਰਨ ਤੋਂ ਵੀ ਨਹੀਂ ਟਲਦਾ ।

**ਵਰਤੋਂ** :—

ਦੀਪਕ ਜਲੈ ਪਤੰਗ ਵੱਸ ਫਿਰ ਦੇਖ ਨਾ ਹੱਟੈ ।
ਜਲ ਵਿਚਹੁ ਫੜ ਕਢੀਐ, ਮੁੜ ਨੇਹੁ ਨਾ ਘਟੈ ।
(ਵਾਰਾਂ—ਭਾਈ ਗੁਰਦਾਸ)

## ਦੀਵਾ ਬਲਿਆ, ਹਨੇਰਾ ਟਲਿਆ ।

**ਭਾਵ** :—ਖ਼ੁਸ਼ੀ ਆਏ (ਜਾਂ ਪੁੱਤਰ ਜੰਮੇ) ਗਮੀ ਹਟ ਜਾਵੇ ।

**ਵਰਤੋਂ** :—ਮੇਰੇ ਘਰ ਅਜ ਪੁੱਤਰ ਜੰਮਿਆ ਹੈ—ਅਜ ਜਨਮ ਜਨਮਾਤਰਾਂ ਦਾ ਹਨੇਰਾ ਦੂਰ ਹੋਇਆ ਹੈ । 'ਦੀਵਾ ਬਲਿਆ ਹਨੇਰਾ ਟਲਿਆ ।' (ਸੰਗ੍ਰ)

## ਦੀਵੇ ਹੇਠ (ਥਲੇ) ਹਨੇਰਾ । ਜਾਂ ਦੀਵੇ ਦੀ ਛਤ ਥਲੇ ਹਨੇਰਾ ।

**ਭਾਵ** :—ਜਦੋਂ ਪੜ੍ਹਿਆ ਲਿਖਿਆ ਆਦਮੀ ਭੁਲ ਕਰੇ ਤਾਂ ਆਖਦੇ ਹਨ ।

**ਵਰਤੋਂ** :—ਉਹ ਤੇ ਬੜਾ ਗਿਆਨ ਘੋਟਦਾ ਹੈ ਪਰ ਕਰਤੂਤ ਇਹ ! ਦੀਵੇ ਥਲੇ ਹਨੇਰਾ ਹੀ ਤਾਂ ਹੁੰਦਾ ਹੈ । (ਸੰਗ੍ਰ)

## ਦੀਵੇ ਨਾਲ ਦੀਵਾ ਬਲਦਾ ਹੈ ।

**ਭਾਵ** :—ਜਦ ਇਕ ਦੂਜੇ ਦੀ ਮਦਦ ਨਾਲ ਕੰਮ ਫਬੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਜੀਤ ਸਿੰਘ—ਆਹੋ ਸਰਦਾਰ ਜੀ, ਤੁਹਾਡੇ ਕਹਿਣ ਦੀ ਲੋੜ ਨਹੀਂ, ਮੈਨੂੰ ਜਿਵੇਂ ਆਖੋਗੇ ਉਦਾਂ ਹੀ ਕਰਾਂਗੇ । ਅਕਸਰ 'ਦੀਵੇ ਨਾਲ ਹੀ ਦੀਵਾ ਬਲਦਾ ਹੈ' ਤੁਸੀਂ ਮੇਰਾ ਭਾਰ ਵੰਡਾਉਗੇ ਤਾਂ ਮੈਂ ਤੁਹਾਡਾ ।

(ਮਿਧੇ ਹੋਏ ਫੁਲ—ਨਾਨਕ ਸਿੰਘ)

## ਦੁਹ ਮੁਨਸਾ ਦੀ ਮਾਰ ਵਿਨੱਸੈ ।

**ਭਾਵ** :—ਦੋਹਾਂ ਪਾਸਿਆਂ ਦੀ ਝਾਕ ਦੁਖੀ ਕਰਦੀ ਹੈ ।

**ਵਰਤੋਂ** :—

ਚੜ, ਚੜ, ਲੜਦੇ ਭੂਮੀਏ, ਧਾੜਾ ਪੇੜਾ ਖਸੱਨ ਖੋਧੈ,
ਦੁਹ ਨਾਰੀ ਦਾ ਦੁਲਹਾ ਦੁਹ ਮੁਨਸਾਂ ਦੀ ਨਾਰ ਵਿਨਸੈ ।
(ਵਾਰਾਂ—ਭਾਈ ਗੁਰਦਾਸ)

## ਦੁਖ ਆਉਂਦਾ ਘੋੜੇ ਦੀ ਦੌੜ ਏ, ਜਾਂਦਾ ਜੂੰ ਦੀ ਤੋਰ ਏ ।

**ਭਾਵ** :—ਦੁਖ ਆਉਂਦੇ ਬੜੀ ਛੇਤੀ ਛੇਤੀ ਹਨ, ਪਰ ਜਾਂਦੇ ਬੜੇ ਹੌਲੀ ਹੌਲੀ ਹਨ ।

**ਵਰਤੋਂ** :—ਸਾਹਿਬਾਂ—ਪਤੀ ਜੀ ! ਕਿਉਂ ਹਾਏ ਹਾਏ ਕਰਦੇ ਹੋ ? ਕਿਥੇ ਪੀੜ ਏ ? ਦੁਖ ਸੁਖ ਸਰੀਰ ਦਾ ਭੋਗ ਏ । ਤੁਹਾਡਾ ਹੌਸਲਾ ਤਾਂ ਨਿਆਣਿਆਂ ਨਾਲੋਂ ਵੀ ਘੱਟ ਏ । ਤੁਸੀਂ ਜਾਣਦੇ ਓ 'ਦੁੱਖ ਆਉਂਦਾ ਘੋੜੇ ਦੀ ਦੌੜ ਏ, ਜਾਂਦਾ ਜੂੰ ਦੀ ਤੋਰ ਏ' ਕੁਝ ਸਬਰ ਕਰੋ । (ਰਜਨੀ ਨਾਟਕ—ਨਾਨਕ ਸਿੰਘ)

## ਦੁੱਖ ਕਟਿਆ ਰਾਮ ਨਠਿਆ । ਜਾਂ ਦੁਖ ਉਤਰਿਆ ਰਾਮ ਵਿਸਰਿਆ ।

**ਭਾਵ** :—ਦੁੱਖ ਦੂਰ ਹੋ ਜਾਣ ਤੇ ਰਬ ਨੂੰ ਵਿਸਾਰ ਦੇਣਾ ।

**ਵਰਤੋਂ** :—ਕੋੜੀ—ਇਹੀ ਹਾਲ ਹੈ ਦੁਨੀਆਂ ਦਾਰਾਂ ਦਾ । ਦੁੱਖ ਕਟਿਆ ਰਾਮ ਨਠਿਆ ! ਹੁਣ ਸਤਸੰਗ ਲਾਉਣ ਦੀ ਕੀ ਲੋੜ ਹੈ ? ਕਾਕਾ ਰਾਜ਼ੀ ਹੋ ਗਿਆ ਹੈ । (ਸੰਗ੍ਰ)

**ਦੁਖ ਦਰਦ ਦੇਹ, ਦੁਖ ਦਰਦ ਲੈ ।**

**ਭਾਵ** :—ਜਿੰਨਾ ਕਿਸੇ ਨੂੰ ਦੁਖੀ ਕਰੋਗੇ ਉਨਾ ਦੁਖ ਤੁਹਾਨੂੰ ਵੀ ਮਿਲੇਗਾ ।

**ਵਰਤੋਂ** :—ਇਸ ਜੁਗ ਵਿਚ ਤਾਂ 'ਦੁਖ ਦਰਦ ਦੇਹ, ਦੁਖ ਦਰਦ ਲੈ' ਵਾਲਾ ਹੀ ਕੰਮ ਹੈ। ਸੁਖ ਦਿਉ, ਸੁਖ ਲਉ । ਦੁਖ ਦਿਉ ਦੁਖ ਲਉ । (ਸੰਗ੍ਰ)

**ਦੁਖੜੇ ਰੋਂਦੀ ਯਾਰਾਂ ਦੇ, ਲੈ ਲੈ ਨਾਂ ਭਰਾਵਾਂ ਦੇ**

**ਭਾਵ** :—ਮਤਲਬ ਆਪਣਾ ਕਢੇ, ਪਰ ਹਸਾਨ ਦੂਜਿਆਂ ਸਿਰ ਚਾੜ੍ਹੇ ।

**ਵਰਤੋਂ** :—ਉਸ ਮਤਲਬੀ ਦੀਆਂ ਚੋਪੜੀਆਂ ਵਲ ਧਿਆਨ ਨਾ ਦਿਉ। ਉਹ ਤੁਹਾਨੂੰ ਐਵੇਂ ਰਝਾਉਂਦਾ ਹੈ। 'ਦੁਖੜੇ ਰੋਂਦੀ ਯਾਰਾਂ ਦੇ ਲੈ ਲੈ ਨਾਂ ਭਰਾਵਾਂ ਦੇ।' ਲੋੜ ਉਨ੍ਹੇ ਆਪਣੀ ਪੂਰੀ ਕਰਨੀ ਹੈ। (ਸੰਗ੍ਰ)

**ਦੁੱਖਾਂ ਦੀਆਂ ਘੜੀਆਂ ਲੰਘਣ ਵਿੱਚ ਨਹੀਂ ਆਉਂਦੀਆਂ ।**

**ਭਾਵ** :—ਥੋੜਾ ਜਿੰਨਾ ਦੁਖ ਵੀ ਬਹੁਤ ਔਖਾ ਕਟੀਦਾ ਹੈ ।

**ਵਰਤੋਂ** :—ਬੱਚੀ, ਕੀ ਕਰਾਂ, ਅਜ ਕਈ ਮਹੀਨੇ ਹੋ ਗਏ ਹਨ, ਤੇਰੇ ਵੀਰ ਦਾ ਮੂੰਹ ਵੇਖਿਆਂ 'ਦੁਖਾਂ ਦੀਆਂ ਘੜੀਆਂ ਲੰਘਣ ਵਿਚ ਨਹੀਂ ਆਉਂਦੀਆਂ। ਤੂੰ ਹੀ ਕੋਈ ਉਪਾ ਦਸ।' (ਸੰਗ੍ਰ)

**ਦੁਖੀ ਹੋਈ ਥਾਂ ਦੁਖਦੀ ਹੈ ।**

**ਭਾਵ** :—ਦੁਖੀਏ ਨੂੰ ਮਾਮੂਲੀ ਜਿਹੀ ਚੋਟ ਵੀ ਬਹੁਤ ਦੁਖੀ ਕਰਦੀ ਹੈ ।

**ਵਰਤੋਂ** :—ਮਾਂ—ਪੁਤਰ ! ਨਾ ਰੋ, ਅਜੇ ਅਗਲੇ ਦੁਖ ਨਹੀਂ ਭੁਲੇ। ਤੇਰੇ ਰੋਣ ਨਾਲ 'ਦੁਖੀ ਹੋਈ ਥਾਂ ਹੋਰ ਦੁਖਦੀ ਹੈ'। (ਸੰਗ੍ਰ)

**ਦੁਧ ਸਾਂਭੇ ਗੁਜਰੇਟੀ, ਧਨ ਸਾਂਭੇ ਖਤਰੇਟੀ ।**

**ਭਾਵ** :—ਆਪਣੀ ਚੀਜ਼ ਹਰ ਕੋਈ ਸੰਭਾਲ ਕੇ ਰਖਦਾ ਹੈ, ਥੋੜੀ ਵਾਲਾ ਥੋੜੀ, ਬਹੁਤੀ ਵਾਲਾ ਬਹੁਤੀ ।

**ਵਰਤੋਂ** :—ਤੁਸੀਂ ਸਾਨੂੰ ਕੀ ਮਿਹਣਾ ਮਾਰਦੇ ਹੋ ਕੰਜੂਸੀ ਦਾ ? ਤੁਸੀਂ ਘਟ ਹੋ ? 'ਦੁਧ ਸਾਂਭੇ ਗੁਜਰੇਟੀ, ਧੰਨ ਸਾਂਭੇ ਖਤਰੇਟੀ'। ਹਰ ਨੂੰ ਆਪਣੀ ਵਸਤ ਪਿਆਰੀ ਹੁੰਦੀ ਹੈ । (ਸੰਗ੍ਰ)

**ਦੁਧ ਦਾ ਸੜਿਆ (ਲਸੀ) ਛਾਹ ਨੂੰ ਫੂਕਾਂ ਮਾਰਦਾ ਹੈ । ਜਾਂ ਦੁਧ ਦਾ ਜਲਿਆ ਛਾਹ ਫੂਕ ਫੂਕ ਪੀਂਦਾ ਹੈ । ਜਾਂ ਦੁਧ ਦਾ ਜਲਿਆ ਛਾਹ ਨੂੰ ਫੂਕੇ ।**

**ਭਾਵ** :—ਜਦ ਕਿਸੇ ਨੂੰ ਵਿਸਾਹ ਘਾਤੀ ਹੋਣ ਕਰਕੇ ਨੁਕਸਾਨ ਪੁਜੇ ਤੇ ਮੁੜ ਉਹ ਹਰ ਗਲ ਵਲੋਂ ਸਹਿਮ ਸਹਿਮ ਕਦਮ ਚੁਕੇ ।

**ਵਰਤੋਂ** :—ਗਤਕੂ ਸਮਝ ਗਿਆ ਕਿ ਜ਼ਮਾਨੇ ਦੀ ਡਰਾਈ ਹੋਈ ਇਹ ਤੀਵੀਂ ਬਹੁਤੀ ਹੀ ਵਹਿਮਣ ਹੋ ਗਈ ਹੈ। ਤੇ 'ਦੁਧ ਦਾ ਸੜਿਆ ਆਦਮੀ ਜਿਕਰ ਲਸੀ ਨੂੰ ਫੂਕਾਂ ਮਾਰ ਮਾਰ ਪੀਂਦਾ ਹੈ, ਉਸੇ ਤਰ੍ਹਾਂ ਇਸ ਨੂੰ ਹਰ ਚੀਜ਼ ਵਿਚੋਂ, ਵਿਸਾਹ ਘਾਤੀ ਦੀ ਬੂ ਆਉਣ ਲਗ ਪੈਂਦੀ ਹੈ। (ਸੰਗ੍ਰ)

**ਦੁਧ ਦਾ ਦੁਧ ਪਾਣੀ ਦਾ ਪਾਣੀ ।**

**ਭਾਵ**—ਪੂਰਾ ਪੂਰਾ ਇਨਸਾਫ ਕਰਨਾ ।

**ਵਰਤੋਂ** :—ਮੈਂ ਝੂਠ ਜੁ ਨਾ ਬੋਲਣਾ ਹੋਇਆ, ਕਿਸੇ ਦੀ ਰਕਮ ਮੈਂ ਨਹੀਂ ਮਾਰਦਾ, 'ਦੁਧ ਦਾ ਦੁਧ ਤੇ ਪਾਣੀ ਦਾ ਪਾਣੀ ਮੈਂ ਕਰ ਛਡਨਾ ।

(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ)

**ਦੁੱਧਲ ਗਾਂ ਦੀਆਂ ਲਤਾਂ ਸਹਿ ਲਈ ਦੀਆਂ ਨੇ ।**

**ਭਾਵ** :—ਗੁਣਵਾਨ ਜਾਂ ਕਮਾਊ ਆਦਮੀ ਦਾ ਗੁੱਸਾ ਵੀ ਝਲ ਲੈਣਾ ਠੀਕ ਹੈ ।

**ਵਰਤੋਂ** :—ਠੀਕ ਤੇ ਹੈ, ਬਾਬਾ ਜੀ ! ਦੁੱਧਲ ਗਾਂ ਦੀਆਂ ਲਤਾਂ ਚੁਪ ਕਰਕੇ ਸਹਿ ਲਈ ਦੀਆਂ ਨੇ। ਮਦਦਗਾਰ ਜੋ ਹੋਇਆ ਹਰ ਵੇਲੇ ਦਾ। ਕਦੀ ਝਿੜਕ ਲੈਂਦਾ ਹੈ, ਤਾਂ ਕੀ ਹੋਇਆ। (ਸੰਗ੍ਰ)

## ਦੁਧਿ ਕੇ ਭੋਲੈ ਨੀਰੁ ਬਿਰੋਲੈ ॥

**ਭਾਵ** :—ਦਹੀਂ ਦੇ ਭੁਲੇਖੇ ਪਾਣੀ ਰਿੜਕਦਾ ਹੈ। ਅਸਲੀ ਚੀਜ਼ ਦੀ ਥਾਂ ਨਕਲੀ ਦੀ ਓਟ ਲੈਕੇ ਖੁਆਰ ਹੋਣਾ।

**ਵਰਤੋਂ** :—

ਐਸੋ ਅਚਰਜ ਦੇਖਿਓ ਕਬੀਰ ॥
ਦੁਧਿ ਕੈ ਭੋਲੈ ਬਿਰੋਲੈ ਨੀਰ ॥

(ਗੁਰੂ ਗ੍ਰੰਥ—ਗਉੜੀ ਕਬੀਰ)

## ਦੁਧੀ ਨ੍ਹਾਵੇ ਤੇ ਮੱਖਣੀ ਖੇਡੇ।

**ਭਾਵ** :—ਜਦ ਕਿਸੇ ਨੂੰ ਬੜਾ ਹੀ ਸੁਖ ਹੋ ਲੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਮੈਂ ਕਰਮਾਂ ਸੜੀ ਨੇ ਤੇਰਾ ਕੁਝ ਵੀ ਕਾ ਸਵਾਰਿਆ। ਲੋਕਾਂ ਦੇ ਪੁਤਰ 'ਦੁਧੀਂ ਨਾਉਂਦੇ ਤੇ ਮਖਣੀ ਪਲਦੇ ਨੇ'। ਤੈਨੂੰ ਦੋ ਸੁਕੀਆਂ ਰੋਟੀਆਂ!

(ਮਿਧੇ ਹੋਇ ਫੁਲ—ਨਾਨਕ ਸਿੰਘ)

## ਦੁਧੀ ਨ੍ਹਾਵੇ ਤੇ ਪੁਤੀਂ ਖੇਡੇ।

**ਭਾਵ**:—ਅਸੀਸ ਵਜੋਂ ਕਹਿੰਦੇ ਹਨ, ਕਿ ਘਰ ਵਿੱਚ ਖਾਣ ਲਈ ਚੰਗਾ ਚੋਖਾ ਹੋਵੇ ਤੇ ਕਮਾਊ ਔਲਾਦ ਹੋਵੇ।

**ਵਰਤੋਂ** :—ਸ਼ਾਹਜ਼ਾਦੀ—ਨਹੀਂ ਦੁਨੀਆਂ-ਦਾਰਾਂ ਨੂੰ ਬਾਵਾ ਆਦਮ ਵਾਲਾ ਸਵਰਗ ਨਹੀਂ ਚਾਹੀਦਾ। ਇਨਸਾਨ ਲਈ ਇਸ ਦੁਨੀਆਂ ਵਿਚ ਸੁਵਰਗ ਇਹੀ ਹੈ ਕਿ ਉਹ ਦੁਧੀਂ ਨਾਵੇ ਤੇ ਪੁਤੀਂ ਖੇਡੇ।

(ਨਿਕੀਆਂ ਕਹਾਣੀਆਂ—ਜੋਸ਼ੂਆ ਫ਼ਜ਼ਲਦੀਨ)

## ਦੁਨੀਆਂ ਖਾਉ ਮਕਰ ਨਾਲ, ਰੋਟੀ ਖਾਉ ਸ਼ਕੱਰ ਨਾਲ।

**ਭਾਵ** :—ਸੰਸਾਰਕ ਕੰਮਾਂ ਕਾਜਾਂ ਵਿੱਚ ਕਿਸੇ ਨੂੰ ਮਕਰ ਜਾਂ ਧੋਖਾ ਦੇਣ ਦੀ ਸਲਾਹ ਦੇਣ ਵੇਲੇ ਵਰਤਦੇ ਹਨ। ਭਾਵ ਸੰਸਾਰੀਆਂ ਨਾਲ ਦਾਉ ਪੇਚ ਜ਼ਰੂਰੀ ਹੈ, ਜਿਵੇਂ ਰੋਟੀ ਦਾ ਸੁਆਦ ਖੰਡ ਸ਼ਕੱਰ ਨਾਲ ਵਧ ਜਾਂਦਾ ਹੈ।

**ਵਰਤੋਂ** :—ਜ਼ਰਾ ਤੇਜ਼ੀ ਨਾਲ ਗੋਪਾਲ ਸਿੰਘ ਬੋਲਿਆ—"ਡਰ ਕਿਉਂ ਗਿਆ ਏਂ? ਇਹ ਤਾਂ ਅਜ ਕਲ; ਵਪਾਰੀਆਂ ਦੇ ਖੱਬੇ ਹੱਥ ਦਾ ਕੰਮ ਏ! ਪ੍ਰੇਮ! ਇਸ ਜ਼ਮਾਨੇ ਵਿੱਚ ਨਿਰੇ ਪੁਰੇ ਧਰਮੀ ਬਣਿਆ ਕੰਮ ਨਹੀਂ ਚਲਦਾ। ਸਿਆਣਿਆਂ ਕਿਹਾ ਹੈ 'ਦੁਨੀਆਂ ਖਾਉ ਮਕਰ ਨਾਲ, ਤੇ ਰੋਟੀ ਖਾਓ ਸ਼ਕਰ ਨਾਲ'।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

## (ਦੁਨੀਆਂ ਤੇ) ਜਿਹੇ ਆਏ ਜਿਹੇ ਨਾ ਆਏ।

**ਭਾਵ** :—ਜਦ ਦੁਨੀਆਂ ਵਿੱਚ ਆ ਕੇ ਉਪਮਾਂ ਜਾਂ ਵਡਿਆਈ ਲੈਣ ਤੋਂ ਕੋਈ ਵਾਂਝਿਆ ਰਹੇ।

**ਵਰਤੋਂ** :—ਵਾਸੂ—ਤੁਸੀਂ ਮੇਰਾ ਸਚ ਨਹੀਂ ਮੰਨਦੇ। ਦੇਵੀ ਦੀ ਸਹੁੰ। ਲੜਾਈ ਭੜਾਈ ਦੀ ਗੱਲ ਸੁਣਕੇ ਸਾਨੂੰ ਤਾਂ ਚਾ ਚੜ੍ਹ ਜਾਂਦਾ ਏ। ਦੋਵੇਂ ਪਿਉ ਪੁਤ ਛੜੇ ਮਲੰਗ ਹਾਂ। 'ਦੁਨੀਆਂ ਤੇ ਜਿਹੇ ਆਏ, ਜਿਹੇ ਨਾ ਆਏ' ਅਸੀਂ ਕਹਿੰਦੇ ਹਾਂ ਸਾਡੀਆਂ ਲੋਥਾਂ ਕਿਸੇ ਤਰ੍ਹਾਂ ਸਿਰੇ ਲਗ ਜਾਣ। ਦੁਨੀਆਂ ਉਤੇ ਸਾਡਾ ਨਾਂ ਰਹਿ ਜਾਏ।

(ਰਾਜਾ ਪੋਰਸ—ਹਰਚਰਨ ਸਿੰਘ)

## ਦੁਨੀਆਂ ਦੋ ਮੂੰਹੀ ਹੈ।

**ਭਾਵ** :—ਦੁਨੀਆਂ ਕਿਸੇ ਗਲੋਂ ਨਹੀਂ ਛਡਦੀ।

**ਵਰਤੋਂ** :—ਹਾਂ—ਬਚੀ! ਕਿਸੇ ਤੇ ਗਿਲਾ ਨਾ ਕਰ 'ਦੁਨੀਆਂ ਦੋ ਮੂੰਹੀ ਹੈ'। ਇਹ ਕਿਸੇ ਪਾਸੇ ਨਹੀਂ ਛਡਦੀ। (ਸੰਗ੍ਰ)

## ਦੁਨੀਆਂ ਮਤਲਬ ਦੀ।

**ਭਾਵ** :—ਸਾਰੇ ਆਪਣੇ ਮਤਲਬ ਨਾਲ ਵਾਸਤਾ ਰਖਦੇ ਹਨ।

**ਵਰਤੋਂ** :—ਬੈਰਿਸਟਰ ਨੇ ਕਿਹਾ ਮੇਰੀ ਅਕਲ ਕੰਮ ਨਹੀਂ ਕਰਦੀ, ਮੈਂ ਅਜ ਤੀਕ ਜੋ ਤਜਰਬਾ ਕੀਤਾ ਹੈ ਕਿ 'ਦੁਨੀਆਂ ਮਤਲਬ ਦੀ ਏ'। ਉਹ ਮੈਨੂੰ ਵੀ ਇਥੇ ਨਜ਼ਰ ਨਹੀਂ ਪੈਂਦਾ।

(ਬਾਬਾ ਨੋਧ ਸਿੰਘ—ਭਾਈ ਵੀਰ ਸਿੰਘ)

**ਦੁਨੀਆਂ ਮੁਕਾਮੇ ਫ਼ਾਨੀ, ਤਹਕੀਕ ਦਿਲ ਦਾਨੀ ।**

**ਭਾਵ :**—ਦੁਨੀਆਂ ਨਾਸਵਾਨ ਥਾਂ ਹੈ । ਇਹ ਗਲ ਦਿਲ ਵਿੱਚ ਨਿਸਚੇ ਕਰਕੇ ਜਾਣੋ ।

**ਵਰਤੋਂ :**—

ਦੁਨੀਆਂ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥

(ਗੁਰੂ ਗ੍ਰੰਥ—ਤਿਲੰਗ ਰਾਗ)

**ਦੁਨੀਆਂ ਮੰਨਦੀ ਜ਼ੋਰਾਂ ਨੂੰ,**
**ਲਖ ਲਾਹਨਤ ਕਮਜ਼ੋਰਾਂ ਨੂੰ ।**

**ਭਾਵ :**—ਤਾਕਤਵਰ ਅਗੇ ਹਰ ਕੋਈ ਨਿਵਦਾ ਹੈ ।

**ਵਰਤੋਂ :**— 'ਦੁਨੀਆਂ ਮੰਨਦੀ ਏ ਜ਼ੋਰਾਂ ਨੂੰ, ਲਖ ਲਾਹਨਤ ਕਮਜ਼ੋਰਾਂ ਨੂੰ' । ਖਾਲਸਾ ਫ਼ੌਜ ਦੇ ਸਿਪਾਹ ਸਾਲਾਰ ਸ: ਹਰੀ ਸਿੰਘ ਨਲੂਆ ਤੋਂ ਪਠਾਨ ਇਤਨੇ ਡਰੇ ਕਿ ਅਟਕ ਪਾਰ ਜਾ ਵਸੇ ਤੇ ਪਠਾਨ ਇਸਤ੍ਰੀਆਂ ਆਪਣੇ ਬਚਿਆਂ ਨੂੰ 'ਹਰੀਆ ਰਾਖਲੇ' ਕਹਿਕੇ ਡਰਾਉਂਦੀਆਂ ਸਨ । (ਸੰਗ੍ਰ)

**ਦੁਨੀਆਂ ਵਿਚ ਬੀਜ ਨਾਸ ਨਹੀਂ ਕਿਸੇ ਚੀਜ਼ ਦਾ ।**

**ਭਾਵ :**—ਜਦ ਇਹ ਕਹਿਣਾ ਹੋਵੇ ਕਿ ਚੰਗਿਆਈ ਉਕੀ ਮੁਕ ਨਹੀਂ ਗਈ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ :**—ਇਕ ਵਾਰੀ ਫੇਰ ਪਿਛਾਂਹ ਤਕ ਕੇ ਰੁਧੇ ਹੋਇ ਗਲੇ 'ਚੋਂ ਬੋਲਿਆ—ਸਚ ਕਹਿੰਦੇ ਨੇ 'ਦੁਨੀਆਂ ਵਿਚ ਬੀਜ ਨਾਸ ਨਹੀਂ ਕਿਸੇ ਚੀਜ਼ ਦਾ' ।

(ਧੁੰਦਲੇ ਪਰਛਾਵੇਂ—ਨਾਨਕ ਸਿੰਘ)

**ਦੁੰਮ ਨਾਲ ਦੋਸਤੀ, ਪੂਛ ਨਾਲ ਵੈਰ ।**

**ਭਾਵ :**—ਇਕ ਪਾਸੇ ਤਾਂ ਕਿਸੇ ਕਾਰਨਾਂ ਕਰਕੇ ਕਿਸੇ ਨਾਲ ਮਿਤਰਤਾ ਦਸੀ ਜਾਵੇ ਤੇ ਦੂਜੇ ਪਾਸੇ ਉਸਦੀ ਉਸੇ ਕਾਰਨ ਕਰਕੇ ਨਿੰਦਿਆ ਕੀਤੀ ਜਾਵੇ । ਬੇਥਵੀ ਮਿਤਰਤਾ ਤੇ ਵੈਰ ਕਰਨਾ ।

**ਵਰਤੋਂ :**— ਕਰਮ ਸਿੰਘ ਮੇਰੇ ਪਿਤਾ ਜੀ ਦਾ ਬੜਾ ਗੂੜ੍ਹਾ ਮਿਤਰ ਹੈ, ਪਰ ਮੇਰੇ ਨਾਲ ਸਦਾ ਵੈਰ ਰਖਦਾ ਹੈ, ਇਹ ਤਾਂ ਉਹੀ ਗਲ ਹੋਈ ਅਖੇ 'ਦੁੰਮ ਨਾਲ ਦੋਸਤੀ, ਪੂਛ ਨਾਲ ਵੈਰ' । (ਸੰਗ੍ਰ)

**ਦੁਰਮਤਿ ਮੈਲ ਨਾ ਉਤਰੈ ਕਿਉਂ ਤੀਰਥ ਨ੍ਹਾਈਐ ।**

**ਭਾਵ :**—ਜੇ ਦੁਰਮਤ ਦੀ ਮੈਲ ਨਾ ਉਤਰੈ, ਤਾਂ ਤੀਰਥ ਉਤੇ ਨ੍ਹਾਉਣ ਦਾ ਕੀ ਲਾਭ ?

**ਵਰਤੋਂ :**—

ਦੁਰਮਤਿ ਮੈਲ ਨਾ ਉਤਰੈ ਕਿਉਂ ਤੀਰਥ ਨਾਈਐ ।
ਪੀਰ ਮੁਰੀਦਾ ਪਿਰਹੜੀ ਸੁਖ ਸਹਿਜ ਸਮਾਈਐ ॥

(ਵਾਰਾਂ—ਭਾਈ ਗੁਰਦਾਸ)

**ਦੂਏ ਦਾ ਮੋਟਾ ਝੋਟਾ ਤੇ ਆਪਣਾ ਨਿਕਾ ਸੁਕਾ ।**

**ਭਾਵ :**—ਦੂਸਰੇ ਦੀ ਚੀਜ਼ ਨੂੰ ਸਾੜੇ ਨਾਲ ਬਹੁਤਾ ਤੇ ਆਪਣੀ ਨੂੰ ਥੋੜਾ ਦਰਸਾਉਣਾ ।

**ਵਰਤੋਂ :**— ਹਰ ਕੋਈ ਦੂਜੇ ਦੀ ਚੀਜ਼ ਨੂੰ ਬਹੁਤਾ ਹੀ ਮਿਥਦਾ ਹੈ ਤੇ ਆਪਣੀ ਨੂੰ ਥੋੜ੍ਹਾ 'ਦੂਏ ਦਾ ਮੋਟਾ ਝੋਟਾ ਤੇ ਆਪਣਾ ਨਿਕਾ ਸੁਕਾ' ਇਹ ਵੀ ਤਾਂ ਇਮਾਨਦਾਰੀ ਨਹੀਂ ? (ਸੰਗ੍ਰ)

**ਦੂਖੀ ਉਪਜੈ ਦੂਖੀ ਬਿਨਸੈ, ਕਿਆ ਲੈ ਆਇਆ ਕਿਆ ਲੇ ਜਾਣਾ ਹੈ ॥**

**ਭਾਵ :**—ਜੀਵ ਜੰਮਣ ਸਮੇਂ ਵੀ ਦੁਖ ਪਾਂਦਾ ਤੇ ਮਰਣ ਸਮੇਂ ਵੀ, ਪਰ ਨਾ ਕੁਝ ਨਾਲ ਲੈ ਆਉਂਦਾ ਹੈ ਤੇ ਨਾਲ ਨਾਂ ਲਿਜਾਂਦਾ ਹੈ ।

**ਵਰਤੋਂ :**—

'ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥
ਦੂਖ ਨਾ ਮਿਟੈ ਬਿਨ ਗੁਰ ਕੀ ਸਰਣਾ ॥
'ਦੂਖੀ ਉਪਜੈ ਦੂਖੀ ਬਿਨਸੈ, ਕਿਆ ਲੈ ਆਇਆ ਕਿਆ ਲੇ ਜਾਣਾ ਹੈ' ।

(ਗੁਰ ਗ੍ਰੰਥ—ਮਾਰੂ ਰਾਗ)

**ਦੂਜਾ ਭਾਉ ਭੁਅੰਗਮ ਡਸੈ।**

**ਭਾਵ** :—ਦ੍ਵੈਤ ਦਾ ਭਾਵ ਸਪ ਦੇ ਸਮਾਨ ਡੰਗ ਮਾਰਦਾ ਹੈ।

**ਵਰਤੋਂ** :—

ਦੁਹ ਖੁੰਢਾ ਵਿਚ ਰਖ ਸਿਰ ਵਸਦੀ ਵਸੈ
ਨਾ ਨਸਦੀ ਨਸੈ।
ਦੂਜਾ ਭਾਉ ਭੁਅੰਗਮ ਡਸੈ।
(ਵਾਰਾਂ—ਭਾਈ ਗੁਰਦਾਸ)

**ਦੂਜੇ ਘਰ ਬਸੰਤਰ ਦੇਵਤਾ, ਘਰ ਲਗੈ ਤਾਂ ਜਾਣੇ।**

**ਭਾਵ** :—ਦੂਜੇ ਦਾ ਨੁਕਸਾਨ ਵੇਖ ਪ੍ਰਸੰਨ ਹੋਣਾ।

**ਵਰਤੋਂ** :—ਪੰਚਾਂ ! ਡਾਕਾ ਪੈਣ ਨਾਲ ਰਾਮੂ ਸ਼ਾਹ ਬਰਬਾਦ ਹੋ ਗਿਆ, ਪਰ ਕਈ ਖੁਸ਼ ਹਨ। ਸਿਆਣਿਆਂ ਨੇ ਸਚ ਕਿਹਾ ਕਿ 'ਦੂਜੇ ਘਰ ਬਸੰਤਰ ਦੇਵਤਾ, ਘਰ ਲਗੇ ਤਾਂ ਜਾਣੇ'। (ਸੰ)

**ਦੂਜੇ ਦੀ ਅੱਖ ਦਾ ਤੀਲਾ ਦਿਸਦਾ ਏ ਤੇ ਆਪਣੀ ਅੱਖ ਦਾ ਸ਼ਤੀਰ ਵੀ ਨਹੀਂ ਦਿਸਦਾ।**

**ਭਾਵ** :—ਦੂਜੇ ਦੇ ਔਗਣ ਦਸਣੇ ਪਰ ਆਪਣੀ ਪੀੜ੍ਹੀ ਹੇਠ ਸੋਟਾ ਨਾ ਫੇਰਨਾ।

**ਵਰਤੋਂ** :—ਪੰਡਤ ਜੀ ! ਤੁਸੀਂ ਦੂਜਿਆਂ ਦੇ ਔਗਣ ਦਸਨ ਵਿੱਚ ਸ਼ੇਰ ਹੋ, ਤੁਹਾਨੂੰ 'ਦੂਜੇ ਦੀ ਅਖ ਦਾ ਤੀਲਾ ਦਿਸਦਾ ਹੈ, ਪਰ ਆਪਣਾ ਸ਼ਤੀਰ ਵੀ ਨਹੀਂ ਦਿਸਦਾ' ਕਦੀ ਆਪਣੇ ਔਗਣਾ ਵਲ ਵੀ ਵੇਖਿਆ ਕਰੋ। (ਸੰਗ੍ਰ)

**ਦੂਜੇ ਦੇ ਥਾਲ ਵਿੱਚ ਲਡੂ ਵਡਾ ਹੀ ਜਾਪਦਾ ਹੈ।** ਵੇਖੋ :—ਆਪਣੀ ਅਕਲ ਤੇ ਪਰਾਇਆ ਧੰਨ ਬਹੁਤਾ ਜਾਪਦਾ ਹੈ।

**ਭਾਵ** :—ਹਰ ਇਕ ਨੂੰ ਦੂਜੇ ਦੀ ਚੀਜ਼ ਵਡੀ ਲਗਦੀ ਹੈ ਤੇ ਅਪਣੀ ਛੋਟੀ।

**ਵਰਤੋਂ** :—ਆਹੋ ਜੀ ਦੂਜੇ ਦੇ ਥਾਲ ਵਿੱਚ ਲਡੂ ਵਡਾ ਹੀ ਜਾਪਦਾ ਹੈ, ਤੁਹਾਨੂੰ ਆਪਣਾ ਕਸੂਰ ਤਾਂ ਨਜ਼ਰ ਨਹੀਂ ਆਉਂਦਾ ਪਰ ਉਸ ਵੱਲ ਉਂਗਲਾਂ ਕਰ ਕਰ ਨਹੀਂ ਥਕਦੇ। (ਸੰ)

**ਦੂਜੇ ਦੇ ਦਿਲ ਦੀ ਸ਼ਾਹਦੀ ਨਹੀਂ ਦਿੱਤੀ ਜਾਂਦੀ।**

**ਭਾਵ** :—ਦੂਜੇ ਦੇ ਦਿਲ ਦਾ ਪਤਾ ਕਰਨਾ ਔਖਾ ਹੁੰਦਾ ਹੈ।

**ਵਰਤੋਂ** :—ਭਾਵ—ਨਹੁੰਆਂ ਨਾਲੋਂ ਮਾਸ ਨਹੀਂ ਟੁਟਦਾ। ਉਹ ਫੇਰ ਵੀ ਬਿਗਾਨੇ। ਪਤਾ ਨਹੀਂ ਕਦੋਂ ਇਕ ਹੋ ਜਾਣ। 'ਦੂਜੇ ਦੇ ਦਿਲ ਦੀ ਸ਼ਾਹਦੀ ਨਹੀਂ ਦਿੱਤੀ ਜਾਂਦੀ'।
(ਰਾਜਾ ਪੋਰਸ—ਹਰਚਰਨ ਸਿੰਘ)

**ਦੂਰ ਸੁਣੀਦੇ ਨੇੜੇ ਆਏ।**

**ਭਾਵ** :—ਚਿਰ ਨੂੰ ਹੋਣ ਵਾਲੀ ਗਲ ਛੇਤੀ ਹੀ ਵਾਪਰਦੀ ਜਾਪੇ।

**ਵਰਤੋਂ** :—ਸ਼ਕੁੰਤਲਾ ਸਮਝ ਗਈ ਕਿ ਬਸ ਹੁਣ 'ਦੂਰ ਸੁਣੀਂਦੇ ਨੇੜੇ ਆਏ'। ਜਿਸਦਾ ਡਰ ਚਿਰਾਂ ਤੋਂ ਸੀ, ਉਹ ਹੋ ਕੇ ਹੀ ਰਹੇ ਹਨ। (ਸੰਗ੍ਰ)

**ਦੂਰ ਦੇ ਢੋਲ ਸੁਹਾਵਣੇ।**

**ਭਾਵ** :—ਦੂਰ ਤੋਂ ਜਿਹੜੀ ਚੀਜ਼ ਚੰਗੀ ਲਗੇ, ਜ਼ਰੂਰੀ ਨਹੀਂ ਕਿ ਨੇੜਿਓਂ ਚੰਗੀ ਹੋਵੇ।

**ਵਰਤੋਂ** :—ਪ੍ਰੀਤੋ—ਚੁਪ ਕਰ ਜਾ। ਘਰੋ ਘਰੀ ਸਭ ਇਹੋ ਅਗ ਲਗੀ ਹੋਈ ਆ। 'ਦੂਰ ਦੇ ਢੋਲ ਸੁਹਾਵਣੇ'।
(ਸਪਤ ਰਿਸ਼ੀ—ਹਰਚਰਨ ਸਿੰਘ)

**ਦੂਰੋਂ ਹੀ ਸਲਾਮ। ਜਾਂ ਦੂਰੋਂ ਹੀ ਨਮਸਕਾਰ।**

**ਭਾਵ** :—ਕਿਸੇ ਚੀਜ਼ ਦੇ ਏਨਾ ਮੰਦਾ ਹੋਣਾ ਕਿ ਉਸਦੇ ਨੇੜੇ ਜਾਣ ਤੇ ਜੀ ਨਾ ਕਰਨਾ।

**ਵਰਤੋਂ** :—ਗਿਦੱੜ ਨੇ ਉਥੋਂ ਛੇਤੀ ਛੇਤੀ ਖਿਸਕਦਿਆਂ ਕਿਹਾ—ਚੰਗਾ ! ਜਨਾਬ ਤੁਹਾਨੂੰ ਦੂਰੋਂ ਸਲਾਮ ਕਰਦੇ ਹਾਂ। ਅਸੀਂ ਨੇੜੇ ਜਾ ਕੇ ਕੀ ਲੈਣਾ ਹੈ। (ਸੰਗ੍ਰ)

**ਦੇ ਵਢੀ, ਤੇ ਕੰਮ ਕਢੀ ।**

**ਭਾਵ** :—ਰਿਸ਼ਵਤ ਨਾਲ ਸਭ ਕੰਮ ਹੋ ਜਾਂਦੇ ਹਨ ।

**ਵਰਤੋਂ** :— ਘਬਰਾਉਣ ਦੀ ਕੀ ਲੋੜ ਹੈ; ਅਜ ਕਲ ਤਾਂ ਕੰਮ ਕਰਵਾਉਣਾ ਬੜਾ ਸੌਖਾ ਹੈ, 'ਦੇ ਵਢੀ ਤੇ ਕੰਮ ਕਢੀ' ਵਾਲਾ ਹਿਸਾਬ ਹੈ । (ਸੰਗ੍ਰ)

**ਦੇਸ ਚੋਰੀ ਪ੍ਰਦੇਸ ਭਿਖਿਆ ।**

**ਭਾਵ** :—ਪ੍ਰਦੇਸ ਵਿਚ ਮਾੜੇ ਤੋਂ ਮਾੜਾ ਕੰਮ ਕਰਨ ਵਿਚ ਡਰ ਨਹੀਂ ਹੁੰਦਾ ।

**ਵਰਤੋਂ** :—ਕੋਈ ਗਲ ਨਹੀਂ, ਪੁਤਰ ਹੈ ਧੀ ਤੇ ਨਹੀਂ । 'ਦੇਸ ਚੋਰੀ ਪ੍ਰਦੇਸ ਭਿਖਿਆ' ਜਿਥੇ ਵੀ ਗਿਆ ਹੋਵੇਂਗਾ ਖਟ ਕਮਾ ਕੇ ਹੀ ਲੈ ਆਵੇਂਗਾ ।

(ਲਵ ਮੈਰਿਜ—ਨਾਨਕ ਸਿੰਘ)

**ਦੇਸੀ ਟੱਟੂ, ਖ਼ੁਰਾਸਾਨ ਦੁਲੱਤੇ ।** ਜਾਂ **ਦੇਸੀ ਮਿਟੀ. ਵਲੈਤੀ ਤੂਤ ।** ਜਾਂ **ਦੇਸੀ ਟਟੂ ਵਲੈਤੀ ਦੁਲਤੇ ।**

**ਭਾਵ** :—ਆਪਣੇ ਦੇਸ ਦਾ ਰਵਾਜ ਜਾਂ ਪਹਿਰਾਵਾ ਛਡ, ਪ੍ਰਦੇਸੀ ਪਹਿਰਾਵੇ ਜਾਂ ਰਵਾਜ ਨੂੰ ਮੰਨਣਾ ਜਾਂ ਸਤਿਕਾਰ ਕਰਨਾ । ਨਿੰਦਾ ਲਈ ਵਰਤਦੇ ਹਨ । ਜਾਂ ਹਾਸੇ ਲਈ ।

**ਵਰਤੋਂ** :—ਅਮਰੀਕਾ ਤੋਂ ਵਾਪਸ ਆਇਆ ਰੋਸ਼ਨ ਸਿੰਘ ਜਦ 'ਦੇਸੀ ਟਟੂ ਵਲੈਤੀ ਦੁਲਤੇ ਵਾਲਾ' ਹਿਸਾਬ ਕਰਨ ਲਗਾ ਤਾਂ ਸਾਰਿਆਂ ਨੇ ਬੁਰਾ ਮਨਾਇਆ ਅੰਤ ਉਸਨੂੰ ਆਪਣੀ ਮਿੱਟੀ ਦਾ ਹੀ ਆਸ਼ਕ ਹੋਣਾ ਪਿਆ, ਪ੍ਰੋਫ਼ੈਸਰ ਪੂਰਨ ਸਿੰਘ ਵਾਂਗੂੰ । (ਸੰ)

**ਦੇਸੋਂ ਮੁਲਕੋਂ ਬਾਹਰੀਆਂ ਖਾ ਜਵਾਈਆ ਤੁਹਾਰੀਆਂ ।**

**ਭਾਵ** :—ਪਹਿਲਾਂ ਕਿਸੇ ਨੂੰ ਮੰਦਾ ਚੰਗਾ ਆਖ ਨਰਾਜ਼ ਕਰ ਲੈਣਾ, ਫਿਰ ਮਿੰਨਤਾਂ ਕਰਨੀਆਂ ।

**ਵਰਤੋਂ** :— ਸਾਡੇ ਸਾਹਿਬ ਤਾਂ ਹਰ ਇਕ ਨਾਲ ਪਹਿਲਾਂ ਛੇੜ ਛਾੜ ਕਰ ਬਹਿੰਦੇ ਹਨ, ਫਿਰ ਮਿੰਨਤਾਂ ਵੀ ਰਜਕੇ ਕਰਦੇ ਹਨ । 'ਦੇਸੋਂ ਮੁਲਕਾਂ ਬਾਹਰੀਆਂ, ਖਾ ਜਵਾਈਆ ਤੁਹਾਰੀਆਂ' ਵਾਲਾ ਲੇਖਾ ਹੈ । (ਸੰਗ੍ਰ)

**ਦੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ ।**

**ਭਾਵ** :—ਸਾਹਮਣੇ ਨੁਕਸਾਨ ਹੁੰਦਾ ਦੇਖ ਕੇ ਨਹੀਂ ਸਹਾਰਿਆ ਜਾਂਦਾ ।

**ਵਰਤੋਂ** :—ਗੱਲਾਂ ਕਰਨੀਆਂ ਸੁਖਾਲੀਆਂ ਹਨ ਪਰ 'ਦੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ' ।

(ਸੰ)

**ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।**

**ਭਾਵ** :—ਪਰਾਈਆਂ ਚੰਗੀਆਂ—ਸੁਹਣੀਆਂ ਇਸਤ੍ਰੀਆਂ ਵਲ ਵੇਖਕੇ ਉਨ੍ਹਾਂ ਨੂੰ ਮਾਵਾਂ, ਭੈਣਾਂ ਤੇ ਧੀਆਂ ਦੇ ਬਰਾਬਰ ਜਾਣੇ ।

**ਵਰਤੋਂ** :-ਉਸਦੀ ਸਾਰੀ ਜ਼ਿੰਦਗੀ ਇਵੇਂ ਹੀ ਗੁਜ਼ਰੀ । ਮੈਲੀ ਅਖ ਨਾਲ ਉਸ ਕਦੇ ਕਿਸੇ ਵੱਲ ਨਹੀਂ ਤਕਿਆ । ਗੁਰਬਾਣੀ ਦਾ ਮਹਾਂ-ਵਾਕ 'ਦੇਖ ਪਰਾਈਆਂ ਚੰਗੀਆਂ, ਮਾਵਾਂ, ਭੈਣਾਂ, ਧੀਆਂ ਜਾਣੈ' ਉਸਦਾ ਜੀਵਨ ਆਸ਼ਾ ਸੀ । (ਸੰ)

**ਦੇਖ ਪਰਾਏ ਖਲਵਾੜ ਘਰ ਗਾਹੁ ਘਤਾਏ ।**

**ਭਾਵ** :—ਪਰਾਏ ਦਾਣਿਆਂ ਦੇ ਬੋਹਲ ਨੂੰ ਦੇਖਕੇ ਆਪਣੇ ਘਰ ਗਾਹ ਪੁਆ ਛਡੇ । ਭਾਵ ਬਿਨਾਂ ਅਸਲੀ ਚੀਜ਼ ਜਾਂ ਗੁਣ ਦੇ ਹੁੰਦਿਆਂ ਉਸਦਾ ਸਮਿਆਨ ਇਕਠਾ ਪਿਆ ਕਰਨਾ ।

**ਵਰਤੋਂ** :—

ਘੋੜੇ ਸੁਟ ਸਉਦਾਗਰਾਂ ਚਾਬਕ ਮੁਲ ਆਏ ।
ਦੇਖ ਪਰਾਏ ਖਲਵਾੜ ਘਰ ਰਾਹ ਘਤਾਏ ।

(ਵਾਰਾਂ—ਭਾਈ ਗੁਰਦਾਸ ਜੀ)

**ਦੇਖਾ ਦੇਖੀ ਸਾਧਿਆ ਜੋਗ, ਛਿੱਜੀ ਕਾਇਆ ਵਧਿਆ ਰੋਗ ।**

**ਭਾਵ** :—ਕਿਸੇ ਦੀ ਰੀਸ ਕਰ ਕਿਸੇ

ਕੰਮ ਨੂੰ ਕਰੇ, ਪਰ ਉਲਟਾ ਦੁਖ ਹੋਵੇ।

**ਵਰਤੋਂ** :—ਤੁਸਾਨੂੰ ਬੜਾ ਆਖਿਆ ਕਿ ਵਡਿਆਂ ਦੀ ਰੀਸ ਨਾ ਕਰੋ, ਕਿਧਰੇ ਦੁਖ ਨਾ ਸਹੇੜ ਲਵੋ, ਪਰ ਤੁਸੀਂ ਤਾਂ 'ਦੇਖਾ ਦੇਖੀ ਸਾਧਿਆ ਜੋਗ, ਛਿਜੀ ਕਾਇਆ ਵਧਿਆ ਰੋਗ' ਵਾਲਾ ਲੇਖਾ ਜਾਣਕੇ ਸਹੇੜ ਲਿਆ। (ਸੰ)

## ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।

**ਭਾਵ** :—ਪਰਾਈ ਚੰਗੀ ਚੀਜ਼ ਵੇਖਕੇ ਜੀ ਨੂੰ ਭਰਮਾਣਾ ਚੰਗਾ ਨਹੀਂ।

**ਵਰਤੋਂ** :—

ਰੁਖੀ ਸੁਖੀ ਖਾਇਕੈ, ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥
(ਗੁਰੂ ਗ੍ਰੰਥ—ਸ਼ਲੋਕ ਫਰੀਦ)

## ਦੇਖੋ ਰੱਬ ਦੀ ਮਾਇਆ ਕਿਤੇ ਧੁਪ ਕਿਤੇ ਛਾਇਆ।

**ਭਾਵ ਤੇ ਵਰਤੋਂ** :—ਦੁਖ ਸੁਖ ਰੱਬ ਦੇ ਬਣਾਏ ਹੋਏ ਹਨ। ਕਿਧਰੇ ਕੁਝ ਕਰ ਦਿੰਦਾ ਹੈ ਤੇ ਕਿਧਰੇ ਕੁਝ। ਨਾ ਅਮੀਰੀ ਵਸ ਹੈ, ਨਾ ਗ਼ਰੀਬੀ। ਸਭ ਰਬ ਦੀ ਖੇਡ ਹੈ। ਦੇਖੋ ਰੱਬ ਦੀ ਮਾਇਆ ਕਿਤੇ ਧੁਪ ਕਿਤੇ ਛਾਇਆ।

## ਦੇਗ ਤੇਗ਼ ਫ਼ਤਹ।

**ਭਾਵ** :—ਸਿੱਖ ਧਰਮ ਵਿਚ ਵਰਤਿਆ ਜਾਂਦਾ ਹੈ। ਸਦਾ ਲੰਗਰ ਤੇ ਤਲਵਾਰ ਚਲਦੀ ਰਹੇ, ਪ੍ਰਤਾਪ ਬਣਿਆ ਰਹੇ।

**ਵਰਤੋਂ** :—ਖਾਲਸੇ ਦੀ ਦੇਗ ਤੇਗ ਫਤਹ, ਧਰਮ ਕੀ ਜੀਤ ਹੋਵੇ। (ਸੰ)

## ਦੇਣਾ ਦਲੇਰੀ ਤੇ ਲੈਣਾ ਹਿਕਮਤ। ਜਾਂ ਦੇਣਾ ਫਜ਼ੂਲ ਤੇ ਲੈਣਾ ਹਿਕਮਤ।

**ਭਾਵ** :—ਕਰਜ਼ਾ ਦੇਣਾ ਤਾਂ ਦਲੇਰੀ ਹੈ, ਪਰ ਵਸੂਲ ਬੜੀ ਹਿਕਮਤ ਨਾਲ ਹੁੰਦਾ ਹੈ।

**ਵਰਤੋਂ** :—ਸ਼ਾਹ—ਸਰਦਾਰ ਜੀ ਸਚੇ ਜੇ, ਕਰਜ਼ਾਂ ਦੇਣਾ ਤਾਂ ਕੋਈ ਐਡੀ ਔਖੀ ਗਲ ਨਹੀਂ, ਪਰ ਬੜੀ ਹਿਕਮਤ ਨਾਲ ਵਸੂਲ ਕਰਨਾ ਪੈਂਦਾ ਹੈ। ਇਸ ਲਈ ਸਿਆਣਿਆ ਨੇ ਕਿਹਾ ਹੈ ਭਾਈ 'ਦੇਣਾ ਦਲੇਰੀ ਤੇ ਲੈਣਾ ਹਿਕਮਤ'। (ਸੰਗ੍ਰ)

## ਦੇਣਾ ਦੇਹ ਵਢਾਉਣਾ ਏ।

**ਵਰਤੋਂ** :—ਕਿਸੇ ਦਾ ਕਰਜ਼ਾ ਮੁਕਾਣਾ ਬੜਾ ਔਖਾ ਹੁੰਦਾ ਏ।

**ਵਰਤੋਂ** :—ਓਹ ਜੀ ਸਾਨੂੰ ਪਤਾ ਏ। ਦੇਣਾ ਸਰਦਾਰ ਜੀ, ਦੇਹ ਵਢਾਉਣਾ ਏ। ਤੁਹਾਡੇ ਵਾਂਗ ਹੋਰ ਲੋਕ ਨਾ ਦੇਣ ਦੇ ਮਾਰੇ ਆਪਣੀ ਵਹੁਟੀ ਦਾ ਪੱਜ ਬਣਾ ਲੈਂਦੇ ਨੇ।

(ਸ਼ਾਮੂ ਸ਼ਾਹ—ਆਈ. ਸੀ. ਨੰਦਾ)

## ਦੇਣਾ ਭਲਾ ਨਾ ਬਾਪ ਦਾ, ਬੇਟੀ ਭਲੀ ਨਾ ਏਕ।

**ਭਾਵ** :—ਕਰਜ਼ੇ ਜਾਂ ਧੀਆਂ ਦੇ ਦੁਖਾਂ ਤੋਂ ਅੱਕ ਕੇ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਮਹਾਰਾਜ ! ਇਸ ਵਿਚ ਕੋਈ ਸ਼ਕ ਨਹੀਂ ਕਿ 'ਦੇਣਾ ਭਲਾ ਨਾ ਬਾਪ ਕਾ, ਬੇਟੀ ਭਲੀ ਨਾ ਏਕ'। ਇਹ ਦੋਵੇਂ ਗੱਲਾਂ ਸੰਸਾਰੀਆਂ ਲਈ ਦੁਖ-ਦਾਈ ਹਨ। (ਸੰਗ੍ਰ)

## ਦੇਵੀ ਦੇ ਦਰਸ਼ਨ ਤੇ ਮੁੰਜ ਬਗੜ ਦਾ ਸੌਦਾ।

**ਭਾਵ** :—ਇਕੋ ਗੱਲ ਨਾਲ ਦੋ ਗੱਲਾਂ ਰਾਸ ਕਰਨੀਆਂ।

**ਵਰਤੋਂ** :—ਵਾਹ ਬਈ ਵਾਹ ! ਨਾਲੇ ਕੁੜੀ ਵਿਆਹ ਲਿਆਂਦੀ ਨਾਲੇ ਰਿਆਸਤ ਸਾਂਭ ਲਈ। ਨਾਲੇ 'ਦੇਵੀ ਦੇ ਦਰਸ਼ਨ ਨਾਲੇ ਮੁੰਜ ਬਗੜ ਦਾ ਸੋਟਾ'। (ਸੰਗ੍ਰ)

## ਦੇਹ ਦੁਨੀਆਂ ਤੇ ਸਤਰ ਆਖਿਰ।

**ਭਾਵ** :—ਇਸ ਜਹਾਨ ਵਿਚ ਜੇ ਦਸ ਰੁਪਏ ਦਾਨ ਕਰੀਏ ਤਾਂ ਅਗੋਂ ਸਤਰ ਮਿਲਦੇ ਹਨ।

**ਵਰਤੋਂ** :— ਸਖ਼ਾਵਤ ਕਰਨ ਨਾਲ ਅੱਗਾ ਸੌਰਦਾ ਹੈ 'ਦੇਹ ਦੁਨੀਆਂ ਤੇ ਸਤਰ ਆਖਿਰ'। (ਸੰਗ੍ਰ)

**ਦੋ ਘਰਾਂ ਦਾ ਪ੍ਰਾਹੁਣਾ ਭੁੱਖਾ ਰਹਿੰਦਾ ਏ।**

**ਭਾਵ** :—ਜਦ ਕੋਈ ਬਹੁਤੇ ਪਾਸਿਆਂ ਦੀ ਝਾਕ ਕਰੇ ਤੇ ਮਦਦ ਕਿਸੇ ਪਾਸੇਂ ਨਾ ਮਿਲੇ।

**ਵਰਤੋਂ** :—ਬਹੁਤੇ ਲੋਕਾਂ ਦੀ ਝਾਕ ਨਾ ਰਖੋ। ਕਿਸੇ ਇਕ ਦਾ ਲੜ ਫੜੋ। ਦੋਹਾਂ ਘਰਾਂ ਦਾ ਪ੍ਰਾਹੁਣਾ ਭੁੱਖਾ ਰਹਿੰਦਾ ਏ। (ਸੰ)

**ਦੋ ਡੂਮਾਂ ਵਿੱਚ ਢੱਡ ਨਹੀਂ ਵਜਦੀ।**

**ਭਾਵ** :—ਇਕੋ ਹੁਨਰੇ ਦੋ ਗੁਣੀ ਆਪੋ ਵਿਚ ਮਿਲ ਨਹੀਂ ਬਹਿੰਦੇ।

**ਵਰਤੋਂ** :— ਤੁਸੀਂ ਸੁਣਿਆਂ ਨਹੀਂ ਜੇ 'ਦੋ ਡੂਮਾਂ ਵਿਚ ਢੱਡ ਨਹੀਂ ਵਜਦੀ' ਉਹ ਦੋਵੇਂ ਆਪੋ ਵਿਚ ਭਲਾ ਕਿਵੇਂ ਰਲ ਬਹਿੰਦੇ। (ਸੰਗ੍ਰ)

**ਦੋ ਤੇ ਦੋ ਚਾਰ।**

**ਭਾਵ** :—ਕਿਸੇ ਚੀਜ਼ ਦੀ ਅਸਲੀਅਤ ਵੇਖਣੀ।

**ਵਰਤੋਂ** :—ਦੋ ਤੇ ਦੋ ਚਾਰ ਹੋਣ ਦੀ ਅਸਲੀਅਤ ਵਾਂਗ ਮੈਨੂੰ ਦਿਸ ਪਿਆ ਕਿ ਸਾਡੀ ਵਰਤਮਾਨ ਸਰਕਾਰ, ਬੇਵਤਨ ਤੇ ਬੇਘਰ ਲੋਕਾਂ ਲਈ ਨਾ ਅਜ ਤੇ ਨਾ ਕੱਲ ਕੁੱਝ ਕਰ ਸਕੇਗੀ। (ਪ੍ਰੀਤ ਲੜੀ)

**ਦੋ ਤਾਂ ਮਿੱਟੀ ਦੇ ਭੀ ਬੁਰੇ।**

**ਭਾਵ** :—ਕਿਸੇ ਦੇ ਵਿਰੁਧ ਦੋ ਮਾੜੇ ਬੰਦੇ ਵੀ ਜੁੜ ਬੈਠਣ ਤਾਂ ਔਖਾ ਕਰਦੇ ਹਨ।

**ਵਰਤੋਂ** :—ਦੂਤ—ਦੀਵਾਨ ਜੀ, ਵੈਰੀ ਇਕ ਵੀ ਮਾੜਾ ਹੁੰਦਾ ਹੈ, ਸਿਆਣਿਆਂ ਦਾ ਕਿਹਾ ਹੈ ਕਿ 'ਦੋ ਤਾਂ ਮਿਟੀ ਦੇ ਵੀ ਬੁਰੇ'। ਸੋ ਮਹਾਰਾਜ ਨੂੰ ਸਲਾਹ ਦੇਵੋ ਕਿ ਹੁਸ਼ਿਆਰੀ ਨਾਲ ਕੰਮ ਲੈਣ। (ਸੰਗ੍ਰ)

**ਦੋ ਦਿਨ ਸ਼ੋਕ ਦੇ, ਮੁੜ ਓਹੀ ਕੁਤੇ ਭੌਂਕਦੇ।**

**ਭਾਵ** :—ਜਦ ਕੋਈ ਮਿਤਰ ਕੁੱਝ ਦਿਨ ਠੀਕ ਰਹਿਣ ਪਰ ਮੁੜ ਲੜ ਪੈਣ।

**ਵਰਤੋਂ** :—ਕੁੱਝ ਦਿਨ ਤਾਂ ਤੁਸਾਡੇ ਚੰਗੇ ਨਿਭਦੇ ਹਨ, ਪਰ ਫਿਰ ਗੁਥਮ ਗੁਥਾ ਹੋ ਪੈਂਦੇ ਹੋ, 'ਦੋ ਦਿਨ ਸ਼ੋਕ ਦੇ, ਮੁੜ ਉਹੀ ਕੁੱਤੇ ਭੌਂਕਦੇ' ਇਹ ਆਦਤ ਚੰਗੀ ਨਹੀਂ। (ਸੰਗ੍ਰ)

**ਦੋ ਪਈਆਂ ਵਿਸਰ ਗਈਆਂ ਸਾਡੀਆਂ ਦੂਰ ਬਲਾਈਆਂ ਗਈਆਂ। ਜਾਂ ਦੋ ਪਈਆਂ ਉਘੜ ਗਈਆਂ, ਯਾਰ ਦੀਆਂ ਦੂਰ ਬਲਾਈਆਂ ਗਈਆਂ।**

**ਭਾਵ** :—ਢੀਠ ਆਦਮੀ ਮਾਰ ਕੁਟਾਈ ਦੀ ਪਰਵਾਹ ਨਹੀਂ ਕਰਦੇ।

**ਵਰਤੋਂ** :—ਬੜਾ ਮਾਰਿਆ ਵੀ ਉਸਨੂੰ, ਪਰ ਉਹ ਮਾਰ ਵੀ ਥੋੜੇ ਚਿਰ ਪਿਛੋਂ ਭੁਲ ਗਿਆ। 'ਦੋ ਪਈਆਂ ਉਘੜ ਗਈਆਂ, ਯਾਰਾਂ ਦੀਆਂ ਦੂਰ ਬਲਾਈਆਂ ਗਈਆਂ' ਮੁੜ ਆਪਣੀ ਪੁਰਾਣੀ ਵਾਦੀ ਤੇ ਆ ਗਿਆ। (ਸੰਗ੍ਰ)

**ਦੋ ਮੁੱਲਾਂ ਵਿਚ ਮੁਰਗੀ ਹਰਾਮ।**

**ਭਾਵ** :—ਜਦ ਦੋ ਲਾਲਚੀਆਂ ਦੇ ਹੱਥ ਆਇਆ ਕੰਮ ਖਰਾਬ ਹੋ ਜਾਵੇ।

**ਵਰਤੋਂ** :—ਇਹ ਤਾਂ ਪਤਾ ਹੀ ਸੀ ਕਿ ਜਿਨ੍ਹਾਂ ਨੂੰ ਤੁਸੀਂ ਕੰਮ ਸੌਂਪਿਆ ਹੈ। ਉਹ ਵਿਗਾੜ ਦੇਣਗੇ। ਸਿਆਣਿਆਂ ਨੇ ਸੱਚ ਕਿਹਾ ਹੈ ਕਿ 'ਦੋ ਮੁੱਲਾਂ ਵਿਚ ਕੁਕੜੀ ਹਰਾਮ' ਦੋਵੇਂ ਤੁਹਾਡੇ ਮਿਤਰ ਲਾਲਚੀ ਸਨ। (ਸੰਗ੍ਰ)

**ਦੋ ਲੜਦੇ ਨੇ ਇਕ ਡਿਗਦਾ ਹੈ।**

**ਭਾਵ** :—ਜਦ ਦੋ ਲੜਨ, ਤਦ ਇਕ ਜ਼ਰੂਰ ਹਾਰ ਖਾਂਦਾ ਹੈ।

**ਵਰਤੋਂ** :—ਜਿੱਥੇ ਦੋ ਜਣੇ ਘੁਲਦੇ ਹੋਣ, ਇਕ ਨੇ ਡਿਗਣਾ ਹੀ ਹੈ, ਇਸ ਵਿਚ ਅਨੋਖੀ ਗੱਲ ਕਿਹੜੀ ਹੈ?
(ਰਾਜਾ ਪੋਰਸ—ਹਰਚਰਨ ਸਿੰਘ)

**ਦੋਸਤੀ ਹੋਈ ਕਿ ਛੋਲਿਆਂ ਦਾ**

ਵੱਢ।

**ਭਾਵ** :—ਵੇਲੇ ਸਿਰ ਮਿਤਰਤਾ ਨਾ ਪਾਲਣੀ।

**ਵਰਤੋਂ** :—ਰੋਸ਼ਨ ਲਾਲ—ਯਾਰ ਫਿਰ 'ਦੋਸਤੀ ਨਾ ਹੋਈ ਛੋਲਿਆਂ ਦਾ ਵੱਢ ਹੋਇਆ ਕਿ ਭਲਾ ਦੋਸਤਾਂ ਤੋਂ ਵੀ ਕੋਈ ਗੱਲ ਲੁਕਾਈਦੀ ਏ? ਅਸੀਂ ਤਾਂ ਫਿਰ ਐਵੇਂ ਹੀ ਆਪਣੀਆਂ ਜਾਨਾਂ ਵਾਟਨ ਦੇ ਦਾਈਏ ਬੰਨ੍ਹਦੇ ਫਿਰਦੇ ਆਂ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

## ਦੋਹਤ੍ਰਵਾਣ ਬੇਈਮਾਨ, ਖਾਵੇ ਪੀਵੇ ਹੋਵੇ ਮੋਟਾ, ਫਿਰ ਸਦਾਵੇ ਦਾਦੇ ਪੋਤਾ।

**ਭਾਵ** :—ਖਾਵੇ ਹੋਰ ਦੇ ਪਲਿਓਂ ਤੇ ਨਾਂ ਦੂਜੇ ਦਾ ਹੋਵੇ, ਜਿਵੇਂ ਦੋਹਤ੍ਰੇ ਦੀ ਹਾਲਤ ਵਿਚ ਹੁੰਦਾ ਹੈ।

**ਵਰਤੋਂ** :—ਆਪਣਾ ਆਪਣਾ ਪਰਾਇਆ ਪਰਾਇਆ। ਪਾਣੀ ਨਾਲੋਂ ਲਹੂ ਗਾੜ੍ਹਾ ਹੁੰਦਾ ਹੈ। ਜਿੰਨਾ ਮਰਜ਼ੀ ਜੇ ਇਸ ਉਤੇ ਲੁਟਾ ਲਵੋ ਨਾਂ ਅਖੀਰ ਹੋਰਨਾਂ ਦਾ ਹੀ ਵਜੇਗਾ। 'ਦੋਹਤ੍ਰਵਾਣ, ਬੇਈਮਾਨ, ਖਾਵੇ ਪੀਵੇ ਹੋਵੇ ਮੋਟਾ, ਫਿਰ ਸਦਾਵੇ ਦਾਦੇ ਪੋਤਾ'।

(ਸੰਗ੍ਰ)

## ਦੋਹਾਂ ਭੈਣਾਂ ਇੱਕੀ ਪਾਈ।

**ਭਾਵ** :—ਆਪਣੇ ਪਲਿਉਂ ਖਰਚ ਘਟ ਕਰੇ ਪਰ ਹਿੱਸਾ ਪੂਰਾ ਲੈਣਾ ਚਾਹੇ।

**ਵਰਤੋਂ** :— ਭੈਣ! ਇਹ ਗੱਲ ਚੰਗੀ ਨਹੀਂ। ਤੁਸੀਂ ਪਲਿਉਂ ਤਾਂ ਨਾਂ ਮਾਤਰ ਹੀ ਖਰਚ ਕੀਤਾ ਹੈ। ਹਿੱਸਾ ਪੂਰਾ ਕਿਹੜੀ ਗੱਲ ਦਾ ਮੰਗਦੇ ਹੋ? ਤੁਸਾਡੀ ਤਾਂ ਇਹ ਗੱਲ ਹੈ ਅਖੇ 'ਦੋਹਾਂ ਭੈਣਾਂ ਇੱਕੀ ਪਾਈ'।

(ਸੰਗ੍ਰ)

## ਦੋਹੀਂ ਹਥੀਂ ਤਾਲੀ ਵਜਦੀ ਏ।

**ਭਾਵ** :—ਲੜਾਈ ਝਗੜਾ ਦੋਵਲਿਉਂ ਹੀ ਵਧਦਾ ਹੈ।

**ਵਰਤੋਂ** :—ਅਸੀਂ ਇਹ ਨਹੀਂ ਮੰਨਦੇ ਕਿ ਕਸੂਰ ਸਿਰਫ ਉਸੇ ਦਾ ਹੈ। 'ਦੋਹੀਂ ਹਥੀਂ ਤਾੜੀ ਵਜਦੀ ਹੈ' ਤੁਸੀਂ ਵੀ ਕਸੂਰ ਕੀਤਾ ਹੋਣਾ ਹੈ।

(ਸੰਗ੍ਰ)

## ਦੰਦ ਪਹਿਲਾਂ ਕਿ ਵਾਲ।

**ਭਾਵ** :—ਜ਼ਰੂਰੀ ਕੰਮ ਨੂੰ ਛਡਕੇ ਮਾਮੂਲੀ ਗੱਲ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

**ਵਰਤੋਂ** :—ਬੱਚੀ, ਜ਼ਰੂਰੀ ਤੇ ਲੋੜਵੰਦ ਕੰਮਾਂ ਨੂੰ ਛਡਕੇ ਮਾਮੂਲੀ ਗੱਲ ਵੱਲ ਧਿਆਨ ਘਟ ਦਿਤਾ ਕਰੋ। 'ਦੰਦ ਪਹਿਲਾਂ ਕਿ ਵਾਲ'? (ਸੰਗ੍ਰ)

## ਦੰਦਾ ਦਾ ਪੀਠਾ ਮੰਦਾ, ਚੱਕੀ ਦਾ ਪੀਠਾ ਚੰਗਾ।

**ਭਾਵ** :—ਬਦਨਾਮ ਜੀਵਨ ਨਾਲੋਂ ਮੌਤ ਹੀ ਚੰਗੀ ਹੈ।

**ਵਰਤੋਂ** :—ਪੁਠੀਆਂ ਗੱਲਾਂ ਨਾ ਕਰੋ। ਲੋਕਾਂ ਦੇ ਮੂੰਹ ਆ ਜਾਵੇਂਗੇ। 'ਦੰਦਾਂ ਦਾ ਪੀਠਾ ਮੰਦਾ, ਚੱਕੀ ਦਾ ਪੀਠਾ ਚੰਗਾ। (ਸੰਗ੍ਰ)

## ਦੰਮ ਕਰਾਉਣ ਕੰਮ।

**ਭਾਵ** :—ਧਨ ਨਾਲ ਸਾਰੇ ਕੰਮ ਨਿਕਲ ਆਉਂਦੇ ਹਨ।

**ਵਰਤੋਂ** :—ਪਤੀ ਜੀ ਨੂੰ ਸਲਾਹ ਦਿਉ ਕਿ ਧਨ ਖਰਚਣ 'ਦਾਮ ਕਰਾਉਣ ਕਾਮ' ਕੰਮ ਆਪੇ ਰਾਸ ਹੋ ਜਾਵੇਗਾ। ਚਿੰਤਾ ਦੀ ਕੀ ਲੋੜ ਹੈ? (ਸੰਗ੍ਰ)

## ਦੰਮਾਂ ਦੇ ਰੁੱਠੇ ਗੱਲੀਂ ਨਹੀਂ ਪਤੀਜਦੇ।

**ਭਾਵ** :—ਜਿਹੜਾ ਨਿਰਾ ਧਨ ਤੇ ਤਾਕਤ ਅਗੇ ਹੀ ਨਿਵੇ ਉਹ ਨਿਰਾ ਗੱਲੀਂ ਬਾਤੀਂ ਕਾਬੂ ਵਿਚ ਨਹੀਂ ਆਉਂਦਾ।

**ਵਰਤੋਂ** :—ਵੇਖੋ, ਸਰ ਜਾਰਜ! ਦੰਮਾਂ ਦੇ ਰੁੱਠੇ ਗੱਲੀਂ ਨਹੀਂ ਪਤੀਜਦੇ। ਤੁਸੀਂ ਜਰਨੈਲ ਹੀਊਟ ਨੂੰ ਸਹਾਰਨਪੁਰ ਲਿਖ ਘਲੋ, ਕਿ ਨਿਸੰਗ ਸਤਲੁਜ ਫ਼ੌਜ ਭੇਜੇ।

(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਦਾਂਦ ਗਵਾਇਆ ਬੋਰੀਏ, ਮੁੜ ਮੁੜ ਕਿੱਲਾ ਲੋੜੀਏ।**

**ਭਾਵ** :—ਚੀਜ਼ ਗੁੰਮੇ ਤਾਂ ਬਾਹਰ, ਪਰ ਮੁੜ ਉਸਦੀ ਭਾਲ ਘਰ ਵਿੱਚ ਹੀ ਕੀਤੀ ਜਾਵੇ।

**ਵਰਤੋਂ** :—ਤੂੰ ਸਾਨੂੰ ਹੀ ਕੋਸਣਾ ਹੋਇਆ ਕਿ ਅਸੀਂ ਸਾਹਮਣੇ ਜੋ ਹੋਏ। "ਦਾਂਦ ਗਵਾਇਆ ਬੋਰੀਏ, ਮੁੜ ਮੁੜ ਕਿੱਲਾ ਲੋੜੀਏ।" (ਸਿੰਗ੍ਰ)

# ਧ

**ਧਉਲੈ ਦਿਸਨ ਛਾਹਿ ਦੁਧ, ਸਾਦਹੁ ਗੁਣ ਗਾਖੇ।**

**ਭਾਵ** :—ਦੁੱਧ ਤੇ ਲੱਸੀ ਦਿਸਣ ਵਿੱਚ ਦੋਵੇਂ ਚਿਟੇ ਹਨ, ਪਰ ਸੁਆਦ ਤੋਂ ਗੁਣਾਂ ਦੀ ਪਰਖ ਹੁੰਦੀ ਹੈ।

**ਵਰਤੋਂ** :—

'ਧਉਲੈ ਦਿਸਨ ਛਾਹਿ ਦੁਧ, ਸਾਦਹੁ ਗੁਣ ਗਾਖੇ।
ਤਿਉ ਸਾਧ ਅਸਾਧ ਪਰਖੀਅਨਿ ਕਰਤੂਤ ਸੁਭਾਖੇ॥
(ਵਾਰਾਂ—ਭਾਈ ਗੁਰਦਾਸ ਜੀ)

**ਧਨ ਆਵਣ ਜਾਣ ਹੈ।**

**ਭਾਵ** :—ਧਨ ਦੌਲਤ ਆਦਿ ਥਿਰ ਰਹਿਣ ਵਾਲੀਆਂ ਚੀਜ਼ਾਂ ਨਹੀਂ।

**ਵਰਤੋਂ** :— ਅਗੇ ਚਲਕੇ ਖਬਰ ਆਈ ਕਿ ਉਨ੍ਹਾਂ ਦਾ ਪੁਤਰ ਪਠਾਣਾਂ ਨੇ ਕਤਲ ਕਰ ਦਿਤਾ ਹੈ ਤੇ ਉਹਨਾਂ ਦੀ ਵਹੁਟੀ ਮਰ ਗਈ ਹੈ, ਅਰ ਧਨ ਲੁਟਿਆ ਚਲਿਆ ਹੈ, ਪਰ ਗੁਰੂ ਜੀ ਦੀ ਸੇਵਾ ਛਡ ਸਿਖ ਕਿਥੇ ਜਾਵੇ ? ਆਖ ਘਲਿਆ—"ਗੁਰੂ ਦਾ ਭਾਣਾ ਪ੍ਰਵਾਨ ਹੈ, 'ਧਨ ਆਵਣ ਜਾਣ ਹੈ'"। (ਹੰਸ ਚੋਗ—ਬਾਵਾ ਬੁਧ ਸਿੰਘ)

**ਧਨ ਗਾਂ ਦਾ ਜਾਇਆ ਜਿਹਨੇ ਸਾਰਾ ਜਗ ਵਸਾਇਆ।**

**ਭਾਵ** :—ਬਲਦ ਦੀ ਉਪਮਾਂ ਕੀਤੀ ਹੈ।

**ਵਰਤੋਂ** :— ਮਿਤਰੋ ! ਚੰਗੇ ਬਲਦ ਕਿਸਾਨਾਂ ਦੀ ਜਿੰਦ ਜਾਨ ਹਨ। ਇਨ੍ਹਾਂ ਨਾਲ ਹੀ ਧਰਤੀ ਗਾਹੀਦੀ ਹੈ। ਖੂਹ ਗਿੜਦੇ ਹਨ। 'ਧਨ ਗਾਂ ਦਾ ਜਾਇਆ ਜਿਹਨੇ ਸਾਰਾ ਜਗ ਵਸਾਇਆ'। (ਸਿੰਗ੍ਰ)

**ਧਨ ਦੇ ਜੀਉ ਰਖੀਏ, ਜੀਉ ਦੇ ਰਖੀਏ ਲਾਜ, ਧਨ ਤੇ ਜੀਉ ਲਾਜ ਜੇ ਏਕ ਪ੍ਰੀਤ ਦੋ ਕਾਜ।**

**ਭਾਵ** :—ਧਨ ਖਰਚ ਕਰਕੇ ਜੀਵਨ ਬਚਦਾ ਹੋਵੇ ਤਾਂ ਬਚਾ ਲਉ। ਜੀਵਨ ਦੇ ਕੇ ਜੇ ਪੱਤ ਬਚਦੀ ਹੋਵੇ ਤਾਂ ਬਚਾ ਲਉ। ਪਰ ਧਨ ਤੇ ਜੀਵਨ ਨਾਲ ਜੇ ਪੱਤ ਵੀ ਪੱਲੇ ਹੋਵੇ, ਤਾਂ ਬਹੁਤ ਹੀ ਚੰਗੀ ਗੱਲ ਹੈ।

**ਵਰਤੋਂ** :—ਪੱਤ ਵਰਗੀ ਕੋਈ ਵਸਤੂ ਨਹੀਂ। ਧਨ ਜਾਏ ਜੀਉ ਜਾਏ, ਪਰ ਪੱਤ ਨ ਜਾਏ। ਠੀਕ ਸਿਆਣਿਆਂ ਆਖਿਆ ਹੈ, 'ਧਨ ਤੇ ਜੀਉ ਰਖੀਏ, ਜੀਉ ਦੇ ਰਖੀਏ ਲਾਜ, ਧਨ 'ਤੇ ਜੀਉ ਲਾਜ ਜੇ, ਏਕ ਪ੍ਰੀਤ ਦੋ ਕਾਜ'। (ਸਿੰਗ੍ਰ)

**ਧਨ ਭਾਗ ਗੋਬਿੰਦੀ ਦੇ, ਕਟਾਸੋਂ ਸੁਕੀ ਆਈ।**

**ਭਾਵ** :—ਕਟਾਸ ਜਿਹਲਮ ਦੇ ਜ਼ਿਲੇ ਵਿਚ ਇਕ ਤੀਰਥ ਹੈ। ਜਦ ਕੋਈ ਕਿਸੇ ਚੰਗੀ ਥਾਂ ਜਾਕੇ ਵੀ ਖਾਲੀ ਹੀ ਮੁੜੇ।

**ਵਰਤੋਂ** :—ਅਸੀਂ ਤਾਂ ਜਿਥੇ ਜਾਈਏ, ਭੈੜਾ ਹੀ ਹਾਲ ਹੁੰਦਾ ਹੈ। ਸਾਡਾ ਤਾਂ ਉਹ ਹਾਲ ਹੈ, ਅਖੇ 'ਧਨ ਭਾਗ ਗਬਿੰਦੀ ਦੇ ਕਟਾਸੋਂ ਸੁਕੀ ਆਈ'। (ਸਿੰਗ੍ਰ)

**ਧਨੁ ਲੇਖਾਰੀ ਨਾਨਕਾ ਜਿਨ ਨਾਮੁ ਲਿਖਾਇਆ ਸਚੁ॥**

**ਭਾਵ** :—ਉਹੀ ਲਿਖਣ ਵਾਲੇ ਧਨ ਹਨ ਜਿਨ੍ਹਾਂ ਨੇ ਸੱਚਾ ਨਾਮ ਲਿਖਣ ਦਾ ਕੰਮ ਕੀਤਾ ਹੈ।

**ਵਰਤੋਂ** :—

ਧੰਨੁ ਸੁ ਕਾਗਦੁ ਕਲਮ ਧੰਨੁ ਧੰਨੁ ਭਾਂਡਾ ਧੰਨੁ ਮਸੁ ॥
ਧੰਨੁ ਲੇਖਾਰੀ ਨਾਨਕਾ ਜਿਨ ਨਾਮੁ ਲਿਖਾਇਆ ਸਚੁ ॥
(ਗੁਰੂ ਗ੍ਰੰਥ—ਵਾਰ ਮਲ੍ਹਾਰ)

## ਧਨੀ ਧਾਨ ਛੜੇ, ਰਜੀ ਕਰਦੀ ਗੋਹਾ ਕੂੜਾ, ਜੀਉਨ ਵਰਗੇ ਮਰ ਗਏ ਭਜਿਆ ਜਾਂਦਾ ਸੂਰਾ, ਅੱਗੇ ਨਾਲੋਂ ਪਿੱਛਾ ਭਲਾ, ਖਸਮ ਭਲਾ ਅਧੂਰਾ।

**ਭਾਵ** :—ਉਲਟੇ ਜਾਂ ਕਸੋਭਾ ਵਾਲੇ ਮ ਕਰਨੇ ਚੰਗੇ ਨਹੀਂ।

**ਵਰਤੋਂ** :—ਅੱਜ ਕੱਲ ਤਾਂ ਉਲਟਾ ਜ਼ਮਾਨਾ ਹੈ 'ਧਨੀ ਧਾਨ ਛੜੇ, ਰੱਜੀ ਕਰਦੀ ਗੋਹਾ ਕੂੜਾ, ਜੀਉਨ ਵਰਗੇ ਮਰ ਗਏ, ਭਜਿਆ ਜਾਂਦਾ ਸੂਰਾ। ਅਗੇ ਨਾਲੋਂ ਪਿਛਾ ਭਲਾ, ਖਸਮ ਭਲਾ ਅਧੂਰਾ'। ਕੋਈ ਕਿਸੇ ਨੂੰ ਕੀ ਆਖੇ ? (ਸੰਗ੍ਰ)

## ਧਨੁ ਜੋਬਨੁ ਆਕ ਕੀ ਛਾਇਆ ॥

**ਭਾਵ** :—ਦੌਲਤ ਤੇ ਜੁਆਨੀ ਅੱਕ ਦੇ ਬੂਟੇ ਦੀ ਛਾਂ ਵਾਂਗ (ਨਿਸਫਲ) ਹਨ।

**ਵਰਤੋਂ** :—

ਧਨ ਜੋਬਨੁ ਆਕ ਕੀ ਛਾਇਆ,
ਬਿਰਧਿ ਭਏ ਦਿਨ ਪੁੰਨਿਆ ॥
ਨਾਨਕ ਨਾਮ ਬਿਨਾ ਦੋਹਾਗਣਿ,
ਛੂਠੀ ਛੂਠਿ ਵਿਛੁੰਨਿਆ ॥
(ਗੁਰੂ ਗ੍ਰੰਥ—ਧਨਾਸਰੀ ਰਾਗ)

## ਧਨੁ ਲੋਕਾਂ ਤਨੁ ਭਸਮੈ ਢੇਰੀ ॥

**ਭਾਵ** :—ਮਨੁੱਖ ਦਾ ਧਨ ਤਾਂ ਲੋਕ ਸਾਂਭ ਲੈਂਦੇ ਹਨ ਤੇ ਸਰੀਰ ਸੁਆਹ ਮਿੱਟੀ ਹੋ ਜਾਂਦਾ ਹੈ।

**ਵਰਤੋਂ** :—

ਕੀਚਹਿ ਰਸ ਭੋਗ ਖੁਸੀਆਂ ਮਨ ਕੇਰੀ,
ਧਨੁ ਲੋਕਾਂ ਤਨ ਭਸਮੈ ਢੇਰੀ ॥
(ਗੁਰੂ ਗ੍ਰੰਥ—ਬਿਲਾਵਲ ਰਾਗ)

## ਧਰਮ ਛੋੜ ਧਨ ਕੋਈ ਖਾਏ।

**ਭਾਵ** :—ਧਰਮ ਨੂੰ ਤਿਆਗ ਕੇ ਕਮਾਇਆ ਧਨ ਕਿਸੇ ਨੂੰ ਹੀ ਪਚਦਾ ਹੈ।

**ਵਰਤੋਂ** :—ਠਹਿਰ ਯਾਰ, ਇਸ ਵਿਚ ਕਾਹਦੀ ਬੇਈਮਾਨੀ ਹੈ ? ਧਰਮ ਛੋੜ ਧਨ ਕੋਈ ਖਾਏ' ਵਾਲੇ ਅਖਾਣ ਨੂੰ ਅੱਜ ਕੱਲ ਦੇ ਸਮੇਂ ਕੌਣ ਸੁਣਦਾ ਹੈ। (ਸੰਗ੍ਰ)

## ਧਰਮ ਦਾ ਧਰਮ ਤੇ ਕਰਮ ਦਾ ਕਰਮ।

**ਭਾਵ** :—ਜਦ ਕਿਸੇ ਕੰਮ ਦੇ ਕਰਨ ਨਾਲ ਦੋਹਰਾ ਲਾਭ ਹੋਵੇ।

**ਵਰਤੋਂ** :—ਮਾਈ ਜੀ ! ਬੜਾ ਚੰਗਾ ਕੀਤਾ ਜੇ ਨਾਲੇ ਪੁੰਨ ਨਾਲੇ ਫਲੀਆਂ। ਇਹ ਤਾਂ 'ਧਰਮ ਦ ਧਰਮ ਤੇ ਕਰਮ ਦਾ ਕਰਮ' ਵਾਲਾ ਹੀ ਲੇਖਾ ਹੈ। (ਸੰਗ੍ਰ)

## ਧਰਮੀ ਹੋਇ ਸੁ ਮਨ ਕਉ ਜਾਨੈ ॥

**ਭਾਵ** :—ਕੋਈ ਗਿਆਨੀ ਹੀ ਮਨ ਨੂੰ ਸਮਝ ਸਕਦਾ ਹੈ।

**ਵਰਤੋਂ** :—

ਮਮਾ ਮੂਲ ਗਹਿਆ ਮਨ ਮਾਨੈ ॥
ਧਰਮੀ ਹੋਇ ਸੁ ਮਨ ਕਉ ਜਾਨੈ ॥
(ਗੁਰੂ ਗ੍ਰੰਥ—ਰਾਗ ਗਉੜੀ)

## ਧਰਮੀ ਜੈ, ਪਾਪੀ ਖੈ।

**ਭਾਵ** :—ਧਰਮ ਦੇ ਕੰਮ ਕਰਨ ਵਾਲਿਆਂ ਦੀ ਸ਼ੋਭਾ ਹੁੰਦੀ ਹੈ, ਪਰ ਮੰਦੇ ਕੰਮ ਕਰਨ ਵਾਲਿਆਂ ਦੀ ਖੁਆਰੀ ਹੁੰਦੀ ਹੈ।

**ਵਰਤੋਂ** :—

ਭਲੀ ਕਰੇ ਤੌਂ ਸੁਰਗ ਬਸਾਵੈ।
ਪੂੰਜੀ ਬੁਰੀ ਨਰਕ ਲੈ ਜਾਵੈ।

ਜੈਸਾ ਬੋਵੇ ਤੈਸਾ ਲੈ।
ਧਰਮੀ ਜੈ, ਅਰ ਪਾਪੀ ਛੈ।
(ਗੁਲਾਮ ਜਲਾਨੀ—ਰੋਹਤਕੀ)

**ਧਰਿਆ ਭੁਲ ਜਾਏ, ਲਿਖਿਆ ਨਾ ਭੁਲੇ।**

**ਭਾਵ** :—ਲਿਖਤ ਯਾਦ ਨਾਲੋਂ ਚੰਗੀ ਹੁੰਦੀ ਹੈ।

**ਵਰਤੋਂ** :—ਸਰਦਾਰ—ਸ਼ਾਹ ਜੀ, ਲਿਖਤ ਕਟਵਾ ਲਵੋ। ਸਿਆਣਿਆਂ ਦਾ ਕਿਹਾ ਹੈ ਕਿ 'ਧਰਿਆ ਭੁਲ ਜਾਏ ਪਰ ਲਿਖਿਆ ਨਾ ਭੁਲੇ'। (ਸੰਗ੍ਰ)

**ਧੜ ਤੂਤ ਦਾ ਤੇ ਲੱਤਾਂ ਧ੍ਰੇਕ ਦੀਆਂ।**

**ਭਾਵ** :—ਮਿਲਗੋਭਾ ਜਿਹਾ ਜਿਸਦਾ ਕੋਈ ਪਤਾ ਨਾ ਲਗੇ, ਕਿ ਉਹ ਅਸਲ ਵਿੱਚ ਕੀ ਹੈ।

**ਵਰਤੋਂ** :—ਸਿਰੋਂ ਸਿੱਖ, ਗਲੋਂ ਬ੍ਰਾਹਮਣ ਤੇ ਤੇੜੋਂ ਮੁਸਲਮਾਨ 'ਧੜ ਤੂਤ ਦਾ ਤੇ ਲਤਾਂ ਧ੍ਰੇਕ ਦੀਆਂ'। (ਸੁੰਦਰੀ—ਭਾਈ ਵੀਰ ਸਿੰਘ)

**ਧਾਈਆਂ ਨਾਲ ਤੀਲੇ ਵੀ ਪਿਸ ਜਾਂਦੇ ਹਨ।**

**ਭਾਵ** :—ਤਕੜਿਆਂ ਦੇ ਭੇੜ ਵਿੱਚ ਮਾੜਾ ਵੀ ਦੁਖ ਪਾਂਦਾ ਹੈ।

**ਵਰਤੋਂ** :—ਡਾਢਿਆਂ ਦੇ ਬੋਲ ਵਿੱਚ ਮਾੜਿਆਂ ਨੂੰ ਦੁਖੀ ਨਹੀਂ ਕਰਨਾ ਚਾਹੀਦਾ ਨਹੀਂ ਤਾਂ 'ਧਾਈਆਂ ਨਾਲ ਤੀਲੇ ਵੀ ਪਿਸ ਜਾਂਦੇ ਹਨ'। (ਸੰਗ੍ਰ)

**ਧਾਈਆਂ ਵਾਲਾ ਪਿੰਡ, ਪਰਾਲੀਓਂ ਦਿਸ ਪੈਂਦਾ ਹੈ।**

**ਭਾਵ** :—ਕਿਸੇ ਦੇ ਚਿਹਰੇ ਤੋਂ ਹੀ ਉਸਦੀ ਅੰਦਰਲੀ ਹਾਲਤ ਦਾ ਪਤਾ ਲਗ ਜਾਂਦਾ ਹੈ।

**ਵਰਤੋਂ** :—ਤੂੰ ਕੁੱਝ ਪਿਆ ਆਖ। ਅਸੀਂ ਤੇਰੇ ਦਿਲ ਦਾ ਦੁਖ ਤੇਰੇ ਚਿਹਰੇ ਤੋਂ ਪੜ੍ਹ ਲਿਆ ਹੈ। 'ਧਾਈਆਂ ਵਾਲਾ ਪਿੰਡ ਪਰਾਲੀਓਂ ਦਿਸ ਪੈਂਦਾ ਹੈ'। (ਸੰਗ੍ਰ)

**ਧਾਗਾ ਲੰਮਾ ਚਾਹੀਦਾ ਏ, ਤਾਂ ਕੋਈ ਡਰ ਨਹੀਂ।**

**ਭਾਵ** :—ਵਧੀ ਹੋਈ ਉਮਰ ਨੂੰ ਕੋਈ ਡਰ ਨਹੀਂ। (ਬੰਦਾ ਸਖਤ ਬਿਮਾਰ ਹੋਵੇ, ਤਾਂ ਆਸ ਬਨਾਉਣ ਲਈ ਵਰਤਦੇ ਹਨ)

**ਵਰਤੋਂ** :—ਹਰ ਬਿਮਾਰੀ ਟਲ ਜਾਂਦੀ ਹੈ 'ਧਾਗਾ ਲੰਮਾ ਏ ਤਾਂ ਕੋਈ ਡਰ ਨਹੀਂ'। (ਸੰ)

**ਧਾਗਾ ਲੰਮਾ, ਨਹੀਂ ਗੰਮਾ।**

**ਭਾਵ** :—ਵਧੀ ਹੋਈ ਉਮਰ ਨੂੰ ਕੋਈ ਡਰ ਨਹੀਂ, ਜਾਂ ਧਨ ਖਾਤਰ ਨੂੰ ਕਿਸੇ ਗੱਲ ਦਾ ਡਰ ਨਹੀਂ।

**ਵਰਤੋਂ** :—ਸਰਦਾਰ ਜੀ, ਵਾਹਿਗੁਰੂ ਭਲੀ ਕਰੇਗਾ, ਘਬਰਾਉਣ ਦੀ ਲੋੜ ਨਹੀਂ 'ਧਾਗਾ ਲੰਮਾ ਨਹੀਂ ਗੰਮਾ'। ਹੌਸਲਾ ਰਖੋ। (ਸੰਗ੍ਰ)

**ਧਾਨਾਂ ਦੇ ਆਸਰੇ ਪਰਾਲੀ ਨੂੰ ਭੀ ਪਾਣੀ ਮਿਲ ਜਾਂਦਾ ਹੈ।**

**ਭਾਵ** :—ਲੋਹਾ ਵੀ ਲਕੜੀ ਨਾਲ ਤਰ ਜਾਂਦਾ ਹੈ। ਚੰਗਿਆਂ, ਵਡਿਆਂ ਦੇ ਆਸਰੇ ਮਾੜੇ ਵੀ ਤਰ ਜਾਂਦੇ ਹਨ।

**ਵਰਤੋਂ** :—ਭਰਾਵੋ, ਕਈ ਵਾਰੀ ਧਾਨਾਂ ਦੇ ਆਸਰੇ ਪਰਾਲੀ ਨੂੰ ਵੀ ਪਾਣੀ ਮਿਲ ਜਾਂਦਾ ਹੈ। ਟੇਕ ਵਡਿਆਂ ਦੀ ਫੜੋ ਤਾਂ ਲਾਹਾ ਹੀ ਲਾਹਾ ਹੈ। (ਸੰਗ੍ਰ)

**ਧਾਨਾ ਵਾਲਾ ਪਿੰਡ ਪਰਾਲੀ ਤੋਂ ਹੀ ਦਿਸ ਪੈਂਦਾ ਹੈ।**

**ਭਾਵ** :—ਕਿਸੇ ਚੀਜ਼ ਦੀ ਹੋਂਦ ਦਾ ਪਤਾ ਬਾਹਰਲੀ ਦਿਸ ਤੋਂ ਹੀ ਲਗ ਜਾਂਦਾ ਹੈ।

**ਵਰਤੋਂ** :—ਅਮੀਰੀ-ਗਰੀਬੀ ਛੁਪਾਇਆਂ ਨਹੀਂ ਛੁਪਦੀ । 'ਧਾਨਾਂ ਵਾਲਾ ਪਿੰਡ ਪਰਾਲੀ ਤੋਂ ਹੀ ਦਿਸ ਪੈਂਦਾ ਹੈ' । (ਸੰਗ੍ਰ)

**ਧਿਰ ਧਿਰ ਦਾ ਦੇਣਾ ਤੇ ਨਾਂ ਲਹਿਣਾ ਸਿੰਘ ।** ਵੇਖੋ : ਅੱਖਾਂ ਤੋਂ ਅੰਨ੍ਹੀ ਤੇ ਨਾਂ ਨੂਰ ਭਰੀ ।

**ਭਾਵ** :—ਗ਼ਰੀਬੀ ਕਰਕੇ ਅਤਿ ਕਰਜ਼ਾਈ ਹੋਵੇ । ਪਰ ਦਸੇ ਕਿ ਮੈਂ ਵਡਾ ਸ਼ਾਹੂਕਾਰ ਹਾਂ । ਫੋਕੀ ਐਂਠ ਦਸਣੀ ।

**ਵਰਤੋਂ** :—ਸੁਰਸਤੀ—ਕਮਲੀਆਂ ਗੱਲਾਂ ਨਾ ਕਰ, ਵਾਲ ਵਾਲ ਤਾਂ ਉਸਦਾ ਕਰਜ਼ੇ ਨਾਲ ਜਕੜਿਆ ਪਿਆ ਹੈ ਤੇ ਆਖਦੀ ਹੈ ਕਿ ਉਹ ਵਡਾ ਸ਼ਾਹੂਕਾਰ ਹੈ । 'ਧਿਰ ਧਿਰ ਦਾ ਦੇਣਾ ਤੇ ਨਾਂ ਲਹਿਣਾ ਸਿੰਘ' । (ਸੰਗ੍ਰ)

**ਧ੍ਰਿਗ ਉਹਨਾਂ ਦਾ ਜੀਵਨਾ ਜਿਨ੍ਹਾਂ ਬਿਗਾਨੀ ਆਸ ।**

**ਭਾਵ** :—ਲਾਹਨਤ ਹੈ, ਉਸ ਜੀਵਨ ਨੂੰ ਜਿਹੜਾ ਦੂਜੇ ਦੇ ਆਸਰੇ ਜੀਵੇ ।

**ਵਰਤੋਂ** :—ਕਿਰਤੀ—ਗੁਲਾਮਾਂ ਦਾ ਵੀ ਕੋਈ ਜੀਵਨ ਹੈ ? 'ਧ੍ਰਿਗ ਉਹਨਾਂ ਦਾ ਜੀਵਨਾ ਜਿਨ੍ਹਾਂ ਬਿਗਾਨੀ ਆਸ' । (ਸੰਗ੍ਰ)

**ਧੀ ਗਈ ਅਟਕੋਂ ਪਾਰ, ਨਾ ਕੋਈ ਖਬਰ ਨਾ ਕੋਈ ਸਾਰ ।**

**ਭਾਵ** :—ਧੀ ਬਹੁਤ ਦੂਰ ਵਿਆਹ ਦਿਤੀ ਜਾਏ, ਜਿਸ ਪਾਸੇ ਆਪਣਿਆਂ ਦਾ ਵਾਹ ਘਟ ਹੋਵੇ ਤਦ ਵਰਤਦੇ ਹਨ ।

**ਵਰਤੋਂ** :—ਵਿਚੇ ਹੀ ਆ ਗਈ ਹੈ ।

**ਧੀ ਜਮੇ ਤਾਂ ਕਰਾਂ ਵਡਿਆਈਆਂ, ਪੁਤ ਜੰਮੇ ਤਾਂ ਸਰ ਨਾ ਆਈਆਂ ।**

**ਭਾਵ** :—ਫੜਾਂ ਤਾਂ ਬੜੀਆਂ ਮਾਰੇ ਪਰ ਵੇਲੇ ਸਿਰ ਕੁਝ ਵੀ ਨਾ ਕਰ ਸਕੇ ।

**ਵਰਤੋਂ** :—ਝੂਠੇ ਮਿਤਰਾਂ ਤੇ ਕੋਈ ਕੀ ਆਸ ਰਖੇ ? ਫੜਾਂ ਬਹੁਤੀਆਂ ਤੇ ਕੰਮ ਥੋੜਾ । 'ਧੀ ਜੰਮੇ ਤਾਂ ਕਰਾਂ ਵਡਿਆਈਆਂ, ਪੁਤ ਜੰਮੇ ਤਾਂ ਸਰ ਨਾ ਆਈਆਂ' । (ਸੰਗ੍ਰ)

**ਧੀ ਨੂੰ ਨੁਹਾਂਦਿਆਂ ਤੇ ਪੁਤਰ ਨੂੰ ਖਾਂਦਿਆਂ ਕੋਈ ਨਾ ਵੇਖੇ ।**

**ਭਾਵ** :—ਮਾਂ ਧੀ-ਪੁਤ ਦੀ ਬੜੀ ਖਿਚ ਕਰਦੀ ਹੈ ਤੇ ਉਨ੍ਹਾਂ ਨੂੰ ਲੋਕਾਂ ਦੀ ਨਜ਼ਰ ਤੋਂ ਬਚਾਂਦੀ ਹੈ ।

**ਵਰਤੋਂ** :—ਸਾਰੀਆਂ ਮਾਵਾਂ ਪੁਤਰਾਂ ਨੂੰ ਖੁਆਕੇ ਖੁਸ਼ ਹੁੰਦੀਆਂ ਹਨ । ਪਰ 'ਧੀ ਨੂੰ ਨੁਹਾਂਦਿਆਂ ਤੇ ਪੁਤਰ ਨੂੰ ਖਾਂਦਿਆਂ ਕੋਈ ਨਾ ਵੇਖੇ । (ਸੰਗ੍ਰ)

**ਧੀ ਵੱਡੇ ਸਰਦਾਰੇ ਨੀ,**
**ਤੇ ਨੂੰਹ ਵਡੇ ਮੁਟਿਆਰੇ ਨੀ ।**
**ਸਿਰੋਂ ਪਾਟ ਕੇ ਗਿਟੋਂ ਆਈ,**
**ਤੇ ਖਬਰ ਨਾ ਕੀਤੀ ਸੁ ਲੰਗਾਰੇ ਨੀ ।**

**ਭਾਵ** :—ਫੋਕੀ ਵਡਿਆਈ ਦਾ ਹੰਕਾਰ ਕਰਨਾ, ਪਰ ਪੱਲੇ ਕੁਝ ਨਾ ਹੋਣਾ ।

**ਵਰਤੋਂ**:— ਬਸ, ਨੀ ਬਸ !

ਧੀ ਵਡੇ ਸਰਦਾਰੇ ਨੀ,
ਤੇ ਨੂੰਹ ਵਡੇ ਮੁਟਿਆਰੇ ਨੀ ।
ਸਿਰੋਂ ਪਾਟਕੇ ਗਿਟੋਂ ਆਈ,
ਤੇ ਖਬਰ ਨਾ ਕੀਤੀ ਸੁ ਲੰਗਾਰੇ ਨੀ ।

ਆਪਣਾ ਹਾਲ ਤਾਂ ਵੇਖ ਪਿਛੋਂ ਘਰ ਬਾਰ ਦੀਆਂ ਸਿਫ਼ਤਾਂ ਸਾੜੀਂ । (ਸੰਗ੍ਰ)

**ਧੀਆਂ ਵਿੱਡੀ ਤਾਂ ਸਮਾਉਂਦੀਆਂ ਹਨ, ਪਰ ਤਾਉਣੀ ਨਹੀਂ ਸਮਾਉਂਦੀਆਂ ।**

**ਭਾਵ** :—ਧੀਆਂ ਬਿਗਾਨਾ ਧਨ ਹੈ, ਪਰ ਜਵਾਨ ਹੋਣ ਤੇ ਦੂਜੇ ਘਰ ਦੇਣੀਆਂ ਹੀ ਪੈਂਦੀਆਂ ਹਨ ।

**ਵਰਤੋਂ** :—ਪਹਿਲਾਂ—ਧੀਆਂ ਵਿਡੀ ਤਾਂ

ਸਮਾਉਂਦੀਆਂ ਹਨ, ਪਰ ਤਾਉਣੀ ਨਹੀਂ ਸਮਾਉਂਦੀਆਂ। ਜਿਸ ਵੇਲੇ ਕੰਮੀ ਵੱਲ ਵੇਖਨੇ ਹਾਂ ਉਸ ਵੇਲੇ ਜੀ ਭਰ ਆਉਂਦਾ ਹੈ। ਪੇਸ਼ ਕੁਝ ਜਾਂਦੀ ਨਹੀਂ, ਲੇਖਾ ਸੰਜੋਗਾ ਦੇ ਵਸ ਹੈ।

(ਚਰਣਹਰਿ ਵਿਸਥਾਰ— ਡਾ: ਬਲਬੀਰ ਸਿੰਘ)

**ਧੀਆਂ ਦਾ ਜਿਸ ਦਿਨ ਜਨਮ ਹੁੰਦਾ ਏ, ਸਵਾ ਹਥ ਧਰਤੀ ਕੰਬਦੀ ਏ।**

**ਭਾਵ** :—ਜਦ ਧੀ ਦੇ ਜੰਮਣ ਦੀ ਨਿਖੇਧੀ ਕਰਨੀ ਹੋਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਕੀ ਤੈਨੂੰ ਦਸਾਂ ਬੇਬੇ; ਗੱਲ ਤੇ ਕੁਝ ਨਹੀਂ ਪਰ ਸਿਆਣੇ ਆਂਹਦੇ ਨੇ—ਧੀ ਦਾ ਜਿਸ ਦਿਨ ਜਨਮ ਹੁੰਦਾ ਏ, ਸਵਾ ਹਥ ਧਰਤੀ ਕੰਬਦੀ ਏ'।

(ਲਵ ਮੈਰਿਜ—ਨਾਨਕ ਸਿੰਘ)

**ਧੀਆਂ ਦੀ ਮਾਂ ਰਾਣੀ ਬੁਢੇਪੇ ਭਰਦੀ ਪਾਣੀ।**

**ਭਾਵ** :—ਧੀਆਂ ਦੀ ਮਾਂ ਨੂੰ ਬੁਢੇਪੇ ਵਿਚ ਵੀ ਸੁਖ ਨਹੀਂ ਮਿਲਦਾ। ਜਿਵੇਂ ਪੁਤਾਂ ਦੀਆਂ ਮਾਵਾਂ ਨੂੰ ਮਿਲਦਾ ਹੈ।

**ਵਰਤੋਂ** :—ਵਰਿਆਮੀ—ਭੈਣ ਕਾਹਦਾ ਸੁਖ ਏ, ਇਹ ਪਰਾਇਆ ਧਨ ਕਿੰਨਾ ਕੁ ਚਿਰ ਬੈਠਾ ਰਹਿਣਾ। 'ਧੀਆਂ ਦੀ ਮਾਂ ਰਾਣੀ ਬੁਢੇਪੇ ਭਰਦੀ ਪਾਣੀ' (ਔਖਾਂ ਭਟਕੇ) ਕੋਈ ਮੁੰਡਾ ਹੁੰਦਾ ਤਾਂ ਕਿਸੇ ਨੌਂਹ ਦੇ ਆਉਣ ਦੀ ਆਸ ਹੁੰਦੀ।

(ਦੂਰ ਦੁਰਾਡੇ ਸ਼ਹਿਰੋਂ— ਹਰਚਰਨ ਸਿੰਘ)

**ਧੀਆਂ ਦੇ ਦੁਖ ਬੁਰੇ।**

**ਭਾਵ** :—ਜੇ ਧੀਆਂ ਦੁਖੀ ਹੋਣ, ਤਦ ਬੜਾ ਕਲੇਸ਼ ਹੁੰਦਾ ਹੈ।

**ਵਰਤੋਂ** :— ਸ਼ਾਂਤੀ—(ਰੋਂਦੀ ਹੋਈ) ਮੈਂ ਕਿਉਂ ਰਹਿ ਗਈ, ਇਹ ਦੁਖ ਦੇਖਣ ਨੂੰ। 'ਧੀਆਂ ਦੇ ਦੁਖ ਬੁਰੇ'। ਹੇ ਪਰਮਾਤਮਾ, ਮੈਨੂੰ ਚੁਕ ਲੈ।

(ਰਾਜਾ ਪੋਰਸ—ਹਰਚਰਨ ਸਿੰਘ)

**ਧੀਆਂ ਧਨ ਬਿਗਾਨੜਾ, ਧੀਆਂ ਬਿਗਾਨਾ ਮਾਲ ਏ, ਧੀਆਂ ਧਨ ਨਿਮਾਣਾ।**

**ਭਾਵ** :—ਵਿਆਹ ਕੇ ਧੀਆਂ ਦੂਜੇ ਘਰ ਤੋਰ ਦਿਤੀਆਂ ਜਾਂਦੀਆਂ ਹਨ। ਇਸੇ ਲਈ ਇਹ ਬਿਗਾਨਾ ਧਨ ਸਮਝੀਆਂ ਜਾਂਦੀਆਂ ਹਨ।

**ਵਰਤੋਂ** :—ਪ੍ਰੇਮੀ—ਵੀਰਾਂ! ਤੋਰਨ ਨੂੰ ਜੀ ਨਹੀਂ ਕਰਦਾ, ਪਰ ਧੀਆਂ ਬਿਗਾਨੜਾ ਮਾਲ ਏ, ਇਹਨਾਂ ਨੂੰ ਘਰ ਵੀ ਨਹੀਂ ਰਖ ਸਕੀਦਾ।

(ਸੁਕਦਾ— ਆਈ. ਸੀ. ਨੰਦਾ)

**ਧੀਆਂ ਧਾੜ ਤੇ ਪੁਤਰ ਠਾਹ, ਰੰਨ ਦੁਖਾਂ ਦਾ ਖੂਹ। ਇਸ ਘਾਣੀ ਤੋਂ ਸੁਬਿਰਿਆ, ਕੋਈ ਹਰ ਜਨ ਕਢੇ ਧੂਹ।**

**ਭਾਵ** :—ਜਦ ਕੋਈ ਧੀਆਂ ਪੁਤਾਂ ਜਾਂ ਜ਼ਨਾਨੀ ਦੇ ਦੁਖਾਂ ਤੋਂ ਔਖਾ ਹੋਵੇ ਤਾਂ ਵਰਤੀਦਾ ਹੈ।

**ਵਰਤੋਂ** :—

ਇਹ ਵਧਾਈ ਗ੍ਰਿਹਸਤ ਦੀ ਜਿਨਾ ਖੁਸ਼ ਹੋਇ ਲੱਲੀ,
ਭੌਂਕ ਮੋਇ ਓਹ ਸੁਥਰਿਆ, ਜਿਉਂ ਕੁੱਤਾ ਵਿਚ ਗਲੀ।
ਧੀਆਂ ਧਾੜ ਤੇ ਪੁਤ੍ਰ ਠਾਹ, ਰੰਨ ਦੁਖਾਂ ਦਾ ਖੂਹ,
ਇਸ ਘਾਟੀ ਤੋਂ ਸੁਥਰਿਆ, ਕੋਈ ਹਰੀਜਨ ਕਢੇ ਧੂਹ।

(ਸੁਥਰਾਸ਼ਾਹ)

**ਧੀਆਂ ਪੂਤ ਸਭ ਹਰਕੇ ਕੀਏ।**

**ਭਾਵ** :—ਧੀਆਂ ਤੇ ਪੁਤਰ ਦੋਵੇਂ ਰਬ ਦੀ ਦਾਤ ਹਨ। ਭਾਵ ਧੀਆਂ ਨੂੰ ਪੁਤਰਾਂ ਤੋਂ ਮੰਦਾ ਨਾ ਜਾਣੋ।

**ਵਰਤੋਂ** :—ਉਹ ਸਿਰਜਨਹਾਰ ਦਾ ਅਸਲੀ ਮੰਦਰ ਮਨੁਖੀ ਹਿਰਦਾ ਦਸਦੇ ਹਨ। ਉਹ ਸਮਝਦੇ ਹਨ ਕਿ 'ਧੀਆਂ ਪੂਤ ਸਭ ਹਰ ਕੇ ਕੀਏ' ਅਤੇ ਇਸੇ ਆਦਰਸ਼ ਨੂੰ ਮੁਖ ਰਖ, ਉਹ ਇਸਤ੍ਰੀ ਤੇ ਪੁਰਸ਼ ਨੂੰ ਇਕੋ ਜਿਹੇ ਹਕ ਦੇਣ ਦੀ ਸਿਖਿਆ ਸਿਖਾਂਦੇ ਹਨ।

(ਸੰਗ੍ਰ)

**ਪ੍ਰਦੇਸੜੀਆਂ।**

**ਭਾਵ** :—ਧੀਆਂ ਪ੍ਰਾਇਆ ਧਨ ਹਨ।

**ਵਰਤੋਂ** :—

ਕਾਲੇ ਖੰਭ ਕਾਵਾਂ ਦੇ,
ਧੀਆਂ ਪ੍ਰਦੇਸੜੀਆਂ,
ਧੰਨ ਜਿਗਰੇ ਮਾਵਾਂ ਦੇ।

(ਲੋਕ ਗੀਤ)

## ਧੀਏ ਤੂ ਗੱਲ ਸੁਣ ਨੂੰਹੇ ਤੂੰ ਕੰਨ ਧਰ।

**ਭਾਵ** :—ਜਦ ਸਮਝਾਇਆ ਕਿਸੇ ਹੋਰ ਨੂੰ ਜਾਵੇ, ਤੇ ਗੱਲ ਕਿਸੇ ਨਾਲ ਕੀਤੀ ਜਾਵੇ।

**ਵਰਤੋਂ** :— ਸਮਝਾਇਆ ਕਿਉਂ ਨਹੀਂ ? ਸੌ ਵੇਰ ਇਸ਼ਾਰੇ ਸੁਟੇ ਹਨ। ਹੋਰ ਕੋਈ ਸੋਟਾ ਫੜਕੇ ਮਾਰਦੀ ? ਅਖੇ 'ਧੀਏ ਤੂੰ ਗੱਲ ਸੁਣ, ਨੂੰਹੇਂ ਤੂੰ ਕੰਨ ਧਰ' ਤਰੀਕੇ ਨਾਲ ਹੀ ਸਮਝਾਉਣਾ ਸੀ। (ਸੰਗ੍ਰ)

## ਧੀਰਾ ਸੋ ਗੰਭੀਰਾ।

**ਭਾਵ** :—ਧੀਰਜ ਤੇ ਹੌਸਲੇ ਵਾਲਾ ਮਨੁਖ ਸਦਾ ਗੰਭੀਰ ਹੁੰਦਾ ਹੈ। ਹੋਛਾ ਜਾਂ ਬੜਬੋਲਾ ਕਦੇ ਨਹੀਂ ਹੁੰਦਾ।

**ਵਰਤੋਂ** :— ਕਿੰਨਾ ਨੁਕਸਾਨ ਹੋਇਆ, ਪਰ ਮਜਾਲ ਹੈ ਜੋ ਬੋਲਿਆ ਹੀ ਹੋਵੇ ਸਚ ਹੈ 'ਧੀਰਾ, ਸੋ ਗੰਭੀਰਾ'। (ਸੰਗ੍ਰ)

## ਧੁਖਦੀ ਅਗ ਕਿਸੇ ਨਾ ਕਿਸੇ ਦਿਨ ਜ਼ਰੂਰ ਭੜਕ ਪੈਂਦੀ ਹੈ।

**ਭਾਵ** :—ਦੱਬੀ ਹੋਈ ਸਧੱਰ ਕਿਸੇ ਦਿਨ ਉਭਰ ਆਉਂਦੀ ਹੈ।

**ਵਰਤੋਂ** :— ਇਹ 'ਧੁਖਦੀ ਅੱਗ ਕਿਸੇ ਨਾ ਕਿਸੇ ਦਿਨ ਜ਼ਰੂਰ ਭੜਕ ਪੈਂਦੀ ਹੈ'। ਲੋਕਾਂ ਦਾ ਸਬਰ ਟੁਟਣ ਹੀ ਵਾਲਾ ਹੈ। (ਸੰਗ੍ਰ)

## ਧੁਰ ਦਰਗਾਹੋਂ ਲਿਖਿਆ ਰੋਟੀ ਉਤੇ ਥੂਮ।

**ਭਾਵ** :—ਜਦ ਕਈ ਹੀਲੇ ਕਰਨ ਤੇ ਵੀ ਕਿਸੇ ਦੀ ਮਾਇਕ ਹਾਲਤ ਚੰਗੀ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਆਪਾਂ ਤਾਂ ਕੁਝ ਨਾ ਬਣਾਇਆ ...ਟਕਰਾਂ ਮਾਰਦੇ ਰਹੇ ਤੇ ਛੇਕੜ ਸਾਡਾ ਤਾਂ ਉਹੀ ਹਾਲ ਰਿਹਾ ਅਖੇ 'ਧੁਰ ਦਰਗਾਹੋਂ ਲਿਖਿਆ ਰੋਟੀ ਉਤੇ ਥੂਮ'। ਅਸੀਂ ਕੀ ਜਾਣੀਏ ਲੋਕੀ ਕਿਕਣ ਥੈਲੀਆਂ ਭਰ ਲਿਆਂਦੇ ਨੇ।

(ਟੁਟੀ ਵੀਣਾ—ਨਾਨਕ ਸਿੰਘ)

## ਧੁਰ ਦੀ ਲਿਖੀ ਨੂੰ ਕੌਣ ਮੇਟੇ ?

**ਭਾਵ** :—ਜਿਹੜੀ ਗੱਲ ਭਾਗਾਂ ਵਿੱਚ ਰਬ ਵੱਲੋਂ ਲਿਖੀ ਹੋਵੇ ਉਸਨੂੰ ਕੋਈ ਨਹੀਂ ਮਿਟਾ ਸਕਦਾ।

**ਵਰਤੋਂ** :—ਜਦ ਸਸੀ ਜਵਾਨ ਹੁੰਦੀ ਹੈ, ਧੋਬੀ ਵਰ ਦੀ ਟੋਲ ਕਰਦੇ ਹਨ। ਸਸੀ ਜੋਤਸ਼ੀਆਂ ਤੋਂ ਪੁਛਦੀ ਹੈ। ਉਹ ਉਸਦਾ ਜੋਗ ਪੁਨੂੰ ਨਾਲ ਦਸਦੇ ਹਨ। ਬਸ ਪੁਨੂੰ ਦਾ ਪ੍ਰੇਮ ਹੋ ਜਾਂਦਾ ਹੈ। 'ਧੁਰ ਦੀ ਲਿਖੀ ਕੌਣ ਮੇਟੇ' ਤੇ ਭਰੋਸਾ ਕਰ ਬੈਠਦੀ ਹੈ।

(ਕੋਇਲ ਕੂ—ਬਾਵਾ ਬੁਧ ਸਿੰਘ)

## ਧੇਲਾ ਨ ਦਇ, ਧੇਲੀ ਦੇਇ।

**ਭਾਵ** :—ਜਦ ਕੋਈ ਥੋੜੀ ਚੀਜ਼ ਦੇਣ ਤੋਂ ਤਾਂ ਸੰਕੋਚ ਕਰੇ ਪਰ ਬਾਹਲੀ ਦੇਵੇ।

**ਵਰਤੋਂ** :— ਮੂਰਖ ਹੈ ਪਲੀ ਪਲੀ ਕਟਕੇ ਜੋੜਦਾ ਰਿਹਾ ਹੈ। ਹੁਣ ਵਿਆਹ ਉਤੇ 'ਧੇਲਾ ਨਾ ਦੇਇ, ਧੇਲੀ ਦੇਇ' ਵਾਲਾ ਹਸਾਬ ਕਰ ਰਿਹਾ ਹੈ।

(ਸੰਗ੍ਰ)

## ਧੇਲੇ ਦੀ ਬੁਢੀ ਟਕਾ ਸਿਰ ਮੁਨਾਈ।

**ਭਾਵ** :—ਜਦ ਕਿਸੇ ਨਿਕੰਮੀ ਚੀਜ਼ ਉਤੇ ਬਹੁਤਾ ਖਰਚ ਹੋਵੇ।

**ਵਰਤੋਂ** :—ਧਨਾ ਜੱਟ—ਸ਼ਾਹ ਜੀ ! ਵਿਆਜ ਤਾਂ ਬਹੁਤਾ ਏ, ਦਾੜ੍ਹੀ ਨਾਲੋਂ ਮੁਛਾਂ ਵਧ ਗਈਆਂ, 'ਧੇਲੇ ਦੀ ਬੁਢੀ ਟਕਾ ਸਿਰ ਮੁਨਾਈ'।

(ਰਜਨੀ ਨਾਟਕ—ਬਲਵੰਤ ਸਿੰਘ)

## ਧੋਤਿਆਂ ਜੂਠਿ ਨਾ ਉਤਰੈ ਜੇ ਸਉ ਧੋਵਾਂ ਤਿਸ।

**ਭਾਵ** :—ਬਾਹਰੋਂ ਧੋਣ ਨਾਲ ਕਿਸੇ ਦੇ ਅੰਦਰ ਦੀ ਮੈਲ ਦੂਰ ਨਹੀਂ ਹੁੰਦੀ ।

**ਵਰਤੋਂ** :—

ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆਂ ਜੂਠਿ ਨ ਉਤਰੈ ਜੇ ਸਉ ਧੋਵਾਂ ਤਿਸੁ ॥
(ਗੁਰੂ ਗ੍ਰੰਥ—ਸੂਹੀ ਰਾਗ)

**ਧੋਤੇ ਮੂੰਹ ਚਪੇੜ ।**

**ਭਾਵ** :—ਜਦ ਕਿਸੇ ਕੰਮ ਦੀ ਬੜੀ ਆਸ ਹੋਵੇ, ਪਰ ਵੇਲੇ ਸਿਰ ਨਿਰਾਸਤਾ ਹੋ ਜਾਵੇ ।

**ਵਰਤੋਂ** :—ਡਿਪਟੀ ਸਾਹਿਬ ਤਾਂ ਆਏ ਪਰ ਸਖਤੀ ਕੀਤੀ ਕਰਾਈ ਐਵੇਂ ਹੀ ਗਈ । ਸਾਨੂੰ ਤਾਂ 'ਧੋਤੇ ਮੂੰਹ ਚਪੇੜ ਪੈ ਗਈ' । (ਸੰਗ੍ਰ)

**ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ ।**

**ਭਾਵ**:—ਜਦ ਕੋਈ ਕਿਸੇ ਕੰਮ ਜੋਗਾ ਨਾ ਰਹੇ ।

**ਵਰਤੋਂ** :—ਸੁਭਦ੍ਰਾ ਜਾਣਦੀ ਸੀ, ਕਿ ਮੈਂ ਇਸਦੀ ਲਾਵਾਂ ਨਾਲ ਲਿਆਂਦੀ ਨਹੀਂ ਹਾਂ, ਜੇ ਇਹ ਅਜ ਮੈਨੂੰ ਬੋਦੀਉਂ ਫੜਕੇ ਧੱਕਾ ਦੇ ਦੇਵੇ ਤਾਂ ਧੋਬੀ ਦੇ ਕੁਤੇ ਵਾਂਗ ਮੈਂ ਘਰੋਂ ਘਾਟੋਂ ਜਾਵਾਂਗੀ ।
(ਮਿਠਾ ਮੋਹਰਾ—ਨਾਨਕ ਸਿੰਘ)

**ਧੋਬੀ ਦੀ ਕੀ ਗਈ ਛੂ ।**

**ਭਾਵ** :—ਜਦ ਕਿਸੇ ਕੰਮ ਵਿਚ ਆਪਣਾ ਨੁਕਸਾਨ ਨਾ ਹੁੰਦਾ ਹੋਵੇ ।

**ਵਰਤੋਂ** :—ਉਹਨੇ ਕਿਹਾ ਮੈਂ ਕਿਹੜਾ ਹੱਲ ਵਾਹ ਕੇ ਖੱਟੀ ਕੀਤੀ ਸੀ ? 'ਧੋਬੀ ਦੀ ਕੀ ਗਈ ਛੂ' ਜਿਸ ਤਰ੍ਹਾਂ ਧਨ ਸਸਤਾ ਆਇਆ ਉਸੇ ਤਰ੍ਹਾਂ ਉਜਾੜ ਦਿੱਤਾ । (ਸੰਗ੍ਰ)

**ਧੋਬੀਆਂ ਦੇ ਘਰ ਪਏ ਚੋਰ, ਉਹ ਨਾ ਲੁੱਟੇ ਲੁੱਟੇ ਹੋਰ ।**

**ਭਾਵ** :—ਜਦ ਕਿਸੇ ਦਾ ਜ਼ਾਹਿਰਾ ਨੁਕਸਾਨ ਹੋ ਜਾਣ ਤੇ ਵੀ ਵਿਚੋਂ ਉਸ ਨੂੰ ਕੋਈ ਨੁਕਸਾਨ ਨਾ ਪੁਜੇ ਤੇ ਹੋਰਨਾਂ ਨੂੰ ਪੁਜੇ ।

**ਵਰਤੋਂ** :— ਬੈਂਕ ਵਾਲਿਆਂ ਨੂੰ ਕੀ ? ਬੈਂਕ ਫੇਲ ਹੋ ਗਿਆ । ਪਰ ਪੈਸੇ ਤਾਂ ਸਭ ਲੋਕਾਂ ਦੇ ਸਨ । 'ਧੋਬੀਆਂ ਦੇ ਘਰ ਪਏ ਚੋਰ, ਉਹ ਨਾ ਲੁਟੇ ਲੁਟੇ ਹੋਰ' ਸਭੋ ਵੰਗ ਰਹਿ ਗਏ । (ਸੰਗ੍ਰ)

**ਧੌਲੁ ਧਰਮੁ ਦਇਆ ਕਾ ਪੂਤੁ ॥**

**ਭਾਵ** :—ਲੋਕਾਂ ਦਾ ਮੰਨਿਆ ਹੋਇਆ ਧੌਲ ਬਲਦ (ਸ੍ਰਿਸ਼ਟੀ ਦਾ ਭਾਰ ਚੁਕਣ ਵਾਲਾ) ਅਸਲ ਵਿਚ ਰਬ ਦੀ ਕਿਰਪਾ ਦਾ ਮੰਨਿਆ ਹੋਇਆ ਕਾਨੂੰਨ ਹੈ ।

**ਵਰਤੋਂ** :-

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
(ਗੁਰੂ ਗ੍ਰੰਥ—ਜਪੁਜੀ)

**ਧੌਲੀ ਪਰਮੇਸ਼ਰੀ, ਧੌਲੀ ਝੰਡ ਖੰਡ, ਹਾਲਾ ਮਲਵਾ ਲਾ ਕੇ ਮੈਨੂੰ ਹਸ ਘੜਾ ।**

**ਭਾਵ** :—ਭਾਵੇਂ ਕੁਝ ਹੋਵੇ, ਮੇਰਾ ਘਰ ਪੂਰਾ ਪੂਰਾ ਕਰ ।

**ਵਰਤੋਂ** :—ਹੁਣ ਤਾਂ ਬੁਢੀ ਹੋ ਗਈ ਏਂ, ਵਾਲ ਸਾਰੇ ਤੇਰੇ ਸਿਰ ਦੇ ਚਿਟੇ ਨੇ । ਪਰ ਤੂੰ ਫੈਸ਼ਨਾਂ ਨੂੰ ਨਹੀਂ ਛਡਦੀ ਅਖੇ 'ਧੌਲੀ ਪਰਮੇਸਰੀ, ਧੌਲੀ ਝੰਡ ਖੰਡਾ ਹਾਲਾ ਮਲਬਾ ਲਾਕੇ ਮੈਨੂੰ ਹਸ ਘੜਾ' । (ਸੰਗ੍ਰ)

**ਧੌਲੀ ਦਾੜ੍ਹੀ ਵਿਚ ਘੱਟਾ ।** ਜ **ਧੌਲੀ ਦਾੜ੍ਹੀ ਵਿਚ ਭੁਬੱਲ ।** ਜਾਂ **ਧੌਲਾ ਝਾਟਾ ਤੇ ਆਟਾ ਖਰਾਬ ।** ਜਾਂ **ਧੌਲੀ ਦਾੜ੍ਹੀ ਤੇ ਆਟਾ ਖਰਾਬ ।**

**ਭਾਵ** :—ਜਦ ਕੋਈ ਸਿਆਣਾ ਜਾਂ ਵਡੇਰੀ ਉਮਰ ਵਾਲਾ ਬੰਦਾ ਕੋਈ ਮਾੜਾ ਕੰਮ ਕਰੇ ਤਦ ਅਜਿਹੇ ਅਖਾਣ ਵਰਤਦੇ ਹਨ ।

**ਵਰਤੋਂ** :—ਕਿਰਪਾ ਸ਼ਾਹ—ਹੈਂ ਲਗਾ ਏਂ ਮੇਰੀ ਧੌਲੀ ਦਾੜ੍ਹੀ ਵਿੱਚ ਘਟਾ ਪਾਣ ? ਓਏ ਗਿਤੋਂ

ਕਿਉਂ ਤੂੰ ਉਹਨਾਂ ਨਾਲ ?

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲ ਦੀਨ)

**ਧੰਨ ਧੀਆਂ, ਜਿਨ੍ਹਾਂ ਖ਼ਾਨ ਨਿਵਾਏ ।**

**ਭਾਵ** :— ਜਿਸ ਨੂੰ ਧੀ ਵਿਆਹ ਦਈਏ ਉਸ ਅਗੇ ਨਿਵਣਾ ਹੀ ਪੈਂਦਾ ਹੈ ।

**ਵਰਤੋਂ** :— ਭਾਵੇਂ ਉਹਨਾਂ ਦੀ ਹੈਸੀਅਤ ਕੁਝ ਵੀ ਹੈ। ਧੀ ਦੇ ਦਿਤੀ ਫਿਰ ਉਹਨਾਂ ਅਗੇ ਨਿਵਣਾ ਹੀ ਬਣਦਾ ਹੈ। 'ਧੰਨ ਧੀਆਂ ਜਿਹਨਾਂ ਖ਼ਾਨ ਨਿਵਾਏ' । (ਸੰਗ੍ਰ)

**ਧੰਨ ਪਰਭਾਣੀਆਂ ਜਿਹੜੀਆਂ ਸਿਰ੍ਹਾਣੇ ਰਖਕੇ ਸੌਂਦੀਆਂ ਨੇ ।**

**ਭਾਵ** :—ਯੋਗ ਆਦਮੀ ਹੀ ਯੋਗ ਵਸਤੂ ਨੂੰ ਸਾਂਭ ਸਕਦਾ ਹੈ। ਅਯੋਗ ਤੇ ਖਾ ਪੀ ਗਵਾ ਦਏ ।

**ਵਰਤੋਂ** :—ਉਸ ਪਾਸ ਕਿਤੋਂ ਦੋ ਸੌ ਰੁਪਏ ਆ ਗਏ। ਕੱਲ੍ਹ ਸਾਰੇ ਖਰਚ ਕੇ ਸਾਹ ਲਿਆ ਉਸ ਨੇ। ਇਹੋ ਜਹੇ ਪਾਸੋਂ ਧਨ ਸਾਂਭਣ ਹੁੰਦਾ ਹੈ ਕਿਤੇ। 'ਧੰਨ ਪਰਭਾਣੀਆ ਜਿਹੜੀਆਂ ਸਿਰਾਣੇ ਰਖਕੇ ਸੌਂਦਆਂ ਹਨ।' (ਸੰ)

**ਧੰਨ ਪੈਣਾ, ਜਿਨ ਪੈਣਾ ਅਖਵਾਇਆ ।**

**ਭਾਵ** :—ਨਿਮਾਣਤਾ ਧੰਨ ਹੈ ।

**ਵਰਤੋਂ** :—ਹਰ ਕੋਈ ਆਪਣੀ ਵਡਿਆਈ ਹੀ ਕਰਦਾ ਹੈ। ਕਿਸੇ ਨੂੰ ਨਿਮਾਣਾ ਆਖ ਕੇ ਤਾਂ ਵੇਖੋ। 'ਧੰਨ ਪੈਣਾ, ਜਿਨ ਪੈਣਾ ਅਖਵਾਇਆ' । (ਸੰਗ੍ਰ)

# ਨ

**ਨਹਾਉਣਾ ਤੇ ਗੰਗਾ, ਨਹੀਂ ਤੇ ਮੂੰਹ ਵੀ ਨਹੀਂ ਧੋਣਾ ।**

**ਭਾਵ** :—ਕੰਮ ਕਰਨਾ ਤੇ ਵੱਡਾ ਨਹੀਂ ਤੇ ਨਾ ਕਰਨਾ ।

**ਵਰਤੋਂ** :—ਰਾਇ ਸਾਹਿਬ—ਪਈ ਮੁੰਡਾ ਹੋਵੇ ਤੇ ਇੰਗਲੈਂਡ ਰੀਟਰਨਡ, ਉਰੇ ਨਜ਼ਰ ਹੀ ਨਹੀਂ ਟਿਕਦੀ। ਕਈ ਇਹੋ ਜਿਹੇ ਭੀ ਹੈਨ ਪਈ ਨਹਾਉਣਾ ਤੇ ਗੰਗਾ ਨਹੀਂ ਤੇ ਮੂੰਹ ਵੀ ਨਹੀਂ ਧੋਣਾ ।

(ਵਰ ਘਰ—ਆਈ. ਸੀ. ਨੰਦਾ)

**ਨਹੀਓਂ ਅੰਤ ਝਨਾ ਦਾ, ਜਿਥੇ ਬੇੜੇ ਲੱਖ ਡੁਬਨ ।**

**ਭਾਵ** :—ਜਿਸ ਮੁਸੀਬਤ ਦਾ ਪਾਰਾਵਾਰ ਨਾ ਪਤਾ ਲਗੇ ।

**ਵਰਤੋਂ** :— ਲਾਹੌਰੋਂ ਤੁਰ ਰਾਵੀ ਪਾਰ ਹੋ ਕੇ ਝਨਾ ਨਦੀ ਆਉਂਦੀ ਹੈ ਜਿਸਦਾ ਪਾੜ ਅਰ ਵਹਿਣ ਐਡਾ ਭਾਰੀ ਹੈ ਕਿ ਪੰਜਾਬੀ ਵਿਚ ਕਹਾਵਤਾਂ ਵਿੱਚ ਵਰਤੀਂਦਾ ਹੈ। 'ਨਹੀਓਂ ਅੰਤ ਝਨਾਂ ਦਾ ਜਿਥੇ ਬੇੜੇ ਲਖ ਡੁਬਨ।'

(ਬਿਜੈ ਸਿੰਘ—ਭਾਈ ਵੀਰ ਸਿੰਘ)

**ਨਕ ਕਪਿਆਂ ਮੂੰਹ ਖੁਲ੍ਹਦਾ ਹੈ ।**

**ਭਾਵ** :—ਮਾੜੇ ਬੰਦੇ ਦਾ ਜਦ ਟੋਕਾ ਟੋਕੀ ਕਰਨ ਨਾਲ ਝਾਕਾ ਲਹਿ ਜਾਵੇ। ਤਦ ਉਹ ਹੋਰ ਵੀ ਭੈੜਾ ਹੋ ਜਾਂਦਾ ਹੈ।

**ਵਰਤੋਂ** :— ਬਾਬਾ—ਸਜਨ ਜੀ ! ਮਾੜੇ ਨੂੰ ਚੰਗਾ ਬਣਾਉਣ ਲਈ ਟੋਕਾ ਟੋਕੀ ਨਹੀਂ ਕਰਨੀ ਚਾਹੀਦੀ। ਇਉਂ ਕਰਨ ਨਾਲ ਤਾਂ ਸਗੋਂ ਵਿਗਾੜ ਹੁੰਦਾ ਹੈ। ਨਕ ਕਪਿਆਂ ਤਾਂ ਸਗੋਂ ਮੂੰਹ ਖੁਲਦਾ ਹੈ।

(ਸੰਗ੍ਰ)

**ਨਕ ਦੀ ਸੇਧੇ ਜਾਹ, ਦਾਲ ਰੋਟੀ ਖਾਹ। ਜਾਂ ਨਕ ਦੀ ਸੇਧੇ ਜਾਈਏ ਤੇ ਲੂਣ ਮਿਰਚ ਖਾਈਏ ।**

**ਭਾਵ** :—ਸਿੱਧਾ ਤੇ ਸਾਦਾ ਜੀਵਨ ਬਤੀਤ ਕਰੋ ਤੇ ਸੁਖੀ ਰਹੋ।

**ਵਰਤੋਂ** :— ਕੁਲਵੰਤ ਕੌਰ—ਵੀਰ ਜੀ ! ਵਿਤ ਅਨੁਸਾਰ ਖਰਚ ਕਰੋ, ਫਿਰ ਕੋਈ ਦੁਖ ਨਹੀਂ

ਹੋਣਾ। ਸਿਆਣਿਆਂ ਦਾ ਕਹਿਣਾ ਹੈ 'ਨਕ ਦੀ ਸੇਧੇ ਜਾਹ ਤੇ ਦਾਲ ਰੋਟੀ ਖਾਹ।' (ਸੰਗ੍ਰ)

**ਨਕ ਨਾ ਹੋਵੇ ਵਾਲ, ਤਿਨ ਕਰੇ ਪਤਾਲ।**

**ਭਾਵ** :—ਜਦ ਕਿਸੇ ਉਪਰ ਦਬਾ ਨਾ ਹੋਵੇ ਤਾਂ ਉਹ ਜੋ ਚਾਹੇ ਕਰਦਾ ਹੈ।

**ਵਰਤੋਂ** :— 'ਨਕ ਨਾ ਹੋਵੇ ਵਾਲ ਤਿਨ ਕਰੇ ਪਤਾਲ' ਸਿਰ ਤੇ ਕੋਈ ਕੁੰਡਾ ਨਹੀਂ ਸੀ, ਜਿਧਰ ਜੀ ਆਇਆ ਭਜ ਗਈ।। (ਸੰਗ੍ਰ)

**ਨਕ ਨਾਲੋਂ ਪੂੰਝਕੇ ਗਲ ਨੂੰ ਲਾ ਲਿਆ।** ਜਾਂ **ਨਕੋਂ ਕਢਣਾ, ਗੱਲੀ ਲਾਉਣਾ।**

**ਭਾਵ** :—ਜਦ ਕੋਈ ਇਕ ਭੇੜ ਨੂੰ ਢਕਦਾ ਸਗੋਂ ਹੋਰ ਵਡਾ ਭੇੜ ਸਹੇੜ ਲਵੇ।

**ਵਰਤੋਂ** :— ਕਰਤਾਰ ਕੌਰ—ਚੰਗੀ ਸਫਾਈ ਕੀਤੀ ਜੇ। ਕਮਰੇ ਵਿਚੋਂ ਗੰਦ ਕਢਕੇ ਬਰਾਂਡੇ ਵਿਚ ਸੁਟ ਦਿਤਾ। ਤੁਸੀਂ ਤਾਂ ਨਕੋਂ ਕਢਕੇ ਗੱਲ੍ਹੀ ਲਾਉਣ ਵਾਲੀ ਗਲ ਕੀਤੀ ਹੈ। (ਸੰਗ੍ਰ)

**ਨਕ ਵਢਾਇਆ ਜੇਬੇ ਪਾਇਆ, ਤੇ ਨਾਂ ਰਖਿਆ ਸ਼ਰਮਿੰਦੀ।**

**ਭਾਵ** :—ਜਦ ਕਿਸੇ ਨੂੰ ਬਹੁਤ ਨਮੋਸ਼ੀ ਝਲਣੀ ਪਵੇ।

**ਵਰਤੋਂ** : — ਆਦਮੀ—ਕਰਨਾ ਕੀ ਊ, ਡੁੱਬ ਮਰ! ਹੋਰ ਕੀ ਕਰਨਾ ਏ। ਸਚ-ਮੁਚ ਓਹਾ ਗਲ ਕੀਤੀ ਜੇ ਅਖੇ 'ਨਕ ਵਢਾਇਆ ਜੇਬੇ ਪਾਇਆ ਨਾਂ ਸ਼ਰਮਿੰਦੀ' ਮੂਰਖਾ, ਤੂੰ ਭੀ ਤਾਂ ਚੌਧਰੀ ਦਾ ਮਾਂ ਪਿਉ ਜਾਇਆ ਸੱਕਾ ਭਰਾ ਏਂ ਤੇਰੀ ਭੀ ਤਾਂ ਓਹੀ ਸੱਕੀ ਭਤਰੀ ਲਗਦੀ ਏ। ਤੇਰੀ ਤੇ ਚੌਧਰੀ ਦੀ ਇਕ ਦਾੜ੍ਹੀ, ਇਕ ਪੱਗ, ਅਜੇ ਵੀ ਆਖਣਾ ਏਂ ਕੀ ਕਰਾਂ?

(ਹੀਰ ਸਿਆਲ—ਫ਼ੀਰੋਜ਼ ਦੀਨ ਸ਼ਰਫ)

**ਨਕ ਵਾਲੇ ਨੂੰ ਹੀ ਸੁਗੰਧੀ ਦੀ ਸਾਰ ਹੁੰਦੀ ਹੈ।**

**ਭਾਵ** :—ਸਮਝ ਵਾਲੇ ਨੂੰ ਹੀ ਗੁਣਵਾਨ ਦੀ ਕਦਰ ਹੁੰਦੀ ਹੈ।

**ਵਰਤੋਂ** :— ਇਕ ਦਿਨ ਏਂਵੇ ਗਲਾਂ ਕਰਦਿਆਂ ਕਾਣੇ ਦੇ ਮੂੰਹੋਂ ਨਿਕਲ ਗਿਆ 'ਨੱਕ ਵਾਲੇ ਨੂੰ ਹੀ ਸੁਗੰਧੀ ਦੀ ਸਾਰ ਹੁੰਦੀ ਹੈ' ਦੂਜੇ ਨੂੰ ਕੀ, ਜਿਸ ਨੂੰ ਬੋ ਹੀ ਨਹੀਂ।

(ਸ੍ਰੀ ਚਰਣ ਹਰਿ ਵਿਸਥਾਰ—ਡਾ. ਬਲਬੀਰ ਸਿੰਘ)

**ਨਕਦ ਅਜ, ਉਧਾਰ ਕਲ੍ਹ।**

**ਭਾਵ** :—ਉਧਾਰੀ ਚੀਜ਼ ਨਹੀਂ ਮਿਲੇਗੀ।

**ਵਰਤੋਂ** :— ਅਜ ਕਲ੍ਹ ਉਧਾਰ ਕੌਣ ਦੇਂਦਾ ਹੈ ਕਿਸੇ ਨੂੰ? ਹਰ ਹੱਟੀ ਉੱਤੇ ਲਿਖਿਆ ਹੁੰਦਾ ਹੈ, 'ਨਕਦ ਅੱਜ ਉਧਾਰ ਕਲ੍ਹ'। (ਸੰਗ੍ਰ)

**ਨਕਿ ਨਥ ਖਸਮ ਹਥਿ ਕਿਰਤੁ ਧਕੇ ਦੇ॥** ਜਾਂ **ਨਥ ਖਸਮ ਹਥ।**

**ਭਾਵ** :—ਜੋ ਮਨੁਖ ਕਰਦਾ ਹੈ ਉਹ ਆਪਣਾ ਕੀਤਾ ਨਹੀਂ ਕਰਦਾ, ਰਬ ਦਾ ਕਰਾਇਆ ਕਰਦਾ ਹੈ।

**ਵਰਤੋਂ** :—

ਨਕਿ ਨਥ ਖਸਮ ਹਥਿ ਕਿਰਤ ਧਕੇ ਦੇ।
ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚ ਹੇ।

(ਗੁਰੂ ਗ੍ਰੰਥ—ਰਾਗ ਸੋਰਠ)

**ਨਗਨ ਫਿਰਤ ਜੋ ਪਾਈਐ ਜੋਗ। ਬਨ ਕਾ ਮਿਰਗੁ ਮੁਕਤਿ ਸਭੁ ਹੋਗ।**

**ਭਾਵ** :—ਜੇ ਨੰਗੇ ਰਹਿਆਂ ਮੁਕਤੀ ਮਿਲਣੀ ਹੋਵੇ ਤਾਂ ਜੰਗਲ ਦੇ ਸਾਰੇ ਜਨੌਰ ਮੁਕਤ ਹੋ ਜਾਣ।

**ਵਰਤੋਂ** :—

ਨਗਨ ਫਿਰਤ ਜੋ ਪਾਈਐ ਜੋਗ।
ਬਨ ਕਾ ਮਿਰਗੁ ਮੁਕਤਿ ਸਭ ਹੋਗ।
ਕਿਆ ਨਾਗੇ ਕਿਆ ਬਾਧੇ ਚਾਮ।
ਜਬ ਨਹੀ ਚੀਨਸਿ ਆਤਮ ਰਾਮ।

(ਗੁਰੂ ਗ੍ਰੰਥ—ਗਉੜੀ ਕਬੀਰ)

**ਨਗਾਰ ਖਾਨੇ ਵਿਚ ਤੂਤੀ ਦੀ ਕੌਣ ਸੁਣਦਾ ਹੈ।**

**ਭਾਵ** :—ਵਡਿਆਂ ਜਾਂ ਰਸੂਖ ਵਾਲਿਆਂ ਵਿੱਚ ਜਦ ਲਿੱਸੇ ਜਾਂ ਗਰੀਬ ਦੀ ਕੋਈ ਗੱਲ ਨਾ ਸੁਣੇ।

**ਵਰਤੋਂ** :— ਚਲੋ ਯਾਰ, ਇਥੋਂ ਚਲੀਏ, ਇਸ 'ਨਗਾਰਖਾਨੇ ਵਿਚ ਤੂਤੀ ਦੀ ਕੌਣ ਸੁਣਦਾ ਹੈ' ਇਸ ਅਮੀਰ-ਸਭਾ ਵਿਚ ਸਾਡੀ ਗਰੀਬਾਂ ਦੀ ਕੀ ਪੁਛ ਹੋਣੀ ਹੈ ? (ਸੰਗ੍ਰ)

**ਨੱਚ ਨ ਜਾਣੇ ਵਿਹੜੇ ਨੂੰ ਦੋਸ਼।** ਜਾਂ **ਨੱਚ ਨਾ ਜਾਣੇ ਵਿਹੜਾ ਡਿੰਗਾ।**

**ਭਾਵ** :—ਜਦ ਕੋਈ ਕੰਮ ਕਰਨਾ ਜਾਣਦਾ ਨਾ ਹੋਵੇ ਤੇ ਦੋਸ਼ ਹੋਰਨਾਂ ਸਿਰ ਪਿਆ ਥਪੇ।

**ਵਰਤੋਂ** :— ਸੋਸ਼ੀਲਾ—"ਮੇਰੇ ਦਿਮਾਗ ਵਿੱਚ ਤੂੜੀ ਭਰੀ ਹੋਈ ਏ ਕਿ ਤੇਰੇ ਦਿਮਾਗ ਵਿੱਚ ਮੂਲੀਆਂ ਦੇ ਪੱਤਰ ਭਰੇ ਹੋਏ ਨੇ ? ਸਿਖਣ ਦਾ ਚੱਜ ਆਪ ਨੂੰ ਨਹੀਂ ਤੇ ਭਾਂਡਾ ਭੰਨਦਾ ਏ ਮੇਰੇ ਸਿਰ, ਅਖੇ 'ਨਚ ਨਾ ਜਾਣੇ ਵਿਹੜਾ ਡਿੰਗਾ।' (ਸੰਗ੍ਰ)

**ਨੱਚਣ ਨੱਚ ਨ ਜਾਣਈ ਆਖੇ ਭੁਇ ਸਉੜੀ।**

**ਭਾਵ** :—ਜਦੋਂ ਗੁਣ ਆਪਣੇ ਪਲੇ ਨਾ ਹੋਵੇ ਤੇ ਦੋਸ਼ ਦੂਜਿਆਂ ਨੂੰ ਦਿਤਾ ਜਾਇ।

**ਵਰਤੋਂ** :—

ਗਿਦੜ ਦਾਖ ਨਾ ਅਪੜੈ ਆਖੇ ਥੂ ਕਉੜੀ।
ਨਚਨ ਨੱਚ ਨਾ ਜਾਣਈ ਆਖੇ ਭੁਇ ਸਉੜੀ।
(ਵਾਰਾਂ—ਭਾਈ ਗੁਰਦਾਸ)

**ਨੱਚਣ ਲਗੀ ਤਾਂ ਘੁੰਗਟ ਕਿਹਾ।**

**ਭਾਵ** :—ਸ਼ਰਹ ਵਿਚ ਸ਼ਰਮ ਕਾਹਦੀ ? ਭਾਵ ਜਦ ਕੋਈ ਗੱਲ (ਮੰਦੀ ਜਾਂ ਚੰਗੀ) ਕਰਨੀ ਪਵੇ, ਤਾਂ ਨਿਸੰਗ ਹੋਕੇ ਕਰਨੀ ਚਾਹੀਦੀ ਹੈ।

**ਵਰਤੋਂ** :— ਪੁਤਰ—ਮਾਂ ਜੀ ! ਤੁਹਾਡੀਆਂ ਮਤਾਂ ਬੜੀਆਂ ਉੱਤਮ ਹਨ ਪਰ 'ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗ ਅਜਾਨ ॥ ਤਾਂ ਸਿਉਂ ਤੂਟੀ ਹਕਿਉਂ ਬਨੇ ਜਾਕੈ ਜੀਆ ਪ੍ਰਾਨ' ॥ 'ਨਚਣ ਲਗੀ ਤਾਂ ਘੁੰਡ ਕਿਹਾ' ?
(ਬਿਜੈ ਸਿੰਘ—ਭਾਈ ਵੀਰ ਸਿੰਘ)

**ਨਜ਼ਰ ਕਹਿਦੇ ਨੇ, ਪੱਥਰ ਪਾੜ ਦੇਂਦੀ ਹੈ।**

**ਭਾਵ** :—ਨਜ਼ਰ ਲਗ ਜਾਣੀ ਬੜੀ ਮਾੜੀ ਹੁੰਦੀ ਹੈ। ਮੰਦੀ ਨਜ਼ਰ ਤਬਾਹ ਕਰ ਦਿੰਦੀ ਹੈ।

**ਵਰਤੋਂ** :— ਖੌਰੇ ਤਾਂ ਉਹਦੀ ਨਜ਼ਰ ਲਗ ਗਈ 'ਨਜ਼ਰ ਕਹਿੰਦੇ ਨੇ ਪੱਥਰ ਪਾੜ ਦਿੰਦੀ ਹੈ'।
(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ)

**ਨਠਦੇ (ਜਾਂਦੇ) ਚੋਰ ਦੀ ਲੰਗੋਟੀ ਹੀ ਸਹੀ।**

**ਭਾਵ** :—ਜਦ ਕੋਈ ਬਹੁਤੀ ਚੀਜ਼ ਹੱਥੋਂ ਜਾਂਦੀ ਦਿਸੇ, ਤਦ ਜੋ ਹੱਥ ਆ ਸਕੇ ਉਨਾ ਹੀ ਲਾਭਵੰਦ ਹੈ।

**ਵਰਤੋਂ** :— ਚਲੋ, ਜੋ ਮਿਲਿਆ ਸੋ ਲਾਹੇ ਦਾ 'ਨਠਦੇ ਚੋਰ ਦੀ ਲੰਗੋਟੀ ਹੀ ਸਹੀ।' ਇਹ ਵੀ ਕਿਹੜਾ ਥੋੜਾ ਏ। (ਸੰਗ੍ਰ)

**ਨੱਥਾਂ ਨੱਕ ਨਵੇਲੀਆਂ ਨਕਟੀ ਨਾ ਸੁਖਾਵੈ।**

**ਭਾਵ** :—ਨਕ ਵਢੀ ਨੂੰ ਸਹੇਲੀਆਂ ਦੇ ਨੱਕੀ ਨਥਾਂ ਨਹੀਂ ਸੁਖਾਂਦੀਆਂ। ਭਾਵ ਔਗੁਣਿਆਰੇ ਨੂੰ ਗੁਣੀ ਚੰਗਾ ਨਹੀਂ ਲਗਦਾ।

**ਵਰਤੋਂ** :—

ਨਥਾਂ ਨਕ ਨਵੇਲੀਆਂ ਨਕਟੀ ਨਾ ਸੁਖਾਵੈ।
ਕਜਲਾਏ ਹਰਨਾਖੀਆਂ ਕਾਣੀ ਕੁਰਲਾਵੈ।
(ਵਾਰਾਂ—ਭਾਈ ਗੁਰਦਾਸ)

**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।**

**ਭਾਵ** :—ਜੇ ਰੱਬ ਮਿਹਰ ਦੀ ਨਜ਼ਰ

ਹਟਾ ਲਵੇ ਤਦ ਬਾਦਸ਼ਾਹਾਂ ਨੂੰ ਕਖਾਂ ਵਰਗਾ ਹੌਲਾ ਕਰ ਦੇਂਦਾ ਹੈ।

**ਵਰਤੋਂ** :—

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥
(ਗੁਰੂ ਗ੍ਰੰਥ—ਆਸਾ ਦੀ ਵਾਰ)

## ਨਦਾਨ ਬਾਤ ਕਰੇ ਸਿਆਣਾ ਕਿਆਸ ਕਰੇ।

**ਭਾਵ** :—ਮੂਰਖ ਤਾਂ ਜੋ ਜੀ ਆਵੇ ਆਖ ਛਡਦੇ ਹਨ, ਪਰ ਸਿਆਣੇ ਵਿਚਾਰ ਮਗਰੋਂ ਹਰ ਗਲ ਕਰਦੇ ਹਨ।

**ਵਰਤੋਂ** :— ਉਸਦੀ ਸਲਾਹ ਤੂੰ ਐਵੇਂ ਨਾ ਸਮਝ, ਉਸ ਨੇ ਹੁਣ ਦੁਨੀਆਂ ਦੇਖੀ ਹੈ, ਨਾਲੇ ਸਿਆਣਿਆਂ ਵੀ ਆਖਿਆ ਹੈ, 'ਨਦਾਨ ਬਾਤ ਕਰੇ। ਸਿਆਣਾ ਕਿਆਸ ਕਰੇ।' (ਸੰ)

## ਨਦੀ, ਸੰਤੁ ਅਰ ਮੇਘਲਾ ਚਲੇ ਬਹੇ ਰਾਮ ਚਾਲ। ਜਿਉਂ ਜਿਉਂ ਰੀਅਤ ਪਬ ਧਰੇ ਤਿਉਂ ਤਿਉਂ ਕਰੇ ਨਿਹਾਲ।

**ਭਾਵ** :—ਨਦੀ, ਸੰਤ, ਅਤੇ ਮੀਂਹ ਲੋਕਾਂ ਨੂੰ ਖੁਸ਼ੀ ਦੇਂਦੇ ਹਨ।

**ਵਰਤੋਂ** :— ਜੁਆਨੋ! ਸੰਤਾਂ ਨੂੰ ਨਾ ਨਿੰਦੋ, ਸੰਤ ਦੁਖ ਨਹੀਂ ਦੇਂਦੇ 'ਨਦੀ ਸੰਤ ਅਰ ਮੇਘਲਾ ਚਲੇ ਬਹੇ ਰਾਮ ਚਾਲ, ਜਿਉਂ ਜਿਉਂ ਰੀਅਤ ਪਬ ਧਰੇ ਤਿਉਂ ਤਿਉਂ ਕਰੇ ਨਿਹਾਲ।' (ਸੰਗ)

## ਨਦੀ ਕਿਨਾਰੇ ਰੁਖੜਾ। ਜਾਂ ਨਦੀ ਕਿਨਾਰੇ ਰੁਖੜਾ ਅਜ ਢਠਾ ਕੇ ਕਲ੍ਹ।

**ਭਾਵ** :—ਨਦੀ ਦੇ ਕਿਨਾਰੇ ਲਗੇ ਰੁਖ ਵਾਂਗ ਬਢ ਉਮਰ ਵਾਲੇ ਦੀ ਮੌਤ ਦਾ ਪਤਾ ਨਹੀਂ ਹੁੰਦਾ ਕਿਸ ਵੇਲੇ ਆ ਜਾਵੇ।

**ਵਰਤੋਂ** :— ਬਾਬਾ ਜੀ ਹੁਣ ਖੇਚਲ ਕਰਨੀ ਛਡ ਦਿਉ। ਹੁਣ ਤਾਂ ਸਰੀਰ 'ਨਦੀ ਕਿਨਾਰੇ ਰੁਖੜਾ' ਵਾਲਾ ਹੀ ਲੇਖਾ ਹੈ। ਪਤਾ ਨਹੀਂ ਕਿਸ ਵੇਲੇ ਰੁੜ੍ਹ ਜਾਵੇ। (ਸੰਗ)

## ਨਦੀ ਨਾਂਵ ਸੰਜੋਗ।

**ਭਾਵ** :—ਥੋੜੇ ਚਿਰ ਦੇ ਮੇਲ ਲਈ ਵਰਤਦੇ ਹਨ।

**ਵਰਤੋਂ** :—

ਘਰ ਦੇ ਕਿਸੇ ਛੋੜਨੇ, ਏਥੇ ਮੂਲ ਨਾ ਜੋਗ।
ਵੇਖੋ ਹੁਣ ਦਰਬਾਰ ਨੂੰ, ਨਦੀ ਨਾਮ ਸੰਜੋਗ।
(ਲਖਸ਼ਮੀ ਦੇਵੀ—ਕ੍ਰਿਪਾ ਸਾਗਰ)

## ਨਦੀ ਵਿਹੰਦੜੀ ਡੁਬ ਮਰ ਸਾਕਤ ਸੰਗ ਨਾ ਗਹੁ।

**ਭਾਵ** :—ਭਾਵੇਂ ਕੁਝ ਵੀ ਔਕੜ ਸਹਿਣੀ ਪਵੇ ਸਾਕਤ ਦਾ ਸੰਗ ਨਾ ਕਰੋ।

**ਵਰਤੋਂ** :— ਮਿਸਰ ਜੀ—ਮੈਂ ਤੁਹਾਨੂੰ ਕਦ ਆਖਿਆ, ਸਾਕਤ ਕੇ ਸੰਗ ਬਹੁ। 'ਨਦੀ ਵਿਹੰਦੜੀ ਡੁਬ ਮਰ ਸਾਕਤ ਸੰਗ ਨਾ ਗਹੁ' ਪੜਿਆ ਇਸੇ ਸੰਗਤ ਨੇ! (ਬਿਜੈ ਸਿੰਘ—ਭਾਈ ਵੀਰ ਸਿੰਘ)

## ਨਦੀਆਂ ਵਾਹ ਵਿਛੁੰਨਿਆ ਮਲਾ ਸੰਜੋਗੀ ਰਾਮ।

**ਭਾਵ** :—ਦਰਿਆਵਾਂ ਦੇ ਵਾਹ ਨਿਖੜ ਜਾਣ, ਤਾਂ ਉਨ੍ਹਾਂ ਦਾ ਮੁੜਕੇ ਮੇਲ ਹੋਣਾ ਭਾਗਾਂ ਨਾਲ ਹੀ ਹੁੰਦਾ ਹੈ।

**ਵਰਤੋਂ** :—

ਨਦੀਆਂ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥
(ਗੁਰੂ ਗ੍ਰੰਥ—ਆਸਾ ਰਾਗ)

## ਨਦੀਆਂ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹ।

**ਭਾਵ** :—ਰੱਬ ਅਸੰਭਵ ਨੂੰ ਸੰਭਵ ਬਣਾ ਸਕਦਾ ਹੈ।

**ਵਰਤੋਂ** :—

ਨਦੀਆਂ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥
(ਗੁਰੂ ਗ੍ਰੰਥ—ਮਾਝ ਵਾਰ)

**ਨਮਾਜ਼ ਛੁਡਾਣ ਗਏ, ਰੋਜ਼ੇ ਗਲੇ ਪਏ।**

**ਭਾਵ** :—ਜਦ ਕੋਈ ਕਿਸੇ ਇਕ ਔਕੜ ਵਿੱਚੋਂ ਨਿਕਲਣ ਲਈ ਜਤਨ ਕਰੇ ਤਾਂ ਉਲਟੀ ਹੋਰ ਬਿਪਤਾ ਗਲ ਪੁਆ ਲਵੇ।

**ਵਰਤੋਂ** :— ਮੀਆਂ-ਖਾਨ ਜੀ ! ਅਸੀਂ ਗਏ ਤਾਂ ਸਹੀ ਕਿ ਰਾਮ ਨੂੰ ਬਚਾ ਲੇ ਆਈਏ, ਪਰ ਉਲਟਾ ਉਸਨੂੰ ਹੋਰ ਸਜ਼ਾ ਮਿਲ ਗਈ। ਸਾਡੇ ਨਾਲ ਤਾਂ ਇਹ ਗਲ ਬਣੀ ਹੈ ਅਖੇ 'ਨਮਾਜ਼ ਛੁਡਾਨ ਗਏ, ਤੇ ਰੋਜ਼ੇ ਗਲੇ ਪਏ।' (ਸੰਗ੍ਰ)

**ਨਮਾਜ਼ੀ ਕਾਫਰਾਂ ਦਾ ਖ਼ੂਨ ਸ਼ਹੀਦਾਂ ਤੇ ਟਪਕਦਾ ਹੈ।**

**ਭਾਵ** :—ਜੋ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਹਨ. ਉਹ ਸ੍ਰੇਸ਼ਟ ਪੁਰਸ਼ਾਂ (ਸ਼ਹੀਦਾਂ) ਦੇ ਮਰਵਾਣ ਦਾ ਕਾਰਨ ਬਣਦੇ ਹਨ।

**ਵਰਤੋਂ** :— ਅਸਲ ਵਿਚ ਤਾਂ, ਮੁੱਲਾਂ, ਪੰਡਤ ਭਾਈ ਤੇ ਪਾਦਰੀ ਆਦਿ ਹੀ ਸ਼ਹੀਦਾਂ ਦੇ ਮਰਵਾਣ ਦਾ ਕਾਰਨ ਹਨ, ਕਿਸੇ ਸਿਆਣੇ ਨੇ ਸਚ ਕਿਹਾ ਹੈ ਕਿ 'ਨਮਾਜ਼ੀ ਕਾਫਰਾਂ ਦਾ ਖ਼ੂਨ ਸ਼ਹੀਦਾਂ ਤੇ ਟਪਕਦਾ ਹੈ। (ਸੰਗ੍ਰ)

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਪਈ ॥**

**ਭਾਵ** :—ਜੀਵ ਕੁਝ ਚਾਹੁੰਦਾ ਹੈ ਤੇ ਹੁੰਦਾ ਕੁਝ ਹੋਰ ਹੈ।

**ਵਰਤੋਂ** :—

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਪਈ।
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥
(ਗੁਰੂ ਗ੍ਰੰਥ—ਸ਼ਲੋਕ ਮਹਲਾ ੯.)

**ਨਰਦ ਦੇ ਥਾਂ ਕੋਲਾ।**

**ਭਾਵ** :—ਝਟ ਟਪਾਣ ਲਈ ਜਦ ਚੰਗੀ ਚੀਜ਼ ਦੀ ਥਾਂ ਮਾੜੀ ਵਰਤ ਲਈ ਜਾਵੇ।

**ਵਰਤੋਂ** :— ਤੁਸੀਂ ਬੜੀ ਕਾਹਲੀ ਕੀਤੀ, ਥੋੜਾ ਹੋਰ ਉਡੀਕਦੇ ਤਾਂ ਬੜਾ ਸੁਆਦ ਆਉਂਦਾ, ਤੁਸੀਂ ਤਾਂ 'ਨਰਦ ਦੇ ਥਾਂ ਕੋਲਾ' ਲੈ ਲਿਆ। (ਸੰਗ੍ਰ)

**ਨਰਮ ਭੀ ਤੇ ਗਰਮ ਭੀ।**

**ਭਾਵ** :—ਕਦੀ ਸਖਤੀ ਤੇ ਕਦੀ ਨਰਮੀ ਵਾਲਾ ਸੁਭਾ ਹੋਣਾ।

**ਵਰਤੋਂ** :—

ਕਹਿਰ ਨਿਤ ਕਰਦੀ ਹੀ ਹੈ,
ਕਰਿਆ ਕਰੋ ਕੁਛ ਕਰਮ ਭੀ।
ਗਰਮ ਰਹਿੰਦੇ ਹੋ ਸਦਾ,
ਹੋਵੇ ਕਦੀ ਟੁਕ ਨਰਮ ਭੀ।
(ਬਾਦਸ਼ਾਹੀਆਂ—ਸ. ਸ. ਚਰਨ ਸਿੰਘ)

**ਨਰੂ ਮਰੈ ਨਰੁ ਕਾਮਿ ਨ ਆਵੈ।
ਪਸੂ ਮਰੈ ਦਸ ਕਾਜ ਸਵਾਰੈ।**

**ਭਾਵ** :—ਮਨੁਖ ਦੇ ਮਰਨ ਨਾਲ ਇਸ ਦੀ ਦੇਹੀ ਕਿਸੇ ਕੰਮ ਨਹੀਂ ਆਉਂਦੀ ਪਰ ਜਨੌਰ ਦੇ ਮਰਨ ਤੇ ਉਸਦੀ ਦੇਹੀ ਕਈ ਕੰਮ ਆਉਂਦੀ ਹੈ।

**ਵਰਤੋਂ** :—

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥
ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥
ਮੈ ਕਿਆ ਜਾਨਉ ਬਾਬਾ ਰੇ ॥
(ਗੁਰੂ ਗ੍ਰੰਥ - ਰਾਗ ਗੋਂਡ)

**ਨਰੋਈ ਗੰਢੇ ਅੱਕ ਨਹੀਂ ਚੋਈਦਾ।**

**ਭਾਵ** :—ਪੱਕੀ ਤੇ ਰਸੀ ਹੋਈ ਚੀਜ਼ ਦਾ ਹੀ ਲਾਭ ਹੁੰਦਾ ਹੈ, ਕੱਚੀ ਦਾ ਨਹੀਂ।

**ਵਰਤੋਂ** :— ਬਾਬਾ, ਨਰੋਈ ਗੰਢੇ ਅੱਕ ਨਹੀਂ ਚੋਈਦਾ ! ਕੁਝ ਸਮਾਂ ਹੋਰ ਜੇਰਾ ਕਰ। ਆਪੇ ਸਭ ਠੀਕ ਹੋ ਜਾਏਗਾ। (ਸੰਗ੍ਰ)

**ਨਵਾਂ ਨੌਂ ਦਿਨ ਪੁਰਾਣਾ ਸੌ ਦਿਨ।**

**ਭਾਵ** :—ਪੁਰਾਣੀ ਮਿਤਰਤਾ ਛਡ ਕੇ ਨਵੀਂ ਦੋਸਤੀ ਪਾਉਣੀ ਠੀਕ ਨਹੀਂ। ਪੁਰਾਣੀ ਚੀਜ਼ ਬਹੁਤਾ ਚਲਦੀ ਹੈ।

**ਵਰਤੋਂ** :— ਮਾਪਿਆਂ ਨੂੰ ਛਡ ਦੋਸਤਾਂ ਪਿਛੇ ਭਟਕਦਾ ਫਿਰਦਾ ਏਂ ? ਪਰ ਯਾਦ ਰਖੀਂ, 'ਨਵਾ ਨੌਂ ਦਿਨ ਪੁਰਾਣਾ ਸੌ ਦਿਨ' ਅਸਾਂ ਤੇਰੇ ਫੇਰ ਵੀ ਗੁਲਾਮ ਹਾਂ । ਉਹ ਤਾਂ ਖਾ ਕੇ ਨਠ ਜਾਣਗੇ । (ਸੰਗ੍ਰ)

## ਨਵੀਂ ਨਣ ਵੰਝ ਦਾ ਨਹੇਰਨਾ ।

**ਭਾਵ** :—ਜਦ ਨਵਾਂ ਆਦਮੀ ਆਪਣੇ ਕੰਮ ਵਿਚ ਸਿਆਣਾ ਨਾ ਜਾਪੇ ।

**ਵਰਤੋਂ** :— ਆਦਮੀ ਤਾਂ ਲੋੜ ਹੈ ਪਰ ਤੁਸੀਂ ਤਾਂ ਇਸ ਕੰਮ ਵਿਚ ਅਖੇ 'ਨਵੀਂ ਨੈਣ ਵੰਝ ਦਾ ਨਹੇਰਨਾ' ਵਾਲਾ ਲੇਖਾ ਹੀ ਜਾਪਦੇ ਹੋ । (ਸੰਗ੍ਰ)

## ਨਵੀਂ ਫਕੀਰੀ ਦੋਪਹਿਰੀ ਧੂੰਆ ।

**ਭਾਵ** :—ਜਦ ਨਵਾਂ ਸਿਖਾਂਦਰੂ ਕੋਈ ਅਸਾਧਾਰਨ ਗਲ ਕਰੇ ।

**ਵਰਤੋਂ** :—ਵਾਹਕ—ਤੁਸੀਂ ਨਵੇਂ ਹੀ ਆਏ ਜਾਪਦੇ ਹੋ, ਇਸੇ ਲਈ 'ਨਵੀਂ ਫ਼ਕੀਰੀ ਦੋਪਹਿਰੀ ਧੂੰਆਂ' ਵਾਲਾ ਲੇਖਾ ਮਚਾ ਰਹੇ ਹੋ । ਹੌਲੀ ਹੌਲੀ ਨਿਠ ਕੇ ਬਹਿ ਜਾਓਗੇ । (ਸੰਗ੍ਰ)

## ਨਵੀਂ ਰੂੰ ਤੇ ਤੇਰੀਂ ਕਪਾਹ ।

**ਭਾਵ** :—ਜਦ ਕੀਮਤੀ ਚੀਜ਼ ਸਸਤੇ ਭਾ ਤੇ ਮਾਮੂਲੀ ਮਹਿੰਗੇ ਭਾ ਮਿਲੇ । ਜਦ ਗੁਣ ਔਗੁਣ ਦੀ ਪਛਾਣ ਨਾ ਰਹੇ ।

**ਵਰਤੋਂ** :— ਕੋਈ ਪੁਛ ਹੈ ਉਥੇ ਚੰਗੇ ਮੰਦੇ ਦੀ ? ਅਖੇ 'ਨਵੀਂ ਰੂੰ ਤੇਰੀਂ ਕਪਾਹ' ਮੰਦੇ ਚੰਗਿਆਂ ਦੇ ਤੇ ਚੰਗੇ ਮੰਦਿਆਂ ਦੇ ਭਾ ਪਏ ਵਿਕਦੇ ਹਨ । (ਸੰਗ੍ਰ)

## ਨਵੀਆਂ ਗੁੱਡੀਆਂ ਤੇ ਨਵੇਂ ਹੀ ਪਟੋਲੇ ।

**ਭਾਵ** :—ਨਵਾਂ ਰਾਜ ਤੇ ਨਵੇਂ ਹੀ ਰਿਵਾਜ ।

**ਵਰਤੋਂ** :— ਰਾਜ ਬਦਲਿਆ ਨਾਲ ਸਭ ਕੁਝ ਬਦਲਿਆ । 'ਨਵੀਆਂ ਗੁਡੀਆਂ ਤੇ ਨਵੇਂ ਪਟੋਲੇ' ਪ੍ਰਚਲਤ ਹੋ ਗਏ । (ਸੰਗ੍ਰ)

## ਨਵੇਂ ਘੁਰਾੜੇ ਦੀ ਹੁੱਲ ਡਾਢੀ ਹੁੰਦੀ ਹੈ ।

**ਭਾਵ** :—ਨਵੀਂ ਜਵਾਨੀ ਨੂੰ ਆਪਾ-ਪ੍ਰਗਟਾਉਣ ਦੀ ਚਾਹ ਬਹੁਤੀ ਹੁੰਦੀ ਹੈ ।

**ਵਰਤੋਂ** :— 'ਨਵੇਂ ਘੁਰਾੜੇ ਦੀ ਹੁੱਲ ਡਾਢੀ ਹੁੰਦੀ ਹੈ' ਮੁੰਡਾ ਨਵਾਂ ਨਵਾਂ ਵਲੈਤੋਂ ਪੜ੍ਹ ਕੇ ਆਇਆ ਹੈ ਕੋਈ ਤੇਜ਼ੀ ਦਖੇਗਾ ਹੀ । (ਸੰਗ੍ਰ)

## ਨੜਿਨਵੇਂ ਦੇ ਫੇਰ (ਗੇੜ) ਵਿੱਚ ।

**ਭਾਵ** :—ਜਦ ਕੋਈ ਬੜੀਆਂ ਡੂੰਘੀਆਂ ਪਰ ਫਜ਼ੂਲ ਸੋਚਾਂ ਵਿਚ ਪਿਆ ਹੋਰ ਪਾਸੇ ਧਿਆਨ ਨਾ ਦੇਵੇ ।

**ਵਰਤੋਂ** :— ਜਸਵੰਤ ਸਿੰਘ ਨੇ ਫਿਰ ਪੁਛਿਆ ਪਰ ਸਰਦਾਰ ਹੋਰੀ ਅਜ ਕਿਹੜੇ ਨਿੜਿਨਵੇਂ ਦੇ ਫੇਰ ਵਿਚ ਪਏ ਹੋਇ ਨੇ । ਮਲੂਮ ਹੁੰਦਾ ਅਜ ਕੋਈ ਖਾਸ ਮਾਮਲਾ ਹੈ ।
(ਪ੍ਰੇਮ ਸੰਗੀਤ—ਨਾਨਕ ਸਿੰਘ)

## ਨਾ ਅੱਗਾ ਸੁੱਝੇ ਨਾ ਪਿੱਛਾ ।

**ਭਾਵ** —ਬਿਪਤਾ ਦੇ ਸਮੇਂ ਜਦ ਕੋਈ ਉਪਾ ਜਾਂ ਤਜਵੀਜ਼ ਨਾ ਸੁਝੇ ।

**ਵਰਤੋਂ** :— ਵਿਚਾਰ ਨੇ ਟੁਣਕਾਇਆ । ਅਖੀਰ ਉਸ ਘੜੇ ਨੇ ਸੱਚੋ ਸੱਚ ਕਹਿ ਦਿਤਾ । ਇਸ ਠੰਢ ਵਿਚ ਵਿਚਾਰੀ ਪਾਣੀ ਪਾਣੀ ਹੋ ਗਈ । ਪਰ ਹੁਣ ਨਾ ਅਗਾ ਸੁਝੇ ਨਾ ਪਿਛੇ ਨੂੰ ਰਾਹ ਮਿਲੇ ।
(ਪੰਜਾਬੀ ਭੌਰੇ—ਸ. ਸ. ਅਮੋਲ)

## ਨਾ ਅਗਾ ਵੇਖਿਆ ਨਾ ਪਿਛਾ ।

ਜਾਂ

## ਨਾ ਅਗੇ ਜੋਗੀ ਨਾ ਪਿਛੇ ਜੋਗੀ ।

**ਭਾਵ** :—੧. ਜਦ ਕੋਈ ਹਾਣ ਲਾਭ ਨਾ ਸੋਚੇ ।

੨. ਜਦ ਕੋਈ ਕਿਸੇ ਦਾ ਵੀ ਨਾ ਰਹੇ ।

**ਵਰਤੋਂ** :— (੧) ਮਾਇਆ ਨੇ ਵੀ ਨਾ ਅਗਾ

ਵੇਖਿਆ ਨਾ ਪਿਛਾ ਜੋ ਮੂੰਹ ਆਇਆ ਬਕ ਗਈ ।

(ਲਵ ਮੈਰਜ—ਨਾਨਕ ਸਿੰਘ)

(੨) ਸਿਰ ਲਕਾਉਣ ਨੂੰ ਜੇ ਕੋਈ ਕੁਲੀ ਹੁੰਦੀ ਤਾਂ ਮੈਂ ਬੈਠ ਕੇ ਰੰਡੇਪਾ ਕਟ ਲੈਂਦੀ । ਹੁਣ ਕਿਥੇ ਜਾਵਾਂ ਨਿਕਰਮਣ ।' ਨਾ ਅਗੇ ਜੋਗੀ ਨਾ ਪਿਛੇ ਜੋਗੀ । (ਪਿਆਰ ਦੀ ਦੁਨੀਆਂ—ਨਾਨਕ ਸਿੰਘ)

### ਨਾ ਅਰਥ ਨਾ ਪਰਮਾਰਥ ।

**ਭਾਵ** :—ਨਾ ਦੁਨੀਆਂ ਦਾ ਕੁਝ ਸੰਵਾਰਿਆ ਨਾ ਅਗੇ ਪਰਮਾਰਥ ਦਾ ।

**ਵਰਤੋਂ** :— ਜਤੀ ਰਹਿਸੋ 'ਤਾਂ ਦਿਨ ਰਾਤ ਆਪਣੇ ਆਹਰ ਵਿਚ ਲਗੇ ਰਹਿਸੋ । ਐਸ਼ਾਂ ਵਿਚ ਪਏ ਤਾਂ ਢਿਲੇ ਹੋ ਜਾਸੋ, ਸੁਰਤ ਨੇ ਢਿਲ ਖਾਧੀ ਫਿਰ 'ਨਾ ਅਰਥ, ਨਾ ਪਰਮਾਰਥ' ਸੁਰਤ ਕਸੀ ਰਹੇ; ਤਾਂ ਹੀ ਇਲਾਹੀ ਨਾਦ ਸਾਫ ਵਜਦਾ ਹੈ, ਸੋ ਜਤੀ ਰਹਿਓ । ਸਮਝੇ ਹੋ ?

(ਕਲਗੀਧਰ ਚਮਤਕਾਰ—ਭਾਈ ਵੀਰ ਸਿੰਘ)

### ਨਾ ਆਉ ਵੇਖਿਆ ਨਾ ਤਾਉ ।

**ਭਾਵ** :—ਬਿਨਾ ਪੁਛ ਪੜਤਾਲ ਕੀਤੇ ਕਿਸੇ ਨੂੰ ਦੁਖੀ ਕਰਨਾ ।

**ਵਰਤੋਂ** :—ਗੰਗਾ ਰਾਮ ਜਿਹੜਾ ਅਗੇ ਹੀ ਘਟ ਦੁਖੀ ਨਹੀਂ ਸੀ, ਸੁਣਕੇ ਘਾਇਲ ਹੀ ਹੋ ਉਠਿਆ । ਉਸਨੇ 'ਨਾ ਆ ਵੇਖਿਆ ਨਾ ਤਾਉ' ਪੈਂਦੀ ਸਟੇ ਪ੍ਰਿਤਮਾ ਦੀ ਮਾਂ ਨੂੰ ਕੁਝ ਐਸੀਆਂ ਗਲਾਂ ਕਹਿ ਗਿਆ, ਜਿਨ੍ਹਾਂ ਦੀ ਉਸ ਤੋਂ ਕੋਈ ਵੀ ਆਸ ਨਹੀਂ ਸੀ ਕਰ ਸਕਦਾ ।

(ਟੁਟੀ ਵੀਣਾ—ਨਾਨਕ ਸਿੰਘ)

### ਨਾ ਆਲੀ ਨਾ ਮੁਆਲੀ ।

**ਭਾਵ** —ਕਿਸੇ ਦਾ ਕੋਈ ਦੁਖ ਸੁਖ ਵਿਚ ਪੁਛ ਗਿਛ ਕਰਨ ਵਾਲਾ ਨਾ ਹੋਵੇ।

**ਵਰਤੋਂ** :—ਕਰਮਦੇਈ—ਵਿਚਾਰੀ ਗਿਆਨ ਨੂੰ ਕੌਣ ਪੁਛੇ, ਸਾਈਂ ਨਹੀਂ ਸਾਹੁਰੇ, ਪੇਕੇ ਘਰ ਦੇ ਸਾਰੇ ਮੁਕ ਗਏ । ਇਸ ਦਾ ਤੇ ਇਹ ਹਾਲ ਹੈ ਅਖੇ 'ਨਾ ਆਲੀ ਨਾ ਮੁਆਲੀ' ਇਕੱਲੀ ਦਿਨ ਕਟੀ ਕਰ ਰਹੀ ਹੈ । (ਸੰਗ੍ਰ)

### ਨਾ ਇਧਰ ਜੋਗੀ ਨਾ ਉਧਰ ਜੋਗੀ ।

**ਭਾਵ** :—ਬਿਪਤਾ ਵਿਚ ਜਦ ਕੋਈ ਆਸਰਾ ਨਾਂ ਸੁਝੇ ।

**ਵਰਤੋਂ** :—ਕਮਲੀ—ਪਿਛਲੇ ਸਾਲ ਬੰਗਾਲ ਵਿਚ ਕਾਲ ਪਿਆ । ਭੁਖ ਦੇ ਦੁਖੋਂ ਬੜੇ ਲੋਕੀ ਮੋਏ । ਇਹ ਵੀ ਟਬਰ ਵਿਚੋਂ ਇਕਲੀ ਹੀ ਬਚੀ । ਪ੍ਰਦੇਸ ਵਿਚ ਇਸਦਾ ਕੌਣ ਸੀ, ਵਿਚਾਰੀ 'ਨਾ ਇਧਰ ਜੋਗੀ ਨਾ ਉਧਰ ਜੋਗੀ' ਰਹੀ । ਭਟਕਦੀ ਫਿਰਦੀ ਹੈ।

(ਸੰਗ੍ਰ)

### ਨਾ ਈਸਾਈ ਨਾ ਮੂਸਾਈ, ਅਮਲਾਂ ਬਾਝ ਛਾਈ ।

**ਭਾਵ** :—ਭਾਵੇਂ ਕੋਈ ਕਿਸੇ ਮਜ਼ਬ ਦਾ ਹੋਵੇ, ਜੇ ਅਮਲ ਚੰਗੇ ਨਹੀਂ ਤਾਂ ਕੁਝ ਵੀ ਨਹੀਂ ।

**ਵਰਤੋਂ** :—ਬਾਬਾ—ਸਾਹਿਬ ਜੀ, ਅਮਲਾਂ ਨਾਲ ਈਸਾਈ, ਅਮਲਾਂ ਨਾਲ ਮੂਸਾਈ, ਅਮਲਾਂ ਬਾਝ ਛਾਈ ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

### ਨਾ ਸੱਸ, ਨਾ ਨਨਾਣ, ਆਪੇ ਕੁੜੀ ਪਰਧਾਨ । ਨਾ ਸਹੁਰਾ ਤੇ ਨਾ ਸਾਲਾ ਮੈਂ ਆਪੇ ਘਰੇ ਵਾਲਾ ।

**ਭਾਵ** :—ਜਿਸ ਕਿਸੇ ਦੀ ਪੁਛ ਭਾਲ ਕਰਨ ਵਾਲਾ ਕੋਈ ਨਾ ਹੋਵੇ ।

**ਵਰਤੋਂ** :—ਪਿਉ ਮਰ ਗਿਆ ਹੈ, ਜਾਇਦਾਦ ਕਾਫੀ ਹੈ, ਪੁਛਣ ਬੁਲਾਣ ਵਾਲਾ ਰਿਹਾ ਕੋਈ ਨਹੀਂ 'ਨਾ ਸਸ ਨਾ ਨਨਾਣ ਤੇ ਆਪੇ ਕੁੜੀ ਪ੍ਰਧਾਨ' ਵਾਲਾ ਲੇਖਾ ਹੈ । (ਸੰਗ੍ਰ)

### ਨਾ ਸਹੁਰਾ ਤੇ ਨਾ ਪੇਕਾ ।

**ਭਾਵ** :— ਜਿਸ ਦਾ ਕੋਈ ਆਸਰਾ ਨਾ ਹੋਵੇ ।

**ਵਰਤੋਂ** :—

ਦੁਖਾਂ ਸੂਲਾਂ ਰਲ ਕੀਤਾ ਏਕਾ,
ਨਾ ਕੋਈ ਸੁਹਰਾ 'ਨਾ ਕੋਈ ਪੇਕਾ ।

ਆਸ ਰਹੀ ਹੁਣ ਤੇਰੀ ਏਕਾ,
ਪਲਾ ਪਕੜ ਇਆਣੀ ਦਾ।
(ਸ਼ਾਹ ਹੁਸੈਨ)

**ਨਾ ਸਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ।**

**ਭਾਵ** :—ਬਿਨਾ ਮਤਲਬ ਕਿਸੇ ਦੇ ਕੰਮ ਵਿਚ ਟੰਗ ਅੜਾਉਣੀ।

**ਵਰਤੋਂ** :—ਤੇਰਾ ਤਾਂ ਸਦਾ ਹੀ ਇਹੋ ਹਾਲ ਹੈ, ਹਰ ਥਾਂ ਜਾਕੇ ਚੌਧਰੀ ਬਣ ਜਾਂਦਾ ਏ, 'ਨਾ ਸਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ' ਵਾਲੀ ਗਲ ਹੈ। (ਸੰਗ੍ਰ)

**ਨਾ ਸੁਤੀ ਨਾ ਕਤਿਆ।**

**ਭਾਵ** :—ਕੰਮ ਵੀ ਕੋਈ ਨਾ ਹੋਵੇ ਅਰਾਮ ਵੀ ਨਾ ਹੋਵੇ।

**ਵਰਤੋਂ** :—ਮੈਂ ਕੀ ਖੱਟਿਆ। 'ਨਾ ਸੁਤੀ, ਨਾ ਕਤਿਆ' ਅਰਾਮ ਵੀ ਗਿਆ, ਕੰਮ ਵੀ ਸਿਰੇ ਨਾ ਚੜ੍ਹਿਆ। (ਸੰਗ੍ਰ)

**ਨਾ ਹਸਦੇ ਚੰਗੇ ਨਾ ਰੋਂਦੇ।**

**ਭਾਵ** :—ਕਿਸੇ ਤਰ੍ਹਾਂ ਵੀ ਜਦ ਕੋਈ ਸੁਖਾਵੇ ਨਾਂਹ।

**ਵਰਤੋਂ** :—ਅਸੀਂ ਕਿਸੇ ਦੀ ਖੁਨਾਮੀ ਨਹੀਂ ਕੀਤੀ। ਵਿਗਾੜਿਆ ਕਿਸੇ ਦਾ ਕੁਝ ਨਹੀਂ ਫ਼ਿਰ ਵੀ ਲੋਗ ਸਾਨੂੰ ਜੀਵਣ ਕਿਤੇ ਨਹੀਂ ਦੇਂਦ, ਨਾ ਅਸੀਂ ਹਸਦੇ ਚੰਗੇ ਲਗਦੇ ਹਾਂ ਨਾ ਰੋਂਦੇ।
(ਟੁਟੀ ਵੀਣਾ—ਨਾਨਕ ਸਿੰਘ)

**ਨਾ ਹਿੰਗ ਲਗੇ ਨਾ ਫਟਕੜੀ, ਰੰਗ ਆਵੇ ਚੋਖਾ।**

**ਭਾਵ** :—ਬਿਨਾਂ ਖਰਚ ਕੀਤੇ ਜਾਂ ਬਿਨਾਂ ਦੁਖ ਉਠਾਏ ਨਫੇ ਦੀ ਆਸ ਹੋਵੇ।

**ਵਰਤੋਂ** :—ਨਹੀਂ ਹਜ਼ੂਰ ਉਹਨਾਂ ਨੂੰ ਜੁਧ ਦੀ ਲਾਗਤ ਦਾ ਗਿਲਾ ਹੋਵੇਗਾ। ਉਹ ਤਾਂ ਚਾਹੁੰਦੇ ਹਨ, ਨਾ ਹਿੰਗ ਲਗੇ ਨਾ ਫਟਕੜੀ ਰੰਗ ਆਵੇ ਚੋਖਾ। ਬਿਨਾ ਕੋਈ ਦੁਖ ਪਾਏ ਦੂਜਿਆਂ ਦਾ ਰਾਜ ਸਾਂਭ ਲੈਣਾ ਮੁਸ਼ਕਲ ਜਿਹੀ ਗਲ ਹੈ। (ਸੰਗ੍ਰ)

**ਨਾ ਹੀਲ ਨਾ ਦਲੀਲ।**

**ਭਾਵ** ;—ਬਿਨਾ ਸੋਚੇ ਵਿਚਾਰੇ ਝਟਾ ਪਟ ਕੁਝ ਕਰ ਬਹਿਣਾ।

**ਵਰਤੋਂ** :—ਉਸਨੇ ਹੀਲ ਦਲੀਲ ਨਾ ਕਰ ਕੇ ਕਪੜਿਆਂ ਸਣੇ ਛਾਲ ਮਾਰ ਦਿਤੀ। ਕੇਵਲ ਪੱਗ ਤੇ ਟਾਰਚ ਹੀ ਪਾਸ ਖੜੀ ਕਿਸ਼ਤੀ ਵਿਚ ਸੁਟ ਸਕਿਆ, ਉਸ ਥਾਵੇਂ ਡੂੰਘੀ ਚੁੱਭੀ ਲਾਈ, ਪਰ ਉੱਥੋਂ ਉਸ ਨੂੰ ਕੁਝ ਵੀ ਨਾ ਲਭਾ।
(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਨਾ ਹੋਣ ਨਾਲੋਂ ਚਿਰਾਕਾ ਭਲਾ।**

**ਭਾਵ** :—ਚੀਜ਼ ਮਿਲ ਜਾਵੇ, ਭਾਵੇਂ ਦੇਰ ਨਾਲ ਹੀ ਮਿਲੇ।

**ਵਰਤੋਂ** :—ਭਾਈ, ਨਾ ਹੋਣ ਨਾਲੋਂ ਚਿਰਾਕਾ ਭਲਾ। ਜਦੋਂ ਮਿਲੇ, ਮਿਲ ਜ਼ਰੂਰ ਜਾਏ, ਬਸ ਏਹੀ ਚੰਗੀ ਗਲ ਹੈ। (ਸੰਗ੍ਰ)

**ਨਾ ਹੋਣ ਰੰਨਾਂ ਨਾ ਪੈਣ ਪੁਆੜੇ।**

**ਭਾਵ** :—ਜ਼ਨਾਨੀਆਂ ਕਈ ਔਕੜਾਂ ਦਾ ਕਾਰਨ ਬਣਦੀਆਂ ਹਨ।

**ਵਰਤੋਂ** :—
ਨੌਕਰ ਰਖ ਲਵੋ ਛੜੇ ਤੇ ਕੰਵਾਰੇ।
ਨਾ ਹੋਣ ਰੰਨਾਂ ਨਾਂ ਪੈਣ ਪਵਾੜੇ।
(ਸੰਗ੍ਰ)

**ਨਾ ਹੋਵੇਗਾ ਬਾਂਸ ਨਾ ਵਜੇਗੀ ਬੰਸਰੀ।**

**ਭਾਵ** :—ਜਦ ਦੁਖ ਦੇਣ ਵਾਲੀ ਚੀਜ਼ ਹੀ ਦੂਰ ਕਰ ਦਿਤੀ ਜਾਏ।

**ਵਰਤੋਂ** :—ਦੁਆਨੀ ਦਾ ਸੰਖਿਆ ਲੈ ਆ ਤੇ ਘੋਲ ਕੇ ਪਿਆਲ ਦੇ ਇਨ੍ਹਾਂ ਆਪਣੇ ਕੁਝ ਲਗਦਿਆਂ ਨੂੰ। 'ਨਾ ਹੋਵੇਗਾ ਬਾਂਸ ਤੇ ਨਾ ਬਜੇਗੀ ਬਾਂਸਰੀ'।
(ਲਵ ਮੈਰਜ—ਨਾਨਕ ਸਿੰਘ)

**ਨਾ ਕਰ ਲੇਖਾ ਸ਼ਾਹ ਨਾਲ ਕੁਝ ਦੇਣਾ ਆਊ।**

**ਭਾਵ** :—ਬਹੁਤੇ ਹਿਸਾਬ ਕੀਤਿਆਂ ਵਿੱਚੋਂ ਦੁਬਧਾ ਹੀ ਨਿਕਲਦੀ ਹੈ।

**ਵਰਤੋਂ** :—ਤੂੰ ਜੋ ਲੈਣਾ ਹੈ ਲੈ ਜਾ। ਹਿਸਾਬਾਂ ਵਿੱਚ ਨਾ ਪਉ, ਨਹੀਂ, ਤਾਂ ਮੈਂ ਵੀ ਹਿਸਾਬ ਖੋਲ੍ਹਿਆ ਤਾਂ ਤੈਨੂੰ ਵਖਤ ਪੈ ਜਾਊਗਾ। ਸਿਆਣੇ ਆਖਦੇ ਹਨ 'ਨਾ ਕਰ ਲੇਖਾ ਸ਼ਾਹ ਨਾਲ ਕੁਝ ਦੇਣਾ ਆਊ।' (ਸੰਗ੍ਰ)

**ਨਾ ਕਾਹੂੰ ਸਿਉਂ ਦੋਸਤੀ ਨਾ ਕਾਹੂੰ ਸਿਉਂ ਵੈਰ।**

**ਭਾਵ**:—ਸਾਰਿਆਂ ਨਾਲ ਇਕੋ ਜਿਹੀ ਵਰਤੋਂ ਕਰਨੀ।

**ਵਰਤੋਂ** :—ਵਿਚਾਰਾ ਬੜਾ ਭੁਲਾ ਲੋਕ ਸੀ। 'ਨਾ ਕਾਹੂੰ ਸਿਉਂ ਦੋਸਤੀ ਨਾ ਕਾਹੂੰ ਸਿਉਂ ਵੈਰ'। (ਸੰਗ੍ਰ)

**ਨਾ ਕਿਸੇ ਦੀ ਹੈ ਹੈ ਨਾ ਕਿਸੇ ਦੀ ਖੈ ਖੈ।**

**ਭਾਵ** :—ਜਿਸ ਵਿਚ ਕਿਸੇ ਹੋਰ ਦਾ ਦਖਲ ਨਾ ਹੋਵੇ।

**ਵਰਤੋਂ** :—ਮੁੰਡੇ ਦੇ ਸਿਰ ਤੇ ਨਾ ਮਾਂ ਨਾ ਪਿਉ। ਅਪਣੇ ਹੱਥੀਂ ਕਰੇਗੀ, ਹੱਥੀਂ ਪਾਏਗੀ। 'ਨਾ ਕਿਸੇ ਦੀ ਹੈ ਹੈ, ਨਾ ਕਿਸੇ ਦੀ ਖੈ ਖੈ' ਅਜ ਕਲ ਦੀਆਂ ਸਸਾਂ ਤੇ ਰਜ ਕੇ ਰੋਟੀ ਵੀ ਨਹੀਂ ਖਾਣ ਦੇਂਦੀਆਂ ਨੂੰਹਾਂ ਨੂੰ। (ਕਗਤਾਂ ਦੀ ਬੇੜੀ—ਨਾਨਕ ਸਿੰਘ)

**ਨਾ ਕੁਤਾ ਵੇਖੇ ਨਾ ਭੌਂਕੇ।**

**ਭਾਵ** :—ਜੋ ਕੁਝ ਕਰੋ, ਦੂਜਿਆਂ ਦੀ ਨਿਗਾਹ ਤੋਂ ਬਚ ਕੇ ਕਰੋ ਨਹੀਂ ਤਾਂ ਉਹ ਵਘਨ ਪਾ ਦੇਣਗੇ।

**ਵਰਤੋਂ** :—ਚੁਪ ਚਪਾਤਾ ਘਰ ਜਾ ਕੇ ਫੇਰੇ ਲੈ ਲਵੀਂ, 'ਨਾ ਕੁਤਾ ਵੇਖੇ, ਨਾ ਭੌਂਕੇ।' ਦੂਜੇ ਘਰ ਬਿੜਕ ਓਦੋਂ ਹੀ ਪਏਗੀ ਜਦੋਂ ਛਨਕਦੀ ਮਨਕਦੀ ਵਹੁਟੀ ਘਰ ਆ ਜਾਏਗੀ। (ਸੰਗ੍ਰ)

**ਨਾਂ ਕੁੜਮਾਂ ਦਾ, ਗੁਲੀਆਂ ਟੱਬਰ ਦੀਆਂ।**

**ਭਾਵ** :—ਨਾਂ ਕਿਸੇ ਹੋਰ ਦਾ ਲੈਣਾ ਤੇ ਚੀਜ਼ ਆਪਣੇ ਘਰੋਂ ਖਾਣੀ।

**ਵਰਤੋਂ** :—ਖਾਣਾ ਘਰੋਂ ਤੇ ਸਲਾਹੁਣਾ ਸਹੁਰਿਆਂ ਨੂੰ ? 'ਨਾਂ ਕੁੜਮਾਂ ਦਾ, ਗੁਲੀਆਂ ਟੱਬਰ ਦੀਆਂ।' (ਸੰਗ੍ਰ)

**ਨਾ ਕੰਮ ਨਾ ਕਾਰ ਭੜੂਆ ਲੜਨ ਨੂੰ ਤਿਆਰ।**

**ਭਾਵ** :—ਲੜਾਕੇ ਮਨੁਖ ਨੂੰ ਗੁਸੇ ਵਿੱਚ ਕਹੀਦਾ ਹੈ।

**ਵਰਤੋਂ** :—ਜਦ ਬਹੁਤ ਗੁੱਸਾ ਆਇਆ ਤਾਂ ਕੜਕ ਕੇ ਬੋਲੀ,'ਭਾਵੇਂ ਸਾਡੇ ਸਮਾਜ ਵਿਚ ਪਤੀ ਦੇ ਸਾਹਮਣੇ ਚੂੰ ਕਰਨ ਦੀ ਵੀ ਇਜ਼ਾਜ਼ਤ ਨਹੀਂ; 'ਨਾ ਕੰਮ ਨਾ ਕਾਰ ਭੜੂਆ ਲੜਨ ਨੂੰ ਤਿਆਰ' ਪਰ ਮੈਂ ਤੈਨੂੰ ਅੱਜ ਸੁਣਾ ਕੇ ਹੀ ਛਡਾਂਗੀ।" (ਸੰਗ੍ਰ)

**ਨਾ ਕੰਵਾਰੀ ਨਾ ਰੰਡ।**

**ਭਾਵ** :—ਜਦ ਬੰਦਾ ਦੋਹਾਂ ਪਾਸਿਉਂ ਜਾਵੇ।

**ਵਰਤੋਂ** :—ਦੇਵਤੇ ਨੇ ਦਾਨ ਲਈ ਹੀ ਤਾਂ ਵਿਆਹ ਆਰੰਭ ਕੀਤਾ ਸੀ। ਦੇਵਤੇ ਨੂੰ ਵਹੁਟੀ ਨਾਲੋਂ ਧਨ ਪਿਆਰਾ ਸੀ, ਵੀਰਾਂ ਨੂੰ ਉੱਕਾ ਨਾ ਵਸਾਇਆ। ਵੀਰਾਂ ਦਾ ਭਰਾ ਗਿਆ, ਮਾਲ ਧਨ ਗਿਆ, ਨਾਲ ਪਤੀ ਵੀ ਗਿਆ। 'ਨਾ ਕੰਵਾਰੀ ਨਾ ਰੰਡ'। (ਸੰਗ੍ਰ)

**ਨਾ ਖਾਏ ਕੁਲ, ਨਾ ਜਾਏ ਡੁਲ੍ਹ।**

**ਭਾਵ** :—ਜਦ ਕੋਈ ਚੀਜ਼ ਵਰਤੋਂ ਵਿੱਚ ਨਾ ਆਵੇ ਤੇ ਪਈ ਪਈ ਖਰਾਬ ਹੋ ਜਾਏ।

**ਵਰਤੋਂ** :—ਫੁਲ ਪਏ ਪਏ ਖਰਾਬ ਹੋ ਗਏ ਹਨ ਅਖੇ 'ਨਾ ਖਾਏ ਕੁਲ, ਨਾ ਜਾਏ ਡੁਲ੍ਹ' ਕਿਸੇ ਦੀ ਵਰਤੋਂ ਵਿੱਚ ਵੀ ਨਾ ਆਏ। (ਸੰਗ੍ਰ)

**ਨਾ ਖਾਵਾਂਗੇ ਨਾ ਖਾਣ ਦਿਆਂਗੇ। ਜਾਂ ਨਾ ਖੇਡਾਂਗੇ ਨਾ ਖੇਡਣ ਦਿਆਂਗੇ।**

**ਭਾਵ** :—ਨਾ ਆਪ ਕੰਮ ਕਰੇ ਤੇ ਨਾ ਕਿਸੇ ਨੂੰ ਕਰਨ ਦੇਣਾ।

**ਵਰਤੋਂ** :—ਜਾਂ ਆਪ ਕਰੋ, ਜਾਂ ਮੈਨੂੰ ਕਰਨ ਦਿਓ। ਇਹ 'ਨਾ ਖੇਡਾਂਗੇ, ਨਾ ਖੇਡਣ ਦਿਆਂਗੇ' ਦੀ ਜ਼ਿੱਦਬਾਜ਼ੀ ਕਿਥੋਂ ਤਕ ਚੰਗੀ ਹੈ? (ਸੰਗ੍ਰ)

**ਨਾ ਖੁਸੇ ਨਾ ਖੁਸਾਵੇ, ਝੂਡੂ ਉਘਰ ਉਘਰ ਆਵੇ।**

**ਭਾਵ** :—ਤਾਕਤ ਘਟ ਹੋਵੇ ਤੇ ਫੜਾਂ ਬਹੁਤੀਆਂ ਮਾਰੇ।

**ਵਰਤੋਂ** :—ਪਰ੍ਹਾਂ ਮਰ ਓਇ ਮਾਮਰਾ! ਤੇਰੇ ਜਿਹੇ ਸ਼ਾਹ ਸਵਾਰ ਮੈਂ ਕਈ ਵੇਖੇ ਨੇ। 'ਨਾ ਖੁਸੇ ਨਾ ਖੁਸਾਵੇ ਝੂਡੂ ਉਘਰ ਉਘਰ ਆਵੇ'। (ਸੰਗ੍ਰ)

**ਨਾ ਗੜਵੀ ਨਾ ਡੱਲਾ, ਇਸ਼ਨਾਨ ਕਰਨ ਚਲਾ।**

ਡੱਲਾ=ਲੰਗੋਟੀ

**ਭਾਵ** :—ਹੱਥ ਪਲੇ ਕੁਝ ਨਾ ਹੋਵੇ ਤੇ ਆਕੜ ਦਸੇ।

**ਵਰਤੋਂ** :—ਸੰਤਾਂ, ਰਤਾ ਹੋਸ਼ ਕਰ। ਆਪਣੇ ਅੰਦਰ ਝਾਤੀ ਮਾਰ, ਨਿਰਾ ਨਖਰਾ ਕਿਸ ਕੰਮ। ਤੇਰਾ ਤਾਂ ਇਹ ਹਾਲ ਹੈ ਅਖੇ 'ਨਾ ਗੜਵੀ ਨਾ ਡੱਲ੍ਹਾ ਇਸ਼ਨਾਨ ਕਰਨ ਚਲਾ'। (ਸੰਗ੍ਰ)

**ਨਾ ਗੋਡੇ, ਨਾ ਗਿੱਟੇ ਤੇ ਤੈਨੂੰ ਕਿਥੇ ਪਿੱਟੇ।**

**ਭਾਵ** :—ਜਿਹੜਾ ਆਪ ਕੰਗਾਲ ਹੋਵੇ ਉਸ ਪਾਸੋਂ ਸਹਾਇਤਾ ਦੀ ਆਸ ਰਖਣੀ ਫਜ਼ੂਲ ਹੈ।

**ਵਰਤੋਂ** :—ਬੱਗਾ ਰਤਨੇ ਪਾਸੋਂ ਕਾਹਦੀ ਆਸ ਹੈ? ਉਹ ਤਾਂ ਰੱਜ ਕੇ ਕੰਗਾਲ ਹੈ, ਅਖੇ 'ਨਾ ਗੋਡੇ, ਨਾ ਗਿੱਟੇ ਤੇ ਤੈਨੂੰ ਕਿਥੇ ਪਿੱਟੇ।' (ਸੰਗ੍ਰ)

**ਨਾ ਚੜ੍ਹਦੀ ਦੀ ਨਾ ਲੱਥੀ ਦੀ।**

**ਭਾਵ** :—ਜਦ ਕੋਈ ਬਿਨਾ ਸੋਚੇ ਸਮਝੇ ਮਾੜੀ ਜਾਂ ਬੇਸ਼ਰਮੀ ਦੀ ਗਲ ਕਰੇ।

**ਵਰਤੋਂ** :—ਇਨ੍ਹਾਂ ਏਦਿਆਂ ਨੂੰ ਸਚੀ ਮੁਚੀ ਖਬਰੇ ਰਬ ਨੇ ਕਿਸ ਮਿਟੀ ਦਾ ਬਣਾਇਆ ਏ। 'ਨਾ ਸ਼ਰਮ ਨਾ ਹਯਾ, 'ਨਾ ਚੜ੍ਹੀ ਦੀ ਨਾ ਲੱਥੀ ਦੀ।' (ਸੰਗ੍ਰ)

**ਨਾ ਚੁੱਲ੍ਹੇ ਅੱਗ ਨਾ ਘੜੇ ਪਾਣੀ।**

**ਭਾਵ** :—ਜਦ ਘਰ ਕੁਝ ਵੀ ਨਾ ਹੋਵੇ।

**ਵਰਤੋਂ** :—ਵੇਖੋ ਸਵੇਰ ਦਾ ਇਹ ਵੇਲਾ ਆਇਆ ਹੈ, ਸਭ ਬਾਲ ਬੱਚੇ ਭੁੱਖੇ ਤਿਹਾਏ ਵਿਲ੍ਹੂ ਵਿਲ੍ਹੂ ਪਏ ਕਰਦੇ ਹਨ 'ਨਾ ਚੁੱਲ੍ਹੇ ਅੱਗ ਨਾ ਘੜੇ ਪਾਣੀ।'

(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਵੀਰ ਸਿੰਘ)

**ਨਾ ਚੋਰ ਵੇਖੇ ਨਾ ਕੁੱਤਾ ਭੌਂਕੇ। ਜਾਂ ਨਾ ਚੋਰ ਲਗੇ ਨਾ ਕੁੱਤਾ ਭੌਂਕੇ।**

**ਭਾਵ** :—ਨਾ ਮਾੜਾ ਕੰਮ ਕਰੇ ਤੇ ਨਾ ਕੋਈ ਗੁਸੇ ਹੋਵੇ।

**ਵਰਤੋਂ** :—ਮੈਂ ਉਹਦੇ ਕੋਲੋਂ ਟਹਿਲ ਨਹੀਂ ਮੰਗਦੀ। ਆਪਣੀ ਹੱਥੀਂ ਪਕਾ ਖਾਵਾਂਗੀ। ਇਹੀ ਬਖਤਾਂ ਵਿਚ ਸੀ। ਤੂੰ ਪੰਡ ਦਾਣਿਆਂ ਦੀ ਵਖਰੀ ਸੁਟਾ ਦੇ, 'ਨਾ ਚੋਰ ਵੇਖੇ ਨਾ ਕੁੱਤਾ ਭੌਂਕੇ।'

(ਉਤਮ ਕਹਾਣੀਆਂ—ਡਾ: ਮੋਹਨ ਸਿੰਘ)

**ਨਾ ਜੀਵਦਿਆਂ ਵਿਚ ਨਾ ਮੋਇਆਂ ਵਿਚ। ਜਾਂ ਨਾ ਜੀਵੀਏ ਨਾ ਮਰੀਏ। ਜਾਂ ਨਾ ਜੀਵਣ ਦਾ ਹਜ ਨਾ ਮਰਨ ਦਾ ਹੀਲਾ।**

**ਭਾਵ** :—ਜਦ ਮਨ ਬੇਚੈਨ ਹੋਵੇ ਤੇ ਸੁਖ ਕਿਸੇ ਪਾਸੋਂ ਨਾ ਮਿਲੇ।

**ਵਰਤੋਂ :—**

ਅਬ ਲਗਨ ਲਗੀ ਕਿਆ ਕਰੀਏ,
ਨਾ ਜੀ ਸਕੀਏ ਨਾ ਮਰੀਏ ।

(ਕਾਫੀਆਂ—ਬੁਲ੍ਹੇ ਸ਼ਾਹ)

(੨) ਸੁਭਦ੍ਰਾ—ਬਸ 'ਨਾ ਜੀਂਵਦਿਆਂ ਵਿਚ ਨਾ ਮੋਇਆਂ ਵਿਚ' ਏਦੂੰ ਵਧਕੇ ਨਰਕ ਕਿਥੇ ਹੋਣਾ ਏ ? ਗਲੇ ਕਥੇ ਤਾਨ੍ਹਾ ਤੇ ਬੋਲੀ। ਵਿਚੋਂ ਵਿਚ ਦੁਖਾਂ ਦੇ ਮੂੰਹ ਸੁਕ ਗਈਆਂ ।

(ਸੁਭਦ੍ਰਾ—ਆਈ. ਸੀ. ਨੰਦਾ)

## ਨਾ ਤਿੰਨਾਂ ਵਿਚ, ਨਾ ਤੇਰ੍ਹਾਂ ਵਿਚ ।

**ਭਾਵ :**—ਜਦ ਕਿਸੇ ਦੀ ਕਿਸੇ ਕੰਮ ਵਿਚ ਕੋਈ ਪੁਛ ਗਿਛ ਨਾ ਹੋਵੇ ।

**ਵਰਤੋਂ :**—ਅਸੀਂ ਕਾਹਦਾ ਲਾੜੀ ਹੋਣਾ ਏ ਭਾਈ ! ਭੁਖ ਨੰਗ ਦਾ ? 'ਨਾ ਤਿੰਨਾ ਵਿਚ ਨਾ ਤੇਰ੍ਹਾਂ ਵਿਚ ।

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲ ਦੀਨ)

## ਨਾ ਦਿਨੇ ਚੈਣ ਨਾ ਰਾਤੀਂ ਅਰਾਮ ।

**ਭਾਵ :**—ਹਰ ਵੇਲੇ ਕੰਮਾਂ ਵਿਚ ਰੁਝੇ ਰਹਿਣਾ ।

**ਵਰਤੋਂ :**— 'ਨਾ ਦਿਨੇ ਚੈਨ, ਨਾ ਰਾਤੀਂ ਅਰਾਮ' ਜਿਸ ਵੇਲੇ ਵੇਖੋ ਕੰਮ ਵਿਚ ਹੀ ਲਗੇ ਰਹਿੰਦੇ ਹੋ। ਕਿਸੇ ਵੇਲੇ ਤਾਂ ਆਰਾਮ ਕੀਤਾ ਕਰੋ। (ਸੰਗ੍ਰ)

## ਨਾ ਦੀਨ ਜੋਗਾ ਨਾ ਦੁਨੀ ਜੋਗਾ ।

**ਭਾਵ :**—ਕਿਸੇ ਪਾਸੇ ਜੋਗਾ ਵੀ ਨਾਂਹ ।

**ਵਰਤੋਂ :**—ਪਾਗਲ ਨੂੰ ਸਜ਼ਾ ਦੇਣੀ ਤੇ ਉਹਦੇ ਕੋਲੋਂ ਬਦਲਾ ਲੈਣਾ । ਕ੍ਰੋਧ ਪੰਜਾਂ ਦੂਤਾ ਵਿਚੋਂ ਇਕ ਅਜੇਹਾ ਦੂਤ ਏ ਜਿਹੜਾ ਕ੍ਰੋਧੀ ਨੂੰ 'ਨਾ ਦੀਨ ਜੋਗਾ ਛੱਡਦਾ ਏ ਨਾ ਦੁਨੀ ਜੋਗਾ' ।

(ਪ੍ਰਭਾ—ਜੋਸ਼ੂਆ ਫ਼ਜ਼ਲਦੀਨ)

## ਨਾ ਦੀਵਾ ਨਾ ਵਟੀ ।

**ਭਾਵ :**—ਹੱਥ ਪਲੇ ਕੁਝ ਨਾ ਹੋਵੇ । ਮਰਨ ਉੱਤੇ ਕ੍ਰਿਆ ਕਰਮ ਨਾ ਹੋ ਸਕਣਾ ।

**ਵਰਤੋਂ :—**

ਦਸੇ ਹੋਰ ਨਾ ਕਿਸੇ ਨੂੰ, ਦਿਲ ਆਪਣੇ ਦਾ ਫੱਟ,
ਮਰ ਗਈ ਤੈਨੂੰ ਜੰਮ ਕੇ, 'ਨਾ ਦੀਵਾ, ਨਾ ਵੱਟ' ।

(ਲਖਸ਼ਮੀ ਦੇਵੀ—ਕ੍ਰਿਪਾ ਸਾਗਰ)

## ਨਾ ਦੁਖਦੇ ਹਾਂ ਨਾ ਦੁਖਾਉਂਦੇ ਹਾਂ ।

**ਭਾਵ :**—ਨਾ ਕਿਸੇ ਨੂੰ ਦੁਖ ਦੇਂਦੇ ਹਾਂ ਨਾ ਅਸਾਨੂੰ ਕਿਸੇ ਪਾਸੋਂ ਦੁਖ ਹੈ ।

**ਵਰਤੋਂ :**—ਐਸੀ ਵਿਦਿਆ ਦੀ ਕਿਰਪਾ ਕਰੋ, ਜੋ ਸੁਭਾ ਪਲਟ ਦੇਵੇ, ਨਹੀਂ ਤਾਂ ਅਸੀਂ ਮੂਰਖ ਚੰਗੇ ਹਾਂ। ਰੋਟੀ ਖਾ ਲੈਂਦੇ ਹਾਂ ਆਪਣੀ ਨੀਂਦੇ ਸੌ ਲੈਂਦੇ ਹਾਂ 'ਨਾ ਦੁਖਦੇ ਹਾਂ ਨਾ ਦੁਖਾਉਂਦੇ ਹਾਂ ।'

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਨਾ ਦੇਈਂ ਬਾਬਲਾ ਢੱਲੇ, ਸਿਰ ਪੀੜ ਕਲੇਜਾ ਹਲੇ ।

**ਭਾਵ :**—ਢੱਲਾ ਜ਼ਿਲਾ ਰਾਵਲਪਿੰਡੀ ਵਿਚ ਇਕ ਉੱਚੀ ਥਾਂ ਤੇ ਵਸਦਾ ਪਿੰਡ ਹੈ । ਇਸਦੀ ਚੜ੍ਹਾਈ ਬੜੀ ਔਖੀ ਹੈ । ਇਸ ਔਖੀ ਚੜ੍ਹਾਈ ਸੰਬੰਧੀ ਅਖਾਣ ਹੈ ।

**ਵਰਤੋਂ :—**

ਨਾ ਦੇਈਂ ਬਾਬਲਾ ਢੱਲੇ,
ਸਿਰ ਪੀੜ ਕਲੇਜਾ ਹੱਲੇ।
ਬਾਹਾਂ ਰਹੀਆਂ ਚਕੀ,
ਜੰਘਾ ਰਹੀਆਂ ਢਕੀ ।
ਨੈਣ ਵੰਞਾਏ ਰੋ ਰੋ,
ਸਿਰ ਖੁੱਥਾ ਪਾਣੀ ਢੋ ਢੋ ।

(ਲੋਕ ਅਖਾਣ)

## ਨਾ ਦੇਹ ਬਿਗਾਨੀ ਗਾਂ, ਮਾਰੇ ਲਤ ਤੇ ਭੰਨੇ ਬਾਂਹ ।

**ਭਾਵ :**—ਦੂਜਿਆਂ ਦੇ ਕੰਮ ਵਿੱਚ ਦਖਲ ਦੇਣ ਨਾਲ ਦੁਖੀ ਹੋਈਦਾ ਹੈ ।

**ਵਰਤੋਂ :**— ਤੈਨੂੰ ਲਖ ਵੇਰ ਕਿਹਾ ਹੈ ਕਿ ਦੂਜਿਆਂ ਦੇ ਕੰਮ ਵਿਚ ਦਖਲ ਨਾਂ ਦਿਤਾ ਕਰ; ਇਉਂ ਸੁਖ ਦੀ ਥਾਂ ਦੁਖ ਹੁੰਦਾ ਹੈ, ਸਿਆਣਿਆਂ ਨੇ ਸੱਚ ਕਿਹਾ

ਹੈ ਅਖੇ 'ਨ ਦੇਹ ਓਿਗਾਨੀ ਗਾਂ, ਮਾਰੇ ਲਤ ਤੇ ਭੰਨੇ ਬਾਂਹ।' (ਸੰਗ੍ਰ)

## ਨਾ ਦੇਵੇ ਨਾ ਖਵਾਏ ਅਜਾਇਆ ਸ਼ਾਹ ਕਹਾਏ।

**ਭਾਵ** :—ਲਾਨ੍ਹਤ ਹੈ ਉਸ ਸ਼ਾਹ ਨੂੰ ਜਿਹੜਾ ਦਾਨ ਨਾ ਕਰੇ।

**ਵਰਤੋਂ** :—ਮਹਾਤਮਾ—ਸਰਦਾਰਾ! ਡਿਠਾ ਹੈ ਤੁਹਾਡਾ ਸ਼ਾਹ। ਨਾ ਦੇਵੇ ਨਾ ਖਵਾਏ, ਅਜਾਇਆ ਸ਼ਾਹ ਕਹਾਏ। (ਸੰਗ੍ਰ)

## ਨਾ ਧਰ ਕੰਨ, ਨ ਪਵੀ ਜਨ।

**ਭਾਵ** :—ਕਿਸੇ ਦੇ ਗੁਣ ਔਗਣ ਨਾ ਸੁਣੋ ਤਾਂ ਜੋ ਭਰਮ ਜਾਂ ਵਹਿਮ ਨਾ ਪੈਣ।

**ਵਰਤੋਂ** :—ਜਿਥੋਂ ਤਕ ਵਾਹ ਚਲੇ ਕਿਸੇ ਦੀ ਨਿੰਦਿਆ ਉਸਤਤੀ ਵਿਚ ਹਿਸਾ ਨਾ ਲਵੋ, ਕਈ ਭੁਲੇਖਿਆ ਤੇ ਭਰਮਾਂ ਤੋਂ ਬਚੋਗੇ। ਸਿਆਣਿਆਂ ਦਾ ਅਖਾਣ ਹੈ, 'ਨਾ ਧਰ ਕੰਨ ਨ ਪਵੀ ਜਨ।' (ਸੰਗ੍ਰ)

## ਨਾ ਧੀ ਟੋਰਨੀ ਨਾ ਨੂੰਹ ਲਿਆਉਣੀ।

**ਭਾਵ** :—ਜਦ ਕਿਸੇ ਦੀ ਬੇ-ਫਿਕਰੀ ਦੀ ਜ਼ਿੰਦਗੀ ਹੋਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਉਹ ਸੋਚ ਰਿਹਾ ਸੀ-ਕਿਤਨੀ ਬੇ-ਫਿਕਰੀ ਤੇ ਸੁਖਾਲੀ ਜ਼ਿੰਦਗੀ ਹੈ, 'ਨਾ ਧੀ ਟੋਰਨੀ, ਨਾ ਨੂੰਹ ਲਿਆਉਣੀ'।

(ਲਵ ਮੈਰਜ—ਨਾਨਕ ਸਿੰਘ)

## ਨਾ ਨਕ ਰਹੇ ਨਾ ਮਖੀ ਬਹੇ।

**ਭਾਵ** :—ਥੋੜੀ ਬਿਪਤਾ ਨੂੰ ਟਾਲਣ ਲਈ ਵਡੀ ਬਿਪਤਾ ਨਹੀਂ ਸਹੇੜ ਲੈਣੀ ਚਾਹੀਦੀ। (ਮਜ਼ਾਕ ਤੇ ਮਿਹਣੇ ਵਜੋਂ ਵਰਤਦੇ ਹਨ)

**ਵਰਤੋਂ** :—ਜੇ ਫੇਰ ਉਹ ਉਲਟਾ ਰਿਕੀ ਹੀ ਜਾਏ, ਤਾਂ ਘਰ ਨੂੰ ਤੀਲੀ ਲਾਕੇ ਫੂਕ ਦਿਓ। 'ਨਾ ਨਕ ਰਹੇ ਨਾ ਆਕੇ ਮੱਖੀਆਂ ਬਹਿਣ।'

(ਹਸਦੇ ਹੰਝੂ—ਚਰਨ ਸਿੰਘ ਸ਼ਹੀਦ)

## ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨਚੇ।

**ਭਾਵ**:—ਕਿਸੇ ਕੰਮ ਦੀ ਸਫਲਤਾ ਲਈ ਜਦ ਕੋਈ ਕਰੜੀ ਸ਼ਰਤ ਲਾ ਦੇਵੇ ਤੇ ਉਹ ਨਾ ਹੋ ਸਕੇ।

**ਵਰਤੋਂ** :—ਮੈਨੂੰ ਇਸ ਗਲ ਦੀ ਕੋਈ ਚਿੰਤਾ ਨਹੀਂ ਸੀ ਹੋ ਸਕਦੀ। ਮੈਂ ਤੈਨੂੰ ਕਹਿ ਚੁੱਕੀ ਹਾਂ ਕਿ ਮੈਨੂੰ ਸਾਥੀ ਦੀ ਲੋੜ ਹੈ ਨਾ ਕਿ ਪਤੀ ਦੀ ਪਰ ਇਹ ਤਾਂ ਬੜੀ ਔਖੀ ਸਮਸਿਆ ਹੈ ਕਿ 'ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨਚੇ'।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

## ਨਾ ਪਰਨਾਇਆ ਨਾ ਜੰਜੇ ਗਿਆ।

**ਭਾਵ** :—ਜਦ ਕੋਈ ਬਿਲਕੁਲ ਹੀ ਅਲ੍ਹੜ ਹੋਵੇ।

**ਵਰਤੋਂ** :—ਉਹ ਤਾਂ ਅੱਵਲ ਦਰਜੇ ਦਾ ਮੂਰਖ ਹੈ। 'ਨਾ ਪਰਨਾਇਆ ਨਾ ਜੰਜੇ ਗਿਆ' ਉਸ ਤੋਂ ਕੀ ਪੁਛਦੇ ਹੋ?' (ਸੰਗ੍ਰ)

## ਨਾ ਫਿਕਰ ਨਾ ਫਾਕਾ।

**ਭਾਵ** :—ਜਦ ਕਿਸੇ ਨੂੰ ਕੋਈ ਚਿੰਤਾ ਨਾ ਹੋਵੇ।

**ਵਰਤੋਂ** :—ਕਿਤਨੀ ਸ਼ਾਨਦਾਰ ਜ਼ਿੰਦਗੀ ਹੈ ਇਸ ਹਟਵਾਣੀਏ ਦੀ। ਨਾ ਕੋਈ ਫਿਕਰ ਨਾ ਫਾਕਾ। (ਸੰਗ੍ਰ)

## ਨਾ ਬਾਸੀ ਰਹੇ ਨਾ ਕੁੱਤਾ ਖਾਏ।

**ਭਾਵ** :—ਜੋ ਆਣਾ ਖਾ ਛਡਣਾ, ਹੋਰ ਕਿਸੇ ਜੋਗਾ ਨਾ ਰਖਣਾ।

**ਵਰਤੋਂ** :—ਧਨ ਜੋੜ ਜੋੜ ਕੇ ਲੋਕਾਂ ਲਈ ਕਿਉਂ ਛਡ ਜਾਈਏ? ਅਸਾਂ ਤਾਂ ਇਕੋ ਅਸੂਲ ਰਖਿਆ ਹੋਇਆ ਹੈ 'ਨਾ ਬਾਸੀ ਰਹੇ, ਨਾ ਕੁੱਤਾ ਖਾਏ' ਜੋ ਆਉਂਦਾ ਹੈ, ਆਪੂੰ ਹੀ ਖਰਚ ਛਡਦੇ ਹਾਂ। (ਸੰਗ੍ਰ)

**ਨਾ ਬੁਢਾ ਮਰੇ ਨਾ ਮੰਜਾ ਛਡੇ ।**

**ਭਾਵ** :—ਕਿਸੇ ਗਲ ਤੋਂ ਬਹੁਤ ਹੀ ਦੁਖੀ ਹੋ ਕੇ ਕਹੀਦਾ ਹੈ ।

**ਵਰਤੋਂ** :—'ਨਾ ਬੁਢਾ ਮਰੇ ਨਾ ਮੰਜਾ ਛਡੇ' ਪਤਾ ਨਹੀਂ ਇਸ ਧੰਧੇ ਤੋਂ ਕਦੋਂ ਖਲਾਸੀ ਹੋਵੇਗੀ ? (ਸੰਗ੍ਰ)

**ਨਾਂ ਮੀਏਂ ਦਾ ਮਿਸਰੀ ਖਾਂ, ਮੂੰਹ ਵਿਚ ਪਾਉ ਸਵਾਹ ਵੀ ਨਾਂਹ ।**

**ਭਾਵ** :—ਬਾਹਰੋਂ ਮਿੱਠਾ ਅੰਦਰੋਂ ਕੌੜਾ । ਅੱਖਰ ਇਕ ਨਾ ਜਾਣਦਾ ਨਾਉਂ ਇਲਮਦੀਨ ।

**ਵਰਤੋਂ** :—ਉਸਦੀ ਕੀ ਪੁਛਦੇ ਹੋ, ਬਾਹਰੋਂ ਜਿਨਾ ਗੋਰਾ ਹੈ ਅੰਦਰੋਂ ਉੱਨਾ ਹੀ ਕਾਲਾ ਹੈ । 'ਨਾਂ ਮੀਏਂ ਦਾ ਮਿਸਰੀ ਖ਼ਾਂ, ਮੂੰਹ ਵਿਚ ਪਾਉ ਸਵਾਹ ਵੀ ਨਾ ।' (ਸੰਗ੍ਰ)

**ਨਾ ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ ।**

**ਭਾਵ** :—ਜਦ ਕੋਈ ਬਦਸ਼ਕਲਾ ਜਾਂ ਗ਼ਰੀਬ ਸਾਕ ਆ ਨਿਕਲੇ ।

**ਵਰਤੋਂ** :—ਕਰੋ ਜੀ ਰੱਜ ਕੇ ਦਰਸ਼ਨ ਇਨ੍ਹਾਂ ਦੇ 'ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ' ਪਤਾ ਨਹੀਂ ਬਲਾ ਕਿਥੋਂ ਮੇਰੇ ਗਲ ਆਣ ਚੰਬੜੀ ਏ । (ਸੰਗ੍ਰ)

**ਨਾ ਮੈਂ ਸੋਹਣੀ ਨਾ ਗੁਣ ਪਲੇ ।**

**ਭਾਵ** :—ਨਿਮਰਤਾ ਦਾ ਭਾਵ ਦਸਣ ਲਈ ਜਾਂ ਕਿਸੇ ਦੀ ਨਿੰਦਾ ਕਰਨ ਲਈ ਵਰਤਦੇ ਹਨ ।

**ਵਰਤੋਂ** :—

ਨਾ ਮੈਂ ਸੋਹਣੀ ਤੇ ਨਾ ਗੁਣ ਪਲੇ ।
ਉਧਰੋਂ ਪੈ ਗਈ ਪੰਧ ਕਵੱਲੇ ।
ਲਾਈਆਂ ਦੀ ਲੱਜ ਪਾਲ ਵੇ ।
(ਸੰਗ੍ਰ)

**ਨਾ ਮੈਂ ਨਾ ਮੇਰਿਆਂ ਮਿਤਰਾਂ ।**

**ਭਾਵ** :—ਜਦ ਕੋਈ ਚੀਜ਼ ਕਿਸੇ ਦੇ ਵੀ ਕੰਮ ਨਾ ਆਵੇ-ਨਾ ਆਪਣੇ ਨਾ ਆਪਣੇ ਸੰਬੰਧੀਆਂ ਦੇ ।

**ਵਰਤੋਂ** :—ਚੌਧਰੀ ਜੀ, ਤੁਸੀਂ ਬੜੀ ਖੇਚਲ ਕੀਤੀ, ਪਰ ਇਥੇ ਤਾਂ ਨਾ ਮੈਂ ਨਾ ਮੇਰਿਆਂ ਮਿਤਰਾਂ' ਵਾਲਾ ਲੇਖਾ ਹੋਇਆ । ਉਹ ਬੇਅਰਥ ਹੀ ਗਈ । (ਸੰਗ੍ਰ)

**ਨਾ ਰਜ ਖਾਣ ਨਾਂ ਰਜ ਪਾਣ ।**

**ਭਾਵ** :—ਗਰੀਬੀ ਦੀ ਦਸ਼ਾ ।

**ਵਰਤੋਂ** :—ਮਿਹਨਤ ਮਜ਼ੂਰੀ ਕਾਹਦੀ ਹੋਈ, ਗੁਲਾਮੀ ਹੋਈ । 'ਨਾ ਰਜ ਖਾਣ, ਨਾ ਰਜ ਪਾਣ' । ਜਿਵੇਂ ਰਬ ਦੇ ਘਰ ਸਾਡੇ ਜੋਗਾ ਕੁਝ ਹੈ ਹੀ ਨਹੀਂ । (ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲ ਦੀਨ)

**ਨਾ ਰੱਬ ਤੀਰਥ ਤੇ ਨਾ ਰਬ ਮਕੇ ।**

**ਭਾਵ** :—ਰੱਬ ਤਾਂ ਹਰ ਥਾਂ ਹੈ. ਕਿਸੇ ਖਾਸ ਥਾਂ ਲੁਕਿਆ ਹੋਇਆ ਨਹੀਂ ।

**ਵਰਤੋਂ** :—

'ਨਾ ਰੱਬ ਤੀਰਥ, ਨਾ ਰੱਬ ਮਕੇ'
ਜਿਨ ਪਾਇਆ ਤਿਸ ਨੂਰ ਜਮਾਲ ।
ਇਸ਼ਕ ਦੀ ਨਵੀਉਂ ਨਵੀਂ ਬਹਾਰ ।
(ਕਾਫੀਆਂ—ਬੁਲ੍ਹੇ ਸ਼ਾਹ)

**ਨਾ ਰੋਣਾ, ਨਾ ਹਸਣਾ ।**

**ਭਾਵ** :—ਜਦ ਕਿਸੇ ਥਾਂ ਕਿਸੇ ਕਿਸਮ ਦੀ ਚਹਿਲ ਪਹਿਲ ਨਾ ਹੋਵੇ ।

**ਵਰਤੋਂ** :—

ਜਲ੍ਹਣ ਜਿਸ ਘਰ ਅੰਨ ਨਾ ਪਕੇ,
ਨਾ ਕੋਈ ਰੋਵੇ, ਨਾ ਕੋਈ ਹਸੇ ।
(ਜਲ੍ਹਣ ਜੱਟ)

**ਨਾ ਲਹਿਣਾ, ਨਾ ਦੇਣਾ, ਨਾ ਕਾਰੇ ਨਾ ਮਸਲੇ ।**

**ਭਾਵ** :—ਜਦ ਕੋਈ ਐਵੇਂ ਹੀ ਚੌਧਰੀ

ਬਣ ਬੈਠੇ ਤੇ ਕਿਸੇ ਦੇ ਕੰਮ ਵਿੱਚ ਦਖਲ ਦੇਵੇ ।

**ਵਰਤੋਂ** :—ਮੈਨੂੰ ਤਾਂ ਸਮਝ ਨਹੀਂ ਲਗਦੀ ਕਿ ਤੂੰ ਕਿਉਂ ਹਰ ਜਗ੍ਹਾ ਚੌਧਰੀ ਬਣਿਆ ਫਿਰਦਾ ਏਂ । 'ਨਾ ਲਹਿਣਾ, ਨਾ ਦੇਣਾ, ਨਾ ਕਾਰੇ, ਨਾ ਮਸਲੇ' ਤੂੰ ਹਰ ਜਗ੍ਹਾ ਦਖਲ ਨਾ ਦਿਆ ਕਰ । (ਸੈ)

## ਨਾ ਲਾਹ ਨਾ ਤੋਟਾ ।

**ਭਾਵ** :—ਫਿੱਕਾ ਬੇ-ਸੁਆਦਾ ਕੰਮ ।

**ਵਰਤੋਂ** :—

ਬੁਲ੍ਹੇ ਸ਼ਾਹ ਇਕ ਸੌਦਾ ਕੀਤਾ,
ਕੀਤਾ ਜ਼ਹਿਰ ਪਿਆਲਾ ਪੀਤਾ ।
ਨਾ ਕੁਝ ਲਾਹ ਨਾ ਤੋਟਾ ਲੀਤਾ,
ਦਰਦ ਦੁਖਾਂ ਦੀ ਗਠੜੀ ਚਾਈ,
ਆਓ ਸਈਓ ਰਲ ਦਿਓ ਵਧਾਈ ।

(ਬੁਲ੍ਹੇ ਸ਼ਾਹ)

## ਨਾ ਲੁਕਣ ਜੋਗਾ ਨਾ ਨਸਣ ਜੋਗਾ ।

**ਭਾਵ** :—ਜਦ ਕੋਈ ਕਿਸੇ ਅਜੇਹੀ ਔਕੜ ਵਿਚ ਫਸ ਜਾਵੇ ਜਿਥੋਂ ਨਿਕਲਣਾ ਔਖਾ ਹੋਵੇ ।

**ਵਰਤੋਂ** :—ਰਾਜ ਕੁਮਾਰ ਬੇਬਸ ਅਤੇ ਬੇ-ਪਰਵਾਹ ਐਸੀ ਅਪਦਾ ਵਿਚ ਫਸਿਆ ਕਿ ਨਾ ਕਿਤੇ ਨਸਣ ਜੋਗਾ, ਨਾ ਕਿਤੇ ਲੁਕਣ ਜੋਗਾ ਜ਼ਖਮੀ ਅਤੇ ਬੇ-ਹਥਿਆਰਾ ਹੋਣ ਦੇ ਕਾਰਨ ਲੜਨ ਜੋਗਾ ਵੀ ਨਾ ਰਿਹਾ ।

(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਵੀਰ ਸਿੰਘ)

## ਨਾਂ ਵੱਡਾ, ਦੇਹ ਸੁੰਜ ।

**ਭਾਵ** :—ਪੱਲੇ ਕੁਝ ਨਾ ਹੋਵੇ ਤੇ ਆਪਣੇ ਆਪ ਨੂੰ ਵਡਾ ਅਮੀਰ ਦਸੇ ।

**ਵਰਤੋਂ** :—ਮੁਸ਼ਟੰਡਾ—ਕਰੀਮਿਆ ਤੇਰਾ ਹਾਲ ਵੀ ਤਾਂ ਇਹ ਹੀ ਹੈ ਅਖੇ 'ਨਾਂ ਵਡਾ ਦੇਹ ਸੁੰਜ' ਫਿਰ ਚਲਾਕੀ ਤੇ ਨਖਰਾ ਕਾਸ ਲਈ ? (ਸੰਗ੍ਰ)

## ਨਾਉਂ ਮੇਰਾ ਚੁਆਤੀ ਨੀ, ਕੋਈ ਘਰ ਸੜਵਾਓ ।

**ਭਾਵ** :—ਜਦ ਕੋਈ ਇਕ ਦੂਜੇ ਨੂੰ ਲੜਾਉਣ ਵਿਚ ਹੀ ਲਗਾ ਰਹੇ ।

**ਵਰਤੋਂ** :—ਜਾ ਨੀ ਜਾ, ਕੁਪਤੀ ਏਨ ਨਾ ਹੋਵੇ ਤੇ । ਅਖੇ 'ਨਾਉਂ ਮੇਰਾ ਚੁਆਤੀ ਨੀ, ਕੋਈ ਘਰ ਸੜਵਾਓ' ਤੂੰ ਤਾਂ ਰਾਹ ਜਾਂਦਿਆਂ ਦੇ ਗਲੇ ਪੈਂਦੀ ਹੈਂ । (ਸੰਗ੍ਰ)

## ਨਾਉਂ ਵਡੇ ਤੇ ਦਰਸ਼ਨ ਛੋਟੇ ।

**ਭਾਵ** :—ਨਾਂ ਵਡਾ ਹੋਵੇ ਪਰ ਗੁਣ ਕੁਝ ਵੀ ਨਾ ਹੋਵੇ ।

**ਵਰਤੋਂ** :—ਸ਼ਾਹ ਜੀ, ਸੱਚ ਆਖਦੇ ਹੋ, 'ਨਾਉਂ ਵਡੇ ਤੇ ਦਰਸ਼ਨ ਛੋਟੇ' ਵਾਲੀ ਹੀ ਗਲ ਹੈ । ਰੁਲਦੂ ਦੇ ਹੱਥ ਪਲੇ ਹੁਣ ਕੀ ਹੈ ? ਨਾਂ ਹੀ ਹੈ । (ਸੰਗ੍ਰ)

## ਨਾਈਆਂ ਦੀ ਕੋਲੀ ਜਲਮਾਂ ਦੀ ਡੋਲੀ।

**ਭਾਵ** :—ਹਰ ਇਕ ਦੀ ਆਪਣੀ ਚੀਜ਼ ਭਾਵੇਂ ਛੋਟੀ ਹੋਵੇ ਭਾਵੇਂ ਵਡੀ, ਉਸ ਨੂੰ ਪਿਆਰੀ ਹੈ ।

**ਵਰਤੋਂ** :—ਤੁਸੀਂ ਮੈਨੂੰ ਮਿਹਣੇ ਕਿਉਂ ਮਾਰਦੇ ਹੋ । ਮੇਰੇ ਲਈ ਮੇਰੀ ਕੁਲੀ ਵੀ ਸ਼ਾਹੀ ਮਹਿਲਾਂ ਤੋਂ ਪਿਆਰੀ ਹੈ । 'ਨਾਈਆਂ ਦੀ ਕੋਲੀ; ਜਲਮਾਂ ਦੀ ਡੋਲੀ' ਤੁਸੀਂ ਆਪਣੀ ਵਡਿਆਈ ਘਰ ਰਖੋ । (ਸੰਗ੍ਰ)

## ਨਾਈਆਂ ਦੀ ਜੰਞ ਸਭੇ ਸਾਊ । ਜਾਂ ਨਾਈਆਂ ਦੀ ਜੰਞ ਸਭੇ ਰਾਜੇ ।

**ਭਾਵ** :—ਜਦ ਕਿਸੇ ਟੋਲੀ ਦੇ ਸਭੇ ਬੰਦੇ ਇਕੋ ਜਿਹੇ ਮਾੜੇ ਹੋਣ, ਤਾਂ ਮਿਹਣੇ ਵਜੋਂ ਵਰਤਦੇ ਹਨ ।

**ਵਰਤੋਂ** :— ਇਥੇ ਤੁਸੀਂ ਕਾਹਨੂੰ ਚੰਗੇ ਮੰਦੇ ਦੀ ਪਰਖ ਕਰਦੇ ਹੋ ? 'ਨਾਈਆਂ ਦੀ ਜੰਞ ਵਿਚ ਸਭੇ ਰਾਜੇ' ਚੰਗੇ ਕਿਥੋਂ ਲਭੋਗੇ ?

## ਨਾਈਆਂ ਦੀ ਵੱਛੀ ਪਿਛੇ ਵਗ ਤਿਹਾਇਆ ਮਾਰਨਾ ਹੈ ?

**ਭਾਵ** :—ਸਭ ਕੁਝ ਗਵਾ ਲੈਣ ਨਾਲੋਂ ਥੋੜ੍ਹਾ ਨੁਕਸਾਨ ਝਲ ਲੈਣਾ ਚੰਗਾ ਹੈ।

**ਵਰਤੋਂ** :— ਅਸਾਂ ਨਾਈਆਂ ਦੀ ਵਛੀ ਪਿਛੇ ਵਗ ਤਿਹਾਇਆ ਮਾਰਨਾ ਹੈ। ਤੇਰੇ ਝੂਠੇ ਲਾਰਿਆਂ ਪਿਛੇ ਆਪਣੀ ਮਿਹਨਤ ਕਰਨੀ ਵੀ ਛਡ ਦੇਈਏ। (ਸੰਗ੍ਰ)

**ਨਾਗਣੀਆਂ ਨਾਲ ਆਸ਼ਕੀਆਂ।**

**ਭਾਵ** :—ਭੈੜੇ ਲੋਕਾਂ ਨਾਲ ਮਿਤ੍ਰਤਾ ਚੰਗੀ ਨਹੀਂ।

**ਵਰਤੋਂ** :—'ਨਾਗਣੀਆਂ ਨਾਲ ਆਸ਼ਕੀਆਂ' ਅੰਤ ਨੂੰ ਖੈ ਹੀ ਖਾਣੀ ਸੀ। (ਸੰਗ੍ਰ)

**ਨਾਗੇ ਦੁਧ ਪਿਲਾਏ ਮਿਤ ਨਹੀਂ ਹੁੰਦੇ।**

**ਭਾਵ** :—ਵੈਰੀ ਖੁਸ਼ਾਮਦ ਕਰਨ ਜਾਂ ਚੰਗੀ ਚੀਜ਼ ਦੇਣ ਨਾਲ ਮਿਤਰ ਨਹੀਂ ਬਣਦਾ।

**ਵਰਤੋਂ** :—ਵੀਰ! ਨਾਗੇ ਦੁਧ ਪਿਲਾਏ ਮਿਤਰ ਨਹੀਂ ਹੁੰਦੇ। ਦੁਸ਼ਮਨ ਦਾ ਵਿਸਾਹ ਨਹੀਂ ਕਰੀਦਾ। (ਸੰ)

**ਨਾਥ ਅਨਾਥਾਂ ਬਾਣ ਧੁਰਾਂ ਦੀ।**

**ਭਾਵ** :—ਰੱਬ ਸਦਾ ਹੀ ਉਨ੍ਹਾਂ ਦਾ ਆਸਰਾ ਬਣਦਾ ਹੈ। ਜਿਨ੍ਹਾਂ ਦਾ ਹੋਰ ਕੋਈ ਆਸਰਾ ਨਹੀਂ।

**ਵਰਤੋਂ** :—

ਘਰ ਆਈ ਠਾਕਰੁ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣ ਧੁਰਾਂ ਦੀ ॥
(ਵਾਰਾਂ—ਭਾਈ ਗੁਰਦਾਸ)

**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥**

**ਭਾਵ** :—ਅਗਲੇ ਜਹਾਨ ਓਹੋ ਕੁਝ ਮਿਲੇਗਾ ਜੋ ਹੱਕ ਦਾ ਕਮਾਇਆ ਹੋਵੇਗਾ।

**ਵਰਤੋਂ** :—

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।
(ਗੁਰੂ ਗ੍ਰੰਥ—ਆਸਾ ਦੀ ਵਾਰ).

**ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥**

**ਭਾਵ** :—ਸਚੇ ਨਾਮ ਤੋਂ ਬਿਨਾ ਜਗਤ ਅੰਨ੍ਹੇ ਵਿਹਾਰ ਵਿਚ ਰੁਝਾ ਹੋਇਆਂ ਹੈ।

**ਵਰਤੋਂ** :—

ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥
ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥
(ਗੁਰੂ ਗ੍ਰੰਥ—ਬਿਹਾਗੜੇ ਕੀ ਵਾਰ)

**ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥**

**ਭਾਵ** :—ਬਖਸਸ਼ ਉਹ ਹੈ ਜੋ ਮਾਲਕ ਦੇ ਆਪ ਮਿਹਰ ਕਰਨ ਤੇ ਮਿਲੇ, ਆਪ ਕਮਾਈ ਹੋਈ ਦਾਤ ਕਿਸ ਕੰਮ ?

**ਵਰਤੋਂ** :—

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥
(ਗੁਰੂ ਗ੍ਰੰਥ—ਆਸਾ ਦੀ ਵਾਰ)

**ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾਪਿਰੀ ॥**

**ਭਾਵ** :—ਉਹ ਅੱਖਾਂ ਹੋਰ ਹੀ ਹਨ, ਜਿਨ੍ਹਾਂ ਨਾਲ ਪਿਆਰਾ ਦਿਸਦਾ ਹੈ।

**ਵਰਤੋਂ** :—

ਲੋੱਇਣ ਲੋਈ ਡਿਠ ਪਿਆਸ ਨਾ ਬੁਝੈ ਮੂਘਣੀ ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾਪਰੀ ॥
(ਗੁਰੂ ਗ੍ਰੰਥ—ਮਾਰੂ ਵਾਰ)

**ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥**

**ਭਾਵ** :—ਓਹ ਪੁਰਸ਼ ਬੜੇ ਮੂਰਖ ਹਨ ਜੋ ਬਿਨਾ ਗੁਣ ਹੰਕਾਰ ਕਰਦੇ ਹਨ।

**ਵਰਤੋਂ** :—

ਇਕਨਾ ਸੁਧਿ ਨ ਬੁਧਿ ਨ ਅਕਲਿ
ਸਰ ਅਖਰ ਕਾ ਭਉ ਨਾ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤਿ ॥

(ਗੁਰੂ ਗ੍ਰੰਥ—ਸਾਰੰਗ ਦੀ ਵਾਰ)

**ਨਾਨਕ ਸੋ ਪੜ੍ਹਿਆ ਸੋ ਪੰਡਿਤਿ ਬੀਨਾ, ਜਿਸ ਰਾਮ ਨਾਮੁ ਗਲਿ ਹਾਰ ॥**

**ਭਾਵ** :—ਜਿਹੜਾ ਹਰੀ ਸਿਮਰਨ ਕਰਦਾ ਹੈ, ਓਹੀ ਪੰਡਿਤ-ਵਿਦਵਾਨ ਤੇ ਸਿਆਣਾ ਹੈ।

**ਵਰਤੋਂ** :—

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁਸਾਰੁ ॥
ਨਾਨਕ ਸੋ ਪੜ੍ਹਿਆ ਸੋ ਪੰਡਿਤ ਬੀਨਾ
ਜਿਸ ਰਾਮ ਨਾਮੁ ਗਲਿ ਹਾਰ ॥

(ਗੁਰੂ ਗ੍ਰੰਥ—ਰਾਮਕਲੀ ਰਾਗ)

**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥**

**ਭਾਵ** :—ਮਾਲਕ ਅਗੇ ਬੇਨਤੀ ਕਰਨੀ ਹੀ ਬਣ ਆਉਂਦੀ ਹੈ, ਨਾ ਕਿ ਹੁਕਮ ਕਰਨਾ।

**ਵਰਤੋਂ** :—

ਜਿਸ ਦਾ ਦਿਤਾ ਖਾਵਣਾ
ਤਿਸੁ ਕਹੀਐ ਸਾਬਾਸਿ ॥
ਨਾਨਕ ਹੁਕਮੁ ਨ ਚਲਈ
ਨਾਲਿ ਖਸਮ ਚਲੈ ਅਰਦਾਸਿ ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥**

**ਭਾਵ** :—ਜਿਹੜਾ ਰੱਬ ਦੇ ਹੁਕਮ ਨੂੰ ਬੁਝ ਲੈਂਦਾ ਹੈ ਉਹ ਹੰਕਾਰ ਰਹਿਤ ਹੋ ਜਾਂਦਾ ਹੈ।

**ਵਰਤੋਂ** —

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ ॥

(ਗੁਰੂ ਗ੍ਰੰਥ—ਜਪੁਜੀ)

**ਨਾਨਕ ਕਚੜਿਆ ਸਿਉ ਤੋੜਿ ॥**

**ਭਾਵ** :—ਮਾੜਿਆਂ ਦੀ ਸੰਗਤ ਛਡ ਦਿਓ।

**ਵਰਤੋਂ** :—ਹੇ ਪਰਮਾਰਥ ਦੇ ਸਾਥੀਓ। ਤੋੜ ਤਾਂ ਨਿਬਾਹ ਜਾਂਦਿਓ ਜੇ। ਤੁਹਾਡੀ ਮਹਿਮਾ ਵਿਚ ਕਿਹਾ ਹੈ :

ਨਾਨਕ ਕਚੜਿਆ ਸਿਉ ਤੋੜਿ
ਢੂੰਢਿ ਸਜਣ ਸੰਤ ਪਕਾਇਆ ॥
ਓਇ ਜੀਵੰਦੇ ਵਿਛੁੜਹਿ ਓਇ
ਮੁਇਆ ਨ ਜਾਹੀ ਛੋੜਿ ॥

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ॥**

**ਭਾਵ** :—ਜਿਹੜੇ ਚੰਗੇ ਅਮਲਾਂ ਤੋਂ ਬਿਨਾ ਹਨ, ਉਨ੍ਹਾਂ ਨੂੰ ਹਰੀ-ਦਰ ਤੇ ਪਨਾਹ ਨਹੀਂ ਮਿਲਦੀ।

**ਵਰਤੋਂ** :—

ਭਗਤ ਤੇਰੈ ਮਨਿ ਭਾਵਦੇ
ਦਰਿ ਸੋਹਨਿ ਕੀਰਤਿ ਗਾਵਦੇ ॥
ਨਾਨਕ ਕਰਮਾ ਬਾਹਰੇ
ਦਰਿ ਢੋਅ ਨ ਲਹਨੀ ਧਾਵਦੇ ॥

(ਗੁਰੂ ਗ੍ਰੰਥ—ਆਸਾ ਦੀ ਵਾਰ)

**ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣ ਆਪੇ ਜਾਣ ॥**

**ਭਾਵ** :—ਕਲਜੁਗ ਦਾ ਇਹ ਲਛਣ ਹੈ ਕਿ ਆਪ ਹੁਦਰੇ ਗਿਆਨੀ ਬਣ ਬੈਠੇ ਹਨ।

**ਵਰਤੋਂ** :—

ਜੋਗੁ ਨ ਪਾਇਆ ਜੁਗਤਿ ਗਵਾਈ ॥
ਕਿਤੁ ਕਾਰਣ ਸਿਰਿ ਛਾਈ ਪਾਈ ॥

ਨਾਨਕ ਕਲਿ ਕਾ ਏਹੁ ਪਰਵਾਣ ॥
ਆਪੇ ਆਖਣ ਆਪੇ ਜਾਣ ॥
(ਗੁਰੂ ਗ੍ਰੰਥ—ਰਾਮਕਲੀ ਕੀ ਵਾਰ)

**ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ ॥**

**ਭਾਵ** :—ਬਿਨਾ ਪਰੀਤ ਕਰਨ ਦੇ ਬਾਕੀ ਸਾਰੀਆਂ ਗੱਲਾਂ ਝੂਠੀਆਂ ਹਨ ।

**ਵਰਤੋਂ** :—

'ਨਾਨਕ ਗਾਲੀ ਕੂੜੀਆਂ ਬਾਝੁ ਪਰੀਤਿ ਕਰੇਇ ॥
ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ ॥'
(ਗੁਰੂ ਗ੍ਰੰਥ—ਵਡਹੰਸ ਕੀ ਵਾਰ)

**ਨਾਨਕ ਗੁਰੂ ਨ ਚੇਤਨੀ**
**ਮਨਿ ਆਪਣੈ ਸੁਚੇਤ ॥**
**ਛੁਟੇ ਤਿਲ ਬੂਆੜ ਜਿਉ**
**ਸੁੰਞੇ ਅੰਦਰਿ ਖੇਤ ॥**

**ਭਾਵ** :—ਜਿਹੜੇ ਆਪਣੇ ਆਪ ਹੀ ਸਿਆਣੇ ਬਣੀ ਬੈਠੇ ਹਨ ਤੇ ਗੁਰੂ ਦੀ ਪਰਵਾਹ ਨਹੀਂ ਕਰਦੇ, ਉਹ ਉਨ੍ਹਾਂ ਝੂਠੇ ਤਿਲਾਂ ਵਾਕਰ ਹੈ, ਜਿਹੜੇ ਖੇਤ ਵਿਚ ਐਵੇਂ ਹੀ ਛਡ ਦਿਤੇ ਜਾਂਦੇ ਹਨ ।

**ਵਰਤੋਂ** :—

'ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ ॥'
(ਗੁਰੂ ਗ੍ਰੰਥ—ਆਸਾ ਕੀ ਵਾਰ)

**ਨਾਨਕ ਚਿੰਤਾ ਮਤਿ ਕਰਹੁ**
**ਚਿੰਤਾ ਤਿਸ ਹੀ ਹੇਇ ॥**

**ਭਾਵ** :—ਮਨੁੱਖ ਕੋਈ ਫਿਕਰ ਨਾ ਕਰੇ ਕਿਉਂਕਿ ਫਿਕਰ ਰੱਬ ਨੂੰ ਹੀ ਹੈ ।

**ਵਰਤੋਂ** :—

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥'
(ਗੁਰੂ ਗ੍ਰੰਥ—ਰਾਮ ਕਲੀ ਕੀ ਵਾਰ)

**ਨਾਨਕੁ ਜੰਤ ਉਪਾਇ ਕੈ ਸੰਮਾਲੇ ਸਭਨਾਹ ॥**

**ਭਾਵ** :—ਜੀਵਾਂ ਨੂੰ ਪੈਦਾ ਕਰਕੇ ਰੱਬ ਸਾਰਿਆਂ ਦੀ ਸੰਭਾਲ ਕਰਦਾ ਹੈ ।

**ਵਰਤੋਂ** :—

'ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥'
(ਗੁਰੂ ਗ੍ਰੰਥ—ਵਾਰ ਆਸਾ)

**ਨਾਨਕੁ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥**

**ਭਾਵ** :—ਮਾਣ ਤੇ ਵਡਿਆਈ ਓਹੀ ਹੈ ਜਿਹੜੀ ਰੱਬ ਵੱਲੋਂ ਮਿਲੇ ।

**ਵਰਤੋਂ** :—

ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭ ਕਿਛੁ ਹੋਇ ॥
ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥
(ਗੁਰੂ ਗ੍ਰੰਥ—ਵਾਰ ਮਾਝ)

**ਨਾਨਕੁ ਦੁਖੀਆ ਸਭੁ ਸੰਸਾਰੁ ॥**

**ਭਾਵ** :— ਸਾਰਾ ਸੰਸਾਰ ਦੁਖੀ ਹੈ ।

**ਵਰਤੋਂ** :—

'ਨਾਨਕੁ ਦੁਖੀਆ ਸਭੁ ਸੰਸਾਰੁ ॥
ਸੋ ਸੁਖੀਆ ਜਿਸ ਨਾਮੁ ਅਧਾਰ ॥'
(ਗੁਰੂ ਗ੍ਰੰਥ—ਰਾਮ ਕਲੀ ਕੀ ਵਾਰ)

**ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ ।**

**ਭਾਵ** :—ਸਿੱਖ ਅਰਦਾਸ ਦੇ ਅੰਤ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣਾ ਤੇ ਸਾਰਿਆਂ ਜੀਵਾਂ ਦਾ ਭੱਲਾ ਅਪਣੇ ਅਕਾਲ ਪੁਰਖ ਪਾਸੋਂ ਮੰਗਦੇ ਹਨ ।

**ਵਰਤੋਂ** :—ਅਸਲੀ ਜੀਵਨ ਦਾ ਨਮੂਨਾ ਚੜ੍ਹਦੀਆਂ ਕਲਾ ਦਾ ਆਦਰਸ਼ ਬਖਸ਼ੇ ਤਪਸ੍ਵੀ ਜੀ ਕਾਇਮ ਕਰਨ ਚਲੇ ਹਨ । ਇਸ ਤੇ ਫਿਰ ਸਰਬਤ ਦਾ ਭਲਾ ਵੀ ਲੋੜਨਾ ਹੈ ।
(ਕਲਗੀਧਰ ਚਮਤਕਾਰ—ਭਾਈ ਵੀਰ ਸਿੰਘ)

**ਨਾਨਕੁ ਨਾਮ ਧਿਆਈਐ ਕਾਰਜੁ ਆਵੈ ਰਾਸਿ ॥**

**ਭਾਵ** :–ਹਰੀ ਸਿਮਰਨ ਕਰੀਏ ਤਾਂ ਸਭ ਕੰਮ ਠੀਕ ਸਿਰੇ ਚੜ੍ਹ ਜਾਂਦੇ ਹਨ।

**ਵਰਤੋਂ** :—

'ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥'
(ਗੁਰੂ ਗ੍ਰੰਥ – ਗਉੜੀ ਬਾਵਨ ਅਖਰੀ)

**ਨਾਨਕੁ ਨਿਰਧਨੁ ਤਿਤੁ ਦਿਨਿ, ਜਿਤੁ ਦਿਨਿ ਵਿਸਰੈ ਨਾਉ ॥**

**ਭਾਵ** :—ਗ਼ਰੀਬੀ ਉਸ ਵੇਲੇ ਸਮਝਣੀ ਚਾਹੀਦੀ ਹੈ ਜਿਸ ਵੇਲੇ ਰੱਬ ਦਾ ਨਾਂ ਵਿਸਰ ਜਾਵੇ।

**ਵਰਤੋਂ** :—

'ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ ॥
ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ।
(ਗੁਰੂ ਗ੍ਰੰਥ – ਵਾਰ ਸਾਰੰਗ)

**ਨਾਨਕੁ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**

**ਭਾਵ** :—ਕੌੜੇ ਬਚਨ ਬੋਲਣ ਨਾਲ ਤਨ ਤੇ ਮਨ ਰੁਖਾ ਜਿਹਾ ਹੋ ਜਾਂਦਾ ਹੈ।

**ਵਰਤੋਂ** :—

'ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
(ਗੁਰੂ ਗ੍ਰੰਥ—ਵਾਰ ਆਸਾ)

**ਨਾਨਕੁ ਭਗਤਾਂ ਸਦਾ ਵਿਗਾਸੁ ॥**

**ਭਾਵ** :—ਹਰੀ ਦੇ ਭਗਤਾਂ ਨੂੰ ਸਦਾ ਹੀ ਖੁਸ਼ੀ ਹੁੰਦੀ ਹੈ।

**ਵਰਤੋਂ** :—

ਨਾਨਕ ਭਗਤਾਂ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥
(ਗੁਰੂ ਗ੍ਰੰਥ—ਜਪੁਜੀ)

**ਨਾਨਕੁ ਮੂਰਖ ਏਹਿ ਗੁਣ, ਬੋਲੇ ਸਦਾ ਵਿਣਾਸੁ ॥**

**ਭਾਵ** :—ਮੂਰਖ ਵਿਚ ਇਹ ਗੁਣ ਹੈ ਕਿ ਉਹ ਸਦਾ ਹੀ ਬੇਅਰਥ ਗੱਲਾਂ ਕਰਦਾ ਹੈ।

**ਵਰਤੋਂ** :—

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸ ॥
(ਗੁਰੂ ਗ੍ਰੰਥ—ਵਾਰ ਮਾਝ)

**ਨਾਨਕੁ ਰੁੰਨਾ ਬਾਬਾ ਜਾਣੀਐ, ਜੇ ਰੋਵੈ ਲਾਇ ਪਿਆਰੋ ॥**

**ਵਰਤੋਂ** :—ਰੋਣਾ ਓਹੀ ਸਫਲ ਹੈ, ਜੋ ਪਿਆਰ ਵਿਚ ਰੋਆ ਜਾਵੇ।

**ਵਰਤੋਂ** :—

'ਨਾਨਕੁ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ ॥
ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ ॥
(ਗੁਰੂ ਗ੍ਰੰਥ—ਰਾਗ ਵਡਹੰਸ)

**ਨਾਨੀ ਕੁਆਰੀ ਮਰ ਗਈ, ਦੋਹਤਰੇ ਦੇ ਨੌਂ ਨੌਂ ਵਿਆਹ।**

**ਭਾਵ** :—ਕਿਸੇ ਦੇ ਹੱਥ ਪਲੇ ਕੁਝ ਵੀ ਨਾ ਹੋਵੇ ਤੇ ਫੜ੍ਹਾਂ ਬੜੀਆਂ ਮਾਰੇ।

**ਵਰਤੋਂ** :—'ਨਾਨੀ ਕੁਆਰੀ ਮਰ ਗਈ ਤੇ ਦੋਹਤਰੇ ਦੇ ਨੌਂ ਨੌਂ ਵਿਆਹ' ਅਸੀਂ ਨਹੀਂ ਮੰਨਦੇ, ਓਹਨੇ ਏਨੀ ਵੱਡੀ ਛਾਲ ਮਾਰੀ ਹੋਵੇ। ਉਸਦਾ ਪਿਉ ਤਾਂ ਕਿਸੇ ਨੂੰ ਸੁੱਕਾ ਛਿਲੱੜ ਵੀ ਨਹੀਂ ਸੀ ਦੇਂਦਾ।
(ਸੰਗ੍ਰ)

**ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ। ਜਾਂ ਨਾਨੀ ਖਸਮ ਕੀਤਾ, ਦੋਹਤੇ ਨੂੰ ਚੱਟੀ ਪਈ।**

**ਭਾਵ** :—ਗਲਤੀ ਕਿਸੇ ਦੀ ਹੋਵੇ ਤੇ ਡੰਡ ਕੋਈ ਭਰੇ।

**ਵਰਤੋਂ** :— ਗੁਰਦਿੱਤ ਸਿੰਘ— ਤੁਸਾਡਾ

ਭਰਾ ਤਾਂ ਕੁਝ ਦਵਾਲ ਨਹੀਂ, ਰਕਮ ਤੁਹਾਨੂੰ ਭਰਨੀ ਹੀ ਪੈਣੀ ਹੈ। ਇੱਥੇ ਤਾਂ 'ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ' ਵਾਲਾ ਲੇਖਾ ਹੀ ਦਿਸਦਾ ਹੈ। (ਸੰਗ੍ਰ)

**ਨਾਨੀ ਖਸਮ ਕੀਤਾ ਸੱਚ ਤੇ ਖੂਹ ਲਾਇਆ ਝੂਠ।**

**ਭਾਵ** :—ਜਦ ਕਿਸੇ ਪਾਸੋਂ ਕਦੀ ਵੀ ਚੰਗੇ ਕੰਮ ਦੀ ਆਸ ਨ ਹੋਵੇ ਤੇ ਸਦਾ ਭੈੜੇ ਦੀ ਹੋਵੇ।

**ਵਰਤੋਂ** :—ਨਾ ਭਾਈ ਨਾ! ਅਸੀਂ ਨਹੀਂ ਮੰਨਦੇ। 'ਨਾਨੀ ਖਸਮ ਕੀਤਾ ਸਚ ਤੇ ਖੂਹ ਲਵਾਇਆ ਝੂਠਾ।' ਸਾਨੂੰ ਉਸ ਤੋਂ ਏਨੀ ਉਦਾਰਤਾ ਦੀ ਆਸ ਨਹੀਂ। ਕਿਸੇ ਦੀ ਗੰਢ ਰਖ ਲਈ ਹੋਵੇ।, ਤਾਂ ਮੰਨ ਸਕਦੇ ਹਾਂ। (ਸੰਗ੍ਰ)

**ਨਾਨੇ ਅਗੇ ਨਾਨਕਿਆਂ ਦੀਆਂ ਗੱਲਾਂ।**

**ਭਾਵ** :—ਕਿਸੇ ਵਾਕਫ ਨੂੰ ਜਦ ਕੋਈ ਉਸ ਦੀਆਂ ਜਾਣੂ ਗੱਲਾਂ ਸਮਝਾਣਾ ਚਾਹੇ।

**ਵਰਤੋਂ** :—ਮੁੰਡਿਆ, ਕਿਸ ਨਾਲ ਏਹ ਕਥਾ ਛੇੜ ਬੈਠਾ ਏਂ, ਇਹ ਤਾਂ ਇਨ੍ਹਾਂ ਦੇ ਵਡਕਿਆਂ ਦਾ ਵੀ ਜਾਣੂ ਹੈ। ਮੂਰਖਾ, 'ਨਾਨੇ ਅਗੇ ਨਾਨਕਿਆਂ ਦੀਆਂ ਗੱਲਾਂ ?' (ਸੰਗ੍ਰ)

**ਨ੍ਹਾਤਾ ਕਿਰਾੜ ਤੇ ਭੁਖਾ ਬਘਿਆੜ।**

**ਭਾਵ** :—ਬਾਣੀਆ ਨਹਾ ਧੋ ਕੇ ਭੁਖੇ ਬਘਿਆੜ ਵਾਂਗੂ ਖਾਂਦਾ ਹੈ।

**ਵਰਤੋਂ** :—ਭੁਖ ਚਮਕਦੀ ਹੀ ਨਹਾਣ ਨਾਲ ਹੈ। ਅਖੇ 'ਨ੍ਹਾਤਾ ਕਿਰਾੜ ਤੇ ਭੁਖਾ ਬਘਿਆੜ'। (ਸੰਗ੍ਰ)

**ਨ੍ਹਾਤੀ ਧੋਤੀ ਰਹਿ ਗਈ, ਮੂੰਹ ਤੇ ਮੱਖੀ ਬਹਿ ਗਈ।**

**ਭਾਵ** :—ਹੁੰਦਾ ਹੁੰਦਾ ਕੰਮ ਰਹਿ ਜਾਵੇ।

**ਵਰਤੋਂ** :—ਮੈਂ ਨ੍ਹਾਤੀ ਧੋਤੀ ਰਹਿ ਗਈ,
ਇਕ ਗੰਢ ਮਾਹੀ ਦਿਲ ਬਹਿ ਗਈ,
ਭਾਹ ਲਾਈਏ ਹਾਰ ਸ਼ਿੰਗਾਰ ਨੂੰ।
(ਕਾਫ਼ੀਆਂ—ਬੁਲ੍ਹੇ ਸ਼ਾਹ)

**ਨਾਭਿ ਕਥੂਰੀ ਮਿਰਗ ਦੇ ਫਿਰਦਾ ਹੈਰਾਣੇ।**

**ਭਾਵ** :—ਕਸਤੂਰੀ ਮਿਰਗ ਦੀ ਨਾਭੀ ਵਿਚ ਹੈ, ਪਰ ਹੈਰਾਨ ਹੋਇਆ ਫਿਰਦਾ ਹੈ ਕਿ ਖੁਸ਼ਬੋ ਕਿਥੋਂ ਆ ਰਹੀ ਹੈ। ਭਾਵ, ਚੀਜ਼ ਪਾਸ ਹੀ ਹੋਣੀ, ਪਰ ਲੱਭਣੀ ਬਾਹਰ।

**ਵਰਤੋਂ** :—
ਡਡੂ ਚਿਕੜ ਵਾਸ ਹੈ ਕਵਲੈ ਨ ਸਿਞਾਣੈ ॥
ਨਾਭਿ ਕਥੂਰੀ ਮਿਰਗ ਦੇ ਫਿਰਦਾ ਹੈਰਾਣੇ ॥
(ਵਾਰਾਂ—ਭਾਈ ਗੁਰਦਾਸ)

**ਨਾਮ ਕੁੱਤੇ ਦਾ ਮੋਤੀ ਰਖੀਏ, ਪਰ ਹਰ ਕੋ ਆਖੇ ਤੋਹ।**

**ਭਾਵ** :—ਮੰਦੀ ਚੀਜ਼ ਦਾ ਨਾਂ ਚੰਗਾ ਵੀ ਰਖ ਦਿਓ, ਤਾਂ ਓਸਨੂੰ ਸਭੇ ਮੰਦਾ ਹੀ ਆਖਣਗੇ।

**ਵਰਤੋਂ** :—ਤੁਸੀਂ ਉਪਰੋਂ ਜਿੰਨਾ ਮਰਜ਼ੀ ਜੇ ਪਲੇਥਨ ਲਾਈ ਚਲੋ, ਮੰਦੀ ਚੀਜ਼ ਨੇ ਮੰਦੀ ਹੀ ਰਹਿਣਾ ਹੈ, ਅਖੇ 'ਨਾਮ ਕੁੱਤੇ ਦਾ ਮੋਤੀ ਰਖੀਏ; ਪਰ ਹਰ ਕੋ ਆਖੇ ਤੋਹ'। (ਸੰਗ੍ਰ)

**ਨਾਮ ਤੁਲਿ ਕਛੁ ਅਵਰੁ ਨ ਹੋਇ ॥**

**ਭਾਵ** :—ਹਰੀ ਸਿਮਰਨ ਨਾਲੋਂ ਕੋਈ ਹੋਰ ਸ੍ਰੇਸ਼ਟ ਕੰਮ ਨਹੀਂ।

**ਵਰਤੋਂ** :—ਇਸ ਸੜਕੇ ਚੜ੍ਹਿਆ ਕਦੇ ਗੁਆਚਦਾ ਨਹੀ। ਭੁਲੀਂ ਨਹੀਂ ਪੈਂਦਾ—ਸ਼ਾਸ਼ਤ੍ਰਾਂ ਦੇ ਬਨਾ ਵਿਚ ਕਿਤੇ ਭੀ ਨਹੀਂ ਗੁਆਚਦਾ। ਉਹ ਸੜਕ ਨਾਮ ਹੈ ਤੇ 'ਨਾਮ ਤੁਲਿ ਕਛੁ ਅਵਰੁ ਨ ਹੋਇ ॥'

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਨਾਮ ਧਾਰੀਕ ਝੂਠੇ ਸਭਿ ਸਾਕ ॥**

**ਭਾਵ** :—ਦੁਨੀਆਂ ਦੇ ਸਾਰੇ ਰਿਸ਼ਤੇ ਨਾਂ ਮਾਤਰ ਅਤੇ ਝੂਠੇ ਹਨ।

**ਵਰਤੋਂ :—**

ਕਾ ਕੀ ਮਾਈ ਕਾ ਕੋ ਬਾਪ ॥
ਨਾਮ ਧਾਰੀਕ ਝੂਠੇ ਸਭਿ ਸਾਕ ॥
(ਗੁਰੂ ਗ੍ਰੰਥ—ਗਉੜੀ ਮਹਲਾ ੫)

## ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ।

**ਭਾਵ** :—ਹਰੀ ਸਿਮਰਨ ਬਿਨਾ ਸੁਖ ਨਹੀਂ । ਜੀਵ ਨੂੰ ਨਾਮ ਬਿਨਾ ਹਾਰ ਹੁੰਦੀ ਹੈ ।

**ਵਰਤੋਂ :—**

ਸੋਧਤ ਸੋਧਤ ਸੋਧਿ ਤਤ ਬੀਚਾਰਿਆ ॥
ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥
(ਗੁਰੂ ਗ੍ਰੰਥ—ਰਾਗ ਸੂਹੀ)

## ਨਾਮ ਭਲਾ ਕਿ ਦਾਮ ?

**ਭਾਵ** :—ਧਨ ਭਾਵੇਂ ਨਾਂ ਗੁਆ ਕੇ ਵੀ ਆਵੇ, ਤਾਂ ਵੀ ਲੋਕੀ ਚੰਗਾ ਸਮਝਦੇ ਹਨ ।

**ਵਰਤੋਂ** :—ਆਮ ਲੋਕਾਂ ਨੂੰ ਪੁਛੋ ਕਿ ਭਾਈ 'ਨਾਮ ਭਲਾ ਕਿ ਦਾਮ ?' ਬਹੁਤ ਇਹੀ ਕਹਿਣਗੇ ਕਿ ਦਾਮ ? ਨਾਮ ਕਿਹੜੇ ਕਾਮ ? (ਸੰਗ੍ਰ)

## ਨਾਮਣਾ ਨਿਕਲਿਆ ਫਿਰ ਹੱਥ ਨਹੀਂ ਆਉਂਦਾ ।

**ਭਾਵ** :—ਜਦ ਕੋਈ ਗੱਲ ਨਸ਼ਰ ਹੋ ਜਾਵੇ, ਤਦ ਕੁਝ ਨਹੀਂ ਬਣਦਾ ।

**ਵਰਤੋਂ** :—ਬਾਲ ਲਾਉਣੇ ਲਗਾਉਣੇ ਹੋਇ, ਨਾਮਣਾ ਨਿਕਲਿਆ ਫਿਰ ਹੱਥ ਨਹੀਂ ਆਉਂਦਾ ।
(ਚਰਣ-ਹਰਿ ਵਿਸਥਾਰ—ਬਲਬੀਰ ਸਿੰਘ)

## ਨਾਮੀ ਬਾਣੀਆਂ ਕਮਾ ਖਾਏ, ਨਾਮੀ ਚੋਰ ਮਾਰਿਆ ਜਾਏ । ਜਾਂ ਨਾਮੀ ਸ਼ਾਹ ਖੱਟ ਖਾਏ, ਨਾਮੀ ਚੋਰ ਪਕੜਿਆ ਜਾਏ ।

**ਭਾਵ** :—ਬਹੁਤੀ ਬਦਨਾਮੀ ਮਰਵਾ ਦੇਂਦੀ ਹੈ, ਪਰ ਬਹੁਤੀ ਨੇਕਨਾਮੀ ਖੱਟੀ ਦਾ ਕਾਰਨ ਬਣਦੀ ਹੈ ।

**ਵਰਤੋਂ** :—ਨਾਂ ਬੰਦਾ ਜ਼ਰੂਰ ਖਟੇ, ਪਰ ਚੰਗਾ ਨਾਂ, ਮੰਦਾ ਨਾਂਹ । 'ਨਾਮੀ ਸ਼ਾਹ ਖਟ ਖਾਏ, ਨਾਮੀ ਚੋਰ ਪਕੜਿਆ ਜਾਏ । (ਸੰਗ੍ਰ)

## ਨਾਮੁ ਨ ਜਪਹਿ ਤੇ ਆਤਮ ਘਾਤੀ ।

**ਭਾਵ** :—ਜਿਹੜੇ ਹਰੀ ਸਿਮਰਨ ਨਹੀਂ ਕਰਦੇ ਉਹ ਮਾਨੋ ਖੁਦਕਸ਼ੀ ਕਰ ਰਹੇ ਹਨ ।

**ਵਰਤੋਂ :—**

ਦੁਲਭ ਦੇਹ ਪਾਈ ਵਡਭਾਗੀ ॥
ਨਾਮੁ ਨ ਜਪਹਿ ਤੇ ਆਤਮ ਘਾਤੀ ॥
(ਗੁਰੂ ਗ੍ਰੰਥ—ਰਾਗ ਗਉੜੀ)

## ਨਾਮੁ ਬਿਨਾ ਸਭਿ ਕੂੜੁ ਗਲ੍ਹੀ ਹੋਛੀਆ ।

**ਭਾਵ** :—ਹਰੀ ਸਿਮਰਨ ਬਿਨਾ ਸਭ ਕੁਝ ਝੂਠ ਹੈ ਤੇ ਨਿਕੰਮੀਆਂ ਗੱਲਾਂ ਹਨ ।

**ਵਰਤੋਂ :—**

ਸਿਮ੍ਰਿਤ ਬੇਦ ਪੁਰਾਣ ਪੁਕਾਰਨਿ ਪੋਥੀਆਂ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆਂ ॥
(ਗੁਰੂ ਗ੍ਰੰਥ—ਸੂਹੀ ਰਾਗ)

## ਨਾਰ ਭਤਾਰਹੁ ਬਾਹਰੀ ਸੁਖ ਸੇਜ ਨ ਚੜ੍ਹੀਐ ।

**ਭਾਵ** :—ਇਸਤ੍ਰੀ ਪਤੀ ਤੋਂ ਬਿਨਾ ਸੇਜ ਦਾ ਸੁਖ ਨਹੀਂ ਮਾਣ ਸਕਦੀ ।

**ਵਰਤੋਂ :—**

ਨਾਰ ਭਤਾਰਹੁ ਬਾਹਰੀ ਸੁਖ ਸੇਜ ਨ ਚੜ੍ਹੀਐ ॥
ਪੁਤ ਨ ਮੰਨੈ ਮਾਪਿਆਂ ਕਮਜਾਤੀ ਵੜੀਐ ॥
(ਵਾਰਾਂ—ਭਾਈ ਗੁਰਦਾਸ)

## ਨਾਲ ਇਆਣੇ ਦੋਸਤੀ ਕਦੇ ਨ ਆਵੈ ਰਾਸ ।

**ਭਾਵ** :—ਅੰਞਾਣਾ ਬੇਸਮਝ ਹੁੰਦਾ ਹੈ ।

ਇਸ ਨਾਲ ਦੋਸਤੀ ਕਦੇ ਵੀ ਸਿਰੇ ਨਹੀਂ ਚੜ੍ਹਦੀ।

**ਵਰਤੋਂ :—**

ਨਾਲ ਇਆਣੇ ਦੋਸਤੀ ਕਦੇ ਨ ਆਵੈ ਰਾਸ ॥
ਜੇਹਾ ਜਾਣੈ ਤੇਹੋ ਵਰਤੇ ਵੇਖਹੁ ਕੋ ਨਿਰਜਾਸਿ ॥
(ਗੁਰੂ ਗ੍ਰੰਥ—ਵਾਰ ਆਸਾ)

## ਨਾਲ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸਦਾ ਥਾਉ ਨ ਥੇਹੁ ॥

**ਭਾਵ** :—ਬੇ ਸਮਝ ਜਾਂ ਆਪਣੇ ਤੋਂ ਵਡੀ ਸ਼ਾਨ ਵਾਲੇ ਨਾਲ ਪਿਆਰ ਇਉਂ ਹੈ ਜਿਵੇਂ ਪਾਣੀ ਅੰਦਰ ਲਕੀਰ ਦਾ ਕੋਈ ਟਿਕਾਣਾ ਜਾਂ ਖੁਰਾ ਖੋਜ ਨਹੀਂ ਹੁੰਦਾ।

**ਵਰਤੋਂ :—**

ਨਾਲ ਇਆਣੇ ਦੋਸਤੀ ਵਡਾਰੂ ਸਿਉਂ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸਦਾ ਥਾਉ ਨ ਥੇਹੁ ॥
(ਗੁਰੂ ਗ੍ਰੰਥ—ਵਾਰ ਆਸਾ)

## ਨਾਲੇ ਹੱਜ, ਨਾਲੇ ਵਣਜ।

**ਭਾਵ** :—ਇਕ ਪੰਥ, ਦੋ ਕਾਜ।

**ਵਰਤੋਂ** :—ਇਨ੍ਹਾਂ ਖ਼ੇਡਾਂ ਤੇ ਖਰਚ ਬਹੁਤਾ ਹੁੰਦਾ ਏ ਪਰ ਦੇਸੀ ਖੇਡਾਂ ਤੇ ਖ਼ਰਚ ਕੁਝ ਵੀ ਨਹੀਂ ਹੁੰਦਾ ਅਤੇ ਕਸਰਤ ਦਾ ਲਾਭ ਭੀ ਪੁਜ ਜਾਂਦਾ ਹੈ 'ਨਾਲੇ ਹੱਜ ਨਾਲੇ ਵਣਜ' ਵਾਲਾ ਲੇਖਾ ਬਣ ਜਾਂਦਾ ਹੈ। (ਸੰਗ੍ਰ)

## ਨਾਲੇ ਕੋਹਣਾ, ਨਾਲੇ ਰੋਣ ਨਾ ਦੇਣਾ ਜਾਂ ਨਾਲੇ ਮਾਰਨਾ ਨਾਲੇ ਰੋਣ ਨਾ ਦੇਣਾ।

**ਭਾਵ** :—ਕਿਸੇ ਨੂੰ ਨਾਲੇ ਦੁਖ ਦੇਣਾ ਨਾਲੇ ਫਰਿਆਦ ਨਾ ਕਰਨ ਦੇਣਾ।

**ਵਰਤੋਂ** :—ਸੁਭਦ੍ਰਾਂ—ਹਾਇ ਮਾਂ ਜੀ! ਤਰਸ ਕਰ, 'ਨਾਲੇ ਕੋਹਵੇਂ, ਨਾਲੇ ਰੋਣ ਨਾ ਦੇਵੇਂ', ਮੈਂ ਕੀ ਕੀਤਾ, ਮੈਂ ਕੀ ਵਿਗਾੜਿਆ ?
(ਸੁਭਦ੍ਰਾ—ਈਸ਼ਵਰ ਚੰਦ੍ਰ ਨੰਦਾ)

## ਨਾਲੇ ਘੂਰਨਾ ਤੇ ਨਾਲੇ ਖਾਣਾ।

**ਭਾਵ** :—ਜਦੋਂ ਜਿਥੋਂ ਕੋਈ ਖਾਵੇ, ਉਥੇ ਹੀ ਆਕੜ ਦਸੇ।

**ਵਰਤੋਂ** :—ਮੈਂ ਤਾਂ ਉਹਨੂੰ ਵੀ ਕਦੀ ਅਲਫੋਂ ਬੇ ਨਹੀਂ ਸੀ ਆਖਿਆ। ਉਸਨੂੰ ਤਾਂ ਐਵੇਂ ਹੀ ਦੰਦਰੀ ਫਿਰਕ ਪਈ ਹੋਈ ਸੀ। 'ਨਾਲੇ ਖਾਂਦੀ ਤੇ ਨਾਲੇ ਘੂਰਦੀ' ਸੀ।
(ਅਧ ਖਿੜਿਆ ਫੁਲ—ਨਾਨਕ ਸਿੰਘ)

## ਨਾਲੇ ਚੋਪੜੀਆਂ ਨਾਲੇ ਦੋ ਦੋ। ਜਾਂ ਨਾਲੇ ਦੋ ਦੋ ਨਾਲੇ ਚੋਪੜੀਆਂ।

**ਭਾਵ** :—ਜਦ ਕੋਈ ਹਰ ਪਾਸਿਉਂ ਆਪਣੇ ਹੀ ਲਾਭ ਦਾ ਖਿਆਲ ਰਖੇ।

**ਵਰਤੋਂ** :—ਫਿਰ 'ਦੋ ਦੋ ਤੇ ਚੋਪੜੀਆਂ' ਤੈਨੂੰ ਕਿੰਨਾ ਕੁ ਚਿਰ ਮਿਲਦੀਆਂ ਰਹਿਣ ਗੀਆਂ ਹੁਣ ਕੰਮ ਕਰਕੇ ਖਾਹ। ਬਥੇਰਾ ਨਿਕੰਮੇ ਦਾ ਪੇਟ ਪਾਲਿਆ। (ਸੰਗ੍ਰ)

## ਨਾਲੇ ਚੋਰ ਨਾਲੋ ਚਤਰ।

**ਭਾਵ** :—ਇਕ ਤਾਂ ਦੋਸ਼ੀ ਹੋਵੇ ਤੇ ਦੂਜਾ ਚਲਾਕੀ ਨਾਲ ਦੋਸ਼ ਤੋਂ ਬਚੇ।

**ਵਰਤੋਂ** .—ਇਕ ਜਣਾ ਰਤਾ ਅਗਾਂਹ ਹੋ ਕੇ ਬੋਲਿਆ—"ਕੀ ਕਿਹਾ ਈ, ਸ਼ਬਦ ਸੁਣਨ ਆਈ ਸੀ? ਸਰਦਾਰ ਜੀ, ਇਹ ਪੱਤੇ ਬਾਜ਼ੀਆਂ ਕਿਸੇ ਹੋਰ ਨੂੰ ਜਾ ਕੇ ਦਸੋ।" 'ਨਾਲੇ ਚੋਰ ਨਾਲੇ ਚਤਰ'।
(ਚਿੱਟਾ ਲਹੂ—ਨਾਨਕ ਸਿੰਘ)

## ਨਾਲੇ ਚੋਰੀ ਨਾਲੇ ਸੀਨਾ ਜ਼ੋਰੀ।

**ਭਾਵ** :—ਜਦ ਕੋਈ ਦੋਸ਼ੀ ਹੁੰਦਿਆਂ ਆਕੜ ਦਸੇ।

**ਵਰਤੋਂ** :—ਫਤੇ ਚੰਦ ਸੋਚ ਰਿਹਾ ਸੀ। ਇਤਨਾ ਢੀਠ-ਪੁਣਾ, 'ਨਾਲੇ ਚੋਰੀ ਤੇ ਨਾਲੇ ਸੀਨਾ ਜ਼ੋਰੀ' ਮੈਨੂੰ ਉਹ ਇਤਨਾ ਤੁਛ ਸਮਝਦੀ ਹੈ, ਜਿਵੇਂ

ਮੈਂ ਕੋਈ ਚੀਜ਼ ਹੀ ਨਹੀਂ ਇਸਦੇ ਭਾਣੇ ।

(ਟੁਟੀ ਵੀਣਾ—ਨਾਨਕ ਸਿੰਘ)

**ਨਾਲੇ ਚੰਗਾ ਚੋਖਾ ਖਾਂਦਾ ਜੇ ਨਾਲੇ ਅੱਖਾਂ ਕੱਢ ਵਿਖਾਂਦਾ ਜੇ ।** ਵੇਖੋ :—ਨਾਲੇ ਘੂਰਨਾ ਨਾਲੇ ਖਾਣਾ ।

**ਭਾਵ** :—ਕਿਸੇ ਕੋਲੋਂ ਨਾਲੇ ਤਾਂ ਫ਼ਾਇਦਾ ਉਠਾਈ ਜਾਣਾ, ਤੇ ਨਾਲੇ ਅਗੋਂ ਆਕੜ ਤੇ ਰੁਹਬ ਦਸਣਾ ।

**ਵਰਤੋਂ** :—ਇਸ ਤਰ੍ਹਾਂ ਕੰਮ ਨਹੀਂ ਚਲੇਗਾ ਜਾਂ ਤਾਂ ਅਲਗ ਹੋ ਤੇ ਆਪਣੇ ਰਸਤੇ ਲਗ ਜਾਂ ਫਿਰ ਸਾਡੇ ਕਹਿਣੇ 'ਚ ਰਹੁ । 'ਨਾਲੇ ਚੰਗਾ ਚੋਖਾ ਖਾਣਾ, ਨਾਲੇ ਅੱਖਾਂ ਕਢ ਵਿਖਾਣਾ' ਇਹ ਕੰਮ ਇਥੇ ਨਹੀਂ ਚਲੇਗਾ । (ਸੰਗ੍ਰ)

**ਨਾਲੇ ਪੁੰਨ ਨਾਲੇ ਫਲੀਆਂ ।** ਜਾਂ **ਨਾਲੇ ਖਾਈਏ ਅੰਬ, ਨਾਲੇ ਲਈਏ ਗਿਟਕਾਂ ਦਾ ਮੁਲ ।**

**ਭਾਵ** :—ਦੋਹਰਾ ਨਫ਼ਾ ਹੋਣਾ ।

**ਵਰਤੋਂ** :—ਮੈਂ ਭਾਵੇਂ ਇਹ ਭੋਜਨ-ਸ਼ਾਲਾ ਸਿਰਫ ਸੇਵਾ-ਭਾਵ ਦੇ ਖਿਆਲ ਨਾਲ ਹੀ ਖੋਲ੍ਹੀ ਸੀ । ਪਰ ਫਿਰ ਭੀ ਮੈਨੂੰ ਇਸ ਵਿਚ ਕਾਫ਼ੀ ਲਾਭ ਹੋਇਆ । 'ਨਾਲੇ ਪੁੰਨ ਨਾਲੇ ਫਲੀਆਂ' । (ਸੰਗ੍ਰ)

**ਨਾਲੇ ਮਾਸੀ ਨਾਲੇ ਚੂੰਢੀਆਂ ।**

**ਭਾਵ** :—ਜਦ ਪਿਆਰ ਵਾਲੀ ਥਾਂ ਤੋਂ ਦੁਖ ਪੁਜੇ ।

**ਵਰਤੋਂ** :—ਮਾਈ ਜੀ ! ਨਾਲੇ ਪਿਆਰ ਕਰਦੇ ਹੋ ਤੇ ਨਾਲੇ ਤਾਨ੍ਹੇ ਮਾਰਦੇ ਹੋ ? 'ਨਾਲੇ ਮਾਸੀ, ਨਾਲੇ ਚੂੰਢੀਆਂ' ? ਇਕੋ ਗੱਲ ਕਰੋ । (ਸੰਗ੍ਰ)

**ਨਾਲੇ ਮੰਗਣਾ ਨਾਲੇ ਟਿੰਡ ਲੁਕਾਉਣੀ ।** ਵੇਖੋ : ਨਚਣ ਲਗੀ ਤਾਂ ਘੁੰਗਟ ਕਿਹਾ ।

**ਭਾਵ** :— ਜਦੋਂ ਕੋਈ ਮੰਗਣ ਲਗਿਆਂ ਸ਼ਰਮ ਕਰੇ ।

**ਵਰਤੋਂ** :—ਜੇ ਹੁਣ ਸ਼ਰਮ ਹੀ ਲਾਹ ਛਡੀ ਜੇ ਤਾਂ ਫਿਰ ਰਹਿ ਕੀ ਗਿਆ, 'ਨਾਲੇ ਮੰਗਣਾ ਨਾਲੇ ਟਿੰਡ ਲੁਕਾਉਣੀ' । (ਸੰ)

**ਨਾਲੇ ਮੁੰਜ ਬਗੜ ਦਾ ਸੌਦਾ, ਨਾਲੇ ਗੰਗਾ ਦਾ ਇਸ਼ਨਾਨ ।** ਜਾਂ **ਨਾਲੇ ਮੁੰਜ ਦਾ ਵਪਾਰ ਨਾਲੇ ਦੇਵੀ ਦੇ ਦਰਸ਼ਨ ।**

**ਭਾਵ** :—ਇਕ ਕੰਮ ਕਰਦਿਆਂ ਨਾਲ ਹੋਰ ਵੀ ਕਈ ਕੰਮ ਹੋ ਜਾਣੇ । ਇਕ ਪੰਥ ਦੋ ਕਾਜ ।

**ਵਰਤੋਂ** :—ਜੇ ਚਾਰੇ ਬੰਨੇ ਨ ਆਈ ਤਾਂ ਤੁਹਾਨੂੰ ਹਰਦੁਆਰ ਦੀ ਸੈਲ ਕਰਾ ਲਿਆਵਾਂ । 'ਨਾਲੇ ਮੁੰਜ ਬਗੜ ਦਾ ਸੌਦਾ, ਨਾਲੇ ਗੰਗਾ ਦਾ ਇਸ਼ਨਾਨ' ।

(ਚਿੱਟਾ ਲਹੂ—ਨਾਨਕ ਸਿੰਘ)

**ਨਾਲੇ ਰਾਹ ਵਿਚ ਹੱਗੇ, ਨਾਲੇ ਆਨੇ ਟੱਡੇ ।**

**ਭਾਵ** :—ਨਾਲੇ ਮੰਦਾ ਕੰਮ ਕਰੇ ਤੇ ਨਾਲੇ ਆਕੜ ਵਿਖਾਵੇ ।

**ਵਰਤੋਂ** :—ਤੇਰੀ ਸ਼ਾਮਤ ਜਾਪਦੀ ਏ, ਨਾਲੇ ਮੈਨੂੰ ਭੰਡੇਂ, ਨਾਲੇ ਰੋਹਬ ਦਸੇਂ । 'ਨਾਲੇ ਰਾਹ ਵਿਚ ਹੱਗੇ ਨਾਲੇ ਆਨੇ ਟੱਡੇ' ? ਤੇਰੀ ਇਹ ਕਰਤੂਤ ਕੌਣ ਸਹਾਰੇਗਾ ? (ਸੰਗ੍ਰ)

**ਨਾਵਣ ਗਏ ਨਾ ਬਾਹੁੜੇ ਜੋਗੀ ਕਿਸ ਕੇ ਮੀਤ ।**

**ਭਾਵ** :—ਉਡਾਰੂ ਮਨੁੱਖ ਨਾਲ ਪ੍ਰੀਤੀ ਅਕਾਰਥ ਹੈ ।

**ਵਰਤੋਂ** :— ਬੇਗਮ—ਇਹ ਗੱਲ ਔਖੀ । ਮੈਂ ਆਪਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ ਤੇ ਦਿਲ ਵਿੱਚੋਂ ਕਿੱਥੇ ਤੋਰਾਂ ? 'ਨ੍ਹਾਵਣ ਗਏ ਨਾ ਬਹੁੜੇ ਜੋਗੀ ਕਿਸ ਕੇ ਮੀਤ ।'

(ਬਿਜੈ ਸਿੰਘ—ਭਾਈ ਵੀਰ ਸਿੰਘ)

**ਨਿਉਂਦਾ ਥਾਲੀ ਦਾ ਤੇ ਮਕਾਣ ਸਥਰ ਦੀ ।**

**ਭਾਵ** :—ਖੁਸ਼ੀ ਸਮੇਂ ਖੁਸ਼ੀ ਤੇ ਸੋਗ ਸਮੇਂ ਸੋਗ ਸੋਭਦਾ ਹੈ ।

**ਵਰਤੋਂ** :—ਗਰੀਬੀ ਨਾਲ ਗ਼ਰੀਬੀ ਕਟੋ।

ਜਦ ਦਿਨ ਚੰਗੇ ਸਨ, ਮੈਂ ਮੌਜਾਂ ਵੀ ਕਰਾਈਆਂ । 'ਨਿਉਂਦਾ ਥਾਲੀ ਦਾ ਮਕਾਣ ਮੰਬਰ ਦੀ' । ਹਰ ਗੱਲ ਸਮੇਂ ਸਮੇਂ ਸਿਰ ਹੀ ਸੋਭਦੀ ਹੈ । (ਸੰਗ੍ਰ)

**ਨਿਕਾ ਨਿਕਾ ਕੰਮ ਤ੍ਰੁਟ ਮੋਈ ਰੰਨ ।**

**ਭਾਵ** :—ਘਰ ਦੇ ਛੋਟੇ ਮੋਟੇ ਕੰਮ ਵਿੱਚ ਹੀ ਰੁਝੀ ਘਰ ਵਾਲੀ ਥਕ ਟੁਟ ਜਾਵੇ ਫਿਰ ਵੀ ਉਸਦੇ ਕੰਮ ਦੀ ਕਦਰ ਨਾ ਹੋਵੇ, ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਘਰ ਦਾ ਨਿਕਾ ਮੋਟਾ ਕੰਮ ਵੀ ਮਾਣ ਨਹੀਂ ? 'ਨਿਕਾ ਨਿਕਾ ਕੰਮ ਤੇ ਤ੍ਰੁਟ ਮੋਈ ਰੰਨ' ਜਾਨ ਅਜ਼ਾਈ ਆਈ ਰਹਿੰਦੀ ਏ । (ਸੰਗ੍ਰ)

**ਨਿਕਾ ਪੀਹ ਗੁੰਨ੍ਹ ਗੋ, ਰੋਟੀ ਉੱਤੇ ਟਿਕੀ ਹੋ ।**

**ਭਾਵ** :—ਕੰਮ ਸਿਆਣਪ ਤੇ ਸੰਜਮ ਨਾਲ ਦਿਲ ਲਾਕੇ ਕਰਨਾ ਚਾਹੀਦਾ ਹੈ । ਜੇ ਇਸਤਰੀ ਬਰੀਕ ਆਟਾ ਪੀਹੇ, ਚੰਗੀ ਤਰ੍ਹਾਂ ਗੁਨ੍ਹੇ ਤਦ ਰੋਟੀ ਤੋਂ ਵਖਰੀ ਇਕ ਟਿਕੀ ਹੋਰ ਵਧ ਪਕ ਜਾਂਦੀ ਹੈ ।

**ਵਰਤੋਂ** :—ਆਦਤਾਂ ਜਿੰਨੀਆਂ ਸੰਜਮੀ ਤੇ ਮਿਹਨਤੀ ਹੋਣ, ਓਨਾਂ ਹੀ ਭਾਗ ਲਗਦਾ ਹੈ । ਠੀਕ ਹੀ ਤਾਂ ਕਿਹਾ ਹੈ 'ਨਿਕਾ ਪੀਹ, ਗੁੰਨ੍ਹ ਗੋ, ਰੋਟੀ ਉੱਤੇ ਟਿਕੀ ਹੋ । (ਸੰਗ੍ਰ)

**ਨਿਕੰਮੀ (ਵਿਹਲੀ) ਜੱਟੀ ਉਨ ਵੇਲੇ ।** ਜਾਂ **ਨਿਕੰਮੀ ਜੱਟੀਏ ਉਨ ਵੇਲ, ਉਨ ਨਹੀਂ ਤਾਂ ਘਸੁੰਨ ਫੇਰ ।**

**ਭਾਵ** :—ਵਿਹਲੜ ਨੂੰ ਨਿਕੰਮੀ ਗੱਲ ਹੀ ਸੁਝਦੀ ਹੈ ।

**ਵਰਤੋਂ** :—ਤੇਰਾ ਤਾਂ ਉਹ ਹਾਲ ਹੈ, ਅਖੇ 'ਨਿਕੰਮੀ ਜੱਟੀ ਉਨ ਵੇਲੇ' ਜਦ ਵੇਖੋ ਕਿਸੇ ਨਾ ਕਿਸੇ ਬੇਲੋੜੇ ਕੰਮ ਵਿਚ ਲਗਾ ਰਹਿੰਦਾ ਹੈ । (ਸੰਗ੍ਰ)

**ਨਿਤ ਕੁਟੇਂਦੀ ਪਾਰੋ, ਵੇ ਛੁੜਾਉ ਚੌਕੀਦਾਰੋ ।**

**ਭਾਵ** :—ਜਦ ਕੋਈ ਹਰ ਵੇਲੇ ਹੀ ਮਾਰ ਖਾਂਦਾ ਰਹੇ ।

**ਵਰਤੋਂ** :—ਕੌਣ ਰੋਜ਼ ਰੋਜ਼ ਦਿਨ੍ਹਾਂ ਦੇ ਝਗੜਿਆਂ ਵਿਚ ਪੈਕੇ ਨਮੋਸ਼ੀ ਖਟੇ । ਇਥੇ ਤਾਂ 'ਨਿਤ ਕੁਟੇਂਦੀ ਪਾਰੋ, ਵੇ ਛੁੜਾਓ ਚੌਕੀਦਾਰੋ' ਵਾਲਾ ਹਾਲ ਹੀ ਰਹਿੰਦਾ ਹੈ । (ਸੰਗ੍ਰ)

**ਨਿਤ ਘਰ ਤਿਸਦੇ ਹਨੇਰ ਹੈ, ਬਾਲ ਨਾ ਖੇਡੇ ਜਿਤ ।**

**ਭਾਵ** :—ਜਿਸ ਘਰ ਵਿਚ ਕੋਈ ਬਾਲ ਬੱਚਾ ਜਾਂ ਸਨਤਾਨ ਨਾ ਹੋਵੇ ਉਥੇ ਰੌਣਕ ਨਹੀਂ ਹੁੰਦੀ ।

**ਵਰਤੋਂ** :—ਲੇਡੀ ਡਾਕਟਰ--ਸਰਦਾਰ ਜੀ ! ਰਮੇਸ਼ ਦਾ ਬਾਕਾਇਦਾ ਇਲਾਜ ਕਰਵਾਓ, ਰੱਬ ਆਪੇ ਸੰਤਾਨ ਦੇਵੇਗਾ, ਉਹ ਸੰਤਾਨ ਬਿਨਾਂ ਹੀ ਉਦਾਸ ਹੈ । ਠੀਕ ਤਾਂ ਹੈ 'ਨਿਤ ਘਰ ਤਿਸਦੇ ਹਨੇਰ ਹੈ, ਬਾਲ ਨਾ ਖੇਡੇ ਜਿਤ' । (ਸੰਗ੍ਰ)

**ਨਿਤ ਦਾ ਘਾਸਾ ਪੱਥਰ ਵੀ ਘਸਾ ਦੇਂਦਾ ਹੈ ।**

**ਭਾਵ** :—ਲਗਾਤਾਰ ਮਿਹਨਤ ਔਖਿਆਈਆਂ ਨੂੰ ਘਟਾ ਦੇਂਦੀ ਹੈ । ਜਾਂ ਕਰਦੇ ਕਰਦੇ ਹਰ ਆਦਿਤ ਪੱਕੀ ਹੋ ਜਾਂਦੀ ਹੈ ।

**ਵਰਤੋਂ** :—ਅੜੀਏ ! ਘਬਰਾਨੀ ਕਿਉਂ ਏ ? ਤੂੰ ਉਦਮ ਕਰੀ ਚਲ, 'ਨਿਤ ਦਾ ਘਾਸਾ ਪੱਥਰ ਵੀ ਘਸਾ ਦੇਂਦਾ ਹੈ । (ਸੰਗ੍ਰ)

**ਨਿਤ ਬਚਾਵੇ, ਨਿਤ ਪਾਵੇ ।**

**ਭਾਵ** :—ਬੱਚਤ ਚੰਗੀ ਚੀਜ਼ ਹੈ ।

**ਵਰਤੋਂ** :—ਚਾਚੀ ! ਸੰਜਮ ਨਾਲ ਵਰਤੋ । 'ਨਿਤ ਬਚਾਵੇ ਸੋ ਨਿਤ ਪਾਵੇ' । (ਸੰਗ੍ਰ)

**ਨਿਨਾਣੇ ਨੀ ਨਿਨਾਣੇ ! ਤੇਰੇ ਭੇਡ ਜਿੰਨੇ ਆਨੇ, ਨੀ ਬਘਿਆੜ ਜਿੱਡਾ ਮੂੰਹ, ਨੀ ਤੂੰ ਕਿਸ ਚੰਦਰੇ ਦੀ ਨੂੰਹ ।**

**ਭਾਵ** :—ਕਿਸੇ ਤੋਂ ਨਫਰਤ ਦਸਣ ਲਈ ਵਰਤਦੇ ਹਨ ।

**ਵਰਤੋਂ** —ਸੱਚ, ਆਪਣੇ ਭਰਾ ਭਾਈ ਆਉਣ ਤਾਂ ਚੂਰੀਆਂ ਖਵਾਵੇਂ, ਤੇ ਮੇਰੀ ਧੀ ਨੂੰ ਪਾਣੀ ਵੀ ਨਾ ਪੁਛੇਂ ਅਖੇ, 'ਨਿਨਾਣੇ ਨੀ ਨਿਨਾਣੇ! ਤੇਰੇ ਭੇਡ ਜਿੰਨੇ ਆਨੇ, ਨੀ ਬਘਿਆੜ ਜਿੱਡਾ ਮੂੰਹ, ਨੀ ਤੂੰ ਕਿਸ ਚੰਦਰੇ ਦੀ ਨੂੰਹ'। (ਸੰਗ੍ਰ)

## ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖ ਪਾਵਹਿ ॥

**ਭਾਵ** :—ਥੋੜੇ ਚਿਰ ਲਈ ਕਾਮ ਚੇਸ਼ਟਾ ਵਿੱਚ ਫਸ ਜਾਣ ਨਾਲ ਮਨੁੱਖ ਪਿਛੋਂ ਕਿੰਨਾ ਹੀ ਸਮਾਂ ਦੁੱਖ ਪਾਉਂਦਾ ਹੈ।

**ਵਰਤੋਂ** :—

ਨਿਮਖ ਕਾਮ ਸੁਆਦ ਕਾਰਣਿ
ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ
ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥
(ਗੁਰੂ ਗ੍ਰੰਥ—ਆਸਾ ਰਾਗ)

## ਨਿਰਧਨ ਆਦਰੁ ਕੋਈ ਨ ਦੇਇ ॥

**ਭਾਵ** :—ਗ਼ਰੀਬ ਨੂੰ ਕੋਈ ਸਤਕਾਰਦਾ ਨਹੀਂ।

**ਵਰਤੋਂ** :—

ਨਿਰਧਨ ਆਦਰੁ ਕੋਈ ਨ ਦੇਇ ॥
ਲਾਖ ਜਤਨ ਕਰੈ ਓਹ ਚਿਤ ਨ ਧਰੇਇ ॥
(ਗੁਰੂ ਗ੍ਰੰਥ—ਭੈਰਉ ਰਾਗ)

## ਨਿਰਭਉ ਜਪੈ ਸਗਲ ਭਉ ਮਿਟੈ ॥

**ਭਾਵ** :—ਨਿਰਭਉ (ਹਰੀ) ਦਾ ਸਿਮਰਨ ਕਰਨ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ।

**ਵਰਤੋਂ** :—

ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥
(ਗੁਰੂ ਗ੍ਰੰਥ—ਗਉੜੀ ਸੁਖਮਨੀ)

## ਨਿਰਵੈਰੈ ਸੰਗਿ ਵੈਰੁ ਰਚਾਵੈ, ਹਰਿ ਦਰਗਹ ਓਹੁ ਹਾਰੈ ॥

**ਭਾਵ** :—ਜਿਹੜਾ ਨਿਰਵੈਰ ਮਨੁੱਖ ਨਾਲ ਵੈਰ ਕਰਦਾ ਹੈ। ਉਹੀ ਹਰੀ ਦੇ ਦਰਬਾਰ ਵਿਚ ਹਾਰ ਖਾਂਦਾ ਹੈ।

**ਵਰਤੋਂ** :—

ਨਿਰਵੈਰੈ ਸੰਗਿ ਵੈਰੁ ਰਚਾਵੈ,
ਹਰਿ ਦਰਗਹ ਓਹੁ ਹਾਰੈ ॥
ਆਦਿ ਜੁਗਾਦਿ ਪ੍ਰਭ ਕੀ,
ਵਡਿਆਈ ਜਨ ਕੀ ਪੈਜ ਸਵਾਰੈ ॥
(ਗੁਰੂ ਗ੍ਰੰਥ—ਸਾਰੰਗ ਰਾਗ)

## ਨਿਵਣੁ ਸੁ ਅਖਰ ਖਵਣੁ ਗੁਣੁ ਜਿਹਬਾ ਮਣੀਆ ਮੰਤ ॥

**ਭਾਵ** :—ਨਿਮ੍ਰਤਾ ਖਿਮਾ, ਤੇ ਮਿੱਠਾ ਬੋਲ ਇਹ ਤਿੰਨ ਗੁਣ ਇਸਤਰੀ ਲਈ ਜ਼ਰੂਰੀ ਹਨ।

**ਵਰਤੋਂ** :—

ਨਿਵਣੁ ਸੁ ਅਖਰ ਖਵਣੁ ਗੁਣੁ ਜਿਹਬਾ ਮਣੀਆ ਮੰਤ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥
(ਸ਼ਲੋਕ—ਫਰੀਦ ਜੀ)

## ਨਿਵਾਣਾ ਦੇ ਪਾਣੀ ਨਿਵਾਣ ਹੀ ਜਾਂਦੇ ਹਨ।

**ਭਾਵ** :—ਬੰਦਾ ਆਪਣੇ ਆਪ ਤੋਂ ਨੱਠ ਨਹੀਂ ਸਕਦਾ।

**ਵਰਤੋਂ** :— ਸਰਦਾਰਨੀ—ਫਿਰ ਕੀ ਕੋਈ ਬਰ੍ਹਮਾਂ ਵਿਚ ਜਾ ਵਸਣਾ ਹੈ? ਓੜਕ ਹਾਰ ਕੇ 'ਨਿਵਾਣ ਦੇ ਪਾਣੀਆਂ ਨਿਵਾਣ ਹੀ ਆਕੇ ਠਹਿਰਨਾ ਹੈ। (ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਨੀ ਜੇ ਜਾਣਾ ਧੁਰ, ਤਾ ਤੇਰੀ ਕੀ ਫੁਰ?

**ਭਾਵ** :—ਜੇ ਆਪਣੀ ਹਿੰਮਤ ਨਾਲ ਹੀ ਸਭ ਕੁਝ ਕਰਨਾ ਹੈ ਤਾਂ ਵਿਚੋਲੇ ਦੀ ਕੀ ਲੋੜ ਹੈ?

**ਵਰਤੋਂ** :—ਸਰਨ ਕੌਰ—ਰਖੀ। ਗੱਲ ਸਿੱਧੀ ਏ, ਕਿ ਜਦ ਮੈਂ ਆਪ ਹੀ ਸਾਰੀ ਗੱਲ

ਨਾਂਜਿਠਣੀ ਹੈ ਤਦ ਤੇਰੇ ਵਿਚ ਪੈਣ ਦੀ ਕੀ ਲੋੜ ਹੈ ਅਖੇ 'ਨੀ ਜੇ ਜਾਣਾ ਧੁਰ, ਤਾਂ ਤੇਰੀ ਕੀ ਝੂਰ ?'

(ਸੰਗ੍ਰ)

**ਨੀਅਤ ਸਾਫ ਤੇ ਕੰਮ ਰਾਸ।** ਜਾਂ **ਨੀਅਤ ਸਾਫ ਤੇ ਖੀਸਾ ਪੂਰ।**

**ਭਾਵ** :— ਨੇਕ ਨੀਤੀ ਨਾਲ ਹੀ ਕੰਮ ਸਿਰੇ ਚੜ੍ਹਦੇ ਹਨ।

**ਵਰਤੋਂ** :—ਪਰ ਅਸਲ ਗੱਲ ਐ ਚੌਧਰੀ ਨੀਅਤ ਦੀ, 'ਨੀਅਤ ਸਾਫ ਤੇ ਕੰਮ ਰਾਸ'। ਤੁਹਾਡੀ ਨੀਅਤ ਹੀ ਅਜਿਹੀ ਹੈ ਤੇ ਮੁਰਾਦ ਭੀ ਇਹੋ ਜਿਹੀ ਹੀ ਪੂਰੀ ਹੋਣੀ ਹੈ। (ਸੰ)

**ਨੀਚ ਕਹਾਇ ਊਚ ਘਰ ਆਈ।**

**ਭਾਵ** :—ਨਿਮ੍ਰਤਾ ਨੇ ਉੱਚ ਪਦਵੀ ਦਿੱਤੀ ਹੈ।

**ਵਰਤੋਂ** :—

ਬਾਬਾ ਆਖੇ ਨਾਥ ਜੀ ਨਾਨਕ ਨਾਮੁ ਜਪੈ ਗਤ ਪਾਈ ॥
ਨੀਚ ਕਹਾਇ ਊਚ ਘਰ ਆਈ।

(ਵਾਰਾਂ—ਭਾਈ ਗੁਰਦਾਸ ਜੀ)

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥**

**ਭਾਵ** :—ਹਰੀ ਸਿਮਰਨ ਨੀਚੋਂ ਊਚ ਕਰਦਾ ਹੈ।

**ਵਰਤੋਂ** :—

ਨੀਚ ਜਾਤਿ ਹਰਿ ਜਪਤਿਆ,
ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ,
ਕਿਸਨੁ ਉਤਰਿਆ ਘਰਿ ਜਿਸੁ ਜਾਇ॥

(ਗੁਰੂ ਗ੍ਰੰਥ—ਸੂਹੀ ਰਾਗ)

**ਨੀਚ ਨਿਚਾਈ ਨਹਿ ਤਜੈ ਜੋ ਪਾਵੈ ਸਤਿ ਸੰਗ।**

**ਭਾਵ** :—ਨੀਚ ਮਨੁੱਖ ਚੰਗੀ ਸੰਗਤ ਪਾਕੇ ਵੀ ਮਾੜੇ ਕੰਮ ਨਹੀਂ ਛਡਦਾ।

**ਵਰਤੋਂ** :— ਏਸ ਨਾਲ ਤੇ ਜੀ ਨੂੰ ਆਸ ਲਗ ਜਾਂਦੀ ਹੈ ਕਿ ਤੁਹਾਡੇ ਵਰਗੇ ਮਹਾਤਮਾ ਦੇ ਸਤਿ ਸੰਗ ਨਾਲ ਸਾਡੇ ਵਰਗੇ ਪਾਪੀ ਵੀ ਤਰ ਜਾਣਗੇ। ਜਦੋਂ ਅਸੀਂ ਇਸ ਤਰ੍ਹਾਂ ਆਸਾਂ ਦੀ ਬੇੜੀ ਵਿਸ਼ਵਾਸ ਧਾਰਕੇ ਬੈਠ ਜਾਂਦੇ ਹਾਂ ਤਾਂ ਤੁਲਸੀ ਵਿਚਕਾਰ ਲੈ ਜਾਕੇ ਬੇੜਾ ਡੋਬ ਹੀ ਦਿੰਦਾ ਹੈ, 'ਨੀਚ ਨਿਆਈ ਨਹਿ ਤਜੈ ਜੋ ਪਾਵੈ ਸਤਿ ਸੰਗ।'

(ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਨੀਚ ਬੀਜ ਨਾ ਉਗਦੇ ਕਦੀ ਬੋਇਆਂ।**

**ਭਾਵ** :—ਮਾੜੇ ਬੰਦੇ ਕਦੀ ਵੀ ਸੁਖਦਾਈ ਨਹੀਂ ਹੁੰਦੇ।

**ਵਰਤੋਂ** :—

'ਨੀਚ ਬੀਜ ਨ ਉਗਦੇ ਕਦੀ ਬੋਇਆਂ'
ਹੱਥੀਂ ਜੜਾਂ ਤੋਂ ਪਟ ਉਖਾੜਿਏ ਜੀ।
ਸੁਰਜਣ ਦਾਸ ਏਹਨਾਂ ਨੀਚਾਂ ਨਿੰਦਕਾਂ ਨੂੰ,
ਨਾਲ ਗਿਆਨ ਵੀਚਾਰ ਦੇ ਝਾੜੀਏ ਜੀ।

(ਸੰਤ ਸੁਰਜਣ ਦਾਸ)

**ਨੀਚਹੁ ਊਚ ਕਰੈ ਮੇਰਾ ਗੋਬਿੰਦੁ॥**

**ਭਾਵ** :—ਅਕਾਲ ਪੁਰਖ ਨੀਵਿਆਂ ਨੂੰ ਉੱਚਾ ਕਰਦਾ ਤੇ ਵਡਿਆਈਆਂ ਦਿੰਦਾ ਹੈ।

**ਵਰਤੋਂ** :—

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥

(ਗੁਰੂ ਗ੍ਰੰਥ—ਮਾਰੂ ਰਾਗ)

**ਨੀਚੇ ਕੋ ਮਾਂਗੀ ਊਪਰ ਕੋ ਦੀਨੀ।**

**ਭਾਵ** :—ਕੋਈ ਕਿਸੇ ਪਾਸੋਂ ਕੁਝ ਲੈਣ ਦਾ ਜਤਨ ਕਰੇ ਉਹ ਉਲਟਾ ਦੇਣ ਦੀ ਥਾਂ ਆਪਣੇ ਲਈ ਮੰਗ ਬੈਠੇ।

**ਵਰਤੋਂ** :— ਜਮਨਾ ਸੋਚਣ ਲਗੀ—'ਨੀਚੇ ਕੋ ਮਾਂਗੀ ਊਪਰ ਕੋ ਦੀਨੀ' ਵਾਲੀ ਗੱਲ ਹੋਈ। ਮੈਂ ਸਗੋਂ ਅਜ ਸੋਚ ਰਹੀ ਸਾਂ ਜੋ ਕਿਸੇ ਤਰ੍ਹਾਂ ਇਸ ਦੀਆਂ ਜੇਬਾਂ ਦਾ ਭਾਰ ਹੌਲਾ ਕਰਾਂਗੀ, ਪਰ ਇਹ ਤਾਂ ਉਲਟਾ

ਮੇਰੀ ਹਾਂ ਛਿਲ ਲਾਹੁਣ ਨੂੰ ਫਿਰਦਾ ਹੈ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

## ਨੀਤ ਨੂੰ ਮੁਰਾਦ ।

**ਭਾਵ** :—ਜਿਹੋ ਜਿਹਾ ਕੋਈ ਚਾਹੇ ਓਹੋ ਜਿਹਾ ਉਸਨੂੰ ਮਿਲ ਜਾਂਦਾ ਹੈ।

**ਵਰਤੋਂ** :—ਦੀਨਾ ਨਾਥ ਮੁਢ ਤੋਂ ਹੀ ਅੱਲਾ-ਲੋਕ ਏ, ਜਦੋਂ ਪੈਸੇ ਨਹੀਂ ਸਨ, ਉਦੋਂ ਭੀ ਉਸ ਨੇ ਪੈਸੇ ਨਾਲ ਪਿਆਰ ਨਹੀਂ ਕੀਤਾ। ਜੋ ਆਇਆ ਸੋ ਭਲੇ ਪਾਸੇ ਹੀ ਲਾਇਆ, ਹੁਣ ਤਾਂ ਰੱਬ ਦੀ ਨਜ਼ਰ ਸੁਵਲੀ ਹੈ, ਤੇ ਮਦਦ ਹੁਣ ਭੀ ਗ਼ਰੀਬਾਂ ਦੀ ਤੁਟ ਕੇ ਕਰਦਾ ਹੈ। ਮਹਾਰਾਜ 'ਨੀਤ ਨੂੰ ਮੁਰਾਦਾਂ' ਨੇ। (ਸੰ)

## ਨੀਮ ਗਿਆਨ, ਖਤਰਾ ਜਾਨ । ਜਾਂ ਨੀਮ ਹਕੀਮ ਖਤਰਾ ਜਾਨ, ਨੀਮ ਮੁੱਲਾਂ ਖਤਰਾ ਈਮਾਨ।

**ਭਾਵ** :—ਅਨਜਾਣ ਪਾਸੋਂ ਕੰਮ ਵਿਗੜ ਜਾਂਦਾ ਹੈ।

**ਵਰਤੋਂ** :—'ਨੀਮ ਗਿਆਨ ਖਤਰਾ ਜਾਨ' ਵਾਂਗੂੰ ਤੂੰ ਵੀ ਹਾਲੀ ਪੜ੍ਹ ਪੁਖਤਾ ਨਹੀਂ ਹੋਇਆ। ਤੈਨੂੰ ਪ੍ਰਾਹੁਣੇ ਟਾਲਣ ਦਾ ਬੀ. ਏ. ਪਾਸ ਕਰਾ ਦੇਂਦੇ ਹਾਂ। ਗੱਲ ਕੀ ਹੋਈ ?

(ਬਾਬਾ ਵਰਿਆਮਾ—ਚਰਨ ਸਿੰਘ)

## ਨੀਵੀਂ ਭੋਂ ਤੇ ਉੱਚਾ ਸਾਕ ।

**ਭਾਵ** :—ਨੀਵੀਂ ਥਾਂ ਦੀ ਜ਼ਮੀਨ ਅਤੇ ਉੱਚੇ ਸਾਕ ਲਾਭਵੰਦ ਹੁੰਦੇ ਹਨ।

**ਵਰਤੋਂ** :—ਸਾਹਣੀ—ਭੈਣ ! ਘਰ ਵਰ ਚੰਗਾ ਢੂੰਢਿਓ। ਸਿਆਣਿਆ ਨੇ ਕਿਹਾ ਹੈ ਕਿ ਨੀਵੀਂ ਭੋਂ ਤੇ ਉੱਚਾ ਸਾਕ ਭਾਗਾਂ ਨਾਲ ਮਿਲਦੇ ਹਨ।

(ਸੰਗ੍ਰ)

## ਨੀਰੁ ਬਿਰੋਲੈ ਖਪਿ ਖਪਿ ਮਰਤਾ ॥

**ਭਾਵ** :—ਜੋ ਪਾਣੀ ਰਿੜਕਦਾ ਹੈ ਉਹ ਵਿਅਰਥ ਮਿਹਨਤ ਕਰਦਾ ਹੈ।

**ਵਰਤੋਂ** :—

ਭਰਮੇ ਭੂਲਾ ਸਾਕਤੁ ਫਿਰਤਾ,
ਨੀਰੁ ਬਿਰੋਲੈ ਖਪਿ ਖਪਿ ਮਰਤਾ ॥

(ਗੁਰੂ ਗ੍ਰੰਥ—ਰਾਗ ਸੂਹੀ)

## ਨੀਰੇ ਅੰਦਰ ਨੀਰ ਮਿਲੇ ਮਿਲਾਇਆ ।

**ਭਾਵ** :—ਇੱਕ ਚੀਜ਼ ਆਪਣੇ ਮੇਲ ਵਾਲੀ ਚੀਜ਼ ਨਾਲ ਸਹਿਜੇ ਹੀ ਰਲ ਜਾਂਦੀ ਹੈ।

**ਵਰਤੋਂ** :—

ਗੁਰ ਸਿੱਖ ਸਿੱਖ ਗੁਰੂ ਹੋਏ ਅਚਰਜ ਦਿਖਾਇਆ।
ਨੀਰੇ ਅੰਦਰ ਨੀਰ ਮਿਲੇ ਮਿਲਾਇਆ।

(ਵਾਰਾਂ—ਭਾਈ ਗੁਰਦਾਸ)

## ਨੇਹੁੰ ਨਾ ਲਗਦੇ ਜ਼ੋਰੀਂ ।

**ਭਾਵ** :—ਜ਼ੋਰ ਨਾਲ ਕਿਸੇ ਨਾਲ ਪਿਆਰ ਨਹੀਂ ਪੈ ਸਕਦਾ।

**ਵਰਤੋਂ** :—'ਨੇਹੁੰ ਨਾ ਲਗਦੇ ਜ਼ੋਰੀ" ਆਪ ਮੁਹਾਰੀ ਖੇਡ ਹੈ ਇਹ ਤਾਂ। (ਸੰ)

## ਨੇਕੀ ਕਰ ਦਰਯਾ ਮੇ ਡਾਲ ।

**ਭਾਵ** :—ਨੇਕੀ ਕਰੋ, ਪਰ ਭੁਲ ਜਾਓ, ਬਦਲੇ ਦੀ ਆਸ ਨ ਰਖੋ।

**ਵਰਤੋਂ** :—ਉਹ ਜਾਣਦੇ ਸਨ ਕਿ ਨੇਕੀ ਪਾ ਕੇ ਲੋਕੀ ਸ਼ੁਕਰ ਨਹੀਂ ਕਰਦੇ ਪਰ ਬਦੀ ਕਰਦੇ ਹਨ ਤੇ ਫਿਰ ਨੇਕੀ ਕਰਨ ਵਾਲੇ ਦਾ ਦਿਲ ਤੰਗ ਪੈਂਦਾ ਹੈ। ਇਸੇ ਕਰਕੇ ਹਾਤਮਤਾਈ ਕਿਹਾ ਕਰਦਾ ਸੀ 'ਨੇਕੀ ਕਰ ਅਰ ਦਰਿਯਾ ਮੇਂ ਡਾਲ।'

(ਬਾਬਾ ਨੌਧ ਸਿੰਘ—ਭਾ. ਵੀਰ ਸਿੰਘ)

## ਨੇਕੀ ਨੇਕਾਂ ਤੇ ਬਦੀ ਬਖੀਲਾਂ ।

**ਭਾਵ** :—ਚੰਗਿਆਂ ਨਾਲ ਚੰਗੀ ਤੇ ਭੈੜਿਆਂ ਨਾਲ ਭੈੜੀ ਵਰਤੋਂ ਕਰਨ ਨਾਲ ਝਟ ਲੰਘਦਾ ਹੈ।

**ਵਰਤੋਂ** :—ਗੁਰਮੁਖ ਸਭ ਦਾ ਭਲਾ ਮੰਗਦਾ ਹੈ ਪਰ ਦੁਨੀਆਂਦਾਰ 'ਨੇਕੀ ਨੇਕਾਂ ਤੇ ਬਦੀ ਬਖੀਲਾਂ'

ਉੱਤੇ ਵਰਤੋਂ ਕਰਦਾ ਹੋਇਆ ਤੋਲ ਤੋਲ ਕੇ ਵੰਡਦਾ ਹੈ। (ਸੰਗ੍ਰ)

**ਨੇਕੀ ਬਦੀ ਨਾ ਲੁਕੈ ਲੁਕਾਈ ॥**

**ਭਾਵ:**—ਚੰਗੇ ਤੇ ਮੰਦੇ ਕੰਮ ਛੁਪਾਇਆਂ ਛੁਪ ਨਹੀਂ ਸਕਦੇ।

**ਵਰਤੋਂ :**—

ਕੇਤੜਿਆਂ ਈਮਾਨ ਵਿੱਚ ਕਿਤੜੇ ਬੇਈਮਾਨ ਬੁਲਾਈ ॥
ਨੇਕੀ ਬਦੀ ਨਾ ਲੁਕੈ ਲੁਕਾਈ ॥
(ਵਾਰਾਂ—ਭਾਈ ਗੁਰਦਾਸ)

**ਨੇਕੀ ਬਰਬਾਦ, ਗੁਨਾਹ ਲਾਜ਼ਮ।**

ਵੇਖੋ :—ਹਸਾਏ ਦਾ ਨਾ ਨਹੀਂ ਹੁੰਦਾ, ਤੇ ਰੁਆਏ ਦਾ ਨਾਂ ਝਟ ਹੋ ਜਾਂਦਾ ਹੈ।

**ਭਾਵ** :—ਕਿਸੇ ਦੀ ਨੇਕੀ ਚੇਤੇ ਨਾ ਰਹੇ, ਪਰ ਉਸਦੀ ਗਲਤੀ ਚੇਤੇ ਰਹੇ।

**ਵਰਤੋਂ** :—ਇਹ ਚਿੱਠੀ ਭਾਈਏ ਹੋਰਾਂ ਨੂੰ ਦਿਖਾ ਦਿਆਂ, ਕਿਕਰ ਦਸਾਂ, ਮਤਾਂ ਮੇਰੇ ਤੇ ਹੀ ਰੰਜ ਕਢਣ। 'ਨੇਕੀ ਬਰਬਾਦ ਗੁਨਾਹ ਲਾਜ਼ਮ' ਵਾਲੀ ਗੱਲ ਆਣ ਬਣੇ।
(ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਨੈ ਲੰਘੀ ਖਵਾਜਾ ਬਿਸਰਿਆ।**

**ਭਾਵ** :—ਜਦੋਂ ਮਤਲਬ ਪੂਰਾ ਹੋਣ ਤੋਂ ਫੇਰ ਕੋਈ ਬਾਤ ਵੀ ਨਾ ਪੁਛੇ।

**ਵਰਤੋਂ** :—ਉਸ ਨੂੰ ਸਾਡੇ ਨਾਲ ਕੀ ਮਤਲਬ ਏ, ਜਦੋਂ ਲੋੜ ਸੀ ਉਦੋਂ ਤਾਂ ਅਗੇ ਪਿਛੇ ਫਿਰਦੀ ਸੀ ਪਰ ਹੁਣ 'ਨੈ ਲੰਘੀ ਖਵਾਜਾ ਬਿਸਰਿਆ' ਵਾਲਾ ਹਿਸਾਬ ਹੈ ਉਸ ਦਾ। (ਸੰ)

**ਨਣ ਦੂਜੇ ਦੇ ਪੈਰ ਧੋਣਾ ਹੀ ਜਾਣਦੀ ਹੈ।**

**ਭਾਵ** :—ਜਦ ਕੋਈ ਆਪਣਾ ਕੁਝ ਨਾ ਸਵਾਰ ਸਕੇ।

**ਵਰਤੋਂ** :—'ਨੈਣ ਦੂਜੇ ਦੇ ਪੈਰ ਧੋਣਾ ਹੀ ਜਾਣਦੀ ਹੈ' ਕੁਝ ਆਪਣੇ ਲਈ ਵੀ ਕਰਦੇ ਤਾਂ ਵੇਖਦੇ। (ਸੰਗ੍ਰ)

**ਨੈਣ ਨੈਣਾ ਦੇ ਬਰਦੇ ਹੋਏ।**

**ਭਾਵ** :—ਡੂੰਘੀ ਪ੍ਰੀਤ ਪੈਣ ਤੇ ਜਦ ਪ੍ਰੇਮੀ ਪ੍ਰਿਜ ਦੇ ਪਿਛੇ ਦੌੜਿਆ ਫਿਰੇ।

**ਵਰਤੋਂ** :—

ਹੋਇ ਨੈਣ ਨੈਣਾ ਦੇ ਬਰਦੇ,
ਦਰਸ਼ਨ ਸੌ ਕੋਹਾਂ ਤੋਂ ਕਰਦੇ।
ਪਲ ਪਲ ਦੌੜਨ ਮਾਰੇ ਡਰਦੇ,
ਤੈਂ ਕੋਈ ਲਾਲਚ ਘਤ ਭਰਮਾਈ।
(ਕਾਫੀਆਂ—ਬੁਲ੍ਹੇ ਸ਼ਾਹ)

**ਨੈਣ ਪ੍ਰਾਣ ਨਰੋਏ, ਤਾਂ ਸਭੇ ਸੌਦੇ ਹੋਏ।**

**ਭਾਵ** :—ਸਰੀਰ ਅਰੋਗ ਰਹੇ, ਤਾਂ ਬਾਕੀ ਸਾਰੇ ਕੰਮ ਵੀ ਠੀਕ ਹੋ ਜਾਂਦੇ ਹਨ।

**ਵਰਤੋਂ** :—ਬਹੁਤਾ ਜਾਨ ਆਪਣੀ ਨੂੰ ਮਿਹਨਤ ਨਾਲ ਨਾ ਗਾਲ! 'ਨੈਣ ਪ੍ਰਾਣ ਨਰੋਏ ਤਾਂ ਸਭੇ ਸੌਦੇ ਹੋਏ।' ਜਾਨ ਨਾਲ ਹੀ ਜਹਾਨ ਹੈ।
(ਸੰਗ੍ਰ)

**ਨੈਣਾ ਉੱਤੇ ਫੂੜੀਆਂ ਡੁਬ ਮੋਈਆਂ ਚੂਹੜੀਆਂ।**

**ਭਾਵ** :—ਬੇਅਕਲੀ ਹਥੋਂ ਨੁਕਸਾਨ ਹੋਣਾ।

**ਵਰਤੋਂ** :—ਜੇ ਤੂੰ ਰਤਾ ਹੋਸ਼ ਕਰਦੋਂ ਤਾਂ ਏਨਾਂ ਦੁਖ ਨਾਂ ਪਾਂਦੋਂ। ਅਖੇ 'ਨੈਣਾ ਉੱਤੇ ਫੂੜੀਆਂ ਡੁਬ ਮੋਈਆਂ ਚੂਹੜੀਆਂ।' (ਸੰਗ੍ਰ)

**ਨੌਕਰਾਂ ਅਗੇ ਚਾਕਰ ਤੇ ਚਾਕਰਾਂ ਅਗੇ ਚੂਕਰ।**

**ਭਾਵ** :—ਜਦ ਕਿਸੇ ਮੁਲਾਜ਼ਮ ਨੂੰ ਕੋਈ ਕੰਮ ਕਰਨ ਲਈ ਆਖਿਆ ਜਾਵੇ ਤੇ ਉਹ ਅਗੇ ਕਿਸੇ ਹੋਰ ਦੇ ਜ਼ਿਮੇ ਪਾ ਦੇਵੇ।

**ਵਰਤੋਂ** :—ਕਾਕਾ ਜੀ! ਕੰਮ ਇਥੇ ਇਸੇ ਕਰਕੇ ਵਿਗੜਦਾ ਹੈ ਕਿ ਕੰਮ ਦੀ ਵੰਡ ਠੀਕ ਨਹੀਂ। ਜਿਸ ਨੌਕਰ ਨੂੰ ਕਹੋ, ਉਹ ਦੂਜੇ ਨੂੰ ਕਹਿ ਛਡਦਾ ਹੈ, ਇਥੇ ਤਾਂ 'ਨੌਕਰਾਂ ਅਗੇ ਚਾਕਰ ਤੇ ਚਾਕਰਾਂ ਅਗੇ ਚੂਕਰ' ਵਾਲਾ ਲੇਖਾ ਚਲਦਾ ਹੈ। (ਸੰਗ੍ਰ)

### ਨੌਕਰੀ ਕੀ ਤੇ ਨਖਰਾ ਕੀ ?

**ਭਾਵ** :—ਨੌਕਰ ਹੋ ਕੇ ਆਕੜ ਕਰਨੀ ਚੰਗੀ ਨਹੀਂ ।

**ਵਰਤੋਂ** :—ਅੱਛਾ ਮਹਾਰਾਜ ਸਤ ਹੈ ਜਿਵੇਂ ਤੁਸੀਂ ਕਹਿੰਦੇ ਹੋ 'ਨੌਕਰੀ ਕੀ ਤੇ ਨਖ਼ਰਾ ਕੀ ? (ਸੰ)

### ਨੌਕਰੀ ਦੀ ਜੜ੍ਹ ਜਮੀਨ ਤੋਂ ਗਿੱਠ ਉੱਚੀ ਹੁੰਦੀ ਹੈ। ਜਾਂ ਨੌਕਰੀ ਦੀ ਜੜ੍ਹ ਪੱਬਰ ਤੇ।

**ਭਾਵ** :—ਨੌਕਰੀ ਦਾ ਕੋਈ ਭਰੋਸਾ ਨਹੀਂ।

**ਵਰਤੋਂ** :—ਬੁਢੇ ਨੇ ਫੇਰ ਆਖਿਆ, ਬੇਟਾ ਇਸੇ ਲਈ ਤਾਂ ਮੈਂ ਕਹਿੰਦਾ ਹਾਂ ਕਿ 'ਨੌਕਰੀ ਦੀ ਜੜ੍ਹ ਜ਼ਮੀਨ ਤੋਂ ਗਿਠ ਉਚੀ ਹੁੰਦੀ ਹੈ ਅਗਲਿਆਂ ਨੇ ਦੋ ਦਿਨ ਵਿਚ ਘਰ ਲਿਆ ਬਿਠਾਲਿਆ ਹੈ, ਹੁਣ ਪਛਤਾਉਂਦਾ ਹੈ ਕਿ ਕਿਉਂ ਨਾ ਉਨ੍ਹਾਂ ਦਿਨਾਂ ਵਿਚ ਕੁਝ ਬਣਾ ਲਿਆ। (ਮੈਂ)

### ਨੌਕਰੀ ਨਹੀਂ ਤਾਂ ਟੋਕਰੀ ਸਹੀ।

**ਭਾਵ** :—ਰੋਟੀ ਕਮਾਉਣ ਲਈ ਕੁਝ ਨਾ ਕੁਝ ਕਰਨਾ ਹੀ ਚਾਹੀਦਾ ਹੈ।

**ਵਰਤੋਂ** :—ਪਰਮਾਨੰਦ—ਤਾਇਆ ਜੀ ! ਜੇ ਐਡੀ ਗਲ ਆ ਗਈ ਏ ਤੇ ਚੰਗਾ ਮੈਨੂੰ ਬੇਦਖਲੀ ਵੀ ਮਨਜ਼ੂਰ ਏ। ਮੈਂ ਜੇ 'ਨੌਕਰੀ ਨਹੀਂ ਤਾਂ ਟੋਕਰੀ ਢੋ ਕੇ ਰੋਟੀ ਖਾ ਲਊਂ। ਪਰ ਇਹ ਤੁਸੀਂ ਵੀ ਸਮਝ ਲਓ ਭਾਈ ਜਿਸ ਕੰਮ ਨੂੰ ਮੈਂ ਠੀਕ ਸਮਝਨਾਂ ਉਸ ਨੂੰ ਕਰਕੇ ਛਡੂੰ।

(ਸੁਭਦ੍ਰਾਂ—ਆਈ. ਸੀ. ਨੰਦਾ)

### ਨੌਂ ਸੌ ਚੂਹੇ ਖਾ ਕੇ ਬਿੱਲੀ ਹਜ ਨੂੰ ਚਲੀ।

**ਭਾਵ** :—ਸਾਰੀ ਉਮਰ ਤਾਂ ਮਾੜਾ ਕੰਮ ਕਰਦਾ ਰਿਹਾ ਹੋਵੇ ਪਰ ਆਖਰੀ ਸਮੇਂ ਕੁਝ ਨੇਕੀ ਕਰਨ ਦੀ ਕੋਈ ਚਾਹ ਪ੍ਰਗਟ ਕਰੇ।

**ਵਰਤੋਂ** :—ਲਭੂ—ਹੇਖਾਂ ਛਡ ਦਿੱਤੀ ਏ, ਸ਼ਰਾਬ ! 'ਨੌਂ ਸੌ ਚੂਹੇ ਖਾਕੇ ਬਿੱਲੀ ਹਜ ਨੂੰ ਚਲੀ।' ਜਵਾਨ ਇਕ ਘੁੱਟ ਹੀ ਲੈ ਲੈ।

(ਰਜਨੀ—ਬਲਵੰਤ ਸਿੰਘ)

### ਨੌਂ ਕੋਹ ਦਰਿਆ, ਤੰਬਾ ਮੋਢੇ ਤੇ। ਜਾਂ ਨੌਂ ਕੋਹ ਦਰਿਆ ਸੁਥਣ ਅਗੇਤੀ ਲਾਹਨੀ ਹਾਂ।

**ਭਾਵ** :—ਖਤਰਾ ਹਾਲੀ ਦੂਰ ਹੋਵੇ ਤੇ ਤਿਆਰੀ ਡਰ ਕੇ ਪਹਿਲਾਂ ਹੀ ਕਰ ਲਈ ਜਾਵੇ।

**ਵਰਤੋਂ** :—ਵਰਿਆਮਾ—ਤਾਇਆ ! ਬਰਸਾਤ ਨੂੰ ਸ਼ੁਰੂ ਹੋਣ ਵਿਚ ਅਜੇ ਤਾਂ ਦੋ ਮਹੀਨੇ ਪਏ ਹਨ ਤੇ ਤੂੰ ਹੁਣੇ ਕੋਠਿਆਂ ਤੇ ਮਿੱਟੀ ਲਿਪਣੀ ਸ਼ੁਰੂ ਕਰ ਦਿੱਤੀ ਹੈ। ਤੇਰਾ ਤਾਂ ਉਹ ਹਾਲ ਹੈ ਅਖੇ 'ਨੌਂ ਕੋਹ ਦਰਿਆ ਤੰਬਾ ਮੋਢੇ ਤੇ'। (ਸੰਗ੍ਰ)

### ਨੌਂ ਦਿਨ ਨੰਦਾ ਘਰ ਲੋਕਾਂ ਦੇ, ਨੌਂ ਦਿਨ ਲੋਕ ਘਰ ਨੰਦੇ ਦੇ, ਲੇਖਾ ਕੀਤਾ ਨੰਦਾ ਘਰ ਦਾ ਘਰ।

**ਭਾਵ** :—ਜਦ ਕੋਈ ਬਹੁਤੇ ਦਿਨ ਤਾਂ ਕਰੇ ਕੰਜੂਸੀ ਪਰ ਕਸਰ ਇਕੋ ਦਿਨ ਹੀ ਨਿਕਲ ਜਾਵੇ।

**ਵਰਤੋਂ** :—ਬਚਤਾਂ ਕਰ ਕਰਕੇ ਮਰ ਲਥਾ ਪਰ ਇਕੋ ਕੁੜੀ ਦੇ ਵਿਆਹ ਨੇ ਸਭ ਕੁਝ ਹੂੰਝ ਲਿਆ, ਅਖੇ 'ਨੌ ਦਿਨ ਨੰਦਾ ਘਰ ਲੋਕਾਂ ਦੇ, ਨੌਂ ਦਿਨ ਲੋਕ ਘਰ, ਨੰਦੇ ਨੇ ਲੇਖਾ ਕੀਤਾ, ਨੰਦਾ ਘਰ ਦਾ ਘਰ।'

(ਸੰਗ੍ਰ)

### ਨੌਂ ਨਕਦ ਨਾ ਤੇਰਾਂ ਉਧਾਰ।

**ਭਾਵ** :—ਨਕਦ ਮੁਲ ਥੋੜ੍ਹਾ ਲੈਣਾ ਚੰਗਾ, ਪਰ ਬਹੁਤ ਮੁਲ ਉਧਾਰ ਛਡਣਾ ਮਾੜਾ ਹੈ।

**ਵਰਤੋਂ** :—ਅਸਾਂ ਸਾਉਣੀ ਦੇ ੬੫ ਰੁਪਏ ਨਹੀਂ ਮੰਨਣੇ ੫੦ ਰੁਪਏ ਨਕਦ ਦੇ ਦਿਓ ਤੇ ਮਹਿੰ ਲੈ ਜਾਓ। ਮੈਂ ਤਾਂ 'ਨੌ ਨਕਦ ਨ ਤੇਰਾਂ ਉਧਾਰ।' ਵਾਲੀ ਗੱਲ ਜਾਣਦਾ ਹਾਂ। (ਸੰਗ੍ਰ)

## ਨੌਂ ਨਿਧਾਂ ਬਾਰਾਂ ਸਿਧਾਂ ।

**ਭਾਵ** :—ਜਦ ਕੋਈ ਬੜਾ ਧਨ ਪਾਤਰ ਹੋਵੇ ਜਾਂ ਕਿਸੇ ਦੇ ਸਾਰੇ ਕਾਰਜ ਸਿਧ ਹੁੰਦੇ ਰਹਿਣ ।

**ਵਰਤੋਂ** :—ਇਤਨੇ ਨਿਰਾਸ਼ ਨਾ ਹੋਵੋ, ਲਾਲਾ ਜੀ ! ਮੇਰਾ ਪੰਨਾ ਬੜਾ ਭਾਗਾਂ ਵਾਲਾ ਪੁਤਰ ਹੈ। ਜੋਤਸ਼ੀ ਕਹਿੰਦਾ ਹੈ, ਜਦੋਂ ਇਹ ਪੰਦਰਵੇਂ ਵਰ੍ਹੇ ਵਿਚ ਪੈਰ ਰਖੇਗਾ ਤਾਂ ਨੌਂ ਨਿਧਾਂ ਬਾਰਾਂ ਸਿਧਾਂ ਹੋ ਜਾਣਗੀਆਂ । (ਸੰਗ੍ਰ)

## ਨੌਂ ਮਣ ਲੋਹਾ ਅਫੀਮ ਹੀ ਸਹੀ ।

**ਭਾਵ** :—ਬਹੁਤ ਨਸ਼ੇ ਦਾ ਆਦੀ ਹੋਣ ਕਰਕੇ ਥੋੜੇ ਨਸ਼ੇ ਨਾਲ ਗੁਜ਼ਾਰਾ ਨਾ ਹੋ ਸਕਣਾ ।

**ਵਰਤੋਂ** :—ਕੁੱਝ ਦਿਉ ਮੈਨੂੰ ! ਨਸ਼ੇ ਦੀ ਤੋਟ ਨੇ ਬੇਹਾਲ ਕਰ ਛਡੀ ਹੈ। ਹੋਰ ਨਹੀਂ ਤਾਂ ਨੌਂ ਮਣ ਲੋਹਾ ਅਫ਼ੀਮ ਹੀ ਸਹੀ । (ਸੰਗ੍ਰ)

## ਨੌਂਹਾਂ ਨਾਲੋਂ ਮਾਸ ਨਹੀਂ ਵਖ ਹੁੰਦਾ ।

**ਭਾਵ** :—ਆਪਣੇ ਆਪਣੇ ਹੀ ਹੁੰਦੇ ਹਨ ।

**ਵਰਤੋਂ** :—ਬਾਬਾ—ਆਖਿਆ ਤਾਂ ਠੀਕ ਹੈ, ਤੇ ਦੀਨ ਭੀ ਆਪੋ ਆਪਣਾ ਸਭ ਨੂੰ ਨਿਬਾਹੂ, ਪਰ ਬੱਚਾ ਨੌਹਾਂ ਤੇ ਪੋਟਿਆਂ ਦਾ ਮਾਸ ਕਿਨੂੰ ਅਵਾਜ਼ਾਰ ਹੋ ਸਕਦਾ ਹੈ ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਨੰਗ ਦੇ ਨੰਗ ।

**ਭਾਵ** :—ਜਿਹੋ ਭੁਖੜ ਪਹਿਲਾਂ, ਉਹੋ ਪਿਛੋਂ ।

**ਵਰਤੋਂ** :—ਚਾਰ ਟੂਮਾਂ ਜੋ ਉਸਦੇ ਉਦਾਲੇ ਸਨ ਉਹ ਭੀ ਚੌੜ ਦੇਮੂੰਹ ਵਿਚ ਉਡ ਗਈਆਂ । ਪਰ ਉਹ 'ਨੰਗ ਦੇ ਨੰਗ ।'

(ਚਰਣ ਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਨੰਗਾ ਭਾਵੇਂ ਚੋਰਾਂ ਵਿੱਚ ਖੇਡੇ ।

**ਭਾਵ** :—ਜਿਸ ਪਾਸ ਕੁਝ ਨਾ ਹੋਵੇ ਉਹ ਬੇਪਰਵਾਹ ਹੁੰਦਾ ਹੈ ।

**ਵਰਤੋਂ** :—ਭਾਈ ਜੀ ! ਜਿਸਦੇ ਪਾਸ ਕੁਝ ਨਹੀਂ ਉਸ ਨੂੰ ਡਰ ਕਾਹਦਾ ? ਅਖੇ 'ਨੰਗਾ ਮੁੰਡਾ ਚੋਰਾਂ ਵਿੱਚ ਖੇਡੇ ।' (ਸੰਗ੍ਰ)

## ਨੰਗਾ ਰੜੇ ਆਕੀ ।

**ਭਾਵ** :—ਗਰੀਬ ਚਾਹੇ ਤਾਂ ਆਕੜ ਕੇ ਬਹਿ ਸਕਦਾ ।

**ਵਰਤੋਂ** :—ਉਸ ਯਤੀਮ ਨਾਲ ਮੱਥਾ ਕਿਉਂ ਲਾਉਂਦੇ ਹੋ ? ਅਖੇ 'ਨੰਗਾ ਰੜੇ ਆਕੀ' ਉਸ ਨੂੰ ਕੀ ਡਰ ਹੈ ਤੁਹਾਡੀ ਪਤ ਹੀ ਲਹੇਗੀ । (ਸੰਗ੍ਰ)

## ਨੰਗੀ ਨਾਹਵੇ ਕੀ ਤੇ ਨਿਚੋੜੇ ਕੀ ।

ਵੇਖੋ :—ਕੀ ਪਿਦੀ ਤੇ ਕੀ ਪਿਦੀ ਦਾ ਸ਼ੋਰਬਾ ।

**ਭਾਵ** :—ਜਿਸ ਆਮਦਨ ਵਿੱਚੋਂ ਮਸਾਂ ਗੁਜ਼ਾਰਾ ਵੀ ਨਾ ਹੋਵੇ, ਉਸ ਵਿੱਚੋਂ ਬਚਤ ਕਿਵੇਂ ਹੋਵੇ ।

**ਵਰਤੋਂ** :—ਤੁਸੀਂ ਆਪ ਹੀ ਸੋਚੋ ! ਏਨੇ ਥੋੜੇ ਵਿਚ 'ਨੰਗੀ ਨਹਾਏਗੀ ਕੀ ਤੇ ਨਿਚੋੜੇਗੀ ਕੀ ? ਆਪ ਖਾਵਾਂ ਕਿ ਲੋਕਾਂ ਨੂੰ ਵੰਡਾ ? (ਸੰਗ੍ਰ)

## ਨੰਗੀ ਭਲੀ ਕਿ ਬੋਦਲੀ ।

**ਭਾਵ** :— ਵਡੇ ਭੈੜ ਨਾਲੋਂ ਛੋਟਾ ਭੈੜ ਚੰਗਾ ਹੈ ।

**ਵਰਤੋਂ** :—ਕਪੜੇ ਫਟੇ ਹੋਏ ਹੀ ਸਹੀ, ਹੋਣ ਤਾਂ ਸਹੀ । 'ਨੰਗੀ ਭਲੀ ਕਿ ਬੋਦਲੀ' ਨੰਗੇਜ ਤਾਂ ਢਕਣਾ ਹੀ ਹੋਇਆ । (ਸੰਗ੍ਰ)

## ਨੰਗੇ ਰਹਿਆਂ ਜੇ ਮਿਲੇ ਵਣ ਮਿਰਗ ਉਦਾਸੀ ।

**ਭਾਵ** :—ਨੰਗੇ ਰਹਿਆਂ ਜੇ ਮਿਲੇ ਤਦ ਜੰਗਲ ਦੇ ਸਾਰੇ ਜਨੌਰ ਨੰਗੇ ਹੀ ਰਹਿੰਦੇ ਹਨ ।

**ਵਰਤੋਂ** :—

ਨੰਗੇ ਰਹਿਆਂ ਜੇ ਮਿਲੈ ਵਣ ਮਿਰਗ ਉਦਾਸੀ ।
ਭਸਮ ਲਾਇ ਜੇ ਪਾਈਐ ਖਰ ਖੇਹ ਨਿਵਾਸੀ ।
(ਵਾਰਾਂ—ਭਾਈ ਗੁਰਦਾਸ)

## ਨਾਂ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨਾਲ ਜਫੇ ।

**ਭਾਵ** :—ਕੋਈ ਮਾੜਾ ਜਾਂ ਕਮਜ਼ੋਰ ਜਿਹੜਾ ਕਰ ਕੁਝ ਨਾ ਸਕਦਾ ਹੋਵੇ ਪਰ ਦਾਈਏ ਵਡੇ ਰਖੇ ਤਾਂ ਉਸ ਨੂੰ ਮਿਹਣੇ ਵਜੋਂ ਆਖਦੇ ਹਨ ।

**ਵਰਤੋਂ** :—

ਇਕ ਰਾਜੇ ਦੀ ਲੜਕੀ ਉੱਤੇ,
ਇਕ ਕੰਗਾਲ ਮੋਹਿਤ ਹੋਇਆ ।
ਮਾਨੋ ਸੁਣ ਅਕਾਸ਼ੀ ਗੱਲਾਂ,
ਕੀੜਾ ਭੁੜਕ ਖਲੋਇਆ ।
ਕਿਰਲੀ ਜੀਕਰ ਨਾਲ ਸ਼ਤੀਰਾਂ,
ਪਾਉਣੇ ਚਾਹੇ ਜਫੇ ।
ਹਫਤੇ ਭਰ ਦਾ ਭੁਖਾ ਲਭੇ,
ਅਰਬਾਂ ਖਰਬਾਂ ਗਫੇ ।
(ਬਾਦਸ਼ਾਹੀਆਂ—ਚਰਨ ਸਿੰਘ)

## ਨਾਂ ਨਾਲੇ ਦਾ, ਰੋੜ੍ਹ ਦੁਆਲੇ ਦਾ ।

**ਭਾਵ** :—ਖਰਚ ਕੋਈ ਕਰੇ ਤੇ ਨਾਂ ਕਿਸੇ ਦਾ ਹੋਵੇ ।

**ਵਰਤੋਂ** :—ਕੀ ਗਲਾਂ ਪਏ ਕਰਦੇ ਹੋ, ਇਸ ਪਿਕਨਿਕ ਦਾ ਸਾਰਾ ਖਰਚ ਤਾਂ ਫਕੀਰ ਚੰਦ ਨੇ ਕੀਤਾ ਹੈ ਤੇ ਨਾਂ ਹਰੀ ਦਾ ਪਿਆ ਵਜਦਾ ਹੈ, ਅਖੇ 'ਨਾਂ ਨਾਲੇ ਦਾ, ਰੋੜ੍ਹ ਦੁਆਲੇ ਦਾ ।' (ਸੰਗ੍ਰ)

## ਨਾਂ ਵਡਾ ਰੱਬ ਦਾ ਹੀ ਹੈ ।

**ਭਾਵ** :—ਇਕ ਰਬ ਹੀ ਸਥਿਰ ਹੈ । ਬਾਕੀ ਸਭ ਚਲਾਇਮਾਨ ਹਨ ।

**ਵਰਤੋਂ** :—ਜੈਦਾਦ ਵਾਲਿਆਂ ਦੀ ਜ਼ਰਾ ਸੌਖੀ ਲੰਘਦੀ ਹੈ । ਸਾਡੀ ਜ਼ਰਾ ਔਖੀ ਬਾਕੀ 'ਨਾਂ ਵਡਾ ਰਬ ਦਾ ਹੀ ਹੈ ।'

(ਦੇਵਿੰਦਰ ਬਤੀਸੀ—ਡਾ: ਮੋਹਨ ਸਿੰਘ)

## ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ॥

**ਭਾਵ** :—ਨਿੰਦਿਆ ਤੋਂ ਕਿਸੇ ਲਾਭ ਨਹੀਂ ਪਇਆ ।

**ਵਰਤੋਂ** :—

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ॥
ਹਰਣਾਖਸ਼ ਨ ਖਹਿ ਬਿਦਾਰੇ ॥
(ਗੁਰੂ ਗ੍ਰੰਥ—ਸੋਰਠ ਰਾਗ)

## ਨਿੰਦਾ ਭਲੀ ਕਿਸੈ ਕੀ ਨਾਹੀ ॥

**ਭਾਵ** :—ਕਿਸੇ ਦੀ ਵੀ ਨਿੰਦਿਆ ਕਰਨੀ ਚੰਗੀ ਨਹੀਂ ।

**ਵਰਤੋਂ** :—

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ।
ਮੁ ਕਾਲੇ ਤਿਨ ਨਿੰਦਕਾ ਕਰਕੇ ਘਰਿ ਪਵੰਨਿ ।
(ਗੁਰੂ ਗ੍ਰੰਥ—ਰਾਗ ਸੂਹੀ)

## ਨਿੰਦਾ ਭਲੀ ਨ ਕਿਸੇ ਦੀ ਗੁਰ ਕੁਢੰਗੇ ।

**ਭਾਵ** :—ਨਿੰਦਿਆ ਕਿਸੇ ਦੀ ਵੀ ਚੰਗੀ ਨਹੀਂ, ਪਰ ਗੁਰੂ ਦੀ ਨਿੰਦਿਆ ਤਾਂ ਬਹੁਤ ਹੀ ਖੋਟਾ ਕੰਮ ਹੈ ।

**ਵਰਤੋਂ** :—

ਬਰ ਹਰ ਕੰਬੈ ਨਰਕ ਜਮ ਸੁਣ ਨਿੰਦਕ ਢੰਗੇ ।
ਨਿੰਦਾ ਭਲੀ ਨ ਕਿਸੇ ਦੀ ਗੁਰ ਨਿੰਦ ਕੁਢੰਗੇ ।
(ਵਾਰਾਂ—ਭਾਈ ਗੁਰਦਾਸ)

**ਨਿੰਦਕ ਕਉ ਫਿਟਕੇ ਸੰਸਾਰ ॥**

**ਭਾਵ** :—ਨਿੰਦਿਆ ਕਰਨ ਵਾਲੇ ਨੂੰ ਸੰਸਾਰ ਲਾਹਨਤਾਂ ਪਾਉਂਦਾ ਹੈ।

**ਵਰਤੋਂ** :—

ਨਿੰਦਕ ਕਉ ਫਿਟਕੇ ਸੰਸਾਰ ॥
ਨਿੰਦਕ ਕਉ ਝੂਠਾ ਬਿਉਹਾਰ ॥

(ਗੁਰੂ ਗ੍ਰੰਥ—ਭੈਰਉ ਰਾਗ)

**ਨਿੰਦਕ ਕਾ ਮੂੰਹ ਕਾਲਾ।** ਜਾਂ **ਨਿੰਦਕ ਕੇ ਮੁਖ ਹੋਇ ਕਾਲ ॥**

**ਭਾਵ** :—ਨਿੰਦਿਆ ਕਰਨ ਵਾਲੇ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ।

**ਵਰਤੋਂ** :—

ਸਹੀ ਸਲਾਮਤਿ ਮਿਲ ਘਰਿ ਆਏ,
ਨਿੰਦਕ ਕੇ ਮੁਖ ਹੋਏ ਕਾਲ ॥

(ਗੁਰੂ ਗ੍ਰੰਥ—ਰਾਗ ਬਿਲਾਵਲ)

**ਨਿੰਮ ਨਾ ਹੁੰਦੀ ਮਿਠੀ ਸ਼ਕਰ ਗੁੜ ਘੀ ਨਾਲ, ਜਿਹੜਾ ਪਊ ਸੁਭਾ ਨਿਭੇਗੀ ਜੀ ਨਾਲ।**

**ਭਾਵ** :—ਬਣੇ ਹੋਏ ਭੈੜੇ ਤੇ ਖੋਟੇ ਸੁਭਾ ਨਰਮੀ ਨਾਲ ਨਹੀਂ ਬਦਲਦੇ।

**ਵਰਤੋਂ** :—ਤੁਸੀਂ ਜੇ ਚਾਹੋ ਕਿ ਮਿਠੀਆਂ ਗੱਲਾਂ ਨਾਲ ਉਸ ਪਾਪੀ ਦਾ ਸੁਭਾ ਵਟਾ ਦਈਏ, ਤਾਂ ਝੂਠ ਹੈ। 'ਨਿੰਮ ਨਾ ਹੁੰਦੀ ਮਿਠੀ ਸ਼ਕਰ, ਗੁੜ ਘੀ ਨਾਲ, ਜਿਹੜਾ ਪਊ ਸੁਭਾ ਨਿਭੇਗਾ ਜੀ ਨਾਲ।

(ਸੰਗ੍ਰ)

**ਨੂੰਹ ਸੱਸ ਲੜੀਆਂ, ਇਕੋ ਚੌਕੇ ਵੜੀਆਂ।**

**ਭਾਵ** :—ਆਪਣੇ ਲੜ ਭਿੜਕੇ ਫਿਰ ਆਪਣੇ ਹੀ ਰਹਿੰਦੇ ਹਨ।

**ਵਰਤੋਂ** :—ਆਪਣਾ ਖੂਨ ਫਿਰ ਵੇਲੇ ਸਿਰ ਆਕੇ ਪਿਘਲਦਾ ਹੈ, ਸੁਣਿਆਂ ਜੋ 'ਨੂੰਹ ਸੱਸ ਲੜੀਆਂ, ਇਕੋ ਚੌਕੇ ਵੜੀਆਂ।'

(ਸੰਗ੍ਰ)

**ਨੂੰਹ ਮੰਜੇ ਸੱਸ ਧੰਧੇ ਦੋ ਦਿਹਾੜੇ ਸੁਖ ਦੇ ਲੰਘੇ।**

**ਭਾਵ** :—ਜਦ ਕੋਈ ਹਰ ਵੇਲੇ ਔਖਾ ਰਹੇ ਤੇ ਕੁਝ ਚਿਰ ਲਈ ਉਸ ਨੂੰ ਅਰਾਮ ਮਿਲੇ।

**ਵਰਤੋਂ** :—ਸ਼ੁਕਰ ਹੈ ਰਬ ਦਾ, ਕੁਝ ਚਿਰ ਲਈ ਤਾਂ ਸੁਖ ਦਾ ਸਾਹ ਆਏਗਾ। 'ਨੂੰਹ ਮੰਜੇ, ਸੱਸ ਧੰਧੇ, ਦੋ ਦਿਹਾੜੇ ਸੁਖ ਦੇ ਲੰਘੇ।' ਬੀਮਾਰੀ ਵਿਚ ਤਾਂ ਅਫਸਰ ਤੋਂ ਛੁਟੀ ਮਿਲੀ।

(ਸੰਗ੍ਰ)

**ਨੂੰਹਾਂ ਝੂੰਡ ਖੋਲੇ ਤੇ ਸੁਹਰੇ ਲਗੇ ਮੂੰਹ ਕਜਨ।**

**ਭਾਵ** :—ਜਦ ਪੁਠੀ ਰੀਤ ਚਲ ਪਵੇ।

**ਵਰਤੋਂ** :—ਕਰਮੋਂ—ਨੀ ਅਜ ਕਲ੍ਹ ਸਭ ਗੱਲ ਹੀ ਪੁਠੀ ਹੋ ਰਹੀ ਹੈ। 'ਨੂੰਹਾਂ ਝੂੰਡ ਖੋਲੇ ਤੇ ਸਹੁਰੇ ਲਗੇ ਮੂੰਹ ਕਜਨ'। ਵਾਲੀ ਵਾ ਚਲ ਪਈ ਹੈ ਹੁਣ ਤਾਂ।

(ਸੰਗ੍ਰ)

**ਨੂੰਹਾਂ ਪੁਤਾਂ ਨੂੰ ਲੈ ਗਈਆਂ,**
**ਧੀਆਂ ਨੂੰ ਲੈ ਗਏ ਹੋਰ।**
**ਬੁੱਢਾ ਬੁੱਢੀ ਇਉਂ ਰਹੇ,**
**ਜਿਉਂ ਸੰਨੀ ਉਪਰ ਚੋਰ।**

**ਭਾਵ** :—ਪੁਤਾਂ ਧੀਆਂ ਵਾਲਾ ਬੁੱਢਾ ਜੋੜਾ ਜਦ ਇਕਲਾ ਹੀ ਆਪਣੇ ਜੀਵਨ ਦੇ ਦਿਨ ਕਟਦਾ ਹੋਵੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਅੰਤ ਬੁਢੇਪਾ ਸਭੇ ਦਾ ਇਵੇਂ ਕਟਦਾ ਹੈ :—

'ਨੂੰਹ ਪੁਤਾਂ ਨੂੰ ਲੈ ਗਈਆਂ, ਧੀਆਂ ਨੂੰ ਲੈ ਗਏ ਹੋਰ।
ਬੁਢਾ ਬੁਢੀ ਇਉਂ ਰਹੇ, ਜਿਉਂ ਸੰਨੀ ਉਪਰ ਚੋਰ।

(ਸੰਗ੍ਰ)

# ਪ

## ਪਉੜੀ ਛੁੜਕੀ ਫਿਰ ਹਥਿ ਨ ਆਵੈ, ਅਹਿਲਾ ਜਨਮ ਗਵਾਇਆ।

**ਭਾਵ** :—ਮਨੁਖਾ ਜਨਮ ਦਾ ਮੌਕਾ ਹਥੋਂ ਜਾਕੇ ਫਿਰ ਨਹੀਂ ਮਿਲਦਾ।

**ਵਰਤੋਂ** :—

ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰ ਹਾਥ ਨ ਆਵੈ
ਅਹਿਲਾ ਜਨਮੁ ਗਵਾਇਆ ॥

(ਗੁਰੂ ਗ੍ਰੰਥ—ਰਾਗ ਬਿਲਾਵਲ)

## ਪਈ ਰਹੀ, ਸੋ ਮੂਲੋਂ ਗਈ।

**ਭਾਵ** :—ਪਈ ਪਈ ਚੀਜ਼ ਜਦ ਖਰਾਬ ਹੋ ਜਾਵੇ ਜਾਂ ਗੱਲ ਠੰਡੀ ਹੋ ਕੇ ਵਿਸਰ ਜਾਏ। ਜਦ ਕੋਈ ਚੀਜ਼ ਚੋਖਾ ਚਿਰ ਕਿਸੇ ਪਾਸ ਪਈ ਰਹੇ ਤੇ ਓਹੀ ਉਸਦਾ ਮਾਲਕ ਬਣ ਜਾਵੇ।

**ਵਰਤੋਂ** :—ਗੱਲ ਨੂੰ ਠੰਢਾ ਹੋਣ ਦਿਓ 'ਪਈ ਰਹੀ ਸੋ ਮੂਲੋਂ ਗਈ' ਹੌਲੀ ਹੌਲੀ ਸਾਰੇ ਭੁਲ ਜਾਣਗੇ। (ਸੰਗ੍ਰ)

## ਪਏਗਾ ਝਗੜਾ ਤਾਂ ਚੁੱਕੇਗਾ ਅੱਧ।

**ਭਾਵ** :—ਝਗੜਾ ਪੈ ਜਾਣ ਨਾਲ ਝਗੜਨ ਵਾਲਾ ਕੁਝ ਲੈ ਹੀ ਨਿਕਲਦਾ ਹੈ।

**ਵਰਤੋਂ** :—ਓੜਕ ਦੀ ਗੱਲ ਹਾਕਮ ਨੇ ਹੁਕਮ ਦਿੱਤਾ ਕਿ ਜਲਾਦ ਨੂੰ ਬੁਲਾਓ ਤੇ ਇਸ ਬਾਲਕ ਨੂੰ ਅਧੋ ਅਧ ਕਰਕੇ ਦੋਹਾਂ ਦੀ ਝੋਲੀ ਪਾ ਦੇਵੇ! ਇਹ ਕਹਾਵਤ ਬਹੁਤ ਪੁਰਾਣੀ ਪ੍ਰਸਿਧ ਹੈ ਕਿ 'ਪਏਗਾ ਝਗੜਾ ਤਾਂ ਚੁਕੇਗਾ ਅੱਧ'।

(ਸ੍ਰੀ ਚਰਣ ਹਰਿ ਵਿਸਥਾਰ—ਡਾ. ਬਲੀਵੀਰ ਸਿੰਘ)

## ਪਹਾੜ ਨਾਲ ਟੱਕਰ ਲਾਇਆਂ ਸਿਰ ਹੀ ਭੱਜਣਾ ਹੈ।

**ਭਾਵ** :—ਆਪਣੇ ਨਾਲੋਂ ਤਕੜੇ ਨਾਲ ਮੱਥਾ ਡਾਹਿਆਂ ਨੁਕਸਾਨ ਹੀ ਹੋਣਾ ਹੈ।

**ਵਰਤੋਂ** :—ਰਾਣੀ—ਮਹਾਰਾਜ, ਸ਼ੇਰਿ ਪੰਜਾਬ ਦੀ ਈਨ ਮੰਨ ਲੈਣ ਵਿਚ ਹੀ ਲਾਹਾ ਹੈ। 'ਪਹਾੜ ਨਾਲ ਟੱਕਰ ਲਾਇਆਂ ਸਿਰ ਹੀ ਭੱਜਦਾ ਹੈ' ਜੇ ਲੜਾਈ ਕਰੋਗੇ, ਤਦ ਤਬਾਹੀ ਹੀ ਹੋਵੇਗੀ। (ਸੰਗ੍ਰ)

## ਪਹਾੜੀ ਯਾਰ ਕਿਸਕੇ, ਭਤ ਖਾਧਾ ਖਿਸਕੇ।

**ਭਾਵ** :—ਆਪਣਾ ਮਤਲਬ ਕਢਕੇ ਖਿਸਕਣ ਦੀ ਕਰਨੀ। ਪਹਾੜੀ ਲੋਕਾਂ ਬਾਰੇ ਆਮ ਇਹ ਖਿਆਲ ਕੀਤਾ ਜਾਂਦਾ ਹੈ।

**ਵਰਤੋਂ** :—ਇਹੋ ਕਾਰਨ ਹੈ, ਕਿ ਇਨ੍ਹਾਂ ਕੁਝ ਵਰ੍ਹਿਆਂ ਵਿਚ ਸਭ ਪਹਾੜੀਆਂ ਦੇ ਦਿਲਾਂ ਨੂੰ ਉਸਨੇ ਜਿਤ ਲਿਆ ਹੈ। ਪਹਾੜੀਏ ਜਿਨ੍ਹਾਂ ਬਾਬਤ ਕਹਾਵਤ ਹੈ। 'ਪਹਾੜੀ ਯਾਰ ਕਿਸਕੇ ਭਤ ਖਾਧਾ ਖਿਸਕੇ' ਬਾਬੂ ਸੁੰਦਰ ਦਾਸ ਦੇ ਇਕ ਇਸ਼ਾਰੇ ਉਤੇ ਜਾਨਾਂ ਲੜਾ ਦੇਣ ਨੂੰ ਤਿਆਰ ਹੋ ਜਾਂਦੇ ਹਨ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

## ਪਹਿਨੀ ਤੇ ਸੱਠਾਂ ਦੀ ਜੋੜੀ, ਨਹੀਂ ਤੇ ਨਕੋਂ ਵੀ ਬੋੜੀ।

**ਭਾਵ** :—ਲੈਣੀ ਤਾਂ ਬਹੁਮੁੱਲੀ ਚੀਜ਼ ਲੈਣੀ, ਨਹੀਂ ਤਾਂ ਨਹੀਂ ਲੈਣੀ।

**ਵਰਤੋਂ** :—ਭੈਣ—ਰਾਧਾ ਦਾ ਤਾਂ ਇਹੀ ਹਾਲ ਏ ਅਖੇ 'ਪਹਿਨੀ ਤੇ ਸੱਠਾਂ ਦੀ ਜੋੜੀ, ਨਹੀਂ ਤਾਂ ਨਕੋਂ ਵੀ ਬੋੜੀ'। ਉਹ ਮਾੜੀ ਮੋਟੀ ਚੀਜ਼ ਨੂੰ ਕਦੋਂ ਪਸਿੰਦ ਕਰਦੀ ਏ? (ਸੰਗ੍ਰ)

## ਪਹਿਲੇ ਸੋ ਪਹਿਲੇ, ਪਿਛੇ ਸੋ ਪਿਛੇ।

**ਭਾਵ** :—ਪਹਿਲਾਂ ਆਉਣ ਵਾਲੇ ਦਾ ਕੰਮ ਪਹਿਲਾਂ ਤੇ ਪਿਛੋਂ ਆਉਣ ਵਾਲੇ ਦਾ ਪਿਛੇ ਹੀ ਹੁੰਦਾ ਹੈ।

**ਵਰਤੋਂ** :—ਬਈ ਦੁਨੀਆਂ ਵਿਚ ਜਿਸਦੀ ਫੂਕ ਪਹਿਲਾਂ ਵੱਜ ਜਾਏ, ਉਸੇ ਦੀ ਜਿੱਤ ਹੁੰਦੀ ਹੈ। 'ਪਹਿਲੇ ਸੋ ਪਹਿਲੇ, ਪਿੱਛੇ ਸੋ ਪਿੱਛੇ' ਸੁਸਤੀ ਮਨੁਖ ਦਾ

ਕੁਝ ਨਹੀਂ ਸੌਰਨ ਦੇਂਦੀ। (ਸੰਗ੍ਰ)

**ਪਹਿਲੇ ਪੇਟਾ, ਪਿਛੋਂ ਬੇਟਾ।** ਜਾਂ **ਪਹਿਲੇ ਆਪਣਾ ਫੇਰ ਪਰਾਇਆ।**

**ਭਾਵ** :—ਜਦ ਕੋਈ ਪਹਿਲਾਂ ਆਪਣਾ ਲਾਭ ਮੁਖ ਰਖੇ, ਤੇ ਫਿਰ ਦੂਜਿਆਂ ਦਾ।

**ਵਰਤੋਂ** :—ਹਜ਼ੂਰ, 'ਪਹਿਲੇ ਪੇਟਾ ਪਿਛੋਂ ਬੇਟਾ' ਪਹਿਲੇ ਆਪਣੇ ਰਾਜ ਦਾ ਸੁਖ ਵੀਚਾਰੋ ਤੇ ਫਿਰ ਦੂਜਿਆਂ ਦਾ ਕੰਮ ਸਵਾਰੋ।

(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਪਹਿਲੇ ਸ਼ਾਹ, ਪਿਛੇ ਬਾਦਸ਼ਾਹ।**

**ਭਾਵ** :—ਸ਼ਾਹੂਕਾਰ ਨਾਲ ਰੋਜ਼ ਵਾਹ ਪੈਣ ਕਰਕੇ ਉਸਦੀ ਮਾਨਤਾ ਬਾਦਸ਼ਾਹ ਨਾਲੋਂ ਵੀ ਵਧੀਕ ਹੁੰਦਾ ਹੈ।

**ਵਰਤੋਂ** :— ਠੀਕ ਹੈ, ਭਾਈ ਠੀਕ ਹੈ। 'ਪਹਿਲਾ ਸ਼ਾਹ ਤੇ ਪਿਛੋਂ ਬਾਦਸ਼ਾਹ' ਨਿਤ ਵਾਹ ਤਾਂ ਸ਼ਾਹ ਨਾਲ ਹੀ ਪੈਣਾ ਹੋਇਆ ਨਾ। (ਸੰਗ੍ਰ)

**ਪਹਿਲਾਂ ਆਇਆ ਸੋ ਪਾਇਆ।**

**ਭਾਵ** :—ਪਹਿਲਾਂ ਪੁਜਣ ਵਾਲੇ ਦੀ ਸੇਵਾ ਪਹਿਲਾਂ ਹੁੰਦੀ ਹੈ।

**ਵਰਤੋਂ** :— ਕੰਡਕਟਰ ਸਾਹਿਬ! ਤੁਸੀਂ ਪਿਛੋਂ ਆਇਆਂ ਨੂੰ ਪਹਿਲਾਂ ਥਾਂ ਦੇ ਰਹੇ ਹੋ ਇਹ ਚੰਗੀ ਗਲ ਨਹੀਂ। ਚਾਹੀਦਾ ਤਾਂ ਇਹ ਹੈ ਕਿ 'ਪਹਿਲਾਂ ਆਇਆ ਸੋ ਪਾਇਆ' ਲਿਹਾਜ਼ ਵਾਲੀ ਗੱਲ ਨਹੀਂ ਚਾਹੀਦੀ। (ਸੰਗ੍ਰ)

**ਪਹਿਲਾਂ ਆਪ, ਪਿਛੋਂ ਬਾਪ।**

**ਭਾਵ** :—ਪਹਿਲਾਂ ਆਪਣੇ ਸੁਖ ਦਾ ਖਿਆਲ ਰਖੋ ਤੇ ਫਿਰ ਦੂਜਿਆਂ ਦਾ!

**ਵਰਤੋਂ** :—ਕਿਸੇ ਤਰ੍ਹਾਂ ਪੈਸਾ ਬਣਾਇਆ ਜਾਵੇ ਝਟਾ ਪਟ ਆਪਣੇ ਲਈ ਤੇ ਸਾਰੇ ਕੰਗਾਲ ਸਮਾਜ ਨੂੰ ਧਨਾਢ ਕਰਨ ਦਿਆਂ ਜੰਤਰਾਂ ਦਾ ਖਿਆਲ ਕਢ ਦਿਤਾ ਜਾਵੇ। 'ਪਹਿਲਾਂ ਆਪ ਤੇ ਪਿਛੋਂ ਬਾਪ'।

(ਦੇਵਿੰਦਰ ਬਤੀਸੀ—ਡਾ. ਮੋਹਨ ਸਿੰਘ ਦੀਵਾਨਾ)

**ਪਹਿਲਾਂ ਖੁੱਲ੍ਹੀ ਆਟਾ ਪਾਵਾਂ, ਪਿੱਛੋਂ ਹੱਟੀ ਫਿਰਾਂ ਭਰਾਵਾਂ।**

**ਭਾਵ** :— ਪਹਿਲਾਂ ਸੰਜਮ ਨਾ ਕਰਨਾ ਤੇ ਪਿਛੋਂ ਮੰਗਦੇ ਫਿਰਨਾ।

**ਵਰਤੋਂ** :— ਪਹਿਲਾਂ ਸੰਜਮ ਕਰਨਾ ਸੀ। 'ਪਹਿਲਾਂ ਖੁਲ੍ਹੀ ਆਟਾ ਪਾਵਾਂ, ਪਿਛੋਂ ਹਟੀ ਫਿਰਾਂ ਭਰਾਵਾਂ' ਹੁਣ ਮੰਗਦੀ ਫਿਰ ਬੂਹੇ ਬੂਹੇ। ਮੈਂ ਕੀ ਕਰਾਂ? (ਸੰਗ੍ਰ)

**ਪਹਿਲਾਂ ਪਕੇ, ਪਹਿਲਾਂ ਗਲੇ।**

**ਭਾਵ** :—ਜੋ ਪਹਿਲਾਂ ਜੰਮਦਾ ਹੈ। ਉਹ ਪਹਿਲਾਂ ਮਰਦਾ ਹੈ।

**ਵਰਤੋਂ** :—ਜਵਾਨ—ਬਾਬਾ ਜੀ! ਇਹ ਠੀਕ ਹੈ ਕਿ 'ਪਹਿਲਾਂ ਪਕੇ, ਪਹਿਲਾਂ ਗਲੇ' ਪਰ, ਮੌਤ ਕੋਈ ਪੁਛ ਕੇ ਥੋੜਾ ਹੀ ਆਉਂਦੀ ਹੈ? (ਸੰਗ੍ਰ)

**ਪਹਿਲਾਂ ਪੂਤ, ਪਛੇਰੀ ਮਾਈ।**

**ਭਾਵ** :—ਜਦ ਕਿਸੇ ਚੀਜ਼ ਦੀ ਆਸ ਸਮੇਂ ਤੋਂ ਬਹੁਤ ਪਹਿਲਾਂ ਰਖੀ ਜਾਵੇ।

**ਵਰਤੋਂ** :—ਮਾਈ—ਨੀ ਗੁਲਾਬੀ! ਕੁਝ ਹੋਸ਼ ਟਿਕਾਣੇ ਈ? ਮੁੰਡਾ ਮਸੀਂ ਪੜ੍ਹਨੇ ਪਿਆ ਏ ਤੂੰ ਤਸੀਲਦਾਰੀ ਮੰਗਦੀ ਏਂ ਅਖੇ 'ਪਹਿਲਾਂ ਪੂਤ, ਪਛੇਰੀ ਮਾਈ'। (ਸੰਗ੍ਰ)

**ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ।**

**ਭਾਵ** :—ਪਹਿਲਾਂ ਮਰਨਾ ਕਬੂਲ ਕਰ ਤੇ ਜੀਵਨ ਤੋਂ ਹਥ ਧੋ ਬੈਠ। (ਤਦ ਤੈਨੂੰ ਸੱਚ ਦੀ ਪ੍ਰਾਪਤੀ ਹੋਵੇਗੀ)

**ਵਰਤੋਂ** :—ਸਤਿਗੁਰ ਜੀ—ਸਿਖੀ ਮਾਰਗ ਤੇ ਚਲਣਾ ਮਨ ਨੂੰ ਮਾਰਨਾ ਹੈ।

'ਪਹਿਲਾਂ ਮਰਣ ਕਬੂਲਿ ਜੀਵਣ ਕੀ ਛਡਿ ਆਸ॥
ਹੋ ਸਭਨਾ ਕੀ ਰੇਣਕਾ ਤਉ ਆਉ ਹਮਾਰੇ ਪਾਸ॥'

(ਰਜਨੀ ਨਾਟਕ—ਬਲਵੰਤ ਸਿੰਘ)

**ਪਹਿਲਾਂ ਮਾਰੇ ਸੋ ਮੀਰੀ।**

**ਭਾਵ** :—ਪਹਿਲ ਕਰਨ ਵਿੱਚ ਹੀ ਵਡਿਆਈ ਹੈ।

**ਵਰਤੋਂ** :—ਜਵਾਨਾ, ਪਹਿਲ ਕਰਨ ਦੇ ਬੜੇ ਲਾਭ ਨੇ 'ਪਹਿਲਾਂ ਮਾਰੇ ਸੋ ਮੀਰੀ, ਪਿਛੋਂ ਮਾਰੇ ਤਾਂ ਕੀੜੀ'। (ਸੰਗ੍ਰ)

**ਪਹਿਲਾਂ ਯੋਗ, ਪਿਛੋਂ ਭੋਗ।**

**ਭਾਵ** :—ਪਹਿਲਾਂ ਦੁਖ ਪਾਕੇ ਜਾਂ ਸੰਜਮ ਕਰਨ ਨਾਲ ਹੀ ਪਿਛੋਂ ਸੁਖ ਮਿਲਦਾ ਹੈ।

**ਵਰਤੋਂ**:— ਸਚ ਹੈ,'ਪਹਿਲਾਂ ਯੋਗ, ਪਿਛੋਂ ਭੋਗ' ਪਹਿਲਾਂ ਔਕੜਾਂ ਸਹਾਰਨੀਆਂ ਹੀ ਪੈਂਦੀਆਂ ਹਨ ਤਦੇ ਫਿਰ ਅਨੰਦ ਮਾਣੀਦਾ ਹੈ। (ਸੰਗ੍ਰ)

**ਪਹਿਲਾਂ ਵਸਤੁ ਸਿਞਾਣਿਕੈ, ਤਾਂ ਕੀਚੈ ਵਾਪਾਰੁ॥**

**ਭਾਵ** :—ਪਹਿਲਾਂ ਚੀਜ਼ ਦੀ ਪਰਖ ਕਰ ਲੈਣੀ ਚਾਹੀਦੀ ਹੈ ਤੇ ਫਿਰ ਉਸ ਨਾਲ ਵਾਹ ਪਾਣਾ ਚਾਹੀਦਾ ਹੈ।

**ਵਰਤੋਂ** :—

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥
ਪਹਿਲਾਂ ਵਸਤੁ ਸਿਞਾਣਕੈ ਤਾਂ ਕੀਚੈ ਵਾਪਾਰੁ॥
(ਗੁਰੂ ਗ੍ਰੰਥ—ਸ਼ਲੋਕ)

**ਪਹਿਲੋਂ ਉਧਾਰ ਪਿਛੋਂ ਖੁਆਰ।**

**ਭਾਵ** :—ਉਧਾਰ ਚੁਕਣਾ ਅੰਤ ਖਰਾਬੀ ਹੀ ਪੈਦਾ ਕਰਦਾ ਹੈ।

**ਵਰਤੋਂ** :— ਨਿਧਾਨ ਸਿੰਘ—ਭਰਾ, ਕਰਜ਼ਾ ਚੁਕਣਾ ਹੀ ਮਾੜਾ ਕੰਮ ਸੀ। ਸਿਆਣਿਆਂ ਨੇ ਸਚ ਕਿਹਾ ਹੈ ਅਖੇ 'ਪਹਿਲੋਂ ਉਧਾਰ, ਪਿਛੋਂ ਖੁਆਰ' ਹੁਣ ਧੀਰਜ ਤੋਂ ਕੰਮ ਲਵੋ। (ਸੰਗ੍ਰ)

**ਪੱਕੀ ਖੇਤੀ ਲਾਏ ਲਾਵੇ, ਜੱਟ ਕਰੇ ਬਾਦਸ਼ਾਹੀ ਦੇ ਦਾਵੇ।**

**ਭਾਵ** :—ਜ਼ਿਮੀਂਦਾਰ ਜਦ ਪੱਕੀ ਖੇਤੀ ਦੀ ਕਟਾਈ ਕਰਾਉਣ ਲਗਦਾ ਹੈ ਤਾਂ ਆਪਣੇ ਆਪ ਨੂੰ ਬਾਦਸ਼ਾਹ ਸਮਝਦਾ ਹੈ।

**ਵਰਤੋਂ** :—ਜੱਟ—ਸ਼ਾਹ, ਔਖਾ ਕਿਉਂ ਹੁੰਨਾ ਏਂ। ਖੇਤੀ ਪੱਕੀ ਖੜੋਤੀ ਹੈ, ਵਾਢੀ ਕਰਨ ਵਾਲਾ ਹਾਂ, ਅਖੇ 'ਪੱਕੀ ਖੇਤੀ ਲਾਏ ਲਾਵੇ, ਜੱਟ ਕਰੇ ਬਾਦਸ਼ਾਹੀ ਦੇ ਦਾਵੇ। ਫਿਰ ਤੇਰਾ ਸਭ ਪੈਸਾ ਮੁਕਾ ਦੇਣਾ ਹੈ। (ਸੰਗ੍ਰ)

**ਪੱਕੀ ਖੇਤੀ ਵੇਖਕੇ ਕਿਉਂ ਭੁਲਾ ਕਿਰਸਾਨ ? ਝਖੜ, ਝੋਲਾ, ਬਹੁਤ ਹੈ ਘਰ ਆਵੇ ਤਾਂ ਜਾਨ।**

**ਭਾਵ** :—ਜਦ ਤਾਈਂ ਚੀਜ਼ ਹੱਥ ਨਹੀਂ ਆਵੇ, ਮਿਲਣ ਦਾ ਭਰੋਸਾ ਕੂੜਾ ਹੈ।

**ਵਰਤੋਂ** :— ਲਗਦਾ ਤਾਂ ਹੈ ਕਿ ਕੰਮ ਬਣ ਜਾਏਗਾ, ਪਰ ਅਗੋਂ ਕੀ ਪਤਾ ? 'ਪਕੀ ਖੇਤੀ ਵੇਖਕੇ ਕਿਉਂ ਭੁਲਾ ਕਿਰਸਾਨ ? ਝਖੜ ਝੋਲਾ ਬਹੁਤ ਹੈ ਘਰ ਆਵੇ ਤਾਂ ਜਾਨ'। (ਸੰਗ੍ਰ)

**ਪੱਕੀ ਬੇਰੀ ਹੇਠਾਂ ਮਰਣਾ, ਨਹੀਂ ਤਾਂ ਨਹੀਂ ਮਰਣਾ।**

**ਭਾਵ** :—ਕਿਸੇ ਸ਼ੁਭ ਜਾਂ ਚੰਗੇ ਕੰਮ ਕਰਨ ਲਈ ਹੀ ਖਤਰਾ ਸਹੇੜਨਾ।

**ਵਰਤੋਂ** :—ਹਰ ਕਿਸੇ ਪਿਛੇ ਕਿਉਂ ਮਰਦੇ ਫਿਰੀਏ ? ਅਸਾਂ ਤਾਂ 'ਪੱਕੀ ਬੇਰੀ ਹੇਠਾਂ ਮਰਣਾ, ਨਹੀਂ ਤਾਂ ਨਹੀਂ ਮਰਣਾ' ਕੋਈ ਗਲ ਤਾਂ ਬਣੇ। (ਸੰਗ੍ਰ)

**ਪਗ ਰਖ, ਖਾਹ ਘਿਉ। ਜਾਂ ਪਗ ਰਖ ਕੇ ਹੀ ਖੀਰ ਖਾਈਦੀ ਹੈ।**

**ਭਾਵ** :—ਆਪਣੀ ਆਮਦਨ ਤੇ ਪਤ ਦਾ ਖਿਆਲ ਰਖਕੇ ਹੀ ਖਰਚ ਕਰੋ।

**ਵਰਤੋਂ** :—ਫਜ਼ੂਲ ਖਰਚੀ ਵੀ ਓਨੀ ਚੰਗੀ ਜਿਨੇ ਨਾਲ ਪੱਤ ਬਣੀ ਰਹੇ। 'ਪੱਗ ਰੱਖ ਖਾਹ ਘਿਉ' ਜੇ ਪਿਛੋਂ ਪੱਤ ਲਹਿ ਗਈ, ਤਾਂ ਚਾਰ ਦਿਨਾਂ ਦੀ ਮੌਜ ਕਿਸ ਕੰਮ ? (ਸੰਗ੍ਰ)

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ।**

**ਭਾਵ** :—ਜਦ ਜ਼ਿੰਦਗੀ ਦੀ ਬਾਜ਼ੀ ਮੁਕ ਜਾਵੇਗੀ, ਤਦ ਪਛਤਾਵੇ ਦਾ ਸਮਾਂ ਵੀ ਨਹੀਂ ਮਿਲਣਾ ।

**ਵਰਤੋਂ** :—

'ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ।'
(ਗੁਰੂ ਗ੍ਰੰਥ—ਰਾਗ ਤਿਲੰਗ)

**ਪਛੋਂ 'ਚਲੇ ਬਦਲੀ ਅਰ ਰੰਡ ਮਲਾਈ ਖਾਹਿ, ਉਹ ਬਰ੍ਹੇ ਉਹ ਉਧਲੇ, ਕਿਹਾ ਨਾ ਬਿਰਥਾ ਜਾਏ ।**

**ਭਾਵ** :—ਪੱਛਮੀ ਹਵਾਵਾਂ ਮੀਂਹ ਪਾਉਣਗੀਆਂ ਤੇ ਰੰਡੀ ਜ਼ਨਾਨੀ ਜੇ ਮਲਾਈਆਂ ਖਾਵੇਗੀ ਤਾਂ ਜ਼ਰੂਰ ਹੀ ਉਧਲੇਗੀ ।

**ਵਰਤੋਂ** :—ਭੈਣ ਜੀ, ਉਹ ਵਿਧਵਾ ਹੈ, ਉਸਦਾ ਇਉਂ ਫਜ਼ੂਲ ਖਰਚੀ ਕਰਨੀ ਠੀਕ ਨਹੀਂ, ਸਿਆਣਿਆਂ ਨੇ ਕਿਹਾ ਹੈ, 'ਪਛੋਂ ਚਲੇ ਬਦਲੀ ਅਰ ਰੰਡ ਮਲਾਈ ਖਾਹਿ, ਉਹ ਬਰ੍ਹੇ ਉਹ ਉਧਲੇ ਕਿਹਾ ਨਾ ਬਿਰਥਾ ਜਾਏ' । (ਸੰਗ੍ਰ)

**ਪਟ ਦੀ ਪਿਛਾੜੀ ਤੇ ਮੁੰਜ ਦੀਆਂ ਵਾਗਾਂ ।**

**ਭਾਵ** :—ਅਨਜੋੜ ਚੀਜ਼ਾਂ ਦੀ ਵਰਤੋਂ ਹੋਣੀ । ਚੰਗੀ ਚੀਜ਼ ਨਾਲ ਮੰਦੀ ਨੂੰ ਰਲਾਂਉਣਾ ।

**ਵਰਤੋਂ** :—ਧੂਤ ਜਿਹਾ ਮੁੰਡਾ ਵੇਖੋ ਤੇ ਮਲੂਕ ਜਿਹੀ ਕੁੜੀ ਵੇਖੋ । 'ਪੱਟ ਦੀ ਪਿਛਾੜੀ ਨਾਲ ਮੁੰਜ ਦੀਆਂ ਵਾਗਾਂ' ਕਿਵੇਂ ਸੋਭਾ ਦੇਣ ? (ਸੰਗ੍ਰ)

**ਪਟੀਆਂ ਨਾ ਪਕੀਆਂ ਤੇ ਬੰਜਰ ਪਕਣ ਲਗੇ ।**

**ਭਾਵ** :—ਅਨਹੋਣੀਆਂ ਜਾਂ ਅਨਜੋੜ ਗੱਲਾਂ ਹੋਣੀਆਂ । ਚੰਗੇ ਦੀ ਦਾਲ ਨਾ ਗਲਣੀ ਤੇ ਮੰਦੇ ਦੀ ਪੁਛ ਹੋਣੀ ।

**ਵਰਤੋਂ** :—

ਪਟੀਆਂ ਨਾ ਪਕੀਆਂ ਤੇ ਬੰਜਰ ਪਕਣ ਲਗੇ ।
ਅਸੀਲ ਹੋਇ ਭੁਖੇ ਤੇ ਕਮਜ਼ਾਤ ਰਜਣ ਲਗੇ ।
(ਲੋਕ ਗੀਤ)

**ਪੋਟਿਆਂ ਵਿਚੋਂ ਮੈਲਾ ਵੀ ਨਹੀਂ ਨਿਕਲਿਆ ।**

**ਭਾਵ** :—ਜਦੋਂ ਕੋਈ ਛੋਟੀ ਉਮਰ ਤੇ ਅਕਲ ਦਾ ਹੋਵੇ, ਤਦ ਇਹ ਅਖਾਣ ਵਰਤਿਆ ਜਾਂਦਾ ਹੈ ।

**ਵਰਤੋਂ** :— ਇੰਦਰ—ਅਜੇ ਤਾਂ ਪੋਟਿਆਂ ਵਿਚੋਂ ਮੈਲਾ ਵੀ ਨਹੀਂ ਨਿਕਲਿਆ ਹੁਣੇ ਖਰ ਖੋਟੇ ਲਗ ਪਿਆਂ ਏ ਪਰਖਣ । ਵਡ-ਅਕਲਾ, ਪਿਛੋਂ ਜੰਮ ਕੇ ਸਾਨੂੰ ਅਕਲਾਂ ਦੇਣ ਲਗਾ ।
(ਦੂਰ-ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਪੱਠੇ ਖਾ ਗਈ ਗਾਂ ਤੇ ਗੁਸਾ ਵੱਛੇ ਤੇ ।**

**ਭਾਵ** :—ਕੰਮ ਵਿਗਾੜੇ ਤਾਂ ਕੋਈ ਹੋਰ ਪਰ ਗੁਸਾ ਕਿਸੇ ਹੋਰ ਉਤੇ ਨਿਕਲੇ ।

**ਵਰਤੋਂ** :—ਕੀਰਤਨ ਸਿੰਘ—ਇਹ ਕੀ ਯਾਰ । ਕੰਮ ਤਾਂ ਮਾਂ ਜੀ ਤੋਂ ਵਿਗੜਿਆ, ਪਰ ਤੂੰ ਦੋਸ਼ ਭਾਬੀ ਸਿਰ ਥਪੀ ਜਾਨਾ ਏਂ ? ਇਹ ਤਾਂ ਫਿਰ ਓਹੀ ਗਲ ਹੋਈ ਨਾ ਅਖੇ 'ਪੱਠੇ ਖਾ ਗਈ ਗਾਂ ਤੇ ਗੁਸਾ ਵੱਛੇ ਤੇ । (ਸੰਗ੍ਰ)

**ਪਤ ਪਰਤੀਤ ਖਰੀ ਨੀਤ ।**

**ਭਾਵ** :—ਸਾਫ ਨੀਤ ਅਤੇ ਇਜ਼ਤ ਹੁੰਦਿਆਂ ਕਿਸੇ ਪਰਕਾਰ ਦਾ ਡਰ ਨਹੀਂ ।

**ਵਰਤੋਂ** :— ਜਿੰਨਾ ਮਰਜ਼ੀ ਜੇ ਬਦਨਾਮ ਕਰ ਲਓ 'ਪਤ ਪਰਤੀਤ ਤੇ ਖਰੀ ਨੀਤ' ਨਾਲ ਸਾਨੂੰ ਕੀ ਡਰ ਏ ? (ਸੰਗ੍ਰ)

**ਪਤਣ ਮੇਉ ਨਾ ਛੇੜੀਏ, ਹੱਟੀ ਉਤੇ ਕਿਰਾੜ, ਬੰਨੇ ਜੱਟ ਨਾ ਛੇੜੀਏ, ਭੰਨ ਸੁੱਟੇ ਬੁਥਾੜ।**

**ਭਾਵ** :—ਹਰ ਕੋਈ ਆਪਣੀ ਆਪਣੀ ਥਾਂ ਤੇ ਹੈਂਕੜ ਰਖਦਾ ਹੈ। ਉਥੇ ਉਸ ਨਾਲ ਝਗੜਨਾ ਨਹੀਂ ਚਾਹੀਦਾ।

**ਵਰਤੋਂ** :—ਤੁਸੀਂ ਵੀ ਕੁਤੇ ਨੂੰ ਉਸੇ ਦੀ ਗਲੀ ਵਿਚ ਜਾ ਫੜਿਆ। ਉਸਨੇ ਸ਼ੇਰ ਹੋਕੇ ਟਕਰਨਾ ਹੀ ਸੀ। ਨਹੀਂ ਸੀ ਪਤਾ ਤੁਹਾਨੂੰ 'ਪਤਣ ਮੇਉ ਨਾ ਛੇੜੀਏ, ਹੱਟੀ ਉਤੇ ਕਿਰਾੜ, ਬੰਨੇ ਜੱਟ ਨਾ ਛੇੜੀਏ, ਭੰਨ ਸੁਟੇ ਬੁਥਾੜ'। (ਸੰਗ੍ਰ)

**ਪੱਥਰ ਕੀ ਬੇੜੀ ਜੇ ਚੜ੍ਹੈ ਭਰ ਨਾਲਿ ਬੁਡਾਵੈ।**

**ਭਾਵ** :—ਪੱਥਰ ਦੀ ਲਦੀ ਬੇੜੀ ਵਿਚ ਜੋ ਚੜ੍ਹੇ, ਭਾਰ ਨਾਲ ਉਹ ਡੁਬ ਜਾਵੇਗਾ। ਭਾਵ ਜੋ ਔਗਣਿਆਰਿਆਂ ਦੀ ਸੰਗਤ ਕਰੇਗਾ ਖੁਆਰ ਹੋਵੇਗਾ।

**ਵਰਤੋਂ** :—

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ।
ਪੱਥਰ ਕੀ ਬੇੜੀ ਜੇ ਚੜੈ ਭਰ ਨਾਲ ਬੁਡਾਵੈ॥
(ਗੁਰੂ ਗ੍ਰੰਥ – ਰਾਗ ਆਸਾ)

**ਪੱਥਰ ਕੂਲੇ ਹੋਣ ਤਾਂ ਗਿਦੜ ਹੀ ਖਾ ਜਾਣ।**

**ਭਾਵ** :—ਥੋੜੀ ਬਹੁਤ ਕਰੜਾਈ ਸੁਭਾ ਵਿਚ ਜ਼ਰੂਰੀ ਹੈ; ਨਹੀਂ ਤਾਂ ਲੋਕੀਂ ਜੀਣ ਨਹੀਂ ਦੇਂਦੇ।

**ਵਰਤੋਂ** :—ਸ਼ਾਹ—ਮੈਂ ਨਹੀਂ ਭਿਜਣਾ ਤੇਰੀਆਂ ਗਲਾਂ ਨਾਲ 'ਪੱਥਰ ਕੂਲੇ ਹੋਣ ਤਾਂ ਗਿਦੜ ਹੀ ਖਾ ਜਾਣ'। (ਸੰਗ੍ਰ)

**ਪੱਥਰ ਖੁੰਬ ਚੜ੍ਹਾਈਏ ਮੁੜ ਕੜ ਦਾ ਕੜ।**

**ਭਾਵ** :—ਮੂਰਖ ਨੂੰ ਕਿੰਨਾ ਵੀ ਸਮਝਾਓ ਮੁੜ ਮੂਰਖ ਹੀ ਰਹਿੰਦਾ ਹੈ।

**ਵਰਤੋਂ** :—ਪੈਂਚਾ! ਇਸ ਮੂਰਖ ਨਾਲ ਸਿਰਖਪਾਈ ਦਾ ਕੀ ਲਾਹਾ? ਅਖੇ 'ਪੱਥਰ ਖੁੰਬ ਚੜ੍ਹਾਈਏ, ਮੁੜ ਕੜ ਦਾ ਕੜ'। (ਸੰਗ੍ਰ)

**ਪੱਥਰ ਪਾਣੀ ਰਖੀਐ, ਮਨ ਹੱਠ ਨ ਘੱਟੈ।**

**ਭਾਵ** :—ਜਦ ਕਿਸੇ ਕਠੋਰ ਚਿਤ ਦਾ ਸੁਭਾ ਨੇਕੀ ਕਰਨ ਤੇ ਵੀ ਨਾ ਬਦਲੇ। ਤਦ ਵਰਤਦੇ ਹਨ।

**ਵਰਤੋਂ** :—

'ਪੱਥਰ ਪਾਣੀ ਰਖੀਐ, ਮਨ ਹਠ ਨ ਘਟੈ'।
ਚੋਆ ਚੰਦਨ ਪਰ ਹਰੈ ਖਰ ਖੇਹ ਪਲਟੈ।
(ਵਾਰਾਂ—ਭਾਈ ਗੁਰਦਾਸ)

**ਪੱਥਰ ਮੂਲ ਨ ਭਿਜਈ ਸੌ ਵਰ੍ਹਿਆਂ ਜਲ ਅੰਦਰ ਵਸੈ।**

**ਭਾਵ** :—ਭਾਵੇਂ ਪੱਥਰ (ਮੂੜ੍ਹ ਪੁਰਸ਼) ਸੈਂਕੜੇ ਵਰ੍ਹੇ ਪਾਣੀ (ਗੁਣਵਾਨਾਂ) ਵਿਚ ਰਹੇ ਫਿਰ ਵੀ ਉਹ ਪਥਰ (ਮੂੜ੍ਹ) ਹੀ ਰਹਿੰਦਾ ਹੈ।

**ਵਰਤੋਂ** :—

ਪੱਥਰ ਮੂਲ ਨ ਭਿਜਈ ਸੌ ਵਰ੍ਹਿਆਂ ਜਲ ਅੰਦਰ ਵਸੈ।
ਪੱਥਰ ਖੇਤ ਨ ਜੰਮੀ ਚਾਰ ਮਹੀਨੇ ਇੰਦ੍ਰ ਵਸੈ।
(ਵਾਰਾਂ—ਭਾਈ ਗੁਰਦਾਸ)

**ਪਰ ਅਧੀਨ ਸੁਪਨੇ ਸੁਖ ਨਾਹੀਂ।**

**ਭਾਵ** :—ਦੂਜੇ ਦੀ ਅਧੀਨਤਾ ਵਿਚ ਸੁਖ ਕਦੀ ਨਹੀਂ ਮਿਲ ਸਕਦਾ।

**ਵਰਤੋਂ** :—ਦੋਸਤ ਤੂੰ ਭੁਲਦਾ ਏਂ, ਦੂਜੇ ਦੀ ਅਧੀਨਤਾ ਵਿਚ ਕਦੇ ਸੁਖ ਨਹੀਂ ਹੁੰਦਾ, ਗੁਲਾਮੀ ਸਦਾ ਖੁਆਰੀ ਹੀ ਹੁੰਦੀ ਹੈ, ਇਸੇ ਲਈ ਤਾਂ ਸਿਆਣਿਆਂ ਆਖਿਆ ਹੈ 'ਪਰ ਅਧੀਨ ਸੁਪਨੇ ਸੁਖ ਨਾਹੀਂ'। (ਸੰ)

**(ਪਰ) ਹੱਥ ਸਿਰ ਤੇ ਫੇਰਕੇ, ਇਹ ਇਸ਼ਕ ਮਰੇਂਦਾ ਠਗ।**

**ਭਾਵ** :—ਇਸ਼ਕ ਸੁਖ ਵੀ ਦੇਂਦਾ ਹੈ, ਪਰ ਠਗੀ ਕਰਕੇ ਦੁਖੀ ਵੀ ਕਰਦਾ ਹੈ।

**ਵਰਤੋਂ** :—

ਜੋ ਸਿਰ ਸਸੀ ਵਰਤਿਆ,
ਪਰ ਇਹ ਕਿਤ ਹੋਇਆ ਜਗ।
ਪਰ ਹਥ ਸਿਰ ਤੇ ਫੇਰਕੇ,
ਇਹ ਇਸ਼ਕ ਮਰੇਂਦਾ ਠਗ।
(ਸਸੀ ਮੁਕਬਲ)

**ਪਰ ਹੱਥੀਂ ਵਣਜ, ਸੁਨੇਹੀ ਖੇਤੀ ਕਦੀ ਨ ਹੁੰਦੇ ਬਤੀਆਂ ਦੇ ਤੇਤੀ। (ਹੁੰਦੇ ਮਣ ਦੇ ਤੇਤੀ)**

**ਭਾਵ** :—ਦੂਜਿਆਂ ਦੇ ਹੱਥੀਂ ਵਪਾਰ ਤੇ ਵਾਹੀ ਵਿੱਚ ਲਾਹਾ ਨਹੀਂ ਹੁੰਦਾ।

**ਵਰਤੋਂ** :— ਕਦੀ ਕਿਸੇ ਨੂੰ ਕਿਸੇ ਦੂਜੇ ਨੇ ਖੱਟ ਕੇ ਖੁਆਇਆ ਹੈ? 'ਪਰ ਹੱਥੀਂ ਵਣਜ, ਸੁਨੇਹੀ ਖੇਤੀ ਕਦੀ ਨਾ ਹੁੰਦੇ ਬਤੀਆਂ ਦੇ ਤੇਤੀ'। (ਸੰਗ੍ਰ)

**ਪਰ ਕਾ ਬੁਰਾ ਨ ਰਾਖਉ ਚੀਤ।**

**ਭਾਵ** :—ਪਰਾਇਆ ਬੁਰਾ ਨਾ ਚਿਤਵੋ।

**ਵਰਤੋਂ** :—

'ਪਰ ਕਾ ਬੁਰਾ ਨ ਰਾਖਉ ਚੀਤ'॥
ਤੁਮ ਕਉ ਦੁਖ ਨਹੀ ਭਾਈ ਮੀਤ॥
(ਗੁਰੂ ਗ੍ਰੰਥ – ਆਸਾ ਰਾਗ)

**ਪਰ ਘਰ ਗਈ ਨ ਬਹੁੜਦੀ, ਪੋਥੀ, ਲਿਖਣ, ਨਾਰ।**

**ਭਾਵ** :—ਇਹ ਚੀਜ਼ਾਂ (ਪੁਸਤਕ, ਕਲਮ ਤੇ ਇਸਤਰੀ) ਮਾਂਗਵੀਆਂ ਨਹੀਂ ਦੇਣੀਆਂ ਚਾਹੀਦੀਆਂ। ਮੁੜ ਕੇ ਨਹੀਂ ਮਿਲਦੀਆਂ।

**ਵਰਤੋਂ** :— ਭਾਈ ਸਿਆਣਿਆਂ ਨੇ ਠੀਕ ਹੀ ਆਖਿਆ ਹੈ, 'ਪਰ ਘਰ ਗਈ ਨਾ ਬਹੁੜਦੀ ਪੋਥੀ, ਲਿਖਣ, ਨਾਰ' ਤੁਸੀਂ ਅਜਿਹੀ ਵਡ-ਮੁਲੀ ਪੁਸਤਕ ਉਨ੍ਹਾਂ ਨੂੰ ਦਿੱਤੀ ਹੀ ਕਿਉਂ? (ਸੰ)

**ਪਰ ਮਰੇ, ਪਰਮੇਸ਼ਰ ਜਾਗੇ।**

**ਭਾਵ** :—ਦੂਈ ਦਾ ਤਿਆਗ ਕੀਤਿਆਂ ਬਰਕਤ ਪੈਂਦੀ ਹੈ ਤੇ ਰੱਬ ਨੇੜੇ ਜਾਪਦਾ ਹੈ।

**ਵਰਤੋਂ** :—ਦੂਜਿਆਂ ਨੂੰ ਆਪਣੇ ਜਿਹਾ ਸਮਝੋ, ਤਦ ਹੀ ਰਬ ਦਾ ਗਿਆਨ ਹੁੰਦਾ ਹੈ। 'ਪਰ ਮਰ ਪਰਮੇਸ਼ਰ ਜਾਗੇ'। (ਸੰਗ੍ਰ)

**ਪਰਚੇ ਬਿਨਾ ਪ੍ਰਤੀਤ ਨਹੀਂ ਹੁੰਦੀ।**

**ਭਾਵ** :—ਪਛਾਣ ਬਿਨਾ ਭਰੋਸਾ ਨਹੀਂ ਬਝਦਾ।

**ਵਰਤੋਂ** :—ਪਰਚੇ ਬਿਨਾ ਪ੍ਰਤੀਤ ਨਹੀਂ ਹੁੰਦੀ। ਬਿਨ ਜਾਣੇ ਤੁਸੀਂ ਉਹਦੇ ਉਤੇ ਭਰੋਸਾ ਕਿਵੇਂ ਕਰੋ? (ਸੰਗ੍ਰ)

**ਪ੍ਰਤਖ ਨੂੰ ਪ੍ਰਮਾਣ ਦੀ ਕੀ ਲੋੜ।**

**ਭਾਵ** :—ਸਾਫ ਦਿਸਦੀ ਗਲ ਤੋਂ ਨਾਹ ਕਰਨ ਦੀ ਕੀ ਲੋੜ?

**ਵਰਤੋਂ** :—ਮਨ–(ਸ਼ਾਹ ਨੂੰ) ਇਹ ਜੀ ਕੁੜੀਆਂ ਦੇ ਸਕੂਲ ਵਿਚ ਹੈਡ ਮਿਸਟ੍ਰੈਸ ਨੇ। ਇਹਨਾਂ ਦੀ ਲਿਆਕਤ ਤੇ ਮਿਹਨਤ ਦਾ ਅਸਰ ਰਸੂਖ ਤੁਸੀਂ ਆਪ ਵੇਖ ਲੈਣਾ (ਹਸਕੇ) ਪ੍ਰਤਖ ਨੂੰ ਪ੍ਰਮਾਣ ਦੀ ਕੀ ਲੋੜ?
(ਦੂਰ ਦੁਰਾਡੇ ਸ਼ਹਿਰੋਂ—ਹਰਚਰਣ ਸਿੰਘ)

**ਪ੍ਰਥਮੇ ਮਨੁ ਪਰਬੋਧੈ ਆਪਨਾ, ਪਾਛੈ ਅਵਰ ਰੀਝਾਵੈ।**

**ਭਾਵ** :—ਪਹਿਲਾਂ ਆਪਣੇ ਮਨ ਨੂੰ ਸੋਧਣਾ ਚਾਹੀਦਾ ਹੈ, ਪਿਛੇ ਹੋਰਨਾਂ ਨੂੰ।

**ਵਰਤੋਂ** :—

ਪ੍ਰਥਮੇ ਮਨੁ, ਪਰਬੋਧੈ ਆਪਨਾ ਪਾਛੈ ਅਵਰ ਰੀਝਾਵੈ।
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ।
(ਗੁਰੂ ਗ੍ਰੰਥ—ਆਸਾ ਰਾਗ)

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ।**

**ਭਾਵ** :—ਮਹਾਂ ਪੁਰਖ ਕਿਸੇ ਖਾਸ ਪੁਰਸ਼ ਜਾਂ ਮੌਕੇ ਦੀ ਸਿਖਿਆ ਕਹਿੰਦੇ ਹਨ। ਪਰ

ਉਹ ਸਾਰੇ ਲੋਕਾਂ ਉਤੇ ਘਟਦੀ ਹੈ।

**ਵਰਤੋਂ** :—

ਪਰਥਾਇ ਸਾਖੀ ਮਹਾਂ ਪੁਰਖ,
ਬੋਲਦੇ ਸਾਂਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ,
ਆਪਣਾ ਆਪ ਪਛਾਣੈ ॥

(ਗੁਰੂ ਗ੍ਰੰਥ—ਰਾਗ ਸੋਰਠ)

## ਪਰਨਾਉਣਾ ਖ਼ੁਸ਼ੀ ਨਾਲ, ਨਹੀਂ ਤਾਂ ਮਰਨਾ।

**ਭਾਵ** :—ਵਿਆਹ ਖ਼ੁਸ਼ੀ ਨਾਲ ਵਿਆਹ ਹੈ, ਨਹੀਂ ਤਾਂ ਦੁਖ।

**ਵਰਤੋਂ** :—ਵਿਆਹ ਕਾਹਦਾ ਹੋਇਆ, ਜਦ ਖੁਸ਼ੀ ਕਿਸੇ ਵੀ ਸਿਰ ਨੂੰ ਨਹੀਂ ਹੋਈ। 'ਪਰਨਾਉਣਾ ਖ਼ੁਸ਼ੀ ਨਾਲ ਨਹੀਂ ਤਾਂ ਮਰਨਾ'। (ਸੰਗ੍ਰ)

## ਪਰਮੇਸ਼ਰ ਦੀ ਮਾਇਆ, ਕਿਧਰੇ ਧੁਪ ਕਿਧਰੇ ਛਾਇਆ।

**ਭਾਵ** :—ਕਿਤੇ ਦੁਖ ਹੈ, ਕਿਤੇ ਸੁਖ। ਇਹੀ ਰੱਬ ਦੀ ਲੀਲਾ ਹੈ।

**ਵਰਤੋਂ** :—'ਪਰਮੇਸ਼ਰ ਦੀ ਮਾਇਆ, ਕਿਧਰੇ ਧੁਪ ਕਿਧਰੇ ਛਾਇਆ' ਸਾਰੇ ਸੁਖੀ ਨਹੀਂ, ਨਾ ਹੀ ਸਾਰੇ ਦੁਖੀ ਹਨ। (ਸੰਗ੍ਰ)

## ਪਰਾਇਆ ਸਿਰ ਪੰਸੇਰੀ ਬਰਾਬਰ।

**ਭਾਵ** :—ਪਰਾਈ ਅਕਲ ਮਨੁੱਖ ਨੂੰ ਤੁਛ ਲਗਦੀ ਹੈ।

**ਵਰਤੋਂ** :—ਤੁਹਾਡੇ ਲਈ ਤਾਂ ਪਰਾਇਆ ਸਿਰ ਪੰਸੇਰੀ ਬਰਾਬਰ ਹੈ। ਆਪਣੀ ਅਕਲ ਦਾ ਏਨਾ ਵੀ ਘੁਮੰਡ ਨਹੀਂ ਕਰਨਾ ਚਾਹੀਦਾ। (ਸੰਗ੍ਰ)

## ਪਰਾਇਆ ਘਰ ਥੁਕ ਦਾ ਵੀ ਡਰ, ਆਪਣਾ ਘਰ ਹਗ ਹਗ ਭਰ।

**ਭਾਵ** :—ਜੋ ਸੁਖ ਆਪਣੇ ਘਰ ਹੁੰਦਾ ਹੈ, ਹੋਰ ਕਿਤੇ ਨਹੀਂ ਹੁੰਦਾ।

**ਵਰਤੋਂ** :—ਮੈਂ ਅਗੇ ਭੀ ਤੈਨੂੰ ਕਿੰਨੀ ਵਾਰ ਸਮਝਾਇਆ ਹੈ ਕਿ ਦੂਜੇ ਦੇ ਘਰ ਬੱਚਿਆਂ ਨੂੰ ਰੋਕ ਕੇ ਰਖਣਾ ਚਾਹੀਦਾ ਹੈ। ਸਿਆਣਿਆਂ ਨੇ ਠੀਕ ਆਖਿਆ ਹੈ ਕਿ 'ਪਰਾਇਆ ਘਰ ਥੁਕ ਦਾ ਵੀ ਡਰ, ਆਪਣਾ ਘਰ ਹਗ ਹਗ ਭਰ'। (ਸੰ)

## ਪਰਾਈ ਅਮਾਣ ਕਿਉਂ ਰਖੀਐ, ਦਿੱਤੀ ਹੀ ਸੁਖ ਹੋਇ।

**ਭਾਵ** :—ਪਰਾਈ ਅਮਾਨਤ ਦੇ ਵਾਪਸ ਕਰਨ ਵਿਚ ਹੀ ਸੁਖ ਹੈ।

**ਵਰਤੋਂ** :—ਸਵਾਸ ਅਤ ਧੀਮਾ ਹੈ। ਅੱਖਾਂ ਬੰਦ ਹਨ, ਸਰੀਰ ਠੰਢਾ ਠਾਰ ਹੈ। ਨਾੜ ਭੀ ਬੜੀ ਮਧਮ ਹੈ। ਪਿਤਾ ਨੇ ਇਹ ਕਹਿਕੇ 'ਪਰਾਈ ਅਮਾਣ ਕਿਉਂ ਰਖੀਐ ਦਿਤੀ ਹੀ ਸੁਖੁ ਹੋਇ' ਲਾਡਲੀ ਨੂੰ ਕਲਾਵੇ ਵਿਚ ਚੁਕ ਲਿਆ। ਅਰ ਆਪਣੀ ਉਸ ਕੁਟੀਆ ਵਲ ਲੈ ਗਏ ਜੋ ਬਾਗ ਵਿਚ ਬਿਸਰਾਮ ਲਈ ਬਣੀ ਹੋਈ ਸੀ। (ਕਲਗੀਧਰ ਚਮਤਕਾਰ—ਭਾਈ ਵੀਰ ਸਿੰਘ)

## ਪਰਾਈ ਆਸ ਸਦਾ ਨਿਰਾਸ।

**ਭਾਵ** :—ਪਰਾਈ ਆਸ ਰਖਣੀ ਸਦਾ ਦੁਖ ਦੇਂਦੀ ਹੈ।

**ਵਰਤੋਂ** :—ਪੋਰਸ—ਤੁਹਾਡੀ ਨੇਕ ਸਲਾਹ ਸਿਰ ਮਥੇ ਤੇ, ਪਰ ਤੁਸੀਂ ਅਜੇ ਅਸਲੀ ਭੇਦ ਨਹੀਂ ਸਮਝੇ। 'ਪਰਾਈ ਆਸ ਸਦਾ ਨਿਰਾਸ'। ਮੈਂ—ਮੰਨਦਾ —ਪਰ ਉਨ੍ਹਾਂ ਦੇ ਰਲਣ ਨਾਲ ਸਾਡੀ ਤਿਆਰੀ ਵਿੱਚ ਉਕਾ ਕੋਈ ਫਰਕ ਨਹੀਂ ਪੈਣ ਲਗਾ।

(ਰਾਜਾ ਪੋਰਸ—ਹਰਚਰਨ ਸਿੰਘ)

## ਪਰਾਈ ਹਾਸੀ ਗੜੇ ਮਿੱਠੀ।

**ਭਾਵ** :—ਕਿਸੇ ਹੋਰ ਨਾਲ ਮਖੌਲ ਕਰ ਕੇ ਤਾਂ ਖੁਸ਼ੀ ਹੋਣਾ, ਪਰ ਆਪਣੇ ਨਾਲ ਹੋਵੇ ਤਾਂ ਗੁਸਾ ਕਰਨਾ।

**ਵਰਤੋਂ** :— 'ਪਰਾਈ ਹਾਸੀ ਗੜੇ ਮਿੱਠੀ' ਲਗਦੀ ਹੈ। ਆਪਣੇ ਨਾਲ ਹੋਵੇ ਤੇ ਬੰਦਾ ਸਹਿ ਗੁਜ਼ਰੇ, ਤਦ ਜਾਣੀਏ। (ਸੰਗ੍ਰ)

## ਪਰਾਈ ਜੰਞ, ਅਹਿਮਕ ਨੱਚੇ।

**ਭਾਵ** :—ਦੂਜਿਆਂ ਦੀ ਚੀਜ਼ ਜਾਂ ਖੁਸ਼ੀ ਉਤੇ ਮਾਣ ਕਰਨਾ ਜਾਂ ਗੱਪਾਂ ਮਾਰਨੀਆਂ।

**ਵਰਤੋਂ** :— ਮਖਨਾ ! ਪਰਾਈ ਜੇਂਵ ਤੇ ਅਹਿਮਕ ਨੱਚੇ ਵਾਲੀ ਗੱਲ ਹੈ ਤੇਰੀ ਤਾਂ, ਆਪ ਕੁਝ ਕਰਨ ਜੋਗਾ ਨਹੀਂ ਤੇ ਪਿਉ ਦਾਦੇ ਦੇ ਕੀੜੇ ਤੇ ਟਾਹਰਾਂ ਮਾਰਦਾ ਹੈ । (ਸੰਗ੍ਰ)

**ਪਰਾਏ ਸਿਰ ਮੋਹਲਾ, ਕਪਾਹ ਤੋਂ ਵੀ ਹੌਲਾ (ਕੂਲਾ) ।**

**ਭਾਵ** :—ਕਿਸੇ ਦੂਜੇ ਦੇ ਸਿਰ ਦੁਖ ਪੈਣ ਤਾਂ ਉਹ ਮਾਮੂਲੀ ਲਗਦੇ ਹਨ ।

**ਵਰਤੋਂ** :—ਮੇਰੇ ਦੁਖਾਂ ਦੀ ਪੀੜ ਤੁਹਾਨੂੰ ਥੋੜੀ ਹੋਣੀ ਹੈ । 'ਪਰਾਏ ਸਿਰ ਮੋਹਲਾ ਕਪਾਹ ਤੋਂ ਵੀ ਹੋਲਾ' । ਤੁਹਾਨੂੰ ਜੇ ਏਨੀਆਂ ਔਕੜਾਂ ਆਪ ਝਲਣੀਆਂ ਪੈਣ ਤਾਂ ਆਟੇ ਦਾਲ ਦਾ ਭਾ ਮਲੂਮ ਹੋ ਜਾਏ । (ਸੰਗ੍ਰ)

**ਪਰਾਏ ਹੱਥ ਵਿਚ ਪੇੜਾ ਮੋਟਾ ਦਿਸਦਾ ਹੈ । ਜਾਂ ਪਰਾਇਆ ਉਬਲ ਉਛਲ ਤੇ ਆਪਣਾ ਟਾਵਾਂ ਟੁਕ ।**

**ਭਾਵ** :—ਪਰਾਈ ਚੀਜ਼ ਨੂੰ ਬਹੁਮੁਲੀ ਤੇ ਆਪਣੀ ਨੂੰ ਮਾੜੀ ਆਖਣਾ ।

**ਵਰਤੋਂ** :—ਆਹੋ ਜੀ, 'ਪਰਾਏ ਹੱਥ ਵਿਚ ਹਰ ਇਕ ਨੂੰ ਪੇੜਾ ਮੋਟਾ ਦਿਸਦਾ ਹੈ' ਆਪ ਸਾਰੇ ਮਤ੍ਹੂੰ ਮਤ੍ਹੂੰ ਹੀ ਕਰਦੇ ਰਹਿੰਦੇ ਹਨ । (ਸੰਗ੍ਰ)

**ਪਰਾਏ ਪੀਰ ਨੂੰ ਮਲੀਦਾ, ਘਰ ਦੇ ਦੇਵ ਨੂੰ ਧਤੂਰਾ ।**

**ਭਾਵ** :—ਜਦ ਘਰ ਦੇ ਸਿਆਣੇ ਜਾਂ ਵਡਿਕੇ ਦੀ ਕਦਰ ਨਾ ਹੋਵੇ ਤੇ ਬਾਹਿਰ ਦੇ ਮਾਮੂਲੀ ਆਦਮੀ ਦੀ ਪੁਛ ਕੀਤੀ ਜਾਵੇ ।

**ਵਰਤੋਂ** :—ਇਥੇ ਤਾਂ 'ਪਰਾਏ ਪੀਰ ਨੂੰ ਮਲੀਦਾ, ਘਰ ਦੇ ਦੇਵ ਨੂੰ ਧਤੂਰਾ' ਵਾਲੀ ਗੱਲ ਹੈ । ਆਪਣੇ ਬੰਦੇ ਨੂੰ ਤਾਂ ਕੋਈ ਪੁਛਦਾ ਨਹੀਂ ਭਾਵੇਂ ਕਿੰਨਾ ਹੀ ਸਿਆਣਾ ਹੋਇ ਤੇ ਦੂਜਿਆਂ ਪਿਛੇ ਭਜੇ ਫਿਰਦੇ ਹਨ ਸਾਰੇ । ਅਜੀਬ ਹੀ ਗੱਲ ਹੈ । (ਸੰ)

**ਪਰਾਏ ਪੈਰੀਂ, ਕੋਹ ਵੀ ਕਦਮਾਂ ਜਿਡੇ ਭਾਸਦੇ ਨੇ ।**

**ਭਾਵ** :—ਦੂਜੇ ਦੀ ਤਕਲੀਫ ਨੂੰ ਕੁਝ ਨਾ ਸਮਝਣਾ, ਜਾਂ ਜਦ ਚੰਗੀ ਸਵਾਰੀ ਮਿਲਣ ਨਾਲ ਸਫਰ ਛੇਤੀ ਹੀ ਕਟਿਆ ਜਾਵੇ ।

**ਵਰਤੋਂ** :— ਆਖਰ ਏਨੀ ਦੂਰੋਂ ਤੁਰ ਕੇ ਆਉਣਾ ਸੀ । ਪੈਰਾਂ ਨਾਲ ਕੋਈ ਮਸ਼ੀਨ ਥੋੜੀ ਲਗੀ ਹੋਈ ਸੀ । ਪਰ ਸਭਨਾਂ ਨੂੰ 'ਪਰਾਏ ਪੈਰੀਂ, ਕੋਹ ਵੀ ਕਦਮਾਂ ਜਿਡਾ ਭਾਸਦਾ ਏ' । (ਸੰਗ੍ਰ)

**ਪਰਾਂ ਤੇ ਪਾਣੀ ਨਾ ਪੈਣ ਦੇਣਾ ।**

**ਭਾਵ** :—ਕਸੂਰ ਕਰਕੇ ਬਿਲਕੁਲ ਮੰਨਣ ਵਿਚ ਹੀ ਨਾ ਆਉਣਾ ।

**ਵਰਤੋਂ** :— ਉਸ ਨਾਲ ਗੱਲ ਕਰਕੇ ਵੇਖੀ ਹੈ ਕਿ ਦਸ ਰੁਪਏ ਇਥੋਂ ਚੁਕੇ ਗਏ ਹਨ । ਉਹ ਤੇ 'ਪਰਾਂ ਤੇ ਪਾਣੀ ਨਹੀਂ ਪੈਣ ਦਿੰਦਾ' । ਕਹਿੰਦਾ ਹੈ ਕਿ ਮੈਂ ਤੇ ਉਥੇ ਗਿਆ ਹੀ ਨਹੀਂ । (ਸੰ)

**ਪਰਾਂਠਾ ਟੁਕਰ ਖਾਵਾਂ, ਵਿਸਾਰਾਂ ਪੈਦਾ ਕਰੇਂਦਾ ।**

**ਭਾਵ** :—ਦਾਤ ਪਿਆਰੀ ਵਿਸਰਿਆ ਦਾਤਾਰ ।

**ਵਰਤੋਂ** :—ਉਹ ਬੜਾ ਅਕਿਰਤਘਣ ਹੈ, ਇਤਨਾ ਕੁਝ ਆਪਣੇ ਮਾਲਕ ਪਾਸੋਂ ਖਾ ਪੀ ਕੇ ਵੀ ਉਸ ਦੀ ਕਦਰ ਨਹੀਂ ਕਰਦਾ । ਅਖੇ 'ਪਰਾਂਠਾ ਟੁਕਰ ਖਾਵਾਂ ਵਿਸਾਰਾਂ ਪੈਦਾ ਕਰੇਂਦਾ' । (ਸੰਗ੍ਰ)

**ਪਰੀਆਂ ਦੇ ਪਰ੍ਹੇ ਭੂਤਨੇ ਪੈਂਚ ।**

**ਭਾਵ** :—ਚੰਗੀ ਥਾਂ ਉਤੇ ਕਿਸੇ ਮਾੜੇ ਨੂੰ ਬਿਠਾ ਦੇਣਾ ।

**ਵਰਤੋਂ** :—ਅਜ ਸਿਆਣਪ ਤੇ ਵਿਦਿਆ ਨੂੰ ਕੌਣ ਪੁਛਦਾ ਹੈ ? ਜਿਸ ਨੂੰ ਜੀ ਆਇਆ ਕੁਰਸੀ ਦੇ ਦਿਤੀ। 'ਪਰੀਆਂ ਦੇ ਪਰ੍ਹੇ, ਭੂਤਨੇ ਪੈਂਚ । (ਸੰਗ੍ਰ)

**ਪ੍ਰੀਤ ਦਾ ਰਾਹ ਪਧਰਾ ਨਹੀਂ ਜਾਂ ਪ੍ਰੀਤ ਦੀ ਰੀਤ ਨਿਆਰੀ।**

**ਭਾਵ** :—ਸੱਚੀ ਪ੍ਰੀਤ ਵਿਚ ਬੇਅੰਤ ਔਕੜਾਂ ਤੇ ਦੁਖ ਝਲਣੇ ਪੈਂਦੇ ਹਨ।

**ਵਰਤੋਂ** :—ਇਹ ਸੀ ਪ੍ਰੀਤ ਦੀ ਰੀਤ ਜਿਹੜੀ ਨਿਮਾਣੀ ਰਾਮ ਕੁਮਾਰੀ ਇਕ ਸੱਚੇ ਪੁਜਾਰੀ ਵਾਂਗ ਨਿਭਾਹ ਰਹੀ ਸੀ। ਪਰ 'ਪ੍ਰੀਤ ਦਾ ਰਾਹ ਕਦੀ ਪੱਧਰਾ ਨਹੀਂ ਹੋਇਆ।

(ਪ੍ਰਭਾ—ਫਜ਼ਲਦੀਨ)

**ਪ੍ਰੇਮ ਦਾ ਕੋਈ ਨੇਮ ਨਹੀਂ।**

**ਭਾਵ** :—ਪਿਆਰ ਕਿਸੇ ਬਝੇ ਕਾਨੂੰਨ ਅਨੁਸਾਰ ਨਹੀਂ ਤੁਰਦਾ।

**ਵਰਤੋਂ** :—'ਪ੍ਰੇਮ ਦਾ ਕੋਈ ਨੇਮ ਨਹੀਂ' ਜਿਵੇਂ ਵੇਗ ਆਵੇ ਵਹਿ ਤੁਰੇ। (ਸੰ)

**ਪੱਲੇ ਹੋਵੇ ਸੱਚ ਤਾਂ ਨੰਗਾ ਹੋ ਕੇ ਨੱਚ।**

**ਭਾਵ** :—ਸੱਚੇ ਆਦਮੀ ਨੂੰ ਕਿਸੇ ਭੇਦ ਦੇ ਖੁਲ੍ਹ ਜਾਣ ਦਾ ਡਰ ਨਹੀਂ ਹੁੰਦਾ।

**ਵਰਤੋਂ** :— ਰਜਣੀ—ਮਾਂ ਜੀ, ਜਦ ਆਪ ਹੀ ਕਹਿੰਦੇ ਹੋ ਕਿ ਮਨੁਖਾ ਜਨਮ ਦੁਰਲਭ ਏ, ਮੁੜ ਹੱਥ ਨਹੀਂ ਆਉਂਦਾ, ਫਿਰ ਮੈਂ ਕਿਸ ਬਦਲੇ ਤੇ ਕਾਹਨੂੰ ਸੱਚ ਛੱਡਾਂ 'ਪੱਲੇ ਹੋਵੇ ਸੱਚ ਤਾਂ ਬਾਹਿਰ ਹੋਕੇ ਨੱਚ'।

(ਰਜਨੀ ਨਾਟਕ—ਬਲਵੰਤ ਸਿੰਘ)

**ਪਲੇ ਨਹੀਂ ਸੇਰ ਆਟਾ, ਹੀਂਗਦੀ ਦਾ ਸੰਘ ਪਾਟਾ।**

**ਭਾਵ** :—ਪੱਲੇ ਕੁਝ ਨਾ ਹੋਣਾ ਆਕੜ ਬਹੁਤੀ ਦਸਣੀ।

**ਵਰਤੋਂ** :— ਤੇਰਾ ਤਾਂ ਉਹ ਹਿਸਾਬ ਹੈ ਅਖੇ 'ਪੱਲੇ ਨਹੀਂ ਸੇਰ ਆਟਾ, ਹੀਂਗਦੀ ਦਾ ਸੰਘ ਪਾਟਾ'। ਆਪਣੇ ਵਿਤ ਅਨੁਸਾਰ ਗੱਲ ਕਰਨੀ ਚਾਹੀਦੀ ਹੈ। (ਸੰ)

**ਪੱਲੇ ਨਾ ਧੇਲਾ, ਕਰਦੀ ਮੇਲਾ ਮੇਲਾ।**

**ਭਾਵ** :—ਪੱਲੇ ਕੁੱਝ ਨਾ ਹੋਵੇ ਫੜਾਂ ਬੜੀਆਂ ਮਾਰਨੀਆਂ।

**ਵਰਤੋਂ** :— ਮਕਾਨ ਕਿਥੋਂ ਬਣਾ ਲਵੇਂਗਾ ਚੰਡੀਗੜ੍ਹ ਵਿੱਚ, ਪੈਸਾ ਤਾਂ ਤੇਰੇ ਪਾਸ ਇਕ ਨਹੀਂ। ਅਸਲ ਵਿੱਚ ਗੱਲ ਉਹੋ ਹੋਈ ਨਾ ਅਖੇ 'ਪੱਲੇ ਨਾ ਧੇਲਾ ਕਰਦੀ ਮੇਲਾ ਮੇਲਾ। (ਸੰ)

**ਪਲੇ ਪਿਆ ਵਿਹਾਜਣਾ ਭਾ ਪੁਛਦੀ ਜਾ।**

**ਭਾਵ** :—ਸਿਰ ਪਈ ਜ਼ਿਮੇਵਾਰੀ ਜਿਵੇਂ ਕਿਵੇਂ ਨਿਬਾਹੁਣੀ ਹੀ ਚਾਹੀਦੀ ਹੈ।

**ਵਰਤੋਂ** :— ਹੁਣ ਤਾਂ ਕੰਮ ਸਿਰੇ ਚਾੜ੍ਹਨਾ ਹੀ ਪਏਗਾ, ਸੌਖਾ ਜਾਂ ਮੁਸ਼ਕਲ, 'ਪੱਲੇ ਪਿਆ ਵਿਹਾਜਣਾ, ਭਾ ਪੁਛਦੀ ਜਾ' ਵਾਲੀ ਗੱਲ ਹੈ ਹੁਣ ਤਾਂ। (ਸੰ)

**ਪਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼।**

**ਭਾਵ** :—ਫਕੀਰਾਂ ਦੀ ਆਸ ਰੱਬ ਉਤੇ ਹੁੰਦੀ ਹੈ।

**ਵਰਤੋਂ** :— ਰੱਬ ਉੱਤੇ ਭਰੋਸਾ ਰਖੋ, ਵੀਰ ਜੀ! 'ਪੱਲੇ ਰਿਜ਼ਕ ਨਾ ਬੰਨ੍ਹਦੇ, ਪੰਛੀ ਤੇ ਦਰਵੇਸ਼' ਜਿਨ ਪੈਦਾ ਕੀਤਾ ਹੈ ਉਹ ਰਿਜ਼ਕ ਭੀ ਪੁਚਾਇਗਾ। ਗੱਲ ਕੇਵਲ ਵਿਸ਼ਵਾਸ ਦੀ ਹੈ। (ਸੰਗ੍ਰ)

**ਪੜ੍ਹ ਪੁਖਤਾ ਤੇ ਲਿਖ ਲੋਹੜਾ।**

**ਭਾਵ** :—ਜਦ ਕੋਈ ਪੜ੍ਹਨ ਤੋਂ ਜੀ ਚੁਰਾਏ ਤਦ ਉਸਦੀ ਲਿਆਕਤ ਦਸਣ ਲਈ ਵਰਤਦੇ ਹਨ।

**ਵਰਤੋਂ** :—ਜੁੰਮਾਂ—ਮੁੰਡਾ ਕਿੰਨਾ ਕੁਝ ਪੜ੍ਹ ਗਿਆ ਹੈ? ਮੌਲਵੀ—'ਪੜ੍ਹ ਪੁਖਤਾ ਤੇ ਲਿਖ ਲੋਹੜਾ' ਬਸ ਅੱਲਾ ਅੱਲਾ ਤੇ ਖੈਰ-ਸੱਲਾ ਹੀ ਹੈ। (ਸੰਗ੍ਰ)

**ਪੜ੍ਹਿਆ ਏ, ਗੁੜ੍ਹਿਆ ਨਹੀਂ।**

**ਭਾਵ** :—ਜੋ ਪੜ੍ਹ ਕੇ ਉਸਤੇ ਅਮਲ

ਨਾ ਕਰੇ ।

**ਵਰਤੋਂ** :—ਸਰਦਾਰ ਹੋਰੀਂ ਪੜ੍ਹੇ ਹੋਇ ਤਾਂ ਹਨ ਪਰ ਗੁੜ੍ਹੇ ਨਹੀਂ ਜਾਪਦੇ । ਤਜਰਬਾ ਘਟ ਹੈ । (ਸੰਗ੍ਰ)

## ਪੜ੍ਹਿਆ ਹੋਵੈ ਗੁਨਹਗਾਰ ਤਾਂ ਓਮੀ ਸਾਧੁ ਨ ਮਾਰੀਐ ॥

**ਭਾਵ** :—ਜੇ ਵਿਦਵਾਨ ਗਲਤੀ ਕਰੇ ਤਾਂ ਉਸ ਦੀ ਥਾਂ ਅਨਪੜ੍ਹ ਨੂੰ ਸਜ਼ਾ ਨਹੀਂ ਦਿਤੀ ਜਾਵੇਗੀ । ਭਾਵ, ਸਾਰਿਆਂ ਨਾਲ ਉਨ੍ਹਾਂ ਦੇ ਕੀਤੇ ਕਰਮਾਂ ਅਨੁਸਾਰ ਇਨਸਾਫ ਹੋਵੇਗਾ ।

**ਵਰਤੋਂ** :—

'ਪੜ੍ਹਿਆ ਹੋਵੈ ਗੁਨਹਗਾਰ,
ਤਾ ਓਮੀ ਸਾਧੁ ਨ ਮਾਰੀਐ ॥'
ਜੇਹਾ ਘਾਲੇ ਘਾਲਣਾ,
ਤੇਵੇਹੋ ਨਾਉ ਪਚਾਰੀਐ ॥
(ਗੁਰੂ ਗ੍ਰੰਥ—ਵਾਰ ਆਸਾ)

## ਪੜ੍ਹਿਆ ਨਹੀਂ ਕੁੜ੍ਹਿਆ ਏ ।

**ਭਾਵ** :—ਜਦੋਂ ਵਿਦਵਾਨ ਨਾਲੋਂ ਤਜਰਬੇਕਾਰ ਨੂੰ ਮਹੱਤਾ ਦੇਣੀ ਹੋਇ ਤਦ ਵਰਤਦੇ ਹਨ ।

**ਵਰਤੋਂ** :— ਪੜ੍ਹਿਆ ਬੇਸ਼ਕ ਉਹ ਕੁਝ ਨਹੀਂ ਪਰ ਉਸ ਦੁਨੀਆਂ ਵੇਖੀ ਹੈ । ਦੁਨੀਆਂ ਦੇ ਤਜਰਬਿਆਂ ਨਾਲ ਉਸ ਦੇ ਵਾਲ ਚਿੱਟੇ ਹੋਇ ਹਨ । 'ਪੜ੍ਹਿਆ ਨਹੀਂ ਉਹ ਕੁੜ੍ਹਿਆ ਏ' । (ਸੰ)

## ਪੜ੍ਹਿਆ ਪੁਤ ਪੜ੍ਹਾਕੂ ਦਾ, ਤੇ ਸੋਲਾਂ ਦੂਣੀ ਅੱਠ ।

**ਭਾਵ** :—ਜਦ ਕੋਈ ਸਿਆਣਾ ਹੋਣ ਦੀ ਡੀਂਗ ਮਾਰੇ, ਪਰ ਵਿਚੋਂ ਕੁਝ ਨਾ ਹੋਵੇ ।

**ਵਰਤੋਂ** :— 'ਪੜ੍ਹਿਆ ਪੁਤ ਪੜ੍ਹਾਕੂ ਦਾ, ਤੇ ਸੋਲਾਂ ਦੂਣੀ ਅੱਠ' ਵਾਲੀ ਗੱਲ ਹੈ ਉਸ ਦੀ ਤਾਂ, ਲਿਆਕਤ ਨੂੰ ਤਾਂ ਢੰਡੋਰਾ ਪਿਟਣ ਦੀ ਲੋੜ ਹੀ ਨਹੀਂ ਹੁੰਦੀ । ਉਸ ਦੀ ਲਿਆਕਤ ਹਰ ਕੋਈ ਜਾਣਦਾ ਹੈ । (ਸੰ)

## ਪੜ੍ਹਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰ ॥

**ਭਾਵ** :—ਵਿਦਵਾਨ ਜੇ ਲੋਭੀ, ਲਾਲਚੀ ਤੇ ਹੰਕਾਰੀ ਹੋਵੇ ਉਹ ਮੂਰਖ ਹੈ ।

**ਵਰਤੋਂ** :—

'ਪੜ੍ਹਿਆ ਮੂਰਖ ਆਖੀਐ ਜਿਸ ਲਬੁ ਲੋਭ ਅਹੰਕਾਰ ॥'
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰ ॥
(ਗੁਰੂ ਗ੍ਰੰਥ—ਵਾਰ ਮਾਝ)

## ਪੜ੍ਹੇ ਨਾ ਲਿਖੇ, ਨਾਂ ਵਿਦਿਆ ਸਾਗਰ ।

**ਭਾਵ** :—ਵਿੱਚੋਂ ਕੁਝ ਵੀ ਨਾ ਹੋਵੇ ਪਰ ਬਾਹਰੋਂ ਬੜਾ ਸਿਆਣਾ ਦਿਸੇ ।

**ਵਰਤੋਂ** :—ਇਹ ਤਾਂ 'ਪੜ੍ਹੇ ਨਾ ਲਿਖੇ ਨਾਂ ਵਿਦਿਆ ਸਾਗਰ' ਵਾਲੀ ਗੱਲ ਹੈ । ਵਿੱਚੋਂ ਤਾਂ ਭਾਈ ਹੋਰੀਂ ਖਾਲੀ ਹਨ, ਬਾਹਰੋਂ ਜੋ ਮਰਜ਼ੀ ਹੈ ਡੀਂਗਾਂ ਮਾਰੀ ਚਲਣ । (ਸੰ)

## ਪੜ੍ਹੇ ਫਾਰਸੀ ਵੇਚੇ ਤੇਲ, ਇਹ ਵੇਖੋ ਕਰਮਾਂ (ਕਿਸਮਤ) ਦੇ ਖੇਲ ।

**ਭਾਵ** :—ਜਦ ਕਿਸੇ ਵਿਦਵਾਨ ਨੂੰ ਆਪਣੇ ਗੁਜ਼ਾਰੇ ਲਈ ਘਟੀਆਂ ਕੰਮ ਕਰਨਾ ਪਵੇ ਤਦ ਵਰਤਦੇ ਹਨ ।

**ਵਰਤੋਂ** :—ਕਿਸਮਤ ਦੀਆਂ ਗੱਲਾਂ ਹਨ । ਮਿਹਨਤ ਵਿਚਾਰੇ ਨੇ ਬਹੁਤ ਕੀਤੀ ਹੈ, ਐਮ. ਏ. ਭੀ ਕਰ ਲਿਆ ਹੈ, ਐਲ. ਐਲ. ਬੀ. ਦੀ ਡਿਗਰੀ ਭੀ ਲੈ ਲਈ ਹੈ, ਪਰ ਨੌਕਰੀ ਉਹੋ ਡਾਕਖਾਨੇ ਦੀ ਕਲਰਕੀ । 'ਪੜ੍ਹੇ ਫਾਰਸੀ ਵੇਚੇ ਤੇਲ, ਇਹ ਵੇਖੋ ਕਰਮਾਂ ਦੇ ਖੇਲ' ਵਾਲੀ ਗੱਲ ਹੈ । (ਸੰ)

## ਪਾ ਚਉਲ, ਚੁਬਾਰੇ ਰਸੋਈ ।

**ਭਾਵ** :—ਜਦ ਕਿਸੇ ਦੇ ਹੱਥ ਪਲੇ ਕੁਝ ਨਾ ਹੋਵੇ ਪਰ ਦਿਖਾਵਾ ਬਹੁਤਾ ਕਰੇ ।

**ਵਰਤੋਂ** :—ਐਵੇਂ ਬਹੁਤਾ ਵਖਾਵਾ ਨਹੀਂ ਕਰੀਦਾ, 'ਡੇਊਢ ਪਾ ਚਉਲ ਚੁਬਾਰੇ ਰਸੋਈ' ਤੂੰ ਜਿੰਨਾ ਕੁਝ ਹੈਂ ਸਾਰਿਆਂ ਨੂੰ ਪਤਾ ਹੀ ਹੈ । (ਸੰ)

**ਪਾਸਾ ਪਏ ਤਾਂ ਦਾ, ਰਾਜਾ ਕਰੇ ਸੋ ਨਿਆਂ ।**

**ਭਾਵ** :—ਜੋ ਵੱਡਾ ਕਰੇ ਉਸਨੂੰ ਪਰਵਾਨ ਕਰਨਾ ਪੈਂਦਾ ਹੈ ।

**ਵਰਤੋ** :— ਅਮੀਂ, ਗੱਲ ਸਿੱਧੀ ਏ, 'ਪਾਸਾ ਪਏ ਤਾਂ ਦਾ, ਰਾਜਾ ਕਰੇ ਸੋ ਨਿਆਂ' ਡਾਢੇ ਦਾ ਸਤੀਂ ਵੀਹੀਂ ਸੌ ਹੁੰਦਾ ਹੈ । ਤੁਸੀਂ ਵੀ ਮੰਨ ਲਉ ਤਾਂ ਚੰਗਾ ਹੈ । (ਸੰ)

**ਪਾਹ ਘਤ ਤੇ ਪਿਛੋਂ ਵਾਹ, ਸਾਂਈ ਚਾਹੇ ਤਾਂ ਦੂਣਾ ਲਾਹ ।**

**ਭਾਵ** :—ਰੂੜੀ ਪਾਕੇ ਜੇ ਫਿਰ ਹੱਲ ਵਾਹਿਆ ਜਾਏ ਤਦ ਫਸਲ ਦੂਣੀ ਹੁੰਦੀ ਹੈ ।

**ਵਰਤੋਂ** :—ਭਲਿਆ ਲੋਕਾ, ਹਰ ਜੱਟ ਜਾਣਦਾ ਹੈ ਕਿ 'ਪਾਹ ਘਤ ਤੇ ਪਿਛੋਂ ਵਾਹ, ਸਾਈਂ ਚਾਹੇ ਤਾਂ ਦੂਣਾ ਲਾਹ' ਤੂੰ ਨਾ ਰੂੜੀ ਪਾਈ ਨਾ ਡੂੰਘਾ ਹੱਲ ਫੇਰਿਆ, ਫਸਲ ਕਿਥੋਂ ਹੁੰਦੀ ? (ਸੰ)

**ਪਾਛੈ ਪਾਉ ਨ ਦੀਜੀਐ, ਆਗੈ ਹੋਇ ਸੁ ਹੋਇ ॥**

**ਭਾਵ** :—ਕਦਮ ਅੱਗੇ ਅੱਗੇ ਹੀ ਜਾਵੇ, ਪਿਛੇ ਨਾ ਹਟੇ ਭਾਵੇਂ ਕੁਝ ਵੀ ਮੁੱਲ ਦੇਣਾ ਪਵੇ ।

**ਵਰਤੋਂ** :—

ਕਬੀਰ ਸਾਧੂ ਕਉ ਮਿਲਨੇ ਜਾਈਐ
ਸਾਥਿ ਨਾ ਲੀਜੈ ਕੋਇ ॥
ਪਾਛੈ ਪਾਉ ਨ ਦੀਜੀਐ
ਆਗੈ ਹੋਇ ਸੁ ਹੋਇ ॥
(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਪਾਟਿਆ ਸੀਵੀਏ ਨਾ, ਰੁਠਿਆ ਮਨਾਈਏ ਨਾ ਗੱਲ ਕਿਵੇਂ ਬਣੇ ?**

**ਭਾਵ** :—ਸਮੇਂ ਸਿਰ ਮਨਾਉਣਾ ਤੇ ਸੀਉਣਾ ਗੁਣਕਾਰੀ ਹੁੰਦਾ ਹੈ ।

**ਵਰਤੋਂ** :—ਮਹਾਰਾਜ, ਦੁੱਖ ਦਾ ਦਾਰੂ ਕਰਨਾ ਹੀ ਉਚਿਤ ਹੈ । 'ਪਾਟਿਆ ਸੀਵੀਏ ਨਾ, ਰੁਠਿਆ ਮਨਾਈਏ ਨਾ, ਤਾਂ ਗੱਲ ਕਿਵੇਂ ਬਣੇ ?' (ਸੰ)

**ਪਾਟਾ ਪੇਟ ਕਿ ਪੱਟੀ ਬਝੇ ।**

**ਭਾਵ** :—ਜਦ ਗੁਪਤ ਚੀਜ਼ ਦਾ ਪਾਜ ਖੁਲ੍ਹ ਜਾਵੇ ਤੇ ਭੇਦ ਰੁਕ ਨਾ ਸਕੇ ।

**ਵਰਤੋਂ** :—

'ਪਾਟਾ ਪੇਟ ਕਿ ਪੱਟੀ ਬੱਝੇ'
ਸੁਣਿਆ ਆਲਮ ਸਾਰੇ ।
ਆਖ ਦਮੋਦਰ ਖਾਨ ਹੋਇਆ ਕਾਹਲਾ,
ਮੱਥਾ ਠੋਕੇ ਤੇ ਹੱਥ ਉਲਾਰੇ ।
(ਹੀਰ—ਦਮੋਦਰ)

**ਪਾਣੀ ਖੂਹ ਦਾ, ਘਾਹ ਜੂਹ ਦਾ ।**

**ਭਾਵ** :—ਖੂਹ ਦਾ ਪਾਣੀ ਠੰਢਾ ਤੇ ਨਰੋਆ ਹੁੰਦਾ ਹੈ । ਘਾਹ ਜੂਹ ਦਾ ਚੰਗਾ ਹੁੰਦਾ ਹੈ ।

**ਵਰਤੋਂ** :— ਵਾਹ, ਵਾਹ, ਵਾਹ ! ਕਿੰਨਾ ਮਿੱਠਾ ਤੇ ਠੰਢਾ ਪਾਣੀ ਹੈ, ਇਸ ਖੂਹੀ ਦਾ ! ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ 'ਪਾਣੀ ਖੂਹ ਦਾ, ਘਾਹ ਜੂਹ ਦਾ' । (ਸੰ)

**ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਏ ॥**

**ਭਾਵ** :—ਪਾਣੀ ਆਖਿਆਂ ਚਿਤ ਖੁਸ਼ ਨਹੀਂ ਹੁੰਦਾ, ਪਾਣੀ ਪੀਣ ਨਾਲ ਹੀ ਪਿਆਸ ਲਹਿੰਦੀ ਹੈ ।

**ਵਰਤੋਂ** :—

ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਏ,
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਏ ॥
(ਗੁਰੂ ਗ੍ਰੰਥ—ਵਾਰ ਸਾਰੰਗ)

**ਪਾਣੀ ਦਾ ਹਗਿਆ, ਮੂੰਹ ਨੂੰ ਆਉਂਦਾ ਏ ।**

**ਭਾਵ** :—ਜਦ ਕਿਸੇ ਮਾੜੀ ਕਰਤੂਤ ਦਾ ਫਲ ਆਪ ਹੀ ਭੋਗਣਾ ਪਏ ।

**ਵਰਤੋਂ** :—ਸਿਆਣਿਆਂ ਨੇ ਤੱਤ ਕਢੇ ਹੋਇ ਹਨ ਜ਼ਿੰਦਗੀ ਦੇ, ਐਵੇਂ ਨਹੀਂ ਆਖਿਆ ਕਿ 'ਪਾਣੀ ਦਾ ਹਗਿਆ ਮੂੰਹ ਨੂੰ ਆਉਂਦਾ ਹੈ' । ਆਪਣੇ ਬੱਚਿਆਂ

ਦੇ ਸਾਹਮਣੇ ਆਪਣੇ ਮਾਂ ਬਾਪ ਦੀ ਬੇਇਜ਼ਤੀ ਕਰਦਾ ਸਾਂ ਤੇ ਹੁਣ ਇਨ੍ਹਾਂ ਬੱਚਿਆਂ ਕੋਲੋਂ ਆਪਣੀ ਬੇਪਤੀ ਸੁਣ ਕੇ ਤੰਗ ਕਿਉਂ ਹੁੰਦਾ ਏਂ। (ਸੰ)

**ਪਾਣੀ ਪੀਣਾ ਪੁਣਕੇ, ਤੇ ਮਾਹਣੂ ਖਾਣਾ ਚੁਣ ਕੇ।**

**ਭਾਵ** :—ਸੋਚ ਸਮਝ ਕੇ ਕਿਸੇ ਨੂੰ ਮਿਤਰ ਬਨਾਣਾ ਚਾਹੀਦਾ ਹੈ।

**ਵਰਤੋਂ** :— ਬੀਬਾ! ਬੜਾ ਸੰਭਲ ਕੇ ਕਿਸੇ ਉਤੇ ਇਤਬਾਰ ਕੀਤਾ ਕਰੋ। 'ਪਾਣੀ ਪੀਣਾ ਪੁਣਕੇ, ਤੇ ਮਾਹਣੂ ਖਾਣਾ ਚੁਣਕੇ' ਨਿਰਾ ਸ਼ਕਲ ਹੀ ਵੇਖ ਕੇ ਭੁਲ ਨਾ ਪਿਆ ਕਰੋ। (ਸੰਗ੍ਰ)

**ਪਾਣੀ ਪੁਣ ਪੁਣ ਕੇ ਪੀਣ ਵਾਲੇ, ਲਹੂ ਅਣ ਪੁਣਿਆ ਹੀ ਪੀ ਜਾਂਦੇ ਹਨ।**

**ਭਾਵ** :—ਜਦ ਬੜੇ ਧਰਮੀ ਦਿਸਣ ਵਾਲੇ ਵਿਚੋਂ ਘੋਰ ਪਾਪੀ ਨਿਕਲਣ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਮੁੜ ਮੁੜ ਮੇਰੇ ਅੰਦਰੋਂ ਇਕ ਪ੍ਰਸ਼ਨ ਉਠਦਾ—"ਕੀ 'ਪਾਣੀ ਪੁਣ ਪੁਣ ਕੇ ਪੀਣ ਵਾਲੇ, ਲਹੂ ਅਣ-ਪੁਣਿਆ ਹੀ ਪੀ ਜਾਂਦੇ ਹਨ'? ਅੰਦਰੋਂ ਉੱਤਰ ਮਿਲਦਾ—ਸ਼ਾਇਦ।"

(ਮਿਧੇ ਹੋਇ ਫੁਲ—ਨਾਨਕ ਸਿੰਘ)

**ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ।**

**ਭਾਵ** :—ਜਿਥੇ ਏਕਤਾ ਹੋਵੇ, ਉੱਥੇ ਵਖੇਵਾਂ ਨਹੀਂ ਹੋ ਸਕਦਾ।

**ਵਰਤੋ** :— ਵੀਰੋ, ਰਲ ਮਿਲ ਕੇ ਬਹੁ। ਅਸਾਂ ਤੁਸਾਂ ਇੱਥੇ ਹੀ ਜੰਮਣਾ ਮਰਨਾ ਏ। 'ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ'। (ਸੰਗ੍ਰ)

**ਪਾਤਸ਼ਾਹਾਂ ਦੇ ਮਾਮਲੇ ਦਰਿਆਵਾਂ ਦੇ ਫੇਰ।**

**ਭਾਵ** :—ਦਰਿਆ ਦੇ ਵਹਿਣ ਤੇ ਪਾਤਸ਼ਾਹਾਂ ਦੇ ਮਾਮਲਿਆਂ ਦਾ ਕੁਝ ਪਤਾ ਨਹੀਂ ਹੁੰਦਾ ਕਿਸ ਪਾਸੇ ਮੋੜਾ ਖਾ ਜਾਣ।

**ਵਰਤੋਂ** :— ਮਹਾਰਾਜ, ਤੁਸੀਂ ਖੋਲ੍ਹ ਕੇ ਸਾਰੀ ਗੱਲ ਦਸੋ ਸਮਾਂ ਸਾਫ ਨੀਤੀ ਦਸਣ ਦਾ ਹੈ। ਫੌਜੀ ਅਫਸਰ ਗੋਲ ਮੋਲ ਗੱਲ ਤੋਂ ਚਕਰਤ ਹਨ। ਅੰਤ ਨੂੰ ਇਹ ਹੀ ਨਾ ਹੋਵੇ ਕਿ 'ਪਾਤਸ਼ਾਹਾਂ ਦੇ ਮਾਮਲੇ ਦਰਿਆਵਾਂ ਦੇ ਫੇਰ ਨੂੰ ਕੌਣ ਬੁਝੇ ? (ਸੰਗ੍ਰ)

**ਪਾਨਾ ਵਾੜੀ ਹੋਇ ਘਰ, ਖਰ ਸਾਰ ਨਾ ਜਾਣੇ।**

**ਭਾਵ** :—ਕੋਈ ਚੀਜ਼ ਅਜੇਹੀ ਥਾਂ ਹੋਣੀ ਜਿਥੇ ਉਸਦੀ ਬੇਕਦਰੀ ਹੋਵੇ।

**ਵਰਤੋਂ** :—ਰਾਜਾ—ਤੁਸੀਂ ਕਾਕੀ ਕਿਥੇ ਦਿੱਤੀ ? ਉਥੇ ਇਸ ਗੁਣਵਾਨ ਬੱਚੀ ਨੂੰ ਕੋਣ ਪੁਛੇਗਾ ? ਅਖੇ 'ਪਾਨਾ ਵਾੜੀ ਹੋਇ ਘਰ, ਖਰ ਸਾਰ ਨਾ ਜਾਣੇ'। (ਸੰਗ੍ਰ)

**ਪਾਪ ਕਦੇ ਤਰਿਆ ਨਹੀਂ ਤੇ ਸਚ ਕਦੇ ਡੁਬਿਆ ਨਹੀਂ।**

**ਭਾਵ** :—ਸਚ ਦੀ ਸਦਾ ਜੈ ਹੁੰਦੀ ਹੈ ਤੇ ਝੂਠ ਦੀ ਖੈ।

**ਵਰਤੋਂ** : —ਅੰਤ ਨੂੰ ਨਿਆਂ ਹੋ ਕੇ ਹੀ ਰਹਿਣਾ ਹੈ। 'ਪਾਪ ਕਦੇ ਤਰਿਆ ਨਹੀਂ ਤੇ ਸੱਚ ਕਦੇ ਡੁਬਿਆ ਨਹੀਂ'। (ਸੰਗ੍ਰ)

**ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ।**

**ਭਾਵ** :—ਦੌਲਤ ਪਾਪਾਂ ਬਿਨਾਂ ਨਹੀਂ ਜੁੜਦੀ ਤੇ ਮੋਇਆਂ ਸਾਥ ਨਹੀਂ ਜਾਂਦੀ।

**ਵਰਤੋਂ** :—

ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ ॥

(ਗੁਰੂ ਗ੍ਰੰਥ—ਰਾਗ ਆਸਾ)

**ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ।**

**ਭਾਵ** :—ਆਪਣੇ ਕੀਤੇ ਪਾਪਾਂ ਦਾ ਬਦਲਾ ਆਪਣੇ ਪਾਪਾਂ ਤੋਂ ਹੀ ਪਾਣਾ।

**ਵਰਤੋਂ** :— 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ' ਅਸਾਂ ਤਾਂ ਉਸ ਨੂੰ ਕੁਝ ਕਿਹਾ ਹੀ ਨਹੀਂ ਆਪੇ ਹੀ ਚੱਕਰ ਵਿਚ ਫਸ ਗਿਆ। (ਸੰ)

**ਪਾਪੀ ਨੂੰ ਦੋਜ਼ਖ ਨਹੀ, ਧਰਮੀ ਨਰਕੇ ਜਾਇ।**

**ਭਾਵ** :—ਦੋਸ਼ੀ ਤਾਂ ਬਚ ਜਾਣ ਤੇ ਬੇਦੋਸ਼ਿਆਂ ਨੂੰ ਸਜ਼ਾ ਮਿਲੇ।

**ਵਰਤੋਂ** :—ਕੀ ਥੋ-ਔੜਕ ਮਿਸਾਲਾਂ ਇਹੋ ਜਿਹੀਆਂ ਸਾਡੇ ਸਾਹਮਣੇ ਮਜੌਦ ਨਹੀਂ ਜਿਹਨਾਂ ਨੂੰ ਵੇਖਕੇ ਅਸੀਂ ਕਹਿੰਦੇ ਹਾਂ 'ਪਾਪੀ ਕੋ ਦੋਜ਼ਖ ਨਹੀ', ਧਰਮੀ ਨਰਕੇ ਜਾਇ'। ਲਿਖਾਰੀ ਨੇ ਵੀ ਤਾਂ ਕੁਦਰਤ ਦੇ ਪਾਏ ਪੂਰਨਿਆਂ ਤੇ ਚਲਣਾ ਸੀ।

(ਟੁਟੀ ਵੀਣਾ—ਨਾਨਕ ਸਿੰਘ)

**ਪਾਪੁ ਬੁਰਾ ਪਾਪੀ ਕਉ ਪਿਆਰਾ॥**

**ਭਾਵ** :—ਪਾਪੀ ਨੂੰ ਪਾਪੀ ਕੰਮਾਂ ਨਾਲ ਪਿਆਰ ਹੈ।

**ਵਲਤੋਂ** :—

ਪਾਪੁ ਬੁਰਾ ਪਾਪੀ ਕਉ ਪਿਆਰਾ॥
ਪਾਪਿ ਲਦੇ ਪਾਪ ਪਾਸਾਰਾ॥

(ਗੁਰੂ ਗ੍ਰੰਥ—ਰਾਗ ਰਾਮਕਲੀ)

**ਪਾਰਸ ਅੰਦਰ ਪਥਰਾਂ ਅਸ਼ਟ ਧਾਤ ਮਿਲ ਵਿਗੜ ਨ ਜਾਈ।**

**ਭਾਵ** :—ਸ੍ਰੇਸ਼ਟ ਪੁਰਸ਼ ਮੰਦਿਆਂ ਵਿਚ ਰਹਿਕੇ ਵੀ ਮਾੜਾ ਨਹੀਂ ਬਣਦਾ।

**ਵਰਤੋਂ** :—

ਚੰਦਨ ਸੱਪੀ ਵੇੜਿਆ ਚੜ੍ਹੇ ਨਾ
ਵਿਸ ਨ ਵਾਸ ਘਟਾਈ।
ਪਾਰਸ ਅੰਦਰ ਪਥਰਾਂ ਅਸ਼ਟ ਧਾਤ
ਮਿਲ ਵਿਗੜ ਨ ਜਾਈ।

(ਵਾਰਾਂ—ਭਾਈ ਗੁਰਦਾਸ ਜੀ)

**ਪਾਰਸ ਪਰਸੈ ਕੰਚਨ ਸੋਈ।**

**ਭਾਵ** :—ਚੰਗੇ ਦਾ ਸਾਥ ਕਰਕੇ ਚੰਗਾ ਬਣ ਜਾਈਦਾ ਹੈ।

**ਵਰਤੋਂ** :—

ਨਦੀਆਂ ਨਾਲੇ ਵਾਹੜੇ ਗੰਗ
ਸੰਗ ਗੰਗੋਦਕ ਹੋਈ।
ਅਸ਼ਟ ਧਾਤ ਇਕ ਧਾਤ ਹੋਇ
ਪਾਰਸ ਪਰਸੈ ਕੰਚਨ ਸੋਈ।

(ਵਾਰਾਂ—ਭਾਈ ਗੁਰਦਾਸ ਜੀ)

**ਪਾਰੋਸੀ ਕੇ ਜੋ ਹੂਆ ਤੂ ਆਪਨੇ ਭੀ ਜਾਨੁ।**

**ਭਾਵ** :—ਜੋ ਕੁਝ ਗਵਾਂਢੀ ਨਾਲ ਬੀਤੀ ਹੈ, ਉਹ ਤੇਰੇ ਨਾਲ ਵੀ ਬੀਤੇਗੀ।

**ਵਰਤੋਂ** :—

ਕਬੀਰ ਡੂਬਹਿੰਗੇ ਰੇ ਬਾਪੁਰੇ ਬਹੁ ਲੋਗਨੁ ਕੀ ਕਾਨਿ।
ਪਾਰੋਸੀ ਕੇ ਜੋ ਹੂਆ ਤੂੰ ਅਪਨੇ ਭੀ ਜਾਨੁ।

(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਪਾਲਾ ਪੋਹ ਨਾ ਮਾਘ ਪਾਲਾ ਵਾਉ ਦਾ।**

**ਭਾਵ** :—ਠੰਢ ਪੋਹ ਤੇ ਮਾਘ ਕਰਕੇ ਨਹੀਂ ਵਧਦੀ, ਸਗੋਂ ਠੰਢੀ ਹਵਾ ਕਰਕੇ ਵਧਦੀ ਹੈ।

**ਵਰਤੋਂ** :— ਤਿਖੀ ਹਵਾ ਦੇ ਕਾਰਨ ਅਜ ਅਪ੍ਰੈਲ ਵਿਚ ਏਨੀ ਠੰਢ ਲਗਦੀ ਏ, ਜਿੰਨੀ ਕਦੀ ਸਰਦੀ ਵਿਚ ਨਹੀਂ ਲਗਦੀ। ਠੀਕ ਹੀ ਹੈ, 'ਪਾਲਾ ਪੋਹ ਨਾ ਮਾਘ, ਪਾਲਾ ਵਾਉ ਦਾ'। (ਸੰਗ੍ਰ)

**ਪਾਵੇ ਹਰ ਕੋਈ, ਠਨਕਾਵੇ ਕੋਈ।**

**ਭਾਵ** :—ਗਹਿਣੇ ਕਪੜੇ ਪਾਂਦੇ ਤਾਂ ਸਾਰੇ ਹਨ ਪਰ ਚੰਗੇ ਕਿਸੇ ਕਿਸੇ ਨੂੰ ਹੀ ਲਗਦੇ ਹਨ।

**ਵਰਤੋਂ** :—ਰਾਮ ਦੇਈ—ਇੰਛਰਾਂ! ਗਹਿਣੇ ਤਾਂ ਮੇਰੇ ਪਾਸ ਵੀ ਹਨ ਤੇ ਕਈ ਹੋਰਨਾਂ ਪਾਸ ਵੀ ਪਰ ਸਜਦੇ ਜਿਵੇਂ ਤੈਨੂੰ ਹਨ, ਹੋਰ ਕਿਸੇ ਨੂੰ ਨਹੀਂ,

ਠੀਕ ਹੈ 'ਪਾਵੇ ਹਰ ਕੋਈ ਠਨਕਾਵੇ ਕੋਈ' । (ਸੰਗ੍ਰ)

**ਪਿਉ ਜਿਨ੍ਹਾਂ ਦੀ ਕੱਛੇ ਡੋਲਾ,**
**ਪੁਤਰਾਂ ਤੋਂ ਸਤਕਾਰੇ ਜਾਣ ।**
**ਪਿਉ ਜਿਨ੍ਹਾਂ ਨਾ ਪੈਰੀਂ ਪੌਲਾ,**
**ਪੁੱਤਰਾਂ ਤੋਂ ਦੁਰਕਾਰੇ ਜਾਣ ।**

**ਭਾਵ** :—ਪਿਉ ਦੇ ਪਲੇ ਧਨ ਹੋਵੇ ਤਦ ਪੁਤਰ ਵੀ ਸਤਕਾਰਦੇ ਹਨ, ਨਹੀਂ ਤਾਂ ਨਹੀਂ ।

**ਵਰਤੋਂ** :—ਸਭ ਮਾਇਆ ਦੀ ਖੇਡ ਹੈ। ਪਿਉ ਜੇ ਗ਼ਰੀਬ ਹੋਵੇ, ਤਾਂ ਉਸ ਨੂੰ ਪੁਤਰ ਵੀ ਆਦਰ ਨਹੀਂ ਦੇਂਦੇ :

ਪਿਉ ਜਿਨ੍ਹਾਂ ਦੀ ਕਛੇ ਡੋਲਾ;
ਪੁਤਰਾਂ ਤੋਂ ਸਤਕਾਰੇ ਜਾਣ ।
ਪਿਉ ਜਿਨ੍ਹਾਂ ਨਾ ਪੈਰੀਂ ਪੌਲਾ,
ਪੁਤਰਾਂ ਤੋਂ ਦੁਰਕਾਰੇ ਜਾਣ । (ਸੰਗ੍ਰ)

**ਪਿਉ ਨਾ ਮਾਰੀ ਪਿੱਦੜੀ ਤੇ ਪੁੱਤਰ ਤੀਰ ਅੰਦਾਜ਼ ।**

**ਭਾਵ** :—ਹੋਵੇ ਮਾਮੂਲੀ ਜਿਹਾ ਪਰ ਬੜਾ ਵਡਾ ਬਣਕੇ ਦਸੇ ।

**ਵਰਤੋਂ** :— ਬਹੁਤੀਆਂ ਗੱਪਾਂ ਨਾ ਮਾਰ, ਵੇਖਿਆ ਤੂੰ ਵਡਾ ਦਲੇਰ । ਅਖੇ 'ਪਿਉ ਨਾ ਮਾਰੀ ਪਿੱਦੜੀ ਤੇ ਪੁਤਰ ਤੀਰ ਅੰਦਾਜ਼' । (ਸੰਗ੍ਰ)

**ਪਿਆਰ ਅੰਨ੍ਹਾ ਹੁੰਦਾ ਹੈ ।**

**ਭਾਵ** :—ਪਿਆਰ ਵਿਚ ਚੰਗੇ ਜਾਂ ਮੰਦੇ ਦਾ ਫਰਕ ਘਟ ਹੀ ਸੁਝਦਾ ਹੈ ।

**ਵਰਤੋਂ** :— ਮੈਨੂੰ ਤਾਂ ਇਸ ਮੁੰਡੇ ਵਿਚ ਕਦੀ ਅਕਲ ਨਹੀਂ ਭਾਸਦੀ । ਛੋਟੀ ਬੀਬੀ ਕੱਦ, ਜੁੱਸੇ ਤੇ ਮੋਹਿਤ ਹੋ ਗਈ। ਪਰ ਸੱਚ ਕਹਿੰਦੇ ਨੇ 'ਪਿਆਰ ਅੰਨ੍ਹਾ ਹੁੰਦਾ ਹੈ' । (ਸੰਗ੍ਰ)

**ਪਿਛਲੇ ਮੋਇ ਪਿਛੇ ਦੱਬੇ ਗਏ ।**

**ਭਾਵ** :—ਜਿਹੜੀ ਗਲ ਬੀਤ ਚੁਕੀ ਹੈ, ਉਸਦਾ ਭੋਗ ਪਾਓ ।

**ਵਰਤੋਂ** :—ਪਿਛਲਿਆਂ ਦੇ ਰੋਣੇ ਕੀ ਰੋਣੇ ਹੋਇ । 'ਪਿਛਲੇ ਮੋਇ ਪਿੱਛੇ ਦੱਬੇ ਗਏ' । ਨਵਾਂ ਸਮਾਂ ਹੈ ਨਵਿਆਂ ਦੀ ਗੱਲ ਕਰੋ । (ਸੰਗ੍ਰ)

**ਪਿਛੇ ਨਾ ਆਈ ਗੋਗੀ,**
**ਭਛੂੰਨੀ ਗੱਲਾਂ ਜੋਗੀ ।**

**ਭਾਵ** :—ਪਲੇ ਕੁਝ ਨਾ ਹੋਵੇ ਤੇ ਡੀਂਗਾਂ ਬੜੀ ਖ਼ਾਨਦਾਨੀ ਦੀਆਂ ਮਾਰੇ ।

**ਵਰਤੋਂ** :—ਤੂੰ ਪੇਕਿਆਂ ਦੀਆਂ ਬਹੁਤ ਵਡਿਆਈਆਂ ਨਾ ਕਰਿਆ ਕਰ । ਗੱਲ ਤੇ ਇਹੋ ਹੈ ਕਿ ਪਿਛੋਂ ਨਾ ਆਈ ਗੋਗੀ, ਭਛੂੰਨੀ ਗੱਲਾਂ ਜੋਗੀ । (ਸੰ)

**ਪਿੱਛੇ ਰਹੀਏ ਤਾਂ ਘਾਟਾ, ਮਿਲੀਏ ਧਕੇ ਧੋੜੇ ।**

**ਭਾਵ** :—ਦੁਨੀਆਂ ਤੋਂ ਲਾਂਭੇ ਰਹਿਣਾ ਹੀ ਠੀਕ ਹੈ ।

**ਵਰਤੋਂ** :—ਦੁਨੀਆਂ ਤੋਂ ਪਰੇ ਰਹਿਣਾ ਹੀ ਠੀਕ ਹੈ 'ਪਿੱਛੇ ਰਹੀਏ ਘਾਟਾ, ਮਿਲੀਏ ਤਾਂ ਧਕੇ ਧੋੜੇ' ਵਾਲੀ ਗੱਲ ਹੈ ਇਥੇ ਤਾਂ ।

(ਦਵਿੰਦਰ ਬਤੀਸੀ—ਡਾ. ਮੋਹਨ ਸਿੰਘ)

**ਪਿਤਾ ਕਾ ਜਨਮ ਕਿ ਜਾਨੈ ਪੂਤੁ ॥**

**ਭਾਵ** :—ਪੁਤਰ ਨੂੰ ਪਿਉ ਦੇ ਜਨਮ ਦਾ ਕੀ ਪਤਾ ? ਭਾਵ ਘਟ ਸਮਝ ਵਾਲੇ ਨੂੰ ਵਡੀ ਅਕਲ ਵਾਲੇ ਦੇ ਕਰਤਵਾਂ ਦੀ ਕੀ ਪਛਾਣ ।

**ਵਰਤੋਂ** :—

ਪਿਤਾ ਕਾ ਜਨਮ ਕਿ ਜਾਨੈ ਪੂਤੁ ॥
ਸਗਲ ਪਰੋਈ ਅਪਨੈ ਸੂਤਿ ॥
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਪਿਤਾ ਪਰ ਪੂਤ, (ਤੁਖ਼ਮ) ਪਰ ਘੋੜਾ, ਬਹੁਤ ਨਹੀਂ, ਤਾਂ ਥੋੜਾ ਥੋੜਾ ।**

**ਭਾਵ** :—ਸੰਤਾਨ ਵੀ ਮਾਪਿਆਂ ਉਤੇ ਹੀ ਜਾਂਦੀ ਹੈ ।

**ਵਰਤੋਂ** :—ਆਖਰ ਮਾਂ ਬਾਪ ਦਾ ਅਸਰ ਬੱਚਿਆਂ ਤੇ ਤਾਂ ਪੈਂਦਾ ਹੀ ਹੈ। ਪਿਉ ਸ਼ਰਾਬੀ ਜੁਆਰੀ ਸੀ ਤਾਂ ਪੁਤ ਨੇ ਸੱਟਾ ਖੇਡਣਾ ਸ਼ੁਰੂ ਕਰ ਦਿਤਾ, ਸਿਆਣਿਆਂ ਸੱਚ ਹੀ ਆਖਿਆ ਹੈ, 'ਪਿਤਾ ਪਰ ਪੂਤ (ਤੁਖ਼ਮ) ਪਰ ਘੋੜਾ ਬਹੁਤਾ ਨਹੀਂ ਤਾਂ ਥੋੜਾ ਥੋੜਾ'। (ਸੰ)

## ਪਿੱਦੀ ਨੇ ਪੀਂਘਾਂ ਪਾਈਆਂ ਨ।

**ਭਾਵ** :—ਜਦ ਮਾਮੂਲੀ ਬੰਦੇ ਵਡੀਆਂ ਸ਼ੇਖੀਆਂ ਮਾਰਨ ਲਗ ਪੈਣ।

**ਵਰਤੋਂ** :— ਜਿੰਨੀ ਵਿੱਤ ਹੋਵੇ ਓਨੀ ਹੀ ਛਾਲ ਮਾਰਨੀ ਚਾਹੀਦੀ ਹੈ। ਕਦੀ 'ਪਿੱਦੀ ਨੇ ਵੀ ਪੀਂਘਾਂ ਪਾਈਆਂ ਨੇ ? (ਸੰਗ੍ਰ)

## ਪੀਉ ਭੰਗਾਂ ਤੇ ਸਵੇਂ ਬਾਗੀ, ਤੇ ਪਿਛਲੇ ਜੀਉਣ ਆਪਣੇ ਭਾਗੀ।

**ਭਾਵ** :—ਜਦ ਕੋਈ ਟਬਰਦਾਰ ਆਦਮੀ ਕਮਾਈ ਨਾ ਕਰੇ ਤੇ ਵਿਹਲਾ ਸਮਾਂ ਗੁਜ਼ਾਰੇ।

**ਵਰਤੋਂ** .— ਉਸਨੇ ਥੋੜੀ ਦੇਰ ਬਾਅਦ ਪਤੀ ਦੇ ਗੱਲ ਬਾਹਾਂ ਪਾਕੇ ਕਹਿਣਾ ਸ਼ੁਰੂ ਕੀਤਾ, ਮੈਨੂੰ ਈ ਪਤਾ ਵੇ ਜਿਸ ਤਰ੍ਹਾਂ ਮੈਂ ਦਿਨ ਕਟੇ ਨੇ—ਤੁਹਾਨੂੰ ਕੀ ? ਤੁਸੀਂ ਤੇ ਬਸ 'ਪੀਉ ਭੰਗਾਂ ਸੌਵੇਂ ਬਾਗੀਂ ਤੇ ਪਿਛਲੇ ਜੀਉਣ ਆਪਣੇ ਭਾਗੀਂ।

(ਜੀਵਨ ਸੰਗਰਾਮ—ਨਾਨਕ ਸਿੰਘ)

## ਪੀਸਣੇ ਦਾ ਪੀਸਣਾ ਤੇ ਰੰਘੜਉ ਦਾ ਰੰਘੜਊ।

**ਭਾਵ** :—ਕੋਈ ਵਡਾ ਆਦਮੀ ਗ਼ਰੀਬੀ ਕਰਕੇ ਕੰਮ ਕਾਜ ਤਾਂ ਮਾਮੂਲੀ ਹੀ ਕਰੇ ਪਰ ਸ਼ੂਕਾ ਸ਼ਾਂਕੀ ਬੜੀ ਰਖੇ।

**ਵਰਤੋਂ** :—ਕਾਰਖਾਨੇ ਤੋਂ ਛੁਟੀ ਹੋਣ ਤੇ ਉਹ ਸਾਹਬ ਬਣਕੇ ਮਾਲ ਰੋਡ ਤੇ ਪਤਨੀ ਸਮੇਤ ਸੈਰ ਕਰਦਾ ਹੈ ਪਰ ਵਿਚਾਰੇ ਦੇ ਪਲੇ ਪੈਸਾ ਨਹੀਂ ਹੁੰਦਾ ਕਿ ਕੁਝ ਖਾਵੇ ਪੀਵੇ ਵੀ। ਤਾਂ ਵੀ ਪੀਸਣੇ ਦਾ ਪੀਸਣਾ, ਤੇ ਰੰਘੜੂ ਦਾ ਰੰਗੜਊ। (ਸੰਗ੍ਰ)

## ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ।

**ਭਾਵ** :—ਜਿਹੜਾ ਕੰਮ ਨਾਲ ਦੇ ਨਾਲ ਹੋਈ ਜਾਵੇ, ਉਹੀ ਕੰਮ ਆਉਂਦਾ ਹੈ।

**ਵਰਤੋਂ** :—

ਕਬੀਰ ਚੀਕਿਤ ਆਟਾ ਗਿਰਿ ਪਰਿਆ
ਕਿਛੂ ਨ ਆਇਓ ਹਾਥ ॥
ਪੀਸਤ ਪੀਸਤ ਚਾਬਿਆ
ਸੋਈ ਨਿਬਹਿਆ ਸਾਥ ॥

(ਗੁਰੂ ਗ੍ਰੰਥ—ਸ਼ਲੋਕ ਕਬੀਰ)

## ਪੀਹ ਮੋਈ ਪਕਾ ਮੋਈ, ਆਏ ਡੱਟੇ ਖਾ ਗਏ।

**ਭਾਵ** :—ਮਿਹਨਤ ਤਾਂ ਕੋਈ ਕਰੇ ਪਰ ਲਾਭ ਕੋਈ ਹੋਰ ਉਠਾਵੇ।

**ਵਰਤੋਂ** :—ਵੇਖੋ ਜੀ, ਕਈ ਦਿਨਾਂ ਤੋਂ ਮੇਰੀ ਜਿੰਦ ਕੰਮ ਕਰ ਕਰਕੇ ਅੱਕ ਗਈ, ਪਰ ਇਨਾਮ ਤੁਸੀਂ ਹੋਰਨਾਂ ਨੂੰ ਦੇ ਦਿੱਤਾ। ਇਹ ਤਾਂ ਓਹੀ ਗੱਲ ਹੋਈ ਅਖੇ 'ਪੀਹ ਮੋਈ, ਪਕਾ ਮੋਈ, ਆਏ ਡੱਟੇ ਖਾ ਗਏ'। (ਸੰਗ੍ਰ)

## ਪੀਠਾ ਦਾਰੂ ਤੇ ਮੁਨਿਆ ਜੋਗੀ।

**ਭਾਵ** :—ਜਦ ਕਿਸੇ ਚੀਜ਼ ਦੀ ਅਸਲੀਅਤ ਲਭਣੀ ਔਖੀ ਜਾਪੇ।

**ਵਰਤੋਂ** :—ਉਸ ਦਾ ਮਨ ਪੀਠਾ ਦਾਰੂ ਤੇ ਮੁਨਿਆ ਜੋਗੀ ਹੈ। ਕੋਈ ਪਤਾ ਨਹੀਂ ਉਸਦਾ। ਬਾਹਰੋਂ ਭਾਵੇਂ ਸਾਧ ਜਾਪਦਾ ਹੈ ਪਰ ਮੈਨੂੰ ਤਾਂ ਬਿਲਕੁਲ ਇਤਬਾਰ ਨਹੀਂ ਉਸ ਤੇ, ਪਤਾ ਨਹੀਂ ਕਿਸ ਵੇਲੇ ਡੰਗ ਮਾਰੇ। (ਸੰ)

## ਪੀਠਾ ਨਾ ਛੜਿਆ ਤੇ ਬੰਨੀ ਲੈ ਘਰ ਵੜਿਆ।

ਬੰਨੀ = ਵਹੁਟੀ।

**ਭਾਵ** :—ਆਪ ਤਾਂ ਕੁਝ ਹਿੰਮਤ ਨਾ ਕਰੇ ਪਰ ਦੂਜਿਆਂ ਦੀ ਕਮਾਈ ਦਾ ਫਲ

ਪਾਵੇ ।

**ਵਰਤੋਂ :**— ਕਿਰਤੀ ਦਾ ਇਹ ਕੰਮ ਨਹੀਂ ਕਿ ਦੂਜਿਆਂ ਦੀ ਕਮਾਈ ਵਲ ਆਸ ਰਖੇ; ਅਖੇ 'ਪੀਠਾ ਨਾ ਛੜਿਆ ਤੇ ਬੰਨੀ ਲੈ ਘਰ ਵੜਿਆ' ਜੇ ਕੰਮ ਨਹੀਂ ਕੀਤਾ ਤਾਂ ਫਲ ਦੀ ਆਸ ਕਿਉਂ ਰਖੀਏ ? (ਸੰਗ੍ਰ)

## ਪੀਠਾ ਨਾ ਤੇ ਦਾਦੜ ਹੀ ਸਹੀ ।

**ਭਾਵ :**—ਜੇ ਜਾਨੋਂ ਬਚ ਵੀ ਜਾਵੇ, ਤਾ ਵੀ ਕਾਫ਼ੀ ਦੁਖ ਪਾਕੇ ।

**ਵਰਤੋਂ :**—ਹੁਣ ਸਾਡੇ ਵੀ ਹੱਥ ਲਗਿਓ ਸੂ ਤੇ ਯਾਦ ਈ ਪਿਆ ਕਰੇਗਾ ਨਾ । 'ਪੀਠਾ ਨਾ ਤੇ ਦਾਦੜ ਤੇ ਹੋਵੇਗਾ ਈ ਨਾ' । ਛੁਟਿਆ ਵੀ ਤੇ ਦੋ ਚਾਰ ਹਜ਼ਾਰ ਲਾ ਕੇ ਈ ਛੁਟੇਗਾ ।

(ਪਿੰਡ ਦੇ ਵੈਰੀ—ਜੋਸ਼ੂਆਂ ਫ਼ਜ਼ਲ ਦੀਨ)

## ਪੀਠੇ ਦਾ ਕੀ ਪੀਹਣਾ ।

**ਭਾਵ :**—ਮੁਕ ਚੁਕੀ ਗਲ ਦਾ ਮੁੜ ਜ਼ਿਕਰ ਨਹੀਂ ਕਰਨਾ ਚਾਹੀਦਾ ।

**ਵਰਤੋਂ :**—ਭਰਾ ਜੀ, 'ਪੀਠੇ ਦਾ ਕੀ ਪੀਹਣਾ' ? ਇਸ ਗੱਲ ਨੂੰ ਬੀਤਿਆਂ ਵਰ੍ਹੇ ਤੋਂ ਉਤੇ ਹੋ ਗਿਆ, ਮੁੜ ਇਸ ਨੂੰ ਛੇੜਨ ਦਾ ਕੀ ਲਾਭ ? (ਸੰਗ੍ਰ)

## ਪੀਰ ਜਿਨ੍ਹਾਂ ਦੇ ਟਪਣੇ, ਚੇਲੇ ਜਾਣ ਛੜਪ ।

ਵੇਖੋ :—ਉਸਤਾਦ ਉਚੱਕਾ ਚੇਲੇ ਚੌੜ ਚਪੱਟ ।

**ਭਾਵ :**—ਜਦੋਂ ਗੁਰੂ ਨਾਲੋਂ ਚੇਲੇ ਦੋ ਕਦਮ ਅਗੇ ਹੀ ਹੋਣ ।

**ਵਰਤੋਂ :**—ਤੂੰ ਜਾਣ ਦਾ ਨਹੀਂ ਚੇਲਾ ਕਿਸ ਦਾ ਹੈ ਇਹ । ਸਾਰੇ ਜ਼ਮਾਨੇ ਦਾ ਛਟਿਆ ਹੋਇਆ ਤੇ ਚਲਾਕ ਹੈ ਇਸ ਦਾ ਗੁਰੂ ਤੇ । ਫੇਰ ਸਿਆਣਿਆਂ ਨੇ ਐਵੇਂ ਤਾਂ ਨਹੀਂ ਨਾ ਆਖਿਆ 'ਪੀਰ ਜਿਨ੍ਹਾਂ ਦੇ ਟਪਣੇ ਚੇਲੇ ਜਾਣ ਛੜਪ' । (ਸੰ)

## ਪੀਰ ਪੁਤਰ ਨ ਦਿਉ ਤਾਂ ਕੀ ਘਗਰਾ ਵੀ ਰਖ ਲਓ ?

**ਭਾਵ :**—ਜਦ ਇਹ ਕਹਿਣਾ ਹੋਵੇ ਕਿ ਜੇ ਕੋਈ ਭਲਾ ਨਾ ਕਰੇਗਾ ਤਾਂ ਸਾਡਾ ਕੀ ਵਿਗਾੜ ਲਏਗਾ ?

**ਵਰਤੋਂ :**— ਚਲੋ ਜਾਨਾ ਆਂ ਸਾਹਿਬ ਦੇ ਪਾਸ । ਸਾਨੂੰ ਮੂੰਹ ਵਿਚ ਥੋੜਾ ਪਾਣ ਲੱਗਾ ? 'ਪੀਰ ਪੁਤਰ ਨ ਦਿਊ ਤਾਂ ਕੀ ਘਗਰਾ ਵੀ ਰਖ ਲਊ' । ਆਖਰ ਸਾਡਾ ਭਲਾ ਨਾ ਕਰੇ ਤਾਂ ਸਾਥੋਂ ਕੀ ਖੋਹ ਲਏਗਾ ? (ਸੰਗ੍ਰ)

## ਪੀਰ ਪੈਸਾ, ਰੰਨ ਗੁਰ, ਜਿਵੇਂ ਆਖੇ ਤਿਵੇਂ ਤੁਰ ।

**ਭਾਵ :**—ਜਿਹੜਾ ਆਪਣੀ ਤੀਵੀਂ ਦੀ ਹਰ ਚੰਗੀ ਮੰਦੀ ਗਲ ਮੰਨਕੇ ਤੁਰੇ ਜਾਂ ਪੈਸੇ ਦਾ ਲੋਭੀ ਹੋਵੇ । ਉਸ ਲਈ ਵਰਤਦੇ ਹਨ ।

**ਵਰਤੋਂ :**— ਅੱਜ ਕਲ ਕਲਜੁਗ ਹੈ । 'ਪੀਰ ਪੈਸਾ, ਰੰਨ ਗੁਰ, ਜਿਵੇਂ ਆਖੇ ਤਿਵੇਂ ਤੁਰ' ਹੋਰ ਕਿਸੇ ਦੀ ਇਥੇ ਪੁਛ ਨਹੀਂ । (ਸੰਗ੍ਰ)

## ਪੀਰਾਂ ਨੂੰ ਮੁਰੀਦ ਉਡਾਂਦੇ ਨੇ ।

**ਭਾਵ :**—ਹਰ ਕਿਸੇ ਦਾ ਪਾਖੰਡ ਉਸ ਦੇ ਸਾਥੀਆਂ ਰਾਹੀਂ ਹੀ ਤੋੜ ਚੜ੍ਹਦਾ ਹੈ ।

**ਵਰਤੋਂ :**— ਹਜ਼ਾਰਾ ਸਿੰਘ ਮਾਮੂਲੀ ਜਿਹਾ ਬੰਦਾ ਸੀ, ਪਰ ਅਜ ਉਸਦੀ ਗੁੱਡੀ ਉਸ ਦੇ ਸਾਥੀਆਂ ਕਰਕੇ ਖ਼ੂਬ ਚੜ੍ਹੀ ਹੋਈ ਹੈ । ਠੀਕ ਹੀ ਹੈ, 'ਪੀਰਾਂ ਨੂੰ ਮੁਰੀਦ ਉਡਾਂਦੇ ਨੇ ।' (ਸੰ)

## ਪੁਟਿਆ ਪਹਾੜ ਤੇ ਨਿਕਲਿਆ ਚੂਹਾ ।

**ਭਾਵ :**—ਕਿਸੇ ਕੰਮ ਵਿੱਚੋਂ ਬੜੇ ਲਾਭ ਦੀ ਆਸ ਹੋਵੇ ਤੇ ਖੇਚਲ ਵੀ ਬੜੀ ਕੀਤੀ ਜਾਵੇ, ਪਰ ਸਿਟਾ ਬੜਾ ਥੋੜਾ ਨਿਕਲੇ ।

**ਵਰਤੋਂ :**— ਪੁਲੀਸ ਨੇ ਪੂਰੇ ਜ਼ੋਰ ਨਾਲ ਤਫ਼ਤੀਸ਼ ਕੀਤੀ । ਇਲਾਕੇ ਦੇ ਬਦਮਾਸ਼ਾਂ ਤੋਂ ਪੂਰੀ ਪੁਛ ਗਿਛ ਕੀਤੀ ਪਰ ਨਤੀਜਾ ਕੀ ਨਿਕਲਿਆ, ਉਹੀ ਪੁਟਿਆ ਪਹਾੜ ਤੇ ਨਿਕਲਿਆ ਚੂਹਾ' ਸ਼ਾਹ ਦੇ ਘਰ ਡਾਕਾ ਮਾਰਨ ਵਾਲਾ ਇਸ਼ਤਹਾਰ ਬੱਚਿਆਂ ਨੇ ਸ਼ਾਹ ਨਾਲ ਮਖ਼ੌਲ ਕਰਨ ਕਰਕੇ ਲਾਇਆ ਸੀ । (ਸੰਗ੍ਰ)

**ਪੁੱਠੀ ਪਾਕੇ ਲੇਖਾ ਪਾਇਆ, ਨਾ ਚਾਚਾ ਗਿਆ, ਨਾ ਚਾਚਾ ਆਇਆ ।**

**ਭਾਵ** :—ਜਿਸ ਕੰਮ ਵਿਚ ਕੋਈ ਲਾਭ ਨਾ ਹੋਵੇ ।

**ਵਰਤੋਂ** :—ਮੀਆਂ ਜੀ ! ਠੇਕਾ ਤਾਂ ਖਤਮ ਹੋ ਗਿਆ, ਪਰ ਬਚਿਆ ਕੱਖ ਨਹੀਂ । ਇਤਨਾ ਕੁਝ ਕਰ ਕੇ ਵੀ ਲੇਖਾ ਉਥੇ ਹੀ ਰਿਹਾ । ਅਖੇ 'ਪੁੱਠੀ ਪਾ ਕੇ ਲੇਖਾ ਪਾਇਆ, ਨਾ ਚਾਚਾ ਗਿਆ ਨਾ ਚਾਚਾ ਆਇਆ' । (ਸੰਗ੍ਰ)

**ਪੁਤ ਕੁਪੁਤ ਹੁੰਦੇ ਆਏ ਹਨ, ਪਰ ਮਾਪੇ ਕੁਮਾਪੇ ਨਹੀਂ ਹੁੰਦੇ ।**

**ਭਾਵ** :—ਬੱਚੇ ਕਈ ਭੁਲਾਂ ਕਰਦੇ ਰਹਿੰਦੇ ਹਨ, ਪਰ ਮਾਪੇ ਭੁਲਾਂ ਨਹੀਂ ਚਿਤਾਰਦੇ । ਖਿਮਾਂ ਹੀ ਕਰਦੇ ਹਨ ।

**ਵਰਤੋਂ** :—ਪੁਤਰ ਭਾਵੇਂ ਅਗੇ ਧੀਆਂ ਪੁਤਾਂ ਵਾਲਾ ਹੋ ਜਾਇ ਤੇ ਉਸ ਦਾ ਮਾਂ ਪਿਉ ਲਈ ਪਿਆਰ ਸਤਿਕਾਰ ਘਟ ਜਾਇ ਪਰ ਮਾਂ ਦਾ ਪਿਆਰ ਓਨੇ ਦਾ ਓਨਾ ਹੁੰਦਾ ਹੈ । 'ਪੁਤ ਕਪੁਤ ਹੁੰਦੇ ਆਏ ਨੇ ਮਾਪੇ ਕੁਮਾਪੇ ਨਹੀਂ ਹੁੰਦੇ । (ਸੰ)

**ਪੁਤ ਕੁਪੁਤ ਪੰਘੂੜਿਉਂ ਹੀ ਪਛਾਣੇ ਜਾਂਦੇ ਨੇ ।**

**ਭਾਵ** :—ਬਾਲਪਨ ਵਿਚ ਹੀ ਕਿਸੇ ਦੀ ਚੰਗਿਆਈ ਮੰਦਿਆਈ ਦਿਸ ਪੈਂਦੀ ਹੈ ।

**ਵਰਤੋਂ** :—ਰੱਬ ਇਸ ਬਾਲਕ ਨੂੰ ਬੜਾ ਵੱਡਾ ਬਣਾਵੇਗਾ ਹੁਣੇ ਹੀ ਇਸ ਦੇ ਲਛਣ ਦਿਸ ਰਹੇ ਹਨ । ਪੁਤ ਕਪੁਤ ਪੰਘੂੜਿਓਂ ਹੀ ਪਛਾਣੇ ਜਾਂਦੇ ਨੇ । (ਸੰ)

**ਪੁਤ ਜਣੇ ਵੜ ਕੋਠੜੀ ਬਾਹਿਰ ਜਗ ਜਾਣੇ ।**

**ਭਾਵ** :—ਮਾਂ ਪੁਤ ਨੂੰ ਕੋਠੜੀ ਵੜ ਕੇ ਜਣਦੀ ਹੈ ਪਰ ਲੋਕਾਂ ਨੂੰ ਪਤਾ ਲਗ ਜਾਂਦਾ ਹੈ । ਭਾਵ ਚੰਗੀ ਗੱਲ ਛੁਪੀ ਨਹੀਂ ਰਹਿੰਦੀ ।

**ਵਰਤੋਂ** :—

ਪੁਤ ਜਣੇ ਵੜ ਕੋਠੜੀ, ਬਾਹਿਰ ਜਗ ਜਾਣੇ ।
ਧਨ ਧਰਤੀ ਵਿਚ ਦਬੀਐ ਮਸਤਕ ਪਰਵਾਣੇ ।
(ਵਾਰਾਂ—ਭਾਈ ਗੁਰਦਾਸ)

**ਪੁਤ ਜੰਮਣ ਖਤਰਾਣੀਆਂ, ਵਿੱਚ ਵਿੱਚ ਬਾਹਮਣੀਆਂ ।**

**ਭਾਵ** :—ਖਤਰੀ ਦੇ ਮੁੰਡੇ ਕੰਮ ਕਾਜ ਵਿਚ ਤਕੜੇ-ਹੁਸ਼ਿਆਰ ਹੁੰਦੇ ਹਨ । ਕਦੀ ਕਦੀ ਬਾਹਮਣ ਦੇ ਵੀ । ਪਰ ਹੋਰ ਨਹੀਂ ।

**ਵਰਤੋਂ** :—ਸ਼ਾਹ ! ਤੁਸੀਂ ਖਤਰੀ ਜੰਮਦੇ ਹੀ ਭਾਗ ਲੈ ਕੇ ਜੇ, ਤੁਸਾਡੇ ਵਿਚੋਂ ਸਾਰੇ ਹੀ ਆਪੋ ਆਪਣੇ ਕੰਮਾਂ ਵਿਚ ਤਕੜੇ ਹੁੰਦੇ ਨੇ 'ਪੁਤ ਜੰਮਣ ਖ਼ਤਰਾਣੀਆਂ ਵਿਚ ਵਿਚ ਬਾਹਮਣੀਆਂ' । ਬਾਕੀ ਤਾਂ ਬਸ ਚੱਕੀ ਪੀਹਣ ਹੀ ਆਏ ਨੇ । (ਸੰਗ੍ਰ)

**ਪੁਤ ਜੰਮੇ, ਚੰਦ ਚੜ੍ਹੇ ਲੁਕਦੇ ਨਹੀਂ ।**

**ਭਾਵ** :—ਖੁਸ਼ੀ ਦੀ ਗੱਲ ਲੁਕਾਇਆਂ ਲੁਕਦੀ ਨਹੀਂ ।

**ਵਰਤੋਂ** :—ਬਹੁਤ ਬਹੁਤ ਵਧਾਈ ਹੋਵੇ ਲੜਕੇ ਦੀ, ਤੁਸਾਂ ਸਾਨੂੰ ਖਬਰ ਨਹੀਂ ਦਿੱਤੀ, ਪਰ ਪੁਤ ਜੰਮੇ ਚੰਦ ਚੜ੍ਹੇ ਲੁਕਦੇ ਨਹੀਂ । (ਸੰਗ੍ਰ)

**ਪੁਤ ਨਾ ਮੰਨੇ ਮਾਪਿਆਂ, ਕਮਜ਼ਾਤੀ ਵੜੀਐ ।**

**ਭਾਵ** :—ਜਿਹੜਾ ਪੁਤ ਮਾਪਿਆਂ ਨੂੰ ਨਾ ਮੰਨੇ, ਉਹ ਕਮਜ਼ਾਤਾਂ ਵਿਚ ਗਿਣਿਆ ਜਾਂਦਾ ਹੈ ।

**ਵਰਤੋਂ** :—

ਨਾਰ ਭਤਾਰਹੁ ਬਾਹਰੀ ਸੁਖ ਸੇਜ ਨ ਚੜ੍ਹੀਐ ।
ਪੁਤ ਨ ਮੰਨੇ ਮਾਪਿਆਂ ਕਮਜ਼ਾਤੀ ਵੜੀਐ ।
(ਵਾਰਾਂ—ਭਾਈ ਗੁਰਦਾਸ ਜੀ)

**ਪੁਤ ਫਕੀਰਾਂ ਦੇ ਚਾਲ ਅਹਿਦੀਆਂ ਦੀ।**

**ਭਾਵ** :—ਪੁਤਰ ਹੋਵੇ ਗ਼ਰੀਬ ਦਾ, ਪਰ ਕਰੇ ਸ਼ੁਕੀਨੀ।

**ਵਰਤੋਂ** :—ਮਾਂ—ਪੁਤ ! ਇਹ ਸ਼ਕੀਨੀ ਚੰਗੀ ਨਹੀਂ। ਅਸੀਂ ਗ਼ਰੀਬ ਹਾਂ ਗ਼ਰੀਬੀ ਦਾਵੇ ਹੀ ਸਾਨੂੰ ਰਹਿਣਾ ਚਾਹੀਦਾ ਹੈ। 'ਪੁਤ ਫਕੀਰਾਂ ਦੇ ਚਾਲ ਅਹਿਦੀਆਂ ਦੀ' ਸੋਭਦੀ ਨਹੀਂ। (ਸੰਗ੍ਰ)

**ਪੁਤ ਬਿਗਾਨੇ ਚਟਣੇ ਮੂੰਹ ਲਾਲੀ ਭਰਨੇ।**

**ਭਾਵ** :—ਬਿਗਾਨੇ ਦੀ ਸੇਵਾ ਕਰਨੀ ਵਿਅਰਥ ਹੈ।

**ਵਰਤੋਂ** :—ਕਿੰਨੀ ਸੇਵਾ ਕੀਤੀ ਮਿੱਤਰ ਜਾਣਕੇ। ਅੰਤ ਮੇਰੇ ਹੀ ਸਿਰ ਤੇ ਸੁਆਹ ਪਾ ਕੇ ਤੁਰਦਾ ਹੋਇਆ। ਠੀਕ ਹੀ ਹੈ 'ਪੁਤ ਬਿਗਾਨਾ ਚਟਣੇ, ਮੂੰਹ ਲਾਲੀ ਭਰਨੇ'। (ਸੰਗ੍ਰ)

**ਪੁਤਰਾਂ ਧੀਆਂ ਨੂੰ ਖਵਾਈਏ ਜਵਾਈਆਂ ਵਾਂਗ, ਵੇਖੀਏ ਕਸਾਈਆਂ ਵਾਂਗ।**

**ਭਾਵ** :—ਪੁਤਰਾਂ ਧੀਆਂ ਨੂੰ ਪਾਲੋ ਚੰਗੀ ਤਰ੍ਹਾਂ, ਪਰ ਹੱਡ-ਰਖ ਜਾਂ ਸਿਰ ਖ਼ੁਦ ਨਾ ਬਨਣ ਦਿਓ। ਤਾੜ ਕੇ ਜ਼ਬਤ ਵਿਚ ਰਖੋ।

**ਵਰਤੋਂ** :—ਦੁਨੀਚੰਦ—ਕਿਹਾ ਵਿਰਲਾਪ ? ਕੀ ਹੋਇਆ ? ਕਿਉਂ ਡੰਡ ਪਾਈਏ ? ਕਿਹਾ ਰੋਣਾ ਧੋਣਾ? ਬਸ ਚੁਪ ਹੋ ਜਾ,ਦੰਦਾਂ ਹੇਠ ਜੀਭ ਦੇ ਦੇ। ਤੇਰੀ ਬੱਚੀ ਨਹੀਂ, ਵੈਰਣ ਏ। 'ਪੁਤਰਾਂ ਧੀਆਂ ਨੂੰ ਖਵਾਈਏ ਜਵਾਈਆਂ ਵਾਂਗ, ਵੇਖੀਏ ਕਸਾਈਆਂ ਵਾਂਗ' ਜਦ ਉਹ ਮੇਰੇ ਆਖੇ ਵਿਚ ਨਹੀਂ, ਉਹ ਧੀ ਕਾਹਦੀ ਹੋਈ।

(ਰਜਨੀ ਨਾਟਕ—ਬਲਵੰਤ ਸਿੰਘ)

**ਪੁਤ੍ਰਾਂ ਸੰਦੀ ਮਾਂ ਮੋਈ, ਤੇ ਨੂੰਹਾਂ ਦਾ ਲਥਾ ਜੰਮ।**

**ਭਾਵ** :—ਜਦ ਕਿਸੇ ਦਾ ਨੁਕਸਾਨ ਹੋਣ ਨਾਲ ਕਿਸੇ ਹੋਰ ਨੂੰ ਲਾਭ ਜਾਂ ਖ਼ੁਸ਼ੀ ਹੋਵੇ।

**ਵਰਤੋਂ** :—

ਹੜ੍ਹ ਆਯਾ, ਹੜ੍ਹੋਣਾ ਆਯਾ,
ਰੁੜ੍ਹਦਾ ਆਇਆ ਥੰਮ।
ਪੁਤ੍ਰਾਂ ਸੰਦੀ ਮਾਂ ਮੋਈ,
ਤੇ ਨੂੰਹਾਂ ਦਾ ਲਥਾ ਜੰਮ।
(ਲੋਕ ਗੀਤ)

**ਪੁਤੜਿਉਂ ਭਾਗ, ਕੋਈ ਲਿਆਵੇ ਲਕੜੀਆਂ, ਕੋਈ ਲਿਆਵੇ ਸਾਗ।**

**ਭਾਵ** :—ਜਦ ਬਹੁਤੇ ਪੁਤ੍ਰਾਂ ਕਰਕੇ ਕੋਈ ਸੁਖ ਮਾਣਦਾ ਹੋਵੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਹਾਂ ਬੇਬੇ, ਸੁਖੀ ਹਾਂ 'ਪੁਤੜਿਉਂ ਭਾਗ, ਕੋਈ ਲਿਆਵੇ ਲਕੜੀਆਂ ਕੋਈ ਲਿਆਵੇ ਸਾਗ' ਸਾਰੇ ਕੁਝ ਨਾ ਕੁਝ ਕਮਾਈ ਕਰਦੇ ਹਨ। ਝਟ ਚੰਗਾ ਲੰਘ ਰਿਹਾ ਹੈ। (ਸੰਗ੍ਰ)

**ਪੁਤੀ ਗਢੁ ਪਵੈ ਸੰਸਾਰਿ ॥**

**ਭਾਵ** :—ਪੁਤ੍ਰਾਂ ਨਾਲ ਹੀ ਸੰਸਾਰਕ ਸਬੰਧ ਬਝੇ ਰਹਿੰਦੇ ਹਨ।

**ਵਰਤੋਂ** :—

ਗੋਰੀ ਸੇਤੀ ਤੁਟੈ ਭਤਾਰੁ।
ਪੁਤੀ ਗੰਢੁ ਪਵੈ ਸੰਸਾਰਿ।
(ਗੁਰੂ ਗ੍ਰੰਥ—ਵਾਰ ਮਾਝ)

**ਪੂਰੇ ਪੂਰਾ ਥਾਟ ਬਣਾਯਾ।**

**ਭਾਵ** :—ਪੂਰੇ ਰਚਨਹਾਰ ਨੇ ਪੂਰੀ ਹੀ ਰਚਨਾ ਬਣਾਈ ਹੈ ਤੇ ਉਸ ਵਿਚ ਕੋਈ ਘਾਟ ਨਹੀਂ ਰਹਿਣ ਦਿੱਤੀ।

**ਵਰਤੋਂ** :—

ਕੁਲਾ ਧਰਮ ਗੁਰਸਿਖ ਸਭ,
ਮਾਇਆ ਵਿਚ ਉਦਾਸ ਰਹਾਇਆ।
ਪੂਰੇ ਪੂਰਾ ਥਾਟ ਬਣਾਯਾ।
(ਵਾਰਾਂ—ਭਾਈ ਗੁਰਦਾਸ ਜੀ)

**ਪੇਕੀ ਭੁਖ ਇੰਚੂ (ਵਿਚੋਂ) ਧੀ ਨਿਕਲ ਵੇਂਦੀ ਏ (ਜਾਂਦੀ ਏ) ਸਾਵਰੀ ਭੁਖ ਇੰਚੂ (ਵਿਚੋਂ) ਨਹੀ ਨਿਕਲਦੀ।**

**ਭਾਵ** :—ਪੇਕਿਆਂ ਦੇ ਘਰ ਥੁੜ ਹੋਵੇ ਤਾਂ ਧੀ ਉਸ ਵਿਚੋਂ ਇਕ ਦਿਨ ਨਿਕਲ ਜਾਂਦੀ ਹੈ।

**ਵਰਤੋਂ** :—ਪੇਕਿਆਂ ਦਾ ਹਾਲ ਭੈੜਾ ਸੀ। ਪਰ ਦਿਨ ਲੰਘ ਗਏ। ਵਿਆਹੀ ਗਈ ਅੱਗੇ ਆਈ ਤਾਂ ਹੋਰ ਵੀ ਮੰਦਾ ਹਾਲ। ਹੁਣ ਕਿਥੇ ਜਾਵੇ? 'ਪੇਕੀ ਭੁਖ ਇੰਚੂ ਧੀ ਨਿਕਲੀ ਵੇਂਦੀ ਏ, ਸਾਵਰੀ ਭੁਖ ਇਚੂੰ ਨਹੀਂ ਨਿਕਲਦੀ'। (ਸੰ)

**ਪੇਕੇ ਗਈਆਂ ਦੀ ਖ਼ੈਰ ਕੌਣ ਦਏ।**

**ਭਾਵ** :—ਜੋ ਸੁਖ ਵਿਚ ਹੋਵੇ, ਉਹਨੂੰ ਸਹਾਇਤਾ ਦੀ ਕੀ ਲੋੜ ਹੈ?

**ਵਰਤੋਂ** :—ਸੁਖੀ ਸਾਂਦੀ ਵਸਦੀ ਏ। ਕੋਈ ਕੀ ਪ੍ਰਵਾਹ ਕਰੇ ਉਸਦੀ। 'ਪੇਕੇ ਗਈਆਂ ਦੀ ਖੈਰ ਕੌਣ ਦਏ'। (ਸੰਗ੍ਰ)

**ਪੇਕੇ ਨਾ ਸਹੁਰੇ, ਡੁੱਬ ਮੋਈ ਨਨਿਹੋਰੇ।**

**ਭਾਵ** :—ਆਪਣੀ ਥਾਂ ਜਾਂ ਟਿਕਾਣਾ ਛਡਕੇ ਹੋਰ ਥਾਂ ਜਾ ਕੇ ਟਿਕਾਣਾ ਲਭਣਾ, ਪਰ ਦੁਖ ਪਾਣਾ ਜਾਂ ਬੇਤੁਕੀ ਗੱਲ ਕਰਨੀ।

**ਵਰਤੋਂ** :—ਭਲਾ, ਮਿਲਣ ਦਾ ਥਾਂ ਕਿਹੜਾ ਚੁਣਿਆ ਸੂ? ਕਸੂਰ ਨਾ ਲਾਹੌਰ ਨਾ ਅੰਮ੍ਰਿਤਸਰ। ਪੇਕੇ ਨਾ ਸਹੁਰੇ, ਤੇ ਡੁਬ ਮੋਈ ਨਨਿਹੋਰੇ'। ਭਲਾ ਅਸੀਂ ਉਥੋਂ ਦਾ ਕੁਝ ਲਾਹ ਲੈਣਾ ਸੀ।
(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਪੇਖੰਦੜੋਂ ਕੀ ਭੁਲੁ ਤੁਮਾ ਦਿਸਮੁ ਸੋਹਣਾ ॥**

**ਭਾਵ** :—ਚੀਜ਼ ਦੀ ਬਾਹਰਲੀ ਸੂਰਤ ਉਤੇ ਨਾ ਜਾਉ। ਤੁੰਮਾ ਉਪਰੋਂ ਸੁਹਣਾ ਪਰ ਵਿਚੋਂ ਕੌੜਾ ਹੁੰਦਾ ਹੈ।

**ਵਰਤੋਂ** :—

ਪੇਖੰਦੜੋ ਕੀ ਭੁਲ ਤੁਮਾ
ਦਿਸਮੁ ਸੋਹਣਾ ॥
ਅਢੁ ਨ ਲਹੰਦੜੋ ਮੁਲੁ
ਨਾਨਕ ਸਾਥ ਨ ਜੁਲਈ ਮਾਇਆ ॥
(ਗੁਰੂ ਗ੍ਰੰਥ—ਰਾਗ ਜੈਤਸਰੀ)

**ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ।**

**ਭਾਵ** :—ਭੁਖੇ ਪਾਸੋਂ ਕੋਈ ਕੰਮ ਵੀ ਨਹੀਂ ਹੋ ਸਕਦਾ।

**ਵਰਤੋਂ** :—ਠੀਕ ਹੈ ਭਾਈ! ਮਨ ਰਾਜ਼ੀ ਹੋਵੇ ਤਾਂਹੀਉਂ ਈ ਹਰੀ ਵਲ ਵੀ ਧਿਆਨ ਕਰ ਸਕੀਦਾ ਹੈ। ਜੇ 'ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ'।
(ਨਵੀਆਂ ਸੋਚਾਂ—ਤੇਜਾ ਸਿੰਘ)

**ਪੇਟ ਪਾੜਾਂ ਤੇ ਪੱਟੀ ਕਿਥੇ ਬੰਨ੍ਹਾਂ।**

**ਭਾਵ** :—ਅਜੇਹਾ ਭੇਦ ਜਿਸ ਦੇ ਦਸਦਿਆਂ ਕਿਸੇ ਗੱਲ ਦਾ ਸਾਰਾ ਪਾਜ ਉਘੜ ਜਾਵੇ।

**ਵਰਤੋਂ** :—ਉਹ ਤਾਂ ਸਾਡੇ ਸਾਰੇ ਅਗਲੇ ਪਿਛਲਿਆਂ ਦੀ ਇਜ਼ਤ ਨੂੰ ਛਜ ਵਿਚ ਪਾਕੇ ਛਟਣ ਤੇ ਛਾਨਣੀ ਵਿਚ ਪਾਕੇ ਛਾਣਨ ਤੇ ਉਤਰ ਪਈ। ਮੈਥੋਂ ਕੀ ਪੁਛਦੇ ਹੋ। ਆਖੇ 'ਪੇਟ ਪਾੜਾਂ ਤੇ ਪੱਟੀ ਕਿਥੇ ਬੰਨ੍ਹਾ?' ਇਹ ਗੱਲਾਂ ਕੋਈ ਦਸਣ ਜੋਗੀਆਂ ਨੇ?
(ਚਿੱਟਾ ਲਹੂ—ਨਾਨਕ ਸਿੰਘ)

**ਪੈਸਾ ਸੋ ਜੋ ਹੋਵੇ ਗੰਢ, ਵਿਦਿਆ ਸੋ ਜੋ ਹੋਵੇ ਕੰਠ।**

**ਭਾਵ** :—ਪੈਸਾ ਤੇ ਵਿਦਿਆ ਓਹੀ ਕੰਮ ਆਉਂਦੇ ਹਨ, ਜੋ ਆਪਣੇ ਪੱਲੇ ਹੋਣ।

**ਵਰਤੋਂ** :—ਮੰਨਿਆ ਬਈ ਤੁਹਾਡਾ ਲੋਕਾਂ ਤੋਂ ਲਹਿਣਾ ਬੜਾ ਏ ਪਰ ਜੇ ਲੋਕੀਂ ਨਾ ਦੇਣ ਤਾਂ

ਫਿਰ ਕੀ ਕਹੋਗੇ । ਭਾਈ ਸਾਹਿਬ 'ਪੈਸਾ ਸੋ ਜੋ ਹੋਵੇ ਗੰਢ, ਵਿਦਿਆ ਸੋ ਜੋ ਹੋਵੇ ਕੰਠ' । (ਸੰਗ੍ਰ)

**ਪੈਸਾ ਖੋਟਾ ਆਪਣਾ, ਦੂਜੇ (ਬਾਣੀਏ) ਨੂੰ ਕੀ ਦੋਸ਼ ।**

**ਭਾਵ** :—ਆਪਣੀ ਚੀਜ਼ ਭੈੜੀ ਹੋਵੇ ਤਾਂ ਦੂਜੇ ਇਸ ਨੂੰ ਭੈੜਾ ਕਹਿਣ ਤਾਂ ਉਨ੍ਹਾਂ ਦਾ ਕੀ ਦੋਸ਼ ?

**ਵਰਤੋਂ** :—ਬੁਢਾ—ਇਹ ਮੇਰੇ ਕਰਮਾਂ ਦੀ ਦੇਣ ਹੈ, ਪੁਤਰ ਜੇ ਚੰਗੇ ਹੁੰਦੇ ਤਾਂ ਫਿਰ ਕੀ ਸੀ ? ਸਿਆਣਿਆਂ ਨੇ ਸਚ ਕਿਹਾ ਹੈ 'ਪੈਸਾ ਖੋਟਾ ਆਪਣਾ, ਬਾਣੀਏ ਨੂੰ ਕੀ ਦੋਸ਼' । (ਸੰ)

**ਪੈਸਾ ਖੋਟਾ ਨਹੀਂ, ਜੱਟੀ ਰੰਡੀ ਨਹੀਂ ।**

**ਭਾਵ** :—ਜੱਟੀ ਰੰਡੀ ਘਟ ਹੀ ਰਹਿੰਦੀ ਹੈ, ਤੇ ਪੈਸਾ ਵੀ ਚਲ ਹੀ ਨਿਕਲਦਾ ਹੈ ।

**ਵਰਤੋਂ** :—ਓਇ ਕਦੀ 'ਪੈਸਾ ਵੀ ਖੋਟਾ ਹੋਇਆ ਹੈ ? 'ਪੈਸਾ ਖੋਟਾ ਨਹੀਂ ਤੇ ਜੱਟੀ ਰੰਡੀ ਨਹੀਂ' ਦੋਵੇਂ ਕਿਤੇ ਨਾ ਕਿਤੇ ਚਲ ਹੀ ਨਿਕਲਦੇ ਹਨ । (ਸੰਗ੍ਰ)

**ਪੈਸਾ ਨਾ ਬੱਧਾ, ਢਿਡ ਸੁਖਾਂ ਲਧਾ ।**

**ਭਾਵ** :—ਜਦ ਕਿਸੇ ਪੇਟੂ ਪਾਸੋਂ ਧਨ ਇਕਠਾ ਨਾ ਹੋ ਸਕੇ ।

**ਵਰਤੋਂ** :—ਓਇ ਰਾਮਿਆਂ, ਤੂੰ ਪ੍ਰਦੇਸ਼ ਵੀ ਛਾਣ ਆਇਓਂ, ਪਰ ਧੰਨ ਕੋਈ ਨਾਂ ਜਮਾਂ ਕਰ ਸਕਿਓਂ । ਇਹ ਕੀ ? ਰਾਮੇ ਨੇ ਹਸ ਕੇ ਉੱਤਰ ਦਿਤਾ, ਅਖੇ 'ਪੈਸਾ ਨਾ ਬੱਧਾ, ਢਿਡ ਸੁਖਾਂ ਲੱਧਾ' । (ਸੰਗ੍ਰ)

**ਪੈਸਾ ਪੱਲੇ ਨਾ, ਨਾਉਂ ਕਰੋੜੀ ਮੱਲ ।**

**ਭਾਵ** :—ਪੱਲੇ ਕੁਝ ਨਾ ਹੋਵੇ ਤੇ ਵਡਾ ਬਣ ਬਣ ਬਹੇ ।

**ਵਰਤੋਂ** :—ਨੱਥੂ ਸ਼ਾਹ ਦੀ ਗੱਲ ਹੀ ਨਾ ਕਰੋ । ਉਸਦਾ ਤਾਂ ਇਹ ਹਾਲ ਹੈ ਕਿ 'ਪੈਸਾ ਪੱਲੇ ਨਾ ਤੇ ਨਾਉਂ ਕਰੋੜੀ ਮਲ' । ਅੰਦਰੋਂ ਫੋਕੇ ਤੇ ਬਾਹਰੋਂ ਦਮ ਗਜੇ । (ਸੰਗ੍ਰ)

**ਪੈਸੇ ਦੀ ਹਾਂਡੀ ਗਈ, ਕੁੱਤੇ ਦੀ ਜਾਤ ਪਛਾਣੀ ਗਈ ।**

**ਭਾਵ** :—ਆਪਣਾ ਨਿਕਾ ਜਿਹਾ ਨੁਕਸਾਨ ਕਰਾ ਕੇ ਜੇ ਦੂਜੇ ਦੀ ਅਸਲੀਅਤ ਦਾ ਪਤਾ ਲਗ ਜਾਵੇ, ਤਾਂ ਚੰਗੀ ਗੱਲ ਹੈ ।

**ਵਰਤੋਂ** :—ਸ਼ਾਹ—ਸਰਦਾਰ ਜੀ, ਸਾਡਾ ਕੀ ਵਿਗੜਿਆ ਏ ਅਖੇ 'ਪੈਸੇ ਦੀ ਹਾਂਡੀ ਗਈ ਕੁੱਤੇ ਦੀ ਜਾਤ ਪਰਖੀ ਗਈ' ਸ਼ੁਕਰ ਹੈ ਥੋੜਾ ਹੀ ਨੁਕਸਾਨ ਹੋਕੇ ਉਸਦੀ ਕਮੀਨਗੀ ਦਾ ਪਤਾ ਲਗ ਗਿਆ । ਨਹੀਂ ਤਾਂ ਪਤਾ ਨਹੀਂ ਕਿੰਨਾ ਵਡਾ ਧੋਖਾ ਖਾਂਦੇ ? (ਸੰਗ੍ਰ)

**ਪੈਸੇ ਨੂੰ ਪੈਸਾ ਹੀ ਖਟਦਾ (ਕਮਾਂਦਾ) ਹੈ ।**

**ਭਾਵ** :—ਧਨ ਨਾਲ ਹੀ ਧਨ ਕਮਾਇਆ ਜਾਂਦਾ ਹੈ ।

**ਵਰਤੋਂ** :—ਪਰ ਰੱਬ ਦੀ ਕੁਦਰਤ, ਆਪਦੀ ਆਮਦਨੀ ਵਿਚ ਜਿੰਨਾ ਵਾਧਾ ਹੁੰਦਾ ਜਾਂਦਾ ਹੈ, ਓਨਾ ਹੀ ਦਿਲ ਦੀ ਗੁਥਲੀ ਭੀੜੀ ਹੁੰਦੀ ਜਾਂਦੀ ਹੈ । ਹੁਣ ਤਾਂ ਆਪਨੇ ਇਕੋ ਗੁਰ ਪਲੇ ਬੰਨ੍ਹ ਲਿਆ ਹੈ ਕਿ 'ਪੈਸੇ ਨੂੰ ਪੈਸਾ ਕਮਾਂਦਾ ਹੈ' ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

**ਪੈਸੇ ਵਾਧੂ ਤੇ ਹਸਾਨ ਮੁਫ਼ਤ ਦਾ ।**

**ਭਾਵ** :—ਜਦ ਸਭ ਕੁਝ ਬਿਨਾਂ ਕਿਸੇ ਇਵਜ਼ਾਨੇ ਦੇ ਕਰਨਾ ਪਵੇ ।

**ਵਰਤੋਂ** :—ਦੂਲੋ—(ਖੁਸ਼ ਹੋਕੇ) ਬਹੁਤ ਅੱਛਾ, ਸਰਕਾਰ (ਦਿਲ ਵਿਚ) ਸਵੇਰ ਤੋਂ ਸ਼ਾਮ ਤਾਈ ਤਾਂ ਰੋਜ਼ ਹੀ ਨੁੜਿਆ ਰਹਿੰਦਾ ਹਾਂ । 'ਪੈਸੇ ਵਾਧੂ ਤੇ ਹਸਾਨ ਮੁਫ਼ਤ ।

(ਕਮਲਾ ਕੁਮਾਰੀ—ਹਰਚਰਨ ਸਿੰਘ)

**ਪਸੇ ਵਾਲੀ ਦਾ ਹੀ ਬਾਲ ਖੇਡਦਾ ਹੈ।**

**ਭਾਵ** :—ਪੈਸੇ ਨਾਲ ਹੀ ਸੁਖ ਤੇ ਆਰਾਮ ਹੈ।

**ਵਰਤੋਂ** :—ਤੁਸੀਂ ਸਚ ਆਖਦੇ ਸੀ 'ਪੈਸੇ ਵਾਲੀ ਦਾ ਹੀ ਬਾਲ ਖੇਡਦਾ ਹੈ'। ਧਨ ਨਾਲ ਹੀ ਸਾਰੇ ਸੁਖ ਨੇ। (ਸੰਗ੍ਰ)

**ਪੈਰ ਕੁਹਾੜਾ ਮਾਰਿਆ ਗਾਫ਼ਲ ਆਪਣੇ ਹਾਥ।**

**ਭਾਵ** :—ਮੂਰਖ ਨੇ ਆਪਣੀ ਹੱਥੀਂ ਆਪਣਾ ਨੁਕਸਾਨ ਕੀਤਾ।

**ਵਰਤੋਂ** :— ਉਸ ਮੂਰਖ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਉਸ ਚਲਾਕ ਨੂੰ ਆਪਣਾ ਭੇਦ ਦੱਸ ਕੇ ਬੜੀ ਜ਼ਬਰਦਸਤ ਗ਼ਲਤੀ ਕੀਤੀ ਹੈ। ਚਲੋ ਸਾਨੂੰ ਕੀ, ਆਪੇ ਭੁਗਤੇਗਾ। (ਸੰਗ੍ਰ)

**ਪੈਰ ਵੱਡ ਗਵਾਰਾਂ ਦੇ ਸਿਰ ਵੱਡੇ ਸਰਦਾਰਾਂ ਦੇ।**

**ਭਾਵ** :—ਕਿਸੇ ਦਾ ਪੈਰ ਜਾਂ ਸਿਰ ਵਡਾ ਵੇਖਕੇ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਕਿਹਾ ਸੁਹਣਾ ਚੌੜਾ ਮੱਥਾ ਹੈ, ਕਿੰਨਾਂ ਦਿਉ ਜਿਹਾ ਕੱਦ ਤੇ ਭਾਰਾ ਗੋਰਾ ਸਿਰ ਹੈ। ਇਹ ਜ਼ਰੂਰ ਕੋਈ ਵਡਾ ਆਦਮੀ ਹੈ। ਐਵੇਂ ਨਹੀਂ ਸਿਆਣਿਆਂ ਨੇ ਆਖਿਆ 'ਪੈਰ ਵੱਡੇ ਗਵਾਰਾਂ ਦੇ ਸਿਰ ਵੱਡੇ ਸਰਦਾਰਾਂ ਦੇ'। (ਸੰਗ੍ਰ)

**ਪੈਰਾਂ (ਪਰਾਂ) ਤੇ ਪਾਣੀ ਨਹੀਂ ਪੈਣ ਦਿੰਦੀ।**

**ਭਾਵ** :—ਝੂਠਾ ਆਦਮੀ ਗਲਤੀ ਫੜੀ ਜਾਣ ਤੇ ਵੀ ਛੁਪਾਈ ਜਾਵੇ ਤੇ ਆਪਣਾ ਔਗਣ ਪਰਗਟ ਨਾ ਹੋਣ ਦੇਵੇ।

**ਵਰਤੋਂ** :— ਕਿਰਪਾ ਸ਼ਾਹ—ਚਲ, ਜਾਹ ਮੇਰੀਆਂ ਅੱਖਾਂ ਅਗੋਂ ਕੁਤਿਆ, 'ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ'। ਜਵਾਬ ਪਿਆ ਕਰਦਾ ਏ, ਅਗੋਂ ਆਕੜ ਆਕੜ। (ਪਿੰਡ ਦੇ ਵੈਰੀ—ਫਜ਼ਲ ਦੀਨ)

**ਪੋਸਤ ਮੰਗੇ ਰਿਉੜੀਆਂ, ਤੇ ਹਫੀਮ ਮੰਗੇ ਗੰਨੇ, ਭੰਗ ਵਿਚਾਰੀ ਆਲੀ ਭੋਲੀ, ਜੋ ਆਵੇ ਸੋ ਬੰਨੇ।**

**ਭਾਵ** :—ਹਾਸ-ਰਸ ਵਿਚ ਨਸ਼ੇ ਛਕਣ ਵਾਲਿਆਂ ਦੇ ਭੁਖੇ ਸੁਭਾ ਦਸੇ ਹਨ। ਪੋਸਤ ਤੇ ਹਫੀਮ ਮਿੱਠਾ ਮੰਗਦੇ ਹਨ ਪਰ ਭੰਗ ਪੀਣ ਵਾਲੇ ਸਭੋ ਕੁਝ ਡਕਾਰ ਜਾਂਦੇ ਹਨ।

**ਵਰਤੋਂ**:—ਕੈਦੋਂ—ਓਇ ਮੂਰਖਾ। ਸਚ ਪੁਛੋ ਤਾਂ ਭੰਗ ਜਿਹਾ ਕੋਈ ਨਸ਼ਾ ਨਹੀਂ। ਪਹਿਲਾਂ ਇਹਦਾ ਰੰਗ ਈ ਵੇਖ। ਪੀਰਾਂ ਫਕੀਰਾਂ ਭੀ ਆਪਣੇ ਹਰੇ ਰੰਗੇ ਦੋਲੇ ਇਹਦੇ ਵਲ ਵੇਖਕੇ ਰੰਗੇ। ਤੇ ਜਦੋਂ ਇਹਦਾ ਨਸ਼ਾ ਚੜ੍ਹਦਾ ਏ, ਅਰਸ਼ੀ ਪੀਂਘ ਦੇ ਹੁਲਾਰੇ ਆਉਂਦੇ ਨੇ। ਬਹਿਸ਼ਤਾਂ ਦੇ ਸੈਲ ਕਰਾਉਂਦੇ ਨੇ। ਸਿਆਣਿਆ ਆਖਿਆ ਏ 'ਪੋਸਤ ਮੰਗੇ ਰਿਉੜੀਆਂ ਤੇ ਹਫੀਮ ਮੰਗੇ ਗੰਨੇ। ਭੰਗ ਵਿਚਾਰੀ ਆਲੀ ਭੋਲੀ ਜੋ ਆਵੇ ਸੋ ਬੰਨੇ। (ਹੀਰ ਸਿਆਲ—'ਸ਼ਰਫ')

**ਪੋਰਾ ਪਾਦਸ਼ਾਹ, ਕੇਰਾ ਵਜ਼ੀਰ ਤੇ ਛਟਾ ਪਖੀਰ।**

**ਭਾਵ** :—ਬੀ ਬੀਜਣ ਦੇ ਚੰਗੇ ਤੇ ਮੰਦੇ ਢੰਗ ਦਰਸਾਏ ਹਨ।

**ਵਰਤੋਂ** :—ਜੱਟਾਂ ਨੂੰ ਤਾਂ ਬੀ ਪਾਉਣ ਦੇ ਢੰਗ ਵੀ ਪਤਾ ਨਹੀਂ। ਸਿਆਣਿਆਂ ਨੇ ਕਿਹਾ ਹੈ 'ਪੋਰਾ ਪਾਦਸ਼ਾਹ, ਕੇਰਾ ਵਜ਼ੀਰ ਤੇ ਛਟਾ ਪਖੀਰ' ਸਭ ਤੋਂ ਚੰਗਾ ਢੰਗ ਪੋਰੇ ਦਾ ਹੀ ਹੈ, ਉਸ ਤੋਂ ਹੇਠਾਂ ਕੇਰੇ ਦਾ ਤੇ ਸਭ ਤੋਂ ਅਖੀਰ ਛਿਟੇ ਦਾ। (ਸੰਗ੍ਰ)

**ਪੌਲੀ ਚੜ੍ਹਿਆ ਸ਼ਿਕਾਰ, ਰੱਬਾ ਖੈਰ ਕਰੀਂ।**

**ਭਾਵ** :—ਕੋਈ ਛੋਟਾ ਆਦਮੀ ਵਡੇਰੇ ਕੰਮ ਨੂੰ ਸ਼ੁਰੂ ਕਰੇ, ਤਾਂ ਉਸਦਾ ਮੌਜੂ ਉਡਾਣ ਲਈ ਕਹਿੰਦੇ ਹਨ।

**ਵਰਤੋਂ** :—ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ। ਆਖਰ ਇਸ ਵਿਚਾਰੇ ਗ਼ਰੀਬ ਨੇ ਕੀ ਵੱਡੀ ਮਾਰ ਮਾਰ ਲੈਣੀ ਏ? 'ਪੌਲੀ ਚੜ੍ਹਿਆ ਸ਼ਿਕਾਰ, ਰਬਾ ਖੈਰ ਕਰੀਂ' ਵਾਲਾ ਹੀ ਹਾਲ ਹੋਣਾ ਹੈ। (ਸੰਗ੍ਰ)

**ਪੌ ਬਾਰਾਂ ਮੰਗਣੇ ਤੇ ਪੈਣੇ ਤਿੰਨ ਕਾਣੇ ।**

**ਭਾਵ** :—ਆਸ ਤਾਂ ਵਡੀ ਸਾਰੀ ਹੋਵੇ ਪਰ ਪੱਲੇ ਕੁਝ ਵੀ ਨਾ ਪਵੇ ।

**ਵਰਤੋਂ** :—

ਮੰਗੇ 'ਪੌ ਬਾਰਾਂ ਪੈਣ ਤਿੰਨ ਕਾਣੇ,'
ਐਸੇ ਆਏ ਹੋਇ ਨੇ ਗੋਇਆ ਹਾਰ ਦੇ ਦਿਨ ।
(ਸ਼ਰਫ਼ ਸੁਨੇਹੇ—ਸ਼ਰਫ਼)

**ਪੌ ਬਾਰਾਂ, ਦਾਉ ਸਤਾਰਾਂ ।**

**ਭਾਵ** :—ਖੇਡ ਵਿਚ ਸਫਲਤਾ ਹੋਣੀ ।

**ਵਰਤੋਂ** :—ਅਜ ਉਸਨੂੰ ਹਰਾਣਾ ਮੁਸ਼ਕਲ ਹੈ 'ਪੌ ਬਾਰਾਂ, ਦਾਉ ਸਤਾਰਾਂ' ਵਾਲੀ ਗਲ ਹੈ ਉਸ ਦੀ ਤਾਂ ਅੱਜ । (ਸੰ)

**ਪੰਚ ਦੋਖ ਅਸਾਧ ਜਾ ਮਹਿ ਤਾਂਕੀ ਕੇਤਕ ਆਸ ॥**

**ਭਾਵ** :—ਮਨੁਖ ਜਿਸ ਵਿਚ ਪੰਜੇ (ਲਾ-ਇਲਾਜ) ਔਗਣ ਹਨ । ਉਸਦੇ ਬਚਣ ਦੀ ਕਿਤਨੀ ਕੁ ਆਸ ਹੋ ਸਕਦੀ ਹੈ ?

**ਵਰਤੋਂ** :—

ਮ੍ਰਿਗ ਮੀਨ ਭ੍ਰਿੰਗ ਪਤੰਗ ਕੁਚੰਚ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾਂਕੀ ਕੇਤਕ ਆਸ ॥
(ਗੁਰੂ ਗ੍ਰੰਥ—ਆਸਾ ਰਾਗ)

**ਪੰਜ ਉਂਗਲਾਂ ਇਕੋ ਜਿਹੀਆਂ ਨਹੀਂ । ਜਾਂ ਪੰਜੇ ਉਂਗਲਾਂ ਬਰਾਬਰ ਨਹੀਂ ।**

**ਭਾਵ** :—ਸਾਰਿਆਂ ਦੀ ਵਰਤੋਂ ਜਾਂ ਸੁਭਾ ਇਕੋ ਜਿਹਾ ਨਹੀਂ ਹੁੰਦਾ ।

**ਵਰਤੋਂ** :— ਉੱਥੇ ਤੇ ਕਮੇਟੀਆਂ ਵਾਲੇ ਬਹੁਤ ਚੰਗੇ ਕੰਮ ਕਰਦੇ ਹਨ । 'ਪੰਜੇ ਉਂਗਲਾਂ ਕਿਤੇ ਭੀ ਬਰਾਬਰ ਨਹੀਂ' ਪਰ ਤਾਂ ਭੀ ਉਥੇ ਤੇ ਇੱਥੇ ਦਾ ਕੋਈ ਮੁਕਾਬਲਾ ਨਹੀਂ ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਪੰਜ ਪਕਾਵੇ, ਛੇਵੀਂ ਪੱਲੇ ਬੰਨ੍ਹੇ ।**

**ਭਾਵ** :—ਜਦ ਕਿਸੇ ਦੇ ਕੰਮ ਵਿੱਚ ਦਖਲ ਦੇਣ ਦਾ ਖਿਆਲ ਨਾ ਹੋਵੇ, ਤਾਂ ਬੇ-ਪਰਵਾਹੀ ਲਈ ਵਰਤਦੇ ਹਨ ।

**ਵਰਤੋਂ** :—ਹੋਰ ਕੋਈ ਹੁੰਦਾ ਤਾਂ ਕਸਮ ਅੱਲਾ ਪਾਕ ਦੀ ਮੈਨੂੰ ਕੀ ਲੋੜ ਸੀ, ਕੋਈ 'ਪੰਜ ਪਕਾਵੇ, ਛੇਵੀਂ ਪੱਲੇ ਬੰਨ੍ਹੇ' ਪਰ ਇਥੇ ਤਾਂ ਹੋਇਆ ਆਪਤਵਲੀ ਦਾ ਮਾਮਲਾ । ਜਿਹੀ ਤੁਹਾਡੀ ਇਜ਼ਤ ਤਿਹੀ ਮੇਰੀ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਪੰਜਾਂ ਉਂਗਲਾਂ ਤੋਂ ਪੌਂਚਾ ਭਾਰਾ ।**

**ਭਾਵ** :—ਏਕਤਾ ਵਿਚ ਬਰਕਤ ਹੈ ।

**ਵਰਤੋਂ** :— 'ਪੰਜਾਂ ਉਂਗਲਾਂ ਤੋਂ ਪੌਂਚਾ ਭਾਰਾ' ਹੁੰਦਾ ਹੈ । ਉਹ ਸਾਰੇ ਭਰਾ ਇਕਠੇ ਹਨ ਤੇ ਤੁਸੀਂ ਭਾਵੇਂ ਬਹੁਤੇ ਹੋ ਪਰ ਵਖਰੇ ਵਖਰੇ ਹੋ ਚੁਕੇ ਹੋ । ਉਹੀ ਹੀ ਸਫਲ ਹੋਣਗੇ । (ਸੰ)

**ਪੰਜਾਬ ਦੇ ਜੰਮਿਆਂ ਨੂੰ ਸਦਾ ਮੁਹਿੰਮਾਂ ।**

**ਭਾਵ** :—ਪੰਜਾਬੀ ਸਦਾ ਹੀ ਔਕੜਾਂ ਤੇ ਦੁਖਾਂ ਦਾ ਸ਼ਿਕਾਰ ਬਣਦੇ ਰਹੇ ਹਨ ।

**ਵਰਤੋਂ** :—'ਪੰਜਾਬ ਦੇ ਜੰਮਿਆਂ ਨੂੰ ਸਦਾ ਮੁਹਿੰਮਾਂ' ਵਾਲਾ ਅਖਾਣ ਐਵੇਂ ਨਹੀਂ ਕਿਸੇ ਕਿਹਾ, ਭਾਰਤ ਤੇ ਜਿਹੜਾ ਭੀ ਹੱਲਾ ਹੋਇਆ । ਉਸ ਦਾ ਟਾਕਰਾ ਪੰਜਾਬੀ ਜੋਧਿਆਂ ਨੂੰ ਹੀ ਕਰਨਾ ਪਿਆ । (ਸੰ)

**ਪੰਜਾਬੀ ਟੱਟੂ ਤੇ ਖੁਰਾਸਾਨੀ ਦੁਲੱਤੇ ।**

**ਭਾਵ** :—ਜਦ ਕੋਈ ਹੈਂਕੜ ਵਿਚ ਆ ਕੇ ਆਪਣੇ ਦੇਸ਼ ਦਾ ਰਿਵਾਜ ਤੇ ਪਹਿਰਾਵਾ ਛਡ ਦੇਵੇ ਤਦ ਵਰਤਦੇ ਹਨ ।

**ਵਰਤੋਂ** :—ਪਤਾ ਨਹੀਂ ਲੋਕਾਂ ਨੂੰ ਕੀ ਹੋ ਗਿਆ ਹੈ ਭੇਡ-ਚਾਲ ਚਲ ਪਈ ਹੈ ਦੇਖੋ ਦੇਖੀ 'ਪੰਜਾਬੀ ਟੱਟੂ ਤੇ ਖੁਰਾਸਾਨੀ ਦੁਲੱਤੇ' ਵਾਲਾ ਹਿਸਾਬ ਹੋ ਗਿਆ ਹੈ । ਰਬ ਹੀ ਮੱਤ ਦੇਵੇ ਇਨ੍ਹਾਂ ਨੂੰ (ਸੰ)

**ਪੰਜਾਬੀ ਦਾ ਹੱਥ, ਹਿੰਦੁਸਤਾਨੀ ਦੀ ਜ਼ਬਾਨ । ਪਠਾਣ ਦਾ ਪੂਤ ਕਦੀ ਜਿੰਨ ਕਦੀ ਭੂਤ ।**

**ਭਾਵ** :- ਪੰਜਾਬੀ, ਹਿੰਦੁਸਤਾਨੀ ਤੇ ਪਠਾਣ ਦਾ ਸੁਭਾ ਦਸਿਆ ਹੈ ਕਿ ਪੰਜਾਬੀ ਮਾਰ ਕੁਟਾਈ ਕਰਦਾ ਹੈ, ਹਿੰਦੁਸਤਾਨੀ ਗਾਲ ਕਢਦਾ ਹੈ, ਪਠਾਣ ਡਰਾਉਂਦਾ ਹੈ ।

**ਵਰਤੋਂ** :—ਹਰ ਕੌਮ ਦਾ ਆਪਣਾ ਆਪਣਾ ਸੁਭਾ ਹੈ । 'ਪੰਜਾਬੀ ਦਾ ਹੱਥ, ਹਿੰਦੁਸਤਾਨੀ ਦੀ ਜ਼ਬਾਨ ਪਠਾਣ ਦਾ ਪੂਤ ਕਦੀ ਜਿੰਨ ਕਦੀ ਭੂਤ' । (ਸੇ)

**ਪੰਜੀ ਪਰਮੇਸਰ ।**

**ਭਾਵ** :—ਜਿਸ ਕੰਮ ਨੂੰ ਪੰਜ ਭਾਵ ਬਹੁਤ ਕਰਨ, ਉਹ ਜ਼ਰੂਰ ਸਿਰੇ ਚੜ੍ਹ ਜਾਂਦਾ ਹੈ । ਭਾਵ ਏਕੇ ਵਿਚ ਬੜੀ ਬਰਕਤ ਹੈ ।

**ਵਰਤੋਂ** — ਸਿਆਣਿਆਂ ਨੇ ਐਵੇਂ ਨਹੀਂ ਜੇ ਆਖਿਆ ਕਿ 'ਪੰਜੀ ਪਰਮੇਸ਼ਰ' ਤੁਸੀਂ ਪੰਜਾਂ ਨੇ ਕੰਮ ਸਿਰੇ ਚਾੜ੍ਹ ਦਿਤਾ ਨਹੀਂ ਤਾਂ ਇਕੱਲੇ ਦੁਕੱਲੇ ਦਾ ਕੰਮ ਨਹੀਂ ਸੀ ਇਹ । (ਸੰ)

**ਪੰਜੀ ਮੀਤ, ਪੰਜਾਹੀ ਠਾਕਰ ।**

**ਭਾਵ** :—ਪੈਸਾ ਖਰਚਣ ਨਾਲ ਸਭ ਕੰਮ ਸਰ ਸਕਦੇ ਹਨ ।

**ਵਰਤੋਂ** :—ਹਰ ਕਿਸੇ ਦਾ ਮੁੱਲ ਹੈ । ਜਿੰਨਾ ਗੁੜ ਪਾਓ ਓਨਾ ਮਿੱਠਾ ਹੁੰਦਾ ਹੈ । 'ਪੰਜੀ ਮੀਤ, ਪੰਜਾਹੀ ਠਾਕਰ, ਜਿੰਨਾ ਮੁੱਲ ਤਾਰੋ, ਓਨਾ ਕੰਮ ਕਰਨ ਲਉ । (ਸੰਗ੍ਰ)

**ਪੰਜੇ ਉਂਗਲਾਂ ਘਿਉ ਵਿਚ ।** ਜਾਂ **ਪੰਜੇ ਹੀ ਘਿਉ ਵਿਚ ।**

**ਭਾਵ** :—ਜਿਹੜਾ ਬੰਦਾ ਖੂਬ ਮੌਜ ਵਿਚ ਹੋਵੇ ।

**ਵਰਤੋਂ** :—ਉਸ ਦੀਆਂ ਤਾਂ ਅਜ ਕੱਲ 'ਪੰਜੇ ਉਂਗਲਾਂ ਘਿਉ ਵਿਚ ਹਨ' । ਕੰਮ ਕਾਰ ਚੜ੍ਹਦੀ ਕਲਾ ਵਿਚ ਹੈ ਤੇ ਪੁਤ ਸਾਰੇ ਚੰਗੀ ਅੰਹੁਦਿਆਂ ਸਿਰ ਗੇ ਹੋਇ ਹਨ । (ਸੰ)

**ਪੰਡਤ, ਵੈਦ, ਮਸਾਲਚੀ ਤਿੰਨੇ ਇਕ ਸਮਾਨ : ਲੋਕਾਂ ਨੂੰ ਦਸਣ ਚਾਨਣਾ ਆਪ ਅਨ੍ਹੇਰੇ ਜਾਣ ।**

**ਭਾਵ** :—ਪੰਡਤ, ਵੈਦ, ਤੇ ਮਸਾਲਚੀ ਲੋਕਾਂ ਨੂੰ ਰਾਹ ਦਸਦੇ ਹਨ, ਪਰ ਆਪ ਅਨ੍ਹੇਰੇ ਵਿਚ ਰਹਿੰਦੇ ਹਨ ।

**ਵਰਤੋਂ** :—ਤੁਸੀਂ ਇਨ੍ਹਾਂ ਪੰਡਤਾਂ ਭਾਈਆਂ, ਮੁਲਾਣਿਆਂ ਦੀਆਂ ਗੱਲਾਂ ਤੇ ਨਾ ਜਾਇਆ ਕਰੋ । ਇਹ 'ਪੰਡਤ, ਵੈਦ, ਮਸਾਲਚੀ ਤਿੰਨੇ ਇਕ ਸਮਾਨ' ਹੁੰਦੇ ਹਨ । ਇਨ੍ਹਾਂ ਦਾ ਉਪਦੇਸ਼ ਲੋਕਾਂ ਲਈ ਹੀ ਹੁੰਦਾ ਹੈ । ਆਪਣੇ ਲਈ ਨਹੀਂ (ਸੰਗ੍ਰ)

**ਪੰਥਾ ਪ੍ਰੇਮ ਨਾ ਜਾਣਈ ਭੂਲੀ ਫਿਰੈ ਗਵਾਰਿ ॥**

**ਭਾਵ** :—ਜੋ ਪ੍ਰੇਮ ਦਾ ਰਾਹ ਨਹੀਂ ਜਾਣਦਾ ਉਹ ਮੂਰਖਾਂ ਵਾਂਗ ਭੂਲਾ ਫਿਰਦਾ ਹੈ ।

**ਵਰਤੋਂ** :—

ਪੰਥਾ ਪ੍ਰੇਮ ਨਾ ਜਾਣਈ ਭੂਲੀ ਫਿਰੈ ਗਵਾਰੁ ॥
ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧਾਰ ॥
(ਗੁਰੂ ਗ੍ਰੰਥ—ਸ਼ਲੋਕ)

**ਪਿੰਡ ਉਜਾੜਿਆ ਚੌਧਰੀਆਂ, ਵਸਾਵਣ ਵਾਲਾ ਕੌਣ ।**

**ਭਾਵ** :—ਜੇ ਕਿਸੇ ਚੀਜ਼ ਦੇ ਰਾਖੇ ਹੀ ਉਸ ਨੂੰ ਉਜਾੜਨ ਲਗ ਪੈਣ, ਤਾਂ ਬਚਾਵੇ ਕੌਣ ?

**ਵਰਤੋਂ** :—ਮਿਤ੍ਰੋ ! ਇਸ ਪਿੰਡ ਨੇ ਉਜੜਨਾ ਸੀ, ਜਦ ਪੰਚ ਇਹੋ ਜਿਹੇ ਹੋਣ । 'ਪਿੰਡ ਉਜਾੜਿਆਂ ਚੌਧਰੀਆਂ ਵਸਾਵਣ ਵਾਲਾ ਕੌਣ' । (ਸੰਗ੍ਰ)

**ਪਿੰਡ ਸੜਿਆ, ਜੋਗੀ ਭਜਿਆ ।**

**ਭਾਵ** :—ਜਦ ਉਜਾੜਾ ਪੈ ਜਾਵੇ ਤਦ ਵਿਹਲੜ ਤੇ ਗੱਪੀ ਮਿੱਤਰ ਭਜ ਜਾਂਦੇ ਹਨ ।

**ਵਰਤੋਂ** :—ਸੁਆਮੀ ਸ਼ਬਦਾ ਨੰਦ ਦੀ ਸਿੱਖੀ ਪੁਠਹਾਰ ਵਿਚ ਕਾਫੀ ਸੀ । ਜਦੋਂ ਪੁਠਹਾਰ ਬਰਬਾਦ

ਕੀਤਾ ਗਿਆ, ਇਹ ਵੀ ਉਧਰ ਹੀ ਸਨ। ਪਰ 'ਪਿੰਡ ਸੜਿਆ ਜੋਗੀ ਭਜਿਆ' ਜਦ ਉਥੇ ਕੁਝ ਨਾ ਰਿਹਾ, ਤਾਂ ਇਹ ਵੀ ਖਿਸਕ ਆਏ।

(ਦਵਿੰਦਰ ਬਤੀਸੀ—ਡਾ: ਮੋਹਨ ਸਿੰਘ ਦੀਵਾਨਾ)

**ਪਿੰਡ ਗਹਾਰਿਆਂ ਤੋਂ ਹੀ ਦਿਸਦਾ ਹੈ।**

**ਭਾਵ** :—ਬ੍ਰਿਛ ਫਲਾਂ ਤੋਂ ਹੀ ਪਛਾਣਿਆ ਜਾਂਦਾ ਹੈ।

**ਵਰਤੋਂ** :—ਜਿਹਾ ਪੁੱਤਰ ਹੈ ਤਿਹਾ ਪਿਉ ਵੀ ਹੋਵੇਗਾ। 'ਪਿੰਡ ਗਹਾਰਿਆਂ ਤੋਂ ਹੀ ਦਿਸਦਾ ਹੈ'। (ਸੰਗ੍ਰ)

**ਪਿੰਡ ਨੂੰ ਅੱਗ ਲਗੀ ਤੇ ਕੁੱਤਾ ਰੂੜੀ ਤੇ।**

**ਭਾਵ** :—ਦੁਖ ਸਮੇਂ ਜਦ ਕੋਈ ਬੇ-ਪ੍ਰਵਾਹੀ ਕਰਕੇ ਲਾਂਭੇ ਹੋ ਜਾਵੇ।

**ਵਰਤੋਂ** :—ਤੁਸੀਂ ਵੀ ਹੱਦ ਕਰ ਵਿਖਾਈ ਏ। ਏਨੀ ਬਿਪਤਾ ਦੇ ਸਮੇਂ ਕੋਈ ਨਾ ਪੁਜਾ। 'ਪਿੰਡ ਨੂੰ ਅੱਗ ਲਗੀ ਤੇ ਕੁੱਤਾ ਰੂੜੀ ਤੇ, ਏਨੀ ਬੇਪ੍ਰਵਾਹੀ ਚੰਗੀ ਨਹੀਂ। (ਸੰਗ੍ਰ)

**ਪਿੰਡ ਪਿਆ (ਬੜਾ) ਨਹੀਂ ਉਚੱਕੇ ਅਗੋਂ ਹੀ ਆ ਗਏ।**

**ਭਾਵ** :—ਜਦ ਕਿਸੇ ਕੰਮ ਦੇ ਸਿਰੇ ਚੜ੍ਹਨ ਵਿਚ ਅਜੇ ਕਾਫੀ ਦੇਰੀ ਜਾਂ ਸਮਾਂ ਲਗਣਾ ਹੋਵੇ, ਪਰ ਆਸਵੰਦ ਉਤਾਵਲੇ ਹੋਣ।

**ਵਰਤੋਂ** :—ਪਾਲਾ ਸਿੰਘ ਖੁਸ਼ੀ ਨੂੰ ਰੋਕਦਿਆਂ ਹੋਇਆਂ ਬੋਲਿਆ—ਬਈ ਅਜੇ ਸਿਰੇ ਤੇ ਚੜ੍ਹ ਲੈਣ ਦਿਓ ਕੰਮ, 'ਪਿੰਡ ਪਿਆ ਨਹੀਂ ਉਚੱਕੇ ਅੱਗੇ ਹੀ ਆ ਗਏ ਜੇ'।

(ਚਿੱਟਾ ਲਹੂ—ਨਾਨਕ ਸਿੰਘ)

**ਪਿੰਡ ਵੜਨਾ ਮਿਲੇ ਨਾ ਤੇ ਕੁੱਛੜ ਬਹੇ ਨਿਲੱਜ।**

**ਭਾਵ** :—ਪੁਛ ਪ੍ਰਤੀਤ ਤਾਂ ਉਕੀ ਨਾ ਹੋਵੇ ਪਰ ਚੌਧਰੀ ਬਣ ਬਣ ਵਿਖਾਵੇ।

**ਵਰਤੋਂ** :—ਨੀ ਤੇਰੀ ਤਾਂ ਇਹ ਹਾਲਤ ਏ ਅਖੇ 'ਪਿੰਡ ਵੜਨਾ ਭਾਵੇ ਨਾ, ਤੇ ਕੁਛੜ ਬਹੇ ਨਿਲਜ' ਪੁਛਦਾ ਤੈਨੂੰ ਘਰ ਵਿਚ ਕੋਈ ਹੈ ਨਹੀਂ ਪਰ ਤੂੰ ਚੌਧਰਿਆਣੀ ਬਣੀ ਫਿਰਨੀ ਏਂ। (ਸੰਗ੍ਰ)

**ਪਿੰਡ ਵੇ ਅਗਾਂਹ, ਪੁੱਤਾ ਵੇ ਪਿਛਾਂਹ।**

**ਭਾਵ** :—ਜਦ ਕੋਈ ਦੂਜਿਆਂ ਨੂੰ ਕੁਰਬਾਨੀ ਦਾ ਬਕਰਾ ਬਣਾਵੇ।

**ਵਰਤੋਂ** :—ਮਜ਼ਾ ਤਦ ਆਵੇ, ਜੇ ਤੇਰਾ ਆਪਣਾ ਨੁਕਸਾਨ ਹੁੰਦਾ। ਤੂੰ ਤਾਂ ਸਾਡੀ ਕੀਮਤ ਤੇ ਮੌਜ ਉਡਾਨਾ ਏਂ ਅਖੇ ਪਿੰਡਾ ਵੇ ਅਗਾਂਹ, ਪੁੱਤਾ ਵੇ ਪਿਛਾਂਹ'। (ਸੰਗ੍ਰ)

**ਪੁੰਨ ਦੀ ਗਊ ਦੇ ਦੰਦ ਕੌਣ ਵੇਖਦਾ ਹੈ।**

**ਭਾਵ** :—ਪੁੰਨ ਸਮੇਂ ਪੁੰਨ ਲੈਣ ਵਾਲਾ ਕੁਝ ਨਹੀ ਆਖਦਾ। ਪੁੰਨ ਕਰਨ ਵਾਲਾ ਜੋ ਜੀ ਆਵੇ ਦੇ ਦੇਵੇ।

**ਵਰਤੋਂ** :—ਪੰਡਤ—ਭੁਲੀਏ ਲੋਕੇ, 'ਪੁੰਨ ਦੀ ਗਊ ਦੇ ਦੰਦ ਕੌਣ ਵੇਖਦਾ ਹੈ' ਜੋ ਮਿਲ ਗਿਆ ਲਾਹੇ ਦਾ। ਅਸਾਂ ਕਿਹੜੇ ਟੱਕੇ ਖਰਚੇ ਨੇ? (ਸੰਗ੍ਰ)

**ਪੂੰਜੀ ਥੋੜੀ ਹਾਕ ਘਨੇਰੀ।**

**ਭਾਵ** :—ਹੋਵੇ ਗਰੀਬੀ ਪਰ ਹੈਂਕੜ ਤੇ ਸ਼ੂੰ ਸ਼ਾਂ ਅਮੀਰੀ ਦੀ ਰਖੇ।

**ਵਰਤੋਂ** :—'ਪੂੰਜੀ ਥੋੜੀ ਹਾਕ ਘਨੇਰੀ' ਵਾਲੀ ਗੱਲ ਹੈ ਤੇਰੀ ਤਾਂ ਘਰ ਵਿਚ ਆਟਾ ਦਾਣਾ ਨਹੀਂ ਚਲਦਾ। ਪਰ ਬਾਹਰ ਫੂੰ ਫਾਂ ਬੜੀ ਰਖਣਾ ਏਂ। (ਸੰ)

**ਪੈਂਚ ਕਿਨ ਬਣਾਇਆ, ਮੜ੍ਹੀਆਂ ਵਾਲਿਆਂ।**

**ਭਾਵ** :—ਚੰਗਿਆਂ ਦੇ ਨਾ ਹੋਣ ਕਰਕੇ ਮਾੜਿਆ ਨੂੰ ਜਦ ਚੰਗੀ ਪਦਵੀ ਮਿਲ ਜਾਵੇ।

**ਵਰਤੋਂ** :—ਹੋਰ ਕੌਣ ਸੀ ਉਥੇ ਉਜਾੜ ਵਿੱਚ। ਅਖੇ 'ਪੈਂਚ ਕਿਨ ਬਣਵਾਇਆ, ਮੜ੍ਹੀਆਂ ਵਾਲਿਆਂ' ਸੋ ਇਹੀ ਬੁੱਧੂ ਚੌਧਰੀ ਬਣ ਬੈਠਾ। (ਸੰਗ੍ਰ)

**ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਹੀ।**

**ਭਾਵ** :—ਸਮਝਾਉਣ ਬੁਝਾਉਣ ਤੇ ਵੀ ਕੋਈ ਜਦ ਆਪਣੀ ਜ਼ਿਦ ਤੋਂ ਨ ਟਲੇ।

**ਵਰਤੋਂ** :—ਕਈ ਘੰਟੇ ਮਗਜ਼ ਖਪਾਇਆ ਪਰ 'ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਹੀ ਰਿਹਾ। ਉਸ ਉਤੇ ਕੋਈ ਅਸਰ ਨਾ ਹੋਇਆ। (ਸੰਗ੍ਰ)

## ਫ

**ਫਸ ਗਈ ਤਾਂ ਫਟਕਣ ਕੀ।** ਜਾਂ **ਫਸੀ ਦਾ ਫਟਕਣ ਕੀ ?**

**ਭਾਵ** :—ਕਿਸੇ ਜ਼ਿਮੇਵਾਰੀ ਨੂੰ ਸਹੇੜ ਕੇ ਭਾਵੇਂ ਉਹ ਦੁਖਦਾਈ ਵੀ ਹੋਵੇ ਗਿਲਾ ਨਹੀਂ ਕਰਨਾ ਚਾਹੀਦਾ।

**ਵਰਤੋਂ** :—ਹੁਣ ਰੋਣਾ ਫਜ਼ੂਲ ਹੈ। 'ਫਸ ਗਈ ਤੇ ਫਟਕਣ ਕੀ?' ਹੁਣ ਤਾਂ ਜਿਵੇਂ ਕਿਵੇਂ ਜ਼ਿਮੇਵਾਰੀ ਨਿਬਾਹਵਾਂਗੇ। (ਸੰਗ੍ਰ)

**ਫਕੀਰ ਦਾ ਕਹਿਰ ਝੌਂਪੜੀ ਤੇ।**

**ਭਾਵ** :—ਮਾੜੇ ਦਾ ਗੁਸਾ ਮਾੜਿਆਂ ਉਤੇ ਹੀ ਵਰ੍ਹਦਾ ਹੈ।

**ਵਰਤੋਂ** :—ਇਹ ਦਸ਼ਾ ਦੇਖਕੇ ਮਿਰਾਸਣ ਦੇ ਕਲੇਜੇ ਵਿੰਨੇ ਗਏ, ਪਰ ਕੀ ਕਰਨ 'ਫਕੀਰ ਦਾ ਕਹਿਰ ਝੌਂਪੜੀ ਤੇ'।

(ਚਰਣਹਰਿ ਵਿਸਥਾਰ—ਡਾ. ਬਲਬੀਰ ਸਿੰਘ)

**ਫ਼ਕੀਰ ਦੀ ਬੁਰ ਤੇ ਅਮੀਰ ਦਾ ਦਰ ਬਰਾਬਰ।**

**ਭਾਵ** :—ਫ਼ਕੀਰ ਦੀ ਗੋਦੜੀ ਅਮੀਰਾਂ ਦੀ ਸ਼ਾਨ ਤੋਂ ਘਟ ਨਹੀਂ।

**ਵਰਤੋਂ** :—ਕਿਰਤੀ—ਗ਼ਰੀਬ ਹਾਂ, ਪਰ ਅਣਖ, ਤੁਸਾਡੇ ਨਾਲੋਂ ਘਟ ਨਹੀਂ, ਅਜ਼ਮਾ ਵੇਖੋ ਅਖੇ 'ਫਕੀਰ ਦੀ ਬੁਰ ਤੇ ਅਮੀਰ ਦਾ ਦਰ ਬਰਾਬਰ' ਵਾਲਾ ਲੇਖਾ ਹੈ ਇਥੇ। (ਸੰਗ੍ਰ)

**ਫੱਤੂ ਦੀ ਫਤ ਫਤ।**

**ਭਾਵ** :—ਰੌਲਾ ਬਹੁਤ ਤੇ ਵਿੱਚੋਂ ਕੁਝ ਵੀ ਨਾ।

**ਵਰਤੋਂ** :—ਕਈ ਵਾਰੀ ਅਜਿਹਾ ਹੋਇਆ, ਕਿ ਪ੍ਰਕਾਸ਼ ਦੀ ਕੋਈ ਇਖਲਾਕੀ ਗਿਰਾਵਟ ਵੇਖਕੇ ਮਦਨ ਵਲੋਂ ਝਾੜਾਂ ਦੀ ਬੁਛਾੜ ਸ਼ੁਰੂ ਹੋ ਗਈ ਤੇ ਪ੍ਰਕਾਸ਼ ਬਿੱਲੀ ਬਣ ਕੇ ਸੁਣੀ ਗਿਆ। ਪਰ ਫਿਟਕਾਰਾਂ ਦਾ ਅਸਰ ਕੀ ? ਬਸ 'ਫੱਤੂ ਦੀ ਫਤ ਫਤ'।

(ਗੰਗਾ ਜਲੀ ਵਿੱਚ ਸ਼ਰਾਬ—ਨਾਨਕ ਸਿੰਘ)

**ਫਫੇ ਕੁਟਣ, ਲੱਗੀ ਲੁਟਣ।**

**ਭਾਵ** :—ਜਦ ਕੋਈ ਫਰੇਬੀ ਚਲਾਕੀਆਂ ਨਾਲ ਲੁਟਣ ਦੀ ਕਰੇ।

**ਵਰਤੋਂ** :—ਜਾਹ ਨੀ, ਆਪਣਾ ਕੰਮ ਕਰ, 'ਫਫੇ ਕੁਟਣ, ਲੱਗੀ ਲੁਟਣ' ਚਲਾਕੀਆਂ ਨਾਲ ਤੂੰ ਮੇਰਾ ਵੀਰ ਲੁਟ ਖਾਧਾ। (ਸੰਗ੍ਰ)

**ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਇ ਕੰਮਿ।**

**ਭਾਵ** —ਦੁਨਿਆਂ ਵਿੱਚ ਕੀਤੇ ਅਮਲ ਹੀ ਰਬ ਦੀ ਦਰਗਹ ਵਿਚ ਕੰਮ ਆਉਂਦੇ ਹਨ।

**ਵਰਤੋਂ** :—

ਵੇਖਹੁ ਬੰਦਾ ਚਲਿਆ
ਚਹੁ ਜਣਿਆ ਦੈ ਕੰਨਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ
ਦਰਗਹ ਆਇ ਕੰਮਿ ॥

(ਗੁਰੂ ਗ੍ਰੰਥ—ਸ਼ਲੋਕ ਫਰੀਦ)

**ਫਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ ।**

**ਭਾਵ** :—ਇਸਤਰੀ ਰੂਪ ਗੰਦਲਾ ਜ਼ਹਿਰ ਹਨ। ਇਹ ਖੰਡ ਨਾਲ ਲਿਬੇੜ ਕੇ ਸੋਹਣੀਆਂ ਬਣਾਕੇ ਰਖੀਆਂ ਹਨ। ਪਰ ਜੋ ਇਨ੍ਹਾਂ ਨੂੰ ਖਾਵੇ ਨਾਸ਼ ਹੋ ਜਾਂਦਾ ਹੈ।

**ਵਰਤੋਂ** :—

ਫਰੀਦ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ ।
ਇਕਿ ਰਾਹਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ।
(ਗੁਰੂ ਗ੍ਰੰਥ—ਸ਼ਲੋਕ ਫਰੀਦ)

**ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ।**

**ਭਾਵ** :—ਜਿਨ੍ਹਾਂ ਨੇ ਜਵਾਨੀ ਵਿੱਚ ਚੰਗੇ ਕੰਮ ਨਹੀਂ ਕੀਤੇ, ਬੁਢੇਪੇ ਵਿਚ ਕਿਵੇਂ ਕਰਨਗੇ ?

**ਵਰਤੋਂ** :—

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ।
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ।
(ਗੁਰੂ ਗ੍ਰੰਥ—ਸ਼ਲੋਕ ਸ਼ੇਖ ਫਰੀਦ)

**(ਫਰੀਦਾ) ਗੁਨਹੀ ਭਰਿਆ ਮੈਂ ਫਿਰਾਂ ਲੋਕੁ ਕਹੈ ਦਰਵੇਸੁ ।**

**ਭਾਵ** :—ਬਾਹਰੋਂ ਚੰਗਾ ਦਿਸਣਾ, ਪਰ ਅੰਦਰੋਂ ਮਾੜਾ ਹੋਣਾ ।

**ਵਰਤੋਂ** :—

ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ ॥
ਗੁਨਹੀ ਭਰਿਆ ਮੈਂ ਫਿਰਾਂ ਲੋਕੁ ਕਹੈ ਦਰਵੇਸ ॥
(ਗੁਰੂ ਗ੍ਰੰਥ—ਸਲੋਕ ਸ਼ੇਖ ਫਰੀਦ)

**ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ।**

**ਭਾਵ** :—ਹੇ ਮਨੁਖ, ਜਿਨ੍ਹਾਂ ਕੰਮਾਂ ਦੇ ਕਰਨ ਦਾ ਕੋਈ ਲਾਹਾ ਨਹੀਂ, ਉਹ ਕੰਮ ਕਰਨੇ ਛਡ ਦੇ ।

**ਵਰਤੋਂ** :—

ਫਰੀਦਾ ਜਿਨੀ ਕੰਮੀ ਨਾਹਿ ਗੁਣ
ਤੇ ਕੰਮੜੇ ਵਿਸਾਰਿ ॥
ਮਤੁ ਸ਼ਰਮਿੰਦਾ ਥੀਵਹੀ
ਸਾਂਈ ਦੈ ਦਰਬਾਰਿ ॥
(ਗੁਰੂ ਗ੍ਰੰਥ—ਸ਼ਲੋਕ ਫਰੀਦ)

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਈਐ ਜਗਿ ।**

**ਭਾਵ** :—ਮੈਂ ਸਮਝਿਆ ਕਿ ਕੇਵਲ ਮੈਂ ਹੀ ਦੁਖੀ ਹਾਂ ਪਰ ਦੁਖੀ ਤਾ ਸਾਰਾ ਸੰਸਾਰ ਹੈ ।

**ਵਰਤੋਂ** :—

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ
ਦੁਖੁ ਸਬਾਇਐ ਜਗਿ ॥
ਉਚੇ ਚੜ੍ਹਿ ਕੈ ਦੇਖਿਆ ਤਾਂ
ਘਰਿ ਘਰਿ ਏਹਾ ਅਗਿ ॥
(ਗੁਰੂ ਗ੍ਰੰਥ—ਸ਼ਲੋਕ ਫਰੀਦ ਜੀ)

**ਫਰੀਦਾ ਲੋਕਾਂ ਆਪੋ ਆਪਣੀ ਮੈਂ ਆਪਣੀ ਪਈ ।**

**ਭਾਵ** :—ਹਰ ਕਿਸੇ ਨੂੰ ਆਪਣਾ ਆਪਣਾ ਫਿਕਰ ਹੈ ਤੇ ਮੈਨੂੰ ਆਪਣਾ ।

**ਵਰਤੋਂ** :—

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥
ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥
(ਗੁਰੂ ਗ੍ਰੰਥ—ਸ਼ਲੋਕ ਫਰੀਦ ਜੀ)

**ਫਰੀਦਾ ਲੋੜੇ ਦਾਖ ਬਿਜਉਰੀਆ ਕਿਕਰ ਬੀਜੇ ਜਟੁ ।**

**ਭਾਵ** :—ਜੋ ਕਰੋਗੇ, ਓਹੀ ਭਰੋਗੇ ।

**ਵਰਤੋਂ** :—

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥
(ਗੁਰੂ ਗ੍ਰੰਥ—ਸ਼ਲੋਕ ਫਰੀਦ ਜੀ)

**ਫੜਿਆ ਚੋਰ ਤੇ ਨਿਕਲਿਆ ਜੁਲਾਹਾ ।**

**ਭਾਵ** :—ਕੰਮ ਤਾਂ ਕਿਸੇ ਹੋਰ ਮਨੋਰਥ ਨਾਲ ਕੀਤਾ ਜਾਵੇ, ਪਰ ਸਿੱਟਾ ਕੁਝ ਹੋਰ ਨਿਕਲੇ ।

**ਵਰਤੋਂ** :— ਤੁਸੀਂ ਵੀ ਉਨ੍ਹਾਂ ਵਿਚੋਂ ਭੇਡਾਂ ਚੰਗੀਆ ਪਛਾਣਦੇ ਹੋ । ਅਖੇ 'ਫੜਿਆ ਚੋਰ ਤੇ ਨਿਕਲਿਆ ਜੁਲਾਹਾ' ਬੰਦਾ ਕੁਬੰਦਾ ਤਾਂ ਵੇਖ ਲਿਆ ਕਰੋ । (ਸੰਗ੍ਰ)

**ਫਾਕੇ ਪਏ ਮਰਾਂਗੇ, ਲਾਡ (ਕਲੋਲ) ਪਏ ਕਰਾਂਗੇ ।**

**ਭਾਵ** :—ਜਦ ਭੁੱਖੜ ਪ੍ਰੀਤ ਨੂੰ ਨਿੰਦਣਾ ਹੋਵੇ, ਤਦ ਵਰਤਦੇ ਹਨ ।

**ਵਰਤੋਂ** :—ਮੈਂ ਵਰਜਦਾ ਰਿਹਾ ਉਸ ਯਤੀਮ ਨਾਲ ਵਿਆਹ ਨਾ ਕਰ । ਪਰ ਇਹਨੇ ਮੇਰੀ ਇਕ ਨਾ ਮੰਨੀ । ਆਖੇ, ਫਾਕੇ ਪਏ ਮਰਾਂਗੇ, ਲਾਡ ਪਏ ਕਰਾਂਗੇ । (ਸੰਗ੍ਰ)

**ਫਾਥੀਆਂ ਨੂੰ ਛਡਕੇ ਉਡਦੀਆਂ ਦੇ ਪਿੱਛੇ ਨਹੀਂ ਪਈਦਾ ।**

**ਭਾਵ** :—ਹੱਥਾਂ ਵਿੱਚ ਆਈ ਚੀਜ਼ ਨੂੰ ਛਡ, ਹੱਥਾਂ ਵਿਚ ਆਉਣ ਵਾਲੀ ਦੇ ਮਗਰ ਪੈਣਾ, ਜਾਂ ਫਿਰਨਾ ਠੀਕ ਨਹੀਂ ।

**ਵਰਤੋਂ** :— ਰਾਇ ਸਾਹਿਬ—ਸਾਡੇ ਵਲੋਂ ਕੋਈ ਅਮਰੀਕਨ ਗੱਟਰਨਡ ਮਿਲ ਜਾਏ, ਪਰ ਮਿਲੇ ਭੀ । ਇਹ ਤਾਂ 'ਫਾਥੀਆਂ ਨੂੰ ਛਡ ਕੇ ਉਡਦੀਆਂ ਦੇ ਪਿਛੇ ਨਠਣ ਵਾਲੀ ਗੱਲ ਏ' । (ਵਰ ਘਰ—ਆਈ. ਸੀ. ਨੰਦਾ)

**ਫਿਟੁ ਇਵੇਹਾ ਜੀਵਿਆ ਜਿਤ ਖਾਇ ਵਧਾਇਆ ਪੇਟੁ ।**

**ਭਾਵ** :—ਉਹ ਜੀਵਨ ਕਿਸ ਕੰਮ ਜਿਸ ਵਿਚੋਂ ਮਨੁਖ ਨਿਰੀ ਪੇਟ ਪੂਜਾ ਹੀ ਕਰਦਾ ਰਹੇ ।

**ਵਰਤੋਂ** :—

ਫਿਟੁ ਇਵੇਹਾ ਜੀਵਿਆ ਜਿਤੁ
ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ
ਸਭੋ ਦੁਸਮਨੁ ਹੇਤੁ ॥

(ਗੁਰੂ ਗ੍ਰੰਥ—ਵਾਰ ਸੂਹੀ)

**ਫਿਫਰ ਦਾ ਸਾਲਣਾ ਤੇ ਸਾਂਢੂ ਦਾ ਕੀ ਸਾਕ ?**

**ਭਾਵ** :- ਕਿਸੇ ਮਾਮੂਲੀ ਚੀਜ਼ ਜਾਂ ਸਾਕ ਤੇ ਮਾਣ ਕਰਨਾ ਭੁਲ ਹੈ ।

**ਵਰਤੋਂ** :—ਨਿਤ ਸਾਢੂ ਦੀ ਸਿਫਤ ਸ਼ੁਰੂ ਕਰ ਲੈਂਦਾ ਏ, ਯਾਰ ! ਤੈਨੂੰ ਉਹਦੀ ਦੌਲਤ ਦਾ ਕੀ ਭਾ ? 'ਫਿਫਰ ਦਾ ਕੀ ਸਾਲਣਾ ਤੇ ਸਾਂਢੂ ਦਾ ਕੀ ਸਾਕ' ? (ਸੰਗ੍ਰ)

**ਫਿਰ ਪਛਤਾਏ ਕਿਆ ਹੋਇ ਜਬ ਚਿੜੀਆਂ ਚੁਗਿਆ ਖੇਤ ।**

**ਭਾਵ** :—ਜਦ ਨੁਕਸਾਨ ਹੋ ਜਾਵੇ, ਤਾਂ ਪਿਛੋਂ ਪਛਤਾਣ ਦਾ ਕੀ ਲਾਭ ?

**ਵਰਤੋਂ** :—ਉਸ ਸਮੇਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਅਸਾਂ ਭੁਲ ਕੀਤੀ ਤੇ ਸਿਆਣਿਆਂ ਦੀ ਸਿਖਿਆ ਨਹੀਂ ਮੰਨੀ ਤੇ ਮਨ ਦੇ ਵੇਗ ਮਗਰ ਲਗੀਆਂ ਪਰ 'ਫਿਰ ਪਛਤਾਏ ਕਿਆ ਹੋਇ ਜਬ ਚਿੜੀਆਂ ਚੁਗ ਗਈਆਂ ਖੇਤ । (ਬਿਜੈ ਸਿੰਘ—ਭਾਈ ਵੀਰ ਸਿੰਘ)

**ਫੀਸਾਂ ਤੇ ਜੁਰਮਾਨਿਆਂ ਦੀ ਭਰ ਲੈ ਚੱਟੀ, ਓੜਕ ਬਚਾ ਮੂਲਿਆ ਤੂੰ ਬਹਿਣਾ ਹੱਟੀ ।**

**ਭਾਵ** :—ਜਦ ਕੋਈ ਮਨੁਖ ਕਿਸੇ ਵਡੇ ਕੰਮ ਨੂੰ ਹੱਥ ਪਾਕੇ ਸਫਲ ਨਾ ਹੁੰਦਾ ਦਿਸੇ, ਤੇ ਮੁੜ ਉਸਦੇ ਪਿਛਾਂਹ ਨੂੰ ਪਰਤਣ ਦੀ ਆਸ ਹੋਵੇ, ਤਾਂ ਵਰਤਦੇ ਹਨ ।

**ਵਰਤੋਂ** :—ਬਥੇਰਾ ਸਮਝਾਇਆ ਪਈ ਤੇਰੇ ਵਿਤ ਦੀ ਇਹ ਖੇਡ ਨਹੀਂ । ਪਰ ਨਾ ਹੀ ਮੰਨਿਆ ।

ਅੰਤ ਘਰ ਝੁੱਗਾ ਫੂਕ ਕੇ ਅਗੇ ਨਾਲੋਂ ਵੀ ਭੈੜੇ ਹਾਲ ਮੁੜਿਆ। ਮੈਂ ਤਾਂ ਪਹਿਲਾਂ ਹੀ ਕਹਿ ਦਿਤਾ ਸੀ ਪਈ 'ਫੀਸਾਂ ਤੇ ਜੁਰਮਾਨਿਆਂ ਦੀ ਭਰ ਲੈ ਚੱਟੀ, ਓੜਕ ਬੱਚਾ ਮੂਲਿਆ ਤੂੰ ਬਹਿਣਾ ਹੱਟੀ'। (ਮੰਗੂ)

**ਫੁੱਟ ਸੈਣ ਤੇ ਇਕ ਰਸੈਣ।** ਜਾਂ **ਫੁੱਟ ਡੈਣ ਤੇ ਇਕ ਰਸੈਣ।**

**ਭਾਵ** :—ਮਿਲ ਬੈਠਣ ਵਿਚ ਹੀ ਬਰਕਤ ਹੈ ਫੁਟ ਬੜੀ ਮਾੜੀ ਹੈ।

**ਵਰਤੋਂ** :—ਭਾਈ ਮਿਲ ਜੁਲ ਕੇ ਹੀ ਅਜ ਕਲ ਕੋਈ ਕੰਮ ਸਿਰੇ ਚੜ੍ਹ ਸਕਦਾ ਹੈ। ਜਿਥੇ ਫੁਟ ਪਈ ਸਮਝੋ ਘਰ ਤਬਾਹ ਹੋ ਗਿਆ। ਸਿਆਣਿਆਂ ਨੇ ਸਚ ਆਖਿਆ ਹੈ ਕਿ 'ਫੁਟ ਸੈਣ ਤੇ ਇਕ ਰਸੈਣ'। (ਮੰਗੂ)

**ਫੁੱਲ ਬੀਜਿਆ ਸੀ ਕੰਡੇ ਉਗ ਪਏ।**

**ਭਾਵ** :—ਕੀਤਾ ਕੰਮ ਚੰਗੇ ਲਈ ਹੋਵੇ, ਪਰ ਸਿੱਟਾ ਮੰਦਾ ਨਿਕਲੇ।

**ਵਰਤੋਂ** :—

'ਫੁੱਲ ਬੀਜਿਆ ਸੀ ਕੰਡੇ ਉਗ ਪਏ,
ਵਾਹ ਵਾਹ ਇਹ ਕਿਸਮਤਾਂ ਸਾਡੀਆਂ ਨੀ।
ਵਾਰਸਸ਼ਾਹ ਨਾ ਅਡੀਆਂ ਲਗਦੀਆਂ ਨੀ,
ਸਾਨੂੰ ਇਹ ਜੋ ਤੇਰੀਆਂ ਵਾਦੀਆਂ ਨੀ।
(ਹੀਰ—ਵਾਰਸ ਸ਼ਾਹ)

**ਫੁੱਲਾਂ ਦੀ ਵਾਸ਼ਨਾਂ ਦੂਰੋਂ ਚੰਗੀ।**

**ਭਾਵ** :—ਜਦ ਕੋਈ ਚੰਗਾ ਮਨੁਖ ਨੇੜੇ ਆਇਆ ਓਨਾ ਚੰਗਾ ਨਾ ਲਗੇ।

**ਵਰਤੋਂ** :—'ਫੁੱਲਾਂ ਦੀ ਵਾਸ਼ਨਾਂ ਦੂਰੋਂ ਚੰਗੀ' ਦੂਰ ਦੇ ਢੋਲ ਸੁਹਾਵਣੇ। ਨੇੜੇ ਹੋ ਕੇ ਮਿੱਤਰ ਨੂੰ ਵੇਖਿਆ ਤਾਂ ਅੰਦਰੋਂ ਪਾਪ ਹੀ ਪਾਪ ਦਿਸੇ। (ਮੰਗੂ)

**ਫੁੱਲਾਂ ਨਾਲ ਕੰਡੇ ਹੁੰਦੇ ਨੇ।**

**ਭਾਵ** :—ਕਿਸੇ ਸੁੰਦਰ ਜਾਂ ਵਡਮੁਲੀ ਚੀਜ਼ ਦੀ ਪ੍ਰਾਪਤੀ ਲਈ ਦੁਖ ਝਲਣੇ ਪੈਂਦੇ ਨੇ ਜਾਂ ਗੁਣ ਔਗਣ ਰਲੇ ਮਿਲੇ ਹੁੰਦੇ ਹਨ।

**ਵਰਤੋਂ** :—ਬਿਨਾਂ ਔਗਣਾਂ ਦੇ ਤਾਂ ਬਸ ਇਕ ਰੱਬ ਦੀ ਜ਼ਾਤ ਹੀ ਹੈ। ਹਰ ਫੁੱਲ ਨਾਲ ਕੰਡੇ ਜ਼ਰੂਰ ਹੁੰਦੇ ਹਨ। (ਮੰਗੂ)

**ਫੂਲੀ ਖੇਤੀ ਦੇਖ ਕੇ ਗਰਬ ਕਰੇ ਕਿਰਸਾਣ, ਨੇਰ੍ਹੀ ਝੱਖੜ ਬਹੁਤ ਨੇ ਘਰ ਆਏ ਤਾਂ ਜਾਣ।**

**ਭਾਵ**: —ਕੰਮ ਕਿੰਨਾ ਵੀ ਤੋੜ ਚੜ੍ਹਿਆ ਹੋਵੇ, ਜਦ ਤੀਕ ਸਾਰਾ ਸੰਪੂਰਨ ਨਾ ਹੋ ਜਾਵੇ, ਕੁਝ ਪਤਾ ਨਹੀਂ ਕੀ ਹੋ ਜਾਵੇ ?

**ਵਰਤੋਂ** :—ਕੇਸਰੀ—ਇਹ ਵੀ ਤਾਂ ਸਿਆਣੇ ਕਹਿੰਦੇ ਨੇ 'ਫੂਲੀ ਖੇਤੀ ਦੇਖਕੇ ਗਰਬ ਕਰੇ ਕਿਰਸਾਣ, ਨੇਰ੍ਹੀ ਝੱਖੜ ਬਹੁਤ ਨੇ ਘਰ ਆਏ ਤਾਂ ਜਾਣ'। ਬਾਊ ਜੀ ਇਹ ਤਾਂ ਰੱਬ ਦੇ ਰੰਗ ਨੇ। ਉਹ ਚਾਹੇ ਤੇ ਕਿਸੇ ਨੂੰ ਅਮੀਰ ਬਣਾਏ, ਚਾਹੇ ਪੱਕੀ ਨੂੰ ਉਜਾੜ ਦਏ।
(ਦੂਰ ਦੁਫਾਡੇ ਸ਼ਹਿਰੋਂ—ਹਰਚਰਨ ਸਿੰਘ)

**ਫੂਹੀ ਫੂਹੀ ਤਲਾ ਭਰ ਜਾਂਦਾ ਏ।**

**ਭਾਵ** :—ਥੋੜੀ ਥੋੜੀ ਚੀਜ਼ ਇੱਕਠੀ ਹੋ ਕੇ ਚੋਖੀ ਬਣ ਜਾਂਦੀ ਹੈ।

**ਵਰਤੋਂ** :—

ਅਡ ਅਡ ਹਰਫ ਰਲੇ,
ਰਲ ਮਿਲਕੇ ਰੱਬੀ ਭੇਤ ਲਿਖਾਓ।
ਫੂਹੀਏ ਫੂਹੀਏ ਮਿਲ ਕੇ,
ਬਦਲ ਵਿਚ ਅਸਮਾਨ ਉਡਾਓ।
(ਧੁੱਪ ਛਾਂ—ਡਾ. ਮੋਹਨ ਸਿੰਘ)

**ਫਰ ਰੂੰ ਦੀ ਰੂੰ ਰਹਿ ਗਈ।**

**ਭਾਵ** :—ਭਾਵੇਂ ਕੁਝ ਵੀ ਕਰੋ ਅੰਤ ਓਹੀ ਹਾਲ ਰਹੇ।

**ਵਰਤੋਂ** :—ਕਿਤੋਂ ਆਵਾਜ਼ ਆਈ ਸੀ ਕਿ ਪੋਸਤੀ ਨੂੰ ਕੋਈ ਚੀਜ਼ ਮਿਲਣੀ ਹੈ। ਸਿਰ ਤੇ ਹੱਥ ਰਖਿਆ ਤਾਂ ਰੂੰ—ਪੂਣੀ ਦੇਖਕੇ ਬੋਲੇ—ਹੈਂ! ਕਤਾਈ ਗਈ, ਉਣਾਈ ਗਈ, ਤਣਾਈ ਗਈ, ਧੁਆਈ ਗਈ, ਛਪਾਈ ਗਈ। 'ਫੇਰ ਰੂੰ ਦੀ ਰੂੰ ਰਹਿ ਗਈ।
(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਬੀਰ ਸਿੰਘ)

## ਫੋਕਾ ਰੌਲਾ ਗਿੱਦੜ ਪਾਉਣ।

ਆਦਮੀ ਤੋਂ ਹੁੰਦਾ ਕੁਝ ਨਹੀਂ ਨਿਰਾ ਰੌਲਾ ਹੀ ਪਾਉਂਦਾ ਹੈ।

**ਵਰਤੋਂ** :—ਪੋਰਸ—ਹਥਿਆਰ ਉਹ ਜੋ ਵੇਲੇ ਸਿਰ ਕੰਮ ਆਵੇ, ਸੂਰਾ ਉਹ ਜੋ ਮੈਦਾਨ ਵਿਚ ਜੰਗ ਲੜੇ। ਫੋਕਾ ਰੌਲਾ ਗਿੱਦੜ ਪਾਉਂਦੇ ਨੇ।

(ਰਾਜਾ ਪੋਰਸ—ਹਰਚਰਨ ਸਿੰਘ)

## ਫਕੀ ਸ਼ੇਖੀ ਦਾ ਮੁਲ ਮਖੌਲ।

**ਭਾਵ** :—ਬਿਨਾ ਤਾਕਤ, ਫੋਕੀਆਂ ਫੜਾਂ ਮਾਰੀ ਜਾਣੀਆਂ ਦੂਜਿਆਂ ਦੇ ਠੱਠੇ ਦਾ ਕਾਰਨ ਬਣਦੀਆਂ ਹਨ।

**ਵਰਤੋਂ** :—ਰਾਣੀ—ਤੁਸੀਂ ਮਾਲਕ ਹੋ, ਜੋ ਜੀ ਆਵੇ ਕਰੋ, ਪਰ ਆਪਣੀ ਤਾਕਤ ਦਾ ਪੂਰਾ ਪਤਾ ਕਰ ਲੈਣਾ। 'ਫੋਕੀ ਸ਼ੇਖੀ ਦਾ ਮੂਲ ਮਖੌਲ' ਪਿਛੋਂ ਲੋਕੀ ਕੋਸਣਗੇ।

(ਸੰਗ੍ਰ)

# ਬ

## ਬੱਸ ਤੇ ਰੱਬ ਦੇ ਵੱਸ।

**ਭਾਵ** :—ਜਦ ਕੋਈ ਬਹੁਤ ਦੁਖੀ ਹੋ ਜਾਵੇ।

**ਵਰਤੋਂ** :—ਹੁਣ ਤੇ ਅਤਿ ਹੋ ਗਈ ਹੈ। ਹੋਰ ਦੁਖ ਨਹੀਂ ਸਹਾਰਿਆ ਜਾਂਦਾ। 'ਬੱਸ ਤੇ ਰੱਬ ਦੇ ਵੱਸ'।

(ਸੰਗ੍ਰ)

## ਬਸ ਦਮ ਦਾ ਦਮ।

**ਭਾਵ** :—ਇਕੱਲਾ ਤੇ ਨਿਵੇਕਲਾ।

**ਵਰਤੋਂ** :—ਸਿਰ ਤੇ ਨਾ ਮਾਂ ਨਾ ਪਿਉ, 'ਬਸ ਦਮ ਦਾ ਦਮ'।

(ਜੀਵਨ ਸੰਗਰਾਮ—ਨਾਨਕ ਸਿੰਘ)

## ਬਸਤ ਨਾ ਸਾਂਭੇ ਆਪਣੀ ਚੋਰਾਂ ਗਾਲੀ ਦੇ।

**ਭਾਵ** :—ਆਪਣੀ ਚੀਜ਼ ਸਾਂਭ ਕੇ ਨਾ ਰਖੇ ਤੇ ਦੋਸ਼ ਦੂਜਿਆਂ ਨੂੰ ਦੇਵੇ।

**ਵਰਤੋਂ** :—ਹੁਣ ਚਰਚਾ ਨਾ ਕਰੋ, ਸੰਭਾਲ ਤਾਂ ਤੁਸਾਡੇ ਘਰ ਹੈ ਨਹੀਂ, ਦੂਜਿਆਂ ਨੂੰ ਮੰਦੀ ਚੰਗੀ ਕਹਿਣ ਦਾ ਕੀ ਹੱਜ? 'ਬਸਤ ਨਾ ਸਾਂਭੇ ਆਪਣੀ ਚੋਰਾਂ ਗਾਲੀ ਦੇ' ਉਹਨੂੰ ਲੋਕੀ ਮੂਰਖ ਹੀ ਆਖਦੇ ਹਨ।

(ਸੰਗ੍ਰ)

## ਬਸੰਤਰ ਦਵਤਾ, ਘਰ ਲਗੇ ਤਾਂ ਜਾਪੇ।

**ਭਾਵ** :—ਦੂਜੇ ਦੇ ਦੁਖ ਨੂੰ ਤਾਂ ਮਾਲੂਮ ਨਾ ਕਰੇ ਪਰ ਆਪਣੇ ਉਤੇ ਆਈ ਬਿਪਤਾ ਤੇ ਬੜਾ ਦੁਖੀ ਹੋਵੇ।

**ਵਰਤੋਂ** :—ਭਾਈ 'ਬਸੰਤਰ ਦੇਵਤਾ, ਘਰ ਲਗੇ ਤਾਂ ਜਾਪੇ' ਦੂਜਿਆਂ ਦੇ ਦੁਖੀ ਹੋਣ ਤੇ ਮਖੌਲ ਹੀ ਕਰਦਾ ਰਹਿੰਦਾ ਏ। ਹੁਣ ਆਪਣੇ ਵੇਲੇ ਕਿਉਂ ਔਖਾ ਏਂ?

(ਸੰਗ੍ਰ)

## ਬਹਿਕੇ (ਬੈਠਕੇ) ਖਾਧਿਆਂ ਤਾਂ ਖੂਹ ਵੀ ਨਿਖੁਟ ਜਾਂਦੇ ਨੇ।

**ਵਰਤੋਂ** :—ਜਦ ਕੋਈ ਖੱਟੀ ਕਮਾਈ ਨਾ ਕਰੀਏ ਤੇ ਪਿਛਲੀ ਹੀ ਖਾਈ ਜਾਈਏ, ਤਦ ਵਧੀਕ ਤੋਂ ਵਧੀਕ ਪੂੰਜੀ ਵੀ ਇਕ ਦਿਨ ਮੁਕ ਜਾਏਗੀ।

**ਵਰਤੋਂ** :—ਉਂਝ ਤਾਂ ਦੇਵੀ ਮਾਤਾ ਦੀ ਦਿਆ ਨਾਲ ਕਿਸੇ ਗੱਲ ਦੀ ਪਰਵਾਹ ਨਹੀਂ। ਰਿਜ਼ਕ ਕਿਤੇ ਮਿਟਿਆਂ ਨਹੀਂ ਮਿਉਂਦਾ, ਪਰ ਫੇਰ ਵੀ ਆਖੀਦਾ ਏ, 'ਬਹਿਕੇ ਖਾਧਿਆਂ ਤਾਂ ਖੂਹ ਵੀ ਨਿਖੁਟ ਜਾਂਦੇ ਨੇ'।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

## ਬਹੁ ਤੀਰਥ ਭਵਿਆ, ਤੇਤੇ ਲਵਿਆ।

**ਭਾਵ** :—ਜਿਤਨੇ ਹੀ ਕਿਸੇ ਨੇ ਬਹੁਤੇ

ਕਰਮ-ਕਾਂਡ ਕੀਤੇ, ਉਤਨਾ ਈ ਉਹ ਬਹੁਤਾ ਖਪਿਆ ਤੇ ਫ਼ਜ਼ੂਲ ਗਲਾਂ ਕੀਤੀਆਂ।

**ਵਰਤੋਂ :—**

ਲਿਖ ਲਿਖ ਪੜਿਆ ਤੇਤਾ ਕੜਿਆ ॥
ਬਹੁ ਤੀਰਥ ਭਵਿਆ ਤੇਤੋ ਲਵਿਆ ॥
(ਗੁਰੂ ਗ੍ਰੰਥ—ਆਸਾ ਦੀ ਵਾਰ)

**ਬਹੁ ਪੁੱਤੀ, ਬਹੁ ਮਿਹਣੇ। ਜਾਂ ਬਹੁ ਮੀਂਹ, ਕਣ ਘਟ। ਜਾਂ ਬਹੁਤੀ ਡੂਮਣੀ ਢਡ ਨਹੀਂ ਵਜਦੀ।**

**ਭਾਵ :—**ਕੋਈ ਚੀਜ਼ ਵਿੱਤੋਂ ਵਧ ਹੋਣ ਤੇ ਉਲਟਾ ਨੁਕਸਾਨ ਦਾ ਕਾਰਨ ਬਣੇ।

**ਵਰਤੋਂ :—** ਕੀ ਪੁਛਦੇ ਹੋ ਜਿੰਨੇ ਪਲਾਟ ਓਨੇ ਦੁਖ। ਮੀਂਹ ਬਹੁਤਾ, ਕਣੀਆਂ ਘਟ' ਜਿੰਨੇ ਬਹੁਤੇ ਪੁਤ, ਓਨੇ ਬਹੁਤੇ ਮਿਹਣੇ। ਠੀਕ ਹੀ ਤਾਂ ਹੈ ਬਹੁਤੇ ਡੂੰਮਾਂ ਵਿਚ ਢਡ ਕਿਵੇਂ ਵਜੇ? (ਸੰਗ੍ਰ)

**ਬਹੁਤਾ ਕਹੀਐ, ਬਹੁਤਾ ਹੋਇ ॥**

**ਭਾਵ :—**ਜਿੰਨਾ ਰੱਬ ਦੀ ਰਚਨਾ ਬਾਬਤ ਜਾ ਗੁਣਾਂ ਸਬੰਧੀ ਆਖੀਏ, ਉਤਨਾ ਹੀ ਹੋਰ ਵਧੀਕ ਆਖਣਾ ਪੈਂਦਾ ਹੈ।

**ਵਰਤੋਂ :—**

ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
(ਗੁਰੂ ਗ੍ਰੰਥ—ਜਪੁਜੀ)

**ਬਹੁਤਾ ਜਾਈਏ ਤਾਂ ਭਰਮ ਗਵਾਈਏ।**

**ਭਾਵ :—**ਖੁਲ੍ਹਾ ਮੇਲ ਜੋਲ ਮਾਣ ਘਟਾ ਦੇਂਦਾ ਹੈ।

**ਵਰਤੋਂ :—**ਬਹੁਤਾ ਮੇਲ ਜੋਲ ਵੀ ਖਰਾਬ ਕਰਦਾ ਹੈ। 'ਬਹੁਤਾ ਜਾਈਏ ਤਾਂ ਭਰਮ ਗਵਾਈਏ' ਆਪਣਾ ਆਪਣਾ ਸਭ ਦਾ ਭਰਮ (ਪੜਦਾ, ਮਾਣ) ਬਣਿਆ ਹੀ ਰਹੇ ਤਾਂ ਚੰਗਾ ਹੈ। (ਸੰਗ੍ਰ)

**ਬਹੁਤਾ ਬੋਲਣੁ ਝਖਣੁ ਹੋਇ।**

**ਭਾਵ :—**ਬਹੁਤਾ ਬੋਲਣਾ ਤਾਂ ਬੇ-ਅਰਥ ਬਕਵਾਸ ਹੀ ਹੁੰਦਾ ਹੈ।

**ਵਰਤੋਂ :—**

ਬਹੁਤਾ ਬੋਲਣੁ ਝਖਣੁ ਹੋਇ।
ਵਿਣੁ ਬੋਲੇ ਜਾਣੈ ਸਭ ਸੋਇ।
(ਗੁਰੂ ਗ੍ਰੰਥ—ਰਾਗ ਧਨਾਸਰੀ)

**ਬਹੁਤਾ ਭਲਾ ਨਾ ਬੋਲਣਾ, ਬਹੁਤੀ ਭਲੀ ਨਾ ਚੁੱਪ। ਬਹੁਤਾ ਭਲਾ ਨਾ ਮੇਘਲਾ, ਬਹੁਤੀ ਭਲੀ ਨਾ ਧੁੱਪ।**

**ਭਾਵ :—** ਲੋੜ ਤੋਂ ਵਧੀਕ ਕੋਈ ਚੀਜ਼ ਵੀ ਚੰਗੀ ਨਹੀਂ ਹੁੰਦੀ।

**ਵਰਤੋਂ :—**ਕੋਈ ਚੀਜ਼ ਵੀ ਹੱਦ ਤੋਂ ਬਾਹਰ ਹੋਵੇ ਤਾਂ ਔਖਿਆਂ ਕਰਦੀ ਹੈ। ਹਰ ਗੱਲ ਦੇ ਸੰਜਮ ਵਿਚ ਹੀ ਸੁਖ ਹੈ। 'ਬਹੁਤਾ ਭਲਾ ਨਾ ਬੋਲਣ, ਬਹੁਤੀ ਭਲੀ ਨਾ ਚੁਪ, ਬਹੁਤਾ ਭਲਾ ਨਾ ਮੇਘਲਾ, ਬਹੁਤੀ ਭਲੀ ਨਾ ਧੁਪ'। (ਸੰਗ੍ਰ)

**ਬਹੁਤਿਆਂ ਦੀਆਂ ਲਾਠੀਆਂ, ਇਕ ਜਣੇ ਦਾ ਭਾਰ।**

**ਭਾਵ :—**ਸਾਰੇ ਆਪਣੀ ਆਪਣੀ ਜ਼ਿੰਮੇਵਾਰੀ ਨਿਭਾਣ ਤਾਂ ਉਹਨਾਂ ਨੂੰ ਭਾਰ ਨਹੀਂ ਲਗਦਾ। ਇਕੋ ਦੇ ਸਿਰ ਸੁਟੀਏ ਤਾਂ ਬਹੁਤ ਭਾਰ ਬਣ ਜਾਂਦਾ ਹੈ।

**ਵਰਤੋਂ :—**ਬਾਬਾ, ਤੁਸੀਂ ਹੀ ਦਾ ਦਸੋ ਕਿ 'ਬਹੁਤਿਆਂ ਦੀਆਂ ਲਾਠੀਆਂ ਇਕੋ ਜਣੇ ਦਾ ਭਾਰ' ਤਾਂ ਬਣਨਾ ਹੀ ਹੋਇਆ। ਜੇ ਸਾਰੇ ਥੋੜਾ ਥੋੜਾ ਹਿਸਾ ਵਡਾਉਣ ਤਾਂ ਇਨੀ ਮੁਸ਼ਕਲ ਨਹੀਂ ਬਣਦੀ। (ਸੰਗ੍ਰ)

**ਬਹੁਤੀ ਗਈ, ਥੋੜੀ ਰਹੀ।**

**ਭਾਵ :—**ਢੇਰ ਉਮਰ (ਜਾਂ ਦੁਖ) ਲੰਘ ਗਈ ਹੈ ਬਾਕੀ ਵੀ ਲੰਘੀ ਜਾਣੀ ਹੈ।

**ਵਰਤੋਂ :—**ਲੰਘਣ ਨੂੰ ਉਮਰ ਕਿਹੜਾ ਹੁਣ ਖਲੋਤੀ ਹੋਈ ਹੈ, ਅਖੇ ਬਹੁਤੀ ਗਈ ਥੋੜੀ ਰਹੀ

ਵਿਚਾਰਾਂ ਨੂੰ ਬਦਲਣਾ ਸਾਡੇ ਲਈ ਮੁਸ਼ਕਲ ਜਾਪਦਾ ਹੈ। (ਸੰਗ੍ਰ)

**ਬਹੁਤੀ ਘਰੀਂ ਪਰਾਹੁਣਾ ਭੁੱਖਾ ਰਹਿੰਦਾ ਹੈ।**

**ਭਾਵ :**—ਬਹੁਤਿਆਂ ਦੀ ਆਸ ਰਖਣੀ ਔਖਾ ਕਰਦੀ ਹੈ।

**ਵਰਤੋਂ :**—

ਬਹੁਤੀ ਘਰੀਂ ਪਰਾਹੁਣਾ ਜਿਉਂ ਰਹਿੰਦਾ ਭੁੱਖਾ।
ਸਾਝਾਂ ਬਾਪ ਨ ਰੋਈਐ ਚਿੱਤ ਚਿੱਤ ਨ ਚੁਖਾ।
(ਵਾਰਾਂ—ਭਾਈ ਗੁਰਦਾਸ ਜੀ)

**ਬਕਰ ਦਾੜ੍ਹੀ, ਸਦਾ ਖੁਆਰੀ।**

**ਭਾਵ :**—ਕਮਜ਼ੋਰ ਆਦਮੀ ਨੂੰ ਹਰ ਕੋਈ ਦੁਖ ਦੇਂਦਾ ਹੈ।

**ਵਰਤੋਂ :**—ਬਾਹ, ਤੇਰੇ ਵਸ ਨਹੀਂ, ਅਖੇ 'ਬਕਰ ਦਾੜ੍ਹੀ ਸਦਾ ਖੁਆਰੀ' ਹਰ ਕੋਈ ਕਮਜ਼ੋਰ ਨੂੰ ਲਤਾੜਦਾ ਹੈ, ਤਕੜੇ ਅਗੇ ਤਾਂ ਕੋਈ ਬੋਲਦਾ ਵੀ ਨਹੀਂ। (ਸੰਗ੍ਰ)

**ਬਕਰਾ ਰੋਵੇ ਜਿੰਦ ਨੂੰ, ਤੇ ਕਸਾਈ ਰੋਵੇ ਮਿਝ ਨੂੰ। ਜਾਂ ਬਕਰਾ ਰੋਵੇ ਸਾਸ ਨੂੰ ਕਸਾਈ ਰੋਵੇ ਮਾਸ ਨੂੰ।**

**ਭਾਵ :**—ਕੋਈ ਅਯੋਗ ਲਾਭ ਉਠਾ ਕੇ ਵੀ ਸੰਤੁਸ਼ਟ ਨਾ ਹੋਵੇ ਜਾਂ ਜਦ ਇਕ ਦਾ ਲਾਭ ਦੂਜੇ ਦੇ ਹਾਣ ਵਿਚ ਹੋਵੇ।

**ਵਰਤੋਂ :**— ਉਸਦੇ ਦੁਖੀ ਜੀਵਨ ਪਾਸੋਂ ਤੁਸਾਨੂੰ ਇਹ ਨਾਜਾਇਜ਼ ਫ਼ਾਇਦਾ ਨਹੀਂ ਹੀ ਉਠਾਣਾ ਚਾਹੀਦਾ, ਕਿਸੇ ਦੇ ਕਹਿਣ ਵਾਂਗੂ ਅਖੇ 'ਬਕਰਾ ਰੋਵੇ ਸਾਸ ਨੂੰ ਤੇ ਕਸਾਈ ਰੋਵੇ ਮਾਸ ਨੂੰ'।
(ਚਿੱਟਾ ਲਹੂ—ਨਾਨਕ ਸਿੰਘ)

**ਬਕਰੀ ਦੁਧ ਤਾਂ ਦੇਂਦੀ ਹੈ ਪਰ ਮੀਂਗਣਾ ਪਾਕੇ।**

**ਭਾਵ :**—ਜਦ ਕੋਈ ਕੰਮ ਕਰੇ ਵੀ, ਪਰ ਖਪ ਖਿਝ ਕੇ ਤਦ ਵਰਤਦੇ ਹਨ।

**ਵਰਤੋਂ :**—ਜੇ ਤੁਹਾਡਾ ਜੀ ਕੰਮ ਕਰਨ ਨੂੰ ਨਹੀਂ ਕਰਦਾ ਤਾਂ ਨਾ ਕਰੋ। ਤੰਗ ਹੋਕੇ ਕੀਤਾ ਤਾਂ ਕੀ ਕੀਤਾ। ਫੇਰ ਤਾਂ ਰਲ ਉਹੋ ਬਣ ਜਾਂਦੀ ਹੈ ਅਖੇ 'ਬਕਰੀ ਦੁਧ ਤਾਂ ਦੇਂਦੀ ਹੈ ਮੀਂਗਣਾ ਪਾਕੇ'। (ਸਗ੍ਰ)

**ਬਕਰੇ ਦੀ ਜਾਨ ਗਈ, ਖਾਣ ਵਾਲੇ ਨੂੰ ਸੁਆਦ ਨਾ ਆਇਆ।**

**ਭਾਵ :**—ਸੇਵਕ ਸੇਵਾ ਕਰਦਾ ਥੱਕ ਟੁਟ ਜਾਏ, ਪਰ ਅਗੋਂ ਕਦਰ ਉੱਕੀ ਨਾ ਹੋਵੇ।

**ਵਰਤੋਂ :**—ਹਜ਼ਾਰ ਮਿਨਤਾਂ ਕੀਤੀਆਂ, ਪਰ ਤੁਸਾਂ ਉਕੀ ਕਦਰ ਨਾ ਜਾਤੀ। ਅਖੇ ਬਕਰੇ ਦੀ ਜਾਨ ਗਈ ਪਰ ਖਾਣ ਵਾਲੇ ਨੂੰ ਸੁਆਦ ਨਾ ਆਇਆ'।
(ਸਗ੍ਰ)

**ਬਕਰੇ ਦੀ ਮਾਂ ਕਦ ਤਕ ਸ਼ਿਰਨੀਆਂ ਦੇਵੇਗੀ? ਜਾਂ ਬਕਰੇ ਦੀ ਮਾਂ ਕਦ ਤਕ ਖ਼ੈਰ ਮਨਾਏਗੀ?**

**ਭਾਵ :**—ਅਜੇਹੀ ਬਿਪਤਾ ਵਿਚ ਫਸ ਜਾਣਾ ਜਿਥੋਂ ਨਿਕਲਣਾ ਕਠਿਨ ਹੋਵੇ।

**ਵਰਤੋਂ :**—ਸ਼ੀਲਾ—ਤੁਸਾਡੀ ਕਿਰਪਾ ਲੋੜੀਂਦੀ ਹੈ। ਇਕ ਰਾਤ ਤਾਂ ਬੀਤੀ, ਇਸ ਮਕਾਨ ਵਿਚ ਰਹਿਕੇ। ਪਰ ਕਦ ਤਕ 'ਬਕਰੇ ਦੀ ਮਾਂ ਸੁਖਣਾ ਸੁਖ ਕੇ ਲੰਘਾਵੇਗੀ? ਅਜ ਨਵਾਬ ਸਾਹਿਬ ਭੁਲੇ ਕਲ੍ਹ ਯਾਦ ਕਰਨਗੇ। ਕਲ ਨਾ ਤੇ ਪਰਸੋਂ ਕਦ ਤਕ ਇਹ ਲੁਕਾ ਰਹਿ ਸਕਦਾ ਹੈ?
(ਬਿਜੈ ਸਿੰਘ—ਡਾ. ਭਾਈ ਵੀਰ ਸਿੰਘ)

**ਬਗਲ ਵਿਚ ਛੁਰੀ, ਮੂੰਹ ਵਿੱਚ ਰਾਮ ਰਾਮ।**

**ਭਾਵ :**—ਜਦ ਕੋਈ ਬਾਹਰੋਂ ਮਿੱਠਾ ਤੇ ਅੰਦਰੋਂ ਭੈੜਾ ਹੋਵੇ।

**ਵਰਤੋਂ :**—ਪੰਡਤ ਹੁਰਾਂ ਦਾ ਸੁਭਾ ਵੀ ਤਾਂ 'ਬਗਲ ਵਿਚ ਛੁਰੀ ਤੇ ਮੂੰਹ ਵਿਚ ਰਾਮ ਰਾਮ' ਵਾਲਾ ਹੀ ਹੈ। ਬਾਹਰੋਂ ਕੁਝ ਹਨ ਤੇ ਅੰਦਰੋਂ ਕੁਝ। (ਸੰ)

**ਬਗਲਾ ਹੰਸ ਨ ਹੋਵਈ।**

**ਭਾਵ** :—ਮਾੜੇ ਚੰਗੇ ਨਹੀਂ ਬਣ ਸਕਦੇ।

**ਵਰਤੋਂ** :—

ਬਗਲਾ ਹੰਸ ਨਾ ਹੋਵਈ
ਮਾਨ ਸਰੋਵਰ ਜਾਇ ਖਲੋਈ,
ਚੀਹਾਂ ਦੇ ਵਰਤਾਰੇ ਓਹੀ।
(ਵਾਰਾਂ—ਭਾਈ ਗੁਰਦਾਸ ਜੀ)

**ਬਗਲਾ ਭਗਤ ਮੱਛੀਆਂ ਦਾ ਰਾਖਾ।**

**ਭਾਵ** :—ਕਿਸੇ ਲਾਲਚੀ ਜਾਂ ਬੇਈਮਾਨ ਨੂੰ ਕਿਸੇ ਅਜੇਹੀ ਚੀਜ਼ ਦੀ ਜ਼ਿੰਮੇਵਾਰੀ ਸੌਂਪੀ ਜਾਵੇ, ਜਿਸ ਨੂੰ ਉਹ ਆਪ ਹੜੱਪ ਕਰਨਾ ਚਾਹੇ।

**ਵਰਤੋਂ** :—ਉਸ ਬੇਈਮਾਨ ਨੇ ਰੁਪਿਆ ਤਾਂ ਖੁਰਦ ਬੁਰਦ ਕਰਨਾ ਹੀ ਸੀ। ਤੁਸਾਂ ਕਿਉਂ ਅਜੇਹੇ ਬਗਲੇ ਭਗਤ ਨੂੰ ਮਛੀਆਂ ਦਾ ਰਾਖਾ' ਬਿਠਾ ਦਿਤਾ? (ਸੰਗ੍ਰ)

**ਬਗਲੇ ਹੰਸ ਬਰਾਬਰੀ ਕਿਉਂ ਮਿਕਨਿ ਮਿਕੇ।**

**ਭਾਵ** :—ਮਾੜੇ ਤੇ ਚੰਗੇ ਰਲਾਇਆਂ ਨਹੀਂ ਰਲਦੇ।

**ਵਰਤੋਂ** :—

ਬਗਲੇ ਹੰਸ ਬਰਾਬਰੀ ਕਿਉਂ ਮਿਕਨਿ ਮਿਕੈ।
ਤਿਉਂ ਬੇਮੁਖ ਚੁਣ ਕਢੀਅਨ ਮੁਹਿ ਕਾਲੇ ਟਿਕੈ।
(ਵਾਰਾਂ—ਭਾਈ ਗੁਰਦਾਸ ਜੀ)

**ਬਘਿਆੜ ਗਊਆਂ ਦੀ ਸੂਰਤ (ਦੇ ਭੇਸ) ਵਿੱਚ।**

**ਭਾਵ** :—ਬਾਹਰੋਂ ਕੋਈ ਬੜਾ ਗੁਰਮਖ ਜਾਂ ਚੰਗਾ ਜਾਪੇ, ਪਰ ਕਰਤੂਤ ਮਾੜੀ ਹੋਵੇ।

**ਵਰਤੋਂ** :—ਬਿਜੈ ਸਿੰਘ—ਕੀ ਉਹ ਐਡਾ ਦੁਸ਼ਟ ਹੈ? ਮੈਨੂੰ ਸ਼ੁੱਮਾਂ ਤਾਂ ਫੁਰਿਆ ਕਰਦਾ ਸੀ ਕਿ ਇਹ ਕੋਈ ਸਾਫ਼ ਦਿਲ ਪੁਰਖ ਨਹੀਂ ਹੈ ਪਰ ਅਜ ਪੂਰਾ ਪਤਾ ਲਗਾ। ਹੇ ਕਰਤਾਰ! ਕਹੇ ਕਹੇ 'ਬਘਿਆੜ ਗਊਆਂ ਦੀ ਸੂਰਤ ਵਿਚ' ਫਿਰ ਰਹੇ ਹਨ।
(ਬਿਜੈ ਸਿੰਘ—ਭਾਈ ਵੀਰ ਸਿੰਘ)

**ਬੱਚਾ ਤੇ ਟੈਬਾ ਚੰਡਿਆ ਹੀ ਕੰਮ ਆਉਂਦਾ ਹੈ।**

**ਭਾਵ** :—ਇਹ ਦੋਵੇਂ ਚੀਜ਼ਾਂ ਮਾਰ ਤੇ ਘਸਾਈ ਨਾਲ ਹੀ ਸਿੱਧੀਆਂ ਹੁੰਦੀਆਂ ਹਨ।

**ਵਰਤੋਂ** :—ਠੀਕ ਹੈ 'ਬੱਚਾ ਤੇ ਟੈਬਾ ਚੰਡਿਆ ਹੀ ਕੰਮ ਆਉਂਦਾ ਹੈ' ਤੇ ਬਹੁਤਾ ਲਾਡ ਕੀਹਨੂੰ ਨਹੀਂ ਵਿਗਾੜ ਦੇਂਦਾ? ਪਰ ਹੁਣ ਨਵੇਂ ਜ਼ਮਾਨੇ ਦੀਆਂ ਗੱਲਾਂ ਹਨ, ਇਸ ਸਿਧਾਂਤ ਨੂੰ ਕੋਈ ਨਹੀਂ ਮੰਨਦਾ। (ਸੰਗ੍ਰ)

**ਬੱਚਾ ਮਨੁਖ ਦਾ ਪਿਉ ਏ।**

**ਭਾਵ** :—ਬੱਚੇ ਤੋਂ ਹੀ ਮਨੁਖ ਵੱਡਾ ਹੋ ਕੇ ਪਿਉ ਬਣਦਾ ਹੈ।

**ਵਰਤੋਂ** :—ਬੱਚਿਆਂ ਦੀ ਪਾਲਣਾ ਠੀਕ ਤਰ੍ਹਾਂ ਹੋਵੇ ਤਾਂ ਉਹ ਵਡੇ ਹੋ ਕੇ ਵੀ ਸੁਧਰੇ ਰਹਿਣ। 'ਬੱਚਾ ਹੀ ਮਨੁਖ ਦਾ ਪਿਉ ਏ' ਪਰ ਅਸੀਂ ਜੜ੍ਹ ਨੂੰ ਨਹੀਂ, ਡਾਲ ਨੂੰ ਫੜਦੇ ਹਾਂ। (ਸੰਗ੍ਰ)

**ਬਚੇ ਹਰਾਮ ਦੇ ਨਹੀਂ ਹੁੰਦੇ, ਹਰਾਮ ਦੇ ਮਾਪੇ ਹੁੰਦੇ ਹਨ।**

**ਭਾਵ** :—ਵੱਡਿਆਂ ਦਾ ਕਸੂਰ ਛੋਟਿਆਂ ਦੇ ਸਿਰ ਥਪਣਾ ਮਾੜਾ ਹੈ।

**ਵਰਤੋਂ** :—ਖਸਮ ਨਾਲੀ ਕਰੈ, ਚੱਟੀ ਦੋਹਤਰੇ ਦੇ ਸਿਰ। ਪਾਪ ਤੁਸਾਂ ਕੀਤਾ ਤੇ ਪਾਪੀ ਮੈਂ। 'ਹਰਾਮ ਦੇ ਮਾਪੇ ਹੁੰਦੇ ਹਨ, ਬੱਚੇ ਨਹੀਂ'। (ਸੰਗ੍ਰ)

**ਬਜਰ ਪਾਪ ਨ ਉਤਰਨਿ ਜਾਇ ਕੀਚਨ ਗੰਗ।**

**ਭਾਵ** :—ਬੁਰਾ ਕੰਮ ਕਿਤੇ ਜਾਕੇ ਕਰਨ ਨਾਲ ਵੀ ਪਿੱਛਾ ਨਹੀਂ ਛੁਟਦਾ।

**ਵਰਤੋਂ :—**

ਰਾਜੇ ਧ੍ਰੋਹ ਕਮਾਂਵਦੇ ਦੈਬਾਰ ਸੁਰੰਗੀ ।
ਬਜਰ ਪਾਪ ਨ ਉਤਰਨਿ ਜਾਇ ਕੀਰਨ ਗੰਗੀ ।
(ਵਾਰਾਂ—ਭਾਈ ਗੁਰਦਾਸ)

**ਬਜਾਰ ਕਿਸਦਾ ? ਜੋ ਲੈਕੇ ਦੇਵੇ ਉਸਦਾ ।**

**ਭਾਵ ;**—ਵਪਾਰ ਉਸੇ ਦਾ ਚਲਦਾ ਹੈ, ਜਿਹੜਾ ਉਧਾਰ ਲੈਕੇ ਮੋੜੇ ।

**ਵਰਤੋ :**— ਕੰਮ ਕਿਵੇਂ ਚਲਦਾ ? ਸਾਖ ਜੋ ਨਾ ਰਹੀ । ਉਧਾਰ ਲੈਕੇ ਇਸ ਨੇ ਤਾਂ ਕਦੀ ਮੋੜਨ ਦਾ ਨਾਂ ਨਹੀਂ ਸੀ ਲਿਆ । (ਸੰਗ੍ਰ)

**ਬਡੇ ਬਡੇ ਅਹੰਕਾਰੀਆ, ਨਾਨਕ ਗਰਬਿ ਗਲੇ ।**

**ਭਾਵ :**—ਵਡੇ ਹੰਕਾਰੀ ਹੰਕਾਰ ਕਰਦੇ ਹੀ ਗਲਦੇ ਹਨ ।

**ਵਰਤੋਂ :—**

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ।
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ।
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਬਣੀ ਤਣੀ ਦਾ ਸਭ ਕੋਈ ਸਾਥੀ ।**

**ਭਾਵ :**—ਧਨ ਤੇ ਸੁਖ ਦੇ ਸਮੇਂ ਸਭ ਯਾਰ ਹੁੰਦੇ ਹਨ ।

**ਵਰਤੋਂ :**—'ਬਣੀ ਤਣੀ ਦਾ ਸਭ ਕੋਈ ਸਾਥੀ' ਸੀ । ਹੁਣ ਗ਼ਰੀਬੀ ਵਿਚ ਕੋਈ ਵੀ ਬਾਤ ਨਹੀਂ ਪੁਛਦਾ । (ਸੰਗ੍ਰ)

**ਬਣੀ ਦੇ ਸਾਰੇ ਯਾਰ ਹੁੰਦੇ ਨੇ ।** ਜਾਂ **ਬਣੀ ਦੇ ਸਭ ਯਾਰ ।**

**ਭਾਵ :**—ਜਦ ਕੋਈ ਰਜਿਆ ਪੁਜਿਆ ਤੇ ਸੁਖੀ ਹੋਵੇ, ਤਦ ਸਾਰੇ ਹੀ ਮਿਤਰ ਹੁੰਦੇ ਹਨ ।

**ਵਰਤੋਂ :**—ਸੱਚ ਏ 'ਬਣੀ ਦੇ ਸਾਰੇ ਯਾਰ ਨੇ' ਦੁਖ ਵਿਚ ਕੋਣ ਕਿਸ ਦਾ ਬਣਦਾ ਏ ? (ਸੰਗ੍ਰ)

**ਬਤੀ ਦੰਦਾਂ ਵਿਚ ਜੀਭ ।**

**ਭਾਵ :**—ਕਰੜੀ ਤੋਂ ਕਰੜੀ ਥਾਂ ਨਿਮਰਤਾ ਤੇ ਮਿੱਠਤ ਦਾ ਜੀਵਨ ਬਤੀਤ ਕਰੇ ।

**ਵਰਤੋਂ :**—'ਬੱਤੀ ਦੰਦਾ ਵਿਚ ਜਿਕਰ ਇਕ ਨਰਮ ਤੇ ਕੋਮਲ ਜੀਭ ਵਸਦੀ ਹੈ, ਇਕਰ ਹੀ ਸਰਦਾਰ ਸ਼ਾਮ ਸਿੰਘ ਦੇ ਜੱਥੇ ਦੇ ਬਹਾਦਰ ਸਿੰਘਾਂ ਵਿਚ ਨਿਮ੍ਰਤਾ ਤੇ ਮਿਠਤ ਦੀ ਪੁਤਲੀ ਸੁੰਦਰੀ ਦਾ ਨਿਰਬਾਹ ਹੋਣ ਲਗਾ । (ਸੁੰਦਰੀ—ਭਾਈ ਵੀਰ ਸਿੰਘ)

**ਬੱਤੀ ਦੰਦਾਂ ਵਿੱਚੋਂ ਮੰਗਿਆ ਹਾਜ਼ਰ ।**

**ਭਾਵ :**—ਮੂੰਹ ਮੰਗੀ ਮੁਰਾਦ ਮਿਲ ਜਾਣੀ ।

**ਵਰਤੋਂ** '— ਸ਼ਹਿਰਾਂ ਨਗਰਾਂ ਦੀ ਕੀ ਗੱਲ ਕਰਨੀ ਏਂ, ਉਥੇ ਤਾਂ ਜੋ 'ਬੱਤੀਆਂ ਦੰਦਾਂ ਵਿਚੋਂ ਮੰਗੋ ਹਾਜ਼ਰ' ਏ । (ਭੂਆ—ਨਾਨਕ ਸਿੰਘ)

**ਬਦ ਹਛਾ, ਬਦਨਾਮ ਬੁਰਾ ।** ਜਾਂ **ਬਦ ਨਾਲੋਂ ਬਦਨਾਮ ਬੁਰਾ ।**

**ਭਾਵ :**—ਬਦਨਾਮ ਹੋਣ ਨਾਲੋਂ ਭੈੜਾ ਹੋਣਾ ਚੰਗਾ । ਭਾਵ ਭੈੜ ਵੀ ਕਰੇ, ਤਾਂ ਲੋਕਾਂ ਦੀ ਨਜ਼ਰ ਤੋਂ ਬਚ ਕੇ ।

**ਵਰਤੋਂ :**— ਜੇ ਜੀਣਾ ਲੋੜਦੇ ਹੋ ਤਾਂ ਲੋਕਾਂ ਦੇ ਦੰਦਾਂ ਵਿਚ ਨਾ ਆਓ । ਸਿਆਣਿਆਂ ਆਖਿਆ ਹੈ 'ਬਦ ਹੱਛਾ ਬਦਨਾਮ ਬੁਰਾ' । (ਸੰਗ੍ਰ)

**ਬਦਲ ਚੜ੍ਹਿਆ ਟਿਲਿਉਂ, ਮਹਿੰ ਨਾ ਖੁਲ੍ਹੀ ਕਿਲਿਉਂ ।**

**ਭਾਵ :**—ਟਿਲੇ ਵਾਲੇ ਪਾਸਿਓਂ ਬਦਲ ਚੜ੍ਹੇ ਤਾਂ ਬਰਖਾ ਬਹੁਤ ਹੁੰਦੀ ਹੈ ।

**ਵਰਤੋਂ :**— ਪੋਠੋਹਾਰ ਵਿਚ ਤਾਂ ਇਹ ਪ੍ਰਸਿਧ ਗੱਲ ਏ, ਜੇ ਬਦਲ ਟਿਲੇ ਵਲੋਂ ਉਠਣ; ਤਾਂ ਰੱਜ ਕੇ ਬਰਖਾ ਹੋਵੇਗੀ, ਇਸ ਲਈ ਤਾਂ ਇਹ ਅਖਾਣ ਮਸ਼ਹੂਰ ਏ 'ਬਦਲ ਚੜ੍ਹਿਆ ਟਿਲਿਉਂ, ਗਾਂ ਮਹਿੰ ਨਾ ਖੁਲ੍ਹੀ ਕਿਲਿਉਂ' । (ਸੰਗ੍ਰ)

**ਬਦਲ ਵੀ ਨੀਵਾਂ ਹੋਕੇ ਵਰ੍ਹਦਾ ਹੈ।**

**ਭਾਵ** :—ਵੱਡਾ ਹੋ ਕੇ ਵੀ ਨਿਮ੍ਰਤਾ ਗ੍ਰਹਿਣ ਕਰਨੀ ਚਾਹੀਦੀ ਹੈ।

**ਵਰਤੋਂ** :— ਹੈਂਕੜ ਮਾੜੀ ਚੀਜ਼ ਹੈ। ਜਿਸ ਬ੍ਰਿਛ ਨੂੰ ਫਲ ਲਗੇ ਉਹ ਨਿਉਂਦਾ ਹੈ। 'ਬਦਲ ਨੀਵਾਂ ਹੋਕੇ ਵਰ੍ਹਦਾ ਹੈ'। ਤੁਸੀਂ ਨਿਮ੍ਰਤਾ ਅੰਗੀਕਾਰ ਕਰੋ। (ਸੰਗ੍ਰ)

**ਬਦੀ ਕਰੇ ਪਰ ਨੂੰ, ਢੁਕੇ ਘਰ ਨੂੰ।**

**ਭਾਵ** :—ਜਿਹੜਾ ਦੂਜਿਆਂ ਨੂੰ ਦੁਖੀ ਕਰੇ ਉਸਦੇ ਆਪਣੇ ਘਰ ਵੀ ਦੁਖ ਆ ਵਾਪਰਦੇ ਹਨ।

**ਵਰਤੋ** :— ਸਜਣਾ ! ਇਹ ਤੇਰੀਆਂ ਕਰਨੀਆਂ, ਲੋਕਾਂ ਤੇ ਪਾਈਆਂ ਕਪਟਣੀਆਂ ਤੇਰੇ ਤੇ ਇੰਜ ਆ ਪਈਆਂ ? 'ਬਦੀ ਕਰੇ ਪਰ ਨੂੰ, ਆ ਢੁਕੇ ਘਰ ਨੂੰ'। ਹੇ ਸਜਣਾ! ਤੂੰ ਤਾਂ ਕਦੀ ਨਹੀਂ ਸੀ ਸਮਝਿਆ।

(ਗੁਰੂ ਨਾਨਕ ਚਮਤਕਾਰ—ਭਾਈ ਵੀਰ ਸਿੰਘ)

**ਬਦੀ ਦਾ ਬੇੜਾ ਭਰ ਕੇ ਡੁਬਦਾ ਹੈ।**

**ਭਾਵ** :—ਮਾੜੇ ਕੰਮ ਕਰਨ ਦੀ ਜਦ ਅੱਤ ਹੋ ਜਾਂਦੀ ਹੈ,ਤਾਂ ਨੁਕਸਾਨ ਜ਼ਰੂਰ ਹੁੰਦਾ ਹੈ।

**ਵਰਤੋਂ** :— ਕਹਿੰਦੇ ਹਨ, ਬੁਰਿਆਈ ਦਾ ਬੇੜਾ ਭਰ ਕੇ ਡੁਬਦਾ ਹੈ। ਜੇ ਅਜੇ ਨਹੀਂ ਡੁਬਾ, ਤਾਂ ਚਾਰ ਦਿਨ ਹੋਰ ਉਡੀਕ ਕੇ ਵੇਖਣਾ। ਸ਼ਾਇਦ ਅਜੇ ਦੋ ਚਾਰ ਪੱਥਰਾਂ ਦੀ ਘਾਟ ਰਹਿੰਦੀ ਹੋਵੇ। (ਸੰਗ੍ਰ)

**ਬੱਧਾ ਚੱਟੀ ਜੋ ਭਰੇ, ਨਾ ਗੁਣ ਨਾ ਉਪਕਾਰ।**

**ਭਾਵ** :—ਧਕੋ-ਜੋਰੀ ਕਿਸੇ ਪਾਸੋਂ ਕੰਮ ਲੈਣਾ ਚੰਗਾ ਨਹੀਂ।

**ਵਰਤੋਂ** :—

ਬੱਧਾ ਚੱਟੀ ਜੋ ਭਰੈ
ਨਾ ਗੁਣ ਨਾ ਉਪਕਾਰ ਚੜ੍ਹਾਵੈ ॥
ਨਿਵੈਂ ਕਮਾਨ ਦੁਬਾਜਰੀ ਜਿਹ
ਫੜਦੇ ਇਕ ਸੀਸ ਸਮਾਵੈ ॥

(ਵਾਰਾਂ—ਭਾਈ ਗੁਰਦਾਸ ਜੀ)

**ਬੱਧਾ ਚੋਰ ਤੇ ਛੁਟਾ ਝਗੜਾ।**

**ਭਾਵ**:—ਅਪਰਾਧੀ ਕਾਬੂ ਕਰਨ ਪਿਛੋਂ ਝੇੜਾ ਕਰਨਾ ਵਿਅਰਥ ਹੈ।

**ਵਰਤੋਂ** :—ਤੁਸਾਂ ਉਸਨੂੰ ਕੀਤੇ ਦੀ ਸਜ਼ਾ ਵੀ ਦੁਆ ਲਈ। ਹੁਣ ਬਸ ਕਰੋ। ਸਿਆਣੇ ਆਖਦੇ ਹਨ ਬੱਧਾ ਚੋਰ ਤੇ ਛੁਟਾ ਝਗੜਾ' ਹੋਰ ਵਧਾਣ ਨਾ ਵਧਾਓ। (ਸੰਗ੍ਰ)

**ਬੱਧਾ ਲੱਕ ਮਰੋੜਿਆ, ਮੁੰਨਾਂ ਕੋਹ ਲਾਹੌਰ।**

**ਭਾਵ** :—ਹਿੰਮਤ ਕੀਤਿਆਂ ਸਭੋ ਕੁਝ ਛੇਤੀ ਹੀ ਹੋ ਜਾਂਦਾ ਹੈ।

**ਵਰਤੋਂ** :—ਵਿਹਲੀਆਂ ਗੱਲਾਂ ਛਡੋ, ਹਿੰਮਤ ਕਰੋ। ਕੰਮ ਫਤਹ ਹੀ ਫਤਹ ਜੇ। 'ਬੱਧਾ ਲੱਕ ਮਰੋੜਿਆ ਮੁੰਨਾਂ ਕੋਹ ਲਾਹੌਰ' ਵਾਲੀ ਅਖਾਣ ਸਿਆਣਿਆਂ ਐਵੇਂ ਨਹੀਂ ਕਹੀ। (ਸੰਗ੍ਰ)

**ਬੱਧੀ ਬਝੱਦੀ ਅਤ ਛੱਡੀ ਛੁਟਦੀ ਹੈ।**

**ਭਾਵ** :—ਜਦ ਜੋ ਕੋਈ ਚਾਹੇ ਕਰ ਸਕਦਾ ਹੋਵੇ।

**ਵਰਤੋਂ** :—ਭਾਗ ਸੁਲਖਾ—ਇਹ ਇਕ ਵਡਾ ਭਾਰੀ ਵਕੀਲ ਹੈ, ਚਾਂਦੀ ਸੋਨੇ ਦਾ ਤਾਂ ਇਸ ਦੇ ਦਰਿਆ ਪਿਆ ਵਗਦਾ ਹੈ, ਅਜ ਇਸ ਦੀ 'ਬੱਧੀ ਬੱਝਦੀ ਹੈ ਤੇ ਛੁਟੀ ਛੁਟਦੀ ਹੈ'।

(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਵੀਰ ਸਿੰਘ)

**ਬੱਧੇ ਕਦੀ ਨਾ ਰਹਿ ਸਕੇ ਪੰਛੀ ਤੇ ਦਰਵੇਸ਼।**

**ਭਾਵ** :—ਪੰਛੀ ਤੇ ਫ਼ਕੀਰ ਬਧਿਆਂ ਨਹੀਂ ਰਹਿ ਸਕਦੇ।

**ਵਰਤੋਂ** :—ਹੁਣੇ ਕਿਸੇ ਵੇਲੇ ਮੈਂ ਚੁਪੀਤੀ ਹੀ ਤੁਰ ਜਾਵਾਂਗੀ, ਕਿਉਂਕਿ ਤੁਸੀਂ ਖੁਸ਼ੀ ਨਾਲ ਜਾਣ ਨਹੀਂ ਦਿੰਦੇ। ਫ਼ਾਤਮਾ ਬਥੇਰੇ ਜੋਰ ਲਾ ਰਹੀ ਪਰ 'ਬੱਧੇ ਕਦੀ ਨਾ ਰਹਿ ਸਕੇ ਪੰਛੀ ਤੇ ਦਰਵੇਸ਼' ਸਮਾਂ ਦਾਉ ਜਦ ਫਬ ਗਿਆ, ਨਿਕਲ ਤੁਰੇ ਪਰਦੇਸ।

(ਸਤਵੰਤ ਕੌਰ—ਭਾਈ ਵੀਰ ਸਿੰਘ)

**ਬਰਸੇ ਫਾਗਣ ਦੂਣ ਚੁਆਗਣ, ਬਰਸੇ ਚੇਤ, ਨਾ ਖਲ ਨਾ ਖੇਤ ।**

**ਭਾਵ** :—ਵੇਲੇ ਵੇਲੇ ਦਾ ਮੀਂਹ ਚੰਗਾ ਹੁੰਦਾ ਹੈ, ਕੁਵੇਲੇ ਦਾ ਨੁਕਸਾਨ ਕਰਦਾ ਹੈ।

**ਵਰਤੋਂ** :—ਹਰ ਚੀਜ਼ ਵੇਲੇ ਸਿਰ ਹੀ ਚੰਗੀ ਲਗਦੀ ਹੈ। 'ਬਰਸੇ ਫਗਣ ਚੂਣ ਚੁਆਗਣ, ਬਰਸੇ ਚੇਤ ਨਾ ਖਲ ਨਾ ਖੇਤ'। (ਸੰਗ੍ਰ)

**ਬਲਦ ਗਵਾਇਆ ਥੋਰੀਏ, ਮੁੜ ਮੁੜ ਕਿੱਲਾ ਲੋੜੀਏ ।**

**ਭਾਵ** :—ਚੀਜ਼ ਗੁੰਮੇ ਕਿਤੇ ਤੇ ਲਭੇ ਕਿਤੇ।

**ਵਰਤੋਂ** :—ਤੂੰ ਬੜਾ ਅਜੀਬ ਬੰਦਾ ਏਂ, ਇਥੇ ਤਾਂ ਤੂੰ ਅਜ ਆਇਆ ਹੀ ਨਹੀਂ ਤੇ ਪੈਸੇ ਤੇਰੇ ਇਥੇ ਕਿਵੇਂ ਆ ਗਏ। ਉਹੋ ਗੱਲ ਹੋਈ ਨਾ, 'ਬਲਦ ਗਵਾਇਆ ਥੋਰੀਏ,ਮੁੜ ਮੁੜ ਕਿੱਲਾ ਲੋੜੀਏ'। (ਸੰ)

**ਬਲਦ ਦੇ ਹੱਡ ਵਗਨ ਤੇ ਸੰਢੇ ਦਾ ਮਾਸ ।**

**ਭਾਵ** :—ਬਲਦ ਮਾੜਾ ਵੀ ਕੰਮ ਆਉਂਦਾ ਹੈ, ਪਰ ਸੰਢਾ ਤਕੜਾ ਹੀ ਕੰਮ ਦੇਂਦਾ ਹੈ।

**ਵਰਤੋਂ** :—ਬੁੱਢੀ ਹੱਡੀ ਹੈ, ਪਰ ਸਿਰੜੀ ਏਨਾ ਕਿ ਜਵਾਨਾਂ ਨੂੰ ਪਿਛੇ ਸਣਦਾ ਹੈ। 'ਬਲਦ ਦੇ ਹੱਡ ਵਗਨ ਤੇ ਸੰਢੇ ਦਾਮਾਸ' ਵਾਲੀ ਗੱਲ ਹੈ। (ਸੰਗ੍ਰ)

**ਬਲਦ ਲਈਏ ਲਾਣੇ ਦਾ ਤੇ ਸਾਕ ਲਈਏ ਠਿਕਾਣੇ ਦਾ ।**

**ਭਾਵ** :—ਬੌਲਦ ਖਰੀਦਣ ਲਗਿਆਂ ਉਸਦੀ ਸ਼ਕਤੀ (ਤਾਕਤ) ਦਾ ਧਿਆਨ ਰਖੀਦਾ ਹੈ। ਤੇ ਨਾਤਾ (ਰਿਸ਼ਤਾ) ਕਰਨ ਸਮੇਂ ਖ਼ਾਨਦਾਨੀ ਰਵੈਤਾਂ ਦਾ ਖਿਆਲ ਰਖੀਦਾ ਹੈ।

**ਵਰਤੋਂ** :—ਬੱਚੀ! ਮੁੰਡਾ ਮੰਗਣ ਲਗਿਆਂ ਤੂੰ ਦੂਰ ਦੀ ਵਿਚਾਰ ਤੋਂ ਕੰਮ ਲਿਆ। ਨਹੀਂ ਤਾਂ ਇਹ ਦੁਖ ਨਾ ਹੁੰਦਾ। ਸਿਆਣਿਆਂ ਨੇ ਕਿਹਾ ਹੈ 'ਬਲਦ ਲਈਏ ਲਾਣੇ ਦਾ ਤੇ ਸਾਕ ਲਈਏ ਠਿਕਾਣੇ ਦਾ।'(ਸੰ)

**ਬਲ੍ਹੇ ਦਾ ਬਲ੍ਹਾ ਨਹੀਂ ਤਾਂ ਮੱਥੇ ਫੁਲੀ (ਫੁੱਟੀ) ਜ਼ਰੂਰ ਹੋਵੇਗੀ ।**

**ਭਾਵ** :—ਸੰਤਾਨ ਉਪਰ ਮਾਂ ਪਿਉ ਦਾ ਅਸਰ ਜ਼ਰੂਰ ਹੁੰਦਾ ਹੈ।

**ਵਰਤੋਂ** :—ਤੁਹਾਡਾ ਕੀ ਖਿਆਲ ਹੈ ਅੰਮ੍ਰਿਤ ਉੱਤੇ ਉਸ ਦੇ ਪਿਉ ਦਾ ਕੋਈ ਅਸਰ ਨਹੀਂ। ਇਹ ਗੱਲ ਤਾਂ ਮੈਂ ਮੰਨ ਹੀ ਨਹੀਂ ਸਕਦਾ ਆਖਿਰ 'ਬਲ੍ਹੇ ਦਾ ਬਲ੍ਹਾ ਨਹੀਂ ਤਾਂ ਮੱਥੇ ਫੁਟੀ ਜ਼ਰੂਰ ਹੁੰਦੀ ਹੈ। (ਸੰ)

**ਬਾਈ ਬਾਈ ਤੇ ਓਸੇ ਜਾਈ ।**

**ਭਾਵ** :—ਜਦ ਕੋਈ ਉੱਕਾ ਹੀ ਉਨਤੀ ਨਾ ਕਰੇ।

**ਵਰਤੋਂ** :—ਸਾਡੇ ਭਾਗ! ਕਾਕੇ ਨੂੰ ਵਲੈਤ ਵੀ ਘਲਿਆ। ਪਰ 'ਬਾਈ ਬਾਈ ਤੇ ਉਸੇ ਜਾਈ' ਕੋਈ ਉਨਤੀ ਉਸਨੇ ਨਹੀਂ ਕੀਤੀ। (ਸੰਗ੍ਰ)

**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ।**

**ਭਾਵ** :—ਬਦਨਾਮ ਜਾਂ ਮੰਦੀ ਚੀਜ਼ ਨਾਲ ਲਗਣ ਕਰਕੇ ਦਾਗ ਲਗ ਜਾਂਦਾ ਹੈ।

**ਵਰਤੋਂ** :—

ਕਬੀਰ ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ
ਤਉ ਕਛੁ ਲਾਗੈ ਦਾਗੁ ॥

(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਬਾਹਮਣ ਮੰਗਿਆ ਤੇ ਧਾਂਈਂ ਠੂੰਗਿਆ ਪੂਰੀ ਨਹੀਂ ਪੈਂਦੀ ।**

**ਭਾਵ** :—ਜਿਥੇ ਅੱਗੇ ਹੀ ਥੋੜਾ ਜਾਂ ਲੋਕਾਂ ਤੋਂ ਮੰਗ ਕੇ ਲਿਆਂਦਾ ਹੋਵੇ। ਉਥੋਂ ਆਪਣੇ ਲਾਭ ਦੀ ਆਸ ਰਖਣੀ ਫ਼ਜ਼ੂਲ ਹੈ।

**ਵਰਤੋਂ** :—ਆਖਦੇ ਹਨ, ਮੰਗਤਿਆਂ ਕੋਲੋਂ ਮੰਗਣਾ ਲਾਹਨਤੀਆਂ ਦਾ ਕੰਮ। ਕਦੀ 'ਬਾਹਮਣ ਮੰਗਿਆ ਧਾਂਈਂ ਨੂੰਗਿਆਂ ਪੂਰੀ ਨਹੀਂ ਪੈਂਦੀ।' (ਸੰ)

## ਬਾਹਮਣ ਦਾ ਬਾਹਮਣ ਵੈਰੀ।

**ਭਾਵ** :—ਇਕੋ ਜਾਤ ਸ਼੍ਰੇਣੀ ਦੀ ਵੈਰ ਭਾਵਨਾ ਹੁੰਦੀ ਹੈ।

**ਵਰਤੋਂ** :—'ਬਾਹਮਣ ਦਾ ਬਾਹਮਣ ਵੈਰੀ' ਵਾਲੀ ਹੀ ਗੱਲ ਹੋਈ ਆਖਿਰ ਨੂੰ। ਉਸਦਾ ਗਲ ਉਸਦੇ ਆਪਣੇ ਜਾਤ ਬਰਾਦਰੀ ਦੇ ਭਰਾਵਾਂ ਨੇ ਹੀ ਕਪ ਦਿੱਤਾ ਤੇ ਬਸ ਫੇਰ ਕੀ ਸੀ...। (ਸੰਗ੍ਰ)

## ਬਾਹਮਣ ਦੇ ਹੱਥ ਛੁਰਾ, ਉਹ ਵੀ ਬੁਰਾ।

**ਭਾਵ** :—ਚੰਗੇ ਮਨੁਖ ਜਦ ਮਾੜੇ ਕੰਮ ਕਰਨ ਤਦ ਉਹ ਵੀ ਮਾੜੇ ਹੋ ਜਾਂਦੇ ਹਨ।

**ਵਰਤੋਂ** :—ਕਰਮਾਂ ਦਾ ਹੀ ਫਲ ਮਿਲਣਾ ਸੀ 'ਬਾਹਮਣ ਦੇ ਹੱਥ ਛੁਰਾ ਉਹ ਵੀ ਬੁਰਾ' ਜੇ ਚੰਗਾ ਮਨੁਖ ਮੰਦੇ ਕੰਮ ਕਰੇ, ਤਾਂ ਉਹ ਵੀ ਤਾਂ ਬੁਰਾ ਬਣਨਾ ਹੀ ਹੋਇਆ। (ਸੰਗ੍ਰ)

## ਬਾਹਮਣਾਂ ਦੀ ਜੰਵ ਤੇ ਝੋਨੇ ਦੀ ਜੜ੍ਹ ਦਾ ਅੰਤ ਨਹੀਂ।

**ਭਾਵ** :—ਕਿਸੇ ਚੀਜ਼ ਦਾ ਅੱਤ ਦਸਣ ਲਈ ਵਰਤਦੇ ਹਨ।

**ਵਰਤੋਂ** :—ਮੁਕੱਦਮੇ ਬਾਜ਼ੀ ਬੁਰੀ। ਜਿਵੇਂ 'ਬਾਹਮਣਾ ਦੀ ਜੰਵ ਤੇ ਝੋਨੇ ਦੀ ਜੜ੍ਹ ਦਾ ਅੰਤ ਨਹੀਂ' ਹੁੰਦਾ। ਇਵੇਂ ਹੀ ਮੁਕਦਮੇ ਦਾ ਹਾਲ ਹੈ। (ਸੰਗ੍ਰ)

## ਬਾਹਮਣੀ ਦੇ ਪੂਤ ਕੋਈ ਜਿੰਨ ਕੋਈ ਤ।

**ਭਾਵ** :—ਵਿਹਲੜ ਧਨੀ ਜਾਂ ਮੰਗਤੇ ਪੁਤਰ ਐਬੀ ਹੁੰਦੇ ਹਨ।

**ਵਰਤੋਂ** :—ਪਿਉ ਦਾਦਾ ਮੰਗ ਪਿੰਨ ਕੇ ਧੰਨ ਜੋੜ ਗਏ। ਪੁਤਰਾਂ ਨੂੰ ਜੋ ਅਨ-ਕਮਾਇਆ ਧਨ ਹੱਥ ਲਗਾ ਤਾਂ ਵਿਗੜ ਗਏ। 'ਬਾਹਮਣੀ ਦੇ ਪੂਤ ਕੋਈ ਜਿੰਨ ਕੋਈ ਭੂਤ' ਵਾਲੀ ਗੱਲ ਸਚ ਹੀ ਹੋ ਗਈ। (ਸੰਗ੍ਰ)

## ਬਾਹਰ ਦੀ ਸਾਰੀ ਨਾਲੋਂ ਘਰ ਦੀ ਅੱਧੀ ਚੰਗੀ।

**ਭਾਵ** :—ਪ੍ਰਦੇਸ ਦੀ ਬਹੁਤੀ ਕਮਾਈ ਨਾਲੋਂ ਘਰ ਦੀ ਥੋੜੀ ਕਮਾਈ ਵੀ ਚੰਗੀ ਹੈ।

**ਵਰਤੋਂ** :—ਮੁਨੀਮ ਜੀ! 'ਬਾਹਰ ਦੀ ਸਾਰੀ ਨਾਲੋਂ ਘਰ ਦੀ ਅਧੀ ਚੰਗੀ' ਮੁੜ ਵੀਚਾਰ ਕਰ ਲਵੋ। ਬਾਹਰ ਦੁਖ ਬਹੁਤੇ ਤੇ ਸੁਖ ਥੋੜੇ ਹਨ। (ਸੰਗ੍ਰ)

## ਬਾਹਰ ਦੀ ਚੋਪੜੀ, ਘਰ ਦੀ ਰੁਖੀ ਬਰਾਬਰ।

**ਭਾਵ** :—ਘਰ ਦੇ ਨੇੜੇ ਰਹਿੰਦਿਆਂ ਥੋੜੀ ਆਮਦਨੀ ਵੀ ਬਹੁਤੀ ਸਮਝਣੀ ਚਾਹੀਦੀ ਹੈ।

**ਵਰਤੋਂ** :—ਠੀਕ ਹੈ ਕਲਕਤੇ ਇਥੋਂ ਨਾਲੋਂ ਤੈਨੂੰ ਦੁਗਣੇ ਪੈਸੇ ਮਿਲਣਗੇ ਪਰ 'ਬਾਹਰ ਦੀ ਚੋਪੜੀ ਤੇ ਘਰ ਦੀ ਰੁਖੀ ਬਰਾਬਰ' ਹੁੰਦੀ ਹੈ ਖਿਆਲ ਰਖ ਲੈਣਾ। (ਸੰਗ੍ਰ)

## ਬਾਹਰਿ ਧੋਤੀ ਤੂਮੜੀ ਅੰਦਰਿ ਤਿਸੁ ਨਿਕੋਰ।

**ਭਾਵ** :—ਬਾਹਿਰ ਮੁਖੀ ਸਾਫ ਸੁਥਰਾ ਤੇ ਚੰਗਾ ਹੋਵੇ ਪਰ ਅੰਦਰੋਂ ਬੜਾ ਮਾੜਾ ਹੋਵੇ।

**ਵਰਤੋਂ** :—

ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰ।
ਇਕੁ ਭਾਉ ਲਥੀ ਨਾਤਿਆਂ ਦੁਇ ਭਾ ਚੜੀਅਸੁ ਹੋਰ।
ਬਾਹਿਰ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।

(ਗੁਰੂ ਗ੍ਰੰਥ—ਵਾਰ ਸੂਹੀ)

## ਬਾਹਰੋਂ ਚਿੱਟਾ (ਸਫੈਦ) ਅੰਦਰੋਂ ਕਾਲਾ (ਸਿਆਹ)

**ਭਾਵ** —ਬਾਹਿਰ ਮੁਖੀ ਤੇ ਕੋਈ ਚੰਗਾ

ਮਨੁਖ ਜਾਪੇ ਪਰ ਅੰਦਰੋਂ ਖੋਟਾ ਹੋਵੇ ।

**ਵਰਤੋਂ** :— ਮੈਂ ਧੋਖੇ ਵਿਚ ਆ ਗਿਆ । ਮੈਨੂੰ ਕੀ ਪਤਾ ਸੀ ਕਿ ਇਹ ਘਾਤੀ ਆਦਮੀ ਨਿਕਲੇਗਾ, ਪਰ ਉਂਜ ਕੀ ਪਤਾ ਲਗਦਾ ਹੈ । 'ਬਾਹਰੋਂ ਦਿੱਟਾ ਸਫੈਦ ਤੇ ਅੰਦਰੋਂ ਕਾਲਾ' ਅਜਿਹੇ ਆਦਮੀ ਨੂੰ ਸਮਝਣਾ ਵੀ ਤਾਂ ਬੜੀ ਮੁਸ਼ਕਲ ਗੱਲ ਹੈ । (ਸੰਗੂ)

## ਬਾਹਰੋਂ ਨਾਂਹ ਤੇ ਅੰਦਰੋਂ ਰਾਜ਼ੀ ।

**ਭਾਵ** :—ਮਨ ਵਿਚ ਕੁਝ ਹੋਣਾ ਤੇ ਦਸਣਾ ਕੁਝ ।

**ਵਰਤੋਂ** :—ਇਸ ਆਦਮੀ ਨੂੰ ਸਿੱਧਾ ਨਾ ਜਾਨਣਾ, ਇਕ ਨੰਬਰ ਦਾ ਕਪੱਟੀ ਹੈ । 'ਬਾਹਰੋਂ ਨਾਂਹ ਤੇ ਅੰਦਰੋਂ ਰਾਜ਼ੀ' ਹੈ ਇਸ ਦੀ ਪਾਲਸੀ । (ਸੰ)

## ਬਾਹਰੋਂ ਲੜੇ ਰਹਿਣਾ, ਅੰਦਰੋਂ ਰਲੇ ਰਹਿਣਾ ।

**ਭਾਵ** :—ਅੰਦਰੋਂ ਨਾਲ ਤੇ ਬਾਹਰੋਂ ਵਖ ਹੋਣਾ ।

**ਵਰਤੋਂ** :—ਪੋਲਿਟਿਕਸ ਦੀ ਇਕ ਬੜੀ ਵਡੀ ਤੇ ਕੰਮ ਕਢਣ ਵਾਲੀ ਚਾਲ 'ਬਾਹਰੋਂ ਲੜੇ ਰਹਿਣਾ, ਅੰਦਰੋਂ ਰਲੇ ਰਹਿਣਾ' ਨੂੰ ਉਹ ਖੂਬ ਜਾਣਦੇ ਸਨ, ਅਤੇ ਜੋ ਡਰਾਮਾ ਉਨ੍ਹਾਂ ਨੇ ਕੰਵਰ ਸ਼ੇਰ ਸਿੰਘ ਦੇ ਲਾਹੌਰ ਆਉਣ ਉਤੇ, ਮਹਾਂ ਰਾਣੀ ਚੰਦ ਕੌਰ ਵਲੋਂ ਮੁਖ਼ਾਲਫ਼ਤ ਤੇ ਫੇਰ ਰੀਮ ਸੁਲਝਾਉਣ ਵਿਚ ਹੋਇਆ, ਉਸਦੀ ਹੋਰ ਕੋਈ ਮਿਸਾਲ ਪੰਜਾਬ ਦੇ ਇਤਿਹਾਸ ਵਿਚ ਨਜ਼ਰ ਨਹੀਂ ਆਉਂਦੀ ।

(ਸਰਦਾਰ ਸ਼ਾਮ ਸਿੰਘ ਅਟਾਰੀ—ਗੰਡਾ ਸਿੰਘ)

## ਬਾਹਿਰ ਟੋਲੈ ਸੋ ਭਰਮਿ ਭੁਲਾਹੀ ।

**ਭਾਵ** :—ਰਬ ਨੂੰ ਜਿਹੜੇ ਆਪਣੇ ਅੰਦਰ (ਹਿਰਦੇ ਵਿਚ) ਢੂੰਢਣ ਦੀ ਥਾਂ ਬਾਹਿਰ ਢੂੰਢਦੇ ਹਨ, ਉਹ ਭਰਮਾਂ ਵਿੱਚ ਭਟਕਦੇ ਹਨ ।

**ਵਰਤੋਂ** :—ਮੈਂ ਇਨ੍ਹਾਂ ਮੁਕਤੀ ਦਾਤਿਆਂ ਦੇ ਹੱਥੋਂ ਨਕ ਜ਼ਿੰਦ ਆਈ ਹੋਈ ਹਾਂ । ਜੀ ਐਸਾ ਅਵਾਜ਼ਾਰ ਹੋਇਆ ਹੈ ਕਿ ਨਾ ਖਾਣਦਾ ਸੁਆਦ ਰਿਹਾ ਹੈ ਨਾ ਪੀਣ ਦਾ । ਸੁਰਗ ਦਾ ਰਾਹ ਇਥੇ ਤੇ ਨਾਂਹ ਦਿਸਿਆ, 'ਬਾਹਿਰ ਟੋਲੈ ਸੋ ਭਰਮਿ ਭੁਲਾਹੀ' ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਬਾਹਿਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤ ।

**ਭਾਵ** :—ਬਾਹਰੋਂ ਬੜਾ ਚੰਗਾ ਦਿਸਦਾ ਹੈ, ਪਰ ਦਿਲ ਰਾਤ ਵਰਗਾ ਕਾਲਾ ਹੈ ।

**ਵਰਤੋਂ** :— ਸੰਸਾਰ ਵਿਚ ਕਾਲੀ ਰਾਤ ਪੈ ਰਹੀ ਹੈ । ਸੋਹਣੀਆਂ ਸੂਰਤਾਂ ਸੋਹਣੇ ਕਪੜੇ, ਸੋਹਣੀਆਂ ਗੱਲਾਂ ਦਿਸਦੀਆਂ ਹਨ । ਸਮਝਦੀ ਹਾਂ ਇਹ ਬੜੇ ਚੰਗੇ ਹਨ ।ਪਰ 'ਬਾਹਿਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤ ।'

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਬਾਹਿਰ ਭੇਖ ਅੰਤਰਿ ਮਲੁ ਮਾਇਆ ।

**ਭਾਵ** :—ਬਾਹਿਰਮੁਖ ਚੰਗੇ ਭਲੇ ਮਾਣਸਾਂ ਵਾਲਾ ਪਹਿਰਵਾ ਹੈ, ਪਰ ਅੰਦਰੋਂ ਮਨ ਮਾਇਆ ਵਿਚ ਖਚਤ ਹੋਣ ਕਰਕੇ ਮੈਲਾ ਹੈ ।

**ਵਰਤੋਂ** :—

ਬਾਹਿਰ ਭੇਖ ਅੰਤਰਿ ਮਲੁ ਮਾਇਆ ।
ਛਪਸਿ ਨਾਹਿ ਕਛੁ ਕਰੈ ਛਪਾਇਆ ।

(ਗੁਰੂ ਗ੍ਰੰਥ—ਗਉੜੀ ਸੁਖਮਨੀ)

## ਬਾਹਿਰ ਮੀਆਂ ਪੰਜ ਹਜ਼ਾਰੀ, ਘਰ ਬੀਬੀ ਕਰਮਾਂ ਦੀ ਮਾਰੀ ।

**ਭਾਵ** :—ਬਾਹਿਰ ਤਾਂ ਕੋਈ ਬੜੀ ਸ਼ਾਨ ਦਸੇ, ਪਰ ਘਰ ਦੀ ਹਾਲਤ ਮਾੜੀ ਹੋਵੇ ।

**ਵਰਤੋਂ** :—ਬਾਹਰ ਦੀ ਸ਼ੋਭਾ ਨੂੰ ਮੈਂ ਕੀ ਕਰਾਂ ? ਅੱਗ ਲਾਵਾਂ ? ਘਰ ਵਿਚ ਤਾਂ ਨਾ ਚੁਲ੍ਹੇ ਅੱਗ ਨਾ ਘੜੇ ਪਾਣੀ । 'ਬਾਹਿਰ ਮੀਆਂ ਪੰਜ ਹਜ਼ਾਰੀ, ਘਰ ਬੀਬੀ ਕਰਮਾਂ ਦੀ ਮਾਰੀ' ਮੈਨੂੰ ਤਾਂ ਘਰ ਦਾ ਸੁਖ ਚਾਹੀਦਾ ਹੈ । (ਸੰਗੂ)

**ਬਾਹਿਰੋਂ ਆਇਆ ਕੱਤਣਾ, ਤੇ ਘਰੋਂ ਪਿਆ ਘਤਣਾ ।**

**ਭਾਵ** :— ਜਦ ਲਾਭ ਦੀ ਥਾਂ ਉਲਟਾ ਨੁਕਸਾਨ ਹੋਵੇ ।

**ਵਰਤੋਂ** :—ਸੋਚ ਸਮਝ ਕੇ ਵਪਾਰ ਵਿੱਚ ਪੈਰ ਧਰਿਓ । ਉਹ ਨਾ ਹੋਵੇ ਅਖੇ 'ਬਾਹਿਰੋਂ ਆਇਆ ਕਤਣਾ ਤੇ ਘਰੋਂ ਪਇਆ ਘਤਣਾ' । ਕਿਤੇ ਲੈਣੇ ਦੇ ਦੇਣੇ ਨਾ ਪੈ ਜਾਣ । (ਸੰਗ੍ਰ)

**ਬਾਹਾਂ ਰੜੀ, ਨਾ ਕੋਠਾ ਨਾ ਕੜੀ ।**

**ਭਾਵ** :—ਮਾੜੀ, ਰੜੀ ਜ਼ਮੀਨ ਦਾ ਮਾਲਕ ਜ਼ਿਮੀਂਦਾਰ ਭੁਖਾ ਨੰਗਾ ਹੀ ਰਹਿੰਦਾ ਹੈ ।

**ਵਰਤੋਂ** :— ਜ਼ਮੀਨ ਤਾਂ ਮਿਲੀ ਹੈ, ਪਰ 'ਬਾਹਾਂ ਰੜੀ, ਨਾ ਕੋਠਾ ਨਾ ਕੜੀ' ਵਾਲਾ ਹਾਲ ਹੈ । ਰੜਕ ਧਰਤੀ ਵਿਚੋਂ ਕੀ ਖਟਾਂਗੇ । (ਸੰਗ੍ਰ)

**ਬਾਜਰੇ ਦੀ ਕੋਠੀ ਗੁਜਰਾਤੀ ਜੰਦਰਾ ।**

**ਭਾਵ** :—ਮਾਮੂਲੀ ਚੀਜ਼ ਉਪਰ ਬਹੁਤ ਸਾਰਾ ਖ਼ਰਚ ਕਰਨਾ ।

**ਵਰਤੋਂ** :—ਕੋਈ ਅਕਲ ਦੀ ਗੱਲ ਕਰ । ਅਗੇ ਹੀ ਇਸ ਢਾਈ ਮਰਲ ਥਾਂ ਉਤੇ ਹਜ਼ਾਰਾਂ ਰੁਪਏ ਖਰਚ ਕਰ ਬੈਠਾ ਏਂ । ਹਾਲਾਂ ਵੀ ਟਲਦਾ ਨਹੀਂ 'ਅਖੇ ਬਾਜਰੇ ਦੀ ਕੋਠੀ, ਗੁਜਰਾਤੀ ਜੰਦਰਾ' । (ਸਗ੍ਰ)

**ਬਾਜਾਂ ਨੂੰ ਘਾਹ ਤੇ ਚਿੜੀਆਂ ਨੂੰ ਮਾਸ ।**

**ਭਾਵ** :—ਕੋਈ ਚੀਜ ਅਧਿਕਾਰੀ ਨੂੰ ਛਡ ਅਨ-ਅਧਿਕਾਰੀ ਨੂੰ ਦੇਣੀ ।

**ਵਰਤੋਂ** :—ਤੁਸੀਂ ਵੀ ਤਾਂ ਕਾਣੀ ਵੰਡ ਕੀਤੀ ਹੈ ਅਖੇ 'ਬਾਜ਼ਾਂ ਨੂੰ ਘਾਹ ਤੇ ਚਿੜੀਆਂ ਨੂੰ ਮਾਸ' ਗੜਬੜ ਤਾਂ ਪੈਣੀ ਹੀ ਸੀ । (ਸਗ੍ਰ)

**ਬਾਝ ਪਿਆਰੇ ਜੀਵੀਐ, ਵਿਣ ਖਾਧੇ ਮਰੀਐ ।**

**ਭਾਵ** :—ਪਿਆਰੇ ਦੇ ਵਿਛੋੜੇ ਨੂੰ ਸਹਿ ਲਈਦਾ ਹੈ, (ਜੀਵਨ ਕਟ ਲਈ ਦਾ ਹੈ) ਪਰ ਅੰਨ ਬਿਨਾਂ ਨਹੀਂ ਜੀਵਿਆ ਜਾਂਦਾ ।

**ਵਰਤੋਂ** :—ਅੰਨ ਛਡ ਕੇ ਨਹੀਂ ਜੀਵਿਆ ਜਾਂਦਾ । ਤੈਂ ਰਾਤ ਦੀ ਭੀ ਰੋਟੀ ਨਹੀਂ ਖਾਧੀ...ਲੋਕੀ ਕਹਿੰਦੇ ਹਨ 'ਬਾਝ ਪਿਆਰੇ ਜੀਵੀਐ, ਵਿਣ ਖਾਧੇ ਮਰੀਐ' ।

(ਸ੍ਰੀ ਚਰਣਹਰਿ ਵਿਸਥਾਰ— ਡਾ: ਬਲਬੀਰ ਸਿੰਘ)

**ਬਾਣ ਨਾ ਗਈ ਤੇਰੀ, ਬੁਢ ਬੁਢੇਂਦੀ ਵੇਰੀ ।**

**ਭਾਵ** :—ਬਹੁਤ ਸਮਾਂ ਬੀਤਣ ਉਤੇ ਵੀ ਜਦ ਕੋਈ ਆਪਣੀ ਭੈੜੀ ਵਾਦੀ ਨਾ ਛਡੇ ।

**ਵਰਤੋਂ** :— ਓਇ ਸ਼ਾਹ ! ਤੇਰਾ ਸੁਭਾ ਇਸ ਉਮਰੇ ਵੀ ਜ਼ਿੱਦੀ ਹੀ ਰਿਹਾ । ਅਖੇ 'ਬਾਣ ਨਾ ਗਈ ਤੇਰੀ, ਬੁਢ ਬੁਢੇਂਦੀ ਵੇਰੀ' । ਹੁਣ ਤਾਂ ਕੁਝ ਸੋਚਿਆ ਕਰ । (ਸੰਗ੍ਰ)

**ਬਾਣੀ ਪ੍ਰਭ ਕੀ ਸਭੁ ਕੋ ਬੋਲੈ, ਆਪ ਅਡੋਲ ਨ ਕਬਹੂ ਡੋਲੈ ॥**

**ਭਾਵ** :—ਮਨੁਖ ਉਹੀ ਕੁਝ ਬੋਲਦਾ ਹੈ ਜੋ ਰੱਬ ਦੀ ਇਛਿਆ ਹੁੰਦੀ ਹੈ, ਪਰ ਰਬ ਆਪ ਸਦਾ ਅਡੋਲ ਹੈ ।

**ਵਰਤੋਂ** :—

ਬਾਣੀ ਪ੍ਰਭ ਕੀ ਸਭੁ ਕੋ ਬੋਲੈ ।
ਆਪ ਅਡੋਲ ਨ ਕਬਹੂ ਡੋਲੈ ।
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਬਾਣੀਓਂ, ਅੱਗੋਂ, ਪਾਣੀਓਂ ਜੋ ਬਚਿਆ ਸੋ ਜਾਣੀਓਂ ।**

**ਭਾਵ** :—ਬਾਣੀਏ (ਸ਼ਾਹ) ਅੱਗ ਅਤੇ ਪਾਣੀ ਦੀ ਮਾਰ ਬੜੀ ਕਰੜੀ ਅਤੇ ਡਾਢੀ ਹੁੰਦੀ ਹੈ ।

**ਵਰਤੋਂ** :—ਲੋਕੋ ਬਾਣੀਏ ਦੀ ਮਾਰ ਬੁਰੀ, ਬਾਣੀਓਂ, ਅੱਗੋਂ, ਪਾਣੀਓਂ ਜੋ ਬਚਿਆ ਸੋ ਜਾਣੀਓਂ' । (ਸੰਗ੍ਰ)

**ਬਾਣੀਏ ਪੁਤ ਪੱਟੀ ਨਾ ਪੜ੍ਹਾਓ।**

**ਭਾਵ** :—ਜੋ ਅਗੇ ਹੀ ਚਲਾਕ ਹੋਵੇ ਉਸ ਨੂੰ ਹੋਰ ਸਿਖਿਆ ਦੇਣੀ ਅਕਾਰਥ ਹੈ।

**ਵਰਤੋਂ** :—ਜੀ ਤੁਸੀਂ ਬਾਣੀਏ ਦੇ ਪੁਤਰ ਨੂੰ ਪਟੀ ਨਾ ਪੜ੍ਹਾਓ। ਮੈਂ ਇਹ ਸਭੇ ਚਲਾਕੀਆਂ ਵੇਖੀਆਂ ਹੋਈਆਂ ਨੇ। (ਸੰਗ੍ਰ)

**ਬਾਤੜੀਉਂ ਘਰ ਉਜੜੇ,ਚੁਲ੍ਹੇ ਦਾਲ ਦੇ ਹੋ।**

**ਭਾਵ** :—ਕੌੜੀਆਂ ਸਾੜਵੀਆਂ ਗੱਲਾਂ ਘਰ ਉਜਾੜ ਦੇਂਦੀਆਂ ਹਨ ਤੇ ਚੁਲ੍ਹੇ ਤੇ ਰੋਟੀ ਨਹੀਂ ਪਕਦੀ।

**ਵਰਤੋਂ** :—ਮੰਦੇ ਬੋਲਾਂ ਦੀ ਮਾਰ ਤੋਂ ਰੱਬ ਹੀ ਬਚਾਵੇ। 'ਬਾਤੜੀਉਂ ਘਰ ਉਜੜੇ, ਚੁਲ੍ਹੇ ਦਾਲ ਦੇ ਹੋ।' (ਸੰਗ੍ਰ)

**ਬਾਪ ਪਰ ਬੇਟਾ, ਤੁਖ਼ਮ ਪਰ ਘੋੜਾ, ਬਹੁਤਾ ਨਹੀਂ ਪਰ ਥੋੜਾ ਥੋੜਾ।**

**ਭਾਵ** :—ਪੁਤਰ ਪਿਉ ਵਰਗੇ ਕੰਮ ਹੀ ਕਰਦਾ ਹੈ।

**ਵਰਤੋਂ** :—ਪਿਉ ਉੱਤੇ ਹੀ ਜਾਣਾ ਸੀ ਪੁੱਤਰ ਨੇ ਵੀ। 'ਬਾਪ ਪਰ ਬੇਟਾ, ਤੁਖ਼ਮ ਪਰ ਘੋੜਾ, ਬਹੁਤ ਨਹੀਂ ਤਾਂ ਥੋੜਾ ਥੋੜਾ'। (ਸੰਗ੍ਰ)

**ਬਾਪੂ ਫਿਰੇ ਫੋਸੀ ਫੋਸੀ ਪੁਤ ਬਖ਼ਸੇ ਪੰਡਾਂ।**

**ਭਾਵ** :—ਪਿਉ ਤਾਂ ਕੰਜੂਸ ਹੋਵੇ ਤੇ ਪੁਤ ਲੁਟਾਉਂਦਾ ਫਿਰੇ ਤਾਂ ਮਿਹਣੇ ਵਜੋਂ ਵਰਤਦੇ ਹਨ।

**ਵਰਤੋਂ** :—ਪੁਤਰਾ ਮੇਰੀ ਵਲ ਵੇਖ। ਉਹ ਨਾ ਹੋਵੇ ਅਖੇ 'ਬਾਪੂ ਫਿਰੇ ਫੋਸੀ ਫੋਸੀ, ਪੁਤ ਬਖ਼ਸ਼ੇ ਪੰਡਾਂ'। ਆਪਣੀ ਵਿਤ ਦਾ ਵੀ ਧਿਆਨ ਕਰ ਲਵੀਂ। (ਸੰਗ੍ਰ)

**ਬਾਪੂ ਬਾਪੂ ਕਹਿੰਦੇ ਸਾਂ ਸਦਾ ਸੁਖੀ ਰਹਿੰਦੇ ਸਾਂ ਬਾਪੂ ਜਦ ਅਖਵਾਇਆ ਡਾਢਾ ਦੁਖ ਪਾਇਆ।**

**ਭਾਵ** :—ਜ਼ਿਮੇਂਵਾਰੀਆਂ ਬਿਨਾਂ ਸੁਖੀ ਸਾਂ। ਜ਼ਿਮੇਂਵਾਰੀਆਂ ਨੇ ਦੁਖੀ ਕਰ ਦਿਤਾ ਹੈ।

**ਵਰਤੋਂ** :—ਵੀਰਾ! ਜ਼ਿਮੇਂਵਾਰੀ ਬੜਾ ਦੁਖੀ ਕਰਦੀ ਹੈ। 'ਬਾਪੂ ਬਾਪੂ ਕਹਿੰਦੇ ਸਾਂ, ਸਦਾ ਸੁਖੀ ਰਹਿੰਦੇ ਸਾਂ, ਬਾਪੂ ਜਦ ਅਖਵਾਇਆ ਡਾਢਾ ਦੁਖ ਪਾਇਆ' ਵਿਆਹ ਕਰਨ ਤੋਂ ਪਹਿਲਾਂ ਰਤਾ ਸੋਚ ਲਵ। (ਸੰਗ੍ਰ)

**ਬਾਬਲ ਮੇਰੇ ਚੋਲਾ ਦਿਤਾ ਸਾਹ ਲਵਾਂ ਤੇ ਪਾਟੇ।**

**ਭਾਵ** :—ਮਾੜੀ ਜਾਂ ਥੋੜੀ ਚੀਜ਼ ਨੂੰ ਨਿੰਦਣ ਸਮੇਂ ਆਖਦੇ ਹਨ।

**ਵਰਤੋਂ** :—ਹਾਂ, ਦੇ ਗਈ ਏ ਦੋ ਪਸ ਪੁਰਾਣੀਆਂ ਕੁੜਤੀਆਂ। ਅਖੇ 'ਬਾਬਲ ਮੇਰੇ ਚੋਲਾ ਦਿੱਤਾ ਸਾਹ ਲਵਾਂ ਤਾਂ ਪਾਟੇ'। (ਸੰਗ੍ਰ)

**ਬਾਬਾ ਅਟੱਲ, ਪਕੀ ਪਕਾਈ ਘਲ।**

**ਭਾਵ** :—ਤਿਆਰ ਕੀਤੀ ਕਰਾਈ ਚੀਜ਼ ਪ੍ਰਾਪਤ ਕਰਨ ਦੀ ਲਾਲਸਾ ਹੋਣੀ। ਇਤਿਹਾਸਕ ਅਖਾਣ ਹੈ।

**ਵਰਤੋਂ** :—ਤੁਹਾਨੂੰ ਕੀ ਲੋੜ ਹੈ ਕੰਮ ਕਰਨ ਦੀ, ਜਦ ਪਿਉ ਦਾਦੇ ਦਾ ਖਟਿਆ ਬੇਅੰਤ ਧਨ ਪਿਆ ਹੈ। ਅਖੇ ਬਾਬਾ ਅਟੱਲ, ਪਕੀ ਪਕਾਈ ਘਲ'। ਕੰਮ ਧੰਧੇ ਲਈ ਅਸੀਂ ਥੋੜੇ ਹਾਂ? (ਸੰਗ੍ਰ)

**ਬਾਬਾ ਆਏ ਤਾਂ ਬਕਰੀਆਂ ਚਾਰੇ।**

**ਭਾਵ** :—ਜਦ ਕੋਈ ਆਪਣਾ ਕੰਮ ਦੂਜੇ ਦੇ ਸਿਰ ਸੁਟੇ।

**ਵਰਤੋਂ** :—ਤੂੰ ਵੀ ਕੋਈ ਕੰਮ ਕਰਨਾ ਏਂ, ਕਿ ਧੁਪੇ ਪੈ ਕੇ ਵਿਹਲਿਆਂ ਛੂੰਕਦੇ ਰਹਿਣਾ ਏਂ। 'ਬਾਬਾ ਆਏ ਤਾਂ ਬਕਰੀਆਂ ਚਾਰੇ' ਦਾ ਵਤੀਰਾ ਚੰਗਾ ਨਹੀਂ। (ਸੰਗ੍ਰ)

**ਬਾਬਾ ਮੌਤੋਂ ਭੁਖ ਬੁਰੀ।**

**ਭਾਵ** :—ਭੁਖ ਮੌਤ ਨਾਲੋਂ ਵੀ ਵਧੀਕ ਦੁਖਦਾਈ ਹੈ।

**ਵਰਤੋਂ** :—ਜਿਨ੍ਹਾਂ ਨੇ ਭੁਖ ਦੇ ਦੁਖ ਡਿਠੇ ਹਨ, ਉਹ ਰੋ ਰੋ ਕਹਿੰਦੇ ਸੁਣੀਦੇ ਹਨ। 'ਬਾਬਾ! ਮੌਤੋਂ ਭੁਖ ਬੁਰੀ'।

(ਬਿਜੈ ਸਿੰਘ—ਡਾ. ਭਾਈ ਵੀਰ ਸਿੰਘ)

**ਬਾਬਾ ਵੀ ਗਰਮ ਤੇ ਬਾਬੇ ਦੀਆਂ ਗੋਲੀਆਂ ਵੀ ਗਰਮ।**

**ਭਾਵ** :—ਜਦ ਕਿਸੇ ਦਾ ਸੁਭਾ ਗੱਲ ਬਾਤ ਦੋਵੇਂ ਤਿਖੇ ਹੋਣ।

**ਵਰਤੋਂ** :— ਕੰਮ ਤਾਂ ਵਿਗੜਨਾ ਹੀ ਸੀ ਜਦ 'ਬਾਬਾ ਵੀ ਗਰਮ ਤੇ ਬਾਬੇ ਦੀਆਂ ਗੋਲੀਆਂ ਵੀ ਗਰਮ' ਸਨ। ਦੋਹਾਂ ਵਿੱਚੋਂ ਇਕ ਧਿਰ ਨਿੰਵਦੀ ਤਾਂ ਫੈਸਲਾ ਝਟ ਹੋ ਜਾਂਦਾ। (ਸੰਗ੍ਰ)

**ਬਾਰਿ ਪਰਾਇਆ ਬੈਸਣਾ ਸਾਂਈ ਮੁਝੈ ਨ ਦੇਹਿ।**

**ਭਾਵ** :—ਬਿਨਾਂ ਆਪਣੇ ਘਰ ਦੇ ਹੋਣਾ (ਜਾਂ ਪ੍ਰਾਧੀਨ ਹੋਣਾ) ਮਾੜਾ ਹੈ।

**ਵਰਤੋਂ** :—

ਬਾਰਿ ਪਰਾਇਆ ਬੈਸਣਾ
ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ
ਜੀਉ ਸਰੀਰਹੁ ਲੇਹਿ॥

**ਬਾਰ੍ਹੀਂ ਵਰ੍ਹੀਂ ਸੰਢ ਵਿਆਹੀ, ਉਸ ਵੀ ਕਾਣੀ ਧੀ ਜਾਈ।**

**ਭਾਵ** :—ਜਦ ਢੇਰ ਚਿਰ ਪਿਛੋਂ ਕੋਈ ਆਸ ਪੂਰੀ ਹੁੰਦੀ ਦਿਸੇ, ਪਰ ਉਸ ਵਿਚ ਵੀ ਊਣਤਾਈ ਰਹਿ ਜਾਵੇ।

**ਵਰਤੋਂ** :—ਕੰਮ ਵੀ ਹੋਇਆ, ਤਾਂ ਕੀ ਹੋਇਆ, 'ਬਾਰ੍ਹੀਂ ਵਰ੍ਹੀਂ ਸੰਢ ਵਿਆਹੀ, ਉਸ ਵੀ ਕਾਣੀ ਧੀ ਜਾਈ'। ਪਹਿਲਾਂ ਦੋ ਵਰ੍ਹੇ ਉਡੀਕਦੇ ਰਹੇ, ਹੁਣ ਚਾਲ੍ਹੀ ਰੁਪਏ ਦੀ ਨੌਕਰੀ ਦੇਂਦੇ ਹਨ। (ਸੰਗ੍ਰ)

**ਬਾਰ੍ਹੀਂ ਵਰ੍ਹੀਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ।**

**ਭਾਵ** :—ਸਮਾਂ ਪਾਕੇ ਹਰ ਆਸ ਪੂਰੀ ਹੋ ਜਾਂਦੀ ਹੈ।

**ਵਰਤੋਂ** :—ਭੈੜੇ ਪੌਣ ਪਾਣੀ ਨੇ ਵਿਚਾਰਿਆਂ ਨੂੰ ਬਥੇਰਾ ਸਤਾਇਆ, ਪਰ ਓੜਕ ਨੂੰ ਜਿਵੇਂ ਕਹਿੰਦੇ ਹਨ 'ਬਾਰਾਂ ਵਰ੍ਹਿਆਂ ਪਿੱਛੋਂ ਤਾਂ ਰੱਬ ਰੂੜੀ ਦੀ ਵੀ ਸੁਣ ਲੈਂਦਾ ਹੈ' ਇਹਨਾਂ ਦੀ ਰੱਬ ਨੇ ਸੁਣੀ ਤੇ ਇਹਨਾਂ ਨੂੰ ਮੁੜ ਘਰ ਜਾਣਾ ਨਸੀਬ ਹੋਇਆ।

(ਨਵਾਬ ਖਾਨ)

**ਬਾਰਾਂ ਪੂਰਬੀਏ, ਤੇਰਾਂ ਚੁਲ੍ਹੇ।**

**ਭਾਵ** :—ਜਦ ਹਰ ਇਕ ਦੇ ਕੰਮ ਕਾਜ ਜਾਂ ਰਹਿਣੀ ਬਹਿਣੀ ਵਿਚ ਫ਼ਰਕ ਹੋਵੇ।

**ਵਰਤੋਂ** :— ਜਿਸ ਦਿਨ ਤੋਂ ਚਾਰ ਵਰਨਾਂ ਦਾ ਰੋਟੀ ਬੇਟੀ ਦੀ ਸਾਂਝ ਨੂੰ ਛਡਕੇ 'ਬਾਰਾਂ ਪੂਰਬੀਏ ਤੇਰਾਂ ਚੁਲ੍ਹੇ' ਵਾਲਾ ਹਿਸਾਬ ਤੁਰਿਆ ਹੈ, ਭਾਰਤ ਵਰਸ਼ ਨੂੰ ਘਾਟਾ ਹੀ ਘਾਟਾ ਪਿਆ ਹੈ। (ਸੰਗ੍ਰ)

**ਬਾਰਾਂ ਵਰ੍ਹੇ ਦਿਲੀ ਰਹੇ ਤੇ ਭੱਠੀ ਹੀ ਝੋਂਕਦੇ ਰਹੇ।**

**ਭਾਵ** :—ਕੋਈ ਚੰਗੇ ਮੌਕੇ ਮਿਲਣ ਤੇ ਵੀ ਖ਼ੁਸ਼ਹਾਲ ਜਾਂ ਚੰਗਾ ਨਾ ਬਣੇ।

**ਵਰਤੋਂ** :—ਛਡ ਯਾਰ! ਤੂੰ ਵੀ ਤਾਂ ਭੋਂਦੂ ਸੀ ਨਿਰਾ। ਅਖੇ ਬਾਰਾਂ ਵਰ੍ਹੇ ਦਿਲੀ ਰਹੇ ਤੇ ਭੱਠੀ ਹੀ ਝੋਂਕਦੇ ਰਹੇ। ਏਡੇ ਵਡੇ ਕਿਹਾੜਿਆਂ ਵਹਿਣਾਂ ਵਿਚ ਜਾ ਪਿਆ ਏਂ। ਲਗਾ ਜੇ ਹੋਰ ਚੈਨ ਚਾਹੜਨ।

(ਪ੍ਰੇਮ ਸੰਗੀਤ—ਨਾਨਕ ਸਿੰਘ)

**ਬਾਲ ਕੁਬਾਲ ਪੰਘੂੜਿਉਂ ਈ ਸੰਜਾਪਦੇ ਨੇ।**

**ਭਾਵ** :—ਬਾਲ ਅਵਸਥਾ ਤੋਂ ਹੀ ਕਿਸੇ ਦੇ ਚੰਗੇ ਜਾਂ ਮੰਦੇ ਹੋਣ ਦਾ ਪਤਾ ਲਗ ਜਾਂਦਾ ਹੈ।

**ਵਰਤੋਂ** :—'ਬਾਲ ਕੁਬਾਲ ਪੰਘੂੜਿਉਂ ਈ ਸੰਜਾਪੇ ਜਾਂਦੇ ਨੇ'। ਇਹ ਬੱਚਾ ਵਡਾ ਹੋ ਕੇ ਜ਼ਰੂਰ ਨਾਮਣਾ ਖਟੇਗਾ। (ਸੰਗ੍ਰ)

## ਬਾਲ ਤੇ ਪਸ਼ੂ ਪ੍ਰੀਤ ਦੇ ਭੁਖੇ ਹੁੰਦੇ ਹਨ।

**ਭਾਵ** :—ਜਿਹੜਾ ਕੋਈ ਬਾਲ ਜਾਂ ਪਸ਼ੂ ਨਾਲ ਪਿਆਰ ਕਰੇ ਉਹ ਉਸੇ ਦੇ ਹੋ ਜਾਂਦੇ ਹਨ।

**ਵਰਤੋਂ** :—ਕਹਿੰਦੇ ਹਨ ਪੰਡਤ ਜੀ ਦੇ ਗੁਰਗਵਾਸ ਹੋਣ ਤੇ ਉਹਨਾਂ ਦੇ ਕੁੱਤੇ ਮਧੂ ਨੇ ਬੜਾ ਅਫਸੋਸ ਮਨਾਇਆ। ਕੁੱਤਾ ਮਹਿਸੂਸ ਵੀ ਕਿਉਂ ਨਾ ਕਰਦਾ। ਪੰਡਤ ਜੀ ਉਸ ਨੂੰ ਬੜਾ ਹੀ ਪਿਆਰ ਕਰਦੇ ਸਨ ਤੇ ਬਾਲ ਤੇ ਪਸ਼ੂ ਹੁੰਦੇ ਹੀ ਭੁਖੇ ਪ੍ਰੀਤ ਦੇ ਹਨ। (ਸੰਗ੍ਰ)

## ਬਾਲ ਦਾ ਪੱਜ ਤੇ ਮਾਂ ਦਾ ਰੱਜ।

**ਭਾਵ** :—ਕਿਸੇ ਬਹਾਨੇ ਜਦ ਕੋਈ ਲਾਭ ਉਠਾਵੇ।

**ਵਰਤੋਂ** :—ਲਾਭ ਉਠਾਉਣ ਦਾ ਇਹ ਕਿਹੜਾ ਰਾਹ ਹੈ? ਅਖੇ 'ਬਾਲ ਦਾ ਪੱਜ, ਤੇ ਮਾਂ ਦਾ ਰੱਜ' ਨਾਂ ਲੈਣਾ ਹੋਰਨਾਂ ਦਾ ਤੇ ਖਾਣਾ ਆਪ। (ਸੰ)

## ਬਾਲ ਦੀ ਮਾਂ ਨਾ ਮਰੇ ਬੁੱਢੇ ਦੀ ਜੋਰੂ।

**ਭਾਵ** :—ਬਾਲ ਨੂੰ ਮਾਂ ਬਿਨਾਂ ਤੇ ਬੁਢੇ ਨੂੰ ਇਸਤਰੀ ਬਿਨਾਂ ਦੁਖ ਹੁੰਦਾ ਹੈ।

**ਵਰਤੋਂ** :—ਬੜਾ ਅਨ੍ਹੇਰ ਹੋਇਆ, ਰਖੀ ਮਰ ਗਈ। ਵਿਚਾਰੀ ਦਾ ਦੁਧ ਪੀਂਦਾ ਬਾਲ ਕੁਲੱਕੜ ਸੀ। ਰੱਬ ਕਰੇ 'ਬਾਲ ਦੀ ਮਾਂ ਨਾ ਮਰੇ ਬੁੱਢੇ ਦੀ ਜੋਰੂ' ਦੋਹਾਂ ਲਈ ਵਖ਼ਤ ਹੀ ਹੈ। (ਸੰਗ੍ਰ)

## ਬਿਸੀਅਰ ਵਿੱਸ ਨ ਪਰਹਰੇ, ਅੱਠ ਪਹਰ ਚੰਨਣ ਲਪਟਾਇ।

**ਭਾਵ** :—ਖੋਟਾ ਮਨੁਖ ਅੱਠੋ ਪਹਿਰ ਚੰਗੀ ਸੰਗਤ ਵਿਚ ਰਹਿ ਕੇ ਵੀ ਆਪਣੀ ਖੋਟੀ ਨੀਅਤ ਨਹੀਂ ਛਡਦਾ।

**ਵਰਤੋਂ** :—

ਪਾਰਸ ਪਰਸ ਨ ਪੱਥਰਹੁ
ਕੰਚਨ ਹੋਇ ਨ ਅਘੜ ਘੜਾਈ।
ਬਿਸੀਅਰ ਵਿਸ ਨ ਪਰਹਰੇ
ਅੱਠ ਪਹਿਰ ਚੰਨਣ ਲਪਟਾਈ।
(ਵਾਰਾਂ—ਭਾਈ ਗੁਰਦਾਸ ਜੀ)

## ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸਟਾ ਮਾਹਿ ਸਮਾਈ।

**ਭਾਵ** :—(ਮਾਇਆ ਦਾ ਲੋਭੀ) ਜ਼ਹਿਰ ਦਾ ਕੀੜਾ, ਇਹ ਹਰ ਵੇਲੇ ਮਾੜੇ ਕੰਮਾਂ ਵਿਚ ਹੀ ਲਗਾ ਰਹਿੰਦਾ ਹੈ ਤੇ ਅੰਤ ਨੂੰ ਇਸ ਗੰਦ ਵਿਚ ਪਿਆ ਪਿਆ ਮਰ ਜਾਂਦਾ ਹੈ।

**ਵਰਤੋਂ** :—

ਮਾਇਆ ਕੇ ਵਪਾਰਾ ਜਗਿਤ
ਪਿਆਰਾ ਆਵਣਿ ਜਾਣਿ ਦੁਖ ਪਾਈ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ
ਬਿਸਟਾ ਮਾਹਿ ਸਮਾਈ॥
(ਗੁਰੂ ਗ੍ਰੰਥ—ਰਾਗ ਵਡਹੰਸ)

## ਬਿਗਾਨਾ ਘਰ ਥੁਕਾਂ ਦਾ ਭੀ ਡਰ।

**ਭਾਵ** :—ਪਰਾਏ ਘਰ ਅਜ਼ਾਦੀ ਨਹੀਂ ਹੁੰਦੀ।

**ਵਰਤੋਂ** :—ਬਿਗਾਨੇ ਘਰ ਦਾ ਕੀ ਕਹਿਣਾ? ਉਥੇ ਹਰ ਇਕ ਗੱਲ ਦੂਜੇ ਦੀ ਮਰਜ਼ੀ ਅਨੁਸਾਰ ਕਰਨੀ ਪੈਂਦੀ ਹੈ। ਸਿਆਣਿਆਂ ਨੇ ਸੱਚ ਕਿਹਾ ਹੈ 'ਬਿਗਾਨਾ ਘਰ, ਥੁਕਾਂ ਦਾ ਭੀ ਡਰ'। (ਸੰਗ੍ਰ)

## ਬਿਗਾਨਾ ਮਹਿਲ ਵੇਖ ਕੇ ਆਪਣੀ ਕੁਲੀ ਨਹੀਂ ਢਾਹ ਲਈਦੀ। ਜਾਂ ਬਿਗਾਨਾ ਮਹਿਲ ਵੇਖਕੇ ਟੱਕਰ ਨਹੀਂ ਮਾਰ ਲਈਦੀ।

**ਭਾਵ** :—ਆਪਣੇ ਤੋਂ ਵਡਿਆਂ ਦੀ ਰੀਸ ਕਰਕੇ ਆਪਣੀਆਂ ਮਾੜੀਆਂ ਚੀਜ਼ਾਂ ਤੋਂ ਘਿਰਣਾ ਕਰਨੀ ਜਾਂ ਆਪਣਾ ਨੁਕਸਾਨ

ਕਰਨਾ ਚੰਗਾ ਨਹੀਂ ।

**ਵਰਤੋਂ** :—ਭਾਈ, 'ਬਿਗਾਨਾ ਮਹਿਲ ਵੇਖ ਕੇ ਆਪਣੀ ਕੁਲੀ ਨਹੀਂ ਢਾਹ ਲਈਦੀ'। ਅਸੀਂ ਸਰਦਾਰਾਂ ਦੀ ਰੀਸ ਕਰਕੇ ਕੁੜੀ ਦੇ ਵਿਆਹ ਤੇ ਉਜਾੜਾ ਕਿਵੇਂ ਪੁਆ ਦੇਈਏ ? (ਸੰਗ੍ਰ)

## ਬਿਗਾਨੀ ਛਾਹ ਤੇ ਮੁਛਾਂ ਮੁਨਾਣੀਆਂ ।

**ਭਾਵ** :—ਕਿਸੇ ਦੇ ਭਰੋਸੇ ਤੇ ਕੰਮ ਖ਼ਰਾਬ ਕਰ ਲੈਣਾ ਜਾਂ ਕਿਸੇ ਦੀ ਝੂਠੀ ਆਸ ਤੇ ਆਕੜੇ ਫਿਰਨਾ ।

**ਵਰਤੋਂ** :—ਭਰਾ ਜੀ, ਹੁਣ ਜੋ ਪਛਤਾਉਂਦੇ ਹੋ, ਪਹਿਲਾਂ ਹੋਸ਼ ਕਰਨੀ ਸੀ । 'ਬਿਗਾਨੀ ਛਾਹ ਤੇ ਮੁੱਛਾਂ ਨਹੀਂ ਮੁਨਾਈ ਦੀਆਂ' । ਤੁਸਾਂ ਪਰਾਈ ਆਸ ਤੇ ਕਿਉਂ ਮਹਿਲ ਉਸਾਰਿਆ ? (ਸੰਗ੍ਰ)

## ਬਿਗਾਨੀਂ ਦਮੀਂ ਸ਼ਾਹੂਕਾਰ ।

**ਭਾਵ** :—ਕਿਸੇ ਦੀ ਮਾਂਗਵੀਂ ਚੀਜ਼ ਦੀ ਵਰਤੋਂ ਉਪਰ ਆਕੜਨਾ ।

**ਵਰਤੋਂ** :—ਤੇਰੀ ਸਾਰੀ ਟੈਂ ਤਾਂ ਤੇਰੇ ਸਹੁਰੇ ਦੇ ਆਸਰੇ ਹੈ । ਤੂੰ ਤਾਂ 'ਬਿਗਾਨੀ ਦੰਮੀਂ ਸ਼ਾਹੂਕਾਰ, ਹੈਂ । ਫਿਰ ਆਕੜ ਕਾਹਦੀ ? (ਸੰਗ੍ਰ)

## ਬਿਛੂ ਦਾ ਕਟਿਆ ਰੋਵੇ, ਸੱਪ ਦਾ ਕਟਿਆ ਸੋਵੇ ।

**ਭਾਵ** :—ਜਦ ਥੋੜੇ ਦੁਖ ਵਾਲਾ ਬਹੁਤਾ ਰੌਲਾ ਪਾਵੇ ਤੇ ਬਹੁਤੇ ਵਾਲਾ ਚੁਪ ਰਹੇ ।

**ਵਰਤੋਂ** :—ਜਿਸਨੇ ਜੀਵਨ ਵਿਚ ਨਿਕੀ ਮੋਟੀ ਬਾਜੀ ਹੀ ਲਾਈ ਹੋਵੇ ਉਹੀ ਬਹੁਤ ਰੋਂਦਾ ਹੈ। ਜਿਸਨੇ ਵਡਾ ਦੁਖ ਦੇਖਿਆ ਹੋਵੇ ਉਹ ਤੱਤਾ ਠੰਢਾ ਸਭ ਸਹਿ ਗੁਜ਼ਰਦਾ ਹੈ । ਅਖੇ 'ਬਿਛੂ ਦਾ ਕਟਿਆ ਰੋਵੇ ਤੇ ਸੱਪ ਦਾ ਕਟਿਆ ਸੋਵੇ' । (ਸੰਗ੍ਰ)

## ਬਿਜਲੀ ਕਹੂ ਤੇ ਹੀ ਪੈਂਦੀ ਹੈ ।,

(ਕਹੂ = ਇਕ ਜੰਗਲੀ ਬ੍ਰਿਛ ਹੈ)

**ਭਾਵ** :—ਬਿਪਤਾ ਮਾੜਿਆਂ ਤੇ ਹੀ ਪੈਂਦੀ ਹੈ ।

**ਵਰਤੋਂ** :—ਰੱਬ ਦੇ ਰੰਗ ਨੇ । ਉਹ ਵਿਚਾਰਾ ਮਾੜਾ ਜੋ ਸੀ । ਉਸ ਨੇ ਹੋਰ ਦੁਖ ਸਹਿਣੇ ਸਨ । ਸੱਚ ਹੈ 'ਬਿਜਲੀ ਕਹੂ ਤੇ ਹੀ ਪੈਂਦੀ ਹੈ' । (ਸੰਗ੍ਰ)

## ਬਿਟ ਬਿਟ ਤਕੇ ਬੋਲ ਨਾ ਸਕੇ ।

**ਭਾਵ** :—ਜਦ ਕੋਈ ਹੈਰਾਨ ਪਸ਼ੇਮਾਨ ਹੋ ਜਾਵੇ ਤੇ ਉੱਤਰ ਨਾ ਦੇ ਸਕੇ ।

**ਵਰਤੋਂ** :—ਮੇਰਾ ਤਾਂ ਉਸ ਵਕਤ ਇਹ ਹਾਲ ਸੀ ਅਖੇ 'ਬਿਟ ਬਿਟ ਤਕੇ, ਬੋਲ ਨਾ ਸਕੇ' । ਉਹ ਸਵਾਲ ਪੁਛੇ, ਪਰ ਮੇਰੇ ਮੂੰਹ ਵਿਚ ਜਿਵੇਂ ਦੰਦਣ ਪਿਆ ਹੋਇਆ ਸੀ । (ਸੰਗ੍ਰ)

## ਬਿਨ ਦਿਤੇ ਕਿਛ ਹੱਥ ਨ ਆਈ ।

**ਭਾਵ** :—ਬਿਨਾਂ ਦਾਨ ਦਿਤੇ ਮਨੁਖ ਦੇ ਆਪਣੇ ਪਲੇ ਕੁਝ ਨਹੀਂ ਪੈਂਦਾ ।

**ਵਰਤੋਂ** :—

ਹੋਇ ਅਤੀਤ ਗ੍ਰਿਹਸਤ ਤਜ ਫਿਰ
ਉਨਹੂੰ ਕੇ ਘਰ ਮੰਗਣ ਜਾਈ ।
ਬਿਨ ਦਿੱਤੇ ਕਿਛ ਹੱਥ ਨਾ ਆਈ ॥
(ਵਾਰਾਂ—ਭਾਈ ਗੁਰਦਾਸ ਜੀ)

## ਬਿਨ ਮਾਂਗੇ ਮੋਤੀ ਮਿਲੈ, ਮਾਂਗੇ ਮਿਲੈ ਨਾ ਭੀਖ ।

**ਭਾਵ** —ਮੰਗਿਆਂ ਕੁਝ ਨਹੀਂ ਮਿਲਦਾ, ਸ਼ਾਨ ਵਾਲਾ ਹੌਸਲਾ ਰਖ ਕੇ ਚੁਪ ਕਰਕੇ ਬੈਠੋ, ਤਾਂ ਸਭ ਪਿਛੇ ਦੌੜਦੇ ਹਨ ।

**ਵਰਤੋਂ** : — ਹੱਥ ਟੱਡਿਆ, ਪਰ ਉਸ ਨੇ ਕਖ ਪ੍ਰਵਾਹ ਨਾ ਕੀਤੀ । ਕਲ ਤੀਕ ਉਹ ਮੇਰੇ ਮਗਰ ਮਗਰ ਰੁਪਏ ਲਈ ਫਿਰਦਾ ਸੀ। ਸੱਚ ਹੈ, 'ਬਿਨ ਮਾਂਗੇ ਮੋਤੀ ਮਿਲੈ, ਮਾਂਗੇ ਮਿਲੈ ਨਾ ਭੀਖ' । (ਸੰਗ੍ਰ)

## ਬਿਨ ਰਾਸੀ ਕੂੜਾ ਕਰੇ ਵਾਪਾਰੁ ।

**ਭਾਵ** :—ਰਾਸ ਬਿਨਾਂ ਵਪਾਰ ਨਹੀਂ

ਹੋ ਸਕਦਾ। ਭਾਵ ਗੁਣਾਂ ਬਿਨਾਂ ਕੰਮ ਨਹੀਂ ਸੌਰਦਾ।

**ਵਰਤੋਂ :—**

ਮਨਮੁਖਿ ਭਰਮਿ ਭੂਲੈ ਸੰਸਾਰ।
ਬਿਨ ਰਾਸੀ ਕੂੜਾ ਕਰੇ ਵਾਪਾਰੁ।
(ਗੁਰੂ ਗ੍ਰੰਥ—ਰਾਗ ਆਸਾ)

## ਬਿਨੁ ਰਾਸੀ ਕੋ ਵਥੁ ਕਿਉਂ ਪਾਏ।

**ਭਾਵ:**—ਪੂੰਜੀ ਬਿਨਾਂ ਕੋਈ ਵਸਤੂ ਕਿਵੇਂ ਖਰੀਦੀ ਜਾ ਸਕਦੀ ਹੈ।

**ਵਰਤੋਂ :—**

ਬਿਨ ਰਾਸੀ ਕੋ ਵਥੁ ਕਿਉਂ ਪਾਏ।
ਮਨਮੁਖ ਭੂਲੇ ਲੋਕ ਸਬਾਏ।
(ਗੁਰੂ ਗ੍ਰੰਥ—ਰਾਗ ਮਾਰੂ)

## ਬਿਨਾਂ ਸੰਤੋਖ ਨਹੀਂ ਕਊ ਰਾਜੈ।

**ਭਾਵ :**—ਸੰਤੋਖ ਬਿਨਾਂ ਕੋਈ ਨਹੀਂ ਰਜਦਾ।

**ਵਰਤੋਂ :—**

ਬਿਨਾ ਸੰਤੋਖ ਨਹੀਂ ਕਊ ਰਾਜੈ।
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।
(ਗੁਰੂ ਗ੍ਰੰਥ—ਗਉੜੀ ਸੁਖਮਨੀ)

## ਬਿਨਾਂ ਬੁਲਾਏ ਬੋਲਣਾ, ਅਹਿਮਕਾਂ ਦਾ ਕੰਮ।

**ਭਾਵ :**—ਕਿਸੇ ਗਲ ਵਿਚ ਖ਼ਾਹ-ਮਖ਼ਾਹ ਦਖ਼ਲ ਦੇਣਾ ਚੰਗਾ ਨਹੀਂ।

**ਵਰਤੋਂ :**—ਤੁਸੀਂ ਚੁਪ ਕਰਕੇ ਸੁਣੀ ਜਾਓ! 'ਬਿਨਾਂ ਬੁਲਾਏ ਬੋਲਣਾ ਅਹਿਮਕਾਂ ਦਾ ਕੰਮ' ਹੁੰਦਾ ਹੈ। ਆਪਣੇ ਵਿਚ ਅਨੰਦ ਲਓ। (ਸੰਗ੍ਰ)

## ਬਿਨਾਂ ਰੋਇਆਂ (ਮੰਗਿਆਂ) ਮਾਂ ਵੀ ਦੁੱਧ ਨਹੀਂ ਦਿੰਦੀ।

**ਭਾਵ :**—ਬਿਨਾਂ ਜਤਨ ਕੀਤੇ ਕੁਝ ਵੀ ਨਹੀਂ ਲਭਦਾ।

**ਵਰਤੋਂ :**—ਕੀ ਤੁਸਾਡੀ ਵੀਚਾਰ ਹੈ ਕਿ ਹਕੂਮਤ ਆਪੇ ਹੀ ਸ਼ਰਨਾਰਥੀਆਂ ਦੇ ਦੁਖਾਂ ਨੂੰ ਦੂਰ ਕਰ ਦੇਵੇਗੀ? ਇਹ ਨਹੀਂ ਜੇ ਹੋਣਾ। 'ਬਿਨਾਂ ਰੋਇਆਂ, ਮਾਂ ਵੀ ਦੁੱਧ ਨਹੀਂ ਦਿੰਦੀ'। ਸਾਨੂੰ ਮਿਲਕੇ ਬਾਨ੍ਹਣੂੰ ਬੰਨ੍ਹਣਾ ਚਾਹੀਦਾ ਹੈ। (ਸੰਗ੍ਰ)

## ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।

**ਭਾਵ :**—ਵਾਹਿਗੁਰੂ ਦੇ ਸੇਵਕ ਦੀ ਬੇਨਤੀ ਜ਼ਰੂਰ ਪ੍ਰਵਾਨ ਹੁੰਦੀ ਹੈ।

**ਵਰਤੋਂ :—**

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸ।
(ਗੁਰੂ ਗ੍ਰੰਥ—ਬਿਲਾਵਲ ਰਾਗ)

## ਬਿੱਲੀ ਸ਼ੀਂਹ ਪੜ੍ਹਾਇਆ, ਸ਼ੀਂਹ ਬਿੱਲੀ ਨੂੰ ਖਾਉਣ ਆਇਆ।

**ਭਾਵ :**—ਆਪਣੇ ਉਸਤਾਦ ਜਾਂ ਵਡੇਰੇ ਨੂੰ ਹੀ ਜਦ ਕੋਈ ਧੋਖਾ ਦੇਵੇ।

**ਵਰਤੋਂ :**— ਮੇਰੀਆਂ ਸਿਖਾਈਆਂ ਮੇਰੇ ਹੀ ਪੇਸ਼? ਅਖੇ 'ਬਿਲੀ ਸ਼ੀਂਹ ਪੜ੍ਹਾਇਆ, ਸ਼ੀਂਹ ਬਿੱਲੀ ਨੂੰ ਖਾਉਣ ਆਇਆ'? (ਸੰਗ੍ਰ)

## ਬਿੱਲੀ ਕਨ ਤਤਾ ਨਹੀਂ।

**ਭਾਵ :**—ਕੋਈ ਦੁਖ ਨਹੀਂ।

**ਵਰਤੋਂ :**— ਸੱਸ, ਸਹੁਰਾ ਚੰਗੇ ਹਨ। ਹੋਰ ਵੀ ਕੋਈ ਟੱਬਰ ਦਾ ਜੀਅ ਕਿਸੇ ਨੂੰ ਦੁਖਾਂਦਾ ਨਹੀਂ। ਉਥੇ ਤਾਂ 'ਬਿੱਲੀ ਦਾ ਕੰਨ ਵੀ ਤੱਤਾ ਨਹੀਂ" ਹੋਣ ਦੇਂਦੇ। (ਸੰਗ੍ਰ)

## ਬਿੱਲੀ ਖਾਵੇਗੀ ਨਾ, ਤਾਂ ਰੋੜ੍ਹ ਤਾਂ ਦੇਵੇਗੀ।

**ਭਾਵ :**—ਜਦ ਕੋਈ ਨਾ ਆਪ ਲਾਭ ਪ੍ਰਾਪਤ ਕਰੇ, ਨਾ ਕਿਸੇ ਹੋਰ ਨੂੰ ਕਰਨ ਦੇਵੇ।

**ਵਰਤੋਂ :**—ਫੇਰ ਕੀ ਹੋਇਆ 'ਬਿੱਲੀ

ਖਾਵੇਗੀ ਨਾ ਤਾਂ ਰੋੜ੍ਹ ਤਾਂ ਦੇਵੇਗੀ'। ਆਪ ਤਾਂ ਉਸ ਨੂੰ ਇਸ ਸੌਦੇ ਵਿੱਚੋਂ ਕੁਝ ਲਭਣਾ ਨਹੀਂ, ਦੂਜਿਆਂ ਦਾ ਨੁਕਸਾਨ ਤਾਂ ਕਰ ਦਏਗਾ। (ਸੰਗ੍ਰ)

**ਬਿੱਲੀ ਦੁੱਧ ਦੀ ਰਾਖੀ।**

**ਭਾਵ** :—ਕਿਸੇ ਲਾਲਚੀ ਜਾਂ ਬਈਮਾਨ ਨੂੰ ਜ਼ਿਮੇਵਾਰੀ ਦੀ ਥਾਂ ਦੇਣੀ।

**ਵਰਤੋਂ** :—ਤੁਸੀਂ ਆਪ ਗਲਤੀ ਕੀਤੀ ਹੈ। ਹਰਨਾਮ ਨੂੰ ਇਹ ਥਾਂ ਦੇਣੀ ਹੀ 'ਬਿੱਲੀ ਦੁਧ ਦੀ ਰਾਖੀ' ਬਿਠਾਣ ਵਾਲੀ ਰੱਲ ਸੀ। (ਸੰਗ੍ਰ)

**ਬਿੱਲੀ ਦੁਧ ਪੀ ਜਾਊ ਤਾਂ ਜੰਦਰੇ ਵਜਣਗੇ।**

**ਭਾਵ** :—ਜਦ ਕਿਸੇ ਨੂੰ ਕਿਸੇ ਬਿਪਤਾ ਵਿਚੋਂ ਬਚਣ ਲਈ ਕਿਹਾ ਜਾਵੇ; ਪਰ ਉਹ ਅਗੋਂ ਬੇਪਰਵਾਹੀ ਦਸੇ ਤਦ ਗੁਸੇ ਵਿਚ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਚੌਧਰੀ ! ਮੈਂ ਤਾਂ ਤੁਹਾਨੂੰ ਇਸ ਉਲਝਣ ਵਿੱਚੋਂ ਨਿਕਲਣ ਦਾ ਢੰਗ ਦਸਿਆ ਹੈ, ਪਰ ਤੁਸੀਂ ਨਖਰਾ ਕਰਦੇ ਹੋ। ਮੈਨੂੰ ਕੀ ? ਕੀ ਜਦ 'ਬਿੱਲੀ ਦੁਧ ਪੀ ਜਾਊ ਤਾਂ ਜੰਦਰੇ ਵਜਣਗੇ' ? (ਸੰਗ੍ਰ)

**ਬਿੱਲੀ ਦੇ ਬਲੂੰਗੜੇ ਸਤ ਘਰ ਫਿਰ ਕੇ ਹੀ ਅੱਖਾਂ ਖੋਲ੍ਹਦੇ ਨੇ।**

**ਭਾਵ** :—ਜਦ ਕੋਈ ਬਹੁਤੀਆਂ ਥਾਂਵਾਂ ਟਕਰਾਂ ਮਾਰਕੇ ਫਿਰ ਕਿਸੇ ਥਾਂ ਆਰਾਮ ਕਰੇ।

**ਵਰਤੋਂ** :—ਮੁਨਸ਼ੀ ਜੀ ! ਮੇਰੀ ਤਬੀਅਤ ਨਹੀਂ ਠੀਕ। ਕੋਈ ਹੋਰ ਤਾਰੀਖ਼ ਦੇ ਦਿਓ। ਨਾਲੇ ਕੀ ਪਤਾ ਜੇ ਇਸ ਉਧਾਲੇ ਵਿੱਚੋਂ ਅਜੇ ਹੋਰ ਕਿੰਨੇ ਕੁ ਉਧਾਲੇ ਨਿਕਲਨੇ ਨੇ। 'ਬਿੱਲੀ ਦੇ ਬਲੂੰਗੜੇ ਸਤ ਘਰ ਫਿਰ ਕੇ ਹੀ ਅੱਖਾਂ ਖੋਲ੍ਹਦੇ ਨੇ'। ਏਥੇ ਦੀਆਂ ਬੁਢੀਆਂ ਜਾਪਦਾ ਏ ਸਤ ਘਰ ਫਿਰ ਕੇ ਅਰਾਮ ਨਾਲ ਵਸਦੀਆਂ ਨੇ।

(ਪ੍ਰਭਾ—ਜੋਸ਼ੂਆਂ ਫ਼ਜ਼ਲਦੀਨ)

**ਬਿੱਲੀ ਦੇ ਬੁਰਕੇ ਵਿਚ ਸ਼ੇਰ।**

**ਭਾਵ** :—ਹੋਵੇ ਤਾਂ ਕਰੜਾ ਪਰ ਜਾਪੇ ਨਰਮ।

**ਵਰਤੋਂ** :—ਉਹ ਮੰਗਤਾ ਛੇਤੀ ਬੋਲ ਉਠਿਆ,—"ਬਾਬਾ ਮੈਂ ਤਾਂ ਭਿਖਿਆ ਮੰਗਦਾ ਹਾਂ। ਘਰ ਵਾਲੀ ਨਹੀਂ ਮੰਗਦਾ। ਮੈਂ 'ਬਿੱਲੀ ਦੇ ਬੁਰਕੇ ਸ਼ੇਰ ਨਹੀਂ" ਹਾਂ। (ਸੰਗ੍ਰ)

**ਬਿੱਲੀ ਨੂੰ ਚੂਹਿਆਂ ਦੇ ਸੁਪਨੇ। ਜਾਂ ਬਿੱਲੀ ਨੂੰ ਛਿਛੜਿਆਂ ਦੇ ਸੁਪਨੇ।**

**ਭਾਵ** :—ਸਦਾ ਆਪਣੀ ਮਨ-ਭਾਂਵਦੀ ਚੀਜ਼ ਹੀ ਚੇਤੇ ਰਖਣੀ।

**ਵਰਤੋਂ** :—'ਬਿੱਲੀ ਨੂੰ ਚੂਹਿਆਂ ਦੇ ਸੁਪਨੇ।' ਤੈਨੂੰ ਕੰਵਾਰੇ ਨੂੰ ਤਾਂ ਹਰ ਵੇਲੇ ਵਿਆਹ ਹੀ ਸੁਝਦਾ ਹੈ। (ਸੰਗ੍ਰ)

**ਬਿੱਲੀ ਨੂੰ ਲਾਹਣ ਗਏ ਸ਼ੇਰਾਂ ਨੂੰ ਗਲ ਪਾ ਆਏ।**

**ਭਾਵ** :—ਜਦ ਛੋਟੀ ਬਿਪਤਾ ਵਿੱਚੋਂ ਨਿਕਲਣ ਦਾ ਜਤਨ ਕਰਦਿਆਂ ਵਡੇਰੀ ਬਿਪਤਾ ਗਲ ਪੈ ਜਾਵੇ।

**ਵਰਤੋਂ** :— ਘਰੋਂ ਤਾਂ ਇਹ ਫ਼ੈਸਲਾ ਕਰਕੇ ਤੁਰਿਆ ਸਾਂ ਕਿ ਇਹ ਸਿਆਪਾ ਗਲੋਂ ਲਾਹ ਦੇਣਾ ਹੈ, ਪਰ ਉਲਟਾ ਹੋਰ ਪੁਆੜੇ ਸਹੇੜ ਲਿਆਇਆ। ਮੇਰੇ ਨਾਲ ਤਾਂ ਉਹ ਗੱਲ ਬਣੀ ਅਖੇ 'ਬਿੱਲੀ ਲਾਹੁਣ ਗਏ, ਸ਼ੇਰਾਂ ਨੂੰ ਗਲ ਪਾ ਆਏ'। (ਸੰਗ੍ਰ)

**ਬਿੱਲੀ ਭਾਣੇ ਛਿੱਕਾ ਟੁਟਾ। ਜਾਂ ਬਿੱਲੀ ਦੇ ਭਾਗਾਂ ਨੂੰ ਛਿੱਕਾ ਟੁਟਾ।**

**ਭਾਵ** :—ਕਿਸੇ ਨੂੰ ਇਛਤ ਚੀਜ਼ ਬਿਨਾਂ ਜਤਨ ਮਿਲ ਜਾਵੇ।

**ਵਰਤੋਂ** :—ਤੁਸਾਨੂੰ ਤਾਂ ਮੌਜ ਹੋ ਗਈ, ਬਿਨਾਂ ਜਤਨ ਕੀਤੇ ਕਮ ਰਾਸ ਹੋ ਗਿਆ। ਤੁਹਾਡੇ ਲਈ 'ਬਿੱਲੀ ਭਾਣੇ ਛਿੱਕਾ ਟੁਟਾ' ਵਾਲੀ ਗੱਲ ਹੋਈ। (ਸੰਗ੍ਰ)

**ਬਿੱਲੀ, ਰੰਨ, ਫਕੀਰ, ਤੇ ਅੱਗ ਬਾਂਦੀ ਤਿਨ੍ਹਾਂ ਫਿਰਨ ਘਰੋ ਘਰੀ ਕਾਰ ਹੋਵੇ।**

**ਭਾਵ** :—ਬਿੱਲੀ, ਫਕੀਰ, ਜ਼ਨਾਨੀ, ਅੱਗ ਤੇ ਗੋਲੀ ਇਹ ਇਕ ਥਾਂ ਨਹੀਂ ਰਹਿੰਦੀਆਂ।

**ਵਰਤੋਂ** :—ਝਗੜਾ ਹੀ ਸੀ ਉਸਨੇ ਖਸਮ ਨੂੰ! 'ਬਿੱਲੀ, ਰੰਨ, ਫ਼ਕੀਰ ਤੇ ਅੱਗ, ਬਾਂਦੀ ਤਿਨ੍ਹਾਂ ਫਿਰਨ ਘਰੋ ਘਰੀ ਕਾਰ ਹੋਵੇ'। ਰੰਨਾਂ ਕਦੀ ਇਕ ਘਰ ਟਿਕਕੇ ਬਹਿੰਦੀਆਂ ਨੇ? (ਸੰਗ੍ਰ)

**ਬਿੱਲੀਆਂ ਨੂੰ ਪੇੜਿਆਂ ਦੀ ਰਾਖੀ।**

**ਭਾਵ** :—ਕਿਸੇ ਨੂੰ ਉਸਦੀਆਂ ਲੋੜੀਂਦੀਆਂ ਚੀਜ਼ਾਂ ਦਾ ਜ਼ਿੰਮੇਵਾਰ ਬਣਾ ਦੇਣਾ ਤੇ ਉਹ ਹੜੱਪ ਕਰ ਜਾਵੇ।

**ਵਰਤੋਂ** :— ਸਿੱਖ ਲੁਟੇਰੇ ਨਹੀਂ ਹਨ। ਲੁਟੇਰੇ ਹਾਕਮ ਹਨ, ਜੋ ਤੂੰ ਪੰਜਾਬ ਵਿਚ ਰਖੇ ਹੋਏ ਹਨ। ਤੈਂ ਬਿੱਲੀਆਂ ਨੂੰ ਪੇੜਿਆਂ ਦੀ ਰਾਖੀ ਪੁਰ ਛਡਿਆ ਹੋਇਆ ਹੈ।

(ਸਤਵੰਤ ਕੌਰ—ਡਾ. ਭਾਈ ਵੀਰ ਸਿੰਘ)

**ਬੀ ਉਥੇ ਹੀ ਸੁਟੀਦਾ ਹੈ, ਜਿਥੇ ਉਗਣ ਦੀ ਆਸ ਹੋਵੇ।**

**ਭਾਵ** :—ਸੇਵਾ ਪਿਆਰ ਧਨ ਆਦਿ ਉਥੇ ਦੇਈਦੇ ਹਨ ਜਿਥੋਂ ਉਹਨਾਂ ਦਾ ਕੋਈ ਫਲ ਮਿਲੇ।

**ਵਰਤੋਂ** :— ਤੂੰ ਐਵੇਂ ਟੋਕਾ ਟਾਕੀ ਨਾ ਕਰ ਉਹ ਵੀ ਅਖਿਰ ਨੂੰ ਸਿਆਣਾ ਹੈ, ਉਸ ਸਾਰੀ ਦੁਨੀਆਂ ਵੇਖੀ ਹੈ। ਉਸਨੂੰ ਪਤਾ ਹੈ 'ਬੀ ਉਥੇ ਹੀ ਸੁਟੀਦਾ ਹੈ ਜਿਥੇ ਉਗਣ ਦੀ ਆਸ ਹੋਵੇ। (ਸੰਗ੍ਰ)

**ਬੀ ਪਾਈਏ ਚੁਣਕੇ, ਪਾਣੀ ਪਾਈਏ ਪੁਣਕੇ।**

**ਭਾਵ** :—ਸਾਫ ਸੁਥਰੀ ਤੇ ਚੋਣਵੀਂ ਚੀਜ਼ ਲੈਣੀ ਚਾਹੀਦੀ ਹੈ।

**ਵਰਤੋਂ** :—ਚੰਗੇ ਬੀਜਾਂ ਦੀ ਜੇ ਕਿਸਾਨਾਂ ਨੂੰ ਸਮਝ ਆ ਜਾਏ ਤਾਂ ਮਾਲਾ ਮਾਲ ਹੋ ਜਾਣ। ਸਿਆਣੇ ਆਖਦੇ ਹਨ 'ਬੀ ਪਾਈਏ ਚੁਣਕੇ, ਪਾਣੀ ਪਾਈਏ ਪੁਣਕੇ'। (ਸੰਗ੍ਰ)

**ਬੀਜਿਆ ਸੀ ਫੁੱਲ ਉਗ ਪਏ ਕੰਡੇ।**

**ਭਾਵ** :—ਕੰਮ ਤਾਂ ਸੁਖ ਲਈ ਕੀਤਾ ਜਾਵੇ ਪਰ ਪ੍ਰਾਪਤ ਦੁਖ ਹੋਵੇ।

**ਵਰਤੋਂ** :— ਦੁਖ ਦੀ ਆਸ ਲਈ ਨਹੀਂ ਸੀ ਕੰਮ ਕੀਤਾ, ਪਰ ਕੀ ਕਰਦਾ, 'ਬੀਜਿਆ ਸੀ ਫੁਲ ਪਰ ਉਗ ਪਏ ਕੰਡੇ'। ਖੇਡ ਉਲਟੀ ਪਈ। (ਸੰਗ੍ਰ)

**ਬੀਜਿਆ ਨਾ ਵਾਹਿਆ, ਘੜਮ ਪਲਾ ਡਾਹਿਆ।**

**ਭਾਵ** :—ਬਿਨਾਂ ਮਿਹਨਤ ਕੀਤਿਆਂ ਧਕੋ ਜੋਰੀ ਕਿਸੇ ਬਣੀ ਬਣਾਈ ਚੀਜ਼ ਉੱਤੇ ਕਬਜ਼ਾ ਕਰ ਲੈਣਾ।

**ਵਰਤੋਂ** :—ਗੁਲਾਬੇ ਨੇ ਤਾਂ ਗਜ਼ਬ ਦੀ ਹਿੰਮਤ ਕੀਤੀ, ਮਕਾਨ ਤਾਂ ਇਸ ਦੇ ਭਰਾ ਨੇ ਬਣਾਇਆ, ਪਰ ਬਿਨਾਂ ਪੁਛੇ ਉਸਨੇ ਆਪਣਾ ਸਾਮਾਨ ਅੰਦਰ ਪਾ ਜੰਦਰਾ ਮਾਰ ਲਿਆ, ਅਖੇ 'ਬੀਜਿਆ ਨਾ ਵਾਹਿਆ ਘੜਮ ਪੱਲਾ ਡਾਹਿਆ'। (ਸੰਗ੍ਰ)

**ਬੀਜੀ ਸੀ ਕਣਕ ਉਗ ਪਏ ਛੋਲੇ।**

**ਭਾਵ** :—ਆਸ ਕੁਝ ਹੋਵੇ ਤੇ ਬਣ ਕੁਝ ਹੋਰ ਜਾਵੇ।

**ਵਰਤੋਂ** :—ਕਿਸਮਤ ਦੀ ਖੇਡ ਹੈ। 'ਬੀਜੀ ਸੀ ਕਣਕ, ਉਗ ਪਏ ਛੋਲੇ' ਮੈਨੂੰ ਕੀ ਪਤਾ ਸੀ ਚੰਗੇ ਵਿਚੋਂ ਮੰਦਾ ਨਿਕਲੇਗਾ। (ਸੰਗ੍ਰ)

**ਬੀਜੇ ਕਿਕਰ ਤੇ ਲੋੜੇ ਅੰਬ।**

**ਭਾਵ** :—ਕਰੇ ਮਾੜਾ ਕੰਮ, ਪਰ ਫਲ ਚੰਗਾ ਚਾਹੇ।

**ਵਰਤੋ** :— ਅਸਲ ਗੱਲ ਇਹ ਹੈ ਕਿ ਤੇਰਾ

ਉਸ ਨਾਲ ਵਰਤਾਓ ਚੰਗਾ ਨਹੀਂ ਰਿਹਾ। ਇਸ ਲਈ ਉਹ ਹੁਣ ਤੇਰੇ ਮਗਰ ਪਿਆ ਹੋਇਆ ਹੈ। ਅਸਲ ਵਿਚ ਤੇਰਾ ਖਿਆਲ ਉਹ ਤੇਰੀ ਮਦਦ ਕਰੇਗਾ ਗ਼ਲਤ ਹੈ। ਇਹ ਤਾਂ 'ਬੀਜੇ ਕਿਕਰ ਤੇ ਲੋੜੇ ਅੰਬ' ਵਾਲੀ ਗੱਲ ਹੈ। (ਸੰ)

**ਬੀਜੇ ਕੋਈ ਤੇ ਖਾਵੇ ਕੋਈ।**

**ਭਾਵ** :—ਮਿਹਨਤ ਤਾਂ ਕੋਈ ਕਰੇ, ਪਰ ਉਸ ਦਾ ਫਲ ਕਿਸੇ ਹੋਰ ਨੂੰ ਮਿਲੇ।

**ਵਰਤੋਂ** :—ਕੰਮ ਕਰ ਕਰਕੇ ਤਾਂ ਪਿਉ ਟੁਟ ਲੱਥਾ, ਪਰ ਗੁਲਛਰੇ ਧੀਆਂ ਪੁਤ ਉਡਾ ਰਹੇ ਹਨ। 'ਬੀਜੇ ਕੋਈ ਖਾਵੇ ਕੋਈ'। ਇਹੀ ਸੰਸਾਰ ਦੀ ਰੀਤੀ ਹੈ। (ਸੰਗ੍ਰ)

**ਬੀਜੇ ਬਿਖੁ ਮੰਗੈ ਅੰਮ੍ਰਿਤ ਵੇਖਹੁ ਏਹ ਨਿਆਉ।**

**ਭਾਵ** :—ਕੰਮ ਤਾਂ ਮਾੜੇ ਕਰਦਾ ਹੈ ਪਰ ਫਲ ਚੰਗਾ ਲੋਭਦਾ ਹੈ। ਇਹ ਕਿਹੜੇ ਪਾਸੇ ਦਾ ਇਨਸਾਫ ਹੈ ?

**ਵਰਤੋਂ** :—

ਜੋ ਜੀਇ ਹੋਇ ਸੋ ਉਗਵੈ ਮੁਹ ਕਾ ਕਹਿਆ ਵਾਉ।
ਬੀਜੇ ਬਿਖੁ ਮੰਗੈ ਅੰਮ੍ਰਿਤ ਵੇਖਹੁ ਏਹ ਨਿਆਉ।
(ਗੁਰੂ ਗ੍ਰੰਥ—ਵਾਰ ਆਸਾ)

**ਬੀਤ ਗਈ ਬਾਤ ਤੇ ਘਸੀਟ ਕਾਹਦੀ।**

**ਭਾਵ** :—ਮੁਕ ਚੁਕੀ ਗੱਲ ਨੂੰ ਮੁੜ ਛੇੜਨ ਦਾ ਕੀ ਲਾਭ ?

**ਵਰਤੋਂ** :—ਸ਼ਾਹ ਛਡ ਵੀ ਪਰੇ, ਇਸ ਗੱਲ ਨੂੰ ਬੀਤਿਆਂ ਦੋ ਸਾਲ ਹੋ ਗਏ ਨੇ 'ਬੀਤ ਗਈ ਬਾਤ ਤੇ ਘਸੀਟ ਕਾਹਦੀ' ? ਇਸਨੂੰ ਮੁੜ ਫੋਲਣ ਦੀ ਕੀ ਲੋੜ ਏ। (ਸੰਗ੍ਰ)

**ਬੀਬੀ ਟੋਕਾ ਆਪ ਨਾ ਖਾਂਦੀ, ਦੇਂਦੀ ਲੋਕਾਂ।**

**ਭਾਵ** :—ਜਦੋਂ ਕਿਸੇ ਨੂੰ ਆਪਣਾ ਨੁਕਸਾਨ ਕਰਨ ਤੋਂ ਵਰਜਿਆ ਜਾਏ।

**ਵਰਤੋਂ** :—ਤੂੰ ਆਪ ਤੇ ਜੋ ਖਰਚ ਕਰਨਾ ਹੈ ਕਰ। ਇਹਨਾਂ ਝੂਠੇ ਮਿਤਰਾਂ ਨੂੰ ਕਿਉਂ ਖੁਆਂਦਾ ਹੈਂ। 'ਬੀਬੀ ਟੋਕਾਂ ਆਪ ਨਾ ਖਾਂਦੀ ਦੇਂਦੀ ਲੋਕਾਂ'। ਵਾਲੀ ਗੱਲ ਨਾ ਕਰ। (ਸੰਗ੍ਰ)

**ਬੀਵੀ ਮੋਈ ਤੇ ਸਭ ਕੋਈ ਆਇਆ ਮੀਆਂ ਮੋਏ ਤਾਂ ਕੋਈ ਨਾ ਆਇਆ।**

**ਭਾਵ** :—ਲੋੜ ਸਮੇਂ ਕੋਈ ਨਹੀਂ ਬਹੁੜਦਾ।

**ਵਰਤੋਂ** :—ਲੋਕਾਂ ਨੂੰ ਮੇਰੀ ਲੋੜ ਹੈ। ਤਦੇ ਤੇਰੀ ਪੁਛ ਹੁੰਦੀ ਹੈ; ਨਹੀਂ ਤਾਂ ਇਹ ਲੋਕ ਅਜੇਹੇ ਹਨ ਕਿ ਬੀਵੀ ਮੋਈ ਤੇ ਸਭ ਕੋਈ ਆਇਆ, ਮੀਆਂ ਮੋਏ ਤਾਂ ਕੋਈ ਨਾ ਆਇਆ'। (ਸੰਗ੍ਰ)

**ਬੁਕਿਆ ਸਿੰਘ ਉਜਾੜ ਵਿੱਚ, ਸਭ ਮਿਰਗਾਵਲ ਭੰਨੀ ਜਾਈ।**

**ਭਾਵ** :—ਤਕੜੇ ਅਗੇ ਮਾੜੇ ਕਦੀ ਨਹੀਂ ਟਿਕ ਸਕਦੇ, ਜਿਵੇਂ ਸ਼ੇਰ ਦੀ ਗਰਜ ਨਾਲ ਸਾਰੇ ਜੰਗਲੀ ਜਨੌਰ ਭਜ ਉਠਦੇ ਹਨ।

**ਵਰਤੋਂ** :—

ਬੁਕਿਆ ਸਿੰਘ ਉਜਾੜ ਵਿੱਚ ਮਿਰਗਾਵਲ ਭੰਨੀ ਜਾਈ,
ਚੜ੍ਹਿਆ ਚੰਦ ਨ ਲੁਕਈ ਕਢ ਕੁਲਾਈ ਜੋਤ ਛਪਾਈ।
(ਵਾਰਾਂ—ਭਾਈ ਗੁਰਦਾਸ ਜੀ)

**ਬੁਝ ਗਈ ਬੱਤੀ ਨਿਖੁਟ ਗਿਆ ਤੇਲ।**

**ਭਾਵ** :—ਜਦ ਸਭ ਕੁਝ ਹੀ ਨਾਸ ਹੋ ਜਾਵੇ। ਮੌਤ ਹੋ ਜਾਏ।

**ਵਰਤੋਂ** :—ਮੁਨੀਮ—ਹਕੀਮ ਜੀ ! ਕੀ ਹਾਲ ਲਾਈ ਦਾ ਹੁਣ। ਹਕੀਮ—'ਬੁਝ ਗਈ ਬਤੀ ਨਿਖੁਟ ਗਿਆ ਤੇਲ'। ਬਚਣ ਦੀ ਆਸ ਉਕੀ ਨਹੀਂ। (ਸੰਗ੍ਰ)

**ਬੁੱਢਾ ਚੋਰ ਮਸੀਤੀ ਡੇਰੇ।**

**ਭਾਵ** :—ਸਾਰੀ ਉਮਰ ਪਾਪ ਵਿਚ ਲੰਘਾ ਕੇ ਜਦ ਕੋਈ ਪਾਪ ਕਰਨ ਜੋਗਾ ਨਾ

ਰਹੇ, ਤੇ ਤੋਬਾ ਕਰੇ ।

**ਵਰਤੋਂ** :— ਥਕ ਗਿਆ ਹੋਵੇਗਾ, ਪਾਪ ਕਰ ਕਰਕੇ । 'ਬੁਢਾ ਚੋਰ ਮਸੀਤੀ ਡੇਰੇ' ਵਾਂਗ ਹੁਣ ਪਿਛਲੀ ਉਮਰ ਵਿਚ ਮਾਲਾ ਫੜ ਬੈਠਾ ਹੈ । (ਸੰਗ੍ਰ)

## ਬੁਢਿਆਂ ਢਗਿਆਂ ਦੀ ਵਾਹੀ, ਅਗੇ ਦਬ ਤੇ ਕਾਹੀ ।

**ਭਾਵ** :—ਔਕੜ ਭਾਰੀ ਹੋਵੇ ਤੇ ਯਤਨ ਥੋੜਾ ।

**ਵਰਤੋਂ** :—ਕਾਫ਼ੀ ਮਿਹਨਤ ਮੰਗਦਾ ਹੈ ਇਹ ਕੰਮ, ਪਰ ਤੁਸੀਂ ਜਿਸ ਮਠੀ ਚਾਲੇ ਚਲ ਰਹੇ ਹੋ ਏਂਦਾ ਇਹ ਕੰਮ ਸਿਰੇ ਨਹੀਂ ਚੜ੍ਹਨਾ, 'ਬੁਢਿਆਂ ਢਗਿਆਂ ਦੀ ਵਾਹੀ, ਅੱਗੇਂ ਦਬ ਤੇ ਕਾਹੀ' । ਵਾਲੀ ਗੱਲ ਹੋ ਰਹੀ ਹੈ । (ਸੰਗ)

## ਬੁੱਢੀ ਕੰਜਰੀ, ਤੇਲ ਦਾ ਉਜਾੜਾ ।

**ਭਾਵ** :—ਜਦ ਕਿਸੇ ਦਾ ਸਮਾਂ ਬਾਂਕਾ ਬਨਣ ਦਾ ਨਾ ਰਹੇ, ਪਰ ਉਹ ਸਗੋਂ ਵਧੀਕ ਸ਼ੌਕੀਨੀਆਂ ਕਰਨ ਦੀ ਚਾਹ ਰਖੇ ।

**ਵਰਤੋਂ** :—ਖਜ਼ਾਨੀ ੬੦ ਸਾਲਾਂ ਦੀ ਹੋਣ ਲਗੀ ਏ, ਪਰ ਨਖਰਾ ਜਵਾਨ ਕੁੜੀਆਂ ਵਾਲਾ ਕਰਦੀ ਏ ।'ਬੁਢੀ ਕੰਜਰੀ ਤੇਲ ਦਾ ਉਜਾੜਾ' । ਬੁਢੇ ਵਾਰੇ ਪਤਾ ਨਹੀਂ ਬੰਦਿਆਂ ਨੂੰ ਹਵਸ ਕਿਉਂ ਬਹੁਤੀ ਜਾਗ ਪੈਂਦੀ ਹੈ ? (ਸੰਗ)

## ਬੁੱਢੀ ਘੋੜੀ, ਬਨਾਤੀ ਹੰਨਾ ।

**ਭਾਵ** :—ਮਾਮੂਲੀ ਹੈਸੀਅਤ ਦੀ ਚੀਜ ਤੇ ਬਹੁਤਾ ਖਰਚ ਕਰਨਾ ।

**ਵਰਤੋਂ** :—ਸ਼ਕਲ ਸੂਰਤ ਵਲੋਂ ਤਾਂ ਰਾਮ ਹੀ ਰਾਖਾ ਹੈ, ਪਰ ਕਪੜੇ ਵਾਹ ਵਾਹ ਪਾਂਦੀ ਏ। ਬਸ 'ਬੁਢੀ ਘੋੜੀ ਬਨਾਤੀ ਹੰਨਾ' ਵਾਲਾ ਹਿਸਾਬ ਹੈ । (ਸੰਗ੍ਰ)

## ਬੁੱਢੀ ਨੂੰ ਰਾਹ ਤੇ ਸੰਢੇ ਨੂੰ ਗਾਹ, ਮਰਦ ਨੂੰ ਚੱਕੀ,ਅਸਮਾਨੋਂ ਬਿਜ ਕੜਕੀ ।

**ਭਾਵ** :—ਬੁਢੀ, ਸੰਢਾ ਤੇ ਮਰਦ ਇਹਨਾਂ ਨੂੰ ਤਿੰਨਾਂ ਹਾਲਤਾਂ (ਰਾਹ,ਗਾਹ ਤੇ ਚੱਕੀ) ਵਿਚ ਬਿਪਤਾ ਤੇ ਦੁਖ ਹੈ ।

**ਵਰਤੋਂ** :— ਮੈਂ ਹੁਣ ਜੇਲ ਖ਼ਾਨਿਓਂ ਆਇਆ ਹਾਂ । ਫ਼ੈਜੂ ਚਕੀ ਬੰਦ ਹੈ । ਵਿਚਾਰਾ ਬਹੁਤ ਦੁਖੀ ਹੈ ! ਸੱਚ ਹੈ 'ਬੁਢੀ ਨੂੰ ਰਾਹ ਤੇ ਸੰਢੇ ਨੂੰ ਗਾਹ ਮਰਦ ਨੂੰ ਚੱਕੀ, ਅਸਮਾਨੋਂ ਬਿਜ ਕੜਕੀ' । (ਸੰਗ੍ਰ)

## ਬੁੱਢੀ ਮੰਝ, ਪੁਰਾਣਾ ਗੱਡਾ, ਮੁੜ ਘਿੜ ਖਾਏ ਮਾਲਕ ਦਾ ਹੱਡਾ ।

**ਭਾਵ** :—ਮਾੜਾ ਢੱਗਾ ਤੇ ਪੁਰਾਣਾ ਗੱਡਾ ਸਦਾ ਹੀ ਮਾਲਕ ਨੂੰ ਦੁਖ ਦੇਂਦੇ ਹਨ ।

**ਵਰਤੋਂ** :—ਵਿਚਾਰਾ ਕੰਮ ਕਾਜ ਜੋਗਾ ਨਹੀਂ ਰਿਹਾ । ਪੁਤਰ ਵੀ ਬੁਢੇ ਤੋਂ ਬੜੇ ਆਤਰ ਹਨ । ਸੱਚ ਹੈ 'ਬੁਢੀ ਮੰਝ, ਪੁਰਾਣਾ ਗੱਡਾ, ਮੁੜ ਖਾਏ, ਮਾਲਕ ਦਾ ਹੱਡਾ' । (ਸੰਗ੍ਰ)

## ਬੁਢੇ ਦੀ ਰਾਮ ਰਾਮ ਤੇ ਜੰਮ ਦਾ ਸੁਨੇਹਾ ।

**ਭਾਵ** :—ਜਦ ਕੋਈ ਹੀਣਾ ਹੋਕੇ ਭਲੇ ਪਾਸੇ ਲਗੇ ਤਾਂ ਸਮਝੋ ਸਾਰਾ ਲਾਚਾਰੀ ਦਾ ਪਖੰਡ ਹੈ ।

**ਵਰਤੋਂ** :—ਕਿਰਪਾ ਕੰਗਾਲਾ ਮੇਰੀਆਂ ਬੜੀਆਂ ਮਿੰਨਤਾ ਕਰਦਾ ਹੈ । ਜਦ ਪੱਲੇ ਮਾਲ ਸੀ, ਤਾਂ ਬੁਲਾਇਆ ਨਹੀਂ ਸੀ ਬੋਲਦਾ । ਪਰ 'ਬੁਢੇ ਦੀ ਰਾਮ ਰਾਮ ਤੇ ਜੰਮ ਦਾ ਸੁਨੇਹਾ' । ਹੁਣ ਕੋਈ ਕਿਵੇਂ ਉਸਦੀ ਸ਼ਰਾਫਤ ਦਾ ਮੁਲ ਪਾਵੇ ? (ਸੰਗ੍ਰ)

## ਬੁੱਢੇ ਵਾਰੇ ਨਿਸਰੀ, ਡੂੰਮਾਂ ਦੀ ਜਵਾਰ ।

**ਭਾਵ** :—ਜਦ ਕਿਸੇ ਦੀ ਕੋਈ ਆਸ ਆਖਰੀ ਉਮਰੇ ਪੂਰੀ ਹੋਵੇ, ਤਾਂ ਮਿਹਣੇ ਵਜੋਂ ਵਰਤਦੇ ਹਨ ।

**ਵਰਤੋਂ** :—ਕੀ ਹੋਇਆ, ਜੇ 'ਬੁਢੇ ਵਾਰੇ ਨਿਸਰੀ, ਡੂੰਮਾਂ ਦੀ ਜਵਾਰ' ਕਲ ਤੀਕ ਸਾਡਾ ਪਾਣੀ ਢੋਂਦਾ ਸੀ ਅਜ ਚਾਹੇ ਹੜ ਆ ਗਏ, ਤਾਂ ਕੀ ਹੋਇਆ । (ਸੰਗ੍ਰ)

**ਬੁਧ ਸਿੰਘ ਦੀ ਬੁਧ ਗਈ, ਅਤਰ ਸਿੰਘ ਦੀ ਗਈ ਖੁਸ਼ਬੋ । ਲਹਿਣੇ ਦਾ ਦੇਣਾ ਪਿਆ, ਜੋ ਕਰਤਾਰ ਕਰੇ ਸੋ ਹੋ ।**

**ਭਾਵ** :—ਸਿਖ ਰਾਜ ਦੇ ਅੰਤ ਸਮੇਂ ਬੁਧ ਸਿੰਘ ਤੇ ਅਤਰ ਸਿੰਘ ਸੰਧਾਵਾਲੀਏ ਦੀ ਸਾਜ਼ਸ਼ ਵਲ ਇਸ਼ਾਰਾ ਹੈ ।

**ਵਰਤੋਂ** :—ਸੰਧਾਂ ਵਾਲੀਏ ਸਰਦਾਰ ਬੁਧ ਸਿੰਘ ਅਤੇ ਅਤਰ ਸਿੰਘ ਬਾਬਤ ਜਿਨ੍ਹਾਂ ਨੇ ਮਹਾਰਾਜ਼ ਸ਼ੇਰ ਸਿੰਘ ਨੂੰ ੧੯੧੩ ਵਿਚ ਕਤਲ ਕੀਤਾ ਸੀ, ਇਉਂ ਅਖਾਣ ਬਣ ਗਿਆ 'ਬੁਧ ਸਿੰਘ ਦੀ ਬੁਧ ਗਈ, ਅਤਰ ਸਿੰਘ ਦੀ ਖੁਸ਼ਬੋ । ਲਹਿਣੇ ਦਾ ਦੇਣਾ ਪਿਆ, ਜੋ ਕਰਤਾਰ ਕਰੇ ਸੋ ਹੋ' ।

(ਜੀਵਨ ਸੰਦੇਸ਼—ਤੇਜਾ ਸਿੰਘ)

**ਬੁਰਕੇ ਵਿੱਚ ਲਹਿਰ ਬਹਿਰ, ਤੇ ਘੁੰਡ ਵਿਚ ਹੜਤਾਲ ।**

**ਭਾਵ** :—ਜਦ ਦੂਜੇ ਦੀ ਮੰਦੀ ਚੀਜ਼ ਨੂੰ ਚੰਗਾ ਤੇ ਆਪਣੀ ਚੰਗੀ ਨੂੰ ਮੰਦਾ ਦਸਣਾ ਹੋਵੇ ।

**ਵਰਤੋਂ** :—ਔਕੜਾਂ ਸਾਨੂੰ ਵੀ ਹਨ, ਪਰ ਕੋਈ ਵੇਖਦਾ ਸੁਣਦਾ ਨਹੀਂ । ਹਰ ਕੋਈ ਆਪਣੇ ਦੁਖ ਵਡੇ ਕਰ ਕਰ ਦਸਦਾ ਹੈ ਅਖੇ 'ਬੁਰਕੇ ਵਿਚ ਲਹਿਰ ਬਹਿਰ ਤੇ ਘੁੰਡ ਵਿਚ ਹੜਤਾਲ । (ਸੰਗ੍ਰ)

**ਬੁਰਾ ਕਰੇ ਸੁ ਕੇਹਾ ਸਿਝੈ, ਆਪਣੈ ਰੋਹਿ ਆਪੇ ਹੀ ਦਝੈ ।**

**ਭਾਵ** :—ਜੇ ਕੋਈ ਬੁਰਾ ਕੰਮ ਕਰਦਾ ਹੈ, ਉਹ ਉਸਦੀ ਅੱਗ ਵਿਚ ਆਪ ਹੀ ਸੜਦਾ ਹੈ ।

**ਵਰਤੋਂ** :—

ਬੁਰਾ ਕਰੇ ਸੁ ਕੇਹਾ ਸਿਝੈ ।।
ਆਪਣੈ ਰੋਹਿ ਆਪੇ ਹੀ ਦਝੈ ।।
ਮਨਮੁਖਿ ਕਾਮਨਾ ਰਗੜੇ ਲੁਝੈ ।।

(ਗੁਰੂ ਗ੍ਰੰਥ—ਸ਼ਲੋਕ)

**ਬੁਰਾ (ਮੰਦਾ) ਕੁੱਤਾ ਖਸਮੇ ਗਾਲੁ ।**

**ਭਾਵ** :—ਮਾੜਾ ਬੰਦਾ ਘਰ ਦੇ ਸਾਰਿਆਂ ਨੂੰ ਬਦਨਾਮ ਕਰਦਾ ਹੈ ।

**ਵਰਤੋਂ** :—ਪੁਤਰਾ ਇਹ ਕੰਮ ਬੜਾ ਮਾੜਾ ਹੈ 'ਬੁਰਾ ਕੁੱਤਾ ਖਸਮੇ ਗਾਲੁ' ਲੋਕੀਂ ਮੈਨੂੰ ਵੀ ਮਾੜਾ ਆਖਣਗੇ । (ਸੰਗ੍ਰ)

**ਬੁਰਾ ਗ਼ਰੀਬ ਦਾ ਮਰਨਾ, ਬੁਰੀ ਗ਼ਰੀਬ ਦੀ ਆਹ, ਮੋਏ ਚਾਮ ਕੀ ਫੂਕ ਸੇ, ਲੋਹਾ ਭਸਮ ਹੋ ਜਾਹ ।**

**ਭਾਵ** :—ਗਰੀਬ ਜਾਂ ਮਾੜੇ ਨੂੰ ਦੁਖ ਦੇਣ ਨਾਲ, ਉਹਨਾਂ ਦੀ ਬਦ-ਅਸੀਸ ਬੜਾ ਨੁਕਸਾਨ ਕਰਦੀ ਹੈ ।

**ਵਰਤੋਂ** :—ਕਿਸੇ ਕਮਜ਼ੋਰ ਜਾਂ ਮਾੜੇ ਨੂੰ ਭੁਲਕੇ ਵੀ ਦੁਖੀ ਨਾ ਕੀਤਾ ਕਰੋ । ਕਿਉਂ ਜੁ 'ਬੁਰਾ ਗ਼ਰੀਬ ਦਾ ਮਰਨਾ, ਬੁਰੀ ਗ਼ਰੀਬ ਦੀ ਆਹ, ਮੋਏ ਚਾਮ ਕੀ ਫੂਕ ਸੇ ਲੋਹਾ ਭਸਮ ਹੋ ਜਾਹ' । ਉਸਦੀ ਬਦ ਅਸੀਸ ਬੜਾ ਦੁਖ ਪੁਚਾਉਂਦੀ ਹੈ । (ਸੰਗ੍ਰ)

**ਬੁਰਾ ਜੰਗਲ ਦਾ ਵਾਸਾ, ਬੁਰਾ ਮੂਰਖ ਦਾ ਹਾਸਾ ।**

**ਭਾਵ** :—ਜੰਗਲ ਦਾ ਵਾਸਾ ਤੇ ਮੂਰਖ ਦਾ ਹਾਸਾ ਦੁਖਦਾਈ ਹੁੰਦਾ ਹੈ ।

**ਵਰਤੋਂ** :—ਸਾਰਿਆਂ ਦੇ ਸਾਹਣੇ ਮੈਨੂੰ ਉਸ ਨੇ ਠਿੱਠ ਕੀਤਾ ਕਿ ਮੈਨੂੰ ਰੋਣਾ ਪਿਆ ਆਵੇ । ਸਚ ਹੈ 'ਬੁਰਾ ਜੰਗਲ ਦਾ ਵਾਸਾ, ਬੁਰਾ ਮੂਰਖ ਦਾ ਹਾਸਾ' । (ਸੰਗ੍ਰ)

**ਬੁਰਾ ਨਾ ਮਰੇ, ਬੁਰੇ ਦੀ ਮਾਂ ਮਰੇ ।**

**ਭਾਵ** :—ਬੁਰਿਆਈ ਨੂੰ ਜੜ੍ਹੋਂ ਪੁਟਨਾ ਚਾਹੀਦਾ ਹੈ ।

**ਵਰਤੋਂ** :— ਸਚੀ ਗੱਲ ਤਾਂ ਇਹ ਜੇ ਕਿ 'ਬੁਰਾ ਨਾ ਮਰੇ, ਬੁਰੇ ਦੀ ਮਾਂ ਮਰੇ' । ਬੁਰਆਈ ਦੀ ਜੜ੍ਹ ਪਕੜਨੀ ਚਾਹੀਦੀ ਹੈ, ਨਾ ਕਿ ਉਸਦੇ ਟਾਹਣ । (ਸੰਗ)

**ਬੁਰਾ ਰੋਜ ਦਾ ਪੰਧ, ਬੁਰਾ ਮੂਰਖ ਦਾ ਹਾਸਾ, ਬੁਰੀ ਕੁਲਹਿਣੀ ਨਾਰ, ਬੁਰਾ ਜੰਗਲ ਦਾ ਵਾਸਾ।**

**ਭਾਵ** :—ਰੋਜ਼ ਦਾ ਸਫਰ, ਮੂਰਖ ਦਾ ਮਖੌਲ, ਭੈੜੀ ਜ਼ਨਾਨੀ ਅਤੇ ਜੰਗਲ ਦਾ ਰਹਿਣਾ ਮਾੜਾ ਹੈ।

**ਵਰਤੋਂ** :— ਸ਼ਾਹ ਦੇ ਘਰ ਧੰਨ ਤਾਂ ਬੜਾ ਹੈ ਪਰ ਸ਼ਾਹਣੀ ਬੜੀ ਕੁਲਹਿਣੀ ਹੈ, ਵਿਚਾਰਾ ਦੁਖੀ ਰਹਿੰਦਾ ਹੈ। ਸਿਆਣਿਆਂ ਨੇ ਸੱਚ ਕਿਹਾ ਹੈ 'ਬੁਰਾ ਰੋਜ਼ ਦਾ ਪੰਧ, ਬੁਰਾ ਮੂਰਖ ਦਾ ਹਾਸਾ, ਬੁਰੀ ਕੁਲਹਿਣੀ ਨਾਰ ਬੁਰਾ ਜੰਗਲ ਦਾ ਵਾਸਾ'। (ਸੰਗ੍ਰ)

**ਬੁਰਿਆ ਤੈਥੋਂ ਨਹੀਂ ਡਰ, ਤੇਰੀ ਬੁਰਿਆਈ ਤੋਂ ਡਰ ਆਉਂਦਾ ਹੈ।**

**ਭਾਵ** :—ਕਿਸੇ ਦੀ ਤਾਕਤ ਤੋਂ ਨਾਂਹ, ਸਗੋਂ ਉਸਦੇ ਕੁਪੱਤ ਤੋਂ ਡਰਨਾ।

**ਵਰਤੋਂ** :—ਓਸ ਨੂੰ ਮੈਂ ਕੀ ਜਾਣਦਾ ਹਾਂ ਜੇ ਦੋ ਹੱਥ ਕਰਨੇ ਵੀ ਪੈਣ। ਪਰ ਉਸਦੀ ਕਮੀਨਗੀ ਤੋਂ ਡਰ ਲਗਦਾ ਹੈ। ਅਖੇ 'ਬੁਰਿਆ ਤੈਥੋਂ ਨਹੀਂ ਡਰ, ਤੇਰੀ ਬੁਰਿਆਈ ਤੋਂ ਡਰ ਆਉਂਦਾ ਹੈ'। (ਸੰਗ੍ਰ)

**ਬੁਰਿਆਂ ਦੇ ਸੰਗ ਬਠਕ ਭਲਿਆਂ ਦੀ ਪਤ ਜਾਏ।**

**ਭਾਵ** :—ਭੈੜਿਆਂ ਦੀ ਸੰਗਤ ਚੰਗਿਆਂ ਦੀ ਇਜ਼ਤ ਗੁਆ ਦੇਂਦੀ ਹੈ।

**ਵਰਤੋਂ** :— ਤੁਸੀਂ ਪੁਤ ਵਾਲੇ ਹੋ। ਵੇਖਣਾ ਕਿਤੇ ਸ਼ਰਾਬੀਆਂ ਦੀ ਸੰਗਤ ਵਿੱਚ ਨਾ ਫਸ ਬਹਿਣਾ। ਸਿਆਣਿਆਂ ਐਵੇਂ ਨਹੀਂ ਜੇ ਆਖਿਆ 'ਬੁਰਿਆਂ ਦੇ ਸੰਗ ਬੈਠ ਕੇ ਭਲਿਆਂ ਦੀ ਪਤ ਜਾਏ'। (ਸੰਗ੍ਰ)

**ਬੁਰੇ ਹਾਲ ਤੇ ਮੰਦੇ ਚਾਲ।** ਜਾਂ **ਬੁਰੇ ਹਾਲ ਤੇ ਬਾਂਕੇ ਦਿਹਾੜੇ।**

**ਭਾਵ** :—ਜਦ ਕਿਸੇ ਦੀ ਹਾਲਤ ਉੱਕੀ ਹੀ ਚੰਗੀ ਨਾ ਹੋਵੇ।

**ਵਰਤੋਂ** :—ਕੀ ਪੁਛਦੇ ਹੋ ਅਜ ਕਲ ਮਹਿੰਗਾਈ ਨੇ ਤਾਂ ਲੱਕ ਤੋੜ ਛਡਿਆ ਹੈ, 'ਬੁਰਾ ਹਾਲ ਤੇ ਬਾਂਕੇ ਦਿਹਾੜੇ' ਹਨ। (ਸੰ)

**ਬੁਰੇ ਹਾਲ ਤੇਰ੍ਹਵਾਂ ਪੈਂਡਾ।**

**ਭਾਵ** :—ਜਦ ਕੋਈ ਬੰਦਾ ਕੰਮ ਕਰਦਿਆਂ ਥਕ ਟੁਟ ਜਾਏ।

**ਵਰਤੋਂ** :— ਮੈਂ ਤਾਂ ਜੀ ਅਗੇ ਹੀ ਬਥੇਰਾ ਵੇਖ ਚੁਕਾਂ। ਟੁਰਦਾ ਆਇਆ ਬਰਮਾਂ ਤੋਂ ਤਿਨੀ ਮਹੀਨੀਂ ਪੁੱਜਾ। ਬੁਰੇ ਹਾਲ ਤੇਰ੍ਹਵਾਂ ਪੈਂਡਾ।

(ਦੇਵਿੰਦਰ ਬਤੀਸੀ—ਡਾ. ਮੋਹਨ ਸਿੰਘ)

**ਬੁਰੇ ਦਾ ਕੋਈ ਲਾਗੂ ਨਹੀਂ ਹੁੰਦਾ।**

**ਭਾਵ** :—ਬੁਰੇ ਲੋਕਾਂ ਨਾਲ ਵਾਸਤਾ ਰਖਣ ਵਿਚ ਕੋਈ ਵੀ ਖੁਸ਼ ਨਹੀਂ ਹੁੰਦਾ।

**ਵਰਤੋਂ** :—ਚੰਨੋ ਬੜੀ ਬੁਰੀ ਤੀਵੀਂ ਹੈ। ਕੋਈ ਉਹਦੇ ਪਾਸ ਨਹੀਂ ਬਹਿੰਦਾ। ਸੱਚ ਹੈ, 'ਬੁਰੇ ਦਾ ਕੋਈ ਲਾਗੂ ਨਹੀਂ ਹੁੰਦਾ'। (ਸੰਗ੍ਰ)

**ਬੁਰੇ ਦਾ ਬੁਰਾ।**

**ਭਾਵ** :—ਮਾੜੇ ਕੰਮ ਦਾ ਸਿਟਾ ਮਾੜਾ ਨਿਕਲਦਾ ਹੈ।

**ਵਰਤੋਂ** :—ਤੈਨੂੰ ਜੋ ਆਖਿਆ ਸੀ ਇਹ ਕੰਮ ਨਾ ਕਰੀਂ। ਹੁਣ ਮੁਸ਼ਕਲ 'ਚ ਫਸਿਆ ਰੋਂਦਾ ਕਿਉਂ ਏ। ਸਿਆਣਿਆਂ ਨੇ ਠੀਕ ਹੀ ਤਾਂ ਆਖਿਆ ਹੈ ਕਿ 'ਬੁਰੇ ਦਾ ਬੁਰਾ ਹੀ ਹੁੰਦਾ ਹੈ'। (ਸੰਗ੍ਰ)

**ਬੁਲਬੁਲ ਗਈ ਤਮਾਚਾ ਲਾ ਤੇ ਬੁਡ੍ਹਾ ਬੈਠਾ ਚੂਰੀ ਖਾ।**

**ਭਾਵ** :—ਮਾਰ ਖਾ ਲੈਣੀ, ਪਰ ਬੇ-ਅਣਖੀ ਦੇ ਕਾਰਨ ਜਵਾਬ ਨਾ ਦੇ ਸਕਣਾ।

**ਵਰਤੋਂ** :— ਤੇ ਭਾਊ! ਤੇਰੇ ਨਾਲ ਤੇ ਫਿਰ ਓਹੀ ਗੱਲ ਹੋਈ ਅਖੇ 'ਬੁਲਬੁਲ ਗਈ ਤਮਾਚਾ ਲਾ ਤੇ ਬੁਡ੍ਹਾ ਬੈਠਾ ਚੂਰੀ ਖਾ'। ਓਹਦੇ ਪਿੱਛੇ ਹੀ ਤੂੰ ਸਾਰੇ ਪਾਪੜ ਵੇਲੇ ਸੀ।

(ਚਿੱਟਾ ਲਹੂ—ਨਾਨਕ ਸਿੰਘ)

**ਬੁਲ੍ਹੇ ਨਾਲੋਂ ਚੁਲ੍ਹਾ ਚੰਗਾ ਜਿਥੇ ਤ੍ਰਾਮ ਪਕਾਈ ਦਾ।**

**ਭਾਵ** :—ਜੋ ਚੀਜ਼ ਕਿਸੇ ਦੇ ਕੰਮ ਆਉਂਦੀ ਹੈ, ਓਹੀ ਭਲੀ ਹੈ।

**ਵਰਤੋਂ** :—ਬੰਦੇ ਨਾਲੋਂ ਪਸ਼ੂ ਚੰਗਾ, ਜੋ ਜੀਉਂਦਿਆਂ ਵੀ ਕੰਮ ਆਉਂਦਾ ਹੈ ਤੇ ਮਰ ਕੇ ਵੀ। ਅਸਲ ਵਿਚ ਸਭ ਨੂੰ ਕੰਮ ਪਿਆਰਾ ਹੈ, ਚੰਮ ਨਹੀਂ, 'ਬੂਲ੍ਹੇ ਨਾਲੋਂ ਚੁਲ੍ਹਾ ਚੰਗਾ, ਜਿੱਥੇ ਤੁਆਮ ਪਕਾਈਦਾ'। (ਸੰਗ੍ਰ)

**ਬੂਹਾ ਤਾਕ ਭਲਾ, ਤੇ ਲੇਖਾ ਪਾਕ ਭਲਾ।**

**ਭਾਵ** :—ਘਰ ਨੂੰ ਤਕੜੇ ਦਰਵਾਜ਼ੇ ਦੀ ਲੋੜ ਹੈ ਤੇ ਹਿਸਾਬ ਸਾਫ਼ ਰਖਣਾ ਹੀ ਚੰਗਾ ਹੈ।

**ਵਰਤੋਂ** :—ਆਪਣੀਆਂ ਚੀਜ਼ਾਂ ਦੀ ਸੰਭਾਲ ਜ਼ਰੂਰੀ ਹੈ ਸਿਆਣਿਆਂ ਨੇ ਭੀ ਕਿਹਾ ਹੈ 'ਬੂਹਾ ਤਾਕ ਭਲਾ, ਤੇ ਲੇਖਾ ਪਾਕ ਭਲਾ' ਇਉਂ ਕਰਨ ਨਾਲ ਹੀ ਸੁਖੀ ਰਹੀਦਾ ਹੈ। (ਸੰਗ੍ਰ)

**ਬੂਹੇ ਆਈ ਜੰਵ ਤਾਂ ਵਿੰਨ੍ਹੋ ਕੁੜੀ ਦੇ ਕਨ।**

**ਭਾਵ** :—ਪਹਿਲਾਂ ਕਿਸੇ ਕੰਮ ਦੀ ਤਿਆਰੀ ਨਾ ਕਰਨੀ ਤੇ ਐਨ ਲੋੜ ਵੇਲੇ ਅਸਫਲ ਹੱਥ ਪੈਰ ਮਾਰਨੇ।

**ਵਰਤੋਂ** :—ਤੁਹਾਨੂੰ ਪਹਿਲਾਂ ਨਹੀਂ ਸੀ ਦਸੀਦਾ ਕਿ ਫ਼ਲਾਣੀ ਚੀਜ਼ ਤਿਆਰ ਕਰ ਰਖਣੀ। ਇਸ ਵੇਲੇ ਕਿਹੜਾ ਖੂਹ ਪੁਟਾਂ? ਅਖੇ 'ਬੂਹੇ ਆਈ ਜੰਵ ਤੇ ਵਿੰਨ੍ਹੋ, ਕੁੜੀ ਦੇ ਕੰਨ'। (ਸੰਗ੍ਰ)

**ਬੂਟਾ ਲਗਾ ਵੇਲਾਂ ਹਰੀਆਂ।**

**ਭਾਵ** :—ਪੁਤ ਜੰਮਣ ਦੀ ਖ਼ੁਸ਼ੀ ਸਮੇਂ ਮਿਰਾਸੀ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਮਿਰਾਸੀ—ਵੇਲ ! ਵੇਲ ! ਨਥੂ ਸ਼ਾਹ ਦੇ ਘਰ ਦੀ ਵੇਲ। 'ਬੂਟਾ ਲਗਾ ਵੇਲਾਂ ਹਰੀਆਂ'। ਮੌਲਾ ਖ਼ੁਸ਼ੀ ਰਖੇ।

(ਪਿੰਡ ਦੇ ਵੈਰੀ—ਜੋਸ਼ੂਆ ਫ਼ਜ਼ਲਦੀਨ)

**ਬੂਡਿ ਮੂਏ ਨਉਕਾ ਮਿਲੈ, ਕਹੁ ਕਹਿ ਚਢਾਵਉ।**

**ਭਾਵ** :—ਮੌਕੇ ਤੋਂ ਖੁੰਝ ਕੇ ਜੇ ਸਹਾਇਤਾ ਮਿਲੀ ਤਾਂ ਕਿਸ ਕੰਮ ?

**ਵਰਤੋਂ** :—

ਪ੍ਰਾਨ ਜੁ ਥਾਕ ਥਿਰੁ ਨਹੀ ਕੈਸੇ ਬਿਰਮਾਵਉ।
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ।

(ਗੁਰੂ ਗ੍ਰੰਥ—ਬਿਲਾਵਲ ਰਾਗ)

**ਬੂਰ ਦੇ ਲਡੂ ਖਾਵੇ ਤਾਂ ਪਛਤਾਵੇ, ਨਾ ਖਾਵੇ ਤਾਂ ਪਛਤਾਵੇ।**

**ਭਾਵ** :—ਫੋਕੀ ਫੜ੍ਹ। ਜਾਂ ਜੋ ਚੀਜ਼ ਨਾ ਖਾਈ ਜਾ ਸਕੇ ਨਾ ਛਡੀ ਜਾ ਸਕੇ ?

**ਵਰਤੋਂ** :—ਬਦਕਾਰੀ ਤਾਂ ਦੁਨੀਆਂ ਵਿੱਚ ਹੁੰਦੀ ਹੀ ਹੈ, ਪਰ ਬਦਕਾਰੀ ਉਪਰ ਇਸ ਦਰਜੇ ਦੀ ਮਕਾਰੀ ? ਕਿਥੇ ਉਸਦੇ ਦੁਖ ਭਰੇ ਗੀਤ, ਉਸਦੇ ਦਿਲ ਚੀਰਵੇਂ ਹੰਝੂ, ਤੇ ਕਿਥੇ ਨੀਚ ਪੁਣਾ। ਕੀ ਇਹ ਸਭ 'ਬੂਰ ਦੇ ਲਡੂ' ਹੀ ਸਨ ?

(ਟੁਟੀ ਵੀਣਾ—ਨਾਨਕ ਸਿੰਘ)

**ਬੂਰ ਵਿਹਾਣੈ ਪਾਣੀਐ, ਖਉ ਲਾਖਹੁ ਰੁਖੈ।**

**ਭਾਵ** :—ਪਾਣੀ ਨੂੰ ਬੂਰ ਖ਼ਰਾਬ ਕਰ ਦਿੰਦਾ ਹੈ ਤੇ ਲਾਖ ਬ੍ਰਿਛ ਦਾ ਨਾਸ ਮਾਰ ਦੇਂਦੀ ਹੈ। ਭਾਵ, ਕੁਸੰਗਤ ਦਾ ਫਲ ਭੈੜਾ ਹੈ।

**ਵਰਤੋਂ** :—

ਬੂਰ ਵਿਹਾਣੈ ਪਾਣੀਐ ਖਉ ਲਾਖਹੁ ਰੁਖੈ।
ਜਿਉਂ ਉਦਮਾਦੀ ਅਤੀਸਾਰ ਖਈ ਰੋਗ ਮਨੁੱਖੈ।

(ਵਾਰਾਂ—ਭਾਈ ਗੁਰਦਾਸ ਜੀ)

**ਬੇ ਮੁਹਤਾਜ ਨਹੀਂ ਕਿਛੁ ਕਾਣਿ।**

**ਭਾਵ** :—ਬੇ ਮੁਹਤਾਜ (ਰੱਬ) ਨੂੰ ਕਿਸੇ ਦੀ ਮੁਥਾਜੀ ਨਹੀਂ।

**ਵਰਤੋਂ** :—

ਸਦਾ ਧਰਮੁ ਜਾਕੈ ਦੀਬਾਣਿ॥
ਬੇ ਮੁਹਤਾਜ ਨਹੀਂ ਕਿਛੁ ਕਾਣਿ॥

(ਗੁਰੂ ਗ੍ਰੰਥ—ਮਾਲੀ ਗਉੜਾ)

**ਬੇ ਕਾਰੋਂ ਭਲੀ ਵਿਗਾਰ।**

**ਭਾਵ** :—ਵਿਹਲੇ ਰਹਿਣਾ ਮਾੜਾ ਹੈ।

**ਵਰਤੋਂ** :— ਵਿਹਲੇ ਰਹਿਣਾ ਪਾਪ ਹੈ। 'ਬੇਕਾਰੋਂ ਭਲੀ ਵਿਗਾਰ' ਕੁਝ ਨਾ ਕੁਝ ਕਰਨਾ ਹੀ ਚੰਗਾ ਹੈ। (ਸੰਗ੍ਰ)

**ਬੇਟਾ ਨਿਸ਼ਾਨ।**

**ਭਾਵ** :—ਸੰਤਾਨ ਨਾਲ ਆਦਮੀ ਦਾ ਨਾਂ ਰਹਿ ਜਾਂਦਾ ਹੈ।

**ਵਰਤੋਂ** :—ਅਕਸਰ ਦੁਨੀਆਂ ਵਿਚ ਮੋਟੇ ਬੱਚੇ ਦੀ ਕੋਈ ਤਾਂ ਨਿਸ਼ਾਨੀ ਰਹੇ। ਸੱਚ ਆਖਦੇ ਨੇ, 'ਬੇਟਾ ਨਿਸ਼ਾਨ'।

(ਮਣਕੇ—ਸਾਹਿਬ ਸਿੰਘ ਸੇਠੀ)

**ਬੇੜੀ ਸੰਗ ਲੋਹਾ ਭੀ ਤਰ ਜਾਂਦਾ ਹੈ।**

**ਭਾਵ** :—ਚੰਗਿਆਂ ਦੀ ਸੰਗਤ ਨਾਲ ਮਾੜੇ ਭੀ ਤਰ ਜਾਂਦੇ ਹਨ।

**ਵਰਤੋਂ** :—ਚੰਗਿਆਂ ਦੀ ਸੰਗਤ ਕੀਤਾ ਕਰੋ ਬੇੜੀ ਸੰਗ ਲੋਹਾ ਭੀ ਤਰ ਜਾਂਦਾ ਹੈ। (ਸੰਗ੍ਰ)

**ਬੇੜੀ ਦਾ ਪੂਰ, ਤ੍ਰਿੰਜਣ ਦੀਆਂ ਕੁੜੀਆਂ ਫੇਰ ਨਾ ਬੈਠਣ ਰਲਕੇ।**

**ਭਾਵ** :—ਗਿਆ ਸਮਾਂ ਹੱਥ ਨਹੀਂ ਆਉਂਦਾ ਜਾਂ ਦੁਨੀਆਂ ਨਾਸ਼ਮਾਨ ਹੈ।

**ਵਰਤੋਂ**:—

ਜਿਹੜੇ ਪਤਣ ਪਾਣੀ ਅਜ ਲੰਘ ਜਾਂਦਾ,
ਫੇਰ ਨਾ ਲੰਘਦਾ ਭਲਕੇ।
ਬੇੜੀ ਦਾ ਪੂਰ ਤ੍ਰਿੰਜਣ ਦੀਆਂ ਕੁੜੀਆਂ,
ਫੇਰ ਨਾ ਬੈਠਣ ਰਲਕੇ।

(ਸੰਗ੍ਰ)

**ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ।**

**ਭਾਵ** :—ਜਦ ਬੰਦਾ ਸੁਚੇਤ ਹੋਵੇ ਤਦ ਔਕੜ ਸਰ ਕਰ ਲਈਦੀ ਹੈ।

**ਵਰਤੋਂ** :—

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

(ਗੁਰੂ ਗ੍ਰੰਥ—ਸ਼ਲੋਕ ਫਰੀਦ)

**ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ।**

**ਭਾਵ** :—ਅਸਲੀ ਵੈਸਨੋ ਉਹ ਹੈ ਜਿਸ ਉਪਰ ਰੱਬ ਦੀ ਖੁਸ਼ੀ ਹੈ।

**ਵਰਤੋਂ** :—

ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ ॥
ਬਿਸਨ ਕੀ ਮਾਇਆ ਤੇ ਹੋਇ ਭਿੰਨ ॥

(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਬੈਠ ਰੇ ਮਨ ਸਬਰ ਕੇ ਹੁਜਰੇ, ਜਿਹੀ ਜਿਹੀ ਆਵੇ ਤਿਹੀ ਤਿਹੀ ਗੁਜਰੇ।**

**ਭਾਵ** :—ਮਨ ਦੀ ਦੌੜ ਨੂੰ ਰੋਕਣ ਲਈ ਸਬਰ ਤੇ ਸ਼ੁਕਰ ਕਰਨਾ ਚਾਹੀਦਾ ਹੈ।

**ਵਰਤੋਂ** :— ਗੁਰਮੁਖ ਪਿਆਰੇ ਦੀ ਕੀ ਆਗਿਆ ਸੀ ਤੇ ਮੇਰਾ ਮਨ ਕਿਥੇ ਟੁਰਿਆ ਹੈ। ਜੋ ਹੋ ਰਿਹਾ ਹੈ ਸੋ ਹੋ ਰਿਹਾ ਹੈ। ਜੋ ਗੁਰੂ ਕਰੇਗਾ, ਸੋ ਭਲੀ ਕਰੇਗਾ। 'ਬੈਠ ਰੇ ਮਨ ਸਰਬ ਕੇ ਹੁਜਰੇ, ਜਿਹੀ ਜਿਹੀ ਆਵੇ ਤਿਹੀ ਗੁਜ਼ਰੇ'।

(ਸਤਵੰਤ ਕੌਰ—ਭਾਈ ਵੀਰ ਸਿੰਘ)

**ਬੈਠਿਆਂ ਖੂਹ ਲਈਦੇ ਖਾਇ।**

**ਭਾਵ** :—ਵਿਹਲੇ ਬੈਠਿਆਂ ਕਿਤਨਾ ਵੀ ਧਨ ਹੋਵੇ, ਤਾਂ ਖ਼ਰਚ ਹੋ ਜਾਂਦਾ ਹੈ।

**ਵਰਤੋਂ** :—ਬਈ ਅਜ ਤੀਕ ਪੰਜਾਹ ਵਰ੍ਹਿਆਂ ਦੀ ਉਮਰ ਹੋਈ, ਕੱਖ ਭੰਨ ਕੇ ਦੂਹਰਾ ਨਹੀਂ ਕੀਤਾ, ਪਰ ਸੱਚ ਕਹਿੰਦੇ ਹਨ ਸਿਆਣੇ 'ਬੈਠਿਆਂ ਖੂਹ ਲਈਦੇ ਖਾਏ'।

(ਸ੍ਰੀ ਚਰਣਹਰਿ ਵਿਸਥਾਰ—ਡਾ. ਬਲਬੀਰ ਸਿੰਘ)

**ਬੋਹਲ ਖਸਮਾਂ ਤੇ ਹਵਾ ਚੂੜ੍ਹਿਆਂ।**

**ਭਾਵ**:—ਚੀਜ਼ ਕਿਸੇ ਦੀ ਹੋਵੇ ਤੇ ਹੈਂਕੜ ਕੋਈ ਕਰੇ।

**ਵਰਤੋਂ** :— ਹੱਟ ਓਇ ਪਰੇ, ਮੁਰਬੇ ਤਾਂ

ਸਰਦਾਰ ਬਘੇਲ ਸਿੰਘ ਦੇ ਨੇ ਤੇ ਹੈਂਕੜ ਮੁਨਸ਼ੀ ਦੇ ਮੂੰਡੇ ਦੀ ਮਾਣ ਨਹੀਂ, ਅਖੇ 'ਬੋਹਲ ਖਸਮਾਂ ਤੇ ਹਵਾ ਚੂੜ੍ਹਿਆਂ'। (ਸੰਗ੍ਰ)

**ਬੁੱਝੇ ਵਿੱਚ ਗਾਜਰਾਂ ਤੇ ਬਾਂਕੇ ਲਹੌਰ ਦੇ।**

**ਭਾਵ** :—ਪਲੇ ਕੁਝ ਨਾ ਹੋਵੇ ਤੇ ਬੜੀ ਫੂੰ ਫਾਂ ਹੀ ਹੋਵੇ।

**ਵਰਤੋਂ** :—ਜਾ ਓਏ। ਐਵੇਂ ਫੜਾਂ ਨਾ ਪਿਆ ਮਾਰ। ਯਾਰ ਤੇਰੀ ਵੀ ਸ਼ਹਿਰੀਆਂ ਵਾਲੀ ਸੁਕੀ ਫੂੰ ਫਾਂ ਹੀ ਏ। 'ਬੋਝੇ ਵਿੱਚ ਗਾਜਰਾਂ ਤੇ ਬਾਂਕੇ ਲਹੌਰ ਦੇ'।

(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲਦੀਨ)

**ਬੋਲ ਵਿਗਾੜ ਮੂਰਖ ਭੇਡਾਖਾ।**

**ਭਾਵ** :—ਮੂਰਖ ਬੋਲ ਕੇ ਵਿਗਾੜ ਪਾ ਲੈਂਦਾ ਹੈ ਤੇ ਭੇਡ ਦੀਆਂ ਅੱਖਾਂ ਵਾਲਾ ਹੈ।

**ਵਰਤੋਂ** :—

ਹੇਠ ਖੜਾ ਬੂ ਬੂ ਕਰੈ,
ਗਿਦੜ ਹੱਥ ਨਾ ਆਵੈ ਦਾਖਾ ॥
ਬੋਲ ਵਿਗਾੜ ਮੂਰਖ ਭੇਡਾਖਾ ॥

(ਵਾਰਾਂ—ਭਾਈ ਗੁਰਦਾਸ)

**ਬੋਲਣ (ਬੋਲੀ) ਕਾਜ ਵਿਗਾੜਿਆ, ਜਿਉਂ ਮੂਲੀ ਪੱਤਾ।**

**ਭਾਵ** :—ਬਹੁਤਾ ਬੋਲਣ ਨਾਲ ਕੰਮ ਵਿਗੜ ਜਾਂਦਾ ਹੈ, ਜਿਵੇਂ ਮੂਲੀ ਖਾਣ ਦਾ ਪਤਾ ਡਕਾਰ ਨਾਲ ਲਗ ਜਾਂਦਾ ਹੈ।

**ਵਰਤੋਂ** :—

ਬੋਲਣ ਕਾਜ ਵਿਗਾੜਿਆ ਜਿਉਂ ਮੂਲੀ ਪਤਾ,
ਤਿਉਂ ਦਰਗਹ ਮੀਣਾ ਮਾਰੀਐ, ਕਰ ਕੂੜ ਕੁਪਤਾ।

(ਵਾਰਾਂ—ਭਾਈ ਗੁਰਦਾਸ ਜੀ)

**ਬੋਲਤ ਬੋਲਤ ਬਢਹਿ ਬਿਕਾਰਾ।**

**ਭਾਵ** :—ਬਹੁਤਾ ਬੋਲਣ ਨਾਲ ਔਗਣ ਵਧਦੇ ਹਨ।

**ਵਰਤੋਂ** :—

ਬੋਲਤ ਬੋਲਤ ਬਢਹਿ ਬਿਕਾਰਾ ॥
ਬਿਨੁ ਬੋਲੇ ਕਿਆ ਕਰਹਿ ਬਿਚਾਰਾ ॥

(ਗੁਰੂ ਗ੍ਰੰਥ—ਗੋਂਡ ਕਬੀਰ)

**ਬੋਲਾ ਰਾਗ ਨ ਸਮਝਈ ਕਿਹੁ ਘਟ ਨ ਜਾਈ।**

**ਭਾਵ** :—ਜੇ ਕਿਸੇ ਔਗੁਣਿਆਰੇ ਨੂੰ ਗੁਣ ਦੀ ਪਰਖ ਨਹੀਂ, ਤਾਂ ਗੁਣ ਦਾ ਕੁਝ ਘਟ ਨਹੀਂ ਜਾਂਦਾ।

**ਵਰਤੋਂ** :—

ਅੰਨ੍ਹੈ ਚੰਦ ਨ ਦ੍ਰਿਸਈ ਜਗ ਜੋਤਿ ਸਬਾਈ।
ਬੋਲਾ ਰਾਗ ਨ ਸਮਝਈ ਕਿਹੁ ਘਟ ਨ ਜਾਈ।

(ਵਾਰਾਂ—ਭਾਈ ਗੁਰਦਾਸ)

**ਬੋਲੇ ਬਿਨਾਂ ਤੋਲੇ ਬਿਨਾਂ ਕੈਬੇ ਕਰ ਜਾਣੀਏ।।**

**ਭਾਵ** :—ਕਿਸੇ ਮਨੁਖ ਸੰਬੰਧੀ ਪਹਿਲੀ ਨਜ਼ਰੇ ਰਾਏ ਨਹੀਂ ਬਨਾਣੀ ਚਾਹੀਦੀ।

**ਵਰਤੋਂ** :—'ਬੋਲੇ ਬਿਨਾਂ, ਤੋਲੇ ਬਿਨਾਂ, ਕੈਬੇ ਕਰ ਜਾਣੀਏ'। ਜਾਣ ਨਹੀਂ, ਸਿੰਜਾਣ ਨਹੀਂ, ਮੈਂ ਕੀ ਦਸਾਂ, ਉਹ ਕਿਹੋ ਜਿਹੇ ਸੁਭਾ ਦਾ ਹੈ ?

(ਸੰਗ੍ਰ)

**ਬੋਲੇ ਅਗੈ ਗਾਵੀਐ ਭੈਰਉ ਸੋ ਗਉੜੀ।**

**ਭਾਵ** :—ਬੇਸਮਝ ਅਗੇ ਗੱਲ ਕਰਨੀ ਗੱਲ ਜ਼ਾਆਣੀ ਹੈ।

**ਵਰਤੋਂ** :—

ਬੋਲੇ ਅਗੈ ਗਾਵੀਐ ਭੈਰਉ ਸੋ ਗਉੜੀ।
ਹੰਸਾਂ ਨਾਲ ਟਟੀਹਰੀ ਕਿਉਂ ਪਹੁੰਚੈ ਦਉੜੀ।

(ਵਾਰਾਂ—ਭਾਈ ਗੁਰਦਾਸ ਜੀ)

**ਬੰਦਾ ਜੋੜੇ ਪਲੀ ਪਲੀ ਤੇ ਰੱਬ ਰੁੜ੍ਹਾਵੇ ਕੁੱਪਾ।**

**ਭਾਵ** :—ਕੋਈ ਬੜਾ ਔਖਾ ਹੋ ਕੇ ਧੰਨ

ਜੋੜੇ, ਪਰ ਉਹ ਛੇਤੀ ਹੀ ਨਸ਼ਟ ਹੋ ਜਾਵੇ ।

**ਵਰਤੋਂ** :— ਰਧੀਆ ਮਰ ਪਿਟ ਕੇ ਤੇ ਚੋਰੀ ਚਕਾਰੀ ਕਰਕੇ ਜਿਹੜੇ ਪੈਸੇ ਇਕੱਠੇ ਕਰਦੀ, ਉਹ ਇਕੋ ਦਿਨ ਆਕੇ ਵਹੁਟੀ ਨੂੰ ਮਾਰ ਕੁਟ ਕੇ ਖੋਹ ਖੜਦਾ । ਰਧੀਆ ਦਾ ਹਮੇਸ਼ਾਂ 'ਬੰਦਾ ਜੋੜੇ ਪਲੀ ਪਲੀ ਰੱਬ ਰੁੜ੍ਹਾਵੇ ਕੁਪਾ' ਵਾਲਾ ਹਾਲ ਹੁੰਦਾ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

## ਬਦਾ ਢੀਠ ਚਾਹੀਦੈ, ਬਿਸ਼ਰਮੀ ਆਉਣ ਜਾਣ ਏ ।

**ਭਾਵ** :—ਜਦ ਕੋਈ ਕਿਸੇ ਕਰਤੂਤ ਸ਼ਰਮਿੰਦਾ ਹੁੰਦਾ ਨਾ ਜਾਪੇ ਤਾਂ ਆਖਦੇ ਹਨ ।

**ਵਰਤੋਂ** :—ਨਹੀਂ ਨਹੀਂ 'ਬੰਦਾ ਢੀਠ ਚਾਹੀਦੈ, ਬੇਸ਼ਰਮੀ ਆਉਣ ਜਾਣ ਏ' ਘਬਰਾਓ ਨਾ ਡਟੇ ਰਹੋ ਆਪਣੀ ਨੀਚਤਾ ਉੱਤੇ । (ਸੰਗ੍ਰ)

## ਬੰਦਾ ਭੁੱਲਣ ਹਾਰ ਏ ।

**ਭਾਵ** :—ਮਨੁੱਖ ਤੋਂ ਗ਼ਲਤੀ ਹੋ ਹੀ ਜਾਂਦੀ ਹੈ ।

**ਵਰਤੋਂ** :—ਜਸਵੰਤ — ਮਹਾਰਾਜ ! ਜੇ ਸੇਵਕ ਤੋਂ ਦੁਬਾਰਾ ਗ਼ਲਤੀ ਹੋ ਗਈ ਤਾਂ ਮੁਆਫ਼ ਕਰਨਾ । ਬੰਦਾ ਭੁਲਣਹਾਰ ਏ । (ਸੰਗ੍ਰ)

## ਬੰਦਿਆਂ ਨੂੰ ਬੰਦੇ ਮਿਲ ਪੈਂਦੇ ਨੇ, ਖੂਹਾਂ ਨੂੰ ਖੂਹ ਨਹੀਂ ਮਿਲਦੇ ।

**ਭਾਵ** :—ਚੇਤੰਨ ਵਸਤੂ ਹੀ ਇਕਠੀਆਂ ਹੋ ਸਕਦੀਆਂ ਹਨ, ਜੜ੍ਹ ਨਹੀਂ ।

**ਵਰਤੋਂ** :—ਕੁਝ ਵੀ ਹੋਵੇ ਫਿਰ ਵੀ ਬੰਦੇ ਜੋ ਹੋਏ, ਪੱਥਰ ਤਾਂ ਨਹੀਂ । ਜਤਨ ਕੀਤਿਆਂ ਜ਼ਰੂਰ ਬਹਿਣਗੀ 'ਬੰਦਿਆਂ ਨੂੰ ਬੰਦੇ ਮਿਲ ਪੈਂਦੇ ਨੇ, ਖੂਹਾਂ ਨੂੰ ਖੂਹ ਨਹੀਂ ਮਿਲਦੇ ।' (ਸੰਗ੍ਰ)

## ਬੰਦੀ ਅੰਦਰ ਵਿਰਲੇ ਬੰਦੇ ।

**ਭਾਵ** :—ਮਨ ਮਾਰਨ ਵਾਲੇ (ਦਾਸ ਭਾਵ ਵਾਲੇ) ਵਿਰਲੇ ਹੀ ਮਨੁੱਖ ਹੁੰਦੇ ਹਨ ।

**ਵਰਤੋਂ** :—

ਗੁਰਮੁਖ ਆਪ ਗਵਾਇਆ ਮਨਮੁਖ ਹਉਮੈ ਅਗਨ ਜਲੰਦੇ ॥ ਬੰਦੀ ਅੰਦਰ ਵਿਰਲੇ ਬੰਦੇ ॥

(ਵਾਰਾਂ—ਭਾਈ ਗੁਰਦਾਸ ਜੀ)

## ਬੰਦੀ ਅੰਦਰਿ ਸਿਫ਼ਤਿ ਕਰਾਏ, ਤਾ ਕਉ ਕਹੀਐ ਬੰਦਾ ।

**ਭਾਵ** :—ਸੇਵਕ ਉਹ ਹੈ, ਜੋ ਦਾਸ-ਭਾਵ ਵਿਚ ਰਹਿਕੇ ਉਸਦਾ (ਹਰੀ ਦਾ) ਜਸ ਕਰਦਾ ਹੈ ।

**ਵਰਤੋਂ**:—

'ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ, ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ'

(ਗੁਰੂ ਗ੍ਰੰਥ—ਆਸਾ ਰਾਗ)

## ਬੰਦੇ ਸੇ ਜਿ ਪਵਿਹ ਵਿਚਿ ਬੰਦੀ ਵੇਖਣ ਕਉ ਦੀਦਾਰ ।

**ਭਾਵ** :—ਮਨੁਖ ਓਹੀ ਹਨ, ਜਿਹੜੇ ਰੱਬੀ ਦੀਦਾਰ ਲਈ ਮਨ ਮਾਰਦੇ ਹਨ ।

**ਵਰਤੋਂ** :—

'ਮੁਸਲਮਾਨਾ ਸਿਫਤਿ ਸਰੀਅਤ ਪੜਿ ਪੜਿ ਕਰਹਿ ਬੀਚਾਰ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰ'॥ (ਗੁਰੂ ਗ੍ਰੰਥ—ਵਾਰ ਆਸਾ)

## ਬੰਦੇ ਦਾ ਬੰਦਾ ਦਾਰੂ ।

**ਭਾਵ** :—ਮਨੁਖ ਦੀ ਸਹਾਇਤਾ ਮਨੁਖ ਹੀ ਕਰ ਸਕਦਾ ਹੈ ।

**ਵਰਤੋਂ** :— ਸਹਿਤੀ—ਭਾਬੀ ਮੈਂ ਅੰਞਾਣੀ ਨਹੀਂ, ਮੈਂ ਵੀ ਲੱਖਾਂ ਪਾਪੜ ਵੇਲੇ ਹੋਏ ਨੇ, ਪਰ ਤੂੰ ਆਪਣੇ ਜੀਅ ਦੀ ਕੋਈ ਵੇਦਨਾ ਦਸ, ਤੇ ਖ਼ਬਰੇ ਰੱਬ ਤੇਰੇ ਦਿਲ ਦੀ ਆਸ ਮੁਰਾਦ ਪੂਰੀ ਕਰ ਦੇਵੇ, ਓੜਕ ਬੰਦਾ ਬੰਦੇ ਦਾ ਦਾਰੂ ਹੁੰਦਾ ਏ । ਅੜੀਏ ਮੈਂ ਕੋਈ ਤੇਰੀ ਦੁਸ਼ਮਨ ਤੇ ਨਹੀਂ ।

(ਹੀਰ ਸਿਆਲ—ਸ਼ਰਫ਼)

## ਬੰਨ੍ਹਾਂ ਉਤੇ ਹੀ ਬਿੜਕਾਂ ਹੁੰਦੀਆਂ ਨੇ ।

**ਭਾਵ** :—ਵਡੇ ਆਦਮੀ ਦੇ ਸਿਰ ਹੀ

ਜ਼ਿਮੇਵਾਰੀਆਂ ਪੈਂਦੀਆਂ ਹਨ।

**ਵਰਤੋਂ** :—ਆਹੋ ਜੀ, ਸਾਰੇ ਜਾਣਦੇ ਹਨ ਕਿ 'ਬੰਨ੍ਹਾਂ ਉਤੇ ਹੀ ਬਿੜਕਾਂ ਹੁੰਦੀਆਂ ਨੇ। ਸਰਦਾਰ ਜੂ ਹੋਏ। ਵੱਡੇ ਮਾਮਲੇ ਵੀ ਤਾਂ ਇਨ੍ਹਾਂ ਨੂੰ ਹੀ ਪੈਣੇ ਸਨ। (ਸੰਗੂ)

### ਬੰਨੇ ਜੱਟ ਨ ਛੇੜੀਏ ਤੇ ਹੱਟੀ ਉਤੇ ਕਿਰਾੜ, ਬੇੜੀ ਮਲਾਹ ਨ ਛੇੜੀਏ, ਮੱਤਾਂ ਭੰਨ ਦੇਇ ਬੁਥਾੜ।

**ਭਾਵ** :—ਆਪਣੀ ਆਪਣੀ ਥਾਂ ਹਰ ਕੋਈ ਸ਼ੇਰ ਹੁੰਦਾ ਹੈ।

**ਵਰਤੋਂ** :—ਤੂੰ ਖ਼ਾਹ ਮਖ਼ਾਹ ਉਸ ਦੀ ਹੱਟੀ ਉਤੇ ਕਿਉਂ ਲੜਾਈ ਮੁਲ ਲੈ ਲਈ ? ਸਿਆਣੇ ਆਖਦੇ ਹਨ, 'ਬੰਨੇ ਜੱਟ ਨ ਛੇੜੀਏ ਤੇ ਹੱਟੀ ਤੇ ਕਿਰਾੜ, ਬੇੜੀ ਮਲਾਹ ਨ ਛੇੜੀਏ, ਮੱਤਾਂ ਭੰਨ ਦੇਇ ਬੁਥਾੜ।' ਹੱਟੀ ਉਤੇ ਬਾਣੀਏ ਸ਼ੇਰ ਹੋਣਾ ਹੀ ਸੀ। (ਸੰਗੂ)

### ਬਾਂਝ ਕੀ ਜਾਣੈ ਪਰਸੂਤ ਦੀ ਪੀੜ।

**ਭਾਵ** :-ਜਿਨ੍ਹਾਂ ਨੇ ਦੁਖ, ਕਸ਼ਟ ਤੇ ਕਲੇਸ਼ ਕਦੀ ਨਹੀਂ ਕਟੇ ਉਹ ਦੁਖੀਆਂ ਦੀਆਂ ਪੀੜਾਂ ਨਹੀਂ ਸਮਝ ਸਕਦੇ।

**ਵਰਤੋਂ** :—ਜਿਨ੍ਹਾਂ ਨੇ ਵਰਤ ਰਖ ਰਖ ਕੇ ਭੀ ਫੁਲਹਿਰਾਂ ਤੇ ਪੇੜਿਆਂ ਦੀਆਂ ਟੋਕਰੀਆਂ ਤੇ ਸ਼ਰਬਤਾਂ ਦੇ ਘੜਿਆਂ ਨੂੰ ਹੱਥ ਫੇਰੇ ਹੋਣ, ਉਹ ਮੁਸ਼ੱਕਤ ਤੇ ਭੁਖ ਦੇ ਦੁਖ ਨੂੰ ਕੀ ਜਾਣਨ ? ਸੱਚ ਹੈ 'ਬਾਂਝ ਕੀ ਜਾਣੈ ਪ੍ਰਸੂਤ ਦੀ ਪੀੜਾ।'

(ਬਿਜੈ ਸਿੰਘ—ਵੀਰ ਸਿੰਘ)

### ਬਾਂਦਰ ਦੀ ਬਲਾ ਤਵੇਲੇ ਦੇ ਸਿਰ।

**ਭਾਵ** :—ਕਰੇ ਕੋਈ ਭਰੇ ਕੋਈ।

**ਵਰਤੋਂ** :—ਲੋਹੇ ਦੇ ਕੰਟਰੋਲ ਤੇ ਸਕੈਂਡਲ ਦੀ ਜ਼ਿਮੇਵਾਰੀ ਤਾਂ ਐਡਵਾਇਜ਼ਰੀ ਬੋਰਡ ਦੇ ਸਿਰ ਹੈ। ਪਰ ਉਹ ਬਾਂਦਰ ਦੀ ਬਲਾ ਤਵੇਲੇ ਦੇ ਸਿਰ ਸੁਟਣ ਵਾਂਗ ਕਲਰਕਾਂ ਤੇ ਹੋਰ ਅਫ਼ਸਰਾਂ ਦੇ ਸਿਰ ਸੁਟਦੇ ਫਿਰਦੇ ਹਨ।

(ਲੋਕ ਸਾਹਿਤ—ਨਾਨਕ ਸਿੰਘ)

### ਬਾਂਦਰ ਨੂੰ ਅਧਰਕ ਦਾ ਅਚਾਰ।

**ਭਾਵ** :—ਕਿਸੇ ਨੂੰ ਉਹ ਚੀਜ਼ ਦੇਣੀ ਜਿਸ ਦੀ ਉਸ ਨੂੰ ਕਦਰ ਨਾ ਹੋਵੇ।

**ਵਰਤੋਂ** :– ਤੁਸੀਂ ਉਸ ਨੂੰ ਟਰਾਂਜ਼ਿਸਟਰ ਜੇ ਤਾਂ ਦਿੱਤਾ, ਪਰ ਉਸ ਨੂੰ ਕੀ ਪਤਾ ਕਿ ਇਹ ਚੀਜ਼ ਕੀ ਏ। ਬਾਂਦਰ ਨੂੰ ਅਧਰਕ ਦਾ ਅਚਾਰ ਵਾਲੀ ਗਲ ਹੈ ਇਹ ਤਾਂ। (ਸੰਗੂ)

### ਬਾਂਦਰੀ ਦੇ ਪੈਰ ਸੜਨ ਲਗੇ, ਓਨ ਬੱਚੇ ਹੇਠਾਂ ਲੈ ਲਏ,

**ਭਾਵ** :– ਆਪਣੇ ਬਚਾਉ ਦੀ ਖ਼ਾਤਰ ਆਪਣੇ ਸਕਿਆਂ ਨੂੰ ਵੀ ਦੁਖ ਦੇਣ ਦੀ ਪ੍ਰਵਾਹ ਨਾ ਕਰਨੀ।

**ਵਰਤੋਂ** :—ਕਰਮੇ ਨੇ ਅਪਣੀ ਜਾਨ ਦੇ ਬਚਾ ਲਈ ਆਪਣੇ ਭਤੀਜੇ ਨੂੰ ਫਸਾ ਦਿੱਤਾ ਹੈ। ਅਖੇ 'ਬਾਂਦਰੀ ਦੇ ਪੈਰ ਸੜਨ ਲਗੇ, ਉਸ ਬੱਚੇ ਹੇਠਾਂ ਲੈ ਲਏ।' ਵਾਹ ਭਾਈ ਵਾਹ ! (ਸੰਗੂ)

### ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ।

**ਭਾਵ** :—ਅਨ-ਅਧਿਕਾਰੀ ਨੂੰ ਅਜੇਹੀ ਚੀਜ਼ ਦਿਤੀ ਜਾਵੇ ਜਿਸਦਾ ਉਹ ਅਧਿਕਾਰੀ ਨਾ ਹੋਵੇ।

**ਵਰਤੋਂ** :—ਕਰਮੋ ਚੂਹੜੀ ਨੂੰ ਖਜੂਰਾਂ ਦਾ ਪਛੜਾ ਘਲਨ ਦਾ ਕੀ ਲਾਭ, ਸਰਦਾਰ ਜੀ ? 'ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ' ਪੁਆਓ, ਉਹ ਫਿਰ ਬਾਂਦਰ ਦੇ ਬਾਂਦਰ ਰਹਿਣਗੇ। (ਸੰਗੂ)

## ਭ

### ਭਗਤਾਂ ਤੇ ਸੰਸਾਰੀਆਂ ਜੋੜ ਕਦੇ ਨਾ ਆਇਆ।

**ਭਾਵ** :—ਰਬੀ ਬੰਦਿਆਂ ਤੇ ਸੰਸਾਰ ਦੇ

ਆਮ ਬੰਦਿਆਂ ਵਿਚ ਅਜੋੜ ਹੀ ਰਹਿੰਦਾ ਹੈ ।

**ਵਰਤੋਂ** :—ਉਹ ਸੁਆਰਥੀ ਤੇ ਲੋਭੀ ਹੈ, ਤੁਸੀਂ ਪਰਉਪਕਾਰੀ ਤੇ ਧਰਮਾਤਮਾ ਹੋ । ਉਸ ਨਾਲ ਭਿਆਲੀ ਨਾ ਪਾਓ । 'ਭਗਤਾਂ ਤੇ ਸੰਸਾਰੀਆਂ ਜੋੜ ਕਦੇ ਨਾ ਆਇਆ ।'

**ਭਜਦਿਆਂ ਨੂੰ ਵਾਹਣ ਇਕੋ ਜਿਹਾ ।**

**ਭਾਵ** :—ਬਿਪਤਾ ਸਮੇਂ ਚੰਗਾ ਮੰਦਾ ਕੁਝ ਨਹੀਂ ਸੁਝਦਾ ।

**ਵਰਤੋਂ** :—'ਭਜਦਿਆਂ ਨੂੰ ਵਾਹਣ ਇਕੋ ਜਿਹਾ' ਹੀ ਹੈ । ਗ਼ਰੀਬੀ ਜੇ ਹੋਈ ਤਾਂ ਨੀਵੇਂ ਤੋਂ ਨੀਵੇਂ ਕੰਮ ਵਿਚ ਕੀ ਸ਼ਰਮ ਹੈ ?

**ਭੱਜਾ ਭੱਜਾ ਜਾਹ ਤੇ ਕਰਮਾਂ ਦਾ ਖਟਿਆ ਖਾਹ ।**

**ਭਾਵ** :—ਜਿੱਥੇ ਜੀ ਆਵੇ ਜਾਓ, ਮਿਲਣਾ ਓਹੋ ਕੁਝ ਹੈ, ਜੋ ਕਿਸਮਤ ਨੇ ਲਿਖ ਦਿੱਤਾ ਹੈ ।

**ਵਰਤੋਂ** :—'ਆਹੋ ਜੀ, ਭੱਜਾ ਭੱਜਾ ਜਾਹ ਤੇ ਕਰਮਾਂ ਦਾ ਖਟਿਆ ਖਾਹ' ਸੱਤ ਵਲੈਤਾਂ ਗਾਹ ਆਓ, ਮਿਲੇਗਾ ਤਾਂ ਉਹੋ ਕੁਝ ਜੋ ਭਾਗਾਂ ਵਿੱਚ ਲਿਖਿਆ ਹੈ । (ਸੰਗ੍ਰ)

**ਭਜੀਆਂ ਬਾਹਾਂ ਅਖੀਰ ਗਲੇ ਨੂੰ ਆਉਂਦੀਆਂ ਨੇ ।**

**ਭਾਵ** :—ਅੰਗ ਸਾਕ ਤੋਂ ਸਦਾ ਲਈ ਛੁਟਕਾਰਾ ਨਹੀਂ ਪਾਇਆ ਜਾ ਸਕਦਾ ।

**ਵਰਤੋਂ** :—'ਭਜੀਆਂ ਬਾਹਾਂ ਅਖੀਰ ਗਲੇ ਨੂੰ ਆਉਂਦੀਆਂ ਹਨ । ਅੰਗ ਸਾਕ ਸਦਾ ਲਈ ਨਹੀਂ ਵਿਛੋੜੇ ਜਾ ਸਕਦੇ । (ਸੰਗ੍ਰ)

**ਭਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਪਾੜੇ (ਖਾਵੇ)**

**ਭਾਵ** :—ਉਸ ਕੀਮਤੀ ਚੀਜ਼ ਨੂੰ ਕੋਈ ਕੀ ਕਰੇ ਜੋ ਸੁਖ ਦੇਣ ਦੇ ਥਾਂ ਦੁਖ ਦੇਵੇ ।

**ਵਰਤੋਂ** :— ਰੋਥਾ—ਤੇ ਦਸੋ ਨਾ ਐਨਾ ਚਿਰ ਜੂ ਹੋ ਗਿਆ ਏ, ਪੜ੍ਹਾਇਆਂ ਕੀ ਸੂ । ਸਗੋਂ ਨਿਆਣੇ ਘਰ ਦਾ ਮਾੜਾ ਮੋਟਾ ਕੰਮ ਕਰਦੇ ਸਨ, ਉਹ ਵੀ ਗਿਆ ਅਖੇ 'ਭਠ ਪਿਆ ਸੋਨਾਂ ਜਿਹੜਾ ਕੰਨਾਂ ਨੂੰ ਖਾਵੇ ।' (ਚਿੱਟਾ ਲਹੂ—ਨਾਨਕ ਸਿੰਘ)

**ਭਠ ਪਿਆ ਦਿੱਤਾ, ਜੋ ਸਾੜੇ ਪਿਤਾ ।**

**ਭਾਵ** :—ਕਿਸੇ ਨੂੰ ਕੁਝ ਦੇਣਾ, ਪਰ ਦੁਖ ਦੇ ਕੇ ।

**ਵਰਤੋਂ** :—ਰਤਾ ਕੁਝ ਦੇਵੇਂ ਸਹੀ । ਝਟ ਮਿਹਣੇ ਮਾਰਨ ਲਗ ਪੈਨੀ ਏਂ ਅਖੇ ! 'ਭਠ ਪਿਆ ਦਿਤਾ ਜੋ ਸਾੜੇ ਪਿਤਾ ।' (ਸੰਗ੍ਰ)

**ਭਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮਤ ।**

**ਭਾਵ** :—ਇਸਤਰੀ ਦੀ ਦੋਸਤੀ ਦੀ ਨਿੰਦਿਆ ਕਰਨ ਵੇਲੇ ਵਰਤਦੇ ਹਨ ।

**ਵਰਤੋਂ** :—ਸਰਦਾਰ ਜੀ — ਮੁਹੱਬਤ ? ਅਲਾ ਮੀਆਂ ਇਹ ਜ਼ਹਿਮਤ ਕਿਸੇ ਦੇ ਗਲ ਨਾ ਪਾਏ । ਰੰਨ ਕਿਸੇ ਦੀ ਮਿੱਤਰ ਨਹੀਂ ਹੁੰਦੀ । ਸਰਦਾਰ ਜੀ ਪੀਲੂ ਕਵੀ ਨੇ ਐਵੇਂ ਨਹੀਂ ਆਖਿਆ :

ਭਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮਤ ।
ਹਸ ਕੇ ਲਾਵਣ ਯਾਰੀਆਂ, ਰੋ ਕੇ ਦੇਨੀਆਂ ਦਸ ।

(ਸੰਗ੍ਰ)

**ਭਠ ਵਿੱਚੋਂ ਨਿਕਲੇ ਤੇ ਚੁਲ੍ਹੇ (ਤੰਦੂਰ) ਵਿੱਚ ਪਏ ।**

**ਭਾਵ** :—ਇਕ ਬਿਪਤਾ ਵਿਚੋਂ ਨਿਕਲ ਦੂਜੀ ਵਿਚ ਪੈ ਜਾਵੇ ।

**ਵਰਤੋਂ** :—ਸ਼ਾਮ ਲਾਲ ਦਿਹਾੜੀ ਦੁਕਾਨ ਦੇ ਨਰਕ ਵਿਚ ਕਟ ਕੇ ਗੁਆਂਢੀਆਂ ਤੋਂ ਕੁਝ ਪਹਿਲਾਂ ਹੀ ਘਰ ਆ ਗਿਆ ਸੀ । ਪਰ ਉਹ ਭਠ ਵਿਚੋਂ ਨਿਕਲ ਚੁਲ੍ਹੇ ਵਿਚ ਪੈਣ ਨੂੰ ਤਿਆਰ ਨਹੀਂ ਸੀ ।

(ਸਮਾਚਾਰ—ਸੰਤ ਸਿੰਘ ਸੇਖੋਂ)

**ਭੱਠੀ ਦੀ ਅੱਗ ਭਠੀ ਵਿੱਚ ਹੀ ਸਮਾਂਦੀ ਹੈ ।**

**ਭਾਵ** :—ਆਪਣਾ ਦੁਖ ਆਪ ਹੀ

ਜਰੀਦਾ ਹੈ ।

**ਵਰਤੋਂ** :—ਜਦ ਪ੍ਰਿਤਮਾਂ ਦੇ ਚਿਹਰੇ ਉਤੇ ਪੂਰੀ ਨਿਰਦਤਾ, ਦ੍ਰਿੜ੍ਹਤਾ ਤੇ ਆਪਣੇ ਬਦਨਸੀਬ ਪ੍ਰੇਮੀ ਲਈ ਡੂੰਘੇ ਦਰਦ ਦੇ ਭਾਵ ਉਸ ਨੂੰ ਦਿਸੇ, ਤਾਂ ਭੱਠੀ ਦੀ ਅੱਗ ਹੁਣ ਭਠੀ ਵਿਚ ਸਮਾਣੀ ਅਸੰਭਵ ਹੋ ਗਈ । (ਟੁਟੀ ਵੀਣਾ—ਨਾਨਕ ਸਿੰਘ)

**ਭੱਠੀ ਵਿੱਚ ਤਾਇਆ ਭਾਂਡਾ ਹੈ ।**

**ਭਾਵ** :—ਕਿਸੇ ਅਜ਼ਮਾਏ ਜ਼ਾਂ ਖਰਖੇ ਹੋਏ ਮਨੁੱਖ ਸੰਬੰਧੀ ਵਰਤਦੇ ਹਨ ।

**ਵਰਤੋਂ** :—ਗੁਰਦਿਆਲ — ਮੈਨੂੰ ਉਮੀਦ ਨਹੀਂ, ਕਾਹਨ ਸਿੰਘ ਕਦੀ ਮੰਨੇ, ਉਹ ਭੱਠੀ ਵਿੱਚ ਤਾਇਆ ਹੋਇਆ ਖੜਕਵਾਂ ਭਾਂਡਾ ਹੈ । ਉਸ ਦਾ ਕੋਈ ਖਾਸਾ ਇਲਾ ਪਿਲਾ ਨਹੀਂ ।
(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਭਰਜਾਈਏ ਨੀ ਭਰਜਾਈਏ, ਚੁਲ੍ਹੇ ਚੌਕੇ ਤੋਂ ਘੁਮਾਈਏ, ਮੇਰੇ ਵੀਰੇ ਪੀਛੇ ਆਈਏ, ਤੇਰਾ ਕਢ ਕਲੇਜਾ ਖਾਈਏ ।**

**ਭਾਵ** :—ਨੇੜ ਵੀ ਦਸਣੀ ਤੇ ਦੁਖੀ ਵੀ ਕਰਨਾ ।

**ਵਰਤੋਂ** :—ਇਹੋ ਜਿਹੀ ਕ੍ਰਿਪਾ ਮੇਰੇ ਉਤੇ ਨਾ ਕਰੋ, ਅਖੇ :

'ਭਰਜਾਈਏ ਨੀ ਭਰਜਾਈਏ,
ਚੁਲ੍ਹੇ ਚੌਂਕੇ ਤੋਂ ਘੁਮਾਈਏ ।
ਮੇਰੇ ਵੀਰੇ ਪਿਛੇ ਆਈਏ,
ਤੇਰਾ ਕਢ ਕਲੇਜਾ ਖਾਈਏ ।'

ਨਾਲੇ ਏਨਾਂ ਹਾਵਾ ਦਸਣਾ, ਨਾਲੇ ਦੁਖ ਦੇਣਾ । (ਸੰਗ੍ਰ)

**ਭਰਤ ਬਿਹੂਨ ਕਹਾ ਸੋਹਾਗੁ ।**

**ਭਾਵ** :—ਪਤੀ ਬਿਨਾਂ ਸੁਹਾਗ ਕਿਹਾ ? ਨੀਂਹ ਬਿਨਾਂ ਇਮਾਰਤ ਕਾਹਦੀ ?

**ਵਰਤੋਂ** :—

'ਨਾਮ ਬਿਨਾ ਨਾਹੀ ਮੁਖਿ ਭਾਗੁ ।
ਭਰਤ ਬਿਹੂਨ ਕਹਾ ਸੋਹਾਗ ।'
(ਗੁਰ ਗ੍ਰੰਥ—ਰਾਗ ਗਉੜੀ)

**ਭਰਮੀ ਦਾ ਦਾਰੂ ਮੌਤ ।**

**ਭਾਵ** :—ਵਹਿਮ ਦਾ ਕੋਈ ਇਲਾਜ ਨਹੀਂ ।

**ਵਰਤੋਂ** :—ਉਸ ਦੀ ਧੀ ਨੂੰ ਕੋਈ ਰੋਗ ਨਹੀਂ, ਨਿਰਾ ਵਹਿਮ ਹੈ, ਭਰਮੀ ਦਾ ਦਾਰੂ ਤਾਂ ਮੌਤ ਹੀ ਹੈ । ਦਵਾਈ ਉਥੇ ਕਾਟ ਨਹੀਂ ਕਰਦੀ । (ਸੰਗ੍ਰ)

**ਭਰਾ ਭਰਾਵਾਂ ਦੇ ਕਾਂ ਕਾਵਾਂ ਦੇ ।** ਜਾਂ **ਭਰਾ ਭਰਾਵਾਂ ਦੇ, ਢੋਡਰ ਕਾਂਵਾ ਦੇ ।** ਜਾਂ **ਭਰਾ ਭਰਾਵਾਂ ਦੇ ਚਿੱਚੜ ਕਾਂਵਾਂ ਦੇ ।**

**ਭਾਵ** :—ਅੰਤ ਨੂੰ ਆਪਣੇ ਆਪਣੇ ਹੀ ਹੁੰਦੇ ਹਨ ।

**ਵਰਤੋਂ** :—ਅਸੀਂ ਦਿਨ੍ਹਾਂ ਦੀ ਲੜਾਈ ਵਿਚ ਪੈਕੇ, ਬੁਰੇ ਕਾਹਨੂੰ ਬਣੀਏ ? ਅੰਤ ਨੂੰ ਭਰਾ ਭਰਾਵਾਂ ਦੇ, ਢੋਡਰ ਕਾਵਾਂ ਦੇ ਹੋਣੇ ਹਨ । (ਸੰਗ੍ਰ)

**ਭਰਿਆ ਹੋਇ ਸੁ ਕਬਹ ਨ ਡੋਲੈ ।**

**ਭਾਵ** :—ਗੁਣਵਾਨ ਸਦਾ ਅਡੋਲ ਰਹਿੰਦੇ ਹਨ ।

**ਵਰਤੋਂ** :—

ਕਹੁ ਕਬੀਰ ਛੂਛਾ ਘਟੁ ਬੋਲੈ ।
ਭਰਿਆ ਹੋਇ ਸੁ ਕਬਹੁ ਨ ਡੋਲੈ ।
(ਗੁਰੂ ਗ੍ਰੰਥ—ਗੌਂਡ ਕਬੀਰ)

**ਭਰਿਆ ਹੋਇਆ ਭਾਂਡਾ ਨਹੀਂ ਉਛਲਦਾ ।**

**ਭਾਵ** :—ਗੁਣਵਾਨ ਅਡੋਲ ਰਹਿੰਦਾ ਹੈ ।

**ਵਰਤੋਂ** :—ਹੋਛਾ ਹੈ ਉਹ ਤਾਂ ਹੋਛਾ, ਨਹੀਂ ਕਾਹਨੂੰ ਇੰਨਾਂ ਰੌਲਾ ਪਾਂਦਾ । ਸਿਆਣਿਆਂ ਨੇ ਐਵੇਂ ਨਹੀਂ ਜੇ ਕਿਹਾ :—
'ਭਰਿਆ ਹੋਇਆ ਭਾਂਡਾ ਨਹੀਂ ਉਛਲਦਾ' । (ਸੰਗ੍ਰ)

**ਭਰਿਆ ਮੇਲਾ ਹੀ ਛਡਣਾ ਚੰਗਾ ਹੁੰਦਾ ਹੈ ।**

**ਭਾਵ** :—ਤੁਰਨਾ ਜਾਂ ਮਰਨਾ ਉਸੇ ਵੇਲੇ ਚੰਗਾ ਹੈ, ਜਦ ਬੰਦਾ ਜੋਬਨ ਤੇ ਸੁਖ

ਵਿੱਚ ਹੋਵੇ ਤੇ ਕਿਸੇ ਚੀਜ਼ ਦੀ ਥੁੜ ਨਾ ਹੋਇ।

**ਵਰਤੋਂ**:—ਜਾਣਿਆਂ ਨੇ ਸੋਗ ਬੜਾ ਮਨਾਇਆ, ਪਰ ਇਕ ਗੱਲ ਤੇ ਸਾਰੇ ਰੱਬ ਦਾ ਸ਼ੁਕਰ ਕਰਦੇ ਸਨ ਕਿ ਬਜ਼ੁਰਗ ਭਰਿਆ ਮੇਲਾ ਛਡ ਕੇ ਗਿਆ। (ਸੰਗ੍ਰ)

**ਭਰਿਆਂ ਭਾਂਡਿਆਂ ਦੀਆਂ ਘਰੋੜੀਆਂ ਮਾਣ ਨਹੀਂ।**

**ਭਾਵ**: —ਵਡਿਆਂ ਘਰਾਂ ਤੋਂ ਨਾਂਹ ਨੁਕਰ ਹੁੰਦਿਆਂ ਕੁਝ ਨਾ ਕੁਝ ਮਿਲ ਹੀ ਜਾਂਦਾ ਹੈ।

**ਵਰਤੋਂ** :—ਸੁਲਖਣੀ—ਭਾਈ ਜੀ ! ਸਾਡਾ ਹੁਣ ਉਹ ਹਾਲ ਨਹੀਂ, ਇਹ ਤੁਸਾਡੀ ਮੰਗ ਬਹੁਤ ਵੱਡੀ ਹੈ।

ਭਾਈ ਛਡੋ ਵੀ ਵਿਹਲੀਆਂ ਗੱਲਾਂ ਨੂੰ। 'ਭਰਿਆਂ ਭਾਂਡਿਆਂ ਦੀ ਘਰੋੜੀਆਂ ਮਾਣ ਨਹੀਂ।' ਤੁਸਾਡਾ ਘਰ ਮੈਥੋਂ ਭੁਲਿਆ ਹੋਇਆ ਹੈ? (ਸੰਗ੍ਰ)

**ਭਰੀ ਬੇਰੀ ਨੂੰ ਰਾਹ ਜਾਂਦੇ ਵੀ ਵੱਟੇ ਮਾਰਦੇ ਹਨ।**

**ਭਾਵ** :—ਪੱਕੇ ਫਲਾਂ ਵਾਂਗ ਜਵਾਨ ਕੁੜੀ ਜਾਂ ਗੁਣਵਾਨ ਦੀ ਸੰਭਾਲ ਜ਼ਰੂਰੀ ਹੈ।

**ਵਰਤੋਂ** :—ਧੀਆਂ ਪਰਾਇਆ ਧਨ ਨੇ। ਆਪਣੇ ਘਰੀਂ ਚੰਗੀਆਂ ਲਗਦੀਆਂ ਨੇ। ਅਗੋਂ ਜ਼ਮਾਨਾ ਕਿਧਰ ਪਿਆ ਜਾਂਦਾ ਈ। 'ਭਰੀ ਬੇਰੀ ਨੂੰ ਤੇ ਰਾਹ ਜਾਂਦੇ ਵੀ ਵੱਟੇ ਮਾਰਦੇ ਨੇ।'

(ਪਿੰਡ ਦੇ ਵੈਰੀ—ਫਜ਼ਲ ਦੀਨ)

**ਭਰੇ ਸਮੁੰਦਰੋਂ ਘੋਘਾ ਲਾਭ।**

**ਭਾਵ** :—ਜਦ ਆਸ ਤਾਂ ਕਿਸੇ ਥਾਂ ਤੋਂ ਬਹੁਤੇ ਲਾਭ ਦੀ ਹੋਵੇ, ਪਰ ਮਿਲੇ ਥੋੜਾ।

**ਵਰਤੋਂ** :—ਇਹ ਸ਼ਾਹੂਕਾਰ ਨੇ ਅਜ ਕਲ੍ਹ ਦੇ। ਧੀਆਂ ਨੂੰ ਵੀ ਖਾਲੀ ਹਥੀਂ ਤੋਰਦੇ ਨੇ। ਅਖੇ 'ਭਰੇ ਸਮੁੰਦਰੋਂ ਘੋਘਾ ਲਾਭ' ਇਹ ਹਾਲ ਹੈ ਇਨ੍ਹਾਂ ਦਾ। (ਸੰਗ੍ਰ)

**ਭਰੇ ਵਾਤ ਚਉਲ ਤੇ ਬੈਠੀ।**

**ਭਾਵ** :—ਰੱਜੀ ਪੁੱਜੀ ਹੋਕੇ।

**ਵਰਤੋਂ** :—

ਸੁਣ ਨੀ ਮਾਏ ਚੂਰਕ ਹਾਏ ਤੈਨੂੰ ਕੌਣ ਸਮਝਾਏ।
ਭਰੇ ਵਾਤ ਚਉਲ ਤੇ ਬੈਠੀ,ਨਾ ਪੁਣ ਪੁਤਰ ਪਰਾਏ।

(ਹੀਰ—ਦਮੋਦਰ)

**ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਆਜ਼ਾਬੋਂ ਛੁੱਟੀ।**

**ਭਾਵ** :—ਭਲਾ ਹੋਇਆ ਮੇਰੀ ਮੌਤ ਆ ਗਈ। ਤੇ ਮੈਨੂੰ ਦੁਖਾਂ ਤੋਂ ਛੁਟਕਾਰਾ ਮਿਲਿਆ।

**ਵਰਤੋਂ** :—ਹੜ੍ਹ ਆਏ ਜ਼ਮੀਨ ਰੁੜ੍ਹ ਗਈ, ਬਾਲ ਬੱਚੇ ਭੁਖ ਦੇ ਦੁਖੋਂ ਆਤਰ ਹੋ ਕੇ ਇਕ ਇਕ ਕਰਕੇ ਗੁਜ਼ਰ ਗਏ। ਹੁਣ ਮੈਂ ਭੀ ਮੌਤ ਨੂੰ ਪਲ ਪਲ ਉਡੀਕਦਾ ਹਾਂ। ਮੌਤ ਹੀ ਆਕੇ ਮੇਰੇ ਦੁਖ ਕਟੇਗੀ। 'ਭਲਾ ਹੋਆ ਮੇਰਾ ਚਰਖਾ ਟੁੱਟਾ, ਜਿੰਦ ਅਜ਼ਾਬੋਂ ਛੁਟੀ।' (ਸੰਗ੍ਰ)

**ਭਲਿਆਂ ਦੇ ਭਲੇ ਹੀ ਜੰਮਦੇ ਨੇ।**

**ਭਾਵ** :—ਨੇਕਾਂ ਦੀ ਸੰਤਾਨ ਨੇਕ ਹੀ ਹੁੰਦੀ ਹੈ।

**ਵਰਤੋਂ** :—ਭਲਿਆਂ ਦੇ ਭਲੇ ਹੀ ਜੰਮਦੇ ਨੇ। ਜਿਹਾ ਪਿਉ ਬੀਬਾ ਸੀ, ਤਿਹਾ ਪੁੱਤਰ ਨਿਕਲਿਆ। (ਸੰਗ੍ਰ)

**ਭਲੇ ਦਾ ਭਲਾ।**

**ਭਾਵ** :—ਚੰਗਿਆਂ ਨਾਲ ਚੰਗਾ ਹੀ ਵਰਤਾਵ ਹੁੰਦਾ ਹੈ।

**ਵਰਤੋਂ** :— ਆਖਿਰ ਬਾਬਾ ਮੋਹਰ ਸਿੰਘ ਅੱਲਾ ਲੋਕ ਹੀ ਤਾਂ ਹੈ। ਨਾਲੇ ਤੁਹਾਨੂੰ ਆਪ ਪਤਾ ਹੀ ਹੈ ਕਿ 'ਭਲੇ ਦਾ ਭਲਾ ਹੀ ਤਾਂ ਹੁੰਦਾ ਹੈ। (ਸੰਗ੍ਰ)

**ਭਲੇ ਦਾ ਭਾਈ, ਤੇ ਬੁਰੇ ਦਾ ਜਵਾਈ।**

**ਭਾਵ** :—ਚੰਗਿਆਂ ਨਾਲ ਅਤੀ ਚੰਗੇ,

ਭੈੜਿਆਂ ਨਾਲ ਅਤੀ ਭੈੜੇ ।

**ਵਰਤੋਂ** :—'ਭਲੇ ਦਾ ਭਾਈ ਤੇ ਬੁਰੇ ਦਾ ਜਵਾਈ' ਹੋਕੇ ਗੁਜ਼ਰਾਨ ਕੀਤੀ, ਤਦੇ ਕੰਮ ਚਲਦਾ ਹੈ। ਨਹੀਂ ਤਾਂ ਦੁਨੀਆਂ ਮੂਰਖ ਆਖਦੀ ਹੈ। (ਸੰਗ੍ਰ)

### ਭੜਭੂੰਜੇ ਦੀ ਕੁੜੀ, ਕੇਸਰ ਦਾ ਤਿਲਕ (ਟਿੱਕਾ)

**ਭਾਵ** :—ਜਦ ਘਟੀਆ ਚੀਜ਼ ਉੱਤੇ ਬਹੁਤਾ ਖਰਚ ਕੀਤਾ ਜਾਵੇ ।

**ਵਰਤੋਂ** :—ਓਏ ਰਾਮਿਆ, ਆਖੇ ਲਗ 'ਭੜਭੂੰਜੇ ਦੀ ਕੁੜੀ ਨੂੰ ਕੇਸਰ ਦਾ ਤਿਲਕ' ਸੋਭਾ ਨਹੀਂ ਦੇਂਦਾ । ਭਾਂਡਾ ਵੇਖ ਕੇ ਹੀ ਵਸਤ ਪਾਈਦੀ ਹੈ। (ਸੰਗ੍ਰ)

### ਭਾ ਚਵਾਨ ਆਈ ਚਾਨੀ ਸਾਈ ਹੋ ਬੈਠੀ ।

**ਭਾਵ** :—ਥੋੜਾ ਜਿਹਾ ਦਖ਼ਲ ਹੋ ਜਾਣ ਤੇ ਸਾਰੀ ਚੀਜ਼ ਦੀ ਮਾਲਕੀ ਬਣਾ ਬੈਠੇ ।

**ਵਰਤੋਂ** :—ਬੀਬੀ ਮਾਂ ਸੱਚੀ ਚੀਕਦੀ ਹੈ। ਤੂੰ ਵੀ ਤਾਂ ਹੱਦ ਕਰ ਵਿਖਾਈ ਹੈ। ਅਖੇ 'ਭਾ ਚਵਾਨ ਆਈ ਤੇ ਚਾਨੀ ਦੀ ਸਾਂਈਂ ਹੋ ਬੈਠੀ' ਤੈਨੂੰ ਉਹਨਾਂ ਯਤੀਮ ਕਰਕੇ ਪਾਲਿਆ ਸੀ ਤੂੰ ਉਹਨਾਂ ਦੇ ਪੁਤਰ ਤੇ ਹੀ ਅੱਖ ਧਰ ਬੈਠੀ। (ਸੰਗ੍ਰ)

### ਭਾਉ ਨਾ ਜਾਣੇ ਭਾਈ ।

**ਭਾਵ** :—ਵਪਾਰ ਵਿਚ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ ।

**ਵਰਤੋਂ** :—ਇਹ ਗੱਲ ਪਲੇ ਬੰਨ੍ਹ ਲਉ, 'ਭਾਉ ਨਾ ਜਾਣੇ ਭਾਈ' ਵਿਹਾਰ ਵਿਚ ਕੋਈ ਕਿਸੇ ਦਾ ਸੱਕਾ ਨਹੀਂ ਹੁੰਦਾ । ਲੇਖਾ ਮਾਂ ਧੀ ਦਾ ਵੀ ਹੁੰਦਾ ਹੈ। (ਸੰਗ੍ਰ)

### ਭਾਗ ਵੇਖਕੇ ਨਹੀਂ ਲਗਦਾ । ਜਾਂ ਭਾਗ ਤੇ ਭੂਤਨਾ ਵੇਖਕੇ ਨਹੀਂ ਲਗਦੇ ।

**ਭਾਵ** :—ਕਿਸੇ ਅਯੋਗ ਪੁਰਸ਼ ਨੂੰ ਭਾਗੀ ਵੇਖ ਵਰਤਦੇ ਹਨ। ਜਾਂ ਦੁਖ ਸੁਖ ਬਿਨਾਂ ਕਾਰਨ ਵੀ ਆ ਮਿਲਦੇ ਹਨ ।

**ਵਰਤੋਂ** :—ਮੈਂ ਤਾਂ ਮੰਨ ਗਿਆ ਹਾਂ ਕਿ 'ਭਾਗ ਵੇਖ ਕੇ ਨਹੀਂ ਲਗਦੇ' ਕੌਣ ਕਹਿ ਸਕਦਾ ਸੀ ਕਿ ਏਨੇ ਨੀਚ ਰਵਲ ਦੇ ਘਰ ਲਛਮੀ ਪ੍ਰਵੇਸ਼ ਕਰੇਗੀ । (ਸੰਗ੍ਰ)

### ਭਾਜੀ ਆਈ ਸੁਤਿਆਂ, ਨਾ ਮੈਂ ਨਾ ਮੇਰੇ ਕੁਤਿਆਂ ।

**ਭਾਵ** :—ਜਦ ਕੋਈ ਚੀਜ਼ ਕਿਸੇ ਪਾਸ ਅਜਿਹੇ ਸਮੇਂ ਪੁਜੇ ਜਦ ਉਸਦੀ ਲੋੜ ਨਾ ਹੋਵੇ ।

**ਵਰਤੋਂ** :—ਤੁਸਾਡੀ ਸਹਾਇਤਾ ਅਜੇਹੇ ਵੇਲੇ ਪੁਜੀ ਜਦ ਲੋੜ ਨਹੀਂ ਸੀ ਰਹੀ ਅਖੇ 'ਭਾਜੀ ਆਈ ਸੁਤਿਆਂ ਨਾ ਮੈਂ ਨਾ ਮੇਰੇ ਕੁਤਿਆਂ ।' (ਸੰਗ੍ਰ)

### ਭਾਬੀ ਦਾ ਸੂਤ ਤੇ ਦੇਵਰ ਦਲਾਲ ।

**ਭਾਵ** :—ਜਦੋਂ ਕਿਸੇ ਦੀ ਪ੍ਰੋੜਤਾ ਕਰਨ ਵਾਲਾ ਆਪਣਾ ਹੀ ਸਨੇਹੀ ਹੋਵੇ ।

**ਵਰਤੋਂ** :—ਵਾਹ ਭਾਈ ਵਾਹ ! ਇਹ ਤਾਂ 'ਭਾਬੀ ਦਾ ਸੂਤ ਤੇ ਦੇਵਰ ਦਲਾਲ' ਵਾਲੀ ਗੱਲ ਹੋਈ। ਤੇਰੇ ਕੰਮ ਦੀ ਹਾਂ, ਤੇਰੀ ਘਰ ਵਾਲੀ ਨੇ ਭਰਨੀ ਹੀ ਹੋਈ। (ਸੰਗ੍ਰ)

### ਭਾਰ ਚਾਵਨ ਵੇਲੇ ਚੰਗਾ ਭਲਾ, ਘਾਲ ਕਰਨ ਵੇਲੇ ਡੋਰਾ ।

**ਭਾਵ** :—ਇਨਾਮ ਲੈਣ ਨੂੰ ਅੱਗੇ, ਕੰਮ ਵੇਲੇ ਪਿਛੇ ।

**ਵਰਤੋਂ** :—ਤੇਰਾ ਤਾਂ ਇਹ ਹਿਸਾਬ ਹੈ, ਅਖੇ 'ਭਾਰ ਚਾਵਨ ਵੇਲੇ ਚੰਗਾ ਭਲਾ, ਘਾਲ ਕਰਨ ਵੇਲੇ ਡੋਰਾ' ਕੰਮ ਵੇਲੇ ਤਾਂ ਤੈਨੂੰ ਹੁਜਤਾਂ ਸੁਝ ਪੈਂਦੀਆਂ ਹਨ ਤੇ ਅਗੇ ਪਿਛੇ ਬੁਲ੍ਹੇ ਲੁਟਦਾ ਵਾਂ। (ਸੰਗ੍ਰ)

### ਭਾਰ ਪਏ ਮਲਿਆਰੀਆਂ, ਤੇ ਚਾ ਚਾ ਮਾਰੇ ਖਾਰੀਆਂ ।

**ਭਾਵ** :—ਨਖਰਾ ਕਰਨ ਦੀ ਖਾਤਰ ਜਦ ਕੋਈ ਆਪਣਾ ਹੀ ਨੁਕਸਾਨ ਕਰੇ ।

**ਵਰਤੋਂ** :—ਅਖੇ 'ਭਾਰ ਪਏ ਮਲਿਆਗੀਆਂ ਤੇ ਚਾ ਚਾ ਮਾਰੇ ਖਾਰੀਆਂ' ਏਨਾਂ ਨਖ਼ਰਾ ਚੜ੍ਹ ਗਿਆ ਸੂ ਕਿ ਖਸਮ ਨਾਲ ਵੀ ਸਿਧੇ ਮੂੰਹ ਕੂੰਦੀ ਨਹੀਂ। (ਸੰ)

**ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ।**

**ਭਾਵ** ;—ਧਰਤੀ ਨੂੰ ਵੀ ਅਕਿਰਤਘਣ ਭਾਰੇ ਲਗਦੇ ਹਨ। ਉਹ ਮੰਦਿਆਂ ਤੋਂ ਮੰਦੇ ਹਨ।

**ਵਰਤੋਂ** :—

ਨਾ ਤਿਸ ਭਾਰੇ ਜੀਅ ਜੰਤ ਅਨਗਣਤ ਫਿਰੰਦੇ।
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ।
(ਵਾਰਾਂ—ਭਾਈ ਗੁਰਦਾਸ ਜੀ)

**ਭਾਵੇਂ ਇਸ ਕੰਨੋਂ ਸੁਣ, ਭਾਵੇਂ ਉਸ ਕੰਨੋਂ।**

**ਭਾਵ** :—ਜਦ ਕੋਈ ਗੱਲ ਜ਼ਰੂਰ ਹੀ ਕਿਸੇ ਨੂੰ ਸੁਣਾਉਣੀ ਪਵੇ।

**ਵਰਤੋਂ** :—ਵੀਣੀ ! ਭਾਵੇਂ ਇਸ ਕੰਨੋਂ ਸੁਣ ਭਾਵੇਂ ਉਸ ਕੰਨੋਂ, ਪਰ ਮੈਂ ਗੱਲ ਆਖ ਕੇ ਹੀ ਰਹਾਂਗਾ। ਤੇਰੇ ਪਿਆਰ ਨੇ ਮੈਨੂੰ ਜਿੱਥੇ ਲੈ ਜਾ ਸੁਟਿਆ ਹੈ, ਉਥੋਂ ਦੋ ਹੀ ਚੀਜ਼ਾਂ ਮੈਨੂੰ ਬਚਾ ਸਕਦੀਆਂ ਹਨ।'

(ਪਵਿੱਤਰ ਪਾਪੀ—ਨਾਨਕ ਸਿੰਘ)

**ਭਾਵੇਂ ਖੂਹ ਪਵੇ, ਭਾਵੇਂ ਖਾਤੇ।**

**ਭਾਵ** :—ਜੋ ਮਰਜ਼ੀ ਹੈ ਨੁਕਸਾਨ ਪਾਵੇ। ਮੈਨੂੰ ਪਰਵਾਹ ਨਹੀਂ।

**ਵਰਤੋਂ** :— ਪਰ ਜੇਕਰ ਤੁਹਾਡਾ ਮਨ ਸਾਡੀ ਗੱਲ ਨਹੀਂ ਮੰਨਦਾ, ਤਾਂ ਇਸ ਦਾ ਨਿੱਕਾ ਜਿਹਾ ਉਪਾਉ ਹੈ ਕਿ ਅਸੀਂ ਕਲ੍ਹ ਸਵੇਰੇ ਪਿਛਾਂਹ ਨੂੰ ਟੁਰ ਜਾਂਦੇ ਹਾਂ, ਛੁਟੀ ਕੈਨਸਲ ਕਰਵਾ ਦੇਨੇ ਹਾਂ, ਫਿਰ ਤੁਸੀਂ ਜਾਣੋ ਤੁਹਾਡੀਆਂ ਚਾਲਾਂ, ਸਾਨੂੰ ਕੀ ਭਾਵੇਂ 'ਖੂਹ ਪਵੋ ਭਾਵੇਂ ਖਾਤੇ' ਸਾਨੂੰ ਤੁਹਾਡੇ ਵਿਆਹ ਸ਼ਾਦੀਆਂ ਨਾਲ ਕੋਈ ਦਖਲ ਨਹੀਂ।

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਭਾਵੇਂ ਮਾਰੋ, ਭਾਵੇਂ ਛਡੋ।**

**ਭਾਵ** :—ਜੋ ਜੀ ਆਵੇ, ਸਲੂਕ ਕਰੋ।

**ਵਰਤੋਂ** :—ਬਿਨਾਂ ਨਿਆਇ ਦੇ ਹੋਰ ਕੁਝ ਪੜ੍ਹਿਆ ਨਹੀਂ। ਹੁਣ ਤੁਹਾਡੀ ਮਰਜ਼ੀ, ਭਾਵੇਂ ਮੈਨੂੰ ਮਾਰੋ, ਭਾਵੇਂ ਛਡੋ।

(ਸ੍ਰੀ ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਭਾਵੇਂ ਮੁੰਡਾ ਨਹੀਂ ਜੰਮਿਆ, ਪਰ ਜਾਨ ਖਲਾਸੀ ਤਾਂ ਹੋਈ।**

**ਭਾਵ** :— ਜਦ ਕੋਈ ਕਿਸੇ ਕੰਮ ਤੋਂ ਹੱਫ ਜਾਵੇ ਤੇ ਥੋੜਾ ਹਰਜ ਕਰਕੇ ਛੁਟਕਾਰਾ ਪਾ ਲਵੇ ਤਦ ਵਰਤਦੇ ਹਨ।

**ਵਰਤੋਂ** :—ਚੰਗਾ ਹੋਇਆ, ਨੌਕਰੀ ਹੀ ਛੁਟੀ, ਜਾਨ ਤਾਂ ਬਚ ਗਈ। ਅਖੇ 'ਭਾਵੇਂ ਮੁੰਡਾ ਨਹੀਂ ਜੰਮਿਆ, ਪਰ ਜਾਨ ਖਲਾਸੀ ਤਾਂ ਹੋਈ' ਥੋੜੇ ਵਿਚ ਗੁਜ਼ਾਰਾ ਕਰ ਲਵਾਂਗੇ। (ਸੰਗ੍ਰ)

**ਭਿੜਨ ਸਾਹੁਣ, ਪੁਟੀਜਨ ਬੂਟੇ।**

**ਭਾਵ** :—ਜਦ ਅਮੀਰਾਂ ਦੇ ਘੋਲ ਵਿੱਚ ਦੁਖ ਗਰੀਬਾਂ ਨੂੰ ਪੁਜੇ।

**ਵਰਤੋਂ** :—ਬੰਦਾ ! ਇਉਂ ਪਿੰਡ ਉਜੜ ਜਾਏਗਾ, ਅਖੇ 'ਭਿੜਨ ਸਾਹਨ, ਪੁਟੀਜਨ ਬੂਟੇ' ਲੜੇ ਤਾਂ ਚੋਧਰੀ, ਪਰ ਸੱਟਾਂ ਸਾਮੀਆਂ ਨੂੰ ਆਈਆਂ। (ਸੰ)

**ਭੁਖ ਤੋਂ ਮਰੇ, ਪਰ ਟੌਂਟ ਨਾ ਗਈ।**

**ਭਾਵ** :— ਪਲੇ ਕੁਝ ਨਾ ਹੋਵੇ, ਪਰ ਨਖਰਾ ਬਹੁਤਾ ਕਰੇ।

**ਵਰਤੋਂ** :—ਭੁਖ ਤੋਂ ਮਰੇ ਪਰ ਟੌਂਟ ਨਾ ਗਈ। ਸ਼ਰਾਬ ਕਬਾਬ ਉਵੇਂ ਹੀ ਉਡਦੇ ਹਨ, ਭਾਵੇਂ ਉਧਾਰ ਵਾਲੇ ਬੂਹਾ ਪੁਟ ਪੁਟ ਕੇ ਖਾ ਗਏ ਹਨ। (ਸੰਗ੍ਰ)

**ਭੁੱਖ ਨਾ ਪੁਛਦੀ ਲਾਜ਼ਮਾ, ਇਸ਼ਕ ਨਾ ਪੁਛਦਾ ਜ਼ਾਤ।**

**ਭਾਵ** :—ਭੁਖ ਸੁਆਦ ਨਹੀਂ ਮੰਗਦੀ ਤੇ ਇਸ਼ਕ ਜ਼ਾਤ ਦੀ ਪਰਵਾਹ ਨਹੀਂ ਕਰਦਾ।

**ਵਰਤੋਂ** ।— ਕੁੜੀ ਨੇ ਆਪਣਾ ਸਾਥੀ

ਢੂੰਡਦਿਆਂ ਨਾ ਜ਼ਾਤ ਪੁਛੀ ਨਾ ਕੌਮ 'ਜਿਹੜਾ ਪਸੰਦ ਆਇਆ ਉਸ ਨਾਲ ਤੁਰ ਗਈ। ਠੀਕ ਹੀ ਤਾਂ ਹੈ, 'ਭੁਖ ਨਾ ਪੁਛਦੀ ਲਾਜਮਾ, ਇਸ਼ਕ ਨਾ ਪੁਛਦਾ ਜ਼ਾਤ।' (ਸੰਗ੍ਰ)

**ਭੁਖ ਭੜਥੂ ਘਤਿਆ ਲਗਾ ਕਲੇਜੇ ਡੌਂ, ਭੁਖਿਆਂ ਨੀਂਦ ਨਾ ਆਂਵਦੀ ਜੇ ਕੋਈ ਆਖੇ ਸੌਂ।**

**ਭਾਵ** :—ਭੁਖ ਸਭ ਤੋਂ ਦੁਖਦਾਈ ਚੀਜ਼ ਹੈ।

**ਵਰਤੋਂ** :—ਸਾਊ—ਰੋਟੀ ਦੀ ਘਾਟ ਮਨੁਖ ਨੂੰ ਹੀਣਾ ਨਿਤਾਣਾ ਤੇ ਬੇਅਣਖਾ ਬਣਾ ਦੇਂਦੀ ਹੈ। ਅਖੇ 'ਭੁਖ ਭੜਥੂ ਘਤਿਆ ਲਗਾ ਕਲੇਜੇ ਡੌਂ, ਭੁਖਿਆ ਨੀਂਦ ਨਾ ਆਂਵਦੀ ਜੇ ਕੋਈ ਆਖੇ ਸੌਂ।' (ਸੰਗ੍ਰ)

**ਭੁੱਖ ਲਗੇ ਤਾਂ ਤੰਦੂਰ ਦੀ, ਪੇਟ ਭਰੇ ਤਾਂ ਦੂਰ ਦੀ।**

**ਭਾਵ** :—ਭੁਖੇ ਨੂੰ ਰੋਟੀ ਹੀ ਸੁਝਦੀ ਹੈ, ਰਜੇ ਹੋਏ ਨੂੰ ਦੂਰ ਦੀ ਗੱਲ।

**ਵਰਤੋਂ** :—ਤੂੰ ਰਜਿਆ ਹੋਇਆ ਹੈਂ, ਤਦੇ ਤੈਨੂੰ ਰੱਬ ਸੁਝਦਾ ਹੈ। ਸਾਨੂੰ ਰੋਟੀ ਕਮਾਣ ਤੋਂ ਵਿਹਲ ਨਹੀਂ, ਪਰਮਾਰਥ ਦਾ ਕਿਵੇਂ ਸੋਚੀਏ? 'ਭੁਖ ਲਗੇ ਤਾਂ ਤੰਦੂਰ ਦੀ, ਪੇਟ ਭਰੇ ਤਾਂ ਦੂਰ ਦੀ।' (ਸੰਗ੍ਰ)

**ਭੁੱਖਾ ਸੋ ਰੁੱਖਾ।**

**ਭਾਵ** :—ਭੁਖੇ ਨੂੰ ਬਾਹਲਾ ਗੁਸਾ ਆਉਂਦਾ ਹੈ।

**ਵਰਤੋਂ** :—ਉਹਦੇ ਗੁਸੇ ਦੀ ਪਰਵਾਹ ਨਾ ਕਰੋ ਬਹੁਤੀ! 'ਭੁਖਾ ਸੋ ਰੁੱਖਾ' ਵਿਚਾਰੇ ਦੇ ਹੱਥ ਪਲੇ ਕੁਝ ਨਾ ਹੋਣ ਕਰਕੇ ਚਿੜਚਿੜੇ ਸੁਭਾ ਦਾ ਹੋ ਗਿਆ ਹੈ। (ਸੰਗ੍ਰ)

**ਭੁੱਖਾ ਕਿਰਾੜ ਵਹੀਆਂ ਫੋਲੇ।**

**ਭਾਵ** :—ਭੁਖਾ ਸ਼ਾਹ, ਹਰ ਸਮੇਂ ਕਿਸੇ ਸਾਮੀ ਦੀ ਪੜਤਾਲ ਲਈ ਵਹੀਆਂ ਹੀ ਉਥਲਦਾ ਰਹਿੰਦਾ ਹੈ।

**ਵਰਤੋਂ** :—ਟਲੇ ਸ਼ਾਹ ਨੂੰ ਜਦ ਵੀ ਵੇਖੋ ਕਿਸੇ ਸਾਮੀ ਦੀ ਪੜਤਾਲ ਵਿੱਚ ਵਹੀਆਂ ਹੀ ਫੋਲਦਾ ਦਿਸਦਾ ਹੈ। ਕਰੇ ਵੀ ਕੀ? 'ਭੁਖਾ ਕਿਰਾੜ ਵਹੀਆਂ ਫੋਲੇ' ਹਟੀ ਉਤੇ ਕੰਮ ਜੋ ਘੱਟ ਗਿਆ। (ਸੰ)

**ਭੁੱਖਾ ਜਦ ਮੂਲੀ ਖਾਏ, ਮੂਲੀ ਭੁਖ ਅਗਲੇਰੀ ਲਾਏ।**

**ਭਾਵ** :—ਜਦ ਗੱਲ ਕਹੀਏ ਦੁਖ ਹਟਾਣ ਨੂੰ ਉਹ ਸਗੋਂ ਹੋਰ ਚੰਬੜੇ।

**ਵਰਤੋਂ** :—ਅਸਾਂ ਆਖਿਆ ਹੋਰ ਮਿਹਨਤ ਕਰੀਏ ਮੁੰਡੇ ਜਵਾਨ ਹੋ ਜਾਣ ਤਾਂ ਗਰੀਬੀ ਹਟੇਗੀ ਪਰ 'ਭੁਖਾ ਜਦ ਮੂਲੀ ਖਾਏ, ਮੂਲੀ ਭੁਖ ਅਗਲੇਰੀ ਲਾਏ', ਸਗੋਂ ਹੁਣ ਉਨ੍ਹਾਂ ਦੀ ਰੋਟੀ ਰੁਜ਼ਗਾਰ ਦੀ ਚਿੰਤਾ ਆਪਣੇ ਨਾਲੋਂ ਵੀ ਵਧੀਕ ਪੈ ਗਈ ਹੈ।(ਸੰਗ੍ਰ)

**ਭੁੱਖਾ ਜੋਰੂ ਵੇਚੇ ਤੇ ਰਜਿਆ ਹੁਦਾਰੀ ਮੰਗੇ।**

**ਭਾਵ** :—ਜਦ ਗ਼ਰੀਬੀ ਹਟਾਣ ਲਈ ਬੰਦਾ ਪਤ ਵੇਚਣ ਨੂੰ ਵੀ ਤਿਆਰ ਹੋ ਪਵੇ, ਬਣੇ ਫੇਰ ਵੀ ਕੁਝ ਨਾ।

**ਵਰਤੋਂ** :—ਗ਼ਰੀਬੀ ਹਥੋਂ ਤੰਗ ਆ ਕੇ ਮੈਂ ਆਪਣੀ ਲੋਈ ਵੇਚਣੀ ਕੀਤੀ। ਗਾਹਕ ਆਖੇ ਪੈਸੇ ਫਿਰ ਲੈ ਜਾਈਂ। ਅਖੇ 'ਭੁਖਾ ਜੋਰੂ ਵੇਚੇ ਤੇ ਰਜਿਆ ਹੁਦਾਰੀ ਮੰਗੇ।' (ਸੰਗ੍ਰ)

**ਭੁੱਖਾ ਦੇਂਦਾ ਬੁੱਥਾ।**

**ਭਾਵ** :—ਥੁੜੇ ਹੋਏ ਪਾਸੋਂ ਜਦ ਕੁਝ ਮੰਗੋ ਤਾਂ ਉਹ ਗੁਸਾ ਕਰਦਾ ਹੈ।।

**ਵਰਤੋਂ** :—ਭੁਖੀ ਸਾਮੀ ਸੀ, ਉਸ ਪਾਸੋਂ ਕੀ ਮਿਲਣਾ ਸੀ? 'ਭੁਖਾ ਦੇਂਦਾ ਬੁੱਥਾ' ਉਲਟਾ ਅੱਖਾਂ ਕਢਣ ਲਗਾ। (ਸੰਗ੍ਰ)

**ਭੁੱਖਾ ਮਰੇ ਕੀ ਨਾ ਕਰੇ। ਜਾਂ ਭੁੱਖਾ ਮਰਦਾ ਕੀ ਨਾ ਕਰਦਾ।**

**ਭਾਵ** :—ਭੁਖ ਦੇ ਦੁਖੋਂ ਮਾੜੇ ਤੋਂ ਮਾੜੇ ਕੰਮ ਵੀ ਕਰਨੇ ਪੈਂਦੇ ਹਨ।

**ਵਰਤੋਂ** :—ਮੈਂ ਚੋਰੀ ਕੀਤੀ ਹੈ, ਪਰ ਨੀਅਤ ਨਹੀਂ ਸੀ। ਭੁਖ ਨੇ ਲਚਾਰ ਕੀਤਾ, ਅਖੇ 'ਭੁਖਾ ਮਰੇ ਕੀ ਨਾ ਕਰੇ'। (ਸੰਗ੍ਰ)

### ਭੁਖਿਆਂ ਨੂੰ ਬੇਰ, ਤਿਹਾਇਆਂ ਨੂੰ ਗੰਨੇ।

**ਭਾਵ** :—ਜਦ ਕਿਸੇ ਨੂੰ ਮਨ-ਮਰਜੀ ਦੀ ਚੀਜ਼ ਮਿਲ ਜਾਵੇ।

**ਵਰਤੋਂ** :—ਅਤੁਟ ਲੰਗਰ ਗੁਰੂ ਕਾ ਲਗਾ ਹੋਇਆ ਸੀ। 'ਭੁਖਿਆਂ ਨੂੰ ਬੇਰ, ਤਿਹਾਇਆਂ ਨੂੰ ਗੰਨੇ' ਜੋ ਮੂੰਹ ਮੰਗੋ ਝਟ ਮਿਲਦਾ ਸੀ। (ਸੰਗ੍ਰ)

### ਭੁੱਖੇ ਅਗੇ ਬਾਤ ਪਾਈ, ਉਸ ਕਿਹਾ ਰੋਟੀ।

**ਭਾਵ** :—ਲੋੜਵੰਦ ਪਾਸੋਂ ਕੋਈ ਗੱਲ ਵੀ ਪੁਛੀ ਜਾਵੇ, ਤਾਂ ਉਹ ਮੁੜ ਮੁੜ ਆਪਣੀ ਲੋੜ ਹੀ ਦਸਦਾ ਹੈ।

• **ਵਰਤੋਂ** :—ਮੈਂ ਆਪਣੇ ਦੁਖ ਰੋਵਾਂ ਉਹ ਆਪਣੀ ਹੀ ਮਾਰੀ ਜਾਵੇ। ਅਖੇ 'ਭੁੱਖੇ ਅਗੇ ਬਾਤ ਪਾਈ, ਉਸ ਕਿਹਾ ਰੋਟੀ' ਸੱਚ ਹੈ ਹਰ ਇਕ ਨੂੰ ਆਪਣੀ ਹੀ ਗਰਜ਼ ਪਿਆਰੀ ਹੈ। (ਸੰਗ੍ਰ)

### ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲਗੀ।

**ਭਾਵ** :—ਹੋਛੇ ਮਨੁੱਖ ਪਾਸ ਧੰਨ ਆ ਜਾਣ ਤੇ ਉਹ ਜਦ ਭੈੜੇ ਕੰਮ ਕਰਨ ਲਗ ਪਵੇ।

**ਵਰਤੋਂ** :—ਦੂਜਾ ਕਾਰਨ ਇਹ ਕਿ ਮੁੰਡਾ ਵੀ ਸੁਖ ਨਾਲ ਸੱਤੇ ਕੁਲਾਂ ਤਾਰਨ ਵਾਲਾ ਨਿਕਲਿਆ। ਜਿਉਂ ਦੀ ਉਸ ਨੇ ਹੋਸ਼ ਸੰਭਾਲੀ ਹੈ, 'ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲਗੀ' ਵਾਲੇ ਚਾਲੇ ਫੜ ਲਏ ਹਨ।

(ਪਿਆਰ ਦੀ ਦੁਨੀਆਂ—ਨਾਨਕ ਸਿੰਘ)

### ਭੁੱਖੇ ਨੂੰ ਵੇਖ ਕੇ ਦੇ ਨਾ ਸਕਾਂ ਤੇ ਰੱਜੇ ਨੂੰ ਵੇਖਕੇ ਜਰ ਨਾ ਸਕਾਂ।

**ਭਾਵ** :—ਕਿਸੇ ਚੰਗੇ ਭਲੇ ਉਪਰ ਦੋਸ਼ ਲਾਣ ਜਾ ਨਿੰਦਣਾ।

**ਵਰਤੋਂ** :—ਨਣੈਣੀ—ਲੋਕਾਂ ਦੂਤੂ ਜਾਇਆ ਦੀਆਂ ਗੱਲਾਂ ਵਲ ਤੂੰ ਨਾ ਜਾਇਆ ਕਰ ਪ੍ਰੇਮ ਦਾ ਤਾਇਆ। ਲੋਕ ਤਾਂ ਐਵੇਂ ਲੂਤੀਆਂ ਲਾ ਕੇ ਤਮਾਸ਼ਾ ਵੇਖਦੇ ਨੇ 'ਇਨ੍ਹਾਂ ਦੀ ਤਾਂ ਇਹ ਗਲ ਏ ਅਖੇ 'ਭੁੱਖੇ ਨੂੰ ਵੇਖ ਕੇ ਦੇਖ ਨਾ ਸਕਾਂ ਤੇ ਰੱਜੇ ਨੂੰ ਵੇਖ ਜਰ ਨਾ ਸਕਾਂ' ਐਵੇਂ ਨਹੀਂ ਕਹਿਣਾ, ਮੇਰਾ ਪ੍ਰੇਮ ਤਾਂ ਸੱਤਾਂ ਧੀਆਂ ਜਿਹਾ ਪੁਤਰ ਏ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

### ਭੁੱਖੇ ਪਏ ਮਰਾਂਗੇ ਤੇ ਮੌਜਾਂ ਪਏ ਕਰਾਂਗੇ।

**ਭਾਵ** :—ਦੁਖੀ ਹੁੰਦਾ ਹੋਇਆ ਵੀ ਜਦ ਕੋਈ ਆਪਣੇ ਆਪ ਨੂੰ ਸੁਖੀ ਦਸੇ।

**ਵਰਤੋਂ** :—ਉਸ ਦੀਆਂ ਗੱਲਾਂ ਤਾਂ ਮਾਨੋ ਇਸ ਤਰ੍ਹਾਂ ਹਨ ਕਿ ਉਸ ਨੂੰ ਕਿਸੇ ਚੀਜ਼ ਦੀ ਲੋੜ ਹੀ ਨਹੀਂ ਪਰ ਅਸਲ ਗੱਲ ਉਲਟੀ ਹੈ। ਅਸਲ ਗੱਲ ਇਹ ਹੈ ਕਿ ਉਹ ਅਪਣਾ ਸੁਭਾ ਹੀ ਇਸ ਤਰ੍ਹਾਂ ਬਣਾ ਬੈਠਾ ਹੈ ਕਿ ਭੁਖੇ ਪਏ ਮਰਾਂਗੇ ਤੇ ਮੌਜਾਂ ਪਏ ਕਰਾਂਗੇ। (ਸੰਗ੍ਰ)

### ਭੁੱਖੇ ਬਾਂਕੇ ਤੇ ਟਾਪਾਂ ਦੇ ਵੈਰੀ।

**ਭਾਵ** :—ਬਾਹਰੋਂ ਦਿਖਾਵਾ ਰੱਜ ਦਾ, ਅੰਦਰੋਂ ਭੁਖੇ।

**ਵਰਤੋਂ** :—ਮੈਂ ਤੁਹਾਡੇ ਵਰਗੇ 'ਭੁੱਖੇ ਬਾਂਕੇ ਤੇ ਟਾਪਾਂ ਦੇ ਵੈਰੀ' ਕਈ ਵੇਖੇ ਨੇ। ਬਾਹਰੋਂ ਜਿਵੇਂ ਨਵਾਬ ਹੋਣ ਤੇ ਅੰਦਰੋਂ ਬਸ ਰੱਬ ਹੀ ਰਾਖਾ। (ਸੰਗ੍ਰ)

### ਭੁਖੇ ਭਗਤਿ ਨ ਕੀਜੈ।

**ਭਾਵ** :—ਭੁਖਿਆਂ ਰੱਬ ਦਾ ਨਾਂ ਨਹੀਂ ਜਪਿਆ ਜਾਂਦਾ।

**ਵਰਤੋਂ** :—

ਭੂਖੇ ਭਗਤਿ ਨ ਕੀਜੈ,
ਯਹ ਮਾਲਾ ਅਪਨੀ ਲੀਜੈ।

(ਗੁਰੂ ਗ੍ਰੰਥ—ਸੋਰਠ ਕਬੀਰ)

**ਭੁੱਖੇ ਮਰੇ ਹਗਾਈ ਠਣਕੇ।**

**ਭਾਵ** :—ਵਾਧੂ ਦਾ ਰੌਲਾ ਗੌਲਾ ਬਹੁਤਾ ਹੋਵੇ, ਪਰ ਹੱਥ ਪਲੇ ਕੁਝ ਨਾਂ ਹੋਵੇ।

**ਵਰਤੋਂ** '—ਹਰੋ ਢਿਡੋਂ ਭੁਖੀ ਹੈ, ਪਰ ਵਿਖਾਵਾ ਬੜਾ ਕਰਦੀ ਹੈ। ਅਖੇ 'ਭੁਖੇ ਮਰੇ ਹਗਾਈ ਠਣਕੇ।' (ਸੰਗ੍ਰ)

**ਭੁਜਿਆ ਦਾਣਾ ਨਹੀਂ ਤਿੜਕਦਾ, ਕੱਚਾ ਹੀ ਤਿੜਕਦਾ ਹੈ।**

**ਭਾਵ** :—ਕਚਾ ਆਦਮੀ ਡੋਲਦਾ ਹੈ, ਪਕਾ ਨਹੀਂ।

**ਵਰਤੋਂ** :—ਬੁੱਢਾ ਹੰਢਿਆ ਹੋਇਆ ਸੀ। ਗ਼ਰੀਬੀ ਵਿਚ ਉੱਕਾ ਨਹੀਂ ਘਾਬਰਿਆ! ਸੱਚ ਹੈ, 'ਭੁਜਿਆ ਹੋਇਆ ਦਾਣਾ ਨਹੀਂ ਤਿੜਕਦਾ, ਕੱਚਾ ਹੀ ਤਿੜਕਦਾ ਹੈ।' (ਸੰਗ੍ਰ)

**ਭੁਲ ਗਏ ਰਾਗ ਰੰਗ, ਭੁਲ ਗਈਆਂ ਜਕੜੀਆਂ ਤਿੰਨੇ ਗਲਾਂ ਯਾਦ ਰਹੀਆਂ, ਲੂਣ, ਤੇਲ, ਲਕੜੀਆਂ।**

**ਭਾਵ** :—ਗ੍ਰਹਿਸਤ ਵਿਚ ਫਸਕੇ ਹੋਰ ਸਭ ਕੁਝ ਭੁਲ ਜਾਂਦਾ ਹੈ।

**ਵਰਤੋਂ** :—ਤੂੰ ਤਾਂ ਮਿਤ੍ਰਾ ਬੜਾ ਅਜੀਬ ਗਹਸਤੀ ਬਣ ਬੈਠਾ ਏਂ, ਉਹ ਮਹਿਫਲਾਂ ਉਹ ਸੈਰ ਸਪਟੇ ਕਿਥੇ ਗਏ? ਤੇਰੇ ਨਾਲ ਤਾਂ ਉਹ ਹੋਈ, ਅਖੇ 'ਭੁਲ ਗਏ ਰਾਗ ਰੰਗ, ਭੁਲ ਗਈਆਂ ਜਕੜੀਆਂ 'ਤਿੰਨੇ ਗਲਾਂ ਯਾਦ ਰਹੀਆਂ, ਲੂਣ, ਤੇਲ, ਲਕੜੀਆਂ'। (ਸੰਗ੍ਰ)

**ਭੂਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ।**

**ਭਾਵ** :—ਹੋਰ ਸਾਰੇ ਭੁਲ ਕਰਦੇ ਹਨ ਪਰ ਕਰਤਾਰ ਰੂਪੀ ਗੁਰੂ ਅਭੁਲ ਹੈ।

**ਵਰਤੋਂ** :—

ਭੂਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ।
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰ।
(ਗੁਰੂ ਗ੍ਰੰਥ— ਸ੍ਰੀ ਰਾਗ)

**ਭੂਤਨਿਆਂ ਪਾਸੋਂ ਮੁਰਾਦਾਂ।**

**ਭਾਵ** :—ਕਿਸੇ ਅਜੇਹੀ ਥਾਂ ਤੋਂ ਲਾਭ ਦੀ ਆਸ ਰਖਣੀ ਜਿਥੋਂ ਨੁਕਸਾਨ ਦਾ ਡਰ ਹੋਵੇ।

**ਵਰਤੋਂ** :—ਤੂੰ ਵੀ ਭੂਤਨਿਆਂ ਪਾਸੋਂ ਮੁਰਾਦਾਂ ਮੰਗਦਾ ਹੈਂ? ਕਦੀ ਇਸ ਚੰਡਾਲ ਚੌਂਕੜੀ ਵਿਚੋਂ ਕੋਈ ਖੱਟ ਕੇ ਨਿਕਲਿਆ ਹੈ? (ਸੰਗ੍ਰ)

**ਭੂਰਾ ਸ਼ਾਲ, ਭੂਰਾ ਦੋਸ਼ਾਲਾ ਇਕੋ ਗੱਲ ਭੂਰੇ ਦੀ ਮਾੜੀ, ਦੇਖੈ ਭੂਰਾ ਫੜੇ ਵਿਗਾਰੀ।**

ਭੂਰਾ = ਕੰਬਲ।

**ਭਾਵ** :—ਲਾਭਦਾਇਕ ਚੀਜ਼ ਵਿਚ ਵੀ ਜਦ ਕੋਈ ਵਡਾ ਔਗਣ ਹੋਵੇ।

**ਵਰਤੋਂ** :—ਗ਼ਰੀਬੀ ਵਿਚ ਬੜਾ ਸੁਖ ਹੈ, ਪਰ ਗ਼ਰੀਬ ਦੇ ਸਿਰ ਜਿਹੜਾ ਹਰ ਕੋਈ ਸਵਾਰ ਰਹਿੰਦਾ ਹੈ, ਇਹ ਨਕ ਜਿੰਦ ਕਰ ਦੇਂਦਾ ਹੈ। ਅਖੇ, 'ਭੂਰਾ ਸ਼ਾਲ, ਦੋਸ਼ਾਲਾ, ਇਕੋ ਗਲ ਭੂਰੇ ਦੀ ਮਾੜੀ; ਦੇਖੋ ਭੂਰਾ ਫਿਰੇ ਵਿਗਾਰੀ।' (ਸੰਗ੍ਰ)

**ਭੂਰਿਆਂ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ।**

**ਭਾਵ** :—ਸਿੱਖਾਂ ਦੀ ਚੜ੍ਹਦੀ ਕਲਾ ਤੇ ਮੁਗਲਾਂ ਦੀ ਢਹਿੰਦੀ ਕਲਾ ਵਲ ਇਸ਼ਾਰਾ ਹੈ।

**ਵਰਤੋਂ** :—ਵਿਚ ਹੀ ਆ ਗਈ ਹੈ।

**ਭੂਲਾ ਫਿਰੇ ਕਿਸਾਨ, ਕਾਤਕ ਮਾਂਗੇ ਮੇਂਹੁ।**

**ਭਾਵ** :—ਉਹ ਕਿਸਾਨ ਮੂਰਖ ਹੈ ਜਿਹੜਾ ਕੱਤਕ ਦੇ ਮਹੀਨੇ ਮੀਂਹ ਮੰਗਦਾ ਹੈ।

**ਵਰਤੋਂ** :—

ਜਬ ਜੋਬਨ ਸਤ ਹੋ ਚੁਕਾ, ਫਿਰ ਹੋ ਕੈਸਾ ਨੇਹੁ।
ਭੂਲਾ ਫਿਰੇ ਕਿਸਾਨ, ਕਾਤਕ ਮਾਂਗੇ ਮੇਂਹ।
(ਗੁਲਾਮ ਜੀਲਾਨੀ ਰੋਹਤਕੀ)

**ਭੇਖੀ ਪ੍ਰਭੂ ਨ ਪਾਈਐ।**

**ਭਾਵ** :—ਭੇਖਾਂ ਦੇ ਧਾਰਨ ਨਾਲ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।

**ਵਰਤੋਂ** :—

ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁਬਿਧਿ ਭੇਖੈ।
ਭੇਖੀ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ।
(ਵਾਰਾਂ—ਭਾਈ ਗੁਰਦਾਸ ਜੀ)

**ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ।**

**ਭਾਵ** :—ਬਿਨਾ ਸੱਚੇ ਗਿਆਨ ਦੇ ਨਿਰਾ ਭੇਖਾਂ ਨਾਲ ਹਰੀ ਨਹੀਂ ਮਿਲਦਾ।

**ਵਰਤੋਂ** :—

'ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ।
ਭੂਲਾ ਮਾਰਗ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ।
(ਗੁਰੂ ਗ੍ਰੰਥ—ਵਾਰ ਮਾਰੂ)

**ਭੇਡ ਦਾ ਭੱਜਾ ਚੂਕਣਾ, ਨਾ ਕਿਸੇ ਰੋਣਾ, ਨਾ ਕਿਸੇ ਕੂਕਣਾ।**

**ਭਾਵ** —ਕਿਸੇ ਮਾੜੇ ਜਾਂ ਗ਼ਰੀਬ ਦਾ ਨੁਕਸਾਨ ਹੋ ਜਾਣ ਤੇ ਕੋਈ ਬਾਤ ਨਹੀਂ ਪੁਛਦਾ।

**ਵਰਤੋਂ** :—ਕਾਲੂ ਗ਼ਰੀਬ ਦਾ ਕਿਤਨਾ ਨੁਕਸਾਨ ਹੋ ਗਿਆ ਹੈ, ਪਰ ਪਿੰਡ ਵਿਚੋਂ ਕਿਸੇ ਉਤੇ ਜੂੰ ਨਹੀਂ ਸਰਕੀ। ਸੱਚ ਹੈ 'ਭੇਡ ਦਾ ਭੱਜਾ ਚੂਕਣਾ, ਨਾ ਕਿਸੇ ਰੋਣਾ ਨਾ ਕਿਸੇ ਕੂਕਣਾ। (ਸੰਗ੍ਰ)

**ਭੇਡ ਦਾ ਭਡੂਰਾ ਤਕਾਂ ਪੂਰੇ ਦਾ ਪੂਰਾ।**

**ਭਾਵ** :—ਜਿਸ ਕੰਮ ਵਿਚ ਨੁਕਸਾਨ ਦਾ ਡਰ ਨਾ ਹੋਵੇ, ਜਿਵੇਂ ਭੇਡ ਦੇ ਸੌਦੇ ਵਿਚ ਕਦੀ ਘਾਟਾ ਨਹੀਂ ਪੈਂਦਾ।

**ਵਰਤੋਂ** :—ਬੇਸ਼ਕ ਇਹ ਕੰਮ ਕਰ ਲਵੋ, ਇਸ ਵਿਚ ਨੁਕਸਾਨ ਦਾ ਰਤੀ ਡਰ ਨਹੀਂ, ਇਹ ਤਾਂ 'ਭੇਡ ਦਾ ਭਡੂਰਾ, ਤਕਾਂ ਪੂਰੇ ਦਾ ਪੂਰਾ' ਵਾਲਾ ਲੇਖਾ ਜੇ। (ਸੰਗ੍ਰ)

**ਭੇਡ ਦੀ ਛੜ ਗੋਡੇ ਤਾਈਂ।**

**ਭਾਵ** :—ਨਿਤਾਣਾ ਪੁਰਸ਼ ਕਿਸੇ ਦਾ ਕੀ ਵਿਗਾੜ ਸਕਦਾ ਹੈ?

**ਵਰਤੋਂ** :—ਓਹਨਾਂ ਨਿਹੱਥਿਆਂ ਨੂੰ ਹਲਾ-ਸ਼ੇਰੀ ਕਰਨ ਨਾਲ ਵੀ ਕਿਹੜਾ ਮੋਰਚਾ ਸਰ ਹੋਣਾ ਸੀ? 'ਭੇਡ ਦੀ ਛੜ ਗੋਡੇ ਤਾਈਂ' ।ਉਨ੍ਹਾਂ ਕੋਈ ਪਹਾੜ ਡੇਗ ਦੇਣਾ ਸੀ? (ਸੰਗ੍ਰ)

**ਭੇਡ ਦੇ ਖ਼ੂਨੋਂ ਕੋਈ ਪਿੰਡ ਫਾਹੇ ਨਹੀਂ ਦੇ ਦਿੰਦਾ।**

**ਭਾਵ** :—ਕਿਸੇ ਮਾਮੂਲੀ ਕਸੂਰ ਤੋਂ ਸਜ਼ਾ ਨਹੀਂ ਮਿਲ ਸਕਦੀ।

**ਵਰਤੋਂ** :—ਛਜੂ—ਓਏ ਸਹੁਰਿਓ! ਕਿਉਂ ਡਰਦੇ ਹੋ ਭੇਡ ਦੇ ਖ਼ੂਨੋਂ ਕਿਤੇ ਪਿੰਡ ਫਾਹੇ ਲਗ ਚਲਿਆ ਏ?
(ਕਮਲਾ ਕੁਮਾਰੀ—ਹਰਚਰਨ ਸਿੰਘ)

**ਭੇਡ ਮੁਲ ਤੇ ਊਠ ਭੂੰਗਾ।**

**ਭਾਵ** :—ਸੌਦਾ ਤਾਂ ਥੋੜੇ ਮੁਲ ਦਾ ਹੋਵੇ ਤੇ ਭੂੰਗਾ ਬਹੁਤਾ ਮੰਗੇ।

**ਵਰਤੋਂ** :—ਤੁਸੀਂ ਵੀ ਹੱਦ ਕਰਦੇ ਹੋ ਅਖੇ 'ਭੇਡ ਮੁਲ ਤੇ ਊਠ ਭੂੰਗਾ' ਕਪੜੇ ਦਾ ਮੁਲ ਤਾਂ ਪੰਜਾਹ ਰੁਪਏ ਤੇ ਸਾਈ ਸੌ ਰੁਪਈਆ! ਇਹ ਕਿਉਂ?
(ਸੰਗ੍ਰ)

**ਭੇਡ ਰਖੀ ਉਨ ਨੂੰ, ਬੈਠੀ ਖਾਵੇ ਕਪਾਹ।**

**ਭਾਵ** :—ਕੰਮ ਤਾਂ ਲਾਭ ਲਈ ਕਰੇ, ਪਰ ਉਲਟਾ ਤੋਟਾ ਪਵੇ।

**ਵਰਤੋਂ** :—ਟਰੱਕ ਤਾਂ ਸਭ ਕੁਝ ਵੇਚ ਵਟਾ ਕੇ ਇਸ ਲਈ ਲਿਆ ਸੀ ਕਿ ਦਸ ਪੈਸੇ ਖਟਾਂਗੇ, ਪਰ ਉਲਟਾ ਨੁਕਸਾਨ ਹੋ ਗਿਆ, ਅਖੇ 'ਭੇਡ ਰਖੀ ਉਨ ਨੂੰ, ਬੈਠੀ ਖਾਵੇ ਕਪਾਹ।' (ਸੰਗ੍ਰ)

**ਭੇਡੇ ਪੁਛਲ ਲਗਿਆਂ ਕਿਉਂ ਪਾਰ ਲੰਘੀਐ।**

**ਭਾਵ** :—ਮਾੜੇ ਆਸਰੇ ਫੜਨ ਨਾਲ

ਵਡੀ ਐਂਕੜ ਸਰ ਨਹੀਂ ਹੁੰਦੀ।

**ਵਰਤੋਂ :—**

ਭੇਡੈ ਪੂਛਲ ਲਗਿਆਂ ਕਿਉਂ ਪਾਰ ਲੰਘੀਐ।
ਭੂਤੇ ਕੇਰੀ ਦੋਸਤੀ ਨਿਤ ਸਹਸਾ ਜੀਐ।
(ਵਾਰਾਂ - ਭਾਈ ਗੁਰਦਾਸ)

**ਭੇਡਾਂ ਤਾਂ ਵਿਗੜੀਆਂ ਸਨ, ਲੇਲਾ ਵੀ ਨਾਲੇ ਵਿਗੜੇ।** ਜਾਂ **ਭੇਡਾਂ ਤਾਂ ਮਸਤਣਾ ਸੀ ਲੇਲੇ ਵੀ ਮਸਤ ਗਏ।**

**ਭਾਵ :—** ਦੁਖ ਉਥੋਂ ਮਿਲੇ ਜਿਥੋਂ ਆਸ ਨਾ ਹੋਵੇ।

**ਵਰਤੋਂ :—** ਪੁਤਰ ਤਾਂ ਭਲਾ ਵਿਗੜੇ, ਧੀਆਂ ਵੀ ਓਹੀ ਚਾਲੇ ਫੜ ਲਏ 'ਭੇਡਾਂ ਤਾਂ ਵਿਗੜੀਆਂ ਸਨ, ਲੇਲੇ ਵੀ ਨਾਲੇ ਵਿਗੜੇ' ਵਾਲੀ ਗਲ ਹੋਈ। (ਸੰਗ੍ਰ)

**ਭੇਡਾਂ ਨੂੰ ਸਿੰਗ ਕਦੋਂ ਜੰਮੇ।**

**ਭਾਵ :—** ਕੋਈ ਅਵੱਲੀ ਜਾਂ ਅਨਹੋਣੀ ਗੱਲ ਕਰਨੀ।

**ਵਰਤੋਂ :—**

ਤਾਂ ਪੜ੍ਹ ਚੂਚਕ ਰੋਸ ਬੁਲੇਂਦਾ ਜਾਂ ਉਸ ਈਬ ਸੁਣਾਯਾ।
ਭੇਡਾਂ ਸਿੰਗ ਕਦੋਕੇ ਜੰਮੇ ? ਤੂੰ ਨੂਰ ਭੇਜ ਚਲਾਯਾ।
(ਹੀਰ—ਦਮੋਦਰ)

**ਭੇਡਾਂ ਮਰਨ ਪਰਾਈਆਂ ਤੇ ਪੂਰੋ ਰੋਵੇ।**

**ਭਾਵ :—** ਪਰਾਏ ਨੁਕਸਾਨ ਤੇ ਦੁਖੀ ਹੋਣਾ।

**ਵਰਤੋਂ :—** ਤੂੰ ਆਪਣੀ ਸੰਭਾਲ ਕਰ। ਆਪਣੇ ਨੁਕਸਾਨ ਦਾ ਖਿਆਲ ਕਰੋ। ਹੋਰਾਂ ਦੀ ਚਿੰਤਾ ਨਾ ਕਰਿਆ ਕਰ। ਹੁਣ ਤੇ ਤੇਰਾ ਹਿਸਾਬ ਇਹ ਹੈ ਕਿ ਭੇਡਾਂ ਮਰਨ ਪਰਾਈਆਂ ਤੇ ਪੂਰੋ ਰੋਵੇ। (ਸੰਗ੍ਰ)

**ਭੈਣ ਘਰ ਭਾਈ ਕੁੱਤਾ, ਸਹੁਰੇ ਘਰ ਜਵਾਈ ਕੁੱਤਾ।**

**ਭਾਵ :—** ਭੈਣ ਦੇ ਘਰ ਭਰਾ ਦਾ, ਤੇ ਸਹੁਰੇ ਘਰ ਜਵਾਈ ਦਾ ਰਹਿਣਾ ਮਾੜਾ ਹੈ।

**ਵਰਤੋਂ :—** ਰਹਿੰਦਾ ਹਾਂ ਸਹੁਰੇ ਘਰ ਪਰ ਆਦਰ ਨਹੀਂ, ਠੀਕ ਹੈ, 'ਭੈਣ ਘਰ ਭਾਈ ਕੁੱਤਾ, ਸਹੁਰੇ ਘਰ ਜਵਾਈ ਕੁੱਤਾ।' (ਸੰਗ੍ਰ)

**ਭੈੜਿਆਂ ਦੇ ਫਿਰਕੇ, ਸੌਣ ਸਵੇਲੇ, ਜਾਗਣ ਚਿਰਕੇ।**

**ਭਾਵ :—** ਜਦ ਕੋਈ ਪੁਠੀ ਜਾਂ ਕੁਚਜੀ ਗੱਲ ਕਰੇ।

**ਵਰਤੋਂ :—** ਟਿੱਕੂ ਵਿਹਲੀਆਂ ਖਾ ਕੇ ਸੌਂ ਰਹਿੰਦਾ ਹੈ। ਅਖੇ ਭੈੜਿਆਂ ਦੇ ਫਿਰਕੇ, ਸੌਣ ਸਵੇਲੇ, ਜਾਗਣ ਚਿਰਕੇ' ਕੋਈ ਕੰਮ ਆਵੇ; ਤਾਂ ਕਰੇ। (ਸੰਗ੍ਰ)

**ਭੈੜੇ ਨੂੰ ਭੈੜਾ ਸੌ ਕੋਹ ਵਲਾ ਮਾਰ ਮਿਲ ਪੈਂਦਾ ਏ।**

**ਭਾਵ :—** ਆਪੋ ਆਪਣੇ ਸੁਭਾ ਵਾਲੇ ਇਕਠੇ ਹੋ ਬਹਿੰਦੇ ਨੇ।

**ਵਰਤੋਂ :—** ਇਹ ਕਿਹੜੀ ਵਡੀ ਗਲ ਜੇ। ਹਰ ਕੋਈ ਆਪਣੇ ਵਰਗਾ ਹੀ ਸਾਥ ਢੂੰਡਦਾ ਹੈ। 'ਭੈੜੇ ਨੂੰ ਭੈੜਾ ਸੌ ਕੋਹ ਵਲਾ ਮਾਰ ਮਿਲ ਪੈਂਦਾ ਏ'। (ਸੰਗ੍ਰ)

**ਭੈੜੇ ਭੈੜੇ ਯਾਰ ਮੇਰੀ ਫਤੋ ਦੇ।**

**ਭਾਵ:—** ਜਦ ਕਿਸੇ ਮਾੜੇ ਜਾਂ ਬਦਸ਼ਕਲੇ ਪੁਰਸ਼ ਦੇ ਸਾਥੀ ਵੀ ਮਾੜੇ ਤੇ ਬਦਸ਼ਕਲੇ ਹੋਣ।

**ਵਰਤੋਂ :—** ਕਿਰਪਾ ਸ਼ਾਹ— ਹੱਛਾ ਨੱਥੂ ਲੈ ਕੇ ਗਿਆ ਸਾਰੇ ਨਾਲੇ। ਭੈੜੀ ਫਤੋ ਦੇ ਭੈੜੇ ਭੈੜੇ ਯਾਰ। ਨੱਥੇ ਦੇ ਸੰਗ ਰਲ ਕੇ ਜਾਨਾਂ ਏਂ, ਉਹਨਾਂ ਨਾਲ ਵੇਖੋ ਇਹਦੀ ਕਰਤੂਤ।
(ਪਿੰਡ ਦੇ ਵੈਰੀ—ਜੋਸ਼ੂਆ ਫਜ਼ਲਦੀਨ)

**ਭੈੜੇ ਭਾਂਡਿਉਂ ਭੈੜੀ ਆਵਾਜ਼।** ਜਾਂ **ਭੈੜੀ ਗਊ ਦੇ ਭੈੜੇ ਵੱਛੇ, ਨ ਰਲਨ ਵੱਗ ਤੇ ਨ ਹੋਣ ਹੱਛੇ।**

**ਭਾਵ :—** ਜਿਹੋ ਜਿਹਾ ਬੰਦਾ ਤਿਹੋ

ਜਿਹਾ ਸੁਭਾ ਹੁੰਦਾ ਹੈ ਜਾਂ ਔਲਾਦ ਮਾਪਿਆਂ ਉਤੇ ਹੀ ਹੁੰਦੀ ਹੈ।

**ਵਰਤੋਂ** :—'ਭੈੜੀ ਗਊ ਦੇ ਭੈੜੇ ਵੱਛੇ, ਨਾ ਰਲਨ ਵਗ ਤੇ ਨਾ ਹੋਣ ਹਛੇ' ਪੋਤੜਿਆਂ ਦੇ ਵਿਗੜੇ ਵੀ ਕਦੀ ਸੋਰੇ ਹਨ ? (ਸੰਗ੍ਰ)

## ਭੋਜਨ ਪੂਰਾ ਮਿਲੇ, ਧਨ ਕੀ ਕੈਸੀ ਆਸ। ਜਾਂ ਭੋਜਨ ਕਾ ਹੰਸਾ ਪੜਿਉ ਧਨ ਕੀ ਕੈਸੀ ਆਸ।

**ਭਾਵ** :—ਜਦ ਕੋਈ ਥੋੜੀ ਚੀਜ਼ ਦਾ ਵੀ ਲੋੜਵੰਦ ਹੋਵੇ ਤਾਂ ਵਡੀ ਦੀ ਆਸ ਕਿਵੇਂ ਕਰੇ ?

**ਵਰਤੋਂ** :—ਸ਼ਾਹ—ਪੈਨਿਆ। ਇਸ ਵਾਰੀ ਪੈਸੇ ਦੀ ਬੜੀ ਤੋਟ ਆਈ ਏ। ਕਈ ਤਰ੍ਹਾਂ ਦੇ ਘਾਟੇ ਹੋ ਗਏ ਨੇ। 'ਹੁਣ ਤਾਂ ਭੋਜਨ ਕਾ ਸੰਸਾ ਪੜਿਉ, ਧਨ ਕੀ ਕੈਸੀ' ਆਸ ਵਾਲੀ ਗਲ ਏ।

(ਰਜਨੀ ਨਾਟਕ—ਬਲਵੰਤ ਸਿੰਘ)

## ਭੌਰਾਂ ਭੂਡਾਂ ਦੋਸਤੀ ਇਕੋ ਜੇਹੀ ਗੂੰਜ, ਵਾਹ ਪਏ ਤਾਂ ਜਾਣੀਏ, ਇਹ ਭੌਰਾ ਇਹ ਭੂੰਡ।

**ਭਾਵ** :—ਕਿਸੇ ਨਾਲ ਵਾਹ ਪੈਣ ਤੇ ਹੀ ਉਸਦੀ ਅਸਲੀਅਤ ਦਾ ਪਤਾ ਲਗਦਾ ਹੈ, ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ।

**ਵਰਤੋਂ** :—ਸਰਦਾਰ—ਸ਼ਾਹ ! ਤੇਰੇ ਸਾਲੇ ਦਾ ਮੈਨੂੰ ਕੀ ਪਤਾ ਸੀ, ਨਾ ਜਾਣ ਨਾ ਪਛਾਣ, ਸਿਆਣਿਆਂ ਦਾ ਕਹਿਣਾ ਹੈ,'ਭੌਰਾਂ ਭੂੰਡਾਂ ਦੋਸਤੀ ਇਕੋ ਜੇਹੀ ਗੂੰਜ ਵਾਹ ਪਏ ਤਾਂ ਜਾਣੀਏ ਇਹ ਭੌਰਾ ਇਹ ਭੂੰਡ। (ਸੰਗ੍ਰ)

## ਭੋਲਾ ਭਾਉ ਗੋਵਿੰਦ ਮਿਲਾਵੈ।

**ਭਾਵ** :—ਨਿਰਛਲਤਾ ਹਰੀ ਦਾ ਮਿਲਾਪ ਕਰਾਉਂਦੀ ਹੈ।

**ਵਰਤੋਂ** :—ਬਸ ਰੱਬ ਦੇ ਦਰ ਤੇ ਢਹਿ ਪਉ ਹਾਰ ਕੇ, ਉਕਤੀ ਯੁਕਤੀ, ਜੋਰ ਜਬਰ, ਨਾਲ ਉਹ ਨਹੀਂ ਮਿਲਦਾ। 'ਭੋਲਾ ਭਾਉ ਗੋਵਿੰਦ ਮਿਲਾਵੈ।' (ਸੰਗ੍ਰ)

## ਭੋਲੇ ਕੱਟੇ ਹੀ ਦੁੱਧ ਚੁੰਘਦੇ ਨੇ।

**ਭਾਵ** :—ਭੋਲੇ ਪੁਰਸ਼ ਹੀ ਸੁਖੀ ਰਹਿੰਦੇ ਹਨ।

**ਵਰਤੋਂ** :—ਚਲਾਕੀਆਂ ਵਿਚ ਸੁਖ ਕਿਥੇ ? ਲਾਭ ਕਿਥੇ ? 'ਭੋਲੇ ਕਟੇ ਹੀ ਦੁਧ ਚੁੰਘਦੇ ਨੇ। (ਸੰਗ੍ਰ)

## ਭੋਲੇ ਭਾ, ਨਾ ਪਛੋਤਾ।

**ਭਾਵ** :—ਨਿਸ਼ਕਪਟੀ (ਭੋਲਾ) ਬੰਦਾ ਕਦੀ ਵੀ ਨੁਕਸਾਨ ਨਹੀਂ ਪਾਂਦਾ।

**ਵਰਤੋਂ** :—ਕਦੀ ਦਗਾ ਨਹੀਂ ਕੀਤਾ ਕਿਸੇ ਨਾਲ, ਇਸੇ ਲਈ ਹਰ ਦਮ ਸੁਖੀ ਰਹੇ ਹਾਂ। ਠੀਕ ਹੈ, 'ਭੋਲਾ ਭਾ ਨਾ ਪਛੋਤਾ।' (ਸੰਗ੍ਰ)

## ਭੋਲੇ ਭਾਇ ਮਿਲੇ ਰਘੁ ਰਾਇਆ।

**ਭਾਵ** :—ਨਿਸ਼ਕਪਟਤਾ ਨਾਲ ਹਰੀ ਮਿਲਦਾ ਹੈ।

**ਵਰਤੋਂ** :—

ਕਹੁ ਕਬੀਰ ਭਗਤਿ ਕਰਿ ਪਾਇਆ।
ਭੋਲੇ ਭਾਇ ਮਿਲੇ ਰਘੁ ਰਾਇਆ।

(ਗੁਰੂ ਗ੍ਰੰਥ—ਗਉੜੀ ਕਬੀਰ)

## ਭੌਂ ਭੌਂ ਭੜਵਿਆ, ਉਗੂ ਦੇ ਚੱਕ।

**ਭਾਵ** :—ਜਦ ਕੋਈ ਮੁੜ ਘਿੜ ਉਹੀ ਕੰਮ ਕਰੇ, ਹੋਰ ਕੋਈ ਕੰਮ ਨਾ ਕਰੇ।

**ਵਰਤੋਂ** :—ਜੋ ਜੀ ਕਰਦਾ ਈ, ਵਾਹ ਲਾ ਲੈ, ਤੇਰੇ ਛੋਕਰੇ ਨੇ ਤਾਂ ਉਹੀ ਸਬਜ਼ੀ ਵੇਚਣੀ ਹੈ। ਉਸ ਦਾ ਤਾਂ ਇਹ ਹਾਲ ਹੈ ਅਖੇ 'ਭੌਂ ਭੌਂ ਭੜਵਿਆ ਉਗੂ ਦੇ ਚੱਕ।' (ਸੰਗ੍ਰ)

## ਭੌਂ ਰੋਹੀ ਮਾਂਹ ਲੋਹੀ, ਤਲਵਾਰ ਸਰੋਹੀ, ਰੰਨ ਜੱਟੀ ਹੋਰ ਸਭ ਖਾਣ ਦੀ ਚੱਟੀ।

**ਭਾਵ** :—ਜ਼ਮੀਨ ਰੋਹੀ ਦੀ; ਮੌਂਹ ਲੌਹੇ-

ਰੰਗੀ, ਤਲਵਾਰ ਫੌਲਾਦੀ ਤੇ ਰੰਨ ਜੱਟੀ ਚੰਗੀ ਹੁੰਦੀ ਹੈ, ਹੋਰ ਸਭ ਮਾੜੀਆਂ ਹਨ।

**ਵਰਤੋਂ** :—ਰਲਾ ਸਿੰਘ ਜੀ, ਤੁਆਡੀ ਰੋਹੀ ਵਾਲੀ ਜ਼ਮੀਨ ਵੇਖ ਚਿਤ ਖਿੜ ਗਿਆ, ਸਿਆਣਿਆਂ ਨੇ ਸੱਚ ਕਿਹਾ ਹੈ ਜ਼ਮੀਨ ਰੋਹੀ, ਮੈਂਹ ਲੋਹੀ, ਤਲਵਾਰ ਸਰੋਹੀ, ਰੰਨ ਜਟੀ, ਹੋਰ ਸਭ ਖਾਣ ਦੀ ਚਟੀ।' (ਸੰਗ੍ਰ)

## ਭੌਂ ਵਾਹਿਆਂ, ਫ਼ਸਲ ਗਾਹਿਆਂ, ਜਾਨ ਨਹਾਇਆਂ।

**ਭਾਵ** :—ਵਾਹੀ ਹੋਈ ਜ਼ਮੀਨ ਗਾਹੀ ਹੋਈ ਫ਼ਸਲ ਤੇ ਨਾਤ੍ਹਾ ਧੋਤਾ ਜਿਸਮ ਹੀ ਠੀਕ ਹੁੰਦੇ ਹਨ।

**ਵਰਤੋਂ** :—ਹਰ ਸਵੇਰ ਨੂੰ ਇਸ਼ਨਾਨ ਜ਼ਰੂਰ ਕੀਤਾ ਕਰੋ, 'ਭੌਂ ਵਾਹਿਆਂ, ਫ਼ਸਲ ਗਾਹਿਆਂ, ਜਾਨ ਨਹਾਇਆਂ ਹੀ ਠੀਕ ਹੁੰਦੀ ਹੈ। (ਸੰਗ੍ਰ)

## ਭੰਨ ਘੜਾਈਆਂ ਵੇਡਲੀਆਂ, ਬੂਥੜੀ ਓਹੋ।

**ਭਾਵ** :—ਕੋਈ ਕਮੀਨਾ ਤੇ ਨੀਚ ਮਨੁਖ ਵਡਾ ਵੀ ਹੋ ਜਾਵੇ ਉਸਦੀ ਆਦਤ ਨਹੀਂ ਬਦਲਦੀ। ਜਾਂ ਕਿਸੇ ਦੀ ਹਰ ਗੱਲ ਪੂਰੀ ਕਰ ਦਿਓ, ਫਿਰ ਵੀ ਉਹ ਦੁਖੀ ਰਹੇ।

**ਵਰਤੋਂ** :—ਤੇਰੀ ਹਰ ਗਲ ਮੰਨਦੀ ਹਾਂ, ਪਰ ਤੂੰ ਫਿਰ ਵੀ ਰੁਸਿਆ ਹੀ ਰਹਿੰਦਾ ਏਂ। ਤੇਰੀ ਤਾਂ ਉਹੀ ਗਲ ਏ ਅਖੇ 'ਭੰਨ ਘੜਾਈਆਂ ਵੇਡਲੀਆ, ਬੂਥੜੀ ਓਹੋ।' (ਸੰਗ੍ਰ)

## ਭੰਨੀ (ਭਜੀ) ਟੁਟੀ ਦਾ ਪਤਣ ਮੇਲਾ।

**ਭਾਵ** :—ਉਹ ਥਾਂ ਜਿਥੇ ਸਾਰੇ ਅੰਤ ਨੂੰ ਆ ਮਿਲਣ।

**ਵਰਤੋਂ** :—ਦਿਨ ਢਲਣ ਲਗਿਆਂ ਕੋਲੰਬੂ ਦੇ ਬਜ਼ਾਰਾਂ ਤੇ ਲੰਮੇ ਜਹਾਜ਼ੀ ਸਫ਼ਰ ਦੀਆਂ ਤਿਆਰੀਆਂ ਦੇ ਧੰਧਿਆ ਤੋਂ ਛੁਟਕਾਰਾ ਪਾ ਕੇ ਮੈਂ ਬੰਦਰਗਾਹ ਦੇ ਕਿਨਾਰੇ ਨਿਯਤ ਕੀਤੀ ਥਾਂ ਤੇ ਜਾ ਪੁਜਾ। 'ਭੰਨੀ ਟੁਟੀ ਦਾ ਪਤਣ ਮੇਲਾ।'

(ਮੇਰਾ ਵਲੈਤੀ ਸਫ਼ਰਨਾਮਾ—ਲਾਲ ਸਿੰਘ)

## ਭਾਂਡੇ ਨਾਲ ਭਾਂਡਾ ਈ ਠਹਿਕਦਾ ਏ।

**ਭਾਵ** :—ਆਪਸ ਵਿਚ ਹਰ ਕਿਸੇ ਦਾ ਝਗੜਾ ਕਦੀਂ ਨਾ ਕਦੀਂ ਹੋ ਹੀ ਜਾਂਦਾ ਹੈ।

**ਵਰਤੋਂ** :—ਮਾਈ ਲੋਈ ਨੇ ਮਨਾਣ ਲਈ ਬੜੇ ਤਰਲੇ ਲਏ, ਪਰ ਕਬੀਰ ਜੀ ਨਾ ਹੀ ਮੰਨੇ। ਘਰਾਂ ਵਿਚ ਕਹਿੰਦੇ ਨੇ, ਭਾਂਡੇ ਵੀ ਠਹਿਕ ਪੈਂਦੇ ਨੇ। ਕੋਈ ਵਿਰਲਾ ਹੀ ਘਰ ਹੋਵੇਗਾ, ਜਿੱਥੇ ਵਹੁਟੀ ਖਸਮ ਕਦੇ ਵੀ ਆਪਸ ਵਿਚ ਨਰਾਜ਼ ਨਾ ਹੁੰਦੇ ਹੋਣ।

(ਲੋਕ ਸਾਹਿਤ—ਸਾਹਿਬ ਸਿੰਘ)

## ਭੁੰਨਿਆਂ ਗੰਦਾ, ਮੁਨਿਆ ਜੋਗੀ ਕਦੋ ਲੁਕਿਆ ਰਹਿ ਸਕਦਾ ਹੈ।

**ਭਾਵ** :—ਜਦ ਕੋਈ ਚੀਜ਼ ਛੁਪਾਇਆਂ ਨਾ ਛੁਪ ਸਕੇ।

**ਵਰਤੋਂ** :—ਦਲੀਪ ਕੌਰ ਨੇ ਆਪਣੇ ਵਲੋਂ ਬੜੀ ਪਕਿਆਈ ਤੇ ਚੌਕਸੀ ਨਾਲ ਇਹ ਕਾਰੇ ਕੀਤੇ ਸਨ, ਪਰ ਭੁੰਨਿਆਂ ਗੰਢਾ ਤੇ ਮੁਨਿਆ ਜੋਗੀ ਕਦ ਲੁਕਿਆ ਰਹਿ ਸਕਦਾ ਹੈ?

(ਮਿੱਠਾ ਮੋਹਰਾ—ਨਾਨਕ ਸਿੰਘ)

## ਭੂੰਡਾ ਭੂੰਡਾ ਕਿਤਨ ਕੁ ਭਾਰ, ਇਕ ਮੁਠੀ ਚੁਕ ਲੈ, ਦੂਜੀ ਤਿਆਰ।

**ਭਾਵ** :—ਦੁਨੀਆਂ ਦੇ ਧੰਧੇ ਮੁਕਦੇ ਨਹੀਂ ਇਕ ਵਿਚੋਂ ਨਿਕਲ ਦੂਜਾ ਹੋਰ ਬਿਖੇੜਾ ਆ ਤਿਆਰ ਹੁੰਦਾ ਹੈ।

**ਵਰਤੋਂ** :—ਘਰਾਂ ਵਿਚੋਂ ਵਿਹਲ ਕਿੱਥੇ? 'ਭੂੰਡਾ ਭੰਡਾਰੀਆ ਕਿੰਨਾ ਕੁ ਭਾਰ? ਇਕ ਮੁੱਠੀ ਚੁਕ ਲੈ, ਦੂਜੀ ਤਿਆਰ।' ਕੋਈ ਨਾ ਕੋਈ ਪੁਆੜਾ ਪਿਆ ਹੀ ਰਹਿੰਦਾ ਹੈ। (ਸੰਗ੍ਰ)

# ਮ

## ਮਹਾਂ ਅਸਾਧ ਸਾਧ ਸੰਗ ਸਾਧੇ।

**ਭਾਵ** :—ਬੜੇ ਭੈੜੇ ਵੀ ਚੰਗੀ ਸੰਗਤ ਨਾਲ ਚੰਗੇ ਹੋ ਜਾਂਦੇ ਹਨ।

**ਵਰਤੋਂ** :—

ਆਸ ਨ ਤ੍ਰਾਸ ਉਦਾਸ ਘਰ ਹਰਖ ਸੋਗ ਵਿਹੁ
ਅੰਮ੍ਰਿਤ ਖਾਧੇ। ਮਹਾਂ ਅਸਾਧ ਸਾਧ ਸੰਗ ਸਾਧੇ।
(ਵਾਰਾਂ—ਭਾਈ ਗੁਰਦਾਸ)

## ਮਹਿਲ ਚਾੜ੍ਹ ਕੇ ਪੌੜੀਆਂ ਚਾਈਆਂ ਨੀ।

**ਭਾਵ** :—ਪਹਿਲਾਂ ਵਡਿਆਈ ਦੇ ਕੇ ਫਿਰ ਮੂੰਹ ਮੋੜ ਲੈਣਾ।

**ਵਰਤੋਂ** :—

ਜੇ ਤੂੰ ਅੰਤ ਇਹੋ ਪਿੱਛਾ ਦੇਵਣਾ ਸੀ,
ਐਡੀਆਂ ਮਿਹਨਤਾਂ ਕਾਹੇ ਕਰਾਈਆਂ ਨੀ।
ਏਹਾ ਹਦ ਹੀਰੇ ਤੇਰੇ ਨਾਲ ਸਾਡੀ,
ਮਹਿਲ ਚਾੜ੍ਹ ਕੇ ਪੌੜੀਆਂ ਚਾਈਆਂ ਨੀ।
(ਹੀਰ—ਵਾਰਸ ਸ਼ਾਹ)

## ਮਹਿੰਗਾ ਰੋਵੇ ਇਕ ਵਾਰ, ਤੇ ਸਸਤਾ ਰੋਵੇ ਬਾਰ ਬਾਰ।

**ਭਾਵ** :—ਮਹਿੰਗੀ ਚੀਜ਼ ਦੇਰ ਚਿਰ ਲਈ ਵਰਤੋਂ ਵਿਚ ਆਉਂਦੀ ਹੈ, ਪਰ ਸਸਤੀ ਛੇਤੀ ਹੀ ਹੰਢ ਜਾਂਦੀ ਹੈ।

**ਵਰਤੋਂ** :—ਜੁੱਤੀ ਉਤੇ ਮੁਲ ਬੜਾ ਲਗਾ ਹੈ। 'ਮਹਿੰਗਾ ਰੋਵੇ ਇਕ ਵਾਰ ਤੇ ਸਸਤਾ ਰੋਵੇ ਬਾਰ ਬਾਰ' ਕੁਝ ਚਿਰ ਹੰਢੇਗੀ ਤਾਂ ਸਹੀ। (ਸੰਗ੍ਰ)

## ਮਕਿਉਂ ਪਰੇ ਉਜਾੜ।

**ਭਾਵ** :—ਕਿਸੇ ਮਾਮਲੇ ਨੂੰ ਅਜੇਹੀ ਹਦ ਤੋਂ ਪਰੇ ਪੁਚਾਣਾ ਜਿਥੋਂ ਹਲ ਕੁਝ ਨਾ ਹੋਵੇ।

**ਵਰਤੋਂ** :—ਪਾਠਕ ਹੈਰਾਨ ਹੋਣਗੇ ਕਿ ਜਦ ਇਸ ਨਾਵਲ ਦੇ ਸਭਨਾਂ ਪਾਤਰਾਂ ਨੂੰ ਮੂੰਹ ਮੰਗੀਆਂ ਮੁਰਾਦਾਂ ਦੇ ਦਿਤੀਆਂ ਹਨ, ਤਾਂ ਹੁਣ ਹੋਰ ਲਿਖਣਾ ਕੀ? ਮਕਿਉਂ ਪਰੇ ਉਜਾੜ ਬਾਕੀ ਹੈ?
(ਪ੍ਰੇਮ ਸੰਗੀਤ—ਨਾਨਕ ਸਿੰਘ)

## ਮੱਕੇ ਜਾਣਾ ਤੇ ਮਜੌਰਾਂ ਨੂੰ ਕੀ ਪੁਛਣਾ।

**ਭਾਵ** :—ਜਦ ਆਪ ਹੀ ਵਡਿਆਂ ਨੂੰ ਮਿਲ ਮਿਲਾਕੇ ਕੰਮ ਕਢਣਾ ਹੈ,ਤਦ ਵਿਚਲਿਆਂ ਦੀ ਕੀ ਲੋੜ।

**ਵਰਤੋਂ** :—ਸਰਦਾਰ ਜੀ, ਗਲ ਤਾਂ ਲਖ ਰੁਪਏ ਦੀ ਕਹੀ ਜੇ ਅਖੇ ਜੇ 'ਮਕੇ ਜਾਣਾ ਤੇ ਮਜੌਰਾਂ ਨੂੰ ਕੀ ਪੁਛਣਾ? ਜਦ ਕੰਮ ਆਪ ਹੀ ਕਰਨਾ ਹੈ, ਤਾਂ ਕਿਸੇ ਦੇ ਦਖ਼ਲ ਦੀ ਕੀ ਲੋੜ? (ਸੰਗ੍ਰ)

## ਮਖੱਟੂ ਪੁਤ ਤੇ ਖੋਟਾ ਪੈਸਾ ਔਖੇ ਵੇਲੇ ਕੰਮ ਆ ਜਾਂਦਾ ਹੈ।

**ਭਾਵ** :—ਭੈੜੀ ਤੋਂ ਭੈੜੀ ਚੀਜ਼ ਵੀ ਦੁਖ ਵਿਚ ਸਹਾਇਕ ਸਾਬਤ ਹੋ ਸਕਦੀ ਹੈ।

**ਵਰਤੋਂ** :—ਸਿਆਣਿਆਂ ਨੇ ਐਵੇਂ ਨਹੀਂ ਜੇ ਆਖਿਆ ਕਿ ਕਖ ਨਾਲ ਵੀ ਰਖ। ਮਖਟੂ ਪੁਤ ਤੇ ਖੋਟਾ ਪੈਸਾ ਔਖੇ ਵੇਲੇ ਕੰਮ ਆ ਹੀ ਜਾਂਦਾ ਹੈ। (ਸੰਗ੍ਰ)

## ਮਖਟੂ ਪੁਤ ਨ ਜੰਮਦੇ, ਧੀ ਅੰਨ੍ਹੀ ਚੰਗੀ।

**ਭਾਵ** :—ਨਿਕਾਰ ਪੁਤ ਬਹੁਤ ਹੀ ਨਿੰਦਨੀਯ ਹੈ।

**ਵਰਤੋਂ** :—ਪੁਤਰ ਹੋਏ, ਪਰ ਕੀ ਹੋਏ। ਸੁੱਖ ਕਿਸੇ ਦਾ ਨਹੀਂ ਡਿਠਾ। ਸਭੇ ਵਿਹਲੜ ਰੋਟੀਆਂ ਦੇ ਮਾਰੂ। ਸੱਚ ਹੈ 'ਮਖੱਟੂ ਪੁਤ ਨਾ ਜੰਮਦੇ, ਧੀ ਅੰਨ੍ਹੀ ਚੰਗੀ।' (ਸੰਗ੍ਰ)

## ਮਖਣ ਖਾਇ ਨ ਨੀਰ ਵਿਲੋਵੇ।

**ਭਾਵ** :—ਸਹੀ ਕਾਰਨ ਹੀ ਸਹੀ ਨਤੀਜੇ ਪੈਦਾ ਕਰਦਾ ਹੈ।

**ਵਰਤੋਂ** :—

ਗਾਲੀਂ ਤ੍ਰਿਪਤ ਨ ਹੋਵਈ ਖੰਡ ਖੰਡ ਕਰ ਸਾਉ ਨ ਭੋਵੈ।
ਮਖਣ ਖਾਇ ਨ ਨੀਰ ਵਿਲੋਵੈ।

(ਵਾਰਾਂ—ਭਾਈ ਗੁਰਦਾਸ)

## ਮੱਖੀ, ਮੱਛੀ ਇਸਤਰੀ ਤਿੰਨੇ ਜਾਤ ਕੁਜਾਤ ਜਿਥੇ ਵੇਖਣ ਹਟ ਵਗੇ, ਉਥੇ ਰਹਿੰਦੇ ਦਿਨ ਤੇ ਰਾਤ।

**ਭਾਵ** :—ਮੱਖੀ, ਮੱਛੀ, ਤੇ ਤੀਵੀਂ ਜਿਥੇ ਚੰਗਾ ਚੋਖਾ ਵੇਖਣ, ਪਸਰ ਪੈਂਦੀਆਂ ਹਨ।

**ਵਰਤੋਂ** :—ਨਟਣੀ— ਮਹਾਰਾਜ ! ਛਡੋ ਉਸ ਕੁਲੱਖਣੀ ਦੀ ਕਥਾ, ਜਿਥੇ ਚੰਗਾ ਚੋਖਾ ਵੇਖਿਆ, ਉਥੇ ਢਹਿ ਪਈ। ਤੀਵੀਂ ਦੀ ਜਾਤ ਹੀ ਅਜੇਹੀ ਹੈ। 'ਮੱਖੀ, ਮੱਛੀ, ਇਸਤ੍ਰੀ ਤਿੰਨੇ ਜ਼ਾਤ ਕੁਜ਼ਾਤ। ਜਿਥੇ ਵੇਖਣ ਹਟ ਵਗੇ, ਉਥੇ ਰਹਿੰਦੇ ਦਿਨ ਤੇ ਰਾਤ'। (ਸੰਗ੍ਰ)

## ਮੱਖੀ ਮੁਹਿ ਮਕੜੀ ਕਿਉ ਹੋਵੈ ਬਾਜ।

**ਭਾਵ** :—ਜੇ ਮਕੜੀ ਦੇ ਮੂੰਹ ਵਿਚ ਮੱਖੀ ਆ ਜਾਵ ਤਾਂ ਉਹ ਬਾਜ ਕਿਵੇਂ ਹੋ ਸਕਦੀ ਹੈ ? ਭਾਵ, ਵਡਿਆਈ ਦਾ ਇਕ ਅਧਾ ਅੰਗ ਹੋਣ ਕਰਕੇ ਕੋਈ ਵਡਾ ਨਹੀਂ ਬਣ ਜਾਂਦਾ।

**ਵਰਤੋਂ** :—

ਜੇ ਮਖੀ ਮੁਹਿ ਮਕੜੀ ਕਿਉਂ ਹੋਵੈ ਬਾਜ।
ਸਚ ਸਚਾਵਾ ਕਾਢੀਐ ਕੂੜਾ ਕੂੜਾ ਪਾਜ।

(ਵਾਰਾਂ—ਭਾਈ ਗੁਰਦਾਸ)

## ਮਗਰ ਬਿਗਾਨੇ ਮੁੱਕੀਆਂ ਬੀਬੇ ਦੇਦਿ ਨਿਸੰਗ।

**ਭਾਵ** :—ਜਦ ਕੋਈ ਦੂਜੇ ਦਾ ਦੁਖ ਮਹਿਸੂਸ ਕਰਨ ਦੀ ਥਾਂ ਉਲਟਾ ਉਸਨੂੰ ਹੋਰ ਦੁਖੀ ਕਰੀ ਜਾਵੇ।

**ਵਰਤੋਂ** :—ਬਿਗਾਨਿਆਂ ਨੂੰ ਸਤਾਣਾ ਸੋਖਾ ਹੈ 'ਮਗਰ ਵਿਗਾਨੇ ਮੁਕੀਆਂ ਬੀਬੇ ਦੇਇ ਨਿਸੰਗ' ਆਪਣੀ ਧੀ ਭੈਣ ਨੂੰ ਟਿਚਕਰ ਕਰੇ ਤਾਂ ਵੇਖਾਂ। (ਸੰਗ੍ਰ)

## ਮਘੀ ਵਿਚ ਮਘੇਰਨਾ।

**ਭਾਵ** :— ਘਰ ਵਿਚ ਹੀ ਦੁਖਾਂ ਦੇ ਕਾਰਨ ਉਪਜ ਪੈਣੇ।

**ਵਰਤੋਂ** :—ਇਸ ਦੇ ਨਾਲ ਹੀ ਉਸ ਨੂੰ ਇਹ ਚਿੰਤਾ ਹੋਈ ਕਿ ਹੁਣ ਇਸ ਘਰ ਵਿੱਚ ਜਦ ਕਿ ਮਾਘੀ ਵਿਚ ਮਘੇਰਨਾ ਲਗ ਗਿਆ ਹੈ। ਮੈਂ ਸੁਖੀ ਨਹੀਂ ਰਹਿ ਸਕਦਾ।

(ਮਿੱਠਾ ਮੋਹਰਾ—ਨਾਨਕ ਸਿੰਘ)

## ਮਛਰ ਡੰਗ ਨਾ ਪੁਜਈ ਬਿਸੀਅਰ ਬੁਰਿਆਰ।

**ਭਾਵ** :—ਮਛਰ ਦਾ ਡੰਗ ਕਿੰਨਾ ਵੀ ਜ਼ਹਿਰੀਲਾ ਹੋਵੇ, ਸੱਪ ਦੇ ਡੰਗ ਬਰਾਬਰ ਨਹੀਂ ਪੁਜ ਸਕਦਾ। ਭਾਵ ਛੋਟੀ ਹੈਸੀਅਤ ਦੀ ਭੈੜੀ ਚੀਜ਼ ਬਹੁਤਾ ਦੁਖ ਨਹੀਂ ਦੇ ਸਕਦੀ।

**ਵਰਤੋਂ** :—

ਮਛਰ ਡੰਗ ਨਾ ਪੁਜਈ ਬਿਸੀਅਰ ਬੁਰਿਆਰ।
ਚਿੜ੍ਹੇ ਲਖ ਮਕੋੜਿਆਂ ਕਿਉਂ ਹੋਵੇ ਸ਼ਿਕਾਰ।

(ਵਾਰਾਂ—ਭਾਈ ਗੁਰਦਾਸ)

## ਮਛੀ ਪੱਥਰ ਚੱਟਕੇ ਹੀ ਮੁੜਦੀ ਹੈ।

**ਭਾਵ** :—ਮੂਰਖ ਪੁਰਸ਼ ਦੁਖ ਪਾ ਕੇ ਹੀ ਆਪਣੀ ਕਰਨੀ ਤੋਂ ਟਲਦਾ ਹੈ।

**ਵਰਤੋਂ** :—'ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ' ਇਸ ਵੇਲੇ ਉਸ ਨੂੰ ਸਮਝਾਉਣ ਦਾ ਕੋਈ ਲਾਭ ਨਹੀਂ। ਆਪੇ ਦੁਖ ਪਾਏਗਾ ਤੇ ਮੁੜੇਗਾ। (ਸੰਗ੍ਰ)

## ਮੱਛੀ ਰਹੀ ਦਰਿਆ ਤੇ ਰੈਨ ਮਿਰਚਾਂ ਕੁੱਟੇ।

**ਭਾਵ** :—ਫਲ ਮਿਲਣ ਦੀ ਉੱਕੀ ਆਸ ਨਾ ਹੋਵੇ, ਪਰ ਬੰਦਾ ਉਸਨੂੰ ਲੈਣ ਦੀ ਤਿਆਰੀ ਕਰਦਾ ਰਹੇ।

**ਵਰਤੋਂ** :—ਤੇਰੀ ਤਾਂ ਉਹ ਗੱਲ ਹੈ ਅਖੇ ਮੱਛੀ ਰਹੀ ਦਰਿਆ ਤੇ ਰੈਨ ਮਿਰਚਾਂ ਕੁਟੇ। ਪੈਸਾ

ਮਿਲਣ ਦੀ ਆਸ ਕੋਈ ਨਜ਼ਰ ਨਹੀਂ ਆਉਂਦੀ ਤੇ ਤੂੰ ਸਾਈਆਂ ਲਾਈ ਬੈਠਾ ਏਂ ਬੜੀਆਂ ਬੜੀਆਂ। (ਸੰ)

## ਮੜ ਫਿਰੇ ਠਕੇ ਦੀ ਮਾਰੀ, ਮਾਹੀ ਚੁੰਘਾਟ।

**ਭਾਵ** :—ਜਦ ਕੋਈ ਦੂਜੇ ਦੇ ਦੁਖਾਂ ਨੂੰ ਮਹਿਸੂਸ ਨਾ ਕਰੇ ਤੇ ਆਪਣਾ ਹੀ ਉਲੂ ਸਿਧਾ ਕਰਨਾ ਚਾਹੇ।

**ਵਰਤੋਂ** :—ਰਮਿਆ, ਹਰ ਵੇਲੇ ਤੂੰ ਆਪਣੇ ਹੀ ਦੁਖ ਫੋਲਦਾ ਏਂ, ਹੋਰ ਵੀ ਬਥੇਰੇ ਦੁਖੀ ਹਨ। ਦੂਜਿਆਂ ਦਾ ਫਿਕਰ ਵੀ ਤਾਂ ਕਰਿਆ ਕਰ। ਤੇਰਾ ਤਾਂ ਇਹ ਹਾਲ ਏ ਅਖੇ, 'ਮੜ ਫਿਰੇ ਠਕੇ ਦੀ ਮਾਰੀ, ਮਾਹੀ ਫਿਰੇ ਚੁੰਘਾਟ।' (ਸੰਗ੍ਰ)

## ਮਣ ਮਾਣੀ ਨੂੰ ਗਾਲੇ ਤੇ ਮਣ ਮਾਣੀ ਨੂੰ ਤਾਰੇ।

**ਭਾਵ** :—ਜਦ ਕਿਸੇ ਦੀ ਮਜ਼ੂਰੀ ਤਾਂ ਦਿਤੀ ਜਾਵੇ, ਪਰ ਮਾਮੂਲੀ ਕਸਰ ਪਿਛੇ ਮਾਲਕ ਦੀ ਸੋਭਾ ਨੂੰ ਸਟ ਮਾਰੀ ਜਾਵੇ। ਜਾਂ ਓਹੀ ਅਮੀਰੀ ਸੁਖ ਵੀ ਦਂਦੀ ਹੈ ਤੇ ਦੁਖ ਵੀ।

**ਵਰਤੋਂ** :—ਠੇਕੇਦਾਰ—ਮੁਨਸ਼ੀ ਜੀ, ਕਿਸੇ ਨੂੰ ਮਜ਼ਦੂਰੀ ਦੇਣ ਵੇਲੇ ਨਰਾਜ਼ ਨਾ ਕੀਤਾ ਕਰੋ, ਅਖੇ 'ਮਣ ਮਾਣੀ ਨੂੰ ਗਾਲੈ ਤੇ ਮਣ ਮਾਣੀ ਨੂੰ ਤਾਰੇ।' ਥੋੜ੍ਹੀ ਜਿੰਨੀ ਕੰਜੂਸੀ ਨਾਲ ਸਾਡਾ ਕੀ ਵਧ ਚਲਿਆ ਹੈ ? (ਸੰਗ੍ਰ)

## ਮਣ ਵਿਕੇ ਕਿ ਮਾਣੀ, ਕਣਕ ਜਵਾਈਆਂ ਖਾਣੀਂ।

**ਭਾਵ** :—ਜਦ ਕਿਸੇ ਦੀ ਲੱਥੀ ਚੜ੍ਹੀ ਦੀ ਪਰਵਾਹ ਨਾ ਹੋਵੇ ਤੇ ਆਪਣੀ ਹੀ ਗਰਜ਼ ਮੁਖ ਹੋਵੇ।

**ਵਰਤੋਂ** :—ਤੇਰਾ ਤਾਂ ਉਹ ਹਾਲ ਹੈ। ਅਖੇ 'ਮਣ ਵਿਕੇ ਕਿ ਮਾਣੀ, ਕਣਕ ਜਵਾਈਆਂ ਖਾਣੀ।' ਮੇਰੀ ਗ਼ਰੀਬੀ ਦਾ ਤਾਂ ਤੈਨੂੰ ਕੋਈ ਖਿਆਲ ਹੀ ਨਹੀਂ। ਬਸ ਆਪਣੀਆਂ ਲੋੜਾਂ ਦੀ ਰੱਟ ਹੀ ਲਗਾਈ ਰਖਨਾ ਏਂ। (ਸੰਗ੍ਰ)

## ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।

**ਭਾਵ** :—ਮਨੁਖ ਇਕ ਪਾਸੇ ਜਾਣ ਦਾ ਫੈਸਲਾ ਕਰਦਾ ਹੈ, ਪਰ ਹਰੀ (ਜਾਂ ਹੋਣੀ) ਉਸਨੂੰ ਪੂਰਬ ਦੂਜੇ ਪਾਸੇ ਲੈ ਜਾਂਦਾ ਹੈ।

**ਵਰਤੋਂ** :—

ਮਤਾ ਕਰੈ ਪਛਮ ਕੈ ਤਾਂਈ ਪੂਰਬ ਹੀ ਲੈ ਜਾਤ
ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥ ਮਤਾਤ।
(ਗੁਰੂ ਗ੍ਰੰਥ—ਰਾਗ ਗੂਜਰੀ)

## ਮਥਰਾ ਤੀਨ ਲੋਕ ਤੋਂ (ਸੇ) ਨਿਆਰੀ।

**ਭਾਵ** :—ਜਦ ਕੋਈ ਬਾਕੀਆਂ ਨਾਲੋਂ ਉਲਟਾ ਕੰਮ ਕਰੇ ਜਾਂ ਵਖਰਾ ਰਹੇ।

**ਵਰਤੋਂ** :—ਕੀ ਤੁਹਾਡੀ ਮਥਰਾ ਸਦਾ ਤੀਨ ਲੋਕ ਤੋਂ ਨਿਆਰੀ ਹੀ ਰਵ੍ਹੇਗੀ। ਕਦੇ ਤਾਂ ਕਿਸੇ ਨਾਲ ਰਲ ਬਹਿਆ ਕਰੋ। (ਸੰਗ੍ਰ)

## ਮਥਾ ਟੇਕੇ ਜ਼ਮੀਨ, ਪਰ ਦਿਲ ਉੱਤੇ ਅਸਮਾਨ।

**ਭਾਵ** :—ਦਸੇ ਤਾਂ ਕੋਈ ਅਧੀਨਤਾ, ਮਨ ਵਿਚ ਹੰਕਾਰ ਹੋਵੇ।

**ਵਰਤੋਂ** :— ਪੈਸੇ ਨੇ ਉਸ ਦਾ ਦਮਾਗ਼ ਅਸਮਾਨ ਤੇ ਚਾੜ੍ਹ ਦਿੱਤਾ ਹੈ ਤੇ ਉਸ ਦੀ ਅਧੀਨਤਾ ਹੁਣ ਐਵੇਂ ਓਪਰੀ ਓਪਰੀ ਹੀ ਹੈ। ਅਖੇ 'ਮੱਥਾ ਟੇਕੇ ਜ਼ਮੀਨ ਪਰ ਦਿਲ ਉਤੇ ਅਸਮਾਨ।' (ਸੰਗ੍ਰ)

## ਮੱਥੇ ਮਹਿਰਾਬ ਤੇ ਬਗਲ ਇੱਟਾਂ।

**ਭਾਵ** :—ਪਲੇ ਕੁਝ ਨਾ ਹੋਵੇ ਤੇ ਆਪਣੇ ਆਪ ਨੂੰ ਵਡਾ ਆਲਮ ਦਸੇ।

**ਵਰਤੋਂ** :—'ਮੱਥੇ ਮਹਿਰਾਬ ਤੇ ਬਗਲ ਇੱਟਾਂ' ਵਾਲੀ ਗੱਲ ਹੈ ਉਸ ਦੀ ਤਾਂ। ਆਪਣੇ ਆਪ ਨੂੰ ਬੜਾ ਸਾਹਿਤਕਾਰ ਦਸਦਾ ਹੈ; ਪਰ ਆਂਦਾ ਜਾਂਦਾ ਕੁਝ ਨਹੀਂ। (ਸੰਗ੍ਰ)

**ਮਨ ਆਪਣੇ ਨੂੰ ਪੁਛ ਕੇ ਕੀਜੇ ਕੁਲ ਦੀ ਰੀਤ ।**

**ਭਾਵ** :—ਸਮਾਜ ਦੀ ਰੀਤੀ ਨਿਬਾਹੁਣ ਤੋਂ ਪਹਿਲਾਂ ਆਪਣੇ ਮਨ ਨੂੰ ਪੁਛ ਲੈਣਾ ਚਾਹੀਦਾ ਹੈ ਕਿ ਉਹ ਮੰਨਦਾ ਹੈ ਕਿ ਨਹੀਂ ।

**ਵਰਤੋਂ** :—ਇਹ ਰਿਸ਼ਤਾ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਮਨ ਨਾਲ ਵਿਚਾਰ ਕਰਨੀ ਜ਼ਰੂਰੀ ਸੀ । ਸਿਆਣਿਆਂ ਦਾ ਕਥਨ ਹੈ, 'ਮਨ ਆਪਣੇ ਨੂੰ ਪੁੱਛ ਕੇ ਕੀਜੇ ਕੁਲ ਦੀ ਰੀਤ' ਹੁਣ ਕੀ ਹੋ ਸਕਦਾ ਹੈ ? (ਸੰਗ੍ਰ)

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ।**

**ਭਾਵ** :—ਮਨ ਨੂੰ ਸਮਝਾਉਣ ਲਈ ਥੋੜਾ ਬਹੁਤ ਗਿਆਨ ਜ਼ਰੂਰ ਪੜ੍ਹਨਾ ਚਾਹੀਦਾ ਹੈ ।

**ਵਰਤੋਂ** :—

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ।
ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ।
(ਗੁਰੂ ਗ੍ਰੰਥ—ਗਉੜੀ ਬਾਵਨ ਅਖਰੀ)

**ਮਨ ਹਰਾਮੀ ਹੁਜਤਾਂ ਢੇਰ ।**

**ਭਾਵ** :—ਜਦ ਕਿਸੇ ਦਾ ਕੰਮ ਕਰਨ ਨੂੰ ਜੀ ਨਾ ਕਰੇ ਤੇ ਮੁਫ਼ਤ ਦੇ ਬਹਾਨੇ ਬਣਾਈ ਜਾਵੇ ।

**ਵਰਤੋਂ** :—ਕਿਰਪਾ ਸ਼ਾਹ—ਇਹ ਕਾਹਦੀ ਭਾਰੀ ਏ । 'ਮਨ ਹਰਾਮੀ ਤੇ ਹੁਜਤਾਂ ਢੇਰ ।' ਬਾਂਕਾ ਬਣ ਬੈਠਾ ਏ ਲਾਹੌਰ ਦਾ । (ਸੰਗ੍ਰ)

**ਮਨ ਹੋਵੇ ਚੰਗਾ, ਤਦ ਕਾਠੜੇ ਵਿਚ ਗੰਗਾ ।**

**ਭਾਵ** :—ਮਨ ਦੇ ਪਵਿਤਰ ਹੋਣ ਨਾਲ ਸਾਰੇ ਤੀਰਥਾਂ ਦਾ ਮਹਾਤਮ ਘਰ ਵਿਚ ਹੀ ਮਿਲ ਜਾਂਦਾ ਹੈ ।

**ਵਰਤੋਂ** :—ਤੀਰਥਾਂ ਉਤੇ ਉਹ ਜਾਣ ਜੋ ਪਾਪ ਕਮਾਉਣ । ਅਸੀਂ ਤਾਂ ਸਮਝਦੇ ਹਾਂ ਕਿ 'ਮਨ ਹੋਵੇ ਚੰਗਾ ਤਾਂ ਕਾਠੜੇ ਵਿਚ ਗੰਗਾ ।' (ਸੰਗ੍ਰ)

**ਮਨ ਕਾ ਅੰਧਾ ਅੰਧ ਕਮਾਵੇ ।**

**ਭਾਵ** :—ਮਨ ਦਾ ਖੋਟਾ, ਭੈੜੇ ਕੰਮ ਕਰਦਾ ਹੈ ।

**ਵਰਤੋਂ** :—

ਆਪਿ ਨ ਬੂਝੈ ਲੋਕ ਬੁਝਾਵੈ ।
ਮਨ ਕਾ ਅੰਧਾ ਅੰਧੁ ਕਮਾਵੈ ।
(ਗੁਰੂ ਗ੍ਰੰਥ—ਰਾਗ ਬਿਲਾਵਲ)

**ਮਨ ਦੇ ਲਡੂਆਂ ਨਾਲ ਭੁਖ ਨਹੀਂ ਜਾਂਦੀ ।**

**ਭਾਵ** :—ਫੋਕੀਆਂ ਵਿਚਾਰਾਂ ਨਾਲ ਕੰਮ ਰਾਸ ਨਹੀਂ ਹੁੰਦੇ, ਮਿਹਨਤ ਕਰਨੀ ਪੈਂਦੀ ਹੈ ।

**ਵਰਤੋਂ** :—ਬਿਨਾਂ ਹਿੰਮਤ ਅਤੇ ਕਰੜੀ ਮਿਹਨਤ ਕੋਈ ਖਾਸ ਲਾਭ ਨਹੀਂ ਹੋਣਾ, 'ਮਨ ਦੇ ਲਡੂਆਂ ਨਾਲ ਭੁਖ ਨਹੀਂ ਮਿਟਦੀ ।' (ਸੰਗ੍ਰ)

**ਮਨ ਪਾਰਾ ਗੁਰਮੁਖਿ ਵਸ ਆਣੈ ।**

**ਭਾਵ** :—ਮਨ ਪਾਰੇ ਵਾਂਗ ਚੰਚਲ ਹੈ, ਪਰ ਗੁਰਮੁਖ ਇਸ ਨੂੰ ਵਸ ਕਰ ਲੈਂਦੇ ਹਨ ।

**ਵਰਤੋਂ** :—

ਅਉਖਧ ਹੋਵੈ ਕਾਲ ਕੂਟ ਮਾਰ ਜੀਵਾਲਨ ਵੈਦ ਸੁਜਾਣੈ।
ਮਨ ਪਾਰਾ ਗੁਰਮੁਖਿ ਵਸ ਆਣੈ ।
(ਵਾਰਾਂ—ਭਾਈ ਗੁਰਦਾਸ)

**ਮਨ ਭਾਉਂਦਾ ਖਾਈਏ, ਤੇ ਜਗ ਭਾਉਂਦਾ ਲਾਈਏ (ਹੰਢਾਈਏ)**

**ਭਾਵ** :—ਖਾਈਏ ਤਾਂ ਉਹ ਚੀਜ਼ ਜੋ ਚਿਤ ਠਰੇ, ਪਰ ਕਰੀਏ ਉਹ ਜਿਸਨੂੰ ਜਹਾਨ ਚੰਗਾ ਆਖੇ ।

**ਵਰਤੋਂ** :—ਗੱਲ ਅਸਲ ਵਿਚ ਇਹ ਹੈ ਰਤਨ । ਸਿਆਣੇ ਆਂਹਦੇ ਹੁੰਦੇ ਨੇ ਮਨ ਭਾਉਂਦਾ ਖਾਈਏ, ਤੇ ਜਗ ਭਾਉਂਦਾ ਹੰਢਾਈਏ । ਤੂੰਹੀਓਂ ਸੋਚ ਹੁਣ ਮੇਰੀ ਉਮਰ ਏ ਵਿਆਹ ਕਰਾਨ ਦੀ । (ਸੰਗ੍ਰ)

**ਮਨ ਮਿਲੇ ਦਾ ਮੇਲਾ ਤੇ ਚਿਤ ਮਿਲੇ ਦਾ ਚੇਲਾ।**

**ਭਾਵ** :—ਮਿਲਦੇ ਜੁਲਦੇ ਸੁਭਾਵਾਂ ਵਾਲੇ ਹੀ ਮਿਤਰ ਬਣਦੇ ਹਨ।

**ਵਰਤੋਂ** :—ਮਿਲਦੇ ਜੁਲਦੇ ਖਿਆਲਾਂ ਵਾਲੇ ਹੀ ਆਪਸ ਵਿੱਚ ਪਿਆਰ ਪਾ ਸਕਦੇ ਹਨ। ਸਿਆਣਿਆਂ ਦਾ ਅਖਾਣ ਹੈ 'ਮਨ ਮਿਲੇ ਦਾ ਮੇਲਾ ਤੇ ਚਿਤ ਮਿਲੇ ਦਾ ਚੇਲਾ'। (ਸੰਗ੍ਰ)

**ਮਨ ਮੰਗੇ ਪਾਤਸ਼ਾਹੀਆਂ, ਮੈਂ ਕਿਥੋਂ ਕਢਾਂ।**

**ਭਾਵ** :—ਆਪਣੀ ਵਿਤ ਤੋਂ ਪਰੇ ਜਦ ਕੋਈ ਮਨ ਦੀਆਂ ਚਟਲਾਸਾਂ ਪੂਰੀਆਂ ਨਾ ਕਰ ਸਕੇ, ਤਾਂ ਅੱਕ ਕੇ ਕਹੀਦਾ ਹੈ।

**ਵਰਤੋਂ** :—ਮਾਂ—ਬੱਚਾ! ਜੋ ਕੁਝ ਮੇਰੇ ਕੋਲ ਹੈ ਤੇਰਾ ਹੈ, ਇਸ ਤੋਂ ਵਧ ਮੇਰੀ ਵਿਤ ਨਹੀਂ। ਜੇ 'ਮਨ ਮੰਗੇ ਪਾਤਸ਼ਾਹੀਆਂ ਤਾਂ ਮੈਂ ਕਿਥੋਂ ਕਢਾਂ'? (ਸੰਗ੍ਰ)

**ਮਨਮੁਖ ਟੋਟਾ, ਗੁਰਮੁਖ ਲਾਹਾ।**

**ਭਾਵ** :—ਮਨਮੁਖਾਂ ਨੂੰ ਘਾਟਾ ਤੇ ਗੁਰਮੁਖਾਂ ਨੂੰ ਲਾਭ ਹੀ ਲਾਭ।

**ਵਰਤੋਂ** :—

ਗੁਰਮੁਖ ਸੁਖ ਫਲ ਪਿਸਮ ਰਸ
ਮਨਮੁਖ ਬਦਰਾਹੀ ਬਦਰਾਹਾ।
ਮਨਮੁਖ ਟੋਟਾ ਗੁਰਮੁ ਲਾਹਾ।
(ਵਾਰਾਂ—ਭਾਈ ਗੁਰਦਾਸ ਜੀ)

**ਮਨਾਇਆ ਮਿਤਰ ਦੂਣਾ ਵੈਰੀ।**

**ਭਾਵ** :—ਜਿਸ ਨਾਲ ਲੜਾਈ ਮਗਰੋਂ ਸੁਲਾਹ ਹੋ ਜਾਵੇ ਉਸ ਪਾਸੋਂ ਦਿਲ ਨੂੰ ਖਤਰਾ ਰਹਿਦਾ ਹੈ।

**ਵਰਤੋ** :— ਰੁਠੇ ਮਿਤਰ ਪਾਸੋਂ ਭੈ ਤਾਂ ਜ਼ਰੂਰ ਰਹਿੰਦਾ ਹੈ। ਬਚ ਕੇ ਰਹੀਏ ਤਾਂ ਚੰਗਾ ਹੈ। ਆਖਦੇ ਹਨ 'ਮਨਾਇਆ ਮਿਤਰ ਦੂਣਾ ਵੈਰੀ'। (ਸੰਗ੍ਰ)

**ਮਨਿ ਜੀਤੈ ਜਗੁ ਜੀਤ।**

**ਭਾਵ** :—ਜਿਸ ਨੇ ਮਨ ਨੂੰ ਜਿਤ ਲਿਆ ਹੈ, ਉਸਨੇ ਮਾਨੋ ਸੰਸਾਰ ਨੂੰ ਜਿਤ ਲਿਆ ਹੈ।

**ਵਰਤੋਂ** :—ਸਭ ਤੋਂ ਕੀਮਤੀ ਤੇ ਮੁਬਾਰਕ ਜੰਗ ਉਹ ਹੈ, ਜੋ ਆਪਣੀਆਂ ਨਿੱਜੀ ਕਮਜ਼ੋਰੀਆਂ ਵਿਰੁਧ ਲੜੀ ਜਾਵੇ। 'ਮਨ ਜੀਤੇ ਜਗੁ ਜੀਤ'। ਦਾ ਗੁਰਵਾਕ ਸੱਚ ਹੀ ਤਾਂ ਹੈ। (ਸੰਗ੍ਰ)

**ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨਾ ਹੋਇ।**

**ਭਾਵ** :—ਜੇ ਮਨ ਗੰਦਾ ਹੈ ਤਾਂ ਸਭੋ ਕੁਝ ਗੰਦਾ ਹੈ, ਸਰੀਰ ਸਾਫ ਕਰਨ ਨਾਲ ਮਨ ਸਾਫ ਨਹੀਂ ਹੁੰਦਾ।

**ਵਰਤੋਂ** :—

ਮਨਿ ਮੈਲੇ ਸਭ ਕਿਛੁ ਮੈਲਾ
ਤਨਿ ਧੋਤੈ ਮਨ ਹਛਾ ਨਾ ਹੋਇ।
ਇਹ ਜਗਤੁ ਭਰਮਿ ਭੁਲਾਇਆ
ਵਿਰਲਾ ਬੂਝੈ ਕੋਇ।
(ਗੁਰੂ ਗ੍ਰੰਥ—ਰਾਗ ਵਡਹੰਸ)

**ਮਨੁਖ ਪਰਖੀਏ ਵਸ ਪਿਆ, ਸੋਨਾ ਪਰਖੀਏ ਕਸ ਪਿਆ।**

**ਭਾਵ** :—ਸੋਨਾ ਤੇ ਮਨੁਖ ਅਜ਼ਮਾਇਸ਼ ਸਮੇਂ ਹੀ ਪਰਖਿਆ ਜਾ ਸਕਦਾ ਹੈ।

**ਵਰਤੋਂ** :—ਅਸੀਂ ਸਾਰੇ ਸਿਆਣੇ ਬਣੀ ਫਿਰਦੇ ਹਾਂ ਪਰ ਉਸਦੀ ਪਰਖ ਨਾ ਕਰ ਸਕੇ। ਵਾਹ ਜੋ ਨਹੀਂ ਸੀ ਪਿਆ। ਸਿਆਣਿਆਂ ਨੇ ਇਸੇ ਲਈ ਕਿਹਾ ਹੈ ਕਿ 'ਮਨੁਖ ਪਰਖੀਏ ਵਸ ਪਿਆ, ਸੋਨਾ ਪਰਖੀਏ ਕਸ ਪਿਆ'। (ਸੰਗ੍ਰ)

**ਮਨੁੱਖ ਮੰਗੇ ਆਟਾ ਉਹਨੂੰ ਆਟੇ ਦਾ ਕੀ ਘਾਟਾ।**

**ਭਾਵ** :—ਰੋਟੀਉਂ ਕੋਈ ਨਹੀਂ ਮਰਦਾ (ਹਿੰਮਤ ਦਿਵਾਉਣ ਲਈ ਵਰਤਦੇ ਹਨ)

**ਵਰਤੋਂ** :—ਮਿਤ੍ਰਾ, ਪਸ਼ੇਮਾਨ ਨਾ ਹੋ, ਹਿੰਮਤ ਕਰ, ਰੋਟੀ ਜ਼ਰੂਰ ਕਮਾ ਖਾਏਂਗਾ, ਅਖੇ 'ਮਨੁੱਖ ਮੰਗੇ ਆਟਾ, ਉਸ ਨੂੰ ਆਟੇ ਦਾ ਕੀ ਘਾਟਾ ? (ਸੰਗ੍ਰ)

**ਮਰ ਗਈ ਗੁੱਡੀ ਪਟੋਲਿਆਂ ਖੁਣੋ ।**

**ਭਾਵ** :—ਕਿਸੇ ਕਮਜ਼ੋਰ ਪੁਰਸ਼ ਦਾ ਮਮੂਲੀ ਗੱਲ ਪਿਛੇ ਬਾਜ਼ੀ ਹਾਰ ਦੇਣਾ ।

**ਵਰਤੋਂ** :— ਮਾਮਾ - ਨੱਥੂ ਬੜਾ ਆਲਸੀ ਮੁੰਡਾ ਹੈ, ਉਹ ਕਿਸੇ ਨਾ ਕਿਸੇ ਬਹਾਨੇ ਗਲ ਨੂੰ ਸਿਰੇ ਨਹੀਂ ਚਾੜ੍ਹਦਾ ਤੇ ਚੀਕਦਾ ਰਹਿੰਦਾ ਹੈ । ਉਸ ਦੀ ਤਾਂ ਉਹ ਗਲ ਹੈ ਅਖੇ 'ਮਰ ਗਈ ਗੁਡੀ ਪਟੋਲਿਆਂ ਖੁਣੋ ।' (ਸੰਗ)

**ਮਰਣ ਸੁ ਮੁਣਸਾਂ ਸੱਚ ਹੈ ।**

**ਭਾਵ** :—ਸੂਰਮਿਆਂ ਦਾ ਮਰਨਾ ਸਫਲ ਹੈ ।

**ਵਰਤੋਂ** :—

ਮਰਣ ਸੁ ਮੁਣਸਾਂ ਸੱਚ ਹੈ ਸਾਧਿ ਸੰਗਤਿ ਮਿਲ ਪੈਜ ਸਵਾਰੀ । ਭਲਿਆਈ ਸਤਿਗੁਰੁ ਮਤਿ ਸਾਰੀ । (ਵਾਰਾਂ—ਭਾਈ ਗੁਰਦਾਸ)

**ਮਰਣਾ ਮੂਲ ਤੇ ਜੀਵਣਾ ਲਾਹ** । ਜਾਂ **ਮਰਣਾ ਸਚ ਤੇ ਜੀਉਣਾ ਕੂੜ ।**

**ਭਾਵ** :—ਮਰਣਾ ਜ਼ਰੂਰੀ ਹੈ, ਜੀਵਨ ਖੇਡ ਥੋੜ੍ਹ-ਚਿਰੀ ਤੇ ਨਿਰਮੂਲ ਹੈ ।

**ਵਰਤੋਂ** :—

ਮਰਣ ਮੂਲ ਤੇ ਜੀਵਣ ਲਾਹਾ,
ਦਿਲਗੀਰੀ ਕਿਉਂ ਰਹੀਏ ।
ਕਹੈ ਹੁਸੈਨ ਫਕੀਰ ਸਾਂਈਂ ਦਾ,
ਰੱਬ ਦਾ ਦਿਤਾ ਸਹੀਏ ।
(ਕਾਫ਼ੀਆਂ—ਸ਼ਾਹ ਹੁਸੈਨ)

**ਮਰਦ ਤੇ ਘੋੜੇ ਨਾ ਹੋਵਨ ਬੁਢੇ ਜੇ ਮਿਲਣ ਖੁਰਾਕਾਂ ।**

**ਭਾਵ** :—ਆਦਮੀ ਤੇ ਘੋੜੇ ਨੂੰ ਜੇ ਚੰਗੀ ਖ਼ੁਰਾਕ ਮਿਲਦੀ ਰਹੇ ਤਦ ਉਹ ਮਾੜਾ ਨਹੀਂ ਪੈਂਦਾ ।

**ਵਰਤੋਂ** :—ਅਜ ਕਲ ਖ਼ੁਰਾਕਾਂ ਨਹੀ ਰਹੀਆਂ ਤੇ ਨਸਲ ਨਿਤਾਣੀ ਹੋ ਰਹੀ ਹੈ । 'ਮਰਦ ਤੇ ਘੋੜੇ ਨਾ ਹੋਵਨ ਬੁਢੇ ਜੇ ਮਿਲਣ ਖ਼ੁਰਾਕਾਂ ।' ਵਾਲੀ ਗਲ ਸਿਆਣਿਆਂ ਐਵੇਂ ਨਹੀਂ ਜੇ ਆਖੀ । (ਸੰਗ੍ਰ)

**ਮਰਦ ਦੀ ਮਾਇਆ ਤੇ ਬਿਛ ਦੀ ਛਾਇਆ ਉਹਦੇ ਨਾਲ ਹੀ ਜਾਂਦੀ ਹੈ ।**

**ਭਾਵ** :—ਵਡੇ ਆਦਮੀ ਦੀ ਸ਼ਾਨ ਉਹਦੇ ਨਾਲ ਹੀ ਮਰ ਜਾਂਦੀ ਹੈ ।

**ਵਰਤੋਂ** :—ਤੁਸਾਡੇ ਮਾਮਾ ਜੀ ਦੇ ਮਰਨ ਮਗਰੋਂ ਘਰ ਦੀ ਸਾਰੀ ਖੇਡ ਹੀ ਖ਼ਰਾਬ ਹੋ ਗਈ ਹੈ । ਸਿਆਣਿਆਂ ਨੇ ਸੱਚ ਕਿਹਾ ਹੈ ਕਿ 'ਮਰਦ ਦੀ ਮਾਇਆ ਤੇ ਬਿਛ ਦੀ ਛਾਇਆ' ਉਹਦੇ ਨਾਲ ਹੀ ਜਾਂਦੀ ਹੈ । (ਸੰਗ੍ਰ)

**ਮਰਦਾ ਹਰ ਹਰ ਕਰਦਾ ।**

**ਭਾਵ** :—ਔਖੇ ਵੇਲੇ ਬੰਦਾ ਉਹ ਕਝ ਕਰਨ ਨੂੰ ਤਿਆਰ ਹੋ ਜਾਂਦਾ ਹੈ, ਜਿਹੜਾ ਉਹ ਨਹੀਂ ਕਰਨਾ ਚਾਹੁੰਦਾ ।

**ਵਰਤੋਂ** :—ਉਸ ਵੇਲੇ ਹੋਰ ਕੋਈ ਚਾਰਾ ਹੀ ਨਹੀਂ ਸੀ 'ਮਰਦਾ ਹਰ ਹਰ ਕਰਦਾ' ਦੇ ਅਖਾਣ ਅਨੁਸਾਰ ਉਸ ਨੂੰ ਲੜਕੀ ਦੀ ਗੱਲ ਮੰਨਣੀ ਹੀ ਪਈ । (ਸੰਗ੍ਰ)

**ਮਰਦਾ ਹਰ ਹਰ ਕਰਦਾ** । ਜਾਂ **ਮਰਦਾ ਕੀ ਨਹੀਂ ਕਰਦਾ ।**

**ਭਾਵ** :—ਅਤਿ ਦੁਖੀ ਹੋਕੇ ਮਨੁੱਖ ਉਹ ਕੁਝ ਕਰਨ ਨੂੰ ਤਿਆਰ ਹੋ ਜਾਂਦਾ ਹੈ, ਜੋ ਨਹੀਂ ਕਰਨਾ ਚਾਹੀਦਾ ।

**ਵਰਤੋਂ** :—ਮਰਦਾ ਕੀ ਨਹੀਂ ਕਰਦਾ ? ਨਵਾਬ ਖਾਨ ਨੇ ਕੌੜਾ ਘੁਟ ਭਰ ਕੇ ਇਹ ਸਾਰੀਆਂ ਸ਼ਰਤਾਂ ਮੰਨ ਲਈਆਂ ਤੇ ਰਹਿਨਨਾਮਾ ਲਿਖ ਕੇ ਦੇਣ ਨੂੰ ਤਿਆਰ ਹੋ ਪਿਆ ।

(ਨਵਾਬ ਖਾਨ—ਜੋਧ ਸਿੰਘ)

## ਮਰਦੀ ਦੇ ਮੂੰਹ ਘਿਉ ਲਾਇਆ, ਮੇਰੀ ਘਿਉ ਖਾਂਦੜੀ ਮੋਈ।

**ਭਾਵ** :—ਥੋੜਾ ਜਿਹਾ ਖਰਚ ਕਰਕੇ ਦਸੇ, ਕਿ ਮੈਂ ਬੜਾ ਕੁਝ ਕੀਤਾ ਹੈ।

**ਵਰਤੋਂ** :— ਸਾਡਾ ਜਜਮਾਨ ਬੜਾ ਓਪਰਾ ਜਿਹਾ ਬੰਦਾ ਹੈ। ਥੋੜਾ ਜਿਹਾ ਪੈਸਾ ਪੁਤ ਦੇ ਵਿਆਹ ਤੇ ਲਾਇਆ ਪਰ ਕਹੇ ਇਸ ਵਿਆਹ ਨੇ ਹੇਠਾਂ ਲਾਹ ਸੁਟਿਆ ਹੈ, ਉਸਦਾ ਤਾਂ ਇਹ ਹਾਲ ਹੈ ਕਿ ਅਖੇ 'ਮਰਦੀ ਦੇ ਮੂੰਹ ਘਿਉ ਲਾਇਆ, ਮੇਰੀ ਘਿਉ ਖਾਂਦੜੀ ਮੋਈ' (ਸੰਗ੍ਰ)

## ਮਰਦੀ ਮਰ ਗਈ ਪਰ ਚੋਚਲਿਆਂ ਤੋਂ ਨਾ ਰਹੀ।

**ਭਾਵ** :—ਜਦ ਕੋਈ ਅਤੀ ਆਤੁਰ ਹੋਕੇ ਵੀ ਨਖਰੇ ਕਰਨ ਤੋਂ ਨਾ ਟਲੇ।

**ਵਰਤੋਂ** :—ਜੀਜਾ ਜੀ ! ਰਾਮੋ ਦੇ ਚੋਜਲਾਂ ਤੋਂ ਘਬਰਾਉਣਾ ਨਹੀਂ ਇਹ ਨਿਕੇ ਹੁੰਦਿਆਂ ਤੋਂ ਹੀ ਬਲਾ ਏ। ਇਸ ਨੇ ਨਖਰਿਆਂ ਤੋਂ ਮਰਦੇ ਦਮ ਤਕ ਨਹੀਂ ਜੇ ਟਲਣਾ। ਇਸਦਾ ਤਾਂ ਅਖੇ 'ਮਰਦੀ ਮਰ ਗਈ ਪਰ ਚੋਚਲਿਆਂ ਤੋਂ ਨਾ ਰਹੀ' ਵਾਲਾ ਹਾਲ ਹੈ। (ਸੰਗ੍ਰ)

## ਮਰਨ ਲਗੀ ਤੇ ਸ਼ੁਕਰ ਸਾਹਮਣਾ।

**ਭਾਵ** :—ਅਤ ਲਾਚਾਰੀ ਦੀ ਹਾਲਤ ਵਿਚ ਸ਼ਗਨ-ਅਪਸ਼ਗਨ ਨਹੀਂ ਵੇਖੇ ਜਾਂਦੇ।

**ਵਰਤੋਂ** :—ਅਖੇ 'ਮਰਨ ਲਗੀ ਤੇ ਸ਼ੁਕਰ ਸਾਹਮਣਾ' ਇਸ ਵੇਲੇ ਮੈਂ ਵਿਲ੍ਹੂੰ ਵਿਲ੍ਹੂੰ ਕਰਦੇ ਬੱਚਿਆਂ ਦਾ ਢਿਡ ਭਰਾਂ, ਕਿ ਇਹ ਵੇਖਾਂ ਲੋਕੀ ਮੇਰੇ ਕੰਮ ਨੂੰ ਸਲਾਹੁੰਦੇ ਹਨ ਕਿ ਨਹੀਂ। (ਸੰਗ੍ਰ)

## ਮਰੇ ਤਾਂ ਸ਼ਹੀਦ, ਮਾਰੇ ਤਾਂ ਗ਼ਾਜ਼ੀ।

**ਭਾਵ** :—ਧਰਮ—ਯੁਧ ਵਿਚ ਮਰਨਾ ਮਾਰਨਾ ਦੋਵੇਂ ਸ਼ਲਾਘਾ ਯੋਗ ਹਨ।

**ਵਰਤੋਂ** :—ਸੂਬੇਦਾਰ—ਜਵਾਨੋ, ਦੇਸ਼ ਦਾ ਪਿਆਰ ਤੁਸਾਡੇ ਪਾਸੋਂ ਬੜੀ ਕੁਰਬਾਨੀ ਮੰਗਦਾ ਹੈ। ਐਸ ਵੇਲੇ ਦੇ 'ਮਰੇ ਤਾਂ ਸ਼ਹੀਦ, ਮਾਰੇ ਤਾ ਗ਼ਾਜ਼ੀ' ਬਣਾਂਗੇ। ਖੂਬ ਟੁਟਕੇ ਵੈਰੀ ਦਾ ਟਾਕਰਾ ਕਰਨਾ। (ਸੰਗ੍ਰ)

## ਮਰੇ ਦਾ ਕੀ ਮਾਰਨਾ ?

**ਭਾਵ** :—ਕਿਸੇ ਦੇ ਵਸ ਆ ਜਾਣ ਤੇ ਉਸਨੂੰ ਵਧੀਕ ਦੁਖੀ ਨਹੀਂ ਕਰਨਾ ਚਾਹੀਦਾ।

**ਵਰਤੋਂ** :— ਮੇਰਾ ਮਨ ਤੇਰੇ ਹੀ ਵਸ ਹੇ, ਹੋਰ ਕਿਸੇ ਦੇ ਨਹੀਂ। ਜੇਕਰ ਤੂੰ ਇਸ ਵਿਚ ਕੁਝ ਸ਼ਕ ਕਰਦੀ ਹੈਂ ਤਾਂ ਮਾਨੋ ਕਾਮਦੇਵ ਦੇ ਬਾਣਾਂ ਕਰਕੇ ਮੈਂ ਮਾਰੇ ਹੋਇ ਨੂੰ ਫਿਰ ਕੀ ਮਾਰਨੀ ਹੈਂ ?

(ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਮਰੇ ਪਿਛੋਂ ਵੈਦ।

**ਭਾਵ** :—ਵੇਲਾ ਖੁੰਝ ਜਾਣ ਤੇ ਲੋੜੀਂਦੀ ਚੀਜ਼ ਦਾ ਪ੍ਰਬੰਧ ਕਰਨਾ।

**ਵਰਤੋਂ** :—ਬੇਬੇ, ਸਮਾਂ ਤਾਂ ਤੁਸੀਂ ਲੰਘਾ ਦਿਤਾ ਹੁਣ 'ਮਰੇ ਪਿਛੋਂ ਵੈਦ' ਬੁਲਾਣ ਦਾ ਕੀ ਲਾਹਾ ? (ਸੰਗ੍ਰ)

## ਮਲਾਹ ਦਾ ਹੁੱਕਾ ਸੁੱਕਾ।

**ਭਾਵ** :—ਹੁੰਦੇ ਸੁੰਦੇ ਵੀ ਥੁੜ੍ਹ ਹੋਣੀ ਜਾਂ ਦਸਣੀ।

**ਵਰਤੋਂ** :— ਸ਼ਾਹ ਜੀ, ਜੇ ਤੁਸਾਂ ਮਲਾਹਾ ਦੇ ਵੀ ਹੁੱਕਾ ਸੁੱਕਾ ਹੀ ਰਿਹਾ, ਤਾਂ ਅਸੀਂ ਗ਼ਰੀਬ ਕਿੱਥੇ ਜਾਵਾਂਗੇ ? ਭਰਿਆਂ ਭਾਂਡਿਆ ਦੀ ਤਾਂ ਘਰੋੜੀ ਵੀ ਨਹੀਂ ਮਾਣ ? (ਸੰਗ੍ਰ)

## ਮਾਇਆ ਕੋ ਮਾਇਆ ਮਿਲੇ ਕਰ ਕਰ ਲੰਮੇ ਹਾਥ।

**ਭਾਵ** :—ਧਨਪਾਤਰ ਨੂੰ ਹੀ ਹੋਰ ਵਡਿਆਈ ਪ੍ਰਾਪਤ ਹੁੰਦੀ ਹੈ।

**ਵਰਤੋਂ** :—

ਮਾਇਆ ਕੋ ਮਾਇਆ ਮਿਲੇ ਕਰ ਕਰ ਲੰਮੇ ਹਾਥ।
ਤੁਲਸੀ ਦਾਸ ਗ਼ਰੀਬ ਕੀ ਕੋਈ ਨਾ ਪੂਛੇ ਬਾਤ। (ਸੰਗ੍ਰ)

**ਮਾਇਆ ਛਾਇਆ ਹੈ।**

**ਭਾਵ** :—ਧਨ ਸਦਾ ਰਹਿਣ ਵਾਲੀ ਚੀਜ਼ ਨਹੀਂ।

**ਵਰਤੋਂ** :—'ਮਾਇਆ ਛਾਇਆ ਹੈ'। ਅਜ ਮੇਰੀ, ਕਲ੍ਹ ਤੇਰੀ। ਕੌਣ ਵਿਸਾਹ ਕਰੇ? (ਸੰਗ੍ਰ)

**ਮਾਇਆ ਜੇ ਵਡੁ ਦੂਖੁ ਨਹੀਂ ਸਭਿ ਭਵਿ ਥਕੇ ਸੰਸਾਰੁ।**

**ਭਾਵ** :—ਮਾਇਆ ਤੋਂ ਵਡਾ ਹੋਰ ਕੋਈ ਦੁਖ ਨਹੀਂ, ਸਾਰਾ ਸੰਸਾਰ ਢੂੰਢ ਵੇਖਿਆ ਹੈ।

**ਵਰਤੋਂ** :—

'ਮਾਇਆ ਜੇ ਵਡੁ ਦੂਖੁ ਨਹੀਂ
ਸਭਿ ਭਵਿ ਥਕੇ ਸੰਸਾਰੁ॥
ਗੁਰਮਤੀ ਸੁਖ ਪਾਈਐ
ਸਚੁ ਨਾਮੁ ਉਰਧਾਰਿ।'
(ਗੁਰੂ ਗ੍ਰੰਥ—ਸ੍ਰੀ ਰਾਗ)

**ਮਾਇਆ ਤੇਰੇ ਤੀਨ ਨਾਮ ਪਰਸੂ ਪਰਸਾ ਪਰਸਰਾਮ।**

**ਭਾਵ** :—ਮਾਇਆ ਨਾਲ ਵਡਿਆਈ ਵਧਦੀ ਹੈ।

**ਵਰਤੋਂ** :—ਧਨ ਬੜੀ ਚੀਜ਼ ਏ, ਇਸੇ ਨਾਲ ਵਡਿਆਈ ਵਧਦੀ ਹੈ। ਗ਼ਰੀਬ ਨੂੰ ਕੌਣ ਪੁਛਦਾ ਹੈ? 'ਮਾਇਆ ਤੇਰੇ ਤੀਨ ਨਾਮ, ਪਰਸੂ ਪਰਸਾ, ਪਰਸ ਰਾਮ।' (ਸੰਗ੍ਰ)

**ਮਾਇਆ ਧਾਰੀ ਅਤਿ ਅੰਨ੍ਹਾ ਬੋਲਾ।**

**ਭਾਵ** :—ਦੁਨੀਆਂ ਦਾਰ ਸਿਵਾ ਪੈਸੇ ਦੇ ਹੋਰ ਕੁਝ ਨਹੀਂ ਸੁਣਦਾ ਬੁਝਦਾ।

**ਵਰਤੋਂ** :—

ਮਾਇਆ ਧਾਰੀ ਅਤਿ ਅੰਨ੍ਹਾ ਬੋਲਾ।
ਸਬਦੁ ਨਾ ਸੁਣਈ ਬਹੁ ਰੋਲ ਘਚੋਲਾ।
(ਗੁਰੂ ਗ੍ਰੰਥ—ਵਾਰ ਗਉੜੀ)

**ਮਾਈ ਚੰਗੀ ਕਿ ਖਾਈ।**

**ਭਾਵ** :—ਸਬੰਧ ਸਾਰਾ ਖਾਣ ਦਾ ਹੈ, ਨਾ ਕਿ ਖ਼ੂਨ ਜਾਂ ਮਿਤਰਤਾ ਦਾ।

**ਵਰਤੋਂ** :—ਤੂੰ ਸੱਚਾ ਏਂ! ਅਖੇ 'ਮਾਈ ਚੰਗੀ ਕਿ ਖਾਈ।' ਜਿਹੜਾ ਦੇਵੇ, ਉਸੇ ਦੀ ਉਸਤਤੀ ਕਰਨੀ ਹੋਈ, ਮਾਂ ਪਿਉ ਨੂੰ ਯਾਦ ਕਰਕੇ ਕਿਸੇ ਕੀ ਲੈਣਾ ਏ। (ਸੰਗ੍ਰ)

**ਮਾਏ ਨੀ ਮਾਏ, ਮੈਂ ਰਹਿ ਨਾ ਸਕਾਂ।**

**ਭਾਵ** :—ਜਦ ਕੋਈ ਬੰਦਾ ਕਿਸੇ ਕੰਮ ਤੋਂ ਹਟਾਇਆ ਵੀ ਨਾ ਹਟੇ ਜਾਂ ਬਿਨ ਲੋੜਾ ਕੰਮ ਕਰੀ ਜਾਏ।

**ਵਰਤੋਂ** :—ਕੰਵਰ—ਰਾਣੀ ਜੀ! ਤੁਹਾਨੂੰ ਬਥੇਰਾ ਕਿਹਾ ਹੈ ਕਿ ਇਤਨਾ ਕੰਮ ਆਪਣੀ ਹਥੀਂ ਨਾ ਕੀਤਾ ਕਰੋ, ਪਰ ਤੁਸੀਂ ਟਲਦੇ ਨਹੀਂ, ਅਖੇ 'ਮਾਏ ਨੀ ਮਾਏ ਮੈਂ ਰਹਿ ਨਾ ਸਕਾਂ।' (ਸੰਗ੍ਰ)

**ਮਾਏ ਪੁਤ ਜਣੇਂਦੀਏ ਕਰਮ ਨ ਦੇਂਦੀਏ ਵੰਡ, ਇਕ ਚੜ੍ਹੰਦੇ ਘੋੜੀਆਂ ਇਕ ਟੁਕੜੇ ਖਾਂਦੇ ਮੰਗ।**

**ਭਾਵ** :—ਜਦ ਸੱਕੇ ਭਰਾਵਾਂ ਦੀ ਆਮਦਨ ਜਾਂ ਖੁਸ਼ਹਾਲੀ ਵਿਚ ਢੇਰ ਫਰਕ ਦਿਸੇ; ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :— ਕਰਮ ਆਪੋ ਆਪਣੇ। ਸੱਚ ਕਿਸੇ ਆਖਿਆ ਏ, ਅਖੇ ਮਾਏ ਪੁਤ ਜਣੇਂਦੀਏ ਕਰਮ ਨਾ ਦੇਵੇ ਵੰਡ। ਇਕ ਚੜ੍ਹੰਦੇ ਘੋੜੀਆਂ ਇੱਕ ਟੁਕੜੇ ਖਾਂਦੇ ਮੰਗ।' ਇਕ ਬਾਦਸ਼ਾਹ ਹੈ ਦੂਜਾ ਭਿਖਾਰੀ। (ਸੰਗ੍ਰ)

**ਮਾਸੀ ਨਹੀਂ, ਮਾਂ ਦੀ ਭੈਣ ਏ।**

**ਭਾਵ** :—ਜਦ ਕਿਸੇ ਗੱਲ ਦਾ ਸਾਰ ਅੰਸ਼ ਇਕੋ ਹੋਵੇ।

**ਵਰਤੋਂ** :—ਮਹਾਂ (ਗਲ ਟੁਕ ਕੇ) ਅਖੇ ਮਾਸੀ ਨਹੀਂ, ਮਾਂ ਦੀ ਭੈਣ ਏ। ਗੱਲ ਤਾਂ ਮੁੜ

ਘਿੜ ਕੇ ਥਾਂ ਦੀ ਥਾਂ ਰਹੀ ।

(ਕਮਲਾ ਕੁਮਾਰੀ—ਹਰਚਰਨ ਸਿੰਘ)

### ਮਾਹਲ ਟੁੱਟੀ ਤੇ ਲੰਡਾ ਭਖਿਆ ।

**ਭਾਵ** :—ਕੋਈ ਕੰਮ ਕਰਨ ਦਾ ਸਮਾਂ ਤਾਂ ਖੁਸਾ ਦੇਵੇ, ਪਰ ਪਿਛੋਂ ਹੰਭਲੇ ਮਾਰਨ ਦਾ ਦਿਖਾਵਾ ਕਰੇ ।

**ਵਰਤੋਂ** :—ਤੇਰਾ ਤਾਂ 'ਮਾਹਲ ਟੁੱਟੀ ਤੇ ਲੰਡਾ ਭਖਿਆ' ਵਾਲਾ ਲੇਖਾ ਹੈ । ਜੋਸ਼ ਓਦੋਂ ਹੀ ਆਉਂਦਾ ਹੈ, ਜਦ ਸਮਾਂ ਹੱਥੋਂ ਨਿਕਲ ਜਾਵੇ । (ਸੰਗ੍ਰ)

### ਮਾਣੀ ਨਹੀਂ, ਚਾਰ ਟੋਪੇ ।

**ਭਾਵ** :—ਵਾਧੂ ਬੇਅਰਥ ਝਗੜਾ, ਜਿਸ ਦਾ ਸਿਟਾ ਕੁਝ ਨਾ ਨਿਕਲੇ ।

**ਵਰਤੋਂ** :—ਝਗੜਾ ਨਾ ਕਰੋ । ਹੌਸਲੇ ਠੰਢੇ ਜਿਗਰੇ ਨਾਲ ਸਾਰੀ ਗਲ ਵਿਚਾਰ ਲਵੋ । ਕਿਤੇ 'ਮਾਣੀ ਨਹੀਂ, ਚਾਰ ਟੋਪੇ' ਵਾਲੀ ਗਲ ਹੀ ਨਾ ਹੋਵੇ । ਆਖ਼ਰ ਵਿਚੋਂ ਗਲ ਤਾਂ ਕੁਝ ਵੀ ਨਹੀਂ ।(ਸੰਗ੍ਰ)

### ਮਾਤਾ ਦਾ ਬਕਰਾ ਪਾਲਦਾ ਏ ।

**ਭਾਵ** :—ਜਦ ਕਿਸੇ ਉਪਰ ਕੋਈ ਬਿਪਤਾ ਪੈਣ ਦਾ ਪੱਕਾ ਨਿਸਚਾ ਹੋਵੇ ।

**ਵਰਤੋਂ** :—ਇਸ ਦੀ ਸਾਰੀ ਰਾਮ ਕਹਾਣੀ ਸੁਣ ਕੇ ਮੈਂ ਤਾਂ ਇਸ ਸਿਟੇ ਤੇ ਪੁਜਾ ਹਾਂ ਕਿ ਇਹ 'ਮਾਤਾ ਦਾ ਬਕਰਾ ਪਲਦਾ ਏ' ਜ਼ਰੂਰ ਫਸੇਗਾ ।(ਸੰਗ੍ਰ)

### ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ।

**ਭਾਵ** :—ਸਾਰੇ ਮਨੁਖ ਬਰਾਬਰ ਹਨ ।

**ਵਰਤੋਂ** :—ਇਸ ਨੇ ਜ਼ਾਤ ਪਾਤ ਦੀ ਉੱਕੀ ਪ੍ਰਵਾਹ ਨਾ ਕੀਤੀ । ਇਹ 'ਮਾਨੁਖ ਦੀ ਜ਼ਾਤ ਸਭੈ ਏਕੈ ਪਹਿਚਾਨਬੋ' ਦੇ ਸੁਨਹਿਰੀ ਅਸੂਲ ਉਤੇ ਅਮਲ ਕਰਨਾ ਚਾਹੁੰਦੀ ਸੀ । (ਸੰਗ੍ਰ)

### ਮਾਨਸ ਜਨਮ ਦੁਲੰਭ ਹੈ ।

**ਭਾਵ** :—ਮਨੁਖਾ ਜਨਮ ਦੁਰਲਭ ਹੈ ।

**ਵਰਤੋਂ** :—

ਮਾਨਸ ਦੇਹ ਦੁਲਭ ਹੈ ਜੁਗਹ ਜੁਗੰਤਰ ਆਵੈ ਵਾਰੀ ।
ਉਤਮ ਜਨਮ ਦੁਲਭ ਹੈ ਇਕ ਵਾਕੀ ਕੋੜਮਾ ਵੀਚਾਰੀ ।

(ਵਾਰਾਂ—ਭਾਈ ਗੁਰਦਾਸ)

### ਮਾਨਸ ਦੇਹੀ ਪਸ਼ੂ ਉਪੰਨਾ ।

**ਭਾਵ** —ਮਨੁਖਾਂ ਵਾਲੀ ਦੇਹ ਤਾਂ ਹੈ, ਪਰ ਕੰਮ ਪਸ਼ੂਆਂ ਵਾਲੇ ਹਨ ।

**ਵਰਤੋਂ** :—

ਮੂਰਖ ਅਕਲੀ ਬਾਹਰਾ ਵਾਂਸਹੁ ਮੂਲ ਨ ਹੋਵੇ ਗੰਨਾ ।
ਮਾਨਸ ਦੇਹੀ ਪਸ਼ੂ ਉਪੰਨਾ ।

(ਵਾਰਾਂ—ਭਾਈ ਗੁਰਦਾਸ)

### ਮਾਨੁ ਸਭੈ ਕਉ ਖਾਇ ।

**ਭਾਵ** :—ਹੰਕਾਰ ਸਾਰਿਆਂ ਨੂੰ ਖਾ ਜਾਂਦਾ ਹੈ (ਨਾਸ ਕਰ ਦੇਂਦਾ ਹੈ)

**ਵਰਤੋਂ** :—

ਕਬੀਰਾ ਮਾਇਆ ਤਜੀ ਤ ਕਿਆ ਭਇਆ
ਜਉ ਮਾਨ ਤਜਿਆ ਨਹੀ ਜਾਇ ।
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ
ਕਉ ਖਾਇ । (ਗੁਰੂ ਗ੍ਰੰਥ—ਸ਼ਲੋਕ ਕਬੀਰ)

### ਮਾਪੇ ਸਹਿਕਣ ਪੁਤਰਾਂ ਨੂੰ ਤੇ ਪੁਤਰ ਸਹਿਕਨ ਟੁਕਰਾਂ ਨੂੰ ।

**ਭਾਵ** :—ਜਦ ਕਿਸੇ ਦੇ ਘਰ ਔਲਾਦ ਹੋਵੇ, ਪਰ ਰੋਟੀ ਨਾ ਹੋਵੇ ।

**ਵਰਤੋਂ** :—ਮਲਾਹ—ਹਾਂ...ਹਾਂ ! ਉਹ ਪਾਪੀ ਬੜੇ ਕਠੋਰ ਚਿਤ ਹੋਣਗੇ, ਜਿਨ੍ਹਾਂ ਨੇ ਤੇਰੇ ਜਿਹੇ ਮਲੂਕੜੇ ਤੇ ਯਤੀਮ ਨੂੰ ਦੁਖ ਦਿੱਤਾ 'ਦੇਖੋ ਜੀ' । ਵਾਹ ! ਵਾਹ ! ਮੌਲਾ ਤੇਰੀ ਸ਼ਾਨ । ਮਾਪੇ ਸਹਿਕਣ ਪੁਤਰਾਂ ਨੂੰ ਤੇ ਪੁਤਰ ਸਹਿਕਣ ਟੁਕਰਾਂ ਨੂੰ ।

(ਹੀਰ ਸਿਆਲ—ਸ਼ਰਫ)

### ਮਾਪੇ ਚਾ ਮਰੇਨ, ਕਾਂ ਟੁੱਕਰ ਚਾ ਖੋਹੇਨ ।

**ਭਾਵ** :—ਮਾਪਿਆਂ ਦੇ ਮਰਨ ਪਿਛੋਂ

ਬੱਚੇ ਦੀ ਬੜੀ ਦੁਰਦਿਸ਼ਾ ਹੁੰਦੀ ਹੈ।

**ਵਰਤੋਂ** :—ਰੱਬਾ, ਮਾਪੇ ਸਭ ਦੇ ਸਿਰ ਤੇ ਕਾਇਮ ਰਹਿਣ। 'ਮਾਪੇ ਜਾ ਮਰੇਨ, ਕਾਂ ਟੁਕਰ ਚਾ ਖੋਹੇਨ'। ਮਾਪੇ ਨਾ ਹੋਣ ਤਾਂ ਜਣਾ ਖਣਾ ਬੱਚੇ ਉਤੇ ਸਵਾਰ ਆ ਹੁੰਦਾ ਹੈ। (ਸੰਗ੍ਰ)

## ਮਾਪੇ ਤਾਂ ਮਿੱਟੀ ਦੇ ਵੀ ਨਹੀਂ ਮਾਣ।

**ਭਾਵ** :—ਮਾਂ ਪਿਉ ਜਿਹੋ ਜਿਹੇ ਵੀ ਹੋਣ, ਮਨੁਖ ਲਈ ਆਸਰੇ ਦਾ ਕਾਰਨ ਹੁੰਦੇ ਹਨ।

**ਵਰਤੋਂ** :—ਸਚ ਕਹਿੰਦੇ ਹੋ ਮਾਸਟਰ ਜੀ ...ਮਾਪੇ ਤਾਂ ਮਿੱਟੀ ਦੇ ਵੀ ਨਹੀਂ ਮਾਣ' ਮੇਰੇ ਮਾਪਿਆਂ ਦੀ ਤਾਂ ਸਾਰੇ ਇਲਾਕੇ ਵਿਚ ਧੁੰਮ ਸੀ। (ਸੰਗ੍ਰ)

## ਮਾਮੇ ਦੀ ਕੰਨੀ ਬੀਰ ਬਲੀਆਂ, ਭਣੇਵਾਂ ਆਕੜਿਆ ਫਿਰੇ।

**ਭਾਵ** :—ਜਦ ਕੋਈ ਆਪਣੇ ਸਾਕ ਸੰਗ ਦੇ ਧਨ ਪਿਛੇ ਸ਼ੇਖੀਆਂ ਮਰਦਾ ਰਹੇ।

**ਵਰਤੋਂ** :— ਕਿਰਪਾ ਸਿੰਘ — ਪੈਸੇ ਜੋ ਬਗਾਨੇ ਲਗੇ।

ਬੇਲ ਸਿੰਘ—ਤੇਰੇ ਲਗੇ ਹੋਣੇ ਨੇ ? ਮਾਮੇ ਕੰਨੀ ਬੀਰ ਬਲੀਆਂ ਤੇ ਭਣੇਵਾਂ ਆਕੜਿਆ ਫਿਰੇ। ਅਸੀਂ ਪੀਨੇ ਹਾਂ ਤੇ ਪਲਾਵਾਂਗੇ ਵੀ।

(ਸੁਭਦਰਾ—ਆਈ. ਸੀ. ਨੰਦਾ)

## ਮਾਮੇ ਵੰਝਲੀ ਵਜਾਈ ਤੇ ਮੁੰਡਿਆਂ ਖੇਡ ਗਵਾਈ।

**ਭਾਵ** :—ਕਿਸੇ ਵਾਧੂ ਸੁਆਦ ਜਾਂ ਲਾਲਚ ਵਿਚ ਫਸ ਕੇ ਆਪਣੇ ਕੰਮ ਵਿਚ ਵਿਘਨ ਪਾਣਾ।

**ਵਰਤੋਂ** :—ਤੁਸੀਂ ਆਪਣਾ ਕੰਮ ਕਰੋ, ਦੂਜਿਆਂ ਦੀਆਂ ਵਾਧੂ ਗੱਲਾਂ ਵਲ ਧਿਆਨ ਨਾ ਦਿਓ। ਉਹ ਨਾ ਹੋਵੇ ਪਈ 'ਮਾਮੇ ਵੰਝਲੀ ਵਜਾਈ ਤੇ ਮੁੰਡਿਆਂ ਖੇਡ ਗਵਾਈ' ਵਾਲੀ ਗਲ ਹੀ ਹੋ ਜਾਏ।

(ਸੰਗ੍ਰ)

## ਮਾਰਨ ਵਾਲੇ ਛੁਟ ਗਏ ਤੇ ਪਿਛਲੇ ਫੜੇ ਗਏ।

**ਭਾਵ** :—ਦੋਸ਼ੀ ਛੁਟ ਜਾਣ ਤੇ ਨਿਰਦੋਸ਼ ਸਜ਼ਾ ਪਾ ਜਾਣ।

**ਵਰਤੋਂ** :—ਉਨ੍ਹਾਂ ਨੇ ਫੈਸਲਾ ਤਾਂ ਸੁਣਾ ਦਿੱਤਾ, ਪਰ ਗੱਲ ਉਹੋ ਹੋਈ ਅਖੇ 'ਮਾਰਨ ਵਾਲੇ ਛੁਟ ਗਏ ਤੇ ਪਿਛਲੇ ਫੜੇ ਗਏ। (ਸੰਗ੍ਰ)

## ਮਾਰੀ ਅੱਖ ਤੇ ਫਰਕੇ ਗੋਡਾ।

**ਭਾਵ** :—ਮਾਮੂਲੀ ਦੁਖ ਨੂੰ ਵਡਾ ਕਰਕੇ ਦਸਣਾ। ਜਾਂ ਕਾਰਨ ਕੁਝ ਹੋਣਾ ਤੇ ਨਤੀਜਾ ਕੁਝ ਦਸਣਾ।

**ਵਰਤੋਂ** :—ਰਾਣੋ ਰਾਜ਼ੀ ਹੈ, ਪਰ ਉਹ ਦੁਖ ਦੀ ਕਾਹਲੀ ਹੈ, ਰਤਾ ਸਿਰਦਰਦੀ ਹੋਵੇ, ਤਦ ਕੋਠਾ ਸਿਰ ਤੇ ਚੁਕ ਲੈਂਦੀ ਹੈ। ਉਸ ਦਾ 'ਮਾਰੀ ਅੱਖ ਤੇ ਫਰਕੇ ਗੋਡਾ' ਵਾਲਾ ਲੇਖਾ ਹੈ। (ਸੰਗ੍ਰ)

## ਮਰੀਏ ਅੱਕ ਨੂੰ, ਲਗੇ ਜੱਟ ਨੂੰ।

**ਭਾਵ** :—ਦੁਖ ਕਿਸੇ ਨੂੰ ਦੇਣਾ ਚਾਹੀਏ ਪਰ ਪੁਜੇ ਕਿਸੇ ਹੋਰ ਨੂੰ।

**ਵਰਤੋਂ** :—ਤੂੰ ਖ਼ਾਹ-ਮ-ਖ਼ਾਹ ਦੁਖੀ ਹੋ ਰਿਹਾ ਏਂ। ਅਖੇ, 'ਮਾਰੀਏ ਅੱਕ ਨੂੰ, ਲਗੇ ਜੱਟ ਨੂੰ। ਤੇਰਾ ਮੈਂ ਕੀ ਵਿਗਾੜਿਆ ਹੈ ? (ਸੰਗ੍ਰ)

## ਮਾਰੇ ਸਿਪਾਹੀ, ਨਾਂ ਸਰਦਾਰ ਦਾ।

**ਭਾਵ** :—ਕੰਮ ਕੋਈ ਕਰੇ, ਪਰ ਨਾਂ, ਕਿਸੇ ਦਾ ਹੋਵੇ।

**ਵਰਤੋਂ** :—ਇਹ ਤਾਂ ਸਦਾ ਤੋਂ ਚਲਦਾ ਹੀ ਆਇਆ ਹੈ, ਵਡਿਆਈ ਤਾਂ ਭਾਈ ਆਗੂ ਦੀ ਹੀ ਹੁੰਦੀ ਹੈ। ਸਿਆਣਿਆਂ ਐਵੇਂ ਨਹੀਂ ਆਖਿਆ ਕਿ ਮਾਰੇ ਸਿਪਾਹੀ ਨਾਂ ਸਰਦਾਰ ਦਾ। (ਸੰਗ੍ਰ)

## ਮਾਰੇ ਝੂਠ ਜਾਂ ਮਾਰੇ ਜੂਠ।

**ਭਾਵ** :—ਜਦ ਕੋਈ ਕਰਮ ਧਰਮ ਦੀ ਉਕੀ ਹੀ ਪ੍ਰਵਾਹ ਨਾ ਕਰੇ।

**ਵਰਤੋਂ** :—ਸ਼ਰਾਬ ਵਾਂਗੂੰ ਤਮਾਕੂ ਹੋਰੀਂ ਬੀ ਕਰਮ ਧਰਮ ਦਾ ਕੱਖ ਨਹੀਂ ਛਡਦੇ। 'ਮਾਰੇ

ਛੂਠ ਜਾਂ ਮਾਰੇ ਜੂਠ ।'

(ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਮਾਰੇ ਨਾਲੋਂ ਭਜਾਇਆ ਚੰਗਾ ।**

ਜਾਂ **ਮਾਰੇ ਨਾਲੋਂ ਪਦਾਇਆ ਚੰਗਾ ।**

**ਭਾਵ** :- ਥੋੜਾ ਡਰ ਪਾ ਕੇ ਕੰਮ ਕਢਣਾ ਬਹੁਤਾ ਦੁਖ ਦੇ ਕੇ ਕੰਮ ਕਢਣ ਨਾਲੋਂ ਚੰਗਾ ਹੈ ।

**ਵਰਤੋਂ** :—ਮਹਾਰਾਜ ! ਤੁਸਾਡੇ ਰਾਜਦੂਤ ਨੇ ਵੈਰੀ ਨੂੰ ਅਜੇਹੇ ਰਾਹ ਪਾਇਆ ਕਿ ਉਹ ਹੁਣ ਸ਼ਰਨ ਮੰਗਦਾ ਹੈ । ਉਨ੍ਹਾਂ ਨੇ ਇਹੀ ਸੋਚਿਆ ਕਿ ਮਾਰੇ ਨਾਲੋਂ ਪਦਾਇਆ ਚੰਗਾ' ਸੋ ਇਹ ਬਲਾ ਤਾਂ ਗਲੋਂ ਲਥੀ ਸਮਝੋ । (ਸੰਗ੍ਰ)

**ਮਾਰੈ ਰਾਖ ਏਕੋ ਆਪਿ, ਮਾਨੁਖ ਕੈ ਕਿਛੁ ਨਾਹੀ ਹਾਥਿ ।**

**ਭਾਵ** :—ਹਰੀ ਆਪ ਹੀ ਮਾਰਨ ਤੇ ਰਖਣ ਵਾਲਾ ਹੈ। ਮਨੁਖ ਦੇ ਵਸ ਕੁਝ ਨਹੀਂ ।

**ਵਰਤੋਂ** :—

ਜਿਸ ਕੈ ਦੀਐ ਰਹੈ ਅਘਾਏ ।
ਬਹੁਰਿ ਨਾ ਤ੍ਰਿਸਨਾ ਲਾਗੈ ਆਇ ।
ਮਾਰੈ ਰਾਖੈ, ਏਕੋ ਆਪਿ ।
ਮਾਨੁਖ ਕੈ ਕਿਛੁ ਨਾਹੀ ਹਾਥਿ ।

(ਗੁਰੂ ਗ੍ਰੰਥ—ਰਾਗ ਗਉੜੀ)

**ਮਾਲ ਊਠ, ਘਰ ਕੋਠਾ, ਪੁਤਰ ਜੇਠਾ ।**

**ਭਾਵ** :—ਮਾਲ ਊਂਨ ਘਰ ਦਾਣਿਆਂ ਦਾ ਭਰਿਆ ਹੋਇਆਂ ਤੇ ਪੁਤਰ ਸਭ ਤੋਂ ਪਹਿਲਾ ਚੰਗਾ ਹੁੰਦਾ ਹੈ ।

**ਵਰਤੋਂ** :—ਜਠੇਰੇ ਪੁਤ ਦੀ ਕੀ ਰੀਸ ਜੇ ? ਛੇਤੀ ਹੀ ਹਾਣੀ ਬਣ ਕੇ ਹੱਥ ਆ ਵਟਾਂਦਾ ਹੈ । ਸੱਚ ਹੈ, 'ਮਾਲ ਊਠ, ਘਰ ਕੋਠਾ, ਪੁੱਤਰ ਜੇਠਾ ।'

**ਮਾਲ ਤੇ ਜਗਾਤ ।**

**ਭਾਵ** :—ਹੋਂਦ ਉਤੇ ਹੀ ਕਰ ਹੈ । ਜਿਥੇ ਹੋਵੇ, ਉਥੋਂ ਹੀ ਕੋਈ ਮੰਗਦਾ ਜਾਂ ਲਾਭ ਖਟਦਾ ਹੈ ।

**ਵਰਤੋਂ** :—ਇਹ ਕੋਈ ਨਵੀਂ ਗਲ ਤਾਂ ਨਹੀਂ । ਮਾਲ ਤੇ ਹੀ ਜਗਾਤ ਹੁੰਦੀ ਹੈ । ਪਰਵਾਰ ਜੂ ਵਡਾ ਹੋਇਆ । ਖ਼ਰਚ ਵੀ ਵੱਡੇ ਹੀ ਹੋਣੇ ਹੋਏ । (ਮੈਂ)

**ਮਾਲ ਮਾਲਾਂ, ਖੇਹ ਦਲਾਲਾਂ ।**

**ਭਾਵ** :—ਮਾਲ-ਚੀਜ਼ ਵਸਤ-ਤਾਂ ਲੈਣ ਦੇਣ ਵਾਲਿਆਂ ਪਾਸ ਰਹਿੰਦੀ ਹੈ ਤੇ ਦਲਾਲ ਐਂਵੇਂ ਛਾਈਂ ਹੀ ਛਾਣਦੇ ਰਹਿੰਦੇ ਹਨ ।

**ਵਰਤੋਂ** :—ਉਹ ਆਪਣੀ ਵਹੁਟੀ ਲੈ ਕੇ ਤਿੱਤਰ ਹੋਇਆ । ਅਸੀਂ ਵਿਚੋਲੇ ਮੂੰਹ ਵੇਖਦੇ ਹੀ ਰਹਿ ਗਏ । ਸੱਚ ਹੈ, 'ਮਾਲ ਮਾਲਾਂ ਤੇ ਖੇਹ ਦਲਾਲਾਂ ।'

**ਮਾਲੁ ਧਨੁ ਜੋਰਿਆ ਭਇਆ ਪਰਾਇਆ ।**

**ਭਾਵ** :—ਇਕੱਠੀ ਕੀਤੀ ਦੌਲਤ ਮਰਨ ਵੇਲੇ ਹੋਰਨਾਂ ਦੀ ਹੋ ਗਈ । ਭਾਵ, ਧਨ ਕਿਸੇ ਦੇ ਨਾਲ ਨਹੀਂ ਜਾਂਦਾ । ਇਸਦਾ ਜੋੜਨਾ ਅਕਾਰਥ ਹੈ ।

**ਵਰਤੋਂ** :—

ਜਾਗਤੁ ਮੋਇਆ ਜਨਮੁ ਗਵਾਇਆ ।
ਮਾਲ ਧਨੁ ਜੋਰਿਆ ਭਇਆ ਪਰਾਇਆ ।

(ਗੁਰੂ ਗ੍ਰੰਥ—ਸੂਹੀ ਕਬੀਰ)

**ਮਾਵਾਂ ਠੰਡੀਆਂ ਛਾਵਾਂ ।**

**ਭਾਵ** :—ਮਾਂ ਦੇ ਸੁਖ ਚੇਤੇ ਕਰਕੇ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਦੁਖ ਵਿਚ ਹੀ ਪਤਾ ਲਗਦਾ ਹੈ ਕਿ 'ਮਾਵਾਂ ਠੰਢੀਆਂ ਛਾਵਾਂ' ਹਨ । ਆਪ ਸਭ ਦੁਖ ਸਹਿ ਕੇ ਔਲਾਦ ਨੂੰ ਸੁਖ ਦੇਣਗੀਆਂ । (ਸੰਗ੍ਰ)

**ਮਾਵਾਂ ਧੀਆਂ ਭਤਾ ਰਿਧਾ, ਮਿੱਠਾ ਬੇਬੇ ਮਿੱਠਾ ਹੈ ।**

**ਭਾਵ** :—ਜਦ ਕੋਈ ਪੁਰਸ਼ ਆਪੋ

ਵਿਚ ਹੀ ਇਕ ਦੂਜੇ ਦੀ ਵਡਿਆਈ ਕਰੀ ਜਾਣ।

**ਵਰਤੋਂ** :—ਸ਼ਾਂਤੀ ਤੇ ਸ਼ਾਨ ਦਾ ਕੰਮ ਹੀ ਇਹੀ ਹੈ ਕਿ ਇਕ ਦੂਜੇ ਦੇ ਗੀਤ ਗਾਉਂਦਾ ਰਹਿਣਾ। ਉਨ੍ਹਾਂ ਦਾ ਤਾਂ ਇਹ ਹਾਲ ਹੈ ਕਿ 'ਮਾਵਾਂ ਧੀਆਂ ਭੁੱਤਾ ਰਿਧਾ, ਮਿੱਠਾ ਛੇਬੇ ਮਿੱਠਾ ਹੈ। (ਸੰਗ੍ਰ)

### ਮਾੜਾ ਕਾਮਾਂ ਬਲਦਾਂ ਦਾ ਖਊ।

**ਭਾਵ** :—ਜਦ ਕੋਈ ਕੰਮ ਆਪ ਨਾ ਕਰ ਸਕੇ ਤੇ ਗੁਸਾ ਆਪਣੇ ਨੀਵਿਆਂ ਉਤੇ ਕਢੇ।

**ਵਰਤੋਂ** :—ਹੁਣ ਰਲਾ ਤੇ ਉਸ ਦਾ ਬਾਰ੍ਹਾਂ ਵਰ੍ਹਿਆਂ ਦਾ ਮੁੰਡਾ ਦੂਲੇ ਨਾਲ ਖੇਤੀ ਕਰਵਾਂਦੇ। ਕੰਮ ਪਿਉ ਪੁਤ ਦੋਹਾਂ ਤੋਂ ਨਾ ਹੋ ਆਵੇ। ਮਾੜਾ ਕਾਮਾ ਬਲਦਾਂ ਦਾ ਖਾਊ' ਜਦੋਂ ਕੋਈ ਕੰਮ ਕਰਦਾ ਥਕ ਖਿਝ ਜਾਵੇ ਤਾਂ ਬਲਦਾਂ ਤੇ ਗੁੱਸਾ ਕਢੇ।

(ਕੀਟਾਂ ਅੰਦਰ ਕੀਟ—ਸੰਤ ਸਿੰਘ ਸੇਖੋਂ)

### ਮਾੜਾ ਮਾੜੀ ਲੜੇ ਤੇ ਚੀਕ ਚਿਹਾੜਾ ਪੜੇ।

**ਭਾਵ** :—ਮਾੜਿਆਂ ਦੇ ਆਪਸ ਵਿਚ ਲੜਨ ਸਮੇਂ ਰੌਲਾ ਗੌਲਾ ਹੀ ਪੈਂਦਾ ਹੈ।

**ਵਰਤੋਂ** :—ਹੋਣਾ ਕੀ ਸੀ ਵਿਚਾਰਿਆਂ ਤੋਂ! ਕਿਹੜੀ ਉਹਨਾਂ ਨੇ ਇਕ ਦੂਜੇ ਦੀ ਲੱਤ ਤੋੜ ਲੈਣੀ ਸੀ? 'ਮਾੜਾ ਮਾੜੀ ਲੜੇ ਤੇ ਚੀਕ ਚਿਹਾੜਾ ਪੜੇ' ਬਸ ਰੌਲਾ ਗੌਲਾ ਪਾ ਕੇ ਠੰਡੇ ਹੋ ਗਏ। (ਸੰਗ੍ਰ)

### ਮਾੜੀ ਧਾੜਾ ਚੰਮਾਰਾਂ ਉਤੇ।

**ਭਾਵ** :—ਕਮਜ਼ੋਰ ਆਪਣੇ ਤੋਂ ਨਿਤਾਣਿਆਂ ਨੂੰ ਦੁਖ ਦੇਵੇ।

**ਵਰਤੋਂ** :—ਸ਼ਾਹ! ਤੁਹਾਨੂੰ ਕੌਣ ਕੁਝ ਆਖ ਸਕਦਾ ਹੈ? ਹਰ ਕੋਈ ਆਪਣੇ ਤੋਂ ਨੀਵਿਆਂ ਨੂੰ ਹੀ ਦਬਾਂਦਾ ਹੈ। 'ਮਾੜੀ ਧਾੜਾ ਚਮਾਰਾਂ ਉਤੋਂ' ਵਾਲੀ ਗੱਲ ਹੈ। (ਸੰਗ੍ਰ)

### ਮਾੜੇ ਦੀ ਜੋਰੂ ਜਣੇ ਖਣੇ ਦੀ ਭਾਬੀ।

**ਭਾਵ** :—ਜਦ ਮਾੜੇ ਤੇ ਕਮਜ਼ੋਰ ਪੁਰਸ਼ ਨੂੰ ਜਣਾਂ ਖਣਾ ਦਬਾਉਣ ਲਗ ਪਏ।

**ਵਰਤੋਂ** :—ਰੌਣਕ ਰਾਮ ਦੀ ਕੀ ਪੁਛਦੇ ਹੋ? ਜਿਸ ਦਾ ਜੀ ਆਇਆ, ਗਰੀਬ ਨੂੰ ਕੰਮ ਲਾ ਲਿਆ 'ਮਾੜੇ ਦੀ ਜੋਰੂ ਜਣੇ ਖਣੇ ਦੀ ਭਾਬੀ' ਹੁੰਦੀ ਹੀ ਹੈ। (ਸੰਗ੍ਰ)

### ਮਾੜੇ ਬੰਦੇ ਨੂੰ ਖੇਤੀ ਖਾ ਜਾਂਦੀ ਏ ਤੇ ਤਕੜਾ ਖੇਤੀ ਨੂੰ ਖਾਂਦਾ ਏ।

**ਭਾਵ** :—ਕਮਜ਼ੋਰ ਤੇ ਦਿਲਤ ਕੁਝ ਨਹੀਂ ਕਮਾ ਸਕਦੇ, ਪਰ ਹਿੰਮਤ ਸਭ ਔਕੜਾਂ ਤੇ ਸਵਾਰ ਹੋ ਜਾਂਦੇ ਹਨ।

**ਵਰਤੋਂ** :—ਜੀ, ਲੱਖ ਲਾਹਨਤ ਕਮਜ਼ੋਰਾਂ ਨੂੰ। 'ਮਾੜੇ ਬੰਦੇ ਨੂੰ ਖੇਤੀ ਖਾ ਜਾਂਦੀ ਏ ਤੇ ਤਕੜਾ ਖੇਤੀ ਨੂੰ ਖਾਂਦਾ ਏ' ਜੀਉਣਾ ਹੋਵੇ ਤਾਂ ਤਕੜੇ ਹੋਕੇ ਜੀਣਾ ਚਾਹੀਦਾ ਹੈ। (ਸੰਗ੍ਰ)

### ਮਿਹਣੀ ਘਰ ਨਹੀਂ ਉਜੜਦੇ, ਕਰਤੂਤੀ ਉਜੜਨ।

**ਭਾਵ** :—ਭੈੜੀਆਂ ਕਰਤੂਤਾਂ ਨਾਲ (ਨਾ ਕਿ ਭੈੜੀਆਂ ਗੱਲਾਂ ਨਾਲ) ਉਜਾੜਾ ਪੈਂਦਾ ਹੈ।

**ਵਰਤੋਂ** :—ਗਾਲੀ ਗਲੋਚ ਦਾ ਫੱਟ ਤਾਂ ਮਿਲ ਜਾਂਦਾ ਹੈ, ਪਰ ਜਦ ਮੇਰਾ ਭਰਾ ਮੇਰੇ ਵੈਰੀਆਂ ਨਾਲ ਜਾ ਰਲਿਆ, ਤਾਂ ਘਰ ਨੇ ਉਜੜਨਾ ਹੀ ਸੀ। ਸੱਚ ਹੈ, 'ਮਿਹਣੀ ਘਰ ਨਹੀਂ ਉਜੜਦੇ, ਕਰਤੂਤੀਂ ਉਜੜਦੇ।' (ਸੰਗ੍ਰ)

### ਮਿੱਟੀ ਨੂੰ ਹੱਥ ਪਾਏ, ਸੋਨਾ ਹੋ ਜਾਏ।

**ਭਾਵ** :—ਵਡੀ ਕਿਸਮਤ ਵਾਲਾ ਹੋਣਾ।

**ਵਰਤੋਂ** :—ਭੈੜੀ ਹਾਲਾਤ ਵਿਚ ਵੀ ਸਫਲਤਾ ਮਿਲਣੀ। ਵਡੀ ਕਿਸਮਤ ਵਾਲਾ ਏ। 'ਮਿੱਟੀ ਨੂੰ ਹੱਥ ਪਾਏ, ਸੋਨਾ ਹੋ ਜਾਂਦੀ ਏ'। (ਸੰਗ੍ਰ)

**ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ।**

**ਭਾਵ** :—ਗੁਣਾ ਦਾ ਤਤ (ਅਤਰ) ਮਿੱਠਤ ਤੇ ਹਲੀਮੀ (ਨਿਮਰਤਾ) ਹੈ ।

**ਵਰਤੋਂ** :—

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ।
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ।
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ।
ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤ ।
(ਗੁਰੂ ਗ੍ਰੰਥ—ਸਿਰੀ ਰਾਗ)

**ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ।**

**ਭਾਵ** :—ਪਾਪ ਕੀਤਾ ਤਾਂ ਮਿੱਠਾ ਜਾਣਕੇ, ਪਰ ਸੁਆਦ ਕੌੜਾ ਪੈਂਦਾ ਹੋਇਆ ।

**ਵਰਤੋਂ** :—

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦ ।
ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ।
(ਗੁਰੂ ਗ੍ਰੰਥ—ਸਿਰੀ ਰਾਗ)

**ਮਿੱਠਾ ਮੋਹਰਾ, ਮਿੱਠੀ ਮਾਸੀ ।**

**ਭਾਵ** :—ਮੂੰਹ ਦਾ ਬਹੁਤਾ-ਮਿੱਠਾ ਅੰਦਰੋਂ ਖੋਟਾ ਹੁੰਦਾ ਹੈ ।

**ਵਰਤੋਂ** :—ਉਹਦੀਆਂ ਮਿੱਠੀਆਂ ਗੱਲਾਂ ਉਤੇ ਨਾ ਜਾਣਾ । 'ਮਿਠੀ ਮਾਸੀ ਮਿੱਠਾ ਮੋਹਰਾ' ਅਜੇਹੇ ਮੋਮੋਠਗਣੇ ਅੰਦਰੋਂ ਖੋਟੇ ਹੁੰਦੇ ਹਨ । (ਸੰਗ੍ਰ)

**ਮਿਤਰਾਂ ਨਾਲ ਕਰੇਂਦੇ ਠਗੀਆਂ ਥੀਂਦੇ ਜਨਮ ਕਸਾਈ ।**

**ਭਾਵ** :—ਵਿਸਾਹਘਾਤ ਤੋਂ ਹੋੜਨ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਰਾਮ ਨਾਥ ਨੇ ਮਿੱਤਰ ਨਾਲ ਵਿਸਾਹ ਘਾਤ ਕੀਤਾ, ਵੇਖੋ ਉਸ ਦਾ ਕੀ ਹਾਲ ਹੋਇਆ ? ਸੱਚ ਹੈ 'ਮਿੱਤਰਾਂ ਨਾਲ ਕਰੇਂਦੇ ਠਗੀਆਂ, ਥੀਂਦੇ ਜਨਮ ਕਸਾਈ । ਕੁੰਭੀ ਨਰਕ ਤਿਨ੍ਹਾਂ ਦਾ ਵਾਸਾ, ਜੋ ਨਿੰਦਿਆ ਕਰਨ ਪਰਾਈ ।' (ਸੰਗ੍ਰ)

**ਮਿਰਜ਼ਾ ਕਾਬਲ, ਭਗ ਹਜ਼ਾਰੇ ।**

**ਭਾਵ** :—ਉਧੜ-ਗੁਧੜੀ ਮਚੀ ਹੋਣੀ । ਕੋਈ ਗੱਲ ਥਹੁ ਟਿਕਾਣੇ ਦੀ ਨਾ ਹੋਣੀ ।

**ਵਰਤੋਂ** :—ਨਾ ਗਲ ਦਾ ਸਿਰਾ, ਨਾ ਪੈਰ ! ਬਸ ਨਿਰੀਆਂ ਗੱਪਾਂ । 'ਮਿਰਜ਼ਾ ਕਾਬਲ, ਤੇ ਭੰਗ ਹਜ਼ਾਰੇ' ਵਾਲਾ ਲੇਖਾ ਹੈ । (ਸੰਗ੍ਰ)

**ਮਿਰਜਾ ਮਰ ਗਿਆ ਏ ਕਿ ਸਾਰੰਗੀ ਟੁਟ ਗਈ ਏ ?**

**ਭਾਵ** :—ਗੱਲ ਬਾਤ ਹਾਲੀ ਇਸੇ ਤਰ੍ਹਾਂ ਤੁਰਦੀ ਰਹੇਗੀ । ਮੁਕਣ ਨਹੀਂ ਲਗੀ ।

**ਵਰਤੋਂ** :—ਕੋਈ ਹੋਰ ਗਲ ਕਰੋ, ਯਹੂਦੀਆਂ ਦਾ ਸਾਮਲਾ ਤਾਂ ਅਖੇ 'ਮਿਰਜਾ ਮਰ ਗਿਆ ਏ ਕਿ ਸਾਰੰਗੀ ਟੁਟ ਗਈ ਏ ?' ਵਾਂਗ ਕਦ ਛੇਤੀ ਕੀਤੇ ਮੁਕਣ ਵਿਚ ਆਣਾ ਏਂ ? (ਸੰਗ੍ਰ)

**ਮਿਰਤਕ ਨਾਲ ਵਿਵਾਹੀਐ ਸੋਹਾਗ ਨ ਥੀਐ ।**

**ਭਾਵ** :—ਮੁਰਦੇ ਨਾਲ ਵਿਆਹ ਕੀਤਿਆ ਸੋਹਾਗਣ ਨਹੀਂ ਬਣ ਜਾਈਦਾ ।

**ਵਰਤੋਂ** :—

ਨਦੀ ਕਿਨਾਰੇ ਰੁਖੜਾ ਵੇਸਾਹੁ ਨ ਕੀਐ ।
ਮਿਰਤਕ ਨਾਲ ਵਿਹਾਈਐ ਸੋਹਾਗ ਨ ਥੀਐ ।
(ਵਾਰਾਂ—ਭਾਈ ਗੁਰਦਾਸ)

**ਮਿਲਦਿਆਂ ਦੇ ਸਾਕ, ਵਾਂਹਦਿਆਂ ਦੀਆਂ ਭੋਆਂ ।**

**ਭਾਵ** :—ਧਾਕੇਦਾਰੀ ਮੇਲ ਜੋਲ ਨਾਲ ਹੀ ਰਹਿੰਦੀ ਹੈ ਤੇ ਜ਼ਮੀਨਾਂ ਵਹਿੰਦੀਆਂ ਰਹਿਣ, ਤਦੇ ਹੀ ਫਸਲ ਦੇਂਦੀਆਂ ਹਨ ।

**ਵਰਤੋਂ** :—ਚੋਧਰਾਣੀ ਜੀ, ਰਿਸ਼ਤੇਦਾਰੀਆਂ ਕਾਹਦੀਆਂ, ਜੇ ਮੇਲ ਜੋਲ ਨਾ ਰਹੇ ਤਾਂ ? ਸਿਆਣਿਆਂ ਨੇ ਸੱਚ ਕਿਹਾ ਹੈ ਅਖੇ 'ਮਿਲਦਿਆਂ ਦੇ ਸਾਕ, ਵਾਂਹਦਿਆਂ ਦੀਆਂ ਭੋਆਂ' । (ਸੰਗ੍ਰ)

**ਮਿਲਦੀ ਮਹਿੰ ਨਹੀਂ, ਲੱਤਾਂ ਕੱਟੇ ਦੀਆਂ ਭੰਨੇ।**

**ਭਾਵ** :—ਦੁਖ ਤਾਂ ਕੋਈ ਦੇਵੇ ਤੇ ਦੰਡ ਕਿਸੇ ਹੋਰ ਨੂੰ ਦਿਤਾ ਜਾਵੇ।

**ਵਰਤੋਂ** :—ਮੈਂ ਤੇਰਾ ਕੀ ਵਿਗਾੜਿਆ ਏ ਦੁਸ਼ਟਾ। ਦੁਖੀ ਤਾਂ ਜ਼ਨਾਨੀ ਹਥੋਂ ਏਂ ਤੇ ਮਿਹਣੇ ਮੈਨੂੰ ਮਾਰਨਾ ਏਂ। ਅਖੇ 'ਮਿਲਦੀ ਮਹਿੰ ਨਹੀਂ ਲਤਾਂ ਕਟੇ ਦੀਆਂ ਭੰਨੇ।' (ਸੰਗ੍ਰ)

**ਮਿਲੀਆਂ ਕੰਧਾਂ ਤੇ ਹੀ ਮਹਿਲ ਬਣਦੇ ਹਨ।**

**ਭਾਵ** :—ਜਥੇਬੰਦੀ ਤੇ ਏਕਤਾ ਉਤੇ ਹੀ ਕੋਈ ਵਡੀ ਉਸਾਰੀ ਹੋ ਸਕਦੀ ਹੈ।

**ਵਰਤੋਂ** :—ਸਾਥੀਓ, ਫੁੱਟ ਨੇ ਸਾਡਾ ਬੁਰਾ ਹਾਲ ਕਰ ਦਿੱਤਾ ਹੈ। 'ਮਿਲੀਆਂ ਕੰਧਾਂ ਤੇ ਹੀ ਮਹਿਲ ਬਣਦੇ ਹਨ' ਸੋ ਜਥੇਬੰਦ ਹੋ ਜਾਓ। (ਸੰਗ੍ਰ)

**ਮਿਲੇ ਨ ਤੀਰਥ ਨ੍ਹਾਤਿਆਂ ਡੱਡਾਂ ਜਲ ਵਾਸੀ।**

**ਭਾਵ** :—ਤੀਰਥਾਂ ਤੇ ਇਸ਼ਨਾਨ ਕੀਤਿਆਂ ਮੁਕਤੀ ਨਹੀਂ ਮਿਲਦੀ, ਜੇ ਮਿਲਦੀ ਤਾਂ ਡੱਡਾਂ ਵੀ ਤਾਂ ਤੀਰਥ ਵਾਸੀ ਹਨ।

**ਵਰਤੋਂ** :—

ਮਿਲੈ ਨ ਤੀਰਥ ਨਾਤਿਆਂ ਡਡਾਂ ਜਲ ਵਾਸੀ।
ਵਾਲ ਵਧਾਇਐ ਪਾਈਐ ਵੜ ਜਟਾਂ ਪਲਾਸੀ।
(ਵਾਰਾਂ—ਭਾਈ ਗੁਰਦਾਸ)

**ਮੀਆਂ ਸਬਕ ਨਾ ਦਿਊ ਤੇ ਮੁੰਡਾ ਘਰ ਵੀ ਨਾ ਆਉਣ ਦਿਊ?**

**ਭਾਵ** :—ਜਦ ਇਹ ਕਹਿਣਾ ਹੋਵੇ ਕਿ ਜੇ ਭਲਾ ਨਾ ਹੋਇਆ ਤਾਂ ਬੁਰਾ ਹੋਣ ਦੀ ਆਸ ਨਹੀਂ।

**ਵਰਤੋਂ** :—ਤੂੰ ਰੁਪਏ ਸ਼ਾਹ ਤੋਂ ਮੰਗ ਕੇ ਤਾਂ ਵੇਖ। ਤੈਨੂੰ ਕੋਈ ਮੂੰਹ ਪਾਉਣ ਲਗਾ ਹੈ? ਮੀਆਂ ਸਬਕ ਨਾ ਦਿਊ ਤੇ ਮੁੰਡਾ ਘਰ ਵੀ ਨਾ ਆਉਣ ਦਿਊ? (ਸੰਗ੍ਰ)

**ਮੀਆਂ ਜੀ ਰੋਂਦੇ ਕਿਉਂ ਹੋ? ਸ਼ਕਲ ਹੀ ਐਸੀ ਹੈ।**

**ਭਾਵ** :—ਜਦ ਬਿਨਾਂ ਕਾਰਨ ਦਿਲ ਢਾਹੂ ਗੱਲ ਕਰਨੀ ਸੂਰਤ ਰਖਣੀ ਕਿਸੇ ਦੀ ਆਦਤ ਹੀ ਬਣ ਜਾਵੇ।

**ਵਰਤੋਂ** :—ਮੁੰਡਾ ਖ਼ਾਹ-ਮ-ਖ਼ਾਹ ਚਿੜਿਆ ਹੋਇਆ ਸੀ। ਮੈਂ ਕੁਝ ਵੀ ਨਹੀਂ ਆਖਿਆ, ਪਰ 'ਮੀਆਂ ਜੀ ਅਖੇ ਰੋਂਦੇ ਕਿਉਂ ਹੋ, ਅਸਾਡੀ ਸ਼ਕਲ ਹੀ ਐਸੀ ਹੈ।' (ਸੰਗ੍ਰ)

**ਮੀਆਂ ਬੀਬੀ ਰਾਜ਼ੀ ਕੀ ਕਰੇਗਾ ਕਾਜ਼ੀ।**

**ਭਾਵ** :—ਜਦ ਸਭੇ ਧਿਰਾਂ ਜਿਨ੍ਹਾਂ ਨਾਲ ਕਿਸੇ ਚੀਜ਼ ਦਾ ਵਾਹ ਪੈਂਦਾ ਹੋਵੇ ਤਿਆਰ ਹੋਣ, ਤਾਂ ਹੋਰ ਕਿਸੇ ਦੀ ਰਾਏ ਕਿਸ ਕੰਮ?

**ਵਰਤੋਂ** :—ਤਾਂਬਾ—ਬਸ ਜੇਕਰ ਇਹ ਗਲ ਈ ਨਾ, ਫੇਰ ਤੈਨੂੰ ਕੀ ਚਾਹੀਦਾ ਏ? 'ਮੁੰਡਾ ਕੁੜੀ ਰਾਜ਼ੀ ਤੇ ਕੀ ਕਰੇਗਾ ਕਾਜ਼ੀ' ਚੌਧਰੀ ਆਪਣੀ ਗੌਂ ਨੂੰ ਪਿਆ ਮੰਨੇਗਾ।
(ਪਿੰਡ ਦੇ ਵੈਰੀ—ਫ਼ਜ਼ਲ ਦੀਨ)

**ਮੀਆਂ ਮੈਨੂੰ ਜਾਣੇ ਨਾ, ਤੇ ਘੜਾ ਕਢਾਵੇ ਟੱਟੂ।**

**ਭਾਵ** :—ਜਦ ਕੋਈ ਕਿਸੇ ਦੀ ਪ੍ਰਵਾਹ ਵੀ ਨਾ ਕਰੇ ਪਰ ਉਲਟਾ ਖਾਤਰਾਂ ਕਰਾਣ ਨੂੰ ਫਿਰੇ।

**ਵਰਤੋਂ** :—ਤੇਰਾ ਤਾਂ ਉਹ ਹਾਲ ਹੈ, ਅਖੇ 'ਮੀਆ ਮੈਨੂੰ ਜਾਣੇ ਨਾ ਤੇ ਘੜਾ ਕਢਾਵੇ ਟਟੂ' ਉਹ ਨੌਕਰੀ ਤੋਂ ਕਢਨ ਨੂੰ ਫਿਰਦੇ ਹਨ ਤੇ ਤੂੰ ਆਖਦਾ ਹੈਂ ਮੇਰੀ ਤਰੱਕੀ ਹੋਵੇ। (ਸੰਗ੍ਰ)

**ਮੀਸਣੀ ਖਾਵੇ ਮੂੰਹ ਨਾ ਹਿਲਾਵੇ।**

**ਭਾਵ** :—ਦੰਭ ਰਚਕੇ ਜਦ ਕੋਈ ਲਾਭ ਲੈਂਦਾ ਹੋਇਆ ਵੀ ਇਸ ਭੇਤ ਨੂੰ ਛੁਪਾਈ ਰਖੇ।

**ਵਰਤੋਂ** :—ਇਸ ਪਾਸੋਂ ਭੇਦ ਕਢਨਾ ਮਖੌਲ ਨਹੀਂ 'ਮੀਸਣੀ ਖਾਵੇ ਤੇ ਮੂੰਹ ਨਾ ਹਿਲਾਵੇ।' ਇਹ ਵੱਢੀ ਵੀ ਲਏਗਾ ਤੇ ਪਤਾ ਵੀ ਨਹੀਂ ਲਗਣ ਦਏਗਾ। (ਸੰਗ੍ਰ)

## ਮੀਂਹ ਪਿਆ ਦੀਵਾਲੀ, ਜਿਹਾ ਫੋਸੀ ਤਿਹਾ ਹਾਲੀ।

**ਭਾਵ** :—ਦੀਵਾਲੀ ਦੇ ਸਮੇਂ ਮੀਂਹ ਪੈਣ ਨਾਲ ਕਣਕ ਦੀ ਬੀਜਾਈ ਸੁਖਾਲੀ ਹੀ ਸ਼ੁਰੂ ਹੋ ਜਾਂਦੀ ਹੈ।

**ਵਰਤੋਂ** :—ਜੇ ਐਤਕੀ ਵੀ ਦੀਵਾਲੀ ਦੇ ਮੌਕੇ ਮੀਂਹ ਪੈ ਜਾਵੇ, ਤਾਂ ਪੰਜੇ ਘਿਉ ਵਿਚ ਸਮਝਾਂ। ਫਿਰ ਅੰਨ ਹੀ ਅੰਨ ਹੋ ਜਾਵੇਗਾ। ਸਿਆਣਿਆਂ ਨੇ ਸੱਚ ਕਿਹਾ ਹੈ 'ਮੀਂਹ ਪਿਆ ਦਿਵਾਲੀ, ਜਿਹਾ ਫੋਸੀ, ਤਿਹਾ ਹਾਲੀ।' (ਸੰਗ੍ਰ)

## ਮੀਚ ਨਾ ਚਲੀਏ, ਪੈ ਟੋਇ ਮਰੀਏ।

**ਭਾਵ** :—ਅੱਖਾਂ ਮੀਟ ਕੇ ਨਾ ਤੁਰੋ, ਕਿਧਰੇ ਟੋਇ ਵਿਚ ਡਿਗਕੇ ਮਰ ਜਾਓਗੇ।

**ਵਰਤੋਂ** :—ਸੋਚ ਸਮਝ ਕੇ ਕਦਮ ਰਖਣਾ ਚਾਹੀਦਾ ਹੈ। 'ਮੀਚ ਨਾ ਚਲਈ, ਪੈ ਟੋਇ ਮਰੀਏ।' (ਸੰਗ੍ਰ)

## ਮੀਠੇ ਕਾਰਨ ਜੂਠਾ ਖਾਏ।

**ਭਾਵ** :—ਲੱਭ ਵਿਚ ਫਸ ਕੇ ਮਨੁਖ ਕਈ ਭੇੜ ਕਰਦਾ ਹੈ। ਜਾਂ ਕਿਸੇ ਵਡੀ ਗੱਲ ਲਈ ਬੰਦਾ ਔਖ ਸਹਿਦਾ ਹੈ।

**ਵਰਤੋਂ** :—

ਸਿਰ ਤਦ ਦੇ ਜਬ ਪੂਰਾ ਪਾਏ,
ਮੀਠੇ ਕਾਰਨ ਜੂਠਾ ਖਾਏ।
(ਗੁਲਾਮ ਜਿਲਾਨੀ ਰੋਹਤਕੀ)

## ਮੀਨਾ ਸਾਹ ਪੀਨਾ।

**ਭਾਵ** :—ਚੁਪੀਤਾ ਮਨੁਖ ਜਦ ਕੋਈ ਮਾੜਾ ਕਮ ਕਰੇ।

**ਵਰਤੋਂ** :— ਚੂਚਕ — ਚਲਾ ਜਾਹ ਐਥੋਂ ਕਮੀਨਿਆ, ਨਿਕਲ ਜਾਹ ਐਸੇ ਦਮ ਐਥੋਂ। ਨਿਕਲ ਜਾਹ ਜੇ ਆਪਣੀ ਜਾਨ ਦੀ ਖੈਰ ਚਾਹੁੰਦਾ ਏਂ, ਤੇ ਮੁੜ ਕੇ ਐਸ ਘਰ ਵਲ ਪੈਰ ਨਾ ਕਰੀਂ। ਮੀਨਾ ਸਾਹ ਪੀਨਾ। (ਹੀਰ ਸਿਆਲ—ਸ਼ਰਫ)

## ਮੁਸ਼ਕ ਲੈਣੀ ਏ ਕਿ ਬਗਾ ਢਾਹੁਣਾ ਏ।

**ਭਾਵ** :—ਅਸਲੀ ਮਤਲਬ ਨੂੰ ਛਡ ਕੇ ਹੋਰ ਗੱਲਾਂ ਵਲ ਪੈਣਾ।

**ਵਰਤੋਂ** :—ਮੈਨੂੰ ਤਾਂ ਤੇਰੀਆਂ ਚਾਲਾਂ ਦੀ ਸਮਝ ਹੀ ਨਹੀਂ ਲਗਦੀ। ਤੂੰ ਅਪਣਾ ਕੰਮ ਕਢ। ਐਵੇਂ ਉਰੇ ਪਰੇ ਦੀਆਂ ਮਾਰਨ ਦਾ ਕੀ ਲਾਭ। (ਸੰਗ੍ਰ)

## ਮੁਸੀਬਤ ਇੱਕਲੀ ਨਹੀਂ ਆਉਂਦੀ।

**ਭਾਵ** :—ਜਦ ਇਕੋ ਸਮੇਂ ਬਹੁਤੇ ਦੁਖ ਆ ਜ਼ੋਰ ਪਾਣ।

**ਵਰਤੋਂ** :— ਮੁਸੀਬਤ ਇਕੱਲੀ ਨਹੀਂ ਆਇਆ ਕਰਦੀ। ਉਧਰ ਇੰਦਰਪਾਲ ਦਸਵੀਂ ਦਾ ਇਮਤਿਹਾਨ ਦੇਕੇ ਵਿਹਲਾ ਹੋਇਆ ਤੇ ਏਧਰ ਦੇਵੀ ਚੰਦ ਸਮਝੋ ਘੜੀਆਂ ਪਲਾਂ ਤੋਂ ਹੋ ਮੁੜਿਆ।
(ਲਵ ਮੈਰਿਜ—ਨਾਨਕ ਸਿੰਘ)

## ਮੁਹੱਬਤਾਂ ਦਾ ਵੀ ਕੋਈ ਮਜ਼ੂਬ ਹੁੰਦਾ ਏ।

**ਭਾਵ** :—ਪਿਆਰ ਜ਼ਾਤ, ਜਨਮ ਨੂੰ ਨਹੀਂ ਪੁਛਦਾ।

**ਵਰਤੋਂ** :—ਪਾਗਲ ਕਿਸੇ ਥਾਂ ਦਾ 'ਮੁਹੱਬਤ ਦਾ ਵੀ ਕੋਈ ਮਜ਼ੂਬ ਹੁੰਦਾ ਏ ? ਦਿਲ ਲਗੀ ਦੀ ਗੱਲ ਏ ਇਹ ਤਾਂ ? ਇਸ਼ਕ ਵਿਚ ਜ਼ਾਤ ਕੁਜਾਤ ਨੂੰ ਕੌਣ ਪਛਾਣੇ ? (ਸੰਗ੍ਰ)

## ਮੁਕ ਗਏ ਘੜੇ ਚੋਂ ਦਾਣੇ ਬਣ ਗਿਆ ਸਿੰਘ ਸਭੀਆ।

**ਭਾਵ** :—ਪਲੇ ਕੁਝ ਨਾ ਹੋਵੇ ਤੇ ਸਾਧ

ਬਣ ਜਾਵੇ ।

**ਵਰਤੋਂ** :—ਆਹੋ ਵੇਖ ਲਿਆ ਤੂੰ ਵੱਡਾ ਸਾਧ। ਸਾਧ ਨਾ ਬਣਦਾ ਤਾਂ ਕੀ ਕਰਦਾ। ਖੀਸਾ ਜੂ ਖਾਲੀ ਹੋ ਗਿਆ ਸੀ। ਅਖੇ ਮੁਕ ਗਏ ਘੜੇ ਚੋਂ ਦਾਣੇ ਬਣ ਗਿਆ ਸਿੰਘ ਸਭੀਆ। (ਸੰ)

## ਮੁਕਤਿ ਜੁਗਤਿ ਨਾਵੈ ਕੀ ਦਾਸੀ।

**ਭਾਵ** :—ਮੁਕਤੀ ਤੇ ਜੁਗਤੀ (ਦੂਜਿਆਂ ਨੂੰ ਮੁਕਤੀ ਦਾ ਤਰੀਕਾ ਦਸਣਾ) ਇਹ ਸਿਮਰਨ (ਨਾਮ) ਨਾਲ ਹੱਥ ਆਉਂਦੀਆਂ ਹਨ।

**ਵਰਤੋਂ** :—

ਨਰਕਹੁ ਛੁਟੇ ਜੀਆ ਜੰਤ ਕਟੀ ਗਲਹੁ ਸਿਲਮ ਜਮ ਫਾਸੀ। ਮੁਕਤਿ ਜੁਗਤਿ ਨਾਵੈ ਕੀ ਦਾਸੀ।
(ਵਾਰਾਂ—ਭਾਈ ਗੁਰਦਾਸ)

## ਮੁਖ ਹੈ ਦਾਲ ਰੋਟੀ, ਹੋਰ ਗੱਲ ਖੋਟੀ।

**ਭਾਵ** :—ਪਹਿਲਾਂ ਰੋਟੀ, ਫੇਰ ਹੋਰ ਗੱਲ।

**ਵਰਤੋਂ** :—ਕੇਂਦ੍ਰੀ ਮਸਲਾ ਤਾਂ ਰੋਟੀ ਦਾ ਹੈ। 'ਮੁਖ ਹੈ ਦਾਲ ਰੋਟੀ, ਹੋਰ ਗਲ ਖੋਟੀ।' ਤੁਸੀਂ ਵਾਧੂ ਗੱਲਾਂ ਕਿਉਂ ਛੇੜਦੇ ਹੋ ? (ਸੰਗ੍ਰ)

## ਮੁਗਲੋਂ ਗੋਰਾ ਸੋ ਚੂੜ੍ਹਾ ਜਾਂ ਕੋਹੜਾ।

**ਭਾਵ** :—ਹੱਦ ਤੋਂ ਵਧੀਕ ਚੰਗਾ ਹੋਣਾ ਵੀ ਇਕ ਬੀਮਾਰੀ ਹੈ।

**ਵਰਤੋਂ** :—ਜੇ ਉਹ ਹਾਲੇ ਵੀ ਖੁਸ਼ ਨਹੀਂ ਤਾਂ ਨਾ ਹੋਵੇ, ਹੋਰ ਕੀ ਕਰੀਏ ? 'ਮੁਗਲੋਂ ਗੋਰਾ ਸੋ ਚੂੜ੍ਹਾ ਜਾਂ ਕੋਹੜਾ' ਇਸ ਤੋਂ ਅਗੇ ਕੌਣ ਜਾਵੇ ?(ਸੰਗ੍ਰ)

## ਮੁੱਢ ਦਾ ਫ਼ਕੀਰ ਤੇ ਪੈਂਦੇ ਦਾ ਅਮੀਰ।

**ਭਾਵ** :—ਚੰਗੇ ਅਸਲੇ ਦਾ ਗ਼ਰੀਬ ਮੰਦੇ ਅਸਲੇ ਦੇ ਅਮੀਰ ਤੋਂ ਉਚਾ ਹੈ। ਜਾਂ ਜਦ ਚੰਗੇ ਮੰਦੇ ਦੀ ਤਮੀਜ਼ ਨਾ ਹੋਵੇ ਅਮੀਰ ਗ਼ਰੀਬ ਤੇ ਗ਼ਰੀਬ ਅਮੀਰ ਹੋ ਜਾਣ।

**ਵਰਤੋਂ** :—'ਮੁੱਢ ਦਾ ਫਕੀਰ ਤੇ ਚੰਗਾ ਪੈਂਦੇ ਦਾ ਅਮੀਰ' ਨਾਲੋਂ ਸਾਨੂੰ ਸ਼ੁਹਰਤ ਤੇ ਖਾਨਦਾਨੀ ਚਾਹੀਦਾ ਹੈ। ਹੋਛਾ ਰੱਜ ਨਹੀਂ। (ਸੰਗ੍ਰ)

## ਮੁਢੋਂ ਘੁਥੀ ਡੂਮਣੀ, ਗਾਵੇ ਆਲ ਪਤਾਲ।

**ਭਾਵ** :—ਜਦ ਕੋਈ ਮੁਢੋਂ ਹੀ ਗਲਤ ਰਾਹ ਪੈ ਜਾਵੇ ਤਾਂ ਉਸਤੋਂ ਹਮੇਸ਼ ਹੀ ਰਾਹ ਘੁਥਾ ਰਹਿਦਾ ਹੈ।

**ਵਰਤੋਂ** :—ਬੀਮਾਰੀ ਦੀ ਜੜ੍ਹ ਨੂੰ ਪਕੜਦਾ, ਤਾਂ ਛੇਤੀ ਆਰਾਮ ਆ ਜਾਂਦਾ। ਹੁਣ ਤਾਂ 'ਮੁਢੋਂ ਘੁਥੀ ਡੂਮਣੀ ਗਾਵੇ ਆਲ ਪਤਾਲ' ਵਾਲਾ ਲੇਖਾ ਹੈ। (ਸੰਗ੍ਰ)

## ਮੁਦਈ ਸੁਸਤ ਤੇ ਗਵਾਹ ਚੁਸਤ।

**ਭਾਵ** :—ਜਿਸ ਪੁਰਸ਼ ਨਾਲ ਕਿਸੇ ਕੰਮ ਦਾ ਸੰਬੰਧ ਹੋਵੇ, ਉਹ ਤਾਂ ਘਟ ਵਧ ਹੀ ਉਦਮ ਕਰੇ। ਪਰ ਦੂਜੇ ਅਗੇ ਵਧ ਵਧ ਪੈਰ ਪਾਣ।

**ਵਰਤੋਂ** :—ਜੇ ਇਕੱਲੇ ਰਾਮ ਲਾਲ ਨੂੰ ਹੀ ਰਜ਼ਾਮੰਦ ਕਰਨਾ ਹੁੰਦਾ ਤਾਂ ਗਲ ਵਖਰੀ ਸੀ, ਪਰ ਇੱਥੇ ਤਾਂ 'ਮੁਦਈ ਸੁਸਤ ਤੇ ਗਵਾਹ ਚੁਸਤ' ਵਾਲੀ ਗਲ ਏ। ਸਾਰਾ ਪਿੰਡ ਹੀ ਕੰਜਰੀ ਲਈ ਔਂਸੀਆਂ ਪਾ ਰਿਹਾ ਹੈ। (ਚਿੱਟਾ ਲਹੂ—ਨਾਨਕ ਸਿੰਘ)

## ਮੁਨੀ ਦੀਆਂ ਸਹੇਲਣਾ ਜੁਲਾਹੀਆਂ ਤੇ ਤੇਲਣਾ।

**ਭਾਵ** :—ਜਦ ਸਾਥੀ ਭੈੜੇ ਹੋਣ।

**ਵਰਤੋਂ** :—ਭੈਣ ਕੀ ਆਖਾਂ, ਉਸ ਦੀ ਸੰਗਤ ਸ਼ਰਾਬੀਆਂ ਕਬਾਬੀਆਂ ਨਾਲ ਹੀ ਹੈ। ਅਖੇ,

ਮੁਨੀ ਦੀਆਂ ਸਹੇਲਣਾਂ ਜੁਲਾਹੀਆਂ ਤੇ ਤੇਲਣਾ, ਮੇਰੇ ਵਸ ਕੀ ਹੈ ? (ਸੰਗ੍ਰ)

**ਮੁਫਤ ਦੀ ਸ਼ਰਾਬ ਕਾਜ਼ੀ ਨੂੰ ਭੀ ਹਲਾਲ ।** ਵੇਖੋ :—ਚੋਰੀ ਦਾ ਗੁੜ ਮਿਠਾ ।

**ਭਾਵ** :—ਮੁਫ਼ਤ ਦੀ ਭੈੜੀ ਚੀਜ਼ ਚੰਗੇ ਆਦਮੀ ਵੀ ਵਰਤਨ ਨੂੰ ਤਿਆਰ ਹੋ ਜਾਂਦੇ ਹਨ ।

**ਵਰਤੋਂ** :—ਬਸ ਵੀ ਕਰੋ ਪੰਡਤ ਜੀ ! 'ਮੁਫ਼ਤ ਦੀ ਸ਼ਰਾਬ ਕਾਜ਼ੀ ਨੂੰ ਭੀ ਹਲਾਲ ਹੁੰਦੀ ਏ । ਤੁਸੀਂ ਵਹਿਮ ਨਾ ਕਰੋ ਤੇ ਛੱਕ ਜਾਓ । (ਸੰਗ੍ਰ)

**ਮੁਫਤ ਦੀ ਗੰਗਾ ਤੇ ਗੌਰ ਦੇ ਗੋਤੇ ।**

**ਭਾਵ** :—ਮੁਫ਼ਤ ਦੀ ਚੀਜ਼ ਨੂੰ ਦੂਜਿਆਂ ਵਿਚ ਵੰਡਣ ਲਗਿਆਂ ਦਰਦ ਨਹੀਂ ਹੁੰਦਾ ।

**ਵਰਤੋਂ** :—ਲੁੱਟ ਦਾ ਮਾਲ ਹੈ, ਕਿਹੜਾ ਕੋਈ ਖਟੀ ਕਮਾਈ ਕਰਕੇ ਬਣਾਇਆ ਹੈ । ਬੱਸ ਜੋ ਆਉਂਦਾ ਹੈ, ਖਾਂਦਾ ਹੈ, ਅਖੇ 'ਮੁਫਤ ਦੀ ਗੰਗਾ ਤੇ ਗੌਰ ਦੇ ਗੋਤੇ ।' (ਸੰਗ੍ਰ)

**ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ ।**

**ਭਾਵ** :—ਗੱਲਾਂ ਨਾਲ ਮੁਰੀਦ ਜਾਂ ਸਿੱਖ ਨਹੀਂ ਬਣੀਦਾ, ਆਪਣਾ ਆਪ ਵਾਰਨ ਨਾਲ ਬਣੀਦਾ ਹੈ ।

**ਵਰਤੋਂ** :—

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ।
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ ।

(ਵਾਰਾਂ—ਭਾਈ ਗੁਰਦਾਸ)

**ਮੁਰਦਾ ਬੋਲੇ ਤੇ ਖਫਣ ਹੀ ਪਾੜੇ ।**

**ਭਾਵ** :—ਜਦ ਕੋਈ ਜਿਸ ਵੇਲੇ ਵੀ ਬੋਲੇ, ਭੈੜੇ ਵਾਕ ਹੀ ਮੂੰਹ ਤੋਂ ਕਢੇ ।

**ਵਰਤੋਂ** :—ਦੂਜੀ—ਨੀ ਕੀ ਲਿਆਵੇਗਾ ਤੇਰਾ ਸੁਖਾਂ-ਲਧਾ ਸ਼ਹਿਰੋਂ ?'

ਤੀਜੀ—ਦੁਖਾਂ ਦੀਆਂ ਪੂਣੀਆਂ ।

ਦੂਜੀ—ਫਿਟੇ-ਮੂੰਹ, 'ਮੁਰਦਾ ਬੋਲਸੀ ਤੇ ਖਫਣ ਹੀ ਪਾੜਸੀ ।'

(ਜਵਾਨ ਜਹਾਨ—ਕਰਤਾਰ ਸਿੰਘ ਦੁਗਲ)

**ਮੁਲ ਬਕਰੀ ਤੇ ਊਠ ਝੂੰਗਾ ।**

**ਭਾਵ** :—ਚੀਜ਼ ਥੋੜੇ ਮੁਲ ਦੀ ਹੋਵੇ, ਪਰ ਖ਼ਰਚ ਉਹਦੇ ਉਤੇ ਬਹੁਤਾ ਹੋਵੇ ।

**ਵਰਤੋਂ** :—ਵੇਖੋ ਨਾ, ਲਈਆਂ ਤਾਂ ਸਿਰਫ਼ ਸੇਰ ਮੂਲੀਆਂ ਤੇ ਝੂੰਗੇ ਵਿਚ ਦੋ ਸੇਰ ਗਾਜਰਾਂ ਲੈ ਚਲੀ ਜੇ । ਅਖੇ 'ਮੂਲ ਬਕਰੀ ਤੇ ਊਠ ਝੂੰਗਾ ।' (ਸੰਗ੍ਰ)

**ਮੁਲਕ ਮਾਹੀ ਦਾ ਵਸੇ, ਕੋਈ ਰੋਵੇ ਤੇ ਕੋਈ ਹੱਸੇ ।**

**ਭਾਵ** :—ਸ੍ਰਿਸ਼ਟੀ ਅੰਦਰ ਕੋਈ ਸੁਖੀ ਹੈ, ਤੇ ਕੋਈ ਦੁਖੀ ਹੈ । ਸਭੇ ਬਰਾਬਰ ਨਹੀਂ ।

**ਵਰਤੋਂ** :—ਇਕ ਸੁਖੀ ਹਿਰਦਾ ਠਰਿਆ ਹੋਇਆ ਅਨੰਦ ਹੈ, ਤਾਂ ਦੂਜਾ ਹਿਰਦਾ ਸਲਾਂ ਨੇ ਸਲਿਆ ਹੋਇਆ ਹੈ, ਤੇ ਗਿਲੇ ਗੋਹੇ ਵਾਂਗ ਧੁਖ ਰਿਹਾ ਹੈ । 'ਮੁਲਕ ਮਾਹੀ ਦਾ ਵਸੇ ਕੋਈ ਰੋਵੇ ਤੇ ਕੋਈ ਹਸੇ ।'

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

**ਮੁਲਾਂ ਭੰਗੜ ਗਛੇ ਨਾ, ਰਿਛ ਮਸੀਤੀ ਅਛੇ ਨਾ ।**

**ਭਾਵ** :—ਕਿਸੇ ਤੋਂ ਡਰ ਕੇ ਦੂਰ ਹੀ ਰਹਿਣਾ ਪਰ ਉਂਜ ਆਪਣੀ ਦਲੇਰੀ ਦੀਆਂ ਫੜ੍ਹਾਂ ਮਾਰਨੀਆਂ ।

**ਵਰਤੋਂ** :—ਕਿਨ੍ਹੇ ਪਰਤਾਵਾ ਕਰਨਾ ਸੀ, ਉਹਦੀ ਦਲੇਰੀ ਦਾ । ਸਭ ਮੰਨੀ ਗਏ । ਅਖੇ 'ਮੁਲਾਂ ਭੰਗੜ ਗਛੇ ਨਾ, ਰਿੱਛ ਮਸੀਤੀ ਅਛੇ ਨਾ ।' (ਸੰਗ੍ਰ)

## ਮੁਲਾਂ ਦੀ ਦੌੜ ਮਸੀਤ ਤਕ।

**ਭਾਵ**:—ਜਦ ਕਿਸੇ ਦੀ ਪਹੁੰਚ ਦੂਰ ਤਕ ਨਾ ਹੋਵੇ।

**ਵਰਤੋਂ** :—ਮੇਰੀ ਤਾਂ ਪੈਰਾਂ ਤਕ ਹੀ ਪਹੁੰਚ ਸੀ, 'ਮੁਲਾਂ ਦੀ ਮਸੀਤ ਤਕ' ਕਚਹਿਰੀਆਂ ਦੇ ਖਰਚੇ ਕੌਣ ਭਰਦਾ ? (ਸੰਗ੍ਰ)

## ਮੁਲਾਂ ਦੇ ਦੋ ਕਪੜੇ, ਸੁਥੱਣ ਨਾਲਾ ਹੱਥ।

**ਭਾਵ** :—ਜਦ ਕਿਸੇ ਦਾ ਕੋਈ ਬਹੁਤ ਨੁਕਸਾਨ ਹੋਣਾ ਸੰਭਵ ਨਾ ਹੋਵੇ, ਕੁਝ ਵਿਗੜਦਾ ਨਾ ਹੋਵੇ।

**ਵਰਤੋਂ** :—ਉਸ ਪਾਸ ਹੈ ਹੀ ਕੀ ਜੋ ਤੂੰ ਕਰੁਕ ਕਰਾ ਲਏਂਗਾ। 'ਮੁਲਾਂ ਦੇ ਦੋ ਕਪੜੇ, ਸੁਥਣ ਨਾਲਾ ਹਥ।' (ਸੰਗ੍ਰ)

## ਮੂਸਾ ਭਜਿਆ (ਡਰਿਆ) ਮੌਤ ਤੋਂ ਅਗੇ ਮੌਤ ਖੜੀ। ਜਾਂ ਮੂਸਾ ਨੱਠਾ ਮੌਤ ਤੋਂ ਅੱਗੇ ਮੌਤ ਖੜੀ। ਜਾਂ ਮੂਸਾ ਨੱਠਾ ਗੋਰ ਤੋਂ ਅਗੇ ਗੋਰ ਖੜੀ।

**ਭਾਵ** :—ਜਦ ਕੋਈ ਕਿਸੇ ਚੀਜ਼ ਦੇ ਡਰ ਤੋਂ ਬਚਣਾ ਚਾਹੇ ਤਾਂ ਓਹੀ ਚੀਜ਼ ਉਸਨੂੰ ਆ ਚੰਬੜੇ।

**ਵਰਤੋਂ** :—ਉਹ ਪ੍ਰਤਖ ਵੇਖ ਰਹੀ ਸੀ ਕਿ ਇਸ ਹਰੀ ਦੁਗ ਪਤੀ ਤੋਂ ਲੰਮੀ ਆਸ ਛਡ ਕੇ ਕੋਈ ਛੋਟੀ ਤੋਂ ਛੋਟੀ ਆਸ ਵੀ ਨਹੀਂ। ਫਿਰ 'ਮੂਸਾ ਮੌਤੋਂ ਭਜਿਆ ਅੱਗੇ ਮੌਤ ਖੜੀ' ਵਾਂਗ ਉਹ ਇਸ ਪਾਪ ਦੀ ਪੰਡ ਨੂੰ ਲੈਕੇ ਕਿਥੇ ਜਾਵੇਗੀ।
(ਚਿੱਟਾ ਲਹੂ—ਨਾਨਕ ਸਿੰਘ)

## ਮੂਤਰ ਵਿਚੋਂ ਮਛੀਆਂ ਫੜਨ ਨਾਲ ਕੁਝ ਨਹੀਂ ਬਣਦਾ।

**ਭਾਵ** :—ਬਹੁਤ ਥੋੜੀ ਚੀਜ਼ ਜਾਂ ਕਮਾਈ ਵਿਚੋਂ ਕੁਝ ਨਹੀਂ ਬਣਦਾ।

**ਵਰਤੋਂ** :—ਮੂਤਰ ਵਿਚੋਂ ਮੱਛੀਆਂ ਫੜਨ ਨਾਲ ਕੁਝ ਨਹੀਂ ਬਣਦਾ, ਹਿੰਮਤ ਕਰਕੇ ਕੋਈ ਵਡਾ ਕੰਮ ਸੋਚੋ। (ਸੰਗ੍ਰ)

## ਮੂਰਖ ਅਕਲੀ ਬਾਹਰਾ ਵਾਂਸਹੁ ਨ ਹੋਵੇ ਗੰਨਾ।

**ਭਾਵ** :—ਮੂਰਖ ਅਕਲ ਤੋਂ ਕੋਰੇ ਹਨ। ਜਿਵੇਂ ਬਾਂਸ ਗੰਨਾ ਨਹੀਂ ਹੋ ਸਕਦਾ ਤਿਵੇਂ ਮੂਰਖ ਅਕਲਵੰਦ ਨਹੀਂ ਹੋ ਸਕਦਾ।

**ਵਰਤੋਂ** :—

ਮੂਰਖ ਅਕਲੀ ਬਾਹਰਾ ਵਾਂਸਹੁ ਮੂਲ ਨ ਹੋਵੈ ਗੰਨਾ।
ਮਾਨਸ ਦੇਹੀ ਪਸੂ ਉਪੰਨਾ।
(ਵਾਰਾਂ—ਭਾਈ ਗੁਰਦਾਸ)

## ਮੂਰਖ ਸਿਉ ਬੋਲੇ ਝਖ ਮਾਰੀ।

**ਭਾਵ** :—ਮੂਰਖ ਨਾਲ ਬੋਲਿਆ ਬੇ ਅਰਥ ਜਾਂਦਾ ਹੈ।

**ਵਰਤੋਂ** :—

ਸੰਤਨ ਸਿਉ ਬੋਲੇ ਉਪਕਾਰੀ।
ਮੂਰਖ ਸਿਉ ਬੋਲੇ ਝਖ ਮਾਰੀ।
(ਗੁਰੂ ਗ੍ਰੰਥ—ਰਾਗ ਗੋਂਡ)

## ਮੂਰਖ ਖੁਆਣ ਤੇ ਚਾਤਰ ਖਾਣ।

**ਭਾਵ** :—ਮੂਰਖ ਤਾਂ ਕੰਮ ਕਰਦੇ ਤੇ ਚਾਤਰ ਬੁਲੇ ਲੁਟਦੇ ਹਨ।

**ਵਰਤੋਂ** :—ਤੂੰ ਘਰ ਨਾ ਉਜਾੜ ਲੋਕਾਂ ਉਤੇ। ਤੂੰ ਨਹੀਂ ਸੁਣਿਆ, 'ਮੂਰਖ ਖੁਆਣ ਤੇ ਚਾਤਰ ਖਾਣ ?' (ਸੰਗ੍ਰ)

## ਮੂਰਖ ਖੱਟੇ ਟੋਇ, ਨਾ ਕੋਈ ਹੱਸੇ ਨਾ ਕੋਈ ਰੋਇ।

**ਭਾਵ** :—ਮੂਰਖ ਆਪਣੇ ਮੰਦੇ ਕੰਮਾਂ ਦਾ ਫਲ ਆਪ ਪਾਂਦਾ ਹੈ। ਹੋਰ ਕੋਈ ਨਹੀਂ।

**ਵਰਤੋਂ** :—ਤੂੰ ਸਮਝਦਾ ਏਂ ਆਪਣੇ ਅੜਬਪੁਣੇ ਨਾਲ ਉਨ੍ਹਾਂ ਨੂੰ ਜਿੱਤ ਲਵੇਂਗਾ, ਪਰ ਤੂੰ ਭੁਲਦਾ ਹੈਂ। 'ਮੂਰਖ ਖੱਟੇ ਟੋਇ, ਨਾ ਕੋਈ ਹੱਸੇ,

ਨਾ ਕੋਈ ਰੋਇ' ਅੰਤ ਨੂੰ ਨੁਕਸਾਨ ਤੇਰਾ ਹੀ ਹੋਵੇਗਾ। (ਸੰਗ੍ਰ)

### ਮੂਰਖ ਗੰਢੁ ਪਵੈ ਮੁਹਿ ਮਾਰ।

**ਭਾਵ** :—ਮੂਰਖ ਮੂੰਹ ਤੇ ਮਾਰ ਪਿਆਂ ਹੀ ਸੂਤ ਹੁੰਦਾ ਹੈ।

**ਵਰਤੋਂ** :—

ਏਤੁ ਗੰਢਿ ਵਰਤੈ ਸੰਸਾਰੁ।
ਮੂਰਖ ਗੰਢੁ ਪਵੈ ਮੁਹਿ ਮਾਰ।
(ਗੁਰੂ ਗ੍ਰੰਥ—ਵਾਰ ਮਾਝ)

### ਮੂਰਖ ਤਿਸਨੋ ਆਖੀਐ, ਬੋਲ ਨ ਸਮਝੈ ਬੋਲ ਨ ਜਾਣੈ।

**ਭਾਵ** :—ਮੂਰਖ ਉਸ ਨੂੰ ਕਹੀਦਾ ਹੈ ਜਿਹੜਾ ਨਾ ਤਾਂ ਠੀਕ ਗੱਲ ਨੂੰ ਸਮਝੇ, ਤੇ ਨਾ ਹੀ ਦੂਜਿਆਂ ਨੂੰ ਸਮਝਾ ਸਕੇ।

**ਵਰਤੋਂ** :—

ਮਰਖ ਤਿਸਨੋ ਆਖੀਐ ਬੋਲ ਨ ਸਮਝੈ ਬੋਲ ਨ ਜਾਣੈ।
ਹੋਰੋਂ ਕਿਹੁੰਕਲ ਪੁਛੀਐ ਹੋਰੋਂ ਕਿਹੁੰਕਲ ਆਖ ਵਖਾਣੈ।
(ਵਾਰਾਂ—ਭਾਈ ਗੁਰਦਾਸ)

### ਮੂਰਖ ਦਾ ਹਾਸਾ, ਭੰਨ ਸੁਟੇ ਪਾਸਾ।

**ਭਾਵ** :—ਮੂਰਖ ਚੰਗੀ ਗੱਲ ਦੀ ਵੀ ਅੱਤ ਕਰਕੇ ਉਸਨੂੰ ਵਿਗਾੜ ਦੇਂਦਾ ਹੈ।

**ਵਰਤੋਂ** :—ਠੀਕ ਏ ਅਖ, 'ਮੂਰਖ ਦਾ ਹਾਸਾ ਭੰਨ ਸੁਟੇ ਪਾਸਾ' ਬ੍ਰਿਪੂ ਨੇ ਮੇਰੇ ਮੁੰਡੇ ਨੂੰ ਹਾਸੇ ਵਿਚ ਹੀ ਏਨੀ ਰੋਟੀ ਖੁਆਈ ਕਿ ਉਹ ਦੋ ਦਿਨਾਂ ਤੋਂ ਢਿਡ ਪੀੜ ਨਾਲ ਪਿਆ ਹੈ। (ਸੰਗ੍ਰ)

### ਮੂਰਖ ਦੀ ਮਤ ਗਈ, ਮਝ ਵੇਚਕੇ ਘੋੜੀ ਲਈ, ਦੁਧ ਪੀਣੋ ਗਿਆ ਤੇ ਲਿੱਦ ਸੁਟਣੀ ਪਈ।

**ਭਾਵ** :—ਜਦ ਕੋਈ ਮੂਲੋਂ ਹੀ ਘਾਟੇ ਵਾਲਾ ਸੌਦਾ ਕਰਕੇ ਔਖਾ ਹੋਵੇ ਤਾਂ ਮਿਹਣੇ ਵਜੋਂ ਵਰਤਦੇ ਹਨ।

**ਵਰਤੋਂ** :—ਕਿਥੇ ਖੇਤੀ ਬਾੜੀ, ਕਿਥੇ ਮਜੂਰੀ! ਔਖਾ ਤਾਂ ਉਸ ਨੇ ਹੋਣਾ ਹੀ ਸੀ। 'ਵੇਖੋ ਮੂਰਖ ਦੀ ਮਤ ਗਈ। ਮੱਝ ਵੇਚ ਕੇ ਘੋੜੀ ਲਈ। ਦੁਧ ਪੀਣੋਂ ਗਿਆ, ਲਿਦ ਸੁਟਣੀ ਪਈ।' ਵਾਲਾ ਹਾਲ ਹੋਇਆ ਉਸ ਨਾਲ। (ਸੰਗ੍ਰ)

### ਮੂਰਖ ਦੇ ਸਿੰਗ ਨਹੀਂ ਹੁੰਦੇ।

**ਭਾਵ** :—ਮੂਰਖ ਦੀ ਮੂਰਖਤਾਈ ਹੀ ਉਸ ਨੂੰ ਮੂਰਖ ਦਰਸਾਂਦੀ ਹੈ; ਬਾਹਰੋਂ ਤਾਂ ਉਹ ਹੋਰਾਂ ਵਾਂਗ ਹੀ ਲਗਦਾ ਹੈ।

**ਵਰਤੋਂ** :— ਅਸਾਂ ਕੁਲਵੰਤ ਸਿੰਘ ਨੂੰ ਟੋਲੀ ਦਾ ਜਥੇਦਾਰ ਬਣਾ ਕੇ ਘਲ ਦਿਤਾ, ਪਰ ਉਸ ਨੇ ਉਥੇ ਵੀ ਲਿੱਦ ਹੀ ਕੀਤੀ। ਸਿਆਣਿਆਂ ਨੇ ਸੱਚ ਕਿਹਾ ਹੈ ਕਿ 'ਮੂਰਖ ਦੇ ਸਿਰ ਸਿੰਗ ਨਹੀਂ ਹੁੰਦੇ।' ਉਹ ਆਪਣੀ ਕਰਤੂਤ ਕਰਕੇ ਹੀ ਮੂਰਖ ਜਾਣੇ ਜਾਂਦੇ ਹਨ। (ਸੰਗ੍ਰ)

### ਮੂਰਖ ਨਾਲ ਚੰਗੇਰੀ ਚੁਪ।

**ਭਾਵ** :—ਮੂਰਖ ਨਾਲ ਚੁਪ ਹੀ ਚੰਗੀ ਹੈ।

**ਵਰਤੋਂ** :—

ਵੈਰੀ ਮਿਤ੍ਰ ਨ ਸਮਝਈ ਰੰਗ ਸੁਰੰਗ ਕੁਰੰਗ ਅਛੂਪਾ।
ਮੂਰਖ ਨਾਲ ਚੰਗੇਰੀ ਚੁਪਾ।
(ਵਾਰਾਂ—ਭਾਈ ਗੁਰਦਾਸ)

### ਮੂਰਖ ਬੀਜੈ ਬੀਉ ਕੁਰੁਤੈ।

**ਭਾਵ** :—ਮੂਰਖ ਲੋਕ ਰੁਤ ਸਿਰ ਬੀ ਨਹੀਂ ਬੀਜਦੇ, ਭਾਵ ਵੇਲੇ ਸਿਰ ਕੰਮ ਨਹੀਂ ਕਰਦੇ।

**ਵਰਤੋਂ** :—

ਮੱਥੈ ਵਾਲ ਪਛਾੜਿਆ ਵਾਲ ਛਡਾਇਅਨ ਕਿਸਦੈ ਬੁਤੈ।
ਮੂਰਖ ਬੀਜੈ ਬੀਉ ਕੁਰੁਤੈ।
(ਵਾਰਾਂ—ਭਾਈ ਗੁਰਦਾਸ)

### ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ।

**ਭਾਵ** :—ਧੀ ਕੋਲੋਂ ਜਵਾਈ ਜਾਂ ਪੁਤਰਾਂ ਨਾਲੋਂ ਪੋਤਰੇ ਪਿਆਰੇ ਹੁੰਦੇ ਹਨ।

**ਵਰਤੋਂ** :—ਕੀ ਕਰੀਏ, 'ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ।' ਪੁੱਤਰ ਨੂੰ ਮੈਂ ਕਦੀ ਏਨਾਂ ਪਿਆਰ ਨਹੀਂ ਸੀ ਕੀਤਾ, ਜਿੰਨਾਂ ਪੋਤਰਿਆਂ ਨੂੰ ਕਰਦੀ ਹਾਂ। (ਸੰਗ੍ਰ)

## ਮੂਲੀ ਤੋਂ ਲੜਾਈ ਗਾਜਰ ਤੋਂ ਮਨੇਵਾਂ।

**ਭਾਵ** :—ਨਿਕੰਮੀ ਗੱਲ ਤੋਂ ਲੜ ਪੈਣਾ ਤੇ ਫਿਰ ਝਟ ਸੌਖ ਨਾਲ ਮੰਨ ਵੀ ਪੈਣਾ।

**ਵਰਤੋਂ** :—ਪਰ ਇਹ ਬਾਲਾਂ ਬੁਢਿਆਂ ਦੀਆਂ ਲੜਾਈਆਂ ਹਨ। 'ਮੂਲੀ ਤੋਂ ਲੜਾਈ, ਗਾਜਰ ਤੋਂ ਮਨੇਵਾ।' ਸੋ ਕੀ ਗਲ ਕਰਨੀ ਹੋਈ।

(ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

## ਮੂਲੀ ਪਾਨ ਪਟੰਤਰ ਵਾਸ ਡਕਾਰ ਪਰਗਟੀ ਆਏ।

**ਭਾਵ** :—ਮੂਲੀ ਤੇ ਪਾਨ ਦਾ ਭੇਦ ਡਕਾਰਾਂ ਤੇ ਵਾਸ਼ਨਾ ਤੋਂ ਪਤਾ ਲਗਦਾ ਹੈ। ਭਾਵ ਸ੍ਰੇਸ਼ਟ ਤੇ ਮਾੜੇ ਪੁਰਸ਼ ਦੀ ਪਛਾਣ ਉਸਦੇ ਪ੍ਰਗਟ ਗੁਣਾਂ ਔਗਣਾਂ ਤੋਂ ਹੀ ਹੋ ਜਾਂਦੀ ਹੈ।

**ਵਰਤੋਂ** :—

ਅੰਬਾਂ ਸਧਰ ਨ ਲਹੈ ਆਣ
ਅੰਬਾਕੜੀਆਂ ਜੇ ਖਾਏ।
ਮੂਲੀ ਪਾਨ ਪਟੰਤਰ ਵਾਸ
ਡਕਾਰ ਪਰਗਟੀ ਆਏ।

(ਵਾਰਾਂ—ਭਾਈ ਗੁਰਦਾਸ)

## ਮੇਰੀ ਬਿੱਲੀ ਤੇ ਮੈਨੂੰ ਹੀ ਮਿਆਂਉ।

**ਭਾਵ** :—ਜਦ ਕੋਈ ਆਪਣੇ ਹੀ ਵਡਿਕੇ ਜਾਂ ਮਾਲਕ ਨੂੰ ਘੂਰੇ।

**ਵਰਤੋਂ** :—ਉਹ ਐਤਕੀਂ ਬੇਕਾਬੂ ਹੋ ਕੇ ਬੋਲਿਆ 'ਕਮਜ਼ਾਤੇ! ਬੰਦ ਕਰ ਬਕਵਾਸ। ਇਤਨੀ ਦਲੇਰੀ।' 'ਮੇਰੀ ਬਿੱਲੀ ਤੇ ਮੈਨੂੰ ਹੀ ਮਿਆਉਂ।' 'ਤੂੰ ਨਹੀਂ ਜਾਣਦੀ ਇਹ ਘਰ ਕਿਸ ਦਾ ਹੈ?'

(ਟੁਟੀ ਵੀਣਾ—ਨਾਨਕ ਸਿੰਘ)

## ਮੇਲ ਮਾਨੀ ਤੇ ਭੜਕਣ ਭੁਲਰ।

**ਭਾਵ** :—ਖੁਸ਼ੀ ਕਿਸੇ ਦੇ ਘਰ ਹੋਵੇ ਤੇ ਖੁਸ਼ ਹੋਰ ਕੋਈ ਹੁੰਦਾ ਫਿਰੇ।

**ਵਰਤੋਂ** :—ਸੁਣਿਆ ਹੈ ਮਾਲਣ ਦੇ ਘਰ ਪੁਤ ਜੰਮਿਆ ਹੈ, ਪਰ ਖੁਸ਼ੀ ਨਾਲ ਤੂੰ ਫੁਲੀ ਨਹੀਂ ਸਮਾਂਦੀ। ਤੇਰਾ ਤਾਂ ਇਹ ਹਾਲ ਹੈ ਅਖੇ 'ਮੇਲ ਮਾਨੀ ਤੇ ਭੜਕਣ ਭੁਲਰ'। ਲੋਕਾਂ ਤਾਂ ਹਸਣਾ ਆਪੇ ਹੋਇਆ। (ਸੰਗ੍ਰ)

## ਮੇਲਾ ਮੇਲੀਆਂ ਦਾ, ਪੌਲੀ ਧੇਲੀਆਂ ਦਾ।

**ਭਾਵ** :—ਧਨ ਪਲੇ ਹੋਣ ਤੇ ਹੀ ਸੰਸਾਰ ਵਿਚ ਪੁਛ ਹੁੰਦੀ ਤੇ ਸੁਖ ਮਿਲਦੇ ਹਨ।

**ਵਰਤੋਂ** :—ਸਾਨੂੰ ਗ਼ਰੀਬਾਂ ਨੂੰ ਕਿੰਨੇ ਪੁਛਣਾ ਸੀ ਉਥੇ? 'ਮੇਲਾ ਮੇਲੀਆਂ ਦਾ ਪੌਲੀ ਧੇਲੀਆਂ ਦਾ' ਦਾ ਹਿਸਾਬ ਹਰ ਥਾਂ ਹੁੰਦਾ ਹੈ'। (ਸੰਗ੍ਰ)

## ਮੈਹਿ ਚੋਈਏ ਕੁਜੜੇ, ਨਾ ਵਸਦੇ ਨਾ ਉਜੜੇ।

**ਭਾਵ** :—ਵਡਮੁਲੀ ਚੀਜ਼ ਜੇ ਕੁਝ ਨਫ਼ਾ ਨਾ ਦੇਵੇ ਤਾਂ ਉਸਦਾ ਕੀ ਲਾਭ?

**ਵਰਤੋਂ** :—ਦੁਕਾਨ ਉਤੇ ਢੇਰ ਰਕਮ ਖਰਚ ਕਰਕੇ ਨਫ਼ਾ ਕੁਝ ਵੀ ਨਹੀਂ, ਅਜੇਹੇ ਵਪਾਰ ਨੂੰ ਕੀ ਕਰਾਂ? ਮੈਂਹ ਚੋਈਏ ਕੁਜੜੇ, ਨਾ ਵਸਦੇ ਨਾ ਉਜੜੇ। (ਸੰਗ੍ਰ)

**ਮੇਰਾ ਪਟਿਆ ਰੰਨਾਂ, ਕਸਾਲਾਂ ਜਵਾਨੇ ।**

ਭਾਵ :—ਪੋਠੋਹਾਰੀ ਇਲਾਕਿਆਂ ਦੇ ਲੋਕਾਂ ਉਤੇ ਚੋਟ ਹੈ ।

ਵਰਤੋਂ :—'ਮੇਰੇ' ਵਿਚ ਔਰਤਾਂ ਪਿਛੇ ਖੂਨ ਖਰਾਬੇ ਹੁੰਦੇ ਰਹਿੰਦੇ ਹਨ, ਅਤੇ 'ਕਸਾਲੇ' ਦੇ ਠੀਗਣੇ ਜਿਹੇ ਲੋਕ ਆਪਣੀ ਜਵਾਨੀ ਦੀ ਮਦ ਵਿਚ ਰਹਿੰਦੇ, ਅਤੇ ਨਾਲ ਦੇ ਕਸ ਵਿਚ ਕੁਸ਼ਤੀਆਂ ਘੁਲਦੇ ਅਤੇ ਕੌਡੀ ਖੇਡਦੇ ਰਹਿੰਦੇ ਹਨ । ਇਸੇ ਲਈ ਆਖਦੇ ਹਨ, 'ਮੇਰਾ ਪਟਿਆ ਰੰਨਾਂ, ਕਸਾਲ ਜਵਾਨੇ ।'

(ਜੀਵਨ ਸੰਦੇਸ਼—ਤੇਜਾ ਸਿੰਘ)

**ਮੋਇਆ ਤਾਂ ਗਿਦੜ, ਉਤੋਂ ਲੰਮੇ ਪਏ ਹੌਕੇ ।**

ਭਾਵ :—ਜਦ ਮਾਮੂਲੀ ਜਿਹਾ ਨੁਕਸਾਨ ਹੋਣ ਤੇ ਬੜਾ ਰੌਲਾ ਪਾਇਆ ਜਾਵੇ ।

ਵਰਤੋਂ :—ਇਹ ਕਾਹਦਾ ਨੁਕਸਾਨ ਸੀ ?' ਫਿਰ ਇਸ ਉਪਰ ਇਤਨਾ ਰੌਲਾ ? ਅਖੇ 'ਮੋਇਆ ਤਾਂ ਗਿਦੜ, ਉਤੋਂ ਲੰਮੇ ਪਏ ਹੌਕੇ ।' (ਸੰਗ੍ਰ)

**ਮੋਇਆਂ ਪਿਛੋਂ ਡੂਮ ਬਣੇ ।**

ਭਾਵ :—ਜਦ ਚੰਗੇ ਬੰਦੇ ਨਾ ਮਿਲਣ ਕਰਕੇ ਮਾੜੇ ਨੂੰ ਵਡਿਆਈ ਦੀ ਪਦਵੀ ਮਿਲੇ ।

ਵਰਤੋਂ : - ਸਰਦਾਰੀਆਂ ਸਰਦਾਰਾਂ ਨਾਲ ਗਈਆਂ । ਹੁਣ ਹਰ ਮਹਾਰਾਜਾ ਗਾਮਾ ਪਿਆ ਬਣ ਕੇ ਬੈਠੇ । ਹੁਣ ਤਾਂ 'ਮੋਇਆਂ ਪਿਛੋਂ ਡੂਮ ਬਣੇ' ਵਾਲਾ ਲੇਖਾ ਹੈ । (ਸੰਗ੍ਰ)

**ਮੋਈ ਰੰਨ ਗਿਟੇ ਦੀ ਸਟ, ਮਰਦ ਮਰੇ ਤਾਂ ਸਿਰ ਦੀ ਸਟ ।**

ਭਾਵ :—ਮਰਦ ਦੀ ਘਾਟ ਤੀਵੀਂ ਨਾਲੋਂ ਬਹੁਤ ਮਹਿਸੂਸ ਹੁੰਦੀ ਹੈ ।

ਵਰਤੋਂ :—ਸਾਡੇ ਭਾਈਚਾਰੇ ਵਿਚ ਇਹ ਘਾਟਾ ਹੈ ਕਿ ਤੀਵੀਂ ਦੀ ਪਰਵਾਹ ਬਹੁਤ ਘਟ ਕੀਤੀ ਜਾਂਦੀ ਹੈ, ਤੇ ਮਰਦ ਦੀ ਬਹੁਤ ਵਧੀਕ ! ਅਖੇ 'ਮੋਈ ਰੰਨ ਗਿੱਟੇ ਦੀ ਸਟ, ਮਰਦ ਮਰੇ ਤਾਂ ਸਿਰ ਦੀ ਸਟ ।' (ਸੰਗ੍ਰ)

**ਮੋਈ ਰੀਝ ਨਾਲ, ਦੱਬੀ ਦਲੀਜ ਨਾਲ । ਜਾਂ ਮੋਈ ਰੀਝ ਨਾਲ ਦੱਬੀ ਬੂਰੇ ਵਿਚ ।**

ਭਾਵ :—ਕੰਮ ਕਰੇ ਵਡੇ ਉਤਸ਼ਾਹ ਨਾਲ,ਪਰ ਫਲ ਆਸ ਤੋਂ ਬਹੁਤ ਘਟ ਮਿਲੇ ।

ਵਰਤੋਂ :—ਬੜਿਆਂ ਜਤਨਾਂ ਨਾਲ ਇਹ ਕੰਮ ਹੱਥ ਵਿਚ ਲਿਆ ਸੀ, ਪਰ ਵਿਚੋਂ ਛਾਈ ਵੀ ਨਾ ਨਿਕਲੀ । ਅਖੇ 'ਮੋਈ ਰੀਝ ਨਾਲ, ਦਬੀ ਦਲੀਜ ਨਾਲ ।' (ਸੰਗ੍ਰ)

**ਮੋਈ ਵੱਛੀ ਬਾਹਮਣ ਦੇ ਨਾਉਂ ।**

ਭਾਵ :—ਜਦ ਨਿਕੰਮੀ ਜਾਂ ਗੁਆਚੀ ਚੀਜ਼ ਦਾ ਕਿਸੇ ਉਤੇ ਹਸਾਨ ਚੜ੍ਹਾਇਆ ਜਾਵੇ ।

ਵਰਤੋਂ :—ਸ਼ਾਹ ਜੀ ! ਅਜ ਤਾਂ ਬੜੇ ਦਿਆਲੂ ਹੋਣ ਲਗੇ ਹੋ । ਅਖੇ 'ਮੋਈ ਵੱਛੀ ਬਾਹਮਣ ਦੇ ਨਾਉਂ' ਰੁੜ੍ਹੀਆਂ ਰਕਮਾਂ ਮੇਰੇ ਹਿਸੇ ਵਿਚ ਸੁੱਟ ਰਹੇ ਹੋ ? (ਸੰਗ੍ਰ)

**ਮੋਏ ਬਾਬੇ ਦੇ ਦੰਦ ਵਡੇ । ਜਾਂ ਮੋਏ ਦਾਦੇ ਦੀਆਂ ਵਡੀਆਂ ਅੱਖਾਂ । ਜਾਂ ਮੋਏ ਪੁੱਤਰ ਦੀਆਂ ਅੱਖਾਂ ਮੋਟੀਆਂ ।**

ਭਾਵ :—ਹੱਥ ਨਾ ਆਉਣ ਵਾਲੀ ਚੀਜ਼ ਵਡੀ ਦਿਸਦੀ ਹੈ ।

ਵਰਤੋਂ :— ਇਹ ਸੰਸਾਰ ਦੀ ਖੇਡ ਹੈ,

'ਮੋਇ ਪੁਤਰ ਦੀਆਂ ਅੱਖਾਂ ਮੋਟੀਆਂ' ਇਨ੍ਹਾਂ ਨੂੰ ਹੱਥਲੀ ਚੀਜ਼ ਦਾ ਮੁਲ ਨਹੀਂ ਹੁੰਦਾ। (ਸੰਗ੍ਰ)

**ਮੋਹਰੇ ਛੇੜੀ ਤੇ ਪਿਛੋਂ ਆਵੇ, ਵੱਛਾ ਮਾਰੇ ਦੁਧ ਦੇ ਹਾਵੇ।**

**ਭਾਵ** :—ਜੋ ਖਾਣ ਵੇਲੇ ਅਗੇ ਤੇ ਕੰਮ ਵੇਲੇ ਪਿਛੇ ਆਵੇ ਉਸ ਤੋਂ ਦੁਖ ਹੀ ਮਿਲਣਾ ਹੈ।

**ਵਰਤੋਂ** :— ਕੀ ਲਾਭ ਹੋਣਾ ਸੀ ਮੈਨੂੰ ਅਜਿਹੀ ਔਲਾਦ ਤੋਂ। ਅਖੇ 'ਮੋਹਰੇ ਛੇੜੀ ਤੇ ਪਿਛੋਂ ਆਵੇ, ਵੱਛਾ ਮਰੇ ਦੁਧ ਦੇ ਹਾਵੇ।' ਖਾਣੇ ਨੂੰ ਚੰਗੀ ਭੁਲੇ ਹਨ ਕੰਮ ਕਰਨ ਨੂੰ ਕਹੋ ਤਾਂ ਤੂੰ ਕੌਣ ਏ ਮੈਂ ਕੌਣ ? (ਸੰਗ੍ਰ)

**ਮੋਟਾ ਮਾਸ ਤੇ ਮੋਟੀ ਬੁਧ।**

**ਭਾਵ** :—ਜਦ ਕੋਈ ਦਿਸਣ ਵਿੱਚ ਤਕੜਾ ਜਾਪੇ, ਪਰ ਅਕਲ ਘਟ ਹੋਵੇ, ਤਾਂ ਵਰਤਦੇ ਹਨ।

**ਵਰਤੋਂ** :— ਇਹਨਾਂ ਦਾ ਮੋਟਾ ਮਾਸ ਤੇ ਮੋਟੀ ਬੁਧ ਏ। ਇਹਨਾਂ ਦਾ ਕਦੀ ਵੀ ਵਿਸਾਹ ਪਾਣਾ ਰਾਜਨੀਤੀ ਦੇ ਵਿਰੁਧ ਏ।

(ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ)

**ਮੋਰੀ ਦੀ ਇਟ ਚੁਬਾਰੇ।**

**ਭਾਵ** :—ਜਦ ਕਿਸੇ ਦਾ ਨਾਤਾ ਜਾਂ ਰਿਸ਼ਤਾ ਕਿਸੇ ਧਨੀ ਜਾਂ ਵਡੇ ਘਰ ਨਾਲ ਹੋ ਜਾਵੇ, ਤਾਂ ਮਿਹਣੇ ਵਜੋਂ ਬੋਲਦੇ ਹਨ।

**ਵਰਤੋਂ** :— ਵੇਖੋ ਵੇ ਲੋਕੋ! ਮੋਰੀ ਦੀ ਇਟ ਚੁਬਾਰੇ ਨੂੰ ਆਣ ਲਗੀ। ਲੜ ਲਗੀ ਏ ਆ ਮੇਰੇ ਜੇਠੇ ਦੇ। ਆ ਲੈਣ ਦੇ ਅਜ ਉਹਨੂੰ, ਜੇ ਗੁਤੋਂ ਫੜ ਕੇ ਤੈਨੂੰ ਨਾ ਕਢਾਇਆ ਬਾਹਰ ਤਾਂ, ਤੇ ਬੈਠੀ ਰਹੇਂ ਸੜੇ ਪੇਕਿਆਂ ਦੇ ਬੂਹੇ।

(ਨਿਕੀਆਂ ਕਹਾਣੀਆਂ—ਜੋਸ਼ੂਆ ਫਜ਼ਲ ਦੀਨ)

**ਮੌਤ ਤੇ ਗਾਹਕ ਦਾ ਕੋਈ ਵੇਲਾ ਨਹੀਂ।**

**ਭਾਵ** :—ਪਤਾ ਨਹੀਂ ਮੌਤ ਜਾਂ ਗਾਹਕ ਕਿਸ ਵੇਲੇ ਆ ਜਾਵੇ।

**ਵਰਤੋਂ** :—ਭਾਈ ਸਿਆਣਿਆਂ ਐਵੇਂ ਨਹੀਂ ਜੋ ਆਖਿਆ ਕਿ ਮੌਤ ਤੇ ਗਾਹਕ ਦਾ ਕੋਈ ਵੇਲਾ ਨਹੀਂ। ਠੀਕ ਹੈ ਕੋਈ ਤਕਲੀਫ ਨਹੀਂ ਸੀ, ਬਿਮਾਰੀ ਨਹੀਂ ਸੀ ਉਸਨੂੰ ਪਰ ਆ ਜੂ ਲਗੀ। (ਸੰਗ੍ਰ)

**ਮੌਤ ਦਾ ਕੋਈ ਵੇਲਾ ਨਹੀਂ।**

**ਭਾਵ** :—ਮੌਤ ਹਰ ਵੇਲੇ ਆ ਸਕਦੀ ਹੈ।

**ਵਰਤੋਂ** :—'ਮੌਤ ਦਾ ਕੋਈ ਵੇਲਾ ਨਹੀਂ' ਇਹ ਕਿਸੇ ਨੂੰ ਦਸ ਕੇ ਤਾਂ ਨਹੀਂ ਆਉਂਦੀ। (ਸੰਗ੍ਰ)

**ਮੌਤੋਂ ਭੁਖ ਬੁਰੀ।**

**ਭਾਵ** :—ਭੁਖ ਮੌਤ ਨਾਲੋਂ ਵੀ ਵਧੀਕ ਦੁਖਦਾਈ ਹੁੰਦੀ ਹੈ।

**ਵਰਤੋਂ** :— ਇਹ ਹੜਤਾਲ ਇਕ ਦਿਨ ਜਾਰੀ ਰਹੀ, ਸਰਮਾਏਦਾਰ ਬੜੇ ਬੇਪ੍ਰਵਾਹ ਰਹੇ। ਹੁਣ ਹੜਤਾਲੀ ਨਿਰਾਸ ਹੋ ਅਸ਼ਾਂਤੀ ਵਲ ਮੂੰਹ ਮੋੜਨ ਲਗੇ। ਸੱਚ ਹੈ 'ਮੌਤੋਂ ਭੁਖ ਬੁਰੀ।' 'ਮਰਦਾ ਕੀ ਨਾ ਕਰਦਾ ?' (ਸੰਗ੍ਰ)

**ਮੰਗਣ ਗਏ ਸੋ ਮਰ ਰਹੇ, ਮਰਕੇ ਮੰਗਣ ਜਾ।**

**ਭਾਵ** :—ਭੁਖਾ ਮਰ ਜਾਣਾ ਮੰਗਣ ਨਾਲੋਂ ਚੰਗਾ ਹੈ।

**ਵਰਤੋਂ** :—ਹੀਰ—ਨੀ ਬੀਬੀ ਸਹਿਤੀਏ, ਪਰ੍ਹਾਂ ਜਾਣ ਦੇਹ, ਜਿਨ੍ਹਾਂ ਨੇ ਅਗੇ ਈ ਦੁਨੀਆਂ ਦੇ ਸਿਰ ਤੇ ਲਤ ਮਾਰੀ ਹੋਵੇ, ਉਨ੍ਹਾਂ ਜੋਗੀਆਂ ਰੋਗੀਆਂ ਨੂੰ ਹੋਰ ਕੀ ਸਤਾਣਾ। ਅਖੇ 'ਮੰਗਣ ਗਏ ਸੋ ਮਰ ਗਏ ਮੰਗਣ ਮੂਲ ਨਾ ਜਾ।' (ਹੀਰ ਸਿਆਲ—ਸ਼ਰਫ)

**ਮੰਗਤਿਆਂ ਕੋਲੋਂ ਮੰਗਣਾ, ਲਾਹਨਤੀਆਂ ਦਾ ਕੰਮ।**

**ਭਾਵ** :—ਥੁੜਿਆਂ ਪਾਸੋਂ ਆਪਣੀ ਥੁੜ ਪੂਰੀ ਕਰਨ ਦੀ ਆਸ ਨਹੀਂ ਰਖਣੀ ਚਾਹੀਦੀ।

**ਵਰਤੋਂ** :—ਜ਼ਾਤ ਦਾ ਬ੍ਰਾਹਮਣ ਹੀ ਹੈ ਨਾ! ਓਹਨੇ ਕਿਥੋਂ ਮੇਰੀ ਮਦਦ ਕਰਨੀ ਸੀ? ਅਖੇ: "ਮੰਗਤਿਆਂ ਕੋਲੋਂ ਮੰਗਣਾ, ਲਾਹਨਤੀਆਂ ਦਾ ਕੰਮ"। (ਸੰਗ੍ਰ)

**ਮੰਗਤਿਆਂ ਘਰ ਕਿਤਨੇ, ਜਿਤਨੇ ਨੈਣ ਪਰਾਣ।**

**ਭਾਵ** :—ਮੰਗਤਾ (ਜਿਤਨਾ ਚਿਰ ਚੰਗਾ ਭਲਾ ਰਹੇ) ਜਿਤਨੇ ਮਰਜ਼ੀ ਹੈ ਘਰ ਮੰਗੇ।

**ਵਰਤੋਂ** :—ਜੇ ਮੰਗਣਾ ਹੀ ਹੈ, ਤਾਂ ਇੱਕ ਕੀ, ਤੇ ਦੂਜਾ ਕੀ? ਅਖੇ, 'ਮੰਗਤਿਆਂ ਘਰ ਜਿਤਨੇ, ਨੈਣ ਪਰਾਣ' ਸਭ ਅਗੇ ਸਵਾਲ ਪਾਵਾਂਗੇ। (ਸੰਗ੍ਰ)

**ਮੰਗਤੇ ਦਾ ਮੰਗਤਾ ਵੈਰੀ।**

**ਭਾਵ** :—ਇਕੋ ਸ਼ਰੇਣੀ ਦੇ ਆਪਸ ਵਿਚ ਵੈਰ ਕਰਦੇ ਹਨ।

**ਵਰਤੋਂ** :—ਪੜ੍ਹੇ ਲਿਖੇ ਹੋਏ ਤਾਂ ਤੇਰਾ ਕੀ ਖਿਆਲ ਏ, ਉਨ੍ਹਾਂ ਉਸ ਤਰ੍ਹਾਂ ਉਸ ਨਾਲ ਵਰਤਾ ਨਹੀਂ ਕਰਨਾ ਸੀ। ਤੇਰਾ ਐਵੇਂ ਖਿਆਲ ਏ! 'ਮੰਗਤੇ ਦਾ ਮੰਗਤਾ ਵੈਰੀ' ਸਿਆਣਿਆਂ ਐਵੇਂ ਨਹੀਂ ਜੇ ਆਖਿਆ। (ਸੰਗ੍ਰ)

**ਮੰਗਲ ਬੁਧ ਨਾ ਜਾਈਏ ਪਹਾੜ, ਜਿਤੀ ਬਾਜ਼ੀ ਆਈਏ ਹਾਰ।**

**ਭਾਵ** :—ਲੋਕਾਂ ਵਿਚ ਇਹ ਵਹਿਮ ਹੈ ਕਿ ਜੇ ਮੰਗਲ ਜਾਂ ਬੁਧਵਾਰ ਨੂੰ ਪਹਾੜਾਂ ਦਾ ਸਫਰ ਸ਼ੁਰੂ ਕਰੀਏ ਤਾਂ ਕੰਮ ਰਾਸ ਨਹੀਂ ਹੁੰਦਾ।

**ਵਰਤੋਂ** :—ਨਾ ਭਾਈ ਨਾ, ਮੰਗਲਵਾਰ ਨਹੀਂ ਜਾਣਾ ਸ਼ਿਮਲੇ। ਸਿਆਣੇ ਆਖਦੇ ਹਨ 'ਮੰਗਲ ਬੁੱਧ ਨ ਜਾਈਏ ਪਹਾੜ ਜਿਤੀ ਬਾਜ਼ੀ ਆਈਏ ਹਾਰ'। (ਸੰਗ੍ਰ)

**ਮੰਗਿਆ ਤਾਂ ਟੰਗਿਆ, ਪਰਨਿਆ ਤਾਂ ਗਲਿਆ, ਟਕੇ ਵੀ ਲਗੇ ਤਾਂ ਜਵਾਨ ਵੀ ਅੜਿਆ।**

**ਭਾਵ** :—ਮੰਗਣੀ ਹੋਣ ਤੇ ਬੰਦਾ ਬਝ ਜਾਂਦਾ ਹੈ। ਪੈਸੇ ਵੀ ਖਰਚ ਹੁੰਦੇ ਹਨ ਤੇ ਜਵਾਨ ਜਕੜਿਆ ਰਹਿੰਦਾ ਹੈ।

**ਵਰਤੋਂ** :— ਯਾਰ, ਕੰਵਾਰੇ ਸਾਂ ਬੜੀਆਂ ਮੌਜਾਂ ਸਨ। ਗ੍ਰਹਿਸਤ ਵਿਚ ਅਜੇਹੇ ਫਸੇ ਹਾਂ, ਕਿ ਕੁਝ ਨਾ ਪੁਛੋ ਅਖੇ 'ਮੰਗਿਆ ਤਾਂ ਟੰਗਿਆ, ਪਰਨਿਆ ਤਾਂ ਗਲਿਆ, ਟਕੇ ਵੀ ਲਗੇ ਤੇ ਜਵਾਨ ਵੀ ਅੜਿਆ' ਵਾਲਾ ਹਾਲ ਹੀ ਹੈ। (ਸੰਗ੍ਰ)

**ਮੰਗੀ ਸੀ ਚੜ੍ਹਨ ਨੂੰ ਮਿਲ ਗਈ ਚੁਕਣ ਨੂੰ।**

**ਭਾਵ** :—ਜਦ ਕੋਈ ਕੰਮ ਕੀਤਾ ਤਾਂ ਜਾਵੇ ਲਾਭ ਲਈ, ਪਰ ਉਲਟਾ ਘਾਟਾ ਪਵੇ।

**ਵਰਤੋਂ** :—ਵਿਆਹ ਕੀਤਾ ਸੀ ਬਈ ਘਰ ਵਿਚ ਸੁਖ ਹੋਵੇਗਾ, ਉਜਾੜਾ ਘਟੇਗਾ, ਪਰ ਉਲਟਾ ਦੂਣਾ ਖਰਚ ਪੈ ਗਿਆ। ਸਾਡਾ ਤਾਂ ਉਹ ਹਾਲ ਹੋਇਆ ਅਖੇ ਮੰਗੀ ਸੀ ਚੜ੍ਹਨ ਨੂੰ' ਮਿਲ ਗਈ ਚੁਕਣ ਨੂੰ'। (ਸੰਗ੍ਰ)

**ਮੰਗੇ ਹਰੜ ਤੇ ਦਏ ਬਹੇੜ।**

**ਭਾਵ** :—ਆਸ ਕੁਝ ਹੋਵੇ ਤੇ ਮਿਲੇ ਕੁਝ ਹੋਰ।

**ਵਰਤੋਂ** :—ਮੈਨੂੰ ਤਾਂ ਸਮਝ ਹੀ ਨਹੀਂ ਲਗਦੀ ਉਸ ਦੇ ਸੁਭਾਵ ਦੀ। ਮੇਰਾ ਤਾਂ ਖਿਆਲ ਸੀ ਉਹ ਮੇਰੀ ਗਰਜ਼ ਪੂਰੀ ਕਰੇਗਾ ਪਰ ਉਸ ਉਲਟਾ ਮੈਨੂੰ ਵਖਤ ਵਿਚ ਪਾ ਦਿੱਤਾ। 'ਮੰਗੀ ਹਰੜ ਤੇ ਦਏ ਬਹੇੜੇ' ਵਾਲੀ ਗਲ ਹੋਈ ਮੇਰੇ ਨਾਲ ਤਾਂ। (ਸੰ)

## ਮੰਝ ਪਾਂਜੇ ਤੇ ਘਰ ਆਂਜੇ, ਗਾਂ ਤੀਜੇ ਤਾਂ ਡੂਮਾ ਦੀ ਜੇ ।

**ਭਾਵ** :—ਮੰਝ ਪੰਜਵੇਂ ਸੂਏ ਬਹੁਤਾ ਦੁੱਧ ਦੇਂਦੀ ਹੈ ਤੇ ਗਾਂ ਤੀਜੇ, ਅਜੇਹੀ ਹਾਲਤ ਵਿਚ ਮੰਝ ਜਾਂ ਗਾਂ ਨੂੰ ਖਰੀਦਣਾ ਲਾਭਵੰਦ ਹੁੰਦਾ ਹੈ ।

**ਵਰਤੋਂ** :— ਓਏ ਮੁੰਡਿਆਂ ਤੂੰ ਚਲਿਆ ਤਾਂ ਹੈ ਪਸ਼ੂ ਖਰੀਦਣ । ਪਰ ਖਿਆਲ ਰਖੀਂ 'ਮੰਝ ਪਾਂਜੇ ਘਰ ਆਂਜੇ, ਗਾਂ ਤੀਜੇ ਤਾਂ ਡੂਮਾਂ ਦੀ ਜੈ' ਸੂਆਂ ਦੀ ਪੁਛ ਪੜਤਾਲ ਕਰਕੇ ਲਈਂ । (ਸੰਗ੍ਰ)

## ਮੰਝੀ ਘਰ ਵਰਿਆਮਾ (ਬਰਨਾਵਾਂ) ਘੋੜੇ ਘਰ ਸੁਲਤਾਨਾ ।

**ਭਾਵ** :—ਮੱਝੀਂ ਪਾਲਣੀਆਂ ਸੇਵਾ ਕਰਨ ਵਾਲਿਆਂ ਤੇ ਹਿੰਮਤੀਆਂ ਦਾ ਕੰਮ ਹੈ ਤੇ ਘੋੜੇ ਰਖਣੇ ਅਮੀਰਾਂ ਦਾ ।

**ਵਰਤੋਂ** :—ਘੋੜੇ ਘੋੜੀਆਂ ਜਣਾ ਖਣਾ ਨਹੀਂ ਪਾਲ ਸਕਦਾ, ਇਹ ਰਾਠਾਂ ਅਮੀਰਾਂ ਦਾ ਕੰਮ ਹੈ । 'ਮੰਝੀ ਘਰ ਵਰਿਆਮਾ, ਘੋੜੇ ਘਰ ਸੁਲਤਾਨਾ' ਸਿਆਣਿਆਂ ਸੱਚ ਆਖਿਆ ਹੈ । (ਸੰਗ੍ਰ)

## ਮੰਡੀ ਇਕ ਤੇ ਭਾ ਦੋ ।

**ਭਾਵ** :—ਬਾਹਰੋਂ ਦੋਚਿਤੀ, ਅਸਲੋਂ ਇੱਕ ।

**ਵਰਤੋਂ** :—

ਵਿਸਾਖੀ ਦਾ ਦਿਨ ਕਠਨ ਹੈ, ਜੇ ਸੰਗ ਮੀਤ ਨ ਹੋ ।
ਮੈਂ ਕਿਸ ਦੇ ਅਗੇ ਜਾ ਕਿਹਾ, ਇਕ ਮੰਡੀ, ਭਾ ਦੋ ।
(ਬੁਲ੍ਹੇ ਸ਼ਾਹ)

## ਮੰਤ (ਮੰਤ੍ਰ) ਨ ਹੋਇ ਅਠੂਹਿਆਂ ਹੱਥ ਸੱਪੀਂ ਪਾਵੈ ।

**ਭਾਵ** :—ਛੋਟੀ ਵਿਤ ਨਾਲ ਵੱਡੀ ਛਾਲ ਮਾਰਨੀ ਚੰਗੀ ਨਹੀਂ ।

**ਵਰਤੋਂ** :—

ਚੂਹਾ ਖੁੱਡ ਨ ਮਾਵਈ ਲਕ ਛੱਜ ਵਲਾਵੈ ।
ਮੰਤ੍ਰ ਨ ਹੋਇ ਅਠੂਹਿਆਂ ਹਥ ਸੱਪੀਂ ਪਾਵੈ ।
(ਵਾਰਾਂ—ਭਾਈ ਗੁਰਦਾਸ)

## ਮੰਦਾ ਹਾਲ ਤੇ ਬਾਂਕੇ ਦਿਹਾੜੇ ।

**ਭਾਵ** :—ਜਦ ਕਿਸੇ ਦਾ ਹਾਲ ਚਾਲ ਅਤੀ ਮਾੜਾ ਹੋਵੇ ।

**ਵਰਤੋਂ** :—

ਲਾਲ ਚੰਦ—ਹੁਣੇ ਏਥੇ ਹੀ ਪੁਛ ਲੈਨੇ ਆਂ । ਦਸ ਜਸੋ ਤੇਰੇ ਪਿਉ ਦਾ ਕੀ ਹਾਲ ਏ ?

ਜਸੋ—ਮੰਦਾ ਹਾਲ ਤੇ ਬਾਂਕੇ ਦਿਹਾੜੇ । ਖਬਰ ਏ ਮੇਰੇ ਚਲੇ ਆਉਣ ਤੇ ਪਿਛੋਂ ਕੀ ਵਰਤੀ ਏ ਉਹਦੇ ਨਾਲ । (ਸ਼ਾਮੂ ਸ਼ਾਹ—ਨੰਦਾ)

## ਮੰਦਾ ਕੁੱਤਾ ਖਸਮੇ ਗਾਲ ।

**ਭਾਵ** :—ਜਦ ਔਲਾਦ (ਜਾਂ ਨਿਕਟ-ਵਰਤੀ) ਦੇ ਉਲ੍ਹਾਮੇ (ਕਿਸੇ ਨੂੰ) ਮਿਲਣ ।

**ਵਰਤੋਂ** :—'ਮੰਦਾ ਕੁਤਾ ਖਸਮੇ ਗਾਲ' । ਲੋਕੀਂ ਤੁਹਾਡੀ ਹੀ ਨਹੀਂ ਤੁਹਾਡੇ ਸਾਰੇ ਖਾਨਦਾਨ ਦੀ ਨਿੰਦਿਆ ਕਰਨਗੇ । ਯਾਦ ਰਖਣਾ । (ਸੰਗ੍ਰ)

## ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ।

**ਭਾਵ** :—ਜਿਹਾ ਕੋਈ ਕਰੇਗਾ ਤਿਹੋ ਜਿਹਾ ਫਲ ਪਾਵੇਗਾ ।

**ਵਰਤੋਂ** :—

ਕਪੜੁ ਰੂਪੁ ਸੁਹਾਵਣਾ
ਛਡਿ ਦੁਨੀਆ ਅੰਦਰ ਜਾਵਣਾ ॥
ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ ॥
(ਗੁਰੂ ਗ੍ਰੰਥ—ਵਾਰ ਆਸਾ)

## ਮੰਦਾ ਢੱਗਾ ਸਭੇ ਰੋਗ ।

**ਭਾਵ** :—ਭਾਵ ਕਮਜ਼ੋਰ ਮਨੁਸ਼ ਨੂੰ ਸਾਰੇ ਰੋਗ ਆ ਚੰਬੜਦੇ ਹਨ ।

**ਵਰਤੋਂ** :— ਕਿਸੇ ਕਿਸੇ ਸ਼ਹਿਰ ਸਾਫ਼ ਪਾਣੀ ਨਲਕਿਆਂ ਦਾ ਹੈ। ਨਹੀਂ ਤਾਂ ਖੂਹਾਂ ਦਾ ਪਾਣੀ ਭੀ ਸ਼ਹਿਰਾਂ ਦਾ ਸਾਫ਼ ਨਹੀਂ। ਬਸ ਫੇਰ 'ਮੰਦਾ ਢੰਗਾ ਸਭੋ ਰੋਗ' ਅੰਦਰੋਂ ਤਾਕਤ ਹਿਰ ਗਈ। ਬਾਹਿਰੋਂ ਬੀਮਾਰੀਆਂ ਹੌਲੈ ਕੀਤੇ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਮੰਦੀ ਕੰਮੀ ਨਾਨਕਾ ਜਬ ਕਬ ਮੰਦਾ ਹੋਇ।

**ਭਾਵ** :—ਭੈੜੇ ਕੰਮਾਂ ਦਾ ਅੰਤ ਸਦਾ ਭੈੜਾ ਹੀ ਨਿਕਲਦਾ ਹੈ।

**ਵਰਤੋਂ** :—

ਜੇ ਪ੍ਰੀਤ ਮੇਰੀ ਕਾਮ ਰੂਪ ਹੈ ਸੀ,
ਫਲ ਓਸਦਾ ਮੈਂ ਹੀ ਪਾਵਨਾ ਏਂ।
ਮੰਦੇ ਕੰਮਾਂ ਦਾ ਫੱਲ ਈ ਅੰਤ ਮੰਦਾ,
ਸਤਿਗੁਰਾਂ ਨੇ ਇਹੋ ਅਲਾਵਨਾ ਏ।

(ਸੰਤ ਗੁਲਾਬ ਦਾਸ)

## ਮੰਨਿਆ ਤਾਂ ਦੇਵ, ਨਹੀਂ ਤਾਂ ਪੱਥਰ।

**ਭਾਵ** :—ਜਿਹੋ ਜਿਹਾ ਕਿਸੇ ਨੂੰ ਮੰਨੀਏ, ਤਿਹੋ ਜਿਹਾ ਹੀ ਉਹ ਲਗਦਾ ਹੈ।

**ਵਰਤੋਂ** :—ਇਹ ਸੱਚ ਹੈ ਆਪਣੇ ਸਿਦਕ ਤੇ ਭਰੋਸੇ ਦਾ ਹੀ ਮਨ ਉਪਰ ਅਸਰ ਪੈਂਦਾ ਹੈ 'ਅਖੇ ਮੰਨਿਆ ਤਾਂ ਦੇਵ, ਨਹੀਂ ਤਾਂ ਪੱਥਰ'। ਸਭ ਗਲ ਆਪਣੇ ਹੀ ਸਮਝਣ ਤੇ ਮੰਨਣ ਦੀ ਹੈ। (ਸੰਗ੍ਰ)

## ਮਾਂ ਅੱਕ ਰੂੜੀ, ਪਿਉ ਤਾਦਲ, ਪੁੱਤਰ ਕੇਸਰ ਦੀ ਜੜ੍ਹ।

**ਭਾਵ** :—ਮਾਪੇ ਤਾਂ ਮਾੜੇ ਹੋਣ, ਪਰ ਪੁਤਰ ਚੰਗਾ ਸ਼ੁੱਭਾ ਖਟਣ ਵਾਲਾ ਜੰਮ ਪਵੇ।

**ਵਰਤੋਂ** :—ਕਰਮਾਂ ਦੀ ਖੇਡ ਹੈ 'ਮਾਂ ਅਕ ਰੂੜੀ, ਪਿਉ ਤਾਂਦਲਾ, ਪੁਤਰ ਕੇਸਰ ਦੀ ਜੜ੍ਹ' ਕਿਹੇ ਘਟੀਆ ਘਰ ਵਿਚ ਕਿਹਾ ਵਧੀਆ ਪੁਤਰ ਜੰਮਿਆ।

(ਸੰਗ)

## ਮਾਂ ਸਵਾਈ ਮਾਊ ਸੁਖ, ਧੀ ਸਵਾਈ ਧੀਊ ਸੁਖ।

**ਭਾਵ** :—ਮਾਂ ਧਨਪਾਤਰ ਹੈ ਤਾਂ ਮਾਂ ਸੁਖੀ ਹੈ, ਧੀ ਧਨੀ ਹੈ ਤਾਂ ਧੀ ਸੁਖੀ ਹੈ।

**ਵਰਤੋਂ** :— ਅੰਮੀ ਜੀ! ਗਲ ਤਾਂ ਸਾਰੀ ਹੋਂਦ ਦੀ ਹੈ, ਅਖੇ 'ਮਾਂ ਸਵਾਈ ਮਾਊ ਸੁਖ, ਧੀ ਸਵਾਈ ਧੀਊ ਸੁਖ' ਜਿਸ ਪਾਸ ਧਨ ਹੈ ਓਹੀ ਸੁਖੀ ਹੈ ਭਾਵੇਂ ਕੋਈ ਹੋਵੇ। (ਸੰਗ੍ਰ)

## ਮਾਂ ਹੱਥ ਕੂਲੇ ਨੇ, ਪੁੱਤ ਲਗਣ ਤੇ ਜਾਣੇ।

**ਭਾਵ** :—ਬਿਨਾਂ ਵਰਤੋਂ ਜਾਂ ਤਜਰਬੇ ਦੇ ਕਿਸੇ ਦਾ ਕੁਝ ਪਤਾ ਨਹੀਂ ਲਗਦਾ।

**ਵਰਤੋਂ** :— ਨਿਰਮਲ—ਕ੍ਰਿਸ਼ਨਾ ! ਮੈਂ ਕਿਵੇਂ ਮਾਸੀ ਦੀ ਨਨਾਣ ਨੂੰ ਸਮਝਦੀ, ਨਾ ਕਦੇ ਮਿਲੀ ਨਾ ਗਿਲੀਂ ਓਪਰੀ ਪਛਾਣ ਕਿਸ ਕੰਮ ? ਅਖੇ ਮਾਂ ਹਥ ਕੂਲੇ ਨੇ, ਪੁਤ ਲਗਣ ਤੇ ਜਾਣੇ। (ਸੰਗ੍ਰ)

## ਮਾਂ ਕਹੇ ਪੁੱਤ ਵੱਡਾ ਹੋਵੇ, ਉਮਰ ਘਟੇਂਦੀ ਜਾਵੇ।

**ਭਾਵ** :—ਜਦ ਸਮਝੀਏ ਤਾਂ ਇਹ ਕਿ ਨਫਾ ਹੋ ਰਿਹਾ ਹੈ, ਪਰ ਪਵੇ ਘਾਟਾ।

**ਵਰਤੋਂ** :—ਅਸਾਂ ਸਮਝਿਆ, ਧੀਆਂ ਪੁਤਰ ਹੋਣਗੇ ਤਾਂ ਸੁਖਾਲੇ ਹੋਵਾਂਗੇ। ਹੁਣ ਤਾਂ ਉਲਟਾ ਖਰਚ ਹੀ ਨਹੀਂ ਝੱਲਿਆ ਜਾਂਦਾ। 'ਮਾਂ ਕਹੇ ਪੁਤ ਵਡਾ ਹੋਵੇ, ਉਮਰ ਘਟੇਂਦੀ ਜਾਵੇ।' ਵਾਲੀ ਗਲ ਢੁਕਦੀ ਹੈ ਸਾਡੇ ਤੇ। (ਸੰਗ੍ਰ)

## ਮਾਂ ਕੁਚੱਜੀ ਤੇ ਪੁੱਤਾਂ ਧੀਆਂ ਕੱਜੀ।

**ਭਾਵ** :—ਚੰਗੇ ਧੀਆਂ ਪੁੱਤਰ ਮਾਪਿਆਂ ਦੇ ਔਗਣ ਵੀ ਢੱਕ ਲੈਂਦੇ ਹਨ।

**ਵਰਤੋਂ** :—ਪ੍ਰੇਮੀ—ਉਹ ਬੜੀ ਸੋਹਲ ਏ। ਉਹਨੂੰ ਝਿੜਕ ਦਿਓ ਤੇ ਮੂੰਹ ਸੁਕ ਕੇ ਸਿੱਪੀ ਹੋ ਜਾਂਦਾ ਏ। ਕਹਿੰਦੇ ਨੇ ਮਾਂ ਕੁਚੱਜੀ ਤੇ ਪੁਤਾਂ ਧੀਆਂ ਕੱਜੀ। ਉਹਨੂੰ ਆਪਣਾ ਦੇਹ ਪ੍ਰਾਣ ਜਿੰਦ ਜਾਨ ਸਮਝ ਕੇ ਰਖੀਂ ਤੇ ਓਹ ਵੀ ਤੇਰੇ ਪੈਰ ਧੋ ਧੋ ਪੀਊ।

(ਸੁਭਦ੍ਰਾ—ਆਈ. ਸੀ. ਨੰਦਾ)

**ਮਾ ਕੋਲੋਂ ਹੇਜਲੀ ਸੋ ਫਫੇ-ਕੁੱਟਣ ।**

**ਭਾਵ** :—ਜਦ ਕੋਈ ਬਿਗਾਨਾ ਆਪ-ਣਿਆਂ ਤੋਂ ਵੀ ਵਧ ਪਿਆਰ ਦਸੇ ਤਾਂ ਉਹ ਠਗੀ ਕਰ ਰਿਹਾ ਹੁੰਦਾ ਹੈ ।

**ਵਰਤੋਂ** :—ਕਾਕੀ, 'ਮਾਂ ਕੋਲੋਂ ਹੇਜਲੀ ਸੋ ਫੱਫੇ ਕੁਟਣ' । ਉਸਦਾ ਬਹੁਤ ਹੇਜ ਦਸਣਾ ਪਿਆਰ ਦੀ ਨਹੀਂ ਧੋਖੇ ਦੀ ਨਿਸ਼ਾਨੀ ਹੈ । ਮੇਰੇ ਕੋਲੋਂ ਤੈਨੂੰ ਹੋਰ ਕੌਣ ਵਧੀਕ ਪਿਆਰ ਕਰਦਾ ਹੋਵੇਗਾ । (ਸੰਗ੍ਰ)

**ਮਾਂ ਗੰਜੀ ਤੇ ਧੀ ਲੈ ਆਵੇ ਕੰਘੀ ।**

**ਭਾਵ** :—ਹੱਥ ਪਲੇ ਕੁਝ ਨਾ ਹੋਵੇ ਤੇ ਨਖ਼ਰਾ ਵਾਧੂ ਕਰੇ ।

**ਵਰਤੋਂ** :—ਤੂੰ ਮਦਦ ਕਿਸੇ ਦੀ ਕੀ ਕਰਨੀ ਏ । ਆਪ ਤਾਂ ਤੂੰ ਧਕੇ ਖਾਂਦਾ ਫਿਰਦਾ ਏ । ਤੇਰੀ ਤਾਂ ਉਹੋ ਗਲ ਏ, ਅੱਖੇ ਮਾਂ ਗੰਜੀ ਤੇ ਧੀ ਲੈ ਆਵੇ ਕੰਘੀ । (ਸੰਗ੍ਰ)

**ਮਾਂ ਜੇਹੀ ਮਾਸੀ, ਕੰਧ ਐਰੇ ਤੇ ਜਾਸੀ ।**

**ਭਾਵ** :—ਜਿਹੀ ਰੂਹ; ਤੇਹੇ ਫ਼ਰਿਸ਼ਤੇ ।

**ਵਰਤੋਂ** :—ਜਿਹਾ ਇਕ ਭਰਾ, ਤੇਹਾ ਦੂਜਾ । ਫ਼ਰਕ ਕੀ ਹੋਣਾ ਸੀ ? 'ਮਾਂ ਜੇਹੀ ਮਾਸੀ, ਕੰਧ ਐਰੇ ਤੇ ਜਾਸੀ' ਪੁਤਰ ਤਾਂ ਇਕੋ ਪਿਉ ਦੇ ਹਨ । (ਸੰਗ੍ਰ)

**ਮਾਂ ਟੀਹਣੀ, ਪਿਓ ਕੁਲੰਗ, ਬਚੇ ਨਿਕਲੇ ਰੰਗ ਬਰੰਗ ।**
ਟੀਹਣੀ=ਮਧਰੇ ਕਦ ਦੀ । ਕੁਲੰਗ=ਲੰਮਾ

**ਭਾਵ** :—ਅਜੋੜ ਚੀਜ਼ਾਂ ਦੇ ਮੇਲ ਤੋਂ ਕੁਢੰਗੀਆਂ ਗੱਲਾਂ ਹੀ ਪੈਦਾ ਹੁੰਦੀਆਂ ਹਨ ।

**ਵਰਤੋਂ** :—ਨਾ ਦੋਹਾਂ ਦਾ ਸੁਭਾ ਮਿਲਦਾ ਸੀ, ਨਾ ਸ਼ਕਲ, ਅਕਲ, ਕਦ-ਕਾਠ, ਸ਼ਊਰ । ਅਜੇਹੇ ਵਿਆਹ ਵਿਚੋਂ ਦੁਖ ਹੀ ਨਿਕਲਣਾ ਸੀ । ਅਖੇ ਮਾਂ ਟੀਹਣੀ, ਪਿਓ, ਕੁਲੰਗ, ਬਚੇ ਨਿਕਲੇ ਰੰਗ ਬਰੰਗ' । (ਸੰਗ੍ਰ)

**ਮਾਂ ਟੁੰਡੀ, ਪਿਓ ਕਾਣਾ. ਪੁਤਰ ਮੋਤੀ ਦਾ ਦਾਣਾ ।**

**ਭਾਵ** :—ਮਾਪੇ ਤਾਂ ਕੋਝੇ ਹੋਣ, ਪਰ ਪੁੱਤਰ ਸੋਭਾ ਖਟੇ ।

**ਵਰਤੋਂ** :—ਵੇਖੋ, ਕਰਮਾਂ ਦੀ ਗਤੀ ਹੈ । 'ਮਾਂ ਟੁੰਡੀ, ਪਿਓ ਕਾਣਾ, ਪੁਤਰ ਮੋਤੀ ਦਾ ਦਾਣਾ' । ਨਹੀਂ ਤਾਂ ਅਜੇਹੀ ਨੇਕ ਔਲਾਦ ਇਨ੍ਹਾਂ ਕੁਪਤਿਆਂ ਦੇ ਘਰ ਕਿਥੋਂ ਹੋਣੀ ਸੀ ? (ਸੰਗ੍ਰ)

**ਮਾਂ ਡੈਣ ਹੋ ਜਾਵੇ ਤਾਂ ਕੀ ਬਚਿਆਂ ਨੂੰ ਨਹੀਂ ਖਾਵੇ ?** ਵੇਖੋ : ਆਪਣਾ ਮਾਰੇਗਾ ਤਦ ਭੀ ਛਾਵੇਂ ਸੁਟੇਗਾ ।

**ਭਾਵ** :—ਭੈੜੇ ਤੋਂ ਭੈੜਾ ਮਨੁੱਖ ਵੀ ਆਪਣਿਆਂ ਸਕਿਆਂ ਨੂੰ ਦੁਖੀ ਨਹੀਂ ਕਰਦਾ ।

**ਵਰਤੋਂ** :— ਹਾਰ ਦੇਣ ਲਗਿਆਂ ਸ਼ਾਂਤੀ ਦੇ ਦਿਲ ਵਿਚ ਕੁਝ ਸੰਸਾ ਜਿਹਾ ਪਿਆ । ਹੱਥ ਉਸਦਾ ਰਤਾ ਕੁ ਕੰਬਿਆ ਪਰ ਝਟ ਹੀ ਖਿਆਲ ਆਇਆ । ਨਹੀਂ ਸੰਸੇ ਵਾਲੀ ਕੋਈ ਗਲ ਨਹੀਂ । ਮਾਂ ਡੈਣ ਹੋ ਵੀ ਜਾਵੇ ਤਾਂ ਕੀ ਬਚਿਆਂ ਨੂੰ ਖਾਣ ਲਗ ਪਏਗੀ ?

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਮਾਂ ਦੀ ਸੌਕਣ ਤੇ ਧੀ ਦੀ ਸਹੇਲੀ ।**

**ਭਾਵ** :—ਜਦ ਘਰ ਦਾ ਵਡੇਰਾ ਤਾਂ ਕਿਸੇ ਬੰਦੇ ਪਾਸੋਂ ਦੁਰਾਡੇ ਰਹੇ, ਪਰ ਔਲਾਦ ਰਲ ਮਿਲ ਬਹਿਣਾ ਚਾਹੇ ।

**ਵਰਤੋਂ** :— ਉਏ ਕੁਝ ਸ਼ਰਮ ਕਰਿਆ ਕਰ, ਪਿਉ ਤਾਂ ਤੇਰਾ ਉਸ ਨਾਲ ਗਲ ਤਕ ਨਹੀਂ ਕਰਦਾ, ਤੇ ਤੂੰ ਉਸ ਨਾਲ ਘਿਓ ਖਿਚੜੀ ਬਣਿਆ ਫਿਰਨਾ ਵਾਂ, ਮਾਂ ਦੀ ਸੌਂਕਣ ਤੇ ਧੀ ਦੀ ਸਹੇਲੀ । (ਸੰਗ੍ਰ)

**ਮਾਂ ਦੀਆਂ ਪੱਕੀਆਂ ਖਾਣੀਆਂ ।**

**ਭਾਵ** :—ਹਰ ਵੇਲੇ ਘਰ ਤੋਂ ਸਹਾਇਤਾ ਦੀ ਉਡੀਕ ਰਖਣੀ ।

**ਵਰਤੋਂ** :—ਏਥੇ ਤੈਨੂੰ ਮਾਂ ਦੀਆਂ ਪਕੀਆਂ ਕੌਣ ਖੁਆਵੇ ? ਜਿਵੇਂ ਕਿਵੇਂ ਗੁਜ਼ਾਰਾ ਕਰ । ਵੇਖਦਾ ਨਹੀਂ; ਜੰਗਲ ਵਿਚ ਬੈਠੇ ਹਾਂ । (ਸੰਗ੍ਰ)

**ਮਾਂ ਨੀ ਮਾਂ ਮੈਂ ਠਾਣੇਦਾਰ ਬਣਾ ਤਾਂ ਤੇਰੇ ਪਾਸੇ ਭੰਨਾਂ।**

**ਭਾਵ** :—ਜਦ ਕੋਈ ਤਾਕਤ ਫੜ ਕੇ ਆਪਣਿਆਂ ਨੂੰ ਹੀ ਦੁਖੀ ਕਰੇ।

**ਵਰਤੋਂ** :—ਸ਼ੀਲਾ—ਚੰਗੀਆਂ ਸੁਣਾਈਆਂ ਊਸ਼ਾ! ਅਖੇ 'ਮਾਂ ਨੀ ਮਾਂ ਮੈਂ ਠਾਣੇਦਾਰ ਬਣਾਂ ਤੇ ਤੇਰੇ ਪਾਸੇ ਭੰਨਾਂ' ਤੇਰੀ ਸਹੇਲੀ ਨੇ ਇਹ ਪਦਵੀ ਪਰਾਪਤ ਕਰਕੇ ਪਹਿਲਾਂ ਤੈਨੂੰ ਹੀ ਸ਼ਿਕਾਰ ਬਣਾਇਆ। (ਸੰਗ੍ਰ)

**ਮਾਂ ਪਿਉ ਦੀਆਂ ਗਾਹਲਾਂ ਤੇ ਦੁਧ ਘਿਉ ਦੀਆਂ ਨਾਲਾਂ।**

**ਭਾਵ** :—ਮਾਪਿਆਂ ਦੀਆਂ ਝਿੜਕਾਂ ਭਲੇ ਲਈ ਹੀ ਹੁੰਦੀਆਂ ਹਨ।

**ਵਰਤੋਂ** :—ਮਾਪੇ ਸਦਾ ਹੀ ਬੱਚਿਆਂ ਦਾ ਭਲਾ ਮੰਗਦੇ ਹਨ। ਗਾਲ੍ਹਾਂ ਕਢਣ ਮਾਰਨ ਕੁਟਣ ਤਾਂ ਵੀ ਉਨ੍ਹਾਂ ਦਾ ਦਿਲ ਪਿਆਰ ਭਰਿਆ ਹੁੰਦਾ ਹੈ 'ਮਾਂ ਪਿਉ ਦੀਆਂ ਗਾਲਾਂ ਤੇ ਦੁਧ ਘਿਉ ਦੀਆਂ ਨਾਲਾ। (ਸੰਗ੍ਰ)

**ਮਾਂ ਫੋਸੀ ਫੋਸੀ ਨੂੰ ਫਿਰੇ ਤੇ ਪੁੱਤ ਗਹੀਰੇ ਬਖਸ਼ੇ।**

**ਭਾਵ** :—ਹਥ ਪਲੇ ਤਾਂ ਕੁਝ ਨਾ ਹੋਵੇ ਪਰ ਆਪਣੀ ਵਡਿਆਈ ਦੀਆਂ ਫੋਕੀਆਂ ਟਾਰਾਂ ਮਾਰੀਆਂ ਜਾਣ।

**ਵਰਤੋਂ** :— ਕਿਰਪਾ ਸਿੰਘ—ਓਏ ਛਡ! ਪਿਲਾਵੇਂਗਾ! ਮਾਂ ਫੋਸੀ ਫੋਸੀ ਨੂੰ ਫਿਰੇ ਤੇ ਪੁਤ ਗਹੀਰੇ ਬਖਸ਼ੇ'। (ਸੁਭਦ੍ਰਾ—ਨੰਦਾ)

**ਮਾਂ ਮਰ ਗਈ ਭੁੱਖ ਦੇ ਹਾਵੇ, ਧੀ ਨਾ ਰੱਜੀ। ਜਾਂ ਮਾਂ ਮਰੇ ਰੁਖੀ, ਤੇ ਧੀ ਦਾ ਨਾਂ ਦੇਹੀਂ (ਬਿੰਧੋ)। ਜਾਂ ਮਾਂ ਮਰ ਗਈ ਪੋਹ ਦੇ ਪਾਲੇ; ਧੀ ਦਾ ਨਾਂ ਨਿਹਾਲੀ (ਰਜਾਈ) ਜਾਂ ਮਾਂ ਮਰ ਗਈ ਭੁੱਖੀ ਨੰਗੀ, ਧੀ ਦਾ ਨਾਂ ਲਛਮੀ।**

**ਭਾਵ** :—ਕਿਸੇ ਦੇ ਹੱਥ ਪਲੇ ਕੁਝ ਨਾ ਹੋਵ, ਪਰ ਦੂਜਿਆਂ ਉਤੇ ਵਡਿਆਈ ਦਾ ਰੁਹਬ ਪਾਇਆ ਜਾਵੇ।

**ਵਰਤੋਂ** :—ਹੀਰੋ—ਸਾਵਿਤਰੀ ਦੇ ਘਰ ਤਾਂ ਰਜਵੀਂ ਰੋਟੀ ਵੀ ਨਹੀਂ ਪਕਦੀ ਪਰ ਸ਼ਾਨ ਤਸੀਲ-ਦਾਰਨੀ ਦੀ ਹੈ, ਅਖੇ 'ਮਾਂ ਮਰ ਗਈ ਭੁਖ ਦੇ ਹਾੜੇ ਧੀ ਦਾ ਨਾਂ ਰਜੀ। (ਸੰਗ੍ਰ)

**ਮਾਂ ਮੇਘਣੀ ਪਿਉ ਮੜ੍ਹਾਸ, ਪੁਤਰ ਦਾ ਨਾਂ ਠਾਕਰ ਦਾਸ।**

**ਭਾਵ** :—ਜਦ ਮਾਪੇ ਨਿਕੰਮੇ ਹੋਣ ਪਰ ਪੁਤਰ ਆਪਣੇ ਆਪ ਨੂੰ ਵੱਡਾ ਦੱਸੇ।

**ਵਰਤੋਂ** :— ਕੌਣ ਨਹੀਂ ਜਾਣਦਾ ਇਸਦੀ ਹੈਸੀਅਤ ਨੂੰ, ਜਿੰਨਾ ਮਰਜ਼ੀ ਹੈ, ਵੱਡਾ ਬਣ ਬਣ ਦਸੇ। ਅਖੇ 'ਮਾਂ ਮੇਘਣੀ, ਪਿਉ ਮੜ੍ਹਾਸ, ਪੁਤਰ ਦਾ ਨਾਂ ਠਾਕਰਦਾਸ'। (ਸੰਗ੍ਰ)

**ਮਾਂ ਮੋਈ ਤੇ ਧੀ ਜਮੀ, ਫੇਰ ਤਿੰਨਾ ਦੇ ਤਿੰਨ।**

**ਭਾਵ** :—ਜਦ ਕੋਈ ਵਾਧਾ ਘਾਟਾ ਕਰਕੇ ਵੀ ਗਲ ਮੁੜ ਉਥੇ ਦੀ ਉਥੇ ਹੀ ਰਹਿ ਜਾਵੇ।

**ਵਰਤੋਂ** :— ਕਈ ਪਾਪੜ ਵੇਲੇ, ਪਰ ਮੁੜ ਗਲ ਉਥੇ ਦੀ ਉਥੇ ਹੀ ਆ ਪੁਜਦੀ, ਅਖੇ 'ਮਾਂ ਮੋਈ ਤੇ ਧੀ ਜੰਮੀ, ਫੇਰ ਤਿੰਨਾਂ ਦੇ ਤਿੰਨ'। (ਸੰਗ੍ਰ)

**ਮਾਂ ਲੀਰਾਂ ਕਤੀਰਾਂ ਪੁੱਤਰ ਘੁਰਚ ਮੁੰਗਲਾ।**

**ਭਾਵ** :—ਮਾਪੇ ਤਾਂ ਗ਼ਰੀਬੀ ਕਟਣ ਤੇ ਪੁਤਰ ਸ਼ਾਨ ਤੇ ਆਕੜ ਕਰਦਾ ਫਿਰੇ।

**ਵਰਤੋਂ** :—ਸਮਾਂ ਬਦਲ ਰਿਹਾ ਹੈ, ਪੁਤ ਮਾਪਿਆਂ ਦੀ ਹਾਲਤ ਵਲ ਧਿਆਨ ਨਹੀਂ ਦੇਂਦੇ, ਆਪ ਬੁਲੇ ਲੁਟਦੇ ਹਨ। ਅਜਕਲ ਤਾਂ ਉਹ ਹਾਲ ਹੈ ਅਖੇ 'ਮਾਂ ਲੀਰਾਂ ਕਤੀਰਾਂ ਪੁਤ ਘੁਰਚ ਮੁੰਗਲਾ।' (ਸੰਗ੍ਰ)

**ਮਾਂਹ ਮੋਠ ਵੱਡਾ ਕੌਣ ?**

**ਭਾਵ** :—ਇਕੋ ਜਿਹੇ ਹਨ, ਵੱਡਾ ਛੋਟਾ ਕੋਈ ਨਹੀਂ ।

**ਵਰਤੋਂ** :—ਸਾਰੇ ਇਕੋ ਜਿਹੇ ਜਵਾਨ ਜਾਪਦੇ ਹਨ । ਕੀ ਪਤਾ ਲਗੇ, ਮਾਂਹ ਮੋਠਾਂ ਵਿਚੋਂ ਵਡਾ ਕੌਣ ਹੈ ? (ਸੰਗ੍ਰ)

**ਮੁੰਡਾ ਕੁਛੜ ਢੰਡੋਰਾ ਨਗਰ ।**

**ਭਾਵ** :—ਚੀਜ਼ ਕੋਲ ਪਈ ਹੋਵੇ, ਪਰ ਰੌਲਾ ਪਾਇਆ ਜਾਵੇ ਕਿ ਲਭਦੀ ਨਹੀਂ ।

**ਵਰਤੋਂ** .—ਬਚਨੋ ਨੇ ਕੁੰਜੀ ਗੁੰਮ ਜਾਣ ਦਾ ਰੌਲਾ ਪਾਇਆ ਹੋਇਆ ਸੀ, ਪਰ ਕੁੰਜੀ ਜੇਬ ਵਿਚੋਂ ਨਿਕਲ ਆਈ । ਇਹ ਤਾਂ ਉਹੀ ਗਲ ਬਣੀ ਕਿ 'ਮੁੰਡਾ ਕੁਛੜ ਤੇ ਢੰਡੋਰਾ ਨਗਰ' । (ਸੰਗ੍ਰ)

**ਮੁੰਡੇ ਖੇਡਣ ਕੁੜੀਆਂ ਨਾਲ, ਨੱਕ ਵਢਾਉਣ ਛੁਰੀਆਂ ਨਾਲ ।**

**ਭਾਵ** :—ਤਾਕਤ ਜਾਂ ਲਿਆਕਤ ਆਪਣੇ ਰੁਤਬੇ ਤੋਂ ਹੇਠਾਂ ਜਾਂ ਹੋਰ ਕਿਸੇ ਤਰ੍ਹਾਂ ਅਪੁਠੀ ਸੰਗਤ ਨਾਲ ਮੇਲ ਜੋਲ ਦੁਖ ਦੇਂਦਾ ਹੈ ।

**ਵਰਤੋਂ** :—ਕੋਈ ਤੇਰੇ ਹਾਣ ਪਛਾਣ ਦਾ ਤੇ ਆਪਣੇ ਮੇਲ ਦਾ ਮੁੰਡਾ ਨਹੀਂ ਮਿਲਦਾ ਤੈਨੂੰ ਸੰਗਤ ਲਈ, ਜੋ ਇਸ ਛੋਕਰੇ ਜਿਹੇ ਲਈ ਫਿਰਦਾ ਹੈਂ ? ਕਹਿੰਦੇ ਹਨ—''ਮੁੰਡੇ ਖੇਡਣ ਕੁੜੀਆਂ ਨਾਲ । ਨੱਕ ਵਢਾਉਣ ਛੁਰੀਆਂ ਨਾਲ' । ਕੁਝ ਖਿਆਲ ਵੀ ਕਰਿਆ ਕਰ । (ਸੰਗ੍ਰ)

**ਮੁੰਡੇ, ਰੌਲ, ਰੰਨਾਂ, ਤਿੰਨੇ ਉਜਾੜੇ ਦੇ ਬੰਨਾਂ ।**

**ਭਾਵ** :—ਪੁੱਤਰ, ਜੋਤਸ਼ੀ ਤੇ ਤੀਵੀਂ ਤਿੰਨਾਂ ਉਤੇ ਹੀ ਆਦਮੀ ਦਾ ਬਹੁਤਾ ਧਨ ਉਜੜਦਾ ਹੈ ।

**ਵਰਤੋਂ** :—ਕੀ ਕਰਦਾ । ਪੁੱਤਰ ਦੀ ਫਜ਼ੂਲ ਖਰਚੀ ਸਾਹਵੇਂ ਕੋਈ ਪੇਸ਼ ਨਹੀਂ ਸੀ ਜਾਂਦੀ । ਸਚ ਤਾਂ ਹੈ 'ਮੁੰਡੇ, ਰੋਲ, ਰੰਨਾ, ਤਿੰਨੇ ਉਜਾੜੇ ਦਾ ਬੰਨਾਂ ।' (ਸੰਗ੍ਰ)

**ਮੁੰਡੇ ਵਾਲਿਆਂ ਦੀ ਲਤ ਉੱਚੀ ।**

**ਭਾਵ** :—ਮੁੰਡੇ ਵਾਲੇ ਕੁੜੀਆਂ ਵਾਲਿਆਂ ਪਾਸੋਂ ਆਪਣੀ ਈਨ ਮਨਾ ਲੈਂਦੇ ਹਨ ।

**ਵਰਤੋਂ** :— ਜ਼ਬਰਦਸਤ ਹੋ ਭਾਈ । ਤੁਹਾਡੀ ਕਿਦਾਂ ਨਾ ਮੰਨੀਏ ? ਸੱਚ ਕਹਿੰਦੇ ਨੇ । ਮੁੰਡੇ ਵਾਲਿਆਂ ਦੀ ਲਤ ਉੱਚੀ ਹੁੰਦੀ ਹੈ । (ਸੰਗ੍ਰ)

**ਮੂੰਹ ਕਾਲਾ ਤੇ ਨੀਲੇ ਪੈਰ, ਜਿਹੜੇ ਮੰਗਦੇ ਨਿਤ ਨਿਤ ਖ਼ੈਰ ।**

**ਭਾਵ**:—ਮੰਗਣਾ ਸ਼ਰਮ ਹਯਾ ਨੂੰ ਮਾਰ ਘਤਦਾ ਹੈ ।

**ਵਰਤੋਂ**:—ਮੰਗਣਾ ਬੁਰਾ ! ਮੰਗੀ ਚੀਜ਼ ਤੇ ਜੀਣਾ ਬੁਰਾ 'ਮੂੰਹ ਕਾਲਾ ਤੇ ਨੀਲੇ ਪੈਰ, ਜਿਹੜੇ ਮੰਗਦੇ ਨਿਤ ਨਿਤ ਖ਼ੈਰ' · ਇਸੇ ਲਈ ਮਾਂਗਵੇਂ ਧਨ ਉੱਤੇ ਪਲਦੇ ਵਿਹਲੜ ਕਦੀ ਕੋਈ ਚੰਗਾ ਕੰਮ ਕਰਨ ਦੇ ਯੋਗ ਨਹੀਂ ਹੁੰਦੇ । (ਸੰਗ੍ਰ)

**ਮੂੰਹ ਖਾਂਦੇ ਦੀਆਂ ਅੱਖਾਂ ਸ਼ਰਮਾਂ-ਦੀਆਂ ਹਨ ।**

**ਭਾਵ** :—ਲਾਲਚ ਵਿਚ ਆ ਕੇ ਹਰ ਕੋਈ ਦੂਜੇ ਦੇ ਨੁਕਸ ਵੇਖ ਕੇ ਵੀ ਚੁਪ ਵੱਟ ਲੈਂਦਾ ਹੈ ।

**ਵਰਤੋਂ** :— ਮੈਂ ਚਪਲ ਲਾਹ ਕੇ ਪੈਰ ਕਿਸ਼ਤੀ ਵਿਚ ਲਮਕਾ ਦਿੱਤਾ । ਮੁੰਡੇ ਨੇ ਮੈਨੂੰ ਹੋਰ ਤਰ੍ਹਾਂ ਵੇਖਿਆ । ਪਰ ਫਿਰ ਸ਼ਾਇਦ ਮੇਰੇ ਰੁਪਏ ਕਰਕੇ ਚੁਪ ਕਰ ਗਿਆ । 'ਮੂੰਹ ਖਾਂਦੇ ਦੀਆਂ ਅੱਖਾਂ ਸ਼ਰਮਾਂਦੀਆਂ ਹਨ ।'

(ਡੰਡੀ ਦੇ ਦੂਜੇ ਪਾਸਿਉਂ—ਨਰਿੰਦ੍ਰ ਸਿੰਘ ਸੋਚ)

**ਮੂੰਹ ਚੁੰਮਾ ਟੁਕ ਨ ਦਿਆਂ, ਖਾਹ ਬੱਚਾ ਬਥੇਰੀਆਂ ।**

**ਭਾਵ** :—ਜ਼ਬਾਨੀ ਤਾਂ ਕੋਈ ਬੜਾ ਜਮ੍ਹਾਂ ਖਰਚ ਕਰੇ, ਪਰ ਪਲਿਉਂ ਕੁਝ ਵੀ ਨਾ ਦੇਵੇ ।

**ਵਰਤੋਂ** :— ਜ਼ਬਾਨੀ ਜਮਾਂ ਖਰਚ ਮੈਂ ਬਥੇਰਾ ਵੇਖ ਚੁਕਾ ਹਾਂ । ਹੁਣ ਕੁਝ ਹਥੋਂ ਵੀ ਝਾੜੋ ।

ਅਖੇ 'ਮੂੰਹ ਚੁੰਮਾ ਟੁਕ ਨਾ ਦਿਆਂ, ਖਾਹ ਬੱਚਾ ਬਥੇਰੀਆਂ' । (ਸੰਗ੍ਰ)

**ਮੂੰਹ ਛੋਟਾ ਗੱਲ ਵੱਡੀ ।**

**ਭਾਵ** :—ਜਦ ਕੋਈ ਆਪਣੀ ਸਮਝ ਜਾਂ ਹਿੰਮਤ ਤੋਂ ਵਧ ਕੇ ਗਲ ਆਖੇ ।

**ਵਰਤੋਂ** :—ਉਸਦਾ ਇਹ ਦਾਅਵਾ ਕਰਨਾ ਕਿ ਉਹ ਉਨ੍ਹਾਂ ਸਾਰਿਆਂ ਦੀ ਮਦਦ ਕਰੇਗਾ ਮੈਨੂੰ ਤਾਂ 'ਮੂੰਹ ਛੋਟਾ ਗਲ ਵਡੀ' ਵਾਂਗੂੰ ਜਾਪਦਾ ਹੈ । ਆਪ ਵਿਚਾਰਾ ਮੁਸ਼ਕਲਾਂ ਨਾਲ ਘਿਰਿਆ ਹੋਇਆ ਹੈ । ਕਿਸੇ ਦੀ ਮਦਦ ਕੀ ਕਰਨੀ ਏ । (ਸੰਗ੍ਰ)

**ਮੂੰਹ ਜੁੜੇ ਕੂੜ ਨਿਖੁਟੇ ।**

**ਭਾਵ** :—ਆਹਮੋ ਸਾਹਮਣੇ ਗਲ ਕਰਨ ਨਾਲ ਝੂਠ ਠਹਿਰ ਨਹੀਂ ਸਕਦਾ ।

**ਵਰਤੋਂ** :—ਪੈਂਚ — ਸ਼ਾਹ ਨੂੰ ਬੁਲਾ ਕੇ ਆਹਮੋ ਸਾਹਮਣੇ ਗੱਲ ਕਰਨ ਵਿੱਚ ਕੋਈ ਹਰਜ ਨਹੀਂ, ਅਖੇ 'ਮੂੰਹ ਜੁੜੇ ਕੂੜ ਨਿਖੁਟੇ' ਝਟ ਸੱਚੀ ਗੱਲ ਦਾ ਪਤਾ ਲਗ ਜਾਵੇਗਾ । (ਸੰਗ੍ਰ)

**ਮੂੰਹ ਟੱਡੇ ਤੇ ਮੱਖੀਆਂ ਹੀ ਪੈਣਗੀਆਂ ।**

**ਭਾਵ** :—ਮੰਗਤਾ ਦੁੱਖ ਹੀ ਪਾਉਂਦਾ ਹੈ ।

**ਵਰਤੋਂ** :—ਮਾਂ, ਤੇਰੀ ਗਲ ਸੱਚੀ ਨਿਕਲੀ । ਮੰਗ ਕੇ ਅਸੀਂ ਬੜੀਆਂ ਔਖੀਆਂ ਹੋਈਆਂ । ਸੱਚ ਹੈ, 'ਮੂੰਹ ਟੱਡੇ ਤੇ ਮੱਖੀਆਂ ਹੀ ਪੈਣਗੀਆਂ' । (ਸੰਗ੍ਰ)

**ਮੂੰਹ ਤੇ ਵਧਰ ਤੇ ਖੇਡਾਂ ਦੀ ਸਧਰ ।**

**ਭਾਵ** :—ਵਿੱਤ ਤੋਂ ਬਾਹਰਾ ਕੰਮ ਕਰਨਾ ।

**ਵਰਤੋਂ** :—ਆਪਣੀ ਹੈਸੀਅਤ ਨੂੰ ਤਾਂ ਵੇਖ । ਫਿਰ ਏਨੀਆਂ ਉੱਚੀਆਂ ਛਾਲਾਂ ਮਾਰੀਂ । ਅਖੇ, 'ਮੂੰਹ ਤੇ ਵਧਰ ਤੇ ਖੇਡਾਂ ਦੀ ਸੱਧਰ ।' (ਸੰਗ੍ਰ)

**ਮੂੰਹ ਤੋਂ ਲਾਹੀ (ਲਥੀ) ਲੋਈ ਤੇ ਕੀ ਕਰੇਗਾ ਕੋਈ ।**

**ਭਾਵ** :—ਜਦ ਕੋਈ ਨਿਲੱਜ ਹੋ ਕੇ ਕਿਸੇ ਦੀ ਪਰਵਾਹ ਨਾ ਕਰੇ ।

**ਵਰਤੋਂ** :—ਇਹ ਦਲੇਰੀ ਨਹੀਂ, ਬੇਹਯਾਈ ਏ, ਬਈ ਪਾਪ ਕਰਨਾ ਤੇ ਕਿਸੇ ਤੋਂ ਨਾ ਡਰਨਾ । 'ਮੂੰਹ ਤੋਂ ਲਥੀ ਲੋਈ ਤੇ ਕੀ ਕਰੇਗਾ ਕੋਈ' ਪਰ ਇੱਜ਼ਤਦਾਰ ਮਨੁੱਖ ਆਪਣੀ ਇੱਜ਼ਤ ਦਾ ਸਭ ਤੋਂ ਵਧੀਕ ਖਿਆਲ ਰਖਦਾ ਹੈ । (ਸੰਗ੍ਰ)

**ਮੂੰਹ ਦੀ ਲਹਿਰ ਬਹਿਰ, ਹਥਾਂ ਦੀ ਹੜਤਾਲ ।**

**ਭਾਵ** :—ਕੋਈ ਜ਼ਬਾਨੀ ਤਾਂ ਬੜਾ ਜਮ੍ਹਾਂ ਖਰਚ ਕਰੇ, ਪਰ ਹਥੋਂ ਦੇਵੇ ਕੁਝ ਨਾ ।

**ਵਰਤੋਂ** :—ਗੱਲਾਂ ਹੀ ਗੱਲਾਂ ਨੇ ਉਸ ਦੀਆਂ । ਅਮਲੋਂ ਖਾਲੀ ਏ; ਅਖੇ 'ਮੂੰਹ ਦੀ ਲਹਿਰ ਬਹਿਰ, ਹੱਥਾਂ ਦੀ ਹੜਤਾਲ ।' (ਸੰਗ੍ਰ)

**ਮੂੰਹ ਲਾਇਆ ਤੇ ਗੁਆਇਆ । ਜਾਂ ਮੂੰਹ ਲਾਇਆ ਤੇ ਕੰਮ ਨਾ ਆਇਆ (ਗਵਾਇਆ) ।**

**ਭਾਵ** :—ਜਦ ਬਾਹਲਾ ਪਿਆਰ ਕਰਨ ਨਾਲ ਵਿਗੜ ਜਾਵੇ ।

**ਵਰਤੋਂ** :—ਨੀਰ ਜਾਤਾਂ ਕਿਧਰੇ ਰਹੀਆਂ, ਉੱਚੀਆਂ ਜਾਤਾਂ ਨੇ ਉਹ ਉੱਦਮ ਕੀਤਾ ਹੈ ਕਿ ਇਸ ਰੰਗ ਰੂਪ ਸ਼ਰਾਬ ਖਾਨਾ ਖਰਾਬ ਨੂੰ ਵਡੇ ਆਦਰ ਨਾਲ ਮੂੰਹ ਲਾਇਆ । ਕਹਾਉਤ ਹੈ 'ਮੂੰਹ ਲਾਇਆ ਤੇ ਗਵਾਇਆ ।'

(ਚਰਣਹਰਿ ਵਿਸਥਾਰ—ਡਾ: ਬਲਬੀਰ ਸਿੰਘ)

**ਮੂੰਹ ਲਾਈ ਡੂਮਣੀ ਗਾਵੇ ਤਾਲ ਬਿਤਾਲ ।**

**ਭਾਵ** :—ਕਮੀਨੇ ਦਾ ਆਦਰ ਕਰਨ ਨਾਲ ਜਦ ਉਹ ਵਿਗੜ ਜਾਵੇ ।

**ਵਰਤੋਂ** :—ਸਰਦਾਰ ਜੀ ! ਉਸਦੇ ਵਿਗੜਨ ਦੇ ਅਸੀਂ ਵੀ ਜ਼ਿੰਮੇਵਾਰ ਹਾਂ, ਅਸੀਂ ਵੀ ਤਾਂ ਉਸ ਕਮੀਨੇ ਦਾ ਕਾਫ਼ੀ ਆਦਰ ਕੀਤਾ ਹੈ । ਅਖੇ 'ਮੂੰਹ

ਲਾਈ ਡੂੰਮਣੀ ਗਾਵੇ ਤਾਲ ਬਿਤਾਲ' ਉਹਨੇ ਵਿਗੜਨਾ ਹੀ ਸੀ । (ਸੰਗ੍ਰ)

## ਮੂੰਹ ਵਿਚ ਕੁਕਰ ਤੇ ਸਿਰ ਤੇ ਛਿੱਤਰ ।

**ਭਾਵ** :—ਜਦ ਕੋਈ ਥੋੜ੍ਹਾ ਸੁਖ ਦੇਣ ਦੇ ਬਦਲੇ ਬਹੁਤਾ ਦੁਖੀ ਕਰੇ ।

**ਵਰਤੋਂ** :—ਅਜ ਕਲ ਦੀਆਂ ਸੱਸਾਂ ਤੇ ਰੱਜ ਕੇ ਰੋਟੀ ਵੀ ਨਹੀਂ ਖਾਣ ਦੇਂਦੀਆਂ ਨੂੰਹਾਂ ਨੂੰ । ਚੂੜਾ ਵੀ ਨਹੀਂ ਮੈਲਾ ਹੁੰਦਾ ਤੇ ਸਸੜੀਆਂ ਵਹੁ ਖਾਊਂ; ਵਹੁ ਖਾਊਂ, ਕਰਨ ਲਗ ਪੈਂਦੀਆਂ ਨੇ । ਹਰ ਵੇਲੇ ਬਸ 'ਮੂੰਹ ਵਿਚ ਕੁਕਰ ਤੇ ਸਿਰ ਤੇ ਛਿੱਤਰ' ਵਾ ਲੀ ਗੱਲ ਹੁੰਦੀ ਰਹਿੰਦੀ ਏ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

## ਮੂੰਹਾਂ ਨੂੰ ਮੁਲਾਹਜੇ ਤੇ ਧਿਰਾਂ ਨੂੰ ਸਲਾਮ ।

**ਭਾਵ** :—ਅੱਖਾਂ ਦੀ ਸ਼ਰਮ ਨੂੰ ਸਭੇ ਕੰਮ ਸਰਦੇ ਹਨ ।

**ਵਰਤੋਂ** :—ਮੇਰੀ ਤਾਂ ਠਾਣੇਦਾਰ ਨੇ ਇਕ ਨਾ ਸੁਣੀ, ਪਰ ਸੂਬੇਦਾਰ ਦੇ ਪੁਜਦਿਆਂ ਹੀ ਕੰਮ ਰਾਸ ਹੋ ਗਿਆ । ਕਿਸੇ ਸੱਚ ਕਿਹਾ ਹੈ 'ਮੂੰਹਾਂ ਨੂੰ ਮੁਲਾਹਜੇ ਸਿਰਾਂ ਨੂੰ ਸਲਾਮ ।' (ਸੰਗ੍ਰ)

## ਮੂੰਹੋਂ ਬੋਲੇ ਤੇ ਹੈਂਸ ਹੀ ਤੋਲੇ ।

**ਭਾਵ** :—ਜਦ ਕੋਈ ਹਰ ਵੇਲੇ ਮੂੰਹ ਤੋਂ ਭੈੜੀ ਗਲ ਹੀ ਕਢੇ ।

**ਵਰਤੋਂ** :—ਓਇ ਚੰਦਰਿਆ ! ਕਿਸੇ ਵੇਲੇ ਤਾਂ ਚੰਗੀ ਗਲ ਮੂੰਹ ਤੋਂ ਕਢਿਆ ਕਰ । ਤੇਰਾ ਤਾਂ ਹਰ ਵੇਲੇ 'ਮੂੰਹੋਂ ਬੋਲੇ ਤੇ ਹੈਂਸ ਹੀ ਤੋਲੇ' ਵਾਲਾ ਲੇਖਾ ਹੈ । (ਸੰਗ੍ਰ)

## ਮੂੰਹੋਂ ਬੋਲਿਆ ਸੋ ਮਾਰਿਆ ।

**ਭਾਵ** :—ਦਿਲ ਦਾ ਭੇਦ ਖੋਲ੍ਹਣ ਨਾਲ ਨੁਕਸਾਨ ਹੁੰਦਾ ਹੈ ।

**ਵਰਤੋਂ** :—

ਮਨਸੂਰ ਨੇ ਇਸ਼ਕ ਦਾ ਭੇਦ ਦਿੱਤਾ,
ਉਸ ਨੂੰ ਤੁਰਤ ਸੂਲੀ ਉਤੇ ਚਾੜ੍ਹਿਆ ਨੀ ।
ਰਸਮ ਏਸ ਜਹਾਨ ਦੀ ਚੁੱਪ ਰਹਿਣਾ,
ਮੂੰਹੋਂ ਬੋਲਿਆ ਸੋ ਓਹੀ ਮਾਰਿਆ ਨੀ ।

(ਹੀਰ—ਵਾਰਸ ਸ਼ਾਹ)

## ਮੈਂ ਸਹੇ ਨੂੰ ਨਹੀਂ ਰੋਂਦਾ, ਪਹੇ ਨੂੰ ਰੋਂਦਾ ਹਾਂ ।

**ਭਾਵ** :—ਮੈਂ ਹੁਣ ਦੀ ਗਲ ਤੋਂ ਨਹੀਂ ਡਰਦਾ, ਇਸ ਦੇ ਮਿਸਾਲ ਬਣ ਜਾਣ ਤੋਂ ਡਰਦਾ ਹਾਂ ।

**ਵਰਤੋਂ** :—ਮੈਂ ਸਹੇ ਨੂੰ ਨਹੀਂ ਰੋਂਦੀ, ਪਹੇ ਨੂੰ ਰੋਂਦੀ ਹਾਂ । ਅਜ ਇਸ ਨੇ ਸ਼ਰਾਬ ਪੀਤੀ, ਕਲ੍ਹ ਜੂਆ ਕਿਉਂ ਨਾ ਖੇਡੇਗਾ । (ਸੰਗ੍ਰ)

## ਮੈਂ ਤੇ ਤਾਬੋ ਇਕੋ, ਲੋਕ ਪਵਾਏ ਫਿੱਕੋ ।

**ਭਾਵ** :—ਫਿੱਕ ਪਿਛੋਂ ਜਦੋਂ ਦੋ ਪਾਸੀ ਪਿਆਰ ਤੇ ਰਜ਼ਾਮੰਦੀ ਹੋ ਜਾਵੇ ਤੇ ਫਿਕ ਦੀ ਜ਼ਿੰਮੇਵਾਰੀ ਲੋਕਾਂ ਦੇ ਸਿਰ ਸੁਟੀ ਜਾਵੇ ।

**ਵਰਤੋਂ** :—ਲੋਕਾਂ ਬਥੇਰੀ ਝੱਖ ਮਾਰੀ, ਪਰ ਮੈਂ ਤੇ ਤਾਬੋ ਇਕੋ, ਲੋਕ ਪਵਾਏ ਫਿੱਕੋ ।' (ਸੰਗ੍ਰ)

## ਮੈਂ ਤੇ ਬੇਬੇ (ਭੈਣਾ) ਇਕੀ (ਇਕੋ) ਪਾਏ ।

**ਭਾਵ** :—ਦੂਜੇ ਦੀ ਵਡਿਆਈ ਪਿਛੇ ਆਪਣਾ ਲਾਭ ਚਾਹੁਣਾ ।

**ਵਰਤੋਂ** :—ਬੜਾ ਲਾਲਚੀ ਏਂ, ਆਖਰ ਤੂੰ ਹਿਸਾ ਕੀ ਪਾਇਆ ਹੈ ? ਅਖੇ 'ਮੈਂ ਤੇ ਬੇਬੇ ਇਕੀ ਪਾਏ' ਤੇਰੇ ਭਰਾ ਦੇ ਹਿਸੇ ਵਿਚੋਂ ਤੈਨੂੰ ਕਿਵੇਂ ਦੇ ਦੇਵਾਂ ? (ਸੰਗ੍ਰ)

## ਮੈਂ ਤੇ ਮੇਰਾ ਬੰਨਾ, ਤ੍ਰੀਆ ਆਵੇ ਤਾਂ ਮੱਥਾ ਭੰਨਾ ।

**ਭਾਵ** :—ਜਦ ਚੀਜ਼ ਆਪਣੀ ਢਾਣੀ ਵਿਚ ਹੀ ਵੰਡ ਲਈ ਜਾਵੇ ਤੇ ਹੋਰ ਕਿਸੇ ਨੂੰ ਕੁਝ ਨਾ ਮਿਲੇ ।

**ਵਰਤੋਂ** :— ਤੇਰੀ ਕੀ ਗਲ, ਕਰਨੀ ਹੋਈ

ਅਖੇ 'ਮੈਂ ਤੇ ਮੇਰਾ ਚੀਨਾ, ਤ੍ਰਿਆ ਆਵੇ ਤਾਂ ਮਥਾ ਭੰਨਾ ।' ਕਿਸੇ ਹੋਰ ਨਾਲ ਤੂੰ ਥੋੜਾ ਵੰਡ ਕੇ ਖਾਨਾ ਏਂ ? (ਸੰਗ੍ਰ)

**ਮੈਂ ਤਾਂ ਕੰਬਲੀ ਨੂੰ ਛਡਦਾ ਹਾਂ, ਕੰਬਲੀ ਵੀ ਮੈਨੂੰ ਛਡੇ । ਜਾਂ ਮੈਂ ਤਾਂ ਕੰਬਲੀ ਨੂੰ ਛਡਦਾ ਹਾਂ, ਕੰਬਲੀ ਮੈਨੂੰ ਨਹੀਂ ਛਡਦੀ ।**

**ਭਾਵ** :—ਕਿਸੇ ਬਿਪਤਾ ਜਾਂ ਔਕੜ ਵਿਚੋਂ ਨਿਕਲਣ ਦਾ ਕੋਈ ਜਤਨ ਤਾਂ ਕਰੇ, ਪਰ ਨਿਕਲ ਨਾ ਸਕੇ ।

**ਵਰਤੋਂ** :—ਦੁਕਾਨ ਤੇ ਘਾਟਾ ਹੈ, ਪਰ ਸੱਚ ਜਾਣਨਾ, 'ਮੈਂ ਤਾਂ ਕੰਬਲੀ ਨੂੰ ਛਛਣ ਦਾ ਢੇਰ ਜ਼ੋਰ ਲਾਇਆ । ਪਰ ਕੰਬਲੀ ਮੈਨੂੰ ਨਹੀਂ ਛਡਦੀ ।' ਹੁਣ ਗਲ ਪਿਆ ਢੋਲ ਵਜਾਣਾ ਈ ਪਏਗਾ । (ਸੰ)

**ਮੈਂ ਨਾ ਜੰਮਦੀ ਤੂੰ ਕਿਥੋਂ ਵਿਆਹੀ ਦਾ ?**

**ਭਾਵ** :—ਜਦ ਕੋਈ ਕਿਸੇ ਦੀ ਹੋਂਦ ਨੂੰ ਛੁਟਿਆ ਕੇ ਦਸੇ ਮਿਹਣੇ ਵਜੋਂ ।

**ਵਰਤੋਂ** :—ਬੜੀ ਆਕੜ ਹੈ ਤੈਨੂੰ ਆਪਣੇ ਰੁਪਏ ਦੀ । ਤੂੰ ਸਮਝਦਾ ਏਂ, ਮੈਂ ਨਾ ਹੁੰਦਾ ਖਬਰੇ ਦੁਨੀਆਂ ਤੁਰਦੀ ਕਿਦਾਂ । ਅਖੇ 'ਮੈਂ ਨਾ ਜੰਮਦੀ ਤੂੰ ਕਿਥੋਂ ਵਿਆਹੀਦਾ ।' ਵਾਹ ਜੀ ! ਵਾਹ ! (ਸੰਗ੍ਰ)

**ਮੇਂਹ ਗਾਂ ਰਵੇ ਦੀ, ਧੀ ਭੈਣ ਖਲਣੇ ਦੀ ।**

**ਭਾਵ** :—ਲਾਭਦਾਇਕ ਚੀਜ਼ ਉਹੀ ਹੈ ਜੋ ਨਸਲੋਂ ਚੰਗੀ ਹੋਵੇ ।

**ਵਰਤੋਂ** :—ਕੁਝ ਪਿੱਛਾ ਅੱਗਾ ਵੇਖ ਕੇ ਨੂੰਹ ਵਿਗੜਣੀ ਸੀ । ਅਖੇ, 'ਮੇਂਹ ਗਾਂ ਰਵੇ ਦੀ, ਧੀ ਭੈਣ ਖਲਣੇ ਦੀ' । ਉਹਦੇ ਕੁਪੱਤ ਤੋਂ ਦੁਖੀ ਕਿਉਂ ਹੁੰਦਾ ਹੈਂ ? (ਸੰਗ੍ਰ)

**ਮੈਂ ਭੀ ਰਾਣੀ ਤੂੰ ਭੀ ਰਾਣੀ ਕੌਣ ਭਰੇਗਾ ਪਾਣੀ ?**

**ਭਾਵ** :—ਜਦ ਸਾਰੇ ਹੀ ਵੱਡੇ ਬਣ ਬਹਿਣ; ਅਤੇ ਕੋਈ ਵੀ ਕਿਸੇ ਦਾ ਕੰਮ ਨਾ ਕਰੇ ।

**ਵਰਤੋਂ** :—ਖੋਹਿ ਮਖੋਹਿ ਤਾਂ ਹੋਣੀ ਹੀ ਹੋਈ ਜਦ 'ਮੈਂ ਭੀ ਰਾਣੀ ਤੂੰ ਭੀ ਰਾਣੀ, ਕੌਣ ਭਰੇਗਾ ਪਾਣੀ' ਵਾਲੀ ਗਲ ਹੈ । ਸਾਰੇ ਹੀ ਵੱਡੇ ਬਣੇ ਫਿਰਦੇ ਹਨ । ਕੋਈ ਕਿਸੇ ਤੋਂ ਨੀਵਾਂ ਹੋਵੇ ਤਾਂ ਕੰਮ ਤੁਰੇ । (ਸੰਗ੍ਰ)

## ਯ

**ਯਕ ਨਾ ਸ਼ੁਦ, ਦੋ ਸ਼ੁਦ ।**

**ਭਾਵ** :—ਗ਼ਲਤੀ ਉਤੋਂ ਹੋਰ ਗ਼ਲਤੀ ।

**ਵਰਤੋਂ** :—ਹੈਂ ! 'ਯਕ ਨਾ ਸ਼ੁਦ ਦੋ ਸ਼ੁਦ' ਅੱਗੇ ਇਸ ਦੇ ਸ਼ਰਾਬੀ ਹੋਣ ਨੂੰ ਰੋਂਦੇ ਸਾਂ, ਇਹ ਤਾਂ ਪੱਕਾ ਜੁਆਰੀਆ ਭੀ ਨਿਕਲਿਆ । (ਸੰਗ੍ਰ)

**ਯੱਕਾ ਵੇਖਕੇ ਹੀ ਪੈਰ ਭਾਰੇ ਹੁੰਦੇ ਹਨ ।**

**ਭਾਵ** :—ਪੱਕੀ ਮਦਦ ਵੇਖ ਕੇ ਮਨ ਤਕੜਾ ਹੁੰਦਾ ਹੈ ।

**ਵਰਤੋਂ** :—ਭਾਈ ਯੱਕਾ ਵੇਖ ਕੇ ਹੀ ਪੈਰ ਭਾਰੇ ਹੁੰਦੇ ਹਨ ? ਪੱਲੇ ਪੈਸੇ ਜੇ ਹੋਏ । ਦਿਲ ਕਿਉਂ ਨਾ ਤਕੜਾ ਹੋਵੇ । (ਸੰਗ੍ਰ)

**ਯਥਾ ਰਾਜਾ, ਤਥਾ ਪਰਜਾ ।**

**ਭਾਵ** :—ਜਿਹੋ ਜਿਹਾ ਰਾਜ ਵਾਲਿਆਂ ਦਾ ਸੁਭਾ ਤੇ ਪ੍ਰਭਾਵ ਹੋਵੇ, ਉਹੋ ਜਿਹਾ ਪਰਜਾ ਦਾ ਬਣ ਜਾਂਦਾ ਹੈ ।

**ਵਰਤੋਂ** :—ਮੰਤ੍ਰੀ—ਆਪ ਜੀ ਦੀ ਕਿਰਪਾ

ਹੈ, ਰਾਜਾ ਜੀ ਦੇ ਹਿਰਦੇ ਦਾ ਲੋਕਾਂ ਪਰ ਪਰਭਾਉ ਹੈ 'ਯਥਾ ਰਾਜਾ ਤਥਾ ਪਰਜਾ'।

(ਕਲਗੀਧਰ ਚਮਤਕਾਰ—ਵੀਰ ਸਿੰਘ)

**ਯਾ ਦੜਪ ਵਾਲੀ ਵਸੋਂ ਯਾ ਬੇਟ ਵਾਲੀ।**

ਦੜਪ=ਦੁਆਬਾ। ਬੇਟ=ਦਰਿਆ ਦਾ ਕੰਢਾ

**ਭਾਵ :—** ਵਸਣਾ ਉਥੇ ਹੀ ਚੰਗਾ, ਜਿਥੇ ਉਪਜੀਵਕਾ ਦੇ ਵਸੀਲੇ ਚੰਗੇ ਹੋਣ।

**ਵਰਤੋਂ :—** 'ਯਾ ਦੜਪ ਵਾਲੀ ਵਸੋਂ, ਯਾ ਬੇਟ ਵਾਲੀ' ਮਾਰੂਥਲ ਵਿਚ ਜੀਣ ਦਾ ਕੀ ਹਜ ?

(ਸੰਗ੍ਰ)

**ਯਾਰ ਦੇ ਯਾਰ ਤੇ ਚੋਰਾਂ ਦੇ ਸਰਦਾਰ।**

**ਭਾਵ :—** ਜਿਹੜੇ ਬਾਹਰ ਮੁਖੀ ਤਾਂ ਮਿਤਰ ਪਰ ਅੰਦਰੋਂ ਉੱਕੇ ਵੈਰੀ।

**ਵਰਤੋਂ :—** ਇਹੋ ਜਿਹੇ ਚੌਧਰੀ ਪਿੰਡਾਂ ਵਿਚ ਆਮ ਹੁੰਦੇ ਹਨ। ਜਿਹੜੇ ਦਿਨ ਨੂੰ ਪੰਚਾਇਤੀ ਪਰ ਰਾਤ ਨੂੰ 'ਯਾਰਾਂ ਦੇ ਯਾਰ ਤੇ ਚੋਰਾਂ ਦੇ ਸਰਦਾਰ ਹੋਣ। (ਸੰਗ੍ਰ)

**ਯਾਰ ਯਾਰ ਨੂੰ ਇਉਂ ਮਿਲੇ ਜਿਵੇਂ ਘੜੇ ਨੂੰ ਵੱਟਾ।**

**ਭਾਵ :—** ਹਾਸੇ ਵਿਚ ਦੁਸ਼ਮਣੀ ਦਾ ਭਾਵ ਦਸਣ ਲਈ ਵਰਤਦੇ ਹਨ।

**ਵਰਤੋਂ '—** ਦੋਵੇਂ ਇਕ ਦੂਜੇ ਨੂੰ ਮਿਲਦਿਆਂ ਹੀ ਗੁਥਮਗੁਥਾ ਹੋ ਗਏ! ਆਪੋ ਵਿਚ ਬੜੇ ਘਿਉ ਖਿਚੜੀ ਨੇ। ਪਰ ਇਥੇ ਤਾਂ 'ਯਾਰ ਯਾਰ ਨੂੰ ਇਉਂ ਮਿਲੇ ਜਿਵੇਂ ਘੜੇ ਨੂੰ ਵੱਟਾ।' (ਸੰਗ੍ਰ)

**ਯਾਰ ਵੀ ਤੇਲੀ ਤੇ ਸਿੰਧ ਵੀ ਮੇਲੀ।**

**ਭਾਵ :—** ਤੇਲੀ (ਭਾਵ ਹਲਕੇ ਮਨੁਖ) ਨਾਲ ਦੋਸਤੀ ਘਾਟੇ ਦਾ ਸੌਦਾ ਹੈ ਤੇ ਅਪਮਾਨ ਦਾ ਕਾਰਨ ਹੈ।

**ਵਰਤੋਂ :—** ਤੂੰ ਕਾਹਨੂੰ ਅਜਿਹੇ ਬੰਦੇ ਨਾਲ ਨੇੜਤਾ ਪਾਈ। 'ਯਾਰ ਵੀ ਤੇਲੀ ਸਿੰਧ ਵੀ ਮੇਲੀ' ਵਾਲੀ ਗਲ ਹੋਈ ਤੇਰੇ ਨਾਲ ਤਾਂ। (ਸੰਗ੍ਰ)

**ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਿਣਾ।**

**ਭਾਵ :—** ਪਿਆਰੇ ਦੀ ਝੁੱਗੀ ਮਹਿਲ ਨਾਲੋਂ ਚੰਗੀ ਹੁੰਦੀ ਹੈ।

**ਵਰਤੋਂ :—**

ਖੁਦ ਇਕ ਸਿਰੀ ਸਾਹਿਬ ਲੈ,
ਕੱਲੇ ਭੁੱਖੇ ਭੁੰਜੇ ਸੌਣਾ।
ਇਹ ਕੀ ਤੇਰੇ ਚੋਜ ਚੋਜੀਆ ?
ਦਿੱਤੇ ਈ ਕਦ ਦਾ ਲਹਿਣਾ ?

ਮਿੱਠੇ ਕੋਮਲ ਬੁਲ੍ਹ ਵਿਚੋਂ ਵਾਜ ਮਧੁਰ ਇਹ ਨਿਕਲੀ :—

ਯਾਰੜੇ ਦਾ ਸਾਨੂੰ ਸਥਰ ਚੰਗਾ,
ਭਠ ਖੇੜਿਆਂ ਦਾ ਰਹਿਣਾ।

(ਬਾਦਸ਼ਾਹੀਆਂ—ਚਰਨ ਸਿੰਘ ਸ਼ਹੀਦ)

**ਯਾਰਾਨੇ ਲਾਣ ਹਾਥੀਆਂ ਨਾਲ ਤੇ ਬੂਹੇ ਰਖਣੇ ਨੀਵੇਂ (ਭੀੜੇ)।**

**ਭਾਵ :—** ਕਿਸੇ ਗ਼ਰੀਬ ਦਾ ਅਮੀਰ ਨਾਲ ਸੰਬੰਧ ਹੋਵੇ ਤੇ ਉਹ ਅਮੀਰ ਦੀ ਪੂਰੀ ਸੇਵਾ ਨਾ ਕਰ ਸਕੇ।

**ਵਰਤੋਂ :—** ਤੁਸਾਡਾ ਗ਼ਰੀਬਾਂ ਦਾ ਸ਼ਾਹਾਂ ਨਾਲ ਕੀ ਮੇਲ ? ਅਖੇ 'ਯਾਰਾਨੇ ਲਾਣੇ ਹਾਥੀਆਂ ਨਾਲ ਤੇ ਬੂਹੇ ਰਖਣੇ ਭੀੜੇ।' ਤੁਸਾਂ ਹੱਥ ਭੀੜਾ ਕੀਤਾ ਉਨ੍ਹਾਂ ਤੁਹਾਡੀ ਕੁੜੀ ਛਡ ਦਿਤੀ। (ਸੰਗ੍ਰ)

**ਯਾਰੀ ਹਿਕੋ ਜੇਡਿਆਂ ਦੀ।**

**ਭਾਵ :—** ਦੋਸਤੀ—ਹਾਣੀਆਂ ਜਾਂ ਇੱਕੋ ਪੱਧਰ ਦੇ ਲੋਕਾਂ ਨਾਲ ਹੀ ਨਿਭਦੀ ਹੈ।

**ਵਰਤੋਂ :—** ਯਾਰੀ ਹਿਕੋ ਜੇਡਿਆਂ ਦੀ, ਦੂਜਾ ਸਭ ਜੰਜਾਲ। ਆਪਣੇ ਤੋਂ ਉਚੇ ਜਾਂ ਨੀਵੇਂ ਦੀ ਦੋਸਤੀ ਖੁਆਰ ਹੀ ਕਰਦੀ ਹੈ। (ਸੰਗ੍ਰ)

**ਯਾਰੀ ਨਾ ਹੋਈ ਛੋਲਿਆਂ ਦਾ ਵੱਢ ਹੋਇਆ।**

**ਭਾਵ** :—ਜਦ ਕੋਈ ਮਿਤਰ ਨਾਲ ਮਿਤਰਤਾਈ ਦਾ ਕੋਈ ਮਾਮੂਲੀ ਜਿਹਾ ਅੰਗ ਨਾ ਨਿਭਾਵੇ, ਤਾਂ ਹਾਸੇ ਵਜੋਂ ਆਖਦੇ ਹਨ।

**ਵਰਤੋਂ** :—ਪੈਰਸ ਪਹੁੰਚ ਕੇ ਅਸੀਂ ਆਪਣਾ ਅਸਬਾਬ ਸੰਭਾਲ ਰਹੇ ਸਾਂ ਕਿ ਅੰਗ੍ਰੇਜ਼ ਕੁੜੀ, ਪਤਾ ਨਹੀਂ, ਕਿਧਰ ਪਤਰਾ ਵਾਚ ਗਈ। ਮੇਰਾ ਮੂਰਖ ਤੇ ਹਿੰਦੁਸਤਾਨ ਦਾ ਪਾਖੰਡੀ ਮਨ ਕਹਿਣ ਲਗਾ 'ਯਾਰੀ ਨਾ ਹੋਈ ਇਹ ਤਾਂ ਛੋਲਿਆਂ ਦਾ ਵਢ ਹੋਇਆ।'

(ਮੇਰਾ ਵਲੈਤੀ ਸਫਰਨਾਮਾ—ਲਾਲ ਸਿੰਘ)

## ਰ

**ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰ।**

**ਭਾਵ** :—ਜ਼ਬਾਨ ਤੋਂ ਮਾੜਾ ਸ਼ਬਦ ਵਰਤਨ ਨਾਲ ਨਿਤ ਸ਼ਰਮਸਾਰ ਹੋਈਦਾ ਹੈ।

**ਵਰਤੋਂ** :—

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ।
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰ।
ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰ।

(ਗੁਰੂ ਗ੍ਰੰਥ—ਵਡਹੰਸ ਵਾਰ)

**ਰਸੀ ਸੜ ਗਈ ਪਰ ਵਟ ਨਾ ਗਿਆ।**

**ਭਾਵ** :—ਕਾਫ਼ੀ ਨੁਕਸਾਨ ਹੋ ਜਾਣ ਤੇ ਵੀ ਜਦ ਕੋਈ ਆਪਣੀ ਹੈਂਕੜ ਨਾ ਛੱਡੇ।

**ਵਰਤੋਂ** :—ਰਾਣਾ—ਵੇਖੋ ਕਾਂਗੜੇ ਦਾ ਘੇਰਾ ਪਾਇਆਂ ਚਾਰ ਵਰ੍ਹੇ ਹੋ ਗਏ ਹਨ। ਪਰ ਸੰਸਾਰ ਚੰਦ ਦਾ ਹੰਕਾਰ ਅਜੇ ਤਕ ਮੋਰ ਨਹੀਂ ਆਇਆ। 'ਕੀ ਹੋਇਆ ਜੇ ਰਸੀ ਸੜ ਗਈ, ਵੱਟ ਤਾਂ ਅਜੇ ਤਕ ਨਹੀਂ ਗਿਆ?

(ਮਹਾਰਾਜਾ ਰਣਜੀਤ ਸਿੰਘ—ਕਿਰਪਾ ਸਾਗਰ)

**ਰੱਸੀ ਦਾ ਸਿਰਾ ਟੁੱਟਾ ਤੇ ਘੜੇ ਦਾ ਫਾਹ ਛੁੱਟਾ।**

**ਭਾਵ** :—ਜਦ ਇਕ ਧਿਰ ਦੇ ਥੋੜੇ ਜਿੰਨੇ ਨੁਕਸਾਨ ਨਾਲ ਦੂਜੀ ਦੀ ਬਹੁਤ ਵੱਡੀ ਔਕੜ ਹੱਲ ਹੋ ਜਾਵੇ।

**ਵਰਤੋਂ** :—ਮੈਂ ਤੇ ਸੋਚਿਆ ਹੋਇਆ ਸੀ, ਪਈ ਅਵਲ ਤੇ ਬਚਾਈ ਨਹੀਂ ਏਸ ਮੁਕਦਮੇ ਵਿਚੋਂ। ਜੇ ਭੁਲਾ ਨਿਕਲ ਵੀ ਗਿਆ ਤੇ ਫੇਰ ਏਸ ਨਾਲ ਵੀ ਓਹੀਓ ਕਾਣੇ ਖੋਂਡੂ ਵਾਲਾ ਹੱਥ ਕਰਾਂਗੇ। ਪਰ ਗੁਰੂ ਨੇ ਆਪੇ ਈ ਕੰਮ ਸਾਰ ਦਿੱਤਾ 'ਰਸੀ ਦਾ ਸਿਰਾ ਟੁੱਟਾ ਤੇ ਘੜੇ ਦਾ ਫਾਹ ਛੁੱਟਾ।' (ਚਿਟਾ ਲਹੂ—ਨਾਨਕ ਸਿੰਘ)

**ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ।**

**ਭਾਵ** :—ਜਿਹੜਾ ਮਨੁਖ ਗੁਣਾਂ ਦਾ ਪਾਰਖੂ ਹੋਵੇ ਓਹੀ ਉਨ੍ਹਾਂ ਨੂੰ ਪਛਾਣ ਸਕਦਾ ਹੈ।

**ਵਰਤੋਂ** :—

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ।
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ।

(ਗੁਰੂ ਗ੍ਰੰਥ—ਤਿਲੰਗ ਰਾਗ)

**ਰਹਿ ਸੁਆਰੀ ਸਿਕੜੀ, ਤੇ ਲਾਲਾ ਚੜ੍ਹਿਆ ਕਿਕਰੀ।**

**ਭਾਵ** :—ਉਡੀਕ ਕਰਦੇ ਕਰਦੇ ਗੱਲ ਵਿਚ ਵਿਘਨ ਪੈ ਜਾਣਾ।

**ਵਰਤੋਂ** :—ਸਹੇਲੀ—ਅੜੀਓ! ਚੰਦ੍ਰਕਾਂਤਾ ਬਿਲਕੁਲ ਹਾਰ ਸ਼ਿੰਗਾਰ ਕਰ ਨਾਲ ਆਉਣ ਨੂੰ ਤਿਆਰ ਸੀ ਕਿ ਕਿਸੇ ਨੇ ਬਾਹਿਰੋਂ ਰੁਕਾ ਘਲ ਦਿੱਤਾ। ਇਹ ਪੜ੍ਹ ਉਥੇ ਦੀ ਉਥੇ ਹੀ ਖੜੀ ਰਹੀ। ਇਸ ਨਾਲ ਤਾਂ ਇਹ ਗਲ ਬਣੀ 'ਰਹਿ ਸੁਆਰੀ ਸਿਕੜੀ ਤੇ ਲਾਲਾ ਚੜ੍ਹਿਆ ਕਿਕਰੀ'। (ਸੰਗ੍ਰ)

## ਰਹਿੰਦੀ ਰਹਿੰਦੀ ਰਹਿ ਨਾ ਸਕਾਂ ?

**ਭਾਵ** :—ਜਦ ਕੋਈ ਕਿਸੇ ਕੰਮ ਨੂੰ ਝਕਦਾ ਝਕਦਾ ਕਰ ਹੀ ਲਵੇ ।

**ਵਰਤੋਂ** :—ਜਸ—ਭੈਣ ! ਇਸ ਕੰਮ ਨੂੰ ਡਰਦਿਆਂ ਡਰਦਿਆਂ ਹਥ ਪਾਇਆ ਸੀ ਪਰ ਹਿੰਮਤ ਨਾ ਹਾਰੀ ਤੇ ਅੰਤ ਨੂੰ 'ਰਹਿੰਦੀ ਰਹਿੰਦੀ ਰਹਿ ਨਾ ਸਕਾਂ' ਵਾਲੇ ਅਖਾਣ ਅਨੁਸਾਰ ਮੁਕਾ ਹੀ ਲਿਆ । (ਸੰਗ੍ਰ)

## ਰਹੀਏ ਸ਼ਹਿਰ ਭਾਵੇਂ ਹੋਵੇ ਕਹਿਰ ।

**ਭਾਵ** :—ਸ਼ਹਿਰ ਦਾ ਰਹਿਣਾ ਸਲਾਹਿਆ ਹੈ ।

**ਵਰਤੋਂ** :—ਸੁਪਤਨੀ — ਸਰਦਾਰ ਜੀ ! ਭਾਵੇਂ ਕੁਝ ਵੀ ਹੋਵੇ ਪਿੰਡ ਨਹੀਂ ਰਹਿਣਾ, ਸਿਆਣਿਆਂ ਦਾ ਅਖਾਣ ਏ 'ਰਹੀਏ ਸ਼ਹਿਰ ਭਾਵੇਂ ਹੋਵੇ ਕਹਿਰ ।' (ਸੰਗ੍ਰ)

## ਰਹੇ ਤਾਂ ਆਪਣੇ ਆਪ ਤੇ, ਨ ਰਹੇ ਤਾਂ ਸਕੇ ਬਾਪ ਤੇ ।

**ਭਾਵ** :—ਪ੍ਰੀਤ ਜਾਂ ਭਰੋਸਾ ਨਿਭੇ ਤਾਂ ਸਹਿਜੇ ਹੀ ਨਿਭੀ ਜਾਂਦਾ ਹੈ । ਇਕ ਵੇਰ ਤੇੜ ਪੈ ਜਾਏ, ਤਾਂ ਸੱਕੇ ਦਾ ਵੀ ਵਿਸਾਹ ਨਹੀਂ ਖਾਈਦਾ ।

**ਵਰਤੋਂ** :—ਜੀ, ਸਾਰੀ ਭਰੋਸੇ ਦੀ ਗਲ ਹੈ । 'ਰਹੇ ਤਾਂ ਆਪਣੇ ਆਪ ਤੇ, ਨਾ ਰਹੇ ਤਾਂ ਸੱਕੇ ਬਾਪ ਤੇ' ਮੇਰਾ ਭਰੋਸਾ ਟੁਟ ਚੁਕਾ ਹੈ । (ਸੰਗ੍ਰ)

## ਰਖ ਦੇਹ, ਖਾਹ ਖੇਹ, ਡੋਲ੍ਹ ਰਤ, ਖਾ ਭੱਤ ।

**ਭਾਵ** :—ਮਿਹਨਤ ਕਰੋ ਤੇ ਰਜ ਕੇ ਖਾਓ ।

**ਵਰਤੋਂ** :—ਭਾਈ ਅਸਲ ਕਾਮਯਾਬੀ ਮਿਹਨਤ ਵਿਚ ਹੀ ਹੈ । ਹੱਡ ਹਰਾਮ ਸਦਾ ਧੋਖਾ ਖਾਂਦੇ ਹਨ । ਸਿਆਣਿਆਂ ਐਵੇਂ ਨਹੀਂ ਜੇ ਆਖਿਆ ਅਖੇ 'ਰਖ ਦੇਹ, ਖਾਹ ਖੇਹ, ਡੋਲ੍ਹ ਰਤ ਖਾਹ ਭਤ । (ਸੰਗ੍ਰ)

## ਰਖ ਪਤ, ਰਖਾ ਪਤ ।

**ਭਾਵ** :—ਤੂੰ ਮੇਰਾ ਮਾਣ ਕਰ, ਮੈਂ ਤੇਰਾ ਕਰਾਂਗਾ ।

**ਵਰਤੋਂ** :—ਬੱਚਾ ! ਹਰ ਕਿਸੇ ਦਾ ਮਾਣ ਕਰਨਾ ਵੀ ਵਡਾ ਗੁਣ ਹੈ, ਅਜ ਕਲ ਤਾਂ 'ਰਖ ਪਤ, ਰਖਾ ਪਤ' ਵਾਲਾ ਸਮਾਂ ਹੈ । (ਸੰਗ੍ਰ)

## ਰਖਣ ਵਾਲੇ ਦੇ ਰਾਹ ਨਿਆਰੇ ।

**ਭਾਵ** :—ਜਿਸ ਦੀ ਵਧੀ ਹੋਵੇ ਰੱਬ ਅਨੋਖੇ ਢੰਗ ਨਾਲ ਬਚਾ ਲੈਂਦਾ ਹੈ ।

**ਵਰਤੋਂ** :—ਦੁਪਹਿਰ ਦੇ ਵੇਲੇ ਮੈਂ ਵੀ ਰਬ ਸਬਬੀ ਹਵੇਲੀ ਚਲਾ ਗਿਆ । ਐਵੇਂ ਗੱਪਾਂ ਸ਼ੱਪਾਂ ਮਾਰਨ । ਰਖਣ ਵਾਲੇ ਦੇ ਗੁਪਾਲ ਸਿੰਘਾ, ਰਾਹ ਨਿਆਰੇ ਨੇ । ਬੈਠਿਆਂ ਬੈਠਿਆਂ ਮੇਰੀ ਨਜ਼ਰ ਬਾਹਰ ਫਿਰਦੇ ਇਕ ਬੰਦੇ ਤੇ ਪਈ । ਬਸ ਝਟ ਮੈਂ ਸਿਰ ਹੋ ਗਿਆ ਮੈਂ ਆਖਿਆ ਮੇਰੇ ਦੋਸਤ ਤੇ ਇਸ ਦੀ ਅੱਖ ਹੋਣੀ ਏ ।

(ਕਾਗਤਾਂ ਦੀ ਬੇੜੀ—ਨਾਨਕ ਸਿੰਘ)

## ਰਖੇ ਰੱਬ ਤੇ ਮਾਰੇ ਕੌਣ ?

**ਭਾਵ** :—ਜਦ ਕੋਈ ਕਿਸੇ ਨੂੰ ਤਾਂ ਆਪਣੇ ਵਲੋਂ ਮੌਤ ਦੇ ਹਵਾਲੇ ਕਟ ਜਾਵੇ, ਪਰ ਉਹ ਬਚ ਪਵੇ ।

**ਵਰਤੋਂ** :—'ਰਖੇ ਰਬ ਤੇ ਮਾਰੇ ਕੌਣ ? ਜਿਸ ਮਸੂਮ ਬਚੇ ਨੂੰ ਕੋਈ ਪਾਪੀ ਜਾਣ ਬੁਝ ਕੇ ਮੌਤ ਦੀਆਂ ਦਾੜ੍ਹਾਂ ਹੇਠ ਦੇ ਗਿਆ ਸੀ, ਉਸ ਨੇ ਇਹ ਦੁਨੀਆਂ ਵੇਖਣੀ ਸੀ ।

(ਚਿਟਾ ਲਹੂ—ਨਾਨਕ ਸਿੰਘ)

## ਰਖੇ ਵੀ ਵਿੱਡ ਤੇ ਉਜਾੜੇ ਵੀ ਵਿੱਡ ।

**ਭਾਵ** :—ਫਜ਼ੂਲ ਖਰਚੀ ਉਜਾੜਦੀ ਹੈ । ਸੰਜਮ ਸੁਖ ਵਧਾਉਂਦਾ ਹੈ ।

**ਵਰਤੋਂ** :—ਭਲਿਆ ਲੋਕਾ ਆਪਣੇ ਵਿਚ ਰਹਿ । 'ਰਖੇ ਵੀ ਵਿਡ ਤੇ ਉਜਾੜੇ ਵੀ ਵਿਡ ।' ਬਹੁਤਾ ਖਰਚ ਕਰਨਾ ਚੰਗਾ ਨਹੀਂ । (ਸੰਗ੍ਰ)

## ਰਛਾਂ ਬਿਨਾਂ ਮਛ ਨਹੀਂ ਮਰਦੇ ।

**ਭਾਵ** :—ਉਚੇਚੇ ਹੀਲੇ ਬਿਨਾਂ ਤਕੜੀ ਚੀਜ਼ ਕਾਬੂ ਨਹੀਂ ਆਉਂਦੀ ।

**ਵਰਤੋਂ** :—ਥਾਣੇਦਾਰ — ਸਾਹਿਬ ਜੀ ! 'ਰਛਾਂ ਬਿਨਾਂ ਮਛ ਨਹੀਂ ਮਰਦੇ ।' ਕਰਤਾਰਾ ਕੋਈ ਮਾੜਾ ਮੋਟਾ ਡਾਕੂ ਸੀ ਜੋ ਉਹ ਫੜਿਆ ਜਾਂਦਾ । (ਸੰਗ੍ਰ)

## ਰਜ ਆਣ ਤੇ ਕੁਦ ਆਣ ।

**ਭਾਵ** :– ਭੁਖਾ ਬੰਦਾ ਖਾ ਪੀ ਕੇ ਤਕੜਾ ਬਣ ਬੈਠੇ ਤੇ ਬਦੋ ਬਦੀ ਕਿਸੇ ਦੇ ਗਲ ਪਵੇ ਜਾਂ ਆਕੜ ਦਸੇ ।

**ਵਰਤੋਂ** :—ਵੇਖਾਂ, ਓਹਦੀ ਕੀ ਮਜਾਲ ਹੈ, ਗਲ ਪੈਣ ਦੀ । 'ਰੱਜ ਆਣ ਤੇ ਕੁਦ ਆਣ' ਸਾਡਾ ਹੀ ਲਹੂ ਪੀ ਪੀ ਮੋਟਾ ਹੋਇਆ ਏ ਤੇ ਸਾਨੂੰ ਹੀ ਲਗਾ ਏ ਅੱਗੋਂ ਆਪਾ ਵਿਖਾਣ ।' (ਪਿੰਡ ਦੇ ਵੈਰੀ)

## ਰੱਜ ਜਾਂ ਤਾਂ ਮੱਝ ਪਚੇਂਦੀ ਏ ਜਾਂ ਖਤਰੀ ।

**ਭਾਵ** :—ਮੁਸਲਮਾਣੀ ਕਥਨ ਹੈ ਕਿ ਖਤਰੀ ਤੇ ਮੱਝ ਹੀ ਰਜ (ਬਹੁਤੀ ਖੁਰਾਕ ਜਾਂ ਧਨ) ਨੂੰ ਪਚਾ ਸਕਦੇ ਹਨ । ਬਾਕੀ ਹੋਛੇ ਹੋ ਜਾਂਦੇ ਹਨ ਤੇ ਸ਼ਰਾਰਤਾਂ ਕਰਦੇ ਹਨ ।

**ਵਰਤੋਂ** :—ਭਾਈ ਵਾਹ, ਇਸ ਖਤਰੇਟੇ ਨੇ ਰਾਜ ਵਿਚ ਅਭਮਾਨ ਕਿਤਿਆ ਹੈ । 'ਰੱਜ ਜਾਂ ਤਾਂ ਮੱਝ ਪਚੇਂਦੀਏ ਜਾਂ ਖਤਰੀ ।' ਵਾਲੀ ਗੱਲ ਸੋਲਾਂ ਆਨੇ ਸੱਚ ਹੈ । (ਸੰਗ੍ਰ)

## ਰੱਜ ਨਾ ਕੋਈ ਜੀਵਿਆ ਕੂੜੇ ਭਰਵਾਸੇ ।

**ਭਾਵ** :—ਰੱਜ ਕੇ ਕੋਈ ਵੀ ਉਮਰ ਨਹੀਂ ਭੋਗਦਾ, ਝੂਠੇ ਭਰੋਸਿਆਂ ਵਿਚ ਫਸਿਆ ਜੀਵ ਮਸਤ ਰਹਿੰਦਾ ਹੈ ।

**ਵਰਤੋਂ** :—

ਰੱਜ ਨ ਕੋਈ ਜੀਵਿਆ ਕੂੜੇ ਭਰਵਾਸੇ ।
ਪੀਰ ਮੁਰੀਦਾਂ ਪਿਰਹੜੀ ਸੱਚੀ ਰਹਿਰਾਸੇ ।
(ਵਾਰਾਂ—ਭਾਈ ਗੁਰਦਾਸ)

## ਰੱਜ ਨੂੰ ਚਜ ਆ ਜਾਂਦਾ ਹੈ ।

**ਭਾਵ** :—ਧਨ ਪਾਤਰ ਨੂੰ ਸਾਰੇ ਅਕਲ ਦੇ ਕੰਮ ਆ ਜਾਂਦੇ ਹਨ ।

**ਵਰਤੋਂ** :—ਰਜ ਨੂੰ ਚਜ ਆ ਹੀ ਜਾਂਦਾ ਹੈ । ਅੱਜ ਦੀਨਾ ਨਾਥ ਸਮਾਜ ਦਾ ਚੌਧਰੀ ਬਣਿਆ ਫਿਰਦਾ ਹੈ । ਪੈਸੇ ਦੀ ਹੀ ਮਿਹਰ ਹੈ । ਗੱਲ ਨਹੀਂ ਸੀ ਕਰਨੀ ਆਂਦੀ । (ਸੰ)

## ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ।

**ਭਾਵ** :—ਕੋਈ ਵੀ ਰੱਜ ਕੇ ਨਹੀਂ ਜੀਵਿਆ ਤੇ ਸਾਰੇ ਕੰਮ ਪੂਰੇ ਕਰ ਸਕਿਆ ।

**ਵਰਤੋਂ** :—

ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ।
ਗਿਆਨੀ ਜੀਵੈ ਸਦਾ ਸਦਾ ਏਵੈ ਗਈ ਵਿਹਾਇ ।
(ਗੁਰੂ ਗ੍ਰੰਥ—ਸ਼ਲੋਕ ਵਾਰਾਂ)

## ਰਜਿਆ ਰਾਜਪੂਤ ਤੇ ਭੁੱਖਾ ਰੰਘੜ ।

**ਭਾਵ** :—ਅਮੀਰ ਸਦਾ ਵਡੀ ਕੁਲ ਦਾ ਤੇ ਗ਼ਰੀਬ ਸਦਾ ਨੀਵੀਂ ਕੁਲ ਦਾ ਸਮਝਿਆ ਜਾਂਦਾ ਹੈ ।

**ਵਰਤੋਂ** :—ਜਾਤ ਕੁਜਾਤ ਤਾਂ ਅਜ ਕਲ ਪੈਸੇ ਨਾਲ ਪਛਾਣੀ ਜਾਂਦੀ ਹੈ । 'ਰਜਿਆ ਰਾਜਪੂਤ ਤੇ ਭੁਖਾ ਰੰਘੜ' ਅਸਲ ਨਸਲ ਨੂੰ ਕੌਣ ਵੇਖਦਾ ਹੈ ? (ਸੰਗ੍ਰ)

## ਰਜੀ ਮਹਿੰ ਤੇ ਵਿਘੇ ਦਾ ਉਜਾੜਾ ।

**ਭਾਵ** :—ਰਜਿਆ ਹੋਇਆ ਮਨੁਖ ਅਕਾਰਨ, ਖਰੂਦ ਪਾਂਦਾ ਹੈ ।

**ਵਰਤੋਂ** :—ਮਹਿੰ ਰੱਜੀ ਹੋਈ ਵੀ ਵਿਘੇ ਦਾ ਉਜਾੜਾ ਕਰ ਦਿੰਦੀ ਹੈ । 'ਰੱਜੀ ਮਹਿੰ ਤੇ ਵਿਘੇ ਦਾ ਉਜਾੜਾ ਵਾਲੀ ਗਲ ਹੋਈ' ਇਹ ਤਾਂ । ਬਿਨਾਂ ਜ਼ਰੂਰਤ ਤੋਂ ਜੇ ਉਸ ਨੇ ਇਉਂ ਕਰਨਾ ਸੀ ਤਾਂ ਜ਼ਰੂਰਤ ਵੇਲੇ ਪਤਾ ਨਹੀਂ ਕੀ ਕਰਦਾ ? (ਸੰਗ੍ਰ)

**ਰਜੀ ਮਹਿੰ ਨਾ ਖਾਂਦੀ ਖਲ, ਰਜਿਆ ਕੁੜਮ ਨਾ ਲਾਉਂਦਾ ਗਲ। ਰਜਿਆ ਖਤਰੀ ਜਾਵੇ ਟਲ, ਰਜਿਆ ਜੱਟ ਉਠਾਵੇ ਕਲ।**

(ਕਲ=ਸ਼ਰਾਰਤ)

**ਭਾਵ** :—ਰਜੀ ਮਹਿੰ, ਰਜਿਆ ਕੁੜਮ, ਰਜਿਆ ਖਤਰੀ ਤੇ ਜੱਟ ਹੰਕਾਰੀ ਬਣ ਲਾਭਦਾਇਕ ਨਹੀਂ ਰਹਿੰਦੇ।

**ਵਰਤੋਂ** :—ਧੰਨਾ ਸਿੰਘ ਪਾਸ ਮਾਇਆ ਤਾਂ ਆ ਗਈ ਹੈ, ਪਰ ਹੁਣ ਹਰ ਵੇਲੇ ਪਿੰਡ ਵਿਚ ਕੋਈ ਨਾ ਕੋਈ ਕਲਾ ਖੜੀ ਹੀ ਰਖਦਾ ਹੈ। ਸੱਚ ਹੈ 'ਰਜੀ ਮਹਿੰ ਨਾ ਖਾਂਦੀ ਖਲ' ਰਜਿਆ ਕੁੜਮ ਨਾ ਲਾਉਂਦਾ ਗਲ, ਰਜਿਆ ਖਤਰੀ ਜਾਵੇ ਟਲ, ਰਜਿਆ ਜੱਟ ਉਠਾਵੇ ਕਲ।' (ਸੰਗ੍ਰ)

**ਰਜੇ ਕੰਮ ਨਾ ਆਉਂਦੇ, ਨਾਈ, ਕੁਤੇ, ਬਾਜ।**

**ਭਾਵ** :—ਨਾਈ, ਕੁਤਾ ਤੇ ਬਾਜ ਭੁੱਖਾ ਹੀ ਕੰਮ ਸਵਾਰਦਾ ਹੈ।

**ਵਰਤੋਂ** :—ਸਰਦਾਰ ਜੀ, ਤੁਸਾਂ ਤਾਂ ਨਾਈ ਨੂੰ ਰਜਾ ਰਜਾ ਵਿਗਾੜ ਦਿੱਤਾ। ਉਸ ਵਲੋਂ ਰਤੀ ਹੱਥ ਖਿੱਚੋ। ਸਿਆਣਿਆਂ ਦਾ ਕਹਿਣਾ ਹੈ, 'ਰਜੇ ਕੰਮ ਨਾ ਆਉਂਦੇ ਨਾਈ, ਕੁਤੇ, ਬਾਜ।' (ਸੰਗ੍ਰ)

**ਰਤਨ ਮਣੀ ਗਲ ਬਾਂਦਰੈ ਕਿਹੁ ਕੰਮ ਨਾ ਜਾਣੈ।**

**ਭਾਵ** :—ਬਾਂਦਰ ਦੇ ਗਲ ਵਿਚ ਰਤਨਾਂ ਦੀ ਮਣੀ ਪਾਈਏ, ਤਾਂ ਉਸ ਨੂੰ ਇਸ ਦੀ ਕੋਈ ਕਦਰ ਨਹੀਂ। ਭਾਵ ਪਾਰਖੂ ਹੀ ਚੀਜ਼ ਦਾ ਠੀਕ ਮੁਲ ਪਾਂਦਾ ਹੈ।

**ਭਾਵ** :—

ਰਤਣ ਮਣੀ ਗਲ ਬਾਂਦਰੇ ਕਿਹੁ ਕੰਮ ਨ ਜਾਣੈ।
ਕੜਛੀ ਸਾਉ ਨ ਸੰਮਲੈ ਭੋਜਨ ਰਸ ਖਾਣੈ।
(ਵਾਰਾਂ—ਭਾਈ ਗੁਰਦਾਸ)

**ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰ।**

**ਭਾਵ** :—ਰਤਨਾਂ ਦਾ ਪਾਰਖੂ ਹੀ ਰਤਨਾਂ ਦੀ ਕੀਮਤ ਪਾ ਸਕਦਾ ਹੈ।

**ਵਰਤੋਂ** :—

ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ।
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ।
(ਗੁਰੂ ਗ੍ਰੰਥ—ਵਾਰ ਵਡਹੰਸ)

**ਰੱਬ ਗੰਜੇ ਨੂੰ ਨਹੁੰ ਨਾ ਦੇਵੇ।**

**ਭਾਵ** :—ਜਦ ਕਿਸੇ ਨੂੰ ਅਜੇਹੀ ਚੀਜ਼ ਮਿਲੇ, ਜਿਹੜੀ ਉਸ ਦੇ ਦੁਖੀ ਹੋਣ ਦਾ ਕਾਰਨ ਬਣੇ। ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਪੰਡਤ ਜੀ, ਸੱਚ ਤਾਂ ਇਹ ਹੈ 'ਰੱਬ ਗੰਜੇ ਨੂੰ ਨਹੁੰ ਨਾ ਦੇਵੇ' ਨਾ ਹੋਛੇ ਨਥੂ ਰਾਮ ਪਾਸ ਪੈਸਾ ਆਉਂਦਾ, ਨਾ ਉਹ ਵਿਗੜਦਾ। (ਸੰਗ੍ਰ)

**ਰੱਬ ਦਏ ਤੇ ਬੰਦਾ ਸਹੇ।**

**ਭਾਵ** :—ਜਦ ਕਿਸੇ ਨੂੰ ਹਦੋਂ ਵਧ ਦੁੱਖ ਪੁਜੇ, ਤਦ ਵਰਤਦੇ ਹਨ।

**ਵਰਤੋਂ** :—ਤੇਰਾ ਦਸਿਆ ਹੋਇਆ ਦਾਰੂ ਖੂਬ ਚਲ ਗਿਆ ਤੇ ਉਸ ਨੇ ਉਨ੍ਹਾਂ ਸਾਰੀਆਂ ਨੂੰ ਬਾਵੇ ਮੰਨੀ ਦੀ ਕੁਲੀ ਅਗੇ ਬੈਠੀਆਂ ਨੂੰ ਆਪਣੀ ਅੱਖੀਂ ਜਾ ਡਿੱਠਾ। ਬਸ ਫੇਰ ਕੀ ਸੀ ? ਰੱਬ ਦਏ ਤੇ ਬੰਦਾ ਸਹੇ। ਸ਼ਕੁੰਤਲਾ ਦੀ ਉਹ ਗਤ ਬਣੀ, ਉਹ ਪੋਲੇ ਪਰਸ਼ਾਦੇ ਖੜਕੇ ਕਿ ਰਹੇ ਰੱਬ ਦਾ ਨਾਂ।
(ਚਿੱਟਾ ਲਹੂ—ਨਾਨਕ ਸਿੰਘ)

**ਰੱਬ ਦੀਆਂ ਰੱਬ ਜਾਣੇ।** ਵੇਖੋ :—
ਖੁਦਾਇ ਦੀਆਂ ਖੁਦਾਏ ਜਾਣੇ।

**ਭਾਵ** :—ਜਦ ਕਿਸੇ ਗੱਲ ਦਾ ਥਹੁ ਪਤਾ ਨ ਲਗੇ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਪ੍ਰੋ: ਵਰਿਆਮ ਸਿੰਘ ਤਾਂ ਇਥੋਂ ਤਕ ਜੱਟਕੀ ਗਲ ਕਹਿੰਦੇ ਹਨ ਕਿ ਮਜ਼ਹਬ ਵੀ

ਭੁੱਖ ਦੀ ਕਾਢ ਹੈ। ਰੱਬ ਦੀਆਂ ਰੱਬ ਜਾਣੇ।

(ਦਵਿੰਦਰ ਬਤੀਸੀ—ਡ. ਮੋਹਨ ਸਿੰਘ)

**ਰੱਬ ਨੇ ਦਿਤੀਆਂ ਗਾਜਰਾਂ ਵਿਚੇ ਰੰਬਾ ਰਖ।**

**ਭਾਵ** :—ਜਦ ਕਿਸੇ ਚੀਜ਼ ਦੀ ਹਦੋਂ ਵਧ ਵਰਤੋਂ ਕੀਤੀ ਜਾਏ ਤੇ ਪਿਛੋਂ ਦੁਖ ਮਿਲੇ।

**ਵਰਤੋਂ** :—ਦੁਖ ਪਾਣ ਵਿੱਚ ਤਾਂ ਤੇਰਾ ਆਪਣਾ ਕਸੂਰ ਏ। ਤੂੰ ਸੰਕੋਚ ਨਾਲ ਧੰਨ ਵਰਤਦੀ। ਤੈਨੂੰ ਪਤਾ ਹੋਣਾ ਚਾਹੀਦਾ ਸੀ ਕਿ 'ਰੱਬ ਨੇ ਦਿਤੀਆਂ ਗਾਜਰਾਂ ਵਿਚੇ ਰੰਬਾ ਰੱਖ' ਦਾ ਲੇਖਾ ਠੀਕ ਨਹੀਂ।

(ਸੰਗ੍ਰ)

**ਰੱਬ ਨੇੜੇ ਕਿ ਘਸੁੰਨ।**

**ਭਾਵ** :—ਜਦ ਕੋਈ ਡਰ ਜਾਂ ਲਾਲਚ ਦਾ ਮਾਰਿਆ ਸਚਾਈ ਦਾ ਰਾਹ ਛਡ ਦੇਵੇ।

**ਵਰਤੋਂ** :—ਸ਼ਤਾਨ ਪਾਲਾ ਸਿੰਘ ਦੀ ਗਲ ਦਾ ਸਾਊ ਬਚਨ ਸਿੰਘ ਨੇ ਕੋਈ ਉੱਤਰ ਨਾ ਦਿੱਤਾ ਤੇ ਦੇਂਦਾ ਵੀ ਕੀ? ਜਿੱਥੇ 'ਰਬ ਨੇੜੇ ਕਿ ਘਸੁੰਨ' ਵਾਲੀ ਥਾਂ ਹੋਵੇ।

(ਚਿੱਟਾ ਲਹੂ—ਨਾਨਕ ਸਿੰਘ)

**ਰੱਬ ਪਰਾਏ ਹੱਥੀਂ ਰੀਦਗੀ ਭੀ ਨਾ ਸੁਟਾਏ।**

**ਭਾਵ** :—ਰੱਬ ਕਿਸੇ ਦੇ ਅਧੀਨ ਨਾ ਕਰੇ।

**ਵਰਤੋਂ** :—ਵੇ ਲੋਕੋ! ਮੈਂ ਰਜ ਕੇ ਦੁਖੀ ਜੇ। ਇਹ ਗ਼ੁਲਾਮੀ ਨਹੀਂ ਕਟੀ ਜਾਂਦੀ। ਮੈਂ ਤਾਂ ਹਰ ਵੇਲੇ ਇਹੀ ਖ਼ੈਰ ਮੰਗਦੀ ਹਾਂ 'ਰੱਬ ਪਰਾਏ ਹੱਥੀਂ ਰੀਦਗੀ ਭੀ ਨਾ ਸੁਟਾਏ।'

(ਸੰਗ੍ਰ)

**ਰੱਬ ਮਿਲਾਈ (ਬਣਾਈ) ਜੋੜੀ ਇਕ ਅੰਨ੍ਹੀ ਤੇ ਇਕ ਕੋਹੜੀ।**

**ਭਾਵ** :—ਜਦ ਇਸਤ੍ਰੀ ਪੁਰਸ਼ (ਜਾਂ ਦੋ ਮਿਤ੍ਰ, ਭਾਈਵਾਲੀ ਆਦਿ) ਦੋਵੇਂ ਹੀ ਗੁਣਹੀਨ ਹੋਣ।

**ਵਰਤੋਂ** —ਧਨ੍ਹੂੰ ਨੂੰ ਤੂੰ ਜਾਣਦਾ ਹੀ ਹੈਂ ਜਿਹੋ ਜਿਹਾ ਅਕਲ ਦਾ ਕੋਟ ਏ? ਰੰਨ ਵੀ ਉਸ ਨੂੰ ਆਪਣੇ ਵਰਗੀ ਹੀ ਮਿਲੀ ਏ। 'ਰੱਬ ਬਣਾਈ ਜੋੜੀ, ਇਕ ਅੰਨਾ ਤੇ ਇਕ ਕੋਹੜੀ' ਵਾਲਾ ਹਿਸਾਬ ਹੋਇਆ ਏ।

(ਸੰਗ੍ਰ)

**ਰਬੜ ਦਾ ਫੀਤਾ, ਜਿਸ ਖਿਚਿਆ ਲੰਬਾ ਕੀਤਾ।**

**ਭਾਵ** :—ਲਾਈ ਲਗ ਹੋਣਾ।

**ਵਰਤੋਂ** :—ਹਰ ਕੋਈ ਜਿਵੇਂ ਚਾਹੁੰਦਾ ਹੈ ਤੈਨੂੰ ਬਕਾ ਲੈਂਦਾ ਹੈ ਇਹ ਕੀ ਹੋਇਆ ਕਿ ਬੰਦਾ ਬਣੇ 'ਰਬੜ ਦਾ ਫੀਤਾ ਜਿਸ ਖਿਚਿਆ ਲੰਮਾ ਕੀਤਾ।'

(ਸੰਗ੍ਰ)

**ਰਾਈ ਦਾ ਪਹਾੜ ਬਨਾਣਾ।**

**ਭਾਵ** :—ਮਾਮੂਲੀ ਜਿਹੀ ਗਲ ਨੂੰ ਬਹੁਤਾ ਵਧਾ ਕੇ ਦਸਣਾ।

**ਵਰਤੋਂ** :—ਸਾਹਿਬ—ਐਵੇਂ ਬੁਢੀਆਂ ਦੀਆਂ ਅਵਾਈਆਂ। ਨਾ ਕੋਈ ਗਲ ਹੋਵੇ ਨਾ ਬਾਤ, ਰਾਈ ਦਾ ਪਹਾੜ ਬਣਾ ਦੇਂਦੀਆਂ ਨੇ।

(ਵਰ ਘਰ—ਆਈ. ਸੀ. ਨੰਦਾ)

**ਰਾਸਿ ਬਿਗਾਨੀ ਰਾਖਤੇ, ਖਾਯਾ ਘਰ ਕਾ ਖੇਤ।**

**ਭਾਵ** :—ਬਿਗਾਨੇ ਦੀ ਰਾਖੀ ਤੇ ਆਪਣਾ ਉਜਾੜਾ ਕਰਵਾਣਾ।

**ਵਰਤੋਂ** :—

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿਹੈ ਰੇਤ।
ਰਾਸਿ ਬਿਗਾਨੀ ਰਾਖਤੇ ਖਾਯਾ ਘਰ ਕਾ ਖੇਤ।

(ਗੁਰੂ ਗ੍ਰੰਥ—ਸ਼ਲੋਕ ਕਬੀਰ)

**ਰਾਹ ਹੂ ਉਜੜ ਜੋ ਪਵੈ ਮੁੱਸ ਦੇ ਫਾਹ।**

**ਭਾਵ** :—ਸਿੱਧੇ ਰਸਤਿਉਂ ਜਿਹੜਾ ਉਜਾੜ ਨੂੰ ਜਾਵੇਗਾ। ਉਸ ਨੂੰ ਚੋਰ ਫਾਹੇ

ਦੇ ਕੇ ਲੁਟ ਲੈਣਗੇ ।

**ਵਰਤੋਂ** :—

ਰਾਹ ਨੂੰ ਉਜੜ ਜੋ ਪਵੈ ਮੁੱਸੈ ਦੇ ਫਾਹ ।
ਤਿਉਂ ਜਗ ਅੰਦਰ ਬੇਮੁਖਾਂ ਨਿਤ ਉਤੇ ਸਾਹਾ ।
(ਵਾਰਾਂ – ਭਾਈ ਗੁਰਦਾਸ)

### ਰਾਹ ਜਾਂਦੀਏ ਬਲਾਏ ਗਲ ਲਗ ।

**ਭਾਵ** :—ਜਦ ਕੋਈ ਮੁਫਤ ਦੀ ਮੁਸੀਬਤ ਸਹੇੜ ਲਵੇ ਤਦ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਕਈ ਵਾਰੀ ਉਹ ਬੈਠਾ ਬੈਠਾ ਆਪਣੇ ਆਪ ਉਤੇ ਝੁੰਜਲਾ ਉਠਦਾ 'ਮੈਂ ਇਹ ਕੀ ਮੁਸੀਬਤ ਸਹੇੜ ਲਈ ਹੈ— ਮੁਫਤ ਦੀ — ਰਾਹ ਜਾਂਦੀਏ ਬਲਾਏ ਗਲ ਲਗਾ ਪਰ ਹੁਣ ਕੀ ਬਣੇਗਾ ? (ਪਵਿਤਰ ਪਾਪੀ—ਨਾਨਕ ਸਿੰਘ)

### ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ ।

**ਭਾਵ** :—ਕਿਸੇ ਮਨੁੱਖ ਦੀ ਅਸਲੀ ਪਰਖ ਉਸ ਨਾਲ ਵਰਤੋਂ ਹੋਣ ਨਾਲ ਹੀ ਪਤਾ ਲਗਦੀ ਹੈ ।

**ਵਰਤੋਂ** :—ਤਾਰਾ—ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ ! ਬਚੂ, ਪਤਾ ਓਦੋਂ ਲਗੂ ਜਦੋਂ ਮੌਤ ਦੇ ਮੂੰਹ ਪਏਂਗਾ ।
(ਰਾਜਾ ਪੋਰਸ—ਹਰਚਰਨ ਸਿੰਘ)

### ਰਾਹ ਰਹਿਣ ਤੇ ਗਾਹ ਗਹਿਣ । ਜਾਂ ਰਾਹ ਰਹਿਣ ਦੇ ਤੇ ਗਾਹ ਗਹਿਣ ਦੇ ।

**ਭਾਵ** :—ਕਿਸੇ ਦੀ ਗਲ ਵਿਚ ਬਿਨਾਂ ਲੋੜ ਦਖ਼ਲ ਦੇਣਾ ਜਾਂ ਗਾਹ ਸਦਾ ਜੇਠ ਹਾੜ ਦੀਆਂ ਧੁਪਾਂ ਵਿਚ ਹੀ ਪੈਂਦੇ ਹਨ, ਜਦ ਰਾਹ ਧੁਪਾਂ ਕਰਕੇ ਰੁਕੇ ਰਹਿਣ ।

**ਵਰਤੋਂ** :—ਸੁੰਦਰੀ — ਭੈਣ ! ਤੂੰ ਇਸ ਸਿਆਪੇ ਵਿਚ ਕੀ ਖਟਣਾ ਹੈ ? 'ਰਾਹ ਰਹਿਣ ਦੇ ਤੇ ਗਾਹ ਗਹਿਣ ਦੇ' ਸੁਖ ਇਸੇ ਵਿਚ ਹੈ । (ਸੰਗ੍ਰ)

### ਰਾਹ ਵਿਚ ਹੱਗੇ, ਨਾਲੇ ਆਨੇ ਟੱਡੇ ।

**ਭਾਵ** :—ਇਕ ਤਾਂ ਕਸੂਰ ਕਰੇ ਤੇ ਦੂਜਾ ਅਗੋਂ ਰੋਹਬ ਪਾਵੇ (ਚਲਾਕੀ ਕਰੇ) ।

**ਵਰਤੋਂ** :—ਨਾਜ਼ਰ—ਮੂਰਖਾ ! ਤੂੰ ਇਹ ਕੀ ਕੀਤਾ ? ਨਾਲੇ 'ਰਾਹ ਵਿਚ ਹੱਗੇਂ, ਨਾਲੇ ਆਨੇ ਟੱਡੇਂ' ਝਾੜ ਤਾਂ ਪੈਣੀ ਹੀ ਸੀ । (ਸੰਗ੍ਰ)

### ਰਾਹਕ ਕਮਾਏ ਤੇ ਸਾਂਈਂ ਖਾਏ ।

**ਭਾਵ** :—ਮਿਹਨਤ ਤਾਂ ਕੋਈ ਕਰੇ ਪਰ ਖਾਏ ਕੋਈ ।

**ਵਰਤੋਂ** : —ਬਾਬਾ—ਕਿਸਾਨਾਂ ਦਾ ਜ਼ਿਮੀਂਦਾਰਾਂ ਨਾਲ ਝਗੜਾ ਹੀ ਇਹ ਹੈ ਕਿ 'ਰਾਹਕ ਕਮਾਏ ਤੇ ਸਾਂਈਂ ਖਾਏ' ਹੋਰ ਤਾਂ ਕੋਈ ਗਲ ਨਹੀਂ । (ਸੰਗ੍ਰ)

### ਰਾਕੀ ਨੂੰ ਸੈਨਤ, ਗੱਧੇ ਨੂੰ ਸੋਟਾ ।

**ਭਾਵ** :—ਸਿਆਣੇ ਮਨੁਖ ਨੂੰ ਤਾਂ ਇਸ਼ਾਰਾ ਹੀ ਕਾਫ਼ੀ ਹੈ, ਪਰ ਮੂਰਖ ਨੂੰ ਮਾਰ ਹੀ ਸੰਵਾਰਦੀ ਹੈਂ ।

**ਵਰਤੋਂ** :—ਸ਼ਾਹ ਜੀ ! ਤੁਸਾਡਾ ਪਿਆਰੇ ਲਾਲ ਕਾਬੂ ਨਹੀਂ ਆਵੇਗਾ । ਅਜਿਹੇ ਅੜਬਾਂ ਲਈ ਡੰਡਾ ਹੀ ਦਾਰੂ ਹੈ । ਤੁਸੀਂ ਨਹੀਂ ਸੁਣਿਆ 'ਰਾਕੀ ਨੂੰ ਸੈਨਤ, ਗੱਧੇ ਨੂੰ ਸੋਟਾ' ਵਾਲਾ ਅਖਾਣ ? (ਸੰਗ੍ਰ)

### ਰਾਖਾ ਜਵਾਂ ਦੇ ਢੇਰ ਦਾ ਗੱਧਾ ।

**ਭਾਵ** :—ਅਜਿਹੀ ਗੱਲ ਕਰੇ ਜਿਸ ਨਾਲ ਪ੍ਰਤੱਖ ਖਰਾਬੀ ਜਾਂ ਬਰਬਾਦੀ ਜਾਪੇ । ਕਿਸੇ ਗ਼ੈਰ ਜ਼ਿਮੇਂਵਾਰ ਤੇ ਲਾਲਚੀ ਨੂੰ ਜ਼ਿਮੇਂਵਾਰੀ ਦੀ ਥਾਂ ਸੌਂਪਣੀ ।

**ਵਰਤੋਂ** :—ਇਥੇ ਤਾਂ ਇਹੋ ਹਾਲ ਹੋਣਾ ਹੈ ਹੁਣ । 'ਰਾਖਾ ਜਵਾਂ ਦੇ ਢੇਰ ਦਾ ਗੱਧਾ' ਵਾਲਾ ਹਿਸਾਬ ਚਲੇਗਾ । ਰੱਬ ਹੀ ਬਚਾਏ ਤਾਂ ਬਚਾਏ । (ਸੰ)

### ਰਾਖੀ ਕਰ ਬਹਾਲੀਏ ਪੇੜ ਲਏ ਚੁਰਾ ।

**ਭਾਵ** :—ਜਦ ਕਿਸੇ ਨੂੰ ਜ਼ਿਮੇਵਾਰੀ ਦਿੱਤੀ ਜਾਵੇ ਤਾਂ ਉਹ ਉਸ ਦਾ ਅਯੋਗ

ਲਾਭ ਉਠਾਵੇ ।

**ਵਰਤੋਂ** :—ਮੁਲਕ ਤਰੱਕੀ ਕਰ ਸਕਦਾ ਹੈ ਜੇ ਸਾਡਾ ਅਖ਼ਲਾਕ ਉੱਚਾ ਹੋ ਜਾਇ। ਹੁਕਮਰਾਨ ਅਪਣੇ ਆਪ ਨੂੰ ਪਰਜਾ ਦੇ ਸੇਵਕ ਸਮਝਣ। ਪਰ ਜੇ 'ਰਾਖੀ ਕਰ ਬਹਾਲੀਏ ਪੇੜੇ ਲਏ ਚੁਰਾ' ਵਾਲੇ ਲੋਕਾਂ ਹਥ ਹਕੂਮਤ ਆ ਜਾਵੇ ਤਦ ਤਾਂ ਰੱਬ ਹੀ ਰਾਖਾ ਹੈ ਉਸ ਮੁਲਕ ਦਾ। (ਸੈ)

## ਰਾਗ ਮੁਕ ਗਿਆ ਕਿ ਤਾਨ ਟੁਟ ਗਈ ।

**ਭਾਵ** :—ਚੀਜ਼ ਦੀ ਪ੍ਰਾਪਤੀ ਲਈ ਅਜੇ ਹਰ ਤਰ੍ਹਾਂ ਦਾ ਸਮਾਂ ਹੈ।

**ਵਰਤੋਂ** :—ਜਗਦੀਸ਼ ਨਹੀਂ ਯਾਰ, ਉਹਦਾ ਪਿਉ ਨਾਲ ਹੋਣਾ ਏ। ਫੇਰ ਸਹੀ ਕਿਤੇ। 'ਰਾਗ ਮੁਕ ਗਿਆ ਕਿ ਤਾਨ ਟੁਟ ਗਈ।' ਇਥੋਂ ਈ ਕਿਸੇ ਕਾਲਜ ਵਿਚ ਪੜ੍ਹਦੀ ਏ ਕਿ।

(ਵਰ ਦੀ ਲੋੜ—ਹਰਚਰਨ ਸਿੰਘ)

## ਰਾਜ ਪਿਆਰੇ ਰਾਜਿਆਂ ਵੀਰ ਦੁਪਿਆਰੇ ।

**ਭਾਵ** :—ਰਾਜੇ ਆਪਣੇ ਰਾਜ ਦੀ ਖ਼ਾਤਰ ਵੀਰਾਂ ਨੂੰ ਪਿਆਰ ਕਰਨਾ ਛਡ ਦੇਂਦੇ ਨੇ। ਧਨ ਦਾ ਲਾਲਚ ਭਰਾਵਾਂ ਵਿੱਚ ਤ੍ਰੇੜ ਪਾ ਦੇਂਦਾ ਹੈ।

**ਵਰਤੋਂ** :—ਵਾਰ ਪਾਤਸ਼ਾਹੀ। ਇਕ ਭਰਾ ਕਾਤਲ ਇਕ ਮਕਤੂਲ। ਇਕ ਭਰਾ ਤਖ਼ਤੇ ਤੇ ਬੈਠੇ ਦੇ ਸਾਹਮਣੇ ਦੂਜੇ ਭਰਾ ਦਾ ਸਿਰ ਤਾਸ਼ ਵਿਚ ਪਿਆ ਹੈ। 'ਰਾਜ ਪਿਆਰੇ ਰਾਜਿਆਂ ਵੀਰ ਦੁਪਿਆਰੇ' ਜੀ ਹਾਂ। ਔਰੰਗਜ਼ੇਬ ਨੇ ਫ਼ਤਹ ਪਾਈ। ਸਾਰੇ ਭਰਾ ਜ਼ੇਰ ਕਰ ਲਏ ਪਾਤਸ਼ਾਹ ਹੋ ਗਿਆ।

(ਕਲਗੀਧਰ ਚਮਤਕਾਰ—ਵੀਰ ਸਿੰਘ)

## ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਨਿ ਬੈਠੇ ਸੁਤੇ ।

**ਭਾਵ** :—ਹਾਕਮ ਅਜੇਹੇ ਜ਼ਾਲਮ ਹਨ, ਕਿ ਕਿਸੇ ਨੂੰ ਚੈਨ ਨਹੀਂ ਲੈਣ ਦੇਂਦੇ।

**ਵਰਤੋਂ** :—

'ਰਾਜੇ ਸੀਹ ਮੁਕਦਮ ਕੁਤੇ।
ਜਾਇ ਜਗਾਇਨਿ ਬੈਠੇ ਸੁਤੇ।
ਚਾਕਰ ਨਹਦਾ ਪਾਇਨਿ ਘਾਉ।
ਰਤੁ ਪਿਤੁ ਕੁਤਿਹੋ ਚਟਿ ਜਾਹੁ।'

(ਗੁਰੂ ਗ੍ਰੰਥ—ਵਾਰ ਮਲਾਰ)

## ਰਾਜੇ ਕਿਹਦੇ ਪਰਾਹੁਣੇ, ਜੋਗੀ ਕਿਸ ਦੇ ਮੀਤ ।

**ਭਾਵ** :—ਜੋਗੀ ਕਿਸੇ ਦਾ ਮਿਤਰ ਨਹੀਂ ਹੁੰਦਾ ਤੇ ਰਾਜਿਆਂ ਦੀ ਝਾਲ ਝਲਣੀ ਸੌਖੀ ਨਹੀਂ।

**ਵਰਤੋਂ** :—ਚੌਧਰੀ ਜੀ, ਰਾਜਾ ਸਾਡੇ ਇਲਾਕੇ ਵਿੱਚ ਆ ਰਿਹਾ ਹੈ, ਦਸੋ ਉਸ ਦੀ ਰੋਟੀ ਲਈ ਕੋਈ ਉੱਦਮ ਕਰੀਏ। ਚੌਧਰੀ ਨੇ ਉੱਤਰ ਵਿਚ ਕਿਹਾ, 'ਰਾਜੇ ਕਿਹਦੇ ਪਰਾਹੁਣੇ, ਜੋਗੀ ਕਿਸ ਦੇ ਮੀਤ' ਸਾਥੋਂ ਕਿੱਥੇ ਉਹਦੀ ਝਾਲ ਝਲੀ ਜਾਣੀ ਹੈ ?' (ਸੰਗ੍ਰ)

## ਰਾਜੇ ਚੁਲੀ ਨਿਆਵ ਕੀ, ਪੜਿਆ ਸਚ ਧਿਆਨ ।

**ਭਾਵ** :—ਰਾਜਾ ਓਹੀ ਚੰਗਾ ਹੈ, ਜਿਹੜਾ ਇਨਸਾਫ਼ ਕਰਦਾ ਹੈ।

**ਵਰਤੋਂ** :—

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ।
ਰਾਜੇ ਚੁਲੀ ਨਿਆਵ ਕੀ ਪੜਿਆ ਸਚ ਧਿਆਨ।

(ਗੁਰੂ ਗ੍ਰੰਥ—ਵਾਰ ਸਾਰੰਗ)

## ਰਾਜੇ ਦਾ ਸਿਰੋਪਾ ਤੇ ਧੋਬੀ ਦਾ ਵਿਛਾਉਣਾ ।

**ਭਾਵ** :—ਬੇਸਮਝ ਪੁਰਸ਼ ਜਦ ਚੰਗੀ ਚੀਜ਼ ਮਿਲਣ ਤੇ ਉਸ ਦੀ ਭੈੜੀ ਵਰਤੋਂ ਕਰੇ।

**ਵਰਤੋਂ** :—ਹਰਨਾਮੇ ਨੂੰ ਉਸ ਦੀ ਸੇਵਾ

ਬਦਲੇ ਸਰਦਾਰ ਨੇ ਇਕ ਬੜੀ ਚੰਗੀ ਪਹਾੜੀ ਲੋਈ ਦਿੱਤੀ, ਪਰ ਮੂਰਖ ਨੇ ਉਸ ਦੇ ਵਿਚ ਪਠੇ ਬੰਨ੍ਹਣੇ ਸ਼ੁਰੂ ਕਰ ਦਿਤੇ। ਇਸ ਨੇ ਤਾ ਅਖੇ 'ਰਾਜੇ ਦਾ ਸਿਰੋਪਾ ਤੇ ਧੋਬੀ ਦਾ ਵਿਛੌਣਾ' ਵਾਲਾ ਲੇਖਾ ਕਰ ਵਿਖਾਇਆ। (ਸੰਗ੍ਰ)

## ਰਾਜੇ ਦੇ ਘਰ ਮੋਤੀਆਂ ਦਾ ਕਾਲ ਏ ?

**ਭਾਵ** :—ਧਨਪਾਤਰ ਨੂੰ ਕਿਸੇ ਗਲ ਦੀ ਕੀ ਪਰਵਾਹ ਹੈ ?

**ਵਰਤੋਂ** :—ਬੀਬੀ ਜੀ, ਤੁਸੀਂ ਮੈਨੂੰ ਤਰਸਾਇਆ ਨਾ ਕਰੋ। ਰਾਜੇ ਦੇ ਘਰ ਮੋਤੀਆਂ ਦਾ ਕਾਲ ਏ ? ਤੁਸਾਡੇ ਪਾਸ ਕਿਹੜੀ ਚੀਜ਼ ਨਹੀਂ ? (ਸੰਗ੍ਰ)

## ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਬਣ ਜਾਂਦੀ।

**ਭਾਵ** :—ਆਪਣਾ ਕੰਮ ਆਪਣੀ ਹੱਥੀਂ ਕਰਨ ਵਿੱਚ ਕੋਈ ਹੇਠੀ ਨਹੀਂ।

**ਵਰਤੋਂ** :—ਬੇਟਾ, ਤੁਸੀਂ ਘਬਰਾ ਕਿਉਂ ਗਏ ? ਆਪਣੀ ਹੱਥੀਂ ਆਪਣਾ ਕੰਮ ਕਰਨ ਦਾ ਕੋਈ ਹਰਜ ਨਹੀਂ। 'ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਬਣ ਜਾਂਦੀ।' (ਸੰਗ੍ਰ)

## ਰਾਣੀ ਨੂੰ ਰਾਓ ਪਿਆਰਾ, ਕਾਉਣੀ ਨੂੰ ਕਾਓਂ ਪਿਆਰਾ।

**ਭਾਵ** :—ਆਪਣਾ ਸਾਕ ਹਰ ਇਕ ਨੂੰ ਚੰਗਾ ਲਗਦਾ ਹੈ।

**ਵਰਤੋਂ** :—ਹਰ ਇਕ ਨੂੰ ਹੀ ਆਪਣੇ ਵਰਗੇ ਸਾਥੀ ਚੰਗੇ ਲਗਦੇ ਹਨ। 'ਰਾਣੀ ਨੂੰ ਰਾਓ ਪਿਆਰਾ ਕਾਉਣੀ ਨੂੰ ਕਾਉਂ ਪਿਆਰਾ।' (ਸੰਗ੍ਰ)

## ਰਾਮ ਦਾ ਗੁੱਸਾ ਰਹੀਮ ਤੇ।

**ਭਾਵ** :—ਕਸੂਰ ਕੋਈ ਕਰੇ ਤੇ ਗੁੱਸਾ ਕਿਸੇ ਹੋਰ ਤੇ ਕਢਿਆ ਜਾਵੇ।

**ਵਰਤੋਂ** :—ਮੈਂ ਜ਼ਰਾ ਜ਼ਬਰ ਕੀਤਾ ਆਪਣੇ ਗੁਸੇ ਉਤੇ। ਮੈਂ ਕਹਿਆ ਰਾਮ ਦਾ ਗੁੱਸਾ ਰਹੀਮ ਤੇ ਕਾਹਨੂੰ ਕਢਣੈ।

(ਦੇਵਿੰਦਰ ਬਤੀਸੀ—ਡਾ. ਮੋਹਨ ਸਿੰਘ)

## ਰਾਮ ਪਿਆਰੀ ਆਵੇ, ਆਪੇ ਕਢੇ ਆਪੇ ਖਾਵੇ।

**ਭਾਵ** :—ਕਿਸੇ ਨੂੰ ਪੂਰਾ ਅਖ਼ਤਿਆਰ ਦੇਣਾ।

**ਵਰਤੋਂ** :—ਉਸ ਨੂੰ ਉਹ ਦਿਨ ਭੁਲ ਚੁਕੇ ਹਨ, ਜਦੋਂ ਨੂੰਹ ਦੀ ਅਣਹੋਂਦ ਵੇਲੇ ਆਂਹਦੀ ਹੁੰਦੀ ਸੀ 'ਰਾਮਪਿਆਰੀ ਆਵੇ, ਆਪੇ ਕਢੇ ਆਪੇ ਖਾਵੇ' ਹੁਣ ਉਸ ਦਾ ਤੌਰ ਹੋਰ ਹੈ।

(ਜੀਉਂਦੀ ਦੁਨੀਆ—ਕਰਤਾਰ ਸਿੰਘ ਸ਼ਮਸ਼ੇਰ)

## ਰਾਮ ਭਰਿਆਂ ਨੂੰ ਭਰਦਾ ਹੈ।

**ਭਾਵ** :—ਰੱਬ ਵੀ ਮਾਇਆ ਧਾਰੀਆਂ ਨੂੰ ਹੀ ਮਾਇਆ ਦੇਂਦਾ ਹੈ।

**ਵਰਤੋਂ** :—ਆਹੋ, ਭਾਈ ਜੀ, 'ਰਾਮ ਵੀ ਤਾਂ ਭਰਿਆਂ ਨੂੰ ਭਰਦਾ ਹੈ'। ਡਾਹਾਂ ਪਾਸ ਅੱਗੇ ਕੀ ਥੋੜ੍ਹ ਸੀ। ਜੋ ਹੋਰ ਦੇ ਦਿਤਾ ? (ਸੰਗ੍ਰ)

## ਰਾਮ ਰਾਮ ਜਪਣਾ, ਪਰਾਇਆ ਮਾਲ ਅਪਣਾ।

**ਭਾਵ** :—ਜਦ ਕੋਈ ਪਾਖੰਡੀ ਧਰਮ ਦਾ ਭੇਖ ਧਾਰ ਕੇ ਲੋਕਾਂ ਨੂੰ ਲੁਟੇ।

**ਵਰਤੋਂ** :—ਹਰੀ ਰਾਮ ਸਮਾਧੀ ਤਾਂ ਖੂਬ ਲਾਉਂਦਾ ਸੀ, ਪਰ ਸੇਠ ਹੋਰਾਂ ਨੂੰ ਚੰਗਾ ਹੱਥ ਲਾ ਗਿਆ ਹੈ। ਉਸ ਦਾ ਤਾਂ ਇਹ ਹਾਲ ਸੀ ਕਿ 'ਰਾਮ ਰਾਮ ਜਪਣਾ ਪਰਾਇਆ ਮਾਲ ਅਪਣਾ। (ਸੰਗ੍ਰ)

## ਰਾਮ ਰਾਮ ਦੁਆਨੀਆਂ, ਗਲ ਮਿਲੇ ਚੁਆਨੀਆਂ, ਬੂਹੇ ਉਤੇ ਡੇਰਾ ਤਾਂ ਅਧੋ

ਅਧ ਨਿਬੇੜਾ।

**ਭਾਵ** :—ਜਿੰਨਾਂ ਵਧੀਕ ਨੇੜੇ ਹੋਵੇ, ਉਹਨਾਂ ਹੀ ਉਸ ਨੂੰ ਵਧੀਕ ਲੁਟਣਾ।

**ਵਰਤੋਂ** :—ਬਿਗਾਨੇ ਦਾ ਤਾਂ ਫਿਰ ਲਿਹਾਜ਼ ਕਰਦਾ ਹੈ, ਉਸ ਦਾ ਇਹ ਹਾਲ ਹੈ ਅਖੇ 'ਰਾਮ ਰਾਮ ਦੁਆਨੀਆਂ ਗਲ ਮਿਲੇ ਚੁਆਨੀਆਂ, ਬੂਹੇ ਉਤੇ ਡੇਰਾ ਤੇ ਅਧੋ ਅਧ ਨਬੇੜਾ।' (ਸੰਗ੍ਰ)

## ਰਾਮਕੀ ਘੋਂ ਕੋ ਪੀਹ, ਘੋਂ ਕੇ ਪੀਹ। ਨਾਲ ਪਿਹਾਉਣ ਵਾਲੀ ਨੂੰ ਵੀ ਪੀਹ।

**ਭਾਵ** :—ਕਿਸੇ ਦਾ ਕੰਮ ਕਰਨਾ ਪਰ ਉਸ ਨੂੰ ਮਾਰ ਮੁਕਾ ਕੇ ਦੁਖੀ ਕਰਕੇ।

**ਵਰਤੋਂ** :—ਪੇਕੇ ਘਰ ਜਲ੍ਹਣ ਦੀ ਇਸਤ੍ਰੀ ਪ੍ਰਭਾਤੇ ਉਠ ਕੇ ਚੱਕੀ ਝੋਂਦੀ ਸੀ। ਇਕ ਦਿਨ ਜਲ੍ਹਣ ਹੁਰੀਂ ਜਾ ਪੁਜੇ। ਆਪਣੀ ਇਸਤ੍ਰੀ ਨੂੰ ਹੱਥ ਦੇ ਪਾਸਿਉਂ ਹਟਿਆ ਵੇਖ, ਇਨ੍ਹਾਂ ਨੂੰ ਗੁੱਸਾ ਆ ਗਿਆ। ਚੱਕੀ ਝੋਈ ਵੇਖ ਕੇ ਬੋਲੇ :—'ਰਾਮ ਕੀ ਘੋਂ ਕੇ ਪੀਹ, ਘੋਂ ਕੇ ਪੀਹ, ਨਾਲ ਪਿਹਾਉਣ ਵਾਲਿਆਂ ਨੂੰ ਵੀ ਪੀਹ'। ਇਹ ਬਚਨ ਸੁਣ ਕੇ ਉਹਨਾਂ ਦੀ ਇਸਤ੍ਰੀ ਉਠ ਖੜੋਤੀ ਅਰ ਗਲ ਵਿਚ ਪਲਾ ਪਾ ਕੇ ਪੈਰਾਂ ਤੇ ਢਹ ਪਈ। ਅਰਜ਼ ਕੀਤੀ ਬਖਸ਼ ਲਓ। ਰਖ ਲਓ।

(ਹੰਸ ਚੋਗ—ਬਾਬਾ ਬੁਧ ਸਿੰਘ)

## ਰਾਵਲ ਕੀ ਜਾਣੇ ਚਾਵਲਾਂ ਦਾ ਭਾ।

**ਭਾਵ** :— ਅਨਜਾਣ ਨੂੰ ਚੰਗੀ ਚੀਜ਼ ਦੀ ਪਛਾਣ ਨਹੀਂ ਹੁੰਦੀ।

**ਵਰਤੋਂ** :—ਮੁਲਕ ਵਿੱਚ ਅਸੰਤੁਸ਼ਟਤਾ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਜਿਨ੍ਹਾਂ ਹਥ ਹਕੂਮਤ ਆ ਜਾਂਦੀ ਹੈ ਉਨ੍ਹਾਂ ਨੂੰ ਰਾਜ ਕਰਨ ਦਾ ਤੇ ਰਾਜ ਕ਼ਾਗ ਚਲਾਣ ਦਾ 'ੳ, ਅ' ਵੀ ਨਹੀਂ ਆਉਂਦਾ। ਗਲ ਵੀ ਠੀਕ ਹੈ 'ਰਾਵਲ ਕੀ ਜਾਣੇ ਚਾਵਲਾਂ ਦਾ ਭਾ'। (ਸੰ)

## ਰਿਹਾਂ ਖਿਹਾਂ ਦਾ ਪਤਨ ਮੇਲਾ।

**ਭਾਵ** :—ਮੱਠੀ ਟੋਰ ਵਾਲੇ ਵੀ ਜਦ ਤੇਜ਼ ਤੁਰਨ ਵਾਲਿਆਂ ਨਾਲ ਮਿਲ ਜਾਣ।

**ਵਰਤੋਂ** :—ਕੰਵਰ — ਅਸੀਂ ਘਰੋਂ ਰਤਾ ਚਿਰਾਕੇ ਤੁਰੇ ਸਾਂ, ਕਈਆਂ ਨੂੰ ਰਾਹ ਵਿਚ ਛੱਡ ਅਗੇ ਵਧੀ ਗਏ, ਪਰ ਮੀਂਹ ਨੇ ਸਭ ਇਕੱਠੇ ਕਰ ਦਿਤੇ ਇਉਂ 'ਰਿਹਾਂ ਖਿਹਾਂ ਦਾ ਪਤਨ ਮੇਲਾ' ਵਾਲਾ ਲੇਖਾ ਹੋ ਗਿਆ।' (ਸੰਗ੍ਰ)

## ਰਿਛ ਦਾ ਘੋਲ ਕਲੰਦਰ ਜਾਣੇ।

**ਭਾਵ** :—ਹਰ ਕੌਮ ਦੇ ਭੇਦ ਨੂੰ ਉਸ ਦਾ ਮਾਹਿਰ ਹੀ ਪਛਾਣਦਾ ਹੈ।

**ਵਰਤੋਂ** :—ਤੁਹਾਨੂੰ ਕੀ ਪਤਾ? 'ਰਿਛ ਦਾ ਘੋਲ ਕਲੰਦਰ ਜਾਣੇ' ਐਨੇ ਗੈਰੇ ਨੂੰ ਅਸੀਂ ਹੀ ਸਿਧਾ ਕਰ ਸਕਦੇ ਹਾਂ। (ਸੰਗ੍ਰ)

## ਰਿਛ, ਬਾਲ, ਕਲੰਦਰ, ਨਾ ਹੁੰਦੇ ਅੰਦਰ।

**ਭਾਵ** :—ਰਿੱਛ, ਬੱਚੇ ਤੇ ਕਲੰਦਰ ਟਿੱਕ ਕੇ ਨਹੀਂ ਬਹਿੰਦੇ; ਭਾਵ, ਔਖੇ ਹੀ ਕਾਬੂ ਆਉਂਦੇ ਹਨ।

**ਵਰਤੋਂ** :— ਹੈਡਮਾਸਟਰ ਸਾਹਿਬ, ਤੁਸੀਂ ਕਹਿੰਦੇ ਹੋ ਬਾਲਾ ਨੂੰ ਮਾਰੋ ਨਾ, ਪਰ ਇਹ ਕਰੜਾਈ ਬਿਨਾਂ ਕਾਬੂ ਨਹੀਂ ਆਉਂਦੇ। ਸਿਆਣਿਆਂ ਨੇ ਐਵੇਂ ਤਾਂ ਨਹੀਂ ਕਿਹਾ, 'ਰਿਛ, ਬਾਲ, ਕਲੰਦਰ ਨਾ ਹੁੰਦੇ ਅੰਦਰ'। (ਸੰਗ੍ਰ)

## ਰਿਜਕ ਵਿਹੂਣੇ ਆਦਮੀ ਤੇ ਗਏ ਮੁਹੱਬਤਾ ਤੋੜ।

**ਭਾਵ** :—ਜਦ ਕਿਸੇ ਨੂੰ ਰੋਜ਼ੀ ਦੀ ਖ਼ਾਤਰ ਬਾਲ ਬੱਚਾ ਛੋੜ ਪਰਦੇਸ ਨੂੰ ਜ਼ਾਣਾ ਪਵੇ।

**ਵਰਤੋਂ** :—ਕੀ ਕਰੀਏ ਬੱਚੀ, ਰਿਜਕ ਦੇ ਧੱਕੇ ਹੋਏ ਦੇਸ ਪਰਦੇਸ ਟਕਰਾਂ ਮਾਰਨੀਆਂ ਪੈਂਦੀਆਂ ਨੇ। ਅਖੇ ਰਿਜਕ ਵਿਹੂਣੇ ਆਦਮੀ ਤੇ ਗਏ ਮੁਹੱਬਤਾਂ ਤੋੜ। (ਪਿਆਰ ਦੀ ਦੁਨੀਆਂ—ਨਾਨਕ ਸਿੰਘ)

**— ਰਿਜ਼ਕ ਚੌਂਹ ਪਟਾਂ ਦੀ ਚਾਦਰ ਹੈ।**

**ਭਾਵ** :—ਅਮੀਰ ਦੀ ਹਰ ਗਲ ਢਕੀ ਜਾਂਦੀ ਹੈ, ਪਰ ਗ਼ਰੀਬ ਦੀ ਨਹੀਂ।

**ਵਰਤੋਂ** :—ਭੋਲੂ, ਕਮਾਂਦਾ ਹੈ ਤੇ ਹਰ ਗਲ ਮਨਾਂਦਾ ਹੈ। 'ਰਿਜ਼ਕ ਚੌਹਾਂ ਪਟਾਂ ਦੀ ਚਾਦਰ ਹੈ' ਸਿਆਣਿਆਂ ਨੇ ਸੱਚ ਹੀ ਆਖਿਆ ਹੈ। (ਸੰਗ੍ਰ)

**ਰਈਅਤ ਰਾਈਂ ਤੇ ਮਾਲ ਗਾਈਂ।**

**ਭਾਵ** :—ਗਊ ਸਾਊ ਜਨੌਰ ਹੈ ਤੇ ਰਾਈਂ ਸਾਊ ਪਰਜਾ।

**ਵਰਤੋਂ** :—ਅਰਾਈਂ ਨਿਰੇ ਮਿਹਨਤੀ ਕਾਮੇ ਹੀ ਨਹੀਂ, ਸਾਊ ਵੀ ਬੜੇ ਹਨ। ਮਾਲਕ ਦੇ ਸਾਹਮਣੇ ਚੂੰ ਨਹੀਂ ਕਰਦੇ। ਸੱਚ ਹੈ, 'ਰਈਅਤ ਰਾਈਂ ਤੇ ਮਾਲ ਗਾਈਂ'। (ਸੰਗ੍ਰ)

**ਰੀਸਾਂ ਕਰਹਿ ਤਿਨਾੜੀਆਂ ਜੋ ਸੇਵਹਿ ਦਰੁ ਖੜੀਆਹ।**

**ਭਾਵ** :—ਆਪ ਕੁਚੱਜਾ ਹੋਣਾ।

**ਵਰਤੋਂ** :—

ਰੀਸਾਂ ਕਰਹਿ ਤਿਨਾੜੀਆਂ ਜੋ ਸੇਵਹਿ ਦਰੁ ਖੜੀਆਹ।
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ।
(ਗੁਰੂ ਗ੍ਰੰਥ—ਵਾਰ ਸ੍ਰੀ ਰਾਗ)

**ਰੀਸੀਂ ਪੁੱਤ ਨਾ ਜੰਮਦੇ ਹੋਰ ਸਭੇ ਗੱਲਾਂ।**

**ਭਾਵ** :—ਭੈੜੀ ਰੀਸ ਕਰਨੀ ਅਯੋਗ ਹੈ।

**ਵਰਤੋਂ** :—ਇਕ ਮੁੰਡੇ ਦਾ ਝੱਗਾ ਸੁਆਓ, ਤਾਂ ਦੂਜਾ ਕੋਟ ਲੈਣ ਲਈ ਜ਼ਿੱਦ ਕਰਦਾ ਹੈ। ਮੈਂ ਕਿਥੋਂ ਲਿਆਵਾਂ? 'ਰੀਸੀਂ ਪੁਤ ਨਾ ਜੰਮਦੇ ਹੋਰ ਸਭੇ ਗਲਾਂ।' (ਸੰਗ੍ਰ)

**ਰੀਤੇ ਭਰੇ ਭਰੇ ਸਖਨਾਵੈ ਯਹ ਤਾਕੋ ਬਿਵਹਾਰੋ।**

**ਭਾਵ** :—ਰੱਬ ਸਖਣਿਆਂ ਨੂੰ ਭਰ ਦੇਂਦਾ ਹੈ ਤੇ ਭਰਿਆਂ ਨੂੰ ਖਾਲੀ ਕਰ ਦੇਂਦਾ ਹੈ। ਇਹ ਉਸ ਦਾ ਸੁਭਾ ਹੈ।

**ਵਰਤੋਂ** :—

'ਛਿਨ ਮਹਿ ਰਾਉ ਰੰਕ ਕਉ ਕਰਈ
ਰਾਉ ਰੰਕ ਕਰਿ ਡਾਰੇ।
ਰੀਤੇ ਭਰੇ ਭਰੇ ਸਖਨਾਵੈ
ਯਹ ਤਾਕੋ ਬਿਵਹਾਰੋ।'
(ਗੁਰੂ ਗ੍ਰੰਥ—ਰਾਗ ਬਿਹਾਗੜਾ)

**ਰੁਖ ਫੱਲ ਤੋਂ ਪਛਾਣਿਆ ਜਾਂਦਾ ਹੈ।**

**ਭਾਵ** :—ਮਨੁੱਖ ਦਾ ਪਤਾ ਉਸ ਦੇ ਚੰਗੇ ਜਾਂ ਮੰਦੇ ਕੰਮਾਂ ਤੋਂ ਲਗਦਾ ਹੈ।

**ਵਰਤੋਂ** :—ਜਮਨਾ ਦੇ ਮੁੰਡੇ ਕੁੜੀਆਂ ਤਾਂ ਚੰਗੇ ਹਨ, ਪਤਾ ਨਹੀਂ ਆਪ ਕਿਹੋ ਜਿਹੀ ਹੈ? ਪਹੇਲੀ—ਰੁਖ ਫਲ ਤੋਂ ਪਛਾਣਿਆਂ ਜਾਂਦਾ ਹੈ। ਆਪ ਵੀ ਚੰਗੀ ਹੀ ਹੋਣੀ ਏ।' (ਸੰਗ੍ਰ)

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ, ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ।**

**ਭਾਵ** :—ਸਾਦਗੀ ਵਿਚ ਸ਼ੁਕਰ ਦਾ ਜੀਵਨ ਗੁਜ਼ਾਰ; ਅਮੀਰਾਂ ਨੂੰ ਵੇਖ ਕੇ ਜੀਅ ਵਿੱਚ ਲਾਲਚ ਨਾ ਕਰ।

**ਵਰਤੋਂ** :—

'ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ
ਜੀਉ।' (ਗੁਰੂ ਗ੍ਰੰਥ—ਸ਼ਲੋਕ ਫਰੀਦ)

**ਰੁਝਾ ਰਹੇ, ਭਾਵੇਂ ਭੁੱਖਾ ਰਹੇ।**

**ਭਾਵ** :—ਕੰਮ ਕਾਜ ਵਿੱਚ ਲਗੇ ਰਹੋ, ਭਾਵੇਂ ਖੱਟੀ ਘਟ ਹੀ ਹੋਵੇ।

**ਵਰਤੋਂ** :—ਚਾਚੇ ਨੂੰ ਵਿਹਲਾ ਨਹੀਂ ਰਹਿਣ ਦੇਣਾ, ਵਿਹਲ ਮਾੜੀ ਹੁੰਦੀ ਹੈ। ਬੰਦਾ 'ਰੁਝਾ ਰਹੇ, ਭਾਵੇਂ ਭੁੱਖਾ ਰਹੇ।' (ਸੰਗ੍ਰ)

**ਰੁੱਠਾ ਮੰਨੇ ਤੇ ਪਾਸੇ ਭੰਨੇ।**

**ਭਾਵ** :—ਜਦ ਕਿਸੇ ਰੁਠੇ ਨੂੰ ਮਨਾ

ਲਈਏ ਤੇ ਉਹ ਉਲਟਾ ਔਖਾ ਕਰੇ ।

**ਵਰਤੋਂ** :—ਭੈਣ—ਵੀਰਨਾ। ਤੈਨੂੰ ਬੜੀਆਂ ਮਿੰਨਤਾਂ ਕਰਕੇ ਮਨਾ ਲਿਆ ਸੀ, ਪਰ ਤੁਸੀਂ ਅੰਮੀ ਨੂੰ ਦੁਖੀ ਕਰਦੇ ਹੋ। ਇਹ ਤਾਂ ਉਹੀ ਲੇਖਾ ਹੋਇਆ ਕਿ 'ਰੁਠਾ ਮੰਨੇ ਤੇ ਪਾਸੇ ਭੰਨੇ'। ਇਹ ਤੁਸਾਨੂੰ ਸੋਭਦਾ ਨਹੀਂ। (ਸੰਗ੍ਰ)

**ਰੁਪਏ ਦੀ ਵਡਿਆਈ, ਆ ਬਹੁ ਭਾਈ ।**

**ਭਾਵ** :—ਧਨ-ਪਾਤਰ ਦਾ ਹਰ ਕੋਈ ਆਦਰ ਕਰਦਾ ਹੈ ।

**ਵਰਤੋਂ** :—ਕਲ੍ਹ ਵਡੀ ਸਰਹਾਲੀ ਗਏ, ਸ਼ਾਹ ਦਾ ਮੁੰਡਾ ਵੀ ਨਾਲ ਸੀ। ਪਿੰਡ ਵਾਲਿਆਂ ਨੇ ਸ਼ਾਹ ਦੇ ਮੁੰਡੇ ਦੀ ਬੜੀ ਖਾਤਰ ਕੀਤੀ। ਸਾਨੂੰ ਕਿਸੇ ਪੁਛਿਆ ਵੀ ਨਾਹ। ਠੀਕ ਹੈ 'ਰੁਪਏ ਦੀ ਵਡਿਆਈ, ਆ ਬਹੁ ਭਾਈ।' (ਸੰਗ੍ਰ)

**ਰੁੜ੍ਹਦੀ ਬੇੜੀ ਦੀਆਂ ਹਰੀੜਾਂ ਹੀ ਸਹੀ ।**

**ਭਾਵ** :—ਜਦ ਸਾਰੀ ਚੀਜ਼ ਹਥੋਂ ਜਾਂਦੀ ਦਿਸੇ, ਤਦ ਉਸ ਦਾ ਜੋ ਹਿੱਸਾ ਵੀ ਹੱਥ ਆ ਜਾਵੇ, ਓਹੀ ਲਾਹੇ ਦਾ ਸਮਝੋ ।

**ਵਰਤੋਂ** :—ਪਰ ਇਹ ਵੇਖ ਕੇ ਕਿ ਇਸ ਵੇਲੇ ਗਹਿਣਾ ਸਾਰਾ ਪ੍ਰੇਮ ਦੀ ਜੇਬ ਵਿੱਚ ਹੈ, ਉਸ ਦਾ ਸੇਰ ਪੱਕਾ ਲਹੂ ਵਧ ਗਿਆ। ਉਹ ਸੋਚਣ ਲਗਾ, ਚਲੋ ਰੁੜ੍ਹਦੀ ਬੇੜੀ ਦੀਆਂ ਹਰੀੜਾਂ ਹੀ ਸਹੀ। ਮਕਾਨ ਤਾਂ ਗਿਆ ਸੋ ਗਿਆ, ਪਰ ਗਹਿਣਾ ਤਾਂ ਹੁਣ ਕਿਤੇ ਨਹੀਂ ਜਾ ਸਕਦਾ।
(ਕਾਗਤਾਂ ਦੀ ਬੇੜੀ—ਨਾਨਕ ਸਿੰਘ)

**ਰੂਹ ਨਾ ਰੂਹਾ ਜਿਹਾ; ਬਾਹਰਲੀਆਂ ਬਰੂਹਾ ਜਿਹਾ ।**

**ਭਾਵ** :—ਕਿਸੇ ਬਦਸ਼ਕਲੇ ਨੂੰ ਵੇਖ ਕੇ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਨਿਹਾਲ ਕੌਰ - ਸ਼ਾਹਣੀ ! ਧਨ ਹੀ ਨਿਰਾ ਡਿੱਠਾ ਸੀ ਕਿ ਸ਼ਕਲ ਵੀ ! ਮੁੰਡਾ ਤਾਂ 'ਰੂਹ ਨਾ ਰੂਹਾ ਜਿਹਾ, ਬਾਹਰਲੀਆਂ ਬਰੂਹਾਂ ਜਿਹਾ' ਹੈ। (ਸੰਗ੍ਰ)

**ਰੂਪੈ ਕਾਮੇ ਦੋਸਤੀ ਜੱਗ ਅੰਦਰ ਜਾਣੀ ।**

**ਭਾਵ** :—ਕਾਮੀ ਦੀ ਰੂਪ ਨਾਲ ਪ੍ਰੀਤ ਹੈ; ਇਹ ਗੱਲ ਸਾਰਾ ਜਗ ਜਾਣਦਾ ਹੈ ।

**ਵਰਤੋਂ** :—

ਰੂਪੈ ਕਾਮੇ ਦੋਸਤੀ ਜਗ ਅੰਦਰ ਜਾਣੀ।
ਭੁਖੇ ਸਾਦੈ ਗੰਢ ਹੈ ਏਹ ਵਿਰਤੀ ਹਾਣੀ।
(ਵਾਰਾਂ—ਭਾਈ ਗੁਰਦਾਸ)

**ਰੂੜੀ ਦਾ ਕੂੜਾ ਰੂੜੀ ਤੇ ਹੀ ਸੁਟਣਾ ਹੋਇਆ ।**

**ਭਾਵ** :—ਜਿਸ ਥਾਂ ਯੋਗ ਕੋਈ ਚੀਜ਼ ਹੋਵੇ ਉਥੇ ਹੀ ਉਹ ਰਖਣੀ ਪੈਂਦੀ ਹੈ ।

**ਵਰਤੋਂ** :—ਪਰ ਕੀ ਕਰਾਂ ਜਦ ਜਵਾਨ ਧੀ ਬੂਹੇ ਤੇ ਹੋਵੇ, ਇਸ ਦਾ ਵੀ ਕੋਈ ਫ਼ਿਕਰ ਕਰਨਾ ਹੋਇਆ। ਅਕਸਰ ਰੂੜੀ ਦਾ ਕੂੜਾ ਰੂੜੀ ਤੇ ਹੀ ਸੁਟਣਾ ਹੋਇਆ ਨਾ।
(ਚਿੱਟਾ ਲਹੂ—ਨਾਨਕ ਸਿੰਘ)

**ਰੂੜੀ ਦੂਜਾ ਰੱਬ ਜੇ ।**

**ਭਾਵ** :—ਜ਼ਮੀਨ ਵਿਚ ਰੂੜੀ ਜਾਂ ਖਾਦ ਪੈ ਜਾਣ ਨਾਲ ਫਸਲ ਬਹੁਤ ਹੀ ਚੰਗੀ ਹੁੰਦੀ ਹੈ ।

**ਵਰਤੋਂ** :—ਮਿਤ੍ਰੋ, ਰੂੜੀ ਵੀ ਦੂਜਾ ਰੱਬ ਜੇ। ਜੇ ਵਾਹੀ ਚੰਗੀ ਕਰ ਕੇ ਰੂੜੀ ਵੀ ਖੇਤਾਂ ਵਿਚ ਪਾ ਦਿਓ, ਫਿਰ ਵੇਖੋ ਫਸਲਾਂ ਦੀ ਲਹਿਰ ਬਹਿਰ ਤੇ ਅੰਨ ਦੀ ਭਰਮਾਰ। (ਸੰਗ੍ਰ)

**ਰੇਖ ਵਿੱਚ ਮੇਖ ਮਾਰਨੀ ।**

**ਭਾਵ** :—ਕਿਸਮਤ ਬਦਲ ਦੇਣੀ ।

**ਵਰਤੋਂ** :—ਬਾਬੇ ਦੀ ਫਕੀਰੀ ਦੀ ਰੇਖ ਵਿਚ, ਗ੍ਰਹਸਤ ਦੀ ਮੇਖ ਵੱਜ ਗਈ।
(ਸ੍ਰੀ ਚਰਣਹਰਿ ਵਿਸਥਾਰ—ਡ. ਬਲਵੀਰ ਸਿੰਘ)

**ਰੇਤੇ ਵਾਹਾ ਤੇ ਬੈਲ ਸਲਾਹਾ ।**

**ਭਾਵ** :—ਜਿਸ ਕੰਮ ਦਾ ਕੋਈ ਲਾਭ ਨਾ ਹੋਵੇ, ਉਸ ਦੇ ਕਰਨ ਵਾਲੇ ਦੀ ਸੋਭਾ ਕੀ ਕਰਨੀ ਹੋਈ ?

**ਵਰਤੋਂ** :—ਵਿਚਾਰਾ ਦਿਨ ਰਾਤ ਰੁਝਾ ਰਹਿੰਦਾ ਹੈ, ਪਰ ਕੰਮ ਕੀ ਹੈ ? ਮਿੱਟੀ ਤੇ ਛਾਈ। ਮੈਂ ਉਸ ਦੀ ਸ਼ਲਾਘਾ ਕਿਵੇਂ ਕਰਾਂ ? 'ਰੇਤੇ ਵਾਹਾਂ ਤੇ ਬੈਲ ਸਲਾਹਾਂ' ਵਾਲਾ ਕੰਮ ਮੇਰੇ ਪਾਸੋਂ ਨਹੀਂ ਹੁਦਾ । (ਸੰਗ੍ਰ)

**ਰੋ ਰੋ ਮੋਈ ਸਹੁਰੇ ਭੀ ਨਾ ਗਈ ।**

**ਭਾਵ** :—ਬੜੀ ਮਿਹਨਤ ਕਰਨ ਤੇ ਵੀ ਜਦ ਕੋਈ ਕਿਸੇ ਕੰਮ ਨੂੰ ਸਿਰੇ ਨਾ ਚਾੜ੍ਹ ਸਕੇ ।

**ਵਰਤੋਂ** :—ਭੈਣ ਜੀ, ਮੈਂ ਬੜੀ ਮਿਹਨਤ ਕੀਤੀ, ਨਾ ਦਿਨ ਡਿੱਠਾ ਨਾ ਰਾਤ, ਪਰ ਕੰਮ ਸਿਰੇ ਨਾ ਹੀ ਚੜ੍ਹਿਆ, ਅਖੇ 'ਰੋ ਰੋ ਮੋਈ ਸਹੁਰੇ ਭੀ ਨਾ ਗਈ' ਵਾਲਾ ਮੇਰਾ ਹਾਲ ਜੇ । (ਸੰਗ੍ਰ)

**ਰੋਇਆਂ ਬਿਨਾਂ ਮਾਂ ਵੀ ਦੁੱਧ ਨਹੀਂ ਦੇਂਦੀ ।**

**ਭਾਵ** :—ਚੰਗੇ ਤੋਂ ਚੰਗਾ ਤੇ ਭੈੜੇ ਤੋਂ ਨੇੜੇ ਪੁਰਸ਼ ਵੀ ਆਖੇ ਬਿਨਾਂ ਕੰਮ ਨਹੀਂ ਕਰਦਾ । ਭਾਵ. ਹਰ ਕੰਮ ਲਈ ਕੋਸ਼ਸ਼ ਕਰਨੀ ਪੈਂਦੀ ਹੈ ।

**ਵਰਤੋਂ** :—ਸਾਥੀਓ, ਡਟੇ ਰਹੋ । 'ਰੋਇ ਬਿਨਾਂ ਮਾਂ ਵੀ ਦੁੱਧ ਨਹੀਂ ਦੇਂਦੀ ।' ਡਟਣ ਨਾਲ ਕੰਮ ਰਾਸ ਹੋ ਜਾਣਾ ਹੈ । (ਸੰਗ੍ਰ)

**ਰੋਸੇ ਭਾਗ ਝਿਕੀ ਦੇ ਖੁਲ੍ਹੇ ।**

**ਭਾਵ** :—ਜਦ ਕੋਈ ਗੁੱਸੇ ਵਿਚ ਆ ਕੇ ਕਿਸੇ ਮਾੜੀ ਚੀਜ਼ ਦੀ ਵਰਤੋਂ ਕਰ ਲਵੇ ।

**ਵਰਤੋਂ** :—ਨਿਤ ਘਰ ਆਂਦਿਆਂ ਉਹ ਗੁਸੇ ਨਾਲ ਪੀਤਾ ਭਰਿਆ ਰਹਿੰਦਾ ਸੀ ਤੇ ਮੈਨੂੰ ਰੱਜ ਕੇ ਕੁੱਟਦਾ ਸੀ । ਅਜ ਉਹ ਰੁਸ ਕੇ ਘਰੋਂ ਹੀ ਚਲਾ ਗਿਆ । 'ਰੋਸੇ ਭਾਗ ਝਿਕੀ ਦੇ ਖੁਲ੍ਹੇ' ਕੁਝ ਘੜੀਆਂ ਤਾਂ ਅਜ ਮੈਂ ਵੀ ਸੁੱਖ ਦੀਆਂ ਕਟਾਂਗੀ । (ਸੰਗ੍ਰ)

**ਰੋਗ ਦਾ ਘਰ ਖਾਂਸੀ, ਲੜਾਈ ਦਾ ਘਰ ਹਾਸੀ । ਜਾਂ ਰੋਗ ਦਾ ਮੂਲ ਖਾਂਸੀ, ਲੜਾਈ ਦਾ ਮੂਲ ਹਾਸੀ ।**

**ਭਾਵ** :—ਕਿਸੇ ਨਾਲ ਠੱਠਾ ਮਜ਼ਾਕ ਕਰਨ ਤੋਂ ਝਗੜੇ ਪੈਦਾ ਹੁੰਦੇ ਹਨ. ਜਿਵੇਂ ਖੰਘ ਤੋਂ ਰੋਗ ।

**ਵਰਤੋਂ** :—ਰੋਗ ਦਾ ਮੂਲ ਖਾਂਸੀ ਤੇ ਲੜਾਈ ਦਾ ਮੂਲ ਹਾਸੀ' ਦੀ ਅਖਾਉਤ ਸੱਚੀ ਹੈ ਤੇ ਦਰੋਪਤੀ ਦੀ ਮਸ਼ਕਰੀ ਨੇ ਹੀ ਮਹਾਂ-ਭਾਰਤ ਦਾ ਮਹਾਨ ਜੁਧ ਰਚਾ ਦਿੱਤਾ ਸੀ । (ਲੋਕ ਸਾਹਿਤ—ਮੋਹਨ ਸਿੰਘ)

**ਰੋਗਣ ਗਈ ਤੇ ਸੋਗਣ ਆਈ ।**

**ਭਾਵ** :—ਜਦ ਕੋਈ ਇਕ ਬਿਪਤਾ ਵਿਚੋਂ ਨਿਕਲ ਦੂਜੀ ਵਿੱਚ ਫਸ ਜਾਵੇ ।

**ਵਰਤੋਂ** :—ਕਲ੍ਹ ਹੀ ਹਸਪਤਾਲੋਂ ਘਰ ਪੁਜਾ ਹਾਂ । ਅੱਜ ਸ਼ਾਹ ਗਾਏ ਆ ਚੜ੍ਹਿਆ ਹੈ । ਮੇਰਾ ਤੇ 'ਰੋਗਣ ਗਈ ਤੇ ਸੋਗਣ ਆਈ' ਵਾਲਾ ਹਾਲ ਹੈ । (ਸੰਗ੍ਰ)

**ਰੋਗੀ ਕੈ ਭਾਣੇ ਸਭ ਰੋਗੀ ।**

**ਭਾਵ** :—ਦੁਖੀਏ ਨੂੰ ਸਾਰੇ ਹੀ ਦੁਖੀ ਜਾਪਦੇ ਹਨ ।

**ਵਰਤੋਂ** :—ਤੂੰ ਆਪ ਦੁਖੀ ਹੈਂ । ਇਸ ਲਈ ਤੈਨੂੰ ਸਾਰੀ ਦੁਨੀਆਂ ਹੀ ਦੁਖੀ ਦਿਸਦੀ ਹੈ 'ਰੋਗੀ ਕੈ ਭਾਣੇ ਸਭ ਰੋਗੀ ।' (ਸੰਗ੍ਰ)

**ਰੋਗੀ ਦਾ ਖਾਧਾ ਤੇ ਕਰਜ਼ਾਈ ਦਾ ਕਮਾਇਆ ਬਰਾਬਰ ।**

**ਭਾਵ** :—ਰੋਗੀ ਨੂੰ ਜਿਵੇਂ ਖੁਰਾਕ ਨਹੀਂ ਲਗਦੀ, ਤਿਵੇਂ ਕਰਜ਼ਾਈ ਦੀ ਕਮਾਈ ਸ਼ਾਹ ਚੱਟ ਜਾਂਦਾ ਹੈ ।

**ਵਰਤੋਂ** :—ਲਖੂ—ਵਿਚਾਰਾ ਕੰਮ ਤਾਂ ਬੜਾ ਕਰਦਾ ਹੈ, ਪਰ ਮਾਪਿਆਂ ਦਾ ਕਰਜ਼ਾ ਵਿਚਾਰੇ ਨੂੰ

ਸਿਰ ਚੁਕਣ ਹੀ ਨਹੀਂ ਦੇਂਦਾ। ਜੋ ਕਮਾਂਦਾ ਹੈ ਸ਼ਾਹਾਂ ਦੇ ਘਰ ਹੀ ਪੁਚਾ ਆਂਦਾ ਹੈ। ਉਹ ਕਿਵੇਂ ਮੇਲੇ ? 'ਰੋਗੀ ਦਾ ਖਾਧਾ ਤੇ ਕਰਜ਼ਾਈ ਦਾ ਕਮਾਇਆ ਬਰਾਬਰ' ਹੀ ਹੁੰਦਾ ਹੈ। (ਸੰਗ੍ਰ)

**ਰੋਗੁ ਗਵਾਇਹਿ ਆਪਣਾ ਤੇ ਨਾਨਕ ਵੈਦੁ ਸਦਾਇ।**

**ਭਾਵ** :—ਜਿਹੜਾ ਆਪਣੇ ਰੋਗ (ਵਿਸ਼ੇ ਆਦਿ) ਨੂੰ ਦੂਰ ਕਰੇ, ਓਹੀ ਵੈਦ ਅਖਵਾਂਦਾ ਹੈ।

**ਵਰਤੋਂ** :—

'ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖ ਵਸੈ ਆਇ।
ਰੋਗ ਗਵਾਇਹਿ ਆਪਣਾ ਤੇ ਨਾਨਕ ਵੈਦੁ ਸਦਾਇ।
(ਗੁਰੂ ਗ੍ਰੰਥ—ਵਾਰ ਮਲ੍ਹਾਰ)

**ਰੋਗੁ ਦਾਰੂ ਦੋਵੈ ਬੁਝੈ ਤਾਂ ਵੈਦ ਸੁਜਾਣੁ।**

**ਭਾਵ** :—ਸਿਆਣਾ ਵੈਦ ਓਹੀ ਹੈ, ਜਿਹੜਾ ਰੋਗ ਤੇ ਦਾਰੂ ਦੋਵੇਂ ਬੁਝ ਲਵੇ।

**ਵਰਤੋਂ** :—

ਨਾਨਕ ਪਰਖੇ ਕਉ ਤਾ ਪਾਰਖ ਜਾਣ।
ਰੋਗੁ ਦਾਰੂ ਦੋਵੈ ਬੁਝੈ ਤਾਂ ਵੈਦ ਸੁਜਾਣ।
(ਗੁਰੂ ਗ੍ਰੰਥ—ਵਾਰ ਮਾਰੂ)

**ਰੋਗੁ ਬੁਝੈ ਸੋ ਕਾਟੈ ਪੀਰਾ।**

**ਭਾਵ** :—ਜਿਹੜਾ ਰੋਗ ਨੂੰ ਜਾਣਦਾ ਹੈ ਓਹੀ ਉਸ ਦੀ ਪੀੜ ਹਟਾਂਦਾ ਹੈ।

**ਵਰਤੋਂ** :—

ਰੋਗੁ ਵਡੋ ਕਿਉ ਬਾਧਉ ਧੀਰਾ।
ਰੋਗੁ ਬੁਝੈ ਸੋ ਕਾਟੈ ਪੀਰਾ।
(ਗੁਰੂ ਗ੍ਰੰਥ—ਰਾਗ ਬਸੰਤ)

**ਰੋਟੀ ਖਾਈਏ ਸ਼ੱਕਰ ਨਾਲ, ਦੁਨੀਆਂ ਲੁਟੀਏ ਮੱਕਰ ਨਾਲ।**

**ਭਾਵ** :—ਦੁਨੀਆ ਤਦੇ ਜੀਣ ਦੇਂਦੀ ਹੈ; ਜੇ ਉਸ ਨਾਲ ਦੰਭ ਕੀਤਾ ਜਾਏ।

**ਵਰਤੋਂ** :—ਮਿਤ੍ਰਾ 'ਰੋਟੀ ਖਾਈਏ ਸ਼ੱਕਰ ਨਾਲ, ਦੁਨੀਆਂ ਲੁਟੀਏ ਮੱਕਰ ਨਾਲ' ਸੱਚ ਦਾ ਸਮਾਂ ਹੁਣ ਕਿਥੇ ? (ਸੰਗ੍ਰ)

**ਰੋਟੀ ਚੋਪੜੀ ਤੇ ਵਣਜ ਰੁਖਾ।**

**ਭਾਵ** ;—ਦੇਣ ਵਿਚ ਦਾਤਾ, ਹਿਸਾਬ ਵਿਚ ਪੱਕਾ।

**ਵਰਤੋਂ** :—ਜੇ ਤੁਸੀਂ ਅਜੇ ਤਾਂਈਂ ਆਪਣੇ ਮਾਮੇ ਨਾਲ ਹਿਸਾਬ ਨਹੀਂ ਕਟਿਆ ਤਾਂ ਵਧੀਕ ਦੇਰੀ ਨਹੀਂ ਕਰਨੀ। ਵੇਖੋ ਨਾ, 'ਰੋਟੀ ਚੋਪੜੀ ਤੇ ਵਣਜ ਰੁਖਾ' ਹੀ ਠੀਕ ਹੁੰਦਾ ਏ। (ਸੰਗ੍ਰ)

**ਰੋਟੀ ਨੂੰ ਪਲੂਦਾ ਤੇ ਟੁਕਰ ਨੂੰ ਦੁਆ।**

**ਭਾਵ** :—ਚੰਗੇ ਦੀ ਨਿੰਦਿਆ ਤੇ ਮੰਦੇ ਦੀ ਸੋਭਾ ਕਰਨੀ।

**ਵਰਤੋਂ** :—ਇਹ ਤਾਂ ਜੋ ਜੀਅ ਆਉਂਦਾ ਹੈ, ਮੂੰਹ ਵਿਚੋਂ ਕਢ ਦੇਂਦਾ ਹੈ। 'ਰੋਟੀ ਨੂੰ ਪਲੂਦਾ ਤੇ ਟੁਕਰ ਨੂੰ ਦੁਆ' ਵਾਲਾ ਇਸ ਦਾ ਹਾਲ ਹੈ, ਚੰਗੇ ਮੰਦੇ ਦੀ ਇਸ ਨੂੰ ਪਛਾਣ ਨਹੀਂ। (ਸੰਗ੍ਰ)

**ਰੋਟੀ ਲੇਖੇ, ਦਾਲ ਭੁਲੇਖੇ।**

**ਭਾਵ** :—ਜਦ ਕੋਈ ਅਜਿਹੇ ਢੰਗ ਨਾਲ ਕਿਸੇ ਦਾ ਖਰਚ ਵਧੀਕ ਕਰਵਾ ਦੇਵੇ ਜਿਸ ਦਾ ਪਤਾ ਨਾ ਲਗ ਸਕੇ ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਸ਼ਕੁੰਤਲਾ — ਭਰਜਾਈ ਜੀ ! ਛਡੋ ਪਰੇ ਰਾਮ ਨਾਥ ਆਪਣਾ ਮਤਲਬ ਕਢਣ ਲਈ ਬੜਾ ਸਿਆਣਾ ਜੇ, ਉਸ ਦੀ ਤਾਂ 'ਰੋਟੀ ਲੇਖੇ ਦਾਲ ਭੁਲੇਖੇ ਵਾਲੀ ਗਲ ਜੇ। (ਸੰਗ੍ਰ)

**ਰੋਟੀਆਂ ਕਾਰਣਿ ਪੂਰੇ ਤਾਲ।**

**ਭਾਵ** :—ਦੁਨੀਆਂ ਸਾਰੇ ਤਮਾਸ਼ੇ ਪੇਟ ਪੂਜਾ ਲਈ ਕਰਦੀ ਹੈ।

**ਵਰਤੋਂ** :—ਸਿਆਣਿਆ ਆਖਿਆ ਹੈ ਕਿ ਅਸਲੀ ਵਿਦਿਆ ਇਮਤਿਹਾਨ ਪਾਸ ਕਰ ਲੈਣ ਜਾਂ

ਪੁਸਤਕਾਂ ਘੋਖ ਲੈਣ ਵਿਚ ਨਹੀਂ। ਅਸਲੀ ਵਿਦਿਆ ਬੰਦਿਆਂ ਦੇ ਅੰਦਰ, ਵਿਦਿਆ ਦੀ ਭੁਖ ਉਪਜਾਉਣ ਵਿੱਚ ਹੈ, ਸਕੂਲਾਂ, ਕਾਲਜਾਂ ਦੇ 'ਰੋਟੀਆਂ ਕਾਰਨ ਤਾਲ ਪੂਰਨ' ਵਾਲੇ ਉਸਤਾਦਾਂ ਦੇ ਹਥੋਂ ਕਈ ਵਾਰ ਸਗੋਂ ਵਿਦਿਆ ਦੀ ਭੁਖ ਮਰ ਜਾਂਦੀ ਹੈ।

(ਮੇਰਾ ਵਲੈਤੀ ਸਫਰਨਾਮਾ—ਲਾਲ ਸਿੰਘ)

**ਰੋਡੇ ਸਿਰ ਨਾ ਜੂੰ ਨਾ ਲੀਖ।**

**ਭਾਵ** :—ਜਿਸ ਦੇ ਹਥ ਪਲੇ ਕੁਝ ਨਾ ਹੋਵੇ। ਉਸ ਨੂੰ ਡਰ ਕਾਹਦਾ।

**ਵਰਤੋਂ** :—ਸ਼ਾਹ! ਮੈਨੂੰ ਨਾ ਡਰਾ। ਅਖੇ 'ਰੋਡੇ ਸਿਰ ਨਾ ਜੂੰ ਨਾ ਲੀਖ' ਜੋ ਜੀਅ ਆਵੇ ਕਰ ਲੈ। ਮੇਰੇ ਪਾਸ ਕੀ ਹੈ, ਜੋ ਤੂੰ ਕੁਰਕ ਕਰਵਾ ਲਏਂਗਾ? (ਸੰਗ੍ਰ)

**ਰੰਡਾ ਗਿਆ ਕੁੜਮਾਈ, ਆਪਣੀ ਕਰੇ ਕਿ ਪਰਾਈ। ਜਾਂ ਰੰਡੇ ਨੂੰ ਆਈ ਕੁੜਮਾਈ ਆਪਣੀ ਕਰੇ ਕਿ ਪਰਾਈ।**

**ਭਾਵ** :—ਜਦ ਲੋੜਵੰਦ ਨੂੰ ਕੋਈ ਚੀਜ਼ ਮਿਲੇ, ਤੇ ਉਹ ਆਪਣੀ ਲੋੜ ਪੂਰੀ ਹੋਏ ਬਿਨਾਂ ਕਿਸੇ ਹੋਰ ਨੂੰ ਨਾ ਦੇਵੇ।

**ਵਰਤੋਂ** :—ਮਕਾਨ ਤਾਂ ਪਸੰਦ ਹੈ, ਪਰ ਮੈਨੂੰ ਵੀ ਲੋੜ ਹੈ। ਭੋਲਾ ਸਿੰਘ ਨੂੰ ਕੀ ਆਖਾਂਗਾ? ਮੇਰਾ ਤਾਂ ਇਹ ਹਾਲ ਹੈ ਅਖੇ 'ਰੰਡਾ ਗਿਆ ਕੁੜਮਾਈ, ਆਪਣੀ ਕਰੇ ਕਿ ਪਰਾਈ।' (ਸੰਗ੍ਰ)

**ਰੰਡੀ ਦਾ ਪੁਤ, ਸੌਦਾਗਰ ਦਾ ਘੋੜਾ, ਖਾਇਗਾ ਬਹੁਤਾ ਚਲੇਗਾ ਥੋੜ੍ਹਾਂ। ਜਾਂ ਰੰਡੀ ਦਾ ਪੁੱਤ, ਸੌਦਾਗਰ ਦਾ ਘੋੜਾ, ਖਾਵਨ ਨੂੰ ਢੇਰ, ਕਮਾਵਨ ਨੂੰ ਥੋੜ੍ਹਾ।**

**ਭਾਵ** :—ਜਿਥੇ ਖਾਣ ਨੂੰ ਬਹੁਤਾ ਮਿਲੇ ਤੇ ਸਿਰ ਤੇ ਕੁੰਡਾ ਥੋੜਾ ਹੋਵੇ, ਉਥੇ ਬੰਦਾ ਗ਼ੈਰ-ਜ਼ਿਮੇਵਾਰ ਤੇ ਅਵਾਰਾ ਹੋ ਜਾਂਦਾ ਹੈ।

**ਵਰਤੋਂ** :—ਮੁੰਡਾ, ਪਿਤ੍ਰ ਮਰਨ ਮਗਰੋਂ ਖੂਬ ਧੰਨ ਉਡਾਈ ਜਾ ਰਿਹਾ, ਮਾਂ ਦੀ ਰਤੀ ਪ੍ਰਵਾਹ ਨਹੀਂ ਕਰਦਾ। ਸਿਆਣਿਆਂ ਨੇ ਸੱਚ ਕਿਹਾ ਹੈ ਕਿ 'ਰੰਡੀ ਦਾ ਪੁਤ, ਸੌਦਾਗਰ ਦਾ ਘੋੜਾ ਖਾਏਗਾ ਬਹੁਤਾ ਚਲੇਗਾ ਥੋੜਾ।' (ਸੰਗ੍ਰ)

**ਰੰਡੀ ਪਾਵੇ ਭੰਡੀ।**

**ਭਾਵ** :—ਜਿਸ ਦੇ ਸਿਰ ਤੇ ਖਸਮ ਖੌਂਜਾ ਨਾ ਰਹੇ; ਉਹ ਬੇਮੁਹਾਰੀਆਂ ਕਰਨ ਲਗ ਪੈਂਦਾ ਹੈ।

**ਵਰਤੋਂ** :—ਇਸ ਨੂੰ ਕੀਹਦੀ ਲੱਜ ਸ਼ਰਮ ਹੈ ਜੋ ਚੁਪ ਕਰਕੇ ਸਹਿ ਜਾਂਦੀ। 'ਰੰਡੀ ਪਾਵੇ ਭੰਡੀ' ਇਸ ਨੇ ਵੀ ਓਹੀ ਕੰਮ ਕੀਤਾ। (ਸੰਗ੍ਰ)

**ਰੰਨ ਗਈ ਸਿਆਪੇ, ਦੁਖ ਰੋਵੇ ਆਪੋ ਆਪੇ।**

**ਭਾਵ** :—ਹਰ ਕੋਈ ਆਪਣੇ ਹੀ ਦੁਖੋਂ ਦੁਖੀ ਹੁੰਦਾ ਹੈ ਦੂਜੇ ਕਿਉਂ ਨਹੀਂ।

**ਵਰਤੋਂ** :—ਕੌਣ ਜਾਣੇ ਪੀੜ ਪਰਾਈ? ਹਰ ਕਿਸੇ ਨੂੰ ਆਪੋ ਆਪਣੀ ਪਈ ਹੈ। ਅਖੇ 'ਰੰਨ ਗਈ ਸਿਆਪੇ ਦੁਖ ਰੋਵੇ ਆਪੋ ਆਪੇ।' (ਸੰਗ੍ਰ)

**ਰੰਨ ਗਿਆਨਣ, ਭੇਡ ਇਸਨਾਨਣ, ਲੋਈ ਖੁੰਬ ਨਾ ਹੋਈ।**

**ਭਾਵ** :—ਕਿਸੇ ਮਾੜੇ ਸੁਭਾ ਦੀ ਇਸਤ੍ਰੀ ਨੂੰ ਜਿਹੜੀ ਬਾਹਰਮੁਖੀ ਬੜੀ ਧਾਰਮਕ ਬਣੀ ਰਹਿਣ ਦਾ ਦਿਖਲਾਵਾ ਕਰੇ ਵੇਖ ਕੇ ਇਹ ਅਖਾਣ ਵਰਤਿਆ ਜਾਂਦਾ ਹੈ।

**ਵਰਤੋਂ** :—ਸ਼ੀਲਾ, ਉਸ ਦੰਭੀ ਗਿਆਨਣ ਦੀ ਕਥਾ ਬੰਦ ਕਰ। ਉਸ ਦਾ ਹੀ ਦਿਖਾਵਾ ਹੈ ਤੇ ਅੰਦਰ ਮੈਲ ਹੀ ਮੈਲ ਹੈ। 'ਰੰਨ ਗਿਆਨਣ, ਭੇਡ ਇਸਨਾਨਣ, ਲੋਈ ਖੁੰਬ ਨਾ ਹੋਈ' ਕਦੀ ਇਹੋ ਜਿਹੀਆਂ ਕਮਜ਼ਾਤਾਂ ਵੀ ਪਾਠ ਪੂਜਾ ਨਾਲ ਤਰੀਆਂ ਹਨ? (ਸੰਗ੍ਰ)

**ਰੰਨ ਜੱਟੀ ਹੋਰ ਸਭ ਚੱਟੀ।**

**ਭਾਵ** :—ਜੱਟ ਤੀਵੀਂ ਦੀ ਸੋਭਾ ਕੀਤੀ ਹੈ। ਜਦ ਕੋਈ ਤਕੜੀ ਇਸਤ੍ਰੀ ਘਰ ਨੂੰ ਬੜੀ ਮਿਹਨਤ ਨਾਲ ਸੰਵਾਰ ਕੇ ਰਖੇ, ਤਦ

ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਜਿਸ ਘਰ ਨੂੰ ਤ੍ਰੀਮਤ ਨੇ ਬੜੀ ਸੁਘੜਤਾ ਨਾਲ ਸੰਭਾਲਿਆ ਹੋਵੇ, ਉਸ ਨੂੰ ਮਰਦ ਕਹੀ ਨਾਲ ਭੀ ਢਾਹ ਨਹੀਂ ਸਕਦਾ। ਇਸ ਉਤੇ ਪੰਜਾਬੀ ਦਾ ਅਖਾਣ ਹੈ, 'ਰੰਨ ਜੱਟੀ ਹੋਰ ਸਭ ਖਾਣ ਦੀ ਚੱਟੀ।'

(ਕੇਸਰ ਕਿਆਰੀ—ਧਨੀ ਰਾਮ ਚਾਤ੍ਰਿਕ)

**ਰੰਨ ਨੂੰ ਰੰਨ ਛਲੇ, ਉਹਦੇ ਕੋਲੋਂ ਖੁਦਾ ਡਰੇ ।**

**ਭਾਵ** :—ਜਦੋਂ ਇਕੋ ਨਸਲ ਦੇ ਇਕ ਦੂਜੇ ਨੂੰ ਧੋਖਾ ਦੇਣ ।

**ਵਰਤੋਂ** :—ਹੀਰੇ ਨੂੰ ਹੀਰਾ ਕਟਦਾ ਹੈ, ਲੋਹੇ ਨੂੰ ਲੋਹਾ। 'ਰੰਨ ਨੂੰ ਰੰਨ ਛਲੇ, ਉਹਦੇ ਕੋਲੋਂ ਖੁਦਾ ਡਰੇ।' (ਸੰਗ੍ਰ)

**ਰੰਨ ਪਈ ਰਾਹੀਂ ਉਹ ਵੀ ਗਈ, ਗਲ ਪਈ ਸਾਲਾਹੀਂ ਉਹ ਵੀ ਗਈ ।**

**ਭਾਵ** :—ਤੀਵੀਂ ਬਹੁਤੀ ਫਿਰਨ ਤੁਰਨ ਵਾਲੀ ਹਥੋਂ ਨਿਕਲ ਜਾਂਦੀ ਹੈ । ਗੱਲ ਬਹੁਤੀ ਸੋਚਣ ਕਰਕੇ ਵਿਗੜ ਜਾਂਦੀ ਹੈ ।

**ਵਰਤੋਂ** :—ਕਿਤਨੇ ਚਿਰ ਤੋਂ ਇਹ ਮਾਮਲਾ ਲਮਕਿਆ ਹੀ ਜਾ ਰਿਹਾ ਸੀ, ਇਸ ਨੇ ਵਿਗੜਨਾ ਹੀ ਸੀ, ਸਿਆਣਿਆ ਨੇ ਐਵੇਂ ਤਾਂ ਨਹੀਂ ਨਾ ਕਿਹਾ ਕਿ 'ਰੰਨ ਪਈ ਰਾਹੀਂ ਉਹ ਵੀ ਗਈ, ਗਲ ਪਈ ਸਾਲਾਹੀਂ ਉਹ ਵੀ ਗਈ। (ਸੰਗ੍ਰ)

**ਰਨ ਪਰਾਈ ਤੇ ਅੰਨ੍ਹੇ ਨੂੰ ਵੇਖ ਭਵਾਟੀ ਆਈ ।**

**ਭਾਵ** :—ਦੂਜੇ ਦੀ ਚੰਗੀ ਚੀਜ਼ ਦੇਖ ਕੇ ਆਪ ਫੂਲੇ ਫਿਰਨਾ ।

**ਵਰਤੋਂ** :—ਦੋਲਤ ਤੇਰੀ ਤਾਂ ਨਹੀਂ ਤੇਰੇ ਮਾਮੇ ਦੀ ਹੈ, ਤੈਨੂੰ ਕੀ ? ਅਖੇ 'ਰੰਨ ਪਰਾਈ ਤੇ ਅੰਨ੍ਹੇ ਨੂੰ ਵੇਖ ਭਵਾਟੀ ਆਈ।' (ਸੰਗ੍ਰ)

**ਰੋਂਦਾ ਕਿਉਂ ਏਂ ? ਥਾਲੀ ਵਿਚ ਕੁਝ ਨਹੀਂ ।**

**ਭਾਵ** :—ਜਦ ਕੋਈ ਭੁਖ ਦੇ ਦੁਖੋਂ ਔਖਾ ਹੋਵੇ ।

**ਵਰਤੋਂ** :—ਹੁੰਦੇ ਸੁੰਦੇ ਕੌਣ ਉਦਾਸ ਤੇ ਦੁਖੀ ਹੁੰਦਾ ਹੈ ? ਮੇਰਾ ਤਾਂ ਉਹ ਹਾਲ ਹੈ ਅਖੇ 'ਰੋਂਦਾ ਕਿਉਂ ਏਂ ? ਥਾਲੀ ਵਿਚ ਕੁਝ ਨਹੀਂ।'

(ਸੰਗ੍ਰ)

**ਰੋਂਦੇ ਕਿਉਂ ਹੋ ? ਸ਼ਕਲ ਹੀ ਐਸੀ ਹੈ ।**

**ਭਾਵ** :—ਬਿਨ ਕਾਰਨ ਰੋਂਦੂ ਜਾਂ ਸੜੀਅਲ ਸੁਭਾ ਵਾਲੇ ਲਈ ਇਹ ਅਖਾਣ ਵਰਤਦੇ ਹਨ ।

**ਵਰਤੋਂ** :—ਇਸ ਨੂੰ ਕਦੀ ਖੁਸ਼ ਡਿਠਾ ਵੀ ਜੇ ? ਹਰ ਵੇਲੇ ਅਖੇ 'ਰੋਂਦੇ ਕਿਉਂ ਹੋ ? ਸ਼ਕਲ ਹੀ ਐਸੀ ਹੈ' ਬਿਨ ਕਾਰਨ ਹੀ ਕੋਈ ਸੜਿਆ ਰਹੇ ਤਾਂ ਉਸ ਦਾ ਕੀ ਇਲਾਜ ? (ਸੰਗ੍ਰ)

**ਰੋਂਦਾ ਘੋੜੇ ਚੜ੍ਹਾਈਏ, ਹਗ ਪਲਾਣ ਭਰੇ ਜਾਂ ਰੋਂਦੀ ਚਾੜ੍ਹ ਬਹਾਲੀ ਘੋੜੇ ਤੇ ਹਗ ਹਗ ਭਰੇ ਪਲਾਣਾ ।**

**ਭਾਵ** :—ਜਦ ਕੋਈ ਬਦੋ ਬਦੀ ਕਿਸੇ ਪਾਸੋਂ ਚੰਗਾ ਕੰਮ ਵੀ ਕਰਾਇਆ ਜਾਵੇ, ਤਾਂ ਉਹ ਉਸਨੂੰ ਖਰਾਬ ਕਰ ਦੇਂਦਾ ਹੈ ।

**ਵਰਤੋਂ** :—ਉਸ ਪਾਸੋਂ ਹੋਰ ਬਦੋ ਬਦੀ ਕੰਮ ਕਰਵਾਓ, ਉਹ ਕੰਮ ਦਾ ਨਾਸ ਮਾਰ ਦੇਵੇਗਾ । ਤੁਸਾਨੂੰ ਪਤਾ ਹੀ ਹੈ ਅਖੇ 'ਰੋਂਦਾ ਘੋੜੇ ਚੜ੍ਹਾਈਏ, ਹਗ ਪਲਾਣ ਭਰੇ।' (ਸੰਗ੍ਰ)

# ਲ

**ਲਏ ਉਧਾਰਾ, ਦਏ ਉਧਾਰਾ: ਉਹ ਵੀ ਸ਼ਾਹ ਨਿਖੁੱਟਣਹਾਰਾ।**

**ਭਾਵ** :—ਵਿਆਜੀ ਰੁਪਿਆ ਚੁਕ ਕੇ ਦੂਜਿਆਂ ਨੂੰ ਕਰਜ਼ਾ ਦੇਣ ਵਾਲੇ ਨੂੰ ਲਾਭ ਨਹੀਂ ਹੁੰਦਾ। ਭਾਵ ਉਧਾਰ ਵੀ ਤਦ ਦਿਓ, ਜੇ ਪੱਲੇ ਹੋਵੇ।

**ਵਰਤੋਂ** :—ਤੇਰੇ ਪਾਸ ਪੈਸੇ ਹੋਣ ਤਾਂ ਬੇਸ਼ਕ ਇਸ ਦੀ ਸਹਾਇਤਾ ਕਰ। ਪਰ ਦੂਜਿਆਂ ਤੋਂ ਸੂਦੀ ਕਰਜ਼ਾ ਚੁਕ ਕੇ ਇਸ ਨੂੰ ਉਧਾਰ ਦੇਣਾ ਚੰਗਾ ਨਹੀਂ। ਕਿਉਂ ਜੁ 'ਲਏ ਉਧਾਰਾ ਦਏ ਉਧਾਰਾ' ਉਹ ਵੀ ਸ਼ਾਹ ਨਿਖੁਟਣਹਾਰਾ।' (ਸੰਗ੍ਰ)

**ਲਸ ਜ਼ਮੀਨ ਹੈ ਬਹੁਤ ਸੁਹਾਣੀ, ਮਲਹਰ ਮੀਂਹ ਨ ਮੰਗੇ ਪਾਣੀ।**

(ਲਸ = ਦਰਿਆ ਦੇ ਕੰਢੇ, ਮਲਹਰ = ਰੂੜੀ)

**ਭਾਵ** :—ਦਰਿਆ ਦੇ ਲਾਗੇ ਦੀ ਜ਼ਮੀਨ ਚੰਗੀ ਹੁੰਦੀ ਹੈ, ਨਾ ਰੂੜੀ ਮੰਗਦੀ ਹੈ ਨਾ ਪਾਣੀ।

**ਵਰਤੋਂ** :—ਬਹੁਤੇ ਮੁਲ ਦੀ ਚਿੰਤਾ ਨਾ ਕਰ, ਜੇ ਸੌਦਾ ਬਣਦਾ ਹੈ ਤਾਂ ਬਣਾ ਲੈ। ਜ਼ਮੀਨ ਇਹੋ ਜਿਹੀ ਮੁੜ ਹੱਥ ਨਹੀਂ ਆਇਗੀ। ਸਿਆਣਿਆ ਐਵੇਂ ਨਹੀਂ ਆਖਿਆ 'ਲਸ ਜ਼ਮੀਨ ਹੈ ਬਹੁਤ ਸੁਹਾਣੀ, ਮਲਹਰ ਮੀਂਹ ਨਾ ਮੰਗੇ ਪਾਣੀ।' (ਸੰਗ੍ਰ)

**ਲਸਣ ਲੁਕਾਇਆ ਨ ਲੁਕੇ ਬਹਿ ਖਾਜੇ ਕੂਣੇ।**

**ਭਾਵ** :—ਥੋਮ ਭਾਵੇਂ ਲੁਕ ਕੇ ਭੀ ਖਾਧਾ ਜਾਇ ਉਹ ਲੁਕਦਾ ਨਹੀਂ। ਉਸ ਦੀ ਮੁਸ਼ਕ ਤੋਂ ਉਸਦਾ ਪਤਾ ਲਗ ਹੀ ਜਾਂਦਾ ਹੈ। ਮੰਦਾ ਕੰਮ ਲੁਕ ਕੇ ਭੀ ਕਰੋ, ਉਸ ਦੀ ਬਦਨਾਮੀ ਉਸਨੂੰ ਬਾਹਰ ਕਢ ਹੀ ਦਿੰਦੀ ਹੈ।

**ਵਰਤੋਂ** :—

ਲਸਣ ਲੁਕਾਇਆਂ ਨਾ ਲੁਕੇ ਬਹਿ ਖਾਜੈ ਕੂਣੇ।
ਕਾਲਾ ਕੰਬਲ ਉਜਲਾ ਕਿਉਂ ਹੋਇ ਸਾਬੂਣੇ।

(ਵਾਰਾਂ—ਭਾਈ ਗੁਰਦਾਸ ਜੀ)

**ਲੱਸੀ ਤੇ ਲੜਾਈ ਦਾ ਕੀ ਵਧਾਉਣਾ?**

**ਭਾਵ** :—ਲੱਸੀ ਤੇ ਲੜਾਈ ਐਂਵੇ ਹੀ ਵਧ ਜਾਂਦੇ ਹਨ।

**ਵਰਤੋ** :—ਬਸ ਫੇਰ ਕੀ ਸੀ, ਲਸੀ ਤੇ ਲੜਾਈ ਦਾ ਵਧਾਣਾ ਕੋਈ ਮੁਸ਼ਕਲ ਤਾਂ ਹੁੰਦਾ ਹੀ ਨਹੀਂ। ਦੇਖੋ ਦੇਖੀ ਵਿਚ ਉਹ ਗੁਥਮਗੁਥਾ ਹੋ ਗਏ। ਅਸੀਂ ਬਹੁਤੇਰਾ ਛੁੜਾਣ ਦੀ ਕੋਸ਼ਿਸ਼ ਕੀਤੀ, ਪਰ ਉਥੇ ਤਾਂ ਮਿੰਟਾਂ ਸਕਿੰਟਾਂ ਵਿਚ ਡਾਂਗਾਂ ਨਿਕਲ ਆਈਆਂ। (ਸੰਗ੍ਰ)

**ਲਹੂ ਸੋ ਲਹੂ ਪਾਣੀ ਸੋ ਪਾਣੀ।**

**ਭਾਵ** :—ਜਦ ਇਹ ਦਸਣਾ ਹੋਵੇ ਕਿ ਬਿਗਾਨੇ ਉਤੇ ਕੋਈ ਜ਼ੋਰ ਨਹੀਂ, ਤਦ ਇਹ ਅਖਾਣ ਵਰਤਦੇ ਹਨ।

**ਵਰਤੋਂ** :—ਚਲ ਨਾ ਸਹੀ। ਬਿਗਾਨੇ ਪੁੱਤਰ ਉਤੇ ਥੋੜਾ ਜ਼ੋਰ ਹੁੰਦਾ ਵੇ। ਸਚ ਕਹਿੰਦੇ ਨੇ 'ਲਹੂ ਸੋ ਲਹੂ, ਪਾਣੀ ਸੋ ਪਾਣੀ।'

(ਪਵਿੱਤਰ ਪਾਪੀ—ਨਾਨਕ ਸਿੰਘ)

**ਲੱਕ ਬਧਾ ਅਰੋੜਿਆਂ, ਮੁੰਨਾ ਕੋਹ ਲਾਹੌਰ।**

**ਭਾਵ** :—ਜਦ ਕਿਸੇ ਕੰਮ ਦੇ ਕਾਰਨ ਦਾ ਪਕਾ ਫੈਸਲਾ ਮਨ ਵਿਚ ਕਰ ਲਿਆ ਜਾਵੇ ਤੇ ਉਹ ਛੇਤੀ ਹੀ ਸਿਰੇ ਚੜ੍ਹ ਜਾਵੇ।

**ਵਰਤੋਂ** :—ਜੀ, ਬੰਦਾ ਕੰਮ ਲਈ ਤਿਆਰ ਹੋਵੇ ਸਹੀ, ਉਹਦੇ ਹੋਣ ਵਿਚ ਦੇਰੀ ਨਹੀਂ ਲਗਦੀ। 'ਲਕ ਬਧਾ ਅਰੋੜਿਆਂ ਮੁੰਨਾ ਕੋਹ ਲਾਹੌਰ'। (ਸੰਗ੍ਰ)

**ਲਕੜ ਭਾਵੇਂ ਵਿੰਗੀ ਹੋਵੇ, ਤਰਖਾਣ ਸਿੱਧਾ ਚਾਹੀਦਾ ਹੈ ।**

**ਭਾਵ :**—ਸਿਆਣਾ ਆਦਮੀ ਮਾੜੀ ਤੋਂ ਮਾੜੀ ਚੀਜ਼ ਨੂੰ ਸੰਵਾਰ ਕੇ ਠੀਕ ਕਰ ਲੈਂਦਾ ਹੈ ।

**ਵਰਤੋਂ :**—ਕੰਮ ਤਾਂ ਬੜਾ ਔਖਾ ਸੀ, ਪਰ ਸਰਦਾਰ ਹੁਰਾਂ ਦੀ ਸਿਆਣਪ ਨੇ ਠੀਕ ਕਰ ਦਿਤਾ । ਠੀਕ ਹੈ, 'ਲਕੜ ਭਾਵੇਂ ਵਿੰਗੀ ਹੋਵੇ, ਤਰਖਾਣ ਸਿੱਧਾ ਚਾਹੀਦਾ ਹੈ । (ਸੰਗ੍ਰ)

**ਲਕੜੀ ਖਾਧੀ ਘੁਣੇ ਤੇ ਆਦਮੀ ਖਾਧਾ ਗੁਣੇ ।**

**ਭਾਵ :**—ਬਾਹਲੇ ਗੁਣਾਂ ਕਰਕੇ ਜਦ ਕਿਸੇ ਦਾ ਜੀਵਨ ਛੇਤੀ ਖਤਮ ਹੋ ਜਾਵੇ ।

**ਵਰਤੋਂ :**—ਰਾਮੇਸ਼੍ਵਰ ਬੜਾ ਗੁਣੀ ਤੇ ਵਿਦਵਾਨ ਸੀ । ਹਰ ਵੇਲੇ ਕਿਸੇ ਨਾ ਕਿਸੇ ਸ਼ੁਭ ਕੰਮ ਵਿਚ ਲਗਾ ਰਹਿੰਦਾ, ਪਰ ਮਸਾਂ ਚਾਲੀ ਵਰ੍ਹਿਆਂ ਦੀ ਉਮਰ ਭੋਗ ਤੁਰ ਗਿਆ । ਠੀਕ ਹੈ 'ਲਕੜੀ ਖਾਧੀ ਘੁਣੇ ਤੇ ਆਦਮੀ ਖਾਧਾ ਗੁਣੇ ।' (ਸੰਗ੍ਰ)

**ਲਕੜੀ ਨਾਲ ਲੋਹਾ ਭੀ ਤਰ ਜਾਂਦਾ ਹੈ ।**

**ਭਾਵ :**—ਚੰਗੇ ਸਾਥ ਨਾਲ ਮਾੜਾ ਵੀ ਸੁਖੀ ਹੋ ਜਾਂਦਾ ਹੈ ।

**ਵਰਤੋਂ :**—ਬੇਟਾ ! ਚੰਗਿਆਂ ਦੀ ਸੰਗਤ ਕੀਤਾ ਕਰੋ । ਲਕੜੀ ਨਾਲ ਲੋਹਾ ਭੀ ਤਰ ਜਾਂਦਾ ਹੈ । (ਸੰਗ੍ਰ)

**ਲਕੀਰ ਦਾ ਫ਼ਕੀਰ ।**

**ਭਾਵ**—ਜਦ ਕੋਈ ਕਿਸੇ ਮਗਰ ਲਗ ਤੁਰੇ ਤੇ ਆਪਣੀ ਸਮਝ ਨਾ ਵਰਤੇ ।

**ਵਰਤੋਂ :**—ਅਸੀਂ ਖੁਸ਼ ਹਾਂ ਕਿ ਪ੍ਰੋਫ਼ੈਸਰ ਸਾਹਿਬ ਨੇ ਕਈ ਹੋਰਨਾਂ ਲਿਖਾਰੀਆਂ ਵਾਂਗ ਲਕੀਰ ਦੀ ਫਕੀਰੀ ਨਹੀਂ ਕੀਤੀ । ਬਲਕਿ ਇਕ ਵਿਦੇਸ਼ੀ ਖ਼ਿਆਲ ਨੂੰ ਦੇਸੀ ਬਣਤਰ ਪੁਆ ਕੇ ਬਿਲਕੁਲ ਦੇਸੀ ਬਣਾ ਕੇ ਲਿਖ ਦਿੱਤਾ । (ਸ਼ਾਮੂ ਸ਼ਾਹ—ਨੰਦਾ)

**ਲਖ ਸਬੂਣਾ ਜੇ ਲਗੇ, ਕਾਲੇ ਕਦੇ ਨਾ ਹੋਵਨ ਬਗੇ ।**

**ਭਾਵ :**—ਭਾਵੇਂ ਕੁਝ ਵੀ ਕਰੋ, ਕਿਸੇ ਦੀ ਭੈੜੀ ਵਾਦੀ ਨਹੀਂ ਜਾਂਦੀ ।

**ਵਰਤੋਂ :**—ਗਲ ਬੜੀ ਮੁਸ਼ਕਲ ਏ । ਉਸ ਨੂੰ ਇਸ ਭੈੜੀ ਵਾਦੀ ਤੋਂ ਕਿਵੇਂ ਮੋੜਿਆ ਜਾਇ । 'ਲਖ ਸਬੂਣਾ ਜੇ ਲਗੇ, ਕਾਲੇ ਕਦੇ ਨਾ ਹੋਵਨ ਬਗੇ' ਵਾਲੀ ਗਲ ਹੈ ਉਸ ਨਾਲ ਤਾਂ । (ਸੰਗ੍ਰ)

**ਲਖੀਂ ਹੱਥ ਨਾ ਆਉਂਦੀ ਦਾਨਸ਼ਮੰਦਾ ਦੀ ਮਤ ।**

**ਭਾਵ :**—ਸਿਆਣੇ ਦੀ ਸਲਾਹ ਬਹੁਤ ਅਮੋਲ ਹੁੰਦੀ ਹੈ ।

**ਵਰਤੋਂ :**—ਪੁਤ੍ਰ, ਤੈਨੂੰ ਅਜ ਮੈਂ ਜੋ ਨਸੀਹਤ ਦੇਂਦਾ ਹਾਂ, ਸੁਣ ਲੈ 'ਲੱਖੀਂ ਹਥ ਨਾ ਆਉਂਦੀ ਦਾਨਸ਼ਮੰਦਾਂ ਦੀ ਮਤ' ਕਲ੍ਹ ਨੂੰ ਤੈਨੂੰ ਅਜੇਹੀ ਗਲ ਲਖੀਂ ਤੇ ਕ੍ਰੋੜੀ ਹੱਥ ਨਹੀਂ ਆਵੇਗੀ । (ਸੰਗ੍ਰ)

**ਲਗ ਲੜਾਈਏ ਧੋਲੇ ਦਾ ਗੁੜ ਖਾਈਏ ।**

**ਭਾਵ :**—ਜਦ ਕੋਈ ਮਾਮੂਲੀ ਜਿਹੇ ਲਾਭ ਲਈ ਲੜਾਈ ਲਈ ਕਾਹਲਾ ਹੋਵੇ ।

**ਵਰਤੋਂ :**—ਕਾਂਗੜੇ ਦਾ ਰਾਜਾ ਲੜਨ ਲਈ ਬੜਾ ਉਤਾਵਲਾ ਜਾਪਦਾ ਹੈ, ਪਰ ਉਸ ਨੂੰ ਵਿਚੋਂ ਕੀ ਲਭੇਗਾ ? ਅਖੇ, 'ਲਗ ਲੜਾਈਏ, ਧੋਲੇ ਦਾ ਗੁੜ ਖਾਈਏ ।' (ਸੰਗ੍ਰ)

**ਲਗਾ ਤਾਂ ਤੀਰ ਨਹੀਂ ਤਾਂ ਤੁਕਾ ਹੀ ਸਹੀ ।**

**ਭਾਵ :**—ਹੀਲਾ ਕਰੋ ਫਲ ਬਹੁਤਾ ਮਿਲੇ ਜਾਂ ਥੋੜਾ ।

**ਵਰਤੋਂ :**—ਇਹ ਦਾਓ ਵੀ ਖੇਡ ਵੇਖਣ ਵਿਚ ਕੀ ਹਰਜ ਏ ? 'ਲਗਾ ਤਾਂ ਤੀਰ ਨਹੀਂ ਤੇ ਤੁਕਾ ਹੀ ਸਹੀ ।' ਸਾਡਾ ਕੀ ਜਾਂਦਾ ਏ ? (ਸੰਗ੍ਰ)

**ਲਗੀ ਓੜ ਤੇ ਖੇਤੀ ਚੌੜ ।**

**ਭਾਵ :**—ਮੀਂਹ ਨਾ ਪੈਣ ਤੇ ਫਸਲਾਂ

ਮਰ ਜਾਂਦੀਆਂ ਹਨ ।

**ਵਰਤੋਂ** :—ਮੀਂਹ ਪਏ ਨਹੀਂ, ਫਸਲਾਂ ਕਿਥੋਂ ਹੋਣ । 'ਲਗੀ ਓੜ ਤੇ ਖੇਤੀ ਰੋੜ' । ਸਾਡਾ ਕੀ ਕਸੂਰ ? (ਸੰਗ੍ਰ)

**ਲਗੀ ਕਾੜ ਕਰੇਂਦੀ ਹੈ ।**

**ਭਾਵ** :—ਜਦ ਤਕੜੀ ਸੱਟ ਵਜੇ, ਤਦ ਚੀਕ ਚਿੰਘਾੜਾ ਪੈਂਦਾ ਹੀ ਹੈ ।

**ਵਰਤੋਂ** :—ਮਿਤ੍ਰਾ 'ਲਗੀ ਕਾੜ ਕਰੇਂਦੀਏ' ਦੁਖ ਜੂ ਸਿਰ ਆ ਪਏ । ਰੋਵਾਂ ਨਾ ਤਾਂ ਕੀ ਕਰਾਂ ? (ਸੰਗ੍ਰ)

**ਲਗੀ ਜਾਣਨ ਦੋ ਜਣੇ, ਲੋਹਾ ਤੇ ਲੋਹਾਰ ।**

**ਭਾਵ** :—ਜਿਸਨੂੰ ਪੀੜ ਹੁੰਦੀ ਹੈ, ਓਹੀ ਦੁਖ ਨੂੰ ਜਾਣਦਾ ਹੈ ।

**ਵਰਤੋਂ** :— ਸੱਚ ਹੈ 'ਲਗੀ ਜਾਣਨ ਦੋ ਜਣੇ ਲੋਹਾ ਤੇ ਲੋਹਾਰ' ਜਿਸ ਨੂੰ ਖੇਦ ਹੀ ਨਾ ਪੁਜੇ, ਉਹ ਪੀੜਾ ਨੂੰ ਕੀ ਜਾਣੇ ? (ਸੰਗ੍ਰ)

**ਲਗੀ ਭੁੱਖ ਕੁਝ ਨਾ ਪੁਛ ।**

**ਭਾਵ** :—ਭੁਖ ਹੋਰ ਸਭ ਕੁਝ ਭੁਲਾ ਦੇਂਦੀ ਹੈ ।

**ਵਰਤੋਂ** :—'ਲਗੀ ਭੁਖ ਤੇ ਕੁਝ ਨਾ ਪੁਛ' ਖਾਣ ਵੇਲੇ ਸਾਨੂੰ ਗੱਲਾਂ ਦੀ ਵਿਹਲ ਕਿਥੇ ? (ਸੰਗ੍ਰ)

**ਲਗੀਆਂ ਦੇ ਪੰਥ ਨਿਆਰੇ ।**

**ਭਾਵ** :—ਪ੍ਰੇਮੀਆਂ ਦਾ ਰਾਹ ਵਖਰਾ ਹੀ ਹੁੰਦਾ ਹੈ ।

**ਵਰਤੋਂ** :—

ਜਿਉਂ ਭਾਵੇ ਤਿਉਂ ਕਰੇ ਪਿਆਰਾ,
ਇਨ੍ਹਾਂ ਲਗੀਆਂ ਦਾ ਪੰਥ ਨਿਆਰਾ ।
ਰਾਤਾਂ ਦਿਹੇ ਧਿਆਨ ਤੁਹਾਰਾ,
ਜਿਉਂ ਭਾਵੇ ਤਿਉਂ ਤਾਰੀਦਾ ।
(ਕਾਫੀਆਂ—ਸ਼ਾਹ ਹੁਸੈਨ)

**ਲਗੀਆਂ ਨੂੰ ਕੌਣ ਜਾਣੇ ।**

**ਭਾਵ** :—ਬਿਰਹਾ ਸਮਝਣੀ ਔਖੀ ਹੈ ।

**ਵਰਤੋਂ** :—'ਆਹਾ ! ਲਗੀਆਂ ਨੂੰ ਕੌਣ ਜਾਣੇ ? ਇਖ਼ਲਾਕੀ ਜੀਵਨ ਵਾਲੇ, ਆਤਮ ਅਵਸਥਾ ਦੇ ਲਗੇ ਪ੍ਰੇਮ ਦਾ ਹਾਲ ਕੀ ਜਾਣਨ ?
(ਨੌਧ ਸਿੰਘ—ਭਾਈ ਵੀਰ ਸਿੰਘ)

**ਲਗੀਆਂ ਮੂਲ ਨਾ ਮੁੜੀਆਂ ।**

**ਭਾਵ** :—ਸਚਾ ਪ੍ਰੇਮ ਲਗਾ ਕਦੀ ਨਹੀਂ ਟੁਟਦਾ ।

**ਵਰਤੋਂ** :—

ਜੇ ਤੂੰ ਤਖਤ ਹਜ਼ਾਰੇ ਦਾ ਸਾਂਈਂ,
ਅਸੀਂ ਸਿਆਲਾਂ ਦੀਆਂ ਕੁੜੀਆਂ ।
ਕਹੈ ਹੁਸੈਨ ਫਕੀਰ ਨੁਥਾਣਾ,
ਲਗੀਆਂ ਮੂਲ ਨਾ ਮੁੜੀਆਂ ।
(ਕਾਫ਼ੀਆਂ—ਸ਼ਾਹ ਹੁਸੈਨ)

**ਲਛਮੀ ਪੁਛਕੇ ਨਹੀਂ ਆਉਂਦੀ ।**

**ਭਾਵ** :—ਧਨ ਆਉਣ ਲਗੇ ਤਾਂ ਆ ਹੀ ਜਾਂਦਾ ਹੈ ।

**ਵਰਤੋਂ** :—ਧਨ ਆਉਣ ਲਗੇ ਤਦ ਅੰਨ੍ਹੇ ਵਾਹ ਆਉਂਦਾ ਹੈ । 'ਲਛਮੀ ਪੁਛ ਕੇ ਨਹੀਂ ਆਉਂਦੀ' ਸਿਆਣਿਆਂ ਸਚ ਹੀ ਆਖਿਆ ਹੈ । (ਸੰਗ੍ਰ)

**ਲਛੇ ਸਭ ਨੂੰ ਹਛੇ ।**

**ਭਾਵ** :—ਮਾਲ ਧਨ ਸਭ ਨੂੰ ਪਿਆਰਾ ਹੈ ।

**ਵਰਤੋਂ** :—ਯਾਰ ! 'ਲਛੇ ਸਭ ਨੂੰ ਹਛੇ' ਹੀ ਲਗਣੇ ਹੋਏ । ਗਰੀਬਾਂ ਦੀ ਕੌਣ ਪੁਛ ਕਰਦਾ ਹੈ ? (ਸੰਗ੍ਰ)

**ਲਜ ਦੀ ਮਾਰੀ ਅੰਦਰ ਵੜੀ, ਮੂਰਖ ਆਖੇ ਮੈਥੋਂ ਡਰੀ ।**

**ਭਾਵ** :—ਜਦ ਕੋਈ ਭਲਾਮਾਣਸ ਝਗੜਾਲੂ ਨਾਲ ਝਗੜਾ ਕਰਨ ਤੋਂ ਸੰਕਚ ਕਰੇ. ਪਰ ਝਗੜਾਲੂ ਸਮਝੇ, ਮੈਥੋਂ ਡਰ ਗਿਆ ਹੈ ।

**ਵਰਤੋਂ** :— ਉਹ ਸਮਝਦਾ ਹੈ ਮੈਂ ਡਰ ਗਿਆ ਹਾਂ। ਮੈਨੂੰ ਤਾਂ ਆਪਣੀ ਇੱਜ਼ਤ ਦੀ ਪਰਵਾਹ ਹੈ। ਅਖੇ 'ਲਜ ਦੀ ਮਾਰੀ ਅੰਦਰ ਵੜੀ, ਮੂਰਖ ਆਖੇ ਮੈਥੋਂ ਡਰੀ'। (ਸੰਗ੍ਰ)

## ਲੱਜ ਲਈ ਲਾਹ, ਫੇਰ ਪੰਜਾਂ ਦੀ ਕੀ ਪਰਵਾਹ।

**ਭਾਵ** :—ਜਦ ਸ਼ਰਮ ਹਯਾ ਲਾਹ ਦਿਤੀ, ਤਾਂ ਸਮਾਜ ਦਾ ਕੀ ਡਰ ?

**ਵਰਤੋਂ** :— ਮੈਂ ਤਾਂ ਵੇਖ ਰਿਹਾ ਵਾਂ ਸ਼ਾਇਦ ਇਹਨਾਂ ਦੇ ਮਨ ਵਿਚ ਕਿਤੇ ਇਨਸਾਫ਼ ਆ ਜਾਇ। ਨਹੀਂ ਤਾਂ ਫੇਰ ਤੁਹਾਨੂੰ ਪਤਾ ਹੀ ਹੈ ਕਿ ਆਪਣਾ ਰਸਤਾ ਸਿਧਾ ਹੈ। 'ਲਜ ਲਈ ਲਾਹ, ਫੇਰ ਪੰਜਾਂ ਦੀ ਕੀ ਪਰਵਾਹ'। (ਸੰ)

## ਲਡੂ ਮੁਕ ਗਏ ਯਰਾਨੇ ਟੁਟ ਗਏ।

**ਭਾਵ** :—ਮਾਇਆ ਦੇ ਕਾਰਨ ਲਾਈ ਹੋਈ ਪ੍ਰੀਤ ਜਦ ਗ਼ਰੀਬੀ ਵਿਚ ਆਕੇ ਟੁਟ ਜਾਵੇ।

**ਵਰਤੋਂ** :—

ਲਡੂ ਮੁਕ ਗਏ, ਯਰਾਨੇ ਟੁਟ ਗਏ,
ਕਚੀ ਯਾਰੀ ਲਡੂਆਂ ਦੀ।
(ਲੋਕ-ਗੀਤ)

## ਲੱਤ ਦਾ ਉੱਤਰ ਲੱਤ, ਤੇ ਮੁਕੇ ਦਾ ਮੁਕਾ।

**ਭਾਵ** :—ਜਿਹੋ ਜਿਹਾ ਕੋਈ ਵਰਤੇ ਉਹੋ ਜਿਹਾ ਉਸ ਨਾਲ ਵਰਤਣਾ।

**ਵਰਤੋਂ** :—ਤੂੰ ਵੀ 'ਲੱਤ ਦਾ ਉੱਤਰ ਲੱਤ ਤੇ ਮੁਕੇ ਦਾ ਮੁਕਾ' ਦੇਂਦੇਂ। ਤੇਰੇ ਕੋਲੋਂ ਤਾਂ ਕੁਝ ਹੋਇਆ ਨਹੀਂ ਤੇ ਮੇਰਾ ਸਿਰ ਖਾਈ ਜਾਨਾ ਏਂ। (ਸੰਗ੍ਰ)

## ਲੱਤਾਂ ਜੰਡ ਦੀਆਂ, ਧੜ ਤੂਤ ਦਾ ਤੇ ਸਿਰ ਧਰੇਕ ਦਾ।

**ਭਾਵ** :—ਕੋਈ ਅਜੇਹੀ ਚੀਜ਼ ਹੋਣੀ ਜਿਹੜੀ ਮਿਲਗੋਭਾ ਹੋਵੇ।

**ਵਰਤੋਂ** :—ਇਹ ਅਜੀਬ ਖਿਚੜੀ ਪਕਾਈ ਜੇ। ਲੱਤਾਂ ਜੰਡ ਦੀਆਂ, ਧੜ ਤੂਤ ਦਾ ਤੇ ਸਿਰ ਧਰੇਕ ਦਾ, ਮੈਨੂੰ ਤਾਂ ਇਸ ਦਾ ਸਿਰ ਪੈਰ ਪਤਾ ਨਹੀਂ ਲਗਦਾ। (ਸੰਗ੍ਰ)

## ਲੱਤਾਂ ਦੇ ਭੂਤ ਹੱਥਾਂ (ਗੱਲਾਂ = ਗਾਲਾਂ) ਨਾਲ ਨਹੀਂ ਮੰਨਦੇ।

**ਭਾਵ** :—ਡੰਡੇ ਦੇ ਯਾਰ, ਬਿਨਾਂ ਜ਼ੋਰ ਜ਼ਬਰ ਕੀਤੇ ਠੀਕ ਨਹੀਂ ਹੁੰਦੇ।

**ਵਰਤੋਂ** :—ਉਸ ਵੇਲੇ ਜਿਤਨੀ ਜੀ ਕਰੇ ਤਨਖਾਹ ਲਾ ਕੇ ਛਡਣਾ। ਇਹ ਲੱਤਾਂ ਦੇ ਭੂਤ ਹੱਥਾਂ ਨਾਲ ਨਹੀਂ ਮੰਨਦੇ।

(ਚਰਣਹਰਿ ਵਿਸਥਾਰ—ਡ. ਬਲਵੀਰ ਸਿੰਘ)

## ਲੱਤੋਂ ਲੰਙਾਂ, ਨਾਂ ਸੁਚਾਲਾ।

**ਭਾਵ** :—ਕਿਸੇ ਕੰਮ ਕਾਜ ਜੋਗਾ ਹੋਵੇ ਨਾ, ਤੇ ਨਾਂ ਵਡਾ ਰਖਾਵੇ।

**ਵਰਤੋਂ** :—ਸ਼ੇਰ ਸਿੰਘ ਹੋਰੀਂ ਤਾਂ ਉਥੇ ਇਉਂ ਨਸੇ ਜਿਉਂ ਬਿੱਲੀ ਸ਼ਿਕਾਰੀ ਕੁਤੇ ਨੂੰ ਵੇਖ ਕੇ ਨਸਦੀ ਹੈ। ਬਸ ਫੇਰ ਲੜਨਾ ਕਿਸ ਨੇ ਸੀ ? ਪਰ ਸ਼ੇਰ ਸਿੰਘ ਦੀ ਬਹਾਦਰੀ ਤਾਂ ਅਸੀਂ ਪਹਿਲੀ ਵਾਰ ਵੇਖੀ। ਓਹੀ ਗੱਲ ਹੋਈ ਅਖੇ 'ਲਤੋਂ ਲੰਙਾਂ ਨਾਂ ਸੁਚਾਲਾ'। (ਸੰਗ੍ਰ)

## ਲੱਤੋਂ ਲੰਙੀ ਤੇ ਲਾਹੌਰ ਦਾ ਦਾਈਆ।

**ਭਾਵ** :—ਹਿੰਮਤ ਕੁਝ ਨਾ ਹੋਵੇ ਤੇ ਫੜਾਂ ਬੜੀਆਂ ਮਾਰੇ।

**ਵਰਤੋਂ** :—ਇਹ ਤਾਂ ਉਸ ਦੀਆਂ ਫੜਾਂ ਹੀ ਹਨ। ਜਿੰਨਾਂ ਕੁਝ ਕਰਨ ਜੋਗਾ ਹੈ ਉਹ ਤਾਂ ਸਾਨੂੰ ਪਤਾ ਹੀ ਹੈ। ਲਤੋਂ ਲੰਙਾਂ ਤੇ ਲਾਹੌਰ ਦਾ ਦਾਈਆ' ਵਾਲੀ ਗੱਲ ਹੈ ਉਸ ਦੀ ਤਾਂ। (ਸੰਗ੍ਰ)

## ਲਦਿਆ ਕਹਾਰ ਤੇ ਸਖਣਾ ਘੁਮਿਆਰ।

**ਭਾਵ** :—ਜਦ ਇਕ ਦਾ ਸੌਖ ਦੂਜੇ

ਲਈ ਔਕੜ ਬਣ ਜਾਵੇ।

**ਵਰਤੋਂ** :—ਵੇਲੇ ਵੇਲੇ ਦੀ ਗਲ ਹੈ। ਅੱਜ ਮੇਰੇ ਸਿਰ ਭਾਰ ਕਲ੍ਹ ਤੇਰੇ ਸਿਰ। ਅਖੇ 'ਲਦਿਆ ਕਹਾਰ ਤੇ ਸਖਣਾ ਘੁਮਿਆਰ'। ਤੂੰ ਹੁਣ ਖਲਾਸ ਹੋ ਗਿਆ ਹੈਂ, ਮੇਰੇ ਸਿਰ ਜ਼ਿੰਮੇਵਾਰੀ ਸੁਟ ਕੇ। (ਸੰਗ੍ਰ)

## ਲਬ ਲਾਨ੍ਹਤ ਤੇ ਤਮ੍ਹਾਂ ਖਰਾਬ।

**ਭਾਵ** :—ਲਾਲਚ ਬੁਰੀ ਬਲਾ ਹੈ।

**ਵਰਤੋਂ** :—ਉਹ ਵਿਚਾਰੀ ਗ਼ਰੀਬ ਸੀ। ਲਾਲਚ ਵਿਚ ਫਸ ਸਰਦਾਰਾਂ ਦੀ ਨੌਕਰਾਣੀ ਬਣ ਗਈ, ਉਸ ਨੂੰ ਕੀ ਪਤਾ ਸੀ ਕਿ ਉਸ ਨਾਲ ਕੀ ਬੀਤੇਗੀ? 'ਲਬ ਲਾਨ੍ਹਤ ਤੇ ਤਮ੍ਹਾਂ ਖਰਾਬ' ਅੰਤ ਖ਼ੁਆਰ ਹੋਈ। (ਸੰਗ੍ਰ)

## ਲਬ ਵਿਣਾਹੇ ਮਾਣਸਾ ਜਿਉਂ ਪਾਣੀ ਬੂਰ।

**ਭਾਵ** :—ਲੋਭ, ਲੋਭੀ ਪੁਰਸ਼ ਦਾ ਨਾਸ ਕਰ ਦੇਂਦਾ ਹੈ।

**ਵਰਤੋਂ** :—ਮਿਤ੍ਰ ਜੀ! ਲਾਲਚ ਬੁਰੀ ਬਲਾ ਜੇ। ਸਿਆਣਿਆਂ ਦਾ ਕਿਹਾ ਹੈ, ਲਬ ਵਿਣਾਹੇ ਮਾਨਸਾ ਜਿਉਂ ਪਾਣੀ ਬੂਰ।' (ਸੰਗ੍ਰ)

## ਲੱਭੀ ਚੀਜ਼ ਖੁਦਾਈ ਦੀ, ਨਾ ਧੇਲੇ ਦੀ ਨਾ ਪਾਈ ਦੀ।

**ਭਾਵ** :—ਜਿਹੜੀ ਬੇ-ਮਾਲਕ ਚੀਜ਼ ਹੱਥ ਆ ਜਾਵੇ ਉਹ ਆਪਣੀ ਹੀ ਸਮਝਣੀ ਚਾਹੀਦੀ ਹੈ।

**ਵਰਤੋਂ** :—ਮੈਂ ਕਿਉਂ ਰੁਪਿਆ ਮੋੜ ਕੇ ਦੇਵਾਂ, 'ਲੱਭੀ ਚੀਜ਼ ਖੁਦਾਈ ਦੀ, ਨਾ ਧੇਲੇ ਦੀ ਨਾ ਪਾਈ ਦੀ।' ਮੈਂ ਕੋਈ ਚੋਰੀ ਥੋੜੀ ਕੀਤੀ ਹੈ? (ਸੰਗ੍ਰ)

## ਲਲ੍ਹ ਕਰੇ ਵਲਲੀਆਂ, ਰਬ ਸਿਧੀਆਂ ਪਾਵੇ।

**ਭਾਵ** :—ਜਦ ਕੋਈ ਕੰਮ ਤਾਂ ਮੂਰਖਤਾ ਨਾਲ ਕਰੇ ਤੇ ਉਸ ਤੋਂ ਲਾਭ ਬੜਾ ਹੀ ਹੋਵੇ।

**ਵਰਤੋਂ** :—ਕੁਦਰਤ ਦੇ ਰੰਗ, ਜਿਨ੍ਹਾਂ ਨੂੰ ਚਾਹ ਸੀ ਬਾਦਸ਼ਾਹੀ ਦੀ, ਉਹ ਖਾਲੀ ਰਹਿ ਗਏ ਤੇ ਉਸ ਅਖਾਵਤ ਵਾਂਗ 'ਲਲ੍ਹ ਕਰੇ ਵਲੱਲੀਆਂ ਰੱਬ ਸਿਧੀਆਂ ਪਾਵੇ' ਅੰਗ੍ਰੇਜ਼ ਤਿਜਾਰਤ ਦੀ ਥਾਂ ਲਭਦੇ ਹਿੰਦੁਸਤਾਨ ਦੇ ਮਾਲਕ ਬਣ ਗਏ।

(ਮੇਰਾ ਵਲੈਤੀ ਸਫ਼ਰਨਾਮਾ—
ਲਾਲ ਸਿੰਘ ਕਮਲਾ ਅਕਾਲੀ)

## ਲਵੇਰੀ ਗਾਈਂ ਦੁੱਧ ਚੁਆਣ, ਫਰੜ ਗਾਈਂ ਲੱਤਾਂ ਭਨਾਣ।

**ਭਾਵ** :—ਗੁਣਵਾਨ ਸੁਖ ਦੇਂਦਾ ਹੈ ਤੇ ਨਿਰਗੁਣਆਰਾ ਦੁਖੀ ਹੁੰਦਾ ਹੈ।

**ਵਰਤੋਂ** :—ਗੁਣੀ ਸਦਾ ਦੂਜਿਆਂ ਨੂੰ ਵੀ ਸੁਖੀ ਕਰਦਾ ਹੈ, ਆਪ ਵੀ ਸੁਖੀ ਰਹਿੰਦਾ ਹੈ। ਪਰ ਕੁਪੱਤੇ ਨੂੰ ਸਭੇ ਲਾਹਨਤਾਂ ਹੀ ਪਾਂਦੇ ਹਨ, ਅਖੇ 'ਲਵੇਰੀ ਗਾਈਂ ਦੁਧ ਚੁਆਣ, ਫਰੜ ਗਾਂਈ ਲਤਾਂ ਭੁਨਾਣ।' (ਸੰਗ੍ਰ)

## ਲੜ ਮੋਇ ਜੋਗੀ, ਖਪਰਾਂ ਦਾ ਹਾਣ।

**ਭਾਵ** :—ਜਦ ਦੋਹਾਂ ਦੇ ਝਗੜਣ ਵਿਚ ਨੁਕਸਾਨ ਕਿਸੇ ਹੋਰ ਦਾ ਹੋਵੇ।

**ਵਰਤੋਂ** :—ਉਨ੍ਹਾਂ ਦੀ ਲੜਾਈ ਵਿਚ ਮਾਰਿਆ ਗਿਆ ਗ਼ਰੀਬ ਰਤਨੂ। 'ਲੜ ਮੋਇ ਜੋਗੀ, ਖਪਰਾ ਦੀ ਹਾਣ' ਵਾਲੀ ਗਲ ਹੋ ਗਈ। (ਸੰਗ੍ਰ)

## ਲੜਦਿਆਂ ਦੇ ਪਿਛੇ ਭਜਦਿਆਂ ਦੇ ਅਗੇ।

**ਭਾਵ** :—ਜਦ ਕੋਈ ਬੜਾ ਹੀ ਡਰਾਕਲ ਹੋਵੇ।

**ਵਰਤੋਂ** :—ਨਰਿੰਦਰ ਦਾ ਕੀ ਕਹਿਣਾ ਹੈ, ਬੜਾ ਹੀ ਦਲੇਰ ਜੇ! ਉਹ ਤਾਂ ਸਦਾ 'ਲੜਦਿਆਂ ਦੇ ਪਿਛੇ ਤੇ ਭਜਦਿਆਂ ਦੇ ਅਗੇ' ਰਹਿਣਾ ਚਾਹੁੰਦਾ ਹੈ। (ਸੰਗ੍ਰ)

**ਲੜਾਈ ਤੇ ਕੁੜਮਾਈ ਦੇ ਢਾਈ ਫੱਟ ਹੁੰਦੇ ਨੇ।**

**ਭਾਵ** :—ਜੇ ਕੰਮ ਛੇਤੀ ਸਿਰੇ ਨਾ ਚੜ੍ਹੇ ਤੇ ਉਸਦੇ ਵਿਗੜ ਜਾਣ ਦਾ ਡਰ ਹੋਵੇ, ਤਾਂ ਵਰਤਦੇ ਹਨ।

**ਵਰਤੋਂ** :—ਤੁਸਾਨੂੰ ਕਿਹਾ ਸੀ, ਲੰਮੀਆਂ ਵਿਚਾਰਾਂ ਵਿਚ ਨਾ ਪਵੋ 'ਲੜਾਈ ਤੇ ਕੁੜਮਾਈ ਦੇ ਢਾਈ ਫਟ ਹੁੰਦੇ ਨੇ' ਪਰ ਤੁਸੀਂ ਪਰਵਾਹ ਨਾ ਕੀਤੀ ਤੇ ਢਿਲ ਨਾਲ ਕੰਮ ਵਿਗੜ ਗਿਆ। (ਸੰਗ੍ਰ)

**ਲੜੀ ਘੁਮਿਆਰ ਨਾਲ ਕੰਨ ਮਰੋੜੇ ਖੋਤੇ ਦੇ। ਜਾਂ ਲੜੀ ਘਰਦਿਆਂ ਨਾਲ, ਰੋਸਾ ਗੁਆਂਢੀਆਂ ਨਾਲ।** ਵੇਖੋ :—ਡਿਗੀ ਖੋਤੇ ਤੋਂ ਤੇ ਗੁਸਾ ਘਮਿਆਰ ਨਾਲ।

**ਭਾਵ** :—ਜਦ ਗੁਸਾ ਕਿਸੇ ਹੋਰ ਨਾਲ ਹੋਵੇ ਤੇ ਕਢਿਆ ਹੋਰ ਉਤੇ ਜਾਵੇ।

**ਵਰਤੋਂ** :—ਮਾਨ ਤੇ ਭਾਗੋ ਲੜ ਪਈਆਂ, ਪਰ ਭਾਗੋ ਨੇ ਸੀਤੋ ਨਾਲ ਜਾ ਟਕਰ ਲਈ, ਉਹ ਹੈਰਾਨ ਹੋ ਬੋਲੀ, ਭੈਣ 'ਲੜੀ ਘੁਮਿਆਰ ਨਾਲ, ਕੰਨ ਮਰੋੜੇ ਖੋਤੇ ਦੇ' ਇਹ ਕੀ? (ਸੰਗ੍ਰ)

**ਲੜੇ ਫੌਜ ਤੇ ਨਾਂ ਸਰਕ ਰ ਦਾ।**

**ਭਾਵ** :—ਕੰਮ ਕਰੇ ਕੋਈ ਤੇ ਨਾਂ ਕਿਸੇ ਹੋਰ ਦਾ।

**ਵਰਤੋਂ** :—ਇਹ ਚੰਗੀ ਗਲ ਹੋਈ, ਕੰਮ ਤਾਂ ਕਰਦੇ ਮਰ ਗਏ ਕਲਰਕ ਤੇ ਨਾਮਣਾ ਖਟ ਗਿਆ ਅਫਸਰ। ਸਿਆਣਿਆਂ ਨੇ ਠੀਕ ਹੀ ਆਖਿਆ ਹੈ ਪਈ 'ਲੜੇ ਫੌਜ ਤੇ ਨਾਂ ਸਰਦਾਰ ਦਾ।' (ਸੰਗ੍ਰ)

**ਲਾਇਕ ਦੇ ਸੰਗ ਕੀਜੀਏ ਵੈਰ, ਵਿਹਾਰ, ਪ੍ਰੀਤ।**

**ਭਾਵ** :—ਯੋਗ ਪੁਰਸ਼ ਨਾਲ ਹੀ ਵੈਰ, ਵਪਾਰ ਜਾਂ ਪ੍ਰੇਮ ਕਰਨਾ ਚਾਹੀਦਾ ਹੈ।

**ਵਰਤੋਂ** :—ਸੁਖੀ ਰਹਿਣ ਲਈ ਇਹ ਵੀ ਜ਼ਰੂਰੀ ਹੈ ਕਿ ਯੋਗ ਪੁਰਸ਼ ਨਾਲ ਹੀ ਪ੍ਰੇਮ ਜਾਂ ਵਰਤੋਂ ਵਿਹਾਰ ਕਰੋ। ਘਟੀਆ ਤੇ ਨੀਚ ਪੁਰਸ਼ ਨਾਲ ਤਾਂ ਵੈਰ ਵੀ ਕਰਨਾ ਆਪਣੀ ਹੀ ਪੱਗ ਲਹਾਉਣੀ ਹੈ। ਸਿਆਣੇ ਇਸੇ ਲਈ ਆਖਦੇ ਹਨ, 'ਲਾਇਕ ਨਾਲ ਕੀਜੇ, ਵੈਰ, ਵਿਹਾਰ, ਪ੍ਰੀਤ।' (ਸੰਗ੍ਰ)

**ਲਾਹ ਲਈ ਲੋਈ ਤੇ ਕੀ ਕਰੇਗਾ ਕੋਈ? ਜਾਂ ਲਥੀ ਮੂੰਹ ਤੋਂ ਲੋਈ ਕੀ ਕਰੇਗਾ ਕੋਈ?**

**ਭਾਵ** :—ਜਦ ਸ਼ਰਮ ਹਯਾ ਹਟਾ ਦਿਤੀ, ਫਿਰ ਸੰਗ ਕਿਸ ਗੱਲ ਦੀ।

**ਵਰਤੋਂ** :—ਮੈਂ ਤਾਂ ਕੇਵਲ ਇਹੋ ਵੇਖਣਾ ਚਾਹੁੰਦਾ ਹਾਂ ਕਿ ਇਹ ਕਿਥੋਂ ਕੁ ਤਕ ਝੂਠ ਤੇ ਠਗੀ ਨਾਲ ਮੈਨੂੰ ਦਬਾ ਸਕਦੇ ਹਨ, ਮਗਰੋਂ ਮੇਰਾ ਰਸਤਾ ਸਾਫ਼ ਤ ਸਿੱਧਾ ਹੈ। 'ਲਾਹ ਲਈ ਲੋਈ ਤੇ ਕੀ ਕਰੇਗਾ ਕੋਈ।' (ਸੰਗ੍ਰ)

**ਲਾਹੇ ਕਾਰਨ ਮੂਲ ਗਵਾਇਆ।**

**ਭਾਵ** :—ਜਦ ਨਫ਼ਾ ਲੈਣ ਦੀ ਖਾਤਰ ਉਲਟਾ ਕੋਈ ਅਸਲ ਪੰਜੀ ਵੀ ਗਵਾ ਬੈਠੇ।

**ਵਰਤੋਂ** :—

ਇਸ ਜਗ ਆਏ ਗੁੰਦਾਏ ਕੇਸ।
ਭੂਲ ਗਏ ਸਭ ਘਰ ਅਰ ਦੇਸ।
ਹਮ ਜਾਨਾ ਕਿਛ ਹਮ ਨੇ ਪਾਇਆ।
ਲਾਹੇ ਕਾਰਨ ਮੂਲ ਗਵਾਇਆ।
(ਕਾਫ਼ੀਆਂ—ਗੁਲਾਮ ਜੀਲਾਨੀ ਰੋਹਤਕੀ)

**ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।**

**ਭਾਵ** :—ਬਾਬਰ ਦੇ ਚੌਥੇ ਹਮਲੇ ਵੇਲੇ (੧੫੨੪) ਲਾਹੌਰ ਸ਼ਹਿਰ ਵਿਚ ਜੋ ਜ਼ੋਰ ਜ਼ੁਲਮ ਹੋਇਆ, ਉਸ ਵਲ ਇਸ਼ਾਰਾ ਹੈ।

**ਵਰਤੋਂ** :—ਬਾਬਰ ਦੇ ਹੱਲੇ ਵੇਲੇ ਲਾਹੌਰ ਨਾਲ ਕੀ ਕੀ ਨਹੀਂ ਬੀਤੀ? ਗੁਰਵਾਕ ਹੈ :—

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।
(ਗੁਰੂ ਗ੍ਰੰਥ—ਸ਼ਲੋਕ ਵਾਰਾਂ ਤੇ ਵਧੀਕ)

**ਲਾਹੌਰ ਦਾ ਗਰਦਾ, ਪਿਸ਼ੌਰ ਦਾ ਸਰਦਾ।**

**ਭਾਵ** :—ਲਾਹੌਰ ਤੇ ਪਿਸ਼ੌਰ ਦੇ ਗੁਣ ਔਗਣ ਨੂੰ ਦਰਸਾਇਆ ਹੈ।

**ਵਰਤੋਂ** :—ਜੀ, ਲਾਹੌਰ ਵਿਚ ਕੀ ਰਖਿਆ ਹੈ। ਮਿੱਟੀ ਹੀ ਉਡਦੀ ਹੈ। ਸੁਣਿਆ ਨਹੀਂ ਤੁਸਾਂ 'ਲਾਹੌਰ ਦਾ ਗਰਦਾ, ਪਿਸ਼ੌਰ ਦਾ ਸਰਦਾ।' (ਸੰਗ੍ਰ)

**ਲਾਹੌਰ ਦੇ ਸ਼ੁਕੀਨ ਤੇ ਬੋਝੇ ਵਿੱਚ ਗਾਜਰਾਂ।**

**ਭਾਵ** :—ਹੱਥ ਪਲੇ ਕੁਝ ਨਾ ਹੋਵੇ, ਤੇ ਦਿਖਲਾਵਾ ਬਹੁਤਾ ਕਰੇ।

**ਵਰਤੋਂ** :—ਨਿਰਾ ਦਿਖਲਾਵਾ ਹੈ ਇਨ੍ਹਾਂ ਦਾ ਇਹ ਸਭ ਕੁਝ, ਅਸਲੀਅਤ ਤੁਹਾਨੂੰ ਭੀ ਪਤਾ ਹੈ ਤੇ ਸਾਥੋਂ ਭੀ ਗੁਝੀ ਨਹੀਂ। ਲਾਹੌਰ ਦੇ ਸ਼ੁਕੀਨ ਤੇ ਬੋਝੇ ਵਿਚ ਗਾਜਰਾਂ ਵਾਲੀ ਗਲ ਹੈ ਸਾਰੀ। (ਸੰਗ੍ਰ)

**ਲਾਖ ਕਰੋਰੀ ਬੰਧੁ ਨ ਪਰੈ ॥**

**ਭਾਵ** :—ਲਖਾਂ ਕਰੋੜਾਂ ਰੁਪਿਆਂ ਦੇ ਹੁੰਦਿਆ ਤ੍ਰਿਸ਼ਨਾ ਭਰਦੀ ਨਹੀਂ।

**ਵਰਤੋਂ** :—

ਲਾਖ ਕਰੋਰੀ ਬੰਧੁ ਨ ਪਰੈ।
ਹਰਿ ਕਾ ਨਾਮ ਜਪਤ ਨਿਸਤਰੈ।
(ਗੁਰੂ ਗ੍ਰੰਥ—ਗਉੜੀ ਸੁਖਮਨੀ)

**ਲਾਗੀ ਹੋਇ ਸੁ ਜਾਨੈ ਪੀਰ ॥**

**ਭਾਵ** :—ਜਿਸਨੂੰ ਪੀੜ ਹੋਵੇ ਓਹੀ ਦਰਦ ਨੂੰ ਜਾਣਦਾ ਹੈ।

**ਵਰਤੋਂ** :—

ਲਾਗੀ ਹੋਇ ਸੁ ਜਾਨੈ ਪੀਰ।
ਰਾਮ ਭਗਤਿ ਅਨੀਆਲੇ ਤੀਰ।
(ਗੁਰੂ ਗ੍ਰੰਥ—ਗਉੜੀ ਕਬੀਰ)

**ਲਾਗੀਆਂ ਲਾਗ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਰੰਡੀ ਬਹਿ ਜਾਏ।**

**ਭਾਵ** :—ਕਾਮਿਆਂ ਜਾਂ ਵਿਚੋਲਿਆਂ ਨੇ ਕਮਾਈ ਕਰ ਲੈਣੀ ਏ, ਮਾਲਕ ਨੂੰ ਭਾਵੇਂ ਨੁਕਸਾਨ ਹੀ ਹੋਵੇ।

**ਵਰਤੋਂ** :—ਤੁਸਾਂ ਤਾਂ ਪੈਸੇ ਖਰਚ ਕਰ ਲਏ, ਪਰ ਮੇਰੇ ਬੂਟ ਤਾਂ ਚਾਰ ਦਿਨ ਨਹੀਂ ਹੰਢੇ। 'ਲਾਗੀਆਂ ਲਾਗ ਲੈ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਈ ਰੰਡੀ ਬਹਿ ਜਾਏ।' ਇਹ ਕਿਹਾ ਵਪਾਰ ਏ? (ਸੰਗ੍ਰ)

**ਲਾਠੀ ਮਾਰਿਆਂ ਪਾਣੀ ਦੋ ਨਹੀਂ ਹੁੰਦੇ।**

**ਭਾਵ** :—ਨਿਕਟੀ ਸਾਕ ਅੰਗ ਮਾਮੂਲੀ ਝਗੜਿਆਂ ਨਾਲ ਨਿਖੜ ਨਹੀਂ ਸਕਦੇ।

**ਵਰਤੋਂ** :—ਬੋਲ-ਬਾਣੀ ਨਾ ਸਹੀ, ਪਰ ਅਕਸਰ ਨੂੰ ਤਾਂ ਭਰਾ ਭਰਾ ਹੀ ਹਨ। ਲਾਠੀ ਮਾਰਿਆਂ ਪਾਣੀ ਦੋ ਨਹੀਂ ਹੁੰਦੇ। (ਸੰਗ੍ਰ)

**ਲਾਡ ਲਡਾਵੇ, ਪੁਤ ਵੰਜਾਵੇ।**

**ਭਾਵ** :—ਔਲਾਦ ਬਹੁਤਾ ਲਾਡ ਕਰਨ ਨਾਲ ਵਿਗੜ ਜਾਂਦੀ ਹੈ।

**ਵਰਤੋਂ** :—ਭੈਣ, ਤੈਨੂੰ ਸਮਝਾ ਰਹੀ ਸਾਂ, ਕਿ ਪੁਤ ਨਾਲ ਬਾਹਲਾ ਲਾਡ ਨਾ ਕੀਤਾ ਕਰ; ਵਿਗੜ ਜਾਵੇਗਾ। ਪਰ ਤੂੰ ਇਕ ਨਾ ਸੁਣੀ। ਸਿਆਣਿਆਂ ਨੇ ਐਵੇਂ ਤਾਂ ਨਹੀਂ ਆਖਿਆ 'ਲਾਡ ਲਡਾਵੇ, ਪੁਤ ਵੰਜਾਵੇ।' (ਸੰਗ੍ਰ)

**ਲਾਲ ਗੋਦੜੀ ਵਿਚ ਲੁਕਾਇਆਂ ਨਹੀਂ ਲੁਕਦੇ। ਜਾਂ ਲਾਲ ਗੋਦੜੀ ਵਿਚ ਵੀ ਨਿਕਲ ਪੈਂਦੇ ਨੇ। ਜਾਂ ਲਾਲ ਗੋਦੜੀ ਵਿਚ ਵੀ ਪਛਾਣੇ ਜਾਂਦੇ ਨੇ।**

**ਭਾਵ** :—ਜਦ ਕੋਈ ਬਾਹਰੋਂ ਤਾਂ ਸਿਧਾ ਸਾਦਾ ਦਿਸੇ, ਪਰ ਅੰਦਰੋਂ ਬੜਾ ਗੁਣਵਾਨ ਹੋਵੇ।

**ਵਰਤੋਂ** :—ਲਾਲ ਗੋਦੜੀ ਵਿਚ ਲੁਕਾਇਆਂ ਥੋੜਾ ਲੁਕਣਾ ਸੀ, ਅਖੀਰ ਇਕ ਦਿਨ ਉਸ ਦੀ

ਸ਼ੁਹਰਤ ਲਾਗੇ ਪਾਸੇ ਸਾਰਿਆਂ ਨੂੰ ਪਤਾ ਲਗ ਗਈ ਤੇ ਲੋਕੀਂ ਉਸ ਨੂੰ ਅੱਖਾਂ ਤੇ ਚੁਕੀ ਚੁਕੀ ਫਿਰਨ। (ਸੰਗ੍ਰ)

## ਲਿਖਾਂ ਸਿੱਧੀਆਂ, ਹੋਵਣ ਪੁਠੀਆਂ।

**ਭਾਵ** :—ਕਰੇ ਕੋਈ ਲਾਭ ਲਈ ਤੇ ਨਿਕਲੇ ਹਾਣ।

**ਵਰਤੋਂ** :—

ਅੱਧੀ ਰਾਤੀਂ ਚੜ੍ਹੀਆਂ ਖਿਤੀਆਂ,
ਸਜਣ ਵਲ ਮੈਂ ਲਿਖਾਂ ਚਿਠੀਆਂ।
ਲਿਖਾਂ ਸਿੱਧੀਆਂ, ਹੋਵਣ ਪੁਠੀਆਂ,
ਖ਼ੁਦਾ ਜਾਣੇ ਕੇ ਮਕ ਮੁਕੀਆਂ।
ਸਜਣ ਮਿਲਸੀ ਕਿ ਮਿਲਸੀ (ਲੋਕ ਗੀਤ)

## ਲਿਖੀ ਕਲਮ ਨਾ ਕਦੀ ਮਿਟਦੀ।

**ਭਾਵ** :—ਜੋ ਭਾਗਾਂ (ਕਿਸਮਤ) ਵਿਚ ਲਿਖਿਆ ਹੈ, ਉਹ ਹੋਕੇ ਹੀ ਰਹਿੰਦਾ ਹੈ।

**ਵਰਤੋਂ** :—

ਯੂਸਫ਼ ਜਿਹਾਂ ਨੂੰ ਪੇਣ ਕਜ਼ੀਏ,
ਹੈਂ ਤੂੰ ਕੌਣ ਵਿਚਾਰੇ।
ਲਿਖੀ ਕਲਮ ਕਦੀ ਨਾ ਮਿਟਸੀ,
ਰੱਬ ਰੱਖੇ ਰੱਬ ਮਾਰੇ।
(ਹਾਫ਼ਜ਼ ਬਰਖੁਰਦਾਰ)

## ਲਿਖੇ ਮੂਸਾ ਤੇ ਪੜ੍ਹੇ ਖ਼ੁਦਾ।

**ਭਾਵ** :—ਭੈੜੀ ਲਿਖਤ ਜਿਹੜੀ ਪੜ੍ਹੀ ਨਾ ਜਾਵੇ।

**ਵਰਤੋਂ** :—'ਲਿਖੇ ਮੂਸਾ ਤੇ ਪੜ੍ਹੇ ਖ਼ੁਦਾ' ਵਾਲੀ ਗਲ ਹੈ। ਮੈਥੋਂ ਤਾਂ ਪੜ੍ਹਿਆ ਨਹੀਂ ਜਾਂਦਾ। (ਸੰਗ੍ਰ)

## ਲੀਹੇ ਲੀਹੇ ਗਾਡੀ ਚਲੇ, ਕੁਲੀਹੀਂ ਚਲੇ ਕਪੂਤ।

**ਭਾਵ** :—ਭੈੜੇ ਲੋਕ ਵਡਿਆਂ ਦੇ ਪੂਰਨਿਆਂ ਤੇ ਨਹੀਂ ਤੁਰਦੇ, ਚੰਗੇ ਹੀ ਤੁਰਦੇ ਹਨ।

**ਵਰਤੋਂ** :—ਪੁੱਤਰਾ ਹੋਸ਼ ਕਰ, 'ਲੀਹੇ ਲੀਹੇ ਗਾਡੀ ਚਲੇ, ਕੁਲੀਹੀ ਚਲੇ ਕਪੂਤ' ਵਡਿਆਂ ਦਾ ਰਾਹ ਨਾ ਛਡ, ਨਹੀਂ ਤਾਂ ਦੁਖ ਪਾਏਂਗਾ। (ਸੰਗ੍ਰ)

## ਲੁਕੇ ਨਾ ਮੂਰਖ ਆਪ ਲਖਾਵੇ ॥

**ਭਾਵ** :—ਮੂਰਖ ਲੁਕਦਾ ਨਹੀਂ, ਆਪਣਾ ਆਪ ਲੋਕਾਂ ਨੂੰ ਲਖਾ ਦੇਂਦਾ ਹੈ।

**ਵਰਤੋਂ** :—

ਸਭਨਾਂ ਚਾਲ ਸੁਹਾਵਣੀ ਲੰਗੜਾ ਕਰੇ ਲਖਾਉ ਲੰਗਾਵੈ।
ਲੁਕੈ ਨਾ ਮੂਰਖ ਆਪ ਲਖਾਵੈ।
(ਵਾਰਾਂ—ਭਾਈ ਗੁਰਦਾਸ)

## ਲੁਧੜਾਂ ਦੇ ਘਰ ਬੇਹਾ।

**ਭਾਵ** :—ਲੁਧੜ ਇਕ ਜਾਨਵਰ ਦਾ ਨਾਂ ਹੈ। ਇਹ ਆਪਣੇ ਬਚੇ ਹੋਏ ਖਾਣੇ ਉਤੇ ਪਿਸ਼ਾਬ ਕਰ ਦੇਂਦਾ ਹੈ। ਉਸ ਵਿੱਚ ਝਟਾ ਪਟ ਕੀੜੇ ਤੁਰਨ ਲਗ ਪੈਂਦੇ ਹਨ ਤੇ ਉਹ ਹੋਰ ਕਿਸੇ ਦੇ ਕੰਮ ਨਹੀਂ ਆਉਂਦਾ।

**ਵਰਤੋਂ** :—ਲਛਮੀ ਪਾਸੋਂ ਪੈਸੇ ਦੀ ਆਸ ਰਖਣੀ ਹੀ ਭੁਲ ਸੀ। ਕਦੀ 'ਲੁਧੜਾਂ ਦੇ ਘਰ ਬੇਹਾ' ਰਿਹਾ ਹੈ? (ਸੰਗ੍ਰ)

## ਲੂਣ ਦੀ ਖਾਣ ਵਿਚ ਜੋ ਗਿਆ ਲੂਣ ਹੀ ਹੋ ਗਿਆ।

**ਭਾਵ** :—ਜਿਹੜਾ ਮਾੜੀ ਸੰਗਤ ਵਿਚ ਪੈ ਗਿਆ, ਓਹੀ ਮਾੜਾ ਹੋ ਗਿਆ।

**ਵਰਤੋਂ** :—ਜਿਉਂ ਜਿਉਂ ਵਾਹ ਪੈਂਦੇ ਹਨ, ਜਗਤ ਵਿੱਚ ਕਪਟ ਹੀ ਕਪਟ ਹੁੰਦਾ ਹੈ। ਫਿਰ ਤਬੀਅਤ ਬਦਲ ਜਾਂਦੀ ਹੈ। ਲੂਣ ਦੀ ਖਾਣ ਵਿੱਚ ਹੋਰ ਸ਼ੈ ਲੂਣ ਜਿਕੂੰ ਹੋ ਜਾਂਦੀ ਹੈ ਤਿਕੂੰ ਆਪ ਹੋ ਜਾਈਦਾ ਹੈ।

(ਬਾਬਾ ਨੌਧ ਸਿੰਘ—ਭਾਈ ਵੀਰ ਸਿੰਘ)

## ਲੂਣ ਨਾ ਹਲਦ ਤੇ ਖਾਣ ਲਗੇ ਬਲਦ।

**ਭਾਵ** :—ਚੰਗੀ ਚੀਜ਼ ਪੜੀ ਹੋਈ ਨਾ

ਹੋਵੇ ਤਾਂ ਖਾਣ ਵਾਲੇ ਵੀ ਮੂਰਖ ਹੀ ਹੁੰਦੇ ਹਨ ।

**ਵਰਤੋਂ** :—'ਲੂਣ ਨਾ ਹਲਦ ਤੇ ਖਾਣ ਲਗੇ ਬਲਦ' । ਜਿਹੋ ਜਿਹਾ ਘਟੀਆ ਪ੍ਰਾਹੁਣਾ ਸੀ, ਓਹੋ ਜਿਹਾ ਹੀ ਰੁਖਾ ਪਕਵਾਨ ਵੀ ਉਸੇ ਲਈ ਬਣਿਆ ।(ਸੰ)

**ਲੂਣ ਪਾਣੀ ਖਾਹ ਤੇ ਨਕ ਦੀ ਸੇਧੇ ਜਾਹ ।**

**ਭਾਵ** :—ਸਾਦਗੀ ਵਿਚ ਜੀਵਨ ਕਟੋ ਤੇ ਸੁਖੀ ਰਹੋ ।

**ਵਰਤੋਂ** :—ਅਜ ਕਲ੍ਹ ਤਾਂ ਜ਼ਮਾਨਾ ਐਸਾ ਆ ਗਿਆ ਹੈ ਕਿ ਮੁਸ਼ਕਲਾਂ ਹੀ ਮੁਸ਼ਕਲਾਂ ਹਨ ਹਰ ਪਾਸੇ । ਲੋਕ ਸਮਝਦੇ ਨਹੀਂ ਜ਼ਿੰਦਗੀ ਦੀ ਫਿਲਾਸਫੀ ਨੂੰ । ਅਸਲ ਵਿਚ ਸੁਖ ਤਾਂ ਸਾਦਗੀ ਵਿਚ ਹੀ ਹੈ । ਸਿਆਣਿਆਂ ਐਵੇਂ ਨਹੀਂ ਜੇ ਆਖਿਆ 'ਲੂਣ ਪਾਣੀ ਖਾਹ ਤੇ ਨੱਕ ਦੀ ਸੇਧੇ ਜਾਹ ।' (ਸੰ)

**ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ।**

**ਭਾਵ** :—ਜੋ ਰੱਬ ਨੇ ਭਾਗਾਂ ਵਿੱਚ ਲਿਖਿਆ ਹੈ, ਉਹ ਹੋਕੇ ਹੀ ਰਹਿਣਾ ਹੈ ।

**ਵਰਤੋਂ** :—ਸਹੇਲੀਆਂ—ਭੈਣ ਜੀ 'ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ' ਕਰਮ ਬੜੇ ਪਰਬਲ ਨੇ, ਹੋਣੀ ਦੇ ਨਾਲ ਕੋਈ ਚਾਰਾ ਨਹੀਂ ਚਲਦਾ ।

(ਰਜਨੀ ਨਾਟਕ—ਨਾਨਕ ਸਿੰਘ)

**ਲੇਖਾ ਕਰਕੇ ਦਸਿਆ, ਮੂਰਖ ਗਾਹਣੁ ਹੱਸਿਆ ।**

**ਭਾਵ** :—ਲੇਖਾ ਕਰਨ ਦਾ ਮੂਰਖ ਹੀ ਮੌਜੂ ਉਡਾਦਾ ਹੈ, ਸਿਆਣਾ ਨਹੀਂ ।

**ਵਰਤੋਂ** :—ਹੁਣ ਦੰਦੀਆਂ ਕਢ ਬੈਠਾ ਏਂ ! ਅਖੇ 'ਲੇਖਾ ਕਰਕੇ ਦਸਿਆ, ਮੂਰਖ ਗਾਹਣੁ ਹਸਿਆ ।' ਹਿਸਾਬ ਨਾਲ ਜੋ ਦੇਣਾ ਲੈਣਾ ਹੈ, ਉਹ ਤਾਂ ਤੈਨੂੰ ਦੇਣਾ ਹੀ ਪਵੇਗਾ । ਕੋਈ ਮਖੌਲ ਤਾਂ ਨਹੀਂ ! (ਸੰਗ੍ਰ)

**ਲੇਖਾ ਜੌ ਦਾ ਦਾਨ ਸੌ ਦਾ ।**

**ਭਾਵ** :—ਹਰ ਇਕ ਨਾਲ ਹਿਸਾਬ ਪੂਰਾ ਪੂਰਾ ਕਰਨਾ ਚਾਹੀਦਾ ਹੈ ।

**ਵਰਤੋਂ** :—ਬੱਚਾ, ਵਿਹਾਰ ਵਿਚ ਬੜਾ ਸੁਚੇਤ ਰਹਿਣਾ । ਪਾਈ ਪਾਈ ਦਾ ਹਿਸਾਬ ਰਖਣਾ । 'ਲੇਖਾ ਜੌ ਦਾ ਦਾਨ ਸੌ ਦਾ ।' (ਸੰਗ੍ਰ)

**ਲੇਖਾ ਨਾ ਕਰ ਸ਼ਾਹਾਂ ਨਾਲ ਮਤ ਦੇਣਾ ਆਵੀ ।**

**ਭਾਵ** :—ਜਦ ਕਿਸੇ ਤੇ ਬਹੁਤ ਹਸਾਨ ਕੀਤੇ ਹੋਣ ਤਾਂ ਦੂਜਾ ਲੇਖੇ ਉਤੇ ਉਭਰ ਆਵੇ ਤਾਂ ਵਰਤਦੇ ਹਨ ।

**ਵਰਤੋਂ** :—ਮੇਰੇ ਨਾਲ ਲੇਖਾ ਨਾ ਕਰ ਪੁਤਰਾ ! ਮੇਰੀ ਕੀਤੀ ਨੂੰ ਤੂੰ ਦੋ ਜਹਾਨ ਨਹੀਂ ਲਾਹ ਸਕਦਾ । 'ਲੇਖਾ ਨਾ ਕਰ ਸ਼ਾਹਾਂ ਨਾਲ, ਮਤ ਦੇਣਾ ਆਵੀਂ । (ਸੰਗ੍ਰ)

**ਲੇਖਾ ਮਾਵਾਂ ਧੀਆਂ ਦਾ ।**

**ਭਾਵ** :—ਹਰ ਇਕ ਨਾਲ ਹਿਸਾਬ (ਲੈਣ ਦੇਣ ਦਾ) ਪੂਰਾ ਪੂਰਾ ਕਰਨਾ ਚਾਹੀਦਾ ਹੈ ।

**ਵਰਤੋਂ** :—ਬੱਚਾ; ਵਿਹਾਰ ਵਿਚ ਬੜਾ ਸੁਚੇਤ ਰਹਿਣਾ, ਪਾਈ ਪਾਈ ਦਾ ਹਿਸਾਬ ਰਖਣਾ । ਸਿਆਣਿਆਂ ਐਵੇਂ ਨਹੀਂ ਜੇ ਆਖਿਆ ਲੇਖਾ ਮਾਵਾਂ ਧੀਆਂ ਦਾ । (ਸੰਗ੍ਰ)

**ਲੇਲੇ ਦੀ ਬਘਿਆੜ ਨਾਲ ਕੀ ਵਟੀਂਦੀ ਏ ?**

**ਭਾਵ** :—ਤਕੜੇ ਨਾਲ ਮਾੜੇ ਦਾ ਟਾਕਰਾ ਨਹੀਂ ਹੋ ਸਕਦਾ ।

**ਵਰਤੋਂ** :—ਸੀਤਾ ਰਾਮ ਨੂੰ ਗੁੱਸਾ ਆ ਗਿਆ, ਉਹ ਵੀ ਕੌੜਾ ਕਸੈਲਾ ਬੋਲਿਆ, ਪਰ ਲੇਲੇ ਦੀ ਬਘਿਆੜ ਨਾਲ ਕੀ ਵਟੀਂਦੀ ਏ ? ਉਲਟਾ ਧੌਲ ਧਪਾ ਖਾ ਕੇ ਘਰ ਨੂੰ ਤੁਰ ਗਿਆ ।

(ਲਵ ਮੈਰਿਜ—ਨਾਨਕ ਸਿੰਘ)

**ਲੈਣ ਦਾ ਸ਼ਾਹ ਦੇਣ ਦਾ ਦੀਵਾਲੀਆ ।**

**ਭਾਵ** :—ਜਦ ਕੋਈ ਦੇਣ ਦੇ ਹਕ ਖੋਟਾ ਹੋਵੇ ਤੇ ਹਰ ਵੇਲੇ ਮੰਗਦਾ ਹੀ ਰਹੇ ।

**ਵਰਤੋਂ** :—ਨੱਥਾ ਸਿੰਘ, ਵਪਾਰ ਦਾ ਚੰਗਾ ਨਹੀਂ, ਜੋ ਲੈ ਜਾਵੇ ਦੇਣ ਵਿਚ ਹੀ ਨਹੀਂ ਆਉਂਦਾ, ਉਹ ਤਾਂ 'ਲੈਣ ਦਾ ਸ਼ਾਹ ਤੇ ਦੇਣ ਦਾ ਦੀਵਾਲੀਆ ਹੈ ।' (ਸੰਗ੍ਰ)

**ਲੈਣ ਨੂੰ ਸਹਿਸਰ ਬਾਹੂ, ਦਣ ਨੂੰ ਮੁਰਲੀ ਮਨੋਹਰ ।**

**ਭਾਵ** :—ਲੈਣ ਨੂੰ ਤਕੜਾ ਦੇਣ ਨੂੰ ਮਾੜਾ ।

**ਵਰਤੋਂ** :—ਬੜੀ ਹੀ ਨਿਆਰੀ ਹੈ । ਜਿਸ ਵੇਲੇ ਵੇਖੋ ਲੈਣ ਦੀਆਂ ਹੀ ਗੱਲਾਂ ਕਰਦੀ ਰਹਿੰਦੀ ਹੈ । ਦੇਣ ਦਾ ਨਾਂ ਨਹੀਂ ਲੈਂਦੀ, ਇਹ ਤਾਂ ਲੈਣ ਨੂੰ ਸਹਿਸਰ ਬਾਹੂ ਤੇ ਦੇਣ ਨੂੰ ਮੁਰਲੀ ਮਨੋਹਰ ਹੈ । (ਸੰ)

**ਲੈਣ ਵਿਆਜੀ ਦੇਣ ਉਧਾਰੇ, ਉਹਨਾਂ ਦੇ ਕਿਉਂ ਨਾ ਰਹਿਣ ਕੰਵਾਰੇ ।**

**ਭਾਵ** :—ਕਰਜ਼ਾ ਚੁਕ ਕੇ ਕਰਜ਼ਾ ਦੇਣਾ ਚੰਗਾ ਨਹੀਂ ।

**ਵਰਤੋਂ** :—ਮਾਸੀ ! ਕਿਸੇ ਪਾਸੋਂ ਕਰਜ਼ਾ ਚੁਕ ਕੇ ਸ਼ਾਹੂਕਾਰਾ ਤੋਰਨਾ ਚੰਗਾ ਨਹੀਂ, 'ਲੈਣ ਵਿਆਜੀ ਦੇਣ ਉਧਾਰ; ਉਹਨਾਂ ਦੇ ਕਿਉਂ ਨਾ ਰਹਿਣ ਕੰਵਾਰੇ ।' ਇਸ ਵਿੱਚ ਘਾਟਾ ਹੀ ਘਾਟਾ ਹੈ । (ਸੰਗ੍ਰ)

**ਲੈਣਾ ਨਾ ਦੇਣਾ, ਨਾ ਕਾਰੇ ਨਾ ਮਸਲੇ ।**

**ਭਾਵ** :—ਕੋਈ ਵਾਸਤਾ ਨਾ ਹੋਣਾ ।

**ਵਰਤੋਂ** :—'ਲੈਣਾ ਨਾ ਦੇਣਾ, ਨਾ ਕਾਰੇ ਨਾ ਮਸਲੇ' ਖ਼ਾਹ-ਮ-ਖ਼ਾਹ ਹੀ ਮੇਰੇ ਗਲੇ ਪਈ ਜਾਂਦਾ ਹੈ । (ਸੰਗ੍ਰ)

**ਲੈਣਾ ਨਾ ਦੇਣਾ, ਵਜਾ ਦਾਦੀ ਵਜਾ ।**

**ਭਾਵ** :—ਕਿਸੇ ਨੂੰ ਮਜ਼ੂਰੀ ਨਾ ਦੇਣੀ ਤੇ ਕੰਮ ਕਰਾਈ ਜਾਣਾ ।

**ਵਰਤੋਂ** :—ਧਰਮ ਵੀਰ ਵੀ ਆਪਣੀ ਕਿਸਮ ਦਾ ਆਪ ਹੀ ਏ । ਕੰਮ ਤਾਂ ਲੈ ਲੈਂਦਾ ਹੈ, ਪਰ ਮਜ਼ੂਰੀ ਨਹੀਂ ਦੇਂਦਾ, ਅਖੇ 'ਲੈਣਾ ਨਾ ਦੇਣਾ, ਵਜਾ ਦਾਦੀ ਵਜਾ' ਵਾਲਾ ਲੇਖਾ ਹੈ । (ਸੰਗ੍ਰ)

**ਲੈਣੀ ਇਕ, ਨਾ ਦੇਣੀ ਦੋ ।**

**ਭਾਵ** :—ਜਦ ਕਿਸੇ ਕੰਮ ਨਾਲ ਕੋਈ ਵਾਸਤਾ ਨ ਹੋਵੇ । ਬੇਪ੍ਰਵਾਹੀ ਲਈ ਵੀ ਵਰਤਦੇ ਹਨ ।

**ਵਰਤੋਂ** :—ਮੇਰਾ ਕੀ ਵਾਸਤਾ ਹੈ ਜੁ ਲੱਤ ਅੜਾਦਾਂ ਅਖੇ 'ਲੈਣੀ ਇਕ ਨਾ ਦੇਣੀ ਦੋ' ਮੈਂ ਨਹੀਂ ਵਿਚ ਆਉਂਦਾ । (ਸੰ)

**ਲੋਹਕਾ ਲਦ ਸਵੇਲੇ ਆ ।**

**ਭਾਵ** :—ਥੋੜਾ ਕੰਮ ਸਿਰ ਤੇ ਚੁਕੋ ਜੋ ਕਰ ਸਕੋ, ਫਿਰ ਸੁਖਾਲੇ ਰਹੋਗੇ ।

**ਵਰਤੋਂ** :— ਜੀਤ ਸਿੰਘ ਜੀ, ਹੁਣ ਵਾਧੂ ਖੇਕਲਾਂ ਛਡ ਦਿਓ । 'ਲੋਹਕਾ ਲੱਦ ਸਵੇਲੇ ਆ' ਵਾਲਾ ਨਿਯਮ ਧਾਰੋ । (ਸੰ)

**ਲੋਹਾ ਜਾਣੇ ਲੋਹਾਰ ਜਾਣੇ, ਧੌਂਕਣ ਵਾਲੇ ਦੀ ਬਲਾ ਜਾਣੇ ।**

**ਭਾਵ** :—ਜਿਸ ਦਾ ਕੰਮ ਹੋਵੇ ਓਹੋ ਹੀ ਕਰ ਸਕਦਾ ਹੈ ।

**ਵਰਤੋਂ** :— ਕਿਰਤੀ—ਸ਼ਾਹ ਜੀ, ਤੁਹਾਡੇ ਕੰਮ ਅਸੀਂ ਹੀ ਕਰ ਸਕਦੇ ਹਾਂ ਅਖੇ 'ਲੋਹਾ ਜਾਣੇ ਲੋਹਾਰ ਜਾਣੇ, ਧੌਂਕਣ ਵਾਲੇ ਦੀ ਬਲਾ ਜਾਣੇ' ਤੁਸੀਂ ਵਹੀਆਂ ਫੋਲੋ । (ਸੰਗ੍ਰ)

**ਲੋਹਾ ਲੋਹੇ ਨੂੰ ਕਟਦਾ ਹੈ ।**

**ਭਾਵ** :—ਆਪਣੇ ਜਿਹਾ ਹੀ ਕਾਬੂ ਕਰ ਸਕਦਾ ਹੈ ਜਾਂ ਤਾਕਤ ਦਾ ਜਵਾਬ ਤਾਕਤ ਨਾਲ ਹੀ ਦੇਣਾਂ ਬਣਦਾ ਹੈ ।

**ਵਰਤੋਂ** :—ਜੀ, 'ਲੋਹੇ ਨੂੰ ਲੋਹਾ ਕਟਦਾ ਹੈ' ਇਟ ਦਾ ਜਵਾਬ ਪੱਥਰ ਨਾਲ ਦਿਉਗੇ ਤਦੇ ਉਹ ਮੰਨੇਗਾ । (ਸੰਗ੍ਰ)

**ਲੋਹਾਰ ਜਾਣਨ, ਅੰਗਾਰ ਜਾਣਨ ।**

**ਭਾਵ** :—ਜਿਹਨਾਂ ਦਾ ਕੰਮ ਹੈ, ਉਹ ਜਾਣਨ, ਦੂਜੇ ਨੂੰ ਕੀ ।

**ਵਰਤੋਂ** :—ਕੁਲਦੀਪ ਕਈ ਵਾਰ ਸੋਚਦਾ, ਮੈਂ ਕਿਉਂ ਐਵੇਂ ਬਿਗਾਨੀ ਅੱਗ ਵਿਚ ਆਪਣੇ ਆਪ ਨੂੰ ਝੁਲਸ ਰਿਹਾ ਹਾਂ । 'ਲੋਹਾਰ ਜਾਣਨ ਤੇ ਅੰਗਾਰ ਜਾਣਨ' ਮੈਨੂੰ ਕੀ ?

(ਅਧ ਖਿੜਿਆ ਫੁਲ—ਨਾਨਕ ਸਿੰਘ)

**ਲੋਹਾਰ ਦੀ ਸੰਨ੍ਹੀ ਕਦੇ ਪਾਣੀ ਵਿਚ ਕਦੇ ਅੱਗ ਵਿਚ ।**

**ਭਾਵ** :—ਭੈੜੇ ਪੁਰਸ਼ ਦੇ ਵਸ ਪੈਕੇ ਬਹੁਤ ਦੁਖੀ ਹੋਈਦਾ ਹੈ ।

**ਵਰਤੋਂ** :—ਸਾਡਾ ਹਾਲ ਕੀ ਪੁਛਦੇ ਹੋ ? 'ਲੋਹਾਰ ਦੀ ਸੰਨ੍ਹੀ ਵਾਂਗ ਕਦੀ ਪਾਣੀ ਵਿਚ ਕਦੀ ਅੱਗ ਵਿਚ ਹੁੰਦੇ ਹਾਂ । (ਸੰਗ੍ਰ)

**ਲੋਕਾਂ ਦੀਆਂ ਜਪ ਮਾਲੀਆਂ, ਜਲ੍ਹਣ ਦਾ ਜਪਮਾਲ ।**

**ਭਾਵ** :—ਜਦ ਕੋਈ ਬਹੁਤ ਧਾਰਮਕ ਪਾਖੰਡ ਕਰਦਾ ਦਿਸੇ ।

**ਵਰਤੋਂ** :—

ਵੱਡਾ ਕਿਕਰ ਵੱਢ ਕੇ ਜਪਮਾਲ ਬਣਾਯਾ ।
ਉਚੇ ਟਿੱਬੇ ਬੈਹ ਕੇ ਠਾਹ ਠਾਹ ਵਜਾਯਾ ।
ਲੋਕਾਂ ਦੀਆਂ ਜਪਮਾਲੀਆਂ ਜਲ੍ਹਣ ਦਾ ਜਪਮਾਲ ।
ਸਾਰੀ ਉਮਰ ਜਪੇਂਦਿਆਂ ਇਕ ਨਾ ਖੁੱਥਾ ਵਾਲ ।

(ਜਲ੍ਹਣ ਜਟ)

**ਲੋਕਾਂ ਦੇਣਾ ਬ੍ਰਹਮ ਗਿਆਨ, ਆਪ ਹੋ ਰਹਿਣਾ ਪਥਰ ਪ੍ਰਾਣ । ਜਾਂ ਲੋਕਾਂ ਭਾਣੇ ਚਾਨਣਾ, ਆਪ ਅੰਧੇਰੇ ਜਾਣ, ਪਾਧਾ ਤੇ ਮਸ਼ਾਲਚੀ ਦੋਵੇਂ ਬੇਈਮਾਨ ।**

**ਭਾਵ**:—ਆਪ ਭੈੜਾ ਹੋਵੇ, ਪਰ ਲੋਕਾਂ ਨੂੰ ਅਗਵਾਈ ਦੇਣ ਦਾ ਦਾਹਵਾ ਕਰੇ ।

**ਵਰਤੋਂ** :—ਪੰਡਤ ਹੁਰੀਂ ਵੀ ਉਹਨਾਂ ਭਦਰ ਪੁਰਸ਼ਾਂ ਵਿਚੋਂ ਹੀ ਹਨ । ਜਿਹਨਾਂ ਲਈ ਇਹ ਅਖਾਣ ਵਰਤਿਆ ਜਾਂਦਾ ਹੈ 'ਲੋਕਾਂ ਦੇਣਾ ਬ੍ਰਹਮ ਗਿਆਨ, ਆਪ ਹੋ ਰਹਿਣਾ ਪਥਰ ਪ੍ਰਾਣ' । (ਸੰਗ੍ਰ)

**ਲੋਕਾ ਨੂੰ ਨਸੀਅਤ, ਆਪ ਮੀਆਂ ਫਜ਼ੀਹਤ ।**

ਫਜ਼ੀਹਤ = ਦੁਰਦਸ਼ਾ ।

**ਭਾਵ** :—ਕੋਈ ਹੋਰਨਾਂ ਨੂੰ ਤਾਂ ਚੰਗੇ ਕੰਮ ਕਰਨ ਲਈ ਆਖੇ, ਪਰ ਆਪ ਇਸਦੇ ਉਲਟ ਕਰੇ ।

**ਵਰਤੋਂ** :— ਧਿਆਨ ਸਿੰਘ ਨੇ ਬੇਨਤੀ ਕੀਤੀ ਕਿ ਸ਼ੇਖੂਪੁਰ ਵਿਚ ਉਲ਼ਾਂ (ਯਰਗਮਾਲਾਂ) ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਹੈ ਤੇ ਅਜ ਨਿਰਾਤੇ ਦਾ ਸ਼ੁਭ ਦਿਨ ਹੈ, ਇਸ ਲਈ ਧਰਮ ਕਰਮ ਕਰਨਾ ਜ਼ਰੂਰੀ ਹੈ । ਅਰੋਂ ਮਹਾਰਾਜਾ ਸਾਹਿਬ ਨੇ ਫੁਰਮਾਇਆ ਕਿ ਜੰਮੂ ਵਾਲੇ ਉਲਾਂ ਨੂੰ ਛਡ ਦਿਓ । ਧਰਮ ਇਹੋ ਹੀ ਹੈ । ਪਰ ਉਸ ਦੀ ਤਾਂ 'ਲੋਕਾਂ ਨੂੰ ਨਸੀਹਤ ਆਪ ਮੀਆਂ ਫਜ਼ੀਹਤ' ਵਾਲੀ ਗੱਲ ਸੀ ।

(ਸਰਦਾਰ ਸ਼ਾਮ ਸਿੰਘ ਅਟਾਰੀ—ਗੰਡਾ ਸਿੰਘ)

**ਲੋਕਾਂ ਨੂੰ ਲਕ ਦੀ ਗਗੜੀ ਨੂੰ ਜੋਕ ਦੀ । ਜਾਂ ਲੋਕਾਂ ਨੂੰ ਲੋਕਾਂ ਨਾਲ, ਗਗੜੀ ਨੂੰ ਜੋਕਾਂ ਨਾਲ ।**

ਗਗੜੀ = ਜੋਕਾਂ ਲਾਉਣ ਵਾਲੀ ਤੀਵੀਂ ।

**ਭਾਵ** :—ਜਦ ਕਿਸੇ ਨੂੰ ਨਿਰੋਲ ਆਪਣੇ ਕੰਮ ਨਾਲ ਹੀ ਮਤਲਬ ਹੋਵੇ ।

**ਵਰਤੋਂ** :— ਰਤਨੇ ਨੂੰ ਕਿਸੇ ਦੇ ਦੁਖ ਸੁਖ ਨਾਲ ਕੀ ? ਉਸਨੂੰ ਤਾਂ ਆਪਣਾ ਕੰਮ ਟਿਚ ਚਾਹੀਦਾ ਹੈ । 'ਲੋਕਾਂ ਨੂੰ ਲੋਕਾਂ ਨਾਲ, ਗਗੜੀ ਨੂੰ ਜੋਕਾਂ ਨਾਲ' ਵਾਲਾ ਲੇਖਾ ਹੈ ਉਸਦਾ ਤਾਂ । (ਸੰ)

**ਲੋਕਾਂ ਭਾਣੇ ਕਾਨ੍ਹ ਕਾਲਾ ਮੈਨੂੰ ਚੰਦ ਨੀ ਅਕਾਸ਼ੋ ਚੜ੍ਹਿਆ ।**

**ਭਾਵ** :—ਜਦੋਂ ਆਪਣੀ ਪਸੰਦ ਦੀ ਮਹਾਨਤਾ ਦਸਣੀ ਹੋਇ ।

**ਵਰਤੋਂ** :— ਪ੍ਰਸਿਨੀ—ਨੀ ਪਾਰੋ ਤੇਰ

ਪ੍ਰਾਹੁਣਾ ਤਾਂ ਬੜਾ ਹੀ ਕਾਲਾ ਹੈ। ਮੈਨੂੰ ਤਾਂ ਪਸੰਦ ਨਹੀਂ। ਪਾਰੋ—ਪਰ ਮੈਨੂੰ ਤਾਂ ਉਹ ਅਕਾਸ਼ੋਂ ਉਤਰੀ ਪਰੀ ਹੈ। 'ਲੋਕਾਂ ਭਾਣੇ ਕਾਣੂ ਕਾਲਾ, ਮੈਨੂੰ ਚੰਦ ਨੀ ਅਕਾਸ਼ੋਂ ਚੜ੍ਹਿਆ'। (ਸੰਗ੍ਰ)

## ਲਭ ਦਾ ਡਉ, ਜਿੰਦ ਦਾ ਖਉ।

**ਭਾਵ** :—ਲੋਭ ਦੀ ਅਗ ਸਦਾ ਮਨੁਖ ਨੂੰ ਸਾੜਦੀ ਰਹਿੰਦੀ ਹੈ।

**ਵਰਤੋਂ** :—'ਲੋਭ ਦਾ ਡਉ ਜ਼ਿੰਦ ਦਾ ਖਉ' ਬਣਿਆ ਰਹਿੰਦਾ ਹੈ, ਲਾਲਚ ਬੁਰੀ ਬਲਾ ਹੈ। (ਸੰਗ੍ਰ)

## ਲੋਭੀ ਦਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ।

**ਭਾਵ** :—ਜਿਥੋਂ ਤਕ ਵਾਹ ਲਗੇ, ਲੋਭੀ ਦਾ ਇਤਬਾਰ ਨਾ ਕਰੋ।

**ਵਰਤੋਂ** :—

ਲੋਭੀ ਦਾ ਵੇਸਾਹ ਨ ਕੀਜੈ ਜੇ ਕਾ ਪਾਰਿ ਵਸਾਇ।
ਅੰਤਿਕਾਲ ਤਿਥੈ ਧੁਹੈ ਜਿਥੈ ਹਥੁ ਨ ਪਾਇ। (ਗੁਰੂ ਗ੍ਰੰਥ—ਸ਼ਲੋਕ)

## ਲੋੜ ਕਾਢ ਦੀ ਮਾਂ ਹੈ।

**ਭਾਵ** :—ਜਿਸ ਚੀਜ਼ ਦੀ ਲੋੜ ਜ਼ਰੂਰੀ ਹੋਵੇ ਉਹ ਬਣ ਹੀ ਜਾਂਦੀ ਹੈ।

**ਵਰਤੋਂ** :—'ਲੋੜ ਕਾਢ ਦੀ ਮਾਂ ਹੈ'। ਨਹੀਂ ਤਾਂ ਮਨੁਖ ਜੰਗਲਾਂ ਵਿਚੋਂ ਨਿਕਲਕੇ ਸ਼ਾਨਦਾਰ ਸ਼ਹਿਰਾਂ ਵਿਚ ਕਿਵੇਂ ਆ ਵਸਦਾ? (ਸੰਗ੍ਰ)

## ਲੋੜ ਦਾ ਮੁਲ ਨਹੀਂ।

**ਭਾਵ** :—ਲੋੜੀਂਦੀ ਚੀਜ਼ ਦਾ ਜੋ ਵੀ ਕੋਈ ਮੁਲ ਕਰੇ, ਦੇਣਾ ਹੀ ਪੈਂਦਾ ਹੈ।

**ਵਰਤੋਂ** :—ਇਹ ਠੀਕ ਹੈ ਕਿ 'ਲੋੜ ਦਾ ਮੁਲ ਨਹੀਂ' ਪਰ ਇਤਨੀ ਕੀਮਤ ਦੀ ਇਹ ਚੀਜ਼ ਨਹੀਂ। (ਸੰਗ੍ਰ)

## ਲੋੜ ਵੇਲੇ ਗਧੇ ਨੂੰ ਪਿਉ ਆਖ ਲਈਦਾ ਹੈ।

**ਭਾਵ** :—ਲੋੜ ਪੈਣ ਵੇਲੇ ਮਾੜੇ ਨੂੰ ਚੰਗਾ ਆਖ ਲਈਦਾ ਹੈ।

**ਵਰਤੋਂ** :—ਗਰਜ਼ ਬੜੀ ਚੀਜ਼ ਏ। ਲੋੜ ਵੇਲੇ ਗਧੇ ਨੂੰ ਪਿਉ ਆਖ ਲਈਦਾ ਹੈ। ਝਕੋ ਨਾ। ਜ਼ਰੂਰ ਮਿਲੋ। (ਸੰਗ੍ਰ)

## ਲੋੜੀਂਦਾ ਗੁੜ ਢੀਲਾ।

**ਭਾਵ** :—ਜਦ ਕਿਸੇ ਚੀਜ਼ ਦੀ ਬਹੁਤ ਲੋੜ ਹੋਵੇ ਉਹੀ ਖਰਾਬ ਨਿਕਲੇ।

**ਵਰਤੋਂ** :—ਮੈਨੂੰ ਜਿੰਨੀ ਲੋੜ ਸੀ ਪੈਸੇ ਦੀ, ਓਨਾ ਹੀ ਮੈਨੂੰ ਨਾ ਮਿਲਿਆ। 'ਲੋੜੀ ਦਾ ਗੁੜ ਢੀਲਾ' ਵਾਲਾ ਹਿਸਾਬ ਹੋਇਆ। (ਸੰਗ੍ਰ)

## ਲੰਘਣ ਮਿਤ੍ਰ, ਉਧਾਰ ਵੈਰੀ।

**ਭਾਵ** :—ਭੁਖੇ ਰਹਿਣਾ ਚੰਗਾ ਹੈ, ਪਰ ਕਰਜ਼ਾ ਲੈਣਾ ਮਾੜਾ ਹੈ।

**ਵਰਤੋਂ** :—ਮਾਂ ਜੀ ਕਿਸੇ ਹਾਲਤ ਵਿਚ ਵੀ ਕਰਜ਼ ਨਹੀਂ ਜੇ ਚੁਕਣਾ, ਕਿਉਂਕਿ ਸਿਆਣੇ ਆਖਦੇ ਹਨ, 'ਲੰਘਣ ਮਿਤ੍ਰ, ਉਧਾਰ ਵੈਰੀ'। (ਸੰਗ੍ਰ)

## ਲੰਡਾ ਟੱਟੂ, ਲਾਹੌਰ ਦਾ ਦਾਈਆ।

**ਭਾਵ** :—ਹਿੰਮਤ ਤਾਂ ਕਿਸੇ ਦੀ ਥੋੜੀ ਹੋਵੇ, ਪਰ ਟਾਹਰਾਂ ਬਾਹਲੀਆਂ ਮਾਰੇ।

**ਵਰਤੋਂ** :—ਹਰਨਾਮ ਤਾਂ ਕੱਖ ਭੰਨ ਕੇ ਦੋਹਰਾ ਕਰਨ ਜੋਗਾ ਨਹੀਂ, ਪਰ ਗੱਲਾਂ ਨਾਲ ਪਹਾੜ ਢਾਂਹਦਾ ਹੈ। ਉਸਦਾ ਤਾਂ ਅਖੇ 'ਲੰਡਾ ਟੱਟੂ ਲਾਹੌਰ ਦਾ ਦਾਈਆ' ਵਾਲਾ ਲੇਖਾ ਹੈ। (ਸੰਗ੍ਰ)

## ਲੰਡਾ ਭਾਵੇਂ ਚੋਰਾਂ ਵਿਚ ਖੇਡੇ।

**ਭਾਵ** :—ਹੀਣੇ ਪੁਰਸ਼ ਤੋਂ ਕਿਸੇ ਨੂੰ ਕੋਈ ਡਰ ਨਹੀਂ ਹੁੰਦਾ।

**ਵਰਤੋਂ** :—ਮੈਨੂੰ ਕਾਹਦਾ ਡਰ ਏ? ਅਖੇ 'ਲੰਡਾ ਭਾਵੇਂ ਚੋਰਾਂ ਵਿਚ ਖੇਡੇ' ਓਹਨੇ ਕਿਹੜੀ ਮੇਰੀ ਲੱਤ ਤੋੜ ਲੈਣੀ ਏਂ? (ਸੰਗ੍ਰ)

**ਲੰਙੇ ਤੇ ਕਾਣੇ ਦੀ ਇਕ ਰੱਗ ਵਾਧੂ ਹੁੰਦੀ ਹੈ।**

**ਭਾਵ** :—ਕਿਸੇ ਤਰ੍ਹਾਂ ਜੋ ਪੁਰਸ਼ ਹੀਣਾ ਹੋਵੇ, ਉਹ ਸ਼ਰਾਰਤੀ ਵੀ ਵਧੀਕ ਹੁੰਦਾ ਹੈ।

**ਵਰਤੋਂ** :— ਨਥੂ ਕਾਣਾ ਆਪਣੀ ਕਰਤੂਤ ਤੋਂ ਨਾ ਟਲਿਆ ਸਚ ਹੈ 'ਲੰਙੇ ਤੇ ਕਾਣੇ ਦੀ ਇਕ ਰਗ ਵਾਧੂ ਹੁੰਦੀ ਹੈ'। (ਸੰਗ੍ਰ)

**ਲੰਡਿਆਂ ਮਹੀਂ ਨਾ ਗਾਈਂ, ਲੈ ਲੈ ਜਾਣ ਕਸਾਈ।**

**ਭਾਵ** :—ਜਦ ਕਿਸੇ ਪਾਸ ਹੋਵੇ ਕੁਝ ਨਾ, ਪਰ ਫੜਾਂ ਬਹੁਤ ਮਾਰੇ।

**ਵਰਤੋਂ** :— ਸੀ ਕੀ ਉਸ ਪਾਸ ਗੁੰਮਣ ਜੋਗਾ ? ਅਖੇ 'ਲੰਡਿਆਂ ਮਹੀਂ ਨਾ ਗਾਈਂ, ਲੈ ਲੈ ਜਾਣ ਕਸਾਈ'। ਉਸ ਦੀਆਂ ਫੜ੍ਹਾਂ ਦੀ ਕੌਣ ਪ੍ਰਵਾਹ ਕਰਦਾ ਹੈ ? (ਸੰਗ੍ਰ)

**ਲੰਡੀ ਦੇ ਘਰ ਮੰਡੀ।**

**ਭਾਵ** :—ਬੇਹਯਾ ਤੇ ਕੁਪਤੇ ਲੋਕਾਂ ਨੂੰ ਸਾਥੀ ਆਮ ਆ ਜੁੜਦੇ ਹਨ।

**ਵਰਤੋਂ** :— ਉਸਨੂੰ ਮਿਤ੍ਰਾਂ ਦਾ ਘਾਟਾ ਹੈ, ਬੇਹਯਾ ਕੁਪਤੀ ਨੂੰ। ਅਖੇ 'ਲੰਡੀ ਦੇ ਘਰ ਮੰਡੀ'। (ਸੰਗ੍ਰ)

**ਲੰਮੀ ਜੀਭ ਤੇ ਛੋਟੀ ਮੌਤ।**

**ਭਾਵ** :—ਜਦ ਕੋਈ ਵਾਧੀਆਂ ਘਾਟੀਆਂ ਗਲਾਂ ਕਰਕੇ ਆਪੇ ਹੀ ਆਪਣਾ ਕੰਮ ਵਿਗਾੜ ਲਵੇ।

**ਵਰਤੋਂ** :— ਬੱਚੀ, ਤੁਸੀਂ ਬੇਮੁਹਾਰੀਆਂ ਗੱਲਾਂ ਨਾਲ ਕੰਮ ਵਿਗਾੜ ਲਿਆ ਹੈ, 'ਲੰਮੀ ਜੀਭ ਤੇ ਛੋਟੀ ਮੌਤ' ਪਰ ਤੁਸੀਂ ਗੁੱਸੇ ਵਿਚ ਆਏ ਕਿਸੇ ਦੀ ਸੁਣਦੇ ਵੀ ਤਾਂ ਨਹੀਂ ਸੀ। (ਸੰਗ੍ਰ)

**ਲੰਮੇ ਦੀ ਅਕਲ ਗਿੱਟੇ ਵਿਚ ਹੁੰਦੀ ਹੈ।**

**ਭਾਵ** :—ਜਦ ਕੋਈ ਲੰਮਾਂ ਆਦਮੀ ਮੂਰਖਤਾਈ ਦੀ ਗੱਲ ਕਰੇ ਤਾਂ ਉਸ ਲਈ ਵਰਤਦੇ ਹਨ।

**ਵਰਤੋਂ** :— 'ਲੰਮੇ ਦੀ ਅਕਲ ਗਿੱਟੇ ਵਿਚ ਹੁੰਦੀ ਹੈ'। ਇਸ ਦੀ ਗੱਲ ਉੱਤੇ ਅਮਲ ਨਾ ਕਰਨਾ। ਐਵੇਂ ਯਬਲੀਆਂ ਮਾਰਦਾ ਰਹਿੰਦਾ ਹੈ। (ਸੰਗ੍ਰ)

# ਵ

**ਵਸਦਿਆਂ ਦੇ ਘਰ ਟੋਰੇ ਦੀਆਂ ਹੱਟੀਆਂ।**

**ਭਾਵ** :—ਦਿਲ ਲਾਕੇ ਕੰਮ ਕਰਨ ਨਾਲ ਕੰਮ ਸੌਰਦਾ ਹੈ।

**ਵਰਤੋਂ** :— ਸਚ ਹੈ 'ਵਸਦਿਆਂ ਦੇ ਘਰ ਨੇ ਤੇ ਟੋਰੇ ਦੀਆਂ ਹੱਟੀਆਂ'। ਤੂੰ ਕਿਸੇ ਥਾਂ ਨਿਠ ਕੇ ਬਹਿੰਦਾ, ਤੇ ਮਿਹਨਤ ਕਰਦਾ ਤਾਂ ਕੰਮ ਤੁਰਦਾ। ਰੁੜ੍ਹਦੇ ਪੱਥਰ ਉਤੇ ਕਦੀ ਘਾਹ ਜੰਮਿਆ ਹੈ ? (ਸੰ)

**ਵਸੀਏ ਸ਼ਹਿਰ ਭਾਵੇਂ ਕਹਿਰ ਹੀ ਹੋਵੇ।**

**ਭਾਵ** :—ਸ਼ਹਿਰ ਵਸਨ ਦੀ ਵਡਿਆਈ ਦਸੀ ਹੈ।

**ਵਰਤੋਂ** :— ਸ਼ਹਿਰਾਂ ਦੇ ਵਸੇਂਵੇ ਦਾ ਕੀ ਕਹਿਣਾ ਕਿਸੇ ਸਚ ਆਖਿਆ ਹੈ 'ਵਸੀਏ ਸ਼ਹਿਰ ਭਾਵੇਂ ਕਹਿਰ ਹੋਵੇ, ਖਾਈਏ ਕਨਕ ਭਾਵੇਂ ਜ਼ਹਿਰ ਹੋਵੇ। (ਸੰਗ੍ਰ)

**ਵਹਿਨ ਤੇ ਲਹਿਨ ਤੁਰਦੇ ਹੀ ਚੰਗੇ ਨੇ।**

**ਭਾਵ** :—ਪਾਣੀ ਜਾਂ ਵਿਹਾਰ ਖੜੋਤੇ ਚੰਗੇ ਨਹੀਂ।

**ਵਰਤੋਂ** :— ਉਹ ਪਿਛਲਾ ਹਿਸਾਬ ਮੁਕਾ ਲੈਂਦੇ ਨਾ ਪਹਿਲਾ। ਇਹ ਫੇਰ ਜਦੋਂ ਤੇਰਾ ਰੁਹ ਕਰੇ

ਪਿਆ ਦੇਈ । 'ਵਹਿਨ ਤੇ ਲਹਿਨ ਚੌਧਰੀ ਤੁਰਦੇ ਹੀ ਚੰਗੇ ਲਗਦੇ ਨੇ । (ਸੰ)

## ਵਹਿਨ ਪਏ ਦਰਿਆ ਭੀ ਕਦੇ ਮੁੜੇ ਨੇ ।

**ਭਾਵ** :—ਤਕੜੇ ਤੇ ਜ਼ੋਰਾਵਰ ਆਪਣੇ ਰਾਹ ਤੋਂ ਨਹੀਂ ਹਟਦੇ ।

**ਵਰਤੋਂ** :—'ਵਹਿਨ ਪਏ ਦਰਿਆ ਭੀ ਕਦੇ ਮੁੜੇ ਨੇ' ਰਣਜੀਤ ਸਿੰਘ ਵੀ ਇਕ ਵੇਰ ਇਰਾਦਾ ਬਣਾ ਕੇ ਜਦ ਤੁਰਦਾ, ਅਗਿਉਂ ਹੋਰ ਅਗੇ ਵਧੀ ਜਾਂਦਾ । (ਸਗ੍ਰ)

## (ਵਹੁਟੀ) ਝੋੜੇ ਲਾਏ ਗਿੱਟੇ, ਪਹਿਲੋਂ ਮਾਂ ਪਿਉ ਨੂੰ ਪਿਟੇ ।

**ਭਾਵ** :—ਜਦ ਕੋਈ ਦੂਜਿਆਂ ਦੀ ਬਲਾ ਆਪਣਿਆਂ ਦੇ ਸਿਰ ਪਾਵੇ ।

**ਵਰਤੋਂ** :—ਦੁਖ ਬਾਹਰ ਦਾ ਟੋਣਾ ਘਰਦਿਆਂ ਦੇ ਸਿਰ ਚੜ੍ਹਕੇ । 'ਵਹੁਟੀ ਝੋੜੇ ਲਾਏ ਗਿੱਟੇ, ਪਹਿਲੋਂ ਮਾਂ ਪਿਉ ਨੂੰ ਪਿਟੇ । ਇਹ ਚੰਗੀ ਗੱਲ ਹੋਈ । (ਸੰਗ੍ਰ)

## ਵਖਤ ਵੀਚਾਰੇ ਸੁ ਬੰਦਾ ਹੋਇ ।

**ਭਾਵ** :—ਰੱਬ ਦਾ ਦਾਸ ਓਹੀ ਹੈ ਜਿਹੜਾ ਸਮੇਂ (ਮਨੁਖ ਜਨਮ) ਨੂੰ ਚੰਗੀ ਤਰ੍ਹਾਂ ਵਰਤੇ ।

**ਵਰਤੋਂ** :—

ਕੁਦਰਤਿ ਕਰਿ ਕੈ ਵਸਿਆ ਸੋਇ ।
ਵਖਤ ਵੀਚਾਰੇ ਸੁ ਬੰਦਾ ਹੋਇ ।
(ਗੁਰੂ ਗ੍ਰੰਥ ਸਾਹਿਬ—ਸ੍ਰੀ ਰਾਗ)

## ਵਗ ਢੋਈ ਮਿਲੇ ਨਾ ਤੇ ਬੜਕਦਾ ਮੇਰਾ ।

**ਭਾਵ** :—ਜਦ ਕਿਸੇ ਦੀ ਕੋਈ ਪੁਛ ਪਰਤੀਤ ਤਾਂ ਨਾ ਹੋਵੇ ਪਰ ਉਹ ਫਿਰ ਵੀ ਅਪਣਤ ਜਿਤਾਵੇ ।

**ਵਰਤੋਂ** :—ਮਾਂ ਜੀ, 'ਮੈਂ ਤਾਂ ਸ਼ੀਲਾ ਨੂੰ ਕਦੇ ਬੁਲਾਇਆ ਤਕ ਨਹੀਂ', ਉਹ ਆਪਣੇ ਆਪ ਹੀ ਅਗੇ ਹੋ ਹੋ ਬਹਿੰਦੀ ਏ, ਅਖੇ 'ਵਗ ਢੋਈ ਮਿਲੇ ਨਾ ਤੇ ਬੜਕਦਾ ਮੇਰਾ' ਵਾਲਾ ਉਸਦਾ ਹਾਲ ਜੇ । (ਸੰਗ੍ਰ)

## ਵਗਦਾ ਪਾਣੀ ਹੀ ਸਾਫ ਰਹਿੰਦਾ ਹੈ ।

**ਭਾਵ** :—ਰੁਪਿਆ ਵਪਾਰ, ਮਨੁਖ ਚਲਦਾ ਚੰਗਾ ਹੁੰਦਾ ਹੈ ।

**ਵਰਤੋਂ** :—ਤੁਰੋ ਫਿਰੋ ਤਾਂ ਸਿਹਤ ਵੀ ਠੀਕ ਹੋਵੇ । 'ਵਗਦਾ ਪਾਣੀ ਸਾਫ ਰਹਿੰਦਾ ਹੈ' । ਖੜੋਤੇ ਪਾਣੀ ਨੇ ਤਾਂ ਤ੍ਰਕਣਾ ਹੀ ਹੋਇਆ । (ਸੰਗ੍ਰ)

## ਵਗਦੇ ਦਰਿਆ ਵਿਚ ਭਾਂਡਾ ਭਰਿਆ ਹੀ ਜਾਂਦਾ ਹੈ ।

**ਭਾਵ**:—ਚਲਦੇ ਕੰਮ ਵਿਚੋਂ ਹਰ ਕਿਸੇ ਦਾ ਭਲਾ ਹੋ ਜਾਂਦਾ ਹੈ ।

**ਵਰਤੋਂ** .—ਅਗੇ ਤਾਂ ਚੰਗਾ ਕਰੋਬਾਰ ਚਲਦਾ ਸੀ ਤੇ 'ਵਗਦੇ ਦਰਿਆ ਵਿਚ ਭਾਂਡਾਂ ਭਰਿਆ ਹੀ ਜਾਂਦਾ ਹੈ' । ਪਰ ਹੁਣ ਤਾਂ ਰੋਟੀ ਦੇ ਤਸੀਹੇ ਪਏ ਹੋਏ ਹਨ । (ਸੰ)

## ਵਛਾ (ਬੱਛਾ) ਕਿਲੇ ਦੇ ਜ਼ੋਰ ਟੱਪਦਾ ਹੈ ।

**ਭਾਵ** :—ਹਰ ਕੋਈ ਕਿਸੇ ਤਕੜੀ ਧਿਰ ਦੇ ਆਸਰੇ ਮਾਣ ਕਰਦਾ ਹੈ ।

**ਵਰਤੋਂ** :—'ਵੱਛਾ ਕਿਲੇ ਦੇ ਜ਼ੋਰ ਟਪਦਾ ਹੈ' ਅਜ ਪਿਉ ਸਿਰ ਤੇ ਹਰ ਵੇਲੇ ਮਦਦ ਕਰਨ ਵਾਲਾ ਨਾ ਹੋਵੇ, ਤਾਂ ਵੇਖੀਏ ਇਸ ਮੁੰਡੇ ਦੀ ਕਿਸ ਭਾ ਵਿਕਦੀ ਹੈ । (ਸੰਗ੍ਰ)

## ਵਟ ਦੀ ਪਠ, ਨਾ ਪੁਛ ਨਾ ਗਿਛ ।

**ਭਾਵ** :—ਜਦ ਕਿਸੇ ਜ਼ੋਰੀ ਜਾਂ ਚੋਰੀ ਆਈ ਚੀਜ਼ ਦੇ ਮੁਲ ਉਪਰ ਝਗੜਾ ਹੁੰਦਾ ਹੋਵੇ ।

**ਵਰਤੋਂ** :—ਨੰਬਰਦਾਰ—ਓਏ ਮੂਰਖੋ, ਤੁਸਾਡੀ ਇਸ ਚੀਜ਼ ਦੀ ਲਾਗਤ ਕੀ ਏ ? 'ਵਟ ਦੀ ਪਠ, ਨਾ ਪੁਛ ਨਾ ਗਿਛ' ਛਡੋ ਪਰੇ ਝਗੜੇ ਨੂੰ ਤੇ ਘਰਾਂ ਨੂੰ ਵੰਞੋ । (ਸੰਗ੍ਰ)

**ਵਡਾ ਵਿਕਰਮੀ ਆਖੀਐ, ਧੀ ਭੈਣਹੁ ਸੰਗੈ ।**

**ਭਾਵ** :—ਵਡੇ ਤੋਂ ਵਡਾ ਪਾਪੀ ਭੀ ਧੀ, ਭੈਣ ਨਾਲ ਪਾਪ ਕਰਨੋ ਸੰਗਦਾ ਹੈ ।

**ਵਰਤੋਂ** :—

ਡਾਇਣ ਮਾਨਸ ਖਾਵਣੀ ਪੁਤ ਬਰਾ ਨ ਮੰਗੈ ।
ਵਡਾ ਵਿਕਰਮੀ ਆਖੀਐ ਧੀ ਭੇਣਹੁ ਸੰਗੈ ।
(ਵਾਰਾਂ—ਭਾਈ ਗੁਰਦਾਸ)

**ਵਡਿਆਂ ਸਿਰਾਂ ਦੀਆਂ ਵਡੀਆਂ ਪੀੜਾਂ ।**

**ਭਾਵ** :—ਵਡਿਆਂ ਦੀਆਂ ਜ਼ਿਮੇਵਾਰੀਆਂ ਤੇ ਦੁਖ ਵੀ ਵਡੇ ਹੁੰਦੇ ਹਨ ।

**ਵਰਤੋਂ** :—ਠੀਕ ਹੈ, ਤੁਹਾਨੂੰ ਬੜੀਆਂ ਜ਼ਿਮੇਵਾਰੀਆਂ ਨੇ । ਪਰ ਜੀ, 'ਵਡਿਆਂ ਸਿਰਾਂ ਦੀਆਂ ਵਡੀਆਂ ਪੀੜਾਂ' ਤੁਹਾਡੇ ਬਿਨਾ ਸਾਡਾ ਕੰਮ ਵੀ ਹੋਰ ਕੌਣ ਕਰੇਗਾ ? (ਸੰਗ੍ਰ)

**ਵਡਿਆਂ ਘਰਾਂ ਦੀ ਘਰੋੜੀ ਨਹੀਂ ਮਾਣ । ਜਾਂ ਵਡਿਆਂ ਭਾਂਡਿਆਂ ਦੀ ਘਰੋੜੀ ਨਹੀਂ ਮਾਣ ।**

**ਭਾਵ** :— ਵਡੇ ਲੋਕ ਬਹੁਤ ਹੀ ਨਿਤਾਣੇ ਹੋ ਜਾਣ, ਤਾਂ ਵੀ ਉਹਨਾਂ ਦੇ ਪਲੇ ਬਾਕੀਆਂ ਨਾਲੋਂ ਕਿੰਨਾ ਕੁਝ ਵਧੀਕ ਹੁੰਦਾ ਹੈ ।

**ਵਰਤੋਂ** :—ਪਰਵਾਰ ਦੇ ਦਸਾਂ ਯਾਰਾਂ ਜੀਆਂ ਵਿਚੋਂ ਇਹ ਦੋਵੇਂ ਮਾਵਾਂ ਧੀਆਂ ਬਚੀਆ ; ਵਡੇ ਘਰਾਂ ਦੀਆਂ ਕਹਿੰਦੇ ਨੇ, ਘਰੋੜੀਆਂ ਵੀ ਮਾਣ ਨਹੀਂ ਹੁੰਦੀਆਂ' ਅਜ ਵੀ ਹੈਸੀਅਤ ਦੇ ਲਿਹਾਜ਼ ਨਾਲ ਇਹ ਵਡੇ ਵਡੇ ਪਤਵੰਤਿਆਂ ਤੋਂ ਪਾਣੀ ਭਰਾ ਸਕਦੀਆਂ ਨੇ ।
(ਗੰਗਾਜਲੀ ਵਿਚ ਸ਼ਰਾਬ—ਨਾਨਕ ਸਿੰਘ)

**ਵਡਿਆ ਘਰਾਂ ਦਾ ਘਟਾ ਵੀ ਸੋਨੇ ਦੇ ਭਾ ਵਿਕਦਾ ਏ । ਜਾਂ ਵਡਿਆਂ ਦਾ ਖੋਟਾ ਪੈਸਾ ਵੀ ਚਲ ਜਾਂਦਾ ਏ ।**

**ਭਾਵ** :—ਅਮੀਰ ਜਾਂ ਵਡੇ ਘਰ ਦੀ ਮਾਮੂਲੀ ਚੀਜ਼ ਦੀ ਵੀ ਕਦਰ ਪੈਂਦੀ ਹੈ ।

**ਵਰਤੋਂ** :— ਭਾਵੇਂ ਵਲੈਤੋਂ ਸਭ ਪੜ੍ਹਾਈਆਂ ਤੋਂ ਫੇਲ ਹੋ ਆਏ ਸਨ, ਪਰ ਘਰ ਆਕੇ ਹੋਇਆ ਉਹੋ ਜੋ ਅਕਸਰ ਕੁਝ ਹੁੰਦਾ ਏ । 'ਵਡਿਆਂ ਦਾ ਘਟਾ ਮਿੱਟੀ ਵੀ ਸਰਕਾਰੀ ਮੰਡੀ ਵਿਚ ਸੋਨੇ ਦੇ ਭਾ ਵਿਕ ਜਾਂਦਾ ਏ' ਤੇ ਗਰੀਬ ਦੇ ਸੁਚੇ ਕੁੰਦਨ ਵਿਚ ਵੀ ਸੌ ਸੌ ਨੁਕਸ ਪਏ ਨਿਕਲਦੇ ਨੇ । (ਸੰਗ੍ਰ)

**ਵਡੀਆਂ ਮਛੀਆਂ ਛੋਟੀਆਂ ਨੂੰ ਖਾ ਜਾਂਦੀਆਂ ਨੇ ।**

**ਭਾਵ** :—ਅਮੀਰ ਗਰੀਬ ਨੂੰ ਹੱੜਪ ਕਰਦਾ ਹੈ ।

**ਵਰਤੋਂ** :—ਕੁਝ ਹਾਲ ਨਹੀਂ ਰੁਜ਼ਗਾਰ ਕਾਰ ਦਾ ਅਜ ਕਲ । 'ਵਡੀਆਂ ਮਛੀਆਂ ਛੋਟਿਆਂ ਨੂੰ ਖਾ ਜਾਂਦੀਆਂ ਨੇ' । ਗਰੀਬ ਦੀ ਕੋਈ ਥਾਂ ਨਹੀਂ । (ਸੰਗ੍ਰ)

**ਵਡੇ ਦਾ ਜ਼ਰ ਤੇ ਨਿਕੇ ਦੀ ਗਾਲ੍ਹ ।**

**ਭਾਵ** :—ਜਦ ਕੋਈ ਤਗੜਾ ਕਮਜ਼ੋਰ ਨੂੰ ਮਾਰੇ ਤੇ ਉਹ ਅਗੋਂ ਗਾਲ੍ਹਾਂ ਕਢੇ ਜਾਂ ਰੋਵੇ ।

**ਵਰਤੋਂ** :— ਗਾਲ੍ਹਾਂ ਤੈਨੂੰ ਮੇਰੇ ਪੁਤਰ ਨੇ ਜ਼ਰੂਰ ਕਢੀਆਂ । ਪਰ 'ਵਡੇ ਦਾ ਜ਼ੋਰ ਤੇ ਨਿਕੇ ਦੀ ਗਾਲ੍ਹ' । ਤੂੰ ਕਿਉਂ ਏਨਾਂ ਵਡਾ ਹੋਕੇ ਉਸਦੇ ਗਲ ਜਾ ਪਿਆ । (ਸੰਗ੍ਰ)

**ਵਡੇ ਵਡੇ ਜੋ ਦੀਸਹਿ ਲੋਗ ਤਿਨ ਕਉ ਬਿਆਪੈ ਚਿੰਤਾ ਰੋਗ ।**

**ਭਾਵ** :—ਜਿਤਨੇ ਵੀ ਵਡੇ ਮਨੁਖ ਦਿਸਦੇ ਹਨ, ਓਹ ਚਿੰਤਾਂਤੁਰ ਤੇ ਰੋਗੀ ਹੀ ਰਹਿੰਦੇ ਹਨ ।

**ਵਰਤੋਂ** :—

ਵਡੇ ਵਡੇ ਜੋ ਦੀਸਹਿ ਲੋਗ,
ਤਿਨ ਕਉ ਬਿਆਪੈ ਚਿੰਤਾ ਰੋਗ ।
ਕਉਨ ਨਾ ਵਡਾ ਮਾਇਆ ਵਡਿਆਈ ।
ਸੋ ਵਡਾ ਜਿਨਿ ਰਾਮ ਲਿਵ ਲਾਈ ।
(ਗੁਰੂ ਗ੍ਰੰਥ—ਗਉੜੀ ਰਾਗ)

**ਵਧੀਏਗਾ ਜੱਟ ਦਾ, ਸਿਖੀਏਗਾ ਨਾਈ ਦਾ ।**

**ਭਾਵ** :—ਜਟ ਦਾ ਮੁੰਡਾ ਲੜੇਗਾ, ਨਾਈ ਦਾ ਅਕਲ ਜਾਂ ਜੁਗਤ ਸਿਖੇਗਾ ।

**ਵਰਤੋਂ** :— ਜੱਟਾਂ ਦੇ ਮੁੰਡਿਆਂ ਨੂੰ ਤਾਂ ਸਿਵਾਏ ਲੜਨ ਖਹਿਬੜਨ ਦੇ ਹੋਰ ਕੋਈ ਕੰਮ ਹੀ ਨਹੀਂ । ਅਖੇ, 'ਵਧੀਏਗਾ ਜੱਟ ਦਾ, ਸਿਖੀਏਗਾ ਨਾਈ ਦਾ' । (ਸੰਗ੍ਰ)

**ਵਣਜ ਸੁ ਪੱਤਾ ਸ਼ਾਹ ਨਾਲ ਵੇਸਾਹੁ ਨਿਬਾਹੇ ।**

**ਭਾਵ** :—ਸ਼ਾਹ ਨਾਲ ਭਰੋਸਾ ਬਣਾ ਕੇ ਹੀ ਪਤ ਵਾਲਾ ਭਲਾਮਾਣਸ ਵਣਜ ਕਰਦਾ ਹੈ ।

**ਵਰਤੋਂ** :—

ਕੋਈ ਰਤਨ ਵੰਣਜਦਾ ਕਰ ਸਿਫਤ ਸਲਾ ਹੈ ।
ਵਣਜ ਸੁਪੱਤਾ ਸ਼ਾਹ ਨਾਲ ਵੇਸਾਹ ਨਿਤਾ ਹੈ ।
(ਵਾਰਾਂ—ਭਾਈ ਗੁਰਦਾਸ)

**ਵਧੀ ਨੂੰ ਕੋਈ ਡਰ ਨਹੀਂ ਤੇ ਘਟੀ ਦਾ ਕੋਈ ਦਾਰੂ ਨਹੀਂ ।**

**ਭਾਵ** :—ਰੱਬ ਵਲੋਂ ਉਮਰ ਵਧ ਲਿਖੀ ਹੋਵੇ, ਤਾਂ ਬੀਮਾਰੀ ਉਸਦਾ ਕੁਝ ਨਹੀਂ ਵਿਗਾੜ ਸਕਦੀ । ਘਟੀ ਹੋਈ ਉਮਰ ਦਾ ਇਲਾਜ ਕੋਈ ਨਹੀਂ ।

**ਵਰਤੋਂ** :— ਬਹੁਤੇ ਇਲਾਜਾਂ ਮਗਰ ਨ ਪਉ, ਰੋਗ ਦਵਾਈਆਂ ਨਾਲ ਨਹੀਂ ਹਟਦੇ । 'ਵਧੀ ਨੂੰ ਕੋਈ ਡਰ ਨਹੀਂ ਤੇ ਘਟੀ ਦਾ ਕੋਈ ਦਾਰੂ ਨਹੀਂ' । (ਸੰਗ੍ਰ)

**ਵਰ ਵੇਖ ਦੀਜੇ ਘਰ ਵੇਖ ਨ ਦੀਜੇ ।**

**ਭਾਵ** :—ਕੁੜੀ ਦੀ ਮੰਗਣੀ, ਕਰਨ ਸਮੇਂ ਮੁੰਡੇ ਦੇ ਗੁਣਾਂ ਵਲ ਵੇਖੋ, ਉਸਦੇ ਰਿਜ਼ਕ ਘਰ ਬਾਹਰ ਵਲ ਨਾ ਤਕੋ ।

**ਵਰਤੋਂ** :— ਭੈਣ ਜੀ, ਮੁੜ ਜਦ ਵੀ ਦੂਜੀ ਬੀਬੀ ਲਈ ਕੋਈ ਥਾਂ ਲਭਣ ਚੜ੍ਹੋ ਤਾਂ 'ਵਰ ਵੇਖ ਦੀਜੇ, ਘਰ ਦੇਖ ਨਾ ਦੀਜੇ' । ਵਾਲੀ ਗੱਲ ਪਲੇ ਬੰਨ੍ਹ ਲੈਣੀ । ਅਗੇ ਵਡੇ ਘਰ ਵਿਚ ਜਾ ਕੇ ਵਡੀ ਧੀ ਨੇ ਦੁਖ ਹੀ ਪਾਇਆ ਹੈ । (ਸੰਗ੍ਰ)

**ਵਰੀ ਤੇ ਮੰਗ ਧਰੀ ।**

**ਭਾਵ** :—ਜਦ ਕਿਸੇ ਨੂੰ ਦੇਣ ਵਾਲੀ ਚੀਜ਼ ਮੰਗ ਕੇ ਦਿਖਾ ਦਿਤੀ ਜਾਵੇ ਪਰ ਦਿੱਤੀ ਨਾ ਜਾਵੇ ।

**ਵਰਤੋਂ** :— ਸੁਆਹ ਤੇ ਖੇਹ ਹੈ ਉਹਨਾਂ ਦੇ ਘਰ । ਕਿਸੇ ਦੀ ਮਦਦ ਉਥੋਂ ਨਹੀਂ ਹੁੰਦੀ ਕਿਠੀ । 'ਵਰੀ ਤੇ ਮੰਗ ਧਰੀ' ਵਾਂਗ ਦਿਖਾਵਾ ਹੀ ਦਿਖਾਵਾ ਹੈ । (ਸੰਗ੍ਰ)

**ਵਣਜਾਰਾ ਸ਼ਾਹ ਹੋਂ ਫਿਰੇ ਵੇਸਾਹੁ ਨਾ ਜੜੀਐ ।**

**ਭਾਵ** :—ਜੋ ਵਪਾਰੀ ਸ਼ਾਹ ਤੋਂ ਫਿਰ ਜਾਵੇ, ਉਸਦਾ ਵਿਸਾਹ ਨਹੀਂ ਰਹਿੰਦਾ ਭਾਵ ਮਾਲਕ ਤੋਂ ਬੇ ਮੁਖ ਹੋਣਾ ਚੰਗਾ ਨਹੀਂ ।

**ਵਰਤੋਂ** :—

ਵਣਜਾਰਾ ਸ਼ਾਹ ਹੋਂ ਫਿਰੇ ਵੇਸਾਹੁ ਨ ਜੜੀਐ ।
ਸਾਹਿਬ ਸਉਹੋਂ ਆਪਣੇ ਹਥਿਆਰ ਨ ਫੜੀਐ ।
(ਵਾਰਾਂ—ਭਾਈ ਗੁਰਦਾਸ)

**ਵੜੀਐ ਕੱਜਲ ਕੋਠੜੀ ਮਹੁ ਕਾਲਖ ਭਰੀਐ ।**

**ਭਾਵ** :—ਮਾੜੇ ਦੀ ਸੰਗਤ ਕਰਨ ਨਾਲ ਮਾੜੇ ਹੀ ਹੋ ਜਾਈਦਾ ਹੈ ।

**ਵਰਤੋਂ** :—

ਵੜੀਐ ਕਜੱਲ ਕੋਠੜੀ ਮਹੁ ਕਾਲਖ ਭਰੀਐ ।
ਕਲਰ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ ।
(ਵਾਰਾਂ—ਭਾਈ ਗੁਰਦਾਸ)

**ਵਾ ਵਗੇ ਤੇ ਚੂਹੇ ਦੀ ਖੁਡ ਤੇ ਲਗਦੀ ਹੈ।**

**ਭਾਵ :**—ਜਦ ਕੋਈ ਕੁਦਰਤ ਦੀ ਕਰਾਮਾਤ ਹੋਵੇ ਜਾਂ ਕਿਸੇ ਗੱਲ ਦੀ ਧੁੰਮ ਪਵੇ, ਤਾਂ ਉਹ ਹਰ ਥਾਂ ਪਹੁੰਚਦੀ ਹੈ।

**ਵਰਤੋਂ :**—ਹੁਣ ਇਹ ਗੱਲ ਛੁਪੀ ਨਹੀਂ ਰਹੀ। 'ਵਾ ਵਗੇ ਤਾਂ ਚੂਹੇ ਦੀ ਖੁਡ ਤਕ ਵੀ ਜਾਂਦੀ ਹੈ' ਸਾਨੂੰ ਕਿਵੇਂ ਨਾ ਪਤਾ ਲਗਦਾ ਏਡੀ ਵਡੀ ਚਰਚਾ ਦਾ। (ਸੰਗ੍ਰ)

**ਵਾਸ ਨਾ ਆਵੈ ਗੁਨਗਨੈ ਪਰਮਲ ਪਹਕਾਈ।**

**ਭਾਵ :**—ਖੁਸ਼ਬੂ ਦੇਣ ਵਾਲੀ ਚੀਜ਼ ਸੁਗੰਧੀ ਦੇ ਰਹੀ ਹੈ, ਪਰ ਜਿਸ ਦੇ ਪਾਸ ਸੁਗੰਧੀ ਪਾਵਨ ਦੀ ਸ਼ਕਤੀ ਨਹੀਂ, ਉਹ ਖੁਸ਼ਬੂ ਨੂੰ ਮਾਣ ਨਹੀਂ ਸਕਦਾ।

**ਵਰਤੋਂ :**—

ਵਾਸ ਨਾ ਆਵੈ ਗੁਨਗੁਨੈ ਪਰਮਲ ਪਹਕਾਈ।
ਗੁੰਗੇ ਜੀਭ ਨਾ ਉਪੜੈ ਸਭ ਸਬਦ ਸਹਾਈ।
(ਵਾਰਾਂ—ਭਾਈ ਗੁਰਦਾਸ)

**ਵਾਹ ਦਬ ਕੇ ਖਾਹ ਰਜ ਕੇ।**

**ਭਾਵ :**—ਚੰਗੀ ਵਾਹੀ ਕਰੋ ਤਾਂ ਢੇਰ ਆਮਦਨੀ ਹੋਵੇਗੀ।

**ਵਰਤੋਂ :**—'ਵਾਹ ਦਬਕੇ ਖਾਹ ਰਜਕੇ'। ਜੇ ਵਾਹੀ ਨਾ ਕੀਤੀ ਤਾਂ ਬੀ ਕਿਵੇਂ ਜੜ੍ਹਾਂ ਫੜੇਗਾ ? (ਸੰਗ੍ਰ)

**ਵਾਹ ਕਰਮਾਂ ਦਿਆ ਬਲੀਆ, ਰਿਧੀ ਖੀਰ ਤੇ ਹੋ ਗਿਆ ਦਲੀਆ।**

**ਭਾਵ :**—ਕੋਈ ਕੰਮ ਕਰੇ ਤਾਂ ਲਾਭ ਲਈ ਪਰ ਉਲਟਾ ਘਾਟਾ ਪੈ ਜਾਵੇ।

**ਵਰਤੋਂ :**—ਹਰੀ ਵਿਚਾਰੇ ਦੇ ਭਾਗ ਹੀ ਅਜਿਹੇ ਹਨ, ਜਿਸ ਕੰਮ ਨੂੰ ਹਥ ਪਾਂਦਾ ਹੈ, ਪਿਛੇ ਹੀ ਰਹਿੰਦਾ ਹੈ, ਅਖੇ 'ਵਾਹ ਕਰਮਾਂ ਦਿਆ ਬਲੀਆ, ਰਿਧੀ ਖੀਰ ਤੇ ਹੋ ਗਿਆ ਦਲੀਆ' ਵਿਚਾਰੇ ਦਾ ਲੇਖਾ ਹੈ। (ਸੰਗ੍ਰ)

**ਵਾਹੁੰਦਿਆਂ ਦੀ ਜੋਗ ਗਈ, ਚੋਬਰਾਂ ਦੇ ਜੰਮ ਪਈ।**

**ਭਾਵ :**—ਜਦ ਕੰਮ ਕਰਨ ਵਾਲਿਆਂ ਨੂੰ ਕੁਝ ਨਾ ਲਾਭ ਪੁਜੇ ਤੇ ਵਿਹਲੜਾਂ ਨੂੰ ਲਾਭ ਪੁਜੇ।

**ਵਰਤੋਂ :**—ਕਿਸਾਨ—ਬਾਬਾ ! ਹਨੇਰ ਹੈ ਹਨੇਰ, ਅਸੀਂ ਕੰਮ ਕਰਨ ਵਾਲੇ ਤਾਂ ਭੁਖੇ ਮਰ ਰਹੇ ਹਾਂ ਤੇ ਜਗੀਰਦਾਰ ਬੁਲੇ ਲੁਟ ਰਹੇ ਹਨ। ਸਾਡਾ ਤਾਂ ਇਹ ਹਾਲ ਹੈ ਕਿ ਵਾਹੁੰਦਿਆਂ ਦੀ ਜੋਗ ਗਈ ਚੋਬਰਾਂ ਦੇ ਜੰਮ ਪਈ। ਚੀਕੀਏ ਨਾ ਤਾਂ ਕੀ ਕਰੀਏ ? (ਸੰਗ੍ਰ)

**ਵਾਹੀ ਓਹਦੀ ਜੀਹਦੇ ਘਰ ਦੇ ਢੱਗੇ।**

**ਭਾਵ :**—ਕਿਸੇ ਕੰਮ ਵਿਚ ਲਾਭ ਉਸਨੂੰ ਹੁੰਦਾ ਹੈ, ਜਿਹਦੀ ਰਾਸ ਜਾਂ ਕਾਰਿੰਦੇ ਆਪਣੇ ਹੋਣ।

**ਵਰਤੋਂ :**—ਜੀ 'ਵਾਹੀ ਉਹਦੀ ਜੀਹਦੇ ਘਰ ਦੇ ਢੱਗੇ।' ਮੈਂ ਨੌਕਰਾਂ ਚਾਕਰਾਂ ਦੇ ਹਵਾਲੇ ਵਪਾਰ ਕਰ ਦਿੱਤਾ ਸੋ ਉਜੜ ਗਿਆ। (ਸੰਗ੍ਰ)

**ਵਾਦੜੀਆਂ ਸੁਜਾਦੜੀਆਂ ਨਿਭਣ ਸਿਰਾਂ ਦੇ ਨਾਲ।**

**ਭਾਵ :**—ਸੁਭਾ ਨਹੀਂ ਬਦਲਦੇ।

**ਵਰਤੋਂ :**—ਜਸੋ—ਬੀਬੀ ਖੋਟੀਆਂ ਆਦਤਾਂ ਕਿੱਥੇ ਜਾਂਦੀਆਂ ਨੇ ? 'ਵਾਦੜੀਆਂ ਸੁਜਾਦੜੀਆਂ ਨਿਭਣ ਸਿਰਾਂ ਦੇ ਨਾਲ।'

(ਦੂਰ ਦੁਰਾਡੇ ਸ਼ਹਿਰੋਂ—ਹਰਚਰਨ ਸਿੰਘ)

**ਵਾਰੀ ਆਈ ਬਾਬੇ ਦੀ ਸੂਤਲੜ ਘੜੰਮ।**

**ਭਾਵ :**—ਜਦ ਕਿਸੇ ਖਾਸ ਆਦਮੀ ਦੇ ਲਾਭ ਲੈਣ ਦੇ ਸਮੇਂ ਕੰਮ ਵਿਗੜ ਜਾਵੇ।

**ਵਰਤੋਂ :**—ਅੱਜ ਕਿਤਨੇ ਦਿਨਾਂ ਮਗਰੋਂ

ਪਾਣੀ ਲਾਉਣ ਦੀ ਵਾਰੀ ਆਈ ਸੀ, 'ਵਾਰੀ ਆਈ ਬਾਬੇ ਦੀ ਸੂਤਲੜ ਘੜੰਮ' ਵਾਲਾ ਲੇਖਾ ਬਣਿਆ। ਦਸਦੇ ਨੇ ਕਿ ਪਿਛਾਂਹ ਤੋਂ ਮੋਘੇ ਦਾ ਮੂੰਹ ਟੁਟ ਗਿਆ ਹੈ। (ਸੰਗ੍ਰ)

**ਵਾਰੀ ਆਪੋ ਆਪਣੀ ਕੋਇ ਨ ਬੰਧੈ ਸੀਰ।**

**ਭਾਵ** :—ਮੌਤ ਦਾ ਸਮਾਂ ਆਉਣ ਤੇ ਕੋਈ ਨਹੀਂ ਠਹਿਰ ਸਕਦਾ।

**ਵਰਤੋਂ** :—

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗ ਫਕੀਰ।
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ।
(ਗੁਰੂ ਗ੍ਰੰਥ—ਰਾਗ ਰਾਮਕਲੀ)

**ਵਾਰ ਕਰੋ ਅਰ ਵਾਰ ਖਾਓ।**

**ਭਾਵ** :—ਮੁਕਾਬਲੇ ਵਿਚ ਦੁਖ ਦੇਣੇ ਵੀ ਪੈਂਦੇ ਹਨ ਤੇ ਲੈਣੇ ਵੀ।

**ਵਰਤੋਂ** :—ਤਿਆਗ ਦੀ ਤਲਵਾਰ ਮਿਆਨ ਵਿਚ ਧੂਹ ਕੇ ਬਿਜਲੀ ਦੀ ਤਰ੍ਹਾਂ ਚਮਕਾਈ ਅਤੇ ਖੱਬੇ ਵਿਚ ਗੁਰਸ਼ਬਦ ਦੀ ਢਾਲ ਲੇਕੇ ਪੈਂਤਰਾ ਬਦਲ ਲਿਆ ਅਤੇ ਕਹਿਣ ਲਗਾ, ਸੂਰਮਤਾਈ ਹੈ ਤਾਂ ਆਓ ਨਿਤਰੋ ਵਾਰ ਕਰੋ ਅਰ ਵਾਰ ਖਾਓ।

(ਚਰਣਹਰਿ ਵਿਸਥਾਰ—ਡ. ਬਲਬੀਰ ਸਿੰਘ)

**ਵਾਲ ਨਾਲ ਪਹਾੜ ਬਧਾ ਹੋਇਆ ਜੇ।**

**ਭਾਵ** :—ਜਦ ਕਿਸੇ ਮਾਮੂਲੀ ਚੀਜ਼ ਜਾਂ ਜਤਨ ਦੇ ਕਰਨ ਨਾਲ ਤਕੜਾ ਕੰਮ ਸਿਰੇ ਚੜ੍ਹ ਜਾਵੇ।

**ਵਰਤੋਂ** :—ਨਾ ਭਾਈ, ਇਉਂ ਨਾ ਆਖ, ਕਈ ਵਾਰੀ ਵਾਰ ਨਾਲ ਪਹਾੜ ਬਧਾ ਹੋਇਆ ਹੁੰਦਾ ਹੈ। ਕੀ ਜਾਣੀਏ, ਕੱਖ ਦੇ ਓਹਲੇ ਲੱਖ ਲੁਕਿਆ ਹੋਵੇ। (ਸੰਗ੍ਰ)

**ਵਾੜ ਖੇਤ ਨੂੰ ਖਾਏ। (ਉਲਟੀ ਵਾੜ ਖੇਤ ਕੋ ਖਾਏ)**

**ਭਾਵ** :—ਜਦ ਰਾਖਾ ਹੀ ਉਜਾੜਨ ਲਗ ਪਵੇ।

**ਵਰਤੋਂ** :—ਇਸ ਭਾਰੀ ਔਕੜ ਅਤੇ ਲਾਚਾਰੀ ਵੇਲੇ ਅਨਾਥ ਬ੍ਰਾਹਮਣ ਬਿਰਾਹਿਮ ਦੀ ਸ਼ਰਨ ਆਇਆ ਅਤੇ ਪੁਕਾਰ ਕੇ ਕਹਿਣ ਲਗਾ। 'ਕਲਜੁਗ ਦਾ ਰਾਜ ਹੈ, 'ਵਾੜ ਖੇਤ ਨੂੰ ਖਾਣਾ ਚਾਹੁੰਦੀ ਹੈ', ਤੇਰੇ ਬਿਨਾਂ ਹੋਰ ਕੋਈ ਸਹਾਇਕ ਨਜ਼ਰ ਨਹੀ ਆਉਂਦਾ, ਧਰਮ ਦੇ ਵਾਸਤੇ ਸਾਡੇ ਧਰਮ ਦੀ ਸਹਾਇਤਾ ਕਰ, ਇਸ ਅਧਰਮੀ ਦੇ ਰਾਜ ਵਿਚ ਵਸਣ ਦਾ ਕੋਈ ਧਰਮ ਨਹੀਂ।'

(ਚਰਣਹਰਿ ਵਿਸਥਾਰ—ਡ. ਬਲਬੀਰ ਸਿੰਘ)

**ਵਿਆਹ ਜੋਗੇ ਕੇ, ਅੜਾਟ ਭੋਗੇ ਕੇ।**

**ਭਾਵ** :—ਖੁਸ਼ੀ ਕਿਸੇ ਨੂੰ ਹੋਵੇ ਤੇ ਮਨਾਵੇ ਕੋਈ।

**ਵਰਤੋਂ** :—ਵੇਖੋ ਨੀ, ਲਾਜ ਵਲ, ਮੁੰਡਾ ਤਾਂ ਇਸਦੀ ਭੈਣ ਦੀ ਨਨਾਣ ਦੇ ਹੋਇਆ ਤੇ ਖੁਸ਼ੀ ਦੇ ਅਡੰਬਰ ਇਹ ਰਚਣ ਲਗੀ ਜੋ ਅਖੇ 'ਵਿਆਹ ਨਾਈਆਂ ਤੇ ਛਿੰਜ ਭਰਾਈਆਂ', ਵਿਆਹ ਜੋਗੇ ਕੇ ਅੜਾਟ ਭੋਗੇ ਕੇ। (ਸੰਗ੍ਰ)

**ਵਿਆਹ ਨਾ ਪਹਿਨੀ ਵਾਲੀ ਤੇ ਮੁਕਲਾਵੇ ਘੁੰਗਰਿਆਲੀ।**

**ਭਾਵ** :—ਜਦ ਘਰ ਵਿਚ ਤਾਂ ਕਿਸੇ ਦੇ ਹਥ ਪਲੇ ਕੁਝ ਨਾ ਮਿਲੇ, ਪਰ ਬਾਹਰ ਬਹੁਤ ਐਂਠ ਦਸੇ।

**ਵਰਤੋਂ** :—ਬੈਠ ਨੀ ਬੈਠ ਨਿੰਠ ਕੇ, ਵਿਆਹ ਨ ਪਹਿਨੀ ਵਾਲੀ ਤੇ ਮੁਕਲਾਵੇ ਘੁੰਘਰਿਆਲੀ' ਆਪਣਾ ਪਿਛਾ ਤਾਂ ਵੇਖ। (ਸੰਗ੍ਰ)

**ਵਿਆਹ ਵਿਚ ਬੀਂ ਦਾ ਲੇਖਾ।**

**ਭਾਵ** :—ਕਿਸੇ ਬਹੁਤ ਹੀ ਜਰੂਰੀ ਕੰਮ ਵਿਚ ਵਾਧੂ ਗਲ ਛੇੜ ਦੇਣੀ।

**ਵਰਤੋਂ** :—ਸੰਤਾਂ ਦੀ ਕਥਾ ਦਾ ਬੜਾ ਆਨੰਦ ਆ ਰਿਹਾ ਸੀ, ਪਰ ਪਿਆਰਾ ਸਿੰਘ ਨੇ ਵਿਚ ਵਾਧੂ ਚਰਚਾ ਛੇੜਕੇ 'ਵਿਆਹ ਵਿਚ ਬੀਂ ਦਾ ਲੇਖਾ' ਵਾਲੀ ਗੱਲ ਆ ਕੀਤੀ। (ਸੰਗ੍ਰ)

**ਵਿਸ ਹਲਾਹਲ ਬੀਜ ਕੇ ਕਿਉ ਅੰਬ ਉਲੁਹੀਐ ।**

**ਭਾਵ :**—'ਵਿਸ ਹਲਾਹਲ' ਅਰਥਾਤ ਤੇਲੀਆ ਮੁਹਰਾ ਬੀਜ ਕੇ ਅੰਬਾਂ ਦੇ ਫਲ ਕਿਵੇਂ ਲੈ ਸਕਦੇ ਹਾਂ । ਭਾਵ ਮੰਦੇ ਕੰਮ ਕਰਕੇ ਚੰਗਾ ਫਲ ਕਿਵੇਂ ਭੋਗੀਏ ।

**ਵਰਤੋਂ :**—

ਵਿਸੁ ਹਲਾਹਲ ਬੀਜਕੈ ਕਿਉ 'ਅੰਬ ਉਲੁਹੀਐ ।
ਬੇਮੁਖ ਮਿਤੀ ਪਿਰਹੜੀ ਜਮ ਡੰਡ ਸਹੀਐ।
(ਵਾਰਾਂ—ਭਾਈ ਗੁਰਦਾਸ)

**(ਵਿਹਲਾ) ਆਦਮੀ ਸ਼ਾਮਤ ਦਾ ਚਰਖਾ ।**

**ਭਾਵ :**—ਵਿਹਲੇ ਮਨ ਨੂੰ ਸ਼ਰਾਰਤਾਂ ਹੀ ਸੁਝਦੀਆਂ ਹਨ ।

**ਵਰਤੋਂ:**—ਬਚਿਓ ਵਿਹਲੇ ਨਾ ਫਿਰਾ ਕਰੋ । (ਵਿਹਲਾ) ਆਦਮੀ ਸ਼ਾਮਤ ਦਾ ਚਰਖਾ । ਉਹ ਕੁਝ ਨਾ ਕੁਝ ਊਟ ਪਟਾਂਗ ਹੀ ਸੋਚਦਾ ਰਹਿੰਦਾ ਹੈ । (ਸੰਗ੍ਰ)

**ਵਿਹਲਾ ਆਦਮੀ ਸ਼ੈਤਾਨ ਦਾ ਚਰਖਾ ।** ਜਾਂ **ਵਿਹਲਾ ਦਿਮਾਗ ਸ਼ੈਤਾਨ ਦਾ ਕਾਰਖਾਨਾ ।**

**ਭਾਵ :**—ਵਿਹਲਾ ਆਦਮੀ ਹੀ ਸ਼ਰਾਰਤ ਕਰਦਾ ਹੈ।

**ਵਰਤੋਂ :**—ਸ਼ਰੀਰਕ ਤਾਕਤ ਵਾਲੇ ਕੰਮ ਵਿਚ ਮਸਤ ਰਹਿਣ ਵਾਲਿਆਂ ਨੂੰ ਕੰਮ ਦੇ ਖਿਆਲ ਬਹੁਤ ਹੀ ਘਟ ਆਇਆ ਕਰਦੇ ਹਨ ਤੇ ਵਿਹਲੇ ਦਿਮਾਗ ਜ਼ਰੂਰ ਸ਼ੈਤਾਨ ਦਾ ਘਰ ਹੁੰਦੇ ਹਨ । (ਸੰਗ੍ਰ)

**ਵਿਹਲਾ ਬੰਦਾ ਪਸ਼ੂ ਬਰਾਬਰ, ਤ੍ਰਿਖਾ ਰੋਗੀ ਨਹੀਂ ਤਾਂ ਚੋਰ ।**

**ਭਾਵ :**—ਵਿਹਲੇ ਨੂੰ ਤਾਂ ਰੋਗ ਲਗ ਜਾਂਦਾ ਹੈ ਜਾਂ ਕੰਮਚੋਰੀ ਦੀ ਆਦਤ ਪੈ ਜਾਂਦੀ ਹੈ।

**ਵਰਤੋਂ :**—ਕਦੀ ਕਿਸੇ ਵੇਲੇ ਹੀ ਸਹੀ ਜੋ ਕਿਸੇ ਕੰਮ ਨੂੰ ਹਥ ਲਾਵੇ, ਤੂੰ ਨਹੀਂ ਸੁਣਿਆ, ਸਿਆਣੇ ਕੀ ਕਹਿੰਦੇ ਹਨ, 'ਵਿਹਲੇ ਢੋਰ, ਤ੍ਰਬਦੇ ਰੋਗੀ ਨਹੀਂ ਤਾਂ ਚੋਰ' । (ਸੰਗ੍ਰ)

**ਵਿਹਲੀ ਰੰਨ ਪ੍ਰਾਹੁਣਿਆਂ ਜੋਗੀ ।**

**ਭਾਵ :**—ਵਿਹਲਾ ਆਦਮੀ ਫਜ਼ੂਲ ਕੰਮਾਂ ਵਿਚ ਜੁਟਿਆ ਰਹਿੰਦਾ ਹੈ ।

**ਵਰਤੋਂ :**— ਕੰਮ ਕਾਜ ਕੁਝ ਕਰਦਾ ਨਹੀਂ, ਬਸ ਦੋਸਤਾਂ ਨਾਲ ਰਲਕੇ ਸੜਕਾਂ ਕਛਦਾ ਰਹਿੰਦਾ ਹੈ । 'ਵਿਹਲੀ ਰੰਨ ਪ੍ਰਾਹੁਣਿਆਂ ਜੋਗੀ' ਇਹੀ ਇਸਦਾ ਹਾਲ ਹੈ । (ਸੰਗ੍ਰ)

**ਵਿਹੜੇ ਵੜਿਆ ਭਾਵੇ ਨਾ ਤੇ ਕੁਛੜ ਬਹੇ ਨਿਲਜ ।**

**ਭਾਵ :**—ਜਿਹੜਾ ਬੰਦਾ ਦਿਲ ਨੂੰ ਚੰਗਾ ਨਾ ਲਗੇ ਪਰ ਸਗੋਂ ਹੋਰ ਨੇੜੇ ਢੁਕਣ ਦੀ ਕਰੇ ।

**ਵਰਤੋਂ :**— ਮੈਂ ਤਾਂ ਇਸ ਕੋਲੋਂ ਤੰਗ ਆ ਗਿਆ ਹਾਂ ਪਰ ਇਹ ਐਨਾ ਢੀਠ ਹੈ ਕਿ ਪਿਛਾ ਹੀ ਨਹੀਂ ਛਡਦਾ । 'ਵਿਹੜੇ ਵੜਿਆ ਭਾਵੇ ਨਾ ਤੇ ਕੁਛੜ ਬਹੇ ਨਿਲਜ' ਵਾਲੀ ਗੱਲ ਹੈ ਉਸ ਨਾਲ ਤਾਂ। ਕੀਤਾ ਕੀ ਜਾਇ । (ਸੰਗ੍ਰ)

**ਵਿਗੜੇ ਚਾਟਾ ਦੁਧ ਦਾ ਕਾਂਜੀ ਦੀ ਚੁਖੈ ।**

**ਭਾਵ :**—ਦੁਧ ਦਾ ਮਟਕਾ, ਕਾਂਜੀ ਦੀ ਇਕ ਬੂੰਦ ਨਾਲ ਫਿਟ ਜਾਂਦਾ ਹੈ ।

**ਵਰਤੋਂ :**—

ਵਿਗੜੇ ਚਾਟਾ ਦੁਧ ਦਾ ਕਾਂਜੀ ਦੀ ਚੁਖੈ ।
ਸਹਸ੍ਰ ਮਣਾ ਰੂਈਂ ਜਲੈ ਚਿਨਗਾਹੀ ਧੁਖੈ ।
(ਵਾਰਾਂ—ਭਾਈ ਗੁਰਦਾਸ)

**ਵਿਗੁਚੀ ਪਰਾਈ ਧੀਵੜੀ ਤੇ ਹਸਣ ਹਾਰਾ ਲੋਕ ।**

**ਭਾਵ :**—ਕਿਸੇ ਦੀ ਦੁਖ ਵਿਚ ਹਮਦਰਦੀ ਨਾ ਕਰਨਾ, ਸਗੋਂ ਹਸਣਾ ।

**ਵਰਤੋਂ :**— ਇਸਨੂੰ ਧੀਆਂ ਵਾਂਗ ਕਜਕੇ

ਰਖਿਆ ਜੇ। ਉਹ ਨ ਹੋਵੇ ਕਿ ਇਸਦੀਆਂ ਬੇਸਮਝੀਆਂ ਮਗਰ ਪੈ ਕੇ ਇਸਨੂੰ ਨਜ਼ਰ ਪਏ ਕਰੋ ਤੇ ਉਹ ਗੱਲ ਪਈ ਬਣੇ, 'ਵਿਹੁਚੀ ਪਰਾਈ ਧੀਵੜੀ ਤੇ ਹਸਣ ਹਾਰਾ ਲੋਕ'।

(ਨਵਾਬ ਖਾ—ਭਾਈ ਜੋਧ ਸਿੰਘ)

**ਵਿਚ ਸ਼ਰੀਕੇ ਵਸੇ, ਅੰਦਰ ਰੋਵੇ, ਬਾਹਰ ਹੱਸੇ।**

**ਭਾਵ :**—ਸ਼ਰੀਕਾਂ ਵਿਚ ਆਪਣੀ ਕਮਜ਼ੋਰੀ ਦਾ ਪਤਾ ਨਹੀਂ ਲਗਣ ਦੇਣਾ ਚਾਹੀਦਾ।

**ਵਰਤੋਂ :**— ਚੋਧਰੀ, ਜਾਨ ਤਾਂ ਉਤਨੀ ਨਹੀਂ ਜਿਤਨਾ ਨਾ ਭਾਰ ਚੁਕੀ ਫਿਰਦੇ ਹਾ, ਪਰ ਕੀ ਕੀਤਾ ਜਾਵੇ? 'ਵਿਚ ਸ਼ਰੀਕੇ ਵੱਸੇ, ਅੰਦਰ ਰੋਵੇ ਬਾਹਰ ਹੱਸੇ' ਦਿਖਾਵਾ ਤਾਂ ਖੁਸ਼ੀ ਦਾ ਕਰਨਾ ਹੋਇਆ। (ਸੰਗ੍ਰ)

**ਵਿਚਿ ਦੁਬਿਧਾ ਮਾਥੇ ਪਵੈ ਛਾਰੁ।**

**ਭਾਵ :**—ਦੋਵੱਲੀ ਝਾਕ ਰਖਣ ਵਾਲਾ ਬੰਦਾ ਦੁਖੀ ਹੁੰਦਾ ਹੈ।

**ਵਰਤੋਂ :**—

ਏਹਾ ਮਤਿ ਸਬਦੁ ਹੈ ਸਾਰੁ।
ਵਿਚਿ ਦੁਬਿਧਾ ਮਾਥੈ ਪਵੈ ਛਾਰੁ।

(ਗੁਰੂ ਗ੍ਰੰਥ—ਰਾਗ ਪ੍ਰਭਾਤੀ)

**ਵਿਚੇ ਹਾਜੀ, ਵਿਚੇ ਗਾਜ਼ੀ, ਵਿਚੇ ਚਰ ਉਚੱਕਾ।**

**ਭਾਵ :**—ਜਦ ਕੋਈ ਚੰਗੇ ਮੰਦੇ ਸਭ ਵਿਚ ਆਪਣੇ ਪਿਆਰੇ ਨੂੰ ਵੇਖੇ। ਜਾਂ ਜਿਥੇ ਮੰਦੇ ਚੰਗੇ ਦੀ ਤਮੀਜ ਨਾ ਹੋਵੇ।

**ਵਰਤੋਂ :**—

ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰੇ ਘਰ ਵਿਚ ਨੌਸ਼ਾ ਮਕਾ,
ਵਿਚੇ ਹਾਜੀ, ਵਿਚੇ ਗਾਜ਼ੀ, ਵਿਚੇ ਚੋਰ ਉਚੱਕਾ।

(ਕਾਫੀਆਂ—ਬੁਲ੍ਹੇ ਸ਼ਾਹ)

**ਵਿਣੁ ਸੇਵਾ ਧ੍ਰਿਗੁ ਹੱਥ ਪੈਰ ਹੋਰ ਨਿਹਫਲ ਕਰਣੀ।**

**ਭਾਵ :**— ਉਹ ਹੱਥ ਤੇ ਪੈਰ ਧ੍ਰਿਗ ਹਨ, ਜੋ ਸਚੀ ਸੇਵਾ ਛਡ ਕੇ ਹੋਰ ਸੇਵਾ ਵਿਚ ਲਗੇ ਰਹਿੰਦੇ ਹਨ।

**ਵਰਤੋਂ :**—

ਵਿਣੁ ਸੇਵਾ ਧ੍ਰਿਗੁ ਹੱਥ ਪੈਰ ਹੋਰ ਨਿਹਫਲ ਕਰਣੀ।
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ।

(ਵਾਰਾਂ—ਭਾਈ ਗੁਰਦਾਸ)

**ਵਿਣੁ ਸੰਜਮ ਰੋਗੀ ਮਰੈ ਚਿਤ ਵੈਦ ਨ ਰੋਸ।**

**ਭਾਵ :**—ਜੇ ਪ੍ਰਹੇਜ਼ ਬਿਨਾਂ ਰੋਗੀ ਮਰ ਜਾਏ ਤਾਂ ਵੈਦ ਉਪਰ ਗੁਸਾ ਨਹੀਂ ਕਰਨਾ ਚਾਹੀਦਾ।

**ਵਰਤੋਂ :**—

ਟਿੱਬੇ ਨੀਰ ਨ ਠਾਹਰੈ ਘਣ ਵਰਸ ਜਇਓਸ।
ਵਿਣੁ ਸੰਜਮ ਰੋਗੀ ਮਰੈ ਚਿਤ ਵੈਦ ਨ ਰੋਸ।

(ਵਾਰਾਂ—ਭਾਈ ਗੁਰਦਾਸ)

**ਵਿਣ ਭੰਨਿਆਂ ਕਾਨਾ ਆਵਾਜ਼ ਨਹੀਂ ਦੇਂਦਾ।**

**ਭਾਵ :**—ਮੁਸੀਬਤ ਵਿਚ ਹੀ ਬੰਦਾ ਰੋਂਦਾ ਚੀਕਦਾ ਹੈ।

**ਵਰਤੋਂ :**— ਸੁਖ ਵਿਚ ਕੋਣ ਰੋਂਦਾ ਹੈ? 'ਵਿਣ ਭੰਨਿਆਂ ਕਾਨਾ ਆਵਾਜ਼ ਨਹੀਂ ਦੇਂਦਾ'। (ਸੰਗ੍ਰ)

**ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।**

**ਭਾਵ :**—ਬਿਨਾਂ ਭਾਗਾਂ ਦੇ ਕੁਝ ਨਹੀਂ ਲਭਦਾ, ਭਾਵੇਂ ਕੋਈ ਕਿਨੀ ਨਠ ਭਜ ਕਰੇ।

**ਵਰਤੋਂ :**—

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।
ਕਰਣ ਪਲਾਹ ਕਰੇ ਬਹੁਤੇਰੇ ਸਾਧਨ ਮਹਲੁ ਨ ਪਾਵੈ।
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰੇ ਧਾਵੈ।

(ਗੁਰੂ ਗ੍ਰੰਥ—ਰਾਗ ਤਿਲੰਗ)

## ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ।

**ਭਾਵ** :—ਜੇ ਬਿਨਾਂ ਗਾਹਕ (ਲੋੜਵੰਦ ਜਾਂ ਪਾਰਖੂ , ਗੁਣੀ) ਦੇ ਗੁਣ ਵੇਚੀਏ, ਤਾਂ ਗੁਣ ਸਸਤਾ ਹੀ ਚਲਾ ਜਾਂਦਾ ਹੈ ।

**ਵਰਤੋਂ** :—

ਵਿਣ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ।
ਗੁਣ ਕਾ ਗਾਹਕੁ ਜੇ ਮਿਲੇ ਤਉ ਗੁਣੁ ਲਾਖ ਵਿਕਾਇ ।
(ਗੁਰੂ ਗ੍ਰੰਥ—ਵਾਰ ਮਾਰੂ)

## ਵਿਣੁ ਗੁਣ ਕੀਤੇ ਭਗਤਿ ਨ ਹੋਇ ।

**ਭਾਵ** :—ਬਿਨਾ ਚੰਗਾ ਜੀਵਨ ਹੋਣ ਦੇ ਰਬ ਦੀ ਭਗਤੀ ਨਹੀਂ ਹੁੰਦੀ ।

**ਵਰਤੋਂ** :— ਗੱਲਾਂ ਦਾ ਨਾਮ ਸਿੱਖੀ ਨਹੀਂ, ਗੁਣਾਂ ਦਾ ਧਾਰਨਾ ਤੇ ਰਹਿਣੀ ਦਾ ਨਾਮ ਸਿੱਖੀ ਹੈ । ਗੁਰੂ ਜੀ ਆਪ ਦਸਦੇ ਹਨ 'ਵਿਣੁ ਗੁਣ ਕੀਤੇ ਭਗਤਿ ਨ ਹੋਇ' ।
(ਗੁਰੂ ਨਾਨਕ ਚਮਤਕਾਰ—ਭਾਈ ਵੀਰ ਸਿੰਘ)

## ਵਿਦਿਆ ਵੀਚਾਰੀ ਤਾਂ ਪਰਉਪਕਾਰੀ ।

**ਭਾਵ** :—ਵਿਦਿਆ ਨੇਕੀ ਤੇ ਪਰ-ਉਪਕਾਰ ਸਿਖਾਉਂਦੀ ਹੈ ।

**ਵਰਤੋਂ** :—

ਵਿਦਿਆ ਵੀਚਾਰੀ ਤਾਂ ਪਰਉਪਕਾਰੀ ।
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ।
(ਗੁਰੂ ਗ੍ਰੰਥ—ਆਸਾ ਰਾਗ)

## ਵਿਧਾਤਾ ਦੇ ਰਾਹ ਨਿਆਰੇ ।

**ਭਾਵ** :—ਕਿਸਮਤ ਦੇ ਕੜਛੇ ਅਨੋਖੇ ਢੰਗ ਨਾਲ ਆ ਮਿਲਦੇ ਹਨ ।

**ਵਰਤੋਂ** :—ਮਹਾਂ ਸਿੰਘ 'ਵਿਧਾਤਾ ਦੇ ਰਾਹ ਨਿਆਰੇ !' ਕੀ ਪਤਾ ਸੀ ਤੁਹਾਡੀ ਕਿਸਮਤ ਵਿਚ ਦੋਹਾਂ ਮਿਸਲਾਂ ਦੀ ਨੂਰ-ਪਰਸਤੀ ਲਿਖੀ ਹੋਈ ਹੈ ।
(ਸਾਂਝਾ ਰਾਜ — ਹਰਚਰਨ ਸਿੰਘ)

## ਵਿਰਲਾ ਸੱਚ ਵਿਹਾਝਣ ਆਯਾ ।

**ਭਾਵ** :—ਵਿਰਲਾ ਪੁਰਸ਼ ਹੀ ਸਚ ਦੇ ਖਰੀਦਣ ਦਾ ਵਪਾਰੀ ਆਉਂਦਾ ਹੈ । ਬਹੁਤੇ ਝੂਠ ਦਾ ਹੀ ਵਪਾਰ ਕਰਦੇ ਹਨ ।

**ਵਰਤੋਂ** :—

ਆਪ ਠਗਾਇ ਨ ਠਗੀਐ ਠਗਣਹਾਰੇ ਆਪ ਠਗਾਯਾ ।
ਵਿਰਲਾ ਸੱਚ ਵਿਹਾਝਣ ਆਇਆ ।
(ਵਾਰਾਂ—ਭਾਈ ਗੁਰਦਾਸ)

## ਵਿੰਗਾਂ ਤਕਲਾ ਜੁਤੀ ਨਾਲ ਹੀ ਸਿੱਧਾ ਹੁੰਦਾ ਏ ।

**ਭਾਵ** :—ਕੁਪਤਾ ਜਾਂ ਅੜਬ ਆਦਮੀ ਜ਼ੋਰ ਨਾਲ ਹੀ ਠੀਕ ਹੁੰਦਾ ਹੈ ।

**ਵਰਤੋਂ** :— ਤੇ ਏਨ ਏਦਾਂ ਥੋੜ੍ਹਾ ਸਮਝਣਾ ਏ । 'ਵਿੰਗਾ ਤਕਲਾ ਭਾਉ ਜੁਤੀ ਨਾਲ ਈ ਸਿੱਧਾ ਹੁੰਦਾ ਈ' । (ਚਿਟਾ ਲਹੂ—ਨਾਨਕ ਸਿੰਘ)

## ਵੇਖ ਪਰਾਈਆਂ ਚੰਗੀਆਂ, ਮਾਂਵਾਂ, ਧੀਆਂ, ਭੈਣਾਂ ਜਾਣੈ ।

**ਭਾਵ** :—ਸਦਾ ਪਰਾਈ ਇਸਤਰੀ ਨੂੰ ਵੇਖ, ਮਾਂ ਧੀ ਜਾਂ ਭੈਣ ਸਮਝੋ ।

**ਵਰਤੋਂ** :—ਸ਼ਾਸਤ੍ਰ ਤੇ ਗ੍ਰੰਥ ਪਏ ਕਹਿਣ ਕਿ 'ਵੇਖ ਪਰਾਈਆਂ ਚੰਗੀਆਂ, ਮਾਂਵਾਂ, ਧੀਆਂ ਭੈਣ ਜਾਣੈ' ਪਰ ਜਦ ਤਕ ਪਖੰਡੀ ਮਰਦ ਇਸਤ੍ਰੀ ਨੂੰ ਡੱਬੇ ਵਿਚ ਬੰਦ ਕਰੀ ਰਖਣਗੇ, ਕੀ ਸਬੂਤ ਹੈ ਕਿ ਅਸਲੋਂ ਅਸੀਂ ਉਹਨਾਂ ਨੂੰ ਇੰਵ ਹੀ ਜਾਣਦੇ ਹਾਂ ?
(ਮੇਰਾ ਵਲੈਤੀ ਸਫ਼ਰਨਾਮਾ—ਲਾਲ ਸਿੰਘ)

## ਵੇਖੀਏ ਊਠ ਕਿਸ ਕਰਵਟ ਬੈਠਦਾ ਹੈ ।

**ਭਾਵ** :—ਵੇਖੀਏ, ਕੀ ਹੁੰਦਾ ਹੈ, ਜਾਂ ਹਾਲਾਤ ਕਿਸ ਤਰ੍ਹਾਂ ਬਦਲਦੇ ਹਨ ।

**ਵਰਤੋਂ** :— ਵੀਤਨਾਮ ਦੀ ਲੜਾਈ ਲਮਕੀ ਜਾਂਦੀ ਏ । 'ਵੇਖੀਏ ਅਖੀਰ ਊਠ ਕਿਸ ਕਰਵਟ ਬੈਠਦਾ ਏ' । (ਸੰ)

## ਵੇਲ ਵਖਤ ਵਿਹਾਇਆਂ ਕੀ ਬਣਦਾ ਪਛੋਤਾਇਆਂ ?

**ਭਾਵ** :—ਸਮਾਂ ਗਵਾ ਕੇ ਪਛਤਾਣਾ ਵਿਅਰਥ ਹੈ।

**ਵਰਤੋਂ** :—

ਅਜੇ ਹੈ ਵੇਲਾ ਆਖੇ ਲਗ ਜਾਏ,
ਤੁਸੀਂ ਉਸ ਨੂੰ ਰਾ ਸਮਝਾਇਆ ਜੇ।
ਵਰਸ ਸ਼ਾਹ ਮੀਆਂ ਇਹ ਵਕਤ ਘੁੱਥਾ,
ਕਿਸੇ ਪੀਰ ਨੂੰ ਨਾ ਹਥ ਆਇਆ ਜੇ।

(ਸੰਗ੍ਰ)

## ਵੇਲਾ ਨਿਕਲ ਜਾਂਦਾ ਏ, ਗੱਲ ਯਾਦ ਰਹਿ ਜਾਂਦੀ ਏ।

**ਭਾਵ** :—ਮੁਸੀਬਤ ਟਲ ਜਾਂਦੀ ਹੈ, ਪਰ ਦੁਖ ਵੇਲੇ ਕਿਸੇ ਦੀ ਦਸੀ ਬੇਦਰਦੀ ਨਹੀਂ ਵਿਸਰਦੀ।

**ਵਰਤੋਂ** :—ਸ਼ਾਹ, ਕੋਈ ਗੱਲ ਨਹੀਂ, 'ਵੇਲਾ ਨਿਕਲ ਜਾਂਦਾ ਏ, ਗੱਲ ਯਾਦ ਰਹਿ ਜਾਂਦੀ ਏ' ਔਖ ਸੌਖ ਕਟ ਲਵਾਂਗੇ, ਪਰ ਤੇਰੀ ਨਿਰਦੈਤਾ ਨੂੰ ਨਹੀਂ ਭੁਲਾਂਗੇ। (ਸੰਗ੍ਰ)

## ਵੇਲੇ ਸਿਰ ਦਾ ਇਕੋ ਤੋਪਾ ਨੌ ਤੋਪਿਆਂ ਨੂੰ ਬਚਾਂਦਾ ਹੈ।

**ਭਾਵ** :—ਜਦ ਸਮੇਂ ਸਿਰ ਕਿਸੇ ਖਰਾਬੀ ਦਾ ਇਲਾਜ ਕੀਤਾ ਜਾਵੇ, ਤਾਂ ਪਿਛੋਂ ਖੇਚਲ ਘਟ ਹੁੰਦੀ ਹੈ।

**ਵਰਤੋਂ** :—ਹੁਣੇ ਦਾਰੂ ਕਰੋ 'ਵੇਲੇ ਸਿਰ ਇਕੋ ਤੋਪਾ ਨੌਂ ਤੋਪਿਆਂ ਨੂੰ ਬਚਾਂਦਾ ਹੈ' ਪਿਛੋਂ ਬੜੇ ਦੁਖੀ ਹੋਣਗੇ। (ਸੰਗ੍ਰ)

## ਵੇਲੇ ਦੀ ਨਮਾਜ਼, ਕੁਵੇਲੇ ਦੀਆ ਟਕਰਾਂ।

**ਭਾਵ** ;—ਵੇਲਾ ਖੁੰਝਾ ਕੇ ਕੀਤਾ ਕੰਮ ਲਾਭ ਨਹੀਂ ਦੇਂਦਾ।

**ਵਰਤੋਂ** :—ਨੋਟ—ਤੇਰੇ ਵਰਗੀਆਂ ਮਣ ਮਣ ਦਾਣੇ ਪੀਹ ਕੇ ਵੀ ਨਹੀਂ ਥਕਦੀਆਂ। ਤੂੰ ਇਕੋ ਟਪਾ ਸੁਣਾਕੇ ਫਿਰਗੀ ਢਾਹ ਬੈਠਾ ਏਂ। ਸਿਆਣੇ ਕਹਿੰਦੇ ਨੇ 'ਵੇਲੇ ਦੀ ਨਿਮਾਜ਼ ਕਵੇਲੇ ਦੀਆਂ ਟਕਰਾਂ' ਕੋਈ ਵੇਲੇ ਦਾ ਗੀਤ ਗਾਓ। (ਰਜਨੀ—ਨਾਨਕ ਸਿੰਘ)

## ਵੇਲੇ ਵੇਲੇ ਦਾ ਮੰਗਲ ਹੁੰਦਾ ਹੈ।

**ਭਾਵ** :—ਹਰ ਕੰਮ ਨੂੰ ਸਮੇਂ ਸਿਰ ਹੀ ਕਰਨਾ ਯੋਗ ਹੈ।

**ਵਰਤੋਂ** :—ਭੈਣ ਜੀ, ਚਲੋ ਸਭੱਦ੍ਰਾ ਦੇ ਘਰ ਵਧਾਈ ਦੇ ਆਈਏ। 'ਵੇਲੇ ਵੇਲੇ ਦਾ ਮੰਗਲ ਹੁੰਦਾ ਹੈ' ਪਿਛੋਂ ਜਾਣ ਦਾ ਕੀ ਲਾਭ? (ਸੰਗ੍ਰ)

## ਵੈਰ ਨ ਟਿਕਦਾ ਭਲੇ ਚਿਤ ਹੇਤ ਨਾ ਟਿਕੇ ਬੁਰੇ ਮਨ ਆਇ।

**ਭਾਵ** :—ਸ੍ਰੇਸ਼ਟ ਪੁਰਸ਼ ਦੇ ਅੰਦਰ ਵੈਰ ਨਹੀਂ ਰਹਿ ਸਕਦਾ ਤੇ ਮਾੜੇ ਦੇ ਮਨ ਵਿਚ ਭਲਿਅਈ ਨਹੀਂ ਟਿਕ ਸਕਦੀ।

**ਵਰਤੋਂ** :—

ਵੈਰ ਨਾ ਟਿਕਦਾ ਭਲੇ ਚਿਤ
ਹੇਤ ਨ ਟਿਕੇ ਬੁਰੇ ਮਨ ਆਇ।
ਭਲਾ ਨ ਹੇਤ ਵਿਸਾਰਦਾ
ਬੁਰਾ ਨਾ ਵੈਰ ਮਨਹੁ ਵਿਸਰਾਇ।

(ਵਾਰਾਂ—ਭਾਈ ਗੁਰਦਾਸ)

## ਵੈਰ ਪਈ ਡੂੰਮਣੀ ਖਿਧੋਲੇ ਪਾੜੇ।

**ਭਾਵ** :—ਕਮਜ਼ੋਰ ਤਾਕਿਆਂ ਨਾਲ ਟਾਕਰਾ ਨਹੀਂ ਕਰ ਸਕਦਾ। ਸਗੋਂ ਕੁਝ ਆਪਣਾ ਗਵਾਉਂਦਾ ਹੈ।

**ਵਰਤੋਂ** :—ਮੂਰਖ ਨੇ ਕੁਲੂ ਪਹਿਲਵਾਨ ਟਕਰਾ ਕੀ ਕਰਨਾ ਸੀ? ਉਸਦਾ ਤਾਂ 'ਵੈਰ ਪਈ ਡੂੰਮਣੀ ਖਿਧੋਲੇ ਪਾੜੇ' ਵਾਲਾ ਲੇਖਾ ਬਣਿਆ ਹੋਇਆ ਹੈ। ਉਲਟੀ ਆਪ ਹੀ ਸੱਟਾਂ ਖਾ ਕੇ ਡਿੱਗਾ। (ਸੰਗ੍ਰ)

## ਵੈਰੀ ਦੀ ਅੱਖ ਤੇ ਭੂਤ ਦੀ ਹਾਕ ਬੁਰੀ।

**ਭਾਵ** :—ਵੈਰੀ ਦੀ ਨਜ਼ਰ ਬੁਰੀ ਤੇ

ਭੂਤ ਦਾ ਪਿਛੋਂ ਬਲਾਉਣਾ ਮਾੜਾ ।

**ਵਰਤੋਂ** :—'ਵੈਰੀ ਦੀ ਅੱਖ ਤੇ ਭੂਤ ਦੀ ਹਾਕ ਬੁਰੀ' ਹੁੰਦੀ ਜੇ । ਵੈਰੀ ਦੀ ਨਜ਼ਰ ਪੱਥਰ ਪਾੜ ਦੇਂਦੀ ਹੈ । (ਸੰਗ੍ਰ)

**ਵੰਝ ਧੀਆਂ ਰਾਵੀ, ਨਾ ਕੋਈ ਵੰਝੀ ਨਾ ਕੋਈ ਆਵੀ । ਜਾਂ ਵੰਝ ਧੀਆਂ ਰਾਵੀ ਨਾ ਕੋਈ ਆਵੀ, ਨ ਕੋਈ ਜਾਵੀ ।**

**ਭਾਵ** :—ਜਦ ਕਿਸੇ ਸੰਬੰਧੀ ਨੂੰ ਬੜੇ ਦੂਰ ਭੇਜਕੇ ਪਿਛੋਂ ਉਸਦੀ ਸਾਰ ਨਾ ਲਈ ਜਾਵੇ ।

**ਵਰਤੋਂ** :—ਜਦ ਦਾ ਪ੍ਰਦੇਸ ਆਇਆ ਹਾਂ, ਘਰ ਵਾਲਿਆਂ ਨੇ ਪਿਛੋਂ ਖਬਰ ਸਾਰ ਲੈਣੀ ਵੀ ਛਡ ਦਿਤੀ ਹੈ ਅਖੇ 'ਵੰਞ ਧੀਆਂ ਰਾਵੀ, ਨਾ ਕੋਈ ਵੰਞੀ ਨਾ ਕੋਈ ਆਵੀ' । (ਸੰਗ੍ਰ)

**ਵਝਲੀ ਦਾ ਕੀ ਵਜਾਉਣਾ, ਮੂੰਹ ਹੀ ਵਿੰਗਾ ਕਰਨਾ ਏ ।**

**ਭਾਵ** :—ਜਦ ਕੋਈ ਕਿਸੇ ਔਖੇ ਕੰਮ ਦਾ ਠੱਠਾ ਉੜਾਉਣ ਲਈ ਬਹੁਤ ਸੌਖਾ ਦੱਸੇ ।

**ਵਰਤੋਂ** :—ਤੇਰੇ ਲਈ ਤਾਂ ਅਖੇ 'ਵੰਝਲੀ ਦਾ ਕੀ ਵਜਾਉਣਾ, ਮੂੰਹ ਵਿੰਗਾ ਕਰਨਾ ਏ'' ਰਤਾ ਮੇਰੀ ਥਾਂ ਕੰਮ ਕਰਕੇ ਵੇਖੇਂ ਤਾ ਪਤਾ ਲਗੇ । (ਸੰਗ੍ਰ)

**ਵੰਡ ਖਾਏ ਖੰਡ ਖਾਏ, ਅਡ ਖਾਏ ਡਡ ਖਾਏ ।**

**ਭਾਵ** :—ਵੰਡ ਕੇ ਖਾਣਾ ਚਾਹੀਦਾ ਹੈ ।

**ਵਰਤੋਂ** :— ਭਾਈ ਵੰਡ ਖ਼ਾਇ ਖੰਡ ਖਾਇ । ਆਪ ਖਾਧਾ ਤਾਂ ਕੀ ਖਾਧਾ । (ਸੰਗ੍ਰ)

# ੜ

**ੜਾੜਿ ਕਰਤ ਸਾਕਤ ਗਾਵਾਰਾ ।**

**ਭਾਵ** :—ਮੂਰਖ ਤੇ ਭੈੜੇ ਮਨੁੱਖ ਹੀ ਝਗੜਾ ਕਰਦੇ ਹਨ ।

**ਵਰਤੋਂ** :—

ੜਾੜਿ ਕਰਤ ਸਾਕਤ ਗਾਵਾਰਾ ।
ਜੇਹਾ ਹੀਐ ਅਹੰਬੁਧਿ ਬਿਕਾਰਾ ।
(ਗੁਰੂ ਗ੍ਰੰਥ—ਰਾਗ ਗਾਉੜੀ)

o—o—o

# ਅੰਤਿਕਾ

## ਪੁਸਤਕ-ਸੂਚੀ (*Bibliography*)

ਜਿਨ੍ਹਾਂ ਪੁਸਤਕਾਂ ਵਿਚੋਂ ਪੰਜਾਬੀ ਅਖਾਣ ਇਕੱਠੇ ਕਰਨ ਵਿੱਚ ਸਹਾਇਤਾ ਮਿਲੀ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—


| | |
|---|---|
| ੧. ਸਾਹਿਬ ਸਿੰਘ, ਪ੍ਰੋਫੈਸਰ | ਸੁਹਜ ਪ੍ਰਕਾਸ਼ |
| ੨. ਕਿਸ਼ਨ ਸਿੰਘ, ਓਵਰਸੀਅਰ | ਪੰਜਾਬੀ ਅਖਾਣ* |
| ੩. ਦੇਵੀ ਦਾਸ, ਹਿੰਦੀ | ਪੰਜਾਬੀ ਅਖਾਣ |
| ੪. ਮਹਿਤਾਬ ਸਿੰਘ, ਹੈਡ ਮਾਸਟਰ | ਨਵੀਨ ਪੰਜਾਬੀ ਅਖਾਣ |
| ੫. ਮੋਹਨ ਸਿੰਘ ਵੈਦ, ਭਾਈ | ਗੁਰਮਤ ਅਖਾਣ |
| ੬. ਡਬਲਯੂ. ਪੀ. ਹੇਅਰਜ਼ | ਪੰਜਾਬੀ ਅਖਾਣ ਤੇ ਮੁਹਾਵਰੇ† |


**ਨੋਟ** :—ਇਨ੍ਹਾਂ ਪੁਸਤਕਾਂ ਵਿਚੋਂ ਕੇਵਲ ਪੁਸਤਕ ਨੰ: ੬ ਵਿਚ ਅਖਾਣ ਤੇ ਵਰਤੋਂ ਦਿੱਤੀ ਗਈ ਹੈ।

(ii)

ਕੁਝ ਅਖਾਣ ਤੇ ਉਨ੍ਹਾਂ ਦੀ ਵਰਤੋਂ ਨਿਮਨ ਲਿਖਤ ਪੁਸਤਕਾਂ ਵਿਚੋਂ ਭੀ ਮਿਲੀ ਹੈ :—


| | |
|---|---|
| ੧. ਅਬਦੁਲ ਰਹਿਮਾਨ, ਮੁਨਸ਼ੀ ਤੇ ਜੋਧ ਸਿੰਘ ਭਾਈ | ਨਵਾਬ ਖਾਂ |
| ੨. ਅੰਮ੍ਰਿਤਾ, ਪ੍ਰੀਤਮ | ਛੱਬੀ ਵਰ੍ਹੇ ਬਾਦ |
| ੩. ਈਸ਼ਰ ਸਿੰਘ ਈਸ਼ਰ | ਕਲਮ ਦੀ ਆਵਾਜ਼ |
| ੪. ਈਸ਼ਵਰ ਚੰਦਰ, ਨੰਦਾ | ਸ਼ਾਮੂ ਸ਼ਾਹ, ਵਰ ਘਰ ਜਾਂ ਲਿਲੀ ਦਾ ਵਿਆਹ |
| ੫. ਸੰਤ ਸਿੰਘ ਸੇਖੋਂ | ਸਮਾਚਾਰ |
| ੬. ਸੁਰਿੰਦਰ ਸਿੰਘ ਕੋਹਲੀ, ਪ੍ਰੋ: | ਪੰਜਾਬ ਦੇ ਗੀਤ, ਇਤਿਹਾਸਕ ਕਹਾਣੀਆਂ, ਚੰਗੇ ਸ਼ਹਿਰੀ ਨੰ ੧ |


* ਅਖਾਣ ਪੰਜਾਬੀ ਵਿਚ ਹਨ। ਇਨ੍ਹਾਂ ਦਾ ਉਲਥਾ ਅੰਗ੍ਰੇਜ਼ੀ ਵਿਚ ਹੈ।

† ਇਸ ਪੁਸਤਕ ਵਿੱਚ ਅਖਾਣ ਰੋਮਨ ਵਿਚ ਹਨ। ਇਨ੍ਹਾਂ ਦਾ ਉਲਥਾ ਅੰਗ੍ਰੇਜ਼ੀ ਵਿੱਚ ਹੈ।

| | |
|---|---|
| ੭. ਸਾਹਿਬ ਸਿੰਘ, ਸੇਠੀ | ਮਣਕੇ |
| ੮. ਹੀਰਾ ਸਿੰਘ, ਦਰਦ | ਪੰਜਾਬੀ ਸੱਧਰਾਂ |
| ੯. ਹਰਚਰਨ ਸਿੰਘ, ਪ੍ਰੋ: | ੧. ਅਨਜੋੜ |
| | ੨. ਸਪਤ ਰਿਸ਼ੀ |
| | ੩. ਕਮਲਾ ਕੁਮਾਰੀ |
| | ੪. ਖੇਡਣ ਦੇ ਦਿਨ ਚਾਰ |
| | ੫. ਦੂਰ ਦੁਰਾਡੇ ਸ਼ਹਿਰੋਂ |
| | ੬. ਦੋਸ਼ |
| | ੭. ਰਾਜਾ ਪੋਰਸ |
| ੧੦. ਕਰਤਾਰ ਸਿੰਘ ਐਮ. ਏ. | ਮਾਤਾ ਹਰੀ |
| ੧੧. ਕਰਤਾਰ ਸਿੰਘ ਸ਼ਮਸ਼ੇਰ | ਜੀਊਂਦੀ ਦੁਨੀਆਂ |
| ੧੨. ਕਰਤਾਰ ਸਿੰਘ ਦੁੱਗਲ | ਸਵੇਰ ਸਾਰ |
| ੧੩. ਕਾਦਰ ਯਾਰ | ੧. ਸੋਹਣੀ ਮਹੀਂਵਾਲ |
| | ੨. ਪੂਰਨ ਭਗਤ |
| ੧੪. ਕਰਤਾਰ ਸਿੰਘ, ਪ੍ਰੋ. | ਕੌਮੀ ਪਰਵਾਨਾ |
| ੧੫. ਕ੍ਰਿਪਾ ਸਾਗਰ | ੧. ਮਹਾਰਾਜਾ ਰਣਜੀਤ ਸਿੰਘ |
| | ੨. ਲਕਸ਼ਮੀ ਦੇਵੀ |
| ੧੬. ਗੰਡਾ ਸਿੰਘ, ਪ੍ਰੋ: | ਸ਼ਾਮ ਸਿੰਘ ਅਟਾਰੀ |
| ੧੭. ਗੁਰਦਿਆਲ ਸਿੰਘ | ਬੂਹੇ ਬੈਠੀ ਧੀ |
| ੧੮. ਗੁਰਮੁਖ ਸਿੰਘ ਮੁਸਾਫਰ, ਗਿਆਨੀ | ਜੀਵਨ ਪੰਧ |
| ੧੯. ਗੁਰਦਾਸ, ਭਾਈ | ਵਾਰਾਂ |
| ੨੦. ਗੁਰ ਸੇਵਕ ਸਭਾ | ਸ਼ਬਦਾਰਥ (ਚਾਰ ਸੈਂਚੀਆਂ) |
| ੨੧. ਚਰਨ ਸਿੰਘ ਸ਼ਹੀਦ | ਬਾਦਸ਼ਾਹੀਆਂ |
| ੨੨. ਜੋਸ਼ੂਆ ਫ਼ਜ਼ਲਦੀਨ | ੧. ਅਦਬੀ ਅਫਸਾਨੇ |
| | ੨. ਨਿੱਕੀਆਂ ਕਹਾਣੀਆਂ |
| | ੩. ਪਿੰਡ ਦੇ ਵੈਰੀ, |
| | ੪. ਪ੍ਰਭਾ |
| ੨੩. ਜਗਜੀਤ ਸਿੰਘ ਨਵਤੇਜ | ਸਤਰੰਗੀ ਪੀਂਘ |
| ੨੪. ਜੋਧ ਸਿੰਘ, ਭਾਈ | ਦੀਪ ਮਾਲਾ |
| ੨੫. ਤੇਜਾ ਸਿੰਘ, ਪ੍ਰਿੰਸੀਪਲ ਤੇ ਐਸ. ਐਸ. ਅਮੋਲ | ੧. ਪੰਜਾਬ ਦੇ ਕਿੱਸੇ-ਕਹਾਣੀਆਂ ਨਵੇਂ ਰੂਪ ਵਿਚ<br>੨. ਨਵੀਆਂ ਸੋਚਾਂ |

| | |
|---|---|
| ੨੬. ਦਮੋਦਰ | ਹੀਰ |
| ੨੭. ਧਨੀ ਰਾਮ ਚਾਤ੍ਰਿਕ | ਕੇਸਰ ਕਿਆਰੀ |
| ੨੮. ਨਾਨਕ ਸਿੰਘ | ੧. ਅਧ-ਖਿੜਿਆ ਫੁਲ<br>੨. ਕਾਗਤਾਂ ਦੀ ਬੇੜੀ<br>੩. ਗੰਗਾ ਜਲੀ ਵਿਚ ਸ਼ਰਾਬ<br>੪. ਚਿੱਟਾ ਲਹੂ<br>੫. ਜੀਵਨ ਸੰਗਰਾਮ<br>੬. ਟੁੱਟੀ ਵੀਣਾ<br>੭. ਧੁੰਦਲੇ ਪਰਛਾਵੇਂ<br>੮. ਪ੍ਰੇਮ ਸੰਗੀਤ<br>੯. ਪਵਿੱਤਰ ਪਾਪੀ<br>੧੦. ਮਿੱਠਾ ਮੌਹਰਾ<br>੧੧. ਮਿੱਧੇ ਹੋਏ ਫੁਲ<br>੧੨. ਰਜਨੀ<br>੧੩. ਲਵ-ਮੈਰਿਜ |
| ੨੯. ਨਰਿੰਦਰ ਸਿੰਘ | ਸੈਨਾ-ਪਤੀ |
| ੩੦. ਪ੍ਰੀਤਮ ਸਿੰਘ ਪ੍ਰੀਤਮ | ਪੰਜ ਲੁੱਚੇ |
| ੩੧. ਫ਼ੀਰੋਜ਼ਦੀਨ ਸ਼ਰਫ | ੧. ਸ਼ਰਫ ਸੁਨੇਹੇ<br>੨. ਹੀਰ ਸਿਆਲ |
| ੩੨. ਬੁਲ੍ਹੇ ਸ਼ਾਹ | ਕਾਫ਼ੀਆਂ ਬੁਲ੍ਹੇ ਸ਼ਾਹ |
| ੩੩. ਬੁਧ ਸਿੰਘ, ਬਾਵਾ | ੧. ਹੰਸ-ਚੋਗ<br>੨. ਕੋਇਲ-ਕੂ<br>੩. ਬੰਬੀਹਾ-ਬੋਲ |
| ੩੪. ਬਲਵੰਤ ਗਾਰਗੀ | ਲੋਹਾ-ਕੁਟ |
| ੩੫. ਬਲਬੀਰ ਸਿੰਘ, ਡਾਕਟਰ | ਚਰਣ ਹਰਿ ਵਿਸਥਾਰ |
| ੩੬. ਮਹਿਤਾਬ ਸਿੰਘ, ਹੈੱਡਮਾਸਟਰ | ੧. ਬਾਲ ਬੋਧ<br>੨. ਜੀਵਨ ਕਿਰਨਾਂ<br>੩. ਇਤਿਹਾਸਕ ਕਹਾਣੀਆਂ |
| ੩੭. ਮੋਹਨ ਸਿੰਘ, ਡਾਕਟਰ | ੧. ਉਤਮ ਕਹਾਣੀਆਂ<br>੨. ਸੂਫੀਆਂ ਦੇ ਕਲਾਮ<br>੩. ਦੇਵਿੰਦਰ ਬਤੀਸੀ<br>੪. ਧੁਪ ਛਾਂ |

੩੮. ਮਹਨ ਸਿੰਘ ਵਦ

੧. ਇਕ ਸਿਖ ਘਰਾਣਾ
੨. ਸੁਸ਼ੀਲ ਨੂੰਹ
੩. ਸੁਭਾਗ ਕੌਰ
੪. ਸਰੇਸ਼ਟ ਕੁਲਾਂ ਦੀ ਚਲ
੫. ਸਿਆਣੀ ਮਾਤਾ
੬. ਸੁਘੜ ਕੌਰ
੭. ਕੁੰਭ ਦਾ ਮੇਲਾ
੮. ਦੋ ਸਹੇਲੀਆਂ ਦੀ ਵਾਰਤਾ
੯. ਬਹਾਦਰ ਸ਼ੇਰ ਸਿੰਘ

੩੯. ਮਹਿੰਦਰ ਸਿੰਘ ਸਰਨਾ — ਪੱਥਰ ਦੇ ਆਦਮੀ

੪੦. ਲਾਲ ਸਿੰਘ — ਮੇਰਾ ਵਲੈਤੀ ਸਫਰਨਾਮਾ

੪੧. ਵੀਰ ਸਿੰਘ, ਭਾਈ

੧. ਸੁੰਦਰੀ
੨. ਸਤਵੰਤ ਕੌਰ
੩. ਕਲਗੀਧਰ ਚਮਤਕਾਰ
੪. ਗੁਰੂ ਨਾਨਕ ਚਮਤਕਾਰ
੫. ਬਿਜੈ ਸਿੰਘ
੬. ਬਾਬਾ ਨੌਧ ਸਿੰਘ
੭. ਲਹਿਰਾਂ ਦੇ ਹਾਰ

੪੨. ਵਾਰਸ ਸ਼ਾਹ — ਹੀਰ ਵਾਰਸ ਸ਼ਾਹ

੪੩. ਵਰਿਆਮ ਸਿੰਘ, ਪ੍ਰਿੰ. — ਆਧੁਨਿਕ ਕਹਾਣੀਆਂ

(iii)

ਮਾਸਕ ਜਾਂ ਸਪਤਾਹਕ ਪੱਤਰ ਜਿਨ੍ਹਾਂ ਵਿਚ ਕੁਝ ਕੁ ਅਖਾਣਾਂ ਦੀ ਵਰਤੋਂ ਮਿਲੀ ਹੈ :—

੧. ਗੁਰਦੁਆਰਾ ਗਜ਼ਟ
੨. ਜੀਵਨ ਸੰਦੇਸ਼
੩. ਨਵੀਆਂ ਕੀਮਤਾਂ
੪. ਪ੍ਰੀਤ ਲੜੀ
੫. ਪੰਜਾਬੀ ਸਾਹਿਤ
੬. ਪ੍ਰੀਤਮ
੭. ਪੰਜ-ਦਰਿਆ
੮. ਪੰਜਾਬੀ ਦੁਨੀਆਂ
੯. ਫ਼ਤਹ
੧੦. ਫੁਲਵਾੜੀ
੧੧. ਬਾਲ ਸੁਨੇਹਾ
੧੨. ਲੋਕ ਸਾਹਿਤ
੧੩. ਲਲਕਾਰ

B-4541